ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

## ਸਟੀਕ

ਭਾਗ ਦੂਜਾ

ਡਾ. ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਦੂਜੀ

(ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰ੍ਧ (ਆਖਰੀ ਭਾਗ) ਦਾ ਪੰਜਾਬੀ ਅਨੁਵਾਦ)

ਟੀਕਾਕਾਰ
ਡਾ: ਅਜੀਤ ਸਿੰਘ ਔਲਖ
ਐਮ.ਏ., ਪੀ.ਐਚ-ਡੀ

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

੧ੴ ਸਤਿਗੁਰ ਪ੍ਰਸਾਦਿ।।

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਦੂਜੀ

## ਸ੍ਰੀ ਗੁਰ ਨਾਨਕ ਪ੍ਰਕਾਸ਼

(ਉਤਰਾਰ੍ਧ)

### ਤਤਕਰਾ


| ਅਧਿਆਇ | ਨਾਮ | ਪੰਨਾ |
|---|---|---|
| ਪਹਿਲਾ | ਰਿਖੀ ਪ੍ਰਸੰਗ | ੫ |
| ਦੂਜਾ | ਨਵਖੰਡ ਪ੍ਰਸੰਗ | ੧੬ |
| ਤੀਸਰਾ | ਭਾਰਤਖੰਡ ਪ੍ਰਸੰਗ | ੨੭ |
| ਚੌਥਾ | ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਆਉਣਾ | ੪੧ |
| ਪੰਜਵਾਂ | ਮਾਤਾ-ਪਿਤਾ ਨੂੰ ਮਿਲਣਾ | ੫੧ |
| ਛੇਵਾਂ | ਮਾਤਾ-ਪਿਤਾ ਨੂੰ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ | ੬੩ |
| ਸੱਤਵਾਂ | ਕੁਰਖੇਤ੍ਰ ਵਿਖੇ ਨਾਨੂੰ ਪੰਡਿਤ ਨਾਲ ਚਰਚਾ | ੭੪ |
| ਅੱਠਵਾਂ | ਗੰਗਾ ਵਿਖੇ ਪੱਛਮ ਵਲ ਪਾਣੀ ਉਛਾਲਣਾ | ੮੮ |
| ਨੌਵਾਂ | ਬ੍ਰਿਜ, ਅਯੁੱਧਿਆ ਤੇ ਕਾਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼ | ੯੯ |
| ਦਸਵਾਂ | ਜਗਨ ਨਾਥ, ਕਲਜੁਗ ਪ੍ਰਸੰਗ | ੧੧੬ |
| ਗਿਆਰ੍ਹਵਾਂ | ਇਕ ਗ੍ਰਾਮ ਮੁਨਾਫਿਕ ਦੇਸ਼ | ੧੩੦ |
| ਬਾਰ੍ਹਵਾਂ | ਅੱਗ ਨਾਲ ਸੜਨ ਵਾਲੇ, ਸਮੁੰਦ੍ਰ ਨਾਲ ਵਹਿਣ ਵਾਲੇ ਨਗਰ ਤੇ ਹਾਰੂ ਦੇਸ਼ | ੧੪੩ |
| ਤੇਰ੍ਹਵਾਂ | ਛੱਪਰੀ ਤੋੜਨੀ, ਭੂਟਾਨ, ਅਨਾਜ ਅਗਨੀ ਰਹਿਤ ਦੇਸ਼ | ੧੫੭ |
| ਚੌਦ੍ਹਵਾਂ | ਕਸ਼ਮੀਰ, ਵਲੀ ਕੰਧਾਰੀ, ਕਾਬਲ ਦੀ ਮਸੀਤ | ੧੬੮ |
| ਪੰਦ੍ਰਵਾਂ | ਬਾਲਕ, ਵਪਾਰੀ ਤੇ ਠੱਗਾਂ ਨੂੰ ਤਾਰਨਾ | ੧੮੫ |
| ਸੋਲ੍ਹਵਾਂ | ਕਾਰੂੰ ਪ੍ਰਸੰਗ | ੧੯੮ |
| ਸਤਾਰ੍ਹਵਾਂ | ਹਬਸ਼ ਵਲਾਇਤ ਅਤੇ ਰਾਮਚੰਦ੍ਰ ਦੀ ਕਥਾ | ੨੦੯ |
| ਅਠਾਰ੍ਹਵਾਂ | ਲੰਕਾ ਪ੍ਰਸੰਗ | ੨੨੨ |
| ਉੱਨੀਵਾਂ | ਪਲਖ, ਸ਼ਾਲਮਲੀ, ਕੁਸ਼, ਕ੍ਰੌਚ, ਸ਼ਾਖ ਤੇ ਪੁਸ਼ਕਰ ਦੀਪ | ੨੩੪ |
| ਵੀਹਵਾਂ | ਸਿੱਧਾਂ ਨਾਲ ਗੋਸ਼ਟ | ੨੪੫ |
| ਇੱਕੀਵਾਂ | ਦਿੱਲੀ ਵਿਖੇ ਹਾਥੀ ਜਿਵਾਲਣਾ ਅਤੇ ਮਰਦਾਨੇ ਦੀ ਪੂਜਾ | ੨੫੬ |
| ਬਾਈਵਾਂ | ਬ੍ਰਾਹਮਣ ਉਧਾਰ ਅਤੇ ਪਿੰਡਾਂ ਦਾ ਪ੍ਰਸੰਗ | ੨੬੭ |
| ਤੇਈਵਾਂ | ਦੁਖੀ ਸ਼ਾਹ ਦਾ ਉਧਾਰ | ੨੭੮ |
| ਚੌਵੀਵਾਂ | ਪਾਂਡਵਾਂ ਦਾ ਪ੍ਰਸੰਗ | ੨੮੮ |
| ਪੰਝੀਵਾਂ | ਦੁਖੀ ਸ਼ਾਹ ਅਤੇ ਕੋੜ੍ਹੀ ਫਕੀਰ ਦਾ ਉਧਾਰ | ੩੦੦ |

| | | |
|---|---|---|
| ਛੱਬੀਵਾਂ | ਸੰਤਾਂ ਦਾ ਉਧਾਰ, ਏਮਨਾਬਾਦ ਆਉਣਾ | ੩੧੧ |
| ਸਤਾਈਵਾਂ | ਏਮਨਾਬਾਦ, ਬਾਬਰ ਦਾ ਹੱਲਾ | ੩੨੨ |
| ਅਠਾਈਵਾਂ | ਗੁਰੂ ਜੀ ਨੇ ਬਾਬਰ ਤੋਂ ਕੈਦੀ ਛੁਡਵਾਏ | ੩੩੩ |
| ਉਣੱਤੀਵਾਂ | ਸਹੁਰੇ ਨਗਰ ਫੇਰਾ, ਅਜਿੱਤਾ ਉਧਾਰ | ੩੪੮ |
| ਤੀਹਵਾਂ | ਕਰਤਾਰ ਪੁਰ ਵਸਨਾ, ਬ੍ਰਾਹਮਣ ਦੀ ਰਸੋਈ ਦੀ ਸੁਚ | ੩੬੧ |
| ਇਕੱਤੀਵਾਂ | ਸ਼ਹੁ ਸੁਹਾਗਣ, ਮੂਲਾ, ਪੀਰ ਜਲਾਲ | ੩੭੩ |
| ਬੱਤੀਵਾਂ | ਪੀਰ ਜਲਾਲ ਨੂੰ ਗੁਰਮੁਖ ਦੇ ਅਰਥ ਸਮਝਾਉਣੇ | ੩੮੪ |
| ਤੇਤੀਵਾਂ | ਸ਼ੇਖ ਬ੍ਰਹਮ ਫਰੀਦ ਸਾਨੀ ਗੋਸ਼ਟ | ੩੯੨ |
| ਚੌਤੀਵਾਂ | ਬਗਦਾਦ, ਦਸਤਗੀਰ ਪੀਰ-ਉਧਾਰ | ੪੦੩ |
| ਪੈਂਤੀਵਾਂ | ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ ਠੱਗ, ਸ਼ਹਿਜ਼ਾਦਾ | ੪੧੨ |
| ਛੱਤੀਵਾਂ | ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਉਧਾਰ | ੪੨੭ |
| ਸੈਂਤੀਵਾਂ | ਮੁਲਤਾਨ ਦੇ ਪੀਰ, ਸ਼ਮਸ ਤਬ੍ਰੇਜ਼ | ੪੩੭ |
| ਅਠੱਤੀਵਾਂ | ਸ਼ਹੁ ਸੁਹਾਗਨ, ਬਾਲ ਗੁੰਦਾਈ, ਮੂਲਾ | ੪੫੨ |
| ਉਨਤਾਲੀਵਾਂ | ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਵਿਖੇ ਸਿੱਧਾਂ ਨਾਲ ਗੋਸ਼ਟ | ੪੬੬ |
| ਚਾਲੀਵਾਂ | ਸੰਤ ਬਾਲਕਾ, ਮਾਲੋ ਸ਼ੇਖ | ੪੭੮ |
| ਇੱਕਤਾਲੀਵਾਂ | ਉਬਾਰੇ ਖਾਨ, ਅਬਦੁਲ ਰਹਿਮਾਨ | ੪੮੦ |
| ਬਤਾਲੀਵਾਂ | ਬੱਚੇ ਦਾ ਪ੍ਰਸੰਗ, ਮੂਲਾ ਕੀੜ, ਪ੍ਰਿਥਾ, ਖੇੜਾ, ਪ੍ਰਿਥੀਮਲ, ਸਹਿਗਲ, ਰਾਮਾ, ਝਿਡੀ ਪ੍ਰਤਿ ਉਪਦੇਸ਼ | ੫੦੪ |
| ਤਰਤਾਲੀਵਾਂ | ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸੀ, ਸੀਹਾਂ, ਗੱਜਣ, ਫਿਰਣਾ ਖਹਿਰਾ, ਜੋਧ ਪ੍ਰਤਿ ਉਪਦੇਸ਼ | ੫੧੫ |
| ਚੁਤਾਲੀਵਾਂ | ਸਿੱਖਾਂ ਨੂੰ ਉਪਦੇਸ਼ | ੫੨੮ |
| ਪੰਜਤਾਲੀਵਾਂ | ਸਿੱਖਾਂ ਨੂੰ ਉਪਦੇਸ਼ | ੫੩੮ |
| ਛਿਆਲੀਵਾਂ | ਭਾਈ ਬਾਲੇ ਦਾ ਪ੍ਰਲੋਕ ਗਮਨ | ੫੪੬ |
| ਸੰਤਾਲੀਵਾਂ | ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ | ੫੫੬ |
| ਅਠਤਾਲੀਵਾਂ | ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ | ੫੬੯ |
| ਉਣੰਜਵਾਂ | ਗੁਰੂ ਜੀ ਦੇ ਤਪ ਕਰਨ ਦਾ ਪ੍ਰਸੰਗ | ੫੭੯ |
| ਪੰਜਾਹਵਾਂ | ਤਪ ਕਰਨ ਅਤੇ ਗੁਰਸਿੱਖੀ ਪਰਖਣਾ | ੫੮੯ |
| ਇਕਵੰਜਵਾਂ | ਸ੍ਰੀ ਲਹਿਣਾ ਜੀ ਨੂੰ ਉਪਦੇਸ਼ | ੬੦੧ |
| ਬਵੰਜਵਾਂ | ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣਾ | ੬੧੧ |
| ਤਰਵੰਝਵਾਂ | ਸਿੱਖਾਂ ਨੂੰ ਉਪਦੇਸ਼ | ੬੨੬ |
| ਚੁਰੰਞਵਾਂ | ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ | ੬੩੭ |
| ਪਚਵੰਞਵਾਂ | ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ | ੬੪੯ |
| ਛਪੰਞਵਾਂ | ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ | ੬੫੯ |
| ਸਤਵੰਞਵਾਂ | ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਖੰਡ ਗਮਨ | ੬੬੮ |

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰ ਨਾਨਕ ਪ੍ਰਕਾਸ਼

(ਉਤਰਾਰਧ)

## ਅਧਿਆਇ ਪਹਿਲਾ

### ਰਿਖੀ ਪ੍ਰਸੰਗ

ਦੋਹਰਾ-ਸ੍ਰੀ ਗੁਰ ਬਚਨ ਸੁ ਚੂਰਨੰ ਖਾਇ ਕਮਾਇ ਜਾਂਹਿ।
ਉਦਰ ਰੋਗ ਹਉਮੈਂ ਹਰਜੋ ਨਮਸਕਾਰ ਮਮ ਤਾਂਹਿ॥ ੧॥

ਸ੍ਰੀ ਗੁਰੂ ਜੀ ਦੀ ਬਾਣੀ ਸਿੱਧ ਚੂਰਨ ਦੇ ਸਮਾਨ ਹੈ, ਜਿਸ ਨੂੰ ਖਾਣ ਰੂਪੀ ਕਮਾਈ ਕਰਨ ਨਾਲ ਹਉਮੈ ਰੂਪੀ ਉਦਰ ਰੋਗ ਦੂਰ ਹੁੰਦਾ ਹੈ। ਐਸੀ ਗੁਰਬਾਣੀ ਨੂੰ ਮੇਰੀ ਨਮਸ਼ਕਾਰ ਹੈ॥ ੧॥

ਸ੍ਵੈਯਾ- ਸੇਤੁ ਰਚਜੋ ਜਗ ਸਾਗਰ ਕੋ ਸਭਿ ਖੰਡ ਪਖੰਡਨ ਸ਼ੋਰ ਸ਼ਰਾਬਾ।
ਕੀਰਤਿ ਗਾਇ ਸੁਨੈ ਪ੍ਰਭੁ ਕੀ ਤਨ ਹੰ ਤਜਿਯੇ ਲਖਿ ਰੰਗ ਸ਼ਹਾਬਾ।
ਰੰਕ ਧਨੀ ਦੁਖਿ ਪਾਰ ਪਰੈ ਅਵਲੋਕਤਿ ਹੈ ਨਿਜ ਰੂਪ ਅਜਾਬਾ।
ਦੇਵਨ ਦੇਵ ਸਦਾ ਪਦ ਸੇਵਹੁ ਜ਼ਾਹਰ ਪੀਰ ਗੁਰੂ ਜਗ ਬਾਬਾ॥੨॥

ਗੁਰੂ ਜੀ ਨੇ ਜਗਤ ਦੇ ਦੁੱਖ ਰੂਪੀ ਸਮੁੰਦਰ ਤੋਂ ਪਾਰ ਕਰਨ ਲਈ ਪ੍ਰਭੂ ਦੀ ਕੀਰਤੀ ਰੂਪ ਪੁਲ ਬਣਾ ਦਿੱਤਾ ਹੈ, ਸਾਰੇ ਪਖੰਡਾਂ ਦਾ ਸ਼ੋਰ-ਸ਼ਰਾਬਾ ਖਤਮ ਕਰਕੇ ਹੁਣ ਅਸੀਂ ਪ੍ਰਭੂ ਦੀ ਕੀਰਤੀ ਸੁਣ ਕੇ ਜਾਂ ਗਾ ਕੇ, ਤਨ ਦੀ ਹਉਮੈ ਨੂੰ ਕਸੁੰਭੇ ਦਾ ਰੰਗ ਸਮਝ ਕੇ ਤਿਆਗ ਦੇਈਏ। ਕਿਉਂਕਿ ਕੀਰਤਨ ਐਸਾ ਭਰੋਸੇਯੋਗ ਪਾਰ ਕਰਨ ਵਾਲਾ ਪੁਲ ਹੈ ਕਿ ਜਿਸ ਦੁਆਰਾ ਗ਼ਰੀਬ ਅਮੀਰ ਸਾਰੇ ਦੁੱਖ ਸਾਗਰ ਤੋਂ ਪਾਰ ਹੋ ਕੇ ਆਪਣੇ ਸਰੂਪ ਨੂੰ ਵੇਖ ਲੈਂਦੇ ਹਨ। ਦੇਵਤਿਆਂ ਦੇ ਦੇਵਤੇ, ਜਗਤ ਦੇ ਗੁਰੂ ਜ਼ਾਹਰਾ ਕਲਾਧਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਸਦਾ ਸੇਵੋ, ਜਿਨ੍ਹਾਂ ਅਜਿਹੀ ਬਾਣੀ ਰਚੀ ਹੈ॥ ੨॥

ਮਤਿ ਮੰਦਿ ਭਏ ਕਲਿ ਮੈਂ ਨਰ ਰੰਕ ਦਯੋ ਹਰ ਨਾਮ ਤਿਨੈ ਮਨ ਮਾਨਕ।
ਤਨ ਮਾਨ ਤਜੇ ਸਿਮਰੇ ਜਿ ਸਦਾ ਪ੍ਰਗਟੇ ਘਟ ਅੰਤਰ ਗਜਾਨ ਅਚਾਨਕ।
ਲਖਿ ਕੂਰ ਪਦਾਰਥ ਕੇ ਤਜਿ ਸ੍ਵਾਰਥ ਭੇ ਪਰਮਾਰਥ ਮੈਂ ਦੁਖ ਹਾਨਕ।
ਗੁਨ ਬ੍ਰਿੰਦ ਗਹੀਰਾ ਸਰੀਰ ਧਰਜੋ ਬਰ ਜਾਹਰ ਪੀਰ ਗੁਰੂ ਜਗ ਨਾਨਕ॥੩॥

ਸ੍ਰੀ ਗੁਰੂ ਨਾਨਕ ਜੀ ਨੇ ਕਲ ਜੁਗ ਵਿਚ ਜੋ ਲੋਕ ਖੋਟੀ ਬੁੱਧੀ ਵਾਲੇ ਹੋ ਕੇ ਸ਼ੁਭ ਗੁਣਾਂ ਵਿਚ ਕੰਗਾਲ ਹੋਏ ਸਨ ਤਿਨ੍ਹਾਂ ਨੂੰ ਹਰੀ ਦਾ ਨਾਮ ਮਨ ਦਾ ਮਾਣਕ ਦਾਨ ਕੀਤਾ ਹੈ, ਜਿਨ੍ਹਾਂ ਨੇ ਨਾਮ ਪ੍ਰਾਪਤ ਕਰਕੇ ਸਦਾ ਸਿਮਰਿਆ ਹੈ, ਉਨ੍ਹਾਂ ਆਪਣੇ ਸਰੀਰ ਦੇ ਮਾਣ ਨੂੰ ਦੂਰ ਕਰ ਲਿਆ ਹੈ। ਉਨ੍ਹਾਂ ਦੇ ਹਿਰਦੇ ਵਿਚ ਅਚਾਨਕ ਗਿਆਨ ਪਰਗਟ ਹੋ ਗਿਆ ਹੈ। ਪਦਾਰਥਾਂ ਨੂੰ ਝੂਠਾ ਸਮਝ ਕੇ ਉਨ੍ਹਾਂ ਨੇ ਸਵਾਰਥ ਛੱਡ ਦਿੱਤੇ ਹਨ ਅਤੇ ਇਸ ਤਰ੍ਹਾਂ ਪਰਮਾਰਥ ਵਿਚ ਦੁੱਖ ਦੂਰ ਕਰਨ ਵਾਲੇ ਹੋ ਗਏ ਹਨ। ਜ਼ਾਹਰਾ ਕਲਾਧਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸਾ ਸ੍ਰੇਸ਼ਟ ਤੇ ਸਾਰੇ ਗੁਣਾਂ ਦਾ ਸਮੁੰਦਰ, ਸਰੀਰ ਧਾਰਨ ਕੀਤਾ ਹੈ॥ ੩॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਸ੍ਰੀ ਕਰਤਾਰ ਪੁਰਖ ਦੁਖ ਗੰਜਨ। ਭਗਤਨਿ ਕੇਰ ਸਦਾ ਮਨ ਰੰਜਨ।
ਤਿਨ ਤੇ ਬਿਦਾ ਹੋਇ ਹਟਿ ਆਏ। ਜਗਤ ਗੁਰੂ ਸਿੱਖਨ ਸੁਖਦਾਏ॥੪॥

ਭਾਈ ਬਾਲੇ ਨੇ ਕਿਹਾ- ਸ੍ਰੀ ਕਰਤਾਰ ਪੁਰਖ ਦੁੱਖਾਂ ਨੂੰ ਨਾਸ਼ ਕਰਨ ਵਾਲੇ ਹਨ, ਆਪਣੇ ਭਗਤਾਂ ਦੇ ਸਦਾ ਮਨ ਪ੍ਰਸੰਨ ਕਰਨ ਵਾਲੇ ਹਨ। ਵਾਹਿਗੁਰੂ ਦੇ ਦਰਬਾਰ ਤੋਂ ਵਿਦਾਇਗੀ ਲੈ ਕੇ ਪਿਛੇ ਮੁੜ ਆਏ। ਜਗਤ ਗੁਰੂ ਸਿੱਖਾਂ ਵਾਸਤੇ ਸੁਖਾਂ ਦੇ ਦਾਤੇ ਹਨ॥ ੪॥

ਸ੍ਰੀ ਅੰਗਦ ਸੁਨੀਏ ਇਤਿਹਾਸਾ। ਹਮਰੇ ਢਿਗ ਆਏ ਸੁਖਰਾਸਾ।
ਧ੍ਰੂਵ ਮੰਡਲ ਜੋ ਹੁਤੋ ਸੁਹਾਵਾ। ਤਹਿੰ ਤੇ ਹਮ ਕੋ ਸੰਗ ਰਲਾਵਾ॥੫॥

ਹੇ ਸ੍ਰੀ ਅੰਗਦ ਦੇਵ ਜੀ! ਇਤਿਹਾਸ ਸੁਣੋ! ਫਿਰ ਗੁਰੂ ਜੀ ਵਾਪਸ ਮੁੜ ਕੇ ਸਾਡੇ ਪਾਸ ਆ ਗਏ। ਜਿਥੇ ਧ੍ਰੂਅ ਮੰਡਲ ਸ਼ੋਭਾ ਪਾ ਰਿਹਾ ਸੀ, ਓਥੇ ਆ ਕੇ ਸਾਨੂੰ ਆਪਣੇ ਨਾਲ ਲੈ ਲਿਆ॥ ੫॥

ਧ੍ਰੂ ਅਵਲੋਕੇ ਆਵਤਿ ਜਬਹੀ। ਨਮੋ ਪਰਸਪਰ ਕਿਯ ਮਿਲਿ ਤਬਹੀ।
ਬੂਝਨ ਲਗਯੋ ਪਤੇ ਪੁਨ ਸੋਊ। 'ਜਹਾਂ ਨ ਪਹੁਚਿ ਸਕਯੋ ਕਬ ਕੋਊ॥੬॥

ਧ੍ਰੂਅ ਭਗਤ ਨੇ ਜਦ ਗੁਰੂ ਜੀ ਨੂੰ ਆਉਂਦਿਆਂ ਵੇਖਿਆ ਤੇ ਦੋਵਾਂ ਨੇ ਮਿਲ ਕੇ ਇਕ ਦੂਸਰੇ ਨੂੰ ਨਮਸ਼ਕਾਰ ਕੀਤੀ। ਫਿਰ ਧ੍ਰੂਅ ਭਗਤ ਉਨ੍ਹਾਂ ਪਾਸੋਂ ਵਾਹਿਗੁਰੂ ਦੇ ਦਰਬਾਰ ਬਾਰੇ ਪੁੱਛਣ ਲੱਗਾ, "ਜਿਥੇ ਕੋਈ ਵੀ ਕਦੇ ਪਹੁੰਚ ਨਹੀਂ ਸਕਿਆ ਹੈ॥ ੬॥

ਸੱਚ ਖੰਡ ਕੀ ਦੇਹੁ ਨਿਸ਼ਾਨੀ। ਕੈਸਾ ਦੇਖਯੋ ਪ੍ਰਭੁ ਨਿਰਬਾਨੀ?।
ਕੌਨੈ ਰੂਪ ਰੰਗ ਹੈ ਤਿਨਕੋ?। ਦਰਸ਼ਨ ਜਾਇ ਕੀਨ ਤੁਮ ਜਿਨਕੋ॥੭॥

ਮੈਨੂੰ ਸੱਚਖੰਡ ਦੀ ਨਿਸ਼ਾਨੀ ਦੇਵੋ, ਨਿਰਬਾਣ ਪ੍ਰਭੂ ਜੀ ਨੂੰ ਤੁਸੀਂ ਕਿਸ ਤਰ੍ਹਾਂ ਵੇਖਿਆ ਹੈ? ਉਨ੍ਹਾਂ ਦਾ ਰੂਪ ਰੰਗ ਕੈਸਾ ਹੈ? ਤੁਸੀਂ ਜਿਨ੍ਹਾਂ ਦੇ ਜਾ ਕੇ ਦਰਸ਼ਨ ਕੀਤੇ ਹਨ॥-੭॥

ਨੋਟ:-ਨਿਰਬਾਣ ਦੇ ਅਰਥ ਹਨ। ਜਿਹੜਾ ਕਦੇ ਕਲੇਸ਼ ਕਰਮ ਜਨਮ ਮਰਨ ਵਿਚ ਨਾ ਆਇਆ ਹੋਵੇ॥ ੭॥

ਆਗੈ ਭਈ ਨ ਕਬਹੀ ਐਸੇ। ਦੇਹਿ ਸਮੇਤ ਗਏ ਢਿਗ ਜੈਸੇ'।
'ਉੱਤਮ ਭਗਤ ਧ੍ਰੂਵ ਤੁਮ ਸੁਨੀਏ। ਰੂਪ ਰੰਗ ਤਿਨਕੋ ਨਹਿੰ ਗੁਨੀਏ॥੮॥

ਪਹਿਲਾਂ ਕਦੇ ਵੀ ਇਸ ਤਰ੍ਹਾਂ ਨਹੀਂ ਹੋਇਆ ਕਿ ਕੋਈ ਮਨੁੱਖ ਦੇਹ ਸਮੇਤ ਪ੍ਰਭੂ ਦੇ ਪਾਸ ਗਿਆ ਹੋਵੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੇ ਧ੍ਰੂਅ! ਤੁਸੀਂ ਉੱਤਮ ਭਗਤ ਹੋ, ਸੁਣੋ, ਮੈਂ ਤੁਹਾਨੂੰ ਦੱਸਦਾ ਹਾਂ। ਪ੍ਰਭੂ ਦਾ ਰੂਪ ਰੰਗ ਜਾਣਿਆਂ ਨਹੀਂ ਜਾ ਸਕਦਾ॥ ੮॥

ਭਗਤਨਿ ਧਜਾਨ ਹੇਤ ਬਿਨ ਜੋਨਾ। ਸੋਹਤਿ ਸਜਾਮ ਸਰੂਪ ਸਲੋਨਾ।
ਸਸਿ ਸਵਿਤਾ ਕੋਟਿਕ ਉਜਿਆਰਾ। ਬ੍ਰਹਮਾਦਿਕ ਜਿਹ ਪਾਇੰ ਨ ਪਾਰਾ॥੯॥

ਜੋ ਜੂਨ ਵਿਚ ਆਏ ਤੋਂ ਬਿਨਾਂ ਜਾਂ ਕਿਸੇ ਕਲੇਸ਼ ਕਰਮ ਕਾਰਨ ਤੇ ਸਦਾ ਸੁਤੰਤਰ ਰਹਿ ਕੇ ਭਗਤਾਂ ਦੇ ਧਿਆਨ ਹਿਤ ਰੂਪ ਹੈ, ਉਸ ਦਾ ਸੁੰਦਰ ਕਾਲਾ ਸਰੂਪ ਬਹੁਤ ਸ਼ੋਭਦਾ ਹੈ, ਜਿਵੇਂ ਕਰੋੜਾਂ ਚੰਦਾਂ ਅਤੇ ਸੂਰਜਾਂ ਦਾ ਪ੍ਰਕਾਸ਼ ਹੋਵੇ। ਬ੍ਰਹਮਾਂ ਆਦਿ ਵੀ ਉਸ ਦਾ ਪਾਰ ਨਹੀਂ ਪਾ ਸਕੇ॥ ੯॥

ਕੋਟਿ ਕਾਮ ਕੀ ਸੁੰਦਰਤਾਈ। ਇਕ ਨਖ ਕੀ ਨ ਕਰੇ ਸਮਤਾਈ।
ਕੋ ਉਪਮਾ ਮੈਂ ਦੇਵੋਂ ਤਿਨ ਕੀ। ਸਰਬਰ ਕੋਇ ਨ ਦੇਖੋਂ ਜਿਨਕੀ॥੧੦॥

ਕਰੋੜਾਂ ਕਾਮਦੇਵਾਂ ਦੀ ਉਸ ਦੀ ਸੁੰਦਰਤਾਈ ਹੈ। ਉਸ ਦੇ ਇਕ ਨੌਂਹ ਦੀ ਵੀ ਕੋਈ ਬਰਾਬਰੀ ਨਹੀਂ ਕਰ ਸਕਦਾ। ਮੈਂ ਉਨ੍ਹਾਂ ਦੀ ਕਿਸ ਵਿਅਕਤੀ ਜਾਂ ਸ਼ਕਤੀ ਨਾਲ ਉਪਮਾ ਦੇਵਾਂ? ਉਨ੍ਹਾਂ ਵਰਗਾ ਜਾਂ ਉਨ੍ਹਾਂ ਬਰਾਬਰ ਜਦ ਕੋਈ ਵੇਖਿਆ ਹੀ ਨਹੀਂ ਹੈ॥ ੧੦॥

ਅਨਿਕ ਬ੍ਰਹਮੰਡ ਦੇਹਿ ਮਹਿ ਬਨੇ। ਜਿਉਂ ਤਰੁਵਰ ਬਹੁ ਫਲ ਕੇ ਸਨੇ।
ਕਹਿਨ ਸੁਨਨਿ ਤੇ ਜਾਨਿ ਅਨੰਤਾ। ਨਿਖਲ ਭਵਨ ਕੋ ਰਾਜਤਿ ਕੰਤਾ॥੧੧॥

ਅਨੇਕਾਂ ਬ੍ਰਹਿਮੰਡ ਉਨ੍ਹਾਂ ਦੇ ਸਰੀਰ ਵਿਚ ਬਣੇ ਹਨ। ਜਿਵੇਂ ਇਕ ਬ੍ਰਿਛ ਬਹੁਤ ਫਲਾਂ ਸਮੇਤ ਹੋਵੇ। ਕਹਿਣ ਸੁਣਨ ਵਿਚ ਉਸ ਨੂੰ ਬੇਅੰਤ ਜਾਣੋ, ਜਿਹੜਾ ਸਵਾਮੀ ਸਾਰੇ ਬ੍ਰਹਿਮੰਡਾਂ ਵਿਚ ਵੱਥ ਰਿਹਾ ਹੈ॥ ੧੧॥

ਸਭਿਨਿ ਬਿਖੈ ਜਿਹ ਜੋਤਿ ਸਮਾਨੀ। ਸਦਾ ਅਲੇਪ ਸਰਬ ਕੋ ਦਾਨੀ।
ਸੁਨਿ ਕੀਨੋ ਧ੍ਰੂਵ ਹਰਖ ਅਪਾਰਾ। 'ਨਿਰੰਕਾਰ ਕੇ ਤੁਮ ਆਕਾਰਾ॥੧੨॥

ਹਰ ਥਾਂ ਜਿਸ ਦੀ ਜੋਤ ਸਮਾਨ ਹੈ, ਸਦਾ ਅਲੇਪ ਰਹਿੰਦਾ ਹੈ ਪਰ ਸਭ ਨੂੰ ਦਾਨ ਕਰਦਾ ਹੈ।'' ਧ੍ਰੂਅ ਭਗਤ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਬੋਲਿਆ, ''ਨਿਰੰਕਾਰ ਦੇ ਸਰੂਪ ਬਾਰੇ ਤੁਸੀਂ ਦੱਸਿਆ ਹੈ॥ ੧੨॥

ਨਿਸ਼ਚਾ ਮੋਹਿ ਅਧਿਕ ਅਤਿ ਗਾਢੋ। ਧੰਨ ਭਾਗ ਦੇਖਜੋਂ ਢਿਗ ਠਾਂਢੋ।
ਕਲਿ ਮਹਿਂ ਨਾਮ ਕਰਹਿਂ ਉਪਦੇਸਾ। ਪਾਵਤਿ ਨਰ ਜੇ ਅਧਿਕ ਕਲੇਸ਼ਾ॥੧੩॥

ਮੇਰਾ ਨਿਸ਼ਚਾ ਬਹੁਤ ਵਧਿਆ ਹੈ ਅਤੇ ਪਰਿਪਕ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਤੁਸੀਂ ਵੱਡੇ ਭਾਗਾਂ ਵਾਲੇ ਹੋ ਜਿਨ੍ਹਾਂ ਪਾਸ ਖੜੇ ਹੋ ਕੇ ਵਾਹਿਗੁਰੂ ਨੂੰ ਵੇਖਿਆ ਹੈ। ਕਲਜੁਗ ਵਿਚ ਤੁਸੀਂ ਨਾਮ ਦਾ ਉਪਦੇਸ਼ ਦਿੰਦੇ ਹੋ। ਜਿਹੜੇ ਮਨੁੱਖ ਬਹੁਤ ਕਲੇਸ਼ ਪਾਉਂਦੇ ਹਨ॥ ੧੩॥

ਸਹਿ ਨ ਸਕੇ ਤਿਨ ਕੇ ਦੁਖ ਭਾਰੀ। ਧਰਜੋ ਰੂਪ ਤੁਮ ਪਰਉਪਕਾਰੀ।
ਦੀਨ ਬੰਧੁ ਹੋ ਦੀਨ ਦਯਾਲਾ। ਦੀਨਾ ਨਾਥਹਿ ਨਾਮ ਬਿਸਾਲਾ॥੧੪॥

ਉਨ੍ਹਾਂ ਦੇ ਭਾਰੀ ਦੁੱਖ ਨੂੰ ਤੁਸੀਂ ਸਹਿ ਨਹੀਂ ਸਕਦੇ। ਤੁਸੀਂ ਇਕ ਪਰਉਪਕਾਰੀ ਦਾ ਰੂਪ ਧਾਰਨ ਕੀਤਾ ਹੈ। ਤੁਸੀਂ ਦੀਨ ਬੰਧੂ ਅਤੇ ਦੀਨ ਦਿਆਲ ਹੋ, ਆਪਣੇ ਸੇਵਕਾਂ ਨੂੰ ਵਿਸ਼ਾਲ ਨਾਮ ਦਾਨ ਕਰ ਰਹੇ ਹੋ''॥ ੧੪॥

ਉਸਤਤਿ ਕੇ ਬਚਿ ਇਉਂ ਕਹਿ ਸੁਨਿ ਕੈ। ਬੈਸੇ ਕਿਤਿਕਿ ਕਾਲ ਜਨ ਗੁਨਿਕੈ।
ਬੋਲੇ ਬਹੁਰ 'ਸੁਨੋ ਧ੍ਰੂਵ ਪਜਾਰੇ!। ਅਬ ਚਲਿਨੇ ਕੀ ਚਾਹਿ ਹਮਾਰੇ॥੧੫॥

ਇਸ ਤਰ੍ਹਾਂ ਉਸਤਤੀ ਦੇ ਬਚਨ ਕਹਿ ਸੁਣ ਕੇ, ਧ੍ਰੂਅ ਨੂੰ ਆਪਣਾ ਦਾਸ ਜਾਣ ਕੇ, ਕਾਫੀ ਸਮਾਂ ਓਥੇ ਬੈਠੇ ਰਹੇ। ਫਿਰ ਗੁਰੂ ਜੀ ਬੋਲੇ, ''ਹੇ ਪਿਆਰੇ ਧ੍ਰੂਅ! ਸੁਣੋ, ਹੁਣ ਸਾਡੀ ਵਾਪਸ ਜਾਣ ਦੀ ਚਾਹ ਹੈ॥ ੧੫॥

ਕਰਨੇ ਕਾਜ ਜਾਇ ਤਲ ਛੋਨੀ। ਆਇਸੁ ਦਿਹੁ ਤਵ ਕੀਰਤਿ ਨੌਨੀ'।
ਧ੍ਰੂਵ ਸੁਨਿਕੈ ਇਵ ਬਚਨ ਉਚਾਰਾ। 'ਆਇਸੁ ਸਦਾ ਤੁਮਹਿਂ ਕਰਤਾਰਾ॥੧੬॥

ਪ੍ਰਭੂ ਦੇ ਕਾਰਜ ਹਿਤ ਅਸੀਂ ਹੇਠਾਂ ਧਰਤੀ ਤੇ ਜਾਣਾ ਹੈ। ਆਗਿਆ ਦੇਵੋ, ਤੁਹਾਡੀ ਸੁੰਦਰ ਕੀਰਤੀ ਹੈ।'' ਇਹ ਸੁਣ ਕੇ ਧ੍ਰੂਅ ਨੇ ਇਸ ਤਰ੍ਹਾਂ ਬਚਨ ਕੀਤੇ, ''ਹੇ ਕਰਤਾਰ! ਤੁਹਾਨੂੰ ਸਦਾ ਹੀ ਆਗਿਆ ਹੈ॥ ੧੬॥

ਬਿਚਰਉ ਜਹਿਂ ਇੱਛਾ ਉਰ ਤੇਰੇ। ਕਲਮਲ ਨਾਸਹਿਂ ਦਰਸ਼ਨ ਹੇਰੇ'।
ਕਰੀ ਪਰਸਪਰ ਤਬਹੀ ਬੰਦਨ। ਤਹਿਂ ਤੇ ਗਮਨੇ ਦੋਖ ਨਿਕੰਦਨ॥੧੭॥

ਜਿਵੇਂ ਤੁਹਾਡੇ ਦਿਲ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਕਰੋ। ਤੁਹਾਡੇ ਦਰਸ਼ਨ ਕਰਕੇ ਪਾਪ ਭੱਜ ਜਾਂਦੇ ਹਨ।'' ਫਿਰ ਦੋਹਾਂ ਨੇ ਇਕ ਦੂਸਰੇ ਨੂੰ ਨਮਸ਼ਕਾਰ ਕੀਤਾ। ਪਾਪਾਂ ਦਾ ਨਾਸ਼ ਕਰਨ ਵਾਲੇ ਓਥੋਂ ਚਲ ਪਏ॥ ੧੭॥

ਕਿਤਿਕ ਦੂਰ ਤਬਹੀ ਚਲਿ ਆਏ। ਮਰਦਾਨੇ ਤਬ ਬੈਨ ਅਲਾਏ।
'ਜੇਤੇ ਨਭਚਰ ਹੈਂ ਨਭਿ ਮਾਂਹੀ। ਧ੍ਰੁਵ ਮੰਡਲ ਸਭਿ ਤੇ ਉਰਧਾਹੀ ॥੧੮॥

ਜਦ ਕਾਫੀ ਦੂਰ ਚਲ ਕੇ ਆ ਗਏ ਤਾਂ ਮਰਦਾਨੇ ਨੇ ਕਿਹਾ, "ਜਿੰਨੇ ਵੀ ਆਕਾਸ਼ ਵਿਚ ਵਿਚਰਨ ਵਾਲੇ ਮੰਡਲ ਹਨ, ਧ੍ਰੂਅ ਮੰਡਲ ਸਭ ਤੋਂ ਉੱਚਾ ਹੈ॥ ੧੮॥

ਭੂਤਲ ਤੇ ਊਰਧ ਹੈ ਜੇਤੋ। ਮੁਝੈ ਬਤਾਵੋ ਸ੍ਰੀ ਪ੍ਰਭੁ ਤੇਤੋ।
ਹਮ ਸੇ ਅਲਪਨ ਕੋ ਇਹ ਥਾਨਾਂ। ਤੁਮ ਬਿਨ ਕੌਨ ਦਿਖਾਇ, ਮਹਾਨਾਂ ॥੧੯॥

ਧਰਤੀ ਤੋਂ ਉੱਚੇ ਜਿੰਨੇ ਵੀ ਮੰਡਲ ਹਨ, ਹੇ ਪ੍ਰਭੂ ਜੀ ! ਮੈਨੂੰ ਉਨ੍ਹਾਂ ਸਾਰਿਆਂ ਬਾਰੇ ਦੱਸੋ। ਸਾਡੇ ਵਰਗੇ ਘਟੀਆ ਬੰਦਿਆਂ ਨੂੰ ਤੁਹਾਡੇ ਵਰਗੇ ਮਹਾਨ ਗੁਰੂ ਜੀ ਤੋਂ ਬਗੈਰ ਹੋਰ ਕੌਣ ਅਜੇਹੀਆਂ ਥਾਵਾਂ ਵਿਖਾਇਗਾ ?" ॥ ੧੯॥

ਸ੍ਰੀ ਗੁਰ ਕਹੈਂ 'ਸੁਨੋ ਮਰਦਾਨੇ। ਧ੍ਰੁਵ ਮੰਡਲ ਜੇਤੋਕ ਪ੍ਰਮਾਨੇ।
ਉਣਤਾਲੀ ਲਖ ਜੋਜਨ ਊਚਾ। ਇਸਕੀ ਸਰਬਰ ਕੋ ਨ ਪਹੂਚਾ ॥੨੦॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ! ਸੁਣੋ, ਧ੍ਰੂਅ ਮੰਡਲ ਦੀ ਉਚਾਈ ਦਾ ਜੇ ਅੰਦਾਜ਼ਾ ਲਾਈਏ ਤਾਂ ਇਹ ਉਣਤਾਲੀ ਲੱਖ ਜੋਜਨ ਉੱਚਾ ਹੈ, ਇਸ ਬਰਾਬਰ ਹੋਰ ਕੋਈ ਨਹੀਂ ਪਹੁੰਚਿਆ ਹੈ" ॥ ੨੦॥

'ਪ੍ਰਭੂ ਜੀ ਮੁਝ ਇਕ ਅਵਰ ਬਤਾਵਉ। ਲਖਿ ਅਜਾਨ ਨਹਿਂ ਮਨ ਖੁਨਸਾਵਉ।
ਧ੍ਰੁਵ ਮੰਡਲ ਤੇ ਗਏ ਅਗਾਰੀ। ਕੇਤੀ ਦੂਰ ? ਕਹਉ ਸੁਖਕਾਰੀ !' ॥ ੨੧॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੈਨੂੰ ਇਕ ਵਾਰ ਫਿਰ ਦੱਸੋ, ਮੈਨੂੰ ਅਣਜਾਨ ਮੂਰਖ ਸਮਝ ਕੇ ਮਨ ਵਿਚ ਗੁੱਸਾ ਨਾ ਕਰੋ। ਧ੍ਰੂਅ ਮੰਡਲ ਦੇ ਅੱਗੇ ਜਿਹੜੇ ਮੰਡਲ ਹਨ ਉਹ ਕਿੰਨੀ ਦੂਰ ਹਨ ? ਹੇ ਸੁੱਖ ਦੇਣ ਵਾਲੇ ਗੁਰੂ ਜੀ ਇਸ ਬਾਰੇ ਕਹੋ" ॥ ੨੧॥

'ਅੱਪ੍ਰਮਾਨ ਸੋ ਸੁਨਿ ਮਰਦਾਨੇ। ਤਿਹ ਕੀ ਗਿਨਤੀ ਹ੍ਵੈ ਨ ਬਖਾਨੇ।
ਨਾਮ ਅਨੰਤ ਅਲੇਖ ਅਪਾਰਾ। ਬ੍ਰਹਮਾਦਿਕ ਇਉਂ ਕਰਤਿ ਉਚਾਰਾ ॥੨੨॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ! ਸੁਣੋ, ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਦੀ ਗਿਣਤੀ ਵੀ ਬਿਆਨ ਨਹੀਂ ਕੀਤੀ ਜਾ ਸਕਦੀ। ਨਾਮ ਅਨੰਤ, ਲੇਖਾ ਰਹਿਤ ਅਤੇ ਪਾਰਾਵਾਰ ਰਹਿਤ ਹੈ। ਬ੍ਰਹਮਾ ਆਦਿ ਇਸ ਤਰ੍ਹਾਂ ਬਿਆਨ ਕਰਦੇ ਹਨ॥ ੨੨॥

ਦਯਾ ਧਾਰਿ ਦਿਖਰਾਵਹਿ ਜੇਤੋ। ਕਰਜੇ ਜੰਤੁ ਦੇਖਤਿ ਹੈ ਤੇਤੋ।
ਓਰਕ ਕਹੂੰ ਨ ਪਾਯੋ ਕਾਂਹੂ। ਸਰਬ ਅਨੰਤ ਕਹੈਂ ਮਿਲਿ ਤਾਂਹੂ ॥੨੩॥

ਦਇਆ ਧਾਰ ਕੇ ਜਿੰਨਾ ਵਿਖਾਉਂਦਾ ਹੈ, ਉਸ ਦੇ ਪੈਦਾ ਕੀਤੇ ਜੀਵ ਉਤਨਾ ਹੀ ਵੇਖਦੇ ਹਨ। ਇਸ ਦੀ ਓੜਕ ਕਿਸੇ ਨਹੀਂ ਪਾਈ ਹੈ। ਸਾਰੇ ਮਿਲ ਕੇ ਉਸ ਨੂੰ ਅਨੰਤ ਕਹਿੰਦੇ ਹਨ" ॥ ੨੩॥

'ਧੰਨ ! ਧੰਨ !' ਭਾਖੈ ਮਰਦਾਨਾ। 'ਕਹਉ ਸੱਤਿ ਤੁਮ ਮਯਾ ਨਿਧਾਨਾ'।
ਨਿਰੰਕਾਰ ਤੁਮ ਮਹਿਂ ਨਹਿਂ ਭੇਦਾ। ਕਾਰਨ ਕਰਨ ਅਕਾਲ ਅਛੇਦਾ ॥੨੪॥

ਮਰਦਾਨੇ ਕਿਹਾ, "ਧੰਨ ! ਧੰਨ" ਹੇ ਗੁਰੂ ਜੀ ! ਕਿਰਪਾ ਨਿਧਾਨ ! 'ਤੁਸੀਂ ਸੱਚ ਕਿਹਾ ਹੈ। ਤੁਹਾਡੇ ਅਤੇ ਕਰਤਾਰ ਵਿਚ ਕੋਈ ਫਰਕ ਨਹੀਂ ਹੈ। ਤੁਸੀਂ ਸਬੱਬਾਂ ਦੇ ਕਰਨ ਵਾਲੇ, ਕਾਲ ਰਹਿਤ ਅਤੇ ਛੇਦ ਰਹਿਤ ਹੋ॥ ੨੪॥

ਅਬ ਭੂਤਲ ਕੋ ਆਪ ਪਧਾਰੇ। ਕੌਨ ਦੇਸ਼ ਆਇ ਪੰਥ ਅਗਾਰੇ ?।
ਕਿਤਿਕ ਦੇਰ ਮਹਿਂ ਚਲਹੁ ਗੁਸਾਈਂ ?'। ਸੁਨਿ ਕਰਿ ਸ੍ਰੀ ਗੁਰ ਗਿਰਾ ਅਲਾਈ ॥੨੫॥

ਹੁਣ ਤੁਸੀਂ ਧਰਤੀ ਵਲ ਚਲ ਪਏ ਹੋ, ਸਾਡੇ ਰਾਹ ਵਿਚ ਅੱਗੇ ਕਿਹੜਾ ਦੇਸ਼ ਆਵੇਗਾ ? ਹੇ ਸਵਾਮੀ ! ਕਿੰਨੀ ਦੇਰ ਵਿਚ ਓਥੇ ਚਲੋਂਗੇ ?'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ॥ ੨੫॥

ਦੋਹਰਾ- 'ਸੂਰਤ ਬੰਦਰ ਆਵਈ ਨਟਕਾ ਚਪਟਾ ਫੇਰ।
ਮਛਲੀ ਬੰਦਰ ਜਾਇਂ ਪੁਨਿ ਸ਼ੀਘਰ ਕਰੈਂ ਨ ਦੇਰ'॥ ੨੬॥

''ਪਹਿਲਾਂ ਸੂਰਤ ਦੀ ਬੰਦਰਗਾਹ ਆਵੇਗੀ ਅਤੇ ਫਿਰ ਨਟਕਾ ਚਪਟਾ ਆਵੇਗਾ। ਉਸ ਤੋਂ ਬਾਅਦ ਅਸੀਂ ਮਛਲੀ ਬੰਦਰਗਾਹ ਜਾਵਾਂਗੇ, ਛੇਤੀ ਹੀ ਓਥੇ ਪਹੁੰਚ ਜਾਵਾਂਗੇ। ਜ਼ਿਆਦਾ ਦੇਰ ਨਹੀਂ ਲਗੇਗੀ''॥ ੨੬॥

ਚੌਪਈ- ਇਸ ਪ੍ਰਕਾਰ ਕੇ ਬਚਨ ਬਿਲਾਸਾ। ਕਰਤਿ ਚਲਤਿ ਸਿੱਖਨ ਸੁਖ ਰਾਸਾ।
ਸੀਲਾਗਿਰ ਪਰ ਜਬ ਚਲਿ ਆਏ। ਮਰਦਾਨੇ ਤਬ ਬੈਨ ਅਲਾਏ ॥੨੭॥

ਇਸ ਪ੍ਰਕਾਰ ਦੇ ਬਚਨ ਬਿਲਾਸ ਕਰਦੇ ਹੋਏ, ਸਿੱਖਾਂ ਨੂੰ ਸੁੱਖ ਦੇਣ ਵਾਲੇ ਭਾਵ ਗੁਰੂ ਜੀ ਚਲੇ ਜਾ ਰਹੇ ਸਨ। ਜਦ ਸੀਲਾਗਿਰ ਪਹਾੜ ਤੇ ਚਲ ਕੇ ਆਏ ਤਾਂ ਮਰਦਾਨੇ ਨੇ ਕਿਹਾ॥ ੨੭॥

'ਇਸ ਪਰਬਤ ਸੁੰਦਰ ਕੇ ਮਾਂਹੀ। ਰਹਤਿ ਸੰਤ ਕੈਧੌਂ ਕੋ ਨਾਂਹੀ ?।
ਪਸੁ ਪੰਖੀ ਕੋ ਨਜ਼ਰ ਨ ਆਵੈ। ਸੂਨੋ ਸਭਿ ਇਸਥਾਨ ਦਿਖਾਵੈ' ॥੨੮॥

''ਇਸ ਸੁੰਦਰ ਪਰਬਤ ਉਤੇ ਕੋਈ ਸੰਤ ਕਿਉਂ ਨਹੀਂ ਰਹਿੰਦਾ ਹੈ ? ਕੋਈ ਪਸ਼ੂ ਪੰਛੀ ਵੀ ਨਜ਼ਰ ਨਹੀਂ ਆਉਂਦਾ ਹੈ। ਸਾਰਾ ਸਥਾਨ ਸੁੰਨਾ ਸੁੰਨਾ ਦਿਖਾਈ ਦਿੰਦਾ ਹੈ''॥ ੨੮॥

ਸ੍ਰੀ ਗੁਰ ਕਹੈਂ 'ਛੁਧਾ ਤੁਹਿ ਲਾਗੀ। ਕਿਉਂ ਕਰਿ ਬੂਝਤਿ ਹੈ ਬਡਿਭਾਗੀ ?।
ਇਸ ਗਿਰ ਪਰ ਨਰ ਰਹਿਤਿ ਨ ਕੋਊ। ਅਗਲੋ ਥਲ ਅਵਲੋਕਤਿ ਜੋਊ ॥੨੯॥

ਗੁਰੂ ਜੀ ਨੇ ਕਿਹਾ, ''ਕੀ ਤੈਨੂੰ ਭੁੱਖ ਲੱਗੀ ਹੈ ? ਹੇ ਵੱਡੇ ਭਾਗਾਂ ਵਾਲੇ ! ਕਿਸ ਕਰਕੇ ਪੁੱਛਦੇ ਹੋ ? ਇਸ ਪਹਾੜ ਉੱਤੇ ਕੋਈ ਮਨੁੱਖ ਨਹੀਂ ਰਹਿੰਦਾ ਹੈ। ਇਸ ਤੋਂ ਅੱਗੇ ਜਿਹੜੀ ਧਰਤੀ ਵੇਖੋਗੇ॥ ੨੯॥

ਤਿਹ ਪਰ ਰਹਿਤ ਰਿਖੀਸੁਰ ਭੂਰੇ। ਤਰੁਵਰ ਬਹੁ ਲਾਗੇ ਫਲ ਰੂਰੇ।
ਜੇਕਰਿ ਤਵ ਮਨ ਮੈਂ ਹ੍ਵੈ ਚਾਹੀ। ਚਲਿ ਕਰਿ ਤਹਿਂ ਫਲ ਲੀਜੈ ਖਾਹੀ' ॥੩੦॥

ਓਥੇ ਬਹੁਤ ਰਿਸ਼ੀ ਮੁਨੀ ਰਹਿੰਦੇ ਹਨ। ਓਥੇ ਸੁੰਦਰ ਫਲਦਾਰ ਬ੍ਰਿਛ ਹਨ। ਜਿਹੜਾ ਵੀ ਤੂੰ ਆਪਣੇ ਮਨ ਵਿਚ ਚਾਹੇਂ, ਚੱਲ ਕੇ ਉਹ ਫਲ ਖਾ ਲੈ''॥ ੩੦॥

'ਸ੍ਰੀ ਪ੍ਰਭੁ! ਸੁਨੀਏ ਛੁਧਾ ਨ ਕੋਈ। ਜਬਕੋ ਬਰ ਦੇਕਰਿ ਤੁਮ ਖੋਈ।
ਰਹੌਂ ਅਨੰਦ ਸਦਾ ਉਰ ਮਾਂਹੀ। ਖਾਵਨ ਚਾਹਿ ਹੋਤਿ ਕਬਿ ਨਾਂਹੀ' ॥ ੩੧॥

ਮਰਦਾਨੇ ਉੱਤਰ ਦਿੱਤਾ, ''ਹੇ ਪ੍ਰਭੂ ਜੀ ! ਸੁਣੋ, ਮੈਨੂੰ ਕੋਈ ਭੁੱਖ ਨਹੀਂ ਹੈ। ਜਦ ਤੋਂ ਤੁਸੀਂ ਮੈਨੂੰ ਵਰ ਦੇ ਕੇ ਮੇਰੀ ਭੁੱਖ ਗਵਾਈ ਹੈ ਤਦ ਤੋਂ ਮੈਂ ਹਿਰਦੇ ਵਿਚ ਸਦਾ ਅਨੰਦਮਈ ਰਹਿੰਦਾ ਹਾਂ। ਹੁਣ ਖਾਣ ਦੀ ਕਦੇ ਵੀ ਚਾਹਤ ਪੈਦਾ ਨਹੀਂ ਹੋਈ ਹੈ''॥ ੩੧॥

ਕਹਿਤਿ ਸੁਨਤਿ ਤਿਹ ਗਿਰ ਪਰ ਆਏ। ਜਹਾਂ ਬਿਟਪ ਫਲ ਸਹਿਤ ਸੁਹਾਏ।
ਅਨਿਕ ਰੰਗ ਕੇ ਸੁਮਨ ਸੁਹਾਵਨ। ਜਿਨ ਪਰ ਭੌਰੇ ਕਰਹਿਂ ਭ੍ਰਮਾਵਨ ॥ ੩੨॥

ਇਹ ਕਹਿ ਸੁਣ ਕੇ ਉਸ ਪਹਾੜ ਤੇ ਆਏ ਜਿਥੇ ਬ੍ਰਿਛ ਫਲਾਂ ਸਹਿਤ ਸ਼ੋਭ ਰਹੇ ਸਨ। ਅਨੇਕ ਰੰਗਾਂ ਦੇ ਫਲ ਸੁਹਾਵਣੇ ਲੱਗ ਰਹੇ ਸਨ ਜਿਨ੍ਹਾਂ ਉਤੇ ਭੌਰੇ ਉੱਡ ਰਹੇ ਸਨ॥ ੩੨॥

ਲਤਾ ਬਹੁਤ ਜਿਨ ਸੋ ਉਰਝਾਨੀ। ਸੁੰਦਰ ਅਤਿ ਛਾਇਆ ਸੁਖਦਾਨੀ।
ਅਨਿਕ ਬਿਧਿਨਿ ਲਾਗੇ ਫਲ ਸਰਸੈਂ। ਸ਼ਾਖਾ ਭਾਰ ਭੂਮਿ ਸੋਂ ਪਰਸੈਂ ॥੩੩॥

ਉਨ੍ਹਾਂ ਨਾਲ ਬਹੁਤ ਵੇਲਾਂ ਉਲਝ ਰਹੀਆਂ ਸਨ ਅਤੇ ਉਨ੍ਹਾਂ ਰੁੱਖਾਂ ਦੀ ਛਾਂ ਸੁੰਦਰ ਅਤੇ ਸੁਖਦਾਇਕ ਸੀ। ਅਨੇਕ ਤਰ੍ਹਾਂ ਦੇ ਫਲ ਟਹਿਣੀਆਂ ਨਾਲ ਲੱਗੇ ਹੋਏ ਸਨ। ਭਾਰ ਕਾਰਨ ਟਹਿਣੀਆਂ ਧਰਤੀ ਨੂੰ ਲੱਗ ਰਹੀਆਂ ਸਨ॥ ੩੩॥

ਮਨਹੁ ਅਥਿਤ ਜੋ ਆਵਤਿ ਪਾਸਾ। ਦੇਨੇ ਹੇਤ ਝੁਕੇ ਫਲ ਰਾਸਾ।
ਬਿਨ ਹੀ ਸ੍ਰਮ ਲੇਂ ਤੋਰ ਸੁਖਾਰੇ। ਖਾਵਹਿਂ ਸਾਦੁ ਛੁਧਾ ਨਿਰਵਾਰੇ ॥੩੪॥

ਮਾਨੋਂ ਲੋੜਵੰਦ ਦੇ ਪਾਸ ਆਉਣ ਤੇ ਫਲ ਅਰਪਣ ਕਰਨ ਵਾਸਤੇ ਟਹਿਣੀਆਂ ਝੁਕੀਆਂ ਸਨ, ਤਾਂਕਿ ਬਿਨਾਂ ਕਿਸੇ ਕਸ਼ਟ ਦੇ ਸੌਖਿਆਂ ਹੀ ਫਲ ਤੋੜ ਲੈਣ ਅਤੇ ਸਵਾਦ ਨਾਲ ਖਾ ਕੇ ਆਪਣੀ ਭੁੱਖ ਨੂੰ ਦੂਰ ਕਰਨ॥ ੩੪॥

ਦੋਹਰਾ- ਉਪਕਾਰੀ ਜੋ ਪੁਰਖ ਹੈਂ, ਸਿੱਖ੍ਯਾ ਤਿਹ ਜਨੁ ਦੇਤਿ ।
ਕਰਿ ਉਪਕਾਰ ਸੁ ਨਿਵ ਚਲੋ ਦੀਨ ਦੁਨੀ ਸੁਖ ਹੇਤ ॥੩੫॥

ਜੋ ਪੁਰਖ ਉਪਕਾਰੀ ਹਨ, ਉਨ੍ਹਾਂ ਨੂੰ ਉਹ ਸਿਖਿਆ ਦਿੰਦੀਆਂ ਹਨ ਕਿ ਉਪਕਾਰ ਕਰਕੇ ਨੀਵੇਂ ਹੋ ਕੇ ਚਲੋ ਅਤੇ ਦੀਨ ਦੁਨੀਆਂ ਦਾ ਸੁਖ ਪ੍ਰਾਪਤ ਕਰੋ॥ ੩੫॥

ਚੌਪਈ- ਸੀਤਲ ਬਿਮਲੰ ਨੌਰਾ ਨੀਰੰ। ਮਾਰਗਸ੍ਰਮ ਕੀ ਖੋਵਤਿ ਪੀਰੰ।
ਸਘਨ ਸੁਹਾਵਨ ਛਾਯਾ ਜਹਿਂਵਾ। ਬੈਸੇ ਸ੍ਰੀ ਨਾਨਕ ਪਿਖਿ ਤਹਿਂਵਾ ॥੩੬॥

ਸੀਤਲ, ਉੱਜਲ ਪਾਣੀ ਦਾ ਪਰਵਾਹ ਚਲ ਰਿਹਾ ਸੀ। ਰਾਹ ਦੀ ਥਕਾਣ ਦੀ ਪੀੜ ਨੂੰ ਦੂਰ ਕਰਦਾ ਸੀ। ਜਿਥੇ ਬੜੀ ਸੰਘਣੀ ਛਾਂ ਸ਼ੋਭ ਰਹੀ ਸੀ, ਉਹ ਥਾਂ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਬੈਠ ਗਏ॥ ੩੬॥

ਬਰ ਫਰ ਮਧੁਰ ਤੋਰਿ ਮਰਦਾਨੇ। ਗੁਰ ਅੱਗ੍ਰਜ ਰਾਖੇ ਤਬਿ ਆਨੇ।
ਸੁੰਦਰ ਸਰਸ ਦੇਖਿ ਮਨ ਭਾਏ। ਸ੍ਰੀ ਗੁਰ ਕਰ ਮੈਂ ਅਰਧ ਉਠਾਏ ॥੩੭॥

ਮਰਦਾਨੇ ਨੇ ਵਧੀਆ ਅਤੇ ਮਿਠੇ ਫਲ ਤੋੜ ਲਏ ਅਤੇ ਗੁਰੂ ਜੀ ਦੇ ਅੱਗੇ ਲਿਆ ਕੇ ਧਰ ਦਿੱਤੇ। ਸੁੰਦਰ ਸ੍ਰੇਸ਼ਟ ਫਲ ਵੇਖ ਕੇ ਗੁਰੂ ਜੀ ਨੇ ਅੱਧੇ ਫਲ ਆਪਣੇ ਹੱਥਾਂ ਵਿਚ ਫੜ ਲਏ॥ ੩੭॥

ਸੋ ਮੋਕੋ ਦੀਨੇ ਤਿਹ ਕਾਲਾ। ਰਾਖੇ ਅਰਧੰ ਆਪ ਕ੍ਰਿਪਾਲਾ।
ਮਰਦਾਨਾ ਤੋਰੈ ਸੋ ਖਾਵਤਿ। ਸਾਦ ਸੁਧਾ ਸਮ ਅਧਿਕ ਅਘਾਵਤਿ ॥੩੮॥

ਗੁਰੂ ਜੀ ਨੇ ਉਸ ਵਿਚੋਂ ਅੱਧੇ ਫਲ ਓਸੇ ਵੇਲੇ ਮੈਨੂੰ ਦੇ ਦਿੱਤੇ ਅਤੇ ਅੱਧੇ ਆਪ ਰੱਖ ਲਏ। ਮਰਦਾਨਾ ਹੱਥ ਨਾਲ ਤੋੜ ਤੋੜ ਕੇ ਖਾਂਦਾ ਸੀ। ਅੰਮ੍ਰਿਤ ਵਰਗੇ ਸਵਾਦੀ ਫਲ ਰੱਜ ਰੱਜ ਕੇ ਖਾ ਰਿਹਾ ਸੀ॥ ੩੮॥

ਦੋਹਰਾ- ਛੋਰਿ ਸਕੈ ਨਹਿਂ ਖਾਇ ਬਹੁ ਗਰ ਲੌ ਉਦਰੰ ਪੂਰ।
ਤੋਰਿ ਚੀਰ ਮਹਿਂ ਪਾਇ ਕਛੁ ਬਾਂਧੇ ਸ੍ਵਾਦੰ ਭੂਰ॥ ੩੯॥

ਛੱਡ ਸਕਦਾ ਨਹੀਂ ਸੀ, ਬਹੁਤ ਫਲ ਖਾਧੇ। ਗਲ ਤਕ ਪੇਟ ਨੂੰ ਭਰ ਕੇ, ਬਹੁਤ ਸਵਾਦ ਵਾਲੇ ਫਲ ਤੋੜ ਕੇ ਇਕ ਕਪੜੇ ਵਿਚ ਬੰਨ੍ਹ ਲਏ॥ ੩੯॥

ਚੌਪਈ- ਬੈਸਜੋ ਗੁਰ ਸਮੀਪ ਸੋ ਆਨਾ। ਬਿਗਸਤਿ ਬੋਲੇ ਮਯਾਨਿਧਾਨਾ।
'ਜੇ ਨ ਅਘਾਯੋ ਔਰਹਿ ਲੀਜੈ। ਮਨ ਭਾਵਨ ਸੋ ਖਾਵਨ ਕੀਜੈ' ॥੪੦॥

ਫਿਰ ਆ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਪ੍ਰਸੰਨ ਹੋ ਕੇ ਕਿਰਪਾ ਨਿਧਾਨ ਭਾਵ ਗੁਰੂ ਜੀ ਬੋਲੇ, "ਜੇ ਰੱਜਿਆ ਨਹੀਂ ਤਾਂ ਹੋਰ ਫਲ ਲੈ ਆਉ ਤੇ ਮਨ-ਭਾਉਂਦੇ ਫਲਾਂ ਨੂੰ ਛੱਕ ਲਵੋ" ॥ ੪੦ ॥

'ਸ੍ਰੀ ਪ੍ਰਭੁ ! ਮੈਂ ਬਹੁ ਰਹਜੋ ਅਘਾਈ। ਖਾਵਨ ਤ੍ਰਿਸ਼ਨਾ ਸਕਲ ਮਿਟਾਈ।
ਜੇ ਅਬ ਰਾਵਰ ਕੀ ਰੁਚਿ ਦੇਵਨ। ਇਕ ਦੁਇ ਦਿਹੁ ਖਾਵਉਂ ਕਰ ਲੇਵਨ ॥੪੧॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੈਂ ਬਹੁਤ ਤ੍ਰਿਪਤ ਹੋ ਗਿਆ ਹਾਂ, ਖਾਣ ਦੀ ਸਾਰੀ ਤ੍ਰਿਸ਼ਨਾਂ ਤੁਸੀਂ ਮੇਟ ਦਿੱਤੀ ਹੈ। ਜੇ ਆਪ ਜੀ ਦੀ ਰੁਚੀ ਮੈਨੂੰ ਫਲ ਖਵਾਉਣ ਦੀ ਹੈ ਤਾਂ ਇਕ ਦੋ ਆਪ ਜੀ ਦੇ ਹੱਥਾਂ ਤੋਂ ਲੈ ਕੇ ਖਾ ਲਵਾਂਗਾ" ॥ ੪੧ ॥

ਨਿਜ ਕਰ ਸੋਂ ਗੁਰ ਫਰ ਜੁਗ ਦੀਨੇ। ਲੇ ਕਰਿ ਤਬ ਹੀ ਖਾਵਨ ਕੀਨੇ।
ਖਾਨੇ ਕੀ ਰੁਚਿ ਉਦਰ ਅਘਾਯੋ। ਤਿਹ ਛਿਨ ਬਹੁਰੋ ਬੈਨ ਅਲਾਯੋ ॥੪੨॥

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਨੂੰ ਦੋ ਫਲ ਦਿੱਤੇ, ਮਰਦਾਨੇ ਨੇ ਓਸੇ ਵੇਲੇ ਲੈ ਕੇ ਖਾ ਲਏ। ਖਾਣ ਦੀ ਰੁਚੀ ਕਰਕੇ ਪੇਟ ਭਰ ਗਿਆ ਸੀ ਤੇ ਫਿਰ ਓਸੇ ਵੇਲੇ ਮਰਦਾਨੇ ਨੇ ਕਿਹਾ ॥ ੪੨ ॥

ਦੋਹਰਾ- 'ਸਾਦ ਸੁਧਾ ਸਮ ਫਲ ਮਧੁਰ ਇਹਾਂ ਕੌਨ ਇਨ ਖਾਇ।
ਕਿਧੋਂ ਬਾਦ ਏ ਜਾਵਹੀ ਮਾਨਵ ਕੋ ਨ ਦਿਸਾਇ ॥ ੪੩ ॥

"ਇਹ ਫਲ ਅੰਮ੍ਰਿਤ ਵਰਗੇ ਸਵਾਦੀ ਅਤੇ ਮਿੱਠੇ ਹਨ, ਏਥੇ ਇਨ੍ਹਾਂ ਨੂੰ ਕੌਣ ਖਾਂਦਾ ਹੈ? ਇਹ ਸਾਰੇ ਫਲ ਫਜ਼ੂਲ ਵਿਚ ਬਰਬਾਦ ਹੋ ਜਾਂਦੇ ਹਨ, ਕਿਉਂਕਿ ਏਥੇ ਕੋਈ ਮਨੁੱਖ ਤਾਂ ਦਿੱਸਦਾ ਨਹੀਂ" ॥ ੪੩ ॥

ਚੌਪਈ- ਗੁਰ ਕਹਿ 'ਜੇ ਨਹਿੰ ਖਾਵਨਵਾਰੋ। ਕਿਉਂ ਉਪਜਤਿ ਇਹ ਰਿਦੇ ਬਿਚਾਰੋ।
ਨਿਰੰਕਾਰ ਕੇ ਸੰਤ ਜਿ ਈਠੇ। ਤਿਨਕੇ ਹੇਤ ਕਰੇ ਫਲ ਮੀਠੇ ॥ ੪੪ ॥

ਗੁਰੂ ਜੀ ਨੇ ਕਿਹਾ, "ਜੇ ਇਨ੍ਹਾਂ ਨੂੰ ਕੋਈ ਵੀ ਖਾਣ ਵਾਲਾ ਨਹੀਂ ਹੈ ਤਾਂ ਇਹ ਪੈਦਾ ਕਿਉਂ ਹੋਏ, ਮਨ ਵਿਚ ਇਸ ਗੱਲ ਤੇ ਵਿਚਾਰ ਕਰੋ। ਨਿਰੰਕਾਰ ਦੇ ਪਿਆਰੇ ਸੰਤ ਹਨ, ਉਨ੍ਹਾਂ ਵਾਸਤੇ ਇਹ ਮਿਠੇ ਫਲ ਪੈਦਾ ਕੀਤੇ ਹਨ ॥ ੪੪ ॥

ਰੁਚਿ ਸੋਂ ਖਾਇਂ ਲਗਾਇਂ ਸਮਾਧਾ। ਕਰਤਿ ਭਜਨ ਜਿਨ ਮੋਹ ਨ ਬਾਧਾ।
'ਕਿਤਕ ਕਾਲ ਪ੍ਰਭੁ ਇਹਠਾਂ ਰਹੀਏ। ਮਿਲੇ ਸੰਤ ਬਚ ਸੁਨੀਏ ਕਹੀਏ' ॥੪੫॥

ਆਪਣੀ ਰੁਚੀ ਅਨੁਸਾਰ ਖਾ ਕੇ ਉਹ ਸਮਾਧੀਆਂ ਲਾਉਂਦੇ ਹਨ। ਭਜਨ ਕਰਦੇ ਸਮੇਂ ਜਿਨ੍ਹਾਂ ਨੂੰ ਮੋਹ ਕਿਸੇ ਪ੍ਰਕਾਰ ਦੀ ਰੁਕਾਵਟ ਪੇਸ਼ ਨਹੀਂ ਕਰਦਾ।" ਮਰਦਾਨੇ ਫਿਰ ਪੁਛਿਆ, "ਹੇ ਪ੍ਰਭੂ ! ਕਿੰਨੇ ਸਮੇਂ ਤਕ ਏਥੇ ਰਹਾਂਗੇ? ਜੇ ਕੋਈ ਸੰਤ ਮਿਲੇ ਤਾਂ ਉਨ੍ਹਾਂ ਦੇ ਬਚਨ ਸੁਣੀਏ ਤੇ ਆਪਣੇ ਸੁਣਾਈਏ" ॥ ੪੫ ॥

ਬਿਗਸਤਿ ਬੋਲੇ ਕਰੁਨਾ ਡੀਠਾ। 'ਤੋ ਕੋ ਲਗਜੋ ਸ੍ਵਾਦ ਫਲ ਮੀਠਾ।
ਕਰਿ ਅਹਾਰ ਕੋ ਲਾਲਚ ਮਨ ਮੈਂ। ਰਾਖਜੋ ਚਹਿਤ ਅਬੈ ਤੂੰ ਬਨ ਮੈਂ ॥੪੬॥

ਕਿਰਪਾ-ਦ੍ਰਿਸ਼ਟੀ ਨਾਲ ਹੱਸ ਕੇ ਗੁਰੂ ਜੀ ਬੋਲੇ, "ਤੈਨੂੰ ਮਿੱਠੇ ਫਲ ਬਹੁਤ ਸਵਾਦੀ ਲੱਗੇ ਹਨ। ਖਾਣ ਦਾ ਲਾਲਚ ਮਨ ਵਿਚ ਧਾਰ ਕੇ ਤੂੰ ਹੁਣ ਇਸ ਜੰਗਲ ਵਿਚ ਰਹਿਣਾ ਚਾਹੁੰਦਾ ਹੈਂ" ॥ ੪੬ ॥

ਇਸ ਪ੍ਰਕਾਰ ਕੋ ਹਾਸ ਬਿਲਾਸਾ। ਕਰਤਿ ਹੁਤੇ ਤਿਹ ਠਾਂ ਸੁਖ ਰਾਸਾ।
ਤਿਹ ਛਿਨ ਏਕ ਰਿਖੀ ਚਲਿ ਆਯੋ। ਹਰਿ ਸਿਮਰਨ ਮਹਿਂ ਜੋ ਲਪਟਾਯੋ ॥੪੭॥

ਇਸ ਤਰ੍ਹਾਂ ਜਦ ਗੁਰੂ ਜੀ ਹਾਸ ਵਿਲਾਸ ਕਰ ਰਹੇ ਸਨ ਤਾਂ ਉਸ ਥਾਂ ਇਕ ਰਿਸ਼ੀ ਚਲ ਕੇ ਆ ਗਿਆ। ਉਹ ਰਿਸ਼ੀ ਹਰੀ ਦੇ ਸਿਮਰਨ ਵਿਚ ਲਪਟਿਆ ਹੋਇਆ ਸੀ ॥੪੭॥

ਹਮਹਿਂ ਬਿਲੋਕਤਿ ਬੋਲਜੋ ਸੋਊ। 'ਇਹਾਂ ਨ ਪਹੁੰਚਜੋ ਕਬਿ ਅਸ ਕੋਊ।
ਕੋ ਤੁਮ, ਕੈਸੇ ਆਨਿ ਪਹੂੰਚੇ ? ਬਿਖਮ ਥਾਨ ਭੂ ਤੇ ਗਿਰ ਊਚੇ॥ ੪੮ ॥

ਸਾਨੂੰ ਵੇਖ ਕੇ ਉਹ ਕਹਿਣ ਲੱਗਾ, "ਏਥੇ ਤਾਂ ਅੱਜ ਤਕ ਕੋਈ ਵੀ ਵਿਅਕਤੀ ਨਹੀਂ ਪਹੁੰਚਿਆ ਹੈ। ਤੁਸੀਂ ਕੌਣ ਹੋ ਅਤੇ ਏਥੇ ਕਿਸ ਤਰ੍ਹਾਂ ਪਹੁੰਚ ਗਏ ਹੋ ? ਇਸ ਥਾਂ ਪਹੁੰਚਣਾ ਬਹੁਤ ਔਖਾ ਹੈ, ਇਹ ਪਹਾੜ ਧਰਤੀ ਤੋਂ ਬਹੁਤ ਉੱਚਾ ਹੈ॥ ੪੮ ॥

ਅਵਲੋਕਤਿ ਅਚਰਜ ਉਰ ਆਯਹਿ। ਮੁਝੇ ਆਪਨੋ ਨਾਮ ਬਤਾਯਹਿ'।
ਸੁਨਿ ਕਰਿ ਸ੍ਰੀ ਗੁਰ ਗਿਰਾ ਉਚਾਰੀ। 'ਨਾਮ ਮੋਰ ਨਾਨਕ ਨ੍ਰਿੰਕਾਰੀ ॥੪੯ ॥

ਵੇਖ ਕੇ ਮਨ ਵਿਚ ਹੈਰਾਨੀ ਹੋਈ ਹੈ, ਮੈਨੂੰ ਆਪਣਾ ਨਾਂ ਦੱਸੋ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਮੇਰਾ ਨਾਂ ਨਾਨਕ ਨਿਰੰਕਾਰੀ ਹੈ॥ ੪੯ ॥

ਸੰਤ ਭਗਤ ਕੇ ਦਰਸ਼ਨ ਹੇਤੇ। ਬਿਚਰਤਿ ਸਰਬ ਥਾਨ ਸੁਖ ਲੇਤੇ'।
ਸੁਨਿ ਇਉਂ ਰਿਖਿ ਹਿਰਦੇ ਹਰਖਾਵਾ। ਹੇਤ ਬੂਝਨੇ ਬੈਨ ਅਲਾਵਾ ॥੫੦ ॥

ਸੰਤਾਂ ਭਗਤਾਂ ਦੇ ਦਰਸ਼ਨ ਕਰਨ ਹਿਤ ਸੁਖ ਲੈ ਕੇ ਮੈਂ ਸਾਰੇ ਥਾਵਾਂ ਤੇ ਵਿਚਰ ਰਿਹਾ ਹਾਂ।" ਇਹ ਸੁਣ ਕੇ ਰਿਸ਼ੀ ਆਪਣੇ ਹਿਰਦੇ ਵਿਚ ਬੜਾ ਹੈਰਾਨ ਹੋਇਆ। ਪੁਛਣ ਹਿਤ ਉਸ ਕਿਹਾ॥ ੫੦ ॥

'ਸ੍ਰੀ ਨਾਨਕ ਜੇ ਹੈ ਤੁਮ ਨਾਮੂ। ਤੌ ਚਰਨਨ ਹੁਇ ਮੋਰ ਪ੍ਰਣਾਮੂ'।
ਗੁਰ ਬੂਝਜੋ 'ਤੂੰ ਕਿਉਂ ਕਰਿ ਜਾਨਹਿ ?। ਕਿਹ ਤੇ ਸੁਨਿਕੈ ਹਮੈਂ ਪਛਾਨਹਿ ?' ॥੫੧ ॥

"ਜੇ ਸ੍ਰੀ ਨਾਨਕ ਤੁਹਾਡਾ ਨਾਮ ਹੈ ਤਾਂ ਤੁਹਾਡੇ ਚਰਨਾਂ ਉੱਤੇ ਮੇਰੀ ਨਮਸਕਾਰ ਹੈ।" ਗੁਰੂ ਜੀ ਨੇ ਪੁਛਿਆ, " ਤੂੰ ਕਿਸ ਤਰ੍ਹਾਂ ਜਾਣਦਾ ਹੈਂ। ਕਿਥੋਂ ਸੁਣ ਕੇ ਮੈਨੂੰ ਪਛਾਣ ਲਿਆ ਹੈ?"॥ ੫੧ ॥

ਮੁਨਿਵਰ ਭਨੈ 'ਮੋਰ ਗੁਰ ਪੂਰਾ। ਤਿਹ ਇਕ ਸਮੈਂ ਕਹਜੋ ਬਚ ਰੂਰਾ।
ਕਲੀ ਕਾਲ ਮੈਂ ਹ੍ਵੈ ਅਵਤਾਰਾ। ਨਾਮ ਜਪਾਵਨ ਦੰਭ ਬਿਦਾਰਾ ॥੫੨ ॥

ਰਿਸ਼ੀ ਨੇ ਕਿਹਾ, "ਮੇਰੇ ਪੂਰਨ ਗੁਰੂ ਨੇ ਇਕ ਦਿਨ ਬਹੁਤ ਸੁੰਦਰ ਬਚਨ ਕਹੇ ਸਨ। ਕਲਜੁਗ ਵਿਚ ਇਕ ਅਵਤਾਰ ਪੈਦਾ ਹੋਣਗੇ, ਉਹ ਲੋਕਾਂ ਨੂੰ ਨਾਮ ਜਪਾਉਣਗੇ ਅਤੇ ਪਖੰਡਾਂ ਦਾ ਨਾਸ਼ ਕਰਨਗੇ॥ ੫੨ ॥

ਚੌਪਈ- ਭਗਤਿ ਜਗਤ ਮਹਿਂ ਸੋ ਪ੍ਰਗਟਾਵੈ। ਜਹਿਂ ਤਹਿਂ ਉੱਤਮ ਧਰਮ ਚਲਾਵੈ ।
ਦਰਸ ਕਰਤਿ ਭੀ ਭਾਵਨ ਮੋਹੀ। ਸ੍ਰੀ ਨਾਨਕ ਜੀ ਹੋ ਤੁਮ ਓਹੀ' ॥੫੩ ॥

ਉਹ ਜਗਤ ਵਿਚ ਭਗਤੀ ਨੂੰ ਪਰਗਟ ਕਰਨਗੇ ਅਤੇ ਥਾਂ ਥਾਂ ਉੱਤਮ ਧਰਮ ਚਲਾਉਣਗੇ। ਮੇਰੀ ਵੀ ਉਨ੍ਹਾਂ ਦੇ ਦਰਸ਼ਨ ਕਰਨ ਦੀ ਭਾਵਨਾ ਹੈ। ਸ੍ਰੀ ਨਾਨਕ ਜੀ ਉਹ ਤੁਸੀਂ ਹੀ ਹੋ"॥ ੫੩ ॥

ਚੌਪਈ- ਅਸ ਕਹਿ ਬੰਦਨ ਹੇਤ ਸਮੀਪਾ। ਗਯੋ ਜਹਾਂ ਬੇਦੀ ਕੁਲ ਦੀਪਾ।
ਨਿਜ ਕਰ ਪਰ ਲੈ ਕੇ ਤਿਹ ਸੀਸੰ ॥ਆਦਰ ਕਰਤਿ ਭਏ ਜਗਦੀਸ਼ੰ ॥੫੪ ॥

ਇਹ ਕਹਿ ਕੇ ਗੁਰੂ ਜੀ ਨੂੰ ਬੰਦਨਾ ਕਰਨ ਹੇਤ ਨੇੜੇ ਆਇਆ ਅਤੇ ਓਥੇ ਗਿਆ ਜਿਥੇ ਬੇਦੀ ਕੁਲ ਦੇ ਦੀਪਕ ਭਾਵ ਗੁਰੂ ਜੀ ਬੈਠੇ ਸਨ। ਆਪਣੇ ਸਿਰ ਨੂੰ ਆਪਣੀਆਂ ਬਾਹਾਂ ਨਾਲ ਫੜ ਕੇ ਉਹ ਜਗਤ ਦੇ ਈਸ਼ਵਰ ਗੁਰੂ ਜੀ ਦਾ ਆਦਰ ਕਰਨ ਲੱਗਾ॥ ੫੪ ॥

ਬੂਝਨ ਲਗੇ 'ਕੌਣ ਤੁਮ ਨਾਮੂ ?। ਗੁਰ ਕੋ ਨਾਮ ਭਨੇ ਅਭਿਰਾਮੂ'।
'ਮੋਹਿ ਨਾਮ ਕਲਜਾਨ ਲਖੀਜੈ। ਸੀਲ ਸੈਨ ਗੁਰ ਨਾਮ ਜਨੀਜੈ ॥੫੫ ॥

ਗੁਰੂ ਜੀ ਪੁੱਛਣ ਲੱਗੇ, "ਤੇਰਾ ਕੀ ਨਾਂ ਹੈ ਅਤੇ ਆਪਣੇ ਗੁਰੂ ਦਾ ਸੁੰਦਰ ਨਾਂ ਵੀ ਦੱਸੋ।" ਰਿਸ਼ੀ ਨੇ ਕਿਹਾ, "ਮੇਰਾ ਨਾਂ ਕਲਿਆਨ ਹੈ। ਸੀਲ ਸੈਨ ਮੇਰੇ ਗੁਰੂ ਜੀ ਦਾ ਨਾਂ ਸਮਝ ਲਵੋ॥ ੫੫॥

ਤੁਮਰੇ ਦਰਸ ਮਿਲਜੋ ਦੁਖ ਹੰਤਾ। ਜਪ ਤਪ ਸਗਲੇ ਸਫਲ ਭਵੰਤਾ।
ਇਉਂ ਮਿਲਿ ਗਮਨਜੋ ਆਸ਼੍ਰਮ ਆਪਨ। ਜਹਿਂ ਬਹੁ ਤਪੀ ਕਰਹਿਂ ਬਡ ਤਾਪਨ ॥੫੬॥

ਤੁਹਾਡੇ ਦਰਸ਼ਨ ਕਰਦਿਆਂ ਹੀ ਮੇਰੇ ਸਾਰੇ ਦੁੱਖ ਨਾਸ਼ ਹੋ ਗਏ ਹਨ। ਜਪ, ਤਪ ਸਾਰੇ ਸਫਲ ਹੋ ਗਏ ਹਨ।" ਇਸ ਤਰ੍ਹਾਂ ਫਿਰ ਆਪਣੇ ਆਸ਼੍ਰਮ ਵਲ ਚਲਾ ਗਿਆ, ਜਿਥੇ ਬਹੁਤ ਤਪੀ ਵੱਡੇ-ਵੱਡੇ ਤਪ ਤਾਪਨ ਕਰਦੇ ਸਨ॥ ੫੬॥

ਹਿਰਦੇ ਰਹਜੋ ਅਧਿਕ ਹਰਖਾਈ। ਸਭਿਹਿਨਿ ਕੋ ਸੁਧ ਜਾਇ ਸੁਨਾਈ।
'ਸ੍ਰੀ ਨਾਨਕ, ਜਿਨ ਕੀ ਸੁਭ ਬਾਤਾ। ਕਰਤਿ ਹੁਤੇ ਕਥਿ ਕਥਿ ਮਿਲ ਤਾਤਾ॥੫੭॥

ਆਪਣੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਸੀ। ਗੁਰੂ ਨਾਨਕ ਜੀ ਬਾਰੇ ਸਾਰੀ ਖ਼ਬਰ ਆਪਣੇ ਸਾਥੀਆਂ ਨੂੰ ਜਾ ਕੇ ਸੁਣਾਈ। ਉਸ ਕਿਹਾ, "ਸ੍ਰੀ ਨਾਨਕ, ਜਿਨ੍ਹਾਂ ਦੀਆਂ ਸ਼ੁਭ ਗੱਲਾ ਕਦੀ-ਕਦੀ ਸਾਡੇ ਪਿਆਰੇ ਗੁਰੂ ਜੀ ਕਰਿਆ ਕਰਦੇ ਸਨ॥ ੫੭॥

ਸੋ ਅਬਿ ਚਲਿ ਆਏ ਇਹ ਠਾਂਈ। ਬੈਸੇ ਬਨ ਕੇ ਬੀਚ ਸੁਹਾਈ।
ਦ੍ਵੈ ਮਾਨਵ ਹੈਂ ਔਰ ਸੰਗਾਰੇ। ਚਲੀਏ ਦਰਸ਼ਨ ਲੇਹੁ ਨਹਾਰੇ' ॥੫੮॥

ਉਹ ਹੁਣ ਚਲ ਕੇ ਇਸ ਥਾਂ ਆ ਗਏ ਹਨ। ਵਣ ਵਿਚ ਬੈਠੇ ਬੜੇ ਸ਼ੋਭ ਰਹੇ ਹਨ। ਉਨ੍ਹਾਂ ਦੇ ਸੰਗ ਦੋ ਮਨੁੱਖ ਹੋਰ ਵੀ ਹਨ। ਚਲੋ ਸਾਰੇ ਚਲੀਏ ਅਤੇ ਉਨ੍ਹਾਂ ਦੇ ਦਰਸ਼ਨ ਕਰਕੇ ਵੇਖ ਲਈਏ' ॥ ੫੮॥

ਸੀਲਸੈਣ ਆਦਿਕ ਰਿਖਿ ਜੇਤੇ। ਸੁਨਿ ਸ਼ੀਘ੍ਰ ਗੱਛਤਿ ਭੇ ਤੇਤੇ।
ਸਿਰ ਪਰ ਜਟਾ ਜੂਟ ਕੋ ਕੀਨੇ। ਕੁਸ਼ ਕੀ ਕਟ ਮਹਿਂ ਪਾਇ ਕੁਪੀਨੇ॥੫੯॥

ਸੀਲ ਸੈਣ ਤੇ ਹੋਰ ਜਿੰਨੇ ਰਿਖੀ ਹਨ, ਕਲਿਆਨ ਰਿਖੀ ਦੀ ਇਹ ਗੱਲ ਸੁਣ ਕੇ ਤੁਰੰਤ ਚਲ ਪਏ। ਸਿਰਾਂ ਤੇ ਜਟਾਂ ਦੇ ਜੂੜੇ ਕੀਤੇ ਹੋਏ ਹਨ। ਦਭ ਦੀ ਲੱਕ ਦੁਆਲੇ ਲੰਗੋਟੀ ਬੰਨ੍ਹੀ ਹੋਈ ਹੈ॥ ੫੯॥

ਬਲਕਲ ਕੇ ਬਸਤਰ ਤਨ ਧਾਰੇ। ਜੰਞੂ ਕੁਸ਼ ਕੇ ਗ੍ਰੀਵ ਮਝਾਰੇ।
ਕਰ ਪਗ ਕੇ ਨਖ ਬਧੇ ਬਿਸਾਲਾ। ਤਪ ਕੋ ਤੇਜ ਦਿਪੈ ਜਿਨ ਭਾਲਾ॥੬੦॥

ਤਨ ਤੇ ਭੋਜ ਪੱਤਰਾਂ ਦੇ ਵਸਤਰ ਪਹਿਨੇ ਹੋਏ ਸਨ। ਦਭ ਦਾ ਜਨੇਊ ਗਲ ਵਿਚ ਪਾਇਆ ਹੋਇਆ ਹੈ। ਹੱਥਾਂ ਪੈਰਾਂ ਦੇ ਨਹੁੰ ਬਹੁਤ ਵਧਾਏ ਹੋਏ ਹਨ। ਉਨ੍ਹਾਂ ਦੇ ਮੱਥੇ 'ਤੇ ਤਪ ਦਾ ਤੇਜ ਬੜਾ ਪ੍ਰਕਾਸ਼ ਰਿਹਾ ਹੈ॥੬੦॥

ਸ਼੍ਮਸ ਸ੍ਵੇਤ ਤਨ ਚਰਮ ਸੁਕਾਵਾ। ਸੁਰਗਾਦਿਕ ਸੁਖ ਤਨਕ ਨ ਭਾਵਾ।
ਉੱਜਲ ਰਿਦੇ ਗ੍ਯਾਨ ਸੋਂ ਜਿਨਕੇ। ਕਲਮਲ ਨਾਸਹਿਂ ਦਰਸ਼ਨ ਤਿਨਕੇ॥੬੧॥

ਦਾੜ੍ਹੀਆਂ ਸਫੇਦ ਹਨ ਤੇ ਸਰੀਰ ਦਾ ਮਾਸ ਸੁੱਕਿਆ ਹੋਇਆ ਹੈ। ਸਵਰਗ ਆਦਿ ਦਾ ਸੁੱਖ ਉਨ੍ਹਾਂ ਨੂੰ ਰਤੀ ਭਰ ਵੀ ਚੰਗਾ ਨਹੀਂ ਲਗਦਾ। ਉਨ੍ਹਾਂ ਦੇ ਹਿਰਦੇ ਗਿਆਨ ਨਾਲ ਉੱਜਲ ਹੋ ਗਏ ਹਨ ਤੇ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਦੌੜ ਜਾਂਦੇ ਹਨ॥ ੬੧॥

ਦੋਹਰਾ-ਚਲਿ ਸਮੀਪ ਆਏ ਜਬੈ ਉਠਤਿ ਭਏ ਗਤਿਦਾਇ।
ਸਭਿਹਿਨਿ ਕੋ ਬੰਦਨ ਕਰੀ ਜਿਉਂ ਰਘੁਬਰ ਰਿਖਿਰਾਇ॥ ੬੨॥

ਜਦ ਉਹ ਚਲ ਕੇ ਨੇੜੇ ਆ ਗਏ ਤਾਂ ਮੁਕਤੀਦਾਤਾ ਗੁਰੂ ਜੀ ਉੱਠ ਕੇ ਖਲੋ ਗਏ। ਸਾਰਿਆਂ ਨੂੰ ਗੁਰੂ ਜੀ ਨੇ ਨਮਸਕਾਰ ਕੀਤੀ॥ ੬੨॥

ਚੌਪਈ- ਮਿਲੇ ਹਰਖ ਕਰਿ ਸਭਿ ਹੀ ਗੁਰ ਸੋਂ। ਦਰਸ ਬਿਲੋਕਹਿਂ ਹਿਤ ਕਰਿ ਉਰਸੋਂ।
ਅਨਿਕ ਬਿਧਿਨਿ ਕੀ ਉਸਤਤਿ ਕੀਨੀ। ਚਰਨ ਕਵਲ ਰਤਿ ਮਹਿਂਮਤਿ ਭੀਨੀ ॥੬੩ ॥

ਉਹ ਸਾਰੇ ਬੜੇ ਖੁਸ਼ ਹੋ ਕੇ ਗੁਰੂ ਜੀ ਨੂੰ ਮਿਲੇ, ਜਿਨ੍ਹਾਂ ਦੀ ਬੁੱਧੀ ਗੁਰੂ ਜੀ ਦੇ ਚਰਨ ਕੰਵਲਾਂ ਦੀ ਪ੍ਰੀਤ ਵਿਚ ਭਿੱਜੀ ਹੋਈ ਸੀ। ਦਿਲੋਂ ਪਿਆਰ ਕਰਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਹ ਅਨੇਕ ਪ੍ਰਕਾਰ ਗੁਰੂ ਜੀ ਦੀ ਉਸਤਤੀ ਕਰਨ ਲੱਗੇ॥ ੬੩ ॥

'ਨਿਰੰਕਾਰ ਤੁਮ ਬਨੇ ਆਕਾਰਾ। ਬਹੁ ਨਰ ਤਾਰਹੁਗੇ ਸੰਸਾਰਾ।
ਇਹ ਸਥਾਨ ਨਿਜ ਸੇਵਕ ਜਾਨੇ। ਆਇ ਦਰਸ ਦਿਯ ਦਯਾ ਨਿਧਾਨੇ ! ॥੬੪ ॥

ਕਹਿਣ ਲੱਗੇ, "ਤੁਸੀਂ ਨਿਰੰਕਾਰ ਦਾ ਸਰੂਪ ਹੋ। ਤੁਸੀਂ ਸੰਸਾਰ ਦੇ ਬਹੁਤ ਮਨੁੱਖਾਂ ਦਾ ਕਲਿਆਣ ਕਰੋਗੇ। ਇਹ ਸਥਾਨ ਆਪਣੇ ਸੇਵਕਾਂ ਦਾ ਸਮਝ ਕੇ ਦਇਆ ਨਿਧਾਨ ਨੇ ਸਾਨੂੰ ਸਾਰਿਆਂ ਨੂੰ ਦਰਸ਼ਨ ਦਿੱਤੇ ਹਨ॥ ੬੪ ॥

ਭਏ ਕ੍ਰਿਤਾਰਥ ਹਮ ਸਭਿ ਤਬ ਤੇ। ਦਰਸ ਬਿਲੋਕਯੋ ਤੁਮਰਾ ਜਬ ਤੇ।
ਦੀਨਾ ਨਾਥ, ਦਯਾਲ, ਗੁਸਾਈਂ !। ਭਗਤ ਵਛਲ ਤੁਮ ਬਿਰਦ ਸਦਾਈ ॥੬੫ ॥

ਅਸੀਂ ਜਦ ਤੋਂ ਤੁਹਾਡੇ ਦਰਸ਼ਨ ਕੀਤੇ ਹਨ ਤਦ ਤੋਂ ਸਾਰੇ ਕਿਰਤਾਰਥ ਹੋ ਗਏ ਹਾਂ। ਤੁਸੀਂ ਦੀਨਾ ਨਾਥ, ਦਿਆਲੂ ਸਵਾਮੀ ਹੋ। ਤੁਸੀਂ ਭਗਤ ਵਛਲ ਹੋ ਅਤੇ ਸਦਾ ਹੀ ਆਪਣੇ ਸਿਖਾਂ ਦੀ ਪੈਜ ਰਖਦੇ ਹੋ॥ ੬੫ ॥

ਦੋਹਰਾ-ਜਪ ਤਪ ਸੰਜਮ ਅਧਿਕ ਜੋ ਕੀਨੇ ਹਮ ਹਿਤ ਲਾਇ।
ਸਫਲ ਭਏ ਹੈਂ ਆਜ ਸੋ ਤੁਮਰਾ ਦਰਸ਼ਨ ਪਾਇ' ॥ ੬੬ ॥

ਜਪ, ਤਪ, ਸੰਜਮ ਜਿਹੜਾ ਅਸੀਂ ਬੜੇ ਪਿਆਰ ਨਾਲ ਕੀਤਾ ਸੀ, ਉਹ ਅੱਜ ਤੁਹਾਡੇ ਦਰਸ਼ਨ ਕਰਕੇ ਸਫਲ ਹੋ ਗਿਆ ਹੈ" ॥ ੬੬ ॥

ਚੌਪਈ- ਸ੍ਰੀ ਪ੍ਰਭੁ ਭਨੈਂ 'ਧੰਨ ਸਤਿਸੰਗਾ। ਜਿਸਮੈਂ ਚਢੇ ਨਾਮ ਕੋ ਰੰਗਾ।
ਜਨਮ ਮਰਨ ਕੋ ਦੁਖ ਅਧਿਕਾਏ। ਨਾਸਹਿ ਸਤਿਗੁਰ ਨਾਮ ਧਿਆਏ ॥੬੭ ॥

ਗੁਰੂ ਜੀ ਨੇ ਕਿਹਾ, "ਧੰਨ ਸਤਿਸੰਗਤ ਹੈ, ਜਿਸ ਵਿਚ ਮਨੁੱਖ ਨਾਮ ਦੀ ਰੰਗਤ ਵਿਚ ਰੰਗਿਆ ਜਾਂਦਾ ਹੈ। ਜਨਮ ਮਰਨ ਦੇ ਜਿੰਨੇ ਭਾਰੀ ਦੁੱਖ ਹਨ ਉਹ ਸਤਿਗੁਰੂ ਦਾ ਨਾਮ ਧਿਆਉਣ ਨਾਲ ਦੂਰ ਹੋ ਜਾਂਦੇ ਹਨ" ॥ ੬੭॥

ਪਰਮੇਸ਼ੁਰ ਗੁਣ ਰਮਣ ਸਪ੍ਰੀਤਾ। ਧੰਨ ਸਿ ਨਰ ਉਰ ਧਾਰੈਂ ਨੀਤਾ।"
ਇਸ ਬਿਧਿ ਕਹਿ ਸੁਨਿ ਤਿਨ ਸੋਂ ਬਾਨੀ। ਬਿਦਾ ਰਿਖਿਨ ਤੇ ਭੇ ਸੁਖਦਾਨੀ ॥੬੮ ॥

ਪਰਮੇਸ਼ਰ ਦੇ ਰਮਣੀਕ ਗੁਣ ਬੜੀ ਪ੍ਰੀਤ ਨਾਲ ਉਚਾਰਦੇ ਹਨ, ਧੰਨ ਉਹ ਮਨੁੱਖ ਹਨ ਜਿਹੜੇ ਹਿਰਦੇ ਵਿਚ ਚੰਗੀ ਤਰ੍ਹਾਂ ਪ੍ਰਭੂ ਦਾ ਨਾਮ ਧਾਰਨ ਕਰਦੇ ਹਨ।" ਰਿਸ਼ੀਆਂ ਨਾਲ ਇਸ ਤਰ੍ਹਾਂ ਗੱਲਬਾਤ ਕਰਕੇ, ਗੁਰੂ ਜੀ ਰਿਸ਼ੀਆਂ ਤੋਂ ਵਿਦਾ ਹੋ ਗਏ॥ ੬੮ ॥

ਸਭਿਹਿਨਿ ਸੋਂ ਮਿਲਿ ਬੰਦਨ ਕਰੀ। ਜਾਨੀ ਰਿਖਿਨਿ ਸਫਲ ਸੋ ਘਰੀ।
ਤਿਹ ਤੇ ਗਮਨੇ ਤਤਛਿਨ ਆਏ। ਗਿਰ ਘਿਰਾਨ ਜਿਂਹ ਬਿਟਪ ਸੁਹਾਏ ॥੬੯ ॥

ਗੁਰੂ ਜੀ ਨੇ ਫਿਰ ਸਾਰਿਆਂ ਨੂੰ ਨਮਸ਼ਕਾਰ ਬੁਲਾਈ, ਸਾਰੇ ਰਿਖੀਆਂ ਨੇ ਉਹ ਘੜੀ ਸਫਲ ਸਮਝੀ। ਫਿਰ ਗੁਰੂ ਜੀ ਝੱਟ ਹੀ ਓਥੋਂ ਚਲ ਕੇ ਓਥੇ ਆ ਪਹੁੰਚੇ ਜਿਥੇ ਘਿਰਾਨ ਨਾਂ ਦੇ ਪਹਾੜਾਂ ਉਤੇ ਬੜੇ ਸੁੰਦਰ ਬ੍ਰਿਛ ਸੁਹਾਵਣੇ ਲੱਗ ਰਹੇ ਸਨ॥ ੬੯ ॥

ਇਕ ਸਰ ਸੁੰਦਰ ਤਹਾਂ ਸੁਹਾਵਨ। ਨਿਰਮਲ ਨੀਰ ਅਧਿਕ ਮਨ ਭਾਵਨ।
ਬੈਠਿ ਗਏ ਤਿਹ ਕੈ ਤਟ ਜਬਹੀ। ਮਰਦਾਨਾ ਬੋਲਯੋ ਬਚ ਤਬਹੀ ॥੭੦ ॥

ਓਥੇ ਇਕ ਸੁੰਦਰ ਸਰੋਵਰ ਵੀ ਸ਼ੋਭਾ ਪਾ ਰਿਹਾ ਸੀ, ਉਸ ਦਾ ਨਿਰਮਲ ਸੀਤਲ ਜਲ ਮਨ ਨੂੰ ਬਹੁਤ ਚੰਗਾ ਲੱਗਦਾ ਸੀ। ਗੁਰੂ ਜੀ ਜਦ ਉਸ ਸਰੋਵਰ ਦੇ ਕੰਢੇ ਜਾ ਬੈਠੇ, ਤਦ ਮਰਦਾਨੇ ਨੇ ਕਿਹਾ॥ ੭੦॥

'ਇਹ ਸਥਾਨ ਰਿਖਿ ਰਹਹਿਂ ਕਿ ਨਾਂਹੀ ?। ਜੇ ਕੋ ਹੋਇ ਮਿਲੋ ਪ੍ਰਭੁ ਤਾਂਹੀ।
ਸੰਤਨ ਸੰਗ ਮਿਲਨ ਭਲ ਹੋਵਤਿ। ਜਿਨ ਬਚ ਜਲ ਕਲਮਲ ਮਲ ਧੋਵਤਿ' ॥੭੧॥

"ਇਸ ਸਥਾਨ ਵੀ ਰਿਖੀ ਰਹਿੰਦੇ ਹਨ ਕਿ ਨਹੀਂ ? ਜੇ ਕੋਈ ਹੋਣ ਤਾਂ ਪ੍ਰਭੂ ਜੀ ਉਨ੍ਹਾਂ ਨੂੰ ਵੀ ਮਿਲੋ। ਸੰਤਾਂ ਨੂੰ ਮਿਲਣ ਨਾਲ ਭਲਾ ਹੁੰਦਾ ਹੈ, ਜਿਨ੍ਹਾਂ ਦੇ ਜਲ ਰੂਪੀ ਬਚਨ ਪਾਪਾਂ ਦੀ ਮੈਲ ਨੂੰ ਧੋ ਦਿੰਦੇ ਹਨ" ॥ ੭੧॥

ਦੋਹਰਾ- 'ਇਸ ਗਿਰ ਪਰ ਰਿਖਿ ਏਕ ਹੈ ਮਿਲੈ ਆਪ ਸੋ ਆਇ'।
ਅਸ ਕਹਿ ਸ੍ਰੀ ਪ੍ਰਭੁ ਦਯਾਨਿਧਿ ਨ੍ਹਾਨ ਲਗੇ ਤਿਹ ਥਾਇ॥ ੭੨॥

ਗੁਰੂ ਜੀ ਨੇ ਕਿਹਾ, "ਇਸ ਪਹਾੜ ਤੇ ਇਕ ਰਿਖੀ ਹੈ ਜਿਹੜਾ ਆਪੇ ਆ ਕੇ ਸਾਨੂੰ ਮਿਲੇਗਾ", ਇਹ ਕਹਿ ਕੇ ਗੁਰੂ ਜੀ, ਦਇਆ ਨਿਧਾਨ, ਉਸ ਸਰੋਵਰ ਵਿਚ ਇਸ਼ਨਾਨ ਕਰਨ ਲੱਗ ਗਏ॥ ੭੨॥

ਚੌਪਈ- ਰਿਖਿ ਤਿਹ ਸਮੈ ਤਹਾਂ ਚਲਿ ਆਯੋ। ਦੇਖੇ ਮੱਜਤਿ ਬਚਨ ਅਲਾਯੋ।
'ਮਨ ਸੁਮੇਰੁ ਜਿਉਂ ਥਿਰ ਲਿਵ ਲਾਗਾ। ਨੀਰ ਮੀਨ ਜਿਉਂ ਉਰ ਅਨੁਰਾਗਾ ॥੭੩॥

ਉਸ ਸਮੇਂ ਇਕ ਰਿਖੀ ਓਥੇ ਚਲ ਕੇ ਆਇਆ। ਗੁਰੂ ਜੀ ਨੂੰ ਇਸ਼ਨਾਨ ਕਰਦੇ ਵੇਖ ਕੇ ਉਹ ਬੋਲਿਆ, "ਮਨ ਵਿਚ ਸੁਮੇਰ ਪਰਬਤ ਵਾਂਗ ਸਥਿਰ ਲਿਵ ਲੱਗੀ ਹੈ, ਜਲ ਮੱਛੀ ਵਾਂਗੂ ਪ੍ਰੇਮ ਵਾਲਾ ਹੋਇਆ ਹੈ॥ ੭੩॥

ਇਸੀ ਪ੍ਰਕਾਰ ਰੀਤਿ ਜਿਨ ਰਾਖੀ। ਤਿਹ ਸ਼ਨਾਨ ਕੀ ਰਹਿਤਿ ਨ ਕਾਂਖੀ।
ਯਾਂਤੇ ਪਰੇ ਨ ਸਾਧਨ ਕੋਈ। ਭਾਖਉ ਸੰਤ ਨਾਮ ਨਿਜ ਜੋਈ' ॥੭੪॥

ਜਿਸ ਇਸ ਪ੍ਰਕਾਰ ਦੀ ਰੀਤੀ ਰੱਖੀ ਹੋਈ ਹੈ, ਉਸ ਨੂੰ ਇਸ਼ਨਾਨ ਦੀ ਇੱਛਾ ਨਹੀਂ ਰਹਿੰਦੀ ਹੈ। ਇਸ ਤੋਂ ਪਰ੍ਹੇ ਕੋਈ ਸਾਧਨ ਨਹੀ ਹੈ। ਹੇ ਸੰਤ ਜੀ ! ਤੁਹਾਡਾ ਜੋ ਨਾਂ ਹੈ, ਸਾਨੂੰ ਦੱਸੋ" ॥ ੭੪॥

ਸੁਨਿ ਕਰਿ ਬੋਲੇ ਮਯਾਨਿਧਾਨਾ। 'ਧੰਨ ਰਿਖੀ ! ਤੁਮ ਪਰਮ ਸੁਜਾਨਾ।
ਏਕੰਕਾਰ ਚਰਨ ਸਰੁ ਜੋ ਹੈ। ਤਿਹ ਕੋ ਲਖੋ ਮੀਨ ਮਨ ਮੋ ਹੈ॥ ੭੫॥

ਇਹ ਸੁਣ ਕੇ ਕਿਰਪਾਨਿਧਾਨ ਬੋਲੇ, "ਹੇ ਰਿਖੀ ਜੀ ! ਤੁਸੀਂ ਧੰਨ ਹੋ, ਤੁਸੀਂ ਪਰਮ ਚਤੁਰ ਹੋ। ਏਕੰਕਾਰ ਦੇ ਚਰਨਾਂ ਦਾ ਜੋ ਸਰੋਵਰ ਹੈ, ਮੇਰਾ ਮਨ ਉਸ ਚਰਨ ਸਰੋਵਰ ਦੀ ਮੱਛੀ ਸਮਝੋ॥ ੭੫॥

ਦੋਹਰਾ-ਤਿਹ ਬਿਛੁਰਨ ਤੇ ਤਰਫ ਕੈ ਨਾਨਕ ਮਰੈ ਪਛਾਨ।
ਤਿਹ ਤਰੰਗ ਮੈਂ ਰੈਨ ਦਿਨ ਕੇਲ ਕਰੈ ਸੁਖਮਾਨਿ॥ ੭੬॥

ਉਸ ਸਰੋਵਰ ਤੋਂ ਵਿਛੜ ਕੇ ਨਾਨਕ ਤੜਫ ਤੜਫ ਕੇ ਮਰਿਆ ਸਮਝੋ। ਉਸ ਸਰੋਵਰ ਦੀਆਂ ਲਹਿਰਾਂ ਵਿਚ ਦਿਨ ਰਾਤ ਖੇਡ ਕੇ ਅਨੰਦਿਤ ਹੁੰਦਾ ਹਾਂ॥ ੭੬॥

ਨੌ ਦਰ ਸਰਵਹਿਂ ਸਦਾ ਹੀ ਅਤਿ ਮਲੀਨਤਾ ਜੋਇ॥
ਸ਼ੁੱਧ ਹੋਤਿ ਜਲ ਕੇ ਮਿਲੇ ਉਚਿਤ ਸ਼ਨਾਨਹਿ ਹੋਇ' ॥ ੭੭॥

ਨੌਂ ਦਰਵਾਜ਼ਿਆਂ (ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਸ਼ਿਸ਼ਨ, ਗੁਦਾ) ਤੋਂ ਸਦਾ ਹੀ ਬੜੀ ਮੈਲ ਸਿੰਮਦੀ ਰਹਿੰਦੀ ਹੈ। ਇਹ ਮੈਲ ਜਲ ਵਿਚ ਇਸ਼ਨਾਨ ਕਰਨ ਨਾਲ ਹੀ ਸ਼ੁੱਧ ਹੁੰਦੀ ਹੈ, ਇਸ ਲਈ ਇਸ਼ਨਾਨ ਕਰਨਾ ਉਚਿਤ ਹੈ" ॥ ੭੭॥

ਚੌਪਈ- ਨਾਨਕ ਨਾਮ ਸੁਨਜੋ ਰਿਖਿ ਜਬ ਹੀ। ਬੰਦਨ ਕਰੀ ਬੰਦਿ ਕਰ ਤਬਹੀ।

ਕਹਿਨ ਲਗਯੋ 'ਕੀਨੀ ਬਹੁ ਦਯਾ। ਤੁਮ ਹਰਿ ਰੂਪ ਦਰਸ ਮੁਝ ਦਯਾ॥੭੮॥

ਜਦ ਰਿਖੀ ਨੇ ਨਾਨਕ ਨਾਮ ਸੁਣਿਆ ਤਾਂ ਓਸੇ ਵੇਲੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਹਿਣ ਲੱਗਾ, "ਤੁਸੀਂ ਬੜੀ ਕਿਰਪਾ ਕੀਤੀ ਹੈ। ਤੁਸੀਂ ਹਰੀ ਦਾ ਰੂਪ ਹੋ, ਤੁਸੀਂ ਮੈਨੂੰ ਆਪ ਆ ਕੇ ਦਰਸ਼ਨ ਦਿੱਤੇ ਹਨ॥ ੭੮॥

ਹੌਂ ਅਨਜਾਨ ਨ ਪੂਰਬ ਜਾਨਯੋ। ਅਬ ਜਾਨਯੋ ਜਬ ਨਾਮ ਬਖਾਨਯੋ।
ਕਲੀ ਕਾਲ ਮਤਿਮੰਦ ਲਖੇ ਨਰ। ਯਾਂਤੇ ਹਰਿ ਅਵਤਾਰ ਧਰਾ ਧਰ॥੭੯॥

ਮੈਂ ਅਣਜਾਨ ਹਾਂ ਪਹਿਲਾਂ ਜਾਣ ਨਹੀਂ ਸਕਿਆ, ਹੁਣ ਜਾਣਿਆ ਹੈ ਜਦ ਤੁਸੀਂ ਆਪਣਾ ਨਾਂ ਦਸਿਆਂ ਹੈ। ਕਲਜੁਗ ਵਿਚ ਮਨੁੱਖ ਮਾੜੀ ਮੱਤ ਵਾਲੇ ਹੋ ਗਏ ਹਨ। ਇਸ ਕਰਕੇ ਪ੍ਰਭੂ ਨੇ ਅਵਤਾਰ ਧਾਰਨ ਕੀਤਾ ਹੈ॥ ੭੯॥

ਪੂਰਬ ਸੁਨੀ ਤੁਮਾਰੀ ਗਾਥਾ। ਦਰਸ ਦੀਨ ਅਬਿ ਕੀਨ ਸਨਾਥਾ'।
ਮੁਨਿ ਸਪ੍ਰੇਮ ਹ੍ਵੈ ਗਦ ਗਦ ਬਾਨੀ। ਜਾਨੀ ਸਫਲੀ ਦੇਹਿ ਮਹਾਨੀ॥੮੦॥

ਪਹਿਲਾਂ ਤੁਹਾਡੀ ਕਹਾਣੀ ਸੁਣੀ ਹੋਈ ਹੈ, ਦਰਸ਼ਨ ਦੇ ਕੇ ਹੁਣ ਤੁਸੀ ਮੈਨੂੰ ਮਾਲਕ ਵਾਲਾ ਬਣਾ ਦਿੱਤਾ ਹੈ।" ਮੁਨੀ ਸ੍ਰੇਸ਼ਟ ਪ੍ਰੇਮ ਨਾਲ ਭਰ ਕੇ ਗਦਗਦ ਹੋ ਗਿਆ। ਉਸ ਸਮਝਿਆ ਕਿ ਉਸ ਦੀ ਦੇਹ ਮਹਾਨ ਸਫਲ ਹੋ ਗਈ ਹੈ॥ ੮੦॥

ਮੁਨਿ ਕੋ ਪ੍ਰੇਮ ਦੇਖਿ ਗਤਿਦਾਨੀ। ਮ੍ਰਿਦੁਲ ਮਧੁਰ ਮੁਖ ਬੋਲੇ ਬਾਨੀ।
'ਜੇ ਨਰ ਤੁਮਰਾ ਕਰਤਿ ਮਿਲਾਪੈ। ਤਿਨ ਕੋ ਮਾਯਾ ਮੋਹ ਨ ਬਯਾਪੈ॥੮੧॥

ਮੁਨੀ ਦਾ ਪ੍ਰੇਮ ਵੇਖ ਕੇ ਮੁਕਤੀ ਦਾਤੇ ਗੁਰੂ ਜੀ ਨੇ ਆਪਣੇ ਮੁੱਖ ਤੋਂ ਕੋਮਲ ਮਿੱਠੇ ਬਚਨ ਕਹੇ, "ਜੋ ਮਨੁੱਖ ਤੁਹਾਡਾ ਸੰਗ ਕਰੇ, ਉਸ ਨੂੰ ਮਾਇਆ ਦਾ ਮੋਹ ਨਾ ਵਿਆਪੇਗਾ॥ ੮੧॥

ਸਤਿਸੰਗਤਿ ਹੈ ਸੁਖ ਇਸਥਾਨਾ। ਅਪਰ ਪਦਾਰਥ ਕੋ ਨ ਸਮਾਨਾ'।
ਇਸ ਪ੍ਰਕਾਰ ਕਹਿ ਪੰਕਜ ਬਦਨਾ। ਆਨ ਥਾਨ ਗਮਨੇ ਸੁਖ ਸਦਨਾ॥੮੨॥

ਸਤਿਸੰਗਤ ਹੀ ਸਭ ਤੋਂ ਸੁਖੀ ਅਸਥਾਨ ਹੈ, ਹੋਰ ਕੋਈ ਪਦਾਰਥ ਉਸ ਦੇ ਬਰਾਬਰ ਨਹੀਂ।" ਇਸ ਤਰ੍ਹਾਂ ਕਹਿ ਕੇ ਕੰਵਲ-ਮੁਖ, ਸੁਖਾਂ ਦੇ ਘਰ ਭਾਵ ਗੁਰੂ ਜੀ ਦੂਸਰੇ ਸਥਾਨ ਵਲ ਅੱਗੇ ਚਲ ਪਏ॥ ੮੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਰਿਖੀਅਨ ਪ੍ਰਸੰਗ' ਬਰਨਨੰ ਨਾਮ ਪ੍ਰਥਮੋ ਅਧ੍ਯਾਯ॥ ੧॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪਹਿਲਾ ਅਧਿਆਇ, ਜਿਸ ਦਾ ਨਾਮ 'ਰਿਖੀ ਪ੍ਰਸੰਗ' ਹੈ, ਸਮਾਪਤ ਹੋਇਆ॥ ੧॥

## ਅਧਿਆਇ ਦੂਜਾ

### ਨਵਖੰਡ ਪ੍ਰਸੰਗ

ਦੋਹਰਾ-ਚੰਡਿ ਪ੍ਰਚੰਡ ਅਖੰਡ ਬਡ ਜਗ ਮੰਡਨਿ ਖਲ ਖੰਡ।
ਭੁਜ ਦੰਡਨ ਕੋ ਦੰਡ ਧਰਿ ਸਦ ਅਦੰਡ ਬਰਬੰਡ॥ ੧॥

ਹੇ ਚੰਡੀ! ਤੇਰਾ ਤੇਜ ਬੜਾ ਅਟੁੱਟ ਹੈ, ਤੂੰ ਦੁਸ਼ਟਾਂ ਦੇ ਵਿਗਾੜੇ ਜਗਤ ਨੂੰ ਖੱਲਾਂ ਦਾ ਖੰਡਣ ਕਰਕੇ ਮੁੜ ਬਣਾਉਣ ਵਾਲੀ ਹੈਂ। ਤੇਰੀਆਂ ਬਲਵਾਨ ਅਤੇ ਧਨੁੱਖਧਾਰੀ ਬਾਹਾਂ ਆਪ ਸਦਾ ਅਖੰਡ ਹਨ, ਪਰ ਦੁਸ਼ਟਾਂ ਨੂੰ ਸਦਾ ਦੰਡ ਦੇਣ ਦੇ ਸਮਰੱਥ ਹਨ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਜੀ ਸੁਨਿ ਗੁਨ ਭਵਨੰ ! ਤਹਿੰ ਤੇ ਕੀਨਿ ਗੁਰੂ ਪੁਨ ਗਵਨੰ।
ਤਤਛਿਨ ਉਲਕਾ ਗਿਰਿ ਪਰ ਆਏ। ਮਰਦਾਨੇ ਤਬ ਵਾਕ ਅਲਾਏ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਗੁਣਾਂ ਦੇ ਘਰ ! ਸੁਣੋ, ਉਸ ਸਥਾਨ ਤੋਂ ਗੁਰੂ ਜੀ ਫਿਰ ਅੱਗੇ ਚਲ ਪਏ। ਜਦ ਉਹ ਝੱਟ ਹੀ ਉਲਕਾ ਨਾਮੀ ਪਹਾੜ ਤੇ ਪਹੁੰਚ ਗਏ ਤਾਂ ਮਰਦਾਨੇ ਨੇ ਇਹ ਸ਼ਬਦ ਕਹੇ॥ ੨॥

'ਜਿਸ ਮਾਰਗ ਮਹਿੰ ਹਮ ਚਲਿ ਜਾਹੀਂ। ਕੌਨ ਦੇਸ਼ ਆਵਹਿ ਇਸ ਮਾਂਹੀ ?।
ਕਿਤਿਕ ਦਿਵਸ ਮਹਿੰ ਅਪਨੇ ਦੇਸ਼ਾ ?। ਪਹੁੰਚੈਂਗੇ, ਭਨੀਏ ਜਗਤੇਸ਼ਾ !' ॥੩॥

"ਜਿਸ ਰਸਤੇ ਅਸੀਂ ਚਲ ਕੇ ਜਾ ਰਹੇ ਹਾਂ, ਇਸ ਰਾਹ ਵਿਚ ਕਿਹੜਾ ਦੇਸ਼ ਆਵੇਗਾ ? ਅਸੀਂ ਕਿੰਨੇ ਦਿਨਾਂ ਵਿਚ ਆਪਣੇ ਦੇਸ਼ ਪਹੁੰਚਾਂਗੇ ? ਹੇ ਜਗਤ ਦੇ ਈਸ਼ਵਰ ਸਾਨੂੰ ਦੱਸੋ" ॥ ੩॥

ਸੁਨਿ ਕਰਿ ਸ੍ਰੀ ਪ੍ਰਭੁ ਗਿਰਾ ਉਚਾਰੀ। 'ਬੰਦਰ ਅਹੈ ਘਰਾਟ ਅਗਾਰੀ।
ਤਿਹ ਤੇ ਲਾਹਰ ਬੰਦਰ ਆਵੈ। ਬਹੁਰੋ ਅਪਨੋ ਦੇਸ਼ ਦਿਸਾਵੈ' ॥ ੪॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਬੰਦਰਗਾਹ ਹੈ ਤੇ ਘਰਾਟ ਅੱਗੇ ਹੈ, ਇਸ ਤੋਂ ਬਾਅਦ ਵਿਚ ਲਾਹਰ ਬੰਦਰਗਾਹ ਆਉਂਦੀ ਹੈ ਅਤੇ ਫਿਰ ਆਪਣਾ ਦੇਸ਼ ਨਜ਼ਰ ਆ ਜਾਵੇਗਾ" ॥ ੪॥

'ਕਿਤੀ ਦੂਰ ਪ੍ਰਭੁ ਸਦਨ ਹਮਾਰਾ ?। ਮੁਝੈ ਪ੍ਰਮਾਨ ਬਤਾਵਹੁ ਸਾਰਾ'।
ਬਿਗਸਤਿ ਬੋਲੇ ਬਚਨ ਗੁਸਾਈਂ। 'ਆਯੋ ਸਦਨ ਯਾਦ ਤੁਝ ਤਾਈਂ॥ ੫॥

ਮਰਦਾਨੇ ਨੇ ਫਿਰ ਕਿਹਾ, "ਹੇ ਪ੍ਰਭੂ ! ਸਾਡਾ ਘਰ ਏਥੋਂ ਕਿੰਨੀ ਦੂਰ ਹੈ ? ਮੈਨੂੰ ਸਾਰਾ ਵੇਰਵਾ ਪ੍ਰਮਾਣਿਤ ਕਰਕੇ ਦੱਸੋ।" ਗੁਰੂ ਜੀ ਮਰਦਾਨੇ ਦੀ ਇਹ ਗੱਲ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਬੋਲੇ, "ਹੇ ਮਰਦਾਨੇ ! ਤੈਨੂੰ ਆਪਣੇ ਘਰ ਦੀ ਯਾਦ ਆਈ ਹੈ॥ ੫॥

ਭਈ ਲਾਲਸਾ ਮਿਲਿਨੇ ਕੇਰੀ। ਦੇਹਿੰ ਪੁਚਾਇ ਤੁਝੈ ਬਿਨ ਦੇਰੀ।
ਮਿਲਹੁ ਕੁਟੰਬ ਸੰਗਿ ਹਰਖਾਯਾ। ਤਿਨ ਬਿਨ ਬਹੁਤੋ ਕਾਲ ਬਿਤਾਯਾ' ॥ ੬॥

ਤੈਨੂੰ ਪਰਿਵਾਰ ਨੂੰ ਮਿਲਣ ਦੀ ਲਾਲਸਾ ਜਾਗੀ ਹੈ। ਮੈਂ ਹੁਣ ਤੈਨੂੰ ਬਗੈਰ ਕਿਸੇ ਦੇਰ ਤੋਂ ਓਥੇ ਪਹੁੰਚਾ ਦੇਵਾਂਗਾ। ਪ੍ਰਸੰਨ ਹੋ ਕੇ ਆਪਣੇ ਪਰਿਵਾਰ ਨੂੰ ਮਿਲੋ, ਉਨ੍ਹਾਂ ਤੋਂ ਬਗੈਰ ਤੂੰ ਬਹੁਤ ਲੰਮਾ ਸਮਾਂ ਬਿਤਾਇਆ ਹੈ" ॥ ੬॥

'ਪ੍ਰਭੁ ਤੁਮ ਚਲਹੁ ਕਿ ਨਾਂਹੀ ਭੌਨੰ। ਕਰਿ ਆਏ ਅਬ ਬਹੁਤਾ ਗੌਨੰ।
ਮਾਤ ਪਿਤਾ ਸੁਤ ਆਦਿਕ ਸਾਰੇ। ਚਹਿਤਿ ਮਿਲਨ ਕੋ ਅਧਿਕ ਤਿਹਾਰੇ' ॥੭॥

ਮਰਦਾਨੇ ਕਿਹਾ, "ਹੇ ਗੁਰੂ ਜੀ, ਤੁਸੀਂ ਵੀ ਘਰ ਚਲੋਗੇ ਕਿ ਨਹੀਂ ? ਹੁਣ ਤਾਂ ਬਹੁਤ ਲੰਮੀ ਸੈਰ ਕਰ ਆਏ ਹੋ। ਮਾਤਾ ਪਿਤਾ ਪੁੱਤਰ ਆਦਿ ਸਾਰਿਆਂ ਨੂੰ ਤੁਹਾਨੂੰ ਮਿਲਣ ਦੀ ਵੱਡੀ ਚਾਹ ਹੈ" ॥ ੭॥

ਸ੍ਰੀ ਗੁਰ ਭਨੈਂ 'ਹਮਹਿੰ ਕਰਤਾਰਾ। ਲੇ ਜਾਵਹਿ ਜਬ, ਜਾਹਿੰ ਅਗਾਰਾ।
ਤੂੰ ਜੁ ਚਹਿਤਿ ਮੈਂ ਤੂਰਨ ਜਾਊਂ। ਜਾਹੁ ਸਦਨ, ਖਿਨ ਮਹਿੰ ਪਹੁਚਾਊਂ' ॥੮॥

ਗੁਰੂ ਜੀ ਨੇ ਕਿਹਾ, "ਸਾਨੂੰ ਜਦ ਕਰਤਾਰ ਲੈ ਜਾਵੇਗਾ ਤਾਂ ਅੱਗੇ ਜਾਵਾਂਗੇ। ਤੂੰ ਜੇ ਫੌਰਨ ਜਾਣਾ ਚਾਹੁੰਦਾ ਹੈ ਤਾਂ ਆਪਣੇ ਘਰ ਜਾਵੇ, ਮੈਂ ਤੈਨੂੰ ਇਕ ਛਿਣ ਵਿਚ ਓਥੇ ਪਹੁੰਚਾ ਦੇਵਾਂਗਾ" ॥ ੮॥

'ਹੇ ਪ੍ਰਭੂ ਮੈਂ ਤੁਮ ਸੰਗਿ ਸੁਹੇਲਾ। ਅਬ ਮੁਝ ਦੇਵਨ ਲਗੇ ਧਕੇਲਾ।
ਤੁਮ ਬਿਨ ਕੈਸੇ ਜਾਉਂ ਨ ਸਦਨੈਂ। ਰਹੌਂ ਪ੍ਰਸੰਨ ਬਿਲੋਕਤਿ ਬਦਨੈਂ ॥੯॥

ਮਰਦਾਨੇ ਨੇ ਕਿਹਾ, "ਹੇ ਗੁਰੂ ਜੀ ! ਤੁਸੀਂ ਮੇਰੇ ਸੰਗੀ ਸੁਹੇਲੇ ਹੋ, ਹੁਣ ਮੈਨੂੰ ਧੱਕਾ ਦੇਣ ਲੱਗੇ ਹੋ। ਤੁਹਾਥੋਂ ਬਗੈਰ ਮੈਂ ਕਦੇ ਘਰ ਨਹੀਂ ਜਾਵਾਂਗਾ, ਮੈਂ ਤੁਹਾਡਾ ਮੁੱਖ ਵੇਖ ਕੇ ਹੀ ਪ੍ਰਸੰਨ ਰਹਾਂਗਾ" ॥ ੯ ॥

ਹਮ ਨ ਧਕੇਲਾ ਕੈਸੇ ਦੇਈਂ। ਧਾਮ ਆਪ ਤੈਂ ਯਾਦ ਕਰੇਈ।
ਯਾਂਤੇ ਤੁਝੈ ਪੁਚਾਵਨ ਹੇਤਾ। ਹਮ ਨੈ ਭਾਖ੍ਯੋ ਜਾਹੁ ਨਿਕੇਤਾ ॥੧੦॥

ਗੁਰੂ ਜੀ ਨੇ ਬਚਨ ਕੀਤਾ, "ਅਸੀ ਤੈਨੂੰ ਧੱਕਾ ਕਿਵੇਂ ਦੇਵਾਂਗੇ ? ਘਰ ਬਾਰੇ ਤਾਂ ਤੂੰ ਹੀ ਯਾਦ ਕਰਵਾਈ ਹੈ। ਅਸੀਂ ਤਾਂ ਤੈਨੂੰ ਪਹੁੰਚਾਉਣ ਖਾਤਰ ਕਿਹਾ ਹੈ ਕਿ ਘਰ ਜਾਵੇਂ" ॥ ੧੦ ॥'

ਦੋਹਰਾ- 'ਹੌਂ ਤੁ ਸੁਭਾਇਕ ਬੂਝਿਓ ਯਾਦ ਨ ਕੀਨੋ ਧਾਮ।
ਮੋਹ ਟੂਟ ਮੇਰਾ ਗਯੋ ਸ੍ਰੀ ਪ੍ਰਭੁ ਤੇ ਪਦ ਸ਼ਾਮ॥ ੧੧ ॥

ਮਰਦਾਨੇ ਕਿਹਾ, "ਮੈਂ ਤਾਂ ਸੁਭਾਵਿਕ ਪੁਛਿਆ ਸੀ, ਮੈਂ ਘਰ ਨੂੰ ਯਾਦ ਨਹੀਂ ਸੀ ਕੀਤਾ। ਮੇਰਾ ਘਰ ਬਾਰੇ ਮੋਹ ਬਿਲਕੁਲ ਟੁੱਟ ਚੁਕਾ ਹੈ, ਤਾਂ ਹੀ ਤੇ ਮੈਂ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਲਈ ਹੈ॥ ੧੧॥

ਚੌਪਈ- ਜਿਤ ਕੋ ਰਾਵਰ ਚਲਹੁ ਅਗਾਰੀ। ਤਿਸ ਹੀ ਦਿਸ਼ ਮੈਂ ਜਾਉਂ ਪਿਛਾਰੀ।
ਅਬ ਨਹਿ ਛੋਡਉਂ ਸੰਗਿ ਤੁਮਾਰਾ। ਤੁਮ ਕਰੁਨਾ ਤੇ ਸਰਬ ਨਿਹਾਰਾ ॥੧੨॥

ਜਿਵੇਂ-ਜਿਵੇਂ ਆਪ ਜੀ ਅੱਗੇ ਚਲੋਗੇ, ਮੈਂ ਉਸ ਪਾਸੇ ਹੀ ਪਿਛੇ-ਪਿਛੇ ਜਾਵਾਂਗਾ। ਹੁਣ ਮੈਂ ਤੁਹਾਡਾ ਸਾਥ ਨਹੀਂ ਛੱਡਾਂਗਾ। ਤੁਹਾਡੀ ਕਿਰਪਾ ਨਾਲ ਮੈਂ ਸਭ ਕੁਝ ਵੇਖਿਆ ਹੈ॥ ੧੨॥

ਸੁਨੇ ਖੰਡ ਨਉਂ ਜੰਬੂ ਦੀਪਾ। ਸੋ ਦਿਖਾਉ ਬੇਦੀ ਕੁਲ ਟੀਕਾ!
ਤਿਨਹਿ ਬਿਲੋਕਨ ਕੀ ਅਭਿਲਾਖਾ। ਤੁਮ ਸਮਰਥ ਪੂਰਹੁ ਸਭਿ ਕਾਂਖਾ ॥੧੩॥

ਜਿਹੜੇ ਨੌਂ ਖੰਡ ਜੰਬੂ ਦੀਪਾਂ ਬਾਰੇ ਸੁਣਿਆ ਹੈ, ਹੇ ਬੇਦੀ ਕੁਲ ਦੇ ਧ੍ਰਜ ਉਹ ਦੀਪ ਸਾਨੂੰ ਵਿਖਾਉ। ਇਨ੍ਹਾਂ ਨੂੰ ਵੇਖਣ ਦੀ ਸਾਡੀ ਵੱਡੀ ਖਾਹਿਸ਼ ਹੈ, ਤੁਸੀਂ ਪੂਰਨ ਸਮਰੱਥ ਹੋ, ਸਾਡੀ ਇੱਛਾ ਪੂਰੀ ਕਰੋ" ॥ ੧੩ ॥

ਸੁਨਿ ਯੌਂ ਸ੍ਰੀ ਗੁਰ ਬੈਨ ਅਲਾਯੋ। 'ਕਹ੍ਯੋ ਨ ਤੇਰੋ ਜਾਤਿ ਹਟਾਯੋ।
ਚਲਿ ਨਵਖੰਡ ਜਿ ਤੁਝੇ ਦਿਖਾਵੈਂ। ਕਰਹੁ ਸੈਲ ਜੇਤੀ ਮਨ ਭਾਵੈ ॥੧੪॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਤੇਰਾ ਕਿਹਾ ਮੋੜਿਆ ਨਹੀਂ ਜਾ ਸਕਦਾ। ਨਵਖੰਡ ਚਲੋ, ਤੈਨੂੰ ਵਿਖਾਉਂਦੇ ਹਾਂ। ਮਨ-ਭਾਉਂਦੀ ਸੈਰ ਕਰੋ, ਜਿੰਨੀ ਵੀ ਤੇਰੇ ਚਿਤ ਨੂੰ ਚੰਗੀ ਲੱਗਦੀ ਹੈ" ॥ ੧੪ ॥

ਅਸ ਕਹਿ ਗਮਨ ਕਿਯੋ ਜਗਨਾਥਾ। ਮੁਝ ਮਰਦਾਨੇ ਕੋ ਲੇ ਸਾਥਾ।
ਖੰਡ ਇਲਾਬ੍ਰਤ ਜਿਂਹ ਕੋ ਨਾਮੂ। ਤਿਹ ਮਹਿਂ ਤੂਰਨ ਗੇ ਸੁਖਧਾਮੂ ॥੧੫॥

ਇਹ ਕਹਿ ਕੇ ਜਗਤ ਦੇ ਸਵਾਮੀ ਭਾਵ ਗੁਰੂ ਜੀ ਅੱਗੇ ਚੱਲ ਪਏ। ਮੈਨੂੰ ਅਤੇ ਮਰਦਾਨੇ ਨੂੰ ਉਨ੍ਹਾਂ ਨਾਲ ਲੈ ਲਿਆ। ਜਿਸ ਖੰਡ ਦਾ ਨਾਂ ਇਲਾਬ੍ਰਤ ਸੀ, ਸੁਖਾਂ ਦਾ ਘਰ ਭਾਵ ਗੁਰੂ ਜੀ ਤੁਰੰਤ ਓਥੇ ਪੁਹੰਚ ਗਏ॥ ੧੫॥

ਕੋਟਿਕ ਸ਼ੇਰ ਹੁਤੇ ਇਕ ਥਾਈਂ। ਜਾਇ ਤਹਾਂ ਬੈਠੇ ਗੋਸਾਈਂ।
ਮਰਦਾਨੇ ਤੇ ਸ਼ਬਦ ਪਢਾਯੋ। ਊਚੇ ਸੁਰ ਸੋਂ ਰਾਗ ਗਵਾਯੋ॥ ੧੬ ॥

ਜਿਸ ਥਾਂ ਕ੍ਰੋੜਾਂ ਹੀ ਸ਼ੇਰ ਰਹਿੰਦੇ ਸਨ, ਗੁਰੂ ਜੀ ਉਸ ਥਾਂ ਜਾ ਕੇ ਬੈਠ ਗਏ। ਮਰਦਾਨੇ ਨੂੰ ਸ਼ਬਦ ਪੜ੍ਹਨ ਵਾਸਤੇ ਕਹਿ ਦਿੱਤਾ ਅਤੇ ਉਸ ਪਾਸੋਂ ਉਚੀ ਸੁਰ ਵਿਚ ਸ਼ਬਦ ਗਾਇਣ ਕਰਵਾਇਆ॥ ੧੬॥

ਚੌਪਈ- ਸੁਨਜੇ ਸ਼ਬਦ ਸੋ ਸਿੰਘਨ ਜਬ ਹੀ। ਉਰ ਨਿਰਮਲ ਤਿਨਕੇ ਭੇ ਤਬਹੀ।
ਮਿਲ ਸਭਿ ਆਏ ਸੀਸ ਝੁਕਾਯੋ। ਬੈਸੇ ਜਬਿ ਗੁਰ ਬਚਨ ਅਲਾਯੋ॥ ੧੭॥

ਸ਼ੇਰਾਂ ਨੇ ਜਦ ਸ਼ਬਦ ਦਾ ਗਾਇਣ ਸੁਣਿਆ ਤਾਂ ਉਨ੍ਹਾਂ ਦੇ ਹਿਰਦੇ ਨਿਰਮਲ ਹੋ ਗਏ। ਸਾਰੇ ਇਕੱਠੇ ਹੋ ਕੇ ਆਏ ਅਤੇ ਆ ਕੇ ਉਨ੍ਹਾਂ ਸਿਰ ਝੁਕਾਏ। ਜਦ ਉਹ ਗੁਰੂ ਜੀ ਪਾਸ ਆ ਕੇ ਬੈਠ ਗਏ ਤਾਂ ਗੁਰੂ ਜੀ ਨੇ ਬਚਨ ਕੀਤਾ॥ ੧੭॥

'ਕੋ ਤੁਮ ਹੋ ਕਿਉਂ ਕਰਿ ਚਲਿ ਆਏ? ਦੇਹੁ ਆਪਨੋ ਨਾਮ ਬਤਾਏ'।
ਬੋਲਨ ਸ਼ਕਤਿ ਦਰਸ ਤੇ ਹੋਈ।ਬੋਲੇ ਹਾਥ ਬੰਦਿ ਕਰਿ ਦੋਈ॥ ੧੮॥

"ਤੁਸੀਂ ਕੌਣ ਹੋ ? ਅਤੇ ਏਥੇ ਚਲ ਕੇ ਕਿਉਂ ਆਏ ਹੋ ? ਸਾਨੂੰ ਆਪਣਾ ਨਾਂ ਦੱਸੋ।" ਗੁਰੂ ਜੀ ਦੇ ਦਰਸ਼ਨ ਕਰਨ ਨਾਲ ਉਨ੍ਹਾਂ ਸ਼ੇਰਾਂ ਵਿਚ ਬੋਲਣ ਦੀ ਸ਼ਕਤੀ ਆ ਗਈ ਤਾਂ ਉਹ ਦੋਵੇਂ ਹੱਥ ਜੋੜ ਕੇ ਬੋਲੇ ॥੧੮॥

'ਅਹੈ ਤਾਮਸੀ ਜੂਨਿ ਹਮਾਰੀ। ਪਾਈ, ਕਰੇ ਜੁ ਪਾਪ ਪਿਛਾਰੀ।
ਤੁਮਰੀ ਸ਼ਰਨ ਪਰੇ ਤੇ ਅਬ ਹੀ। ਸੋ ਕਲਮਲ ਨਾਸਹਿੰਗੇ ਸਭਿਹੀ' ॥ ੧੯॥

"ਸਾਡੀ ਤਾਮਸੀ ਜੂਨ ਹੈ, ਜਿਹੜੀ ਕਿ ਪਿਛਲੇ ਜਨਮ ਦੇ ਪਾਪਾਂ ਕਰਕੇ ਪਾਈ ਹੈ। ਤੁਹਾਡੀ ਸ਼ਰਨ ਪੈਣ ਨਾਲ ਅੱਜ ਹੀ ਸਾਰੇ ਪਾਪ ਨਾਸ਼ ਹੋ ਜਾਣਗੇ' ॥ ੧੯॥

ਹਿਤ ਬੂਝਨ ਗੁਰ ਗਿਰਾ ਉਚਾਰੀ। 'ਕਿਉਂਕਰਿ ਹੋਵਤਿ ਗੁਜਰ ਤੁਮਾਰੀ?'।
'ਸੁਨਹੁ ਸੰਤ ਬਿਰਤੰਤ ਹਮਾਰਾ। ਬਹੁ ਦਿਨ ਬੀਤਹਿ ਬਿਨਾ ਅਹਾਰਾ॥ ੨੦॥

ਪੁੱਛਣ ਲਈ ਗੁਰੂ ਜੀ ਬੋਲੇ, "ਤੁਹਾਡਾ ਗੁਜ਼ਾਰਾ ਕਿਵੇਂ ਹੁੰਦਾ ਹੈ ?" ਸ਼ੇਰ ਕਹਿਣ ਲੱਗੇ, "ਹੇ ਸੰਤ ਜੀ ! ਸਾਡਾ ਬਿਰਤਾਂਤ ਸੁਣੋ। ਕਈ ਦਿਨ ਭੋਜਨ ਬਗੈਰ ਬੀਤ ਗਏ ਹਨ॥ ੨੦॥

ਸੌ ਜੋਜਨ ਇਸ ਬਨ ਕੇ ਮਾਂਹੀ। ਖਾਏ ਪਸੂ ਰਹਜੇ ਅਬ ਨਾਂਹੀ।
ਅਬ ਹਮ ਬੀਚ ਜੌਨ ਉਂਘਲਾਵੈ। ਤਿਹਕੋ ਤਤਛਿਨ ਸਭਿ ਮਿਲਿ ਖਾਵੈਂ॥੨੧॥

ਇਸ ਬਣ ਵਿਚ ਸੌ ਜੋਜਨ ਤਕ ਜਿੰਨੇ ਵੀ ਪਸ਼ੂ ਰਹਿੰਦੇ ਸਨ, ਸਾਰੇ ਖਾ ਲਏ ਹਨ, ਹੁਣ ਕੋਈ ਬਾਕੀ ਨਹੀਂ ਰਿਹਾ। ਹੁਣ ਸਾਡੇ ਵਿਚ ਜਿਹੜਾ ਸੌਂ ਜਾਂਦਾ ਹੈ, ਉਸ ਨੂੰ ਤੁਰਤ ਫੜ ਕੇ ਖਾ ਲੈਂਦੇ ਹਾਂ॥ ੨੧॥

ਚੌਪਈ- ਜਾਗਤਿ ਰਹੈਂ ਸਦਾ ਹਮ ਠਾਂਢੇ। ਕਰਹਿੰ ਪਰਸਪਰ ਭੈ ਹ੍ਵੈ ਗਾਢੇ।
ਮਨ ਨਿਰਮਲ ਭਾ ਦਰਸ ਤੁਮਾਰੇ। ਸੁਭ ਗਤਿ ਕਰੁ ਹ੍ਵੈ ਗੁਰੂ ਹਮਾਰੇ' ॥੨੨॥

ਅਸੀਂ ਸਦਾ ਖੜੇ ਹੋ ਕੇ ਜਾਗਦੇ ਰਹਿੰਦੇ ਹਾਂ। ਲਗਾਤਾਰ ਭੈ ਵਿਚ ਗੱਢੇ ਰਹਿੰਦੇ ਹਾਂ। ਤੁਹਾਡੇ ਦਰਸ਼ਨ ਕਰਨ ਨਾਲ ਮਨ ਨਿਰਮਲ ਹੋ ਗਿਆ ਹੈ। ਹੇ ਸਾਡੇ ਗੁਰੂ ਜੀ ! ਸਾਨੂੰ ਸ਼ੁਭ ਮੁਕਤੀ ਬਖਸ਼ੋ' ॥ ੨੨॥

ਸੁਨਤਿ ਬਿਨੈ ਕਹਿ ਬਾਨੀ ਨੋਨੀ। 'ਤੁਮ ਕੋ ਦੇਵਹਿਂ ਮਾਨੁਖ ਜੋਨੀ।
ਤਬਿ ਸਿੱਖੀ ਗੁਰ ਕੀ ਜਿ ਕਮਾਵਹੁ। ਬਿਨ ਸੰਦੇਹ ਕੈਵਲ ਤੁਮ ਪਾਵਹੁ॥ ੨੩॥

ਉਨ੍ਹਾਂ ਦੀ ਬੇਨਤੀ ਸੁਣ ਕੇ, ਗੁਰੂ ਜੀ ਨੇ ਸੁੰਦਰ ਬਚਨ ਕਹੇ, "ਤੁਹਾਨੂੰ ਸਾਰਿਆਂ ਨੂੰ ਮਨੁੱਖ ਜੂਨ ਦਿੰਦੇ ਹਾਂ। ਤਦ ਗੁਰੂ ਦੀ ਸਿੱਖੀ ਦੀ ਕਮਾਈ ਕਰੋ ਅਤੇ ਬਿਨਾਂ ਸ਼ੱਕ ਤੁਸੀਂ ਮੁਕਤੀ ਪ੍ਰਾਪਤ ਕਰੋਗੇ॥ ੨੩॥

ਸਿੰਘ ਜੂਨਿ ਤੁਮਰੀ ਛੁਟਿ ਜੈਹੈ। ਮਾਨੁਖ ਜੋਨੀ ਪ੍ਰਾਪਤਿ ਹ੍ਵੈ ਹੈ।

ਸ਼ਬਦ ਅਭ੍ਯਾਸ ਕਰਹੁਗੇ ਜਬ ਹੀ। ਤਨ ਹੰਤਾ ਛੁਟਿ, ਹ੍ਵੈ ਗਤਿ ਤਬਹੀ' ॥੨੪॥

ਸ਼ੇਰ ਦੀ ਜੂਨ ਤੋਂ ਤੁਹਾਡਾ ਛੁਟਕਾਰਾ ਹੋ ਜਾਵੇਗਾ ਅਤੇ ਮਨੁੱਖਾ ਜੂਨ ਤੁਹਾਨੂੰ ਪ੍ਰਾਪਤ ਹੋ ਜਾਵੇਗੀ। ਜਦ ਹੀ ਸ਼ਬਦ ਦਾ ਅਭਿਆਸ ਕਰੋਗੇ, ਤਨ ਹੰਤਾ ਤੋਂ ਛੁਟਕਾਰਾ ਹੋ ਜਾਵੇਗਾ ਅਤੇ ਮੁਕਤੀ ਪ੍ਰਾਪਤ ਹੋਵੇਗੀ' ॥੨੪॥

ਅਸ ਕਹਿ ਬਿਦਾ ਹੋਇ ਜਗਸਾਈਂ। ਗਮਨੇ ਨਗਰ ਹੁਤੋ ਜਿਹ ਥਾਈਂ।
ਬੈਸੇ ਵਹਿਰ ਸਮੀਪ ਸੁ ਪੁਰਿ ਕੇ। ਨਰ ਆਏ ਦਰਸ਼ਨ ਹਿਤ ਗੁਰ ਕੇ ॥੨੫॥

ਇਹ ਕਹਿ ਕੇ ਜਗਤ ਦੇ ਸਵਾਮੀ ਓਥੋਂ ਚਲ ਪਏ। ਉਸ ਥਾਂ ਜਿਹੜਾ ਇਕ ਨਗਰ ਸੀ ਓਥੇ ਚਲੇ ਗਏ। ਨਗਰ ਦੇ ਨੇੜੇ ਪਹੁੰਚ ਕੇ ਬਾਹਰ ਬੈਠ ਗਏ। ਨਗਰ ਦੇ ਮਨੁੱਖ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ॥ ੨੫॥

ਕਹਿਨ ਲਗੇ 'ਤੁਮ ਕਿਹ ਬਿਧਿ ਆਏ ?। ਕਿਨਹੂੰ ਸਿੰਘ ਨ ਮਗ ਮਹਿ ਖਾਏ।
ਸੌ ਜੋਜਨ ਲੌ ਪਸੁ ਨਰ ਕੋਊ। ਛੋਡਯੋ ਕਛੁ ਨ ਖਾਇਗੇ ਸੋਊ॥ ੨੬॥

ਨਗਰ ਦੇ ਲੋਕ ਕਹਿਣ ਲੱਗੇ, "ਤੁਸੀਂ ਕਿਸ ਤਰ੍ਹਾਂ ਏਥੇ ਪਹੁੰਚ ਗਏ ਹੋ ? ਤੁਹਾਨੂੰ ਰਾਹ ਵਿਚ ਸ਼ੇਰਾਂ ਨਹੀਂ ਖਾਧਾ ? ਸੌ ਜੋਜਨਾਂ ਤਕ ਨਾ ਕੋਈ ਪਸ਼ੂ ਅਤੇ ਮਨੁੱਖ ਬਚਿਆ ਹੈ। ਉਨ੍ਹਾਂ ਕਿਸੇ ਨੂੰ ਨਹੀਂ ਛੱਡਿਆ, ਸਭ ਨੂੰ ਖਾ ਗਏ ਹਨ॥ ੨੬॥

ਹਮ ਨੈ ਨਗਰ ਪਾਇ ਗਿਰ ਊਪਰ। ਰਹਤਿ ਸੁਜਗ ਹ੍ਵੈ ਤੋਪਨ ਕੋ ਧਰਿ।
ਜਬ ਆਵਹਿ ਛੋਡਹਿਂ ਇਕ ਬਾਰੇ। ਤਿਨ ਕੋ ਮੋਰਹਿਂ ਗੋਲਿਨਿ ਮਾਰੇ' ॥੨੭॥

ਅਸੀਂ ਪਹਾੜ ਦੇ ਉਤੇ ਨਗਰ ਵਸਾਇਆ ਹੈ, ਤੋਪਾਂ ਬੀੜ ਕੇ ਜਾਗਦੇ ਰਹਿੰਦੇ ਹਾਂ। ਜਦ ਆਉਂਦੇ ਹਨ ਤਾਂ ਇਕ ਵਾਰ ਤੋਪਾਂ ਛੱਡ ਦਿੰਦੇ ਹਾਂ ਤੇ ਉਨ੍ਹਾਂ ਨੂੰ ਗੋਲੇ ਮਾਰ ਮਾਰ ਮੋੜਦੇ ਹਾਂ" ॥ ੨੭॥

ਗੁਰੂ ਕਹੈਂ 'ਹਮ ਗੇ ਤਿਨ ਪਾਸਾ। ਸੋ ਹਿੰਸਾ ਤੇ ਭਏ ਨਿਰਾਸਾ।
ਹਮ ਸਭਿ ਹੀ ਕੋ ਸਿਖ ਕਰਿ ਆਏ। ਕਿਤਿਕ ਕਾਲ ਮਹਿ ਸਭਿ ਮਰਿ ਜਾਏਂ' ॥੨੮॥

ਗੁਰੂ ਜੀ ਨੇ ਕਿਹਾ, "ਅਸੀਂ ਉਨ੍ਹਾ ਦੇ ਪਾਸ ਗਏ ਸੀ, ਉਹ ਹੁਣ ਹਿੰਸਾ ਕਰਨ ਤੋਂ ਨਿਰਾਸ਼ ਹੋ ਗਏ ਹਨ। ਅਸੀਂ ਉਨ੍ਹਾਂ ਸਾਰਿਆਂ ਨੂੰ ਆਪਣੇ ਸਿੱਖ ਬਣਾ ਆਏ ਹਾਂ। ਕੁਝ ਸਮੇਂ ਵਿਚ ਸਾਰੇ ਮਰ ਜਾਣਗੇ" ॥ ੨੮॥

ਪੁਰਿਕੇ ਨਰ ਸੁਨਿ ਕਰਿ ਇਵ ਗਾਥਾ। ਗੁਰ ਕੇ ਚਰਨ ਧਰੈਂ ਨਿਜ ਮਾਥਾ।
ਕਹੈਂ 'ਸੁ ਤਿਨ ਕੋ ਦੁਖ ਥੋ ਭਾਰੀ। ਸੋ ਰਾਵਰ ਕੀਨੋ ਨਿਰਵਾਰੀ॥ ੨੯॥

ਨਗਰ ਦੇ ਮਨੁੱਖਾਂ ਇਹ ਗਾਥਾ ਸੁਣ ਕੇ, ਗੁਰੂ ਜੀ ਦੇ ਚਰਨਾਂ ਤੇ ਆਪਣੇ ਮੱਥੇ ਧਰ ਦਿੱਤੇ। ਕਹਿਣ ਲੱਗੇ, "ਸਾਡਾ ਜਿਹੜਾ ਵੱਡਾ ਦੁੱਖ ਸੀ ਉਹ ਆਪ ਜੀ ਨੇ ਦੂਰ ਕਰ ਦਿੱਤਾ ਹੈ॥ ੨੯॥

ਪੂਰਨ ਸੰਤ ਕਲਾ ਧਰਿ ਭੂਰੀ। ਕਰਯੋ ਹਮਾਰੋ ਭੈ ਬਡ ਦੂਰੀ'।
ਲੇ ਉਪਦੇਸ਼ ਸਿੱਖ ਸਭਿ ਹੋਏ। ਪਾਹੁਲ ਲਈ ਗੁਰੂ ਪਗ ਧੋਏ॥ ੩੦॥

ਤੁਸੀਂ ਵੱਡੇ ਕਲਾਧਾਰੀ ਪੂਰਨ ਸੰਤ ਹੋ। ਸਾਡਾ ਵੱਡਾ ਭੈ ਤੁਸੀਂ ਖਤਮ ਕਰ ਦਿੱਤਾ ਹੈ।" ਉਪਦੇਸ਼ ਲੈ ਕੇ ਸਾਰੇ ਸਿੱਖ ਬਣ ਗਏ ਅਤੇ ਗੁਰੂ ਦੇ ਚਰਨ ਧੋ ਕੇ, ਚਰਨ ਪਾਹੁਲ ਲਈ॥ ੩੦॥

ਕਿਤਿਕ ਕਾਲ ਤਹਿਂ ਕੀਨ ਬਸੇਰਾ। ਅਪਰ ਥਾਨ ਗਮਨੇ ਬਿਨ ਦੇਰਾ।
ਪਹੁੰਚੇ ਹਿਰਨ ਖੰਡ ਮੈਂ ਜਾਈ। ਜਹਿਂ ਕੰਚਨ ਧਰਨੀ ਸਭਿ ਥਾਈਂ ॥੩੧॥

ਕਾਫੀ ਸਮਾਂ ਉਸ ਨਗਰ ਵਿਚ ਠਹਿਰੇ, ਫਿਰ ਕਿਸੇ ਦੇਰ ਬਗੈਰ ਹੋਰ ਥਾਂ ਵਲ ਚੱਲ ਪਏ। ਅੱਗੇ ਜਾ ਕੇ ਹਿਰਨ ਖੰਡ ਵਿਚ ਪਹੁੰਚ ਗਏ, ਜਿਥੇ ਹਰ ਥਾਂ ਸੋਨੇ ਦੀ ਧਰਤੀ ਸੀ॥ ੩੧॥

ਤਹਿਂ ਕੀ ਰੀਤਿ ਸੁਨਹੁ ਸਭਿ ਭਾਂਤੀ। ਕਰਹਿਂ ਜੋਗ ਸਾਧਨ ਦਿਨ ਰਾਤੀ।
ਰਹਿਤਿ ਤਰੁਨ ਸੋ ਮਨੁਜ ਸਦਾਈ। ਘਰ ਮਹਿਂ ਪ੍ਰਾਨ ਨ ਤਜੈਂ ਕਦਾਈ ॥੩੨॥

ਉਸ ਥਾਂ ਦੀ ਹਾਲਤ ਹਰ ਪ੍ਰਕਾਰ ਸੁਣੋ। ਉਹ ਲੋਕ ਦਿਨ ਰਾਤ ਜੋਗ ਦੀ ਸਾਧਨਾ ਕਰਦੇ ਸਨ। ਉਥੋਂ ਦੇ ਵਸਨੀਕ ਸਦਾ ਹੀ ਜਵਾਨ ਰਹਿੰਦੇ ਸਨ ਅਤੇ ਉਹ ਕਦੇ ਵੀ ਘਰ ਵਿਚ ਪ੍ਰਾਣ ਨਹੀਂ ਤਿਆਗਦੇ ਸਨ॥ ੩੨॥

ਅੰਤ ਸਮਾਂ ਤਿਨਕੋ ਜਿ ਪਹੂੰਚੇ। ਤਬ ਬੈਠਹਿਂ ਗਿਰ ਪਰ ਚੜ੍ਹਿ ਊਚੇ।
ਬ੍ਰਹਮਰੰਧਰ ਕੋ ਫੋਰਿ ਸੁ ਡਾਰਹਿਂ। ਤਹਿਂ ਤੇ ਅਪਨੇ ਪ੍ਰਾਨ ਨਿਕਾਰਹਿਂ ॥੩੩॥

ਜਦ ਉਨ੍ਹਾਂ ਦਾ ਅੰਤ ਸਮਾਂ ਆਉਂਦਾ ਸੀ ਤਾਂ ਉਹ ਉੱਚੇ ਪਹਾੜ ਤੇ ਚੜ੍ਹ ਕੇ ਬੈਠ ਜਾਂਦੇ ਸਨ। ਦਸਮ ਦੁਆਰ ਨੂੰ ਭੰਨ ਦਿੰਦੇ ਸਨ ਤੇ ਉਸ ਵਿਚੋਂ ਆਪਣੇ ਪ੍ਰਾਣ ਕੱਢ ਦਿੰਦੇ ਸਨ॥ ੩੩॥

ਤਿਨ ਪੁਰਿ ਬਿਖੈ ਜਾਇ ਗੁਰ ਬੈਸੇ। ਮਾਨਹੁ ਭਾਨੁ ਗਜਾਨ ਕੋ ਜੈਸੇ।
ਬਹੁ ਨਰ ਬੈਠੇ ਆਨਿ ਸਮੀਪਾ। ਤਬ ਬੋਲੇ ਬੇਦੀ ਕੁਲ ਦੀਪਾ॥ ੩੪॥

ਉਸ ਨਗਰ ਵਿਚ ਗੁਰੂ ਜੀ ਜਾ ਕੇ ਬੈਠ ਗਏ। ਮਾਨੋਂ ਉਹ ਗਿਆਨ ਦਾ ਸੂਰਜ ਸਨ। ਬਹੁਤ ਮਨੁੱਖ ਉਨ੍ਹਾਂ ਦੇ ਪਾਸ ਆ ਕੇ ਬੈਠ ਗਏ। ਤਦ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੋਲੇ॥ ੩੪॥

'ਕੈਸੇ ਤੁਮ ਉਪਦੇਸ਼ ਕਮਾਵਹੁ?। ਅਪਨੇ ਗੁਰ ਕੋ ਨਾਮ ਬਤਾਵਹੁ'।
ਕਹੇਂ ਸੁ 'ਗੁਰ ਗੋਰਖ ਹਮ ਜਾਨਹੁ। ਪ੍ਰਾਣਾਯਾਮ ਉਪਦੇਸ਼ ਪਛਾਨਹੁ ॥੩੫॥

"ਤੁਸੀਂ ਉਪਦੇਸ਼ ਕਿਸ ਤਰ੍ਹਾਂ ਕਮਾਉਂਦੇ ਹੋ ? ਆਪਣੇ ਗੁਰੂ ਦਾ ਨਾਂ ਦੱਸੋ"। ਉਨ੍ਹਾਂ ਨੇ ਕਿਹਾ, "ਸਾਡੇ ਗੁਰੂ ਦਾ ਨਾਂ ਗੋਰਖ ਹੈ। ਉਨ੍ਹਾਂ ਪ੍ਰਾਣਾਯਾਮ ਕਰਨ ਦਾ ਸਾਨੂੰ ਉਪਦੇਸ਼ ਦਿੱਤਾ ਹੈ॥ ੩੫॥

ਸਾਧਹਿਂ ਜੋਗ ਸਦੀਵ ਤਦਾਪੀ। ਮਨ ਕੋ ਸ਼ਾਂਤਿ ਨ ਆਵ ਕਦਾਪੀ।
ਅਬ ਉਪਦੇਸ਼ ਆਪ ਦਿਹੁ ਐਸਾ। ਸ਼ਾਂਤਿ ਹੋਇ ਮਨ ਸਭਿ ਕੋ ਜੈਸਾ ॥੩੬॥

ਅਸੀਂ ਸਦਾ ਯੋਗ ਸਾਧਨਾ ਕਰਦੇ ਹਾਂ, ਤਦ ਵੀ ਮਨ ਨੂੰ ਕਦੇ ਸ਼ਾਂਤੀ ਨਸੀਬ ਨਹੀਂ ਹੁੰਦੀ। ਹੁਣ ਤੁਸੀਂ ਐਸਾ ਉਪਦੇਸ਼ ਦੇਵੋਂ, ਤਾਂਕਿ ਸਾਰਿਆਂ ਦੇ ਮਨ ਸ਼ਾਂਤ ਹੋ ਜਾਣ"॥ ੩੬॥

ਸੁਨਿ ਕਰਿ ਤਿਨਕੇ ਬਚ ਜਗਤੇਸ਼ਾ। ਦੇਨਿ ਲਗੇ ਆਪਨ ਉਪਦੇਸ਼ਾ।
'ਸਤਿਨਾਮ ਸਿਮਰਹੁ ਲਿਵ ਲਾਈ। ਹਉਮੈ ਸਗਰੀ ਦੇਹੁ ਮਿਟਾਈ॥ ੩੭॥

ਜਗਤ ਦੇ ਈਸ਼ਵਰ ਭਾਵ ਗੁਰੂ ਜੀ ਉਨ੍ਹਾਂ ਦੀ ਇਹ ਗੱਲ ਸੁਣ ਕੇ ਆਪਣਾ ਉਪਦੇਸ਼ ਦੇਣ ਲੱਗੇ। ਕਹਿਣ ਲੱਗੇ, "ਸਦਾ ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ, ਇਸ ਨਾਲ ਤੁਹਾਡੀ ਸਾਰੀ ਹਉਮੈ ਖਤਮ ਹੋ ਜਾਵੇਗੀ॥ ੩੭॥

ਜਗਤ ਅਸੱਤਿ ਭਲੇ ਦ੍ਰਿੜ ਕੀਜੈ। ਸੱਤਿ ਆਤਮਾ ਏਕ ਜਨੀਜੈ।
ਅਸ ਅਭਯਾਸ ਜਿ ਕਰਹੁ ਸਦੀਵਾ। ਹੋਇ ਸ਼ਾਂਤਿ ਮਨ ਕੋ ਸੁਖਸੀਵਾ ॥੩੮॥

ਇਹ ਗੱਲ ਦ੍ਰਿੜ੍ਹ ਕਰ ਲਵੋ ਕਿ ਇਹ ਜਗਤ ਪਸਾਰਾ ਸਭ ਝੂਠ ਹੈ, ਕੇਵਲ ਸੱਚੀ ਆਤਮਾ ਇਕ ਜਾਣੋ। ਇਸ ਤਰ੍ਹਾਂ ਜੇ ਸਦਾ ਹੀ ਅਭਿਆਸ ਕਰੋਗੇ ਤਾਂ ਮਨ ਨੂੰ ਸ਼ਾਂਤੀ ਮਿਲ ਜਾਵੇਗੀ ਤੇ ਤੁਸੀਂ ਸੁੱਖਾਂ ਦੀ ਹੱਦ ਨੂੰ ਪ੍ਰਾਪਤ ਕਰ ਲਵੋਗੇ ਭਾਵ ਸਦਾ ਹੀ ਸੁਖੀ ਰਹੋਗੇ"॥ ੩੮॥

ਸੁਨਿ ਕਰਿ ਨਰਨ ਸਭਿਨਿ ਮਨ ਮਾਨਾ। ਕਰਨ ਲਗੇ ਤਿਹ ਬਿਧਿ ਸੁਖ ਜਾਨਾ।
ਤਿਹ ਠਾਂ ਕਿਤਿਕ ਕਾਲ ਗੁਰ ਰਾਖੇ। ਬਹੁਰੋ ਕੀਨ ਗਮਨ ਅਭਿਲਾਖੇ ॥੩੯॥

ਇਹ ਸੁਣ ਕੇ ਸਾਰੇ ਮਨੁੱਖਾਂ ਨੇ ਮਨ ਵਿਚ ਮੰਨ ਲਿਆ, ਉਸ ਵਿਧੀ ਨੂੰ ਸੌਖੀ ਸਮਝ ਕੇ ਸਾਰੇ ਅਭਿਆਸ ਕਰਨ ਲੱਗੇ। ਉਨ੍ਹਾਂ ਗੁਰੂ ਜੀ ਨੂੰ ਕਾਫੀ ਸਮਾਂ ਓਥੇ ਰਖਿਆ। ਫਿਰ ਗੁਰੂ ਜੀ ਨੇ ਅੱਗੇ ਜਾਣ ਦੀ ਅਭਿਲਾਸ਼ਾ ਪ੍ਰਗਟ ਕੀਤੀ॥ ੩੯॥

ਤਿਨ ਤੇ ਬਿਦਾ ਹੋਇ ਜਗ ਸਾਈਂ। ਕਿੰਪੁਰਖ ਖੰਡ ਪਰਵਿਸ਼ੇ ਜਾਈ।
ਨਗਰ ਸਮੀਪਿ ਜਾਇਕੈ ਬੈਸੇ। ਤਨ ਉਪਕਾਰ ਧਰਜੋ ਧਰ ਜੈਸੇ॥੪੦॥

ਜਗਤ ਦੇ ਸਵਾਮੀ ਨੇ ਉਨ੍ਹਾਂ ਪਾਸੋਂ ਵਿਦਾ ਲਈ ਅਤੇ ਕਿੰਪੁਰਖ ਖੰਡ ਵਿਚ ਜਾ ਪਰਵੇਸ਼ ਕੀਤਾ। ਇਕ ਨਗਰ ਦੇ ਨੇੜੇ ਜਾ ਬੈਠੇ। ਜਿਨ੍ਹਾਂ ਉਪਕਾਰ ਕਰਨ ਹਿਤ ਤਨ ਧਾਰਨ ਕੀਤਾ ਹੈ॥ ੪੦॥

ਧਰਮ ਚੰਦ ਤਹਿਂ ਹੁਤੋ ਨ੍ਰਿਪਾਲਾ। ਸੰਤਨ ਸੇਵਾ ਕਰਤਿ ਬਿਸਾਲਾ।
ਆਨਿ ਪ੍ਰਣਾਮ ਕੀਨਿ ਪਦ ਤਾਂਹੀ। ਭਾਉ ਬਿਸਾਲ ਜਾਸ ਮਨ ਮਾਂਹੀ॥੪੧॥

ਉਸ ਨਗਰ ਦਾ ਰਾਜਾ ਧਰਮ ਚੰਦ ਸੀ। ਉਹ ਸੰਤਾਂ ਦੀ ਬਹੁਤ ਸੇਵਾ ਕਰਦਾ ਸੀ। ਉਹ ਰਾਜਾ ਗੁਰੂ ਜੀ ਪਾਸ ਆਇਆ ਤੇ ਆ ਕੇ ਪਦ ਪ੍ਰਣਾਮ ਕੀਤੀ, ਜਿਸ ਦੇ ਮਨ ਵਿਚ ਅਥਾਹ ਪ੍ਰੇਮ ਸੀ॥ ੪੧॥

ਕਹਿਨ ਲਗਜੋ 'ਮੁਝ ਸੇਵ ਬਤਾਵਉ। ਕਹੋ ਸੁ ਕਰੋਂ, ਨ ਬਿਲਮ ਲਗਾਵਉਂ'।
ਸੁਨੀਏ ਸ਼੍ਰੀ ਅੰਗਦ! ਤਿਹ ਕਾਲਾ। ਮੁਝੈ ਬਨਾਯੋ ਸ਼ੇਰ ਬਿਸਾਲਾ॥ ੪੨॥

ਕਹਿਣ ਲੱਗਾ, "ਮੈਨੂੰ ਸੇਵਾ ਦੱਸੋ। ਜੋ ਕਹੋ ਮੈਂ ਕਰਾਂਗਾ, ਇਸ ਵਿਚ ਕੋਈ ਦੇਰ ਨਹੀ ਹੋਵੇਗੀ।" ਹੇ ਗੁਰੂ ਅੰਗਦ ਦੇਵ ਜੀ! ਸੁਣੋ, ਉਸ ਸਮੇਂ ਮੈਨੂੰ ਵੱਡਾ ਸ਼ੇਰ ਬਣਾ ਦਿੱਤਾ॥ ੪੨॥

'ਕਰਹੁ ਸੇਵ ਜੇ ਭੂਪ ਉਦਾਰਾ!। ਪ੍ਰਿਥਮੈਂ ਦੀਜੈ ਸ਼ੇਰ ਅਹਾਰਾ।
ਆਮਿਖ ਅਵਰ ਨ ਖਾਵਤਿ ਕੋਊ। ਭੱਛਤਿ ਰਾਜ ਪੁੱਤ੍ਰ ਹੈ ਜੋਊ'॥੪੩॥

ਗੁਰੂ ਜੀ ਨੇ ਕਿਹਾ, "ਹੇ ਰਾਜੇ! ਜੇ ਤੁਸੀਂ ਬੜੀ ਖੁਲ੍ਹ-ਦਿਲੀ ਨਾਲ ਸੇਵਾ ਕਰਦੇ ਹੋ ਤਾਂ ਪਹਿਲਾਂ ਇਸ ਸ਼ੇਰ ਨੂੰ ਭੋਜਨ ਛਕਾਉ। ਇਹ ਕਿਸੇ ਹੋਰ ਪਸ਼ੂ ਪ੍ਰਾਣੀ ਨੂੰ ਨਹੀਂ ਖਾਂਦਾ, ਕੇਵਲ ਰਾਜੇ ਦੇ ਪੁੱਤਰ ਦਾ ਹੀ ਆਹਾਰ ਕਰਦਾ ਹੈ"॥ ੪੩॥

ਤਿਹ ਪਰਖਨ ਅਸ ਗੁਰੂ ਅਲਾਯਾ। ਸੁਨਿ ਭੂਪਤਿ ਨਹਿਂ ਰਿਦਾ ਡੁਲਾਯਾ।
ਕਹਜੋ 'ਨਿਕੇਤੁ ਪੁੱਤ੍ਰ ਹੈ ਮੇਰਾ। ਆਇਸੁ ਦਿਹੁ ਆਨਹੁਂ ਬਿਨ ਦੇਰਾ'॥੪੪॥

ਉਸ ਦੀ ਪਰਖ ਕਰਨ ਹਿਤ ਗੁਰੂ ਜੀ ਨੇ ਕਿਹਾ। ਇਹ ਸੁਣ ਕੇ ਰਾਜੇ ਦਾ ਹਿਰਦਾ ਨਾ ਡੋਲਿਆ। ਕਹਿਣ ਲੱਗਾ, "ਮੇਰੇ ਘਰ ਕੇਵਲ ਇਕ ਪੁੱਤਰ ਹੈ, ਆਗਿਆ ਕਰੋ ਮੈਂ ਕਿਸੇ ਦੇਰ ਬਗੈਰ ਲੈ ਆਵਾਂਗਾ"॥ ੪੪॥

ਇਉਂ ਕਹਿ ਪੁੱਤ੍ਰ ਬੁਲਾਇ ਪਠਾਯਾ। ਤਿਹ ਸਥਾਨ ਤਤਛਿਨ ਸੋ ਆਯਾ।
ਸੰਤ ਸੇਵ ਮਹਿਂ ਲਗੈ ਸਰੀਰਾ। ਅਸ ਬਿਚਾਰ ਕਰਿ ਬਾਂਧੀ ਧੀਰਾ॥੪੫॥

ਇਹ ਕਹਿ ਕੇ ਪੁੱਤਰ ਨੂੰ ਬੁਲਾ ਲਿਆ। ਪੁੱਤਰ ਜਲਦੀ ਹੀ ਓਥੇ ਆ ਗਿਆ। ਸੰਤ ਦੀ ਸੇਵਾ ਵਿਚ ਸਰੀਰ ਲੱਗੇ, ਇਹ ਵਿਚਾਰ ਕੇ ਉਸ ਦਿਲ ਵਿਚ ਧੀਰਜ ਬੰਨ੍ਹਿਆ॥ ੪੫॥

ਠਾਂਢੋ ਕੀਨੋ ਸ਼ੇਰ ਅਗਾਰੀ। 'ਧੰਨ ਭੂਪ' ਗੁਰ ਗਿਰਾ ਉਚਾਰੀ।
'ਸੰਤ ਸੇਵ ਮਹਿਂ ਤਵ ਮਨ ਰਾਤਾ। ਸੱਤਿਨਾਮ ਜਪ ਅਬ ਸੁਖਦਾਤਾ॥੪੬॥

ਪੁੱਤਰ ਨੂੰ ਸ਼ੇਰ ਦੇ ਅੱਗੇ ਖੜਾ ਕਰ ਦਿੱਤਾ। ਗੁਰੂ ਜੀ ਨੇ ਬਚਨ ਕੀਤਾ, "ਹੇ ਰਾਜੇ! ਤੂੰ ਧੰਨ ਹੈਂ। ਸੰਤਾਂ ਦੀ ਸੇਵਾ ਵਿਚ ਤੇਰਾ ਮਨ ਰੰਗਿਆ ਹੈ। ਹੁਣ ਸੁਖਾਂ ਦੀ ਦਾਤ ਸਤਿਨਾਮ ਦਾ ਜਾਪ ਕਰੋ॥ ੪੬॥

ਸਤਿ ਸੰਗਤਿ ਮਹਿਂ ਪ੍ਰੀਤਿ ਤੁਮਾਰੀ। ਅੰਤ ਸਮੈਂ ਗਤਿ ਪਾਇ ਸੁਖਾਰੀ'।

ਕਿਤਿਕ ਦਿਵਸ ਤਹਿਂ ਰਹਿ ਜਗਤੇਸ਼ਾ। ਹਰਿ ਕੀਰਤਿ ਕੋ ਦਿਯ ਉਪਦੇਸ਼ਾ ॥੪੭॥

ਸਤਿਸੰਗਤ ਵਿਚ ਤੁਹਾਡੀ ਪ੍ਰੀਤ ਕਾਰਨ ਤੁਸੀਂ ਅੰਤ ਸਮੇਂ ਸੌਖੀ ਮੁਕਤੀ ਪ੍ਰਾਪਤ ਕਰੋਗੇ।" ਜਗਤ ਦੇ ਈਸ਼ਵਰ ਓਥੇ ਕਾਫੀ ਦਿਨ ਠਹਿਰੇ ਅਤੇ ਹਰੀ ਕੀਰਤੀ ਦਾ ਉਪਦੇਸ਼ ਦਿੰਦੇ ਰਹੇ॥ ੪੭॥

ਅਪਰ ਥਾਨ ਕਿਯ ਗਮਨ ਗੁਸਾਈਂ। ਹਰਵਰੁਖ ਖੰਡ ਹੁਤੋ ਜਿਹ ਥਾਈਂ।
ਨਿਕਟ ਨਗਰ ਕੇ ਬੈਠ ਜਬ ਹੀ। ਤਹਿਂ ਕੋ ਭੂਪਤ ਆਯੋ ਤਬ ਹੀ ॥ ੪੮॥

ਫਿਰ ਗੁਰੂ ਜੀ ਦੂਸਰੇ ਥਾਂ ਚਲੇ ਗਏ, ਹਰਵਰਖ ਖੰਡ ਜਿਸ ਥਾਂ ਵੱਸਦਾ ਸੀ। ਜਦ ਨਗਰ ਦੇ ਨੇੜੇ ਬਾਹਰਵਾਰ ਬੈਠ ਗਏ, ਉਸ ਨਗਰ ਦਾ ਰਾਜਾ ਉਨ੍ਹਾਂ ਪਾਸ ਆਇਆ॥ ੪੮॥

ਹਾਥ ਬੰਦਿ ਬਹੁ ਬਿਨਤੀ ਕਰਿਕੈ। ਰਹਯੋ ਚਰਨ ਪਰ ਨਿਜ ਸਿਰ ਧਰਿਕੈ।
ਹੈ ਅਧੀਨ ਜਬ ਰਹਯੋ ਅਗਾਰੀ। ਤਬ ਇਉਂ ਸ੍ਰੀ ਗੁਰ ਗਿਰਾ ਉਚਾਰੀ ॥੪੯॥

ਹੱਥ ਜੋੜ ਕੇ ਬੇਨਤੀ ਕਰਕੇ, ਚਰਨਾਂ ਉਤੇ ਮੱਥਾ ਟੇਕ ਕੇ ਬੈਠ ਗਿਆ। ਜਦ ਅਧੀਨ ਹੋ ਕੇ ਅੱਗੇ ਬੈਠਾ ਰਿਹਾ ਤਾਂ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤੇ॥ ੪੯॥

'ਜੋਇ ਪਦਾਰਥ ਮਨ ਅਭਿਲਾਖਹੁ। ਸੋ ਲੀਜੈ ਨਿਜ ਮੁਖ ਤੇ ਭਾਖਹੁ।
ਸਤਿਗੁਰ ਕੀ ਸਿੱਖੀ ਉਰ ਧਾਰਹੁ। ਜਨਮ ਮਰਨ ਕੇ ਬੰਧ ਨਿਵਾਰਹੁ' ॥੫੦॥

'ਜਿਸ ਪਦਾਰਥ ਦੀ ਤੁਹਾਡੇ ਮਨ ਵਿਚ ਅਭਿਲਾਸ਼ਾ ਹੈ, ਉਹ ਆਪਣੇ ਮੁੱਖ ਤੋਂ ਕਹਿ ਕੇ ਪ੍ਰਾਪਤ ਕਰ ਲਵੋ। ਸਤਿਗੁਰੂ ਦੀ ਸਿੱਖੀ ਹਿਰਦੇ ਵਿਚ ਧਾਰਨ ਕਰੋ ਤੇ ਜਨਮ ਮਰਨ ਦੇ ਬੰਧਨਾਂ ਤੋਂ ਛੁਟਕਾਰਾ ਪਾਉ' ॥ ੫੦॥

ਸੁਨਿ ਬਾਨੀ ਅਪਨੇ ਅਨੁਕੂਲਾ। ਕਹੈ ਭੂਪ 'ਤੁਮ ਮੰਗਲ ਮੂਲਾ।
ਸੁਨਹੁ ਸੰਤ ਜੀ ਸਭਿ ਸੁਖਦਾਈ। ਹਿਤ ਸੰਤਤਿ ਬਹੁ ਕਿਯੇ ਉਪਾਈ ॥੫੧॥

ਆਪਣੀ ਮਰਜ਼ੀ ਦੇ ਬਚਨ ਸੁਣ ਕੇ, ਰਾਜਾ ਕਹਿਣ ਲੱਗਾ, "ਤੁਸੀਂ ਉਸਤਤੀ ਦਾ ਮੂਲ ਹੋ। ਹੇ ਸੰਤ ਜੀ ਸੁਣੋ, ਸਭ ਸੁੱਖ ਪ੍ਰਾਪਤ ਹਨ ਪਰ ਸੰਤਾਨ ਦੀ ਪ੍ਰਾਪਤੀ ਵਾਸਤੇ ਬਹੁਤ ਉਪਾਅ ਕੀਤੇ ਹਨ॥ ੫੧॥

ਕਿਸ ਪ੍ਰਕਾਰ ਅਭਿਲਾਖ ਨ ਪੂਰੀ। ਕਰਿ ਉਪਚਾਰ ਰਹੀ ਪੁਨ ਊਰੀ।
ਜੇ ਅਬ ਤੁਮ ਸੰਤਤਿ ਦਿਹੁ ਮੋਹੀ। ਲਿਉਂ ਰਾਵਰਿ ਉਪਦੇਸ਼ ਜੁ ਹੋਹੀ' ॥੫੨॥

ਕਿਸੇ ਢੰਗ ਨਾਲ ਵੀ ਮੇਰੀ ਅਭਿਲਾਸ਼ਾ ਪੂਰੀ ਨਹੀ ਹੋਈ, ਬਹੁਤ ਉਪਾਅ ਕੀਤੇ ਹਨ, ਪਰ ਫਿਰ ਵੀ ਮੇਰੀ ਕਾਮਨਾ ਪੂਰੀ ਨਹੀਂ ਹੋਈ। ਜੇ ਤੁਸੀਂ ਹੁਣ ਮੈਨੂੰ ਸੰਤਾਨ ਦੀ ਬਖਸ਼ਿਸ਼ ਕਰੋਗੇ ਤਾਂ ਮੈਂ ਤੁਹਾਡਾ ਜੋ ਵੀ ਉਪਦੇਸ਼ ਹੈ ਲੈ ਲਵਾਂਗਾ' ॥ ੫੨॥

ਐਸੇ ਬਿਨਤੀ ਸੁਨਿ ਜਗਨਾਥਾ। ਦਏ ਲੌਂਗ ਦ੍ਵੈ ਤਾਂਕੇ ਹਾਥਾ।
ਏਕ ਲਾਇਚੀ ਦੇ ਤਿਹ ਪਾਨੇ। ਕਹਯੋ 'ਦੇਹੁ ਰਾਨੀ ਕੋ ਖਾਨੇ ॥੫੩॥

ਜਗਤ ਦੇ ਨਾਥ ਨੇ ਉਸ ਦੀ ਅਜਿਹੀ ਬੇਨਤੀ ਸੁਣ ਕੇ ਉਸ ਦੇ ਹੱਥ ਵਿਚ ਦੋ ਲੌਂਗ ਫੜਾਏ। ਇਕ ਇਲਾਇਚੀ ਉਸ ਦੇ ਹੱਥ ਵਿਚ ਦਿੱਤੀ ਅਤੇ ਕਿਹਾ, "ਇਹ ਰਾਣੀ ਨੂੰ ਖਾਣ ਵਾਸਤੇ ਦੇਵੋ॥ ੫੩॥

ਹ੍ਵੈ ਹੈ ਸੰਤਤਿ ਸਦਨ ਤੁਮਾਰੇ। ਸੌਤਿਨਾਮ ਜਪ ਸੰਝ ਸਕਾਰੇ।
ਸਤਿਸੰਗਤਿ ਮਹਿਂ ਕੀਰਤਿ ਸੁਨੀਏ। ਬਿਸ਼ੈ ਬਾਸ਼ਨਾ ਮਨ ਤੇ ਹਨੀਏ' ॥੫੪॥

ਤੁਹਾਡੇ ਘਰ ਵਿਚ ਸੰਤਾਨ ਪੈਦਾ ਹੋਵੇਗੀ। ਸ਼ਾਮ ਸਵੇਰੇ ਸਤਿਨਾਮ ਦਾ ਜਾਪ ਕਰੋ। ਸਤਿਸੰਗਤ ਵਿਚ ਪ੍ਰਭੂ ਕੀਰਤੀ ਸੁਣੋ ਅਤੇ ਵਿਸ਼ੇ ਵਾਸ਼ਨਾਵਾਂ ਦਾ ਨਾਸ਼ ਕਰੋ' ॥ ੫੪॥

ਕਿਤਿਕ ਦਿਵਸ ਤਹਿਂ ਰਾਖਜੋ ਡੇਰਾ। ਸਿੱਖੀ ਮਗ ਪ੍ਰਗਟਾਇ ਘਨੇਰਾ।
ਤਿਨ ਤੇ ਹ੍ਵੈ ਕਰਿ ਬਿਦਾ ਬਹੋਰੰ। ਗੇਰੇ ਕੁਰਖੰਡ ਹੁਤੇ ਜਿਹ ਠੋਰੰ॥ ੫੫॥

ਓਥੇ ਕਾਫੀ ਦਿਨ ਗੁਰੂ ਜੀ ਨੇ ਡੇਰਾ ਜਮਾਇਆ ਅਤੇ ਸਿੱਖੀ ਮਾਰਗ ਨੂੰ ਬਹੁਤ ਪ੍ਰਗਟ ਕੀਤਾ। ਉਨ੍ਹਾਂ ਪਾਸੋਂ ਫਿਰ ਵਿਦਾ ਲੈ ਕੇ, ਓਥੇ ਚਲੇ ਗਏ ਜਿਸ ਥਾਂ ਕੁਰਖੰਡ ਵੱਸਦਾ ਸੀ॥ ੫੫॥

ਜੈਸਾ ਤਿਨ ਲੋਕਨ ਬਿਵਹਾਰੰ। ਸੁਨਿ ਸ੍ਰੀ ਅੰਗਦ ਪਰਮ ਉਦਾਰੰ।
ਜਿਹ ਛਿਨ ਤਿਨਕੇ ਸੁਤ ਉਪਜਾਈ। ਰੋਦਨ ਸਦਨ ਕਰੇਂ ਤਿਹ ਆਈ॥੫੬॥

ਉਨ੍ਹਾਂ ਲੋਕਾਂ ਦਾ ਜਿਸ ਤਰ੍ਹਾਂ ਵਿਵਹਾਰ ਸੀ, ਹੇ ਗੁਰੂ ਅੰਗਦ ਦੇਵ ਜੀ, ਪਰਮ ਦਿਆਲੂ, ਸੁਣੋ। ਜਿਸ ਵੇਲੇ ਉਨ੍ਹਾਂ ਲੋਕਾਂ ਦੇ ਘਰ ਵਿਚ ਪੁੱਤਰ ਜੰਮਦਾ ਸੀ ਤਾਂ ਓਸੇ ਵੇਲੇ ਉਨ੍ਹਾਂ ਦੇ ਘਰਾਂ ਵਿਚ ਰੋਣਾ ਧੋਣਾ ਆਰੰਭ ਹੋ ਜਾਂਦਾ ਸੀ॥ ੫੬॥

ਜਬ ਕੋ ਮਨੁਜ ਮ੍ਰਿਤਕ ਹ੍ਵੈ ਜਾਵੈ। ਹਾਸ ਬਿਲਾਸ ਕਰਤਿ ਮਨ ਭਾਵੈ।
ਤਹਾਂ ਨਗਰ ਕੇ ਜਾਇ ਸਮੀਪਾ। ਬੈਠਿ ਗਏ ਬੇਦੀ ਕੁਲ ਦੀਪਾ॥ ੫੭॥

ਜਦ ਮਨੁੱਖ ਦੀ ਮੌਤ ਹੋ ਜਾਂਦੀ ਸੀ ਤਾਂ ਮਨਮਰਜ਼ੀ ਦਾ ਹਾਸ ਵਿਲਾਸ ਕਰਦੇ ਸਨ। ਉਸ ਨਗਰ ਦੇ ਨੇੜੇ ਜਾ ਕੇ ਗੁਰੂ ਜੀ ਬੈਠ ਗਏ॥ ੫੭॥

ਮਰਦਾਨਾ ਸੁਨਿਕੈ ਤਿਨ ਗਾਥਾ। ਬੂਝਨ ਲਗਾ ਪ੍ਰਭੂ ਕੇ ਸਾਥਾ।
'ਬਡੇ ਕੌਤਕੀ ਨਰ ਇਹ ਥਾਈਂ। ਦ੍ਵੈ ਬਾਤੈਂ ਬਿਪਰੀਤ ਕਰਾਈਂ'॥ ੫੮॥

ਮਰਦਾਨਾ ਉਨ੍ਹਾਂ ਲੋਕਾਂ ਦੀ ਗਾਥਾ ਸੁਣ ਕੇ ਗੁਰੂ ਜੀ ਨੂੰ ਪੁਛਣ ਲੱਗਾ, "ਇਸ ਥਾਂ ਦੇ ਲੋਕ ਬੜੇ ਕੌਤਕੀ ਹਨ, ਦੋਵੇਂ ਗੱਲਾਂ ਉਲਟ ਕਰਦੇ ਹਨ"॥ ੫੮॥

ਸ੍ਰੀ ਗੁਰ ਕਹੈਂ 'ਸੁਨੋ ਮਰਦਾਨਾ। ਇਨ ਕੇ ਰਿਦੈ ਅਧਿਕ ਅਗਜਾਨਾ।
ਵਾਹਿਗੁਰੂ ਜਬ ਜਗਤ ਪਠਾਵਤਿ। ਤਬ ਏ ਰੁਦਨ ਕਰਤਿ ਦੁਖ ਪਾਵਤਿ॥੫੯॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ! ਸੁਣੋ, ਇਨ੍ਹਾਂ ਦੇ ਹਿਰਦਿਆਂ ਵਿਚ ਬਹੁਤ ਅਗਿਆਨਤਾ ਭਰੀ ਹੈ। ਜਦ ਵਾਹਿਗੁਰੂ ਮਨੁੱਖ ਨੂੰ ਜਗਤ ਤੇ ਭੇਜਦੇ ਹਨ ਤਦ ਇਹ ਰੋਂਦੇ ਹਨ ਅਤੇ ਦੁੱਖ ਪਾਉਂਦੇ ਹਨ॥ ੫੯॥

ਹੁਕਮ ਕਰਤਿ ਜਬ ਬੋਲ ਪਠਾਵਤਿ। ਤਬ ਮਿਲਿ ਕਰਿ ਉਰ ਮਹਿਂ ਹਰਿਖਾਵਤਿ।
ਅਗਜਾਨ ਸਹਿਤ ਇਨਕੇ ਵਿਵਹਾਰ। ਸੁਨੀਏ ਗਜਾਨੀ ਕੇਰ ਅਚਾਰ॥੬੦॥

ਪ੍ਰਭੂ ਆਪਣੇ ਹੁਕਮ ਨਾਲ ਜਦ ਮਨੁੱਖ ਨੂੰ ਵਾਪਸ ਬੁਲਾ ਲੈਂਦੇ ਹਨ, ਤਦ ਇਹ ਮਿਲ ਕੇ ਬਹੁਤ ਖ਼ੁਸ਼ੀਆਂ ਮਨਾਉਂਦੇ ਹਨ। ਅਗਿਆਨਤਾ ਭਰਪੂਰ ਇਨ੍ਹਾਂ ਦਾ ਵਿਵਹਾਰ ਹੈ। ਗਿਆਨਵਾਨ ਸੁਣ ਕੇ ਹੈਰਾਨ ਹੁੰਦੇ ਹਨ॥ ੬੦॥

ਭੇਜੇ ਤੇ ਉਰ ਮਹਿ ਹਰਖਾਵਤਿ। ਬੋਲ ਪਠੇ ਤੇ ਮਨ ਸੁਖ ਪਾਵਤਿ।
ਸਿਮਰਨ ਕਰਤਿ ਦੁਊ ਬਿਧਿ ਮਾਂਹੀ। ਹੁਕਮ ਮਾਨਿ ਮਨਮਤਿ ਨ ਕਰਾਹੀ'॥੬੧॥

ਪ੍ਰਭੂ ਜਦ ਮਨੁੱਖ ਨੂੰ ਦੁਨੀਆਂ ਤੇ ਭੇਜਦਾ ਹੈ ਤਾਂ ਮਨ ਵਿਚ ਦੁਖੀ ਹੁੰਦੇ ਹਨ, ਪਰ ਜੇ ਬੋਲ ਕੇ ਵਾਪਸ ਬੁਲਾ ਲੈਂਦਾ ਹੈ ਤਾਂ ਸੁਖ ਪ੍ਰਾਪਤ ਕਰਦੇ ਹਨ। ਦੋਹਾਂ ਵਿਧੀਆਂ ਰਾਹੀਂ ਸਿਮਰਨ ਕਰਦੇ ਹਨ, ਹੁਕਮ ਮੰਨ ਕੇ ਕੋਈ ਮਨਮਤ ਨਹੀਂ ਕਰਦੇ"॥ ੬੧॥

ਇਸ ਪ੍ਰਕਾਰ ਮਰਦਾਨੇ ਸਾਥਾ। ਭਨਤਿ ਹੁਤੇ ਤਿਂਹ ਛਿਨ ਜਗਨਾਥਾ।
ਬਹੁਤ ਲੋਕ ਮਿਲਿ ਕਰਿ ਤਬਿ ਆਏ। ਬੈਸੇ ਪਾਸ ਆਨਿ ਤਿਹ ਥਾਏਂ॥੬੨॥

ਇਸ ਤਰ੍ਹਾਂ ਮਰਦਾਨੇ ਨਾਲ ਜਦ ਗੁਰੂ ਜੀ ਗੱਲਾਂ ਕਰ ਰਹੇ ਸਨ ਤਦ ਬਹੁਤ ਲੋਕ ਮਿਲ ਕੇ ਓਥੇ ਆਏ। ਉਹ ਆ ਕੇ ਗੁਰੂ ਜੀ ਪਾਸ ਬੈਠ ਗਏ॥ ੬੨ ॥

ਤਿਨ ਸੋਂ ਬੂਝਤਿ ਭਾ ਮਰਦਾਨਾ। 'ਕਰਹੁ ਅਪਨ ਬਿਰਤੰਤ ਬਖਾਨਾ।
ਮਰਤਿ ਹਸਤਿ, ਜਨਮੇ ਤੇ ਰੋਇ। ਜਾਨਾ ਤੁਮੇ ਗਯਾਨ ਹੈ ਕੋਇ?' ॥੬੩ ॥

ਉਨ੍ਹਾਂ ਨੂੰ ਮਰਦਾਨਾ ਪੁੱਛਣ ਲੱਗਾ, "ਆਪਣਾ ਬਿਰਤਾਂਤ ਬਿਆਨ ਕਰੋ। ਮਰਨ ਤੇ ਹੱਸਦੇ ਹੋ ਅਤੇ ਜਨਮ ਹੋਣ ਤੇ ਰੋਂਦੇ ਹੋ, ਕੀ ਤੁਸੀਂ ਕੋਈ ਗਿਆਨ ਜਾਣਿਆ ਹੈ?" ॥ ੬੩ ॥

ਬੋਲੇ ਤਿਨ ਮਹਿੰ ਹੁਤੇ ਜੁ ਸਜਾਨੇ। 'ਇਸ ਬਿਧਿ ਗਯਾਨ ਰਿਦੈ ਹਮ ਜਾਨੇਂ।
ਈਸ੍ਵਰ ਤੇ ਬਿਛੁਰੈ ਜਬ ਜਨਮੈ। ਮਰੇ ਮਿਲਤਿ ਈਸ੍ਵਰ ਕੇ ਤਨ ਮੈਂ ॥੬੪ ॥

ਉਨ੍ਹਾਂ ਮਨੁੱਖਾਂ ਵਿਚ ਜਿਹੜਾ ਸਿਆਣਾ ਮਨੁੱਖ ਸੀ ਉਹ ਬੋਲਿਆ, "ਇਸ ਵਿਧੀ ਅਨੁਸਾਰ ਅਸੀਂ ਆਪਣੇ ਹਿਰਦੇ ਵਿਚ ਗਿਆਨ ਜਾਣਦੇ ਹਾਂ। ਜਦ ਈਸ਼ਵਰ ਤੋਂ ਵਿਛੜ ਜਾਂਦੇ ਹਨ ਤਾਂ ਜਨਮ ਲੈਂਦੇ ਹਾਂ। ਜਦ ਮਰ ਜਾਂਦੇ ਹਾਂ ਤਾਂ ਫਿਰ ਪ੍ਰਭੂ ਨੂੰ ਮਿਲ ਪੈਂਦੇ ਹਾਂ॥ ੬੪ ॥

ਜਨਮੈ ਤੇ ਜਗ ਪਾਵਹਿ ਦੁਖ ਕੋ। ਮਰੇ ਮਿਲੈ ਈਸ੍ਵਰ, ਲਹਿ ਸੁਖ ਕੋ।
ਰੋਵੈਂ ਹਸੈਂ ਇਹੀ ਗਤਿ ਜਾਨੈ।' ਸੁਨਿ ਸ੍ਰੀ ਨਾਨਕ ਬੈਨ ਬਖਾਨੈ ॥ ੬੫ ॥

ਜਨਮ ਲੈ ਕੇ ਜਗਤ ਵਿਚ ਦੁੱਖ ਪਾਉਂਦੇ ਹਾਂ, ਮਰ ਕੇ ਈਸ਼ਵਰ ਨੂੰ ਮਿਲ ਕੇ ਸੁਖ ਪ੍ਰਾਪਤ ਕਰਦੇ ਹਾਂ। ਰੋਣ ਹੱਸਣ ਦੀ ਹਾਲਤ ਦਾ ਇਹ ਕਾਰਨ ਜਾਣਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ॥ ੬੫ ॥

ਦੋਹਰਾ- 'ਪਰਮੇਸ਼ੁਰ ਕੋ ਮਿਲਿਨਿ ਜੋ ਮਹਾਂ ਬਿਖਮ ਪਹਿਚਾਨ।
ਬਿਨ ਸਤਿਸੰਗਤਿ ਭਗਤਿ ਤੇ ਜਾਨ ਉਪਾਵ ਨ ਆਨ॥ ੬੬ ॥

"ਪਰਮੇਸ਼ਰ ਨੂੰ ਕੌਣ ਮਿਲਦਾ ਹੈ, ਇਹ ਪਹਿਚਾਣ ਕਰਨੀ ਬਹੁਤ ਮੁਸ਼ਕਿਲ ਹੈ। ਬਿਨਾਂ ਸਤਿਸੰਗਤ ਅਤੇ ਭਗਤੀ ਦੇ ਪ੍ਰਭੂ ਪਾਸ ਜਾਣ ਦਾ ਹੋਰ ਕੋਈ ਉਪਾਅ ਨਹੀਂ ਹੈ॥ ੬੬ ॥

ਚੌਪਈ- ਪ੍ਰੇਮ ਭਗਤਿ ਕਰਿ ਕੀਰਤਿ ਗਾਵਨ। ਅਜਪਾ ਜਾਪ ਨਾਮ ਲਿਵ ਲਾਵਨ।
ਬਿਛੁਰਨ ਮਿਲਿਨਿ ਅਪਰ ਕੋ ਨਾਂਹੀ। ਸਰਬ ਬਾਤ ਇਸ ਤਨ ਕੇ ਮਾਂਹੀ ॥੬੭ ॥

ਪ੍ਰੇਮ ਭਗਤੀ ਕਰ ਕੇ ਕੀਰਤੀ ਗਾਉਣਾ, ਅਜਪਾ ਜਾਪ ਜਪ ਕੇ ਨਾਮ ਨਾਲ ਲਿਵ ਲਾਉਣਾ, ਵਿਛੜਨਾ, ਮਿਲਣਾ ਹੋਰ ਕੁਝ ਨਹੀਂ ਹੈ। ਸਭ ਗੱਲਾਂ ਇਸ ਸਰੀਰ ਵਿਚ ਹਨ॥ ੬੭ ॥

ਜਬ ਸਤਿਸੰਗਤਿ ਭਯੋ ਨਿਵਾਸਾ। ਮਨ ਰੋਕਨ ਕੀਨੋ ਅਭਿਆਸਾ।
ਨਾਸ ਬਾਸ਼ਨਾ ਤਬ ਹੀ ਭਈ। ਦ੍ਵੈਤ ਸਰਬ ਉਰ ਤੇ ਮਿਟਿ ਗਈ ॥ ੬੮ ॥

ਜਦ ਸਤਿਸੰਗਤ ਵਿਚ ਨਿਵਾਸ ਹੁੰਦਾ ਹੈ ਤਦ ਮਨ ਨੂੰ ਰੋਕਣ ਦਾ ਅਭਿਆਸ ਕਰਦੇ ਹਨ। ਸਾਰੀਆਂ ਵਾਸ਼ਨਾਵਾਂ ਦਾ ਤਦ ਨਾਸ ਹੋ ਜਾਂਦਾ ਹੈ ਅਤੇ ਹਿਰਦੇ ਵਿਚ ਸਾਰੇ ਦੋਖ ਦ੍ਵੈਤ ਮਿਟ ਜਾਂਦੇ ਹਨ॥ ੬੮ ॥

ਪੂਰਨ ਲਖਯੋ ਪ੍ਰਮਾਤਮ ਸਾਰੇ। ਮਿਥ੍ਯਾ ਸਰਬ ਪ੍ਰਪੰਚ ਪਸਾਰੇ।
ਜਬੈ ਆਤਮਾ ਅਸ ਭ੍ਰਮ ਭੰਨਾ। ਭਾ ਪ੍ਰਮਾਤਮਾ ਸੁੱਧ ਚਿਤੰਨਾ॥ ੬੯ ॥

ਸਾਰੇ ਪੂਰਨ ਪਰਮਾਤਮਾ ਨੂੰ ਵੇਖਦੇ ਹਨ ਅਤੇ ਸਾਰੇ ਪਰਪੰਚ ਪਸਾਰੇ ਨੂੰ ਝੂਠ ਮੰਨਦੇ ਹਨ। ਜਦ ਆਤਮਾ ਦੇ ਇਹ ਸਾਰੇ ਭ੍ਰਮ ਟੁੱਟ ਜਾਂਦੇ ਹਨ ਤਾਂ ਪਰਮਾਤਮਾ ਦਾ ਸ਼ੁੱਧ ਚਿੰਤਨ ਹੋ ਜਾਂਦਾ ਹੈ॥ ੬੯ ॥

ਜਬ ਅਨਾਤਮਾ ਦੇਹਿ ਪਛਾਨੀ। ਗੇ ਸੰਕਲਪ ਬਿਕਲਪ ਬਿਹਾਨੀ।
ਤੋ ਮਿਲਿਬੋ ਈਸ੍ਵਰ ਕੋ ਹੋਇ। ਨਾਤੁਰ ਬਿਛੁਰ ਰਹਜੋ ਸਭਿ ਕੋਇ॥ ੭੦॥

ਜਦ ਅਨਾਤਮਾ ਦੇਹ ਪਛਾਣ ਲਈ ਤਾਂ ਸਾਰੇ ਸੰਕਲਪ ਅਤੇ ਬਿਕਲਪ ਨਾਸ਼ ਹੋ ਗਏ, ਤਦ ਈਸ਼ਵਰ ਨਾਲ ਮੇਲ ਹੋ ਜਾਂਦਾ ਹੈ, ਨਹੀਂ ਤਾਂ ਸਾਰੇ ਵਿਛੜੇ ਰਹਿ ਜਾਂਦੇ ਹਨ॥ ੭੦॥

ਗਜਾਨ ਪਰਾਪਤਿ ਜਿਨ ਮਨ ਮਾਂਹੀ। ਬਿਛੁਰਨ ਮਿਲਨ ਸੁ ਜਾਨਤਿ ਨਾਂਹੀ॥
ਪਰਮਾਤਮ ਪੂਰਨ ਹੈ ਸਾਰੇ। ਬਿਛੁਰੈ ਤੋ, ਕਤ ਨਾਂਹਿ ਨਿਰਾਰੇ॥ ੭੧॥

ਜਿਨ੍ਹਾਂ ਦੇ ਮਨ ਵਿਚ ਗਿਆਨ ਦੀ ਪ੍ਰਾਪਤੀ ਹੈ, ਉਹ ਵਿਛੜਣਾ, ਮਿਲਣਾ ਜਾਣਦੇ ਹੀ ਨਹੀ। ਪਰਮਾਤਮਾ ਸਭ ਥਾਈਂ ਪੂਰਨ ਹੈ। ਜੇ ਕਦੀ ਪਰਮਾਤਮਾ ਤੋਂ ਅਲੱਗ ਹੀ ਨਹੀਂ ਹੁੰਦੇ, ਫਿਰ ਵਿਛੋੜਾ ਕਾਹਦਾ?॥ ੭੧॥

ਜੇ ਬਿਛੁਰੇ ਤੋ ਮਿਲਨਾ ਹੋਇ। ਨਾਤੁਰ ਮਿਥਿਆ ਕਹਿਨੇ ਦੋਇ।
ਬਜਾਪਕ ਦੀਸਹਿ ਜਜੋਂ ਆਕਾਸ਼ਾ। ਘਟ ਉਪਾਧਿ ਵਤ ਮਾਯਾ ਭਾਸਾ॥੭੨॥

ਜੇ ਵਿਛੜਣ ਤਦ ਹੀ ਮਿਲਾਪ ਹੁੰਦਾ ਹੈ. ਨਹੀ ਤਾਂ ਦੋਵੇਂ ਝੂਠ ਕਹਿੰਦੇ ਹਨ। ਜਿਵੇਂ ਅਕਾਸ਼ ਸਰਬ ਵਿਆਪਕ ਦਿੱਸਦਾ ਹੈ। ਘੜੇ ਦੀ ਉਪਾਧੀ ਵਾਂਗ ਭਾਵ ਮਾਇਆ ਕਰਕੇ ਜੀਵ ਭਾਸ ਰਹੇ ਹਨ, ਜਿਵੇਂ ਅਕਾਸ਼ ਤਾਂ ਇਕ ਹੈ ਪਰ ਘੜੇ ਦੀ ਉਪਾਧੀ ਕਰਕੇ ਘੜੇ ਅੰਦਰਲਾ ਅਕਾਸ਼ ਵੱਖਰਾ ਭਾਸਦਾ ਹੈ॥ ੭੨॥

ਦੋਹਰਾ- ਘਟਿ ਫੂਟੈ ਆਕਾਸ਼ ਸਭਿ ਤਿਉਂ ਮਾਯਾ ਹ੍ਵੈ ਹਾਨਿ।
ਰੋਵਨ ਹਸਨ ਤੁਮਾਰ ਜੋ ਸਰਬ ਅਕਾਰਥ ਜਾਨਿ॥੭੩॥

ਜਦ ਘੜਾ ਫਟ ਜਾਂਦਾ ਹੈ, ਸਾਰਾ ਆਕਾਸ਼ ਫਿਰ ਮਾਇਆ ਹੋ ਕੇ ਹਾਨੀਕਾਰਕ ਹੋ ਜਾਂਦਾ ਹੈ। ਤੁਹਾਡਾ ਹੱਸਣਾ ਰੋਣਾ ਫਿਰ ਅਕਾਰਥ ਜਾਂਦਾ ਹੈ॥ ੭੩॥

ਚੌਪਈ- ਹੈਂ ਅਧੀਨ ਬਾਸ਼ਨਾ ਨਰ ਸਭਿ। ਯਾਂ ਤੇ ਜਨਮ ਧਰਤਿ ਪੁਨ ਪੁਨ ਤਬ।
ਜਨਮ ਮਰਨ ਬਹੁਤੋ ਦੁਖ ਪਾਵੈਂ। ਬਾਰ ਬਾਰ ਆਵੈਂ ਜਗ ਜਾਵੈਂ॥੭੪॥

ਸਾਰੇ ਮਨੁੱਖ ਮਾਇਆ ਅਧੀਨ ਹਨ, ਇਸ ਕਰਕੇ ਧਰਤੀ ਤੇ ਬਾਰ-ਬਾਰ ਜਨਮ ਧਾਰਨ ਕਰਦੇ ਹਨ। ਮਰਨ ਜਨਮ ਦਾ ਬਹੁਤ ਦੁੱਖ ਪਾਉਂਦੇ ਹਨ, ਬਾਰ-ਬਾਰ ਜੱਗ ਵਿਚ ਆਉਂਦੇ ਜਾਂਦੇ ਹਨ"॥ ੭੪॥

ਗੁਰ ਕੇ ਵਾਕ ਸੁਨੇ ਅਸ ਜਬ ਹੀ। ਰਿਦੈ ਬਿਚਾਰ ਕਿਯੋ ਨਰ ਸਭਿ ਹੀ।
ਸੌਤਿ ਬਚਨ ਇਨ ਸੰਤ ਬਖਾਨੇ। ਮਤ ਹਮਾਰ ਮਿਥਿਆ ਪਹਿਚਾਨੇ॥੭੫॥

ਜਦ ਉਨ੍ਹਾਂ ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਹਿਰਦੇ ਵਿਚ ਸਭ ਲੋਕਾਂ ਨੇ ਵਿਚਾਰ ਕੀਤੀ ਕਿ ਇਸ ਸੰਤ ਜੀ ਨੇ ਸੱਚੇ ਬਚਨ ਕਹੇ ਹਨ। ਸਾਡੇ ਮਤ ਨੂੰ ਉਨ੍ਹਾਂ ਝੂਠਾ ਸਮਝਿਆ ਹੈ॥ ੭੫॥

ਬਿਨ ਸੰਦੇਹ ਭਏ ਜਬ ਸੁਨਿਕੈ। ਬੰਦਨ ਕਰਤਿ ਭਏ ਗੁਰ ਗੁਨਿਕੈ।
ਬਿਨੈ ਕਰਤਿ ਭੇ ਬਾਰੰਬਾਰੀ। 'ਹਮਰੀ ਗਤਿ ਕੀਜੈ ਗਤਿਕਾਰੀ॥ ੭੬॥

ਜਦ ਇਹ ਬਚਨ ਸੁਣ ਕੇ ਸੰਦੇਹ-ਰਹਿਤ ਹੋ ਗਏ ਤਾਂ ਗੁਰੂ ਜੀ ਨੂੰ ਗੁਣਵਾਨ ਸਮਝ ਕੇ ਨਮਸਕਾਰ ਕਰਨ ਲੱਗੇ। ਬਾਰ-ਬਾਰ ਬੇਨਤੀਆਂ ਕਰਦੇ ਹਨ, "ਹੇ ਮੁਕਤੀਦਾਤੇ ਸਾਨੂੰ ਵੀ ਮੁਕਤੀ ਬਖਸ਼ੋ॥ ੭੬॥

ਨਿਜ ਉਪਦੇਸ਼ ਦੀਜੀਏ ਹਮਕੋ। ਸ਼ਰਨ ਪਰੇ ਕੀ ਲੱਜਜਾ ਤੁਮਕੋ'।
ਸੁਨਿ ਅਧੀਨਤਾ ਤਿਨ ਜਗਤੇਸ਼ਾ। ਦੇਤਿ ਭਏ ਆਪਨ ਉਪਦੇਸ਼ਾ॥ ੭੭॥

ਸਾਨੂੰ ਆਪਣਾ ਉਪਦੇਸ਼ ਦੇਵੋ, ਸ਼ਰਨ ਪਿਆਂ ਦੀ ਹੁਣ ਲਾਜ ਰਖੋ।'' ਜਗਤ ਦੇ ਈਸ਼ਵਰ ਉਨ੍ਹਾਂ ਦੀ ਅਧੀਨਤਾ ਵੇਖ ਕੇ ਆਪਣਾ ਉਪਦੇਸ਼ ਦੇਣ ਲੱਗੇ॥ ੭੭॥

'ਸੱਤਿਨਾਮ ਸਿਮਰਹੁ ਲਿਵ ਲਾਵਹੁ। ਤਿਹ ਤੇ ਸਗਰੀ ਇੱਛ ਪੁਜਾਵਹੁ।
ਹੁਕਮ ਸੱਤਿ ਮਾਨਹੁ ਕਰਤਾਰਾ। ਮਰਨ ਜਿਯਨ ਜਾਨਹੁ ਇਕਸਾਰਾ॥ ੭੮॥

ਗੁਰੂ ਜੀ ਨੇ ਕਿਹਾ, ''ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ। ਸਿਮਰਨ ਕਰਨ ਨਾਲ ਹੀ ਸਾਰੀਆਂ ਇਛਾਵਾਂ ਪੂਰਨ ਹੁੰਦੀਆਂ ਹਨ। ਕਰਤਾਰ ਦਾ ਹੁਕਮ ਸੱਚਾ ਮੰਨੋ, ਮਰਨ ਜਨਮ ਇਕਸਾਰ ਜਾਣੋ॥ ੭੮॥

ਹਰਖ ਸ਼ੋਕ ਤੇ ਮਨ ਥਿਰ ਕੀਜੈ। ਬਿਨ ਸੰਸੇ ਤਬ ਮੁਕਤਿ ਹੁਵੀਜੈ॥
ਅਸ ਉਪਦੇਸ਼ ਸੁਨਜੋ ਸਿਖ ਭਏ। ਸ੍ਰੀ ਨਾਨਕ ਮਹਿੰ ਨਿਸ਼ਚਾ ਕਏ॥ ੭੯॥

ਦੁਖ ਸੁਖ ਤੋਂ ਮਨ ਨੂੰ ਸਥਿਰ ਕਰੋ, ਬਿਨਾਂ ਸ਼ਕ ਫਿਰ ਤੁਸੀਂ ਮੁਕਤੀ ਪ੍ਰਾਪਤ ਕਰ ਲਵੋਗੇ।'' ਇਹ ਉਪਦੇਸ਼ ਸੁਣ ਕੇ ਉਹ ਗੁਰੂ ਜੀ ਦੇ ਸਿੱਖ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਉਹ ਨਿਸ਼ਚਾ ਲੈ ਆਏ॥ ੭੯॥

ਸਤਿਸੰਗਤਿ ਹੋਵਨ ਤਹਿੰ ਲਾਗੀ। ਹਰਿ ਕੀਰਤਿ ਗਾਵਹਿੰ ਵਡਭਾਗੀ।
ਸੇਵਾ ਸੰਤਨ ਕੀ ਸਭਿ ਕਰਿਹੀਂ। ਧਰਿ ਸ਼ਰਧਾ ਹਰਿਨਾਮ ਸਿਮਰਿਹੀਂ॥ ੮੦॥

ਓਥੇ ਸਤਿਸੰਗਤ ਹੋਣ ਲੱਗੀ, ਵੱਡੇ ਭਾਗਾਂ ਵਾਲੇ ਹਰੀ ਦੀ ਕੀਰਤੀ ਦਾ ਗਾਇਣ ਕਰਦੇ ਸਨ। ਸਾਰੇ ਸੰਤਾਂ ਦੀ ਸੇਵਾ ਕਰਦੇ ਸਨ। ਸ਼ਰਧਾ ਧਾਰ ਕੇ ਹਰੀ ਦੇ ਨਾਮ ਦਾ ਸਿਮਰਨ ਕਰਦੇ ਸਨ॥ ੮੦॥

ਦੋਹਰਾ- ਕਿਤਿਕ ਦਿਵਸ ਸ੍ਰੀ ਗੁਰ ਰਹੇ ਦੀਨੋ ਧਰਮ ਦ੍ਰਿੜਾਇ।
ਕਰਿ ਸੰਤੋਖ ਸਿੰਘ ਬੰਦਨਾ ਪੂਰਨ ਹੋਯੋ ਧਜਾਇ॥ ੮੧॥

ਕਈ ਦਿਨ ਗੁਰੂ ਜੀ ਓਥੇ ਰਹੇ ਅਤੇ ਉਨ੍ਹਾਂ ਨੂੰ ਨਾਮ ਦ੍ਰਿੜ ਕਰਵਾ ਦਿੱਤਾ। ਕਵੀ ਸੰਤੋਖ ਸਿੰਘ ਵੰਦਨਾ ਕਰਦਾ ਹੈ ਅਤੇ ਅਧਿਆਇ ਪੂਰਨ ਹੋ ਗਿਆ ਹੈ॥ ੮੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਖੰਡਨ ਪ੍ਰਸੰਗ' ਬਰਨਨੰ ਨਾਮ ਦੁਤੀਯੋ ਅਧਯਾਯ॥ ੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਦੂਸਰਾ ਅਧਿਆਇ, ਜਿਸ ਦਾ ਨਾਮ 'ਨਵਖੰਡ ਪ੍ਰਸੰਗ' ਹੈ, ਸਮਾਪਤ ਹੋਇਆ॥ ੨॥

## ਅਧਿਆਇ ਤੀਸਰਾ

ਭਾਰਤਖੰਡ ਪ੍ਰਸੰਗ

ਦੋਹਰਾ- ਸੁਮਤਿ ਸਦਨ ਕੁਮਤਿਹਿ ਕਦਨ, ਇੰਦੁ ਬਦਨ ਜਗ ਮਾਂਹਿ।
ਬੰਦੋਂ ਪਦ ਅਰਬਿੰਦ ਤਿਹ ਕਹੌਂ ਕਥਾ ਸੁਖਦਾਇ॥ ੧॥

ਜੋ ਜਗਤ ਵਿਚ ਸ੍ਰੇਸ਼ਟ ਬੁੱਧੀ ਦਾ ਘਰ, ਖੋਟੀ ਬੁੱਧੀ ਨੂੰ ਦੂਰ ਕਰਨ ਵਾਲੀ, ਚੰਦਰਮਾ ਵਰਗੇ ਸੁੰਦਰ ਮੂੰਹ ਵਾਲੀ ਹੈ, ਉਸ ਦੇ ਚਰਨਾਂ ਕੰਵਲਾਂ ਤੇ ਮੱਥਾ ਟੇਕ ਕੇ ਸੁੱਖ ਦੇਣ ਵਾਲੀ ਕਥਾ ਅੱਗੇ ਹੋਰ ਕਹਿੰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨੀਏ ਸ੍ਰੀ ਅੰਗਦ ਇਤਿਹਾਸਾ। ਬਿਦਾ ਹੋਇ ਗਮਨੇ ਸੁਖਰਾਸਾ।
ਕੇਤ ਮਾਲ ਜਹਿਂ ਖੰਡ ਸੁਹਾਵਾ। ਤਹਾਂ ਪਹੂਚੇ ਦੁਖ ਬਨ ਦਾਵਾ॥ ੨ ॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਗੁਰ ਇਤਿਹਾਸ ਸੁਣੋ। ਸੁਖਾਂ ਦੀ ਰਾਸ ਗੁਰੂ ਨਾਨਕ ਦੇਵ ਜੀ ਉਸ ਨਗਰ ਤੋਂ ਵਿਦਾਇਗੀ ਲੈ ਕੇ ਅੱਗੇ ਚਲੇ ਗਏ। ਦੁਖਾਂ ਦੇ ਜੰਗਲ ਨੂੰ ਦਾਵਾ ਅਗਨੀ ਵਾਂਗ ਸਾੜਨ ਵਾਲੇ ਭਾਵ ਗੁਰੂ ਜੀ ਓਥੇ ਪਹੁੰਚ ਗਏ ਜਿਥੇ ਕੇਤ ਮਾਲ ਖੰਡ ਸ਼ੋਭ ਰਿਹਾ ਸੀ॥ ੨॥

ਭੂਪ ਪ੍ਰਜਾ ਤਹਿਂ ਕੇ ਨਰ ਸਾਰੇ। ਪੂਜਹਿਂ ਸ੍ਰੀ ਚੰਡੀ ਹਿਤ ਧਾਰੇ।
ਮੇਲਾ ਹੁਤੇ ਬਿਸ਼ਾਲ ਸੁ ਤਹਿਂਵਾ। ਭਵਨ ਕਾਲਕਾ ਰਾਜਤਿ ਜਹਿਂਵਾ॥ ੩ ॥

ਉਸ ਖੰਡ ਦਾ ਰਾਜਾ ਪਰਜਾ ਅਤੇ ਸਾਰੇ ਲੋਕ ਬੜੇ ਪਿਆਰ ਨਾਲ ਚੰਡੀ ਦੇਵੀ ਦੀ ਪੂਜਾ ਕਰਦੇ ਸਨ। ਵਿਸ਼ਾਲ ਮੇਲਾ ਲੱਗਾ ਸੀ, ਜਿਥੇ ਕਾਲਕਾ ਮੰਦਰ ਸਥਿਤ ਸੀ॥ ੩॥

ਬੈਸੇ ਸ੍ਰੀ ਗੁਰ ਮਾਰਗ ਮਾਂਹੀ। ਨਰ ਅਨੇਕ ਆਵਹਿਂ ਇਕ ਜਾਂਹੀ।
ਲੇਲੇ ਬਲਿ ਪਸ਼ੁ ਭੇਟ ਚੜ੍ਹਾਵਹਿਂ। ਬਰ ਪਾਵਹਿਂ ਨਿਜ ਸੀਸ ਝੁਕਾਵਹਿਂ॥ ੪ ॥

ਗੁਰੂ ਜੀ ਉਸ ਮੰਦਰ ਦੇ ਰਾਹ ਵਿਚ ਬੈਠ ਗਏ, ਅਨੇਕਾਂ ਮਨੁੱਖ ਆਉਂਦੇ ਜਾਂਦੇ ਸਨ। ਪਸ਼ੂ ਲਿਆ ਲਿਆ ਕੇ ਬਲੀ ਭੇਟ ਚੜ੍ਹਾ ਰਹੇ ਸਨ। ਆਪਣੇ ਸਿਰ ਝੁਕਾ ਕੇ ਵਰ ਪ੍ਰਾਪਤ ਕਰ ਰਹੇ ਸਨ॥ ੪॥

ਜਬਹਿ ਨ੍ਰਿਪਤਿ ਲੇ ਆਯੋ ਟੋਲਾ। ਹਮਹਿਂ ਬਿਲੋਕਤਿ ਮੁਖ ਤੇ ਬੋਲਾ।
'ਅਪਰ ਦੇਸ਼ ਕੇ ਮਨੁਜ ਦਿਸਾਵਹਿਂ। ਇਕ ਗਹਿ ਲੇਵਹਿਂ ਭੇਟ ਚੜ੍ਹਾਵਹਿ' ॥੫॥

ਜਦ ਰਾਜਾ ਇਕ ਟੋਲੀ ਲੈ ਕੇ ਆਇਆ ਤਾਂ ਸਾਨੂੰ ਵੇਖ ਕੇ ਮੁੱਖ ਤੋਂ ਬੋਲਿਆ, "ਇਹ ਤਾਂ ਕਿਸੇ ਹੋਰ ਦੇਸ਼ ਦੇ ਮਨੁੱਖ ਦਿੱਸਦੇ ਹਨ। ਇਕ ਫੜ ਕੇ ਦੇਵੀ ਦੀ ਭੇਟ ਚੜ੍ਹਾ ਦੇਈਏ"॥ ੫॥

ਸੁਨੀਏ ਸ੍ਰੀ ਅੰਗਦ ਕਹਿ ਬਾਲਾ। ਮੁਝ ਕੋ ਗਹਿ ਲੀਨੋ ਤਿਹ ਕਾਲਾ।
ਬਹੁ ਹਰਖਾਇ ਬਜਾਵੈਂ ਢੋਲੂ। ਮੁਝਹਿ ਚਲਾਯੋ ਅੱਗ੍ਰਜ ਟੋਲੂ॥ ੬ ॥

ਭਾਈ ਬਾਲੇ ਨੇ ਕਿਹਾ, ਹੇ ਗੁਰੂ ਅੰਗਦ ਦੇਵ ਜੀ ! ਸੁਣੋ, ਓਸੇ ਵੇਲੇ ਉਸ ਦੇ ਆਦਮੀਆਂ ਨੇ ਮੈਨੂੰ ਫੜ ਲਿਆ, ਬਹੁਤ ਖੁਸ਼ ਹੋ ਕੇ ਢੋਲ ਵਜਾਉਣ ਲੱਗੇ ਅਤੇ ਮੈਨੂੰ ਟੋਲੀ ਦੇ ਅੱਗੇ-ਅੱਗੇ ਤੋਰਨ ਲੱਗੇ॥ ੬॥

ਚੌਪਈ- ਕਹੈਂ ਕਿ 'ਭੇਟ ਭਲੀ ਹਮ ਪਾਈ। ਹ੍ਵੈ ਪ੍ਰਸੰਨ ਬਰ ਦੇ ਜਗਮਾਈ'।
ਤਿਸ ਛਿਨ ਆਯੋ ਢਿਗ ਮਰਦਾਨਾ। ਮੁਝ ਸੋਂ ਇਸ ਬਿਧਿ ਬਚਨ ਬਖਾਨਾ॥੭॥

ਕਹਿਣ ਲੱਗੇ, "ਅਸੀਂ ਚੰਗੀ ਭੇਟ ਪ੍ਰਾਪਤ ਕੀਤੀ ਹੈ, ਜਗਤ ਮਾਤਾ ਪ੍ਰਸੰਨ ਹੋ ਕੇ ਸਾਨੂੰ ਵਰ ਦੇਵੇਗੀ।" ਉਸ ਵੇਲੇ ਮਰਦਾਨਾ ਮੇਰੇ ਪਾਸ ਆਇਆ ਅਤੇ ਉਸ ਮੈਨੂੰ ਇਸ ਤਰ੍ਹਾਂ ਕਿਹਾ॥ ੭॥

'ਬਾਲੇ ਰਹਜੋ ਜੀਵਨਾ ਤੇਰਾ। ਮ੍ਰਿਤੂ ਕਾਲ ਨੈ ਤੋ ਕੋ ਘੇਰਾ।
ਸਿਰ ਉਤਾਰਿ ਕੈ ਭੇਟ ਚੜ੍ਹਾਵਹਿਂ। ਪੂਜ ਗੌਰਜਾਂ ਕੋ ਬਰ ਪਾਵਹਿਂ' ॥ ੮ ॥

"ਹੇ ਬਾਲੇ ! ਤੇਰਾ ਜੀਵਨਾ ਹੁਣ ਮੁਸ਼ਕਿਲ ਹੈ। ਮਿਰਤੂ ਕਾਲ ਨੇ ਤੈਨੂੰ ਘੇਰ ਲਿਆ ਹੈ। ਤੇਰਾ ਸਿਰ ਲਾਹ ਕੇ ਇਸ ਦੇਵੀ ਦੇ ਭੇਟ ਚੜ੍ਹਾ ਦੇਣਗੇ ਅਤੇ ਗੌਰਜਾਂ ਦੀ ਪੂਜਾ ਕਰਕੇ ਵਰ ਪ੍ਰਾਪਤ ਕਰਨਗੇ"॥ ੮॥

ਮੈਂ ਬੋਲਜੋ 'ਤੈਂ ਝੂਠ ਉਚਾਰਾ। ਮਰਨ ਜਿਯਨ ਤਨ ਕੋ ਬਿਵਹਾਰਾ।
ਪੰਚਤੱਤ ਮਿਲਿ ਸਿਰਜਿ ਸਰੀਰਾ। ਬਿਨਸਿ ਜਾਤਿ ਜਬ ਹੋਤਿ ਬਖੀਰਾ॥੯॥

ਮੈਂ ਕਿਹਾ, ''ਤੂੰ ਝੂਠ ਬੋਲਦਾ ਹੈਂ। ਮਰਨਾ ਜੀਊਣਾ ਤਨ ਦਾ ਵਿਵਹਾਰ ਹੈ। ਪੰਜ ਤੱਤ ਮਿਲ ਕੇ ਸਰੀਰ ਬਣਿਆ ਹੈ। ਜਦ ਇਹ ਵੱਖ-ਵੱਖ ਹੋ ਜਾਂਦੇ ਹਨ ਤਾਂ ਸਰੀਰ ਖਤਮ ਹੋ ਜਾਂਦਾ ਹੈ॥ ੯॥

ਆਤਮ ਬਿਖੈ ਨ ਜਨਮ, ਨ ਮਰਨਾ। ਹਰਖ ਨ ਸ਼ੋਕ ਨ ਕਿਹ ਤੇ ਡਰਨਾ।
ਮਾਰ ਨ ਸਕਹਿ ਤਾਂਹਿ ਕੋ ਕੋਊ। ਸਤਿ ਚੇਤਨ ਨਿਤ ਆਨੰਦ ਜੋਊ॥੧੦॥

ਆਤਮਾ ਨਾ ਜੰਮਦੀ ਹੈ ਅਤੇ ਨਾ ਹੀ ਮਰਦੀ ਹੈ, ਨਾ ਇਸ ਨੂੰ ਗਮੀ ਖੁਸ਼ੀ ਹੁੰਦੀ ਹੈ ਅਤੇ ਨਾ ਹੀ ਇਸ ਨੂੰ ਕਿਸੇ ਦਾ ਡਰ ਹੁੰਦਾ ਹੈ। ਉਸ ਨੂੰ ਕੋਈ ਵੀ ਮਾਰ ਨਹੀਂ ਸਕਦਾ ਹੈ, ਜਿਹੜੇ ਸਤ ਚੇਤਨ ਵਿਚ ਸਦਾ ਅਨੰਦਿਤ ਰਹਿੰਦੇ ਹਨ॥ ੧੦॥

ਪਾਵਕ ਦਹੈ ਨ ਨੀਰ ਡੁਬੈ ਹੈ। ਕੋਟ ਸ਼ਸਤ੍ਰ ਸੋਂ ਨਹੀਂ ਛਿਦੈ ਹੈ।
ਜੀਵਨ ਮਰਨਾ ਮਾਨਹਿਂ ਪ੍ਰਾਨੀ। ਤਨ ਹੰਕਾਰ ਸੋਂ ਜੇ ਅੱਗਜਾਨੀ॥੧੧॥

ਨਾ ਇਸ ਨੂੰ ਅੱਗ ਸਾੜ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ। ਕਰੋੜਾਂ ਸ਼ਸਤਰਾਂ ਨਾਲ ਵੀ ਇਹ ਘਾਇਲ ਨਹੀਂ ਹੁੰਦੀ। ਜੀਵਨ ਮਰਨਾ ਉਹ ਪ੍ਰਾਣੀ ਮੰਨਦੇ ਹਨ ਜਿਨ੍ਹਾਂ ਦੇ ਸਰੀਰ ਹੰਕਾਰ ਨਾਲ ਗਿਆਨ-ਰਹਿਤ ਹੋਏ ਹਨ॥ ੧੧॥

ਅੰਤ ਸਮਾਂ ਤਨ ਆਨਿ ਲਗਤਿ ਜਬ। ਕੋਈ ਉਪਾਇ ਨ ਰਾਖਿ ਸਕਤਿ ਤਬ।
ਜੇ ਨ ਸਮਾਂ ਮ੍ਰਿਤੁ ਕੋ ਅਬਿ ਹੋਈ। ਰੋਮ ਨ ਛੇਦਿ ਸਕੈ ਕਬਿ ਕੋਈ॥੧੨॥

ਜਦ ਸਰੀਰ ਦਾ ਅੰਤ ਸਮਾਂ ਆਉਣ ਲੱਗਦਾ ਹੈ ਤਦ ਕੋਈ ਉਪਾਅ ਵੀ ਬਚਾਅ ਨਹੀਂ ਸਕਦਾ। ਜੇ ਹੁਣ ਮ੍ਰਿਤੂ ਦਾ ਸਮਾਂ ਨਹੀਂ ਹੋਵੇਗਾ ਤਦ ਕੋਈ ਇਕ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ॥ ੧੨॥

ਦੇਸ਼, ਕਾਲ, ਪੁਨ ਬਸਤੁ ਬਹੋਰੀ। ਤੀਨੋ ਹੋਇ ਜਾਤ ਇਕ ਠੌਰੀ।
ਤਬ ਇਹ ਦੇਹਿ ਬਿਨਸ ਕਰਿ ਜਾਈ। ਕੋਇ ਨ ਇਸ ਕੋ ਰਾਖਿ ਸਕਾਈ॥੧੩॥

ਦੇਸ਼, ਕਾਲ ਅਤੇ ਵਸਤ ਫਿਰ ਤਿੰਨੇ ਇਕ ਹੋ ਜਾਂਦੇ ਹਨ, ਤਦ ਇਹ ਦੇਹ ਖਤਮ ਹੋ ਜਾਂਦੀ ਹੈ, ਫਿਰ ਇਸ ਨੂੰ ਕੋਈ ਰੱਖ ਨਹੀਂ ਸਕਦਾ॥ ੧੩॥

ਏਕ ਨ ਤੀਨੋ ਮਹਿਂ ਜਿ ਮਿਲਤਿ ਹੈ। ਤੌ ਤਨ ਰੱਖਜਾ ਕਾਲ ਕਰਤਿ ਹੈ'।
ਇਉਂ ਸੁਨਿ ਤੂਸ਼ਨ ਭਾ ਮਰਦਾਨਾ। ਮੁਝ ਸੰਗ ਦੇਵੀ ਭਵਨ ਪਯਾਨਾ॥੧੪॥

ਜੇ ਤਿੰਨਾਂ ਵਿਚੋਂ ਇਕ ਨਾ ਮਿਲੇ ਤਾਂ ਸਮਾਂ ਸਰੀਰ ਦੀ ਰਖਿਆ ਕਰਦਾ ਹੈ।'' ਇਹ ਸੁਣ ਕੇ ਮਰਦਾਨਾ ਚੁੱਪ ਹੋ ਗਿਆ ਅਤੇ ਮੇਰੇ ਨਾਲ ਦੇਵੀ ਦੇ ਮੰਦਰ ਚਲਾ ਗਿਆ॥ ੧੪॥

ਸ੍ਰੀ ਗੁਰ ਆਪ ਤਹਾਂ ਚਲਿ ਆਏ। ਪਿਖੈਂ ਤਮਾਸ਼ੇ ਕਛੁ ਨ ਅਲਾਏ।
ਜਬ ਗੇ ਦੁਰਗਾ ਕੇਰ ਅਗਾਰੀ। ਤਬ ਅਵਿਨੇਸ਼ੁਰ ਗਿਰਾ ਉਚਾਰੀ॥ ੧੫॥

ਗੁਰੂ ਜੀ ਵੀ ਓਥੇ ਚਲ ਕੇ ਆ ਗਏ। ਤਮਾਸ਼ਾ ਵੇਖ ਰਹੇ ਸਨ ਅਤੇ ਕੁਝ ਨਹੀਂ ਬੋਲ ਰਹੇ ਸਨ। ਜਦ ਦੁਰਗਾ ਦੇਵੀ ਦੇ ਬੁੱਤ ਸਾਹਮਣੇ ਗਏ ਤਦ ਰਾਜੇ ਨੇ ਕਿਹਾ॥ ੧੫॥

'ਇਸ ਮਾਨਵ ਕੋ ਭੇਟ ਚੜ੍ਹੀਜੈ। ਬਰਦਾਨੀ ਸੁ ਪ੍ਰਸੰਨ ਕਰੀਜੈ'।
ਭੀਰ ਭੂਰ ਭੀ ਭਵਨ ਅਗਾਰੀ। 'ਕੌਤਕ ਅਵਲੋਕਤਿ ਨਰ ਨਾਰੀ॥੧੬॥

"ਇਸ ਮਨੁੱਖ ਨੂੰ ਦੇਵੀ ਦੇ ਭੇਟ ਚੜ੍ਹਾ ਦੇਵੋ, ਤੇ ਵਰ ਦਾਤੀ ਨੂੰ ਪ੍ਰਸੰਨ ਕਰ ਦੇਵੋ।" ਮੰਦਰ ਦੇ ਅੱਗੇ ਬਹੁਤ ਭੀੜ ਲੱਗੀ ਹੋਈ ਸੀ। ਸਾਰੇ ਇਸਤਰੀਆਂ ਮਰਦ ਕੌਤਕ ਵੇਖ ਰਹੇ ਸਨ॥ ੧੬॥

ਖੈਂਚਿ ਲਈ ਇਕ ਮਨੁਜ ਕ੍ਰਿਪਾਨਾ। ਚਮਕੀ ਦੇਖਿ ਡਰਜੋ ਮਰਦਾਨਾ।
'ਸੰਗ ਰਹਿਨ ਵਾਰੋ ਪ੍ਰਭੁ ! ਤੇਰੇ। ਰੱਖਜਾ ਆਪ ਕਰਹੁ ਇਸ ਬੇਰੇ' ॥੧੭॥

ਇਕ ਆਦਮੀ ਨੇ ਤਲਵਾਰ ਖਿਚ ਲਈ, ਚਮਕਦੀ ਵੇਖ ਕੇ ਮਰਦਾਨਾ ਡਰ ਗਿਆ ਅਤੇ ਬੋਲਿਆ, "ਹੇ ਪ੍ਰਭੂ ਜੀ ! ਤੁਹਾਡੇ ਨਾਲ ਰਹਿਣ, ਇਸ ਲਈ ਇਸ ਵਾਰ ਉਨ੍ਹਾਂ ਦੀ ਰਖਿਆ ਕਰੋ" ॥ ੧੭॥

ਤਿਹ ਛਿਨ ਕ੍ਰੋਧ ਕਾਲਕਾ ਕੜਕੀ। ਭੀਰ ਭੂਰ ਮੇਲੇ ਕੀ ਭੜਕੀ।
ਪ੍ਰਗਟੀ ਚੰਡਿ ਪ੍ਰਚੰਡ ਭਯਾਨਾ। ਤਿਹ ਨਰ ਕਰ ਤੇ ਛੀਨ ਕ੍ਰਿਪਾਨਾ ॥੧੮॥

ਉਸੇ ਵੇਲੇ ਕਾਲਕਾ ਵੱਡੇ ਕ੍ਰੋਧ ਵਿਚ ਆ ਕੇ ਕੜਕੀ, ਮੇਲੇ ਦੀ ਵੱਡੀ ਭੀੜ ਭੜਕ ਉਠੀ। ਚੰਡੀ ਤੇਜ ਭਿਆਨਕ ਰੂਪ ਧਾਰ ਕੇ ਪ੍ਰਗਟ ਹੋਈ। ਉਸ ਆਦਮੀ ਦੇ ਹੱਥ ਵਿਚੋਂ ਤਲਵਾਰ ਖੋਹ ਲਈ॥ ੧੮॥

ਹੁਤੋ ਨਰੇਸ਼ ਠਾਂਢਿ ਜਿਹ ਠਾਈਂ। ਜਾਇ ਤਾਹਿਂ ਕੇ ਕੰਠ ਲਗਾਈ।
ਤਤਛਿਨ ਧਰ ਤੇ ਸਿਰ ਗਿਰ ਪਰਿਆ। ਜਨੁ ਸ਼ਾਖਾ ਤੇ ਫਲ ਕਿਨ ਹਰਿਆ ॥੧੯॥

ਜਿਸ ਥਾਂ ਰਾਜਾ ਖੜਾ ਸੀ ਓਥੇ ਜਾ ਕੇ ਰਾਜੇ ਦੀ ਧੌਣ ਤੇ ਮਾਰੀ। ਤੁਰੰਤ ਰਾਜੇ ਦੇ ਧੜ ਤੋਂ ਸਿਰ ਵੱਖ ਹੋ ਕੇ ਡਿੱਗ ਪਿਆ, ਜਿਵੇਂ ਟਹਿਣੀ ਨਾਲੋਂ ਫਲ ਡਿੱਗਾ ਹੋਵੇ॥ ੧੯॥

ਸ਼੍ਰੋਣਤ ਚਲਜੋ ਗਿਰਜੋ ਨ੍ਰਿਪ ਧਰਨੀ। ਭਾਗੇ ਲੋਕ ਪਿਖਤਿ ਅਸ ਕਰਨੀ।
ਰਹਜੋ ਨ ਕੋਊ ਨਰ ਤਿਹ ਥਾਂਨਾ। ਤੀਨੋਂ: ਮੈਂ, ਸ੍ਰੀ ਗੁਰ, ਮਰਦਾਨਾ ॥ ੨੦॥

ਰਾਜੇ ਦੀ ਲੋਥ ਧਰਤੀ ਤੇ ਡਿੱਗ ਪਈ ਤੇ ਲਹੂ ਵਗਣ ਲੱਗਾ। ਐਸਾ ਕਰਤਵ ਵੇਖ ਕੇ ਲੋਕ ਭੱਜ ਗਏ। ਉਸ ਥਾਂ ਕੋਈ ਵੀ ਮਨੁੱਖ ਨਾ ਰਿਹਾ। ਅਸੀਂ ਤਿੰਨੇ: ਮੈਂ, ਮਰਦਾਨਾ ਅਤੇ ਗੁਰੂ ਜੀ ਓਥੇ ਰਹੇ॥ ੨੦॥

ਤਿਹ ਛਿਨ ਸ੍ਰੀ ਚੰਡੀ ਕੇ ਸਾਥਾ। ਬਚਨ ਭਨਜੋ ਇਸ ਬਿਧਿ ਜਗਨਾਥਾ।
'ਭੂਪਤ ਸੇਵਕ ਹੁਤੋ ਤੁਮਾਰਾ। ਬਾਲੇ ਕੋ ਬਚਾਇ ਸੋ ਮਾਰਾ ॥ ੨੧॥

ਉਸ ਵੇਲੇ ਚੰਡੀ ਦੇ ਨਾਲ, ਜਗਤ ਦੇ ਸਵਾਮੀ ਭਾਵ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤੇ, "ਰਾਜਾ ਤੇਰਾ ਪੁਜਾਰੀ ਸੀ, ਤੂੰ ਬਾਲੇ ਨੂੰ ਬਚਾ ਲਿਆ ਤੇ ਉਸ ਨੂੰ ਮਾਰ ਦਿੱਤਾ ਹੈ॥ ੨੧॥

ਤਿਨ ਪ੍ਰਸੰਨ ਕੀ ਕੀਨੀ ਰੀਤਾ। ਕ੍ਰੋਧ ਭਰੀ ਕਿਉਂ ਕਿਯ ਬਿਪਰੀਤਾ ?'।
ਤਬ ਸ੍ਰੀ ਚੰਡੀ ਬਚਨ ਉਚਾਰੇ। 'ਸੁਨਿ ਸ੍ਰੀ ਨਾਨਕ ਸ੍ਰੋਨ ਮਝਾਰੇ ॥੨੨॥

ਉਸ ਨੇ ਤੈਨੂੰ ਪ੍ਰਸੰਨ ਕਰਨ ਦੀ ਰੀਤੀ ਅਪਨਾਈ, ਤੂੰ ਕ੍ਰੋਧ ਵਿਚ ਭਰ ਕੇ ਇਹ ਉਲਟੀ ਰੀਤੀ ਕਿਉਂ ਕੀਤੀ ?" ਤਦ ਚੰਡੀ ਨੇ ਇਹ ਬਚਨ ਉਚਾਰੇ। "ਹੇ ਸ੍ਰੀ ਨਾਨਕ ਜੀ ਮੇਰੀ ਗੱਲ ਸੁਣੋ॥ ੨੨॥

ਜੇ ਹਰਿਜਨ ਪਰਮੇਸੁਰ ਪਜਾਰੇ। ਰਛਜਾ ਕਰਿ ਹੌਂ ਸੰਝ ਸਕਾਰੇ।
ਜੇ ਮਤਿਮੰਦ ਤਿਨਹੁ ਦੁਖ ਦੇਹੀਂ। ਤਿਹ ਮਾਰੌਂ ਮੇਰੀ ਮਤਿ ਏਹੀ ॥੨੩॥

ਹਰ ਮਨੁੱਖ ਪਰਮੇਸ਼ਰ ਨੂੰ ਪਿਆਰਾ ਹੈ ਤੇ ਪ੍ਰਭੂ ਸ਼ਾਮ ਸਵੇਰੇ ਉਨ੍ਹਾਂ ਦੀ ਰਖਿਆ ਕਰਦਾ ਹੈ, ਜੇ ਮਾੜੀ ਬੁੱਧੀ ਵਾਲਾ ਇਨ੍ਹਾਂ ਨੂੰ ਦੁਖੀ ਕਰੇ ਤਾਂ ਉਸ ਨੂੰ ਮੈਂ ਮਾਰਾਂਗੀ, ਮੇਰੀ ਇਹ ਮੱਤ ਹੈ॥ ੨੩॥

ਇਹ ਭੂਪਤਿ ਮਤਿਮੰਦ ਕੁਚਾਰੀ। ਮਾਰਨ ਆਨੱਜੋ ਸੰਤ ਅਗਾਰੀ।
ਕਿਯੋ ਕ੍ਰੋਧ ਯਾਂਤੇ ਮੈਂ ਮਾਰਾ। ਮਰਤਿ ਸੰਤ ਕੋ ਤੁਰਤ ਉਬਾਰਾ॥੨੪॥

ਇਹ ਰਾਜਾ ਖੋਟੀ ਬੁੱਧੀ ਵਾਲਾ ਤੇ ਪਾਪੀ ਹੈ। ਉਹ ਮਾਰਨ ਵਾਸਤੇ ਮੇਰੇ ਅੱਗੇ ਸੰਤ ਲਿਆਇਆ ਹੈ। ਇਸ ਲਈ ਕ੍ਰੋਧ ਕਰਕੇ ਮੈਂ ਮਾਰਿਆ ਹੈ। ਮਰਦੇ ਸੰਤ ਨੂੰ ਤੁਰੰਤ ਬਚਾਇਆ ਹੈ"॥ ੨੪॥

ਅਸ ਕਹਿ ਲੋਪ ਭਈ ਤਬ ਦੇਵੀ। ਜਗ ਮਾਤਾ ਈਸ਼੍ਵਰੀ ਅਭੇਵੀ।
ਬਢਜੋ ਨਗਰ ਮਹਿਂ ਸ਼ੋਕ ਅਪਾਰੀ। ਠੌਰ ਠੌਰ ਰੋਵਹਿਂ ਨਰ ਨਾਰੀ॥੨੫॥

ਇਹ ਕਹਿ ਕੇ ਦੇਵੀ ਅਲੋਪ ਹੋ ਗਈ। ਜਿਹੜੀ ਕਿ ਜਗਤ ਦੀ ਮਾਤਾ ਅਤੇ ਈਸ਼ਵਰੀ ਹੈ, ਜਿਸ ਦਾ ਕੋਈ ਭੇਦ ਨਹੀਂ ਜਾਣ ਸਕਦਾ। ਸਾਰਾ ਨਗਰ ਅਪਾਰ ਦੁਖੀ ਹੋਇਆ। ਥਾਂ ਥਾਂ ਨਰ ਨਾਰੀ ਰੋ ਰਹੇ ਸਨ॥ ੨੫॥

ਕਿਯ ਬਿਚਾਰ ਜੇ ਹੁਤੇ ਸਿਆਨੇ। ਗਹੇ ਜੁ ਕਲਾਵਾਨ ਮਨ ਜਾਨੇ।
ਆਏ ਸਭਿ ਹੀ ਤਬਿ ਧਰਿ ਭਾਊ। ਸ਼੍ਰੀ ਗੁਰ ਕੋ ਲਖਿ ਲੀਨ ਪ੍ਰਭਾਊ॥੨੬॥

ਜਿਹੜੇ ਸਿਆਣੇ ਲੋਕ ਸਨ ਉਨ੍ਹਾਂ ਵਿਚਾਰ ਕੀਤੀ। ਜਿਹੜਾ ਮਨੁੱਖ ਫੜਿਆ ਸੀ, ਉਹ ਵੱਡੇ ਕਲਾਵਾਨ ਮਨੁੱਖ ਸਮਝਣੇ ਚਾਹੀਦੇ ਹਨ। ਇਹ ਸੋਚ ਕੇ ਪ੍ਰੇਮ ਭਾਉ ਧਾਰਨ ਕਰਕੇ ਸਾਰੇ ਓਥੇ ਆਏ। ਗੁਰੂ ਜੀ ਦੇ ਪ੍ਰਭਾਵ ਨੂੰ ਉਨ੍ਹਾਂ ਵੇਖ ਲਿਆ॥ ੨੬॥

ਨ੍ਰਿਪ ਸੁਤ ਠਾਂਢੋ ਆਇ ਅਗਾਰੀ। ਕਰਿਕੈ ਬੰਦਨ ਬਿਨੈ ਉਚਾਰੀ।
'ਕਰਹੁ ਛਿਮਾ ਅਪਰਾਧ ਹਮਾਰਾ। ਹਮ ਨਹਿਂ ਜਾਨੱਜੋ ਭੇਦ ਤਮਾਰਾ॥੨੭॥

ਰਾਜੇ ਦਾ ਪੁੱਤਰ ਗੁਰੂ ਜੀ ਦੇ ਸਾਹਮਣੇ ਆ ਕੇ ਖੜਾ ਹੋ ਗਿਆ। ਨਮਸ਼ਕਾਰ ਕਰਕੇ ਉਸ ਬੇਨਤੀ ਕੀਤੀ, "ਸਾਡਾ ਅਪਰਾਧ ਮੁਆਫ ਕਰੋ। ਅਸੀ ਤੁਹਾਡਾ ਭੇਦ ਨਹੀ ਸੀ ਸਮਝ ਸਕੇ॥ ੨੭॥

ਸਿੱਖ ਆਪਨੇ ਹਮਹਿਂ ਕਰੀਜੈ। ਅਭੈ ਦਾਨ ਸਭਿਹਿਨਿ ਕੋ ਦੀਜੈ'।
ਸੁਨਤਿ ਬਿਨੈ ਹ੍ਵੈ ਗਏ ਕ੍ਰਿਪਾਲਾ। ਅਪਨ ਦਿਯਾ ਉਪਦੇਸ਼ ਬਿਸਾਲਾ॥੨੮॥

ਸਾਨੂੰ ਆਪਣੇ ਸਿੱਖ ਬਣਾ ਲਵੋ ਅਤੇ ਸਾਰਿਆਂ ਨੂੰ ਆਪਣਾ ਉਪਦੇਸ਼ ਦੇਵੋ।" ਉਨ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ ਤੇ ਆਪਣਾ ਵਿਸ਼ਾਲ ਉਪਦੇਸ਼ ਉਨ੍ਹਾਂ ਨੂੰ ਦਿੱਤਾ॥ ੨੮॥

'ਸਤਿਨਾਮ ਕੋ ਸਿਮਰਨ ਕਰਨੋ। ਸੰਤ ਸੇਵ ਮਹਿਂ ਹਿਤ ਉਰ ਧਰਿਨੋ।
ਭੂਪਤਿ ਦਾਹੁ ਬਹੁਰ ਕਰਿਵਾਯੋ। ਸਿੰਘਾਸਨ ਨ੍ਰਿਪ ਸੁਤ ਬੈਠਾਯੋ॥ ੨੯॥

ਗੁਰੂ ਜੀ ਨੇ ਕਿਹਾ, "ਸਦਾ ਸਤਿਨਾਮ ਦਾ ਸਿਮਰਨ ਕਰੋ, ਹਿਰਦੇ ਵਿਚ ਸੰਤਾਂ ਦੀ ਸੇਵਾ ਧਾਰਨ ਕਰੋ।" ਫਿਰ ਰਾਜੇ ਦਾ ਸਸਕਾਰ ਕਰਵਾਇਆ ਅਤੇ ਸਿੰਘਾਸਣ ਉਤੇ ਰਾਜੇ ਦੇ ਪੁੱਤਰ ਨੂੰ ਬਿਠਾ ਦਿੱਤਾ॥ ੨੯॥

ਦੋਹਰਾ-ਨਾਮ ਧਰਮ ਜਸ ਰਾਖਿਯੋ ਰਾਜ ਤਿਲਕ ਕੋ ਦੇਯ।
ਸੁੰਦਰ ਧਰਮਸਾਲਾ ਰਚੀ ਕੀਰਤਿ ਤਹਾਂ ਕਰੇਯ॥ ੩੦॥

ਰਾਜ ਤਿਲਕ ਦੇ ਕੇ ਨਾਮ, ਧਰਮ ਅਤੇ ਜੱਸ ਰਖਿਆ। ਰਾਜੇ ਦੇ ਪੁੱਤਰ ਨੇ ਇਕ ਸੁੰਦਰ ਧਰਮਸਾਲਾ ਬਣਵਾਈ, ਜਿਥੇ ਪ੍ਰਭੂ ਦਾ ਕੀਰਤਨ ਕਰਨ ਲੱਗੇ॥ ੩੦॥

*ਸ੍ਵੈਯਾ*- 'ਮਨ ਨੀਵ ਸਦੀਵ ਰਖੋ ਅਪਨਾ ਸਤਿਨਾਮ ਨਿਰੰਤਰ ਹੀ ਲਿਵ ਲਾਵਹੁ।
ਇਸ਼ਨਾਨ ਤੇ ਦਾਨ ਕਰੋ ਸੁਖ ਪਾਵਹੁ ਪੈ ਚਿਤ ਲਾਵਹੁ ਕੀਰਤਿ ਗਾਵਹੁ।

ਸਤਿਸੰਗਤ ਸੋਂ ਨਿਤ ਭਾਉ ਧਰੋ, ਤਿਨ ਸੰਗਮ ਮੈਂ ਨਿਤ ਕਾਲ ਬਿਤਾਵਹੁ।
ਤਬ ਹੋਇ ਸਿਖੀ ਗੁਰ ਕੀ ਸੁਭ ਪ੍ਰਾਪਤਿ ਜੇ ਸਭਿ ਬੈਨ ਸਦੀਵ ਕਮਾਵਹੁ' ॥੩੧॥

ਗੁਰੂ ਜੀ ਨੇ ਉਨ੍ਹਾਂ ਨੂੰ ਸਿਖਿਆ ਦਿੱਤੀ, ''ਸਦਾ ਆਪਣਾ ਮਨ ਨੀਵਾਂ ਰਖੋ ਤੇ ਸਦਾ ਸਤਿਨਾਮ ਨਾਲ ਇਕਸਾਰ ਲਿਵ ਲਾਈ ਰਖੋ। ਇਸ਼ਨਾਨ ਤੇ ਦਾਨ ਕਰੋ ਅਤੇ ਚਿਤ ਲਾ ਕੇ ਕੀਰਤਨ ਗਾ ਕੇ ਸੁਖ ਪਾਵੋ। ਸਤਿਸੰਗਤ ਵਿਚ ਨਿਤ ਪ੍ਰੇਮ ਧਾਰਨ ਕਰੋ ਅਤੇ ਸਦਾ ਸਤਿਸੰਗਤ ਵਿਚ ਆਪਣਾ ਸਮਾਂ ਬਿਤਾਵੋ। ਤਦ ਗੁਰੂ ਦੀ ਸ਼ੁਭ ਸਿੱਖੀ ਪ੍ਰਾਪਤ ਹੁੰਦੀ ਹੈ, ਜਦ ਸਾਰੇ ਮਿਲ ਕੇ ਇਕੱਠੇ ਕੀਰਤਨ ਕਰਦੇ ਹਨ'' ॥ ੩੧ ॥

ਦੋਹਰਾ- ਕਿਤਿਕ ਦਿਵਸ ਰਹਿ ਕਰਿ ਤਹਾਂ ਭਲ ਉਪਦੇਸ਼ ਦ੍ਰਿੜਾਇ।
ਬਿਦਾ ਹੋਇ ਗਮਨੇ ਪ੍ਰਭੂ ਆਨ ਥਾਨ ਸਤਿ ਭਾਇ॥ ੩੨ ॥

ਗੁਰੂ ਜੀ ਨੇ ਓਥੇ ਕਈ ਦਿਨ ਰਹਿ ਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਉਪਦੇਸ਼ ਦ੍ਰਿੜ੍ਹਾਇਆ। ਫਿਰ ਓਥੋਂ ਵਿਦਾ ਹੋ ਕੇ ਸਹਿਜ ਸੁਭਾਅ ਕਿਸੇ ਹੋਰ ਸਥਾਨ ਵਲ ਚੱਲ ਪਏ॥ ੩੨ ॥

ਚੌਪਈ- ਪਹੁੰਚੇ ਰੰਮਕ ਖੰਡ ਗੁਸਾਈਂ। ਪੁਰਿ ਸਮੀਪ ਬੈਸਤਿ ਭੇ ਜਾਈ।
ਕੇਤਿਕ ਮਨੁਜ ਤਹਾਂ ਚਲਿ ਆਏ। ਜਾਨਿ ਸੰਤ ਨਿਜ ਸੀਸ ਝੁਕਾਏ ॥੩੩॥

ਸਵਾਮੀ ਫਿਰ ਰੰਮਕ ਖੰਡ ਪਹੁੰਚ ਗਏ। ਨਗਰ ਦੇ ਨੇੜੇ ਜਾ ਕੇ ਬੈਠ ਗਏ। ਕਈ ਮਨੁੱਖ ਓਥੇ ਚਲ ਕੇ ਆਏ। ਸੰਤ ਸਮਝ ਕੇ ਉਨ੍ਹਾਂ ਨੇ ਆਪਣੇ ਸਿਰ ਝੁਕਾਏ॥ ੩੩ ॥

ਨਿਕਟਿ ਬਿਲੋਕਿ ਤਿਨਹਿੰ ਜਗਤੇਸ਼ਾ। ਦੇਤਿ ਭਏ ਸ੍ਰੇਸ਼ਟ ਉਪਦੇਸ਼ਾ।
'ਸੱਤਿਨਾਮ ਸਿਮਰਹੁ ਦਿਨ ਰਾਤੀ। ਸੰਤ ਸੇਵ ਕਰਿ ਪ੍ਰੀਤ ਸੁਹਾਤੀ ॥੩੪॥

ਉਨ੍ਹਾਂ ਨੂੰ ਨੇੜੇ ਬੁਲਾ ਕੇ, ਗੁਰੂ ਜੀ ਉਨ੍ਹਾਂ ਨੂੰ ਆਪਣਾ ਸ੍ਰੇਸ਼ਟ ਉਪਦੇਸ਼ ਦੇਣ ਲੱਗੇ, ''ਦਿਨ ਰਾਤ ਸਤਿਨਾਮ ਦਾ ਸਿਮਰਨ ਕਰੋ। ਸੰਤ ਦੀ ਸੇਵਾ ਕਰਨ ਨਾਲ ਪ੍ਰਭੂ ਪ੍ਰੀਤ ਸ਼ੋਭਨੀਕ ਹੋ ਜਾਂਦੀ ਹੈ॥ ੩੪ ॥

ਕੂਕਰ ਦ੍ਰਿਸ਼ਟਿ ਨ ਕਬਿ ਮਨ ਧਰਨੀ। ਸ਼ੇਰ ਦ੍ਰਿਸ਼ਟਿ, ਗੁਰਮੁਖ ਹ੍ਵੈ ਕਰਨੀ।
ਹਰਖ ਸੋਗ ਦੁਖ ਸੁਖ ਮਹਿੰ ਤਜਾਗਹੁ। ਕਰਹੁ ਭਗਤਿ ਨਿਸ ਪਾਛਲ ਜਾਗਹੁ' ॥੩੫॥

ਕੁੱਤੇ ਦੀ ਦ੍ਰਿਸ਼ਟੀ ਕਦੀ ਵੀ ਮਨ ਵਿਚ ਧਾਰਨ ਨਾ ਕਰੋ। ਸ਼ੇਰ ਦ੍ਰਿਸ਼ਟੀ ਮਨੁੱਖ ਨੂੰ ਗੁਰਮੁਖ ਬਣਾਉਂਦੀ ਹੈ। ਖੁਸ਼ੀ-ਗਮੀ, ਦੁਖ-ਸੁਖ ਛੱਡ ਦੇਵੋ। ਪਿਛਲੀ ਰਾਤ ਜਾਗ ਕੇ ਨਿਤ ਭਗਤੀ ਕਰੋ' ॥ ੩੫ ॥

ਸੁਨਿ ਕਰਿ ਬੂਝਨ ਲਗੇ ਸੁ ਮਾਨਵ। 'ਦ੍ਰਿਸ਼ਟਿ ਜੁ ਕਹੀ ਹਮਹਿੰ ਨਹਿੰ ਜਾਨਵ।
ਖੋਲ ਅਰਥ ਇਹ ਭਨੋ ਗੁਸਾਈਂ ! ਤੁਮ ਹੋ ਸੰਤ ਸਭਿਨਿ ਸੁਖਦਾਈ' ॥੩੬॥

ਇਹ ਸੁਣ ਕੇ ਮਨੁੱਖ ਪੁਛਣ ਲੱਗੇ, ''ਜਿਹੜਾ ਤੁਸੀ ਦ੍ਰਿਸ਼ਟੀ ਬਾਰੇ ਕਿਹਾ ਹੈ, ਅਸੀਂ ਨਹੀ ਜਾਣਦੇ ਹਾਂ, ਹੇ ਸਵਾਮੀ ਜੀ ! ਇਸ ਦੇ ਜ਼ਰਾ ਵਿਸਥਾਰ ਨਾਲ ਅਰਥ ਕਰੋ। ਤੁਸੀਂ ਸਾਰਿਆਂ ਨੂੰ ਸੁਖ ਦੇਣ ਵਾਲੇ ਸੰਤ ਹੋ'' ॥ ੩੬ ॥

ਕ੍ਰਿਪਾ ਨਿਧਾਨ ਭਨੀ ਤਬ ਬਾਨੀ। 'ਦ੍ਰਿਸ਼ਟਿ ਕੂਕਰੀ ਲੇਹੁ ਪਛਾਨੀ।
ਦੁਖ ਸੁਖ ਮੁਝ ਕੋ ਮਾਨਵ ਦੇਹੀ। ਈਸ਼੍ਵਰ ਕੀ ਗਤਿ ਲਖੈ ਨ ਕੇਹੀ ॥੩੭॥

ਕ੍ਰਿਪਾ ਨਿਧਾਨ ਗੁਰੂ ਜੀ ਨੇ ਫਿਰ ਬਚਨ ਕੀਤੇ, ''ਕੁੱਤੇ ਦੀ ਦ੍ਰਿਸ਼ਟੀ ਇਸ ਤਰ੍ਹਾਂ ਪਛਾਣੀ ਜਾਂਦੀ ਹੈ। ਜਿਹੜਾ ਇਹ ਸਮਝਦਾ ਹੈ ਕਿ ਦੁਖ ਸੁੱਖ ਮੈਨੂੰ ਮਨੁੱਖ ਦਿੰਦਾ ਹੈ, ਪਰ ਈਸ਼ਵਰ ਦੀ ਗਤੀ ਕਦੇ ਜਾਣਦਾ ਹੀ ਨਹੀਂ॥ ੩੭ ॥

ਮਾਰਨਹਾਰ ਨ ਜਾਨਹਿੰ ਸ੍ਵਾਨਾ। ਲਸ਼ਟਕ ਕੋ ਕਾਟਹਿ ਅਨਜਾਨਾ।

ਇਸ ਪ੍ਰਕਾਰ ਕੋ ਜੋ ਨਰ ਹੋਈ। ਮਨਮੁਖ ਸ੍ਵਾਨ ਦ੍ਰਿਸ਼ਟਿ ਹੈ ਸੋਈ॥ ੩੮ ॥

ਕੁੱਤਾ ਮਾਰਨ ਵਾਲੇ ਵਿਅਕਤੀ ਨੂੰ ਤਾਂ ਜਾਣਦਾ ਨਹੀਂ, ਪਰ ਸੋਟੀ ਨੂੰ ਕੱਟਦਾ ਹੈ ਜਿਹੜੀ ਉਸ ਨੂੰ ਵੱਜਦੀ ਹੈ, ਇਸ ਪ੍ਰਕਾਰ ਜਿਹੜਾ ਮਨੁੱਖ ਹੁੰਦਾ ਹੈ ਉਹ ਮਨੁੱਖ ਮਨਮੁਖ ਹੁੰਦਾ ਹੈ ਤੇ ਉਸ ਦੀ ਕੁੱਤੇ ਦੀ ਦ੍ਰਿਸ਼ਟੀ ਹੁੰਦੀ ਹੈ॥ ੩੮ ॥

ਕਿਸ ਪ੍ਰਕਾਰ ਦੁਖ ਸੁਖ ਬਨਿ ਆਵੈ। ਪਰਮੇਸ਼ੁਰ ਤੇ ਸਰਬ ਲਖਾਵੈ।
ਮਾਨੁਖ ਬਪੁਰਾ ਕੌਨ ਬਿਚਾਰਾ। ਕਰੈ ਕਾਜ ਸਭਿ ਸ੍ਰੀ ਕਰਤਾਰਾ॥ ੩੯ ॥

ਕਿਸੇ ਪ੍ਰਕਾਰ ਦਾ ਵੀ ਦੁੱਖ ਸੁੱਖ ਆ ਜਾਵੇ, ਤਾਂ ਇਹ ਸਮਝੋ ਕਿ ਇਹ ਸਭ ਕੁਝ ਪ੍ਰਭੂ ਦੀ ਦੇਣ ਹੈ, ਮਨੁੱਖ ਵਿਚਾਰਾ ਕੌਣ ਹੈ। ਸਾਰੇ ਕਾਰਜ ਪ੍ਰਭੂ ਆਪ ਹੀ ਕਰਦਾ ਹੈ॥ ੩੯ ॥

ਜਿਉਂ ਕੇਹਰਿ ਤਜਿ ਸ਼ਸਤ੍ਰਨ ਸਾਰੇ। ਤੂਰਨ ਤਕਹਿ ਜਿ ਮਾਰਨਹਾਰੇ।
ਤਜੋਂ ਗੁਰਮੁਖ ਪਰਮੇਸ਼ੁਰ ਦਿਸ਼ਿਤੇ। ਲਖਹਿ ਸੁ ਦੁਖ ਸੁਖ,ਅਪਰ ਨ ਕਿਸ ਤੇ ॥੪੦ ॥

ਜਿਵੇਂ ਸ਼ੇਰ ਸਾਰੇ ਸ਼ਸਤਰ ਛੱਡ ਕੇ ਤੁਰਤ ਮਾਰਨਹਾਰੇ 'ਤੇ ਹਮਲਾ ਕਰਦਾ ਹੈ, ਉਸੇ ਤਰ੍ਹਾਂ ਗੁਰਮੁਖ ਪਰਮੇਸ਼ੁਰ ਵਲੋਂ ਹੀ ਸਭ ਕੁਝ ਹੋਇਆ ਮੰਨਦਾ ਹੈ। ਉਹ ਦੁੱਖਾਂ ਸੁੱਖਾਂ ਨੂੰ ਕਿਸੇ ਹੋਰ ਵਲੋਂ ਦਿੱਤੇ ਨਹੀਂ ਸਮਝਦਾ॥ ੪੦ ॥

ਦੇਣਹਾਰ ਏਕੋ ਕਰਤਾਰਾ। ਇਉਂ ਤੁਮ ਲਖੇ ਹੋਇ ਨਿਸਤਾਰਾ।
ਮਨ ਰੋਕਨ ਕੀਜੈ ਅੱਭ੍ਯਾਸਾ। ਬਿਸ਼ੈ ਬਾਸ਼ਨਾ ਹੁਇ ਸਭਿ ਨਾਸ਼ਾ' ॥੪੧ ॥

ਦੇਣਹਾਰ ਇਕੋ ਕਰਤਾਰ ਹੈ। ਤੁਸੀਂ ਜਦ ਇਸ ਤਰ੍ਹਾਂ ਸਮਝੋਗੇ ਤਾਂ ਤੁਹਾਨੂੰ ਮੁਕਤੀ ਪ੍ਰਾਪਤ ਹੋ ਜਾਵੇਗੀ। ਮਨ ਨੂੰ ਜਿੱਤਣ ਦਾ ਅਭਿਆਸ ਕਰੋ, ਇਸ ਨਾਲ ਸਾਰੇ ਵਿਸ਼ੇ ਵਾਸ਼ਨਾਵਾਂ ਦਾ ਨਾਸ਼ ਹੋ ਜਾਵੇਗਾ'' ॥ ੪੧ ॥

ਕਿਤਿਕ ਦਿਵਸ ਰਹਿ ਕਰਿ ਤਿਹ ਥਾਨਾ। ਤਿਨ ਸੋਂ ਅਸ ਉਪਦੇਸ਼ ਬਖਾਨਾ।
ਬਿਦਾ ਹੋਇ ਕੀਨੋ ਪੁਨ ਗਵਨੰ। ਭੱਦ੍ਰ ਖੰਡ ਪਹੁੰਚੇ ਗੁਨ ਭਵਨੰ॥ ੪੨ ॥

ਕਈ ਦਿਨ ਉਸ ਥਾਂ ਠਹਿਰ ਕੇ ਉਨ੍ਹਾਂ ਲੋਕਾਂ ਨੂੰ ਉਪਦੇਸ਼ ਦਿੰਦੇ ਰਹੇ। ਫਿਰ ਉਸ ਥਾਂ ਤੋਂ ਵਿਦਾ ਹੋ ਕੇ ਅੱਗੇ ਚਲ ਪਏ। ਗੁਣਾਂ ਦੇ ਘਰ ਫਿਰ ਭੱਦ੍ਰ ਖੰਡ ਪਹੁੰਚ ਗਏ॥ ੪੨ ॥

ਤਿਹ ਨ੍ਰਿਪ ਸੁਨਜੋ 'ਸੰਤ ਪੁਰਿ ਆਏ'। ਮਿਲਜੋ ਆਨਿ ਕਰਿ ਸੀਸ ਝੁਕਾਏ।
ਬੰਦਿ ਹਾਥ ਦ੍ਵੈ ਬੈਠਿ ਸਮੀਪਾ। ਬੋਲਜੋ ਕੌਲਨਾਭ ਅਵਿਨੀਪਾ॥ ੪੩ ॥

ਜਦ ਭੱਦ੍ਰ ਖੰਡ ਦੇ ਰਾਜੇ ਨੂੰ ਪਤਾ ਲੱਗਾ ਕਿ ਉਸ ਦੇ ਨਗਰ ਵਿਚ ਸੰਤ੍ਰ ਆਏ ਹਨ ਤਾਂ ਉਹ ਆ ਕੇ ਸਿਰ ਨਿਵਾ ਕੇ ਗੁਰੂ ਜੀ ਨੂੰ ਮਿਲਿਆ। ਦੋਵੇਂ ਹੱਥ ਜੋੜ ਕੇ ਨੇੜੇ ਬੈਠ ਗਿਆ। ਫਿਰ ਰਾਜਾ ਕੌਲ ਨਾਭ ਬੋਲਿਆ॥ ੪੩ ॥

'ਆਸ਼੍ਰਮ ਚਾਰ ਲਿਖੇ ਜੋ ਆਹੀ। ਸ੍ਰੇਸ਼ਟ ਕੌਨ ਕਹੋ ਇਸ ਮਾਂਹੀ ?।
ਪੂਰਨ ਸੰਤ ਜਾਨਿ ਕਰਿ ਪੂਛਾ। ਕਰਹੁ ਮੁਝੈ ਸੰਸੈ ਤੇ ਛੂਛਾ' ॥ ੪੪ ॥

''ਜਿਹੜੇ ਚਾਰ ਆਸ਼੍ਰਮ ਲਿਖੇ ਹਨ, ਇਨ੍ਹਾਂ ਵਿਚ ਕਿਹੜਾ ਆਸ਼੍ਰਮ ਸ੍ਰੇਸ਼ਟ ਹੈ। ਪੂਰਨ ਸੰਤ ਜਾਣ ਕੇ ਪੁਛਿਆ ਹੈ, ਮੇਰੇ ਇਸ ਸੰਸੇ ਨੂੰ ਨਵਿਰਤ ਕਰੋ'' ॥ ੪੪ ॥

ਸੁਨਿ ਕਰਿ ਬੋਲੇ ਬਚਨ ਕ੍ਰਿਪਾਲਾ। 'ਸਭਿ ਤੇ ਜਾਨਹੁ ਗ੍ਰਿਹਸਤ ਬਿਸਾਲਾ।
ਉਤਪਤਿ ਕਰਨਹਾਰ ਸਭਿ ਹੀ ਕੋ। ਬਹੁਰੋ ਪਾਲਨ ਕਰਿ ਹੈ ਨੀਕੋ ॥ ੪੫ ॥

ਕਿਰਪਾਲੂ ਗੁਰੂ ਜੀ ਰਾਜੇ ਦੇ ਇਹ ਸ਼ਬਦ ਸੁਣ ਕੇ ਬੋਲੇ, ''ਸਭ ਤੋਂ ਚੰਗਾ ਗ੍ਰਹਿਸਤ ਆਸ਼੍ਰਮ ਹੈ। ਇਹ ਸਾਰਿਆਂ ਨੂੰ ਪੈਦਾ ਕਰਨਹਾਰ ਹੈ। ਬਾਅਦ ਵਿਚ ਇਹ ਸਾਰਿਆਂ ਦੀ ਚੰਗੀ ਪਾਲਣਾ ਵੀ ਕਰਦਾ ਹੈ॥ ੪੫ ॥

ਜਿਉਂ ਜਲ ਕਮਲਨ ਕੋ ਨਿਪਜਾਈ। ਬਹੁਰੋ ਪਾਲਨ ਕਰਹਿ ਬਨਾਈ।
ਮੂਲ ਬਿਟਪ ਕੋ ਗ੍ਰਿਹਸਤ ਪਛਾਨਹੁ। ਆਸ਼੍ਰਮ ਅਪਰ ਜਿ ਸ਼ਾਖਾ ਮਾਨਹੁ ॥੪੬॥

ਜਿਵੇਂ ਜਲ ਕੰਵਲ ਨੂੰ ਪੈਦਾ ਕਰਦਾ ਹੈ ਅਤੇ ਬਾਅਦ ਵਿਚ ਉਸ ਦੀ ਚੰਗੀ ਤਰ੍ਹਾਂ ਪਾਲਣਾ ਕਰਦਾ ਹੈ। ਗ੍ਰਹਿਸਤ ਨੂੰ ਸਭ ਦਾ ਮੂਲ ਬ੍ਰਿੱਛ ਸਮਝੋ, ਬਾਕੀ ਸਭ ਆਸ਼੍ਰਮ ਇਸ ਦੀਆਂ ਸ਼ਾਖਾਂ (ਟਹਿਣੀਆਂ) ਮੰਨੋ॥ ੪੬॥

ਜਾਂਕੋ ਲਖਹੁ ਸਮੁੰਦ੍ਰ ਸਮਾਨਾ। ਮੁਕਤਾਦਿਕ ਨਿਕਸਤਿ ਹੈਂ ਨਾਨਾ।
ਬ੍ਰਹਮਚਰਜ ਪੁਨ ਬਾਨ ਪ੍ਰਸਤਾ। ਅਰ ਸੰਨਜਾਸ ਸਭਿਨਿ ਕੋ ਕਰਤਾ ॥੪੭॥

ਇਸ ਆਸ਼੍ਰਮ ਨੂੰ ਸਮੁੰਦਰ ਸਮਾਨ ਜਾਣੋ, ਜਿਸ ਵਿਚੋਂ ਕਈ ਪ੍ਰਕਾਰ ਦੇ ਮੋਤੀ ਆਦਿਕ ਨਿਕਲਦੇ ਹਨ। ਬ੍ਰਹਮਚਾਰੀ ਆਸ਼੍ਰਮ, ਜੰਗਲ ਵਿਚ ਰਹਿਣ ਵਾਲਾ ਆਸ਼੍ਰਮ, ਅਤੇ ਸੰਨਿਆਸ ਆਸ਼੍ਰਮ ਇਨ੍ਹਾਂ ਸਾਰਿਆਂ ਨੂੰ ਇਹ ਕਰਨਹਾਰਾ ਹੈ॥ ੪੭॥

ਵੰਡ ਖਾਇ ਅਰ ਦਾਨ ਕਰੇਈ। ਛੂਛ ਨ ਫਿਰੈ ਅਭਜਾਗਤ ਜੇਈ।
ਨੀਰ ਕੂਪ ਜੇ ਨਿਕਸਤਿ ਨਾਂਹੀ। ਠਹਿਰਤਿ ਗੰਦਾ ਹ੍ਵੈ ਤਿਸ ਮਾਂਹੀ ॥ ੪੮ ॥

ਵੰਡ ਕੇ ਖਾਂਦਾ ਹੈ ਅਤੇ ਦਾਨ ਦਿੰਦਾ ਹੈ। ਸਾਹਮਣੇ ਆਇਆ ਹੋਇਆ ਭਾਵ ਕੋਈ ਵੀ ਲੋੜਵੰਦ ਅਤਿਥੀ ਖਾਲੀ ਨਹੀਂ ਜਾਂਦਾ। ਖੂਹ ਦਾ ਪਾਣੀ ਜੇ ਬਾਹਰ ਨਹੀਂ ਨਿਕਲਦਾ ਤਾਂ ਉਸ ਵਿਚ ਖੜਾ ਗੰਦਾ ਹੋ ਜਾਂਦਾ ਹੈ॥ ੪੮॥

ਨਿਕਸਤਿ ਰਹੈ ਨੀਰ ਜੇ ਤਾਹੂੰ। ਮਧੁਰ ਹੋਇ ਜਾਨਹਿਂ ਸਭਿ ਕਾਹੂੰ।
ਤਿਉਂ ਗ੍ਰਿਹਸਤੀ ਕੀ ਰੀਤਿ ਸੁਹਾਈ। ਕਰਹਿਂ ਜਿ ਨਰ ਇਤ ਉਤ ਸੁਖ ਪਾਈ ॥੪੯॥

ਜੇ ਪਾਣੀ ਖੂਹ ਵਿਚੋਂ ਨਿਕਲਦਾ ਰਹੇ ਤਾਂ ਉਹ ਮਿੱਠਾ ਹੋ ਜਾਂਦਾ ਹੈ, ਇਸ ਨੂੰ ਸਾਰੇ ਜਾਣਦੇ ਹਨ। ਗ੍ਰਹਿਸਤੀ ਦੀ ਵੀ ਅਜਿਹੀ ਹਾਲਤ ਲੋੜਦੀ ਹੈ। ਜਿਹੜੇ ਮਨੁੱਖ ਹਰ ਸਮੇਂ ਕੁਝ ਕਾਰ-ਵਿਹਾਰ ਕਰਦੇ ਹਨ, ਉਹ ਸੁੱਖ ਪਾਉਂਦੇ ਹਨ॥ ੪੯॥

ਗ੍ਰਿਹਸਤ ਬਿਖੈ ਆਤਮ ਅੱਭਜਾਸਾ। ਕਰਤਿ ਰਹੈ, ਸਿਮਰਹਿ ਸੁਖ ਰਾਸਾ।
ਭਾਉ ਭਗਤਿ ਕਰਿ ਕ੍ਰਿਤ ਕੋ ਕਰਿਹੀ। ਤਿਨ ਕੀ ਉਪਮਾ ਕੌਨ ਉਚਰਿਹੀ ॥੫੦॥

ਗ੍ਰਹਿਸਤ ਵਿਚ ਆਤਮ ਅਭਿਆਸ ਹੁੰਦਾ ਹੈ। ਪ੍ਰਭੂ ਦਾ ਸੁਖਦਾਇਕ ਸਿਮਰਨ ਕਰਦੇ ਰਹਿੰਦੇ ਹਨ, ਜਿਹੜੇ ਪ੍ਰੇਮ ਭਗਤੀ ਕਰਕੇ ਕ੍ਰਿਤ ਕਰਦੇ ਹਨ, ਉਨ੍ਹਾਂ ਦੀ ਉਪਮਾ ਕੌਣ ਕਹਿ ਸਕਦਾ ਹੈ ?॥ ੫੦॥

ਬੇਲ ਸੰਗ ਖਰਬੂਜਾ ਜੋਈ। ਹ੍ਵੈ ਪਰਪਕ ਮਧੁਰੋ ਅਤਿ ਸੋਈ।
ਜੇ ਡਾਲੀ ਤੇ ਤੋਰਿ ਪਕਾਵੈਂ। ਮਧੁਰ ਥੋਰ ਪੁਨ ਦਾਗ ਲਗਾਵੈ ॥ ੫੧ ॥

ਵੇਲ ਨਾਲ ਜਿਹੜਾ ਖਰਬੂਜਾ ਲੱਗਾ ਹੁੰਦਾ ਹੈ, ਉਹੀ ਪੱਕ ਕੇ ਮਿੱਠਾ ਹੁੰਦਾ ਹੈ। ਜਿਸ ਖਰਬੂਜੇ ਨੂੰ ਡਾਹਣੀ ਨਾਲੋਂ ਕੱਚਾ ਤੋੜ ਕੇ ਪਕਾਈਏ ਤਾਂ ਉਹ ਮਿੱਠਾ ਹੋਣ ਦੀ ਥਾਂ ਦਾਗੀ ਹੋ ਜਾਂਦਾ ਹੈ'॥ ੫੧॥

ਚੌਪਈ- ਸੁਨੇ ਬਚਨ ਹਰਖਾਇ ਭੁਵਾਲਾ। ਬੰਦਨ ਕਿਯ ਹ੍ਵੈ ਨੀਮ੍ਰ ਬਿਸਾਲਾ।
ਕਿਤਿਕ ਦਿਵਸ ਨਿਜ ਪੁਰਿ ਮਹਿਂ ਡੇਰਾ। ਰਾਖ੍ਯੋ, ਕਰਿਕੈ ਭਾਉ ਘਨੇਰਾ ॥੫੨॥

ਜਦ ਰਾਜੇ ਨੇ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਬੜਾ ਪ੍ਰਸੰਨ ਹੋਇਆ। ਬਹੁਤ ਨਿਮਰ ਹੋ ਕੇ ਉਸ ਬੰਦਨਾ ਕੀਤੀ। ਕਈ ਦਿਨ ਉਸ ਨਗਰ ਵਿਚ ਬੜੇ ਪ੍ਰੇਮ ਸਹਿਤ ਨਿਵਾਸ ਰੱਖਿਆ॥ ੫੨॥

ਤਿਹਂ ਉਪਦੇਸ਼ ਦੀਨਿ ਜਗਤੇਸ਼ਾ। ਸਿਮਰਨ ਲਾਗ੍ਯੋ ਕਰਨ ਨਰੇਸ਼ਾ।
ਕਰਨੀ ਭਗਤਿ ਤਬਹਿ ਪ੍ਰਗਟਾਈ। ਗੁਰ ਸਿੱਖੀ ਕੀ ਰੀਤਿ ਚਲਾਈ ॥ ੫੩ ॥

ਗੁਰੂ ਜੀ ਨੇ ਰਾਜੇ ਨੂੰ ਉਪਦੇਸ਼ ਦਿੱਤਾ ਅਤੇ ਰਾਜਾ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲੱਗ ਗਿਆ। ਭਗਤੀ ਦੀ ਕਰਨੀ ਫਿਰ ਪ੍ਰਗਟ ਕੀਤੀ ਅਤੇ ਗੁਰਸਿੱਖੀ ਦੀ ਰੀਤੀ ਚਲਾਈ॥ ੫੩॥

ਬਿਦਾ ਹੋਇ ਗਮਨੇ ਗੁਨਖਾਨੀ। ਮਰਦਾਨੇ ਸੋਂ ਬੋਲੇ ਬਾਨੀ।
'ਅਸ਼ਟ ਖੰਡ ਇਹ ਤੁਝੈ ਦਿਖਾਏ। ਨੌਮੇ ਭਾਰਥ ਖੰਡ ਗਿਨਾਏ॥ ੫੪॥

ਉਸ ਥਾਂ ਤੋਂ ਵਿਦਾ ਹੋ ਕੇ ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ। ਫਿਰ ਮਰਦਾਨੇ ਨੂੰ ਬਚਨ ਕੀਤਾ, "ਇਹ ਅੱਠ ਖੰਡ ਤੈਨੂੰ ਵਿਖਾਏ ਹਨ, ਅਤੇ ਨੌਵਾਂ ਭਾਰਤ ਖੰਡ ਗਿਣਿਆ ਜਾਂਦਾ ਹੈ॥ ੫੪॥

ਚਲਿ ਕਰਿ ਅਬਹਿ ਦਿਖਾਵਹਿਂ ਓਹੀ। ਜਹਿਂ ਪਰਵਾਰ ਸਦਨ ਹੈ ਤੋਹੀ'।
ਸੁਣਿ ਮਰਦਾਨੇ ਪੁਨ ਬਚ ਭਾਖਾ। 'ਚਲਹੁ ਪ੍ਰਭੂ ਜਿਤ ਕੋ ਅਭਿਲਾਖਾ॥੫੫॥

ਉਹ ਖੰਡ ਵੀ ਹੁਣੇ ਚਲ ਕੇ ਵਿਖਾਉਂਦਾ ਹਾਂ, ਜਿਥੇ ਤੇਰਾ ਪਰਿਵਾਰ ਅਤੇ ਘਰ ਹੈ।" ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ! ਜਿਥੇ ਤੁਹਾਡੀ ਇੱਛਾ ਹੈ, ਚਲੋ॥ ੫੫॥

ਤੁਮ ਕਰੁਨਾ ਤੇ ਪਿਖੇ ਸਥਾਨਾ। ਨਤੁ ਹਮ ਸੇ ਜੰਤਨ ਕਿਹ ਜਾਨਾ'।
ਇਸ ਪ੍ਰਕਾਰ ਬੋਲਤਿ ਬਿਗਸਾਏ। ਤਤਛਿਨ ਜੰਮੂ ਪੁਰਿ ਮਹਿਂ ਆਏ॥੫੬॥

ਤੁਹਾਡੀ ਕਿਰਪਾ ਕਰਕੇ ਬਹੁਤ ਸਥਾਨ ਵੇਖੇ ਹਨ, ਨਹੀਂ ਤਾਂ ਸਾਡੇ ਜੇਹੇ ਜੀਵਾਂ ਨੇ ਕਿਥੋਂ ਜਾਣਾ ਸੀ ਤੇ ਜਾਨਣਾ ਸੀ। ਇਸ ਤਰ੍ਹਾਂ ਬੋਲ ਕੇ ਖੁਸ਼ ਹੋ ਗਏ ਤੇ ਫਿਰ ਤੁਰੰਤ ਜੰਮੂ ਨਗਰ ਵਿਚ ਆ ਗਏ॥ ੫੬॥

ਪਿਖਿ ਰਮਣੀਕ ਥਾਨ ਤਹਿਂ ਏਕੂ। ਬੈਠਿ ਗਏ ਤਬ ਜਲਧਿ ਬਿਬੇਕੂ।
ਸ੍ਰੀ ਅੰਗਦ ਸੁਨਿ ਕਥਾ ਮਹਾਨੀ। ਮੁਝ ਸੋਂ ਬੋਲਤਿ ਭੇ ਅਸ ਬਾਨੀ॥ ੫੭॥

ਉਸ ਨਗਰ ਦੇ ਬਾਹਰ ਇਕ ਰਮਣੀਕ ਥਾਂ ਵੇਖ ਕੇ ਗਿਆਨ ਦੇ ਬੱਦਲ ਭਾਵ ਗੁਰੂ ਜੀ ਬੈਠ ਗਏ। ਹੇ ਗੁਰੂ ਅੰਗਦ ਦੇਵ ਜੀ ਮਹਾਨ ਕਥਾ ਸੁਣੋ। ਗੁਰੂ ਜੀ ਮੈਨੂੰ ਫਿਰ ਇਸ ਤਰ੍ਹਾਂ ਕਹਿਣ ਲੱਗੇ॥ ੫੭॥

"ਜਾਮਵੰਤ ਭਾਲਕ ਜੋ ਭਾਰੀ। ਤਿਹ ਕੇ ਨਾਮ ਸੁ ਨਗਰ ਉਚਾਰੀ।
ਬਡੀ ਗੁਫਾ ਜਿਸ ਮਹਿਂ ਤਿਸ ਬਾਸਾ। ਚਿਰੰਕਾਲ ਜੀਵਯੋ ਬਲਰਾਸਾ॥੫੮॥

"ਜਾਮਵੰਤ ਨਾਂ ਦਾ ਇਕ ਵੱਡਾ ਰਿੱਛ ਰਹਿੰਦਾ ਸੀ, ਉਸ ਦੇ ਨਾਂ ਉਤੇ ਇਸ ਨਗਰ ਦਾ ਨਾਂ ਪਿਆ ਹੈ। ਇਕ ਵੱਡੀ ਗੁਫਾ ਵਿਚ ਉਸਦਾ ਨਿਵਾਸ ਸੀ। ਉਹ ਬਲਵਾਨ ਰਿੱਛ ਕਾਫੀ ਦੇਰ ਤਕ ਜੀਉਂਦਾ ਰਿਹਾ ॥ ੫੮॥

ਦੋਹਰਾ- ਜਬ ਸ੍ਰੀ ਬਾਵਨ ਜੀ ਭਏ ਬਲਿ ਛਲਨੇ ਕੇ ਹੇਤ।
ਤੀਨ ਲੋਕ ਦ੍ਵੈ ਕਰਮ ਕਰਿ ਮਾਪੇ ਕ੍ਰਿਪਾ ਨਿਕੇਤ॥ ੫੯॥

ਜਦ ਬਾਵਨ ਅਵਤਾਰ ਬਲਿ ਰਾਜੇ (ਪ੍ਰਹਿਲਾਦ ਦੇ ਪੋਤੇ) ਨੂੰ ਛਲਣ ਵਾਸਤੇ ਪ੍ਰਗਟ ਹੋਏ ਤਾਂ ਕਿਰਪਾ ਦੇ ਘਰ ਨੇ ਤਿੰਨਾਂ ਲੋਕਾਂ ਨੂੰ ਦੋ ਕਦਮਾਂ ਵਿਚ ਹੀ ਮਾਪ ਲਿਆ ॥ ੫੯॥

ਨੋਟ:-ਪ੍ਰਹਿਲਾਦ ਦਾ ਪੋਤਾ ਬਲਿ ਰਾਜਾ ਬੜਾ ਸ਼ਕਤੀਸ਼ਾਲੀ ਹੋਇਆ ਹੈ। ਉਸ ਨੇ ਆਪਣੀ ਤਾਕਤ ਨਾਲ ਤਿੰਨੇ ਲੋਕ ਜਿੱਤ ਲਏ ਸੀ। ਦੇਵਤਿਆਂ ਦੇ ਕਹਿਣ ਤੇ ਵਿਸ਼ਨੂੰ ਨੇ ਬਾਉਣੇ (ਬਾਵਨ) ਦਾ ਅਵਤਾਰ ਧਾਰ ਕੇ ਬਲਿ ਰਾਜੇ ਪਾਸੋਂ ਤਿੰਨ ਕਦਮ ਧਰਤੀ ਮੰਗੀ। ਬਲਿ ਰਾਜਾ ਧਰਤੀ ਦੇਣੀ ਮੰਨ ਗਿਆ। ਬਾਵਨ ਅਵਤਾਰ ਨੇ ਤਿੰਨਾ ਲੋਕਾਂ ਦੀ ਧਰਤੀ ਦੋ ਕਦਮਾਂ ਨਾਲ ਨਾਪ ਲਈ ਅਤੇ ਤੀਸਰੇ ਕਦਮ ਨਾਲ ਬਲਿ ਰਾਜੇ ਦਾ ਸਰੀਰ ਮਾਪ ਲਿਆ। ਬਲਿ ਰਾਜੇ ਦੀ ਤਪੱਸਿਆ ਵੇਖ ਕੇ ਉਸ ਨੂੰ ਪਾਤਾਲ ਲੋਕ ਦਾ ਰਾਜ ਦੇ ਦਿੱਤਾ।

ਚੌਪਈ- ਇੱਕੀ ਸੁ ਇਨ ਪਰਦੱਛਨ ਦੀਨੀ। ਏਕ ਮਹੂਰਤ ਮਹਿ ਕਰਿ ਲੀਨੀ।
ਮਹਾਂਬਲੀ ਸੁ ਬੇਗ ਬਡ ਜਾ ਮੈਂ। ਏਤੋ ਬਲ ਕਹੀਏ ਕਹੁ ਕਾਮੈ॥੬੦॥

ਇਕੀ ਪਰਦਖਣਾ ਕਰਨ ਨੂੰ ਕਿਹਾ, ਦੋ ਘੜੀਆਂ ਵਿਚ ਕਰ ਲਈਆਂ, ਜੱਗ ਵਿਚ ਵੱਡੇ ਤੇਜ ਵਾਲਾ ਮਹਾਂਬਲੀ ਸੀ, ਉਸ ਤੋਂ ਵੱਡਾ ਬਲ ਹੋਰ ਕਿਸ ਵਿਚ ਹੈ॥ ੬੦॥

ਪੁਨ ਸ੍ਰੀ ਰਾਮਚੰਦ ਜਗ ਹੋਏ। ਜਿਨ ਨਿਜ ਭਗਤਨ ਕੇ ਦੁਖ ਖੋਏ।
ਤਿਨ ਕੇ ਸੰਗ ਲੰਕ ਮਹਿ ਗਯੋ। ਅਧਿਕ ਜੁੱਧ ਤਹਿ ਹੋਵਤਿ ਭਯੋ॥੬੧॥

ਫਿਰ ਸ੍ਰੀ ਰਾਮ ਚੰਦਰ ਜੱਗ ਵਿਚ ਹੋਏ, ਜਿਨ੍ਹਾਂ ਆਪਣੇ ਭਗਤਾਂ ਦੇ ਦੁੱਖ ਦੂਰ ਕੀਤੇ। ਜਾਮਵੰਤ ਉਨ੍ਹਾਂ ਦੇ ਨਾਲ ਲੰਕਾ ਵਿਚ ਗਿਆ, ਓਥੇ ਬਹੁਤ ਵੱਡਾ ਯੁੱਧ ਹੋਇਆ॥ ੬੧॥

ਕਰਯੋ ਪ੍ਰਾਕ੍ਰਮ ਰਣ ਮਹਿ ਭਾਰੀ। ਹਤੇ ਨਿਸ਼ਾਚਰ ਅਤਿ ਬਲਕਾਰੀ।
ਦ੍ਵਾਪੁਰ ਭਏ ਕ੍ਰਿਸ਼ਨ ਅਵਤਾਰਾ। ਧਰਨੀ ਹੇਤੁ ਨਿਵਾਰਨ ਭਾਰਾ॥੬੨॥

ਰਣਖੇਤਰ ਵਿਚ ਭਾਰੀ ਬਲ ਧਾਰ ਕੇ ਲੜਿਆ। ਵੱਡੇ ਵੱਡੇ ਬਲਵਾਨ ਦੈਂਤਾਂ ਨੂੰ ਮਾਰਿਆ। ਦਵਾਪਰ ਵਿਚ ਕ੍ਰਿਸ਼ਨ ਅਵਤਾਰ ਹੋਏ ਹਨ, ਧਰਤੀ ਦਾ ਭਾਰ ਦੂਰ ਕਰਨ ਹਿਤ ਆਏ ਸਨ॥ ੬੨॥

ਮਨਿ ਖੋਜਨ ਹਿਤ ਚਲਿ ਕੈ ਆਏ। ਜਾਮਵੰਤ ਦੇਖਯੋ ਇਹ ਥਾਏਂ।
ਲਗੇ ਕਰਨ ਮਿਲਿਕੈ ਸੰਗ੍ਰਾਮਾ। ਦੁੰਦ ਯੁੱਧ ਅਤਿਸ਼ੈ ਬਲ ਧਾਮਾ॥ ੬੩॥

ਸ੍ਰੀ ਕ੍ਰਿਸ਼ਨ ਮਨੀ ਦੀ ਖੋਜ ਕਰਨ ਵਾਸਤੇ ਜੰਮੂ ਆਏ ਸਨ। ਜਾਮਵੰਤ ਨੂੰ ਇਸ ਥਾਂ ਵੇਖਿਆ। ਦੋਵੇਂ ਮਿਲ ਕੇ ਯੁੱਧ ਕਰਨ ਲੱਗੇ। ਦੋਵੇਂ ਤਾਕਤ ਦੇ ਘਰ ਆਪਸ ਵਿਚ ਦੁੰਦ ਯੁੱਧ ਕਰਨ ਲੱਗੇ॥ ੬੩॥

ਨਹੀਂ ਪਰਾਜੈ ਕਿਸ ਦਿਸ਼ ਹੋਈ। ਦਿਵਸ ਅਸ਼ਟ ਬਿੰਸਤ ਭਟ ਦੋਈ।
ਲਰਤਯੋ ਜਬੈ ਬਿਜੈ ਨਹਿ ਪਾਵਾ। ਰਾਮ ਬੇਖ ਸ੍ਰੀ ਕ੍ਰਿਸ਼ਨ ਬਨਾਵਾ॥ ੬੪॥

ਦੋਹਾਂ ਪਾਸਿਆਂ ਤੋਂ ਕੋਈ ਵੀ ਹਾਰ ਨਹੀਂ ਸੀ ਰਿਹਾ। ਦੋਵੇਂ ਸੂਰਮੇ ਅਠਾਈ ਦਿਨ ਲੜਦੇ ਰਹੇ। ਜਦ ਕ੍ਰਿਸ਼ਨ ਨੇ ਇਹ ਵੇਖਿਆ ਕਿ ਜਿੱਤ ਹੋਣੀ ਮੁਸ਼ਕਿਲ ਹੈ ਤਾਂ ਉਸ ਨੇ ਰਾਮ ਦਾ ਰੂਪ ਧਾਰਨ ਕਰ ਲਿਆ ॥ ੬੪॥

ਦੋਹਰਾ- ਦੇਖਿ ਰੂਪ ਸ੍ਰੀ ਰਾਮ ਕੋ ਤਤਛਿਨ ਪਗ ਲਪਟਾਇ।
ਮਨਿ, ਤਨੁਜਾ ਦੇ ਆਪਨੀ ਭੂਲ ਲਈ ਬਖਸ਼ਾਇ॥ ੬੫॥

ਜਦ ਜਾਮਵੰਤ ਨੇ ਆਪਣੇ ਸਾਹਮਣੇ ਰਾਮ ਖੜਾ ਵੇਖਿਆ ਤਾਂ ਫੌਰਨ ਚਰਨੀਂ ਪੈ ਗਿਆ। ਆਪਣੀ ਬੇਟੀ ਜਾਮਵੰਤੀ ਦੇ ਕੇ ਆਪਣੀ ਭੁਲ ਬਖਸ਼ਾਈ॥ ੬੫॥

ਚੌਪਈ- ਤਬ ਸ੍ਰੀ ਕ੍ਰਿਸ਼ਨ ਦ੍ਵਾਰਕਾ ਗਯੋ। ਜਾਮਵੰਤ ਤੇ ਜੰਮੂ ਭਯੋ।
ਇਸ ਬਿਧਿ ਕਰਤਯੋ ਬਚਨ ਬਿਲਾਸਾ। ਦਿਵਸ ਬਿਤਾਏ ਦ੍ਵੈ ਸੁਖ ਰਾਸਾ॥੬੬॥

ਤਦ ਸ੍ਰੀ ਕ੍ਰਿਸ਼ਨ ਦਵਾਰਕਾ ਗਏ ਅਤੇ ਜਾਮਵੰਤ ਦੇ ਨਾਂ ਤੇ ਇਸ ਸ਼ਹਿਰ ਦਾ ਨਾਂ ਜੰਮੂ ਹੋ ਗਿਆ।'' ਇਸ ਤਰ੍ਹਾਂ ਬਚਨ ਬਿਲਾਸ ਕਰਦਿਆਂ ਗੁਰੂ ਜੀ ਨੇ ਦੋ ਦਿਨ ਬਿਤਾ ਦਿੱਤੇ॥ ੬੬॥

ਗੁਰ ਮਿਲਿ ਕੇਤਿਕ ਨਰ ਹਰਖਾਏ। ਜਾਇ ਭੂਪ ਢਿਗ ਬੈਨ ਸੁਨਾਏ।
'ਵਹਿਰ ਤਪਾ ਸ੍ਰੀ ਨਾਨਕ ਆਵਾ। ਜਿਸਕੋ ਜਸ ਜਗ ਮੈਂ ਬਹੁ ਛਾਵਾ॥੬੭॥

ਗੁਰੂ ਜੀ ਨੂੰ ਮਿਲ ਕੇ ਕਈ ਮਨੁੱਖ ਬਹੁਤ ਖੁਸ਼ ਹੋਏ। ਰਾਜੇ ਪਾਸ ਜਾ ਕੇ ਉਨ੍ਹਾਂ ਨੇ ਕਿਹਾ, "ਬਾਹਰ ਤਪਾ ਸ੍ਰੀ ਨਾਨਕ ਆਇਆ ਹੈ ਜਿਸ ਦਾ ਵੱਡਾ ਜੱਸ ਜੱਗ ਵਿਚ ਛਾਇਆ ਹੈ" ॥ ੬੭ ॥

ਸੁਨਤਿ ਨਗਨ ਪਗ ਤੂਰਨ ਧਾਯੋ। ਉੱਤਮ ਬਹੁਤ ਉਪਾਇਨ ਲਜਾਯੋ।
ਦੀਨ ਹੋਇ ਪਦ ਬੰਦਨ ਕੀਨੀ। ਬਿਨੈ ਭਨੀ ਭੇਟੈਂ ਧਰਿ ਦੀਨੀ॥ ੬੮ ॥

ਰਾਜੇ ਨੇ ਜਦ ਇਹ ਸੁਣਿਆ ਤਾਂ ਨੰਗੇ ਪੈਰੀਂ ਚਲ ਪਿਆ। ਆਪਣੇ ਨਾਲ ਉਹ ਬਹੁਤ ਪਦਾਰਥ ਲੈ ਕੇ ਆਇਆ। ਬੜਾ ਨਿਮਰ ਹੋ ਕੇ ਉਸ ਚਰਨ ਬੰਦਨਾ ਕੀਤੀ। ਜੋ ਵੀ ਭੇਟਾਵਾਂ ਲੈ ਕੇ ਆਇਆ ਸੀ, ਗੁਰੂ ਜੀ ਦੇ ਅੱਗੇ ਧਰ ਦਿੱਤੀਆਂ॥ ੬੮॥

ਦੋਹਰਾ- 'ਪੂਰਨ ਸ੍ਰੀ ਸਤਿਗੁਰ ਤੁਹੀ ਦੀਜੈ ਨਿਜ ਉਪਦੇਸ਼।
ਗਹੀ ਚਰਨ ਕੀ ਸ਼ਰਨ ਮੈਂ ਸਿੱਖ ਕਰੋ ਜਗਤੇਸ਼!' ॥ ੬੯ ॥

"ਹੇ ਸਤਿਗੁਰੂ ਜੀ ਤੁਸੀਂ ਪੂਰਨ ਸੰਤ ਹੋ, ਆਪਣਾ ਉਪਦੇਸ਼ ਸਾਨੂੰ ਦੇਵੋ। ਮੈਂ ਤੁਹਾਡੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ, ਮੈਨੂੰ ਆਪਣਾ ਸਿੱਖ ਬਣਾ ਲਵੋ" ॥ ੬੯॥

ਚੌਪਈ- ਸੁਨਤਿ ਬਿਨੈ ਕਰਿ ਦਯਾ ਕ੍ਰਿਪਾਲਾ। ਸੁਖ ਨਿਧਿ ਬੋਲੇ ਬਚਨ ਰਸਾਲਾ।
'ਕੀਜੈ ਸਦਾ ਧਰਮ ਕੋ ਨਯਾਉਂ। ਲੋਭ ਧਾਰਿ ਨਹਿੰ ਕਰਿ ਕੁਨਿਆਉਂ ॥੭੦॥

ਰਾਜੇ ਦੀ ਬੇਨਤੀ ਸੁਣ ਕੇ ਕਿਰਪਾਲੂ ਗੁਰੂ ਜੀ ਨੇ ਦਇਆ ਕੀਤੀ ਸੁਖ ਨਿਧਾਨ ਨੇ ਰਸੀਲੇ ਬਚਨ ਕਹੇ, "ਸਦਾ ਧਰਮ ਦਾ ਨਿਆਂ ਕਰੋ। ਲੋਭ ਵਿਚ ਆ ਕੇ ਕੋਈ ਅਨਿਆਂ ਨਾ ਕਰੋ॥ ੭੦॥

ਜਗਤ ਜਾਨਿਯੈ ਸੁਪਨ ਸਮਾਨਾ। ਸੱਤਿ ਆਤਮਾ ਏਕ ਪਛਾਨਾ।
ਸੇਵਾ ਸੰਤਨ ਕੀ ਚਿਤ ਦੀਜੈ। ਨਗਨ ਛੁਧਿਤਿ ਪਰ ਕਰੁਨਾ ਕੀਜੈ॥੭੧॥

ਇਸ ਜਗਤ ਨੂੰ ਸੁਪਨੇ ਸਮਾਨ ਸਮਝੋ। ਸੱਚੀ ਆਤਮਾ ਇਕੋ ਪਛਾਣੋ। ਸੰਤਾਂ ਦੀ ਸੇਵਾ ਚਿੱਤ ਲਾ ਕੇ ਕਰੋ, ਨੰਗਿਆਂ ਅਤੇ ਭੁੱਖਿਆਂ ਤੇ ਕਿਰਪਾ ਕਰੋ॥ ੭੧॥

ਸੱਤਿਨਾਮ ਜਪੀਏ ਲਿਵਲਾਈ। ਸੁਨੀਏ ਹਰਿ ਕੀਰਤਿ ਗੁਨ ਗਾਈ।
ਸਤਿਸੰਗਤਿ ਮਿਲਿ ਸਮਾਂ ਬਿਤਾਵਹੁ। ਇਹ ਉਪਦੇਸ਼ ਜਿ ਆਪ ਕਮਾਵਹੁ ॥੭੨॥

ਸਤਿਨਾਮ ਦਾ ਲਿਵ ਲਾ ਕੇ ਜਾਪ ਕਰੋ। ਹਰੀ ਦਾ ਕੀਰਤਨ ਸੁਣੋ ਅਤੇ ਉਸ ਦੇ ਗੁਣ ਗਾਵੋ। ਸਤਿਸੰਗਤ ਵਿਚ ਜਾ ਕੇ ਆਪਣਾ ਸਮਾਂ ਬਿਤੀਤ ਕਰੋ। ਇਹ ਉਪਦੇਸ਼ ਜੇ ਆਪ ਕਮਾਵੋਗੇ॥ ੭੨॥

ਤੌ ਬਾਈਸ ਧਾਰਨ ਹ੍ਵੈ ਰਾਜਾ। ਸਭਿ ਇਸ ਲੋਕਹਿਂ ਪੂਜਹਿਂ ਕਾਜਾ।
ਹ੍ਵੈ ਪਰਲੋਕ ਬਿਖੈ ਗਤਿ ਆਛੇ। ਬਖਸ਼ੇ ਅਬ ਜੁ ਕਰੇ ਅਘ ਪਾਛੇ' ॥੭੩॥

ਤਾਂ ਬਾਈ ਧਾਰ ਰਾਜਾ ਬਣੋਗੇ। ਇਸ ਲੋਕਾਈ ਵਿਚ ਆਪ ਦੇ ਸਾਰੇ ਕਾਰਜ ਪੂਰਨ ਹੋਣਗੇ। ਪਰਲੋਕ ਵਿਚ ਚੰਗੀ ਗਤੀ ਪ੍ਰਾਪਤ ਹੋਵੇਗੀ। ਅਗਲੇ ਪਿਛਲੇ ਪਾਪ ਬਖਸ਼ੇ ਜਾਣਗੇ॥ ੭੩॥

ਸੁਨਿ ਗੁਰਬਚਨ ਨ੍ਰਿਪਤ ਮਨ ਭਾਏ। ਜਸ ਭਾਖੇ ਤਸ ਬਹੁਰ ਕਮਾਏ।
ਬਧਜੋ ਰਾਜ ਜੇਤੋ ਗੁਰਭਾਖਾ। ਕਿਤਿਕ ਦਿਵਸ ਸ੍ਰੀਗੁਰ ਤਿਹ ਰਾਖਾ॥੭੪॥

ਗੁਰੂ ਜੀ ਦੇ ਬਚਨ ਰਾਜੇ ਦੇ ਮਨ ਨੂੰ ਬਹੁਤ ਚੰਗੇ ਲੱਗੇ। ਜਿਸ ਤਰ੍ਹਾਂ ਗੁਰੂ ਜੀ ਨੇ ਕਿਹਾ ਸੀ ਉਸ ਤਰ੍ਹਾਂ ਹੀ ਉਸ ਰਾਜ ਨੇ ਕਮਾਈ ਕੀਤੀ। ਕਈ ਦਿਨ ਗੁਰੂ ਜੀ ਨੂੰ ਉਸ ਆਪਣੇ ਪਾਸ ਰਖਿਆ॥ ੭੪॥

ਧਰਮ ਦ੍ਰਿੜਾਇ ਦੀਨ ਉਪਦੇਸ਼ਾ। ਬਿਦਾ ਹੋਇ ਗਮਨੈ ਜਗਤੇਸ਼ਾ।

ਏਕ ਗ੍ਰਾਮ ਬਨਜਾਰਨ ਕੇਰਾ। ਤਹਾਂ ਆਇ ਨਿਸ ਕੀਨ ਬਸੇਰਾ॥ ੭੫॥

ਗੁਰੂ ਜੀ ਨੇ ਧਰਮ ਦ੍ਰਿੜ੍ਹਾਇਆ ਅਤੇ ਉਪਦੇਸ਼ ਦਿੱਤਾ। ਫਿਰ ਗੁਰੂ ਜੀ ਵਿਦਾਇਗੀ ਲੈ ਕੇ ਅੱਗੇ ਚਲੇ ਗਏ। ਰਾਹ ਵਿਚ ਇਕ ਵਣਜਾਰਿਆਂ ਦਾ ਪਿੰਡ ਆਇਆ। ਉਥੇ ਆ ਕੇ ਠਹਿਰ ਗਏ॥ ੭੫॥

ਤਿਨਕੇ ਬਿਖੇ ਹੁਤੋ ਜੋ ਨਾਇਕ। ਸੁਤ ਜਨਮਜੋ ਤਿਹ ਘਰ ਸੁਖਦਾਇਕ।
ਤਿਹ ਸੰਤਤਿ ਪੂਰਬ ਨਹਿ ਕੋਈ। ਤਾਂ ਦਿਨ ਅਧਿਕ ਬਧਾਈ ਹੋਈ॥ ੭੬॥

ਉਨ੍ਹਾਂ ਦਾ ਜਿਹੜਾ ਮੁਖੀਆ ਸੀ, ਉਸ ਦੇ ਘਰ ਸੁਖ ਦੇਣ ਵਾਲਾ ਪੁੱਤਰ ਪੈਦਾ ਹੋਇਆ ਸੀ। ਉਸ ਦੇ ਪਹਿਲਾਂ ਕੋਈ ਔਲਾਦ ਨਹੀਂ ਸੀ। ਇਸ ਕਰਕੇ ਉਸ ਦੇ ਘਰ ਵੱਡੀ ਵਧਾਈ ਬਣੀ ਸੀ॥ ੭੬॥

ਆਨ ਮੁਮਾਰਖ ਮਾਨਵ ਦੇਵਹਿਂ। ਉਰ ਪ੍ਰਸੰਨਤਾ ਸਭਿ ਕੀ ਲੇਵਹਿ।
ਮਿਲਿ ਕਰਿ ਦੇਤਿ ਅਸੀਸ ਬਿਸਾਲਾ। ਡਾਰਤਿ ਅਲਤਾ ਬਹੁਰ ਗੁਲਾਲਾ॥੭੭॥

ਲੋਕ ਆ ਆ ਕੇ ਮੁਬਾਰਕਾਂ ਦੇ ਰਹੇ ਸਨ। ਸਾਰਿਆਂ ਦੀ ਪ੍ਰਸੰਨਤਾ ਆਪਣੇ ਹਿਰਦੇ ਵਿਚ ਲੈਂਦਾ ਸੀ। ਕਈ ਮਿਲ ਕੇ ਵੱਡੀਆਂ ਵੱਡੀਆਂ ਅਸੀਸਾਂ ਦਿੰਦੇ ਸਨ। ਰੰਗਦਾਰ ਧੂੜੇ ਅਤੇ ਗੁਲਾਲ ਧੂੜ ਰਹੇ ਸਨ॥ ੭੭॥

ਤਿਹ ਉਪਬਨ ਮੈਂ ਸ੍ਰੀ ਗੁਰ ਆਏ। ਬੈਠੇ ਜਹਿਂ ਬਹੁ ਭਨਤਿ ਬਧਾਏ।
ਕਰਤਿ ਬਿਲਾਸ ਸੰਝ ਭੀ ਗਵਨੇ। ਪ੍ਰਾਪਤ ਹੋਤਿ ਭਏ ਨਿਜ ਭਵਨੇ॥ ੭੮॥

ਉਥੇ ਇਕ ਬਗੀਚੇ ਵਿਚ ਗੁਰੂ ਜੀ ਆਏ। ਉਸ ਥਾਂ ਬੈਠ ਗਏ ਜਿਥੇ ਲੋਕ ਵਧਾਈਆਂ ਦਿੰਦੇ ਸਨ, ਇਸ ਤਰ੍ਹਾਂ ਹਾਸ ਬਿਲਾਸ ਕਰਦਿਆਂ ਸ਼ਾਮ ਹੋ ਗਈ ਅਤੇ ਸਾਰੇ ਲੋਕ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੭੮॥

ਨਹਿਂ ਸੁਧ ਸ੍ਰੀ ਨਾਨਕ ਕੀ ਲੀਨੀ। ਮਿਲਿ ਕਰਿ ਕਿਸੇ ਨ ਬੰਦਨ ਕੀਨੀ।
ਹਰਖ ਭਰੇ ਗਰਬਤਿ ਸੋ ਗਵਨੇ। ਨਹਿਂ ਸਨਮਾਨਹਿਂ ਲਖਿ ਗੁਨ ਭਵਨੇ॥੭੯॥

ਕਿਸੇ ਵੀ ਗੁਰੂ ਨਾਨਕ ਦੇਵ ਜੀ ਦੀ ਖਬਰ ਸਾਰ ਨਾ ਲਈ। ਕਿਸੇ ਵੀ ਮਿਲ ਕੇ ਬੰਦਨਾ ਨਾ ਕੀਤੀ। ਹੰਕਾਰੀ ਹੋ ਕੇ ਹੰਕਾਰ ਨਾਲ ਭਰੇ ਹੋਏ ਸਨ। ਗੁਣਾਂ ਦੇ ਘਰ ਭਾਵ ਗੁਰੂ ਜੀ ਨੂੰ ਵੇਖ ਕੇ ਆਦਰ ਨਾ ਕੀਤਾ॥ ੭੯॥

ਕਿਤਿਕ ਕਾਲ ਪੀਛੇ ਮਰਦਾਨੇ। ਸ੍ਰੀ ਗੁਰ ਸੋਂ ਅਸ ਬਚਨ ਬਖਾਨੇ।
'ਖੁਸ਼ੀ ਭਰੇ ਗਰਬਤਿ ਮਨ ਮੂਢੇ। ਸੁਤ ਜਨਮੇ ਬਹੁ ਮੋਹ ਅਰੂਢੇ॥ ੮੦॥

ਕਾਫੀ ਸਮੇਂ ਬਾਅਦ ਮਰਦਾਨੇ ਨੇ ਗੁਰੂ ਜੀ ਨੂੰ ਇਹ ਬਚਨ ਕਹੇ, "ਇਹ ਖੁਸ਼ੀ ਭਰੇ ਬੜੇ ਹੰਕਾਰੀ ਹੋ ਰਹੇ ਹਨ, ਪੁੱਤਰ ਜਨਮਿਆ ਹੈ ਤਾਂ ਉਸ ਦੇ ਮੋਹ ਵਿਚ ਫਸ ਗਏ ਹਨ॥ ੮੦॥

ਤੁਮਰੋ ਕਛੁ ਸਨਮਾਨ ਨ ਕੀਨਾ। ਭੇਟ ਨ ਦੀਨਿ ਅਤੀਤ ਨ ਚੀਨਾ।
ਕਰਹਿਂ ਪਰਸਪਰ ਅਧਿਕ ਬਧਾਈ। ਇਹ ਮਤਿਮੰਦ ਰਹੇ ਗਰਬਾਈ' ॥੮੧॥

ਤੁਹਾਡਾ ਉਨ੍ਹਾਂ ਕੁਝ ਵੀ ਸਨਮਾਨ ਨਹੀ ਕੀਤਾ। ਭੇਟਾ ਦੇਣ ਵਾਸਤੇ ਫਕੀਰ ਨੂੰ ਨਹੀ ਪਹਿਚਾਣਿਆ। ਲਗਾਤਾਰ ਵਧਾਈਆਂ ਲੈ ਰਿਹਾ ਹੈ ਤੇ ਮੂਰਖ ਮਤ ਵਾਲਾ ਹੰਕਾਰ ਨਾਲ ਭਰਦਾ ਜਾਂਦਾ ਹੈ"॥ ੮੧॥

ਗੁਰੂ ਕਹੈਂ 'ਇਹ ਬਾਲ ਜੁ ਜਾਯੋ। ਸੋ ਅਪਨੋ ਰਿਣ ਲੇਣੇ ਆਯੋ।
ਪੂਰਬ ਜਨਮ ਜਿਤੋ ਇਸ ਪਾਹੀ। ਸੋ ਲੇ ਭੋਰ ਹਤਿ ਮਰਿ ਜਾਹੀ॥ ੮੨॥

ਗੁਰੂ ਜੀ ਨੇ ਕਿਹਾ, "ਇਹ ਬਾਲ ਜੋ ਜਨਮਿਆ ਹੈ, ਉਹ ਆਪਣਾ ਕਰਜ਼ਾ ਲੈਣ ਆਇਆ ਹੈ। ਪਿਛਲੇ ਜਨਮ ਵਿਚ ਜਿੰਨਾ ਇਸ ਪਾਸੋਂ ਲਿਆ ਸੀ, ਓਨਾ ਲੈ ਕੇ ਇਹ ਸਵੇਰ ਹੁੰਦਿਆਂ ਹੀ ਮਰ ਜਾਵੇਗਾ॥ ੮੨॥

ਇਸਕੋ ਦੈ ਹੈ ਸੰਕਟ ਭਾਰਾ। ਰੁਦਨ ਕਰਹਿਂ ਕਹਿ ਬਾਲ ਹਮਾਰਾ।
ਮੋਹ ਫਾਸ ਮੈਂ ਫਸਿ ਕਰਿ ਆਪਾ। ਮਿਲਿ ਕਰਿ ਕਰਹਿਂ ਬਿਲਾਪ ਕਲਾਪਾ ॥੯੩॥

ਇਸ ਨੂੰ ਭਾਰੀ ਕਸ਼ਟ ਦੇਵੇਗਾ। ਵਿਰਲਾਪ ਕਰਨਗੇ ਅਤੇ ਕਹਿਣਗੇ ਸਾਡਾ ਬਾਲ ਹੈ। ਆਪੇ ਨੂੰ ਮੋਹ ਫਾਸ ਵਿਚ ਫਸਾ ਕੇ ਸਾਰੇ ਮਿਲ ਕੇ ਵਿਰਲਾਪ ਕਰਨਗੇ॥ ੯੩॥

ਇਸ ਬਿਧਿ ਕਹਿ ਕਰਿਕੈ ਅਨੁਰਾਗਾ। ਉਚਰਜੋ ਸ਼ਬਦ ਗਾਇ ਮੁਖ ਰਾਗਾ।
ਮਰਦਾਨੇ ਤਬ ਆਇਸੁ ਪਾਈ। ਲੇ ਰਬਾਬ ਸੁਰ ਤਾਰ ਬਜਾਈ॥ ੯੪॥

ਇਸ ਤਰ੍ਹਾਂ ਕਹਿ ਕੇ ਪ੍ਰੇਮ ਵਿਚ ਆ ਗਏ ਤੇ ਮੁੱਖ ਤੋਂ ਸਿਰੀਰਾਗ ਵਿਚ ਸ਼ਬਦ ਉਚਾਰਨ ਕੀਤਾ। ਮਰਦਾਨੇ ਨੂੰ ਫਿਰ ਆਗਿਆ ਕੀਤੀ ਕਿ ਰਬਾਬ ਲੈ ਕੇ ਰਾਗ ਅਨੁਸਾਰ ਸੁਰ ਵਜਾਓ॥ ੯੪॥

ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ।
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥ ੧॥
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ॥ ੨॥
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ॥ ੩॥
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥

ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥ ੪ ॥ ੧ ॥ (ਪੰਨਾ ੭੪)

ਰਾਤ ਦੇ ਪਹਿਲੇ ਪਹਿਰ ਵਿਚ, ਹੇ ਵਣਜਾਰਿਆ ਮਿਤਰਾ, ਪ੍ਰਭੂ ਦੇ ਹੁਕਮ ਨਾਲ ਤੈਨੂੰ ਮਾਂ ਦੇ ਪੇਟ ਵਿਚ ਪਾ ਦਿੱਤਾ ਗਿਆ। ਪੁੱਠੀ ਹੋਈ ਦੇਹ ਨਾਲ ਤੂੰ ਅੰਦਰ ਤਪੱਸਿਆ ਕਰਦਾ ਸੀ ਤੇ ਹੇ ਵਣਜਾਰਿਆ ਮਿਤਰਾ ਆਪਣੇ ਮਾਲਕ ਪਾਸ ਪ੍ਰਾਰਥਨਾ ਕਰਦਾ ਸੀ।

ਮੂਧੇ ਮੂੰਹ ਤੂੰ ਜੁੜੀ ਹੋਈ ਸੁਰਤ ਅਤੇ ਪ੍ਰੀਤ ਨਾਲ ਸੁਆਮੀ ਅੱਗੇ ਬੇਨਤੀ ਕਰਦਾ ਸੀ। ਤੂੰ ਕਲਜੁਗ ਅੰਦਰ ਦਸਤੂਰ ਦੇ ਉਲਟ ਨੰਗਾ ਆਇਆ ਸੀ ਅਤੇ ਮੁੜ ਨੰਗਾ ਹੀ ਚਲਾ ਜਾਵੇਂਗਾ। ਪ੍ਰਾਣੀ ਕੋਲ ਓਹੋ ਕੁਝ ਹੋਵੇਗਾ ਜਿਸ ਤਰ੍ਹਾਂ ਰੱਬ ਦੀ ਕਲਮ ਨੇ ਉਸ ਦੇ ਮੱਥੇ ਤੇ ਲਿਖਿਆ ਹੈ। ਗੁਰੂ ਜੀ ਕਹਿੰਦੇ ਹਨ, ਪਹਿਲੇ ਪਹਿਰ ਅੰਦਰ ਰੱਬ ਦੇ ਹੁਕਮ ਅਨੁਸਾਰ ਜਿੰਦੜੀ ਰਹਿਮ ਅੰਦਰ ਪੈ ਜਾਂਦੀ ਹੈ। ਰਾਤ ਦੇ ਦੂਸਰੇ ਪਹਿਰ ਹੇ ਵਣਜਾਰਿਆ ਮਿਤਰਾ, ਇਨਸਾਨ ਸਾਹਿਬ ਦੇ ਸਿਮਰਨ ਨੂੰ ਭੁੱਲ ਜਾਂਦਾ ਹੈ। ਯਸ਼ੋਦਾ ਘਰ ਕਾਨ੍ਹ ਵਾਂਗ ਇਸ ਨੂੰ ਹੱਥੋ-ਹੱਥੀ ਖਿਡਾਉਂਦੇ ਹਨ, ਹੇ ਵਣਜਾਰਿਆ ਮਿਤਰਾ। ਬਾਹਾਂ ਵਿਚ ਜੀਵ ਨੂੰ ਟਪਾਇਆ ਜਾਂਦਾ ਹੈ ਅਤੇ ਮਾਂ ਆਖਦੀ ਹੈ ਇਹ ਮੇਰਾ ਪੁੱਤਰ ਹੈ। ਹੇ ਮੇਰੇ ਬੇਸਮਝ ਤੇ ਮੂਰਖ ਮਨ ! ਵਾਹਿਗੁਰੂ ਨੂੰ ਚੇਤੇ ਕਰ, ਅਖੀਰ ਨੂੰ ਤੇਰਾ ਕੁਝ ਵੀ ਨਹੀਂ ਹੋਣਾ। ਤੂੰ ਉਸ ਨੂੰ ਨਹੀਂ ਸਮਝਦਾ ਜਿਸ ਨੇ ਰਚਨਾ ਰਚੀ ਹੈ। ਹੁਣ ਤੂੰ ਆਪਣੇ ਦਿਲ ਅੰਦਰ ਸਿਆਣਪ ਨੂੰ ਥਾਂ ਦੇਹ। ਹੇ ਨਾਨਕ ! ਦੂਸਰੇ ਪਹਿਰ ਜੀਵ ਸਾਈਂ ਦੇ ਸਿਮਰਨ ਨੂੰ ਭੁਲਾ ਦਿੰਦਾ ਹੈ। ਤੀਜੇ ਪਹਿਰ ਹੇ ਵਣਜਾਰਿਆ ਮਿਤਰਾ, ਆਦਮੀ ਦੇ ਖਿਆਲ ਇਸਤਰੀ ਅਤੇ ਜੁਆਨੀ ਨਾਲ ਜੁੜ ਜਾਂਦੇ ਹਨ। ਹੇ ਵਣਜਾਰਿਆ ਮਿਤਰਾ ਹਰੀ ਦੇ ਨਾਮ ਦਾ ਸਿਮਰਨ ਨਹੀਂ ਕਰਦਾ, ਜਿਸ ਰਾਹੀਂ ਕੈਦ ਤੋਂ ਖਲਾਸੀ ਪਾ ਸਕਦਾ ਹੈ। ਜੀਵ ਰੱਬ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਅਤੇ ਸੰਸਾਰੀ ਪਦਾਰਥਾਂ ਨਾਲ ਵਿਆਕੁਲ ਹੋ ਰਿਹਾ ਹੈ। ਉਹ ਪਤਨੀ ਦੀ ਪ੍ਰੀਤ ਨਾਲ ਰੰਗਿਆ ਹੋਇਆ ਅਤੇ ਜਵਾਨੀ ਨਾਲ ਮਤਵਾਲਾ ਹੋਇਆ ਹੈ, ਇਸ ਤਰ੍ਹਾਂ ਉਹ ਆਪਣਾ ਜੀਵਨ ਵਿਅਰਥ ਗਵਾ ਰਿਹਾ ਹੈ। ਨੇਕੀ ਨਾਲ ਉਸ ਵਣਜ ਨਹੀਂ ਕੀਤਾ ਅਤੇ ਚੰਗੇ ਅਮਲ ਨਾਲ ਉਸ ਆਪਣੇ ਯਾਰ ਨਹੀਂ ਬਣਾਏ। ਹੇ ਨਾਨਕ ! ਤੀਜੇ ਪਹਿਰ ਇਨਸਾਨ ਦਾ ਮਨ ਦੌਲਤ ਅਤੇ ਜੁਆਨੀ ਨਾਲ ਜੁੜਿਆ ਹੋਇਆ ਹੈ। ਰਾਤ ਦੇ ਚੌਥੇ ਪਹਿਰੇ, ਹੇ ਮੇਰੇ ਵਣਜਾਰਿਆ ਮਿਤਰਾ, ਵਾਢਾ ਖੇਤ ਵਿਚ ਆ ਜਾਂਦਾ ਹੈ।

ਜਦ ਮੌਤ ਦਾ ਫਰਿਸ਼ਤਾ ਉਸ ਨੂੰ ਫੜ ਕੇ ਤੁਰ ਜਾਂਦਾ ਹੈ ਤਾਂ ਹੇ ਵਣਜਾਰਿਆ ਮਿਤਰਾ ਕਿਸੇ ਨੂੰ ਵੀ ਭੇਦ ਦਾ ਪਤਾ ਨਹੀਂ ਲੱਗਦਾ। ਇਸ ਰਾਜ਼ ਦਾ ਕਿ ਕਦੋਂ ਮੌਤ ਦੇ ਦੂਤ ਨੇ ਪ੍ਰਾਣੀ ਨੂੰ ਫੜ ਕੇ ਅੱਗੇ ਧਰ ਲੈਣਾ ਹੈ, ਕਿਸੇ ਨੂੰ ਪਤਾ ਨਹੀਂ ਲਗਦਾ। ਇਸ ਲਈ ਹੇ ਬੰਦੇ ! ਹਰੀ ਨੂੰ ਯਾਦ ਕਰੋ। ਉਸ ਦੇ ਦੁਆਲੇ ਵਿਰਲਾਪ ਕਰਨਾ ਝੂਠਾ ਹੈ, ਇਕ ਪੱਲ ਵਿਚ ਪ੍ਰਾਣੀ ਪਰਦੇਸੀ ਹੋ ਜਾਂਦਾ ਹੈ। ਉਸ ਨੂੰ ਉਹੀ ਚੀਜ਼ ਮਿਲ ਜਾਂਦੀ ਹੈ ਜਿਸ ਨਾਲ ਉਸ ਪ੍ਰੀਤ ਪਾਈ ਹੁੰਦੀ ਹੈ। ਹੇ ਨਾਨਕ ! ਚੌਥੇ ਪਹਿਰੇ, ਹੇ ਜੀਵ ! ਵਾਢੇ ਨੇ ਖੇਤ ਨੂੰ ਵੱਢ ਲਿਆ ਹੈ॥ ੪ ॥ ੧ ॥

ਚੌਪਈ- ਜਬ ਨਿਸ ਬੀਤ ਭਈ ਭੁਨ ਸਾਰਾ। 'ਬਾਲਿਕ ਮਰਿਗਾ' ਪਰੀ ਪੁਕਾਰਾ।
ਰੁਦਨ ਕਰੈਂ ਮਿਲਿਕੈ ਬਹੁ ਨਾਰੀ। ਬਾਰ ਉਖਾਰਿ ਸੀਸ ਕੇ ਡਾਰੀ ॥੯੫॥

ਜਦ ਸਾਰੀ ਰਾਤ ਬੀਤ ਗਈ ਅਤੇ ਫਿਰ ਸਵੇਰ ਹੋਈ ਤਾਂ ਬਾਲਕ ਮਰ ਗਿਆ ਅਤੇ ਚੀਖ ਚਿਹਾੜਾ ਪੈ ਗਿਆ। ਬਹੁਤ ਇਸਤਰੀਆਂ ਇਕੱਠੀਆਂ ਹੋ ਕੇ ਰੋ ਰਹੀਆਂ ਸਨ ਅਤੇ ਆਪਣੇ ਸਿਰ ਦੇ ਵਾਲ ਪੁੱਟ ਰਹੀਆਂ ਸਨ॥ ੯੫॥

ਨਿਕਸੇ ਵਹਿਰ ਬਾਲ ਕੋ ਲੀਨਾ। ਖਨਿਕੈ ਧਰਾ ਦਾਬ ਸੋ ਦੀਨਾ।
ਕਰੈਂ ਬਿਲਾਪ ਅਨੇਕ ਪ੍ਰਕਾਰਾ। ਬਢਜੋ ਗ੍ਰਾਮ ਮਹਿਂ ਸ਼ੋਕ ਅਪਾਰਾ ॥੯੬॥

ਬਾਲਕ ਨੂੰ ਲੈ ਕੇ ਬਾਹਰ ਨਿਕਲੇ। ਧਰਤੀ ਪੁੱਟ ਕੇ ਉਸ ਨੂੰ ਦੱਬ ਦਿੱਤਾ। ਅਨੇਕ ਪ੍ਰਕਾਰ ਦੇ ਵਿਰਲਾਪ ਕਰਦੇ ਸਨ। ਸਾਰੇ ਪਿੰਡ ਨੇ ਵੱਡਾ ਸੋਗ ਮਨਾਇਆ॥ ੯੬॥

ਤਿਨ ਬਿਲੋਕਿ ਬੋਲਯੋ ਮਰਦਾਨਾ। 'ਪੂਰਬ ਇਨ ਕੇ ਹਰਖ ਮਹਾਨਾ।
ਅਬਿ ਹੋਯੋ ਸੁਤ ਸ਼ੋਕ ਬਿਸਾਲਾ। ਰੁਦਨ ਕਰਤਿ ਅਚਰਜ ਗਤਿ ਕਾਲਾ॥੯੭॥

ਉਨ੍ਹਾਂ ਨੂੰ ਵੇਖ ਕੇ ਮਰਦਾਨਾ ਬੋਲਿਆ, ''ਪਹਿਲਾਂ ਤਾਂ ਇਹ ਬਹੁਤ ਖੁਸ਼ ਹੋਏ ਸਨ, ਹੁਣ ਪੁੱਤਰ ਮੋਇਆ ਤਾਂ ਬੜਾ ਦੁੱਖ ਮਨਾ ਰਹੇ ਹਨ। ਹੁਣ ਰੋ ਰਹੇ ਹਨ, ਕਾਲ ਦੀ ਗਤੀ ਬੜੀ ਅਸਚਰਜ ਹੈ॥ ੯੭॥

ਮੋਹ ਫਸੇ ਨਰ ਦੁਖ ਸੁਖ ਮਾਨਤਿ। ਕਰਤਾ ਹਰਤਾ ਨਹਿਂ ਪਹਿਚਾਨਤਿ'।
ਸੁਨਿ ਕਰਿ ਸ੍ਰੀਗੁਰ ਪਰਮ ਉਦਾਰਾ। ਤਿਹ ਛਿਨ ਏਕ ਸ਼ਲੋਕ ਉਚਾਰਾ॥੯੮॥

ਮੋਹ ਵਿਚ ਫਸੇ ਲੋਕ ਦੁਖ ਸੁਖ ਮਨਾਉਂਦੇ ਹਨ, ਸਭ ਕੁਝ ਕਰਨ ਵਾਲੇ ਅਤੇ ਮਾਰਨ ਵਾਲੇ ਨੂੰ ਨਹੀ ਪਹਿਚਾਣਦੇ'। ਇਹ ਸੁਣ ਕੇ ਪਰਮ ਕਿਰਪਾਲੂ ਗੁਰੂ ਜੀ ਨੇ ਇਕ ਸਲੋਕ ਉਚਾਰਨ ਕੀਤਾ॥ ੯੮॥

*ਸਲੋਕ॥*

*'ਜਿਤ ਮੁਹਿ ਮਿਲੈ ਮੁਮਾਰਖੀ ਲਖ ਲਖ ਮਿਲਨ ਅਸੀਸ॥*
*ਸੇ ਮੁਖ ਰੋਂਦੇ ਡਿਠ ਮੈ ਮਿਲਿ ਮਿਲਿ ਪਿਟਨ ਸੀਸ'॥ ੧॥*

''ਜਿਸ ਮੁੱਖ ਨੂੰ ਲੱਖ ਲੱਖ ਮੁਬਾਰਕਾਂ ਅਤੇ ਅਸੀਸਾਂ ਮਿਲਦੀਆਂ ਸਨ, ਉਹ ਮੁੱਖ ਮੈਂ ਰੋਂਦੇ ਵੇਖੇ ਹਨ, ਜਿਹੜੇ ਫਿਰ ਮਿਲ ਕੇ ਸਿਰ ਪਿੱਟਦੇ ਹਨ'॥ ੧॥

ਚੌਪਈ- ਇਸ ਪ੍ਰਕਾਰ ਕਹਿ ਕੈ ਜਗ ਸਾਈਂ। ਆਨ ਥਾਨ ਗਮਨੇ ਮਨ ਭਾਈ।
ਮਨੁਜ ਅਨੇਕ ਉਧਾਰਨ ਕਾਰਨ। ਬਿਚਰਤਿ ਭੇ ਜਗਦੰਭ ਬਿਦਾਰਨ॥੯੯॥

ਇਸ ਪ੍ਰਕਾਰ ਕਹਿ ਕੇ ਜਗਤ ਦੇ ਸਵਾਮੀ ਭਾਵ ਗੁਰੂ ਜੀ ਹੋਰ ਮਨ ਭਾਉਂਦੇ ਸਥਾਨ ਵਲ ਚਲ ਪਏ। ਅਨੇਕਾਂ ਮਨੁਖਾਂ ਦਾ ਉਧਾਰ ਕਰਨ ਅਤੇ ਜਗਤ ਦੇ ਪਖੰਡ ਨੂੰ ਦੂਰ ਕਰਨ ਵਾਸਤੇ ਵਿਚਰ ਰਹੇ ਹਨ॥ ੯੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ ਗ੍ਰੰਥੇ ਉੱਤਰਾਰਧੇ 'ਭਾਰਤਖੰਡੇ ਆਵਨਾ' ਪ੍ਰਸੰਗ ਬਰਨਨੰ ਨਾਮ ਤ੍ਰਿਤਿਓ ਅਧਯਾਯ॥ ੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੀਸਰਾ ਅਧਿਆਇ, ਜਿਸ ਦਾ ਨਾਮ ''ਭਾਰਤਖੰਡ ਪ੍ਰਸੰਗ'' ਹੈ, ਸਮਾਪਤ ਹੋਇਆ॥ ੩॥

## ਅਧਿਆਇ ਚੌਥਾ

### ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਆਉਣਾ

ਦੋਹਰਾ- ਚਰਨ ਕਮਲ ਸਤਿਗੁਰੂ ਕੇ ਸੁਖ ਕੋ ਸਦਨ ਪਛਾਨ।
ਬਸਹਿਂ ਸਦਾ ਮਨ, ਸਥਿਰ ਹ੍ਵੈ, ਲਹਹਿ ਪਰਮ ਕਲਯਾਨ॥ ੧॥

ਸਤਿਗੁਰੂ ਜੀ ਦੇ ਚਰਨ ਕੰਵਲ ਸੁਖ ਦਾ ਘਰ ਹਨ, ਇਹ ਗੱਲ ਪਛਾਣ ਲਵੋ, ਜਿਸ ਮਨ ਵਿਚ ਇਹ ਪੱਕੇ ਹੋ ਕੇ ਵੱਸ ਜਾਂਦੇ ਹਨ ਉਹ ਟਿਕ ਜਾਂਦਾ ਹੈ ਤੇ ਅੰਤ ਪਰਮ ਕਲਿਆਣ ਨੂੰ ਪ੍ਰਾਪਤ ਕਰਦਾ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ਸੁਨੀਏ ਗੁਨਭਵਨੰ!। ਤਿਹ ਤੇ ਕੀਨ ਗੁਰੂ ਪੁਨ ਗਵਨੰ।

**ਲਵਪੁਰਿ ਕੇ ਜਬ ਗਏ ਸਮੀਪਾ। ਕਰੀ ਸਥਿਤ ਬੇਦੀ ਕੁਲਦੀਪਾ॥ ੨ ॥**

ਭਾਈ ਬਾਲੇ ਨੇ ਕਿਹਾ- ਹੇ ਗੁਣਾਂ ਦੇ ਘਰ ਸ੍ਰੀ ਗੁਰੂ ਅੰਗਦ ਦੇਵ ਜੀ ! ਉਸ ਅਸਥਾਨ ਤੋਂ ਫਿਰ ਗੁਰੂ ਜੀ ਅੱਗੇ ਚਲ ਪਏ, ਜਦ ਲਾਹੌਰ ਦੇ ਨੇੜੇ ਗਏ ਤਾਂ ਬੇਦੀ ਕੁਲ ਦੇ ਦੀਪ ਇਕ ਥਾਂ ਬੈਠ ਗਏ॥ ੨ ॥

**ਦੁਨੀ ਚੰਦ ਤਹਿੰ ਬਨੀਆ ਭਾਰੀ। ਗੁਰ ਕੀਰਤਿ ਤਿਸ ਸੁਨੀ ਅਗਾਰੀ।**
**ਤਿਹ ਦਿਨ ਕੀਨੋ ਸ੍ਰਾਧ ਬਿਸਾਲਾ। ਪਿਤ ਕੀ ਬਰਸੀਣੀ ਲਖਿ ਕਾਲਾ॥ ੩ ॥**

ਦੁਨੀ ਚੰਦ ਲਾਹੌਰ ਦਾ ਵੱਡਾ ਵਪਾਰੀ ਸੀ। ਉਸ ਨੇ ਗੁਰੂ ਕੀਰਤੀ ਪਹਿਲਾਂ ਹੀ ਸੁਣੀ ਹੋਈ ਸੀ। ਆਪਣੇ ਪਿਤਾ ਦੀ ਬਰਸੀ ਦਾ ਸਮਾਂ ਜਾਣ ਕੇ, ਉਸ ਦਿਨ ਉਹ ਬੜੀ ਧੂਮਧਾਮ ਨਾਲ ਆਪਣੇ ਪਿਤਾ ਦਾ ਸਰਾਧ ਮਨਾ ਰਿਹਾ ਸੀ॥ ੩ ॥

**ਸੁਨਿ ਕਰਿ ਆਗਮ ਕ੍ਰਿਪਾਨਿਕੇਤਾ। ਸੋ ਆਵਾ ਲੇਨੇ ਕੇ ਹੇਤਾ।**
**ਪਦ ਅਰਬਿੰਦ ਸੁ ਬੰਦਨ ਕੀਨਾ। ਬਿਨੈ ਭਨੀ ਬਹੁ ਹੋਇਓ ਦੀਨਾ॥੪ ॥**

ਜਦ ਉਸ ਨੇ ਗੁਰੂ ਜੀ ਦੇ ਲਾਹੌਰ ਵਿਖੇ ਆਉਣ ਬਾਰੇ ਸੁਣਿਆ ਤਾਂ ਗੁਰੂ ਜੀ ਨੂੰ ਲੈਣ ਵਾਸਤੇ ਆਇਆ। ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਅਤੇ ਬੜਾ ਨਿਮਰ ਹੋ ਕੇ ਬੇਨਤੀ ਕੀਤੀ॥ ੪ ॥

**'ਪੂਰਨ ਪੁਰਖ ਲਖਹੁ ਹਮ ਪ੍ਰੀਤਾ। ਚਲਹੁ ਸਦਨ ਕੋ ਕਰਹੁ ਪੁਨੀਤਾ'।**
**ਤਿਹ ਬਿਲੋਕਿ ਕੈ ਪ੍ਰੇਮ ਬਿਸਾਲਾ। ਗਮਨ ਕੀਓ ਉਠਿ ਸੰਗ ਕ੍ਰਿਪਾਲਾ॥ ੫ ॥**

ਪੂਰਨ ਪੁਰਖ ਨਾਲ ਸਾਡੀ ਪ੍ਰੀਤ ਸਮਝੋ ਤੇ ਮੇਰੇ ਘਰ ਨੂੰ ਚਲ ਕੇ ਪਵਿੱਤਰ ਕਰੋ। ਉਸ ਦੇ ਵਿਸ਼ਾਲ ਪ੍ਰੇਮ ਨੂੰ ਵੇਖ ਕੇ ਕ੍ਰਿਪਾਲੂ ਗੁਰੂ ਜੀ ਉਠ ਕੇ ਉਸ ਦੇ ਨਾਲ ਚਲ ਪਏ॥ ੫॥

**ਹੁਤੇ ਸਦਨ ਜੋ ਅਧਿਕ ਬਚਿੱਤ੍ਰਾ। ਤਹਾਂ ਬਸਾਏ ਪਰਮ ਪਵਿੱਤ੍ਰਾ।**
**ਆਪ ਸ਼ਰਾਧ ਸਰਬ ਕਰਿਵਾਵਾ। ਬਹੁ ਬਿੱਪ੍ਰਨ ਕੋ ਭੋਜਨ ਖ੍ਵਾਵਾ॥ ੬ ॥**

ਜਿਥੇ ਉਸ ਦਾ ਬੜਾ ਵਚਿੱਤਰ ਘਰ ਸੀ, ਗੁਰੂ ਜੀ ਨੂੰ ਓਥੇ ਠਹਿਰਾਇਆ ਗਿਆ। ਆਪ ਸਾਰੇ ਸ਼ਰਾਧ ਕਰਵਾਏ ਅਤੇ ਵੱਡੀ ਗਿਣਤੀ ਵਿਚ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ॥ ੬॥

**ਜਬ ਸ੍ਰੀ ਗੁਰ ਕੇ ਗਯੋ ਸਮੀਪਾ। ਤਬਿ ਬੋਲੇ ਬੇਦੀ ਕੁਲਦੀਪਾ।**
**'ਕਿਹ ਕਾਰਨ ਤੇ ਕੀਨ ਅਹਾਰਾ ?। ਬਹੁਤੇ ਨਰਨ ਬੁਲਾਇ ਖੁਵਾਰਾ॥੭ ॥**

ਜਦ ਗੁਰੂ ਜੀ ਦੇ ਪਾਸ ਗਿਆ ਤਦ ਗੁਰੂ ਜੀ ਨੇ ਕਿਹਾ, "ਕਿਸ ਕਾਰਨ ਇਹ ਭੋਜਨ ਤਿਆਰ ਕਰਵਾਇਆ ਹੈ ? ਬਹੁਤ ਮਨੁੱਖਾਂ ਨੂੰ ਬੁਲਾ ਕੇ ਉਨ੍ਹਾਂ ਨੂੰ ਭੋਜਨ ਖਵਾਇਆ ਹੈ॥ ੭॥

**ਭੀਰ ਭੂਰ ਤੇਰੇ ਘਰ ਮਾਂਹੀ। ਕਹੋ ਬ੍ਰਿਤੰਤ ਸਭੈ ਹਮ ਪਾਹੀ'।**
**ਦੁਨੀ ਚਦ ਦੋਊ ਕਰ ਬੰਦੇ। ਬੋਲਜੋ 'ਸੁਨੀਏ ਪ੍ਰਭੂ ਮੁਕੰਦੇ !॥ ੮॥**

ਤੇਰੇ ਘਰ ਵਿਚ ਵੱਡੀ ਭੀੜ ਲੱਗੀ ਹੋਈ ਹੈ, ਸਾਨੂੰ ਇਹ ਸਾਰਾ ਵੇਰਵਾ ਦੱਸੋ।" ਦੁਨੀ ਚੰਦ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਮੁਕਤੀਦਾਤੇ ! ਸੁਣੋ॥ ੮॥

**ਦਿਵਸ ਆਜ ਕੇ ਮੇਰੋ ਤਾਤਾ। ਗਾ ਪਰਲੋਕ ਹੁਤੇ ਬਖਜਾਤਾ।**
**ਤਿਹ ਨਮਿੱਤ ਮੈਂ ਕੀਨ ਅਹਾਰਾ। ਪੁਰਿ ਕੇ ਬਿੱਪ੍ਰਨ ਸਰਬ ਖੁਵਾਰਾ ॥੯ ॥**

ਅੱਜ ਦੇ ਦਿਨ ਮੇਰੇ ਪਿਤਾ ਜੀ ਪਰਲੋਕ ਗਏ ਸਨ, ਇਹ ਸਭ ਜਾਣਦੇ ਹਨ। ਉਨ੍ਹਾਂ ਦੇ ਕਾਰਨ ਮੈਂ ਭੋਜਨ ਤਿਆਰ ਕਰਵਾਇਆ ਹੈ, ਨਗਰ ਦੇ ਸਾਰੇ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ ਹੈ"॥ ੯॥

ਪੁਨ ਬੂਝਯੋ ਸ੍ਰੀ ਨਾਨਕ ਤਾਂਹੀ। 'ਤਵ ਪਿਤ ਪ੍ਰਾਪਤਿ ਭਯੋ ਕਿ ਨਾਂਹੀ?'।
ਦੂਨੀ ਚੰਦ ਕਹਿ 'ਲਖੌਂ ਨ ਕੋਊ। ਪਹੁੰਚਯੋ, ਰਹਯੋ ਕਿ ਭੂਖਾ ਸੋਊ॥ ੧੦॥

ਫਿਰ ਗੁਰੂ ਜੀ ਨੇ ਉਸ ਨੂੰ ਪੁਛਿਆ, "ਇਹ ਭੋਜਨ ਤੁਹਾਡੇ ਪਿਤਾ ਨੂੰ ਪ੍ਰਾਪਤ ਹੋਇਆ ਹੈ ਕਿ ਨਹੀਂ?" ਦੂਨੀ ਚੰਦ ਨੇ ਉੱਤਰ ਦਿੱਤਾ, "ਜਾਣ ਨਹੀਂ ਸਕਦਾ, ਪਹੁੰਚਿਆ ਹੈ ਕਿ ਭੁੱਖਾ ਹੀ ਰਿਹਾ ਹੈ॥ ੧੦॥

ਇਸ ਬਿਧਿ ਕੀ ਸੁਧ ਰਾਵਰ ਜਾਨੋ। ਜੰਤ ਅਲਪ ਮਤਿ ਮੈਂ ਨ ਪਛਾਨੋਂ'।
ਗੁਰ ਕਹਿ 'ਤਵ ਪਿਤ ਛੁਧਾ ਅਧੀਨਾ। ਭੂਖੇ ਬਾਸੁਰ ਬੀਤੇ ਤੀਨਾ॥ ੧੧॥

ਇਸ ਤਰ੍ਹਾਂ ਦੀ ਸੋਝੀ ਆਪ ਹੀ ਜਾਣਦੇ ਹੋ, ਅਸੀਂ ਥੋੜ੍ਹੀ ਬੁੱਧੀ ਵਾਲੇ ਕਿਵੇਂ ਪਛਾਣ ਸਕਦੇ ਹਾਂ," ਫਿਰ ਗੁਰੂ ਜੀ ਨੇ ਕਿਹਾ, "ਤੁਹਾਡੇ ਪਿਤਾ ਜੀ ਬਹੁਤ ਭੁੱਖੇ ਹਨ, ਉਨ੍ਹਾਂ ਨੂੰ ਭੁੱਖਿਆਂ ਨੂੰ ਤਿੰਨ ਦਿਨ ਬੀਤ ਗਏ ਹਨ॥ ੧੧॥

ਬੈਠਯੋ ਅਬਹਿ ਛੁਧਾਤੁਰ ਸੋਊ। ਤਾਂਹਿ ਨ ਪਹੁੰਚਯੋ ਭੋਜਨ ਕੋਊ'।
ਇਸ ਪ੍ਰਕਾਰ ਕੇ ਬਚਨ ਸੁਨੇ ਜਬ। ਨਿੰਮ੍ਰਿ ਭਯੋ ਬੂਝਤਿ ਭਾ ਪੁਨ ਤਬ॥ ੧੨॥

ਉਹ ਹੁਣ ਵੀ ਭੁੱਖਾ ਹੀ ਬੈਠਾ ਹੈ, ਉਸ ਨੂੰ ਕਿਸੇ ਪ੍ਰਕਾਰ ਦਾ ਵੀ ਭੋਜਨ ਨਹੀਂ ਪਹੁੰਚਿਆ ਹੈ।" ਜਦ ਦੂਨੀ ਚੰਦ ਨੇ ਇਸ ਤਰ੍ਹਾਂ ਦੇ ਬਚਨ ਸੁਣੇ, ਤਾਂ ਬੜਾ ਮਸਕੀਨ ਹੋ ਗਿਆ ਅਤੇ ਫਿਰ ਪੁਛਣ ਲੱਗਾ॥ ੧੨॥

'ਕਿਹ ਸਥਾਨ ਮੈਂ ਭੂਖਾ ਬੈਸਾ?। ਕਹੋ ਕ੍ਰਿਪਾ ਕਰਿ ਤਿਹ ਤਨ ਕੈਸਾ?'।
ਹੇਤੁ ਬਤਾਵਨ ਬੈਨ ਅਲਾਏ। 'ਤਵ ਪਿਤ ਬ੍ਰਿਕ ਦੇਹੀ ਕੋ ਪਾਏ॥ ੧੩॥

"ਕਿਸ ਸਥਾਨ ਤੇ ਉਹ ਭੁੱਖਾ ਬੈਠਾ ਹੈ? ਕਿਰਪਾ ਕਰਕੇ ਇਹ ਦੱਸੋ ਕਿ ਉਸ ਦਾ ਸਰੀਰ ਕੈਸਾ ਹੈ?" ਉਸ ਨੂੰ ਦੱਸਣ ਵਾਸਤੇ ਗੁਰੂ ਜੀ ਨੇ ਬਚਨ ਕੀਤੇ, "ਤੁਹਾਡੇ ਪਿਤਾ ਨੇ ਬਘਿਆੜ ਦੀ ਦੇਹੀ ਪਾਈ ਹੈ॥ ੧੩॥

ਪੰਚ ਕੋਸ ਪਰ ਝਾਰਨ ਮਾਂਹੀ। ਭੂਖੋ ਬੈਠਿ ਰਹਯੋ ਸੋ ਤਾਂਈ।
ਲੇ ਅਹਾਰ ਤੁਮ ਤਿਹ ਠਾਂ ਜਾਵਹੁ। ਦੇਖਿ ਸਰੂਪ ਨ ਮਨ ਡਰਪਾਵਹੁ॥ ੧੪॥

ਏਥੋਂ ਪੰਜ ਕੋਹ ਝਾੜੀਆਂ ਵਿਚ ਰਹਿੰਦਾ ਹੈ, ਓਥੇ ਭੁੱਖਾ ਹੀ ਬੈਠ ਰਿਹਾ ਹੈ। ਤੁਸੀਂ ਭੋਜਨ ਲੈ ਕੇ ਉਸ ਥਾਂ ਜਾਵੋ, ਉਸ ਦਾ ਸਰੂਪ ਵੇਖ ਕੇ ਮਨ ਵਿਚ ਨਾ ਡਰੋ॥ ੧੪॥

ਤੇਰੇ ਦਰਸ਼ਨ ਕੋ ਜਬ ਹੇਰੇ। ਮਾਨੁਖ ਦੇਹਿ ਧਰੈ ਤਿਸ ਬੇਰੇ'।
ਦੂਨੀ ਚੰਦ ਅਚਰਜ ਉਰ ਧਰਿਕੈ। ਚਲਯੋ ਪਾਤ੍ਰ ਪਾਇਸੁ ਕੋ ਭਰਿਕੈ॥ ੧੫॥

ਜਦ ਉਹ ਤੇਰੇ ਦਰਸ਼ਨ ਕਰ ਲਵੇਗਾ ਤਾਂ ਓਸੇ ਸਮੇਂ ਮਨੁੱਖਾ ਦੇਹ ਧਾਰਨ ਕਰ ਲਵੇਗਾ।" ਦੂਨੀ ਚੰਦ ਦਿਲ ਵਿਚ ਬਹੁਤ ਹੈਰਾਨ ਹੋ ਕੇ ਖੀਰ ਨਾਲ ਇਕ ਭਾਂਡਾ ਭਰ ਕੇ ਚਲ ਪਿਆ॥ ੧੫॥

ਜਹਾ ਬਤਾਯੋ ਕ੍ਰਿਪਾ ਨਿਧਾਨਾ। ਦੇਖਯੋ ਤਹਾਂ ਜਾਇ ਸੋ ਥਾਨਾ।
ਬ੍ਰਿਕ ਬਿਲੋਕਿ ਝਾਰ ਮਹਿਂ ਜਬਹੀ। ਕਰੀ ਦੂਰ ਤੇ ਬੰਦਨ ਤਬਹੀ॥ ੧੬॥

ਜਿਥੇ ਉਸ ਨੂੰ ਕ੍ਰਿਪਾ ਨਿਧਾਨ ਗੁਰੂ ਜੀ ਨੇ ਦੱਸਿਆ ਸੀ, ਉਸ ਸਥਾਨ ਤੇ ਜਾ ਕੇ ਉਸ ਵੇਖਿਆ। ਜਦ ਉਸ ਝਾੜੀ ਵਿਚ ਬਘਿਆੜ ਨੂੰ ਵੇਖਿਆ ਤਾਂ ਓਸੇ ਵੇਲੇ ਉਸ ਨੂੰ ਬੰਦਨਾ ਕੀਤੀ॥ ੧੬॥

ਦੂਨੀ ਚੰਦ ਕੋ ਤਿਨ ਜੁ ਨਿਹਾਰਾ। ਤਤਛਿਨ ਮਾਨੁਖ ਤਨ ਕੋ ਧਾਰਾ।
ਧਰਿ ਕਰਿ ਪਾਇਸੁ ਪਾਤ੍ਰ ਅਗਾਰੀ। ਹਿਤ ਬੂਝਨ ਕੇ ਗਿਰਾ ਉਚਾਰੀ॥ ੧੭॥

ਜਦ ਬਘਿਆੜ ਨੇ ਦੁਨੀ ਚੰਦ ਨੂੰ ਵੇਖਿਆ ਤਾਂ ਉਸੇ ਵੇਲੇ ਮਨੁੱਖਾ ਸਰੀਰ ਧਾਰਨ ਕਰ ਲਿਆ। ਉਸ ਦੇ ਅੱਗੇ ਖੀਰ ਦਾ ਭਾਂਡਾ ਰੱਖ ਕੇ ਪੁੱਛਣ ਵਾਸਤੇ ਦੁਨੀ ਚੰਦ ਬੋਲਿਆ॥ ੧੭॥

'ਤੁਮ ਧਰਮਾਤਮ ਥੇ ਸਭਿ ਭਾਂਤੀ। ਸੁਭ ਕਾਰਜ ਮਹਿਂ ਮਤਿ ਦਿਨ ਰਾਤੀ।
ਕਿਉਂ ਕਰਿ ਦੇਹ ਬ੍ਰਿੱਕ ਕੀ ਪਾਈ ?। ਇਹ ਪ੍ਰਸੰਗ ਮੁਝ ਦੇਹੁ ਸੁਨਾਈ॥੧੮॥

"ਤੁਸੀ ਹਰ ਪ੍ਰਕਾਰ ਇਕ ਧਰਮਾਤਮਾ ਸੋ, ਸੁਭ ਕੰਮਾਂ ਵਿਚ ਹੀ ਤੁਹਾਡੀ ਬੁੱਧੀ ਹਰ ਵੇਲੇ ਲੱਗੀ ਰਹਿੰਦੀ ਸੀ, ਇਹ ਬਘਿਆੜ ਦੀ ਦੇਹ ਕਿਸ ਕਰਕੇ ਪਾਈ ਹੈ ? ਇਹ ਪ੍ਰਸੰਗ ਮੈਨੂੰ ਸੁਣਾਓ॥ ੧੮॥

ਅਬਿ ਬ੍ਰਿਕ ਦੇਹ ਤਜੀ ਹੈ ਜੈਸੇ। ਮਾਨੁਖ ਤਨ ਪਾਯੋ, ਕਹੁ ਕੈਸੇ ?'।
ਬੋਲਯੋ ਤਬ ਸੋ 'ਸੁਨਹੁ ਬ੍ਰਿਤਾਂਤਾ। ਜਿਉਂ ਬੀਤੀ ਮਮ ਪਾਛਲ ਬਾਤਾ॥੧੯॥

ਹੁਣ ਬਘਿਆੜ ਦੀ ਦੇਹ ਛੱਡੀ ਹੈ ਅਤੇ ਮਨੁੱਖਾ ਸਰੀਰ ਕਿਵੇਂ ਪਾਇਆ ਹੈ, ਇਸ ਬਾਰੇ ਮੈਨੂੰ ਦੱਸੋ।" ਤਦ ਦੁਨੀ ਚੰਦ ਦਾ ਪਿਤਾ ਬੋਲਿਆ, ਇਹ ਬ੍ਰਤਾਂਤ ਸੁਣੋ, ਜਿਵੇਂ ਮੇਰੀ ਪਿਛਲੀ ਜ਼ਿੰਦਗੀ ਬੀਤੀ ਹੈ॥ ੧੯॥

ਦੋਹਰਾ- ਮ੍ਰਿਤੂ ਸਮਾਂ ਜਬ ਮੁਝ ਭਯੋ ਤਬ ਇਕ ਨਰ ਤਿਹ ਥਾਂਨ।
ਮੀਨ ਮਾਸ ਰੀਧਤਿ ਹੁਤੋ ਤਿਹ ਧੁਨਿ ਸੁਨਿ ਕਰਿ ਕਾਨ॥ ੨੦॥

ਜਦ ਮੇਰੀ ਮ੍ਰਿਤੂ ਦਾ ਸਮਾਂ ਆਇਆ ਸੀ ਤਾਂ ਉਸ ਥਾਂ ਇਕ ਆਦਮੀ ਮੱਛੀ ਦਾ ਮਾਸ ਰਿੰਨ੍ਹ ਰਿਹਾ ਸੀ, ਜਦ ਮੈਂ ਉਸ ਦੀ ਆਵਾਜ਼ ਆਪਣੇ ਕੰਨਾਂ ਨਾਲ ਸੁਣੀ॥ ੨੦॥

ਚੌਪਈ- ਮਨ ਖਾਵਨ ਕੋ ਮਮ ਲਲਚਾਯੋ। ਸੋ ਮੇਰੇ ਤਬ ਹਾਥ ਨ ਆਯੋ।
ਭਯੋ ਮ੍ਰਿਤਕ ਇਹ ਦੇਹੀ ਪਾਈ। ਰਹੀ ਬਾਸ਼ਨਾ ਠਹਿਰ ਜਹਾਂ ਈ॥੨੧॥

ਤਾਂ ਮੇਰਾ ਮਨ ਖਾਣ ਵਾਸਤੇ ਲਲਚਾਇਆ, ਉਹ ਮੇਰੇ ਹੱਥ ਤਾਂ ਨਾ ਆਇਆ ਪਰ ਮ੍ਰਿਤੂ ਹੋਣ ਤੇ ਇਹ ਦੇਹ ਪਾਈ, ਜਿੱਥੇ ਮੇਰੀ ਵਾਸ਼ਨਾ ਠਹਿਰ ਗਈ ਸੀ॥ ੨੧॥

ਪੂਰਨ ਪੁਰਖ ਤੋਹਿ ਘਰ ਆਵਾ। ਦਰਸ ਪਵਿੱਤ੍ਰ ਤਾਂਹਿ ਤੈਂ ਪਾਵਾ।
ਤੇਰੋ ਦਰਸ਼ਨ ਮੈਂ ਕਰਿ ਲੀਨੋ। ਇਉਂ ਮਾਨੁਖ ਤਨ ਭਾ ਮਨ ਚੀਨੋ॥੨੨॥

ਤੇਰੇ ਘਰ ਵਿਚ ਪੂਰਨ ਪੁਰਖ ਆਇਆ ਹੈ, ਪਵਿੱਤਰ ਦਰਸ ਤੂੰ ਉਸ ਤੋਂ ਪਾਇਆ ਹੈ। ਜਦ ਮੈਂ ਤੇਰੇ ਦਰਸ਼ਨ ਕਰ ਲਏ ਇਹ ਮਨੁੱਖਾਂ ਸਰੀਰ ਪਾ ਲਿਆ, ਆਪਣੇ ਮਨ ਵਿਚ ਇਸ ਤਰ੍ਹਾਂ ਜਾਣ ਲਵੋ॥ ੨੨॥

ਪੂਰਬ ਕਰਮ ਜਗੇ ਅਬ ਮੇਰੇ। ਉੱਤਮ ਗਤਿ ਪਾਈ ਬਿਨ ਦੇਰੇ'।
ਅਸ ਕਹਿ ਸੁਰਗ ਬਿਖੈ ਚਲਿ ਗਯੋ। ਦੁਨੀ ਚੰਦ ਸੁਨਿ ਅਚਰਜ ਭਯੋ॥੨੩॥

ਮੇਰੇ ਪਿਛਲੇ ਕਰਮ ਜਾਗ ਪਏ ਹਨ, ਮੈਂ ਕਿਸੇ ਦੇਰ ਬਗੈਰ ਉੱਤਮ ਗਤੀ ਪਾਈ ਹੈ।" ਇਹ ਕਹਿ ਕੇ ਦੁਨੀ ਚੰਦ ਦਾ ਪਿਤਾ ਸਵਰਗਾਂ ਨੂੰ ਚਲੇ ਗਿਆ। ਦੁਨੀ ਚੰਦ ਸੁਣ ਕੇ ਬਹੁਤ ਹੈਰਾਨ ਹੋਇਆ॥ ੨੩॥

ਹਟਿ ਕਰਿ ਸਦਨ ਬਿਖੈ ਚਲਿ ਆਵਾ। ਸ਼੍ਰੀ ਨਾਨਕ ਬੈਸੇ ਜਿਹ ਥਾਵਾ।
ਕਰਿ ਬੰਦਨ ਉਸਤਤਿ ਬਹੁ ਭਾਖੀ। ਅਤਿ ਸ਼ਰਧਾ ਮੈਂ ਭਾ ਅਭਿਲਾਖੀ॥੨੪॥

ਪਿਛੇ ਮੁੜ ਕੇ ਆਪਣੇ ਘਰ ਨੂੰ ਆ ਗਿਆ, ਜਿੱਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ। ਨਮਸ਼ਕਾਰ ਕਰਕੇ ਬਹੁਤ ਉਸਤਤ ਕੀਤੀ, ਮਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਭਰ ਗਿਆ॥ ੨੪॥

'ਨਾਗਰ, ਈਸ਼ੁਰ ਰੂਪ ਉਜਾਗਰ!। ਤੁਮ ਸਮਰੱਥ, ਸਰਬ ਸੁਖ ਸਾਗਰ!।

ਭਗਤ ਵਛਲ, ਕਰੁਨਾਕਰ ਸ੍ਵਾਮੀ!। ਦੀਨ ਬੰਧੁ ਪ੍ਰਭੁ ਅੰਤਰਜਾਮੀ ! ॥ ੨੫ ॥

''ਤੁਹਾਡਾ ਈਸ਼ਵਰ ਰੂਪ ਬੜਾ ਉਜਾਗਰ, ਚਤੁਰ ਅਤੇ ਸੁੰਦਰ ਹੈ। ਤੁਸੀ ਸਮਰੱਥ ਅਤੇ ਸਾਰੇ ਸੁੱਖਾਂ ਦੇ ਸਮੁੰਦਰ ਹੋ। ਭਗਤ ਵਛਲ ਅਤੇ ਕਿਰਪਾ ਦੀ ਖਾਣ ਸਵਾਮੀ ਹੋ, ਦੀਨ ਬੰਧੂ ਅਤੇ ਅੰਤਰਜਾਮੀ ਪ੍ਰਭੂ ਹੋ॥ ੨੫ ॥

ਸੇਵਾ ਕਰਨ ਮੁਝੈ ਫੁਰਮਾਵਹੁ। ਤੁਮ ਸੰਤਨ ਕੇ ਨਿਤ ਚਿਤ ਭਾਵਹੁ'।
ਸੁਨਿ ਕਰਿ ਤਿਹ ਕੋ, ਕਰਨ ਕ੍ਰਿਤਾਰਥ। ਬੋਲੇ ਦੇਨਹਾਰ ਪਰਮਾਰਥ ॥ ੨੬ ॥

ਸੇਵਾ ਕਰਨ ਦੀ ਮੈਨੂੰ ਆਗਿਆ ਬਖਸ਼ੋ, ਤੁਸੀ ਸੰਤਾਂ ਦੇ ਚਿੱਤ ਨੂੰ ਸਦਾ ਹੀ ਚੰਗੇ ਲੱਗਦੇ ਹੋ।'' ਇਹ ਸੁਣ ਕੇ ਕ੍ਰਿਤਾਰਥ ਕਰਨ ਵਾਸਤੇ, ਪਰਮਾਰਥ ਨੂੰ ਦੇਣ ਵਾਲੇ ਭਾਵ ਗੁਰੂ ਜੀ ਬੋਲੇ॥ ੨੬ ॥

'ਹਮਰੀ ਸੂਚੀ ਰਖਹੁ ਸੰਭਾਰੀ। ਲੇਵਹਿੰਗੇ ਪਰਲੋਕ ਅਗਾਰੀ।
ਇਹ ਹਮਰੀ ਸੇਵਾ ਦਿਯ ਤੋਹੀ। ਔਰ ਨ ਕਛੁ ਅਭਿਲਾਖਾ ਮੋਹੀ ॥ ੨੭ ॥

''ਸਾਡੀ ਇਹ ਸੂਈ ਸੰਭਾਲ ਕੇ ਰਖੋ, ਅਸੀ ਇਸ ਨੂੰ ਪਰਲੋਕ ਵਿਚ ਜਾ ਕੇ ਲੈ ਲਵਾਂਗੇ। ਇਹ ਅਸੀ ਤੈਨੂੰ ਸੇਵਾ ਦਿੱਤੀ ਹੈ, ਹੋਰ ਕਿਸੇ ਸੇਵਾ ਦੀ ਮੇਰੀ ਅਭਿਲਾਸ਼ਾ ਨਹੀ ਹੈ॥ ੨੭ ॥

ਸੁਨਿ ਕਰਿ ਦੁਨੀ ਚੰਦ ਅਸ ਬੈਨਾ। ਲੈ ਸੂਚੀ ਗਮਨਜੋ ਨਿਜ ਐਨਾ।
ਕਹੈ ਭਾਰਜਾ ਸੋਂ ਬਚ ਸੋਈ। 'ਇਹ ਸੂਚੀ ਰਖਿ, ਜਾਇ ਨ ਖੋਈ ॥ ੨੮ ॥

ਦੁਨੀ ਚੰਦ ਅਜੇਹੇ ਬਚਨ ਸੁਣ ਕੇ ਸੂਈ ਲੈ ਕੇ ਆਪਣੇ ਘਰ ਗਿਆ ਅਤੇ ਆਪਣੀ ਪਤਨੀ ਨੂੰ ਕਿਹਾ, ''ਇਹ ਸੂਈ ਸੰਭਾਲ ਕੇ ਰੱਖ ਲਵੋ, ਗਵਾਚ ਨਾ ਜਾਏ॥ ੨੮ ॥

ਗੁਰ ਲੇਵਹਿਂ ਪਰਲੋਕ ਕਿ ਮਾਂਹੀ। ਅਪਰ ਸਥਾਨ ਲੇਤਿ ਸੋ ਨਾਂਹੀ।
ਰਾਖਹੁ ਭਲੀ ਪ੍ਰਕਾਰ ਸੰਭਾਰੀ। ਤਬ ਦੇਹੈਂ ਜਬਿ ਲੇਹਿਂ ਅਗਾਰੀ ॥ ੨੯ ॥

ਗੁਰੂ ਜੀ ਨੇ ਕਿਹਾ ਹੈ ਕਿ ਉਹ ਇਸ ਨੂੰ ਪਰਲੋਕ ਵਿਚ ਜਾ ਕੇ ਮੈਥੋਂ ਲੈ ਲੈਣਗੇ, ਹੋਰ ਕਿਸੇ ਸਥਾਨ ਤੇ ਉਹ ਲੈਣਗੇ ਨਹੀ। ਭਲੀ ਪ੍ਰਕਾਰ ਇਸ ਨੂੰ ਸੰਭਾਲ ਕੇ ਰਖੋ, ਇਸ ਨੂੰ ਤਦ ਦੇ ਦਵਾਂਗਾ ਜਦ ਅੱਗੇ ਪਰਲੋਕ ਵਿਚ ਜਾ ਕੇ ਮੈਥੋਂ ਲੈਣਗੇ'' ॥ ੨੯ ॥

ਸੁਨਿ ਤਿਹ ਤੀਯ ਕਹੇ ਬਚ ਐਸੇ। 'ਆਗੇ ਲੇ ਜਾਵਹੁਗੇ ਕੈਸੇ ?।
ਨਿਤ ਸੰਗੀ ਜੋ ਦੇਹਿ ਬਿਚਾਰੀ। ਸੋ ਭੀ ਜਾਇ ਨ ਸਕੈ ਅਗਾਰੀ ॥ ੩੦ ॥

ਇਹ ਸੁਣ ਕੇ ਉਸ ਦੀ ਪਤਨੀ ਨੇ ਕਿਹਾ, ''ਤੁਸੀਂ ਪਰਲੋਕ ਵਿਚ ਇਸ ਸੂਈ ਨੂੰ ਕਿਸ ਤਰ੍ਹਾਂ ਲੈ ਜਾਵੋਗੇ ? ਸਦਾ ਨਾਲ ਰਹਿਣ ਵਾਲੀ ਜਿਹੜੀ ਵਿਚਾਰੀ ਦੇਹ ਹੈ, ਉਹ ਵੀ ਅੱਗੇ ਨਾਲ ਨਹੀ ਜਾ ਸਕਦੀ'' ॥੩੦॥

ਸੁਨਿ ਬਿਚਾਰ ਕਰਿ ਸੋ ਲੇ ਆਵਾ। ਪਾਸ ਬੈਸਿ ਕਰਿ ਬਚਨ ਅਲਾਵਾ।
'ਨਹਿਂ ਆਗੈ ਇਹ ਸੂਚੀ ਜਾਵੈ। ਇਹ ਬਿਧਿ ਮੋਤੇ ਨਹਿਂ ਬਨਿ ਆਵੈ ॥ ੩੧ ॥

ਇਹ ਸੁਣ ਕੇ ਵਿਚਾਰ ਕੇ ਸੂਈ ਵਾਪਸ ਲੈ ਆਇਆ ਅਤੇ ਗੁਰੂ ਜੀ ਪਾਸ ਬੈਠ ਕੇ ਬੋਲਿਆ, ''ਇਹ ਸੂਈ ਅੱਗੇ ਨਹੀ ਜਾ ਸਕਦੀ, ਇਸ ਤਰ੍ਹਾਂ ਮੈਥੋਂ ਹੋ ਨਹੀਂ ਸਕਦਾ'' ॥ ੩੧ ॥

ਬੋਲੇ ਬਚਨ ਤਬੈ ਜਗਤੇਸ਼ਾ। ਪਾਯੋ ਸਮੈ ਦੇਨਿ ਉਪਦੇਸ਼ਾ।
'ਸਪਤ ਲਾਖ ਤੈਂ ਸੰਚਯੋ ਦਰਬਾ। ਸੋ ਕੈਸੇ ਲੇ ਜਾਵਹਿਂ ਸਰਬਾ ? ॥ ੩੨ ॥

ਤਦ ਜਗਤ ਦੇ ਸਵਾਮੀ ਗੁਰੂ ਜੀ ਬੋਲੇ, ਉਨ੍ਹਾਂ ਨੇ ਉਪਦੇਸ਼ ਦੇਣ ਦਾ ਸਮਾਂ ਪਾ ਲਿਆ ਸੀ। ''ਸੱਤ ਲੱਖ ਧਨ ਤੂੰ ਇਕੱਠਾ ਕੀਤਾ ਹੈ, ਉਹ ਸਾਰਾ ਪਰਲੋਕ ਵਿਚ ਕਿਵੇਂ ਨਾਲ ਲੈ ਜਾਵੇਂਗਾ ? ॥ ੩੨ ॥

ਧਨ ਕੋ ਸੰਚਿ ਕਰਹਿਂ ਬਹੁ ਕਲਮਲ। ਬੋਲਹਿਂ ਕੂੜ ਕਰਤਿ ਹੈਂ ਛਲਬਲ।
ਆਗੇ ਸੰਗ ਨ ਹੋਤਿ ਸਹਾਈ। ਸੰਚਤਿ ਸੰਚਤਿ ਔਧ ਬਿਹਾਈ॥ ੩੩॥

ਬੜੇ ਪਾਪਾਂ ਨਾਲ ਧਨ ਇਕੱਠਾ ਕਰਦਾ ਹੈਂ, ਝੂਠ ਬੋਲ ਕੇ ਵਲਛਲ ਕਰਦਾ ਹੈਂ। ਇਸ ਧਨ ਨੇ ਅੱਗੇ ਜਾ ਕੇ ਤੇਰੀ ਕੋਈ ਸਹਾਇਤਾ ਨਹੀਂ ਕਰਨੀ, ਇਕੱਠਾ ਕਰਦਿਆਂ-ਕਰਦਿਆਂ ਤੇਰੀ ਉਮਰ ਬੀਤ ਜਾਣੀ ਹੈ॥ ੩੩॥

ਪਰਜੋ ਰਹੈ ਧਨ ਮ੍ਰਿਤੂ ਸੁ ਆਈ। ਕਰਤਿ ਪਾਪ ਸੋ ਜੀਵ ਭੁੰਚਾਈ।
ਸਰਜੋ ਦਰਬ ਤੇ ਕੌਨੇ ਕਾਮਾ ?। ਬਿਨਾਂ ਪੁੰਨ ਤੇ ਦੁਖ ਕੇ ਧਾਮਾ ॥ ੩੪ ॥

ਧਨ ਪਿਆ ਰਹੇਗਾ ਤੇ ਮੌਤ ਆ ਜਾਵੇਗੀ। ਜੋ ਪਾਪ ਕੀਤੇ ਹਨ ਸੋ ਜੀਵ ਭੋਗੇਗਾ। ਧਨ ਨੇ ਕਿਹੜਾ ਕੰਮ ਸੰਵਾਰਿਆ, ਪੁੰਨ ਰਹਿਤ ਰਹਿਕੇ ਦੁੱਖਾਂ ਦੇ ਘਰ ਚਲਾ ਗਿਆ" ॥ ੩੪ ॥

ਦੁਨੀ ਚੰਦ ਸੁਨਿ ਗਿਰਾ ਉਚਾਰੀ। 'ਕਿਸ ਪ੍ਰਕਾਰ ਸੰਗ ਜਾਇ ਅਗਾਰੀ ?।
ਸੋ ਕਰੁਨਾ ਕਰਿ ਮੁਝੈ ਬਤਾਵਹੁ। ਦੀਨ ਜਾਨਿ ਉਪਦੇਸ਼ ਦ੍ਰਿੜਾਵਹੁ' ॥ ੩੫ ॥

ਗੁਰੂ ਜੀ ਦੇ ਬਚਨ ਸੁਣ ਕੇ ਦੁਨੀ ਚੰਦ ਬੋਲਿਆ, "ਕਿਸ ਤਰ੍ਹਾਂ ਅੱਗੇ ਨਾਲ ਜਾਂਦੀ ਹੈ ? ਸੋ ਕਿਰਪਾ ਕਰਕੇ ਮੈਨੂੰ ਦੱਸੋ, ਮੈਨੂੰ ਮਸਕੀਨ ਸਮਝ ਕੇ ਆਪਣਾ ਉਪਦੇਸ਼ ਦ੍ਰਿੜ ਕਰਾਵੋ" ॥ ੩੫॥

ਗੁਰੂ ਭਨੈ 'ਸੁਨੀਏ ਦੇ ਚੀਤਾ। ਇਸ ਪ੍ਰਾਨੀ ਕੇ ਤੀਨੋ ਮੀਤਾ।
ਦਰਬ, ਪ੍ਰਵਾਰ, ਕਰਮ, ਲਖਿ ਲੀਜੈ। ਜਸ ਸੰਗੀ ਤਸ ਦਸ਼ਾ ਸੁਨੀਜੈ ॥ ੩੬ ॥

ਗੁਰੂ ਜੀ ਨੇ ਕਿਹਾ, "ਚਿਤ ਚਿਤ ਲਾ ਕੇ ਸੁਣੋ। ਇਸ ਪ੍ਰਾਣੀ ਦੇ ਤਿੰਨ ਮਿੱਤਰ ਹਨ, ਧਨ, ਪਰਿਵਾਰ ਅਤੇ ਕਰਮ ਸਮਝ ਲਵੋ। ਜਿਸ ਤਰ੍ਹਾਂ ਇਹ ਸੰਗੀ ਹਨ, ਉਸ ਤਰ੍ਹਾਂ ਦੀ ਹਾਲਤ ਸੁਣ ਲਵੋ॥ ੩੬॥

ਜਬ ਲੌ ਪ੍ਰਾਨ ਰਹੈਂ ਤਨ ਮਾਂਹੀ। ਤਬ ਲੌ ਧਨ ਮਿਤ, ਬਹੁਰੋ ਨਾਂਹੀ।
ਲੇਤਿ ਸੰਭਾਰ ਅਪਰਹੀ ਯਾਂਕੋ। ਕਲਮਲ ਅਨਿਕ ਕਿਯੇ ਹਿਤ ਜਾਂਕੋ ॥ ੩੭ ॥

ਜਦ ਤਕ ਪ੍ਰਾਣ ਸਰੀਰ ਵਿਚ ਰਹਿੰਦੇ ਹਨ, ਤਦ ਤਕ ਧਨ ਮਿੱਤਰ ਹੈ, ਬਾਅਦ ਵਿਚ ਨਹੀਂ। ਵਾਧੂ ਧਨ ਜਿਹੜਾ ਜੋੜ ਕੇ ਰਖਿਆ ਹੈ, ਉਸ ਨੂੰ ਕੋਈ ਹੋਰ ਹੀ ਸੰਭਾਲ ਲੈਂਦਾ ਹੈ। ਜਿਸ ਧਨ ਨੂੰ ਇਕੱਠਾ ਕਰਨ ਵਾਸਤੇ ਅਨੇਕ ਪ੍ਰਕਾਰ ਦੇ ਪਾਪ ਕੀਤੇ ਸਨ॥ ੩੭॥

ਤਨ ਕੇ ਦਾਹ ਤੀਕ ਪਰਵਾਰਾ। ਪੁਨ ਤ੍ਰਿਨ ਤੋਰਹਿਂ ਆਇ ਅਗਾਰਾ।
ਆਗੇ ਕੋਇ ਨ ਸੰਗਿ ਸਹਾਈ। ਜਿਨ ਸੌਂ ਹਿਤ ਕਰਿ ਔਧ ਬਿਤਾਈ॥ ੩੮ ॥

ਪਰਵਾਰ ਵਾਲੇ ਸਰੀਰ ਨੂੰ ਸਾੜਨ ਤਕ ਹੀ ਮਿੱਤਰ ਹੁੰਦੇ ਹਨ ਬਾਅਦ ਵਿਚ ਤ੍ਰਿਣਕਾ ਤੋੜ ਕੇ ਘਰ ਆ ਜਾਂਦੇ ਹਨ। ਅੱਗੇ ਕੋਈ ਵੀ ਸੰਗੀ ਸਾਥੀ ਨਹੀਂ ਜਾਂਦਾ, ਜਿਨ੍ਹਾਂ ਨੂੰ ਪਿਆਰ ਕਰਕੇ ਸਾਰੀ ਉਮਰ ਬਿਤਾਈ ਸੀ॥ ੩੮॥

ਤੀਜੇ ਕਰਮ ਮੀਤ ਇਸ ਕੇਰੇ। ਸੋ ਨਿਤ ਸੰਗੀ ਜਾਹਿਂ ਅਗੇਰੇ।
ਬੁਰੇ ਕਿ ਭਲੇ ਕਰੇ ਹੈਂ ਜੈਸੇ। ਫਲ ਦੇਵੈਂ ਤਸ ਹਟੈਂ ਨ ਕੈਸੇ॥ ੩੯ ॥

ਤੀਸਰੇ ਕਰਮ ਇਸ ਦੇ ਮਿੱਤਰ ਹਨ, ਉਹ ਸਦਾ ਹੀ ਸੰਗੀ ਹਨ ਅਤੇ ਮਨੁੱਖ ਦੇ ਨਾਲ ਅੱਗੇ ਵੀ ਜਾਂਦੇ ਹਨ। ਜਿਸ ਤਰ੍ਹਾਂ ਵੀ ਕੋਈ ਬੁਰਾ ਭਲਾ ਕਰਦਾ ਹੈ, ਉਸ ਤਰ੍ਹਾਂ ਦੇ ਹੀ ਫਲ ਦਿੰਦੇ ਹਨ, ਕਿਸੇ ਤਰ੍ਹਾਂ ਵੀ ਪਿਛੇ ਨਹੀਂ ਹਟਦੇ॥ ੩੯॥

ਇਸ ਬਿਧਿ ਰਿਦੈ ਵਿਚਾਰ ਕਰੀਜੈ। ਦਰਬ ਭਲੇ ਕਰਮਨ ਮੈਂ ਦੀਜੈ।
ਆਗੈ ਹੋਵੈਂ ਤੋਹਿ ਸਹਾਈ। ਸੱਤਿਨਾਮ ਜਪੀਐ ਲਿਵਲਾਈ॥ ੪੦॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕਰੇ, ਧਨ ਨੂੰ ਭਲੇ ਕੰਮਾਂ ਵਾਸਤੇ ਵਰਤੇ। ਇਹ ਭਲੇ ਕੰਮ ਤੁਹਾਡੀ ਅੱਗੇ ਜਾ ਕੇ ਸਹਾਇਤਾ ਕਰਨਗੇ ਅਤੇ ਸਤਿਨਾਮ ਦਾ ਲਿਵ ਲਾ ਕੇ ਜਾਪ ਕਰੇ॥ ੪੦॥

ਸਤਿ ਸੰਗਤ ਕੋ ਕਰੇ ਮਿਲਾਪਾ। ਤਜਿਯੇ ਅਪਰ ਬਿਕਾਰ ਕਲਾਪਾ।
ਇਸ ਪ੍ਰਕਾਰ ਸੁਨਿ ਗੁਰ ਕੀ ਬਾਨੀ। ਦੁਨੀਚੰਦ ਮਨ ਮੈਂ ਭਲਿ ਮਾਨੀ॥੪੧॥

ਸਦਾ ਸਤਿ ਸੰਗਤ ਦਾ ਮਿਲਾਪ ਕਰੇ ਅਤੇ ਹੋਰ ਵਿਕਾਰ ਕਲਪਨਾਵਾਂ ਛੱਡ ਦੇਵੇ।'' ਗੁਰੂ ਜੀ ਦੇ ਇਸ ਪ੍ਰਕਾਰ ਦੇ ਬਚਨ ਸੁਣ ਕੇ ਦੁਨੀ ਚੰਦ ਨੇ ਆਪਣੇ ਮਨ ਵਿਚ ਭਲੇ ਮੰਨੇ॥ ੪੧॥

ਅਧਿਕ ਦਰਬ ਇਕਠੋ ਕਿਯ ਜੇਤੋ। ਸੰਤਨ ਹਿਤ ਖਰਚਯੋ ਸਭਿ ਤੇਤੋ।
ਅਨਿਕ ਪ੍ਰਕਾਰ ਕਰਾਇ ਅਹਾਰਾ। ਸੰਤਨ ਕਰਯੋ ਪ੍ਰਸੰਨ ਜਿਵਾਰਾ॥੪੨॥

ਜਿਨ੍ਹਾਂ ਵੀ ਉਸ ਪਾਸ ਵਾਧੂ ਧਨ ਇਕੱਠਾ ਕੀਤਾ ਹੋਇਆ ਸੀ, ਸਾਰਾ ਸੰਤਾਂ ਦੀ ਸੇਵਾ ਵਿਚ ਖਰਚ ਕਰ ਦਿੱਤਾ। ਅਨੇਕ ਪ੍ਰਕਾਰ ਦੇ ਪਦਾਰਥ ਤਿਆਰ ਕਰਵਾਏ ਅਤੇ ਸੰਤਾਂ ਨੂੰ ਬਹੁਤ ਪ੍ਰਸੰਨ ਕੀਤਾ॥ ੪੨॥

ਬਹੁਤੇ ਬਸਤ੍ਰ ਸਿਵਾਇ ਪਹਿਰਾਏ। ਮਿਲਿ ਸਤਿਸੰਗਤਿ ਸਮਾ ਬਿਤਾਏ।
ਸਿਮਰਹਿ ਵਾਹਿਗੁਰੂ ਸਤਿਨਾਮੂ। ਤਜੇ ਬਿਅਰਥ ਜਿ ਘਰ ਕੇ ਕਾਮੂ॥੪੩॥

ਬਹੁਤ ਵਸਤਰ ਤਿਆਰ ਕਰਵਾ ਕੇ ਸੰਤਾਂ ਨੂੰ ਪਹਿਨਾਏ ਅਤੇ ਸਤਿਸੰਗਤ ਵਿਚ ਬੈਠਕੇ ਸਮਾਂ ਗੁਜ਼ਾਰਨ ਲੱਗਾ। ਸਦਾ ਸਤਿਨਾਮ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਸੀ ਅਤੇ ਘਰ ਦੇ ਸਾਰੇ ਵਿਅਰਥ ਕੰਮ ਛੱਡ ਦਿੱਤੇ ਸਨ॥ ੪੩॥

ਭਾ ਨਿਹਾਲ ਤਤਕਾਲ ਬਿਸ਼ਾਲਾ। ਧਰਿ ਉਪਦੇਸ਼ ਜੁ ਦਯੋ ਦਯਾਲਾ।
ਤਿਸ ਤੇ ਬਿਦਾ ਹੋਇ ਬਿਧਿ ਨੀਕੀ। ਸਿਮਰਤਿ ਸੁਧ ਕੀਨੀ ਭਗਨੀ ਕੀ॥੪੪॥

ਦਿਆਲੂ ਗੁਰੂ ਜੀ ਦੇ ਉਪਦੇਸ਼ ਨੂੰ ਧਾਰਨ ਕਰਕੇ ਉਹ ਛੇਤੀ ਹੀ ਬਹੁਤ ਨਿਹਾਲ ਹੋ ਗਿਆ। ਚੰਗੀ ਵਿਧੀ ਅਨੁਸਾਰ ਉਸ ਤੋਂ ਵਿਦਾ ਹੋਏ ਤੇ ਯਾਦ ਕਰ ਰਹੀ ਭੈਣ ਦੀ ਸੋਝੀ ਲਈ॥ ੪੪॥

ਮਰਦਾਨੇ ਸੋਂ ਗਿਰਾ ਅਲਾਈ। 'ਕਿਯੋ ਯਾਦ ਭਗਨੀ ਮੁਝ ਤਾਈਂ।
ਚਲਿ ਸੁਲਤਾਨਪੁਰੇ ਸੁਧ ਲੀਜੈ। ਬੇਬੇ ਜੀ ਕੀ ਖੁਸ਼ੀ ਕਰੀਜੈ'॥੪੫॥

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਮੇਰੀ ਭੈਣ ਨੇ ਮੈਨੂੰ ਯਾਦ ਕੀਤਾ ਹੈ, ਸੁਲਤਾਨਪੁਰ ਚੱਲ ਕੇ ਉਨ੍ਹਾਂ ਦੀ ਖਬਰ ਲਈਏ ਅਤੇ ਬੇਬੇ ਜੀ ਨੂੰ ਖੁਸ਼ ਕਰੀਏ"॥ ੪੫॥

ਅਸ ਕਹਿ ਗਮਨੇ ਇਕ ਛਿਨ ਮਾਂਹੀ। ਪਹੁੰਚਤਿ ਭੇ ਪੁਰਿ ਹੁਤੋ ਜਹਾਂਹੀ।
ਸਦਨ ਸੁਸਾ ਕੇ ਪ੍ਰਵਿਸ਼ੇ ਜਬ ਹੀ। ਹਰਖ ਭਰੀ ਤੂਰਨ ਉਠਿ ਤਬ ਹੀ॥੪੬॥

ਇਹ ਕਹਿ ਕੇ ਚਲ ਪਏ ਅਤੇ ਇਕ ਛਿਨ ਵਿਚ ਸੁਲਤਾਨਪੁਰ ਨਗਰ ਵਿਖੇ ਪਹੁੰਚ ਗਏ। ਜਦ ਬੇਬੇ ਨਾਨਕੀ ਦੇ ਘਰ ਦਾਖਿਲ ਹੋਏ ਤਾਂ ਬੇਬੇ ਜੀ ਓਸੇ ਵੇਲੇ ਪ੍ਰਸੰਨ ਹੋ ਕੇ ਉੱਠ ਪਏ॥ ੪੬॥

ਕਰਨ ਬੰਦਨਾ ਪਗ ਪਰ ਧਾਈ। ਲੋਚਨ ਤੇ ਜਲਧਾਰ ਬਹਾਈ।
ਕਰ ਪਰ ਲੇ ਸਿਰ, ਕਹਿ ਹਿਤ ਬੈਨਾ। ਬੈਸਿ ਗਏ ਮੰਚ ਪਰ ਗੁਨ ਐਨਾ॥੪੭॥

ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਨ ਵਾਸਤੇ ਉਹ ਬੜੀ ਛੇਤੀ ਅੱਗੇ ਵਧੀ। ਅੱਖਾਂ ਵਿਚ ਜਲ ਦੀਆਂ ਧਾਰਾਂ ਵਹਿ ਤੁਰੀਆਂ, ਗੁਰੂ ਜੀ ਨੇ ਉਸ ਦਾ ਸਿਰ ਆਪਣੇ ਹੱਥਾਂ ਵਿਚ ਫੜ ਲਿਆ ਅਤੇ ਪਿਆਰ ਭਰੇ ਸ਼ਬਦ ਬੋਲ ਕੇ ਗੁਣਾਂ ਦਾ ਘਰ ਭਾਵ ਗੁਰੂ ਜੀ ਪਲੰਘ ਤੇ ਬੈਠ ਗਏ॥ ੪੭॥

ਤਿਹ ਛਿਨ ਚਲਿ ਜਰਾਮ ਤਹਿਂ ਆਵਾ। ਦਰਸ ਬਿਲੋਕਤਿ ਉਰ ਹਰਖਾਵਾ।
ਕਰਿ ਬੰਦਨ ਬੈਸਜੋ ਕਰਿ ਪ੍ਰੇਮਾ। ਬੂਝ ਪਰਸਪਰ ਕੁਸ਼ਲੰ ਖੇਮਾ॥ ੪੮॥

ਉਸ ਵੇਲੇ ਭਾਈ ਜੈ ਰਾਮ ਓਥੇ ਚਲ ਕੇ ਆਇਆ। ਗੁਰੂ ਜੀ ਦੇ ਦਰਸ਼ਨ ਕਰਕੇ ਦਿਲ ਵਿਚ ਬਹੁਤ ਖੁਸ਼ ਹੋਇਆ। ਨਮਸਕਾਰ ਕਰਕੇ ਪਿਆਰ ਕੀਤਾ ਤੇ ਫਿਰ ਬੈਠ ਗਿਆ। ਨਾਲ-ਨਾਲ ਉਹ ਕੁਸ਼ਲਤਾ ਅਤੇ ਸੁਖਸਾਂਦ ਵੀ ਪੁੱਛਦੇ ਰਹੇ॥ ੪੮॥

'ਬਹੁਤ ਬਰਖ ਬੀਤੇ ਬਿਨ ਦਰਸ਼ਨ'। ਹਿਉਂ ਕਹਿ ਭਗਨੀ ਗੇਰਤਿ ਆਂਸਨੁ।
'ਹਮੈ ਬਿਸਾਰ ਦਿਯੋ ਨਿਜ ਮਨ ਤੇ। ਹਰਖ ਹੋਤਿ ਰਾਵਰਿ ਦਰਸ਼ਨ ਤੇ' ॥੪੯॥

ਬੇਬੇ ਜੀ ਨੇ ਕਿਹਾ, "ਕਈ ਸਾਲ ਦਰਸ਼ਨਾਂ ਤੋਂ ਬਗੈਰ ਬੀਤ ਗਏ ਹਨ" ਇਹ ਕਹਿ ਕੇ ਉਹ ਅੱਖਾਂ ਵਿਚ ਹੰਝੂ ਕੇਰਨ ਲੱਗੇ, "ਸਾਨੂੰ ਆਪਣੇ ਮਨ ਤੋਂ ਵਿਸਾਰ ਦਿੱਤਾ, ਤੁਹਾਡੇ ਦਰਸ਼ਨ ਕਰਕੇ ਬਹੁਤ ਖੁਸ਼ੀ ਹੁੰਦੀ ਹੈ"॥ ੪੯॥

ਹਾਥ ਬੰਦਿ ਬੋਲਜੋ ਜੈਰਾਮਾ। 'ਕਰੁਨਾ ਕਰਹੁ ਰਹਹੁ ਅਬ ਧਾਮਾ।
ਬੈਸੇ ਸਿਮਰਹੁ ਸਦਾ ਗੁਬਿੰਦੰ। ਹਮ ਕੋ ਦੇਵਤਿ ਰਹਹੁ ਅਨੰਦੰ' ॥ ੫੦॥

ਜੈ ਰਾਮ ਹੱਥ ਜੋੜ ਕੇ ਬੋਲਿਆ, "ਕਿਰਪਾ ਕਰੋ ਤੇ ਹੁਣ ਘਰ ਹੀ ਰਹੋ। ਬੈਠ ਕੇ ਸਦਾ ਪ੍ਰਭੂ ਦਾ ਸਿਮਰਨ ਕਰੋ ਅਤੇ ਸਾਨੂੰ ਸਦਾ ਹੀ ਆਨੰਦ ਦਿੰਦੇ ਰਹੋ"॥ ੫੦॥

ਸਿਰੀ ਚੰਦ ਬਾਹਰ ਤ ਆਯੋ। ਨਮਸਕਾਰ ਕਰਿ ਉਰ ਹਰਖਾਯੋ।
ਬੈਸੇ ਮਿਲਿ ਕੈ ਸਰਬ ਸਮੀਪਾ। ਬਚਨ ਭਨੇ ਬੇਦੀ ਕੁਲਦੀਪਾ॥ ੫੧॥

ਸਿਰੀ ਚੰਦ ਬਾਹਰ ਤੋਂ ਆਇਆ, ਨਮਸਕਾਰ ਕਰਕੇ ਦਿਲ ਵਿਚ ਬਹੁਤ ਖੁਸ਼ ਹੋਇਆ। ਸਾਰੇ ਮਿਲ ਕੇ ਨੇੜੇ ਬੈਠ ਗਏ, ਤਦ ਗੁਰੂ ਜੀ ਨੇ ਬਚਨ ਕੀਤੇ॥ ੫੧॥

'ਦੇਸ਼ ਬਿਦੇਸ਼ਨ ਦੇਖਨ ਹੇਤਾ। ਯਾਂਤੇ ਰਹਜੋ ਨ ਜਾਤਿ ਨਿਕੇਤਾ।
ਜਬਿ ਸਿਮਰਨ ਕਰਿ ਹੋ ਤੁਮ ਮੇਰਾ। ਤਬਿ ਸਮੀਪ ਆਵੋਂ ਬਿਨ ਦੇਰਾ ॥੫੨॥

"ਦੇਸ਼ ਬਿਦੇਸ਼ ਵੇਖਣ ਕਰਕੇ ਘਰ ਵਿਚ ਨਹੀ ਰਿਹਾ ਜਾ ਸਕਦਾ। ਜਦ ਵੀ ਤੁਸੀ ਮੈਨੂੰ ਯਾਦ ਕਰੋਗੇ ਤਦ ਹੀ ਮੈਂ ਕਿਸੇ ਦੇਰੀ ਤੋ ਬਗੈਰ ਤੁਹਾਡੇ ਪਾਸ ਪਹੁੰਚ ਜਾਵਾਂਗਾ"॥ ੫੨॥

ਬਹੁ ਪ੍ਰਕਾਰ ਦੇ ਧੀਰਜ ਸਭਿ ਹੀ। ਰੈਨ ਬਸੇਰਾ ਕਿਯ ਤਿਹ ਤਬਹੀ।
ਭੋਰ ਹੋਤਿ ਮਿਲਿ ਕੈ ਸਭਿ ਸਾਥਾ। ਗਮਨ ਕਰਜੋ ਬੇਦੀ ਕੁਲ ਨਾਥਾ॥ ੫੩॥

ਸਾਰਿਆਂ ਨੂੰ ਬਹੁਤ ਪ੍ਰਕਾਰ ਦੇ ਧੀਰਜ ਦੇ ਕੇ ਫਿਰ ਰਾਤ ਓਥੇ ਹੀ ਗੁਜ਼ਾਰੀ। ਜਦ ਸਵੇਰ ਹੋਈ ਤਾਂ ਗੁਰੂ ਸਾਰਿਆਂ ਨੂੰ ਮਿਲ ਕੇ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਚਲ ਪਏ॥ ੫੩॥

ਪੂਰਣ ਮਾਤ ਪਿਤਾ ਕੀ ਚਾਹੂ। ਤਿਲਵੰਡੀ ਪਹੁੰਚੇ ਦੁਖਦਾਹੂ।
ਦੋਇ ਕੋਸ ਪਰ ਕੂਪ ਜੁ ਨੀਕਾ। ਛਾਇਆ ਸਘਨ ਜਹਾਂ ਰਮਣੀਕਾ॥ ੫੪॥

ਮਾਤਾ ਪਿਤਾ ਜੀ ਦੀ ਚਾਹਤ ਪੂਰੀ ਕਰਨ ਹਿਤ, ਦੁੱਖਾਂ ਨੂੰ ਸਾੜਨ ਵਾਲੇ ਭਾਵ ਗੁਰੂ ਜੀ ਤਲਵੰਡੀ ਪਹੁੰਚ ਗਏ। ਦੋ ਕੋਹ ਤੇ ਜਿਹੜਾ ਸੁੰਦਰ ਖੂਹ ਸੀ ਅਤੇ ਜਿਥੇ ਬ੍ਰਿਛਾਂ ਦੀ ਛਾਂ ਬੜੀ ਸੰਘਣੀ ਅਤੇ ਰਮਣੀਕ ਸੀ॥ ੫੪॥

ਬੈਠਿ ਗਏ ਜਗ ਗੁਰ ਤਿਹ ਥਾਈਂ। ਦ੍ਵੈ ਘਟਿਕਾ ਜਬ ਦੀਨ ਬਿਤਾਈ।
ਹਾਥ ਬੰਦਿ ਬੋਲਜੋ ਮਰਦਾਨਾ। 'ਮੁਝ ਕੋ ਆਗਜਾ ਕਰਹੁ ਬਖਾਨਾ॥ ੫੫॥

ਜਗਤ ਗੁਰੂ ਓਥੇ ਜਾ ਕੇ ਬੈਠ ਗਏ, ਜਦ ਦੋ ਘੜੀਆਂ ਦਿਨ ਬੀਤ ਗਿਆ, ਹੱਥ ਜੋੜ ਕੇ ਮਰਦਾਨਾ ਬੋਲਿਆ, "ਮੈਨੂੰ ਹੁਣ ਆਗਿਆ ਕਰੋ॥ ੫੫॥

ਨਿਜ ਕੁਟੰਬ ਲਜਾਵਹੁ ਸੁਧ ਅਬਹੀ। ਭਏ ਮ੍ਰਿਤਕ ਕੈ ਜੀਵਤ ਸਭਿਹੀ।
ਬਹੁਤ ਬਰਖ ਮਹਿਂ ਨਿਜ ਪੁਰਿ ਆਏ। ਨਿਕਸੇ ਬਹੁਰ ਨ ਫੇਰੋ ਪਾਏ' ॥੫੬॥

ਆਪਣੇ ਪਰਿਵਾਰ ਦੀ ਖਬਰ ਲਿਆਵਾਂ, ਮਰ ਗਏ ਹਨ ਕਿ ਸਾਰੇ ਜੀਉਂਦੇ ਹਨ। ਆਪਣੇ ਨਗਰ ਗਿਆਂ ਨੂੰ ਬਹੁਤ ਸਾਲ ਬੀਤ ਗਏ ਹਨ। ਜਦ ਤੋਂ ਨਿਕਲੇ ਹਾਂ ਫਿਰ ਦੁਬਾਰਾ ਫੇਰਾ ਪਾਇਆ ਹੀ ਨਹੀਂ' ॥ ੫੬॥

ਸੁਨਿ ਕਰਿ ਬਿਗਸੇ ਕ੍ਰਿਪਾ ਨਿਕੇਤਾ। ਬੋਲੇ ਹਰਖ ਦੇਨਿ ਕੇ ਹੇਤਾ।
'ਜੇ ਤੇਰੇ ਸਨਬੰਧੀ ਮਰਿ ਹੈਂ। ਅਵਰ ਕਾਜ ਹਮ ਜਗ ਕਸ ਕਰਿ ਹੈਂ ॥੫੭॥

ਇਹ ਸੁਣ ਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਮੁਸਕਰਾਏ ਅਤੇ ਮਰਦਾਨੇ ਨੂੰ ਖੁਸ਼ ਕਰਨ ਹਿਤ ਬੋਲੇ, "ਜੇ ਤੇਰੇ ਸੰਬੰਧੀ ਹੀ ਮਰ ਜਾਣੇ ਹਨ ਤਾਂ ਫਿਰ ਜਗ ਵਿਚ ਅਸੀਂ ਹੋਰ ਕੰਮ ਕੀ ਕਰਨੇ ਹਨ॥ ੫੭॥

ਹਮ ਹੋਵਤਿ ਨਹਿ ਚਿੰਤਾ ਕਰੀਏ। ਨਿਕਟਿ ਨ ਜਮ ਕੋ ਤ੍ਰਾਸ ਬਿਚਰੀਏ।
ਜੇ ਅਬਿ ਤੋ ਮਨ ਐਸੀ ਆਈ। ਮਿਲਹੁ ਕੁਟੰਬ ਸਰਬ ਕਉ ਜਾਈ॥੫੮॥

ਸਾਡੇ ਹੁੰਦਿਆਂ ਚਿੰਤਾ ਨਾ ਕਰ, ਕਦੇ ਵੀ ਜਮਾਂ ਦੇ ਡਰ ਨੂੰ ਨੇੜੇ ਨਾ ਆਉਣ ਦੇਵੇਂ। ਜੇ ਹੁਣ ਤੇਰੇ ਮਨ ਵਿਚ ਐਸੀ ਗੱਲ ਆਈ ਹੈ ਤਾਂ ਸਾਰੇ ਪਰਿਵਾਰ ਨੂੰ ਜਾ ਕੇ ਹੁਣੇ ਹੀ ਮਿਲੋ॥ ੫੮॥

ਕਾਲੂ ਕੇ ਸਮੀਪ ਜੇ ਜਾਵਹੁ। ਹਮਰੀ ਸੁਧ ਨਹਿ ਤਿਨਹਿ ਸੁਨਾਵਹੁ।
ਮਿਲਿ ਪਰਵਾਰ ਬਹੁਰ ਤੁਮ ਆਵਹੁ। ਕਰਿਕੈ ਮੋਹ ਨ ਬਿਲਮ ਲਗਾਵਹੁ' ॥੫੯॥

ਜੇ ਸਾਡੇ ਪਿਤਾ ਮਹਿਤਾ ਕਾਲੂ ਜੀ ਪਾਸ ਜਾਵੇਂ ਤਾਂ ਉਨ੍ਹਾਂ ਨੂੰ ਸਾਡੇ ਬਾਰੇ ਕੁਝ ਨਾ ਦੱਸਣਾ। ਪਰਿਵਾਰ ਨੂੰ ਮਿਲ ਕੇ ਵਾਪਸ ਆ ਜਾਵੇਂ, ਮੋਹ ਵਿਚ ਪੈ ਕੇ ਦੇਰ ਨਾ ਲਾਉਣੀ' ॥ ੫੯॥

ਕਹਿ ਮਰਦਾਨਾ ਸੁਨਿ ਬਚ ਗੁਰ ਕੋ। 'ਕਹਾ ਲੇਕਰਿ ਜਾਵੌਂ ਮੈਂ ਘਰ ਕੋ।
ਬਹੁਰ ਬਰਖ ਘਰ ਵਹਿਰ ਬਿਤਾਏ। ਛੂਛਾ ਅਬ ਕਹਾ ਦੇਵੌਂ ਜਾਏ' ॥੬੦॥

ਗੁਰੂ ਜੀ ਦੇ ਬਚਨ ਸੁਣ ਕੇ ਮਰਦਾਨੇ ਕਿਹਾ, "ਮੈਂ ਘਰ ਕੀ ਲੈ ਕੇ ਜਾਵਾਂ? ਬਹੁਤ ਸਾਲ ਮੈਂ ਘਰ ਤੋਂ ਬਾਹਰ ਗੁਜ਼ਾਰ ਦਿੱਤੇ ਹਨ, ਖਾਲੀ ਹੱਥ ਹੁਣ ਜਾ ਕੇ ਕੀ ਦੇਵਾਂਗਾ' ॥ ੬੦॥

ਗੁਰ ਕਹਿ 'ਰੋੜਨ ਮੁਸ਼ਟਿ ਉਚਾਵਹੁ। ਬਾਂਧਿ ਚੀਰ ਸੰਦੇਹ ਮਿਟਾਵਹੁ।
ਘਰ ਮਹਿਂ ਜਾਹੁ ਖੋਲਿ ਦਿਹੁ ਤਾਂਹੀ। ਹ੍ਵੈ ਹੈ ਸੋ ਜਿ ਚਹਹੁ ਮਨ ਮਾਂਹੀ' ॥੬੧॥

ਗੁਰੂ ਜੀ ਨੇ ਕਿਹਾ, 'ਇਕ ਰੋੜਾਂ ਦੀ ਮੁੱਠ ਉਠਾਵੇਂ ਅਤੇ ਪੱਲੇ ਬੰਨ੍ਹ ਕੇ ਸਾਰੇ ਸੰਸੇ ਮਿਟਾ ਲਵੇਂ। ਘਰ ਜਾ ਕੇ ਇਸ ਨੂੰ ਖੋਲ੍ਹ ਲੈਣਾ, ਇਸ ਵਿਚੋਂ ਓਹੋ ਕੁਝ ਨਿਕਲੇਗਾ ਜੋ ਤੇਰੇ ਮਨ ਦੀ ਚਾਹਤ ਹੋਵੇਗੀ' ॥ ੬੧॥

ਏਕ ਮੁਸ਼ਟਿ ਤਬ ਲੇ ਮਰਦਾਨੇ। ਬਾਂਧੇ ਅਪਨੇ ਪਟ ਸੰਗਾਨੇ।
ਕਰਜੋ ਅਨੰਦ ਨਿਕੇਤ ਸਿਧਾਰਾ। ਮਿਲਜੋ ਜਾਇ ਅਪਨੇ ਪਰਵਾਰਾ ॥੬੨॥

ਮਰਦਾਨੇ ਇਕ ਮੁੱਠ ਰੋੜਾਂ ਦੀ ਲਈ ਅਤੇ ਆਪਣੀ ਚਾਦਰ ਦੇ ਪੱਲੇ ਨਾਲ ਬੰਨ੍ਹ ਲਈ। ਬੜਾ ਖੁਸ਼ ਹੋ ਕੇ ਘਰ ਵਲ ਚਲ ਪਿਆ ਅਤੇ ਜਾ ਕੇ ਆਪਣੇ ਪਰਿਵਾਰ ਨੂੰ ਮਿਲਿਆ॥ ੬੨॥

ਗੰਢ ਚੀਰ ਕੀ ਖੋਲੀ ਜਬਹੀ। ਕੰਚਨ ਸਰਬ ਬਿਲੋਕਜੋ ਤਬਹੀ।

ਭਾ ਕੁਟੰਬ ਕੋ ਆਨੰਦ ਭਾਰੀ। ਸੁਨਤਿ ਭਏ ਪੁਰਿ ਮੈਂ ਨਰ ਨਾਰੀ ॥੬੩॥

ਜਦ ਚਾਦਰ ਦੇ ਪੱਲੇ ਨਾਲ ਬੰਨ੍ਹੀ ਗੰਢ ਖੋਲ੍ਹੀ ਤਾਂ ਸਾਰਾ ਸੋਨਾ ਹੀ ਸੋਨਾ ਦਿਸਿਆ। ਸਾਰਾ ਪਰਿਵਾਰ ਵੇਖ ਕੇ ਬਹੁਤ ਖੁਸ਼ ਹੋਇਆ, ਨਗਰ ਦੇ ਸਾਰੇ ਨਰ ਨਾਰੀਆਂ ਨੇ ਇਹ ਖਬਰ ਸੁਣੀ॥ ੬੩॥

'ਸ੍ਰੀ ਨਾਨਕ ਸੰਗੀ ਮਰਦਾਨਾ। ਫਿਰਤਿ ਵਹਿਰ ਬਹੁ ਕਾਲ ਬਿਤਾਨਾ।
ਅਬ ਆਵਾ ਅਪਨੇ ਘਰ ਬੀਚੂ। ਇਉਂ ਸੁਨਿ ਆਇ ਊਚ ਅਰੁ ਨੀਚੂ ॥੬੪॥

ਸ੍ਰੀ ਨਾਨਕ ਦਾ ਸਾਥੀ ਮਰਦਾਨਾ, ਜਿਸ ਨੇ ਬਾਹਰ ਫਿਰ ਕੇ ਬਹੁਤ ਸਮਾਂ ਬਿਤਾਇਆ ਹੈ, ਹੁਣ ਉਹ ਆਪਣੇ ਘਰ ਆਇਆ ਹੈ।'' ਇਸ ਤਰ੍ਹਾਂ ਸੁਣ ਕੇ ਸਾਰੇ ਵੱਡੇ ਛੋਟੇ ਆਏ॥ ੬੪॥

ਭੀਰ ਭੂਰ ਤਿਹ ਕੇ ਘਰ ਹੋਈ। ਮਿਲਹਿਂ, ਕੁਸ਼ਲ ਬੂਝਹਿਂ ਸਭਿ ਕੋਈ।
ਕਰਹਿਂ ਪਰਸਪਰ ਨਰ ਬਖ਼ਜਾਨਾ। 'ਸ੍ਰੀ ਨਾਨਕ ਸੰਗਿ ਥਾ ਮਰਦਾਨਾ ॥੬੫॥

ਉਸ ਦੇ ਘਰ ਇਕ ਵੱਡੀ ਭੀੜ ਲੱਗ ਗਈ। ਮਿਲ ਕੇ ਸਾਰੇ ਹੀ ਕੁਸ਼ਲਤਾ ਬਾਰੇ ਪੁੱਛਦੇ ਸਨ। ਸਾਰੇ ਮਨੁੱਖ ਬਾਰ-ਬਾਰ ਕਹਿ ਰਹੇ ਸਨ ਕਿ ਮਰਦਾਨਾ, ਸ੍ਰੀ ਨਾਨਕ ਦੇ ਨਾਲ ਗਿਆ ਸੀ॥ ੬੫॥

ਯਾਂਤੇ ਸੁਭ ਸੁਭਾਇ ਭਾ ਇਹ ਕੋ। ਸਭਿ ਨਰ ਤੇ ਨਿਰਮਲ ਉਰ ਜਿਹਕੋ।
ਮਧੁਰ ਬਚਨ ਸਭਿ ਸੰਗ ਬਖਾਨਤਿ। ਭਲੀ ਰੀਤਿ ਕਰਿ ਕੈ ਸਨਮਾਨਤਿ ॥੬੬॥

ਇਸ ਕਰਕੇ ਇਸ ਦਾ ਸੁਭਾਅ ਬੜਾ ਸ਼ੁਭ ਹੋ ਗਿਆ ਹੈ, ਸਾਰੇ ਮਨੁੱਖਾਂ ਨਾਲੋਂ ਇਸ ਦਾ ਦਿਲ ਨਿਰਮਲ ਹੋ ਗਿਆ ਹੈ। ਸਾਰਿਆਂ ਨਾਲ ਬੜੇ ਮਿੱਠੇ ਬਚਨ ਬੋਲਦਾ ਹੈ ਅਤੇ ਸਾਰਿਆਂ ਦਾ ਭਲੀ ਰੀਤੀ ਅਨੁਸਾਰ ਸਨਮਾਨ ਕਰਦਾ ਹੈ''॥ ੬੬॥

ਇਕ ਮਹੂਰਤ ਸਦਨ ਬਿਤਾਯਾ। ਮਿਲਿ ਪਰਵਾਰ ਰਿਦੇ ਹਰਖਾਯਾ।
ਅਪਰ ਜਿ ਲੋਕ ਮਿਲਨਿ ਤਿਸ ਆਏ। ਮਿਲਜੋ ਭਾਉ ਧਰਿ ਸ੍ਰਬ ਸੁਖ ਪਾਏ ॥੬੭॥

ਦੋ ਘੜੀਆਂ ਘਰ ਵਿਚ ਬਿਤਾਈਆਂ ਅਤੇ ਪਰਿਵਾਰ ਨੂੰ ਮਿਲ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ। ਹੋਰ ਲੋਕ ਜਿਹੜੇ ਮਿਲਣ ਆਏ ਸਾਰਿਆਂ ਨੂੰ ਬੜੇ ਪ੍ਰੇਮ ਨਾਲ ਸਰਬ ਸੁਖ ਪਾ ਕੇ ਮਿਲਿਆ॥ ੬੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਦੂਨੀ ਚੰਦ ਮਿਲਨ, ਭਗਨੀ ਮਿਲਨ, ਤਲਵੰਡੀ ਆਵਨ ਪ੍ਰਸੰਗ' ਬਰਨਨੰ ਨਾਮ ਚਤੁਰਥੋ ਅਧਯਾਯ॥ ੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੌਥਾ ਅਧਿਆਇ, ਜਿਸ ਦਾ ਨਾਮ ''ਦੂਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਆਉਣਾ'' ਹੈ, ਸਮਾਪਤ ਹੋਇਆ ॥ ੪॥

# ਅਧਿਆਇ ਪੰਜਵਾਂ

## ਮਾਤਾ ਪਿਤਾ ਨੂੰ ਮਿਲਣਾ

ਦੋਹਰਾ- ਬਰਨ ਸੇਤ ਹੰਸਬਾਹਨੀ ਜੋ ਜਗਬਾਨੀ ਰੂਪ॥
ਤਿਹ ਪਦ ਬੰਦਨ ਕਰਿ ਭਲੇ ਬਰਨੌਂ ਕਥਾ ਅਨੂਪ॥ ੧॥

ਜੋ ਹੰਸ ਦੀ ਸਵਾਰੀ ਕਰਦੀ ਹੈ ਤੇ ਜਿਸ ਦਾ ਆਪਣਾ ਰੰਗ ਸਫੈਦ ਹੈ ਤੇ ਜੋ ਜਗਤ ਵਿਚ ਬਾਣੀ ਦੇ ਰੂਪ ਵਿਚ ਪ੍ਰਕਾਸ਼ਦੀ ਹੈ, ਉਸ ਦੇ ਚਰਨਾਂ ਤੇ ਭਲੀ ਪ੍ਰਕਾਰ ਬੰਦਨਾ ਕਰਕੇ ਅਨੂਪਮ ਕਥਾ ਵਰਨਣ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਦ੍ਵੈ ਘਟਿਕਾ ਬੀਤੇ ਤਤਕਾਲੂ। ਚਲਜੋ ਜਹਾਂ ਥੋ ਆਲਯ ਕਾਲੂ।
ਆਗੈ ਸ੍ਰੀ ਨਾਨਕ ਕੀ ਮਾਤਾ। ਤ੍ਰਿਪਤਾ ਨਾਮ ਜੁ ਥੀ ਬੱਖਯਾਤਾ॥ ੨॥

ਭਾਈ ਬਾਲੇ ਨੇ ਕਿਹਾ- ਦੋ ਘੜੀਆਂ ਝੱਟ ਬੀਤ ਗਈਆਂ, ਮਰਦਾਨਾ ਫਿਰ ਉਸ ਤਰਫ ਚਲ ਪਿਆ ਜਿਧਰ ਮਹਿਤਾ ਕਾਲੂ ਜੀ ਦਾ ਘਰ ਸੀ। ਜਦ ਘਰ ਪਹੁੰਚਿਆ ਤਾਂ ਅਗੇ ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ, ਜਿਹੜੇ ਤ੍ਰਿਪਤਾ ਨਾਂ ਨਾਲ ਜਾਣੇ ਜਾਂਦੇ ਸਨ, ਖੜੇ ਸਨ॥ ੨॥

ਜਬ ਆਵਤਿ ਦੇਖਜੋ ਮਰਦਾਨਾ। ਗਰ ਸੋਂ ਲਾ ਬਿਰਾਗ ਬਹੁ ਠਾਨਾ।
ਭਯੋ ਮੋਹ ਸਰਿਤਾ ਸੁ ਪ੍ਰਵਾਹਾ। ਧੀਰਜ ਸਿਕਤਾ ਸੇਤੁ ਨਸਾਹਾ॥ ੩॥

ਜਦ ਉਨ੍ਹਾਂ ਮਰਦਾਨੇ ਨੂੰ ਆਉਂਦਾ ਵੇਖਿਆ ਤਾਂ ਉਸ ਨੂੰ ਆਪਣੇ ਗਲ ਨਾਲ ਲਾ ਕੇ ਬੜਾ ਵੈਰਾਗ ਕੀਤਾ। ਮੋਹ ਨਦੀ ਦੇ ਪ੍ਰਵਾਹ ਵਾਂਗ ਵਹਿ ਤੁਰਿਆ। ਧੀਰਜ ਰੂਪੀ ਰੇਤ ਦਾ ਪੁਲ ਟੁੱਟ ਗਿਆ॥ ੩॥

ਬਾਕ ਜੁ ਤਿਨ ਸਭਿ ਦੀਯੇ ਰੁੜ੍ਹਾਈ। ਕਹੈ ਬਹੁਤ ਨਹਿੰ ਧੀਰ ਧਰਾਈ।
ਸ੍ਰੀ ਨਾਨਕ ਕੋ ਭਾ ਅਨੁਰਾਗਾ। ਕੀਨੋ ਜਨਨੀ ਬਹੁ ਬੈਰਾਗਾ॥ ੪॥

ਵਾਕਾਂ ਰੂਪੀ ਤਿਣਕੇ ਸਭ ਰੋੜ੍ਹ ਕੇ ਲੈ ਗਈ। ਬਹੁਤ ਕੁਝ ਕਹਿਣਾ ਚਾਹੁੰਦੀ ਸੀ ਪਰ ਧੀਰਜ ਨਹੀ ਸੀ ਧਾਰ ਰਹੀ। ਸ੍ਰੀ ਨਾਨਕ ਜੀ ਪ੍ਰਤਿ ਬੜਾ ਪ੍ਰੇਮ ਜਾਗਿਆ ਅਤੇ ਮਾਤਾ ਜੀ ਨੇ ਬਹੁਤ ਵੈਰਾਗ ਕੀਤਾ॥ ੪॥

ਕਿਤਿਕ ਦੇਰਿ ਮਹਿੰ ਧੀਰਜ ਧਰਿਕੈ। ਬੂਝਨ ਲਗੀ ਸੁ ਬਚਨ ਉਚਰਿਕੈ।
'ਸੁਤ ਨਾਨਕ ਕੀ ਖਬਰ ਸੁਨਾਵਹੁ। ਤਜਜੋ ਥਾਨ ਕਿਹ ? ਮੋਹਿ ਬਤਾਵਹੁ॥੫॥

ਕਾਫੀ ਦੇਰ ਬਾਅਦ ਧੀਰਜ ਧਾਰਨ ਕਰਕੇ, ਬਚਨ ਉਚਾਰ ਕੇ ਪੁੱਛਣ ਲੱਗੀ, "ਪੁੱਤਰ ਨਾਨਕ ਦੀ ਖਬਰ ਸੁਣਾਵੋ। ਉਸ ਨੇ ਇਹ ਥਾਂ ਕਿਉਂ ਛੱਡ ਦਿੱਤਾ ਹੈ, ਮੈਨੂੰ ਦੱਸੋ॥ ੫॥

ਜਬਿ ਕੇ ਨਿਕਸੇ ਤੁਮ ਘਰ ਮਾਂਹੀ। ਤਬਿ ਕੀ ਸੁਧਿ ਆਈ ਕਬਿ ਨਾਂਹੀ।
ਮਮ ਸੁਤ ਸਭਿ ਤਜਿਕੇ ਘਰਿ ਬਾਰਾ। ਭਾ ਫਕੀਰ, ਕਜਾ ਰਿਦੈ ਬਿਚਾਰਾ॥੬॥

ਜਦ ਦੇ ਤੁਸੀਂ ਘਰ ਤੋਂ ਨਿਕਲੇ ਹੋ, ਤਦ ਦੀ ਹੀ ਕਦੀ ਵੀ ਕੋਈ ਖ਼ਬਰ ਸਾਰ ਨਹੀਂ ਮਿਲੀ। ਮੇਰਾ ਪੁੱਤਰ ਸਾਰਾ ਘਰ-ਬਾਰ ਛੱਡ ਕੇ, ਹਿਰਦੇ ਵਿਚ ਕੀ ਵਿਚਾਰ ਕੇ ਫਕੀਰ ਹੋ ਗਿਆ ਹੈ॥ ੬॥

ਨਿਸ ਦਿਨ ਕਰਤਜੋ ਰੁਦਨ ਬਿਤਾਊਂ। ਕਰਿ ਉਰ ਯਾਦ ਬੈਠਿ ਪਛੁਤਾਊਂ।
ਬਿਧਿ ਨੈ ਇਕ ਸੁਤ ਦੀਨੋ ਮੋਹੀ। ਨਹਿੰ ਸਮੀਪ ਕਬਿ ਰਾਖਜੋ ਓਹੀ'॥੭॥

ਰਾਤ ਦਿਨ ਰੋਂਦਿਆਂ ਬਿਤੀਤ ਕਰਦੀ ਹਾਂ। ਦਿਲ ਵਿਚ ਯਾਦ ਕਰਕੇ ਪਛਤਾਉਂਦੀ ਹਾਂ। ਪ੍ਰਭੂ ਨੇ ਮੈਨੂੰ ਇਕ ਪੁੱਤਰ ਦਿੱਤਾ ਸੀ ਅਤੇ ਉਸ ਨੂੰ ਵੀ ਕਦੇ ਮੇਰੇ ਨੇੜੇ ਨਹੀਂ ਰਹਿਣ ਦਿੱਤਾ'' ॥ ੭॥

ਦੋਹਰਾ- ਕਾਲੂ ਕੇ ਤਬ ਅਜਰ ਮਹਿਂ ਪੁੰਜ ਭਏ ਨਰ ਆਇ।
ਸੁਨਿ ਕਰਿ ਮਾਤਾ ਕੇ ਬਚਨ ਮਰਦਾਨਾ ਤਬ ਗਾਇ॥ ੮॥

ਮਹਿਤਾ ਕਾਲੂ ਦੇ ਵਿਹੜੇ ਵਿਚ ਮਨੁੱਖ ਆ ਕੇ ਇਕੱਠੇ ਹੋ ਗਏ। ਮਾਤਾ ਦੇ ਬਚਨ ਸੁਣ ਕੇ ਮਰਦਾਨਾ ਕਹਿਣ ਲੱਗਾ॥ ੮॥

ਚੌਪਈ- 'ਜਬ ਸੁਲਤਾਨ ਪੁਰੇ ਹਮ ਅਹੇ। ਤਬਿ ਸ੍ਰੀ ਨਾਨਕ ਕੇ ਸੰਗ ਰਹੇ।
ਪੁਨ ਸੁਧ ਨਹਿਂ ਤਿਹ ਤੇ ਪਸ਼ਚਾਤੀ। ਕਿਤ ਕੋ ਗਯੋ ਨ ਜਾਨਜੇ ਜਾਤੀ' ॥੯॥

''ਜਦ ਅਸੀਂ ਸੁਲਤਾਨਪੁਰ ਰਹਿੰਦੇ ਸੀ, ਤਦ ਮੈਂ ਸ੍ਰੀ ਨਾਨਕ ਦੇ ਨਾਲ ਰਿਹਾ ਸੀ। ਉਸ ਤੋਂ ਬਾਅਦ ਦੀ ਉਸ ਬਾਰੇ ਮੈਨੂੰ ਕੋਈ ਖਬਰ ਨਹੀਂ ਹੈ। ਕਿਥੇ ਗਏ ਹਨ, ਕੋਈ ਜਾਣਿਆਂ ਨਹੀਂ ਜਾਂਦਾ''॥ ੯॥

ਸੁਨਿ ਮਾਤਾ ਉਰ ਬਹੁ ਅਕੁਲਾਈ। ਜਨੁ ਤ੍ਰਿਣ ਪਾਕੇ ਪਾਵਕ ਲਾਈ।
ਬੋਲ ਨ ਆਵ ਬਿਕੁਲ ਤਨ ਹੋਈ। ਜਨੁ ਸੁਤ ਬ੍ਰਿਹੁ ਮੈਂ ਪਰਿ ਕੈ ਸੋਈ॥੧੦॥

ਇਹ ਸੁਣ ਕੇ ਮਾਤਾ ਬਹੁਤ ਵਿਆਕੁਲ ਹੋਈ, ਮਾਨੋਂ ਪੱਕੇ ਹੋਏ ਚੋੜੇ ਨੂੰ ਅਗਨੀ ਲਾਈ ਹੋਵੇ। ਬੋਲ ਨਹੀਂ ਸਕਦੀ ਸੀ, ਤਨ ਏਨਾ ਬਿਹਬਲ ਹੋ ਗਿਆ, ਮਾਨੋਂ ਪੁੱਤਰ ਦੇ ਵਿਛੋੜੇ ਵਿਚ ਸੌਂ ਗਈ ਹੋਵੇ ਭਾਵ ਮੂਰਛਿਤ ਹੋ ਗਈ ਹੋਵੇ॥ ੧੦॥

ਇਕ ਤੋ ਬ੍ਰਿਧ, ਹੀਨ ਬਲ ਦੇਹੀ। ਪੁਨ ਨ ਪਾਇ ਸੁਧ ਤਾਤ ਸਨੇਹੀ।
ਜਾਨਤਿ ਹੁਤੀ ਸੰਗਿ ਮਰਦਾਨਾ। ਤਿਨ ਅਸ ਦੁਖਦਾ ਬਚਨ ਬਖਾਨਾ॥੧੧॥

ਇਕ ਤਾਂ ਬ੍ਰਿਧ ਹੋਣ ਕਰਕੇ ਦੇਹ ਬਲਹੀਣ ਹੋ ਗਈ ਸੀ, ਦੂਸਰਾ ਪੁੱਤਰ ਦੇ ਬਾਰੇ ਕੋਈ ਖਬਰ ਸਾਰ ਨਹੀਂ ਸੀ। ਉਹ ਇਹ ਜਾਣਦੀ ਸੀ ਕਿ ਮਰਦਾਨਾ ਉਸ ਦੇ ਨਾਲ ਗਿਆ ਹੈ, ਪਰ ਮਰਦਾਨੇ ਨੇ ਤਾਂ ਅਜੇਹੇ ਦੁਖਦਾਇਕ ਸ਼ਬਦ ਕਹਿ ਦਿੱਤੇ ਸਨ॥ ੧੧॥

ਜਿਉਂ ਸੁ ਖਤੰਗ ਮਰਮ ਦੇ ਭੇਦਾ। ਪਰੀ ਬਿਬਰਨ ਹੋਇ ਅਤਿ ਖੇਦਾ।
ਕਿਤਿਕ ਬਾਰ ਮਹਿਂ ਪੁਨ ਸੁਧ ਆਈ। ਲੋਚਨ ਤੇ ਆਂਸੁਨ ਜਲ ਜਾਈ॥੧੨॥

ਜਿਵੇਂ ਤੀਰ ਸਰੀਰ ਨੂੰ ਵਿੰਨ੍ਹ ਦਿੰਦਾ ਹੈ, ਇਸ ਤਰ੍ਹਾਂ ਬੇਰੰਗ ਅਤੇ ਅਤੀ ਦੁਖੀ ਹੋ ਕੇ ਪਈ ਸੀ। ਕਾਫੀ ਸਮੇਂ ਬਾਅਦ ਦੁਬਾਰਾ ਹੋਸ਼ ਆਈ। ਅੱਖਾਂ ਵਿਚ ਹੰਝੂ ਵਹਿਣ ਲੱਗ ਗਏ॥ ੧੨॥

ਚਤੁਰ ਘਟੀ ਬੈਠਜੋ ਮਰਦਾਨਾ। ਪੁਨ ਉਠਿ ਚਲਜੋ ਪ੍ਰਭੁ ਜਿਹ ਥਾਨਾ।
ਤਬਿ ਤ੍ਰਿਪਤਾ ਉਰ ਧੀਰਜ ਧਰਿਕੈ। ਇਸ ਬਿਲੋਕਿ ਉਰ ਰਹੀ ਬਿਚਰਿਕੈ॥੧੩॥

ਚਾਰ ਘੜੀਆਂ ਮਰਦਾਨਾ ਬੈਠਾ ਰਿਹਾ, ਫਿਰ ਉੱਠ ਕੇ ਓਧਰ ਚਲੇ ਗਿਆ ਜਿਥੇ ਗੁਰੂ ਜੀ ਬੈਠੇ ਸਨ। ਤਦ ਮਾਤਾ ਤ੍ਰਿਪਤਾ ਹਿਰਦੇ ਵਿਚ ਧੀਰਜ ਧਾਰਨ ਕਰਕੇ, ਇਸ ਤਰ੍ਹਾਂ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ ?॥ ੧੩॥

ਵਹਿਰ ਚਲਜੋ ਉਠਿ ਤੂਰਨ ਜਹਿੰਵਾ। ਹੋਇ ਆਤਮਜ ਮੇਰੋ ਤਹਿੰਵਾ॥
ਬਹੁ ਦਿਨ ਬਿਤੇ ਅਯੋ ਘਰ ਮਾਂਹੀ। ਬਾਸੁਰ ਰਹਜੋ ਏਕ ਭੀ ਨਾਂਹੀ॥੧੪॥

ਮਰਦਾਨਾ ਉਠ ਕੇ ਜਿਧਰ ਤੁਰਤ ਚਲ ਪਿਆ ਹੈ, ਮੇਰਾ ਪੁੱਤਰ ਵੀ ਜ਼ਰੂਰ ਉਹ ਥਾਂ ਹੋਵੇਗਾ, ਬਹੁਤ ਦਿਨਾਂ ਪਿਛੋਂ ਘਰ ਆਇਆ ਹੈ, ਪਰ ਘਰ ਵਿਚ ਇਕ ਦਿਨ ਵੀ ਨਹੀਂ ਰਿਹਾ॥ ੧੪॥

ਦੋਹਰਾ-ਇਸ ਬਿਧਿ ਜਨਨੀ ਮਨ ਗੁਨਤਿ ਮਧੁਰ ਅਸਨ ਲੇ ਓਲ।

ਤੂਰਨ ਗਵਨੀ ਧਾਇ ਕਰਿ ਲੀਨੇ ਰੁਚਿਰ ਨਿਚੋਲ॥੧੫॥

ਇਸ ਤਰ੍ਹਾਂ ਮਾਤਾ ਨੇ ਮਨ ਵਿਚ ਸੋਚਿਆ ਤੇ ਮਿੱਠੇ ਪਦਾਰਥ ਝੋਲੀ ਵਿਚ ਪਾ ਲਏ ਤੇ ਚੋਲਾ ਆਦਿ ਬਸਤਰ ਲੈ ਕੇ ਤੇਜ਼ ਚਾਲ ਚਲ ਪਈ॥ ੧੫॥

ਚੌਪਈ- ਮਿਲੀ ਗੈਲ ਮੈਂ ਜਹਿਂ ਮਰਦਾਨਾ। ਆਤੁਰ ਹ੍ਵੈ ਕਰਿ ਬਚਨ ਬਖਾਨਾ।
'ਸੁਤ ਨਾਨਕ ਸੋਂ ਮੇਲਹੁ ਮੋਕੋ। ਸੁਧ ਮਰਦਾਨੇ ਹੈ ਕਹੁ ਤੋਕੋ॥ ੧੬॥

ਝੱਟ ਹੀ ਮਰਦਾਨੇ ਦੇ ਸੰਗ ਜਾ ਮਿਲੀ ਅਤੇ ਦੁਖੀ ਹੋ ਕੇ ਬਚਨ ਕੀਤਾ, "ਪੁੱਤਰ ਨਾਨਕ ਜੀ ਨਾਲ ਮੈਨੂੰ ਮਿਲਾਊ, ਹੇ ਮਰਦਾਨੇ ! ਤੈਨੂੰ ਉਨ੍ਹਾਂ ਬਾਰੇ ਸਭ ਕੁਝ ਪਤਾ ਹੈ॥ ੧੬॥

ਬਹੁਤ ਬਰਖ ਭੇ ਦੇਖਜੇ ਨਾਂਹੀ। ਮੋਹ ਬਢਜੋ ਅਤਿਸੈ ਮਨ ਮਾਂਹੀ'।
ਸੁਨਿ ਮਰਦਾਨੇ ਤੂਸ਼ਨ ਕੀਨੰ। ਗੁਰ ਭੈ ਲਖਜੋ, ਨ ਉੱਤਰ ਦੀਨੰ॥੧੭॥

ਬਹੁਤ ਸਾਲ ਬੀਤ ਗਏ ਹਨ, ਵੇਖਿਆ ਨਹੀਂ, ਮੇਰੇ ਮਨ ਵਿਚ ਮੋਹ ਦੀ ਅਗਨੀ ਬਹੁਤ ਵਧੀ ਹੈ।" ਇਹ ਸੁਣ ਕੇ ਮਰਦਾਨਾ ਚੁਪ ਰਿਹਾ। ਗੁਰੂ ਜੀ ਦਾ ਡਰ ਕਰਕੇ, ਕੋਈ ਉੱਤਰ ਨਾ ਦਿੱਤਾ॥ ੧੭॥

ਜਨਨੀ ਜਾਨਿ ਗਈ ਤਿਹ ਬਾਤਾ। ਚਲੀ ਤਬਹਿ ਤਿਹ ਕੇ ਪਸ਼ਚਾਤਾ।
ਜਹਿਂ ਬੈਠੇ ਬੇਦੀ ਕੁਲਦੀਪਾ। ਪਹੁੰਚਤਿ ਭੇ ਤਿਹ ਕੂਪ ਸਮੀਪਾ॥੧੮॥

ਮਾਤਾ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਗਈ। ਉਹ ਉਸ ਦੇ ਪਿੱਛੇ-ਪਿੱਛੇ ਜਾਣ ਲੱਗੀ। ਜਿਥੇ ਗੁਰੂ ਜੀ ਬੈਠੇ ਸਨ, ਓਥੇ ਖੂਹ ਦੇ ਨੇੜੇ ਉਹ ਪਹੁੰਚ ਗਏ। ੧੮॥

ਦੋਹਰਾ- ਮਾਤ ਬਿਲੋਕੀ ਦੂਰ ਤੇ ਤੂਰਨ ਉਠਿ ਸੁਖਦਾਇ।
ਚਰਨ ਬੰਦਨਾ ਸੀਸ ਧਰਿ ਕੀਨੀ ਆਗੈ ਆਇ॥ ੧੯॥

ਜਦ ਦੂਰ ਤੋਂ ਮਾਤਾ ਜੀ ਨੂੰ ਆਉਂਦਿਆਂ ਵੇਖਿਆ ਤਾਂ ਸੁਖਦਾਤੇ ਗੁਰੂ ਜੀ ਤੁਰੰਤ ਉਠ ਪਏ ਤੇ ਅੱਗੇ ਆ ਕੇ ਮਾਤਾ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਮੱਥਾ ਟੇਕਿਆ॥ ੧੯॥

ਚੌਪਈ- ਕੋਰੀ ਭਰਿ ਨਾਨਕ ਕੋ ਜਨਨੀ। ਰੋਦਨ ਕਰਤਿ ਨ ਜਾਈ ਗਨਨੀ।
ਚਲਜੋ ਬਿਲੋਚਨ ਤੇ ਬਹੁ ਨੀਰੰ॥ਸੁਤ ਬਿਰਹਾਨਲ ਜਨੁ ਕਰਿ ਸੀਰੰ॥੨੦॥

ਮਾਤਾ ਜੀ ਨੇ ਗੁਰੂ ਨਾਨਕ ਜੀ ਨੂੰ ਜੱਫੀ ਪਾ ਲਈ। ਵਿਰਲਾਪ ਕਰਦੀ ਜਾਣੀ ਨਹੀਂ ਸੀ ਜਾ ਸਕਦੀ। ਅੱਖਾਂ ਵਿਚੋਂ ਪਾਣੀ ਦੇ ਪਰਨਾਲੇ ਵੱਗ ਪਏ। ਮਾਨੋਂ ਪੁੱਤਰ ਦੇ ਵਿਛੋੜੇ ਦੀ ਅੱਗ ਨੂੰ ਆਪਣੇ ਹੰਝੂਆਂ ਦੇ ਪਾਣੀ ਨਾਲ ਠੰਢਾ ਕਰ ਰਹੀ ਸੀ॥ ੨੦॥

ਅਸ਼੍ਰੂਪਾਤਿ ਸੋਂ ਬਸਤ੍ਰ ਭਿਗੋਏ। ਜੋ ਦੇਖਤਿ ਸੋ ਗਦਗਦ ਹੋਏ।
ਕੋਰੀ ਤੇ ਸੁਤ ਕੋ ਨਹਿਂ ਤਜਈ। ਅਧਿਕ ਬਿਰਹੁ ਤੇ ਮਿਲਤਿ ਨ ਰਜਈ॥੨੧॥

ਹੰਝੂਆਂ ਨਾਲ ਸਾਰੇ ਵਸਤਰ ਭਿੱਜ ਗਏ, ਜਿਹੜੇ ਵੇਖਦੇ ਸਨ ਉਹ ਗਦਗਦ ਹੋ ਗਏ। ਜੱਫੀ ਵਿਚੋਂ ਪੁੱਤਰ ਨੂੰ ਛੱਡ ਨਹੀਂ ਸੀ ਰਹੀ, ਲੰਮੇ ਵਿਛੋੜੇ ਬਾਅਦ ਮਿਲਣ ਕਰਕੇ ਰੱਜ ਨਹੀਂ ਸੀ ਰਹੀ॥ ੨੧॥

ਬਦਨ ਬਿਲੋਕਤਿ ਸੂੰਘਤਿ ਮਾਥਾ। ਕਰਤਿ ਨੇਹ ਸਿਰ ਫੇਰਤਿ ਹਾਥਾ।
ਹੁਤੀ ਬ੍ਰਿੱਧ ਬਲ ਤੇ ਤਨ ਹੀਨਾ। ਪੁਨ ਸਮੀਪ ਬੈਸੀ ਸੁਖ ਲੀਨਾ॥ ੨੨॥

ਮੁਖੜਾ ਵੇਖਦੀ ਸੀ ਤੇ ਮੱਥਾ ਚੁੰਮਦੀ ਸੀ ਅਤੇ ਸਿਰ ਉੱਤੇ ਹੱਥ ਫੇਰ ਕੇ ਪਿਆਰ ਕਰਦੀ ਸੀ। ਬ੍ਰਿਧ ਹੋਣ ਕਰਕੇ ਤਨ ਬਲਹੀਣ ਸੀ। ਫਿਰ ਕੋਲ ਬੈਠ ਕੇ ਸੁਖ ਲੈਣ ਲੱਗੀ॥ ੨੨॥

ਜਬ ਕਾਲੂ ਨੈ ਸੁਧ ਇਉਂ ਪਾਈ। 'ਬੈਸਜੋ ਵਹਿਰ ਤਾਤ ਮਮ ਆਈ'।
ਤਤਛਿਨ ਜ਼ੀਨ ਤੁਰੰਗਨਿ ਪਾਵਾ। ਹ੍ਵੈ ਅਰੂਢ ਤੂਰਨ ਤਬ ਆਵਾ॥ ੨੩॥

ਜਦ ਮਹਿਤਾ ਕਾਲੂ ਜੀ ਨੂੰ ਇਹ ਖਬਰ ਮਿਲੀ ਕਿ ਮੇਰਾ ਪੁੱਤਰ ਬਾਹਰ ਆ ਕੇ ਬੈਠਾ ਹੈ ਤਾਂ ਉਸ ਤੁਰੰਤ ਘੋੜੇ ਤੇ ਕਾਠੀ ਪਾਈ ਅਤੇ ਫੌਰਨ ਓਥੇ ਆ ਗਿਆ॥ ੨੩॥

ਪਿਤਾ ਬਿਲੋਕਿ ਉਠੇ ਦੁਖਕੰਦਨ। ਪਦ ਅਰਬਿੰਦ ਕਰਤਿ ਭੇ ਬੰਦਨ।
ਬੜਵਾ ਤੇ ਉਤਰਜੋ ਤਤਕਾਲਾ। ਗਰ ਸੌਂ ਲਾਯੋ ਪ੍ਰੇਮ ਬਿਸਾਲਾ॥ ੨੪॥

ਆਪਣੇ ਪਿਤਾ ਜੀ ਨੂੰ ਵੇਖ ਕੇ ਗੁਰੂ ਜੀ ਉਠੇ ਤੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਘੋੜੀ ਤੋਂ ਤੁਰੰਤ ਉਤਰਿਆ ਅਤੇ ਬੜੇ ਪ੍ਰੇਮ ਨਾਲ ਗੁਰੂ ਜੀ ਨੂੰ ਗਲੇ ਲਾਇਆ॥ ੨੪॥

ਜਨ ਬਹੁ ਭੂਖੇ ਮਿਲਜੋ ਅਹਾਰਾ। ਮਰਤਜੋ ਪਜਾਸੇ ਪਾਯੋ ਬਾਰਾ।
ਨੀਰ ਬਿਮੋਚਤਿ ਲੋਚਨ ਦਰ ਤੇ। ਗਦ ਗਦ ਬੋਲਜੋ ਜਾਇ ਨ ਗਰ ਤੇ॥੨੫॥

ਜਿਵੇਂ ਵੱਡੇ ਭੁੱਖੇ ਨੂੰ ਭੋਜਨ ਮਿਲਿਆ ਹੋਵੇ, ਜਿਵੇਂ ਪਿਆਸ ਨਾਲ ਮਰ ਰਹੇ ਨੂੰ ਪਾਣੀ ਮਿਲ ਗਿਆ ਹੋਵੇ। ਅੱਖਾਂ ਵਿਚੋਂ ਪਾਣੀ ਬਹਿਣ ਲੱਗਾ, ਏਨਾ ਪ੍ਰਸੰਨ ਹੋ ਗਿਆ ਕਿ ਗਲ ਤੋਂ ਬੋਲਿਆ ਨਹੀਂ ਸੀ ਜਾਂਦਾ॥ ੨੫॥

ਅਪਰ ਲੋਕ ਸੁਨਿ ਕਰਿ ਬਹੁ ਆਏ। ਮਿਲੈਂ ਭਾਉ ਧਰਿ ਹਰਖ ਬਢਾਏ।
ਬੈਠਿ ਗਏ ਸਭਿ ਤਿਸਹੀ ਥਾਈਂ। ਚਹੁੰਦਿਸ਼ ਮਧ ਬੇਦੀ ਕੁਲਰਾਈ॥ ੨੬॥

ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਬਹੁਤ ਲੋਕ ਆਏ। ਉਹ ਬੜਾ ਪ੍ਰੇਮ ਧਾਰਨ ਕਰਕੇ ਅਤੇ ਪ੍ਰਸੰਨਤਾ ਵਧਾ ਕੇ ਮਿਲੇ। ਸਾਰੇ ਓਥੇ ਹੀ ਬੈਠ ਗਏ। ਲੋਕ ਚਾਰੇ ਪਾਸੇ ਬੈਠੇ ਸਨ ਤੇ ਸਭ ਦੇ ਵਿਚਕਾਰ ਗੁਰੂ ਜੀ ਬਿਰਾਜਮਾਨ ਸਨ॥ ੨੬॥

ਦੇਖਿ ਪ੍ਰੇਮ ਬਹੁ ਕੋਇ ਨ ਬੋਲਾ। ਇਕ ਘਟਿਕਾ ਲਗ ਰਹੇ ਅਡੋਲਾ।
ਧ੍ਰਿਤ ਧਰਿ ਤ੍ਰਿਪਤਾ ਗਿਰਾ ਉਚਾਰੀ। 'ਵਾਰ ਵਾਰ ਸੁਤ ਤੋ ਪਰ ਵਾਰੀ॥੨੭॥

ਬਹੁਤ ਪ੍ਰੇਮ ਵੇਖ ਕੇ ਕੋਈ ਨਾ ਬੋਲਿਆ, ਇਕ ਘੜੀ ਅਡੋਲ ਬੈਠੇ ਰਹੇ। ਧੀਰਜ ਧਾਰਨ ਕਰਕੇ ਤ੍ਰਿਪਤਾ ਮਾਤਾ ਜੀ ਬੋਲੇ, ''ਮੈਂ ਆਪਣੇ ਪੁੱਤਰ ਤੋਂ ਵਾਰ-ਵਾਰ ਬਲਿਹਾਰ ਜਾਂਦੀ ਹਾਂ॥ ੨੭॥

ਦੋਹਰਾ- ਦਰਸ਼ਨ ਦੀਨੋ ਆਨਿਕੈ ਮੋਕੋ ਕੀਓ ਨਿਹਾਲ।
ਨਿਸ ਬਾਸੁਰ ਤਵ ਹੇਤ ਤੇ ਚਿੰਤਾਤੁਰ ਬੇਹਾਲ॥ ੨੮॥

ਤੂੰ ਆ ਕੇ ਦਰਸ਼ਨ ਦੇ ਕੇ ਮੈਨੂੰ ਨਿਹਾਲ ਕਰ ਦਿੱਤਾ ਹੈ। ਮੈਂ ਰਾਤ ਦਿਨ ਤੇਰੇ ਪ੍ਰੇਮ ਵਿਚ ਚਿੰਤਤ ਹੋ ਕੇ ਬੇਹਾਲ ਹੋ ਗਈ ਸੀ॥ ੨੮॥

ਚੌਪਈ- ਇਕ ਸੁਤ ਹਮਰੈ ਦੂਜੋ ਨਾਂਹੀ। ਘਰ ਤਜਿ ਰਲਜੋ ਫਕੀਰਨ ਮਾਂਹੀ।
ਭਏ ਅਧੀਰ ਬਿਸੂਰਤਿ ਸਦਾ। ਅਭਿਲਾਖਤਿ ਦਰਸ਼ਨ ਹ੍ਵੈ ਕਦਾ॥੨੯॥

ਤੂੰ ਸਾਡਾ ਇਕੋ ਪੁੱਤਰ ਹੈਂ, ਹੋਰ ਦੂਸਰਾ ਨਹੀਂ ਹੈ। ਘਰ ਛੱਡ ਕੇ ਫਕੀਰਾਂ ਨਾਲ ਜਾ ਰਲਿਆ ਹੈਂ। ਅਸੀਂ ਸਦਾ ਹੀ ਧੀਰਜ-ਰਹਿਤ ਹੋ ਕੇ ਝੁਰਦੇ ਹਾਂ। ਇਹੋ ਚਾਹੁੰਦੇ ਰਹਿੰਦੇ ਹਾਂ ਕਿ ਕਦ ਤੇਰੇ ਦਰਸ਼ਨ ਹੁੰਦੇ ਹਨ॥ ੨੯॥

ਬਹੁਤ ਬਰਖ ਬੀਤੇ ਤੁਝ ਗਏ। ਦੇਸ਼ ਬਿਦੇਸ਼ ਫਿਰੇ ਅਬ ਅਏ।
ਅਵਲੋਕਤਿ ਆਨੰਦ ਬਿਸਾਲਾ। ਜਜੌਂ ਕੌਸ਼ੱਲਜਾ ਰਾਮ ਕ੍ਰਿਪਾਲਾ॥੩੦॥

ਤੈਨੂੰ ਗਏ ਨੂੰ ਬਹੁਤ ਸਾਲ ਬੀਤ ਗਏ ਹਨ, ਹੁਣ ਦੇਸ਼ ਵਿਦੇਸ਼ ਫਿਰ ਕੇ ਆਇਆ ਹੈ। ਤੈਨੂੰ ਵੇਖ ਕੇ ਵਿਸ਼ਾਲ ਅਨੰਦ ਆਇਆ ਹੈ, ਜਿਵੇਂ ਕੋਸ਼ਲਿਆ ਨੂੰ ਕ੍ਰਿਪਾਲੂ ਰਾਮ ਮਿਲਿਆ ਹੋਵੇ॥ ੩੦॥

**ਮੈਂ ਵਾਰੀ ਸੁਤ! ਤੋ ਪਰ ਵਾਰੀ'। ਵਾਰ ਵਾਰ ਕਹਿ ਗੁਰ ਮਹਿਤਾਰੀ।**
**ਇਸ ਪ੍ਰਕਾਰ ਕੇ ਬਚਨ ਸੁਨੇ ਜਬ। ਮੁਖ ਤੇ ਸ਼ਬਦ ਉਚਾਰਤਿ ਭੇ ਤਬ॥ ੩੧॥**

ਪੁੱਤਰ ਮੈਂ ਤੈਥੋਂ ਵਾਰਨੇ ਜਾਂਦੀ ਹਾਂ।'' ਗੁਰੂ ਜੀ ਦੇ ਮਾਤਾ ਜੀ ਬਾਰ-ਬਾਰ ਕਹਿ ਰਹੇ ਸਨ। ਜਦ ਗੁਰੂ ਜੀ ਨੇ ਇਸ ਪ੍ਰਕਾਰ ਦੇ ਬਚਨ ਸੁਣੇ ਤਾਂ ਉਨ੍ਹਾਂ ਆਪਣੇ ਮੁੱਖ ਤੋਂ ਇਕ ਸ਼ਬਦ ਉਚਾਰਨ ਕੀਤਾ॥ ੩੧॥

*ਰਾਗੁ ਵਡਹੰਸੁ ਮਹਲਾ ੧ ਘਰੁ ੧॥*

*ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥*
*ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥ ੧॥*
*ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥ ੧॥ ਰਹਾਉ॥*
*ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥*
*ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ॥ ੨॥*
*ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥*
*ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥ ੩॥*
*ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥*
*ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥ ੪॥ ੧॥* (ਪੰਨਾ ੫੫੭)

ਅਮਲੀ ਨੂੰ ਕੋਈ ਵੀ ਚੀਜ਼ ਅਫੀਮ ਦੇ ਤੁੱਲ ਨਹੀਂ ਲਗਦੀ ਅਤੇ ਮੱਛੀ ਵਾਸਤੇ ਪਾਣੀ ਤੋਂ ਵੱਧ ਕੁਝ ਨਹੀਂ। ਪਰ ਜਿਹੜੇ ਪ੍ਰਭੂ ਦੇ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਨੂੰ ਸਾਰੇ ਹੀ ਚੰਗੇ ਲੱਗਦੇ ਹਨ॥ ੧॥

ਹੇ ਸਵਾਮੀ ! ਤੇਰੇ ਨਾਮ ਵਾਸਤੇ ਮੈਂ ਕੁਰਬਾਨ ਜਾਵਾਂ, ਮੈਂ ਭਾਵੇਂ ਟੁਕੜੇ ਟੁਕੜੇ ਹੋ ਕੇ ਕੱਟਿਆ ਜਾਵਾਂ॥ ੧॥ ਠਹਿਰਾਉ॥

ਮੇਰਾ ਸੁਆਮੀ ਫਲਦਾਰ ਬ੍ਰਿਛ ਹੈ, ਜਿਸ ਦਾ ਨਾਮ ਅੰਮ੍ਰਿਤ ਹੈ। ਜਿਨ੍ਹਾਂ ਇਹ ਅੰਮ੍ਰਿਤ ਪੀਤਾ ਹੈ, ਉਹ ਤ੍ਰਿਪਤ ਹੋ ਗਏ ਹਨ, ਮੈਂ ਇਨ੍ਹਾਂ ਸੱਜਣਾਂ ਦੇ ਬਲਿਹਾਰ ਜਾਂਦਾ ਹਾਂ॥ ੨॥

ਤੂੰ ਮੈਨੂੰ ਨਜ਼ਰ ਨਹੀਂ ਆਉਂਦਾ ਹੈਂ, ਭਾਵੇਂ ਤੂੰ ਸਾਰਿਆਂ ਦੇ ਨਾਲ ਰਹਿੰਦਾ ਹੈਂ। ਮੇਰੇ ਪਿਆਸੇ ਦੀ ਪਿਆਸ ਕਿਵੇਂ ਬੁਝ ਸਕਦੀ ਹੈ, ਜਦ ਕਿ ਮੇਰੇ ਅਤੇ ਸਰੋਵਰ ਦੇ ਵਿਚਕਾਰ ਕੰਧ ਹੈ ਭਾਵ ਪਰਦਾ ਹੈ॥ ੩॥

ਨਾਨਕ ਤੇਰਾ ਵਣਜਾਰਾ ਹੈ ਅਤੇ ਤੂੰ ਹੇ ਪ੍ਰਭੂ! ਮੇਰੀ ਰਾਸ ਹੈਂ। ਕੇਵਲ ਤਦ ਹੀ ਮੇਰੇ ਚਿਤ ਤੋਂ ਸੰਦੇਹ ਦੂਰ ਹੁੰਦਾ ਹੈ ਜੇ ਮੈਂ ਤੇਰਾ ਜੱਸ ਕਰਕੇ ਤੇਰੇ ਅੱਗੇ ਪ੍ਰਾਰਥਨਾ ਕਰਦਾ ਹਾਂ॥ ੪॥ ੧॥

**ਦੋਹਰਾ-ਅੱਗ੍ਰਜ ਸ੍ਰੀ ਨਾਨਕ ਤਬੈ ਧਰਿ ਕਰਿ ਮਧੁਰ ਅਹਾਰ।**
**'ਖਾਹੁ ਤਾਤ!' ਮਾਤਾ ਕਹੈ 'ਹ੍ਵੈ ਮੁਝ ਹਰਖ ਅਪਾਰ'॥ ੩੨॥**

ਫਿਰ ਮਾਤਾ ਜੀ ਨੇ ਗੁਰੂ ਨਾਨਕ ਦੇਵ ਜੀ ਅੱਗੇ ਮਿੱਠਾ ਭੋਜਨ ਰਖਿਆ ਅਤੇ ਕਿਹਾ, "ਪੁੱਤਰ ਜੀ! ਖਾਵੋ, ਮੈਨੂੰ ਬਹੁਤ ਖੁਸ਼ੀ ਹੋਈ ਹੈ''॥ ੩੨॥

**ਚੌਪਈ- ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਨਿਤ ਤ੍ਰਿਪਤਜੋ ਨਹਿੰ ਭੂਖ ਹਮਾਰੇ।**
**ਏਕ ਵਾਰ ਅਸ ਭੋਜਨ ਕੀਨਾ। ਬਹੁਰ ਨ ਛੁਧਾ ਦੇਹਿ ਮਹਿੰ ਚੀਨਾ॥ ੩੩॥**

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕਹੇ, "ਮੈਂ ਸਦਾ ਲਈ ਹੀ ਤ੍ਰਿਪਤ ਹਾਂ, ਮੈਨੂੰ ਭੁਖ ਨਹੀ। ਇਕ ਵਾਰ ਅਜਿਹਾ ਭੋਜਨ ਛਕਿਆ ਹੈ ਕਿ ਬਾਅਦ ਵਿਚ ਢਿੱਡ ਵਿਚ ਭੁੱਖ ਨਹੀਂ ਲੱਗੀ" ॥ ੩੩ ॥

ਤਬ ਕਾਲੂ ਨੇ ਬਚਨ ਉਚਾਰੇ। 'ਕਹਾ ਖਾਯੋ ਨਹਿਂ ਭੂਖ ਤੁਮਾਰੇ?।
ਕੋ ਭੋਜਨ ਕਰਿ ਤ੍ਰਿਪਤੀ ਤੁਮੈ ?। ਸਰਬ ਸੁਨਾਵਹੁ ਸੋ ਕਹੁ ਹਮੈ ॥ ੩੪ ॥

ਤਦ ਮਹਿਤਾ ਕਾਲੂ ਜੀ ਨੇ ਬਚਨ ਕੀਤੇ, "ਕੀ ਖਾਧਾ ਹੈ, ਤੈਨੂੰ ਭੁੱਖ ਨਹੀਂ ਹੈ, ਕਿਹੜਾ ਭੋਜਨ ਕਰਕੇ ਤੈਨੂੰ ਤ੍ਰਿਪਤੀ ਹੋ ਗਈ ਹੈ, ਸਾਨੂੰ ਸਾਰਾ ਕੁਝ ਸਣਾਉ ॥ ੩੪ ॥

ਹਮ ਅਹਾਰ ਆਨਜੋ ਨਹਿਂ ਖਾਏ। ਉਚਰ ਸੁਨਾਵਹੁ ਰਹਿ ਤ੍ਰਿਪਤਾਏ।
ਕੋ ਵਿੱਪ੍ਰੀਤ ਰਿਦੇ ਮਹਿ ਠਾਨੀ ?'। ਸੁਨਿ ਸ੍ਰੀ ਨਾਨਕ ਬੋਲੇ ਬਾਨੀ ॥ ੩੫ ॥

ਅਸੀਂ ਏਥੇ ਭੋਜਨ ਲੈ ਕੇ ਆਏ ਹਾਂ, ਤੂੰ ਖਾਂਦਾ ਨਹੀਂ, ਸਾਨੂੰ ਇਹ ਦਸੋ ਕਿ ਕਿਵੇਂ ਸਦਾ ਹੀ ਤ੍ਰਿਪਤ ਰਹਿੰਦੇ ਹੋ। ਜਾਂ ਹਿਰਦੇ ਵਿਚ ਕੋਈ ਉਲਟੀ ਰੀਤੀ ਠਾਨੀ ਹੈ ?" ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਬੋਲੇ ॥ ੩੫ ॥

*ਸਿਰੀਰਾਗੁ ਮਹਲਾ ੧ ॥*

*ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥*
*ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।*
*ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥ ੧ ॥*
*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ (ਪੰਨਾ ੧੬)*

ਪ੍ਰਭੂ ਜੀ ਦੇ ਨਾਮ ਨੂੰ ਮੰਨਣ ਵਿਚ ਸਭ ਰਸ ਮਿੱਠੇ ਹਨ, ਪ੍ਰਭੂ ਨਾਮ ਨੂੰ ਸੁਣਨ ਵਿਚ ਲੂਣ ਵਾਲੇ ਹਨ ਅਤੇ ਪ੍ਰਭੂ ਦੇ ਨਾਮ ਨੂੰ ਮੂੰਹ ਨਾਲ ਬੋਲਣ ਵਿਚ ਖੱਟੇ-ਮਿੱਠੇ ਹਨ। ਮੈਂ ਪ੍ਰਭੂ ਦੇ ਨਾਮ ਦਾ ਗਾਇਨ ਕਰਨ ਨੂੰ ਆਪਣਾ ਮਸਾਲਾ ਬਣਾਇਆ ਹੈ।

ਅਦੁੱਤੀ ਪ੍ਰਭੂ ਦੀ ਪ੍ਰੀਤ ਛੱਤੀ ਪ੍ਰਕਾਰ ਦੇ ਰਸੀਲੇ ਅੰਮ੍ਰਿਤ ਰਸ ਹਨ। ਇਹ ਉਨ੍ਹਾਂ ਦਾ ਮਾਰਗ ਹੈ ਜਿਨ੍ਹਾਂ ਉਤੇ ਉਹ ਆਪਣੀ ਦਇਆ-ਦ੍ਰਿਸ਼ਟੀ ਧਾਰਦਾ ਹੈ ॥੧॥

ਹੇ ਵੀਰ ! ਹੋਰਨਾਂ ਭੋਜਨਾਂ ਦਾ ਖਾਣਾ ਦੁਖਦਾਇਕ ਹੈ, ਜਿਨ੍ਹਾਂ ਨੂੰ ਖਾ ਕੇ ਤਨ ਦੁੱਖੀ ਹੁੰਦਾ ਹੈ ਅਤੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ ॥ ੧ ॥ ਰਹਾਉ ॥

ਚੌਪਈ- ਅਸ ਕਹਿ ਸ੍ਰੀ ਗੁਰੁ ਤੂਸ਼ਨ ਠਾਨੀ। ਪੁਨ ਤ੍ਰਿਪਤਾ ਪਿਖਿ ਬੋਲੀ ਬਾਨੀ।
'ਬੇਖ ਫਕੀਰੀ ਅਬ ਸੁਤ! ਤਜੀਏ। ਨੀਕੇ ਬਸਤ੍ਰ ਪਹਿਰ ਤਨ ਸਜੀਏ ॥ ੩੬ ॥

ਇਹ ਕਹਿ ਕੇ ਗੁਰੂ ਜੀ ਚੁੱਪ ਹੋ ਗਏ, ਫਿਰ ਮਾਤਾ ਤ੍ਰਿਪਤਾ ਜੀ ਨੇ ਕਿਹਾ, "ਹੁਣ ਪੁੱਤਰ, ਫਕੀਰੀ ਭੇਸ ਛੱਡ ਦੇਵੋ, ਚੰਗੇ ਵਸਤਰ ਪਹਿਣ ਕੇ ਤਨ ਨੂੰ ਸਜਾਉ ॥ ੩੬ ॥

ਨਾਂਹੀ ਸੋਹਤਿ ਇਹਿ ਤੁਝ ਤਾਈਂ। ਮਾਨਹੁ ਕਹਜੋ ਮਾਤ ਬਲਿ ਜਾਈ।
ਸੰਤ ਸੁਭਾਇ ਤੁਮਾਰ ਸਦੀਵਾ। ਜਨੁ ਬਡਿਆਈ ਕੇ ਭਲਿ ਸੀਵਾ ॥ ੩੭ ॥

ਇਹ ਫਕੀਰੀ ਵਸਤਰ ਤੈਨੂੰ ਸ਼ੋਭਦੇ ਨਹੀਂ ਹਨ, ਮਾਂ ਦਾ ਕਿਹਾ ਮੰਨੋ, ਮਾਤਾ ਬਲਿਹਾਰ ਜਾਂਦੀ ਹੈ। ਤੇਰਾ ਸਦਾ ਹੀ ਸੰਤ ਸੁਭਾਅ ਰਿਹਾ ਹੈ। ਭਲੀ ਸੇਵਾ ਕਰਕੇ ਤੁਸੀਂ ਭਲੀ ਲੋਕ ਵਡਿਆਈ ਪਾਈ ਹੈ" ॥ ੩੭ ॥

ਗੁਰੂ ਕਹੈਂ 'ਨੀਕੇ ਪਟ ਧਾਰੇ। ਜਾਇਂ ਨ ਕਬਹੂੰ ਰਹੈਂ ਸੰਗਾਰੇ।

ਹੈ ਨ ਪੁਰਾਤਨ ਸਦਾ ਨਵੀਨੇ। ਅਪਰ ਨ ਪਹਿਰਨ ਕੋ ਮਨ ਕੀਨੇ' ॥੩੮॥

ਗੁਰੂ ਜੀ ਨੇ ਕਿਹਾ, "ਮੈਂ ਚੰਗੇ ਵਸਤਰ ਪਹਿਣੇ ਹੋਏ ਹਨ, ਇਹ ਕਦੇ ਨਹੀਂ ਜਾਂਦੇ, ਸਦਾ ਸ਼ਿੰਗਾਰੇ ਰਹਿੰਦੇ ਹਨ। ਇਹ ਕਦੇ ਵੀ ਪੁਰਾਣੇ ਨਹੀਂ ਹੁੰਦੇ, ਸਦਾ ਨਵੇਂ ਰਹਿੰਦੇ ਹਨ, ਮੇਰਾ ਹੋਰ ਵਸਤਰ ਪਹਿਨਣ ਨੂੰ ਮਨ ਨਹੀਂ ਕਰਦਾ" ॥ ੩੮॥

ਕਾਲੂ ਕਹੈ 'ਕਹਾਂ ਤਨ ਧਾਰੇ?। ਹਮ ਨੈ ਤੋ ਕਬ ਨਹੀਂ ਨਿਹਾਰੇ।
ਜੇ ਪਹਿਰੇ ਤੌ ਊਪਰ ਹੋਇ। ਜਿਨਹਿਂ ਬਿਲੋਕ ਲੇਜ ਸਭਿ ਕੋਇ' ॥ ੩੯॥

ਮਹਿਤਾ ਕਾਲੂ ਜੀ ਨੇ ਕਿਹਾ, "ਤੂੰ ਤਨ ਉਤੇ ਕਿਥੇ ਪਾਏ ਹਨ, ਅਸੀਂ ਤਾਂ ਕਦੀ ਵੇਖੇ ਨਹੀ, ਜੇ ਕੋਈ ਵਸਤਰ ਪਹਿਣੇ ਹੋਣ ਤਾਂ ਤੇਰੇ ਸਰੀਰ ਦੇ ਉਤੇ ਨਾ ਹੋਣ, ਜਿਨ੍ਹਾਂ ਨੂੰ ਸਾਰੇ ਲੋਕ ਵੇਖ ਸਕਣ"॥ ੩੯॥

ਗਿਰਾ ਪਿਤਾ ਕੀ ਸੁਨਿ ਗੁਨ ਐਨਾ। ਸਮਝਾਵਨ ਹਿਤ ਉਚਰੇ ਬੈਨਾ।
ਪਹਿਰਨ ਕੀ ਸਭਿ ਰੀਤਿ ਬਤਾਈ। ਜਿਹ ਕਰਿ ਮਨੁਜ ਪਰਮ ਗਤਿ ਪਾਈ ॥੪੦॥

ਆਪਣੇ ਪਿਤਾ ਜੀ ਦੇ ਇਹ ਬਚਨ ਸੁਣ ਕੇ ਗੁਣਾਂ ਦੇ ਘਰ, ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਸਮਝਾਉਣ ਹਿਤ ਬਚਨ ਕਹੇ। ਉਨ੍ਹਾਂ ਵਸਤਰਾਂ ਨੂੰ ਪਹਿਨਣ ਦੀ ਸਭ ਰੀਤੀ ਦੱਸੀ, ਜਿਨ੍ਹਾਂ ਦੇ ਪਹਿਨਣ ਨਾਲ ਮਨੁੱਖ ਪਰਮਗਤੀ ਪ੍ਰਾਪਤ ਕਰਦਾ ਹੈ॥ ੪੦॥

*ਸ੍ਰੀ ਮੁਖਵਾਕ॥*

*ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥*
*ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥*
*ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥ ੨॥*
*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥* (ਪੰਨਾ ੧੬)

ਮੇਰਾ ਮਨ, ਜਿਹੜਾ ਪ੍ਰਭੂ ਦੇ ਪਿਆਰ ਵਿਚ ਰੰਗਿਆ ਹੈ, ਲਾਲ ਸੂਹਾ ਹੈ, ਸਚਾਈ ਅਤੇ ਦਾਨ ਮੇਰੀ ਚਿੱਟੀ ਪੁਸ਼ਾਕ ਹੈ। ਪਾਪ ਦੀ ਕਾਲਖ ਨੂੰ ਮਿਟਾਉਣਾ, ਨੀਲੇ ਕਪੜੇ ਪਾਉਣਾ ਹੈ ਅਤੇ ਪ੍ਰਭੂ ਦੇ ਚਰਨਾਂ ਦੀ ਆਰਾਧਣਾ ਮੇਰਾ ਸਰੋਪਾ ਹੈ। ਸੰਤੋਖ ਮੇਰਾ ਕਮਰਕੱਸਾ ਹੈ ਅਤੇ ਹੇ ਪ੍ਰਭੂ ! ਤੇਰਾ ਨਾਮ ਮੇਰੀ ਦੌਲਤ ਅਤੇ ਜਵਾਨੀ ਹੈ॥ ੨॥

ਹੇ ਵੀਰ ! ਹੋਰ ਵਸਤਰ ਪਹਿਨਣੇ, ਖੁਸ਼ੀ ਨੂੰ ਤਬਾਹ ਕਰਨ ਵਾਲੇ ਹਨ, ਜਿਨ੍ਹਾਂ ਨੂੰ ਪਹਿਨਣ ਨਾਲ ਤਨ ਨੂੰ ਕਸ਼ਟ ਪੁਜਦਾ ਹੈ ਅਤੇ ਮਨ ਵਿਚ ਵਿਕਾਰ ਚਲਦੇ ਹਨ॥ ੧॥ ਠਹਿਰਾਉ॥

ਦੋਹਰਾ- 'ਬਾਵਰ ਬਾਤੈਂ ਤਯਾਗਿ ਕੈ' ਕਾਲੂ ਬਹੁਰ ਅਲਾਇ।
'ਕਹਯਾ ਮਾਨਿ ਘਰ ਕੋ ਚਲੋ, ਫਿਰ ਆਏ ਬਹੁ ਥਾਂਇ'॥ ੪੧॥

ਮਹਿਤਾ ਕਾਲੂ ਜੀ ਨੇ ਫਿਰ ਕਿਹਾ, "ਕਮਲੀਆਂ ਗੱਲਾਂ ਛੱਡ ਕੇ ਤੇ ਸਾਡਾ ਕਿਹਾ ਮੰਨ ਕੇ ਘਰ ਨੂੰ ਚੱਲ, ਫਿਰ ਦੁਬਾਰਾ ਏਥੇ ਆ ਕੇ ਬੈਠ ਜਾਣਾ॥ ੪੧॥

ਚੌਪਈ- ਰਹੋ ਧਾਮ ਕੀਜੈ ਬਿਸਰਾਮੂ। ਜਾਵਨ ਕੋ ਨਹਿਂ ਲੀਜੈ ਨਾਮੂ।
ਬਾਜਨਿ ਪਰ ਆਰੂੜ੍ਹਤ ਹੋਵਹੁ। ਚਰਨ ਚਲਿਨਿ ਸ਼੍ਰਮ ਸਭਿਹੀ ਖੋਵਹੁ ॥੪੨॥

ਘਰ ਰਹੋ ਅਤੇ ਵਿਸ਼ਰਾਮ ਕਰੋ ਅਤੇ ਕਿਤੇ ਜਾਣ ਦਾ ਨਾਂ ਨਾ ਲਵੋ। ਘੋੜਿਆਂ ਤੇ ਸਵਾਰ ਹੋਵੋ ਅਤੇ ਪੈਦਲ ਚਲਣ ਦੀ ਖੇਚਲ ਛੱਡ ਦੇਵੋ"॥ ੪੨॥

ਸੁਨਿ ਸ਼੍ਰੀ ਨਾਨਕ ਬੈਨ ਉਚਾਰੇ। 'ਇਹ ਬਾਜਨ ਨਹਿਂ ਕਾਜ ਹਮਾਰੇ।

ਸੁੰਦਰ ਸਦਾ ਰਹਿਤ ਜੋ ਸੰਗਾ। ਐਸੋ ਹੈ ਮਮ ਪਾਸ ਤੁਰੰਗਾ ॥ ੪੩ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਘੋੜੇ ਸਾਡੇ ਕਿਸੇ ਕੰਮ ਨਹੀ। ਸੁੰਦਰ ਅਤੇ ਸਦਾ ਮੇਰੇ ਪਾਸ ਰਹਿੰਦਾ ਹੈ, ਮੇਰੇ ਪਾਸ ਐਸਾ ਘੋੜਾ ਹੈ" ॥ ੪੩ ॥

ਕਾਲੂ ਕਹੈ 'ਨ ਦੇਤਿ ਦਿਖਾਈ। ਅਸ ਤੁਰੰਗ ਬਾਂਧਜੇ ਕਿਹ ਥਾਈਂ ?'।
ਸੁਨਿ ਪਿਤ ਕੇ ਬਚ ਪੰਕਜ ਬਦਨਾ। ਤ੍ਰਿਤਿਯ ਸ਼ਬਦ ਪਦ ਕਹਿ ਸੁਖ ਸਦਨਾ ॥੪੪ ॥

ਬਾਬੇ ਕਾਲੂ ਜੀ ਨੇ ਕਿਹਾ, "ਸਾਨੂੰ ਤਾਂ ਇਹ ਦਿਸਦਾ ਨਹੀ, ਅਜਿਹਾ ਘੋੜਾ ਕਿਥੇ ਬੰਨ੍ਹਿਆ ਹੋਇਆ ਹੈ ?" ਆਪਣੇ ਪਿਤਾ ਜੀ ਦੇ ਅਜਿਹੇ ਬਚਨ ਸੁਣ ਕੇ ਗੁਰੂ ਜੀ ਨੇ ਸ਼ਬਦ ਦਾ ਤੀਸਰਾ ਪਦ ਕਿਹਾ ॥ ੪੪ ॥

*ਸ੍ਰੀ ਮੁਖਵਾਕ ॥*

*ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥*
*ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥*
*ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥ ੩ ॥*
*ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥*
*ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ (ਪੰਨਾ ੧੬)*

ਹੇ ਪ੍ਰਭੂ ! ਤੇਰੇ ਰਾਹ ਦਾ ਜਾਨਣਾ ਮੇਰੇ ਲਈ ਘੋੜਾ, ਕਾਠੀ ਅਤੇ ਸੋਨੇ ਦੀ ਦੁਮਚੀ ਹੈ। ਨੇਕੀ ਕਰਨਾ ਮੇਰੇ ਲਈ ਭੱਥਾ, ਬਾਣ, ਧਨੁਖ, ਬਰਛਾ ਅਤੇ ਤਲਵਾਰ ਦਾ ਗਾਤਰਾ ਹੈ। ਇਜ਼ਤ ਨਾਲ ਪ੍ਰਸਿੱਧ ਹੋਣਾ ਮੇਰਾ ਬੈਂਡ ਵਾਜਾ ਅਤੇ ਨੇਜਾ ਹੈ ਅਤੇ ਪ੍ਰਭੂ ਦੀ ਮਿਹਰ ਮੇਰੀ ਜਾਤ ਹੈ ॥ ੩ ॥

ਹੇ ਬਾਬਾ ! ਹੋਰ ਜਿਸ ਦੇ ਚੜ੍ਹਨ ਨਾਲ ਤਨ ਨੂੰ ਦੁਖ ਪੁਜਦਾ ਹੈ ਅਤੇ ਮਨ ਵਿਚ ਵਿਕਾਰ ਚਲਦੇ ਹਨ ॥ ੧ ॥ ਠਹਿਰਾਉ ॥

ਚੌਪਈ- ਸੁਨਿ ਕਾਲੂ ਤਬ ਤੂਸ਼ਨ ਠਾਨੀ। ਹਿਤ ਕਰਿ ਤ੍ਰਿਪਤਾ ਬੋਲੀ ਬਾਨੀ।
'ਸੁਨਿ ਸੁਤ ! ਰਿਦੇ ਮੋਹ ਤਵ ਨਾਂਹੀ। ਮਿਲਹੁ ਕੁਟੰਬ ਚਲਹੁ ਘਰ ਮਾਂਹੀ ॥੪੫ ॥

ਇਹ ਸੁਣ ਕੇ ਬਾਬਾ ਕਾਲੂ ਜੀ ਚੁੱਪ ਰਹੇ। ਪਿਆਰ ਕਰਕੇ ਮਾਤਾ ਤ੍ਰਿਪਤਾ ਜੀ ਬੋਲੇ, "ਪੁਤਰ ਜੀ ! ਸੁਣੋ, ਤੇਰੇ ਹਿਰਦੇ ਵਿਚ ਮੋਹ ਨਹੀਂ ਹੈ, ਘਰ ਵਿਚ ਚਲ ਕੇ ਪਰਿਵਾਰ ਨੂੰ ਮਿਲੋ ॥ ੪੫ ॥

ਬੇਦੀ ਅਪਰ ਸਨੇਹੀ ਸਭਿਹੀ। ਕਰਤਿ ਉਡੀਕ ਆਇ ਹੈਂ ਕਬਹੀ।
ਤਵ ਪਾਛੇ ਘਰ ਰੁਚਿਰ ਬਨਾਵਾ। ਤਾਂ ਪਰ ਹਮ ਬਹੁ ਦਰਬ ਲਗਾਵਾ ॥੪੬ ॥

ਹੋਰ ਬੇਦੀ ਸਕੇ ਸਨੇਹੀ, ਕਦ ਤੋਂ ਤੁਹਾਡੀ ਉਡੀਕ ਕਰ ਰਹੇ ਹਨ। ਤੇਰੇ ਪਿਛੋਂ ਅਸੀ ਘਰ ਨੂੰ ਬੜਾ ਸੁੰਦਰ ਬਣਾਇਆ ਹੈ, ਉਸ ਨੂੰ ਨਵਾਂ ਬਣਾਉਣ ਲਈ ਅਸੀ ਬਹੁਤ ਧਨ ਖਰਚਿਆ ਹੈ ॥ ੪੬ ॥

ਚਲਹੁ ਤਾਤ ! ਅਬ ਤਾਂਕਹੁ ਦੇਖੋ। ਜਿਹ ਮੈਂ ਬੈਠਤਿ ਹਰਖ ਬਿਸ਼ੇਖੋ।
ਸੋ ਬਨਵਾਏ ਤੁਮਰੇ ਹੇਤਾ'। ਸੁਨਿ ਬੋਲੇ ਪ੍ਰਭੁ ਕ੍ਰਿਪਾ ਨਿਕੇਤਾ ॥ ੪੭ ॥ :

ਹੇ ਪੁੱਤਰ ਜੀ ! ਹੁਣ ਚਲੋ, ਤੇ ਨਵਾਂ ਘਰ ਵੇਖੋ, ਜਿਸ ਵਿਚ ਬੈਠਣ ਨਾਲ ਬਹੁਤ ਆਨੰਦ ਆਉਂਦਾ ਹੈ। ਉਹ ਘਰ ਅਸੀਂ ਤੇਰੇ ਵਾਸਤੇ ਹੀ ਬਣਵਾਇਆ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ ॥ ੪੭ ॥

*ਸ੍ਰੀ ਮੁਖਵਾਕ ॥*

*ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥*
*ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥*
*ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥ ੪ ॥*
*ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥*

ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ ੪ ॥ ੭ ॥ (ਪੰਨਾ ੧੬)

ਨਾਮ ਦੀ ਖੁਸ਼ੀ, ਮੇਰੇ ਲਈ ਘਰ ਅਤੇ ਮਹੱਲ ਹਨ ਅਤੇ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਮੇਰੇ ਲਈ ਪਰਿਵਾਰ ਅਤੇ ਕੁਟੰਬ ਹੈ। ਉਹੀ ਮੇਰੇ ਲਈ ਹੁਕਮ ਹੈ ਜਿਹੜਾ ਪ੍ਰਭੂ ਨੂੰ ਚੰਗਾ ਲੱਗਦਾ ਹੈ। ਹੋਰ ਕਹਿਣਾ ਮੇਰੀ ਪਹੁੰਚ ਤੋਂ ਪਰੇ ਹੈ। ਹੇ ਨਾਨਕ ! ਸੱਚਾ ਪਾਤਸ਼ਾਹ ਕਿਸੇ ਦੀ ਸਲਾਹ ਤੋਂ ਬਗੈਰ ਫੈਸਲਾ ਕਰਦਾ ਹੈ। ਹੇ ਭਾਈ ! ਹੋਰ ਤਰ੍ਹਾਂ ਸੌਣਾ, ਖੁਸ਼ੀ ਨੂੰ ਬਰਬਾਦ ਕਰਨਾ ਹੈ, ਜਿਸ ਸੌਣ ਦੁਆਰਾ ਤਨ ਨੂੰ ਕਸ਼ਟ ਮਿਲਦਾ ਹੈ ਅਤੇ ਮਨ ਵਿਚ ਵਿਕਾਰ ਚਲਦੇ ਹਨ॥ ੧ ॥ ਠਹਿਰਾਉ ॥ ੪ ॥ ੭ ॥

ਦੋਹਰਾ- 'ਸੁਨਿ ਜਨਨੀ! ਮਮ ਬਚਨ ਕੋ ਅਬ ਲੇ ਰਿਦਾ ਉਦਾਸ।
ਦੇਸ਼ ਬਿਦੇਸ਼ ਬਿਲੋਕਿ ਕੈ ਬਹੁਰੋ ਆਇ ਅਵਾਸ' ॥ ੪੮ ॥

ਗੁਰੂ ਜੀ ਨੇ ਕਿਹਾ, "ਹੇ ਮਾਤਾ ਜੀ ! ਮੇਰੀ ਗੱਲ ਸੁਣੋ, ਹੁਣ ਮੇਰਾ ਹਿਰਦਾ ਉਦਾਸ ਹੈ, ਦੇਸ਼ ਬਿਦੇਸ਼ ਫਿਰ ਕੇ ਫਿਰ ਘਰ ਆ ਕੇ ਰਹਾਂਗਾ' ॥ ੪੮ ॥

ਚੌਪਈ- 'ਹੇ ਸੁਤ ! ਤੈਂ ਅਸ ਬੈਨ ਉਚਾਰੇ। ਰਿਦੈ ਸ਼ਾਂਤਿ ਕਿਉਂ ਆਵ ਹਮਾਰੇ ?।
ਦ੍ਵਾਦਸ਼ ਬਰਖ ਬਿਤੀਤੇ ਆਏ। ਪ੍ਰਵਿਸ਼ੇ ਸਦਨ ਨ ਪਗ ਇਕ ਪਾਏ ॥ ੪੯ ॥

ਮਾਤਾ ਜੀ ਨੇ ਕਿਹਾ, "ਹੇ ਪੁੱਤਰ ! ਤੂੰ ਇਸ ਤਰ੍ਹਾਂ ਕਿਹਾ ਹੈ, ਸਾਡੇ ਹਿਰਦੇ ਵਿਚ ਸ਼ਾਂਤੀ ਕਿਵੇਂ ਆਵੇਗੀ ? ਬਾਰਾਂ ਸਾਲ ਬੀਤ ਗਏ ਹਨ ਆਪਣੇ ਘਰ ਵਿਚ ਇਕ ਪੈਰ ਨਹੀਂ ਪਾਇਆ॥ ੪੯ ॥

ਵਹਿਰ ਤੇ ਵਹਿਰ ਕਰਹੁ ਤੁਮ ਪਜਾਨਾ। ਹਮਰੋ ਕਹਯੋ ਨ ਇਕ ਮਨ ਮਾਨਾ।
ਕਿਹ ਦੁਖ ਤੇ ਮਨ ਕੀਨ ਉਦਾਸੂ। ਜਿਉਂ ਤੁਮ ਕਹਹੁ ਕਰੈਂ ਤਿਮ ਆਸੂ ॥੫੦॥

ਬਾਹਰ ਬਾਹਰ ਹੀ ਤੁਰੇ ਫਿਰਦੇ ਹੋ, ਸਾਡੀ ਕਹੀ ਇਕ ਗੱਲ ਵੀ ਮਨ ਵਿਚ ਨਹੀਂ ਮੰਨੀ ਹੈ। ਕਿਸ ਦੁੱਖ ਕਾਰਨ ਮਨ ਉਦਾਸ ਕੀਤਾ ਹੈ ? ਜਿਸ ਤਰ੍ਹਾਂ ਤੂੰ ਕਹਿੰਦਾ ਹੈਂ, ਉਸ ਤਰ੍ਹਾਂ ਹੀ ਅਸੀਂ ਕਰ ਲੈਂਦੇ ਹਾਂ॥ ੫੦ ॥

ਨਿਜ ਇਸਤ੍ਰੀ ਕਉ ਜੇ ਦੁਖ ਮਾਨਉ। ਔਰ ਬਯਾਹ ਕਰਿ ਦੇਹਿ, ਬਖਾਨਉ।
ਸਭਿ ਕਿਛੁ ਘਰ ਮਹਿਂ ਦੀਨ ਬਿਧਾਤਾ। ਜਿਉਂ ਤੁਮ ਚਹਹੁ ਕਰਿਹਂ ਤਿਉਂ ਤਾਤਾ' ॥੫੧॥

ਜੇ ਆਪਣੀ ਇਸਤਰੀ ਤੋਂ ਮਨ ਦੁਖੀ ਹੈ, ਤਾਂ ਦੱਸ, ਹੋਰ ਵਿਆਹ ਕਰ ਦੇਈਏ। ਪ੍ਰਭੂ ਨੇ ਘਰ ਵਿਚ ਸਭ ਕੁਝ ਦਿੱਤਾ ਹੈ, ਜਿਵੇਂ ਤੂੰ ਚਾਹੁੰਦਾ ਹੈਂ, ਹੇ ਪੁੱਤਰ ! ਉਸ ਤਰ੍ਹਾਂ ਹੀ ਕਰ ਦਿੰਦੇ ਹਾਂ'' ॥ ੫੧ ॥

ਸ੍ਰੀ ਨਾਨਕ ਸੁਨਿ ਬੈਨ ਉਚਾਰੇ। 'ਜੋ ਸੰਜੋਗ ਲਿਖਾ ਕਰਤਾਰੇ।
ਸੋਈ ਭਲਾ ਨ ਚਾਹੌਂ ਔਰੀ। ਜਹਿਂ ਰਾਖਹਿ ਰਹਿਹੌਂ ਤਿਹ ਠੌਰੀ ॥ ੫੨ ॥

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਜੋ ਪ੍ਰਭੂ ਨੇ ਸੰਜੋਗ ਲਿਖਿਆ ਹੈ ਸੋਈ ਭਲਾ ਹੈ, ਮੈਂ ਹੋਰ ਨਹੀਂ ਚਾਹੁੰਦਾ। ਜਿਸ ਤਰ੍ਹਾਂ ਪ੍ਰਭੂ ਰੱਖਦਾ ਹੈ, ਮੈਂ ਉਸ ਤਰ੍ਹਾਂ ਹੀ ਰਹਾਂਗਾ॥ ੫੨ ॥

ਰਹਿਨ ਜਾਨ ਹਮਰੇ ਕਰ ਨਾਂਹੀ। ਸ੍ਰੀ ਕਰਤਾਰ ਅਧੀਨੈਂ ਆਹੀ।
ਜਹਿਂ ਚਾਹਤਿ ਸੋ ਤਹਾਂ ਪਠਾਵੈ। ਜਿਸ ਬਿਨ ਏਕੋ ਬੋਲ ਨ ਆਵੈ ॥੫੩॥

ਰਹਿਣਾ ਤੇ ਜਾਣਾ ਮੇਰੇ ਹੱਥ ਵੱਸ ਨਹੀਂ ਹੈ, ਮੈਂ ਪ੍ਰਭੂ ਦੇ ਅਧੀਨ ਹਾਂ, ਜਿਥੇ ਉਹ ਚਾਹੁੰਦਾ ਹੈ, ਮੈਨੂੰ ਭੇਜਦਾ ਹੈ। ਜਿਸ ਬਗੈਰ ਇਕ ਬੋਲ ਵੀ ਨਹੀਂ ਬੋਲ ਸਕੀਦਾ" ॥ ੫੩ ॥

ਹਿਤ ਕਰਿ ਕਾਲੂ ਕਹਿ 'ਸੁਨ ਤਾਤਾ!। ਛੱਡ ਅਵਾਈਆਂ ਕਰਹਿਂ ਜੁ ਬਾਤਾਂ।

**ਭੇਖ ਫਕੀਰੀ ਤਨ ਤੇ ਤਜਾਗਹੁ। ਸਦਨ ਕ੍ਰਿਤ ਮਹਿਂ ਮਨ ਅਨੁਰਾਗਹੁ ॥੫੪॥**

ਫਿਰ ਬਾਬਾ ਕਾਲੂ ਜੀ ਬੜੇ ਪਿਆਰ ਨਾਲ ਬੋਲੇ, "ਹੇ ਪੁੱਤਰ! ਸੁਣੋ, ਜੋ ਤੂੰ ਅਸਚਰਜ ਗੱਲਾਂ ਕਰਦਾ ਹੈਂ, ਉਨ੍ਹਾਂ ਨੂੰ ਛੱਡ, ਫਕੀਰੀ ਭੇਸ ਨੂੰ ਸਰੀਰ ਤੋਂ ਉਤਾਰ ਦੇ ਅਤੇ ਘਰ ਰਹਿ ਕੇ ਕ੍ਰਿਤ ਵਿਚ ਮਨ ਨੂੰ ਲਾਵੋ॥ ੫੪॥

**ਜਬ ਕੇ ਬਿਛੁਰੇ ਮਿਲਿਗੇ ਅਬੈ। ਅਬ ਬਿਛਰਹੁਗੇ ਮਿਲਿਨਾ ਕਬੈ?।**
**ਮੇਲਾ ਹੋਹਿ ਕਿ ਬਹੁਰੋ ਨਾਂਹੀ। ਬ੍ਰਿੱਧ ਭਏ ਬਲ ਨਹਿਂ ਤਨ ਮਾਂਹੀ॥੫੫॥**

ਜਦ ਦੇ ਵਿਛੜੇ ਹੁਣ ਮਿਲੇ ਹਾਂ, ਹੁਣ ਦੇ ਵਿਛੜੇ ਕਦ ਮਿਲਾਂਗੇ? ਪਤਾ ਨਹੀਂ ਬਾਅਦ ਵਿਚ ਮੇਲ ਹੋਵੇਗਾ ਕਿ ਨਹੀਂ। ਅਸੀਂ ਬ੍ਰਿਧ ਹੋ ਗਏ ਹਾਂ, ਸਰੀਰ ਵਿਚ ਹੁਣ ਤਾਕਤ ਨਹੀਂ ਰਹੀ॥ ੫੫॥

**ਬੈਸ ਬਿਤੀਤ ਗਈ ਮਮ ਸਾਰੀ। ਜਰਾ ਗ੍ਰਾਸ ਲਿਯ ਦੇਹਿ ਹਮਾਰੀ।**
**ਅੰਤ ਸਮਾ ਅਬ ਭਯੋ ਸਮੀਪਾ। ਸੁਨਿ ਬੋਲੇ ਬੇਦੀ ਕੁਲ ਦੀਪਾ॥ ੫੬॥**

ਮੇਰੀ ਹੁਣ ਸਾਰੀ ਉਮਰ ਬਿਤੀਤ ਹੋ ਗਈ ਹੈ, ਬੁਢੇਪੇ ਨੇ ਮੇਰੀ ਦੇਹ ਨੂੰ ਗ੍ਰਸ ਲਿਆ ਹੈ। ਅੰਤ ਸਮਾਂ ਹੁਣ ਨੇੜੇ ਆਇਆ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ॥ ੫੬॥

*ਮਾਰੂ ਮਹਲਾ ੧॥*

*ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥*
*ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥*
*ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥ ੧॥*
*ਬਾਬਾ ਮੈ ਕਰਮਹੀਣ ਕੂੜਿਆਰ॥*
*ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ॥ ੧॥ ਰਹਾਉ॥*
*ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ॥*
*ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ॥ ੨॥*
*ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ॥*
*ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ॥ ੩॥*
*ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ॥*
*ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ॥ ੪॥ ੧॥* (ਪੰਨਾ ੯੮੯)

ਜਿਨ੍ਹਾਂ ਨੂੰ ਰਾਤ ਦੇ ਪਿਛਲੇ ਪਹਿਰ ਸੱਦਾ ਆਉਂਦਾ ਹੈ, ਉਹ ਆਪਣੇ ਮਾਲਕ ਦੇ ਨਾਮ ਦਾ ਸਿਮਰਨ ਕਰਦੇ ਹਨ। ਤੰਬੂ, ਚਉਰ, ਛਤਰ, ਕਨਾਤਾਂ ਅਤੇ ਗੱਡੀਆਂ ਉਨ੍ਹਾਂ ਵਾਸਤੇ ਸਦਾ ਤਿਆਰ ਵੇਖੇ ਜਾਂਦੇ ਹਨ। ਹੇ ਪ੍ਰਭੂ! ਜੋ ਤੇਰੇ ਨਾਮ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਤੂੰ ਆਪਣੀ ਹਜ਼ੂਰੀ ਵਿਚ ਬੁਲਾ ਲੈਂਦਾ ਹੈਂ॥ ੧॥

ਹੇ ਬਾਬਾ! ਮੈਂ ਕਰਮਹੀਣ ਅਤੇ ਝੂਠਾ ਹਾਂ। ਮੈਨੂੰ ਤੇਰਾ ਨਾਮ ਪ੍ਰਾਪਤ ਨਹੀਂ ਹੋਇਆ। ਮੈਂ ਅੰਨ੍ਹਾ ਹਾਂ, ਮੇਰਾ ਮਨ ਭਰਮਾਂ ਵਿਚ ਭੁਲਿਆ ਹੈ॥ ੧॥ ਠਹਿਰਾਉ॥

ਮੈਂ ਬਹੁਤ ਸਵਾਦ ਮਾਣੇ ਹਨ, ਇਸ ਕਰਕੇ ਮੇਰੇ ਦੁੱਖ ਪ੍ਰਫੁੱਲਤ ਹੋਏ ਹਨ। ਹੇ ਮੇਰੀ ਮਾਤਾ! ਇਹ ਸਭ ਪਹਿਲਾਂ ਹੀ ਲਿਖਿਆ ਹੋਇਆ ਸੀ। ਮੇਰੇ ਸੁੱਖ ਥੋੜੇ ਹਨ, ਦੁੱਖ ਬਹੁਤ ਹਨ। ਵੱਡੀ ਤਕਲੀਫ ਵਿਚ ਮੈਂ ਆਪਣਾ ਜੀਵਨ ਬਿਤੀਤ ਕਰ ਰਿਹਾ ਹਾਂ॥ ੨॥

ਜਿਹੜੇ ਪ੍ਰਭੂ ਨਾਲੋਂ ਵਿਛੜੇ ਹਨ, ਉਨ੍ਹਾਂ ਨੇ ਹੋਰ ਕੀ ਵਿਛੜਨਾ ਹੈ? ਜਿਹੜੇ ਪ੍ਰਭੂ ਨੂੰ ਮਿਲ ਗਏ, ਉਨ੍ਹਾਂ ਲਈ ਹੋਰ

ਕਿਹੜਾ ਮਿਲਾਪ ਬਾਕੀ ਹੈ ? ਉਸ ਸਾਹਿਬ ਦੀ ਸਿਫ਼ਤ ਕਰ ਕੇ ਜਗਤ ਰੂਪੀ ਖੇਡ ਨੂੰ ਰਚ ਕੇ ਉਸ ਨੂੰ ਵੇਖ ਰਿਹਾ ਹੈ॥ ੩॥

ਸੰਜੋਗ ਵੱਸ ਮਨੁੱਖੀ ਜਨਮ ਪ੍ਰਾਪਤ ਕਰਦਾ ਹੈ ਅਤੇ ਇਸ ਜੀਵਨ ਵਿਚ ਸਰੀਰ ਧਾਰ ਕੇ ਸੁਆਦ ਮਾਣਦਾ ਹੈ। ਮਨੁੱਖਾ ਜਨਮ ਪਾ ਕੇ ਵੀ ਕਈ ਵਾਹਿਗੁਰੂ ਨਾਲੋਂ ਵਿਛੜੇ ਰਹਿੰਦੇ ਹਨ। ਹੇ ਨਾਨਕ ! ਫਿਰ ਵੀ ਉਨ੍ਹਾਂ ਨੂੰ ਪ੍ਰਭੂ ਨਾਲ ਮਿਲਣ ਦੀ ਆਸ ਹੈ॥ ੪॥ ੧॥

ਸੁਨਿ ਕਾਲੂ ਤਬ ਤੂਸ਼ਨਿ ਕੀਨੰ॥ ਪੁਨ ਜਨਨੀ ਕਹਿ ਹ੍ਵੈ ਮਨ ਦੀਨੰ।
'ਸੰਤ ਸੁਭਾਇ ਅਹੈ ਸੁਤ ! ਤੇਰਾ। ਅਬਿ ਕੇ ਬਚਨ ਮਾਨਿਯੇ ਮੇਰਾ॥੫੭॥

ਇਹ ਸੁਣ ਕੇ ਬਾਬਾ ਕਾਲੂ ਜੀ ਚੁੱਪ ਹੋ ਗਏ, ਫਿਰ ਮਾਤਾ ਜੀ ਸਮਝਾਉਂਦੇ ਹਨ, "ਹੇ ਪੁੱਤਰ ! ਤੇਰਾ ਸੰਤ ਸੁਭਾਅ ਹੈ, ਮੇਰੇ ਹੁਣ ਦੇ ਬਚਨ ਮੰਨ ਲਵੋ॥ ੫੭॥

ਸਦਨ ਬਿਖੇ ਕੋ ਦਿਨ ਚਲਿ ਰਹਿਯੇ। ਗਮਨ ਕਰਨ ਕੋ ਹਠ ਨਹਿਂ ਗਹਿਯੇ।
ਪੂਰਨ ਕਰਿ ਅਭਿਲਾਖ ਹਮਾਰੀ। ਸਮਾ ਬਿਤਾਵਹੁ ਦ੍ਰਿਸ਼ਿ ਅਗਾਰੀ॥੫੮॥

ਘਰ ਚਲ ਕੇ ਕੁਝ ਦਿਨ ਰਹੋ। ਚਲੇ ਜਾਣ ਦਾ ਹੱਠ ਨਾ ਫੜੋ। ਸਾਡੀ ਅਭਿਲਾਸ਼ਾ ਪੂਰੀ ਕਰੋ। ਕੁਝ ਸਮਾਂ ਮੇਰੀਆਂ ਅੱਖਾਂ ਸਾਹਮਣੇ ਬਿਤੀਤ ਕਰੋ॥ ੫੮॥

ਤੁਝ ਬਿਲੋਕਿ ਮੈਂ ਨਹੀਂ ਅਘਾਈ। ਬਿਛੁਰੇ ਹੀ ਸਭਿ ਬੈਸ ਬਿਤਾਈ।
ਬ੍ਰਿੱਧ ਭਈ ਮਨ ਬਹੁ ਲਲਚਾਵਾ। ਅਭਿਲਾਖਤਿ ਨਿਸ ਦਿਵਸ ਬਿਤਾਵਾ॥੫੯॥

ਤੈਨੂੰ ਵੇਖ ਕੇ ਮੈਂ ਰੱਜੀ ਨਹੀਂ ਹਾਂ, ਵਿਛੋੜੇ ਵਿਚ ਹੀ ਸਾਰੀ ਉਮਰ ਬਿਤਾਈ ਹੈ। ਬ੍ਰਿਧ ਹੋ ਗਏ ਹਾਂ ਤੇ ਹੁਣ ਮਨ ਬਹੁਤ ਲਲਚਾਇਆ ਹੈ। ਅਭਿਲਾਸ਼ਾ ਵਿਚ ਹੀ ਦਿਨ ਰਾਤ ਬਿਤੀਤ ਕੀਤੇ ਹਨ'॥ ੫੯॥

ਸੁਨਿ ਜਨਨੀ ਕੀ ਇਸ ਬਿਧਿ ਬਾਨੀ। ਦਯਾ ਧਾਰਿ ਸ੍ਰੀ ਨਾਨਕ ਮਾਨੀ।
ਤਹਿਂ ਤੇ ਉਠਿ ਗਮਨੇ ਤਿਨ ਸੰਗਾ। ਸਭਿ ਕੇ ਉਰ ਭਾ ਹਰਖ ਉਮੰਗਾ॥੬੦॥

ਮਾਤਾ ਜੀ ਦੀ ਇਹ ਗੱਲ ਸੁਣ ਕੇ, ਗੁਰੂ ਨਾਨਕ ਜੀ ਦਇਆ ਧਾਰ ਕੇ ਘਰ ਨੂੰ ਜਾਣਾ ਮੰਨ ਗਏ। ਉਸ ਸਥਾਨ ਤੋਂ ਉੱਠ ਕੇ ਆਪਣੇ ਮਾਤਾ ਪਿਤਾ ਦੇ ਨਾਲ ਚਲੇ ਗਏ। ਇਹ ਵੇਖ ਕੇ ਸਾਰਿਆਂ ਦੇ ਹਿਰਦੇ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਗਏ॥ ੬੦॥

ਆਨਿ ਸਦਨ ਮਹਿਂ ਪ੍ਰਭੁ ਸੁਹਾਏ। ਸੁਨਿਕੇ ਲੋਕ ਮਿਲਨ ਬਹੁ ਆਏ।
ਬੰਦਨ ਕਰਹਿਂ ਜੋਰ ਦ੍ਵੈ ਪਾਨਾ। ਜਥਾ ਜੋਗ ਸਭਿ ਕੋ ਸਨਮਾਨਾ॥੬੧॥

ਗੁਰੂ ਜੀ ਘਰ ਵਿਚ ਆ ਕੇ ਸੁਸ਼ੋਭਿਤ ਹੋ ਗਏ। ਇਹ ਸੁਣ ਕੇ ਬਹੁਤ ਲੋਕ ਮਿਲਣ ਵਾਸਤੇ ਆਏ। ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ। ਗੁਰੂ ਜੀ ਯਥਾਯੋਗ ਸਭ ਦਾ ਸਨਮਾਨ ਕਰਦੇ ਸਨ॥ ੬੧॥

ਦੋਹਰਾ- ਲਾਲੂ ਕਿਹਠਾਂ ਕਾਮ ਕੇ ਗਯੋ ਸੁਨਜੋ ਤਿਹ ਠਾਇ।
ਰਸਾ ਪਾਦ ਤੂਰਨ ਧਰੇ ਮਿਲਯੋ ਆਨ ਬਹੁ ਭਾਇ॥ ੬੨॥

ਗੁਰੂ ਜੀ ਦਾ ਚਾਚਾ ਲਾਲੂ ਕਿਸੇ ਥਾਂ ਕੰਮ ਗਿਆ ਹੋਇਆ ਸੀ, ਜਦ ਉਸ ਓਥੇ ਗੁਰੂ ਜੀ ਬਾਰੇ ਸੁਣਿਆ ਤਾਂ ਧਰਤੀ ਤੇ ਛੇਤੀ-ਛੇਤੀ ਪੈਰ ਧਰ ਕੇ ਬੜੇ ਪ੍ਰੇਮ ਨਾਲ ਗੁਰੂ ਜੀ ਨੂੰ ਆ ਮਿਲਿਆ॥ ੬੨॥

ਚੌਪਈ- ਭੀਰ ਭੂਰ ਭੀ ਅਜਰ ਮਝਾਰੀ। ਦਰਸ਼ਨ ਹਿਤ ਆਵਹਿਂ ਨਰ ਨਾਰੀ।

ਕੁਸ਼ਲ ਪ੍ਰਸ਼ਨ ਕੀਨੋ ਸਭਿ ਤਾਈਂ। ਬੈਠਾਰੇ ਕਹਿ ਸ੍ਰੀ ਜਗ ਸਾਈਂ॥ ੬੩॥

ਵਿਹੜੇ ਵਿਚ ਬੜੀ ਭੀੜ ਲੱਗ ਗਈ, ਦਰਸ਼ਨਾਂ ਵਾਸਤੇ ਇਸਤਰੀਆਂ ਮਰਦ ਆ ਰਹੇ ਸਨ। ਗੁਰੂ ਜੀ ਨੇ ਸਭ ਦੀ ਸੁਖ-ਸਾਂਦ ਪੁੱਛੀ ਅਤੇ ਉਨ੍ਹਾਂ ਨੂੰ ਕਹਿ ਕੇ ਬੈਠਾਇਆ॥ ੬੩॥

'ਪ੍ਰੋਹਤ ਰਾਇ ਜਿ ਆਦਿ ਮੁਲਾਨਾ। ਤਾਂ ਪਰਲੋਕ' ਸੁ ਨਰਨ ਬਖਾਨਾ।
ਸੁਨਿ ਸ੍ਰੀ ਨਾਨਕ ਬਚਨ ਉਚਾਰਾ। 'ਮਿਥਿਆ ਇਹ ਪਰਪੰਚ ਪਸਾਰਾ॥੬੪॥

ਪ੍ਰੋਹਤ, ਰਾਇ ਬੁਲਾਰ, ਮੁਲਾਨਾ ਆਦਿ ਬਾਰੇ ਮਨੁੱਖਾਂ ਨੇ ਦਸਿਆਂ ਕਿ ਉਹ ਪਰਲੋਕ ਸਿਧਾਰ ਗਏ ਹਨ। ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤਾ, "ਇਹ ਸਾਰਾ ਪਰਪੰਚ ਪਸਾਰਾ ਝੂਠਾ ਹੈ॥ ੬੪॥

ਬਿਨਸ ਜਾਤ ਇਹ ਬਾਰ ਨ ਲਾਗੈ। ਯਾਂਤੇ ਸੱਤਿਨਾਮ ਅਨੁਰਾਗੈ।
ਸੁਪਨ ਸਮਾਨ ਰਹਿਨ ਜਗ ਮਾਂਹੀ। ਤਜੈ ਮੋਹ ਇਸਥਿਰ ਕਛੁ ਨਾਂਹੀ॥੬੫॥

ਖਤਮ ਹੋਣ ਵਿਚ ਕੋਈ ਦੇਰ ਨਹੀਂ ਲੱਗਦੀ। ਇਸ ਲਈ ਸਤਿਨਾਮ ਨਾਲ ਪ੍ਰੇਮ ਕਰੋ। ਜਗਤ ਵਿਚ ਰਹਿਣਾ ਸੁਪਨੇ ਸਮਾਨ ਹੈ। ਮੋਹ ਨੂੰ ਛੱਡੋ, ਦੇਖੋ ਕੋਈ ਵਸਤੂ ਵੀ ਸਦਾ ਰਹਿਣ ਵਾਲੀ ਨਹੀਂ ਹੈ॥ ੬੫॥

ਭਾਉ ਭਗਤਿ ਜਿਨ ਮਨ ਮਹਿਂ ਧਾਰੀ। ਸੋ ਗਮਨੈ ਨਿਜ ਕਾਜ ਸਵਾਰੀ'।
ਸਦਨ ਬਿਖੈ ਨਰ ਮਿਲਨ ਜੁ ਆਏ। 'ਧੰਨ ਧੰਨਾ' ਸੁਨਿ ਬੈਨ ਅਲਾਏ॥੬੬॥

ਜਿਨ੍ਹਾਂ ਪ੍ਰੇਮ ਭਗਤੀ ਮਨ ਵਿਚ ਧਾਰਨ ਕੀਤੀ ਹੈ, ਉਹ ਆਪਣਾ ਕਾਰਜ ਸਵਾਰ ਕੇ ਚਲੇ ਗਏ।" ਘਰ ਵਿਚ ਜੋ ਮਨੁੱਖ ਮਿਲਣ ਆਏ ਸਨ, ਗੁਰੂ ਜੀ ਦੇ ਬਚਨ ਸੁਣ ਕੇ 'ਧੰਨ ਧੰਨਾ' ਕਹਿਣ ਲੱਗ ਗਏ॥ ੬੬॥

ਗਏ, ਬਹੁਰ ਉਸਤਤਿ ਸਭਿ ਕਰਿਹੀਂ। 'ਮਹਾਂਪੁਰਖ ਇਹਾ' ਬਚਨ ਉਚਰਿਹੀਂ।
ਰਹਿਨ ਲਗੇ ਸ੍ਰੀ ਗੁਰ ਘਰ ਮਾਂਹੀ। ਜਿਨ ਕੇ ਦਰਸ਼ਨ ਦੋਖ ਨਸਾਹੀਂ॥੬੭॥

ਸਾਰੇ ਬੜੀ ਉਸਤਤ ਕਰਕੇ ਗਏ, "ਇਹ ਮਹਾਂਪੁਰਖ ਹੈ" ਉਹ ਕਹਿ ਰਹੇ ਸਨ। ਉਹ ਐਸੇ ਗੁਰੂ ਜੀ ਦੇ ਘਰ ਵਿਚ ਹੀ ਰਹਿਣ ਲੱਗੇ, ਜਿਸ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਸਨ॥ ੬੭॥

ਸ੍ਰੀ ਅੰਗਦ! ਗੁਰ ਮੁਝ ਪ੍ਰਤਿ ਭਾਖਾ। 'ਬਾਲੇ! ਮਿਲਿ ਕੁਟੰਬ ਕਰਿ ਕਾਂਖਾ।
ਮਿਲਿ ਕਰਿ ਤਿਨ ਤੂਰਨ ਚਲਿ ਅਈਓ। ਮੋਹ ਪੰਕ ਤਿਨ ਜਿਨ ਫਸ ਜਈਓ'॥੬੮॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਫਿਰ ਗੁਰੂ ਜੀ ਮੈਨੂੰ ਕਹਿਣ ਲੱਗੇ, "ਹੇ ਬਾਲੇ! ਆਪਣੇ ਕੁਟੰਬ ਨੂੰ ਮਿਲ ਆਉ। ਮਿਲ ਕੇ ਛੇਰਨ ਵਾਪਸ ਆ ਜਾਣਾ, ਮੋਹ ਦੇ ਚਿੱਕੜ ਵਿਚ ਨਾ ਫਸ ਜਾਣਾ"॥ ੬੮॥

ਬੇਦਿਨ ਕਮਲਵੰਸ ਕਰਿ ਹੰਸੂ। ਮੈਂ ਚਲਿਗਾ ਤਿਨ ਕਰਿ ਪਰਸੰਸੂ।
ਨਿਜ ਕੁਟੰਬ ਮਿਲਿ ਮੋਦ ਬਢਾ ਕਰਿ। ਆਵਤਿ ਭਾ ਹੌਂ ਢਿਗ ਕਰੁਣਾਕਰ॥੬੯॥

ਬੇਦੀਆਂ ਦੀ ਕਮਲ ਰੂਪੀ ਕੁਲ ਦੇ ਖਿੜਾਵਣ ਵਾਲੇ ਸੂਰਜ ਜਾਣ ਗੁਰੂ ਜੀ ਦੀ ਉਸਤਤ ਕਰਦਾ ਮੈਂ ਆਪਣੇ ਘਰ ਨੂੰ ਚਲਾ ਗਿਆ। ਆਪਣੇ ਪਰਿਵਾਰ ਨੂੰ ਮਿਲ ਕੇ ਖੁਸ਼ੀ ਵਧਾ ਕੇ ਮੈਂ ਫਿਰ ਕਿਰਪਾ ਦੀ ਖਾਣ ਪਾਸ ਵਾਪਸ ਆ ਗਿਆ॥ ੬੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਮਾਤਾ ਪਿਤਾ ਮਿਲਨ ਪ੍ਰਸੰਗ ਬਰਨਨੰ ਨਾਮ ਪੰਚਮੋ ਅਧਯਾਯ॥ ੫॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਜਵਾਂ ਅਧਿਆਇ, ਜਿਸ ਦਾ ਨਾਮ "ਮਾਤਾ ਪਿਤਾ ਨੂੰ ਮਿਲਣਾ" ਹੈ, ਸਮਾਪਤ ਹੋਇਆ॥ ੫॥

# ਅਧਿਆਇ ਛੇਵਾਂ

*ਮਾਤਾ-ਪਿਤਾ ਨੂੰ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ*

ਦੋਹਰਾ- ਸਿੰਘ ਬਾਹਨੀ, ਮਾਤ ਜਗ ਅਸ਼ਟਭੁਜੀ ਖਲ ਕਾਲ।
ਨਮਸਕਾਰ ਤਿਹ ਚਰਨ ਕੋ ਉਚਰੌਂ ਕਥਾ ਰਸਾਲ॥ ੧॥

ਸ਼ੇਰ ਤੇ ਸਵਾਰ ਜਗਤ ਦੀ ਮਾਤਾ, ਅੱਠ ਭੁਜਾਂ ਵਾਲੀ, ਖੱਲਾਂ ਨੂੰ ਮਾਰਨ ਵਾਲੀ ਹੈ। ਉਸ ਦੇ ਚਰਨਾਂ ਨੂੰ ਨਮਸ਼ਕਾਰ ਕਰਕੇ ਅੱਗੋਂ ਹੋਰ ਰਸੀਲੀ ਕਥਾ ਉਚਾਰਦਾ ਹਾਂ ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਹੁ ਕਥਾ ਸ੍ਰੀ ਫੇਰੂ ਨੰਦਨ!। ਸ੍ਰੋਤਨ ਕੇ ਅਘ ਓਘ ਨਿਕੰਦਨ।
ਤਲਵੰਡੀ ਮਹਿੰ ਦੀਨ ਦਯਾਲਾ। ਰਹਿਤਜੋ ਕਿਤਿਕ ਬਿਤਾਏ ਕਾਲਾ॥੨॥

ਭਾਈ ਬਾਲੇ ਨੇ ਕਿਹਾ- ਹੇ ਬਾਬਾ ਫੇਰੂ ਜੀ ਦੇ ਪੁੱਤਰ, ਗੁਰੂ ਅੰਗਦ ਦੇਵ ਜੀ! ਸਰੋਤਿਆਂ ਦੇ ਸਾਰੇ ਪਾਪ ਕੱਟਣ ਵਾਲੀ ਗੁਰ ਕਥਾ ਸੁਣੋ। ਦੀਨ ਦਿਆਲ ਗੁਰੂ ਜੀ ਨੇ ਤਲਵੰਡੀ ਵਿਚ ਰਹਿ ਕੇ ਕਾਫੀ ਸਮਾਂ ਬਿਤਾਇਆ॥ ੨॥

ਏਕ ਦਿਵਸ ਕਾਲੂ ਢਿਗ ਆਵਾ। ਹਿਤ ਸਮਝਾਵਨ ਬਚਨ ਅਲਾਵਾ।
'ਹੇ ਸੁਤ! ਗ੍ਰਿਹਸਤੀ ਰੀਤਿ ਕਰੀਜੈ। ਬੇਖ ਫਕੀਰੀ ਅਬ ਤਜਿ ਦੀਜੈ॥੩॥

ਇਕ ਦਿਨ ਬਾਬਾ ਕਾਲੂ ਜੀ ਉਨ੍ਹਾਂ ਪਾਸ ਆਏ, ਸਮਝਾਉਣ ਹਿਤ ਉਹ ਬੋਲੇ, "ਹੇ ਪੁੱਤਰ! ਗ੍ਰਿਹਸਤੀ ਦੀ ਰੀਤੀ ਅਪਣਾਉ। ਫਕੀਰੀ ਭੇਸ ਹੁਣ ਛੱਡ ਦੇਵੋ॥ ੩॥

ਆਗੇ ਦਰਬ ਜਿਤੋ ਘਰ ਬਾਰਾ। ਹੋਇ ਬਿਰਕਤ ਲੁਟਾਯੋ ਸਾਰਾ।
ਕੋਊ ਕ੍ਰਿਤ ਅਬ ਲੇਹੁ ਸੰਭਾਰੀ। ਦਰਬ ਕਮਾਵਹੁ ਸੁਮਤਿ ਬਿਚਾਰੀ॥ ੪॥

ਪਹਿਲਾਂ ਹੀ ਸਾਰਾ ਧਨ ਅਤੇ ਘਰ-ਬਾਰ ਤਿਆਗੀ ਹੋ ਕੇ ਲੁਟਾ ਦਿੱਤਾ ਹੈ। ਹੁਣ ਕੋਈ ਕ੍ਰਿਤ ਸੰਭਾਲ ਲਵੋ ਅਤੇ ਸ੍ਰੇਸ਼ਟ ਮੱਤ ਵਿਚਾਰ ਕੇ ਧਨ ਕਮਾਉ॥ ੪॥

ਜਰਾ ਗ੍ਰਸੀ ਅਬ ਦੇਹਿ ਹਮਾਰੀ। ਸੁਖ ਦੇਵਨ ਕੀ ਹੈ ਤਵ ਵਾਰੀ।
ਸਰਬ ਸਦਨ ਕੋ ਕਾਰ ਚਲਾਵਹੁ। ਨਿਜ ਪੁਰਿ ਬਸਹੁ ਬੈਸਿ ਸੁਖ ਵਾਪਹੁ॥੫॥

ਬੁਢੇਪੇ ਨੇ ਹੁਣ ਸਾਡੀ ਦੇਹ ਨੂੰ ਗ੍ਰੱਸ ਲਿਆ ਹੈ, ਸੁਖ ਦੇਣ ਦੀ ਹੁਣ ਤੇਰੀ ਵਾਰੀ ਹੈ। ਸਾਰੇ ਘਰ ਦਾ ਕੰਮ-ਕਾਜ ਚਲਾਵੇ, ਆਪਣੇ ਨਗਰ ਵਿਚ ਵੱਸੇ ਅਤੇ ਬੈਠ ਕੇ ਸੁੱਖ ਪਾਵੇ॥ ੫॥

ਰਹਿਯੇ ਹਮਰੀ ਦ੍ਰਿਸ਼ਟਿ ਅਗਾਰੀ। ਸੁਖੀ ਰਹੈ ਤਵ ਪਿਖਿ ਮਹਿਤਾਰੀ।
ਨਿਜ ਸੁਤ ਇਸਤ੍ਰੀ ਲੇਹੁ ਮੰਗਾਈ। ਕਰਿ ਪ੍ਰਤਿਪਾਲ ਸਭਿਨਿ ਹਿਤ ਲਾਈ॥੬॥

ਸਾਡੀ ਹੁਣ ਦ੍ਰਿਸ਼ਟੀ ਅੱਗੇ ਲੱਗੀ ਹੋਈ ਹੈ, ਤੈਨੂੰ ਅਸੀ ਸੁਖ-ਸਾਂਦ ਵੱਸਦਾ ਵੇਖਣਾ ਚਾਹੁੰਦੇ ਹਾਂ। ਆਪਣੀ ਇਸਤਰੀ ਪੁੱਤਰ ਮੰਗਵਾ ਲਵੇ ਅਤੇ ਸਾਰਿਆਂ ਦੀ ਪ੍ਰੇਮ ਨਾਲ ਪਾਲਣਾ ਕਰੇ॥ ੬॥

ਬਿਛੁਰੇ ਹੈਂ ਸੋ ਕਿਤ ਕਿਤ ਥਾਨਾ। ਤੁਝ ਬਿਹੀਨ ਰਹਿਹੀਂ ਦੁਖਵਾਨਾ।
ਇਸ ਬਿਧਿ ਕੇ ਸੁਨਿਕੇ ਬਚ ਤਾਤਾ। ਬੋਲੇ ਪ੍ਰਭੁ ਗਯਾਨ ਸੁਖਦਾਤਾ॥੭॥

ਵਿਛੜ ਕੇ ਕਿਸ ਕਿਸ ਥਾਂ ਰਹਿ ਰਹੇ ਹਨ। ਤੈਥੋਂ ਬਗੈਰ ਬੜੇ ਦੁਖੀ ਰਹਿ ਰਹੇ ਹਨ।'' ਆਪਣੇ ਪਿਤਾ ਜੀ ਦੇ ਅਜਿਹੇ ਬਚਨ ਸੁਣ ਕੇ ਗੁਰੂ ਜੀ ਬੋਲੇ॥ ੭॥

'ਸੁਨਿ ਪਿਤ ! ਇਹ ਮਤਿ ਨੌਕਾ ਨਜਾਈਂ। ਦਰਬ ਮੋਹ ਜਲਿ ਸਰਿਤਾ ਧਾਈ।
ਜੇ ਨੌਕਾ ਮਹਿਂ ਜਲ ਪਰ ਜਾਵੈ। ਤਤਛਿਨ ਅਪਨੇ ਬੀਚ ਡੁਬਾਵੈ॥ ੮॥

''ਹੇ ਪਿਤਾ ਜੀ ! ਸੁਣੋ, ਇਹ ਮੱਤ ਬੇੜੀ ਸਮਾਨ ਹੈ, ਮਾਇਆ ਦੇ ਮੋਹ ਦੀ ਨਦੀ ਚਲ ਰਹੀ ਹੈ। ਜੇ ਬੇੜੀ ਵਿਚ ਜਲ ਪੈ ਜਾਵੇ ਤਾਂ ਤੁਰੰਤ ਹੀ ਜਲ ਬੇੜੀ ਨੂੰ ਆਪਣੇ ਵਿਚ ਡੋਬ ਲੈਂਦਾ ਹੈ॥ ੮॥

ਸਤਿਗੁਰ ਕੇਵਟ ਮਿਲਹਿਂ ਜਿ ਆਈ। ਮਤਿ ਨੌਕਾ ਪਰ ਹ੍ਵੈ ਚੁਕਸਾਈ।
ਮੋਹ ਦਰਬ ਤੇ ਉਰਧ ਚਲਾਵੈ। ਖੇਵਨ ਕਰਿ ਹੈ ਗਯਾਨ ਸੁਨਾਵੈ॥ ੯॥

ਜੇ ਸਤਿਗੁਰ ਰੂਪੀ ਮਲਾਹ ਮਿਲ ਜਾਵੇ ਤਾਂ ਬੇੜੀ ਉਤੇ ਚੋਕਸੀ ਰੱਖਦਾ ਹੈ ਅਤੇ ਮਾਇਆ ਦੇ ਮੋਹ ਦੀ ਨਦੀ ਦੇ ਉਤੇ ਬੇੜੀ ਨੂੰ ਠੀਕ-ਠਾਕ ਚਲਾਉਂਦਾ ਹੈ ਅਤੇ ਗਿਆਨ ਦਾ ਸੁਨਾਉਣਾ ਇਹ ਚਲਾਵਣਾ ਕਰਦਾ ਹੈ॥ ੯॥

ਆਤਮ ਲਖਨੋ ਪਾਰ ਕਿਨਾਰਾ। ਪਹੁਚੈ ਤਹਿਂ ਤਬ ਹੋਇ ਸੁਖਾਰਾ।
ਨਤੁ ਇਹ ਜਨਮ ਮਰਨ ਦੁਖ ਭਾਰੀ। ਆਇ ਜਾਇ ਜਗ ਵਾਰੰਵਾਰੀ' ॥੧੦॥

ਆਤਮਾ ਨੂੰ ਪਾਰ ਕਿਨਾਰਾ ਜਾਣੋ, ਜਦ ਬੇੜੀ ਓਥੇ ਪਹੁੰਚਦੀ ਹੈ ਤਾਂ ਸੁੱਖ ਪ੍ਰਾਪਤ ਹੁੰਦਾ ਹੈ। ਬਾਰ-ਬਾਰ ਜਨਮ ਧਾਰਨਾ, ਫਿਰ ਮਰਨਾ ਇਕ ਭਾਰੀ ਦੁੱਖ ਹੈ। ਬਾਰ-ਬਾਰ ਮਨੁੱਖ ਜੱਗ ਵਿਚ ਆਉਂਦਾ ਜਾਂਦਾ ਰਹਿੰਦਾ ਹੈ'' ॥ ੧੦॥

ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਪਿਤ ਕੇ ਉਰ ਤੇ ਮਾਯਾ ਰੋਕੀ।
ਤਤਛਿਨ ਗਯਾਤ ਰਿਦੇ ਮਹਿਂ ਆਈ। ਜਨੁ ਮਦ ਉਤਰ ਗਏ,ਸੁਧ ਪਾਈ ॥੧੧॥

ਇਹ ਕਹਿ ਕੇ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਆਪਣੇ ਪਿਤਾ ਜੀ ਵੱਲ ਵੇਖਿਆ। ਪਿਤਾ ਦੇ ਹਿਰਦੇ ਵਿਚੋਂ ਮਾਇਆ ਨੂੰ ਰੋਕਿਆ, ਫੋਰਨ ਉਨ੍ਹਾਂ ਦੇ ਹਿਰਦੇ ਵਿਚ ਪ੍ਰਮਾਰਥ ਦੀ ਸੂਝ ਆ ਗਈ, ਜਿਵੇ ਨਸ਼ਾ ਉਤਰ ਗਿਆ ਹੋਵੇ ਅਤੇ ਸੋਝੀ ਆ ਗਈ ਹੋਵੇ॥ ੧੧॥

ਬੋਲਜੋ ਕਰਿਕੈ ਭਾਉ ਘਨੇਰਾ। 'ਮੈਂ ਜਾਨਤਿ ਰਹਿਓ ਸੁਤ ਮੇਰਾ।
ਮਹਾਂ ਪੁਰਖ ਤੁਮ ਦੀਨਦਯਾਲਾ। ਮੁਝ ਉਰ ਦੀਜੈ ਗਯਾਨ ਬਿਸਾਲਾ ॥੧੨॥

ਬਾਬਾ ਕਾਲੂ ਜੀ ਬੜਾ ਪ੍ਰੇਮ ਕਰਕੇ ਬੋਲੇ, ''ਮੈਂ ਤਾਂ ਤੁਹਾਨੂੰ ਆਪਣਾ ਪੁੱਤਰ ਹੀ ਸਮਝਦਾ ਰਿਹਾ ਹਾਂ। ਤੁਸੀਂ ਤਾਂ ਵੱਡੇ ਮਹਾਂਪੁਰਖ ਦੀਨ ਦਿਆਲ ਹੋ। ਮੇਰੇ ਹਿਰਦੇ ਵਿਚ ਵੀ ਵਿਸ਼ਾਲ ਗਿਆਨ ਦੇਵੋ॥ ੧੨॥

ਜਿਹ ਤੇ ਜਨਮ ਮਰਨ ਹ੍ਵੈ ਹਾਨਾ। ਉਪਜੈ ਅਬਚਲ ਅਨੰਦ ਮਹਾਨਾ।
ਮੈਂ ਹੌਂ ਕੌਨ ਮੋਹਿ ਸੁਧ ਨਾਂਹੀ। ਰਹਿਹੌਂ ਹਰਖ ਸ਼ੋਕ ਕੇ ਮਾਂਹੀ॥ ੧੩॥

ਜਿਸ ਕਾਰਨ ਮੈਂ ਜਨਮ ਮਰਨ ਤੋਂ ਰਹਿਤ ਹੋ ਜਾਵਾਂ ਅਤੇ ਹਿਰਦੇ ਵਿਚ ਮਹਾਨ ਤੇ ਅਟੱਲ ਅਨੰਦ ਉਪਜ ਪਵੇ। ਮੈਂ ਕੌਣ ਹਾਂ, ਮੈਨੂੰ ਇਸ ਦੀ ਸੋਝੀ ਨਹੀਂ, ਮੈਂ ਦੁਖ ਸੁਖ ਦੇ ਵਿਚ ਹੀ ਰਹਿ ਰਿਹਾ ਸੀ॥ ੧੩॥

ਇਕ ਛਿਨ ਮਨ ਥਿਤ ਹੋਵਤਿ ਨਾਂਹੀ। ਬਿਚਰਹਿ ਰਾਗ ਦ੍ਵੈਖ ਕੇ ਮਾਂਹੀ'।
ਇਸ ਪ੍ਰਕਾਰ ਲਖਿ ਪਿਤ ਜੱਗਜਾਸਾ। ਬੋਲੇ ਬਚਨ ਗਯਾਨ ਕੇ ਰਾਸਾ ॥੧੪॥

ਮੇਰਾ ਮਨ ਇਕ ਖਿਣ ਵੀ ਟਿਕਦਾ ਨਹੀਂ ਸੀ, ਸਦਾ ਹੀ ਦ੍ਵੈਖ ਦੇ ਪ੍ਰੇਮ ਵਿਚ ਵਿਚਰਦਾ ਸੀ।'' ਆਪਣੇ ਪਿਤਾ ਜੀ ਦੀ ਅਜਿਹੀ ਖ਼ਾਹਿਸ਼ ਵੇਖ ਕੇ, ਗੁਰੂ ਜੀ ਨੇ ਬਚਨ ਕੀਤੇ॥ ੧੪॥

'ਪਰਮੇਸੁਰ ਤੇ ਬੇਮੁਖ ਜੋਈ। ਮਨ ਜੋ ਨਾਮ ਲਖੀਜੈ ਸੋਈ।
ਜੋ ਸਰੂਪ ਸਨਮੁਖ ਹ੍ਵੈ ਲਾਗਾ। ਭਯੋ ਅਮਨ ਸੋ ਲਖਹੁ ਸਭਾਗਾ॥੧੫॥

ਜਿਹੜੇ ਵੀ ਪਰਮੇਸ਼ਰ ਤੋਂ ਬੇਮੁਖ ਹਨ, ਮਨ ਜੋ ਨਾਮ ਹੈ ਸੋਈ ਦਿੱਸਦਾ ਹੈ। ਜਿਹੜਾ ਸਰੂਪ ਪ੍ਰਭੂ ਦੇ ਸਨਮੁਖ ਲੱਗ ਜਾਂਦਾ ਹੈ, ਉਸ ਨੂੰ ਭਾਗਾਂ ਵਾਲਾ ਸਮਝੋ ਅਤੇ ਉਸ ਮਨ ਵਿਚ ਸ਼ਾਂਤੀ ਆ ਜਾਂਦੀ ਹੈ॥ ੧੫॥

ਜਿਉ ਰਵਿ ਬਿਮੁਖ ਬਰਫ ਹ੍ਵੈ ਜਾਵੈ। ਸਨਮੁਖ ਤੇ ਸੋ ਜਲ ਪਦ ਪਾਵੈ।
ਤਿਉਂ ਇਸ ਮਨ ਕੀ ਗਤਿ ਲਖਿ ਲੀਜੈ। ਪਰਮੇਸੁਰ ਦਿਸ਼ ਦ੍ਰਿੜ ਸੁ ਕਰੀਜੈ॥੧੬॥

ਜਿਵੇਂ ਜਲ ਸੂਰਜ ਦੀ ਧੁੱਪ ਨਾ ਲਗਣ ਤੇ ਬਰਫ ਹੋ ਜਾਂਦਾ ਹੈ, ਜੇ ਸੂਰਜ ਦੇ ਸਾਹਮਣੇ ਹੋ ਜਾਵੇ ਤਾਂ ਫਿਰ ਜਲ ਦੀ ਪਦਵੀ ਪਾਉਂਦਾ ਐ। ਇਸ ਤਰ੍ਹਾਂ ਹੀ ਇਸ ਮਨ ਦੀ ਹਾਲਤ ਸਮਝੋ, ਜੋ ਪਰਮੇਸ਼ਰ ਤੋਂ ਬੇਮੁਖ ਹੈ ਉਸ ਦਾ ਨਾਮ ਹੈ 'ਮਨ', ਜੋ ਮਨ ਪ੍ਰਭੂ ਦੇ ਸੁਰੂਪ ਦੇ ਸਨਮੁਖ ਹੋਇਆ ਉਹ 'ਮਨ' ਨਾ ਰਿਹਾ, ਉਸ ਦਾ ਫਿਰ ਨਾਮ ਹੈ ਅ+ਮਨ॥ ੧੬॥

ਹਰਖ ਸ਼ੋਕ ਪੁਨ ਰਾਗ ਜੁ ਦ੍ਵੈਖਾ। ਤਿਨ ਤੇ ਹ੍ਵੈ ਹੈ ਸਥਿਤ ਬਿਸ਼ੇਖਾ।
ਸਰਬ ਥਾਨ ਸਭਿ ਜੀਵਨ ਮਾਂਹੀ। ਪਰਮੇਸੁਰ ਬਿਨ ਦੂਜੋ ਨਾਂਹੀ॥ ੧੭॥

ਖੁਸ਼ੀ, ਗਮੀ, ਪ੍ਰੇਮ ਈਰਖਾ ਤੋਂ ਮਨ ਹਟ ਕੇ ਵੱਖਰਾ ਟਿਕ ਜਾਂਦਾ ਹੈ। ਫਿਰ ਸਾਰੇ ਜੀਵਨ ਵਿਚ ਹਰ ਥਾਂ ਪਰਮੇਸ਼ਵਰ ਬਗੈਰ ਹੋਰ ਕੋਈ ਦੂਸਰਾ ਨਹੀਂ ਵੇਖਦਾ॥ ੧੭॥

ਧਰਨੀ ਸਰਬ ਬਿਖੈ ਜਲ ਜੈਸੇ। ਪਰਮਾਤਮ ਰਹਜੋ ਪੂਰ ਸੁ ਐਸੇ।
ਤੁਮ ਜਿ ਕਹਉ ਨਹਿ ਦੇਤਿ ਦਿਸਾਈ। ਸੋ ਬਿਧਿ ਨੀਕੀ ਦੇਉਂ ਬਿਤਾਈ॥੧੮॥

ਜਿਵੇਂ ਸਾਰੀ ਧਰਤੀ ਜਲ ਸਮਾਨ ਹੈ, ਜਿਸ ਤਰ੍ਹਾਂ ਪਰਮਾਤਮਾ ਹਰ ਥਾਂ ਪਰਿਪੂਰਣ ਹੈ। ਤੁਸੀ ਜਿਹੜਾ ਕਿਹਾ ਹੈ ਕਿ ਦਿਖਾਈ ਨਹੀਂ ਦਿੰਦਾ, ਉਹ ਮੈਂ ਚੰਗੀ ਤਰ੍ਹਾਂ ਦੱਸ ਦਿੰਦਾ ਹਾਂ॥ ੧੮॥

ਗਜਾਨੀ ਕੋ ਜੋ ਰਿਦਾ ਬਿਮਲ ਹੈ। ਤਹਾਂ ਪ੍ਰਗਟ ਜਿਉਂ ਸ਼੍ਰੋਤ ਸੁ ਜਲ ਹੈ।
ਜੱਗਜਾਸੀ ਕੋ ਉਰ ਹੈ ਜੋਈ। ਕੂਪ ਸਮਾਨ ਜਾਨਿਯੇ ਸੋਈ॥ ੧੯॥

ਜਿਸ ਗਿਆਨਵਾਨ ਦਾ ਹਿਰਦਾ ਨਿਰਮਲ ਹੈ, ਉਥੇ ਇਹ ਪਾਣੀ ਦੇ ਝਰਨੇ ਵਾਂਗ ਪ੍ਰਗਟ ਹੁੰਦਾ ਹੈ। ਜਗਿਆਸੂ ਦਾ ਜੋ ਹਿਰਦਾ ਹੈ, ਉਸ ਨੂੰ ਖੂਹ ਸਮਾਨ ਜਾਣੋ॥ ੧੯॥

ਜਤਨ ਕਰੇ ਜਲ ਕਰ ਮਹਿਂ ਆਵੈ। ਤਿਉਂ ਪ੍ਰਯਾਸ ਤੇ ਈਸ਼ੁਰ ਪਾਵੈ।
ਅਗਜਾਨੀ ਕੋ ਉਰ ਹੈ ਜੋਊ। ਪੜਦੇ ਕੋ ਜਲ ਜਾਨਹੁ ਸੋਊ॥ ੨੦॥

(ਝਰਨੇ ਵਿਚ ਪਾਣੀ ਆਪਣੇ ਆਪ ਫੁਟਦਾ ਹੈ) ਪਰ ਖੂਹ ਵਿਚੋਂ ਪਾਣੀ ਪ੍ਰਾਪਤ ਕਰਨ ਲਈ ਜਤਨ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਗਿਆਸੂ ਨੂੰ ਈਸ਼ਵਰ ਪਾਉਣ ਲਈ ਕੋਸ਼ਿਸ਼ ਕਰਨੀ ਪੈਂਦੀ ਹੈ। ਅਗਿਆਨੀ ਦਾ ਜੋ ਹਿਰਦਾ ਹੈ, ਉਸ ਨੂੰ ਢੱਕੇ ਹੋਏ ਜਲ ਵਾਂਗ ਸਮਝੋ॥ ੨੦॥

ਤਹਿਂ ਤਤਕਾਲ ਹਾਥ ਨਹਿਂ ਆਈ। ਪਰ ਛਿਤ ਮੈਂ ਜਲ ਹੈ ਸਭਿ ਥਾਈਂ।
ਤਿਉਂ ਪਰਮੇਸੁਰ ਹੈ ਸਭਿ ਮਾਂਹੀ। ਪ੍ਰਗਟਨ ਦੁਰਨ ਕਹੀ ਬਿਧਿ ਯਾਹੀ॥ ੨੧॥

ਉਹ ਤੁਰੰਤ ਹੱਥ ਵਿਚ ਨਹੀਂ ਆਉਂਦਾ ਹੈ, ਪ੍ਰੰਤੂ ਧਰਤੀ ਵਿਚ ਸਭ ਥਾਂ ਜਲ ਹੈ। ਇਸ ਤਰ੍ਹਾਂ ਪਰਮੇਸ਼ਰ ਵੀ ਸਭ ਵਿਚ ਹੈ। ਪਰਗਟ ਕਰਨ ਅਤੇ ਛੁਪਣ ਦੀ ਇਹ ਵਿਧੀ ਕਹੀ ਹੈ॥ ੨੧॥

ਇਹ ਜੋ ਜਗਤਿ ਬਨਾਉ ਬਨਜੋ ਹੈ। ਪਰਮਾਤਮ ਬਿਨ ਕੌਨ ਗੁਨਜੋ ਹੈ ?।

ਜਿਉਂ ਨਿਜ ਰੂਪ ਬੀਜ ਬਡ ਧਾਰਤਿ। ਹ੍ਵੈ ਕਰਿ ਬਿਟਪ ਭਲੇ ਬਿਸਤਾਰਤਿ ॥੨੨॥

ਇਹ ਜੋ ਜਗਤ ਦਾ ਪਸਾਰਾ ਬਣਿਆ ਹੈ, ਪਰਮਾਤਮਾ ਬਗੈਰ ਕਿਸ ਵੀਚਾਰਿਆ ਹੈ ? ਜਿਵੇਂ ਛੋਟਾ ਜਿਹਾ ਬੀਜ ਆਪਣਾ ਵੱਡਾ ਰੂਪ ਧਾਰਨ ਕਰਦਾ ਹੈ, ਬ੍ਰਿਛ ਬਣ ਕੇ ਵੱਡੇ ਆਕਾਰ ਵਿਚ ਫੈਲ ਜਾਂਦਾ ਹੈ॥ ੨੨॥

ਤਿਹ ਬੀਰਜ ਕੋ ਖੋਜੈ ਕੋਊ। ਕਾਠ ਪੱਤ੍ਰ ਪੁਸ਼ਪਾਦਿਕ ਜੋਊ।
ਤਹਿਂ ਤੇ ਹਾਥ ਨ ਆਵਹਿ ਕਬਹੀ। ਖੋਜਤਿ ਰਹੈ ਆਰਬਲ ਸਭਿਹੀ ॥੨੩॥

ਜੇ ਉਸ ਬੀਜ ਨੂੰ ਕੋਈ ਖੋਜਣ ਲੱਗੇ ਤਾਂ ਉਹ ਲੱਕੜ, ਪੱਤੇ, ਫੁੱਲ ਜਿਹੜੇ ਹਨ, ਉਨ੍ਹਾਂ ਵਿਚ ਬੀਜ ਕਦੇ ਵੀ ਹੱਥ ਨਹੀਂ ਆਉਂਦਾ, ਭਾਵੇਂ ਸਾਰੀ ਉਮਰ ਉਨ੍ਹਾਂ ਵਿਚ ਲੱਭਦਾ ਰਹੇ॥ ੨੩॥

ਜੇ ਫਲ ਕੋ ਖੋਜਹਿ ਭਲਿ ਭਾਂਤੀ। ਪਾਇ ਬੀਜ ਹੈ ਸੀਤਲ ਛਾਤੀ।
ਤਿਉਂ ਪਰਮੇਸੁਰ ਖੋਜਨਵਾਰੇ। ਕਾਠ ਤਾਮਸੀ ਜੀਉ ਨਿਹਾਰੇ॥ ੨੪॥

ਜੇ ਫਲ ਦੀ ਭਲੀ-ਭਾਂਤ ਖੋਜ ਕਰੇ ਤਾਂ ਉਸ ਦੀ ਠੰਢੀ ਛਾਤੀ ਵਿਚੋਂ ਬੀਜ ਪ੍ਰਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਪ੍ਰਭੂ ਦੀ ਖੋਜ ਕਰਨ ਵਾਲੇ ਤਮੋਗੁਣੀ ਲੋਕ ਕਾਠ ਵਰਗੇ ਹਨ॥ ੨੪॥

ਬਚਨ ਕਠੋਰ ਕਹਿਨ ਹੈ ਜੋਊ। ਲਖਿ ਕਠੋਰਪਨ ਤਾ ਮਹਿ ਸੋਊ।
ਤਹਿਂ ਤੇ ਈਸੁਰ ਹਾਥ ਨ ਆਵੈ। ਜਿਉਂ ਸਿਕਤਾ ਤੇ ਤੇਲ ਨ ਪਾਵੈ ॥੨੫॥

ਜਿਹੜੇ ਲੋਕ ਕਠੋਰ ਬਚਨ ਬੋਲਦੇ ਹਨ, ਉਹ ਉਸ ਵਿਚ ਵੀ ਕਠੋਰਪਨ ਵੇਖਦੇ ਹਨ, ਇਸ ਤਰ੍ਹਾਂ ਈਸ਼ਵਰ ਹੱਥ ਨਹੀਂ ਆਉਂਦਾ, ਜਿਵੇਂ ਰੇਤ ਵਿਚੋਂ ਤੇਲ ਨਹੀਂ ਨਿਕਲ ਸਕਦਾ॥ ੨੫॥

ਅਹੈ ਰਾਜਸੀ ਪੱਤ੍ਰ ਸਮਾਨਾ। ਛਾਯਾ ਦੇ ਸੁਖ ਬਿਖੈ ਮਹਾਨਾ।
ਤਿਨ ਤੇ ਹਰੀ ਪਾਇ ਨਹਿਂ ਕੈਸੇ। ਅੰਧੇ ਕੋ ਮਗ ਮੋਤੀ ਜੈਸੇ॥ ੨੬॥

ਰਜੋਗੁਣ ਅਤੇ ਪੱਤਰ ਸਮਾਨ ਹਨ। ਛਾਂ ਵਾਂਗ ਵਿਸ਼ੇ ਸੁੱਖ ਦਿੰਦੇ ਹਨ। ਉਨ੍ਹਾਂ ਤੋਂ ਪ੍ਰਭੂ ਕਿਵੇਂ ਪਾਇਆ ਜਾ ਸਕਦਾ ਹੈ? ਅੰਨ੍ਹੇ ਦੇ ਰਾਹ ਵਿਚ ਜਿਵੇਂ ਹੀਰੇ ਮੋਤੀ ਪਏ ਹੋਣ॥ ੨੬॥

ਪੁਸ਼ਪ ਸਮਾਨ ਸ਼ਾਂਤਕੀ ਜੋਈ। ਮਧੁਰ ਬਚਨ ਗੰਧ ਧਾਰਹਿਂ ਤੇਈ।
ਤਿਨ ਤੇ ਕੁਛਕ ਹੋਤਿ ਸੁਧ ਕਾਰਾ। ਨਹਿਂ ਪਾਯਤਿ ਹੈ ਪ੍ਰਭੁ ਅਪਾਰਾ ॥੨੭॥

ਸਤੋਗੁਣ ਵਾਲੇ ਫੁੱਲਾਂ ਸਮਾਨ ਹਨ। ਉਨ੍ਹਾਂ ਦੇ ਮਿੱਠੇ ਬਚਨਾਂ ਵਿਚ ਸੁਗੰਧੀ ਭਰੀ ਹੋਈ ਹੈ। ਉਨ੍ਹਾਂ ਤੋਂ ਕੁਝ ਕਾਰਜ ਸ਼ੁੱਧ ਹੁੰਦਾ ਹੈ, ਪਰ ਅਪਾਰ ਪ੍ਰਭੂ ਨਹੀਂ ਪਾਇਆ ਜਾ ਸਕਦਾ॥ ੨੭॥

ਗ੍ਯਾਨੀ ਹੈ ਫਲ ਕੇਰ ਸਮਾਨਾ। ਬੀਜ ਰੂਪ ਤਹਿਂ ਪ੍ਰਭੂ ਮਿਲਾਨਾ।
ਅਪਰ ਸਥਾਨ ਸੁ ਪਾਵਤਿ ਨਾਂਹੀ। ਬਸਹਿਂ ਸਦਾ ਸਤਿਸੰਗਤਿ ਮਾਂਹੀ ॥੨੮॥

ਗਿਆਨੀ ਪੁਰਸ਼ ਫਲ ਦੇ ਸਮਾਨ ਹੈ, ਬੀਜ ਵਾਂਗ ਰੱਬ ਉਨ੍ਹਾਂ ਵਿਚ ਮਿਲਿਆ ਹੈ। ਹੋਰ ਕਿਸੇ ਸਥਾਨ ਇਹ ਪਾਇਆ ਨਹੀਂ ਜਾ ਸਕਦਾ। ਇਹ ਸਦਾ ਹੀ ਸਤਿਸੰਗਤਿ ਵਿਚ ਵੱਸਦਾ ਹੈ॥ ੨੮॥

ਹੇ ਪਿਤ! ਇਕ ਪਰਮਾਤਮ ਸਾਰੇ। ਰਾਗ ਦ੍ਵੈਖ ਕਿਉਂ ਕਰਹੁ ਬਿਚਾਰੇ।
ਅਪਰ ਕਲਪਨਾ ਤੇ ਮਨ ਰੋਕਹੁ। ਸਰਬ ਸਥਾਨ ਏਕ ਅਵਲੋਕਹੁ ॥੨੯॥

ਹੇ ਪਿਤਾ ਜੀ! ਸਾਰੇ ਇਕ ਪਰਮਾਤਮਾ ਵੱਸਦਾ ਹੈ, ਪ੍ਰੇਮ ਈਰਖਾ ਕਿਉਂ ਵਿਚਾਰਦੇ ਹੋ। ਹੋਰ ਕਲਪਨਾਵਾਂ ਤੋਂ ਮਨ ਨੂੰ ਰੋਕੋ। ਸਭ ਥਾਈਂ ਇਕੋ ਹੀ ਵੇਖੋ॥ ੨੯॥

ਜਗਤ ਮੋਹਨੀ ਜੋ ਇਹ ਮਾਯਾ। ਇਸ ਬਿਧਿ ਜਾਨਹੁ ਜਿਉਂ ਤਨ ਛਾਯਾ।
ਸ੍ਰੀ ਕਰਤਾਰ ਸੁ ਭਾਨੁ ਸਮਾਨਾ। ਜਬ ਇਹ ਨਰ ਸਨਮੁਖ ਤਿਹ ਪਯਾਨਾ ॥੩੦॥

ਜਗਤ ਨੂੰ ਮੋਹ ਲੈਣ ਵਾਲੀ ਜਿਹੜੀ ਇਹ ਮਾਇਆ ਹੈ, ਇਸ ਤਰ੍ਹਾਂ ਜਾਣੋ ਜਿਵੇਂ ਸਰੀਰ ਦਾ ਪਰਛਾਵਾਂ ਹੈ। ਸ੍ਰੀ ਕਰਤਾਰ ਸੂਰਜ ਸਮਾਨ ਹੈ। ਜਦ ਇਨਸਾਨ ਸੂਰਜ ਦੇ ਸਾਹਮਣੇ ਹੁੰਦਾ ਹੈ ਤਾਂ ਮਾਇਆ ਰੂਪੀ ਪਰਛਾਵਾਂ ਪਿੱਛੇ ਚਲੇ ਜਾਂਦਾ ਹੈ ਅਤੇ ਦਿੱਸਦਾ ਨਹੀਂ॥ ੩੦॥

ਛਾਯਾ ਸਮ ਤਿਹ ਪੀਛੇ ਲਾਗੀ। ਪੁਨ ਨ ਆਦਰੈਂ ਹਰਿ ਅਨੁਰਾਗੀ।
ਹਰਿ ਤੇ ਪੀਠ ਜੁ ਫੇਰਿ ਪਯਾਨਾ। ਮਾਯਾ ਗਹਿਨ ਚਹੈ ਨਰ ਇਆਨਾ ॥੩੧॥

ਪਰਛਾਵੇਂ ਵਾਂਗ ਮਾਇਆ ਪਿੱਛੇ ਚਲੇ ਜਾਂਦੀ ਹੈ। ਪਰਮੇਸ਼ਰ ਪਿਆਰੇ ਫਿਰ ਇਸ ਨੂੰ ਆਦਰ ਨਹੀਂ ਦਿੰਦੇ। ਹਰੀ ਨੂੰ ਪਿੱਠ ਦੇ ਕੇ ਜੋ ਚਲੇ ਜਾਂਦੇ ਹਨ। ਮੂਰਖ ਮਨੁੱਖ ਮਾਇਆ ਨੂੰ ਫੜਨਾ ਚਾਹੁੰਦਾ ਹੈ॥ ੩੧॥

ਤਬ ਛਾਯਾ ਸਮ ਆਗੈ ਧਾਈ। ਕਰੈ ਜਤਨ ਬਹੁ, ਕਰ ਨਹਿੰ ਆਈ।
ਯਾਂਤੇ ਸਭਿ ਕੋ ਜੋ ਹੈ ਮੂਲਾ। ਸਿਮਰਹੁ ਪ੍ਰਭੁ ਹੋਇ ਅਨਕੂਲਾ ॥ ੩੨ ॥

ਤਦ ਪਰਛਾਵੇਂ ਵਾਂਗ ਅੱਗੇ ਆ ਜਾਂਦੀ ਹੈ, ਫਿਰ ਬਹੁਤ ਯਤਨ ਕਰਨ ਨਾਲ ਵੀ ਹੱਥ ਨਹੀਂ ਆਉਂਦੀ। ਇਸ ਕਰਕੇ ਜੋ ਸਭ ਦਾ ਮੂਲ ਹੈ, ਉਸ ਪ੍ਰਭੂ ਦਾ ਅਨੁਸਾਰੀ ਹੋ ਕੇ ਸਿਮਰਨ ਕਰੋ" ॥ ੩੨ ॥

ਬਚਨਨ ਕੀ ਰਚਨਾ ਸੁਨਿ ਕਾਲੂ। ਤਜੇ ਬਾਰ ਇਕ ਜਗਤ ਜੰਜਾਲੂ।
ਨਿਰਮਲ ਮਨ ਹ੍ਵੈ ਸਿਮਰਨ ਲਾਗਾ। ਉਪਜਯੋ ਗਯਾਨ ਮੋਹ ਤਮ ਭਾਗਾ ॥੩੩॥

ਗੁਰੂ ਜੀ ਦੇ ਬਚਨਾਂ ਦੀ ਰਚਨਾ ਸੁਣ ਕੇ, ਬਾਬਾ ਕਾਲੂ ਜੀ ਨੇ ਇਕ ਵਾਰ ਹੀ ਜਗਤ ਦੇ ਜੰਜਾਲ ਛੱਡ ਦਿੱਤੇ। ਮਨ ਨੂੰ ਨਿਰਮਲ ਕਰਕੇ ਸਿਮਰਨ ਕਰਨ ਲੱਗਾ॥ ੩੩ ॥

ਨਿਸ ਬਾਸੁਰ ਹਰਿ ਸੌਂ ਲਿਵ ਲਾਗੀ। ਰਿਦੈ ਦ੍ਵੈਤ ਜੇਤੀ ਸਭਿ ਭਾਗੀ।
ਏਕ ਲਖਯੋ ਪਰਮਾਤਮ ਸਾਰੇ। ਅਨਿਕ ਕਲਪਨਾ ਕੀਨਿ ਨਿਵਾਰੇ ॥ ੩੪ ॥

ਰਾਤ ਦਿਨ ਹਰੀ ਨਾਲ ਲਿਵ ਲੱਗ ਗਈ। ਹਿਰਦੇ ਵਿਚ ਜਿੰਨੀ ਵੀ ਈਰਖਾ ਸੀ ਉਹ ਸਭ ਭੱਜ ਗਈ। ਸਾਰੇ ਇਕ ਪਰਮਾਤਮਾ ਨੂੰ ਪਛਾਣਿਆ, ਹੋਰ ਕਲਪਨਾਵਾਂ ਛੱਡ ਦਿੱਤੀਆਂ॥ ੩੪ ॥

ਜਿਉਂ ਸਰਾਫ ਭੂਖਨ ਮਤਿ ਤਯਾਗੇ। ਮੋਲ ਲੇਤਿ ਕੰਚਨ ਹਿਤ ਪਾਗੇ।
ਕਿਤਿਕ ਕਾਲ ਇਸ ਰੀਤਿ ਬਿਤਾਵਾ। ਸਮਾ ਸ਼ਰਾਧ ਕਰਨ ਕੌ ਆਵਾ ॥੩੫॥

ਜਿਵੇਂ ਸਰਾਫ ਗਹਿਣਾ ਬੁੱਧੀ ਛੱਡ ਦਿੰਦਾ ਹੈ, ਸੋਨੇ ਦੇ ਪ੍ਰੇਮ ਵਿਚ ਲੱਗ ਕੇ, ਮੁੱਲ ਲੈਂਦਾ ਹੈ। ਕਾਫੀ ਸਮਾਂ ਇਸ ਰੀਤੀ ਨਾਲ ਬਿਤੀਤ ਕੀਤਾ, ਫਿਰ ਸ਼ਰਾਧ ਕਰਨ ਦਾ ਸਮਾਂ ਆ ਗਿਆ॥ ੩੫॥

ਸਰਬ ਸੋਜ ਕਾਲੂ ਅਨਵਾਈ। ਰੀਤਿ ਸ੍ਰਾਧ ਕਰਨੇ ਬਨਵਾਈ।
ਭੋਜਨ ਕਰਯੋ ਦਿਜਨ ਕੇ ਹੇਤਾ। ਭੀਰ ਭੂਰ ਭਰਿ ਰਹੀ ਨਿਕੇਤਾ ॥ ੩੬ ॥

ਬਾਬਾ ਕਾਲੂ ਨੇ ਸਾਰੀ ਸਮੱਗਰੀ ਮੰਗਵਾਈ ਅਤੇ ਸ਼ਰਾਧ ਕਰਨ ਦੀ ਰੀਤੀ ਬਣਵਾਈ। ਬ੍ਰਾਹਮਣਾਂ ਵਾਸਤੇ ਭੋਜਨ ਤਿਆਰ ਕਰਵਾਇਆ। ਘਰ ਵਿਚ ਬੜੀ ਭੀੜ ਲੱਗੀ ਹੋਈ ਸੀ॥ ੩੬ ॥

ਪੰਡਿਤ ਇਕ ਬੁਲਾਇ ਤਿਹ ਕਾਲਾ। ਬੈਠਯੋ ਕਰਨ ਸ਼ਰਾਧ ਬਿਸਾਲਾ।
ਤਬ ਚਲਿ ਸਹਿਜ ਸੁਭਾਇਕ ਆਏ। ਜੋ ਬੇਦੀ ਕੁਲ ਭਾਨੁ ਸੁਹਾਏ ॥੩੭॥

ਉਸ ਸਮੇਂ ਇਕ ਪੰਡਿਤ ਨੂੰ ਬੁਲਾਇਆ ਗਿਆ। ਵਿਸ਼ਾਲ ਸ਼ਰਾਧ ਕਰਨ ਬੈਠ ਗਏ। ਤਦ ਬੇਦੀ ਕੁਲ ਦੇ ਸੂਰਜ ਭਾਵ ਗੁਰੂ ਜੀ ਸਹਿਜ ਸੁਭਾਅ ਚਲ ਕੇ ਆਏ॥ ੩੭॥

ਪਿਤ ਕੇ ਨਿਕਟ ਬੈਠਿ ਸੁਖਧਾਮਾ। ਬਚਨ ਭਨੇ ਤਿਹ ਛਿਨ ਅਭਿਰਾਮਾ।
'ਪਰਚੇ ਕੌਨ ਕਾਜ ਮਹਿਂ ਤਾਤਾ?। ਭੀਰ ਅਜਰ ਕਹੀਏ ਬਿਰਤਾਂਤਾ' ॥੩੮॥

ਸੁਖਾਂ ਦੇ ਘਰ ਭਾਵ ਗੁਰੂ ਜੀ ਆਪਣੇ ਪਿਤਾ ਜੀ ਪਾਸ ਬੈਠ ਗਏ। ਉਸ ਸਮੇਂ ਉਨ੍ਹਾਂ ਸੁੰਦਰ ਬਚਨ ਕਹੇ, "ਹੇ ਪਿਤਾ ਜੀ ! ਤੁਸੀਂ ਕਿਸ ਕੰਮ ਲੱਗ ਰਹੇ ਹੋ, ਕਿਹੜਾ ਤੁਹਾਨੂੰ ਐਸਾ ਨਾ ਜਰਿਆ ਜਾਣ ਵਾਲਾ ਦੁੱਖ ਲੱਗਾ ਹੈ ? ਉਸ ਨੂੰ ਬਿਆਨ ਕਰੋ"॥ ੩੮॥

ਸੁਨਿ ਕਰਿ ਕਾਲੂ ਬਚਨ ਉਚਾਰੇ। 'ਪਿਤਰਨ ਕੇਰ ਸ਼ਰਾਧ ਹਮਾਰੇ।
ਦਿਵਸ ਆਜ ਕੇ ਕਰਹਿਂ ਸਦਾਈ। ਇਹ ਸੁਭ ਰੀਤਿ ਸ੍ਰੁਤੀ ਲੈ ਗਾਈ' ॥੩੯॥

ਇਹ ਸੁਣ ਕੇ ਪਿਤਾ ਕਾਲੂ ਜੀ ਨੇ ਇਹ ਬਚਨ ਕਹੇ, "ਅਸੀਂ ਆਪਣੇ ਪਿਤਰਾਂ ਦੇ ਸ਼ਰਾਧ ਸਦਾ ਹੀ ਅੱਜ ਦੇ ਦਿਨ ਕਰਦੇ ਹਾਂ। ਇਹ ਸ਼ੁਭ ਰੀਤੀ ਸ੍ਰੁਤੀਆਂ ਵਿਚ ਕਹੀ ਗਈ ਹੈ"॥ ੩੯॥

'ਹੇ ਪਿਤ ! ਸੌਤ ਬਚਨ ਤੁਮ ਮਾਨਹੁ। ਪੁੰਨ੍ਯਵਾਨ ਅਤਿਸੈ ਨਿਜ ਜਾਨਹੁ।
ਪਿਤਰ ਗਏ ਤੁਮਰੇ ਅਸ ਠੌਰੀ। ਭੂਖ ਰੁ ਪਯਾਸ ਜਹਾਂ ਨਹਿਂ ਥੋਰੀ॥੪੦॥

"ਹੇ ਪਿਤਾ ਜੀ ! ਤੁਸੀਂ ਸੱਚੇ ਬਚਨ ਮੰਨੋ, ਤੁਸੀਂ ਸ਼ਰਾਧਾਂ ਨੂੰ ਬਹੁਤ ਜ਼ਿਆਦਾ ਪੁੰਨ ਵਾਲਾ ਕੰਮ ਮੰਨਦੇ ਹੋ। ਪਰ ਤੁਹਾਡੇ ਪਿਤਰ ਤਾਂ ਅਜਿਹੀ ਥਾਂ ਗਏ, ਜਿਥੇ ਕਿਸੇ ਪ੍ਰਕਾਰ ਦੀ ਥੋੜੀ ਜਿਹੀ ਵੀ ਭੁੱਖ ਪਿਆਸ ਨਹੀਂ ਹੈ॥ ੪੦॥

ਨਾਂਹਿ ਸ੍ਰਾਧ ਕੀ ਕਰਤਿ ਉਡੀਕਾ। ਰਹਤਿ ਸਦੀਵ ਤਹਾਂ ਸੁਖ ਨੀਕਾ।
ਜਿਨਕੇ ਪਿਤਰ ਅਸਨ ਜਲ ਚਹਿਹੀਂ। ਕਰਨੋ ਸ੍ਰਾਧ ਤਿਨਹਿ ਕੋ ਅਹਿਹੀ॥੪੧॥

ਉਹ ਕਿਸੇ ਸ਼ਰਾਧ ਦੀ ਉਡੀਕ ਨਹੀਂ ਕਰਦੇ। ਉਹ ਸਦਾ ਬੜੇ ਸੁਖੀ ਰਹਿੰਦੇ ਹਨ, ਜਿਨ੍ਹਾਂ ਦੇ ਪਿਤਰ ਭੋਜਨ ਜਲ ਚਾਹੁੰਦੇ ਹਨ, ਉਨ੍ਹਾਂ ਨੂੰ ਸ਼ਰਾਧ ਕਰਨੇ ਚਾਹੀਦੇ ਹਨ॥ ੪੧॥

ਜਿਨ ਕੇ ਮਨ ਅਭਿਲਾਖਾ ਨਾਂਹੀ। ਕਰੈ ਸ੍ਰਾਧ ਸੰਤਤਿ ਕਿਉਂ ਤਾਂਹੀ।
ਅਬ ਸਭਿ ਦਿਜ ਕੋ ਦੇਹੁ ਅਹਾਰਾ। ਕਰਨੋ ਸ੍ਰਾਧ ਤਜਹੁ ਬਿਉਹਾਰਾ' ॥੪੨॥

ਜਿਨ੍ਹਾਂ ਦੇ ਮਨ ਵਿਚ ਕੋਈ ਅਭਿਲਾਸ਼ਾ ਨਹੀਂ, ਉਨ੍ਹਾਂ ਦੀ ਸੰਤਾਨ ਉਨ੍ਹਾਂ ਪ੍ਰਤਿ ਸ਼ਰਾਧ ਕਿਉਂ ਕਰੇ? ਹੁਣ ਸਾਰੇ ਬ੍ਰਾਹਮਣਾਂ ਨੂੰ ਭੋਜਨ ਖਵਾਉ ਤੇ ਸ਼ਰਾਧ ਕਰਨ ਦਾ ਵਿਵਹਾਰ ਛੱਡ ਦੇਵੋ"॥ ੪੨॥

ਕਾਲੂ ਕਹੈ 'ਬਿਨਾਂ ਚਖ ਦੇਖੇ। ਮੁਝੇ ਪ੍ਰਤੀਤ ਨ ਆਇ ਵਿਸ਼ੇਖੇ।
ਇਸ ਪ੍ਰਕਾਰ ਕੀ ਸੁਧ ਜੁ ਸੁਨਾਵਹੁ। ਜਹਾਂ ਪਿਤਰ ਸੋ ਠੌਰ ਦਿਖਾਵਹੁ॥੪੩॥

ਬਾਬੇ ਕਾਲੂ ਨੇ ਕਿਹਾ, "ਅੱਖਾਂ ਨਾਲ ਵੇਖੇ ਬਗੈਰ ਮੈਨੂੰ ਬਿਲਕੁਲ ਪ੍ਰਤੀਤ ਨਹੀਂ ਹੁੰਦੀ। ਇਸ ਪ੍ਰਕਾਰ ਦਾ ਗਿਆਨ ਜੋ ਸੁਣਾਉਂਦੇ ਹੋ, ਜਿਥੇ ਮੇਰੇ ਪਿਤਰ ਹਨ ਉਹ ਥਾਂ ਵਿਖਾਵੋ॥ ੪੩॥

'ਦੇਖਿ ਲੇਉਂ ਮੈਂ ਆਇ ਭਰੋਸੋ। ਕਹਉ ਜੁ ਤੁਮ ਤਬ ਬਹੁਰ ਕਰੋਂ ਸੋ'।
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ। 'ਜੇ ਤੁਮ ਦੇਖਜੋ ਚਹੋ ਸੁ ਥਾਨਾ॥੪੪॥

ਅੱਖੀ ਵੇਖ ਕੇ ਮੈਨੂੰ ਭਰੋਸਾ ਆ ਜਾਵੇਗਾ, ਜੋ ਤੂੰ ਕਹਿੰਦਾ ਹੈਂ ਬਾਅਦ ਵਿਚ ਮੈਂ ਉਸ ਤਰ੍ਹਾਂ ਹੀ ਕਰਾਂਗਾ।" ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਬੋਲੇ, "ਜੇ ਤੁਸੀਂ ਉਹ ਸਥਾਨ ਵੇਖਣਾ ਚਾਹੁੰਦੇ ਹੋ॥ ੪੪॥

ਦੋਨ ਬਿਲੋਚਨ ਮੂੰਦਹੁ ਅਬ ਹੀ। ਪਿਤਰ ਬਿਲੋਕਹੁ ਬੈਠੇ ਸਭਿਹੀ'।
ਕਰਿ ਨਿਸ਼ਚਾ ਮਾਨਜੋ ਮਨ ਬਚਨਾ। ਲੋਚਨ ਮੂੰਦਿ ਪਿਖੀ ਸੁਠ ਰਚਨਾ ॥੪੫॥

ਹੁਣੇ ਦੋਵੇਂ ਅੱਖਾਂ ਬੰਦ ਕਰ ਲਵੋ ਅਤੇ ਆਪਣੇ ਸਾਰੇ ਪਿਤਰ ਵੇਖ ਲਵੋ।'' ਨਿਸ਼ਚਾ ਕਰ ਕੇ ਬਚਨ ਮਨ ਵਿਚ ਮੰਨ ਲਿਆ ਅਤੇ ਅੱਖਾਂ ਮੀਟ ਕੇ ਸੁੰਦਰ ਰਚਨਾ ਵੇਖੀ॥ ੪੫॥

ਜਹਿਂ ਬੈਕੁੰਠ ਭਗਤ ਬਡ ਬਾਸਾ। ਕੰਚਨ ਮਣਿਮਯ ਰੁਚਿਰ ਅਵਾਸਾ।
ਤਹਾਂ ਪਿਤਰ ਦੇਖੇ ਸਭਿ ਜਾਈ। ਇਸ ਕੋ ਦੇਖਿ ਉਠੇ ਸਮੁਦਾਈ॥ ੪੬॥

ਬੈਕੁੰਠ ਵਿਚ ਜਿਥੇ ਸਾਰੇ ਭਗਤ ਵੱਸਦੇ ਹਨ, ਜਿਥੇ ਸੋਨੇ ਅਤੇ ਹੀਰਿਆਂ ਦੇ ਸੁੰਦਰ ਮਕਾਨ ਬਣੇ ਹਨ, ਓਥੇ ਜਾ ਕੇ ਸਾਰੇ ਪਿਤਰ ਵੇਖੇ। ਬਾਬਾ ਕਾਲੂ ਜੀ ਨੂੰ ਵੇਖ ਕੇ ਸਾਰੇ ਪਿਤਰ ਇੱਕਠੇ ਹੀ ਉੱਠ ਖਲੋਤੇ॥ ੪੬॥

ਕਰਿ ਕਾਲੂ ਕੋ ਬਹੁ ਸਨਮਾਨਾ। ਮ੍ਰਿਦੁਲ ਮਧੁਰ ਮੁਖ ਬਚਨ ਬਖਾਨਾ।
'ਧੰਨ ਧੰਨ ਤੁਮਾਰੀ ਕਰਤੂਤਾ। ਜਿਹ ਤੇ ਉਪਜਜੋ ਸਦਨ ਸਪੂਤਾ॥ ੪੭॥

ਉਨ੍ਹਾਂ ਬਾਬਾ ਕਾਲੂ ਜੀ ਦਾ ਬਹੁਤ ਸਨਮਾਨ ਕੀਤਾ। ਕੋਮਲ ਮਿੱਠੇ ਬਚਨ ਉਨ੍ਹਾਂ ਨੇ ਮੁਖ ਤੋਂ ਕਹੇ, ''ਧੰਨ! ਧੰਨ! ਤੁਹਾਡੀ ਕਰਨੀ ਹੈ, ਜਿਨ੍ਹਾਂ ਦੇ ਘਰ ਵਿਚ ਅਜਿਹਾ ਸ੍ਰੇਸ਼ਟ ਸਪੁੱਤਰ ਪੈਦਾ ਹੋਇਆ ਹੈ॥ ੪੭॥

ਸਭਿ ਪਿਤਰਨ ਕੋ ਕੀਨ ਉਧਾਰਾ। ਪਹੁੰਚਾਏ ਪ੍ਰਭੁ ਕੇ ਦਰਬਾਰਾ'।
ਕਾਲੂ ਕਹੈ 'ਕਿਤਿਕ ਭਾ ਕਾਲਾ। ਤੁਮ ਨੈ ਪਾਯੋ ਅਨੰਦ ਬਿਸਾਲਾ? ॥੪੮॥

ਸਾਰੇ ਪਿਤਰਾਂ ਦਾ ਉਸ ਉਧਾਰ ਕੀਤਾ ਹੈ ਅਤੇ ਸਾਰਿਆਂ ਨੂੰ ਪ੍ਰਭੂ ਦੇ ਦਰਬਾਰ ਵਿਚ ਭੇਜਿਆ ਹੈ। ਬਾਬਾ ਕਾਲੂ ਜੀ ਨੇ ਕਿਹਾ, ''ਕਿੰਨਾ ਸਮਾਂ ਹੋ ਗਿਆ ਹੈ ਜਦ ਤੋਂ ਤੁਸੀਂ ਵੱਡਾ ਆਨੰਦ ਪ੍ਰਾਪਤ ਕੀਤਾ ਹੈ ? ॥ ੪੮॥

ਬਸੇ ਆਨਿ ਸ੍ਰੀ ਹਰਿ ਕੇ ਲੋਗਾ। ਜਹਿਂ ਮਦ ਮਾਨ ਮੋਹ ਨਹਿਂ ਸੋਗਾ'।
'ਸੁਨਿ ਕਾਲੂ! ਜਬ ਸਦਨ ਤੁਮਾਰੇ। ਅਵਤਰਯੋ ਸ੍ਰੀ ਏਕੰਕਾਰੇ॥ ੪੯॥

ਤੁਸੀਂ ਹਰੀ ਦੇ ਲੋਕਾਂ ਵਿਚ ਆ ਕੇ ਵੱਸੇ ਹੋ। ਜਦ ਤੋਂ ਤੁਹਾਡੇ ਮਨ ਦਾ ਮਾਨ, ਮੋਹ ਅਤੇ ਸੋਗ ਮਿਟ ਗਿਆ ਹੈ।'' ਪਿਤਰਾਂ ਨੇ ਕਿਹਾ, ''ਹੇ ਕਾਲੂ! ਸੁਣ ਜਦ ਤੋਂ ਤੁਹਾਡੇ ਘਰ ਸ੍ਰੀ ਏਕੰਕਾਰ ਨੇ ਅਵਤਾਰ ਧਾਰਨ ਕੀਤਾ ਹੈ॥ ੪੯॥

ਤਬਿ ਕੇ ਆਨ ਬਸੇ ਇਹ ਥਾਨਾ। ਅੱਚੁਤ ਪਦਵੀ ਅਨੰਦ ਮਹਾਨਾ।
ਸੁਤ ਕੋ ਸੁਤ ਨ ਜਾਨ ਬਡਭਾਗੀ। ਹਰਿ ਸੋ ਲਖੋ ਹੋਹੁ ਅਨੁਰਾਗੀ' ॥੫੦॥

ਉਸ ਸਮੇਂ ਤੋਂ ਇਸ ਥਾਂ ਆ ਕੇ ਵੱਸ ਗਏ ਹਾਂ। ਕਦੇ ਨਾ ਘਟਣ ਵਾਲੀ ਪਦਵੀ ਪਾਈ ਹੈ ਅਤੇ ਮਹਾਨ ਆਨੰਦ ਵਿਚ ਰਹਿ ਰਹੇ ਹਾਂ। ਹੇ ਵੱਡੇ ਭਾਗਾਂ ਵਾਲੇ! ਆਪਣੇ ਪੁੱਤਰ ਨੂੰ ਪੁੱਤਰ ਨਾ ਸਮਝੋ, ਪ੍ਰੇਮ ਨਾਲ ਉਸ ਨੂੰ ਹਰੀ ਸਮਝੋ'' ॥ ੫੦॥

ਸੁਨਿ ਬਚ, ਸੁਖ ਪਿਖਿਕੈ ਸਮੁਦਾਈ। ਰਹਯੋ ਸੁ ਕਾਲੂ ਉਰ ਬਿਸਮਾਈ।
ਤਜਿਨੇ ਕੀ ਅਭਿਲਾਖ ਨ ਕਰਈ। ਰਹੌਂ ਇਹਾ ਮੈਂ ਰਿਦੈ ਬਿਚਰਿਈ॥ ੫੧॥

ਆਪਣੇ ਸਾਰੇ ਪਿਤਰਾਂ ਨੂੰ ਸੁਖੀ ਵੇਖ ਕੇ ਅਤੇ ਉਨ੍ਹਾਂ ਦੇ ਬਚਨ ਸੁਣ ਕੇ ਬਾਬਾ ਕਾਲੂ ਜੀ ਆਪਣੇ ਦਿਲ ਵਿਚ ਬਹੁਤ ਖੁਸ਼ ਹੋਇਆ। ਛੱਡਣ ਨੂੰ ਜੀਅ ਨਹੀਂ ਸੀ ਕਰਦਾ, ਮੈਂ ਵੀ ਏਥੇ ਰਹਾਂ, ਆਪਣੇ ਹਿਰਦੇ ਵਿਚ ਵਿਚਾਰ ਰਿਹਾ ਸੀ॥ ੫੧॥

ਅਨੰਦ ਦਿਖਾਇ ਬਡੋ ਜਗਨਾਥਾ। ਪਿਤ ਕੋ ਗਹਯੋ ਹਾਥ ਮੈਂ ਹਾਥਾ।
ਤਿਹ ਛਿਨ ਮੈਂ ਲੋਚਨ ਖੁਲਿਵਾਏ। ਸ੍ਰੀ ਮੁਖ ਸੋਂ ਅਸ ਬਚਨ ਅਲਾਏ ॥੫੨॥

ਜਗਤ ਦੇ ਨਾਥ ਭਾਵ ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਬੜਾ ਆਨੰਦ ਵਿਖਾਇਆ। ਫਿਰ ਉਨ੍ਹਾਂ ਬਾਬਾ ਕਾਲੂ ਜੀ ਦੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਫੜਿਆ। ਓਸੇ ਵੇਲੇ ਉਨ੍ਹਾਂ ਦੀਆਂ ਅੱਖਾਂ ਖੁਲ੍ਹਵਾਈਆਂ ਅਤੇ ਆਪਣੇ ਮੁੱਖ ਤੋਂ ਇਹ ਬਚਨ ਕਹੇ॥ ੫੨॥

'ਦੇਖੇ ਪਿਤਰ ਕਿਧੋਂ ਤੁਮ ਨਾਂਹੀ। ਕਹੋ ਬ੍ਰਿਤੰਤ ਸਭੈ ਹਮ ਪਾਹੀ'।
ਕਾਲੂ ਕੋ ਸਭਿ ਸੰਸੈ ਭਾਗਾ। ਜਾਨਿ ਪ੍ਰਭੂ ਕੋ ਮਨ ਅਨੁਰਾਗਾ॥ ੫੩॥

''ਤੁਸੀਂ ਆਪਣੇ ਪਿਤਰ ਵੇਖੇ ਹਨ ਕਿ ਨਹੀਂ, ਉਸ ਬਾਰੇ ਮੈਨੂੰ ਸਾਰਾ ਹਾਲ ਦੱਸੋ।'' ਬਾਬਾ ਕਾਲੂ ਦੇ ਸਾਰੇ ਸ਼ੰਕੇ ਦੂਰ ਹੋ ਗਏ, ਪ੍ਰਭੂ ਜਾਣ ਕੇ ਮਨ ਪ੍ਰੇਮ ਨਾਲ ਭਰ ਗਿਆ॥ ੫੩॥

ਕਹਿਨ ਲਗਜੋ 'ਮੈਂ ਸਭਿਹੀ ਦੇਖੇ। ਬਸਹਿਂ ਤਹਾਂ ਜਹਿਂ ਅਨੰਦ ਵਿਸੇਖੇ।
ਅਬਿ ਕਰਿ ਕ੍ਰਿਪਾ ਮੁਝੈ ਤਿਹ ਥਾਨਾ। ਪਹੁੰਚਾਵਹੁ, ਤੁਮ ਮਜਾ ਨਿਧਾਨਾ ! ॥੫੪॥

ਕਹਿਣ ਲੱਗੇ, ''ਮੈਂ ਸਭ ਦੇਖੇ ਹਨ, ਓਥੇ ਵੱਸਦੇ ਹਨ ਜਿਥੇ ਬਹੁਤ ਆਨੰਦ ਹੈ। ਹੁਣ ਕਿਰਪਾ ਕਰਕੇ ਮੈਨੂੰ ਵੀ ਉਸ ਥਾਂ ਪਹੁੰਚਾ ਦੇਵੋ। ਤੁਸੀਂ ਕਿਰਪਾ ਨਿਧਾਨ ਹੋ॥ ੫੪॥

ਮਲ ਮੂਤਰ ਕੀ ਤਜਿ ਕਰਿ ਦੇਹਾ। ਪਹੁਚੋਂ ਤਹਾਂ ਚਾਹਿ ਮਮ ਏਹਾ।
'ਸੁਨਹੁ ਪਿਤਾ ਤਵ ਬੈਸ ਬਿਹਾਈ। ਕਿਤਿਕ ਦਿਵਸ ਮੈਂ ਪਹੁੰਚੇ ਜਾਈ॥੫੫॥

ਮਲ ਮੂਤਰ ਦੀ ਦੇਹ ਛੱਡ ਕੇ, ਮੈਂ ਵੀ ਓਥੇ ਪਹੁੰਚਾਂ, ਮੇਰੀ ਇਹ ਹੀ ਚਾਹ ਹੈ।'' ਗੁਰੂ ਜੀ ਨੇ ਕਿਹਾ, ''ਪਿਤਾ ਜੀ ! ਸੁਣੋ, ਤੁਸੀਂ ਸਾਰੀ ਉਮਰ ਬਿਤਾਈ ਹੈ, ਕੁਝ ਦਿਨਾਂ ਵਿਚ ਓਥੇ ਜਾ ਪਹੁੰਚੋਗੇ॥ ੫੫॥

ਅਬ ਉਠਿਕੈ ਸਭਿ ਭੋਜਨ ਖ੍ਵਾਵਹੁ। ਬਹੁਰ ਬੈਠਿ ਹਰਿ ਕੇ ਗੁਨ ਗਾਵਹੁ'।
ਬਚਨ ਮਾਨਿ ਉਠਿ ਦੀਨ ਅਹਾਰਾ। ਜੋ ਤਹਿ ਆਏ ਸਭਿ ਕੋ ਖ੍ਵਾਰਾ॥੫੬॥

ਹੁਣ ਉਠ ਕੇ ਸਾਰਿਆਂ ਨੂੰ ਭੋਜਨ ਖਵਾਓ, ਫਿਰ ਬੈਠ ਕੇ ਹਰੀ ਦੇ ਗੁਣ ਗਾਉ।'' ਬਾਬੇ ਕਾਲੂ ਜੀ ਨੇ ਬਚਨ ਮੰਨ ਕੇ ਉਠ ਕੇ ਸਾਰਿਆਂ ਨੂੰ ਭੋਜਨ ਦਿੱਤਾ। ਜਿੰਨੇ ਲੋਕ ਓਥੇ ਆਏ ਸਨ, ਸਾਰਿਆਂ ਨੂੰ ਭੋਜਨ ਖਵਾਇਆ॥ ੫੬॥

ਕਿਤਿਕ ਦਿਵਸ ਜਬ ਬਹੁਰ ਬਿਤਾਏ। ਅੰਤ ਸਮਾਂ ਪਹੁੰਚਜੋ ਤਬ ਆਏ।
ਜਿਉਂ ਗਜ ਫੂਲ ਮਾਲ ਕੋ ਡਾਰੇ। ਤਿਉਂ ਤਨ ਤਜਿ ਬੈਕੁੰਠ ਪਧਾਰੇ॥ ੫੭॥

ਕੁਝ ਦਿਨ ਜਦ ਹੋਰ ਬਿਤੀਤ ਕੀਤੇ ਤਾਂ ਅੰਤ ਸਮਾਂ ਆ ਪਹੁੰਚਿਆ। ਜਿਵੇਂ ਹਾਥੀ ਫੁੱਲਾਂ ਦੀ ਮਾਲਾ ਸੁੱਟਦਾ ਹੈ, ਇਸ ਤਰ੍ਹਾਂ ਸੌਖੇ ਹੀ ਸਰੀਰ ਛੱਡ ਕੇ ਸਵਰਗਾਂ ਨੂੰ ਚਲੇ ਗਏ॥ ੫੭॥

ਸ੍ਰੀ ਨਾਨਕ ਉੱਤਮ ਬਿਧਿ ਸੰਗਾ। ਪਿਤ ਕੋ ਦਾਹ ਕੀਯੋ ਸਰਬੰਗਾ।
ਕਿਤਿਕ ਦਿਵਸ ਤਿਹ ਕੇ ਪਸ਼ਚਾਤੀ। ਤ੍ਰਿਪਤਾ ਤਜੀ ਦੇਹਿ ਸੁਭ ਭਾਂਤੀ॥੫੮॥

ਗੁਰੂ ਨਾਨਕ ਦੇਵ ਜੀ ਨੇ ਉੱਤਮ ਵਿਧੀ ਅਨੁਸਾਰ ਆਪਣੇ ਪਿਤਾ ਜੀ ਦੇ ਸਰੀਰ ਦਾ ਦਾਹ ਸੰਸਕਾਰ ਕੀਤਾ। ਉਸ ਤੋਂ ਕੁਝ ਦਿਨ ਬਾਅਦ ਗੁਰੂ ਜੀ ਦੇ ਮਾਤਾ ਤ੍ਰਿਪਤਾ ਜੀ ਵੀ ਓਸੇ ਤਰ੍ਹਾਂ ਦੇਹ ਛੱਡ ਕੇ ਸਵਰਗਾਂ ਨੂੰ ਚਲੇ ਗਏ॥ ੫੮॥

ਤਿਹ ਕੋ ਦਾਹ ਕੀਨ ਸੁਭ ਰੀਤੀ। ਗੀ ਬਿਕੁੰਠ ਕਰਤਜੇ ਸੁਤ ਪ੍ਰੀਤੀ।
ਸਰਬ ਦਰਬ ਜੇਤੋ ਘਰ ਬਾਰਾ। ਦਯੋ ਅਤਿਥਿਨ ਕੋ ਸੁਖਕਾਰਾ॥ ੫੯॥

ਉਸ ਦਾ ਵੀ ਸ਼ੁਭ ਰੀਤੀ ਅਨੁਸਾਰ ਦਾਹ ਸੰਸਕਾਰ ਕੀਤਾ, ਉਹ ਵੀ ਪੁੱਤਰ ਦੀ ਪ੍ਰੀਤ ਕਰਕੇ ਸਵਰਗਾਂ ਵਿਚ ਚਲੇ ਗਏ। ਸਾਰਾ ਧਨ ਅਤੇ ਘਰ-ਬਾਰ, ਸੁੱਖਦਾਤੇ ਭਾਵ ਗੁਰੂ ਜੀ ਨੇ ਗਰੀਬਾਂ ਨੂੰ ਦੇ ਦਿੱਤਾ॥ ੫੯॥

ਬੇਦੀ ਕੁਲ ਕੇ ਮਨੁਜ ਮਹਾਨਾ। ਅਨਿਕ ਬਿਧਿਨ ਸਮਝਾਇਂ ਸੁਜਾਨਾ।
'ਰਹਹੁ ਆਪ ਨਿਜ ਪਿਤ ਜਿਉਂ ਪੁਰਿ ਮੈਂ। ਕਿਉਂ ਬਿਰਕਤ ਹੋਏ ਅਸ ਉਰ ਮੈਂ' ॥੬੦॥

ਬੇਦੀ ਕੁਲ ਦੇ ਵਡੇਰੇ ਮਨੁੱਖਾਂ ਨੇ ਕਈ ਪ੍ਰਕਾਰ ਗੁਰੂ ਜੀ ਨੂੰ ਸਮਝਾਉਣ ਦਾ ਯਤਨ ਕੀਤਾ ਅਤੇ ਕਿਹਾ, "ਆਪ ਆਪਣੇ ਪਿਤਾ ਦੇ ਨਗਰ ਵਿਚ ਰਹੋ, ਹਿਰਦੇ ਵਿਚ ਇਸ ਤਰ੍ਹਾਂ ਨਿਰਮੋਹ ਕਿਉਂ ਹੋ ਗਏ ਹੋ ?" ॥ ੬੦॥

ਸ੍ਰੀ ਗੁਰ ਕਹੈਂ 'ਪ੍ਰਪੰਚ ਪਸਾਰੇ। ਨੱਸ੍ਵਰ ਝੂਠੇ ਲੇਹੁ ਬਿਚਾਰੇ।
ਯਾਤੇ ਤਜਹੁ ਪ੍ਰੀਤਿ ਇਹ ਸੰਗਾ। ਸੱਤਿਨਾਮ ਸਿਮਰਹੁ ਸ ਉਮੰਗਾ' ॥੬੧॥

ਗੁਰੂ ਜੀ ਨੇ ਕਿਹਾ, "ਇਹ ਪ੍ਰਪੰਚ ਪਸਾਰੇ ਹਨ, ਇਨ੍ਹਾਂ ਨੂੰ ਨਾਸ਼ ਹੋਣ ਵਾਲੇ ਅਤੇ ਝੂਠੇ ਸਮਝੋ। ਇਨ੍ਹਾਂ ਨਾਲ ਪ੍ਰੀਤ ਕਰਨੀ ਛੱਡ ਦੇਵੋ ਅਤੇ ਉਤਸ਼ਾਹ ਨਾਲ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰੋ॥ ੬੧॥

ਦਿਵਸ ਬਿਤਾਵਹਿਂ ਵਹਿਰ ਉਜਾਰਾ। ਆਵਹਿਂ ਪੁਰਿ ਮੈਂ ਰੈਨ ਉਦਾਰਾ।
ਕਿਤਿਕ ਦਿਵਸ ਬੀਤੇ ਤਲਵੰਡੀ। ਅਤਿਸ਼ੈ ਕੀਰਤਿ ਜਹਿਂ ਤਹਿਂ ਮੰਡੀ ॥੬੨॥

ਸਾਰਾ ਦਿਨ ਬਾਹਰ ਉਜਾੜ ਵਿਚ ਬਿਤੀਤ ਕਰਦੇ ਸਨ ਤੇ ਰਾਤ ਨੂੰ ਗੁਰੂ ਜੀ ਨਗਰ ਵਿਚ ਆ ਜਾਂਦੇ ਸਨ। ਕੁਝ ਦਿਨ ਤਲਵੰਡੀ ਵਿਚ ਗੁਜ਼ਾਰੇ, ਜਿਥੇ ਕਿਥੇ ਸੁੰਦਰ ਕੀਰਤੀ ਫੈਲੀ॥ ੬੨॥

ਆਵਹਿਂ ਮਨੁਜ ਅਧਿਕ ਧਰਿ ਭਾਊ। ਸੁਨਹਿਂ ਬਚਨ ਨਿਤ ਚੌਗੁਨ ਚਾਊ।
ਦੇਹਿਂ ਮੁਕਤਿ ਦਾ ਤਿਨ ਉਪਦੇਸ਼ਾ। ਪਰਉਪਕਾਰੀ ਸ੍ਰੀ ਜਗਤੇਸ਼ਾ ॥ ੬੩॥

ਮਨੁੱਖ ਬੜਾ ਪ੍ਰੇਮ ਧਾਰਨ ਕਰਕੇ ਆਉਂਦੇ ਸਨ ਅਤੇ ਚਾਰ ਗੁਣਾਂ ਖ਼ੁਸ਼ੀ ਨਾਲ ਸਦਾ ਬਚਨ ਸੁਣਦੇ ਸਨ। ਗੁਰੂ ਜੀ ਉਪਦੇਸ਼ ਕਰਕੇ ਉਨ੍ਹਾਂ ਨੂੰ ਮੁਕਤੀ ਦਿੰਦੇ ਸਨ। ਜਗਤ ਦੇ ਈਸ਼ਵਰ ਵੱਡਾ ਪਰਉਪਕਾਰ ਕਰ ਰਹੇ ਸਨ॥ ੬੩॥

'ਸਤਿ ਸੰਗਤਿ ਮਹਿਂ ਸ਼ਰਧਾ ਧਰਨੰ। ਸੱਤਿਨਾਮ ਕੋ ਸਿਮਰਨ ਕਰਨੰ।
ਪੂਰਨ ਲਖਹੁ ਪ੍ਰਮਾਤਮ ਏਕੂ। ਮਨ ਕੇ ਕਲਪਨ ਹੋਤਿ ਅਨੇਕੂ ॥ ੬੪॥

ਉਹ ਬਚਨ ਕਰਦੇ ਸਨ, "ਸਤਿਸੰਗਤ ਵਿਚ ਸ਼ਰਧਾ ਧਾਰਨ ਕਰੋ, ਸਤਿਨਾਮ ਦਾ ਸਿਮਰਨ ਕਰੋ, ਸਾਰੇ ਇਕੋ ਪੂਰਨ ਪਰਮਾਤਮਾ ਸਮਝੋ। ਮਨ ਵਿਚ ਅਨੇਕ ਕਲਪਨਾਵਾਂ ਹੁੰਦੀਆਂ ਹਨ॥ ੬੪॥

ਇਸ ਮਨ ਕੋ ਜੋ ਜੀਤਨ ਕਰਿਹੀਂ। ਸੋਊ ਪਰਮਪਦ ਕੇ ਅਨੁਸਰਹੀਂ।
ਕਾਰਨ ਅਲਪ ਸੁਖਨ ਕੇ ਸਾਦੂ। ਜਾਤਿ ਜਨਮ ਖ੍ਵੈ ਆਪਨ ਬਾਦੂ ॥੬੫॥

ਇਸ ਮਨ ਨੂੰ ਜਿਹੜਾ ਜਿੱਤ ਲੈਂਦਾ ਹੈ, ਉਹੀ ਪਰਮ ਪਦਵੀ ਪਾਉਣ ਦੇ ਕਾਬਿਲ ਹੁੰਦਾ ਹੈ। ਥੋੜੇ-ਥੋੜੇ ਸੁੱਖਾਂ ਦੇ ਸੁਆਦ ਵਾਸਤੇ ਆਪਣੇ ਇਸ ਜਨਮ ਨੂੰ ਬਿਰਥਾ ਗਵਾ ਲੈਂਦਾ ਹੈ॥ ੬੫॥

ਜਿਉਂ ਕੋ ਬਨਿਕ ਕਰਨ ਬਿਵਹਾਰੇ। ਲੈ ਪੂੰਜੀ ਪਰਦੇਸ਼ ਸਿਧਾਰੇ।
ਤਿਉਂ ਮਾਨੁਖ ਤਨ ਲੈ ਸਭਿ ਆਏ। ਨਾਮ ਬਿਹਾਜਨ, ਜੋ ਸੁਖਦਾਏ ॥੬੬॥

ਜਿਵੇਂ ਕੋਈ ਬਾਣੀਆਂ ਵਿਉਪਾਰ ਕਰਨ ਹਿਤ, ਪੂੰਜੀ ਲੈ ਕੇ ਪਰਦੇਸ਼ ਜਾਂਦਾ ਹੈ, ਇਸ ਤਰ੍ਹਾਂ ਹੀ ਮਨੁੱਖ ਆਪਣਾ ਸਰੀਰ ਲੈ ਕੇ ਇਸ ਦੁਨੀਆਂ ਵਿਚ ਆਉਂਦਾ ਹੈ, ਤਾਂਕਿ ਸੁਖਦਾਈ ਪ੍ਰਭੂ ਦੇ ਨਾਮ ਦਾ ਸਿਮਰਨ ਕਰੇ॥ ੬੬॥

ਇਹ ਤਨ ਲੇਕਰਿ ਬਿਸ਼ਿਯਨਿ ਭੋਗਾ। ਨਿਸਦਿਨ ਰਚੈਂ ਸਿ ਮੂਰਖ ਲੋਗਾ।
ਲਾਭ ਨ ਲਯੋ, ਸੁ ਪੂੰਜੀ ਖੋਈ। ਗਮਨੇ ਅੰਤ ਝਾਰਿ ਕਰ ਦੋਈ ॥ ੬੭॥

ਪਰ ਮਨੁੱਖ ਇਹ ਤਨ ਲੈ ਕੇ ਵਿਸ਼ਿਆਂ ਨੂੰ ਭੋਗਦਾ ਹੈ, ਰਾਤ ਦਿਨ ਮੂਰਖ ਲੋਕ ਇਨ੍ਹਾਂ ਵਿਚ ਉਲਝੇ ਰਹਿੰਦੇ ਹਨ। ਕੋਈ ਲਾਭ ਪ੍ਰਾਪਤ ਕਰਨ ਦੇ ਥਾਂ, ਰਾਸ ਪੂੰਜੀ ਗਵਾ ਲੈਂਦੇ ਹਨ ਅਤੇ ਅੰਤ ਵਿਚ ਦੋਵੇਂ ਹੱਥ ਝਾੜ ਕੇ ਚਲੇ ਜਾਂਦੇ ਹਨ॥ ੬੭॥

ਪਾਇਂ ਨਰਕ, ਹ੍ਵੈ ਕਸ਼ਟ ਅਪਾਰੇ। ਬਹੁਰੋ ਤ੍ਰਿਗਦ ਜੋਨਿ ਜਗ ਧਾਰੇ।
ਇਕ ਇਸ ਰੀਤਿ ਗਏ ਜਗ ਹੂੰ ਤੇ। ਇਕ ਨਿਜ ਪੂੰਜੀ ਰਾਖਿ ਪਹੂਤੇ॥੬੮॥

ਨਰਕਾਂ ਵਿਚ ਜਾ ਕੇ ਅਪਾਰ ਕਸ਼ਟ ਪਾਉਂਦੇ ਹਨ। ਫਿਰ ਸੰਸਾਰ ਵਿਚ ਆ ਕੇ ਭੈੜੀਆਂ-ਭੈੜੀਆਂ ਜੂਨਾਂ ਧਾਰਨ ਕਰਦੇ ਹਨ। ਕਈ ਇਸ ਰੀਤੀ ਨਾਲ ਜੱਗ ਤੋਂ ਚਲੇ ਗਏ, ਕਈ ਆਪਣੀ ਪੂੰਜੀ ਸੰਭਾਲ ਕੇ ਰੱਖ ਕੇ ਤੁਰ ਗਏ॥ ੬੮॥

ਮਾਨੁਖ ਤਨ ਧਰਿ ਪੁੰਨ ਬਿਸਾਲਾ। ਕਰਤਿ ਰਹੇ, ਤਪ ਮੈਂ ਤਨ ਘਾਲਾ।
ਸੋ ਸੁਵਰਗ ਸੁਖ ਭੋਗਹਿਂ ਜਾਈ। ਪੁਨ ਜਗ ਮਾਨੁਖ ਦੇਹੀ ਪਾਈ॥੬੯॥

ਜਿਹੜੇ ਮਨੁੱਖ ਫਿਰ ਵਿਸ਼ਾਲ ਤਨ ਧਾਰਨ ਕਰਕੇ, ਤਪ ਕਰਕੇ ਘਾਲ ਕਮਾਈ ਕਰਦੇ ਰਹੇ, ਉਹ ਸਵਰਗ ਵਿਚ ਜਾ ਕੇ ਸੁਖ ਭੋਗਦੇ ਹਨ ਅਤੇ ਫਿਰ ਜੱਗ ਵਿਚ ਮਨੁੱਖਾ ਦੇਹੀ ਪਾਉਂਦੇ ਹਨ॥ ੬੯॥

ਲਾਭ ਨਹੀਂ ਪਰ ਪੂੰਜੀ ਰਾਖੀ। ਪੁੰਨਾਤਮ ਜੇ ਤਪਿ ਅਭਿਲਾਖੀ।
ਜਿਨ ਲਿਯ ਲਾਭ ਸੁ ਸੁਨਹੁ ਕਹਾਨੀ। ਸਿਮਰਹਿਂ ਨਾਮ ਕਰਮ ਮਨ ਬਾਨੀ॥੭੦॥

ਕੁਝ ਲਾਭ ਨਹੀਂ ਹੋਇਆ, ਪਰ ਪੂੰਜੀ ਰੱਖੀ ਹੈ। ਫਿਰ ਦੁਬਾਰਾ ਜੋ ਤਪ ਕਰਨ ਦੀ ਅਭਿਲਾਸ਼ਾ ਹੋਈ, ਜਿਨ੍ਹਾਂ ਨੇ ਲਾਭ ਪ੍ਰਾਪਤ ਕੀਤਾ ਉਨ੍ਹਾਂ ਦੀ ਕਹਾਣੀ ਸੁਣੋ, ਕਰਮ, ਮਨ ਅਤੇ ਬਾਣੀ ਕਰਕੇ ਨਾਮ ਦਾ ਸਿਮਰਨ ਕਰੋ॥ ੭੦॥

ਸੇ ਲਾਹਾ ਲੈ ਗੇ ਦਰਬਾਰਾ। ਅਬਚਲ ਪਾਯੋ ਅਨੰਦ ਅਪਾਰਾ।
ਤਾਂਤੇ ਮਾਨੁਖ ਤਨ ਲਖਿ ਪੂੰਜੀ। ਭਜਹੁ ਨਾਮ ਤਜਿ ਇੱਛਾ ਦੂਜੀ'॥੭੧॥

ਉਹ ਲਾਭ ਪ੍ਰਾਪਤ ਕਰਕੇ ਪ੍ਰਭੂ ਦੇ ਦਰਬਾਰ ਚਲੇ ਗਏ, ਸਵਰਗ ਪ੍ਰਾਪਤ ਕਰਕੇ ਅਪਾਰ ਆਨੰਦ ਪ੍ਰਾਪਤ ਕੀਤਾ। ਇਸ ਲਈ ਮਨੁੱਖੀ ਸਰੀਰ ਨੂੰ ਆਪਣੀ ਪੂੰਜੀ ਸਮਝੋ, ਹੋਰ ਸਾਰੀਆਂ ਇਛਾਵਾਂ ਛੱਡ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ'' ॥ ੭੧॥

ਸੁਨਿ ਉਪਦੇਸ਼ 'ਧੰਨ ਧੰਨ' ਕਹਿਹੀਂ। 'ਮਹਾਂ ਪੁਰਖ ਪੂਰਨ ਇਹ ਅਹਿਹੀਂ'।
ਜਿਨ ਮਾਨਜੋ ਪੁਨ ਕੀਨ ਕਮਾਵਨ। ਤਿਨ ਹੀ ਲਹਜੋ ਪਰਮ ਪਦ ਪਾਵਨ॥੭੨॥

ਲੋਕ ਉਪਦੇਸ਼ ਸੁਣ ਕੇ 'ਧੰਨ ਧੰਨ' ਕਰਦੇ ਸਨ ਅਤੇ ਕਹਿੰਦੇ ਸਨ ਇਹ ਪੂਰਨ ਮਹਾਂਪੁਰਖ ਹਨ।'' ਜਿਹੜੇ ਮੰਨ ਕੇ ਫਿਰ ਕਮਾਈ ਕਰਦੇ ਸਨ, ਉਹ ਪਰਮਪਦ ਪ੍ਰਾਪਤ ਕਰ ਲੈਂਦੇ ਸਨ॥ ੭੨॥

ਬਹੁਰ ਗਵਨ ਕੀ ਕਰਿ ਅਭਿਲਾਖਾ। ਮੁਝ ਪੁਨ ਮਰਦਾਨੇ ਸੋਂ ਭਾਖਾ।
'ਚਲਹੁ ਅਬੈ ਤਿਰਥਨ ਕੋ ਦੇਖੈਂ। ਜਹਿਂ ਮਾਨਵ ਹ੍ਵੈ ਜਾਤਿ ਵਿਸ਼ੇਖੈਂ'॥੭੩॥

ਫਿਰ ਬਾਹਰ ਚੱਲਣ ਦੀ ਅਭਿਲਾਸ਼ਾ ਕਰਕੇ, ਮੈਨੂੰ (ਭਾਈ ਬਾਲੇ) ਅਤੇ ਮਰਦਾਨੇ ਨੂੰ ਕਿਹਾ, ''ਚਲੋ ਹੁਣ ਤੀਰਥਾਂ ਨੂੰ ਵੇਖਦੇ ਹਾਂ, ਜਿੱਥੇ ਬਹੁਤ ਮਨੁੱਖ ਜਾਂਦੇ ਹਨ''॥ ੭੩॥

ਨਾਰਜ ਪਾਨ ਮੇਲਿ ਕਹਿ ਲਾਲੂ। 'ਤਾਤ ! ਚਲੇ ਹਮਰੋ ਕਿਹ ਹਾਲੂ ?'।
'ਝੂਠੋ ਜਗਤ ਸਾਚ ਧਰਿ ਆਪੂ। ਸਿਮਰ ਨਾਮ ਨਹਿਂ ਸੋਗ ਕਦਾਪੂ'॥੭੪॥

ਕੰਵਲ ਵਰਗੇ ਹੱਥ ਜੋੜ ਕੇ ਬਾਬਾ ਲਾਲੂ ਜੀ ਨੇ ਕਿਹਾ, ''ਪੁੱਤਰ ! ਤੁਸੀਂ ਚੱਲੇ ਹੋ, ਮੇਰਾ ਕੀ ਹਾਲ ਹੋਵੇਗਾ ?'' ਗੁਰੂ ਜੀ ਨੇ ਕਿਹਾ, ''ਇਹ ਜਗਤ ਸਭ ਝੂਠਾ ਹੈ, ਪਰ ਆਪਾ ਸੱਚ ਹੈ, ਸਦਾ ਨਾਮ ਦਾ ਸਿਮਰਨ ਕਰੋ, ਕਦੇ ਵੀ ਦੁੱਖੀ ਨਹੀਂ ਹੋਵੇਂਗੇ''॥ ੭੪॥

ਦੋਹਰਾ- ਜਾਫਲ ਸਤਿਗੁਰ ਬਚਨ ਕਰਿ ਮੋਹ ਸੰਨ ਕਰਿ ਨਾਸ਼।

ਮੋਦ ਕੰਠ ਧਰਿ ਕਹਿਤ ਭਾ 'ਤਾਤ! ਖੇਲ ਜਹਿਂ ਆਸ' ॥ ੭੫ ॥

ਗੁਰੂ ਜੀ ਨੇ ਜਾਵਲ ਵਰਗੇ ਬਚਨ ਕਰਕੇ, ਬਾਬੇ ਲਾਲੂ ਦੀ ਮੋਹ ਰੂਪੀ ਬਿਮਾਰੀ ਦਾ ਨਾਸ਼ ਕਰ ਦਿੱਤਾ, ਫਿਰ ਉਹ ਬੜੇ ਪ੍ਰਸੰਨ ਹੋ ਕੇ ਬੋਲੇ, "ਪੁੱਤਰ ! ਜਿਸ ਤਰ੍ਹਾਂ ਤੁਹਾਡੀ ਇੱਛਾ ਹੈ, ਉਸ ਤਰ੍ਹਾਂ ਹੀ ਕਰੋ" ॥ ੭੫ ॥

ਚੌਪਈ- ਸੁਨਿ ਸ੍ਰੀ ਅੰਗਦ ਧਾਰਿ ਉਮੰਗਾ। ਮੁਝ ਮਰਦਾਨੇ ਕੋ ਲਿਯ ਸੰਗਾ।
ਮਿਲ ਸਭਿ ਸੋਂ ਕੀਨੋ ਪ੍ਰਸਥਾਨਾ। ਜੀਤਨ ਦੰਭੀ ਜੇ ਅੱਗਜਾਨਾ ॥ ੭੬ ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਫਿਰ ਉਤਸ਼ਾਹ ਧਾਰਨ ਕਰਕੇ ਮੈਨੂੰ ਅਤੇ ਮਰਦਾਨੇ ਨੂੰ ਨਾਲ ਲੈ ਕੇ, ਸਾਰਿਆਂ ਨੂੰ ਮਿਲ ਕੇ ਪਖੰਡਾਂ ਨੂੰ ਜਿੱਤਣ ਵਾਸਤੇ ਅਤੇ ਅਗਿਆਨਤਾ ਦੂਰ ਕਰਨ ਵਾਸਤੇ ਗੁਰੂ ਜੀ ਨਵੇਂ ਸਫਰ ਤੇ ਚੱਲ ਪਏ ॥ ੭੬ ॥

ਕਬਿੱਤ-ਦਿਗਬਿਜੈ ਹੇਤ ਸਾਜਿ ਬੇਦੀ ਕੁਲਕੇਤੁ ਦਲ, ਚਲੇ ਦੰਭ ਦਲਿਬੇ ਕੋ, ਦਲਨਿ ਬਿਦਾਰਿਆ।
ਭਗਤਿ ਕੀ ਕੇਤੁ, ਪਟ ਪ੍ਰੇਮ ਕੇ ਸਮੇਤ ਕਰਿ ਕੀਰਤਿ ਨਿਸ਼ਾਨੋ ਘਹਿਰਾਨੋ ਘਨ ਭਾਰਿਆ।
ਗ੍ਯਾਨ ਕੋ ਖੜਗ ਧਰਿ, ਜੁਗਤਿ ਕਮਾਨ ਕਰ, ਨਾਨਾ ਦ੍ਰਿਸ਼ਟਾਂਤ ਲੀਨ ਸ਼ਿਲੀਮੁਖ ਧਾਰਿਆ।
ਜਹਾਂ ਦਿਢ ਕੋਟ ਤਹਾਂ ਕਰਮਾਤ ਤੋਪ ਸੰਗ ਢਾਹਿਕੇ ਮੈਦਾਨ ਕੀਨ ਮਿਲੇ ਅਰਿ ਹਾਰਿਆ ॥੭੭॥

ਦਿਗਵਿਜੇ ਪ੍ਰਾਪਤ ਕਰਨ ਲਈ ਬੇਦੀ ਕੁਲ ਦੇ ਧ੍ਵਜ ਆਪਣੀ ਫੌਜ ਲੈ ਕੇ ਪਖੰਡਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ, ਪਖੰਡਾਂ ਦਾ ਨਾਸ਼ ਕਰਨ ਲਈ ਚਲ ਪਏ। ਭਗਤੀ ਦੇ ਧ੍ਵਜ, ਝੰਡੇ ਦੇ ਕਪੜੇ ਸਮੇਤ, ਕੀਰਤੀ ਦਾ ਨਗਾਰਾ ਲਿਆ, ਜਿਹੜਾ ਬੱਦਲ ਵਾਂਗ ਬੜੇ ਜ਼ੋਰ ਨਾਲ ਗੱਜਿਆ। ਗਿਆਨ ਦੀ ਤਲਵਾਰ ਧਾਰਨ ਕਰਕੇ, ਜੁਗਤੀ ਦੀ ਕਮਾਨ ਲੈ ਕੇ ਦ੍ਰਿਸ਼ਟਾਂਤ ਦੇ ਤੀਰ ਧਾਰਨ ਕੀਤੇ। ਜਿਥੇ ਦ੍ਰਿੜ੍ਹਤਾ ਰੂਪੀ ਪੱਕਾ ਕਿਲਾ ਸੀ, ਉਸ ਨੂੰ ਕਰਾਮਾਤ ਰੂਪੀ ਤੋਪ ਨਾਲ ਢਾਹ ਦਿੱਤਾ ਤੇ ਵੈਰੀ ਹਾਰ ਕੇ ਸ਼ਰਨ ਆ ਗਏ ॥ ੭੭ ॥

ਸੱਤਿਨਾਮ ਸਿਮਰਨ ਪਹਿਰ ਸਨਾਹ ਤਨ ਕੋਟਕ ਤਰਕ ਤਰਵਾਰ ਨ ਕਟਤਿ ਹੈਂ।
ਨੀਵੇਂ ਮਨਰਾਖਨੋ ਅਗਾਰੀ ਹੈ ਸਿਪਰ ਦਿਢ, ਰੋਸ ਰੂਪ ਤੀਰ ਜਾਂਕੋ ਛੁਇ ਨ ਸਕਤਿ ਹੈਂ।
ਕਰੁਨਾ ਕੀ ਰਥ, ਉਪਕਾਰ ਕੇ ਤੁਰੰਗ ਜੋਰਿ, ਸਤਿ ਕੀਨੋ ਸੂਤ, ਖ੍ਰਿਤਿ ਡੋਰਨ ਜਟਤਿ ਹੈਂ।
ਧੀਰਜ ਸੰਤੋਖ ਦਾਨ ਆਦਿ ਜੇ ਬਿਗ੍ਯਾਨ ਜੋਧਾ ਚਢੇ ਮੋਹ ਜੀਤਬੇ ਕੋ 'ਮਾਰ ਹੀ' ਰਟਤਿ ਹੈਂ ॥੭੮॥

ਸਤਿਨਾਮ ਦੇ ਸਿਮਰਨ ਦੀ ਤਨ ਉੱਤੇ ਕਵਚ ਪਹਿਣੀ ਹੈ, ਜਿਸ ਨੂੰ ਕਰੋੜਾਂ ਦਲੀਲਾਂ ਰੂਪੀ ਤਲਵਾਰਾਂ ਨਹੀਂ ਕੱਟ ਸਕਦੀਆਂ ਹਨ। ਮਨ ਨੂੰ ਨੀਵਾਂ ਰੱਖਣ ਵਾਲੀ ਅੱਗੇ ਪੱਕੀ ਢਾਲ ਹੈ, ਜਿਸ ਨੂੰ ਕ੍ਰੋਧ ਰੂਪੀ ਤੀਰ ਛੋਹ ਵੀ ਨਹੀਂ ਸਕਦਾ ਹੈ। ਕਿਰਪਾ ਰੂਪ ਰੱਥ ਹੈ ਅਤੇ ਉਪਕਾਰ ਰੂਪੀ ਘੋੜੇ ਜੋੜ ਕੇ ਸਤ ਨੂੰ ਰਥਵਾਹੀ ਬਣਾਇਆ ਹੈ, ਖ੍ਰਿਤੀ ਨੂੰ ਜਿਹੜਾ ਸ੍ਵੈ ਸਰੂਪ ਵਿਚ ਜੋੜਨਾ ਹੈ, ਇਹ ਵਾਗਾਂ ਹਨ। ਧੀਰਜ, ਸੰਤੋਖ, ਦਾਨ, ਸ੍ਰੇਸ਼ਟ ਗਿਆਨ ਆਦਿ ਜੋਧੇ ਮੋਹ ਨੂੰ ਜਿੱਤਣ ਵਾਸਤੇ ਚੜ੍ਹੇ ਹਨ ਅਤੇ 'ਮਾਰ ਲੋ' 'ਮਾਰ ਲੋ' ਪੁਕਾਰਦੇ ਹਨ ॥ ੧੮ ॥

ਦੋਹਰਾ- ਸ਼ਰਧਾ ਸਮਤਾ ਸੁਮਤਿ, ਧ੍ਰਮ, ਭਾਉ ਭਲੇ ਇਸ਼ਨਾਨ।
ਇੱਤ੍ਯਾਦਕ ਦਲ ਲੇ ਗੁਰੂ ਕਰਤਿ ਭਏ ਪ੍ਰਸਥਾਨ ॥ ੭੯ ॥

ਭਰੋਸਾ, ਭਾਵਨਾ, ਸਮਦ੍ਰਿਸ਼ਟੀ, ਧਰਮ, ਪ੍ਰੇਮ, ਭਲੇ ਇਸ਼ਨਾਨ, ਇਤਿਆਦਿ ਫੌਜਾਂ ਲੈ ਕੇ ਗੁਰੂ ਜੀ ਚਲ ਪਏ ॥ ੭੯ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਕਾਲੂ ਕੌ ਉਪਦੇਸ਼, ਬੈਕੁੰਠ ਪਹੁੰਚਨਾ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅਧ੍ਯਾਯ ॥ ੬ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛੇਵਾਂ ਅਧਿਆਇ, ਜਿਸ ਦਾ ਨਾਮ "ਮਾਤਾ-ਪਿਤਾ ਨੂੰ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨਾ" ਹੈ, ਸਮਾਪਤ ਹੋਇਆ ॥ ੬ ॥

# ਅਧਿਆਇ ਸੱਤਵਾਂ

### ਕੁਰਖੇਤ੍ਰ ਵਿਖੇ ਨਾਨ੍ਹੂੰ ਪੰਡਿਤ ਨਾਲ ਚਰਚਾ

ਦੋਹਰਾ- ਪੂਰਨ ਦੇਖਯੋ ਆਤਮਾ ਦ੍ਵੈਤਹਿ ਸਰਬ ਨਿਵਾਰਿ।
ਭਏ ਸ਼ਾਂਤਿ ਮਨ ਸੰਤ ਜੇ ਤਿਨ ਪਦ ਨਮੋ ਹਮਾਰਿ॥ ੧॥

ਜਿਨ੍ਹਾਂ ਸੰਤਾਂ ਨੇ ਸਾਰੀ ਦ੍ਵੈਤ ਭਾਵਨਾ ਨੂੰ ਦੂਰ ਕਰਕੇ ਇਕ ਆਤਮਾ ਨੂੰ ਸਾਰੇ ਪੂਰਨ ਵੇਖਿਆ ਹੈ ਤੇ ਇਸ ਤਰ੍ਹਾਂ ਵੇਖ ਕੇ ਸ਼ਾਂਤ ਮਨ ਵਾਲੇ ਹੋ ਗਏ ਹਨ ਉਨ੍ਹਾਂ ਦੇ ਚਰਨਾਂ ਤੇ ਸਾਡੀ ਨਮਸ਼ਕਾਰ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਹਿਤ ਤੀਰਥ ਕੇ ਕੀਨਿ ਉਦਾਸੀ। ਕਰਨ ਨਿਹਾਲ ਨਰਨ ਸੁਖਰਾਸੀ।
ਪ੍ਰਥਮੈ ਕੁਰਖੇਤਰ ਮਹਿਂ ਆਏ। ਬੈਸੇ ਏਕ ਥਾਨ ਮਨ ਭਾਏ॥ ੨॥

ਭਾਈ ਬਾਲੇ ਨੇ ਕਿਹਾ- ਤੀਰਥ ਵੇਖਣ ਅਤੇ ਮਨੁੱਖਾਂ ਨੂੰ ਨਿਹਾਲ ਕਰਨ ਵਾਸਤੇ ਸੁਖਾਂ ਦੀ ਪੂੰਜੀ ਭਾਵ ਗੁਰੂ ਜੀ ਨੇ ਨਵੀਂ ਉਦਾਸੀ ਸ਼ੁਰੂ ਕੀਤੀ। ਪਹਿਲਾਂ ਕੁਰਕਸ਼ੇਤਰ ਵਿਚ ਆਏ। ਇਕ ਮਨ-ਭਾਉਂਦੇ ਥਾਂ ਬੈਠ ਗਏ॥ ੨॥

ਸੂਰਜ ਪਰਬ ਹੁਤੋ ਤਿਹ ਕਾਲਾ। ਮੇਲਾ ਇਕਠੋ ਭਯੋ ਬਿਸਾਲਾ॥
ਦ੍ਵਿਜ ਆਦਿਕ ਜੇ ਚਾਰੋਂ ਬਰਨੇ। ਆਵਤਿ ਭੇ ਹਿਤ ਮੱਜਨ ਕਰਨੇ॥ ੩॥

ਉਸ ਸਮੇਂ ਸੂਰਜ ਗ੍ਰਹਿਣ ਦਾ ਪੁਰਬ ਸੀ, ਬੜਾ ਵੱਡਾ ਮੇਲਾ ਲੱਗਾ ਹੋਇਆ ਸੀ। ਬ੍ਰਾਹਮਣ ਆਦਿ ਚਾਰੇ ਵਰਨਾਂ ਦੇ ਲੋਕ ਜੁੜੇ ਹੋਏ ਸਨ। ਸਾਰੇ ਇਸ਼ਨਾਨ ਕਰਨ ਵਾਸਤੇ ਆਏ ਸਨ॥ ੩॥

ਆਸ਼੍ਰਮ ਹੈਂ ਗ੍ਰਿਹਸਤਾਦਿਕ ਜੇਊ। ਆਵਤਿ ਭੇ ਚਾਰੋਂ ਮਿਲਿ ਤੇਊ।
ਖਟ ਦਰਸ਼ਨ ਤੇ ਆਦਿ ਜਿ ਅਉਰਾ। ਪੁਰਬ ਕਰਨ ਆਏ ਤਿਹ ਠਉਰਾ॥ ੪॥

ਗ੍ਰਹਿਸਤ ਆਦਿ ਜਿਹੜੇ ਆਸ਼੍ਰਮ ਹਨ, ਉਹ ਚਾਰੇ ਹੀ ਓਥੇ ਮਿਲ ਕੇ ਆਏ ਹੋਏ ਸਨ। ਛੇ ਦਰਸ਼ਨ ਅਤੇ ਗ੍ਰੰਥਾਂ ਦੇ ਪੜ੍ਹਨ ਵਾਲੇ ਵੀ ਉਸ ਥਾਂ ਪੁਰਬ ਕਰਨ ਆਏ ਸਨ॥ ੪॥

ਸ੍ਰੀ ਨਾਨਕ ਠਾਨੀ ਮਨ ਐਸੇ। ਇਨ ਸੋਂ ਚਰਚਾ ਕਰੀਏ ਕੈਸੇ।
ਪੰਡਤ ਬਡੇ ਰਿਦੇ ਜਿਨ ਗਰਬਾ। ਮਾਨੀ ਸੰਨਯਾਸੀ ਜੇ ਸਰਬਾ॥ ੫॥

ਗੁਰੂ ਨਾਨਕ ਦੇਵ ਜੀ ਨੇ ਮਨ ਵਿਚ ਇਸ ਤਰ੍ਹਾਂ ਠਾਨੀ ਕਿ ਇਨ੍ਹਾਂ ਬ੍ਰਾਹਮਣਾਂ ਨਾਲ ਕਿਵੇਂ ਚਰਚਾ ਕੀਤੀ ਜਾਵੇ। ਪੰਡਿਤਾਂ ਦੇ ਹਿਰਦੇ ਵੱਡੇ ਘੁਮੰਡ ਨਾਲ ਭਰੇ ਹੋਏ ਸਨ, ਮਾਨਧਾਰੀ ਅਤੇ ਸੰਨਿਆਸੀ ਵੀ ਸਾਰੇ ਆਏ ਹੋਏ ਸਨ॥ ੫॥

ਇਕ ਸਥਾਨ ਮਹਿਂ ਕੀਨੋ ਆਸਨ। ਬੈਸਿ ਰਹੇ ਮਧ ਦੰਭ ਬਿਨਾਸ਼ਨ।
ਮਰਦਾਨਾ ਤਬਿ ਗਾਵਨ ਲਾਗਾ। ਮਧੁਰ ਰਾਗ ਸੋਂ ਉਰ ਅਨੁਰਾਗਾ॥ ੬॥

ਇਕ ਥਾਂ ਤੇ ਆਸਣ ਜਮਾ ਲਿਆ ਤੇ ਦੰਭ ਨਾਸ਼ਕ ਓਥੇ ਬੈਠੇ ਰਹੇ। ਮਰਦਾਨਾ ਫਿਰ ਸ਼ਬਦ ਗਾਇਣ ਕਰਨ ਲੱਗਾ, ਹਿਰਦਾ ਵੱਡਾ ਪ੍ਰੇਮ ਧਾਰਨ ਕਰਕੇ ਉਹ ਬੜੇ ਮਿੱਠੇ ਰਾਗ ਵਿਚ ਗਾ ਰਿਹਾ ਸੀ॥ ੬॥

ਤਿਹ ਛਿਨ ਇਕ ਰਾਨੀ ਸੁਤ ਲੀਨੇ। ਆਈ ਨਿਕਟ ਬੰਦਨਾ ਕੀਨੇ।
ਤਿਹ ਕੇ ਸ਼ੱਤ੍ਰੂ ਪ੍ਰਬਲ ਬਹੁ ਬਾਢੇ। ਦੇਸ਼ ਖੋਸਿ ਸੇ ਪੁਰਿ ਤੇ ਕਾਢੇ॥ ੭॥

ਉਸ ਸਮੇਂ ਇਕ ਰਾਣੀ ਆਪਣਾ ਪੁੱਤਰ ਲੈ ਕੇ ਆਈ। ਗੁਰੂ ਜੀ ਦੇ ਨੇੜੇ ਆ ਕੇ ਉਸ ਬੰਦਨਾ ਕੀਤੀ। ਉਸ ਦੇ ਦੁਸ਼ਮਣ ਪ੍ਰਬਲ ਅਤੇ ਬਹੁਤ ਵਧੇ ਹੋਏ ਸਨ। ਉਨ੍ਹਾਂ ਦਾ ਰਾਜ ਖੋਹ ਕੇ ਉਨ੍ਹਾਂ ਨੂੰ ਨਗਰ ਵਿਚੋਂ ਕੱਢ ਦਿੱਤਾ ਸੀ॥ ੭॥

ਭਈ ਦੀਨ ਪਿਖਿ ਸੰਤ ਕ੍ਰਿਪਾਲਾ। ਆਨਿ ਬੇਨਤੀ ਕੀਨਿ ਬਿਸਾਲਾ।
ਤਿਹ ਭੂਪਤਿ ਸੁਤ ਮ੍ਰਿਗ ਕੋ ਮਾਰੀ। ਧਰੀ ਭੇਟ ਤਿਨ ਗੁਰੂ ਅਗਾਰੀ॥੮॥

ਕਿਰਪਾਲੂ ਸੰਤ ਨੂੰ ਵੇਖ ਕੇ ਉਹ ਬਹੁਤ ਨਿਮਰ ਹੋ ਗਈ ਅਤੇ ਆ ਕੇ ਬੇਨਤੀ ਕੀਤੀ। ਉਸ ਦਾ ਪੁੱਤਰ ਜਿਹੜਾ ਰਾਜਾ ਸੀ, ਇਕ ਹਿਰਨ ਨੂੰ ਮਾਰ ਲਿਆਇਆ ਸੀ। ਉਸ ਨੇ ਹਿਰਨ ਨੂੰ ਗੁਰੂ ਜੀ ਦੇ ਅੱਗੇ ਭੇਟ ਕੀਤਾ॥ ੮॥

ਕਹੈ 'ਸੁ ਰਿਪੁ ਨੈ ਦੀਨ ਨਿਕਾਰੇ। ਹਮ ਆਏ ਅਬ ਪਾਸ ਤੁਮਾਰੇ।
ਕ੍ਰਿਪਾ ਕਰਹੁ ਬਚ ਭਾਖਹੁ ਐਸੇ। ਰਾਜ ਹਮੈ ਪ੍ਰਾਪਤਿ ਹ੍ਵੈ ਜੈਸੇ'॥ ੯॥

ਉਸ ਨੇ ਕਿਹਾ, "ਦੁਸ਼ਮਣ ਨੇ ਸਾਨੂੰ ਨਗਰ ਵਿਚੋਂ ਕੱਢ ਦਿੱਤਾ ਹੈ, ਅਸੀਂ ਹੁਣ ਤੁਹਾਡੇ ਪਾਸ ਆਏ ਹਾਂ, ਕਿਰਪਾ ਕਰਕੇ ਐਸੇ ਬਚਨ ਕਹੋ, ਜਿਸ ਕਾਰਨ ਸਾਨੂੰ ਫਿਰ ਰਾਜ ਪ੍ਰਾਪਤ ਹੋ ਜਾਵੇ"॥ ੯॥

ਸੁਨਿ ਤਿਹ ਸੋਂ ਕਹਿ ਗੁਰੂ ਕ੍ਰਿਪਾਲਾ। 'ਬ੍ਰਹਮਭੋਜ ਤੁਮ ਕਰਹੁ ਬਿਸ਼ਾਲਾ।
ਪ੍ਰਾਪਤਿ ਹ੍ਵੈ ਹੈ ਰਾਜ ਬਹੋਰੀ'। ਸੋ ਬੋਲੇ ਤਬਿ ਦ੍ਵੈ ਕਰ ਜੋਰੀ॥ ੧੦॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਤੁਸੀਂ ਵੱਡਾ ਬ੍ਰਹਮ ਭੋਜਨ ਕਰੋ, ਜਿਸ ਕਾਰਨ ਤੁਹਾਨੂੰ ਦੁਬਾਰਾ ਰਾਜ ਪ੍ਰਾਪਤ ਹੋ ਜਾਵੇਗਾ।" ਫਿਰ ਰਾਜਾ ਦੋਵੇਂ ਹੱਥ ਜੋੜ ਕੇ ਬੋਲਿਆ॥ ੧੦॥

'ਭੋਜਨ ਹਿਤ ਹਮ ਪਾਸ ਨ ਦਰਬਾ। ਕਰਤਿ ਜੁੱਧ ਤਹਿਂ ਖਰਚਜੋ ਸਰਬਾ।
ਅਬ ਹਮ ਹੋਏ ਰੰਕ ਸਮਾਨਾ। ਆਏ ਸ਼ਰਨੰ ਸੰਤ ਮਹਾਨਾ!'॥ ੧੧॥

"ਭੋਜਨ ਕਰਨ ਵਾਸਤੇ ਸਾਡੇ ਪਾਸ ਧਨ ਨਹੀਂ ਹੈ, ਆਪਣੇ ਦੁਸ਼ਮਣ ਨਾਲ ਯੁੱਧ ਕਰਨ ਸਮੇਂ ਸਾਰਾ ਖਰਚਿਆ ਗਿਆ ਹੈ। ਅਸੀਂ ਹੁਣ ਪਰਜਾ ਸਮਾਨ ਹੀ ਹੋ ਗਏ ਹਾਂ, ਹੁਣ ਮਹਾਨ ਸੰਤ ਦੀ ਸ਼ਰਨ ਆਏ ਹਾਂ"॥ ੧੧॥

ਸ੍ਰੀ ਗੁਰ ਕਹੈਂ 'ਕਰਹੁ ਅਸ ਰੀਤੀ। ਕੋਰੋ ਮਟਿਕਾ ਆਨਿ ਸਪ੍ਰੀਤੀ।
ਇਸ ਮ੍ਰਿਗ ਕੋ ਸਭਿ ਮਾਸ ਸਵਾਰਹੁ। ਭਲੀ ਪ੍ਰਕਾਰ ਤਾਂਹਿ ਮਹਿਂ ਡਾਰਹੁ॥੧੨॥

ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਕਰੋ, ਪ੍ਰੀਤ ਸਹਿਤ ਇਕ ਕੋਰਾ ਮਟਕਾ ਲਿਆਵੋ। ਇਸ ਮ੍ਰਿਗ ਦਾ ਮਾਸ ਸਵਾਰੋ ਤੇ ਸਾਫ ਕਰੋ। ਫਿਰ ਉਸ ਨੂੰ ਚੰਗੀ ਤਰ੍ਹਾਂ ਮਟਕੇ ਵਿਚ ਪਾਓ॥ ੧੨॥

ਮਾਰਣ ਸਰਬ ਪਾਇ ਇਸ ਮਾਂਹੀ। ਅਗਨਿ ਬਾਰ ਰੀਧਹੁ ਅਬ ਤਾਂਹੀ'।
ਇਸ ਪ੍ਰਕਾਰ ਕੀ ਆਇਸੁ ਸੁਨਿਕੈ। ਕਰਤਿ ਭਏ ਤਸ ਸਭਿ ਬਿਧਿ ਗੁਨਿਕੈ॥੧੩॥

ਫਿਰ ਉਸ ਵਿਚ ਸਾਰੇ ਮਸਾਲੇ ਪਾਓ। ਅੱਗ ਬਾਲ ਕੇ ਫਿਰ ਮਾਸ ਨੂੰ ਰਿੰਨ੍ਹੋ।" ਇਸ ਪ੍ਰਕਾਰ ਦੀ ਆਗਿਆ ਸੁਣ ਕੇ ਸਭ ਤਰ੍ਹਾਂ ਵਿਚਾਰ ਕੇ, ਉਹ ਉਸ ਤਰ੍ਹਾਂ ਹੀ ਕਰਨ ਲੱਗੇ॥ ੧੩॥

ਚੁਲ੍ਹੇ ਕੋ ਕਰਿ, ਮਟਕਾ ਧਾਰਜੋ। ਮਾਸ ਮਿਰਗ ਕੋ ਸਰਬ ਸਵਾਰਜੋ।
ਤਾਂ ਮਹਿਂ ਪਾਇ ਹੁਤਾਸਨ ਬਾਰਾ। ਬਹੁਤੇ ਬਿੱਪ੍ਰਨ ਜਬਹਿ ਨਿਹਾਰਾ॥੧੪॥

ਚੁਲ੍ਹਾ ਬਣਾ ਕੇ, ਉਨ੍ਹਾਂ ਮਟਕਾ ਉਤੇ ਧਰ ਦਿੱਤਾ, ਮਿਰਗ ਦੇ ਸਾਰੇ ਮਾਸ ਨੂੰ ਸਵਾਰਿਆ ਬਣਾਇਆ ਅਤੇ ਮਟਕੇ ਵਿਚ ਪਾ ਕੇ ਅੱਗ ਬਾਲ ਦਿੱਤੀ। ਬਹੁਤੇ ਬ੍ਰਾਹਮਣਾਂ ਨੇ ਜਦ ਏਧਰ ਵੇਖਿਆ॥ ੧੪॥

ਬਿੱਦਜਾ ਮਹਿਂ ਪੰਡਿਤ ਬਡ ਮਾਨੀ। ਨਿਕਸਜੋ ਧੂਮ ਦੇਖਿ ਰਿਸ ਠਾਨੀ।

ਆਜ ਤਰਣਿ ਕੋ ਗ੍ਰਹਣ ਅਕਾਸ਼ਾ। ਇਹ ਅਜਾਨ ਰੀਧਨ ਲਗਿ ਮਾਸਾ ॥੧੫॥

ਜਿਹੜੇ ਵਿਦਿਆ ਵਿਚ ਵੱਡੇ ਪੰਡਿਤ ਮੰਨੇ ਜਾਂਦੇ ਸਨ, ਧੂੰਆਂ ਨਿਕਲਦਾ ਵੇਖ ਕੇ ਬੜੇ ਗੁੱਸੇ ਵਿਚ ਆ ਗਏ। ਅੱਜ ਆਕਾਸ਼ ਤੇ ਸੂਰਜ ਨੂੰ ਗ੍ਰਹਿਣ ਲੱਗਾ ਹੈ, ਇਹ ਮੂਰਖ ਮਾਸ ਰਿੰਨ੍ਹਣ ਲੱਗ ਗਏ ਹਨ॥ ੧੫॥

ਲੇ ਕਰਿ ਕੁਤਕੇ ਸ਼ਸਤ੍ਰ ਅਪਾਰਾ। ਆਇ ਨਿਕਟ ਕਹਿਂ 'ਕਰਹੁ ਪ੍ਰਹਾਰਾ।
ਕੋ ਤੇਰੋ ਹੈ ਬਚਣ? ਅਧਰਮੀ!। ਕੋ ਕੀਨੋ ਤੈਂ ਕਰਮ? ਕੁਕਰਮੀ! ॥੧੬॥

ਉਹ ਸੋਟੇ ਅਤੇ ਹੋਰ ਹਥਿਆਰ ਲੈ ਕੇ ਆਏ, ਨੇੜੇ ਆ ਕੇ ਕਹਿਣ ਲੱਗੇ, "ਮਾਰ ਦਿਉ, ਅਧਰਮੀ! ਤੂੰ ਕੀ ਕਹਿੰਦਾ ਹੈਂ? ਕੁਕਰਮੀ! ਇਹ ਤੂੰ ਕੀ ਕੰਮ ਕੀਤਾ ਹੈ?॥ ੧੬॥

ਦਿਵਸ ਆਜ ਕੇ ਤੁਰਕ ਜਿ ਮਾਨਵ। ਸੋ ਭੀ ਤ੍ਰਾਸ ਰਿਦੈ ਬਹੁ ਠਾਨਵ।
ਕਰਿ ਇਸ਼ਨਾਨ, ਦੇਨਿ ਪੁਨ ਦਾਨਾ। ਇਨ ਕਾਜਨ ਕੋ ਕਾਲ ਮਹਾਨਾ' ॥੧੭॥

ਅੱਜ ਦੇ ਦਿਨ ਤਾਂ ਮੁਸਲਮਾਨ ਮਨੁੱਖ ਵੀ ਹਿਰਦੇ ਵਿਚ ਬਹੁਤ ਡਰਦੇ ਹਨ ਅਤੇ ਭੈ ਬਹੁਤ ਕਰਦੇ ਹਨ, ਇਸ਼ਨਾਨ ਕਰਕੇ ਦਾਨ ਪੁੰਨ ਕਰਦੇ ਹਨ। ਅਜੇਹੇ ਕੰਮ ਕਰਨ ਨਾਲ ਮਹਾਨ ਕਾਲ ਦੰਡ ਦਿੰਦਾ ਹੈ" ॥ ੧੭॥

ਦੋਹਰਾ- ਸੁਨਿ ਕਰਿ ਤਿਨ ਤੇ ਸ੍ਰੀ ਗੁਰੂ ਬਚਨ ਕਹੇ ਅਸ ਰੀਤਿ।
'ਛੁਧਾ ਲਗੀ ਮੋਕੋ ਬਡੀ ਹਿਤ ਅਹਾਰ ਕਿਛੁ ਕੀਤ' ॥ ੧੮॥

ਉਨ੍ਹਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਇਸ ਰੀਤੀ ਅਨੁਸਾਰ ਬਚਨ ਕੀਤੇ, "ਮੈਨੂੰ ਬਹੁਤ ਭੁੱਖ ਲੱਗੀ ਹੈ, ਭੋਜਨ ਹਿਤ ਇਹ ਕੁਝ ਕੀਤਾ ਹੈ॥ ੧੮॥

ਚੌਪਈ- ਦਿਜ ਤਬ ਬੋਲੇ ਬਚਨ ਕਠੋਰਾ। 'ਕਜਾ ਰੀਧਜੋ ਤੁਮ ਤ੍ਰਾਸ ਨ ਥੋਰਾ।
ਬਿਨਾ ਬਿਲਮ ਸੋ ਦੇਹੁ ਦਿਖਾਈ। ਨਾਤੁਰ ਤੁਝ ਮਾਰੈਂ ਇਹ ਥਾਈਂ' ॥੧੯॥

ਬ੍ਰਾਹਮਣ ਨੇ ਫਿਰ ਬੜੇ ਕਠੋਰ ਬਚਨ ਕਹੇ, "ਤੂੰ ਕੀ ਰਿੰਨ੍ਹਿਆ ਹੈ, ਤੈਨੂੰ ਕਿਤੇ ਥੋੜਾ ਡਰ ਵੀ ਨਹੀਂ, ਕਿਸੇ ਦੇਰ ਬਗੈਰ ਸਾਨੂੰ ਵਿਖਾ ਦੇਹ, ਨਹੀਂ ਤਾਂ ਤੈਨੂੰ ਏਥੇ ਹੀ ਮਾਰ ਦੇਵਾਂਗੇ" ॥ ੧੯॥

ਤਬ ਜਿਨ ਦੇਖਜੋ ਸੋ ਦ੍ਵਿਜ ਕਹਿਹੀ। 'ਇਸ ਮਟਕੇ ਮਹਿਂ ਆਮਿਖ ਅਹਿਹੀ।
ਹਮਰੇ ਦੇਖਤਿ ਇਨਹਿਂ ਸਵਾਰਾ। ਪਾਇ ਬੀਚ ਪਾਵਕ ਕੋ ਬਾਰਾ॥ ੨੦॥

ਤਦ ਜਿਸ ਬ੍ਰਾਹਮਣ ਨੇ ਵੇਖਿਆ ਸੀ ਉਹ ਕਹਿਣ ਲੱਗਾ, "ਇਸ ਮਟਕੇ ਵਿਚ ਮਾਸ ਹੈ। ਸਾਡੇ ਵੇਖਦਿਆਂ ਹੀ ਇਨ੍ਹਾਂ ਤਿਆਰ ਕੀਤਾ ਹੈ, ਮਟਕੇ ਵਿਚ ਪਾ ਕੇ ਇਨ੍ਹਾਂ ਅੱਗ ਬਾਲੀ ਹੈ॥ ੨੦॥

ਮਾਰਹੁ ਇਸੇ ਨ ਲਾਵਹੁ ਬੇਰਾ। ਅਸੁ ਕੁਕਾਜ ਕੋ ਕਰੈ ਨ ਫੇਰਾ।
ਧਰਮ ਰੀਤਿ ਇਨ ਦੀਨਿ ਬਿਗਾਰੀ ॥ਅਘ ਨ ਹੋਤਿ ਐਸਨ ਕੋ ਮਾਰੀ' ॥੨੧॥

ਇਸ ਨੂੰ ਮਾਰੋ, ਦੇਰ ਨਾ ਲਾਵੋ, ਐਸਾ ਕੁਕਾਜ ਇਹ ਫਿਰ ਦੁਬਾਰਾ ਨਾ ਕਰੇ। ਇਸ ਧਰਮ ਦੀ ਰੀਤੀ ਵਿਗਾੜ ਦਿੱਤੀ ਹੈ, ਇਸ ਨੂੰ ਮਾਰਨ ਨਾਲ ਕੋਈ ਪਾਪ ਨਹੀਂ ਲਗੇਗਾ" ॥ ੨੧॥

ਦੋਹਰਾ- ਗੁਰੂ ਕਹੈਂ 'ਬਲ ਕਰਹੁ ਜੇ, ਹਤਨ ਬਿਖੈ ਹਿਤ ਹੋਇ।
ਜਿਉਂ ਮਨ ਹੈ ਤਿਉਂ ਕਰੋ ਅਬ ਬਰਜਤਿ ਇਹਾਂ ਨ ਕੋਇ॥ ੨੨॥

ਗੁਰੂ ਜੀ ਨੇ ਕਿਹਾ, "ਬਲ ਨਾਲ ਮਾਰ ਦੇਣ ਵਿਚ ਹੀ ਜੇ ਪ੍ਰੇਮ ਹੈ ਤਾਂ ਜਿਵੇਂ ਮਨ ਹੈ ਤਿਵੇਂ ਕਰੋ, ਤੁਹਾਨੂੰ ਰੋਕਣ ਵਾਲਾ ਏਥੇ ਕੋਈ ਨਹੀਂ ਹੈ॥ ੨੨॥

ਚੌਪਈ- ਜੇ ਤੁਮ ਹਮ ਸੋਂ ਚਰਚਾ ਕਰਨੀ। ਧਰਮ ਅਧਰਮ ਰੀਤਿ ਜਿਉਂ ਬਰਨੀ।
ਤੌ ਪੰਡਤ ਸਭਿ ਮਿਲਿ ਸੰਨਜਾਸੀ। ਆਇ ਕਰਹੁ ਚਰਚਾ ਹਮ ਪਾਸੀ' ॥੨੩॥

ਜੇ ਤੁਸੀਂ ਸਾਡੇ ਨਾਲ ਚਰਚਾ ਕਰਨੀ ਹੈ ਤਾਂ ਧਰਮ ਅਧਰਮ ਦੀ ਜਿਵੇਂ ਸ੍ਰੇਸ਼ਟ ਰੀਤੀ ਹੈ, ਸਾਰੇ ਪੰਡਿਤ ਅਤੇ ਸੰਨਿਆਸੀ ਮਿਲ ਕੇ ਆਵੋ ਤੇ ਮੇਰੇ ਨਾਲ ਆ ਕੇ ਚਰਚਾ ਕਰੋ" ॥ ੨੩ ॥

ਸੁਨੇ ਸਧੀਰਜ ਬਚਨਾ ਜਬ ਹੀ। ਮਿਲਿ ਆਏ ਪੰਡਿਤ ਜੇ ਸਭਿਹੀ।
ਬਿੱਦਜਾਵਾਨ ਹੁਤੇ ਸੰਨਜਾਸੀ। ਅਪਰ ਲੋਕ ਆਏ ਬਹੁ ਪਾਸੀ ॥ ੨੪ ॥

ਜਦ ਸ੍ਰੇਸ਼ਟ ਧੀਰਜ ਭਰੇ ਬਚਨ ਸੁਣੇ ਤਾਂ ਸਾਰੇ ਪੰਡਿਤ ਮਿਲ ਕੇ ਆ ਗਏ। ਜਿਹੜੇ ਵਿਦਿਆਵਾਨ ਸੰਨਿਆਸੀ ਵੀ ਸਨ ਅਤੇ ਹੋਰ ਲੋਕ ਵੀ ਸਾਰੇ ਪਾਸੇ ਆ ਗਏ ॥ ੨੪ ॥

ਇਕ ਨਾਨੂੰ ਸੋ ਪੰਡਿਤ ਭਾਰੀ। ਕੀਨਿ ਦਿਗ ਬਿਜੈ ਜਗਤ ਮਝਾਰੀ।
ਪਢਜੋ ਭਵਿੱਖਤ ਜੁਊ ਪੁਰਾਨਾ। ਜਿਹ ਮਹਿਂ ਸ੍ਰੀ ਗੁਰ ਸੁਜਸ ਮਹਾਨਾ ॥੨੫॥

ਇਕ ਨਾਨੂੰ ਨਾਂ ਦਾ ਵੱਡਾ ਪੰਡਿਤ ਸੀ, ਜਿਸ ਨੇ ਚਰਚਾ ਵਿਚ ਦਿਗਵਿਜੇ ਭਾਵ ਵਿਦਿਆ ਵਿਚ ਸਾਰੇ ਫਿਰ ਕੇ ਜਿੱਤ ਪ੍ਰਾਪਤ ਕੀਤੀ ਸੀ, ਜੋ ਪੁਰਾਣਾ ਭਵਿਖ ਵੀ ਪੜ੍ਹਿਆ ਹੋਇਆ ਸੀ ਅਤੇ ਉਸ ਇਹ ਵੀ ਪੜ੍ਹਿਆ ਸੀ ਕਿ ਭਵਿਖ ਵਿਚ ਗੁਰੂ ਨਾਨਕ ਜੀ ਦਾ ਮਹਾਨ ਅਤੇ ਸ੍ਰੇਸ਼ਟ ਜੱਸ ਹੋਵੇਗਾ ॥ ੨੫ ॥

ਅਪਨ ਆਪ ਕੋ ਸੋ ਲਖਿਪਾਵਾ। ਨਾਮ ਸੁ 'ਨਾਨਕ ਚੰਦ' ਧਰਾਵਾ।
ਸ੍ਰੀ ਨਾਨਕ ਕਲਿ ਹ੍ਵੈ ਅਵਤਾਰਾ। ਬਹੁਤ ਨਰਨ ਕੋ ਕਰਹਿ ਉਧਾਰਾ ॥੨੬॥

ਜਿਹੜਾ ਆਪਣੇ ਆਪ ਹੀ ਜਾਣ ਗਿਆ ਸੀ ਕਿ ਜਿਸ ਮਨੁੱਖ ਨੇ ਨਾਨਕ ਚੰਦ ਨਾਮ ਧਰਾਇਆ ਹੈ, ਉਹ ਸ੍ਰੀ ਨਾਨਕ ਜੀ ਕਲਜੁਗ ਵਿਚ ਪ੍ਰਭੂ ਦਾ ਅਵਤਾਰ ਹੋਵੇਗਾ ਅਤੇ ਉਹ ਬਹੁਤ ਮਨੁੱਖਾਂ ਦਾ ਉਧਾਰ ਕਰੇਗਾ ॥ ੨੬ ॥

ਸਿਮਰਨ ਨਾਮ ਭਗਤਿ ਬਿਸਤਾਰਹਿ। ਦੰਭ ਕੁਕਰਮ ਸਰਬ ਨਿਰਵਾਰਹਿ।
ਅਸ ਮਨ ਜਾਨਿ ਨਾਮ ਨਿਜ ਧਰਿਕੈ। ਸੁਜਸ ਬਿਥਾਰਤਿ ਬਚਨ ਉਚਰਿਕੇ ॥੨੭॥

ਨਾਮ ਦਾ ਸਿਮਰਨ ਕਰਵਾ ਕੇ ਉਹ ਭਗਤੀ ਦਾ ਵਿਸਥਾਰ ਕਰੇਗਾ, ਪਖੰਡ ਅਤੇ ਕੁਕਰਮਾਂ ਦਾ ਨਾਸ਼ ਕਰੇਗਾ। ਇਸ ਤਰ੍ਹਾਂ ਮਨ ਵਿਚ ਜਾਣ ਕੇ ਤੇ ਨਾਮ ਆਪਣਾ ਧਰ ਕੇ, ਬਚਨ ਉਚਾਰ ਕੇ ਸ੍ਰੇਸ਼ਟ ਜੱਸ ਵਿਸਤਾਰਿਤ ਕਰੇਗਾ ॥ ੨੭ ॥

ਸੋ ਭੀ ਆਇ ਗਯੋ ਤਿਹਕਾਲਾ। ਭਈ ਭੀਰ ਇਸ ਥਾਨ ਬਿਸਾਲਾ।
ਸ੍ਰੀ ਨਾਨਕ ਤਬ ਬੈਨ ਉਚਾਰੇ। 'ਕੋ ਆਮਿਖ ਹੈ ਮਤੇ ਤੁਮਾਰੇ ॥ ੨੮ ॥

ਉਹ ਵੀ ਉਸ ਸਮੇਂ ਓਥੇ ਆ ਗਿਆ। ਉਸ ਥਾਂ ਵੱਡੀ ਭੀੜ ਹੋ ਗਈ। ਤਦ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਤੁਹਾਡੇ ਮਤੇ ਵਿਚ ਕੋਈ ਮਾਸ ਹੈ ॥ ੨੮ ॥

ਬ੍ਰਹਮਣ ਕੋ ਇਹ ਧਰਮ ਅਲਾਵੈ। ਬੇਦ ਪੜੇ ਅਰ ਯੱਗਜ ਕਰਾਵੈ ।
ਛੱਤ੍ਰੀ ਧਰਮ ਜੁੱਧ ਹਿਤ ਧਰਨਾ। ਆਮਿਖ ਸੰਗ ਯੱਗਜ ਕੋ ਕਰਨਾ ॥੨੯॥

ਬ੍ਰਾਹਮਣ ਦਾ ਇਹ ਧਰਮ ਕਹਿੰਦੇ ਹਨ ਕਿ ਉਸ ਨੇ ਵੇਦ ਪੜ੍ਹਨੇ ਹਨ ਅਤੇ ਯੱਗ ਕਰਵਾਉਣੇ ਹਨ। ਛੱਤਰੀ ਦਾ ਧਰਮ ਹੈ ਕਿ ਉਹ ਯੁੱਧ ਨਾਲ ਹਿਤ ਧਾਰਨ ਕਰੇ, ਮਾਸ ਨਾਲ ਯੱਗ ਕਰੇ ॥ ੨੯ ॥

ਹਮ ਨਿਜ ਧਰਮ ਬਿਖੈ ਹੈਂ ਠਾਂਢੇ। ਤੁਮਨੈ ਪੇਖਤਿ ਕਿਉ ਰਿਸ ਬਾਢੇ?'
ਸੁਨਿ ਕਰਿ ਬੋਲੇ ਪੰਡਿਤ ਸਭਿ ਹੀ। 'ਖੱਤ੍ਰੀ ਨਿਕਟ ਸ਼ਸਤ੍ਰ ਹ੍ਵੈ ਸਦ ਹੀ ॥੩੦॥

ਅਸੀਂ ਆਪਣੇ ਨਿਜੀ ਧਰਮ ਵਿਚ ਖੜੇ ਹਾਂ, ਤੁਸੀਂ ਵੇਖ ਕੇ ਕਿਉਂ ਗੁੱਸਾ ਕੀਤਾ ਹੈ ?'' ਤਦ ਸਾਰੇ ਬ੍ਰਾਹਮਣ ਸੁਣ ਕੇ ਬੋਲੇ, ''ਖੱਤਰੀ ਪਾਸ ਸਦਾ ਸ਼ਸਤਰ ਹੁੰਦੇ ਹਨ॥ ੩੦॥

ਚੌਪਈ- ਤੁਮ ਨੇ ਬੇਖ ਫਕੀਰੀ ਲੀਨੋ। ਬਿਨਾ ਸ਼ਸਤ੍ਰ ਕਿਉਂ ਛੱਤ੍ਰੀ ਚੀਨੋ'।
ਗੁਰੂ ਕਹੈਂ 'ਆਯੁਧ ਹਮ ਪਾਸੂ। ਉਚਰਹਿਂ ਨਾਮ ਸੁਨਹੁ ਮੈਂ ਤਾਸੂ ॥੩੧॥

ਤੁਸੀਂ ਫਕੀਰ ਭੇਸ ਧਾਰਨ ਕੀਤਾ ਹੈ, ਬਿਨਾਂ ਸ਼ਸਤਰ ਤੋਂ ਕਿਵੇਂ ਛਤਰੀ ਸਮਝਾਂਗੇ ?'' ਗੁਰੂ ਜੀ ਨੇ ਕਿਹਾ, ''ਸਾਰੇ ਹਥਿਆਰ ਸਾਡੇ ਪਾਸ ਹਨ। ਜਿਸ ਹਥਿਆਰ ਦਾ ਨਾਂ ਲਵੋਗੇ, ਓਹੋ ਮੈਂ ਕਹਾਂਗਾ॥ ੩੧॥

ਤੀਛਨ ਖੜਗ ਨਾਮ ਕਰਤਾਰਾ। ਸਤਿਸੰਗਤਿ ਹਿਤ ਧਨੁਖ ਸੁ ਭਾਰਾ।
ਸਮ ਦਮ ਆਦਿਕ ਬਾਣ ਬਿਸਾਲਾ। ਮ੍ਰਿਗ ਰੂਪੀ ਮਨ ਹਤਿ ਤਤਕਾਲਾ ॥੩੨॥

ਕਰਤਾਰ ਦਾ ਨਾਮ ਤਿੱਖੀ ਤਲਵਾਰ ਹੈ। ਸਤਿਸੰਗਤ ਭਾਰੀ ਧਨੁਖ ਹੈ। ਸਮ ਦਮ ਆਦਿ ਤੀਰ ਹਨ। ਮਿਰਗ ਰੂਪੀ ਮਨ ਨੂੰ ਝੱਟ ਮਾਰ ਲੈਂਦਾ ਹੈ॥ ੩੨॥

ਬ੍ਰਹਮ ਅਗਨਿ ਮਹਿਂ ਹੋਮ ਸੋ ਕਰਿ ਹੀਂ। ਨਿਤਾਪ੍ਰਤਿ ਐਸੇ ਹਿਤ ਧਰਿ ਹੀ'।
ਸੁਨਿ ਪੰਡਿਤ ਪੁਨ ਬਚਨ ਉਚਾਰਾ। 'ਤੁਮ ਤੇ ਪ੍ਰਗਟ ਮਿਰਗ ਕੋ ਮਾਰਾ ॥੩੩॥

ਬ੍ਰਹਮ ਅਗਨੀ ਵਿਚ ਉਹ ਹੋਮ ਕਰਦਾ ਹੈ ਅਤੇ ਸਦਾ ਇਸ ਤਰ੍ਹਾਂ ਧਰਦਾ ਹੈ।'' ਇਹ ਸੁਣ ਪੰਡਿਤ ਨੇ ਬਚਨ ਕਿਹਾ, ''ਤੁਸੀਂ ਤਾਂ ਪ੍ਰਗਟ ਰੂਪ ਵਿਚ ਮਿਰਗ ਨੂੰ ਮਾਰਿਆ ਹੈ॥ ੩੩॥

ਰੀਧਤਿ ਹੋ ਅਬ ਦੇਗ ਚਢਾਏ। ਹਮ ਕੋ ਔਰਹਿ ਰੀਤਿ ਬਤਾਏ'।
ਕਮਲ ਬਦਨ ਬੋਲੇ 'ਸੁਨਿ ਕਾਨਾ। ਚਤੁਰ ਬੇਦ ਇਸ ਭਾਂਤਿ ਬਖਾਨਾ ॥੩੪॥

ਹੁਣ ਦੇਗ ਚੜ੍ਹਾ ਕੇ ਉਸ ਨੂੰ ਰਿੰਨ੍ਹਿਆ ਹੈ, ਸਾਨੂੰ ਹੋਰ ਹੀ ਰੀਤੀ ਦੱਸਦੇ ਹੋ।'' ਕਮਲ ਮੁੱਖ ਫਿਰ ਬੋਲੇ, ''ਕੰਨ ਲਾ ਕੇ ਸੁਣੋ, ਚਾਰੇ ਵੇਦਾਂ ਵਿਚ ਇਸ ਪ੍ਰਕਾਰ ਕਿਹਾ ਗਿਆ ਹੈ॥ ੩੪॥

ਆਖੇਰ ਬ੍ਰਿਤਿ ਖੱਤ੍ਰਿਨ ਕੈ ਕਰਨੀ। ਕਥਾ ਜੁਗਨ ਚਾਰੋ ਮਹਿਂ ਬਰਨੀ।
ਜੇ ਹੰਕਾਰੀ ਨਰ ਜਗ ਮਾਂਹੀ। ਹਿੰਸਾ ਕੋ ਅਘ ਲਾਗਹਿ ਤਾਂਹੀ॥ ੩੫॥

ਆਖਿਰ ਖਤਰੀਆਂ ਨੇ ਸ਼ਿਕਾਰ ਖੇਡਣਾ ਹੈ, ਇਹ ਕਥਾ ਚਾਰੇ ਜੁਗਾਂ ਵਿਚ ਚਲਦੀ ਰਹੀ ਹੈ। ਜਗ ਵਿਚ ਜਿਹੜੇ ਹੰਕਾਰੀ ਪੁਰਸ਼ ਹਨ, ਹਿੰਸਾ ਦਾ ਪਾਪ ਉਨ੍ਹਾਂ ਨੂੰ ਲੱਗਦਾ ਹੈ॥ ੩੫॥

ਹੰਤਾ ਖੋਇ ਭਏ ਜੇ ਗ੍ਯਾਨੀ। ਸਰਬ ਦ੍ਵੈਤ ਜੋ ਰਿਦੇ ਮਿਟਾਨੀ।
ਪੂਰਨ ਸੱਤਿ ਆਤਮਾ ਜਾਨਹਿਂ। ਜਗਤ ਅਸੱਤਿ ਸਦਾ ਪਹਿਚਾਨਹਿਂ॥ ੩੬॥

ਹੰਕਾਰ ਗਵਾ ਕੇ ਜਿਹੜਾ ਗਿਆਨੀ ਹੁੰਦਾ ਹੈ, ਸਾਰੇ ਦ੍ਵੈਤ ਜੋ ਹਿਰਦੇ ਤੋਂ ਮਿਟਾ ਲੈਂਦਾ ਹੈ, ਪੂਰਨ ਸਤ ਆਤਮਾ ਨੂੰ ਜਾਣੇ, ਜਗਤ ਨੂੰ ਸਦਾ ਝੂਠ ਪਹਿਚਾਣੇ॥ ੩੬॥

ਤੀਨ ਕਾਲ ਜਿਹ ਜਗਤ ਅਭਾਊ। ਤਿਨ ਕੋ ਦੋਸ਼ ਨ ਲਾਗਹਿ ਕਾਊ।
ਜੋ ਅੱਗ੍ਯਾਨੀ ਨਰ ਮਤਿ ਮੰਦੇ। ਵਰਨਾ ਸ੍ਰਮ ਕੇ ਧਰਮਹਿਂ ਫੰਧੇ॥ ੩੭॥

ਜਿਨ੍ਹਾਂ ਜਗਤ ਨੂੰ ਤਿੰਨ ਕਾਲ ਅਣਹੋਇਆ ਮੰਨਿਆ ਹੈ, ਉਨ੍ਹਾਂ ਨੂੰ ਕੋਈ ਦੋਸ਼ ਨਹੀ ਲਗਦਾ। ਜਿਹੜੇ ਅਗਿਆਨੀ ਮਨੁੱਖ ਮਾੜੀ ਮੱਤ ਵਾਲੇ ਹਨ, ਜਾਤਾਂ ਪਾਤਾਂ ਤੇ ਧਰਮ ਦੇ ਫੰਦਿਆਂ ਵਿਚ ਫਸੇ ਹੋਏ ਹਨ॥ ੩੭॥

ਅੰਤਰ ਮਨ ਚਾਹਤਿ ਰਸ ਖਾਵਨ। ਵਹਿਰ ਤਜਹਿਂ ਹਿਤ ਲੋਕ ਦਿਖਾਵਨਿ।

ਸੇ ਮਰ ਜਨਮਹਿ ਜਗ ਕੇ ਮਾਂਹੀ। ਕਬਹੂੰ ਹੋਤਿ ਛੁਟਕਾਰਾ ਨਾਂਹੀ ॥ ੩੮ ॥

ਅੰਦਰਲਾ ਮਨ ਸਵਾਦੀ ਭੋਜਨ ਖਾਣਾ ਚਾਹੁੰਦਾ ਹੈ, ਪਰ ਬਾਹਰ ਲੋਕਾਂ ਨੂੰ ਵਿਖਾਉਣ ਵਾਸਤੇ ਛੱਡ ਦਿੰਦੇ ਹਨ। ਉਹ ਜਗਤ ਵਿਚ ਬਾਰ-ਬਾਰ ਜਨਮ ਲੈਂਦੇ ਹਨ, ਉਨ੍ਹਾਂ ਦਾ ਕਦੀ ਛੁਟਕਾਰਾ ਨਹੀਂ ਹੁੰਦਾ'' ॥ ੩੮ ॥

ਦੋਹਰਾ- ਇਸ ਪ੍ਰਕਾਰ ਕਹਿ ਸਭਿਨਿ ਸੋਂ ਉਚਰਜੋ ਬਹੁਰ ਸ਼ਲੋਕ।
ਮਨ ਬਿਕਾਰ ਤਿਨ ਪ੍ਰਗਟ ਕਿਯ ਸੁਨਤਿ ਬ੍ਰਿੰਦ ਤਹਿਂ ਲੋਕ ॥ ੩੯ ॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਫਿਰ ਸਾਰਿਆਂ ਦੇ ਸਾਹਮਣੇ ਇਕ ਸਲੋਕ ਦਾ ਉਚਾਰਨ ਕੀਤਾ। ਮਨ ਦੇ ਵਿਕਾਰ ਤਿੰਨਾਂ ਨੂੰ ਪ੍ਰਗਟ ਕੀਤੇ, ਸਾਰੇ ਲੋਕ ਇਕੱਠੇ ਹੋ ਕੇ ਸੁਣਦੇ ਹਨ ॥ ੩੯ ॥

*ਸਲੋਕ ਮ: ੧ ॥*

*ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥*
*ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥*
*ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥*
*ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥*
*ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥*
*ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥*
*ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥*
*ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥ ੧ ॥* (ਪੰਨਾ ੧੨੮੯)

ਪਹਿਲਾਂ ਆਦਮੀ ਮਾਸ ਅੰਦਰ ਉਪਜਦਾ ਹੈ ਅਤੇ ਮੁੜ ਮਾਸ ਅੰਦਰ ਹੀ ਵੱਸਦਾ ਹੈ। ਜਦ ਮਨੁੱਖ ਵਿਚ ਜਾਨ ਪੈਂਦੀ ਹੈ ਅਤੇ ਉਸ ਨੂੰ ਮਾਸ ਦਾ ਮੂੰਹ ਮਿਲਦਾ ਹੈ ਅਤੇ ਉਸ ਦੀਆਂ ਹੱਡੀਆਂ, ਖੱਲ ਅਤੇ ਦੇਹ ਮਾਸ ਦੀਆਂ ਬਣੀਆਂ ਹੁੰਦੀਆਂ ਹਨ।

ਜਦ ਉਸ ਨੂੰ ਮਾਸ ਦੀ ਕੁੱਖ ਵਿਚੋਂ ਬਾਹਰ ਕੱਢਿਆਂ ਜਾਂਦਾ ਹੈ ਤਾਂ ਉਸ ਨੂੰ ਮਾਸ ਦੇ ਥਣਾਂ ਵਿਚੋਂ ਮਾਸ ਦੀ ਘੁਟ ਮਿਲਦੀ ਹੈ। ਉਸ ਦਾ ਮੂੰਹ ਮਾਸ ਦਾ ਹੈ, ਉਸ ਦੀ ਜੀਭ ਮਾਸ ਦੀ ਹੈ ਅਤੇ ਉਸ ਦਾ ਸਾਹ ਮਾਸ ਵਿਚ ਹੈ। ਜਦ ਵੱਡਾ ਹੋਇਆ ਤਾਂ ਵਿਆਹਿਆ ਗਿਆ ਤਾਂ ਉਹ ਮਾਸ ਦੀ ਵਹੁਟੀ ਆਪਣੇ ਘਰ ਲੈ ਆਉਂਦਾ ਹੈ। ਮਾਸ ਤੋਂ ਹੀ ਮਾਸ ਪੈਦਾ ਹੁੰਦਾ ਹੈ ਅਤੇ ਆਦਮੀ ਦੇ ਸਾਰੇ ਸਾਕ ਸੰਬੰਧੀ ਵੀ ਮਾਸ ਦੇ ਬਣੇ ਹੋਏ ਹਨ। ਜਦ ਮਨੁੱਖ ਸੱਚੇ ਗੁਰੂ ਨੂੰ ਮਿਲ ਪੈਂਦਾ ਹੈ, ਉਹ ਪ੍ਰਭੂ ਦੀ ਰਜ਼ਾ ਨੂੰ ਜਾਣ ਲੈਂਦਾ ਹੈ ਅਤੇ ਕੇਵਲ ਤਦ ਹੀ ਉਸ ਦਾ ਸੁਧਾਰ ਹੁੰਦਾ ਹੈ। ਆਪਣੇ ਆਪ ਰਿਹਾਅ ਕਰਨ ਨਾਲ ਇਨਸਾਨ ਰਿਹਾਅ ਨਹੀਂ ਹੁੰਦਾ। ਹੇ ਨਾਨਕ ! ਨਿਰੀਆਂ ਗੱਲਾਂ ਨਾਲ ਮਨੁੱਖ ਬਰਬਾਦ ਹੋ ਜਾਂਦਾ ਹੈ ॥ ੧ ॥

ਦੋਹਰਾ- 'ਜਨਮਾਦਿਕ ਤੇ ਅਪਰ ਜੋ ਮਾਸਹੁਂ ਸੱਭੇ ਹੋਇ।
ਬਿਨਾ ਮਾਸ ਨਹਿਂ ਹੈ ਕਛੂ ਹੋਇ ਤ ਉਚਰਹੁ ਕੋਇ ॥ ੪੦ ॥

''ਜਨਮ ਆਦਿ ਤੇ ਹੋਰ ਜੀਵ ਮਾਸ ਤੋਂ ਪੈਦਾ ਹੁੰਦੇ ਹਨ, ਮਾਸ ਤੋਂ ਬਗੈਰ ਕੁਝ ਨਹੀਂ ਹੈ, ਜੇ ਕੁਝ ਹੈ ਤਾਂ ਕੋਈ ਉਚਾਰਨ ਕਰੇ ॥ ੪੦ ॥

ਗਹਿ ਵਿਰਾਗ ਜੋ ਉਰ ਬਿਖੇ ਸਤਿਗੁਰ ਕੇ ਢਿਗ ਜਾਇ।
ਤਾਂਕੋ ਦੇ ਉਪਦੇਸ਼ ਜਥਿ ਭੇਦਹਿਂ ਸਰਬ ਲਖਾਇ ॥ ੪੧ ॥

ਹਿਰਦੇ ਵਿਚ ਵਿਰਾਗ ਧਾਰਨ ਕਰਕੇ ਜੋ ਕੋਈ ਸਤਿਗੁਰ ਪਾਸ ਜਾਇ, ਸਤਿਗੁਰੂ ਉਸ ਨੂੰ ਉਪਦੇਸ਼ ਦੇ ਕੇ ਸਾਰਾ ਭੇਦ ਦੱਸ ਦਿੰਦੇ ਹਨ ॥ ੪੧ ॥

ਦੋਹਰਾ- ਤਨ ਕੋ ਜਾਨਹਿ ਭਿੰਨ, ਪੁਨਿ ਚੇਤਨ ਭਿੰਨ ਦਿਖਾਇ।
ਸੱਤਿ ਆਤਮਾ ਜਾਨਹੀ, ਦੇਹਿ ਅਨਿੱਤ ਸਦਾਇ॥ ੪੨॥

ਸਰੀਰ ਨੂੰ ਵੱਖਰਾ ਜਾਣਦਾ ਹੈ, ਫਿਰ ਅੰਦਰਲੀ ਚੇਤਨ ਸੱਤਾ ਨੂੰ ਵੀ ਵੱਖਰਾ ਜਾਣਦਾ ਹੈ। ਆਤਮਾ ਨੂੰ ਸੱਚੀ ਜਾਣਦਾ ਹੈ ਅਤੇ ਸਰੀਰ ਨੂੰ ਸਦਾ ਆਰਜੀ ਜਾਣਦਾ ਹੈ॥ ੪੨॥

ਸਤਿ ਅਸਤਿ ਸਨਬੰਧ ਜੋ ਕਛੂ ਨ ਜਾਨਹੁ ਕੋਇ।
ਜੈਸੇ ਸਵਿਤਾ ਤਿਮਰ ਕੋ ਨੇਰ ਨ ਕਬਹੂੰ ਹੋਇ॥ ੪੩॥

ਸੱਚ ਝੂਠ ਦੇ ਜੋ ਸਬੰਧ ਹਨ, ਉਹ ਕਦੀ ਵੀ ਕੋਈ ਜਾਣ ਨਹੀਂ ਸਕਦਾ। ਜਿਵੇਂ ਸੂਰਜ ਦਾ ਅਤੇ ਹਨੇਰੇ ਦਾ ਕਦੇ ਮੇਲ ਨਹੀਂ ਹੁੰਦਾ॥ ੪੩॥

ਆਪਹੁ ਕੋਊ ਨ ਜਾਨਈ ਬਿਨ ਸਤਿਗੁਰ ਉਪਦੇਸ਼।
ਇਸ ਪ੍ਰਕਾਰ ਕਹਿ ਸਭਿਨਿ ਕੋ ਤੂਸ਼ਨ ਭੇ ਜਗਤੇਸ਼॥ ੪੪॥

ਸਤਿਗੁਰ ਦੇ ਉਪਦੇਸ਼ ਬਗੈਰ ਕੋਈ ਆਪਣੇ ਆਪ ਜਾਣ ਨਹੀਂ ਸਕਦਾ।'' ਸਾਰਿਆਂ ਨੂੰ ਇਸ ਤਰ੍ਹਾਂ ਕਹਿ ਕੇ ਗੁਰੂ ਜੀ ਚੁੱਪ ਹੋ ਗਏ॥ ੪੪॥

ਪੰਡਿਤ ਸੰਨਿਆਸੀ ਬਹੁਤ ਉੱਤਰ ਆਇ ਨ ਕੋਇ।
ਪਿਖਹਿਂ ਪਰਸਪਰ ਬਦਨ ਨਿਜ ਸਨਮੁਖ ਹੋਇ ਨ ਸੋਇ॥ ੪੫॥

ਓਥੇ ਬਹੁਤ ਬ੍ਰਾਹਮਣ ਅਤੇ ਸੰਨਿਆਸੀ ਇਕੱਠੇ ਹੋਏ ਸਨ, ਪਰ ਕਿਸੇ ਨੂੰ ਜਵਾਬ ਨਹੀਂ ਸੀ ਆਉਂਦਾ। ਗੁਰੂ ਜੀ ਦੇ ਮੁੱਖ ਵੱਲ ਲਗਾਤਾਰ ਵੇਖ ਰਹੇ ਸਨ, ਪਰ ਉਨ੍ਹਾਂ ਦੇ ਸਾਹਮਣੇ ਨਹੀਂ ਸਨ ਹੁੰਦੇ॥ ੪੫॥

ਸੰਨਿਆਸੀ ਨਿਜ ਕਹਿਤਿ ਭੇ ਕੇਤਿਕ ਕਾਲ ਬਿਤਾਇ।
'ਨਾਨਕ ਚੰਦ! ਪੰਡਿਤ ਬਡੋ ਤੈਂ ਜੀਤਯੋ ਜਗ ਜਾਇ॥ ੪੬॥

ਕਾਫੀ ਸਮੇਂ ਬਾਅਦ ਸੰਨਿਆਸੀ ਆਪਣੇ ਪੰਡਿਤ ਨਾਨੂੰ ਨੂੰ ਕਹਿਣ ਲੱਗੇ, ''ਹੇ ਪੰਡਿਤ ਨਾਨਕ ਚੰਦ ਜੀ! ਤੁਸੀ ਵੱਡੇ ਵਿਦਵਾਨ ਹੋ। ਤੁਸੀਂ ਜਾ ਕੇ ਸਾਰਾ ਜੱਗ ਜਿੱਤ ਲਿਆ ਹੈ।

ਨੋਟ:-ਨਾਨੂੰ ਪੰਡਿਤ ਨੇ ਵੇਦਾਂ ਵਿਚ ਪੜ੍ਹਿਆ ਸੀ ਕਿ ਕਲਿਜੁਗ ਵਿਚ ਨਾਨਕ ਨਾਮੀਂ ਅਵਤਾਰ ਪੈਦਾ ਹੋਵੇਗਾ, ਇਸ ਲਈ ਉਸ ਨੇ ਆਪਣਾ ਨਾਂ 'ਨਾਨਕ ਚੰਦ' ਰੱਖ ਲਿਆ ਸੀ, ਉਸ ਨੇ ਚਰਚਾ ਵਿਚ ਦਿਗਵਿਜੇ ਪ੍ਰਾਪਤ ਕੀਤੀ ਸੀ, ਭਾਵ ਸਾਰਾ ਜੱਗ ਜਿੱਤਿਆ ਸੀ॥ ੪੬॥

ਇਸ ਫਕੀਰ ਕੈ ਸਾਮੁਨੈ ਚਰਚਾ ਕਿਉਂ ਨ ਕਰੰਤਿ?।
ਬੇਤਾ ਅਗਮਾਨਿਗਮ ਕੋ ਸਭਿਹਿਨਿ ਮੈਂ ਮਤਿਵੰਤ'॥ ੪੭॥

ਇਸ ਫਕੀਰ ਦੇ ਸਾਹਮਣੇ ਤੁਸੀਂ ਚਰਚਾ ਕਿਉਂ ਨਹੀਂ ਕਰਦੇ ? ਵੇਦਾਂ ਸ਼ਾਸ਼ਤਰਾਂ ਨੂੰ ਜਾਣਨ ਵਾਲੇ ਤੁਸੀਂ ਵੱਡੇ ਬੁਧੀਵਾਨ ਹੋ''॥ ੪੭॥

ਚੌਪਈ- ਸੁਨਿ ਕਰਿ ਨਾਨੂੰ ਪੰਡਿਤ ਤਬਿਹੀ। ਬੋਲਯੋ ਸਭਿਹਿਨਿ ਪ੍ਰੇਰਯੋ ਜਬਹੀ।
ਸ੍ਰੀ ਗੁਰ ਕੇਰ ਪ੍ਰਤਾਪ ਦਬਾਵਾ। ਸਾਬਤ ਕੋਇ ਨ ਉੱਤਰ ਆਵਾ॥ ੪੮॥

ਜਦ ਸਾਰਿਆਂ ਨੇ ਪ੍ਰੇਰਿਆ, ਤਦ ਸੁਣ ਕੇ ਪੰਡਿਤ ਨਾਨੂੰ ਬੋਲਿਆ, ਗੁਰੂ ਜੀ ਦੇ ਪ੍ਰਤਾਪ ਦਾ ਵੱਡਾ ਦਬਾਅ ਸੀ, ਇਸ ਲਈ ਕਿਸੇ ਨੂੰ ਪੂਰਾ ਉੱਤਰ ਨਹੀ ਸੀ ਆਉਂਦਾ॥ ੪੮॥

'ਹੇ ਫਕੀਰ! ਤੈਂ ਕੀਨ ਕੁਕਰਮਾ। ਪੂਰਬ ਦਿਵਸ ਪੁਨ ਭਾਖਤਿ ਧਰਮਾ।
ਕਿਸ ਪ੍ਰਕਾਰ ਤੂੰ ਹਮੈਂ ਬਤਾਵੈਂ ?। ਜਿਹ ਸਭਿ ਸ਼ਾਸਤ੍ਰ ਦੋਸ਼ ਲਗਾਵੈਂ ॥੪੯॥

ਨਾਨੂੰ ਨੇ ਕਿਹਾ, "ਹੇ ਫਕੀਰ ! ਤੂੰ ਵੱਡਾ ਕੁਕਰਮ ਕੀਤਾ ਹੈ। ਅੱਜ ਤਿਉਹਾਰ ਦਾ ਦਿਹਾੜਾ ਹੈ, ਫਿਰ ਕਿਸ ਪ੍ਰਕਾਰ ਤੂੰ ਸਾਨੂੰ ਧਰਮ ਬਾਰੇ ਦੱਸ ਰਿਹਾ ਹੈਂ॥ ੪੯॥

ਦਾਨ ਸ਼ਨਾਨ ਪੁਜਿਬੇ ਕਾਲਾ। ਆਮਿਖ ਰੀਧਤਿ ਪਾਪ ਬਿਸਾਲਾ।
ਕੈਸੋ ਤੇਰੋ ਅਹੈ ਸਿਧਾਂਤਾ ?। ਉੱਤਰ ਦੇ ਨਤੁ ਹੁਇ ਹੈ ਪਾਤਾ ॥ ੫੦॥

ਅੱਜ ਦਾਨ, ਇਸ਼ਨਾਨ ਤੇ ਪੂਜਾ ਦਾ ਸਮਾਂ ਹੈ। ਮਾਸ ਰਿੰਨ੍ਹ ਕੇ ਤੂੰ ਵੱਡਾ ਪਾਪ ਕੀਤਾ ਹੈ। ਤੇਰੇ ਇਹ ਕਿਸ ਤਰ੍ਹਾਂ ਦਾ ਸਿਧਾਂਤ ਹੈ ? ਉੱਤਰ ਦੇਹ, ਨਹੀਂ ਤਾਂ ਤੇਰਾ ਨਾਸ਼ ਹੋ ਜਾਵੇਗਾ" ॥ ੫੦॥

ਦੋਹਰਾ-ਸਭਿ ਬਿਧਿ ਬੇਤਾ ਸਤਿਗੁਰੂ ਬੋਲੇ ਬਚ ਤਤਕਾਲ।
ਦ੍ਵਿਜ ਸੰਨ੍ਯਾਸੀ ਅਪਰ ਨਰ ਸੁਨਹਹਿਂ ਭੀਰ ਬਿਸਾਲ॥ ੫੧॥

ਸਭਿ ਵਿਧੀਆਂ ਵਿਚ ਨਿਪੁੰਨ ਸਤਿਗੁਰੂ ਜੀ ਨੇ ਤੁਰੰਤ ਬਚਨ ਕਹੇ। ਬ੍ਰਾਹਮਣ, ਸੰਨਿਆਸੀ ਅਤੇ ਹੋਰ ਮਨੁੱਖ ਵੱਡੀ ਗਿਣਤੀ ਵਿਚ ਖੜੇ ਸੁਣ ਰਹੇ ਸਨ॥ ੫੧॥

ਮ: ੧॥

*ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥*
*ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥*
*ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥*
*ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥*
*ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥*
*ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥*
*ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥*
*ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥*
*ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥*
*ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥*
*ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥*
*ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ॥*
*ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥*
*ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥*
*ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥*
*ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥*
*ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ॥*

ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥ ੨॥ (ਪੰਨਾ ੧੨੯੯)

ਮੂਰਖ ਮਾਸ, ਮਾਸ ਬਾਰੇ ਝਗੜਾ ਕਰਦੇ ਹਨ ਤੇ ਪ੍ਰਭੂ ਦੇ ਗਿਆਨ ਅਤੇ ਸਿਮਰਨ ਬਾਰੇ ਨਹੀ ਜਾਣਦੇ। ਉਨ੍ਹਾਂ ਨੂੰ ਪਤਾ ਨਹੀਂ ਕਿ ਕੌਣ ਮਾਸ ਹੈ ਅਤੇ ਕੌਣ ਸਾਗਪਾਤ ਹੈ ਅਤੇ ਕਿਸ ਵਿਚ ਪਾਪ ਸਮਾਇਆ ਹੈ। ਦੇਵਤਿਆਂ ਦੀ ਇਹ ਆਦਤ ਸੀ ਕਿ ਉਹ ਗੈਂਡਾ ਮਾਰ ਕੇ ਹਵਨ ਕਰਨ ਪਿਛੋਂ ਸਦਾਵਰਤ ਲਾਉਂਦੇ ਸਨ। ਜਿਹੜੇ ਮਾਸ ਨੂੰ ਛੱਡਦੇ ਹਨ ਉਹ ਜਦ ਮਾਸ ਦੇ ਨੇੜੇ ਬੈਠਦੇ ਹਨ ਤਾਂ ਨੱਕ ਨੂੰ ਫੜ ਲੈਂਦੇ ਹਨ। ਉਹ ਰਾਤ ਨੂੰ ਮਨੁੱਖ ਨੂੰ ਹੀ ਖਾ ਜਾਂਦੇ ਹਨ। ਉਹ ਪਖੰਡ ਕਰਦੇ ਹਨ ਅਤੇ ਲੋਕਾਂ ਸਾਹਮਣੇ ਵਿਖਾਵਾ ਕਰਦੇ ਹਨ, ਪਰ ਉਹ ਪ੍ਰਭੂ ਦੇ ਗਿਆਨ ਅਤੇ ਸਿਮਰਨ ਨੂੰ ਨਹੀਂ ਜਾਣਦੇ। ਹੇ ਨਾਨਕ ! ਅੰਨ੍ਹੇ ਇਨਸਾਨ ਨੂੰ ਕੀ ਆਖਿਆ ਜਾ ਸਕਦਾ ਹੈ ? ਉਹ ਉਤਰ ਦੇ ਨਹੀਂ ਸਕਦਾ ਅਤੇ ਕਹੇ ਹੋਏ ਨੂੰ ਸਮਝਦਾ ਨਹੀਂ ਹੈ।

ਕੇਵਲ ਉਹ ਹੀ ਅੰਨ੍ਹਾ ਹੈ, ਜੋ ਅੰਨ੍ਹੇ ਕੰਮ ਕਰਦਾ ਹੈ, ਉਸ ਦੀਆਂ ਆਤਮਕ ਅੱਖਾਂ ਨਹੀ ਹਨ। ਉਹ ਆਪਣੇ ਮਾਂ ਪਿਉ ਦੇ ਲਹੂ ਤੋਂ ਪੈਦਾ ਹੋਏ ਹਨ, ਫਿਰ ਵੀ ਉਹ ਮੱਛੀ ਅਤੇ ਮਾਸ ਨੂੰ ਨਹੀਂ ਖਾਂਦੇ। ਪਰ ਜਦ ਰਾਤ ਨੂੰ ਨਰ ਤੇ ਨਾਰੀ ਮਿਲਦੇ ਹਨ, ਓਥੇ ਉਹ ਮਾਸ ਨਾਲ ਹੀ ਭੋਗ ਕਰਦੇ ਹਨ। ਮਾਸ ਤੋਂ ਅਸੀ ਬਣੇ ਹਾਂ, ਮਾਸ ਤੋਂ ਅਸੀਂ ਪੈਦਾ ਹੋਏ ਹਾਂ, ਅਸੀਂ ਸਾਰੇ ਮਾਸ ਦੇ ਭਾਂਡੇ ਹਾਂ।

ਹੇ ਪੰਡਿਤ ! ਤੈਨੂੰ ਬ੍ਰਹਮ ਵੀਚਾਰ ਅਤੇ ਪ੍ਰਭੂ ਦੇ ਸਿਮਰਨ ਦਾ ਕੁਝ ਪਤਾ ਨਹੀ, ਫਿਰ ਵੀ ਆਪਣੇ ਆਪ ਨੂੰ ਚਤੁਰ ਕਹਾਉਂਦਾ ਹੈਂ। ਤੂੰ ਬਾਹਰਲੇ ਮਾਸ ਨੂੰ ਬੁਰਾ ਜਾਣਦਾ ਹੈਂ ਅਤੇ ਘਰ ਦੇ ਮਾਸ ਨੂੰ ਚੰਗਾ ਸਮਝਦਾ ਹੈਂ। ਸਾਰੇ ਜੀਵ ਜੰਤੂ ਮਾਸ ਤੋਂ ਪੈਦਾ ਹੋਏ ਹਨ ਅਤੇ ਆਤਮਾ ਨੇ ਵੀ ਮਾਸ ਵਿਚ ਹੀ ਵਸੇਬਾ ਕੀਤਾ ਹੈ। ਜਿਨ੍ਹਾਂ ਦਾ ਗੁਰੂ ਅੰਨ੍ਹਾ ਹੈ, ਉਹ ਨਾ ਖਾਣਯੋਗ ਨੂੰ ਖਾਂਦੇ ਹਨ ਅਤੇ ਖਾਣਯੋਗ ਛੱਡ ਦਿੰਦੇ ਹਨ। ਮਾਸ ਅੰਦਰ ਅਸੀ ਬਣੇ ਹਾਂ, ਮਾਸ ਤੋਂ ਹੀ ਪੈਦਾ ਹੋਏ ਹਾਂ ਅਤੇ ਮਾਸ ਦੇ ਅਸੀਂ ਭਾਂਡੇ ਹਾਂ। ਹੇ ਬ੍ਰਾਹਮਣ ! ਤੂੰ ਵਾਹਿਗੁਰੂ ਦੇ ਗਿਆਨ ਅਤੇ ਸਿਮਰਨ ਨੂੰ ਨਹੀਂ ਜਾਣਦਾ ਅਤੇ ਫਿਰ ਵੀ ਆਪਣੇ ਆਪ ਨੂੰ ਚਤੁਰ ਕਹਾਉਂਦਾ ਹੈਂ।

ਪੁਰਾਣਾਂ ਵਿਚ ਮਾਸ ਖਾਣ ਦੀ ਆਗਿਆ ਹੈ, ਹੋਰ ਮਜ਼ਹਬਾਂ ਦੀਆਂ ਕਿਤਾਬਾਂ ਵਿਚ ਵੀ ਮਾਸ ਖਾਣ ਦੀ ਖੁਲ੍ਹ ਹੈ ਅਤੇ ਚਾਰੇ ਯੁਗਾਂ ਅੰਦਰ ਮਾਸ ਵਰਤਿਆ ਜਾਂਦਾ ਰਿਹਾ ਹੈ। ਯੱਗਾਂ ਅਤੇ ਵਿਆਹਾਂ ਦੇ ਸਮਾਗਮਾਂ ਨੂੰ ਮਾਸ ਸੁਸ਼ੋਭਤ ਕਰਦਾ ਹੈ, ਉਨ੍ਹਾਂ ਨਾਲ ਇਸ ਦਾ ਸੰਬੰਧ ਹੈ। ਇਸਤਰੀ, ਪੁਰਖ ਅਤੇ ਮਹਾਰਾਜੇ ਮਾਸ ਤੋਂ ਉਤਪੰਨ ਹੁੰਦੇ ਹਨ।

ਤੈਨੂੰ ਜੇ ਉਹ ਨਰਕਾਂ ਨੂੰ ਜਾਂਦੇ ਦਿੱਸਦੇ ਹਨ ਤਦ ਤੈਨੂੰ ਉਨ੍ਹਾਂ ਪਾਸੋਂ ਦਾਨ ਨਹੀਂ ਲੈਣਾ ਚਾਹੀਦਾ। ਤੁਸੀਂ ਇਹ ਅਨਿਆਂ ਵੇਖੋ ਕਿ ਦਾਨ ਦੇਣ ਵਾਲਾ ਨਰਕਾਂ ਨੂੰ ਜਾਂਦਾ ਹੈ, ਪਰ ਲੈਣ ਵਾਲਾ ਸਵਰਗਾਂ ਨੂੰ ਜਾਂਦਾ ਹੈ। ਹੇ ਪੰਡਿਤ ! ਤੂੰ ਆਪ ਜਾਣਦਾ ਨਹੀ, ਪਰ ਲੋਕਾਂ ਨੂੰ ਸਮਝਾਉਂਦਾ ਹੈਂ। ਠੀਕ ਹੀ ਤੂੰ ਬੜਾ ਸਿਆਣਾ ਹੈਂ। ਹੇ ਬ੍ਰਾਹਮਣ ! ਤੈਨੂੰ ਪਤਾ ਹੀ ਨਹੀਂ ਕਿਥੋਂ ਮਾਸ ਉਤਪੰਨ ਹੁੰਦਾ ਹੈ। ਪਾਣੀ ਤੋਂ ਅਨਾਜ, ਗੰਨਾ ਅਤੇ ਕਪਾਹ ਪੈਦਾ ਹੋਏ ਹਨ ਅਤੇ ਪਾਣੀ ਤੋਂ ਹੀ ਤਿੰਨ ਜਹਾਨ ਉਤਪੰਨ ਹੋਏ ਗਿਣੇ ਜਾਂਦੇ ਹਨ। ਪਾਣੀ ਆਖਦਾ ਹੈ, "ਮੈਂ ਬਹੁਤ ਚੰਗਾ ਹਾਂ"। ਪਾਣੀ ਦੇ ਬਹੁਤ ਸਰੂਪ ਹਨ। ਨਾਨਕ ਵਿਚਾਰ ਕੇ ਕਹਿੰਦੇ ਹਨ, ਇਹ ਸਾਰੇ ਸੁਆਦ ਛੱਡ ਕੇ ਜੀਵ ਸੰਨਿਆਸੀ ਹੋ ਜਾਂਦਾ ਹੈ॥ ੨॥

ਚੌਪਈ- ਮਾਸ ਮਾਸ ਕਰਿਕੈ ਅਗਿਆਨੀ। ਮੂਰਖ ਝਗਰਹਿਂ ਆਨ ਗੁਮਾਨੀ।
ਗਯਾਨ ਬੈਨ ਕੋ ਸਮਝਹਿਂ ਨਾਂਹੀ। ਰਚੇ ਦੰਭ, ਨਿਜ ਮਾਨ ਬਧਾਹੀਂ ॥੫੨॥

ਮੂਰਖ ਅਗਿਆਨੀ ਬੜੇ ਘੁਮੰਡ ਵਿਚ ਆ ਕੇ ਮਾਸ-ਮਾਸ ਕਰਕੇ ਝਗੜਦੇ ਹਨ। ਉਹ ਗਿਆਨ ਦੇ ਬਚਨ ਸਮਝਦੇ ਨਹੀਂ ਹਨ। ਦੰਭ ਰਚ ਕੇ ਆਪਣਾ ਮਾਨ ਵਧਾਉਂਦੇ ਹਨ॥ ੫੨॥

ਆਤਮ ਰੂਪ ਭੁਲਾਵਣ ਜੋਈ। ਲਖਹਿਂ ਸੱਤਿ ਤਨ ਆਮਿਖ ਸੋਈ।
ਆਤਮ ਤੀਨੋ ਕਾਲ ਨਿਰਾਲਾ। ਲਿਪੈ ਨ ਕਿਹ ਤੇ ਰਹਤਿ ਉਜਾਲਾ ॥੫੩॥

ਜੋ ਆਤਮਾ ਰੂਪ ਤੋਂ ਭੁੱਲੇ ਹੋਏ ਹਨ, ਸੋਈ ਮਾਸ ਨੂੰ ਸੱਚਾ ਸਰੀਰ ਸਮਝਦੇ ਹਨ, ਪਰ ਇਹ ਨਹੀਂ ਜਾਣਦੇ ਕਿ ਆਤਮਾਂ ਤਿੰਨਾਂ ਕਾਲਾਂ ਵਿਚ ਹੀ ਵੱਖ ਹੈ। ਉਹ ਕਿਸੇ ਤਰ੍ਹਾਂ ਵੀ ਮੈਲੀ ਨਹੀਂ ਹੁੰਦੀ, ਸਦਾ ਉੱਜਲ ਰਹਿੰਦੀ ਹੈ॥ ੫੩॥

ਦੇਹਿ ਅਸੱਤਿ ਦਿਸਹਿ ਬਿਦਤਾਰੀ। ਆਇ ਜਿ ਪਰਾਰਬਧ ਅਨੁਸਾਰੀ।
ਲਖਿਕੈ ਸ਼ਾਸਤ੍ਰ ਵਿਧਿ ਸੰਜੁਗਤਾ। ਹ੍ਵੈ ਨਿਰਸ਼ੰਕ ਬਨਹਿ ਸੋ ਭੁਗਤਾ ॥੫੪॥

ਦੇਹ ਖਤਮ ਹੋ ਜਾਂਦੀ ਹੈ, ਇਹ ਗੱਲ ਪ੍ਰਗਟ ਹੈ, ਜਿਹੜੀ ਪਰਾਲਬਧ ਅਨੁਸਾਰ ਇਸ ਸੰਸਾਰ ਤੇ ਆਉਂਦੀ ਹੈ। ਚੰਗੀ ਵਿਧੀ ਅਨੁਸਾਰ ਸ਼ਾਸਤਰ ਵੇਖ ਕੇ ਉਸ ਦਾ ਭੋਗਣਹਾਰ ਸ਼ੰਕਾ-ਰਹਿਤ ਬਣਦਾ ਹੈ॥ ੫੪॥

ਸੋਊ ਸਾਕ ਲਖੋ ਉਰ ਮਾਂਹੀ। ਪਰਾਰਬਧ ਭੋਗਹਿ ਚਿਤ ਚਾਹੀ।
ਅਮਰ ਜਿ ਗਯਾਨੀ ਤਿਨ ਕੇ ਕਾਰਨ। ਗੈਂਡੇ ਅਸੁ ਆਦਿਕ ਪਸੁ ਮਾਰਨ ॥੫੫॥

ਉਸ ਨੂੰ ਹੀ ਹਿਰਦੇ ਵਿਚ ਸਾਗਪਾਤ ਸਮਝੋ, ਪਰਾਲਬਧ ਇੱਛਾ ਅਨੁਸਾਰ ਭੋਗਦੀ ਹੈ। ਦੇਵਤੇ ਜਿਹੜੇ ਵੱਡੇ ਗਿਆਨੀ ਹਨ, ਉਨ੍ਹਾਂ ਦੇ ਕਾਰਨ ਗੈਂਡੇ, ਘੋੜੇ ਆਦਿ ਪਸ਼ੂ ਮਾਰਦੇ ਹਨ॥ ੫੫॥

ਸੋ ਆਤਮ ਕੋ ਲਖਹਿਂ ਅਕਰਤੂ। ਸਦਾ ਅਭੁਗਤਾ ਚਿਤ ਇਉਂ ਧਰਤੂ।
ਭੋਗਨ ਧਰਮ ਪ੍ਰਾਣ ਕੋ ਜਾਨਹੁ। ਕਰਨੋ ਧਰਮ ਰਿਖੀਕ ਪਛਾਨਹੁ ॥੫੬॥

ਉਹ ਆਤਮਾ ਨੂੰ ਨਾ ਕਰਨ ਵਾਲਾ ਭਾਵ ਅਭੋ ਸਮਝਦੇ ਹਨ। ਚਿਤ ਵਿਚ ਸਦਾ ਨਾ ਭੋਗਣ ਵਾਲਾ ਧਾਰਨ ਕਰਦੇ ਹਨ। ਪ੍ਰਾਣਾਂ ਨੂੰ ਭੋਗਣਾ ਧਰਮ ਜਾਣੋ ਅਤੇ ਕਰਨਾ ਧਰਮ ਕਰਮ ਇੰਦਰੀਆਂ ਦਾ ਸਮਝੋ॥ ੫੬॥

ਲਖਨੋ ਧਰਮ ਜੁ ਮਨ ਕੋ ਹੋਈ। ਇਸ ਪ੍ਰਕਾਰ ਸਮਝਤਿ ਹੈਂ ਸੋਈ।
ਪਰਾਰਬਧ ਲਖਿ ਭੋਗਹਿ ਜੋਊ। ਪੁੰਨ ਪਾਪ ਮਹਿਂ ਲਿਪੈ ਨ ਸੋਊ ॥੫੭॥

ਵੇਖਣ ਦਾ ਧਰਮ ਮਨ ਦਾ ਹੋਇਆ, ਇਸ ਤਰ੍ਹਾਂ ਉਹ ਸਮਝਦੇ ਹਨ। ਪਰਾਲਬਧ ਵੇਖ ਜੋ ਭੋਗਦੇ ਹਨ, ਪੁੰਨ ਵੇਖ ਜੋ ਭੋਗਦੇ ਹਨ, ਪੁੰਨ ਪਾਪ ਵਿਚ ਉਹ ਮੈਲਾ ਨਹੀਂ ਹੁੰਦਾ॥ ੫੭॥

ਅਰ ਜੋ ਹੈਂ ਮੂਰਖ ਅੱਗਜਾਨੀ। ਦੰਭ ਬੈਸ਼ਨੋ ਜਿਉਂ ਬਿਧਿ ਠਾਨੀ।
ਮਾਸ ਪਿਖਹਿਂ ਦਿਨ ਨਾਕ ਦਬਾਵਹਿਂ। ਨਿਸ਼ ਪਰਤਿਯ ਸੋਂ ਕੇਲ ਕਮਾਵਹਿਂ ॥੫੮॥

ਅਤੇ ਜਿਹੜੇ ਮੂਰਖ ਅਗਿਆਨੀ ਹਨ। ਦੰਭੀ ਵੈਸ਼ਨੋ ਵਾਂਗ ਉਨ੍ਹਾਂ ਦੰਭ ਦੀ ਵਿਧੀ ਧਾਰੀ ਹੈ। ਦਿਨ ਸਮੇਂ ਮਾਸ ਵੇਖ ਕੇ ਨੱਕ ਘੁੱਟਦੇ ਹਨ ਅਤੇ ਰਾਤ ਨੂੰ ਪਰਾਈ ਇਸਤਰੀ ਨਾਲ ਭੋਗ ਵਿਲਾਸ ਕਰਦੇ ਹਨ॥ ੫੮॥

ਲੋਚਨ ਸੁਮਤਿ ਰਿਦੈ ਜਿਸ ਨਾਂਹੀ। ਬਿਸ਼ੈ ਬਾਸ਼ਨਾ ਅੰਧ ਕਮਾਹੀਂ।
ਵਹਿਰ ਮਾਸ ਕੋ ਜਾਨੈਂ ਮੰਦਾ। ਛਪਿ ਕਰਿ ਭੋਗੈਂ ਹ੍ਵੈ ਦੁਖ ਦੁੰਦਾ ॥੫੯॥

ਅੱਖਾਂ ਤੇ ਸ੍ਰੇਸ਼ਟ ਮੱਤ ਜਿਸ ਦੇ ਹਿਰਦੇ ਵਿਚ ਨਹੀਂ ਹੈ, ਉਹ ਵਿਸ਼ੇ ਵਾਸ਼ਨਾਵਾਂ ਵਿਚ ਅੰਧ ਕਮਾਉਂਦੇ ਹਨ। ਬਾਹਰ ਦੇ ਮਾਸ ਨੂੰ ਮਾੜਾ ਸਮਝਦੇ ਹਨ ਤੇ ਛੁਪ ਕੇ ਦੁੱਖ ਤੇ ਕਲੇਸ਼ ਭੋਗਦੇ ਹਨ॥ ੫੯॥

ਜਿਨ ਨਰ ਅੱਗਜਾਨੀ ਦੁਖ ਧਾਰਾ। ਪਾਪ ਸਹਿਤ ਸੇ ਕਰਹਿਂ ਅਹਾਰਾ।
ਜੇ ਗਜਾਨੀ ਤਨ ਹੰਤ ਨਸਾਇਕ। ਆਇ ਅਹਾਰ ਜੁ ਸਹਿਜ ਸੁਭਾਇਕ ॥੬੦॥

ਜਿਸ ਅਗਿਆਨੀ ਪੁਰਸ਼ ਨੇ ਦੁਖ ਰੂਪੀ ਅਗਿਆਨ ਧਾਰਿਆ ਹੈ, ਪਾਪ ਸਹਿਤ ਜਿਹੜੇ ਭੋਜਨ ਕਰਦੇ ਹਨ, ਜਿਸ ਗਿਆਨੀ ਨੇ ਤਨ ਦੀ ਅਹੰਤਾ ਦੂਰ ਕੀਤੀ ਹੈ, ਉਸ ਦੇ ਭੋਜਨ ਸਹਿਜ-ਸੁਭਾਅ ਆਉਂਦਾ ਹੈ॥ ੬੦॥

ਪਰਾਰਬਧ ਲਖਿ ਪਾਵਤਿ ਸੋਊ। ਤਾਂਕੋ ਪਾਪ ਨ ਪੁੰਨਹਿਂ ਕੋਊ॥
ਲਿਖਜੋ ਪੁਰਾਣ ਕਤੇਬਨ ਮਾਸਾ। ਮਾਸ ਸੰਗ ਪੂਜਹਿਂ ਸੁਰ ਰਾਸਾ ॥੬੧॥

ਪਰਾਲਬਧ ਸਮਝ ਕੇ ਸੋਈ ਪਾਉਂਦੇ ਹਨ, ਜਿਨ੍ਹਾਂ ਨੂੰ ਕੋਈ ਪਾਪ ਪੁੰਨ ਨਹੀਂ ਹੈ। ਪੁਰਾਣ ਅਤੇ ਕਤੇਬਾਂ ਵਿਚ ਮਾਸ ਖਾਣ ਬਾਰੇ ਲਿਖਿਆ ਹੈ। ਮਾਸ ਨਾਲ ਸਾਰੇ ਦੇਵਤਿਆਂ ਨੂੰ ਪੂਜਦੇ ਹਨ॥ ੬੧॥

ਕਾਜ ਵਿਵਾਹਾਦਿਕ ਜੇ ਸਭਿਹੀ। ਬਿਨਾ ਮਾਸ ਤੇ ਸੁਭੈਂਨ ਕਬਹੀ।
ਪਾਤਿਸ਼ਾਹ ਨ੍ਰਿਪ ਆਮਿਖ ਖਾਵਤਿ। ਜੇ ਤੁਮ ਲਖਹੁ ਨਰਕ ਸੋ ਜਾਵਤਿ ॥੬੨॥

ਕਾਜ ਵਿਵਹਾਰ ਆਦਿ ਜਿਹੜੇ ਸਾਰੇ ਹਨ, ਬਿਨਾਂ ਮਾਸ ਤੋਂ ਉਹ ਕਦੇ ਵੀ ਸ਼ੋਭਦੇ ਨਹੀਂ। ਬਾਦਸ਼ਾਹ ਤੇ ਰਾਜੇ ਮਾਸ ਖਾਂਦੇ ਹਨ, ਜਿਨ੍ਹਾਂ ਬਾਰੇ ਤੁਸੀਂ ਸਮਝਦੇ ਹੋ ਕਿ ਨਰਕਾਂ ਨੂੰ ਜਾਂਦੇ ਹਨ॥ ੬੨॥

ਤੋ ਤੁਮ ਕਿਉਂ ਲੇਂ ਤਿਨ ਕੋ ਧਾਨਾ। ਕਰਹੁ ਅਹਾਰ ਧਾਰਿ ਅੱਗਜਾਨਾ।
ਪੂਰਬ ਗਹਿ ਤੁਮ ਨਰਕਹਿਂ ਪਾਵੈਂ। ਪੁਨ ਪਾਛੇ ਤੇ ਸੋਇ ਸਿਧਾਵੈਂ ॥੬੩॥

ਫਿਰ ਤੁਸੀਂ ਉਨ੍ਹਾਂ ਪਾਸੋਂ ਧਨ ਧਾਨ ਕਿਉਂ ਲੈਂਦੇ ਹੋ ? ਅਗਿਆਨਤਾ ਧਾਰਨ ਕਰਕੇ ਭੋਜਨ ਕਰਦੇ ਹੋ। ਪਹਿਲਾਂ ਤੁਹਾਨੂੰ ਫੜ ਕੇ ਨਰਕਾਂ ਵਿਚ ਪਾਉਂਦੇ ਹਨ, ਫਿਰ ਪਿਛੋਂ ਆਪ ਚਲੇ ਜਾਂਦੇ ਹਨ॥ ੬੩॥

ਆਪ ਨ ਬੂਝਹੁ ਲੋਕ ਬੁਝਾਵਹੁ। ਪਾਂਡੇ ! ਖਰੇ ਸਿਆਨ ਕਹਾਵਹੁ।
ਮਾਸਾਦਿਕ ਤੇ ਤ੍ਰਿਭਵਣ ਜੋਊ। ਸਭਿਹੀ ਜਲ ਤੇ ਉਤਪਤਿ ਹੋਊ ॥੬੪॥

ਆਪ ਤਾਂ ਜਾਣਦੇ ਨਹੀਂ ਤੇ ਲੋਕਾਂ ਨੂੰ ਦੱਸਦੇ ਹਨ, ਹੇ ਪਾਂਡੇ ! ਠੀਕ ਹੀ ਤੁਸੀ ਬੜੇ ਸਿਆਣੇ ਹੋ। ਮਾਸ ਆਦਿ ਤੇ ਜੋ ਸਾਗਪਾਤ ਹੈ, ਸਾਰੇ ਹੀ ਜਲ ਤੋਂ ਪੈਦਾ ਹੁੰਦੇ ਹਨ॥ ੬੪॥

ਜੋ ਤਜਾਗੇ ਜਲ ਕੇ ਰਸ ਰਾਸੀ। ਸੋ ਪੰਡਤ ਹ੍ਵੈ ਹੈ ਸੰਨਜਾਸੀ।
ਦੰਭ ਧਾਰਿ ਤੁਮ ਜਗ ਬਿਰਮਾਯਾ। ਆਗੈ ਪਾਵੋ ਬਹੁਤ ਸਜਾਯਾ' ॥੬੫॥

ਜਿਹੜੇ ਜਲ ਦੇ ਸਾਰੇ ਰਸ ਛੱਡ ਦਿੰਦੇ ਹਨ, ਉਹ ਪੰਡਿਤ ਸੰਨਿਆਸੀ ਹੋ ਜਾਂਦਾ ਹੈ। ਦੰਭ ਧਾਰ ਕੇ ਤੁਸੀਂ ਜੱਗ ਨੂੰ ਭਰਮਾਇਆ ਹੈ, ਅੱਗੇ ਜਾ ਕੇ ਤੁਸੀਂ ਬਹੁਤ ਸਜ਼ਾ ਪਾਉਗੇ'' ॥ ੬੫॥

ਇਉਂ ਜਬ ਭਾਖਜੋ ਸ੍ਰੀ ਗੁਣ ਐਨਾ। ਤੂਸ਼ਨ ਭੇ ਸਭਿ, ਆਇ ਨ ਬੈਨਾ।
ਝੂਠ ਕਿ ਠਹਿਰਹਿ ਸਾਚ ਅਗਾਰੀ। ਜਿਉਂ ਕਾਇਰ ਪਿਖਿ ਸੂਰ ਉਦਾਰੀ ॥੬੬॥

ਜਦ ਗੁਰੂ ਜੀ ਨੇ ਇੰਝ ਬਚਨ ਕੀਤੇ, ਸਾਰੇ ਚੁਪ ਹੋ ਗਏ, ਕਿਸੇ ਨੂੰ ਗੱਲ ਨਹੀਂ ਸੀ ਆਉਂਦੀ। ਸੱਚ ਦੇ ਅੱਗੇ ਝੂਠੇ ਹੋ ਕੇ ਖਲੋ ਗਏ, ਜਿਵੇਂ ਕਾਇਰ ਨੂੰ ਵੇਖ ਕੇ ਸੂਰਮਾ ਕਿਰਪਾਲੂ ਹੋ ਜਾਂਦਾ ਹੈ॥ ੬੬॥

ਨਾਨੂੰ ਦ੍ਵੈ ਕਰ ਬੰਦਿ ਉਚਾਰਾ। 'ਹੇ ਫਕੀਰ ! ਕਜਾ ਨਾਮ ਤੁਮਾਰਾ ?'।

ਕਹੈਂ ਗੁਰੂ 'ਹਮ ਨਾਨਕ ਨਾਮੂ। ਸੇਵਕ ਨਿਰੰਕਾਰ ਸੁਖ ਧਾਮੂ' ॥੬੭॥

ਪੰਡਿਤ ਨਾਨੂੰ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਫਕੀਰ ਜੀ! ਤੁਹਾਡਾ ਕੀ ਨਾਂ ਹੈ?" ਗੁਰੂ ਜੀ ਨੇ ਕਿਹਾ, "ਮੇਰਾ ਨਾਂ ਨਾਨਕ ਹੈ, ਮੈਂ ਸੁੱਖਾਂ ਦੇ ਘਰ ਨਿਰੰਕਾਰ ਦਾ ਸੇਵਕ ਹਾਂ" ॥ ੬੭ ॥

ਸੁਨਿ ਕਰਿ ਨਾਨੂੰ ਸ੍ਰੋਨ ਮਝਾਰਾ। ਨਿਜ ਸੰਗਿਨਿ ਸੌਂ ਬਚਨ ਉਚਾਰਾ।
'ਲਿਖਜੋ ਭਵਿੱਖਤ ਮਹਿਂ ਇਤਿਹਾਸੂ। ਸ੍ਰੀ ਨਾਨਕ ਅਵਤਾਰ ਪ੍ਰਕਾਸੂ ॥੬੮॥

ਨਾਨੂੰ ਨੇ ਜਦ ਆਪਣੇ ਕੰਨ ਨਾਲ ਗੁਰੂ ਜੀ ਦੇ ਬਚਨ ਸੁਣੇ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਕਿਹਾ, "ਇਤਿਹਾਸ ਵਿਚ ਭਵਿੱਖ ਬਾਰੇ ਲਿਖਿਆ ਹੈ ਕਿ ਸ੍ਰੀ ਨਾਨਕ ਅਵਤਾਰ ਧਾਰਨਗੇ ॥ ੬੮ ॥

ਯਾਂਤੇ ਮੈਂ ਨਿਜ ਨਾਮ ਧਰਾਵਾ। ਬਿੱਦਜਾ ਬਲ ਜੀਤੀ ਸਭਿ ਥਾਵਾ।
ਸੋ ਮੈਂ ਨਹਿ, ਅਬ ਇਹ ਪ੍ਰਗਟਾਏ। ਜਗਤ ਉਧਾਰਨ ਕੇ ਹਿਤ ਆਏ ॥੬੯॥

ਇਸ ਕਰਕੇ ਮੈਂ ਆਪਣਾ ਨਾਂ ਨਾਨਕ ਚੰਦ ਰਖਿਆ ਸੀ। ਵਿਦਿਆ ਦੇ ਬਲ ਨਾਲ ਸਭ ਥਾਂ ਜਿੱਤ ਪ੍ਰਾਪਤ ਕੀਤੀ ਹੈ। ਸੋ ਮੈਂ ਇਨ੍ਹਾਂ ਨੂੰ ਹੁਣ ਪ੍ਰਗਟ ਕੀਤਾ ਹੈ, ਇਹ ਜਗਤ ਦਾ ਉਧਾਰ ਕਰਨ ਵਾਸਤੇ ਆਏ ਹਨ ॥ ੬੯ ॥

ਜਿਨਕੇ ਬਚਨ ਅਤੋਲ ਅਡੋਲਾ। ਕਉਨ ਸਕੈ ਇਨ ਸਨਮੁਖ ਬੋਲਾ।
ਜੋ ਸੁਨਿ ਹੈਂ ਇਨ ਕੋ ਉਪਦੇਸ਼ਾ। ਉਧਰਹਿਂ ਸੇ ਤਜਿ ਜਗਤ ਕਲੇਸ਼ਾ ॥੭੦॥

ਜਿਨ੍ਹਾਂ ਦੇ ਬਚਨ ਅਤੋਲ ਅਤੇ ਅਡੋਲ ਹਨ। ਇਨ੍ਹਾਂ ਦੇ ਸਾਹਮਣੇ ਕੌਣ ਬੋਲ ਸਕਦਾ ਹੈ? ਜਿਹੜਾ ਇਨ੍ਹਾਂ ਦੇ ਉਪਦੇਸ਼ ਸੁਣਦਾ ਹੈ, ਉਸ ਦਾ ਜਗਤ ਦੇ ਕਲੇਸ਼ ਛੱਡ ਕੇ ਉਧਾਰ ਹੋ ਜਾਂਦਾ ਹੈ" ॥ ੭੦ ॥

ਅਸ ਕਹਿ ਸਭਿਨਿ ਬੰਦਨਾ ਕੀਨੀ। ਚਰਨ ਪ੍ਰੇਮ ਮਹਿਂ ਮਤਿ ਜਿਨ ਭੀਨੀ।
ਬਿਨੈ ਕਰੀ ਬਹੁ ਭਾਂਤਿ ਸੁਹਾਵਨ। ਅਪਨੀ ਖਤਾ ਕੇਰਿ ਬਖਸ਼ਾਵਨ ॥੭੧॥

ਇਹ ਕਹਿ ਕੇ ਸਾਰਿਆਂ ਨੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਉਨ੍ਹਾਂ ਦੀ ਬੁੱਧੀ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਭਿੱਜੀ ਹੋਈ ਸੀ। ਉਨ੍ਹਾਂ ਨੇ ਆਪਣੀ ਭੁੱਲ ਨੂੰ ਬਖਸ਼ਾਉਣ ਹਿਤ ਕਈ ਪ੍ਰਕਾਰ ਦੀ ਸੁਹਾਵਣੀ ਬੇਨਤੀ ਕੀਤੀ ॥ ੭੧ ॥

'ਹੇ ਪ੍ਰਭੁ! ਹਮਨੈ ਗਤਿ ਨਹਿਂ ਜਾਨੀ। ਤੂੰ ਅਵਤਰਜੋ ਸੰਤ ਗੁਨਖਾਨੀ।
ਜੋ ਜਗ ਬਡੇ ਅਚਾਰਜ ਹੋਵਹਿਂ। ਸੋ ਪੂਰਬਲੀ ਰੀਤਿ ਨ ਖੋਵਹਿਂ ॥੭੨॥

ਕਹਿਣ ਲੱਗੇ, "ਹੇ ਪ੍ਰਭੂ ਅਸੀਂ ਗਤੀ ਨਹੀਂ ਸੀ ਜਾਣੀ। ਤੁਸੀਂ ਸੰਤ ਗੁਣਾਂ ਦੀ ਖਾਣ ਪ੍ਰਭੂ ਦੇ ਅਵਤਾਰ ਹੋ। ਜੋ ਜੱਗ ਵਿਚ ਵੱਡੇ ਮਹਾਂਪੁਰਖ ਹੋਏ ਹਨ, ਉਹ ਪਹਿਲਾਂ ਦੀ ਰੀਤੀ ਨਹੀ ਗਵਾਉਂਦੇ ॥ ੭੨ ॥

ਪੂਰਬ ਦਿਵਸ ਮਹਿਂ ਮਾਸ ਅਹਾਰਾ। ਖਾਨਿ, ਪੁਰਾਨ ਨ ਕਿਸੇ ਉਚਾਰਾ।
ਯਾਂਤੇ ਹਮ ਤੁਮਸੌਂ ਕਛੁ ਭਾਖਾ। ਛਿਮਾ ਕਰਹੁ ਅਬ ਹਮ ਨੈ ਲਾਖਾ ॥੭੩॥

ਤਿਉਹਾਰ ਦੇ ਦਿਨ ਵਿਚ ਮਾਸ ਦਾ ਭੋਜਨ ਕਰਨਾ, ਕਿਸੇ ਪੁਰਾਣ ਵਿਚ ਨਹੀਂ ਲਿਖਿਆ, ਇਸ ਕਰਕੇ ਅਸੀਂ ਤੁਹਾਨੂੰ ਕੁਝ ਵੱਧ-ਘੱਟ ਕਿਹਾ ਸੀ ਕਿਰਪਾ ਕਰਕੇ ਹੁਣ ਖਿਮਾਂ ਕਰੋ, ਅਸੀਂ ਹੁਣ ਪਹਿਚਾਣ ਲਿਆ ਹੈ" ॥ ੭੩ ॥

ਸੁਨਿ ਕਰਿ ਬੋਲੇ ਗੁਨੀ ਗਹੀਰਾ। 'ਹਮ ਤੇ ਧਰੀ ਦੇਗ ਮਹਿਂ ਖੀਰਾ।
ਬਹੁਤੀ ਧੇਨੁ ਚੁਆਇ ਮੰਗਾਈ। ਰੀਧਹਿਂ ਪਾਇਸੁ ਕੋ ਇਹ ਥਾਈਂ ॥੭੪॥

ਇਹ ਸੁਣ ਕੇ ਗੁਰੂ ਜੀ ਬੋਲੇ, "ਅਸੀਂ ਤਾਂ ਦੇਗ ਵਿਚ ਖੀਰ ਧਰੀ ਹੈ। ਬਹੁਤ ਗਾਈਆਂ ਚੁਆ ਕੇ ਦੁੱਧ ਮੰਗਾਇਆ ਹੈ, ਇਸ ਕਰਕੇ ਇਸ ਥਾਂ ਖੀਰ ਰਿੱਧੀ ਹੈ ॥ ੭੪ ॥

ਬਿਮਲ ਭਯੋ ਰਵਿ ਲਿਯ ਜੋ ਗ੍ਰਾਹੀ। ਅਬ ਸਭਿ ਭੋਜਨ ਕਰਹੁ ਇਹਾਂ ਹੀ।
ਢਿਗ ਬਸਾਇ ਪੰਕਤਿ ਕਰਿਵਾਈ। ਨ੍ਰਿਪ ਸੁਤ ਸਹਿ ਪਾਇਸੁ ਵਰਤਾਈ ॥੭੫॥

ਸੂਰਜ ਜੋ ਗ੍ਰਹਿਣ ਕਰਕੇ ਗ੍ਰਸਿਆ ਗਿਆ ਸੀ, ਛਾਇਆ ਰਹਿਤ ਨਿਰਮਲ ਹੋ ਗਿਆ ਹੈ। ਹੁਣ ਸਾਰੇ ਏਥੇ ਭੋਜਨ ਕਰੋ। ਨੇੜੇ ਬਿਠਾ ਕੇ ਪੰਗਤਾਂ ਲਵਾਈਆਂ। ਰਾਜੇ ਦੇ ਪੁੱਤਰ ਸਹਿਤ ਸਭ ਨੂੰ ਖੀਰ ਵਰਤਾਈ॥ ੭੫॥

ਹਰਿ ਜਨ ਸੁਖ ਖਲ ਮਾਨ ਬਿਦਾਰੂ। ਸ੍ਰੀ ਮੁਖ ਪੂਛਤਿ ਬਾਰ ਸੁ ਬਾਰੂ।
ਰਿਖੀ ਮੁਨੀਸੁਰ ਔਰ ਦ੍ਵਿਜਿੰਦੂ। ਸੌਦਾਗਰ ਧਰਿ ਕਹਤਿ 'ਅਨੰਦੂ' ॥ ੭੬॥

ਹਰਿ ਜਨਾਂ ਨੂੰ ਸੁਖ ਦੇਣ, ਖੱਲਾਂ ਦਾ ਮਾਣ ਦੂਰ ਕਰਨ ਵਾਲੇ ਗੁਰੂ ਜੀ ਆਪਣੇ ਮੁੱਖ ਨਾਲ ਬਾਰ-ਬਾਰ ਪੁੱਛਦੇ ਹਨ। ਰਿਖੀ, ਮੁਨੀ, ਬ੍ਰਾਹਮਣ ਸੌਦਾਗਰ ਖੀਰ ਖਾ ਕੇ ਕਹਿੰਦੇ ਸਨ ਕਿ ਖੀਰ ਖਾ ਕੇ ਬੜਾ ਆਨੰਦ ਆਇਆ ਹੈ॥ ੭੬॥

ਪਾਇਸੁ ਦੇਖਿ ਰਿਦੈ ਬਿਸਮਾਏ। ਦ੍ਵਿਜ ਸੰਨਯਾਸੀ ਸਭਿ ਤ੍ਰਿਪਤਾਏ।
ਦਯੋ ਅਨੇਕਨ ਕੇਰ ਅਹਾਰੇ। ਭਾ ਅਤੋਟ ਅਚਰਜ ਉਰ ਧਾਰੇ॥ ੭੭॥

ਖੀਰ ਵੇਖ ਕੇ ਹਿਰਦੇ ਵਿਚ ਬੜੇ ਖੁਸ਼ ਹੋਏ, ਬ੍ਰਾਹਮਣ, ਸੰਨਿਆਸੀ ਸਭ ਤ੍ਰਿਪਤ ਹੋ ਗਏ, ਅਨੇਕ ਲੋਕਾਂ ਨੂੰ ਭੋਜਨ ਦਿੱਤਾ। ਅਤੁੱਟ ਲੰਗਰ ਵੇਖ ਕੇ ਸਾਰੇ ਹਿਰਦੇ ਵਿਚ ਬਹੁਤ ਹੈਰਾਨ ਹੋਏ॥ ੭੭॥

ਤਿਹ ਛਿਨ ਨਾਨੂੰ ਪੰਡਤ ਜੋਊ। ਸਭਿਹਿਨਿ ਮਹਿੰ ਅਸ ਬੋਲਯੋ ਸੋਊ।
'ਅਪਨ ਨਾਮ ਤੇ ਏਕ ਕਕਾਰਾ। ਅਬ ਤੇ ਮੈਂ ਕਰਿ ਦੀਨ ਨਿਵਾਰਾ॥੭੮॥

ਉਸ ਸਮੇਂ ਜਿਹੜਾ ਨਾਨੂੰ ਪੰਡਿਤ ਸੀ, ਸਾਰਿਆਂ ਨੂੰ ਇਸ ਤਰ੍ਹਾਂ ਬੋਲਿਆ, "ਅੱਜ ਤੋਂ ਮੈਂ ਆਪਣੇ ਨਾਂ ਨਾਲੋਂ 'ਕੱਕਾ' ਅੱਖਰ ਲਾਹ ਦਿੱਤਾ ਹੈ॥ ੭੮॥

ਨਾਨਕ ਤੇ ਨਾਨੂ ਮੁਹਿ ਕਹੀਏ। ਨਾਨਕ ਨਾਮ ਇਨਹਿੰ ਕੋ ਲਹੀਏ'।
ਇਸ ਪ੍ਰਕਾਰ ਕੀ ਮਹਿਮਾ ਗਾਈ। ਸੁਨਿ ਕਰਿ ਸਭਿਹਿਨਿ ਕੇ ਮਨ ਭਾਈ॥੭੯॥

ਹੁਣ ਨਾਨਕ ਦੀ ਬਜਾਏ ਮੈਨੂੰ ਨਾਨੂੰ ਕਹਿ ਕੇ ਬੁਲਾਇਆ ਕਰੋ, ਨਾਨਕ ਨਾਮ ਇਨ੍ਹਾਂ ਦਾ ਜਾਣੋ।" ਇਸ ਪ੍ਰਕਾਰ ਦੀ ਮਹਿਮਾ ਗਾਈ, ਜਿਹੜੀ ਸੁਣ ਕੇ ਸਾਰਿਆਂ ਨੂੰ ਬਹੁਤ ਚੰਗੀ ਲੱਗੀ॥ ੭੯॥

ਪਦ ਪਾਹੁਲ ਬਹੁਤਨਿ ਤਬਿ ਲੀਨੀ। ਗੁਰਮਤਿ ਧਰੀ ਸਗਲ ਬਿਧਿ ਚੀਨੀ।
ਸ੍ਰੀ ਮੁਖ ਤੇ ਅਸ ਗਿਰਾ ਉਚਾਰੀ। 'ਰਾਖਹੁ ਧਰਮ ਬਰਨ ਅਨੁਸਾਰੀ॥ ੮੦॥

ਗੁਰੂ ਜੀ ਦੀ ਚਰਨ ਪਾਹੁਲ ਫਿਰ ਬਹੁਤ ਸੱਜਣਾਂ ਨੇ ਲਈ, ਸਾਰੀਆਂ ਵਿਧੀਆਂ ਪਹਿਚਾਣ ਕੇ ਗੁਰਮਤਿ ਧਾਰਨ ਕਰ ਲਈ। ਗੁਰੂ ਜੀ ਨੇ ਫਿਰ ਮੁੱਖ ਤੋਂ ਇਹ ਬਚਨ ਕਹੇ, "ਆਪਣਾ ਧਰਮ ਗੁਰਮਤਿ ਅਨੁਸਾਰ ਰੱਖੋ॥ ੮੦॥

ਸਤਿਨਾਮ ਸਿਮਰਹੁ ਜੁਤਿ ਪ੍ਰੀਤੀ। ਵੰਡ ਖਾਹੁ ਭੋਜਨ ਸੁਭ ਰੀਤੀ।
ਸਤਿਗੁਰ ਬਾਨੀ ਕੋ ਅੱਭਯਾਸਾ। ਕਰਹੁ ਸਦਾ ਹੈ ਗ੍ਯਾਨ ਪ੍ਰਕਾਸ਼ਾ' ॥ ੮੧॥

ਪ੍ਰੀਤ ਲਾ ਕੇ ਸਤਿਨਾਮ ਦਾ ਸਿਮਰਨ ਕਰੋ ਅਤੇ ਭੋਜਨ ਸ਼ੁਭ ਰੀਤੀ ਅਨੁਸਾਰ ਵੰਡ ਕੇ ਖਾਵੋ। ਸਤਿਗੁਰੂ ਦੀ ਬਾਣੀ ਦਾ ਅਭਿਆਸ ਕਰੋ ਅਤੇ ਸਦਾ ਹੀ ਗਿਆਨ ਦਾ ਪ੍ਰਕਾਸ਼ ਕਰੋ" ॥ ੮੧॥

ਇਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਕਰਿ ਕਰਿ ਬੰਦਨ ਗੇ ਨਿਜ ਦੇਸ਼ਾ।
ਮਹਿਮਾ ਕਰਤਿ ਜਾਤਿ ਮਗ ਮਾਂਹੀ। 'ਇਹ ਅਵਤਾਰ ਪ੍ਰਭੂ ਕੋ ਆਹੀ' ॥੮੨॥

ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ, ਗੁਰੂ ਜੀ ਨੂੰ ਬੰਦਨ ਕਰ ਕਰਕੇ ਆਪਣੇ ਦੇਸ਼ਾਂ ਨੂੰ ਚਲੇ ਗਏ। ਰਾਹ ਵਿਚ ਜਾਂਦੇ ਗੁਰੂ ਜੀ ਦੀ ਮਹਿਮਾ ਕਰਦੇ ਸਨ, "ਇਹ ਪ੍ਰਭੂ ਦੇ ਅਵਤਾਰ ਹਨ" ॥ ੮੨॥

ਪੁਨ ਰਾਨੀ ਸੁਤ ਕੋ ਸੰਗਿ ਲੀਨੇ। ਆਨਿ ਚਰਨ ਪਰ ਬੰਦਨ ਕੀਨੇ।
ਤਿਨ ਬਿਲੋਕਿ ਬੋਲੇ ਜਗਤੇਸ਼ਾ। 'ਅਬ ਤੁਮ ਜਾਹੁ ਆਪਣੇ ਦੇਸ਼ਾ ॥੯੩॥

ਫਿਰ ਰਾਣੀ ਨੇ ਆਪਣੇ ਪੁੱਤਰ ਨੂੰ ਨਾਲ ਲੈ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਉਸ ਨੂੰ ਵੇਖ ਕੇ ਜਗਤ ਦੇ ਈਸ਼ਵਰ ਬੋਲੇ, "ਹੁਣ ਤੁਸੀਂ ਆਪਣੇ ਦੇਸ਼ ਜਾਵੋ॥ ੯੩॥

ਸਨਮੁਖ ਹ੍ਵੈ ਕਰਿ ਕਰਹੁ ਲਰਾਈ। ਨਹਿਂ ਠਹਿਰੈ ਅਰਿ ਜਾਹਿ ਪਲਾਈ।
ਸਰਬ ਰਾਜ ਤੁਮ ਅਪਨਾ ਲੀਜੈ। ਸੱਤਿਨਾਮ ਕੋ ਜਾਪ ਜਪੀਜੈ' ॥੯੪॥

ਆਪਣੇ ਦੁਸ਼ਮਣ ਦੇ ਸਾਹਮਣੇ ਹੋ ਕੇ ਲੜਾਈ ਕਰੋ, ਠਹਿਰ ਨਹੀਂ ਸਕੇਗਾ, ਭੱਜ ਜਾਵੇਗਾ। ਤੁਸੀਂ ਆਪਣਾ ਸਾਰਾ ਰਾਜ ਲਵੋ ਅਤੇ ਸਤਿਨਾਮ ਦਾ ਜਾਪ ਜਪੋ" ॥ ੯੪॥

ਸੁਨਿ ਰਜਾਇ ਨਿਜ ਸਿਰ ਪਰ ਧਰਿਕੈ। ਗਮਨੇ ਛਿੱਪ੍ਰ ਹਰਖ ਉਰ ਭਰਿਕੈ।
ਕਹੂੰ ਕਹੂੰ ਤੇ ਸੈਨ ਬਟੋਰੀ। ਪਹੁੰਚੇ ਅਪਨੇ ਦੇਸ਼ ਬਹੋਰੀ॥ ੯੫॥

ਗੁਰੂ ਜੀ ਦੀ ਆਗਿਆ ਸੁਣ ਕੇ, ਆਪਣੇ ਸਿਰ ਤੇ ਧਾਰਨ ਕਰਕੇ ਅਤੇ ਮਨ ਵਿਚ ਖੁਸ਼ੀ ਭਰ ਕੇ ਛੇਤੀ ਹੀ ਉਹ ਚਲੇ ਗਏ। ਕਈ ਥਾਵਾਂ ਤੋਂ ਸੈਨਾ ਇਕੱਠੀ ਕਰਕੇ, ਆਪਣੇ ਦੇਸ਼ ਵਿਚ ਪਹੁੰਚ ਗਏ॥ ੯੫॥

ਸੰਗ ਤੁਫੰਗੈਂ ਜੰਗ ਮਚਾਯੋ। ਬਹੁਤ ਸਾਰ ਸੋਂ ਸਾਰ ਬਜਾਯੋਂ।
ਪ੍ਰਬਲ ਲੋਹ ਇਨਕੋ ਭਾ ਐਸੇ। ਆਗੈ ਠਹਿਰ ਸਕੈ ਨਹਿਂ ਕੈਸੇ॥੯੬॥

ਬੰਦੂਕਾਂ ਨਾਲ ਲੜਾਈ ਸ਼ੁਰੂ ਕੀਤੀ। ਬੜੇ ਜ਼ੋਰ ਨਾਲ ਲੋਹੇ ਨਾਲ ਲੋਹਾ ਖੜਕਾਇਆ। ਇਨ੍ਹਾਂ ਦਾ ਲੋਹਾ ਏਨਾ ਪ੍ਰਬਲ ਸੀ ਕਿ ਦੁਸ਼ਮਣ ਦੀ ਸੈਨਾ ਅੱਗੇ ਠਹਿਰ ਨਾ ਸਕੀ॥ ੯੬॥

ਮਾਰਿ ਮਾਰਿ ਭਟ ਧਰਨ ਗਿਰਾਏ। ਰਿਪੁ ਦੇਖਹਿਂ ਜਨੁ ਜਮ ਇਹ ਆਏ।
ਸਨਮੁਖ ਜਬ ਅਸ ਕੀਨਿ ਲਰਾਈ। ਗੁਰ ਬਰ ਤੇ ਸਭਿ ਸ਼ੱਤ੍ਰੂ ਪਲਾਈ॥੯੭॥

ਮਾਰ ਮਾਰ ਕੇ ਸੂਰਮੇ ਧਰਤੀ ਤੇ ਡੇਗ ਦਿੱਤੇ, ਦੁਸ਼ਮਣ ਨੇ ਵੇਖਿਆ ਕਿ ਇਹ ਤਾਂ ਉਨ੍ਹਾਂ ਦੇ ਜਮ ਆ ਗਏ ਸਨ। ਸਾਹਮਣੇ ਹੋ ਕੇ ਜਦ ਲੜਾਈ ਕੀਤੀ ਤਾਂ ਗੁਰੂ ਦੇ ਵਰ ਨਾਲ ਸਭ ਦੁਸ਼ਮਣ ਭੱਜ ਗਏ॥ ੯੭॥

ਲੀਨੋ ਸਰਬ ਜਾਇ ਨਿਜ ਦੇਸ਼ਾ। ਕਰਤਿ ਭਯੋ ਸੋ ਰਾਜ ਨਰੇਸ਼ਾ।
ਪਟਨੇ ਨਗਰ ਬਿਖੈ ਰਜਧਾਨੀ। ਰਹਿਤ ਭਯੋ ਗੁਰ ਮਹਿਮਾ ਜਾਨੀ॥੯੮॥

ਸਾਰਾ ਦੇਸ਼ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਰਾਜੇ ਦਾ ਪੁੱਤਰ ਦੇਸ਼ ਦਾ ਰਾਜਾ ਬਣ ਗਿਆ। ਪਟਨੇ ਵਿਖੇ ਉਸ ਰਾਜਧਾਨੀ ਬਣਾਈ। ਗੁਰੂ ਦੀ ਮਹਿਮਾ ਜਾਣ ਕੇ ਰਹਿਣ ਲੱਗਾ॥ ੯੮॥

ਸ੍ਰੀ ਅੰਗਦ ਜੀ ਸੁਨੀਏ ਕਾਨਾ। ਤਹਿਂ ਤੇ ਸ੍ਰੀ ਗੁਰੁ ਕੀਨ ਪਯਾਨਾ।
ਅਪਰ ਥਾਨ ਕੋ ਗਮਨੇ ਸ੍ਵਾਮੀ। ਜਗਤ ਉਧਾਰਨ ਕੇਵਲ ਕਾਮੀ॥੯੯॥

ਹੇ ਸ੍ਰੀ ਅੰਗਦ ਦੇਵ ਜੀ ! ਆਪਣੇ ਕੰਨਾਂ ਨਾਲ ਸੁਣੋ, ਗੁਰੂ ਜੀ ਫਿਰ ਉਸ ਥਾਂ ਤੋਂ ਚਲੇ ਗਏ। ਸਵਾਮੀ ਗੁਰੂ ਜੀ ਕਿਸੇ ਹੋਰ ਥਾਂ ਚਲੇ ਗਏ। ਜਿਨ੍ਹਾਂ ਕੇਵਲ ਜਗਤ ਉਧਾਰਨ ਦਾ ਕੰਮ ਆਪਣੇ ਜ਼ਿੰਮੇ ਲਿਆ ਹੋਇਆ ਹੈ॥ ੯੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਕੁਰਖੇਤ੍ਰ ਪ੍ਰਸੰਗ' ਬਰਨਨੰ ਨਾਮ ਸਪਤਮੋ ਅਧ੍ਯਾਯ॥ ੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੱਤਵਾਂ ਅਧਿਆਇ, ਜਿਸ ਦਾ ਨਾਮ, "ਕੁਰਖੇਤ੍ਰ ਵਿਖੇ ਨਾਨੂੰ ਪੰਡਿਤ ਨਾਲ ਚਰਚਾ" ਹੈ, ਸਮਾਪਤ ਹੋਇਆ॥ ੭॥

# ਅਧਿਆਇ ਅੱਠਵਾਂ

*ਗੰਗਾ ਵਿਖੇ ਪੱਛਮ ਵਲ ਪਾਣੀ ਉਛਾਲਣਾ*

ਦੋਹਰਾ- ਖਲ ਖੰਡਨ ਜਗ ਮੰਡਨੀ ਭੁਜਦੰਡਨ ਬਰਬੰਡ॥
ਰੁੰਡ ਕਰਨ ਅਰ ਮੁੰਡ ਭਖਿ ਜੈ ਜੈ ਚੰਡਿ ਪ੍ਰਚੰਡ॥ ੧॥

ਦੁਸ਼ਟਾਂ ਦਾ ਖੰਡਨ ਕਰਕੇ ਜਗਤ ਨੂੰ ਸਵਾਰਨ ਵਾਲੀ ਅਤੇ ਡੰਡਿਆਂ ਵਰਗੀਆਂ ਮਜ਼ਬੂਤ ਬਾਹਾਂ ਵਾਲੀ ਤੇ ਬਲਵਾਨ, ਧੜ ਸਿਰ ਤੋਂ ਅੱਡ ਕਰਕੇ ਸਿਰ ਦਲ ਸਿੱਟਣ ਵਾਲੀ, ਵੱਡੇ ਤੇਜ ਵਾਲੀ ਚੰਡੀ, ਤੇਨੂੰ ਜੈ ਹੋਵੇ ਜੈ ਹੋਵੇ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਅੰਗਦ ਸੁਨੀਏ ਇਤਿਹਾਸਾ। ਮੰਦ ਮੰਦ ਗਮਨੇ ਸੁਖਰਾਸਾ।
ਆਯੋ ਸ੍ਰੀ ਗੰਗਾ ਕੋ ਮੇਲਾ। ਭੀਰ ਭੂਰ ਤਹਿਂ ਭਈ ਸਕੇਲਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਇਤਿਹਾਸ ਸੁਣੋ, ਗੁਰੂ ਜੀ ਹੌਲੀ-ਹੌਲੀ ਅੱਗੇ ਚਲ ਪਏ ਤੇ ਸ੍ਰੀ ਗੰਗਾ ਦੇ ਕਿਨਾਰੇ ਪਹੁੰਚ ਗਏ, ਸ੍ਰੀ ਗੰਗਾ ਦਾ ਮੇਲਾ ਲੱਗਾ ਹੋਇਆ ਸੀ ਅਤੇ ਉਥੇ ਬਹੁਤ ਵੱਡੀ ਭੀੜ ਇੱਕਠੀ ਹੋਈ ਸੀ॥ ੨॥

ਪੂਰਬ ਪਸ਼ਚਮ ਉੱਤਰ ਕੇਰੇ। ਨਰ ਦੱਖਣ ਕੇ ਆਇ ਘਨੇਰੇ।
ਮਹਾਂ ਪੁਰਬ ਲਖਿ ਮੱਜਨ ਕਾਰਨ। ਅਨਗਨ ਨਰ ਭੇ ਕਲੁਖ ਉਤਾਰਨ॥੩॥

ਪੂਰਬ, ਪੱਛਮ, ਉਤਰ ਅਤੇ ਦੱਖਣ ਦੇ ਲੋਕ ਬਹੁਤ ਵੱਡੀ ਗਿਣਤੀ ਵਿਚ ਆਏ ਹੋਏ ਸਨ। ਮਹਾਂ ਪੁਰਬ ਦੇ ਕਾਰਨ ਇਸ਼ਨਾਨ ਕਰਨ ਵਾਸਤੇ ਅਣਗਿਣਤ ਮਨੁੱਖ ਆਪਣੇ ਪਾਪਾਂ ਦੀ ਕਾਲਖ ਉਤਾਰਨ ਆਏ ਸਨ॥ ੩॥

ਤਹਾਂ ਜਾਇ ਡੇਰਾ ਕਿਯ ਸ੍ਵਾਮੀ। ਬਡੀ ਭੀਰ ਲਖਿ ਅੰਤਰਯਾਮੀ।
ਸਭਿ ਕੇ ਰਿਦੇ ਮਲੀਨ ਬਿਲੋਕੇਂ। ਨਿਰਮਲ ਕਰਿ ਮਨ ਕਿਨਹੁਂ ਨ ਰੋਕੇਂ॥੪॥

ਉਥੇ ਜਾ ਕੇ ਸਵਾਮੀ ਨੇ ਡੇਰਾ ਲਾ ਲਿਆ। ਵੱਡੀ ਭੀੜ ਵੇਖ ਕੇ ਅੰਤਰਜਾਮੀ ਗੁਰੂ ਜੀ ਸਾਰਿਆਂ ਦੇ ਹਿਰਦੇ ਮਲੀਨ ਵੇਖ ਰਹੇ ਸਨ। ਕਿਸੇ ਨੇ ਵੀ ਆਪਣੇ ਮਨ ਨੂੰ ਕਾਬੂ ਕਰਕੇ ਨਿਰਮਲ ਨਹੀਂ ਸੀ ਕੀਤਾ ਹੋਇਆ॥ ੪॥

ਰੈਨ ਬਿਤੀ ਹੋਈ ਜਬਿ ਭੋਰਾ। ਮੱਜਨ ਕਰਨ ਗਏ ਭਲਿ ਠੋਰਾ।
ਕਈ ਲੱਛ ਮੱਜਨ ਨਰ ਕਰਿਹੀਂ। ਭਾਉ ਭਗਤਿ ਕੋ ਉਰ ਮਹਿਂ ਧਰਿਹੀਂ॥੫॥

ਜਦ ਰਾਤ ਬੀਤੀ ਅਤੇ ਸਵੇਰ ਹੋਈ ਤਾਂ ਗੁਰੂ ਜੀ ਚੰਗੇ ਪਾਸੇ ਇਸ਼ਨਾਨ ਕਰਨ ਗਏ। ਉਥੇ ਕਈ ਲੱਖ ਮਨੁੱਖ ਇਸ਼ਨਾਨ ਕਰ ਰਹੇ ਸਨ। ਸਾਰਿਆਂ ਨੇ ਪ੍ਰੇਮ ਭਗਤੀ ਨੂੰ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਸੀ॥ ੫॥

ਦੇ ਸੂਰਜ ਕੋ ਨੀਰ ਘਨੇਰਾ। ਥਿਰ ਨਹਿਂ ਮਨ ਛਿਨ ਚਹੁਂਦਿਸ਼ ਫੇਰਾ।
ਤਿਨ ਕੇ ਬੀਚ ਪਹੂੰਚੇ ਜਬਹੀ। ਨ੍ਹਾਨ ਕੀਨ ਸ੍ਰੀ ਸਤਿਗੁਰ ਤਬਹੀ॥੬॥

ਬੁਕ ਭਰ-ਭਰ ਉਹ ਸੂਰਜ ਨੂੰ ਬਹੁਤ ਪਾਣੀ ਦੇ ਰਹੇ ਸਨ। ਮਨ ਉਨ੍ਹਾਂ ਦੇ ਸਥਿਰ ਨਹੀ ਸਨ ਅਤੇ ਚਾਰੇ ਪਾਸੇ ਘੁੰਮ ਰਹੇ ਸਨ। ਉਨ੍ਹਾਂ ਦੇ ਵਿਚ ਜਦ ਗੁਰੂ ਜੀ ਪਹੁੰਚੇ ਤਾਂ ਗੁਰੂ ਜੀ ਨੇ ਇਸ਼ਨਾਨ ਕੀਤਾ॥ ੬॥

ਪਸ਼ਚਮ ਦਿਸ਼ਿ ਮੁਖ ਕਰਿ ਗੁਨਖਾਨੀ। ਕਰ ਅੰਜੁਲ ਸੋਂ ਸੀਂਚਤਿ ਪਾਨੀ।
ਕਿਤਿਕ ਕਾਲ ਕਰਿ ਇਸੀ ਪ੍ਰਕਾਰਾ। ਸੁਰਸਰਿ ਕੇ ਮਧ ਖਰੇ ਉਦਾਰਾ॥੭॥

ਗੁਣਾਂ ਦੀ ਖਾਨ ਭਾਵ ਗੁਰੂ ਜੀ ਪੱਛਮ ਵਾਲੇ ਪਾਸੇ ਮੂੰਹ ਕਰਕੇ ਬੁਕ ਭਰ ਭਰ ਕੇ ਪਾਣੀ ਸੁੱਟਣ ਲੱਗੇ। ਕਾਫ਼ੀ ਸਮਾਂ ਇਸ ਤਰ੍ਹਾਂ ਹੀ ਕਰਦੇ ਰਹੇ। ਭਾਵ ਸ੍ਰੇਸ਼ਟ ਗੁਰੂ ਜੀ ਜਲ ਦੇ ਵਿਚ ਖੜੇ ਸਨ॥ ੭॥

ਲੋਕ ਬਿਲੋਕਤਿ ਅਚਰਜ ਮਾਨਹਿਂ। 'ਹੈ ਇਹ ਕੌਨ', ਸਿ ਬਚਨ ਬਖਾਨਹਿਂ।
'ਹਿੰਦੂ ਕਿਧੋਂ ਤੁਰਕ ਹੈ ਕੋਈ !। ਜਾਨੀ ਜਾਇ ਨ ਇਹ ਗਤਿ ਜੋਈ' ॥੮॥

ਲੋਕ ਵੇਖ ਕੇ ਹੈਰਾਨ ਹੋ ਰਹੇ ਸਨ, ਕਹਿੰਦੇ ਸਨ, "ਇਹ ਕੌਣ ਹੈ ? ਹਿੰਦੂ ਹੈ ਜਾਂ ਇਹ ਮੁਸਲਮਾਨ ਹੈ, ਜੋ ਇਸ ਦੀ ਗਤੀ ਹੈ ਉਹ ਜਾਣੀ ਨਹੀਂ ਜਾ ਸਕਦੀ"॥ ੮॥

ਇਸ ਪ੍ਰਕਾਰ ਉਰ ਅਚਰਜ ਧਰਿ ਕੈ। ਬੂਝਤਿ ਗੁਰ ਸੋਂ ਬਚਨ ਉਚਰਿਕੈ।
'ਹਿੰਦੂ ਕਿਧੋਂ ਤੁਰਕ ਤੂੰ ਕੋਈ ?। ਕਹੋ ਸਾਚ ਨਹਿਂ ਰਾਖਹੁ ਗੋਈ॥ ੯॥

ਇਸ ਪ੍ਰਕਾਰ ਹਿਰਦੇ ਵਿਚ ਹੈਰਾਨੀ ਧਾਰਨ ਕਰਕੇ, ਬਚਨ ਉਚਾਰ ਕੇ ਗੁਰੂ ਜੀ ਤੋਂ ਪੁਛਣ ਲੱਗੇ, "ਤੁਸੀਂ ਹਿੰਦੂ ਹੋ ਕਿ ਮੁਸਲਮਾਨ ਹੋ, ਸੱਚ-ਸੱਚ ਦੱਸੋ, ਕੋਈ ਗੱਲ ਗੁਪਤ ਨਾ ਰਖੋ॥ ੯॥

ਤੁਰਕ ਜਿ ਹੈਂ, ਗੰਗਾ ਕਿਉਂ ਆਯੋ। ਮਿਲੁ ਹਿੰਦੁਨ ਮੈਂ ਨ੍ਹਾਨ ਰਚਾਯੋ।
ਜੇ ਹਿੰਦੂ, ਪਸ਼ਚਮ ਮੁਖ ਕਰਿਕੈ। ਨ੍ਹਾਇ ਦੇਤਿ ਜਲ ਕਜਾ ਸੁ ਬਿਚਰਿਕੈ ? ॥੧੦॥

ਜੇ ਤੁਸੀਂ ਤੁਰਕ ਹੋ ਤਾਂ ਗੰਗਾ ਵਿਖੇ ਕਿਉਂ ਆਏ ਹੋ ? ਹਿੰਦੂਆਂ ਨਾਲ ਮਿਲ ਕੇ ਇਸ਼ਨਾਨ ਕਿਉਂ ਕਰਦੇ ਹੋ ? ਜੇ ਹਿੰਦੂ ਹੋ ਤਾਂ ਪੱਛਮ ਵਲ ਮੂੰਹ ਕਰਕੇ, ਕੀ ਵਿਚਾਰ ਕੇ ਜਲ ਸੁੱਟ ਰਹੇ ਹੋ ?॥ ੧੦॥

ਇਤ ਦਿਸ਼ ਕਿਸ ਕਉ ਦੇਵਹਿਂ ਪਾਨੀ ? ਕਿਹ ਕੇ ਕਹੇ ਰੀਤਿ ਨਈ ਠਾਨੀ?'।
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ। 'ਤੁਮ ਇਤ ਦਿਸ਼ ਜਲ ਦਿਹੁ ਕਜਾ ਜਾਨਾ ? ॥੧੧॥

ਇਸ ਦਿਸ਼ਾ ਵਿਚ ਕਿਸ ਨੂੰ ਪਾਣੀ ਦੇ ਰਹੇ ਹੋ, ਕਿਸ ਦੇ ਕਹੇ ਤੇ ਇਹ ਨਵੀਂ ਰੀਤੀ ਅਪਨਾਈ ਹੈ ?" ਇਹ ਸੁਣ ਕੇ ਕਿਰਪਾ ਨਿਧਾਨ ਬੋਲੇ, "ਤੁਸੀਂ ਚੜ੍ਹਦੇ ਪਾਸੇ ਵਲ ਕੀ ਵਿਚਾਰ ਕੇ ਜਲ ਸੁੱਟ ਰਹੇ ਹੋ ?॥ ੧੧॥

ਕਿਹ ਤੁਮ ਦੇਹੁ ? ਕੌਨ ਤਿਹ ਲੇਈ ?। ਪ੍ਰਥਮ ਬਤਾਵਹੁ ਮੁਝ ਕਉ ਸੋਈ'।
ਨਰ ਬੋਲੇ 'ਜੇ ਪਿਤਰ ਹਮਾਰੇ। ਤਿਨ ਕੋ ਜਲ ਦੇ ਨ੍ਹਾਇਂ ਸਕਾਰੇ॥ ੧੨॥

ਕਿਸ ਨੂੰ ਤੁਸੀਂ ਜਲ ਸੁੱਟ ਰਹੇ ਹੋ ਅਤੇ ਕੌਣ ਇਸ ਜਲ ਨੂੰ ਪ੍ਰਾਪਤ ਕਰ ਰਿਹਾ ਹੈ ? ਪਹਿਲਾਂ ਮੈਨੂੰ ਇਸ ਬਾਰੇ ਦੱਸੋ।" ਉਹ ਮਨੁੱਖ ਕਹਿਣ ਲੱਗੇ, "ਜਿਹੜੇ ਸਾਡੇ ਪਿਤਰ ਹਨ, ਉਨ੍ਹਾਂ ਨੂੰ ਜਲ ਦੇ ਕੇ ਇਸ਼ਨਾਨ ਕਰਵਾ ਰਹੇ ਹਾਂ॥ ੧੨॥

ਜਲ ਲੇ ਕਰਿ ਸੋ ਹ੍ਵੈਂ ਤ੍ਰਿਪਤਾਈ। ਹਮ ਕੋ ਸਦਾ ਹੋਤਿ ਸੁਖਦਾਈ'।
ਸ਼੍ਰੀ ਗੁਰ ਤਿਨ ਸੋਂ ਬੈਨ ਉਚਾਰੈ। 'ਕਿਤਕ ਦੂਰ ਹੈਂ ਪਿਤਰ ਤੁਮਾਰੇ ? ॥੧੩॥

ਜਲ ਪ੍ਰਾਪਤ ਕਰਕੇ ਉਹ ਤ੍ਰਿਪਤ ਹੋ ਰਹੇ ਹਨ ਤੇ ਇਸ ਤਰ੍ਹਾਂ ਸਾਨੂੰ ਵੀ ਸਦਾ ਸੁੱਖ ਪ੍ਰਾਪਤ ਹੁੰਦਾ ਹੈ।" ਫਿਰ ਸ੍ਰੀ ਗੁਰੂ ਜੀ ਨੇ ਉਨ੍ਹਾਂ ਨੂੰ ਬਚਨ ਕਹੇ, "ਤੁਹਾਡੇ ਪਿਤਰ ਕਿੰਨੀ ਦੂਰ ਹਨ ?॥ ੧੩॥

ਜਿਨ ਕੋ ਜਲ ਤੁਮ ਦੇਤਿ ਸਦਾਈ। ਲੇ ਕਰਿ ਜੋ ਹੋਵਤਿ ਤ੍ਰਿਪਤਾਈ'।
ਨਰ ਬੋਲੇ ਮਤਵਾਨਹਿਂ ਜੋਊ। 'ਕਿਤਕ ਸਹੰਸਰ ਜੋਜਨ ਸੋਊ' ॥ ੧੪॥

ਜਿਨ੍ਹਾਂ ਤੁੂੰ ਸਦਾ ਜਲ ਦਿੰਦੇ ਹੋ, ਜੋ ਜਲ ਪ੍ਰਾਪਤ ਕਰਕੇ ਤ੍ਰਿਪਤ ਹੁੰਦੇ ਹਨ?" ਉਨ੍ਹਾਂ ਵਿਚ ਜਿਹੜੇ ਸਮਝਦਾਰ ਮਨੁੱਖ ਸਨ, ਉਨ੍ਹਾਂ ਕਿਹਾ, "ਉਹ ਕਈ ਹਜ਼ਾਰ ਜੋਜਨ ਦੂਰ ਹਨ"॥ ੧੩॥

ਸ਼੍ਰੀ ਗੁਰ ਸੁਨਿ ਸ਼੍ਰੋਨਨ ਤਿਨ ਬਾਨੀ। ਦੇਨਿ ਖਿਸਾਲ ਲਗੇ ਪੁਨ ਪਾਨੀ।

ਪਸ਼ਚਮ ਦਿਸ਼ਾ ਬਦਨ ਕੋ ਕਰਿਕੈ। ਗੇਰਹਿਂ ਜਲ ਬਹੁ ਅੰਜੁਲ ਭਰਿਕੈ॥੧੫॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਗੁਰੂ ਜੀ ਬੜੇ ਜ਼ੋਰ ਨਾਲ ਪੱਛਮ ਵਾਲੇ ਪਾਸੇ ਮੂੰਹ ਕਰਕੇ ਪਾਣੀ ਦੇ ਬੁਕ ਭਰ-ਭਰ ਸੁੱਟਣ ਲੱਗੇ॥ ੧੫॥

ਬੂਝਨ ਲਗੇ ਬਹੁਰ ਨਰ ਸੋਊ। 'ਤੈਂ ਨਿਜ ਬਾਤ ਬਤਾਇ ਨ ਕੋਊ।
ਹਿੰਦੂ ਤੁਰਕ ਕੋਨ ਹੈ ਜਾਤੀ? ਇਤ ਦਿਸ਼ ਜਲ ਦੇ ਕਿਹ ਤ੍ਰਿਪਤਾਤੀ?'॥੧੬॥

ਉਹੀ ਮਨੁੱਖ ਫਿਰ ਪੁਛਣ ਲੱਗੇ, "ਤੁਸੀਂ ਆਪਣੀ ਗੱਲ ਸਾਨੂੰ ਕੋਈ ਦੱਸੀ ਨਹੀਂ। ਹਿੰਦੂ ਹੋ ਜਾਂ ਤੁਰਕ, ਤੁਹਾਡੀ ਕਿਹੜੀ ਜਾਤ ਹੈ? ਇਸ ਪਾਸੇ ਜਲ ਦੇ ਕੇ ਕਿਸ ਦੀ ਤ੍ਰਿਪਤੀ ਹੁੰਦੀ ਹੈ?"॥ ੧੬॥

ਦੋਹਰਾ- ਸੁਨਿਕੈ ਬੋਲੇ ਬਚਨ ਕੋ ਸ੍ਰੀ ਬੇਦੀ ਕੁਲਕੇਤ।
'ਜਬ ਸੁਰਸਰਿ ਨ੍ਹਾਵਨ ਅਯੋ ਪੁਰਿ ਨਿਜ ਬੋਯੋ ਖੇਤ॥ ੧੭॥

ਬੇਦੀ ਕੁਲ ਦੇ ਧ੍ਵਜ ਭਾਵ ਗੁਰੂ ਜੀ ਇਹ ਸੁਣ ਕੇ ਬਚਨ ਬੋਲੇ, "ਜਦ ਮੈਂ ਗੰਗਾ ਤੇ ਇਸ਼ਨਾਨ ਵਾਸਤੇ ਚਲਿਆ ਸੀ ਤਾਂ ਉਸ ਵੇਲੇ ਮੈਂ ਆਪਣੇ ਨਗਰ ਵਿਚ ਖੇਤ ਬੀਜ ਕੇ ਆਇਆ ਸੀ॥ ੧੭॥

ਚੌਪਈ- ਨਹਿਂ ਜਲ ਦੇਨ ਹਾਰ ਕੋ ਪਾਛੇ। ਤਿਹ ਕੋ ਨੀਰ ਦੇਊਂ ਮੈਂ ਆਛੇ।
ਜਾਇ ਨ ਸੂਕ, ਰਹੈ ਹਰਿਆਈ। ਨਿਤ ਪਾਨੀ ਕੋ ਦੇਤਿ ਪੁਚਾਈ॥੧੮॥

ਪਿੱਛੇ ਕੋਈ ਖੇਤਾਂ ਨੂੰ ਜਲ ਦੇਣ ਵਾਲਾ ਨਹੀਂ ਹੈ, ਉਨ੍ਹਾਂ ਨੂੰ ਮੈਂ ਇਸ ਤਰ੍ਹਾਂ ਪਾਣੀ ਦੇ ਰਿਹਾ ਹਾਂ, ਤਾਂਕਿ ਉਹ ਸੁੱਕ ਨਾ ਜਾਣ ਤੇ ਹਰੇ ਭਰੇ ਰਹਿਣ। ਮੈਂ ਸਦਾ ਪਾਣੀ ਨੂੰ ਆਪਣੇ ਖੇਤਾਂ ਵਿਚ ਪਹੁੰਚਾ ਦਿੰਦਾ ਹਾਂ॥ ੧੮॥

ਊਚੇ ਥਲ ਬੋਯੋ ਸੁ ਕਿਦਾਰਾ। ਢਰਿ ਜਾਵਤਿ ਬਰਖਾਂ ਕੋ ਬਾਰਾ'।
ਸੁਨਿ ਨਰ, ਜਾਨਿ ਬਾਵਰੋ ਕਹੈਂ। 'ਬਾਦ ਨੀਰ ਤੂੰ ਗੇਰਤਿ ਅਹੈਂ॥੧੯॥

ਉਚੇ ਥਲ ਤੇ ਮੈਂ ਖੇਤ ਬੀਜਿਆ ਹੈ, ਵਰਖਾ ਕਾਰਨ ਹੜ੍ਹ ਆਉਣ ਨਾਲ ਉਹ ਢਲ ਜਾਂਦਾ ਹੈ।" ਮਨੁੱਖ ਗੁਰੂ ਜੀ ਦੀ ਇਹ ਗੱਲ ਸੁਣ ਕੇ ਉਨ੍ਹਾਂ ਨੂੰ ਬਾਵਰਾ ਸਮਝਣ ਲੱਗੇ, ਕਹਿਣ ਲੱਗੇ, "ਸਾਰਾ ਜਲ ਤਾਂ ਤੂੰ ਏਥੇ ਹੀ ਡੋਗ ਰਿਹਾ ਹੈਂ॥ ੧੯॥

ਖੇਤ ਮਾਂਹਿ ਨਹਿਂ ਜਵਹਿ ਕੈਸੇ। ਖਰੋ ਇਹਾਂ ਪਾਨੀ ਦੇਂ ਜੈਸੇ।
ਕਹਾਂ ਖੇਤ, ਠਾਂਢੋ ਤੂੰ ਕਹਾਂ। ਕਿਉਂ ਪ੍ਰਾਪਤਿ ਪਾਨੀ ਹ੍ਵੈ ਤਹਾਂ॥ ੨੦॥

ਖੇਤ ਤਕ ਇਹ ਕਿਸੇ ਤਰ੍ਹਾਂ ਵੀ ਨਹੀਂ ਜਾ ਸਕਦਾ ਹੈ, ਜਿਸ ਤਰ੍ਹਾਂ ਏਥੇ ਖਲੋ ਕੇ ਪਾਣੀ ਦੇ ਰਿਹਾ ਹੈਂ? ਖੇਤ ਤੇਰੇ ਕਿਥੇ ਹਨ ਅਤੇ ਤੂੰ ਕਿਥੇ ਖੜਾ ਹੈਂ? ਓਥੇ ਪਾਣੀ ਕਿਵੇਂ ਪ੍ਰਾਪਤ ਹੋ ਸਕਦਾ ਹੈ॥ ੨੦॥

ਦੋਹਰਾ-ਹਰੋ ਖੇਤ ਨਹਿਂ ਹੋਵਈ ਤੂੰ ਹੈਂ ਬਡੋ ਅਜਾਨ'।
ਬਹੁਤ ਲੋਕ ਮਿਲਿ ਤਹਿਂ ਭਏ ਬੋਲੇ ਕ੍ਰਿਪਾ ਨਿਧਾਨ॥ ੨੧॥

ਤੇਰੇ ਖੇਤ ਹਰੇ ਨਹੀਂ ਹੋ ਸਕਦੇ ਹਨ, ਤੂੰ ਵੱਡਾ ਅਣਜਾਣ ਹੈਂ।" ਜਦ ਬਹੁਤ ਲੋਕ ਮਿਲ ਕੇ ਓਥੇ ਆਏ ਤਾਂ ਕਿਰਪਾ ਨਿਧਾਨ ਗੁਰੂ ਜੀ ਬੋਲੇ॥ ੨੧॥

ਚੌਪਈ- 'ਸ੍ਰੀ ਪਰਮੇਸੁਰ ਤੁਮਹਿ ਭੁਲਾਯੋ। ਭਾਉ ਭਗਤਿ ਬਿਨ ਮਨ ਭਰਮਾਯੋ।
ਮੇਰੋ ਅਹੈ ਸਮੀਪ ਕਿਦਾਰਾ। ਤਾਂਕੋ ਪਹੁਚ ਨ ਸਕਈ ਬਾਰਾ॥ ੨੨॥

"ਤੁਸਾਂ ਲੋਕਾਂ ਨੇ ਪਰਮੇਸ਼ਰ ਭੁਲਾਇਆ ਹੈ। ਪ੍ਰੇਮ ਭਗਤੀ ਤੋਂ ਬਗੈਰ ਮਨ ਭਰਮਾਇਆ ਹੈ। ਮੇਰੇ ਖੇਤ ਨੇੜੇ ਹੀ ਹਨ, ਫਿਰ ਵੀ ਉਨ੍ਹਾਂ ਨੂੰ ਪਾਣੀ ਪਹੁੰਚ ਨਹੀਂ ਸਕਦਾ॥ ੨੨॥

ਤੁਮਰੇ ਪਿਤਰ ਦੂਰ ਅਧਿਕਾਈ। ਸੋ ਜਲ ਲੈ ਕੈਸੇ ਤ੍ਰਿਪਤਾਈਂ ?।
ਮੁਝੈ ਅਜਾਨ ਭਨਤਿ ਹੋ ਕੈਸੇ। ਬਡੇ ਅਜਾਨ ਭਏ ਤੁਮ ਐਸੇ' ॥ ੨੩ ॥

ਤੁਹਾਡੇ ਪਿਤਰ ਬਹੁਤ ਦੂਰ ਹਨ, ਉਹ ਜਲ ਪ੍ਰਾਪਤ ਕਰਕੇ ਕਿਵੇਂ ਤ੍ਰਿਪਤ ਹੋ ਜਾਂਦੇ ਹਨ ? ਮੈਨੂੰ ਅਣਜਾਣ ਕਿਵੇਂ ਸਮਝਦੇ ਹੋ, ਤੁਸੀਂ ਤਾਂ ਇਸ ਤਰ੍ਹਾਂ ਵੱਡੇ ਮੂਰਖ ਹੋ'' ॥ ੨੩ ॥

ਅਸ ਕਹਿ ਤੂਸ਼ਨ ਭੇ ਜਗ ਸਾਈਂ। ਬੈਠਿ ਰਹੇ ਤਬ ਤਿਸਹੀ ਥਾਈਂ।
ਪੁੰਜ ਮਨੁਜ ਤਹਿੰ ਮੱਜਨ ਕਰਿਹੀਂ। ਤਟ ਪਰ ਬੈਠਿ ਧਜਾਨ ਕੋ ਧਰਿਹੀਂ ॥੨੪ ॥

ਇਹ ਕਹਿ ਕੇ ਜਗਤ ਦੇ ਮਾਲਕ ਚੁਪ ਹੋ ਗਏ ਤੇ ਓਸੇ ਥਾਂ ਬੈਠੇ ਰਹੇ। ਮਨੁੱਖਾਂ ਦੇ ਸਮੂਹ ਓਥੇ ਇਸ਼ਨਾਨ ਕਰ ਰਹੇ ਸਨ। ਕਿਨਾਰੇ ਬੈਠ ਕੇ ਪ੍ਰਭੂ ਵਿਚ ਧਿਆਨ ਧਰ ਰਹੇ ਸਨ ॥ ੨੪ ॥

ਦੋਹਰਾ- ਕੋ ਸੰਧਜਾ ਲਾਗੇ ਕਰਨ ਕੇਤਿਕ ਤਰਪਨ ਕੀਨ।
ਤੂਸ਼ਨ ਹੋ ਬੈਠੇ ਕਿਤਿਕ ਕਰ ਮਹਿਂ ਮਾਲਾ ਲੀਨਿ ॥ ੨੫ ॥

ਕਈ ਸੰਧਿਆ ਕਰਨ ਲੱਗੇ ਅਤੇ ਕਈ ਪਿਤਰਾਂ ਨੂੰ ਪਾਣੀ ਦੇ ਕੇ ਉਨ੍ਹਾਂ ਨੂੰ ਤ੍ਰਿਪਤ ਕਰਨ ਲੱਗੇ, ਕਈ ਹੱਥ ਵਿਚ ਮਾਲਾ ਫੜ ਕੇ ਚੁਪ ਹੋ ਕੇ ਬੈਠ ਗਏ ॥ ੨੫ ॥

ਚੌਪਈ- ਸ੍ਰੀ ਗੁਰ ਸਭਿ ਕੇ ਮਨ ਕੀ ਜਾਨੈ। ਤਿਨਹਿਂ ਸੁਨਾਵੈਂ ਬਚਨ ਬਖਾਨੈ।
'ਦੇਖਹੁ ਹਿੰਦੂ ਨਰਕ ਸਿਧਾਰਹਿਂ। ਜਮ ਗਹਿ ਲੇਹਿ ਮਾਰ ਬਹੁ ਮਾਰਹਿ' ॥੨੬ ॥

ਸ੍ਰੀ ਗੁਰੂ ਜੀ ਸਭਨਾਂ ਦੇ ਮਨ ਦੀ ਜਾਣਦੇ ਸਨ, ਉਨ੍ਹਾਂ ਨੂੰ ਸੁਣਾ ਕੇ ਉਨ੍ਹਾਂ ਬਚਨ ਕੀਤੇ, ''ਵੇਖੋ ਹਿੰਦੂ ਨਰਕ ਵਿਚ ਜਾਂਦੇ ਹਨ, ਜਮ ਉਨ੍ਹਾਂ ਨੂੰ ਫੜ ਕੇ ਬੁਰੀ ਮਾਰ ਮਾਰਦੇ ਹਨ'' ॥ ੨੬ ॥

ਨਰ ਸੁਨਿ ਕਹੈਂ 'ਜਪਤਜੋ ਹਰਿ ਨਾਈ। ਕੈਸੇ ਏਹ ਨਰਕ ਕੋ ਜਾਈਂ।
ਆਗੈ ਤੈਂ ਕੀਨੀ ਵਿਪਰੀਤਾ। ਅਬਿ ਕਸ ਬੋਲਤਿ ਭਯੋ ? ਅਭੀਤਾ !' ॥੨੭ ॥

ਇਹ ਸੁਣ ਕੇ ਮਨੁੱਖਾਂ ਨੇ ਕਿਹਾ, ''ਇਹ ਹਰੀ ਦਾ ਨਾਮ ਜਪਦੇ ਹਨ, ਫਿਰ ਇਹ ਕੈਸੇ ਨਰਕਾਂ ਨੂੰ ਜਾਣਗੇ, ਪਹਿਲਾਂ ਤੂੰ ਉਲਟ ਗੱਲ ਕੀਤੀ ਸੀ। ਹੇ ਨਿੱਡਰ ! ਹੁਣ ਕਿਸ ਤਰ੍ਹਾਂ ਬੋਲਦਾ ਪਿਆ ਹੈਂ'' ॥ ੨੭ ॥

ਸੂਧੇ ਮਗ ਕੇ ਪਾਵਨ ਹੇਤਾ। ਪੁਨ ਬੋਲੇ ਬੇਦੀ ਕੁਲ ਕੇਤਾ।
'ਜੇ ਤੁਮ ਨਾਮ ਬਿਖੈ ਲਿਵਲਾਵਹੁ। ਕਿਉਂ ਤੁਮ ਅੰਤ ਅਧੋਗਤਿ ਜਾਵਹੁ ॥੨੮ ॥

ਸਿੱਧੇ ਮਾਰਗ ਨੂੰ ਪਾਵਣ ਹਿਤ, ਗੁਰੂ ਜੀ ਫਿਰ ਬੋਲੇ, ''ਜੇ ਤੁਸੀਂ ਨਾਮ ਵਿਚ ਲਿਵ ਲਾਵੋ, ਫਿਰ ਤੁਸੀਂ ਅੰਤ ਵਿਚ ਨੀਚ ਗਤੀ ਨੂੰ ਕਿਉਂ ਪ੍ਰਾਪਤ ਕਰਦੇ ਹੋ? ॥ ੨੮ ॥

ਲੇ ਮਾਲਾ ਬੈਠੇ ਕਰ ਮਾਂਹੀ। ਮਨ ਇਸਥਰ ਇਕ ਛਿਨ ਭੀ ਨਾਂਹੀ।
ਲੋਕ ਦਿਖਾਵਨ ਹਿਤ ਦਿਨ ਰਾਤੀ। ਕਰਹੁ ਦੰਭ ਬੈਠੇ ਭਲਿ ਭਾਂਤੀ ॥੨੯ ॥

ਹੱਥ ਵਿਚ ਮਾਲਾ ਲੈ ਕੇ ਬੈਠੇ ਹੋ, ਪਰ ਮਨ ਇਕ ਖਿਣ ਵੀ ਸਥਿਰ ਨਹੀਂ ਹੁੰਦਾ। ਲੋਕ-ਦਿਖਾਵੇ ਲਈ ਦਿਨ ਰਾਤ, ਬੈਠੇ ਆਪਣੀ ਮਰਜ਼ੀ ਅਨੁਸਾਰ ਪਖੰਡ ਕਰਦੇ ਹੋ ॥ ੨੯ ॥

ਦੋਹਰਾ- ਕੈਸੇ ਜਪਤਾ ਨਾਮ ਤੂੰ ਮਨ ਪਠਿਯੋ ਮੁਲਤਾਨ।
ਤੇਰੋ ਕਾਬਲ ਮਹਿਂ ਗਯੋ ਕਰੀਏ ਸਾਚ ਬਖਾਨ ॥ ੩੦ ॥

ਤੂੰ ਕਿਸ ਤਰ੍ਹਾਂ ਨਾਮ ਜਪਦਾ ਹੈਂ, ਮਨ ਤਾਂ ਤੇਰਾ ਮੁਲਤਾਨ ਵਿਚ ਫਿਰਦਾ ਹੈ, ਤੇਰਾ ਕਾਬਲ ਵਿਚ ਗਿਆ ਹੈ, ਸੱਚੀ ਗੱਲ ਬਿਆਨ ਕਰੋ॥ ੩੦॥

ਇੰਦ੍ਰਪ੍ਰਸਤ ਮਹਿ ਬਿਚਰਤਿ ਤੇਰਾ। ਤਕੈਂ ਲਾਭ ਹਜਾਂ ਹੋਇ ਘਨੇਰਾ।
ਜਹਿਂ ਜਹਿਂ ਮਨ ਸਭਿਹਿਨਿ ਕੋ ਗਏ। ਸ੍ਰੀ ਗੁਰ ਤਹਾਂ ਬਤਾਵਤਿ ਭਏ॥੩੧॥

ਤੇਰਾ ਦਿੱਲੀ ਵਿਚ ਵਿਚਰ ਰਿਹਾ ਹੈ, ਦਿਲ ਵਿਚ ਬੜਾ ਪ੍ਰਸੰਨ ਹੋ ਕੇ ਲਾਭ ਵੇਖ ਰਿਹਾ ਹੈਂ।'' ਜਿੱਥੇ-ਜਿੱਥੇ ਸਭ ਦੇ ਮਨ ਗਏ ਸੀ, ਗੁਰੂ ਜੀ ਓਥੇ-ਓਥੇ ਉਨ੍ਹਾਂ ਨੂੰ ਦੱਸਦੇ ਗਏ॥ ੩੧॥

ਸਭਿ ਮਾਨਵ ਨੇ ਸੁਨਿ ਅਸ ਬੈਨੰ। ਜਾਨਜੋ ਪਰਮੇਸ਼ੁਰ ਗਤਿ ਦੈਨੰ।
ਹਾਥ ਬੰਦਿ ਹੋਏ ਮਨ ਦੀਨੰ। ਚਰਨ ਕਮਲ ਪਰ ਬੰਦਨ ਕੀਨੰ॥੩੨॥

ਸਾਰੇ ਮਨੁੱਖਾਂ ਨੇ ਅਜਿਹੇ ਬਚਨ ਸੁਣ ਕੇ ਇਹ ਜਾਣਿਆਂ ਕਿ ਇਹ ਮੁਕਤੀਦਾਤਾ ਪਰਮੇਸ਼ਵਰ ਹੈ। ਹੱਥ ਜੋੜ ਕੇ ਮਨ ਮਸਕੀਨ ਕਰਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥ ੩੨॥

ਬਿਨੈ ਭਨਤਿ 'ਭੂਲੇ ਹੈਂ ਤੁਮਤੇ। ਬਖਸ਼ਹੁ ਗੁਨਹਿਂ ਭਏ ਜੋ ਹਮ ਤੇ।
ਮਹਿਮਾ ਆਗੈ ਹਮ ਨਹਿਂ ਜਾਨੀ। ਅਬ ਜਾਨੀ ਤੁਮ ਹੋ ਗਤਿਦਾਨੀ॥੩੩॥

ਬੇਨਤੀ ਕੀਤੀ, "ਸਾਥੋਂ ਭੁੱਲ ਹੋ ਗਈ ਹੈ, ਜਿਹੜਾ ਸਾਥੋਂ ਗੁਨਾਹ ਹੋ ਗਿਆ ਹੈ ਉਸ ਨੂੰ ਬਖਸ਼ ਦੇਵੋ। ਅਸੀਂ ਪਹਿਲਾਂ ਤੁਹਾਡੀ ਮਹਿਮਾ ਨਹੀਂ ਸੀ ਜਾਣੀ। ਸਾਨੂੰ ਹੁਣ ਪਤਾ ਲੱਗਾ ਹੈ ਕਿ ਤੁਸੀਂ ਤਾਂ ਮੁਕਤੀਦਾਤੇ ਹੋ'' ॥ ੩੩॥

ਦੋਹਰਾ-ਤਰਪਣ ਮਾਲਾ ਤਜਿ ਸਭੈ ਠਾਕੁਰ ਪੂਜਾ ਛੋਰਿ।
ਆਵਹਿਂ ਗੁਰੂ ਸਮੀਪ ਸਭਿ ਬੰਦਹਿਂ ਦ੍ਵੈ ਕਰ ਜੋਰਿ॥ ੩੪॥

ਤਰਪਣ ਮਾਲਾ ਛੱਡ ਕੇ (ਹਿੰਦੂ ਮੱਤ ਅਨੁਸਾਰ ਦੇਵਤੇ ਅਤੇ ਪਿਤਰਾਂ ਨੂੰ ਤ੍ਰਿਪਤ ਕਰਨ ਹਿਤ ਹੱਥ ਅਥਵਾ ਅਰਘੇ ਨਾਲ ਮੰਤਰ ਪਾਠ ਕਰਕੇ ਜਲ ਦੇਣ ਦਾ ਕੰਮ) ਅਤੇ ਠਾਕਰ ਪੂਜਾ ਛੱਡ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਆ ਬੈਠੇ॥ ੩੪॥

ਚੌਪਈ- 'ਅਬ ਤੁਮ ਸਿੱਖ ਆਪਨੇ ਕਰਿਜੇ। ਪਦ ਰਜ ਦੇਜ ਪਾਪ ਪਰਹਰਿਜੇ।
ਭੂਲੇ ਹਮ ਮਗ ਦੇਹੁ ਬਤਾਈ। ਮਹਾਂ ਪੁਰਖ ਤੁਮ ਹੋ ਗਤਿਦਾਈ॥੩੫॥

ਕਹਿਣ ਲੱਗੇ, "ਹੁਣ ਤੁਸੀ ਸਾਨੂੰ ਆਪਣੇ ਸਿੱਖ ਬਣਾ ਲਵੋ, ਆਪਣੇ ਚਰਨਾਂ ਦੀ ਧੂੜ ਦੇ ਕੇ ਸਾਡੇ ਪਾਪ ਦੂਰ ਕਰੋ, ਅਸੀਂ ਭੁੱਲੇ ਹਾਂ, ਸਾਨੂੰ ਸੱਚਾ ਮਾਰਗ ਦੱਸ ਦੇਵੋ, ਤੁਸੀਂ ਮਹਾਂਪੁਰਖ ਮੁਕਤੀਦਾਤੇ ਹੋ॥ ੩੫॥

ਗੁਰੂ ਹਮਾਰੇ ਭੇ ਤੁਮ ਅਬਹੀ'। ਇਸ ਪ੍ਰਕਾਰ ਕਹਿ ਬੰਦੈਂ ਸਭਿਹੀ।
ਸ੍ਰੀ ਗੁਰ ਕਹੈਂ 'ਸੁਨਹੁ ਰੇ ਲੋਕੋ। ਕੈਸੇ ਸਿੱਖ ਕਰੌਂ ਤੁਮਨੋ ਕੋ?॥੩੬॥

ਹੁਣ ਤੁਸੀਂ ਸਾਡੇ ਗੁਰੂ ਹੋ ਗਏ ਹੋ।'' ਇਸ ਤਰ੍ਹਾਂ ਕਹਿ ਕੇ ਸਾਰਿਆਂ ਨੇ ਬੰਦਨਾ ਕੀਤੀ। ਗੁਰੂ ਜੀ ਨੇ ਕਿਹਾ, "ਹੇ ਲੋਕੋ ਸੁਣੋ, ਕਿਸ ਤਰ੍ਹਾਂ ਤੁਹਾਨੂੰ ਮੈਂ ਆਪਣਾ ਸਿੱਖ ਬਣਾਵਾਂ?॥ ੩੬॥

ਮਨ ਮਲੀਨ ਤੁਮ ਕਰੁ ਗੁਰ ਔਰੇ। ਸਮਝਤਿ ਹੋ ਤੁਮ ਹਮ ਕੋ ਬੌਰੇ'।
ਕਹੈਂ ਸੁ ਨਰ 'ਅਬ ਤਜੈਂ ਨ ਤੁਮ ਕੋ। ਇਉਂ ਕਹਿ ਬੈਨ ਭੁਲਾਵਤਿ ਹਮਕੋ' ॥੩੭॥

ਤੁਹਾਡੇ ਮਨ ਮਲੀਨ ਹਨ, ਇਸ ਲਈ ਕਿਸੇ ਹੋਰ ਨੂੰ ਗੁਰੂ ਬਣਾਵੋ, ਮੈਨੂੰ ਤਾਂ ਤੁਸੀਂ ਬਾਵਰਾ ਸਮਝਦੇ ਹੋ।'' ਮਨੁੱਖ ਕਹਿਣ ਲੱਗੇ, "ਹੁਣ ਤੁਹਾਨੂੰ ਨਹੀਂ ਛੱਡਾਂਗੇ, ਇਸ ਤਰ੍ਹਾਂ ਬਚਨ ਕਰਕੇ ਸਾਨੂੰ ਛੱਡਦੇ ਹੋ'' ॥ ੩੭॥

ਦੋਹਰਾ- ਰਹੇ ਚਰਨ ਲਪਟਾਇ ਜਬ ਗੁਰੂ ਮ੍ਰਿਦੁਲ ਕਹਿ ਬੈਨ।
ਸਭਿ ਕੋ ਦੇ ਸੰਤੋਖ ਤਬਿ ਬੈਠਿ ਗਏ ਗੁਨ ਐਨ॥ ੩੮॥

ਜਦ ਸਾਰੇ ਗੁਰੂ ਜੀ ਦੇ ਚਰਨਾਂ ਨਾਲ ਲਿਪਟੇ ਰਹੇ ਤਦ ਗੁਰੂ ਜੀ ਨੇ ਕੋਮਲ ਬਚਨ ਕਹਿ ਕੇ ਸਾਰਿਆਂ ਨੂੰ ਸੰਤੋਖ ਦਿੱਤਾ ਤੇ ਗੁਣਾਂ ਦਾ ਘਰ ਗੁਰੂ ਜੀ ਬੈਠ ਗਏ॥ ੩੮॥

ਚੌਪਈ- ਤਿਨਕੋ ਭੋਜਨ ਭਯੋ ਤਿਆਰੀ। ਸਭਿ ਨਰ ਗੁਰ ਸੋਂ ਗਿਰਾ ਉਚਾਰੀ।
'ਕਰੁਨਾ ਕਰਿ ਅਹਾਰ ਕੋ ਕੀਜੈ। ਜਨਮ ਸਫਲਤਾ ਹਮ ਕੋ ਦੀਜੈ' ॥੩੯॥

ਉਨ੍ਹਾਂ ਲੋਕਾਂ ਨੇ ਭੋਜਨ ਤਿਆਰ ਕਰ ਲਿਆ ਸੀ, ਸਾਰੇ ਮਿਲ ਕੇ ਗੁਰੂ ਜੀ ਪਾਸ ਆਏ ਅਤੇ ਬੋਲੇ, "ਕਿਰਪਾ ਕਰਕੇ ਭੋਜਨ ਕਰੋ ਅਤੇ ਸਾਡਾ ਜਨਮ ਸਫਲਾ ਕਰੋ" ॥ ੩੯॥

ਗੁਰੂ ਕਹੈਂ 'ਨਹਿੰ ਭੋਜਨ ਖਾਵੌਂ। ਤੁਮਰੇ ਸੰਗਿ ਨ ਕਤਹੂੰ ਜਾਵੌਂ'।
ਸੁਨਹੁ ਗੁਰੂ 'ਹਿਤ ਸ੍ਰੀ ਕਰਤਾਰਾ। ਉਠਿ ਕਰਿ ਅਚਿਯੇ ਆਪ ਅਹਾਰਾ ॥੪੦॥

ਗੁਰੂ ਜੀ ਨੇ ਕਿਹਾ, "ਮੈਂ ਭੋਜਨ ਨਹੀਂ ਖਾਵਾਂਗਾ ਅਤੇ ਨਾ ਹੀ ਤੁਹਾਡੇ ਨਾਲ ਕਿਤੇ ਜਾਵਾਂਗਾ।" ਉਹ ਕਹਿਣ ਲੱਗੇ, "ਸ੍ਰੀ ਕਰਤਾਰ ਦੇ ਹਿਤ ਉਠ ਕੇ ਆਪ ਭੋਜਨ ਛਕੋ" ॥ ੪੦॥

ਸੁਨਿ ਇਉਂ ਸੰਗਿ ਚਲੇ ਸੁਖਦਾਈ। ਜਹਾਂ ਰਸੋਈ ਤਿਨਹਿੰ ਬਨਾਈ।
ਪਹੁੰਚੇ ਜਾਇ ਤਾਂਹਿ ਕੇ ਡੇਰੇ। ਉਰ ਸ਼ਰਧਾ ਤਿਨ ਵਧੀ ਵਧੇਰੇ॥ ੪੧॥

ਇਹ ਸੁਣ ਕੇ ਸੁਖ ਦਾਤੇ ਨਾਲ ਚਲ ਪਏ। ਜਿਥੇ ਉਨ੍ਹਾਂ ਰਸੋਈ ਬਣਾਈ ਸੀ ਓਥੇ ਉਨ੍ਹਾਂ ਦੇ ਡੇਰੇ ਪਹੁੰਚ ਗਏ, ਉਨ੍ਹਾਂ ਦੇ ਹਿਰਦੇ ਵਿਚ ਸ਼ਰਧਾ ਹੋਰ ਵਧੀ॥ ੪੧॥

ਦੋਹਰਾ- ਪਟ ਉਤਾਰ ਖੱਤ੍ਰੀ ਦਿਜਨ ਚੌਕੇ ਬੈਠੇ ਜਾਇ।
ਪਦ ਪਖਾਰ ਕਾਰੀ ਕਰੀ ਗੁਰ ਅੰਤਰ ਬੈਸਾਇ॥ ੪੨॥

ਕਪੜੇ ਉਤਾਰ ਕੇ ਖੱਤਰੀ ਬ੍ਰਾਹਮਣ ਚੌਕੇ ਵਿਚ ਜਾ ਬੈਠੇ। ਗੁਰੂ ਜੀ ਨੂੰ ਚੌਕੇ ਵਿਚ ਬਿਠਾ ਕੇ ਲਕੀਰ ਕੱਢੀ॥ ੪੨॥

ਚੌਪਈ- ਤਿਨ ਸੋਂ ਸ੍ਰੀ ਗੁਰ ਗਿਰਾ ਅਲਾਈ। 'ਭਿਟਿਓ ਚੌਕਾ ਦਿਯੋ ਗਵਾਈ।
ਕਿਉਂ ਕਾਢਤਿ ਹੋ ਇਹਠਾਂ ਕਾਰਾ ?। ਅੰਤਰ ਚੌਕਾ ਭਯੋ ਖੁਆਰਾ' ॥੪੩॥

ਉਨ੍ਹਾਂ ਨੂੰ ਗੁਰੂ ਜੀ ਨੇ ਕਿਹਾ, "ਤੁਹਾਡਾ ਚੌਕਾ ਭਿਟਿਆ ਗਿਆ ਹੈ, ਇਸ ਲਈ ਸਾਰੀਆਂ ਵਸਤਾਂ ਸੁੱਟ ਦੇਵੋ। ਹੁਣ ਲਕੀਰ ਕੱਢਣ ਦੀ ਕੀ ਲੋੜ ਹੈ, ਜਦ ਅੰਦਰਲਾ ਚੌਕਾ ਹੀ ਖਰਾਬ ਹੋ ਗਿਆ ਹੈ?" ॥ ੪੩॥

ਸੁਨਿ ਕਹਿ ਬਿੱਪ੍ਰਨ ਬੈਨ ਅਲਾਯੋ। 'ਬਹੁ ਸੁਚਿ ਸੋਂ ਭੋਜਨ ਕਰਿਵਾਯੋ।
ਚੌਕਾ ਗੋਬਰ ਕੋ ਕਰਿ ਲੀਨਾ। ਨਿਕਟਿ ਨ ਕੋਊ ਆਵਨ ਦੀਨਾ॥੪੪॥

ਇਹ ਸੁਣ ਕੇ ਬ੍ਰਾਹਮਣਾਂ ਨੇ ਕਿਹਾ, "ਅਸੀਂ ਬੜੀ ਸੁਚਮਤਾ ਨਾਲ ਭੋਜਨ ਤਿਆਰ ਕਰਵਾਇਆ ਹੈ। ਚੌਕੇ ਉਤੇ ਗੋਬਰ ਦਾ ਪੋਚਾ ਫੇਰਿਆ ਹੈ ਅਤੇ ਕਿਸੇ ਨੂੰ ਨੇੜੇ ਨਹੀਂ ਆਉਣ ਦਿੱਤਾ॥ ੪੪॥

ਸਮਧਾ ਧੋਇ ਅੰਨ ਚੁਨ ਸਭਿ ਹੀ। ਬੈਠਿ ਹਦੂਰ ਕਰਾਯੋ ਅਬਹੀ।
ਭਿਟੀ ਰਸੋਈ ਕਿਹ ਤੇ ਦੇਖੀ ?। ਸੁਚ ਸੰਜਮ ਹਮ ਕੀਨ ਵਿਸ਼ੇਖੀ' ॥੪੫॥

ਲੱਕੜਾਂ ਧੋ ਕੇ, ਅੰਨ ਸਾਰਾ ਚੁਣ ਕੇ, ਪਾਸ ਬੈਠ ਕੇ ਹੁਣੇ ਤਿਆਰ ਕਰਵਾਇਆ ਹੈ। ਤੁਸੀਂ ਕਿਵੇਂ ਵੇਖਿਆ ਹੈ ਕਿ ਰਸੋਈ ਭਿੱਟੀ ਗਈ ਹੈ। ਅਸੀਂ ਤਾਂ ਬਹੁਤ ਸੁਚ ਸੰਜਮ ਕੀਤੀ ਹੈ" ॥ ੪੫॥

ਦੋਹਰਾ- ਬੋਲੇ ਸ੍ਰੀ ਨਾਨਕ ਬਹੁਰ 'ਜਾਵਦ ਤੁਮ ਨਹਿ ਆਇ।
ਤਾਵਦ ਚੌਕਾ ਸੁੱਧ ਥੋ ਅਬ ਤੁਮ ਦਯੋ ਗਵਾਇ॥ ੪੬॥

ਫਿਰ ਗੁਰੂ ਨਾਨਕ ਦੇਵ ਜੀ ਬੋਲੇ, "ਜਦ ਤਕ ਤੁਸੀਂ ਨਹੀਂ ਸੀ ਆਏ ਤਦ ਤਕ ਚੌਕਾ ਸੁੱਚਾ ਸੀ, ਪਰ ਹੁਣ ਤੁਸੀਂ ਇਸ ਨੂੰ ਭਿੱਟ ਦਿੱਤਾ ਹੈ॥ ੪੬॥

ਚੌਪਈ- ਤੁਮਰੇ ਸੰਗ ਚੜੇ ਹੈਂ ਨੀਚੂ। ਭਿਟਿਓ ਚੌਕਾ ਆਏ ਬੀਚੂ।
'ਸ੍ਰੀ ਗੁਰ ! ਹਮਕੋ ਦੀਸਤਿ ਨਾਂਹੀ। ਕਹਾਂ ਚਢੇ ਹੈਂ ਚੌਕੇ ਮਾਂਹੀ॥ ੪੭॥

ਤੁਹਾਡੇ ਨਾਲ ਚਾਰ ਨੀਚ ਚੜ੍ਹੇ ਹਨ। ਉਨ੍ਹਾਂ ਆ ਕੇ ਚੌਕਾ ਭਿੱਟ ਦਿੱਤਾ ਹੈ। ਉਹ ਕਹਿਣ ਲੱਗੇ, "ਗੁਰੂ ਜੀ ! ਸਾਨੂੰ ਤਾਂ ਉਹ ਚਾਰ ਨੀਚ ਦਿੱਸਦੇ ਨਹੀਂ, ਉਹ ਚੌਕੇ ਵਿਚ ਕਿਥੇ ਚੜ੍ਹੇ ਹਨ?॥ ੪੭॥

ਸੁਚ ਸੋਂ ਬਨੀ ਰਸੋਈ ਸਾਰੀ। ਅਚਹੁ ਅਹਾਰ ਕ੍ਰਿਪਾ ਨਿਜ ਧਾਰੀ।
ਜੇ ਨਹਿਂ ਅਚੋ ਬਤਾਵੋ ਹਮਕੋ। ਦੀਸਹਿਂ ਨੀਚ ਚਢੇ ਜੋ ਤੁਮਕੋ॥ ੪੮॥

ਸਾਡੀ ਸਾਰੀ ਰਸੋਈ ਸੁੱਚੀ ਬਣੀ ਹੈ, ਕਿਰਪਾ ਕਰਕੇ ਭੋਜਨ ਕਰੋ। ਜੇ ਭੋਜਨ ਨਹੀਂ ਖਾਂਦੇ ਤਾਂ ਸਾਨੂੰ ਦੱਸੋ, ਉਹ ਕਿਹੜੇ ਨੀਚ ਹਨ ਜਿਹੜੇ ਤੁਹਾਨੂੰ ਚੌਕੇ ਚੜ੍ਹੇ ਦਿੱਸੇ ਹਨ॥ ੪੮॥

ਬਿਨਾਂ ਬਤਾਏ ਸਾਚ ਨ ਜਾਨਹਿਂ। ਅਸਮਤਿ ਨਹਿਂ ਜੋ ਆਪ ਪਛਾਨਹਿਂ।
ਇਉਂ ਸੁਨਿਕੈ ਮਨੁਜਨ ਤੇ ਬਾਨੀ। ਇਕ ਸਲੋਕ ਉਚਰਜੋ ਗੁਨਖਾਨੀ॥ ੪੯॥

ਦੱਸਣ ਤੋਂ ਬਗੈਰ ਅਸੀਂ ਸੱਚ ਨਹੀਂ ਜਾਣਾਂਗੇ, ਸਾਡੀ ਐਸੀ ਬੁੱਧੀ ਨਹੀਂ ਜੋ ਆਪ ਪਛਾਣਦੇ ਹੋ।" ਉਨ੍ਹਾਂ ਮਨੁੱਖਾਂ ਦੀ ਇਹ ਗੱਲਬਾਤ ਸੁਣ ਕੇ ਗੁਣਾਂ ਦੀ ਖਾਣ ਗੁਰੂ ਜੀ ਨੇ ਇਕ ਸਲੋਕ ਉਚਾਰਨ ਕੀਤਾ॥ ੪੯॥

*ਸਲੋਕ ਮ: ੧॥*

*ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥*
*ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥* (ਪੰਨਾ ੯੧)

ਮੰਦੀ ਮੱਤ ਡੂਮਣੀ ਹੈ, ਦਇਆ ਰਹਿਤ ਮੱਤ ਬੁਚੜਨੀ ਹੈ, ਪਰ-ਨਿੰਦਾ ਭੰਗਣ ਹੈ, ਧੋਖੇਬਾਜ਼ੀ ਤੇ ਕ੍ਰੋਧ ਚੰਡਾਲਨੀ ਹੈ। ਲੀਕ ਕੱਢਣੀ ਕੀ ਕਰੇਗੀ ਜੇ ਇਹ ਚਾਰ ਨੀਚਣੀਆਂ ਤੁਹਾਡੇ ਨਾਲ ਬੈਠੀਆਂ ਹਨ॥

ਦੋਹਰਾ- 'ਚੌਕਾ ਇਨ ਕੇ ਚਢੇ ਤੇ ਭਿਟਿਓ ਗਯੋ ਗਵਾਇ।
ਮਨ ਕੇ ਮੁਨਸਬ ਹੋਇ ਕੇ ਗੁਨਹੁ ਜਿ ਬਨਜੋ ਬਨਾਇ'॥ ੫੦॥

ਇਨ੍ਹਾਂ ਚਾਰ ਨੀਚਣੀਆਂ ਦੇ ਚੌਕੇ ਚੜ੍ਹਨ ਨਾਲ ਚੌਕਾ ਭਿੱਟਿਆ ਗਿਆ ਹੈ। ਆਪਣੇ ਮਨ ਦੇ ਮੁਨਸਫ਼ ਹੋ ਕੇ ਇਨਸਾਫ਼ ਕਰੋ ਜੋ ਬਣਾ ਕੇ ਬਣਿਆ ਹੈ॥ ੫੦॥

ਸੋਰਠਾ- 'ਕਿਹ ਬਿਧਿ ਹੋਇ ਪੁਨੀਤ? ਕਹਹੁ ਗੁਰੂ!' ਬੂਝੈਂ ਸੁ ਨਰ।
ਦੇਖੀ ਤਿਨ ਕੀ ਪ੍ਰੀਤਿ ਦਯਾ ਸਿੰਧੁ ਬੋਲਤਿ ਭਏ॥ ੫੧॥

ਇਹ ਚੌਕਾ ਕਿਸ ਤਰ੍ਹਾਂ ਪਵਿੱਤਰ ਹੋ ਸਕਦਾ ਹੈ? ਗੁਰੂ ਜੀ ਦੱਸੋ" ਮਨੁੱਖ ਪੁਛਦੇ ਸਨ। ਜਦ ਉਨ੍ਹਾਂ ਦੀ ਪ੍ਰੀਤ ਵੇਖੀ ਤਾਂ ਦਇਆ ਦੇ ਸਾਗਰ ਬੋਲੇ॥ ੫੧॥

ਸਲੋਕ ਮ: ੧॥

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥ ੧॥ (ਪੰਨਾ ੯੧)

ਸੱਚ ਨੂੰ ਆਪਣਾ ਸੰਜਮ ਬਣਾਓ, ਪਵਿੱਤਰ ਜੀਵਨ ਰੀਤੀ ਨੂੰ ਲਕੀਰ ਬਣਾਓ ਅਤੇ ਨਾਮ ਦੇ ਸਿਮਰਨ ਨੂੰ ਇਸ਼ਨਾਨ ਬਣਾਓ। ਹੇ ਨਾਨਕ ! ਪਰਲੋਕ ਵਿਚ ਕੇਵਲ ਉਹੀ ਉੱਤਮ ਗਿਣੇ ਜਾਣਗੇ ਜਿਹੜੇ ਪਾਪਾਂ ਦੇ ਰਾਹ ਨਹੀਂ ਤੁਰਦੇ॥ ੧॥

ਚੌਪਈ- 'ਇਉਂ ਪੁਨੀਤ ਜੇ ਚਉਕਾ ਹੋਇ। ਭਿਟਿਓ ਜਾਇ ਨ ਕਬਹੂੰ ਸੋਇ।
ਇਸ ਪ੍ਰਕਾਰ ਤੁਮ ਉਰ ਮਹਿੰ ਧਾਰਹੁ। ਮਨ ਮਲੀਨਤਾ ਸਰਬ ਨਿਵਾਰਹੁ ॥੫੨॥

"ਇਸ ਤਰ੍ਹਾਂ ਜਿਹੜਾ ਚੌਕਾ ਪਵਿੱਤਰ ਹੁੰਦਾ ਹੈ, ਉਹ ਫਿਰ ਦੁਬਾਰਾ ਕਦੀ ਵੀ ਭਿੱਟਿਆ ਨਹੀਂ ਜਾਂਦਾ। ਇਸ ਪ੍ਰਕਾਰ ਤੁਸੀਂ ਹਿਰਦੇ ਧਾਰਨ ਕਰੋ, ਮਨ ਦੀ ਸਾਰੀ ਮਲੀਨਤਾ ਦੂਰ ਕਰੋ" ॥ ੫੨॥

ਸ੍ਰੀ ਨਾਨਕ ਕੇ ਸੁਨਿ ਬਚ ਐਸੇ। ਉਰ ਮਹਿੰ ਗੁਨਤਿ ਹੁਤੇ ਮਨ ਜੈਸੇ।
ਜਾਨੇ ਅਪਨੇ ਸਰਬ ਬਿਕਾਰਨ। ਚਹਿਤਿ ਭਏ ਅਬ ਕਿਉਂ ਹ੍ਵੈ ਟਾਰਨ ॥੫੩॥

ਗੁਰੂ ਨਾਨਕ ਦੇਵ ਜੀ ਦੇ ਅਜਿਹੇ ਸ਼ਬਦ ਸੁਣ ਕੇ ਹਿਰਦੇ ਵਿਚ ਵਿਚਾਰ ਕਰਦੇ ਹਨ। ਆਪਣੇ ਸਾਰੇ ਕੰਮ ਵਿਕਾਰ ਜਾਣਦੇ ਹਨ, ਚਾਹੁੰਦੇ ਹਨ ਕਿ ਇਨ੍ਹਾਂ ਨੂੰ ਕਿਵੇਂ ਛੱਡੀਏ॥ ੫੩॥

ਅਵਰ ਠੌਰ ਤੇ ਮਨ ਕੋ ਮੋਰਾ। ਸ੍ਰੀ ਗੁਰ ਪਗ ਮਹਿੰ ਨਿਸ਼ਚਾ ਜੋਰਾ।
ਬਿਨੈ ਭਨਤਿ 'ਹਮ ਕੋ ਸਿਖ ਕੀਜੈ। ਸ਼ਰਨ ਪਰੇ ਕੀ ਲਾਜ ਰਖੀਜੈ॥ ੫੪॥

ਹੋਰਨਾਂ ਪਾਸਿਆਂ ਤੋਂ ਮਨ ਨੂੰ ਮੋੜ ਕੇ ਅਤੇ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਨਿਸ਼ਚਾ ਜੋੜ ਕੇ, ਬੇਨਤੀ ਕਰਦੇ ਹਨ, "ਸਾਨੂੰ ਆਪਣੇ ਸਿੱਖ ਬਣਾਓ ਅਤੇ ਸ਼ਰਨ ਪਿਆਂ ਦੀ ਲਾਜ ਰੱਖੋ॥ ੫੪॥

ਦੋਹਰਾ- ਜਿਉਂ ਜਾਨਹੁ ਤਿਉਂ ਤਾਰੀਏ ਔਰ ਨ ਹਮ ਕੋ ਥਾਇ॥
ਪਰਮੇਸ਼ੁਰ ਕੋ ਰੂਪ ਹੋ ਜਪੈਂ ਤਿਹਾਰੋ ਨਾਇ'॥ ੫੫॥

ਜਿਵੇਂ ਠੀਕ ਸਮਝੋ ਸਾਨੂੰ ਤਾਰੋ, ਸਾਡਾ ਹੁਣ ਕੋਈ ਹੋਰ ਟਿਕਾਣਾ ਨਹੀਂ, ਤੁਸੀਂ ਪਰਮੇਸ਼ਰ ਦਾ ਰੂਪ ਹੋ, ਤੁਹਾਡੇ ਨਾਂ ਦਾ ਜਾਪ ਕਰਾਂਗੇ"॥ ੫੫॥

ਚੌਪਈ- ਲਖੇ ਦੀਨ ਗੁਰ ਬੈਨ ਉਚਾਰੇ। 'ਜਿਤਨੋ ਹੈ ਧਨ ਪਾਸ ਤੁਮਾਰੇ।
ਪਰਮੇਸ਼ੁਰ ਹਿਤ ਸਰਬ ਲੁਟਾਵਹੁ। ਪੁਨ ਸਿਖ ਹੋਇ ਪਰਮ ਸੁਖ ਪਾਵਹੁ ॥੫੬॥

ਜਦ ਗੁਰੂ ਜੀ ਨੇ ਉਨ੍ਹਾਂ ਨੂੰ ਨਿਮਰ ਹੋਏ ਵੇਖਿਆ ਤਾਂ ਬਚਨ ਉਚਾਰਨ ਕੀਤੇ, "ਜਿੰਨਾ ਵੀ ਤੁਹਾਡੇ ਪਾਸ ਧਨ ਹੈ, ਪਰਮੇਸ਼ਵਰ ਦੀ ਖਾਤਰ ਸਾਰਾ ਲੁਟਾ ਦੇਵੋ, ਫਿਰ ਸਿੱਖ ਹੋ ਕੇ ਪਰਮ ਸੁੱਖ ਪਾਵੋ"॥ ੫੬॥

ਤਿਹ ਛਿਨ ਜਿਨ ਜਿਨ ਮਾਨੀ ਆਇਸੁ। ਸਰਬ ਦਰਬ ਕੋ ਦੀਨ ਲੁਟਾਇਸ।
ਤਿਨ ਪਰ ਮਿਹਰ ਦ੍ਰਿਸ਼ਟਿ ਜਗਤੇਸ਼ਾ। ਸੱਤਿਨਾਮ ਕੋ ਦਿਯ ਉਪਦੇਸ਼ਾ ॥੫੭॥

ਉਸ ਵੇਲੇ ਜਿਨ੍ਹਾਂ-ਜਿਨ੍ਹਾਂ ਆਗਿਆ ਮੰਨ ਲਈ, ਉਨ੍ਹਾਂ ਸਾਰੇ ਧਨ ਨੂੰ ਲੁਟਾ ਦਿੱਤਾ। ਉਨ੍ਹਾਂ ਉਤੇ ਗੁਰੂ ਜੀ ਨੇ ਮਿਹਰ ਦੀ ਦ੍ਰਿਸ਼ਟੀ ਕੀਤੀ ਅਤੇ ਸਤਿਨਾਮ ਦਾ ਉਪਦੇਸ਼ ਦਿੱਤਾ॥ ੫੭॥

ਪ੍ਰੇਮ ਨਾਮ ਕੋ ਰੰਗ ਚੜ੍ਹਾਵਾ। ਮਨ ਕੋ ਸ਼ਾਂਤਿ ਦਈ ਸੁਖ ਪਾਵਾ।
ਅੰਤ ਕਾਲ ਮਹਿੰ ਸ਼ੁਭ ਗਤਿ ਪਾਈ। ਜੀਵਤਿ ਨਾਮ ਬਿਖੈ ਲਿਵ ਲਾਈ ॥੫੮॥

ਪ੍ਰੇਮ ਨਾਮ ਦਾ ਰੰਗ ਚੜ੍ਹਾਇਆ, ਮਨ ਨੂੰ ਸ਼ਾਂਤੀ ਬਖਸ਼ੀ, ਜਿਸ ਨਾਲ ਉਨ੍ਹਾਂ ਸੁੱਖ ਪਾਇਆ ਅੰਤ ਕਾਲ ਸਮੇਂ ਸ਼ੁਭ ਗਤੀ ਪਾਈ ਅਤੇ ਜੀਉਂਦਿਆਂ ਨਾਮ ਵਿਚ ਲਿਵ ਲਾਈ॥ ੫੮॥

ਦੋਹਰਾ-ਇਸ ਪ੍ਰਕਾਰ ਸੋ ਸਿਖ ਕਰੇ ਰੈਨ ਭਈ ਪੁਨ ਆਇ।
ਸ੍ਰੀ ਗੰਗਾ ਤਨ ਧਾਰਿਕੈ ਚਲਿ ਪਹੁੰਚੀ ਤਿਹ ਥਾਇ॥ ੫੯॥

ਇਸ ਪ੍ਰਕਾਰ ਸਿੱਖ ਬਣਾ ਕੇ ਜਦ ਰਾਤ ਹੋਈ ਤਾਂ ਵਾਪਸ ਆ ਗਏ। ਸ੍ਰੀ ਗੰਗਾ ਸਰੀਰ ਧਾਰਨ ਕਰਕੇ ਚਲ ਕੇ ਗੁਰੂ ਜੀ ਪਾਸ ਪਹੁੰਚ ਗਈ॥ ੫੯॥

ਚੌਪਈ- ਕੰਚਨ ਥਾਰ ਲਿਯੇ ਨਿਜ ਹਾਥਾ। ਭਰਜੋ ਨਿਹਕ ਮੁਕਤਾ ਕੇ ਸਾਥਾ।
ਧਰੀ ਭੇਟ ਸ੍ਰੀ ਗੁਰੂ ਅਗਾਰੀ। ਕਰਿ ਪਦ ਬੰਦਨ ਗਿਰਾ ਉਚਾਰੀ॥੬੦॥

ਉਸ ਨੇ ਸੋਨੇ ਦਾ ਥਾਲ ਹੱਥ ਵਿਚ ਫੜਿਆ ਹੋਇਆ ਸੀ ਅਤੇ ਥਾਲ ਹੀਰੇ ਮੋਤੀਆਂ ਨਾਲ ਭਰਿਆ ਹੋਇਆ ਸੀ। ਉਸ ਭੇਟਾ ਗੁਰੂ ਜੀ ਦੇ ਅੱਗੇ ਰੱਖ ਦਿੱਤੀ ਅਤੇ ਚਰਨਾਂ ਤੇ ਬੰਦਨਾ ਕਰਕੇ ਬੋਲੀ॥ ੬੦॥

'ਦੁਸ਼ਤਰ ਅਤਿ ਕਲਿਮਲ ਕਲਿ ਕਾਲਾ। ਮੋ ਤੇ ਸਹੇ ਨ ਜਾਇ ਕ੍ਰਿਪਾਲਾ!।
ਕ੍ਰਿਪਾ ਧਾਰਿ ਸੋ ਕਰਹੁ ਉਪਾਈ। ਜਾਂ ਤੇ ਹ੍ਵੈ ਸੁਖ ਮੋਹਿ ਸਦਾਈ॥੬੧॥

"ਕਲਿਜੁਗ ਵਿਚ ਦੁਸ਼ਟਤਾ ਅਤੇ ਪਾਪ ਦਾ ਭਾਰ ਬਹੁਤ ਵੱਧ ਗਿਆ ਹੈ। ਹੇ ਕਿਰਪਾਲੂ! ਮੇਰੇ ਪਾਸੋਂ ਹੁਣ ਬਰਦਾਸ਼ਤ ਨਹੀਂ ਹੁੰਦਾ। ਕਿਰਪਾ ਧਾਰ ਕੇ ਕੋਈ ਉਪਾਅ ਕਰੋ ਜਿਸ ਨਾਲ ਮੈਨੂੰ ਸਦਾ ਸੁਖ ਪ੍ਰਾਪਤ ਹੋਵੇ॥ ੬੧॥

ਤੁਮ ਉਪਕਾਰ ਕਰਨ ਕੇ ਹੇਤਾ। ਦੇਹਿ ਧਰੀ ਬੇਦੀ ਕੁਲ ਕੇਤਾ!'।
ਸੁਨਿ ਕਰਿ ਸੁਰਸਰਿ ਕੀ ਅਸ ਬਾਨੀ। ਕ੍ਰਿਪਾ ਧਾਰਿ ਬੋਲੇ ਗੁਨ ਖਾਨੀ॥੬੨॥

ਹੇ ਗੁਰੂ ਜੀ! ਉਪਕਾਰ ਕਰਨ ਹਿਤ ਤੁਸੀਂ ਅਵਤਾਰ ਧਾਰਨ ਕੀਤਾ ਹੈ।" ਗੰਗਾ ਦੀ ਅਜਿਹੀ ਬਾਣੀ ਸੁਣ ਕੇ ਗੁਰੂ ਜੀ ਕਿਰਪਾ ਧਾਰਨ ਕਰਕੇ ਬੋਲੇ॥ ੬੨॥

'ਜੇ ਪਰਮੇਸੁਰ ਪਰਮ ਪਿਆਰੇ। ਕਰਹੁ ਧਯਾਨ ਤਿਨ ਸੰਝ ਸਕਾਰੇ।
ਤੋ ਮਹਿਂ ਚਰਨ ਆਨਿ ਜਬ ਪਾਵੈਂ। ਤਤਛਿਨ ਤੁਮਰੇ ਕਲੁਖ ਨਸਾਵੈਂ॥੬੩॥

"ਜਿਹੜੇ ਪਰਮ ਪਿਆਰੇ ਪਰਮੇਸ਼ਰ ਹਨ, ਉਨ੍ਹਾਂ ਦਾ ਸ਼ਾਮ ਸਵੇਰੇ ਧਿਆਨ ਕਰੋ, ਜਦ ਉਹ ਤੇਰੇ ਜਲ ਵਿਚ ਆਪਣੇ ਚਰਨ ਪਾਉਣਗੇ ਤਾਂ ਤੁਰੰਤ ਤੇਰੇ ਸਾਰੇ ਦੁੱਖ ਦੂਰ ਹੋ ਜਾਣਗੇ॥ ੬੩॥

ਜਿਉਂ ਆਵਤਿ ਕਾਤਿਕ ਕੋ ਮਾਸਾ। ਬਿਮਲ ਸੁਧ ਹ੍ਵੈ ਜਾਤਿ ਅਕਾਸ਼ਾ।
ਤਿਉਂ ਨਿਰਮਲ ਹੋਵੈਂ ਤਤਕਾਲਾ। ਸੰਤਨ ਲੱਛਨ ਸੁਨਹੁ ਰਸਾਲਾ॥੬੪॥

ਜਦ ਕੱਤਕ ਦਾ ਮਹੀਨਾ ਆਉਂਦਾ ਹੈ ਤਾਂ ਆਕਾਸ਼ ਮੈਲ-ਰਹਿਤ ਸ਼ੁੱਧ ਹੋ ਜਾਂਦਾ ਹੈ, ਉਸ ਤਰ੍ਹਾਂ ਤੂੰ ਵੀ ਤੁਰੰਤ ਨਿਰਮਲ ਅਤੇ ਸ਼ੁੱਧ ਹੋ ਜਾਵੇਂਗੀ। ਸੰਤਾਂ ਦੇ ਰਸੀਲੇ ਲੱਛਣ ਸੁਣੋ॥ ੬੪॥

ਸੁਕਤਾ ਰਜਤ ਜਗਤ ਕੋ ਜਾਨਤਿ। ਹਰਖ ਸ਼ੋਕ ਮਹਿਂ ਰਹਤਿ ਸਮਾਨਤ।
ਮ੍ਰਿਦੁਲ ਰਿਦਾ, ਨਿਤ ਪਰਉਪਕਾਰੀ। ਬਿਖੈ ਬਾਸ਼ਨਾ ਉਰ ਤੇ ਜਾਰੀ॥੬੫॥

ਸਿੱਪੀ ਵਿਚ ਜਿਵੇਂ ਚਾਂਦੀ ਦਾ ਭੁਲੇਖਾ ਹੁੰਦਾ ਹੈ, ਇਸ ਤਰ੍ਹਾਂ ਉਹ ਜਗਤ ਨੂੰ ਨਾਸ਼ਵਾਨ ਤੇ ਇਕ ਭੁਲੇਖਾ ਸਮਝਦੇ ਹਨ। ਖੁਸ਼ੀ ਗ਼ਮੀ ਵਿਚ ਉਹ ਇਕਸਾਰ ਰਹਿੰਦੇ ਹਨ। ਉਨ੍ਹਾਂ ਦਾ ਨਿਰਮਲ ਅਤੇ ਕੋਮਲ ਹਿਰਦਾ ਸਦਾ ਪਰਉਪਕਾਰੀ ਹੁੰਦਾ ਹੈ। ਵਿਸ਼ੇ ਵਾਸ਼ਨਾਵਾਂ ਨੂੰ ਉਹ ਹਿਰਦੇ ਵਿਚੋਂ ਸਾੜ ਦਿੰਦੇ ਹਨ॥ ੬੫॥

ਪਰ ਦੁਖ ਦੇਖਿ ਦੁਖੀ ਹ੍ਵੈ ਜਾਹੀਂ। ਪਰ ਸੁਖ ਲਖਿ ਹਰਖੈਂ ਮਨ ਮਾਂਹੀ।
ਹਰਿ ਸਿਮਰਨ ਕੇ ਰੰਗੇ ਰੰਗਾ। ਦ੍ਰੋਹ ਨ ਮੋਹ ਨ ਮਾਨ ਉਤੰਗਾ ॥੬੬॥

ਪਰਾਏ ਦੁੱਖ ਨੂੰ ਵੇਖ ਕੇ ਦੁਖੀ ਹੋ ਜਾਂਦੇ ਹਨ, ਪਰਾਏ ਸੁੱਖ ਨੂੰ ਵੇਖ ਕੇ ਮਨ ਵਿਚ ਬੜੇ ਪ੍ਰਸੰਨ ਹੁੰਦੇ ਹਨ। ਹਰ ਵੇਲੇ ਸਿਮਰਨ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਵੈਰ, ਮੋਹ ਅਤੇ ਘਮੰਡ ਤੋਂ ਦੂਰ ਰਹਿੰਦੇ ਹਨ॥ ੬੬॥

ਤਿਨਕੇ ਚਰਨ ਸੰਗ ਅਘ ਤੇਰੇ। ਹੋਹਿਂ ਨਸ਼ਟ ਨਹਿਂ ਲਾਗਹਿ ਦੇਰੇ।
ਸ੍ਰੀ ਗੰਗਾ ਜੀ ਸੁਨਿਕੇ ਗਾਥਾ। ਪਰਸੇ ਹਾਥ ਪੈਰ ਜਗਨਾਥਾ ॥੬੭॥

ਉਨ੍ਹਾਂ ਦੇ ਚਰਨ ਤੇਰੇ ਜਲ ਨੂੰ ਛੂਹਣ ਨਾਲ ਤੇਰੇ ਸਾਰੇ ਪਾਪ ਕਿਸੇ ਦੇਰ ਤੋਂ ਬਗੈਰ ਨਸ਼ਟ ਹੋ ਜਾਣਗੇ।'' ਸ੍ਰੀ ਗੰਗਾ ਜੀ ਨੇ ਇਹ ਗਾਥਾ ਸੁਣ ਕੇ ਗੁਰੂ ਜੀ ਦੇ ਚਰਨਾਂ ਤੇ ਆਪਣੇ ਹੱਥਾਂ ਨੂੰ ਪਰਸਿਆ॥ ੬੭॥

ਦੋਹਰਾ- ਪਰਸਤਿ ਹੀ ਨਿਰਮਲ ਭਈ ਜਿਉਂ ਪਟ ਸਾਬਨ ਸਾਥ।
ਕਹਤਿ 'ਉਪਾਇਨ ਲੀਜੀਏ ਤੁਮ ਹੋ ਦੀਨਾ ਨਾਥ'॥ ੬੮॥

ਚਰਨ ਪਰਸਦਿਆਂ ਹੀ ਨਿਰਮਲ ਹੋ ਗਈ, ਜਿਵੇਂ ਸਾਬਣ ਨੂੰ ਲੱਗ ਕੇ ਕਪੜਾ ਸਾਫ ਹੋ ਜਾਂਦਾ ਹੈ। ਕਹਿਣ ਲੱਗੀ, "ਇਹ ਭੇਟ ਸਵੀਕਾਰ ਕਰੋ, ਤੁਸੀਂ ਜਗਤ ਦੇ ਸਵਾਮੀ ਹੋ"॥ ੬੮॥

ਚੌਪਈ- ਸੁਨਿ ਕਰਿ ਸ੍ਰੀਗੁਰ ਬੈਨ ਉਚਾਰੇ। 'ਇਹ ਧਨ ਨਹਿਂ ਕਿਛੁ ਕਾਜ ਹਮਾਰੇ।
ਸਰਬ ਵਸਤੁ ਕੋ ਕਰਹੁ ਭੰਡਾਰਾ। ਹਿਤ ਪਰਮੇਸ਼ੁਰ ਦੇਉ ਅਹਾਰਾ' ॥੬੯॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਧਨ ਸਾਡੇ ਕਿਸੇ ਕੰਮ ਨਹੀਂ। ਸਾਰੀਆਂ ਵਸਤਾਂ ਨੂੰ ਆਪਣੇ ਭੰਡਾਰੇ ਵਿਚ ਰੱਖੋ ਅਤੇ ਪਰਮੇਸ਼ਰ ਦੇ ਹਿਤ ਗਰੀਬਾਂ ਨੂੰ ਭੋਜਨ ਕਰਵਾਉ"॥ ੬੯॥

ਗੰਗ ਕਹੈ 'ਧਰਿ ਕ੍ਰਿਪਾ ਗੁਸਾਈਂ !। ਤੁਮ ਭੀ ਅਸਨ ਅਚਹੁ ਤਹਿਂ ਆਈ'।
ਇਸ ਪ੍ਰਕਾਰ ਕਹਿ ਬਹੁਰ ਪਧਾਰੀ। ਭਈ ਭੋਰ ਉਦਤਜੋ ਤਿਮਰਾਰੀ ॥੭੦॥

ਸ੍ਰੀ ਗੰਗਾ ਨੇ ਕਿਹਾ, "ਹੇ ਸਵਾਮੀ ! ਕਿਰਪਾ ਧਾਰ ਕੇ ਤੁਸੀ ਵੀ ਓਥੇ ਆ ਕੇ ਭੋਜਨ ਛਕੋ।" ਇਸ ਪ੍ਰਕਾਰ ਕਹਿ ਕੇ ਚਲੇ ਗਈ, ਸਵੇਰ ਹੋਈ ਸੂਰਜ ਚੜ੍ਹਿਆ॥ ੭੦॥

ਤਬ ਹੀ ਸੁਰਸਰਿ ਕੀਨ ਭੰਡਾਰਾ। ਨਾਨਾ ਬਿਧਿ ਕੇ ਬਨੇ ਅਹਾਰਾ।
ਸਰਬ ਸੁਰਨ ਕੋ ਕੀਨ ਅਵਾਹਨ। ਤਿਹ ਛਿਨ ਆਏ ਜਹਿਂ ਜਲ ਪਾਵਨ ॥੭੧॥

ਤਦ ਗੰਗਾ ਨੇ ਭੰਡਾਰਾ ਕੀਤਾ, ਕਈ ਪ੍ਰਕਾਰ ਦੇ ਭੋਜਨ ਤਿਆਰ ਹੋਏ। ਸਾਰੇ ਦੇਵਤਿਆਂ ਨੂੰ ਬੁਲਾਇਆ ਗਿਆ। ਪਵਿੱਤਰ ਜਲ ਵਾਲੀ ਗੰਗਾ ਪਾਸ ਉਸੇ ਵੇਲੇ ਆ ਗਏ॥ ੭੧॥

ਨਾਰਦ ਸ੍ਰੀ ਬ੍ਰਹਮਾ ਸੰਗ ਆਵਾ। ਗੌਰੀ ਸੰਗ ਸ੍ਰੀ ਸ਼ੰਭੁ ਸੁਹਾਵਾ।
ਸਸਿ ਸਵਿਤਾ, ਸਨਿਕਾਦਿਕ, ਪਾਵਕ। ਬਰੁਨ, ਕੁਬੇਰ, ਸਮੀਰ, ਬਿਨਾਇਕ ॥੭੨॥

ਨਾਰਦ ਮੁਨੀ ਸ੍ਰੀ ਬ੍ਰਹਮਾ ਦੇ ਨਾਲ ਆਇਆ। ਗੌਰੀ ਦੇ ਨਾਲ ਸ੍ਰੀ ਸ਼ੰਭੂ ਸ਼ੋਭ ਰਿਹਾ ਸੀ। ਚੰਦਰਮਾਂ, ਸੂਰਜ, ਸਨਕ ਆਦਿਕ, ਅਗਨੀ, ਵਰੁਨ, ਕੁਬੇਰ, ਵਾਯੂ ਅਤੇ ਗਣੇਸ਼ ਵੀ ਆਏ॥ ੭੨॥

ਇੰਦ੍ਰ ਆਦਿ ਜੋ ਹੈਂ ਸੁਰ ਸਾਰੇ। ਸਭਿ ਆਏ ਸੁਰ ਨਦੀ ਹਕਾਰੇ।
ਰਿਖਿ ਮੁਨਿ ਜਤੀ ਸਤੀ ਸੰਨਜਾਸੀ। ਤਪੀ ਦਿਗੰਬਰ ਆਏ ਰਾਸੀ ॥੭੩॥

ਇੰਦਰ ਆਦਿ ਜਿਹੜੇ ਸਾਰੇ ਦੇਵਤੇ ਹਨ, ਸਾਰੇ ਦੇਵਤੇ ਨਦੀ ਦੇ ਕੰਢੇ ਆ ਗਏ। ਰਿਖੀ, ਮੁਨੀ, ਜਤੀ, ਸਤੀ ਸੰਨਿਆਸੀ ਤਪੀ ਅਤੇ ਦਿਗੰਬਰ ਸਾਰੇ ਆਏ॥ ੭੩॥

ਸੁਰ ਸਭਿ ਦੁਤਿਯ ਰੂਪ ਕੋ ਧਾਰੇ। ਸ੍ਰੀ ਨਾਨਕ ਪੁਨ ਤਹਾਂ ਪਧਾਰੇ।
ਮਿਲਿਕੈ ਸਰਬ ਕਰਹਿਂ ਪਦਬੰਦਨ। ਮਹਿਮਾ ਜਾਨਹਿਂ ਕਲੁਖ ਨਿਕੰਦਨ॥੭੪॥

ਸਾਰੇ ਦੇਵਤਿਆਂ ਨੇ ਦੂਸਰਾ ਰੂਪ ਧਾਰਨ ਕੀਤਾ ਹੋਇਆ ਸੀ, ਫਿਰ ਗੁਰੂ ਨਾਨਕ ਜੀ ਵੀ ਓਥੇ ਪੁਹੰਚੇ। ਸਾਰੇ ਦੇਵਤਿਆਂ ਨੇ ਮਿਲ ਕੇ ਚਰਨ ਬੰਦਨਾ ਕੀਤੀ। ਪਾਪਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਦੀ ਸਭ ਮਹਿਮਾ ਜਾਣਦੇ ਸਨ॥੭੪॥

ਔਰ ਸੇਵ ਸੁਰ ਸਰਬ ਸਮ੍ਹਾਰੀ। ਕਰਨੀ ਜੇ ਅਹਾਰ ਕੀ ਤਯਾਰੀ।
ਸ੍ਰੀ ਨਾਨਕ ਕਰ ਮਹਿਂ ਜਲ ਧਾਰਨ। ਸਾਂਭੀ ਸੇਵਾ ਚਰਨ ਪਖਾਰਨ॥ ੭੫॥

ਭੋਜਨ ਆਦਿ ਤਿਆਰ ਕਰਨ ਦੀ ਸੇਵਾ ਸੀ ਉਹ ਸਾਰੀ ਸੇਵਾ ਦੇਵਤਿਆਂ ਸੰਭਾਲ ਲਈ, ਗੁਰੂ ਨਾਨਕ ਦੇਵ ਜੀ ਨੇ ਹੱਥ ਵਿਚ ਜਲ ਫੜ ਲਿਆ ਤੇ ਚਰਨ ਧੋਣ ਦੀ ਸੇਵਾ ਸੰਭਾਲ ਲਈ॥ ੭੫॥

ਇਸ ਪ੍ਰਕਾਰ ਸਭਿ ਅਚਜੋ ਅਹਾਰਾ। ਉਰ ਹਰਖੇ ਗੁਰ ਦਰਸ ਨਿਹਾਰਾ।
ਬਹੁਰੋ ਕਰਿ ਕਰਿ ਚਰਨ ਪ੍ਰਨਾਮੂ। ਗਮਨ ਕਿਯੋ ਸਭਿ ਅਪਨੇ ਧਾਮੂ॥ ੭੬॥

ਇਸ ਪ੍ਰਕਾਰ ਸਾਰਿਆਂ ਨੇ ਭੋਜਨ ਛਕਿਆ। ਸਾਰੇ ਹੀ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਫਿਰ ਸਾਰੇ ਗੁਰੂ ਜੀ ਦੇ ਚਰਨਾਂ ਤੇ ਪ੍ਰਣਾਮ ਕਰਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੭੬॥

ਪੁਨ ਸ੍ਰੀ ਗੰਗਾ ਬੰਦਨ ਕਰਿ ਕੈ। ਅਪਨ ਪ੍ਰਵਾਹ ਸਮਾਈ ਬਰਿਕੈ।
ਜਿਉਂ ਹਿਮ ਕੀ ਪੁਤਰੀ ਕਿਤ ਹੋਇ। ਲਗੇ ਤੇਜ ਜਲ ਹੋਵਤਿ ਸੋਇ॥੭੭॥

ਫਿਰ ਸ੍ਰੀ ਗੰਗਾ ਬੰਦਨਾ ਕਰਕੇ, ਆਪਣੇ ਜਲ ਦੇ ਪ੍ਰਵਾਹ ਵਿਚ ਦਾਖਲ ਹੋ ਕੇ ਸਮਾ ਗਈ। ਜਿਵੇਂ ਬਰਫ ਪੁਤਲੀ ਗਰਮੀ ਲੱਗਣ ਨਾਲ ਜਲ ਬਣ ਜਾਂਦੀ ਹੈ॥ ੭੭॥

ਦੋਹਰਾ- ਮਿਲਹਿਂ ਪਰਸਪਰ ਨਰ ਕਹੈਂ 'ਕਿਨ ਭੰਡਾਰਾ ਕੀਨ?'।
ਸਭਿ ਕੋ ਸੰਸੈ ਹੋਤਿ ਭਾ ਨਾਮ ਨ ਕਿਨਹੂੰ ਚੀਨ॥ ੭੮॥

ਮਨੁੱਖ ਆਪਸ ਵਿਚ ਮਿਲ ਕੇ ਕਹਿ ਰਹੇ ਸਨ, "ਇਹ ਭੰਡਾਰਾ ਕਿਸ ਕੀਤਾ ਹੈ?" ਸਾਰਿਆਂ ਨੂੰ ਸੰਸਾ ਸੀ, ਅਸਲ ਨਾਂ ਦਾ ਕਿਸੇ ਨੂੰ ਪਤਾ ਨਹੀਂ ਸੀ॥ ੭੮॥

ਚੌਪਈ- ਕਿਤਿਕ ਦਿਵਸ ਗੰਗਾ ਕੇ ਤੀਰਾ। ਭਗਤਿ ਦ੍ਰਿੜਾਈ ਗੁਨੀ ਗਹੀਰਾ।
ਪੁਨ ਅੱਗ੍ਰਜ ਕੋ ਕੀਨ ਪਯਾਨਾ। ਜਿਨਕੇ ਨਾਮ ਜਪੇ ਦੁਖ ਹਾਨਾ॥੭੯॥

ਗੁਰੂ ਜੀ ਕਈ ਦਿਨ ਗੰਗਾ ਦੇ ਕੰਢੇ ਬੈਠੇ ਰਹੇ। ਗੁਣੀ ਗਹੀਰੇ ਗੁਰੂ ਜੀ ਨੇ ਆਪਣੀ ਭਗਤੀ ਨੂੰ ਦ੍ਰਿੜ ਕੀਤਾ। ਫਿਰ ਅੱਗੇ ਚਲ ਪਏ, ਜਿਨ੍ਹਾਂ ਦਾ ਨਾਮ ਜਪਣ ਨਾਲ ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ॥ ੭੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਗੰਗਾ ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅਧਯਾਯ॥ ੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅੱਠਵਾਂ ਅਧਿਆਇ, ਜਿਸ ਦਾ ਨਾਮ 'ਗੰਗਾ ਵਿਖੇ ਪੱਛਮ ਵਲ ਪਾਣੀ ਉਛਾਲਣਾ' ਹੈ, ਸਮਾਪਤ ਹੋਇਆ॥ ੮॥

# ਅਧਿਆਇ ਨੌਵਾਂ

## ਬ੍ਰਿਜ, ਅਯੁੱਧਿਆ ਤੇ ਕਾਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼

ਦੋਹਰਾ- ਜਗਤਿ ਜੋਤਿ ਜਗਮਗਤਿ ਜੁਤ ਨਿਤ ਅਭਿਮਤ ਚਿਤ ਦੇਤਿ।
ਸੂਲ ਹਰੀ ਮੰਗਲ ਕਰੀ ਜੈ ਜੈ ਕ੍ਰਿਪਾ ਨਿਕੇਤ॥ ੧॥

ਜਾਗਦੀ ਜੋਤ ਤੇ ਚਮਕਣਾ ਜਗਮਗਾ ਰਿਹਾ ਹੈ, ਜੋ ਸਦਾ ਚਿਤ ਚਾਹੀ ਮਨੋਕਾਮਨਾ ਦੇਂਦੀ ਹੈ, ਜੋ ਪੀੜਾ ਦੂਰ ਕਰਨ ਵਾਲੀ ਤੇ ਕਿਰਪਾ ਦਾ ਘਰ ਹੈ, ਉਸ ਦੀ ਜੈ ਜੈ ਕਾਰ ਹੋਵੇ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਫੇਰੂ ਸੁਤ ! ਸੁਨੀਏ ਕਥਾ। ਪਿਖੀ ਜਥਾ ਮੈਂ ਕਥਿ ਹੌਂ ਤਥਾ।
ਆਗੈ ਗਮਨ ਕੀਨ ਗੁਨਖਾਨੀ। ਨਰਨ ਉਧਾਰਨ ਜਿਨ ਮਨ ਬਾਨੀ॥ ੨॥

ਹੇ ਸ੍ਰੀ ਫੇਰੂ ਦੇ ਪੁੱਤਰ, ਗੁਰੂ ਅੰਗਦ ਦੇਵ ਜੀ ! ਕਥਾ ਸੁਣੋ, ਜਿਸ ਤਰ੍ਹਾਂ ਮੈਂ ਕਹੀ ਹੈ। ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ। ਮਨੁੱਖਾਂ ਦਾ ਉਧਾਰ ਕਰਨ ਦਾ ਜਿਨ੍ਹਾਂ ਮਨ ਬਣਾਇਆ ਹੈ॥ ੨॥

ਭੁਜੰਗ ਛੰਦ- ਚਲੇ ਜਾਤਿ ਮੋ ਸੰਗਿ ਬੋਲੇ ਕ੍ਰਿਪਾਲਾ। 'ਅਬੈ ਦੇਖੀਐ ਕਾਨ੍ਹ ਕੀ ਬ੍ਰਿੱਜ ਸ਼ਾਲਾ।
ਜਹਾਂ ਆਵਤਾਰੰ ਧਰਜੋ ਕੰਸ ਨਾਸੂ। ਕਿਯੋ ਹੈ ਕਲੋਲੰ ਜਸੋਧਾ ਅਵਾਸੂ॥ ੩॥

ਜਦ ਕਿਰਪਾਲੂ ਗੁਰੂ ਮੇਰੇ ਨਾਲ ਚਲੇ ਜਾ ਰਹੇ ਸਨ ਤਾਂ ਉਹ ਬੋਲੇ, "ਹੁਣ ਕਾਨ੍ਹ ਦੀ ਬ੍ਰਿਜਸ਼ਾਲਾ ਵੇਖੀਏ, ਜਿਥੇ ਕੰਸ ਨੂੰ ਮਾਰਨ ਵਾਲੇ ਕ੍ਰਿਸ਼ਨ ਨੇ ਅਵਤਾਰ ਧਾਰਿਆ ਸੀ ਅਤੇ ਜਿਸ ਨੇ ਯਸ਼ੋਧਾ ਦੇ ਘਰ ਕਲੋਲਾਂ ਕੀਤੀਆਂ ਸਨ॥ ੩॥

ਸੈਯਾ- ਰਵਿਕੀ ਤਨਿਯਾ ਜਹਿੰ ਸੁੰਦਰ ਰਾਜਤਿ ਖੇਲਤਿ ਸ਼ਯਾਮ ਮਹਾਂ ਸੁਖ ਪਾਯੋ।
ਗਿਰ ਪੈ ਚਢਿ ਧੇਨ ਚਰਾਵਨ ਕੀਨਿ ਧਰਾ ਬਹੁ ਭਾਰ ਕੋ ਜਾਂਹਿ ਮਿਟਾਯੋ।
ਕੁਲ ਦੈਤਨ ਕੇ ਸਭਿ ਨਾਸ਼ ਕਰੇ ਮਿਲ ਗ੍ਵਾਰਨ ਸੰਗ ਮੈਂ ਖੇਲ ਮਚਾਯੋ'।
ਹਮ ਸੋਂ ਇਹ ਬੈਨ ਕਹੇ ਜਬਲੌ, ਤਬਲੌ ਬ੍ਰਿਜ ਭੂਮ ਸਮੀਪ ਦਿਸਾਯੋ॥ ੪॥

ਜਿਥੇ ਸੂਰਜ ਦੀ ਕੰਨਿਆਂ ਜਮਨਾ ਵਗ ਰਹੀ ਹੈ ਅਤੇ ਜਿਥੇ ਸ਼ਿਆਮ (ਕ੍ਰਿਸ਼ਨ) ਸੁਖ ਪਾ ਕੇ ਖੇਡਦਾ ਰਿਹਾ ਹੈ, ਪਹਾੜ ਤੇ ਚੜ੍ਹ ਕੇ ਗਾਈਆਂ ਚਾਰਦਾ ਸੀ, ਧਰਤੀ ਤੇ ਬਹੁਤ ਭਾਰ ਨੂੰ ਜਿਸ ਮਿਟਾਇਆ ਸੀ। ਸਾਰੇ ਦੈਂਤਾਂ ਦਾ ਨਾਸ਼ ਕੀਤਾ ਅਤੇ ਗਵਾਲਣਾਂ ਨਾਲ ਮਿਲ ਕੇ ਖੇਡਦਾ ਰਿਹਾ।" ਜਦ ਸਾਨੂੰ ਇਹ ਬਚਨ ਕਹੇ ਤਦ ਬ੍ਰਿਜ ਭੂਮੀ ਨੇੜੇ ਦਿੱਸ ਪਈ॥ ੪॥

ਗਿਰ ਏਕ ਬਿਲੋਕਿ ਕੈ ਬੈਠਿ ਗਏ ਤਬ ਬੈਨ ਭਨੇ ਗੁਰ ਸੋਂ ਮਰਦਾਨਾ।
'ਜਮਨਾ ਤਟ ਕੂਟ ਪਰਜੋ ਕਿਹ ਭਾਂਤਿ ਸੋ, ਦੂਸਰ ਨਾਂਹਿ ਸਮੀਪ ਦਿਸਾਨਾ।
ਉਰ ਮੇਰੇ ਸੰਦੇਹ ਭਯੋ ਅਤਿਸ਼ੈ' ਸੁਨਿ ਸ੍ਰੀ ਗੁਰ ਨਾਨਕ ਬੈਨ ਬਖਾਨਾ।
'ਜਬ ਰਾਮ ਬੰਧਾਯੋ ਹੈ ਸਾਗਰ ਸੇਤੁ ਪਰਾ ਤਬ ਕੋ ਗਿਰਹੈ ਇਹ ਥਾਨਾ'॥ ੫॥

ਇਕ ਪਹਾੜ ਵੇਖ ਕੇ ਬੈਠ ਗਏ, ਤਦ ਮਰਦਾਨੇ ਨੇ ਗੁਰੂ ਜੀ ਨੂੰ ਕਿਹਾ, "ਜਮਨਾ ਕੰਢੇ ਜਿਹੜਾ ਇਹ ਪਹਾੜ ਖੜਾ ਹੈ, ਇਹੋ ਜੇਹਾ ਹੋਰ ਕਿਤੇ ਨੇੜੇ ਤੇੜੇ ਨਹੀਂ ਦਿੱਸਦਾ, ਮੇਰੇ ਮਨ ਵਿਚ ਬੜਾ ਸ਼ੰਕਾ ਉਤਪੰਨ ਹੋਇਆ ਹੈ।" ਇਸ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਜਦ ਸ੍ਰੀ ਰਾਮ ਚੰਦਰ ਨੇ ਸਮੁੰਦਰ ਉਤੇ ਪੁਲ ਬਣਵਾਇਆ ਸੀ, ਉਸ ਸਮੇਂ ਤੋਂ ਇਹ ਪਹਾੜ ਇਸ ਥਾਂ ਖੜਾ ਹੈ"॥ ੫॥

'ਸਭਿ ਹੀ ਬਿਰਤਾਂਤ ਕਹੋ ਇਹ ਕੋ' ਪ੍ਰਭੁ ਬੈਨ ਭਨੇ 'ਸੁਨੀਯੇ ਮਰਦਾਨਾ'।
ਜਬ ਸਾਗਰ ਸੇਤੁ ਸੰਪੂਰਨ ਭਾ ਰਘੁਬੀਰ ਤਬੈ ਇਹ ਭਾਂਤਿ ਬਖਾਨਾ।
ਗਿਰ ਗੇਰ, ਨ ਆਨਹੁ ਔਰ ਅਬੈ ਤਿਹ ਕਾਲ ਬਿਖੈ ਇਹ ਠਾਂ ਹਨੁਮਾਨਾ।
ਛਿਤਿ ਪੈ ਧਰਿ ਬੈਸ ਰਹਾ ਗਿਰ ਕੋ ਰਘੁਬੀਰ ਕੇ ਤੀਰ ਨ ਕੀਨ ਪਯਾਨਾ॥ ੬॥

ਮਰਦਾਨੇ ਨੇ ਫਿਰ ਕਿਹਾ, "ਇਸ ਬਾਰੇ ਸਾਰਾ ਬਿਰਤਾਂਤ ਸੁਣਾਵੋ।" ਗੁਰੂ ਜੀ ਨੇ ਕਿਹਾ, "ਹੇ ਮਰਦਾਨਾ ! ਸੁਣੋ, ਜਦ ਸਾਗਰ ਉੱਤੇ ਪੁਲ ਸੰਪੂਰਣ ਹੋ ਗਿਆ ਤਾਂ ਰਾਮ ਚੰਦਰ ਨੇ ਫਿਰ ਇਸ ਤਰ੍ਹਾਂ ਕਿਹਾ, "ਹੁਣ ਪਹਾੜ ਤੇ ਪਥਰ ਹੋਰ ਨਾ ਲਿਆਵੋ।" ਉਸ ਸਮੇਂ ਹਨੁਮਾਨ ਇਸ ਥਾਂ ਇਸ ਪਹਾੜ ਨੂੰ ਸਿਰ ਤੇ ਚੁਕ ਕੇ ਬੈਠ ਰਿਹਾ ਸੀ, ਜਦ ਉਸ ਰਾਮ ਚੰਦਰ ਦਾ ਹੁਕਮ ਸੁਣਿਆ ਤਾਂ ਏਥੇ ਹੀ ਬੈਠਾ ਰਿਹਾ ਤੇ ਰਾਮਚੰਦਰ ਪਾਸ ਨਾ ਗਿਆ॥ ੬॥

ਆਇਸੁ ਪਾਇ ਤਜੇ ਗਿਰ ਬਾਂਦਰ ਰਾਮ ਕੇ ਤੀਰ ਗਏ ਸਭਿ ਧਾਈ।
ਸ੍ਰੀ ਰਘੁਬੀਰ ਬਿਲੋਕਿ ਕਹੈਂ ਹਨੁਮਾਨ ਬਲੀ ਨਹਿੰ ਦੇਤਿ ਦਿਖਾਈ।
ਯੌਂ ਸੁਨਿਕੈ ਤਿਹ ਸੰਗ ਹੁਤੇਂ ਜੁ, ਸਭੈ ਕਹਿਕੈ ਤਬ ਗਾਥ ਸੁਨਾਈ।
ਰਾਮ ਕਹੈ ਤਹਿੰ ਜਾਹੁ ਅਬੈ ਇਕ ਬਾਂਦਰ ਆਨਹੁ ਬੇਗ ਬੁਲਾਈ॥ ੭॥

ਆਗਿਆ ਪਾ ਕੇ ਬਾਕੀ ਸਾਰੇ ਬਾਂਦਰਾਂ ਨੇ ਪਹਾੜ ਸੁੱਟ ਦਿੱਤੇ ਤੇ ਸਾਰੇ ਸ੍ਰੀ ਰਾਮਚੰਦਰ ਦੇ ਪਾਸ ਚਲੇ ਗਏ। ਜਦ ਸਾਰੇ ਭੱਜ ਕੇ ਸ੍ਰੀ ਰਾਮਚੰਦਰ ਪਾਸ ਪਹੁੰਚ ਗਏ ਤਾਂ ਸ੍ਰੀ ਰਾਮਚੰਦਰ ਨੇ ਉਨ੍ਹਾਂ ਨੂੰ ਵੇਖ ਕੇ ਕਿਹਾ ਕਿ ਤੁਹਾਡੇ ਵਿਚ ਸੂਰਬੀਰ ਹਨੂਮਾਨ ਦਿਖਾਈ ਨਹੀਂ ਦਿੱਤਾ। ਇਹ ਸੁਣ ਕੇ ਜਿਹੜੇ ਬਾਂਦਰ ਉਨ੍ਹਾਂ ਦੇ ਪਾਸ ਖੜੇ ਸਨ, ਉਨ੍ਹਾਂ ਨੇ ਸਾਰੀ ਕਹਾਣੀ ਉਨ੍ਹਾਂ ਨੂੰ ਸੁਣਾਈ। ਫਿਰ ਸ੍ਰੀ ਰਾਮ ਨੇ ਕਿਹਾ ਕਿ ਹੁਣੇ ਹਨੂਮਾਨ ਦੇ ਪਾਸ ਜਾਵੋ, ਇਕ ਬਾਂਦਰ ਚਲ ਕੇ ਹਨੂਮਾਨ ਨੂੰ ਬੁਲਾਉਣ ਆਇਆ॥ ੭॥

ਧਾਇ ਗਯੋ ਹਨੁਮਾਨ ਸਮੀਪ ਚਲੋ ਰਘੁਬੀਰ ਨੈ ਬੇਗ ਬੁਲਾਵਾ।
ਮੇਰੋ ਨ ਜਾਨ ਬਨੈ ਇਹ ਭਾਂਤਿ ਬ੍ਰਿਤੰਤ ਸਭੈ ਕਹਿ ਕੈ ਸਮਝਾਵਾ।
ਸੋ ਸੁਨਿ ਕੈ ਪੁਨ ਰਾਮ ਸਮੀਪ ਗਯੋ ਸਭਿ ਹੀ ਸੁ ਪ੍ਰਸੰਗ ਸੁਨਾਵਾ।
ਆਵਤਿ ਹੈ ਨ ਪ੍ਰਭੰਜਨਨੰਦਨ ਮੋ ਸੰਗ ਐਸੇ ਹੀ ਬੈਨ ਅਲਾਵਾ॥ ੮॥

ਉਹ ਭੱਜ ਕੇ ਹਨੂਮਾਨ ਪਾਸ ਗਿਆ ਅਤੇ ਕਿਹਾ, "ਚਲੋ ਤੁਹਾਨੂੰ ਸ੍ਰੀ ਰਾਮ ਨੇ ਤੁਰੰਤ ਬੁਲਾਇਆ ਹੈ।" ਹਨੂਮਾਨ ਨੇ ਕਿਹਾ, "ਮੇਰਾ ਜਾਣਾ ਨਹੀਂ ਬਣਦਾ ਹੈ" ਅਤੇ ਇਸ ਤਰ੍ਹਾਂ ਸਾਰਾ ਬ੍ਰਿਤਾਂਤ ਕਹਿ ਕੇ ਉਸ ਬਾਂਦਰ ਨੂੰ ਸਮਝਾਇਆ। ਇਹ ਸੁਣ ਕੇ ਉਹ ਬਾਂਦਰ ਫਿਰ ਸ੍ਰੀ ਰਾਮ ਪਾਸ ਗਿਆ ਅਤੇ ਸਾਰਾ ਪ੍ਰਸੰਗ ਸ੍ਰੀ ਰਾਮ ਨੂੰ ਸੁਣਾਇਆ। "ਹੇ ਰਾਮ ਜੀ ! ਪੌਣ ਦੇ ਪੁੱਤਰ ਨੇ ਮੇਰੇ ਨਾਲ ਇਸ ਤਰ੍ਹਾਂ ਬਚਨ ਕੀਤੇ ਹਨ॥ ੮॥

"ਜਾਂਹਿ ਪਹਾਰ ਉਪਾਰਨ ਮੈਂ ਜਬ ਲਾਗਜੇ ਤਬੈ ਇਵ ਬਾਨੀ ਅਲਾਈ।
ਮੋਹਿ ਉਚਾਵਹੁ ਨਾਂਹਿ ਅਬੈ, ਜਿ ਉਚਾਵਹੁ ਤਉ ਸੁਨੀਏ ਮਨ ਲਾਈ।
ਸ੍ਰੀ ਰਘੁਬੀਰ ਜਹਾਂ ਪਦ ਪੰਕਜ ਤਾਂਕੇ ਤਰੇ ਮੁਹਿ ਦੇਹੁ ਟਿਕਾਈ।
ਆਨ ਸਥਾਨ ਬਿਖੈ ਜਿ ਧਰੋ, ਤਿਹ ਥਾਨ ਤੇ ਨੀਕੇ ਰਹੌਂ ਇਹ ਥਾਂਈ॥ ੯॥

"ਜਦ ਮੈਂ ਇਹ ਪਹਾੜ ਪੁਟਣ ਲੱਗਾ ਸੀ ਤਾਂ ਇਹ ਬਾਣੀ ਹੋਈ ਸੀ।" "ਮੈਨੂੰ ਹੁਣ ਨਾ ਚੁਕੋ, ਜੇ ਚੁਕਣਾ ਹੀ ਹੈ ਤਾਂ ਮੇਰੀ ਗੱਲ ਮਨ ਲਾ ਕੇ ਸੁਣੋ, ਜਿਥੇ ਸ੍ਰੀ ਰਾਮਚੰਦਰ ਦੇ ਚਰਨ ਕੰਵਲ ਹਨ, ਉਨ੍ਹਾਂ ਦੇ ਥੱਲੇ ਮੈਨੂੰ ਟਿਕਾ ਦੇਵੋ, ਜੇ ਕਿਸੇ ਹੋਰ ਸਥਾਨ ਤੇ ਟਿਕਾਉਣਾ ਹੈ ਤਾਂ ਇਹ ਸਥਾਨ ਹੀ ਚੰਗਾ ਹੈ॥ ੯॥

ਸੋਂਹ ਪਹਾਰ ਕੇ ਸੰਗ ਕਰੀ ਰਘੁਬੀਰ ਖਰੇ ਜਹਿੰ ਸਾਰੰਗ ਪਾਨੀ।
ਤਾਂ ਪਦ ਪੰਕਜ ਸੁੰਦਰ ਨੀਚੇ ਮੈਂ ਦੇਉ ਟਿਕਾਇ, ਭਲੇ ਮਨਿ ਬਾਨੀ।
ਯੌਂ ਕਹਿਕੈ ਕਰ ਲੀਨ ਉਚਾਇ ਚਲ੍ਯੋ ਮਗ ਤੂਰਨ ਜੋ ਬਲਖਾਨੀ।
ਸੇਤੁ ਸਪੂਰਨ ਹੋਇ ਗਯੋ ਤਬ ਆਪ ਨੈ ਆਇਸੁ ਯੌਂ ਫੁਰਮਾਨੀ॥ ੧੦॥

ਇਸ ਤਰ੍ਹਾਂ ਮੈਂ ਪਹਾੜ ਨੂੰ ਵਚਨ ਦਿੱਤਾ ਤੇ ਉਸ ਦੇ ਬਚਨ ਭਲੇ ਮੰਨ ਕੇ ਜਿਥੇ ਸ੍ਰੀ ਰਾਮ ਜੀ, ਧਨੁਖ ਨੂੰ ਹੱਥ ਵਿਚ ਰੱਖਣ ਵਾਲੇ ਖੜੇ ਸਨ, ਉਨ੍ਹਾਂ ਦੇ ਚਰਨ ਕੰਵਲ ਹੇਠ ਪਹਾੜ ਨੂੰ ਟਿਕਾਉਣ ਵਾਸਤੇ ਮੈਂ ਪਹਾੜ ਨੂੰ ਆਪਣੇ ਸਿਰ ਉਤੇ ਚੁੱਕ ਲਿਆ ਅਤੇ ਜਦ ਮੈਂ ਪਹਾੜ ਨੂੰ ਚੁਕ ਕੇ ਚੱਲਣ ਲੱਗਾ ਜੀ ਤਾਂ ਪੁਲ ਸੰਪੂਰਨ ਹੋ ਗਿਆ ਤਦ ਆਪ ਨੇ ਇਸ ਤਰ੍ਹਾਂ ਆਗਿਆ ਕੀਤੀ॥ ੧੦॥

ਜੋ ਜਿਹ ਥਾਨ ਬਿਖੈ ਗਿਰ ਲ੍ਯਾਵਤ ਸੋ ਤਿਹ ਥਾਨ ਮੈਂ ਦੇਹੁ ਟਿਕਾਈ।
ਆਇਸੁ ਰਾਵਰ ਕੀ ਸੁਨਿਕੈ ਅਸਮੰਜਸ ਜਾਨਿ ਰਿਦੈ ਕਪਿਰਾਈ।
ਜੇ ਨ ਤਜੌਂ ਧ੍ਰਮਦਾਸਨ ਕੋ ਸੋਊ ਨਾਸ਼ਿ ਹ੍ਵੈ ਜਾਤਿ, ਹੈ ਨਾਂਹਿ ਭਲਾਈ।
ਜੇ ਤਜਿ ਜਾਉਂ ਗਿਰਾ ਮਮ ਝੂਠ ਹ੍ਵੈ ਐਸ ਬਿਚਾਰਿ ਰਹ੍ਯੋ ਤਿਹ ਥਾਈਂ॥੧੧॥

ਜਿਥੇ ਜਿਥੇ ਵੀ ਪਹਾੜ ਲੈ ਕੇ ਆ ਰਹੇ ਹੋ, ਓਥੇ ਓਥੇ ਹੀ ਪਹਾੜ ਨੂੰ ਟਿਕਾ ਦੇਵੋ। ਆਪ ਦੀ ਆਗਿਆ ਸੁਣ ਕੇ ਬਾਂਦਰਾਂ ਦੇ ਰਾਜੇ ਹਨੂੰਮਾਨ ਕਠਨਾਈ ਵਿਚ ਪੈ ਗਏ। ਜੇ ਪਹਾੜ ਨੂੰ ਸੁੱਟਦੇ ਹਨ ਤਾਂ ਦਾਸ ਦਾ ਧਰਮ ਜੋ ਆਗਿਆ ਪਾਲਣਾ ਹੈ, ਉਹ ਨਾਸ਼ ਹੋ ਜਾਂਦਾ ਹੈ, ਜਿਹੜੀ ਕਿ ਚੰਗੀ ਗੱਲ ਨਹੀ। ਜੇ ਉਹ ਪਹਾੜ ਨੂੰ ਸੁੱਟ ਦਿੰਦੇ ਹਨ ਤਾਂ ਉਸ ਦਾ ਬਚਨ ਝੂਠਾ ਹੋ ਜਾਂਦਾ ਹੈ, ਇਸ ਲਈ ਇਸ ਤਰ੍ਹਾਂ ਵਿਚਾਰ ਕੇ ਹਨੂੰਮਾਨ ਓਥੇ ਹੀ ਖੜਾ ਰਿਹਾ॥ ੧੧॥

ਸ੍ਰੀ ਰਘੁਬੀਰ ਕਹ੍ਯੋ ਸੁਨਿ ਕੈ "ਜੁਗਿ ਦ੍ਵਾਪਰਿ ਮੈਂ ਧਰਿਹੌਂ ਅਵਤਾਰੂ।
ਊਪਰ ਤਾਂਕੇ ਬਿਲਾਸ ਕਰੌਂ ਚਿਰ ਕਾਲ ਲੌਂ ਮੈਂ ਪਗ ਸੰਗ ਬਿਹਾਰੂ"।
ਸੋ ਸੁਨਿਕੈ ਹਨੂਮਾਨ ਕੇ ਤੀਰ ਗਯੋ ਸਭਿਹੀ ਬਿਧਿ ਕੀਨਿ ਉਚਾਰੂ।
ਤੌ ਹਨੁਮਾਨ ਪਯਾਨ ਕੀਓ ਜਹਿੰ ਠਾਂਢੇ ਹੁਤੇ ਰਘੁਬੰਸ ਕੁਮਾਰੂ॥ ੧੨॥

ਇਸ ਸੁਣ ਕੇ ਸ੍ਰੀ ਰਾਮ ਜੀ ਨੇ ਕਿਹਾ, "ਮੈਂ ਦੁਆਪਰ ਜੁਗ ਵਿਚ ਅਵਤਾਰ ਧਾਰਨ ਕਰਾਂਗਾ, ਫਿਰ ਮੈਂ ਇਸ ਪਹਾੜ ਦੇ ਉਤੇ ਪ੍ਰੇਮ ਵਿਲਾਸ ਕਰਾਂਗਾ ਤੇ ਕਾਫੀ ਲੰਮੇ ਸਮੇਂ ਤਕ ਆਪਣੇ ਚਰਨ ਸਹਿਤ ਇਸ ਉਤੇ ਵਿਚਰਾਂਗਾ। ਇਹ ਸੁਣ ਕੇ ਸਾਰੇ ਬਾਂਦਰ ਹਨੂੰਮਾਨ ਦੇ ਪਾਸ ਗਏ ਤੇ ਉਸ ਨੂੰ ਸਭ ਤਰ੍ਹਾਂ ਨਾਲ ਦੱਸਿਆ। ਫਿਰ ਹਨੂਮਾਨ ਨੇ ਪਹਾੜ ਨੂੰ ਉਸ ਥਾਂ ਹੀ ਟਿਕਾ ਦਿੱਤਾ ਤੇ ਓਥੇ ਚਲੇ ਗਿਆ ਜਿਥੇ ਰਘੁਵੰਸ਼ ਦੇ ਕੁਮਾਰ ਭਾਵ ਸ੍ਰੀ ਰਾਮ ਜੀ ਖੜੇ ਸਨ॥ ੧੨॥

ਤਬ ਕੋ ਇਹ ਥਾਨ ਧਰਾ ਸੁ ਧਰਾਧਰ ਧਾਰਿ ਅਵਤਾਰ ਮੁਰਾਰਿ ਸੁਹਾਏ।
ਸਭਿ ਗੋਪਨ ਮੈਂ ਮਿਲਿਕੈ ਮਧੁਸੂਦਨ ਬਾਲਿਕ ਸੰਗ ਮੈਂ ਖੇਲ ਮਚਾਏ।
ਇਹ ਜਾਨਿ ਪੁਨੀਤ ਪਹਾਰ ਬਡੋ ਪਦ ਕੇਸ਼ਵ ਨੇ ਬਹੁ ਕਾਲ ਲਗਾਏ।
ਜਿਹ ਨਾਸ਼ ਕਰੇ ਸਭਿ ਦੈਤਨ ਕਾ ਕੁਲ ਔਰ ਧਰਾ ਬਹੁ ਭਾਰ ਮਿਟਾਏ॥੧੩॥

ਉਸ ਸਮੇਂ ਤੋਂ ਹੀ ਇਹ ਸ੍ਰੇਸ਼ਟ ਪਰਬਤ ਏਥੇ ਪਿਆ ਹੈ, ਫਿਰ ਕ੍ਰਿਸ਼ਨ ਜੀ ਨੇ ਅਵਤਾਰ ਧਾਰ ਕੇ ਸ਼ੋਭਾ ਪਾਈ। ਸਾਰੀਆਂ ਗੋਪੀਆਂ ਵਿਚ ਮਿਲ ਕੇ ਕ੍ਰਿਸ਼ਨ ਜੀ ਨੇ ਬਾਲਕਾਂ ਨਾਲ ਖੇਡਾਂ ਖੇਡੀਆਂ। ਇਸ ਪਹਾੜ ਨੂੰ ਵੱਡਾ ਪਵਿੱਤਰ ਜਾਣ ਕੇ ਕ੍ਰਿਸ਼ਨ ਨੇ ਕਾਫੀ ਸਮਾਂ ਇਸ ਤੇ ਚਰਨ ਪਾਏ, ਉਸ ਨੇ ਸਭ ਦੈਂਤਾਂ ਦਾ ਨਾਸ਼ ਕੀਤਾ ਅਤੇ ਧਰਤੀ ਦੇ ਬਹੁਤ ਭਾਰ ਖਤਮ ਕੀਤੇ॥ ੧੩॥

ਦੋਹਰਾ- ਕਾਲਿੰਦ੍ਰੀ ਤਟ ਸ੍ਰੀ ਗੁਰੂ ਬੈਠੇ ਸਰਬ ਸੁਨਾਇ।
ਮਰਦਾਨਾ ਹਰਖਤਿ ਭਯੋ ਗਿਰ ਪ੍ਰਸੰਗ ਕੋ ਪਾਇ॥ ੧੪ ॥

ਜਮਨਾ ਨਦੀ ਦੇ ਕੰਢੇ ਬੈਠ ਕੇ ਗੁਰੂ ਜੀ ਨੇ ਇਹ ਸਾਰੀ ਕਥਾ ਸੁਣਾਈ। ਪਰਬਤ ਦਾ ਪ੍ਰਸੰਗ ਸੁਣ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ॥ ੧੪ ॥

ਚੌਪਈ- ਤਿਹ ਸਥਾਨ ਮੇਲਾ ਥੋ ਭਾਰੀ। ਪਰਬ ਲਖਯੋ ਆਏ ਨਰ ਨਾਰੀ।
ਬ੍ਰਹਮਚਾਰੀ, ਬੈਰਾਗੀ, ਜਤੀ। ਬਹੁਤ ਬੈਸ਼ਨੋ,ਦਿਸ਼ਪਟ, ਸਤੀ॥ ੧੫ ॥

ਉਸ ਅਸਥਾਨ ਤੇ ਵੱਡਾ ਮੇਲਾ ਲੱਗਾ ਹੋਇਆ ਸੀ। ਤਿਉਹਾਰ ਜਾਣ ਕੇ ਸਭ ਇਸਤਰੀ ਮਰਦ ਆਏ ਸਨ, ਬਹੁਤ ਬ੍ਰਹਮਚਾਰੀ, ਬੈਰਾਗੀ, ਜਤੀ, ਵੈਸ਼ਨੂੰ, ਦਿਗੰਬਰ ਅਤੇ ਸਤ ਵਾਲੇ ਆਏ ਹੋਏ ਸਨ॥ ੧੫ ॥

ਤਪੀ ਔਰ ਸੰਨਯਾਸੀ ਆਏ। ਬ੍ਰਿੰਜ ਬਿਖੈ ਨਰ ਪੁੰਜ ਸੁਹਾਏ।
ਸ੍ਰੀ ਗੁਰੂ ਨਾਨਕ ਅੰਤਰਜਾਮੀ। ਸਭਿ ਘਟ ਕੀ ਜਾਨਤਿ ਭੇ ਸ੍ਵਾਮੀ॥੧੬ ॥

ਤਪੀ ਅਤੇ ਸੰਨਿਆਸੀ ਆਏ। ਬ੍ਰਿਜ ਵਿਖੇ ਮਨੁੱਖਾਂ ਦੇ ਝੁੰਡ ਸੋਭ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ, ਅੰਤਰਜਾਮੀ ਸਵਾਮੀ, ਹਰ ਮਨੁੱਖ ਦੇ ਦਿਲ ਦੀ ਗੱਲ ਜਾਣਦੇ ਸਨ॥ ੧੬ ॥

ਅੰਧ ਧੁੰਧ ਵਰਤਜਾ ਜਗ ਮਾਂਹੀ। ਸੁੱਧ ਆਤਮੇ ਨਰ ਕੋ ਨਾਂਹੀ।
ਭਵ ਬੰਧਨ ਕੇ ਬਾਂਧੇ ਸਭਿਹੀ। ਛੂਟਨ ਹੋਇ ਨ ਤਨ ਕੋ ਕਬਹੀ॥੧੭ ॥

ਜੱਗ ਵਿਚ ਅੰਧ ਧੁੰਦ ਵਰਤ ਰਹੀ ਸੀ। ਕਿਸੇ ਮਨੁੱਖ ਦੀ ਵੀ ਪਾਕ ਆਤਮਾ ਨਹੀਂ ਸੀ। ਸਾਰੇ ਸੰਸਾਰਿਕ ਬੰਧਨਾਂ ਵਿਚ ਬੱਝੇ ਹੋਏ ਸਨ। ਉਨ੍ਹਾਂ ਦੇ ਸਰੀਰ ਦਾ ਕਦੇ ਵੀ ਛੁਟਕਾਰਾ ਨਹੀਂ ਸੀ ਹੁੰਦਾ॥ ੧੭ ॥

ਕਾਮ ਕਰੋਧ ਲੋਭ ਅਹੰਕਾਰਾ। ਇਨ ਮਹਿੰ ਵਰਤਜਾ ਮੋਹ ਗੁਬਾਰਾ।
ਬਾਸੁਰ ਮੈਂ ਧਰਿ ਦੰਭ ਅਨੇਕਾ। ਬਾਤ ਬਨਾਇੰ ਸੁਨਾਇ ਬਿਬੇਕਾ॥੧੮ ॥

ਕਾਮ, ਕ੍ਰੋਧ, ਲੋਭ, ਅਹੰਕਾਰ ਵਿਚ ਮੋਹ ਦਾ ਗੁਬਾਰ ਵਰਤ ਰਿਹਾ ਸੀ। ਦਿਲ ਵਿਚ ਅਨੇਕਾਂ ਦੰਭ ਹੁੰਦੇ ਸਨ, ਝੂਠੀ ਗੱਲ ਬਣਾ ਕੇ ਗਿਆਨ ਸੁਣਾਉਂਦੇ ਸਨ॥ ੧੮॥

ਲੋਭ ਲਹਿਰ ਮਹਿੰ ਗੋਤੇ ਖਾਵਤਿ। ਬਹੁ ਪਖੰਡ ਕਰਿ ਨਰਨ ਦਿਖਾਵਤਿ।
ਜਾਮਨਿ ਮਹਿੰ ਕੁਕਰਮ ਅਸ ਕਰਹੀਂ। ਕ੍ਰਿਸ਼ਨ ਰਾਧਕਾ ਬੇਖਨ ਧਰਹੀਂ॥੧੯ ॥

ਲੋਭ ਦੀਆਂ ਲਹਿਰਾਂ ਵਿਚ ਗੋਤੇ ਖਾਂਦੇ ਸੀ। ਮਨੁੱਖ ਬਹੁਤ ਪਖੰਡ ਕਰਕੇ ਵਿਖਾਉਂਦੇ ਸਨ। ਰਾਤ ਨੂੰ ਐਸੇ ਕੁਕਰਮ ਕਰਦੇ ਸਨ ਕਿ ਕ੍ਰਿਸ਼ਨ ਰਾਧਾ ਦੇ ਭੇਸ ਧਾਰਨ ਕਰਦੇ ਸਨ॥ ੧੯ ॥

ਮਿਸ ਕੁਮਾਰਨਾਰੀ ਧਰਿ ਬੇਖਹਿੰ। ਕਰਹਿੰ ਨ੍ਰਿੱਤਕਾਰੀ, ਨਰ ਦੇਖਹਿੰ।
ਬਾਲਕ ਔਰ ਅੰਗਨਾ ਦੋਊ। ਰਾਧਾ ਕ੍ਰਿਸ਼ਨ ਸਾਂਗ ਕਰਿ ਸੋਊ॥ ੨੦ ॥

ਮੁੰਡੇ ਤੇ ਜੁਆਨ ਕੁੜੀਆਂ ਭੇਸ ਧਾਰ ਕੇ ਨੱਚਦੇ ਸਨ ਅਤੇ ਮਨੁੱਖ ਵੇਖਦੇ ਸਨ। ਲੜਕੇ ਅਤੇ ਇਸਤਰੀਆਂ ਦੋਵੇਂ ਰਾਧਾ ਕ੍ਰਿਸ਼ਨ ਦਾ ਸਾਂਗ ਕਰਦੇ ਸਨ॥ ੨੦॥

ਨਰ ਮਲੀਨ ਬੁੱਧੀ ਤਿਨ ਦੇਖਹਿੰ। ਉਪਜਾਵਤਿ ਤਨ ਕਾਮ ਵਿਸ਼ੇਖਹਿੰ।
ਬਾਲਕ ਪੁਨ ਤਿਨ ਅੰਗਨ ਸੰਗਾ। ਭੋਗ ਕਰਹਿੰ ਨਰ ਹੋਇ ਨਿਸ਼ੰਗਾ॥੨੧ ॥

ਮਰਦ ਉਨ੍ਹਾਂ ਨੂੰ ਭੈੜੀ ਬੁੱਧੀ ਨਾਲ ਵੇਖਦੇ ਸਨ। ਸਰੀਰ ਵਿਚ ਬੜਾ ਕਾਮ ਉਪਜਾਉਂਦੇ ਸਨ। ਮੁੰਡੇ ਫਿਰ ਕੁੜੀਆਂ ਦੇ ਨਾਲ ਸਾਰਿਆਂ ਦੇ ਸਾਹਮਣੇ ਭੋਗ ਕਰਦੇ ਸਨ॥ ੨੧॥

ਦੋਹਰਾ-ਸ੍ਰੀ ਨਾਨਕ ਸਭਿ ਜਾਨਿਕੇ ਤਬ ਰਬਾਬ ਬਜਵਾਇ॥
ਸਬਦ ਉਚਾਰਯੋ ਰਾਗ ਸੋਂ ਰਾਮਕਲੀ ਮਹਿਂ ਗਾਇ॥੨੨॥

ਇਹ ਸਭ ਕੁਝ ਜਾਣ ਕੇ ਗੁਰੂ ਨਾਨਕ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਵਾਸਤੇ ਕਿਹਾ ਅਤੇ ਆਪ ਰਾਮਕਲੀ ਰਾਗ ਵਿਚ ਸ਼ਬਦ ਦਾ ਗਾਇਣ ਕੀਤਾ॥ ੨੨॥

*ਰਾਮਕਲੀ ਮਹਲਾ ੧ ਅਸਟਪਦੀਆ*

*ੴ ਸਤਿਗੁਰ ਪ੍ਰਸਾਦਿ॥*

*ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥*
*ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥ ੧॥*
*ਜੀਵਨ ਤਲਬ ਨਿਵਾਰਿ॥*
*ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥ ੧॥ ਰਹਾਉ॥*
*ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥*
*ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥ ੨॥*
*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥ ੩॥*
*ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥*
*ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ ੪॥*
*ਆਖੁ ਗੁਣਾ ਕਲਿ ਆਈਐ॥*
*ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ॥ ੧॥ ਰਹਾਉ॥*
*ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ॥*
*ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ॥ ੫॥*
*ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥*
*ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥ ੬॥*
*ਕਲਿ ਪਰਵਾਣੁ ਕਤੇਬ ਕੁਰਾਣੁ॥ ਪੋਥੀ ਪੰਡਿਤ ਰਹੇ ਪੁਰਾਣ॥*
*ਨਾਨਕ ਨਾਉ ਭਇਆ ਰਹਮਾਣੁ॥ ਕਰਿ ਕਰਤਾ ਤੂ ਏਕੋ ਜਾਣੁ॥ ੭॥*
*ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ॥*
*ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ॥ ੮॥ ੧॥* (ਪੰਨਾ ੯੦੨)

ਉਹੀ ਚੰਦਰਮਾਂ ਅਤੇ ਉਹੀ ਤਾਰੇ ਚੜ੍ਹਦੇ ਹਨ ਅਤੇ ਉਹੀ ਸੂਰਜ ਅਸਮਾਨ ਵਿਚ ਚਮਕਦਾ ਹੈ। ਉਹੀ ਜ਼ਮੀਨ ਹੈ ਤੇ ਉਹੀ ਹਵਾ ਵਗਦੀ ਹੈ। ਯੁਗ ਪ੍ਰਾਣੀਆਂ ਦੇ ਅੰਦਰ ਖੇਡਦਾ ਹੈ, ਇਸ ਲਈ ਕੋਈ ਹੋਰ ਥਾਂ ਕਿਵੇਂ ਮਿਥੀ ਜਾ ਸਕਦੀ ਹੈ ॥ ੧॥

ਤੂੰ ਜੀਉਂਦੇ ਰਹਿਣ ਦੀ ਆਪਣੀ ਖਾਹਿਸ਼ ਨੂੰ ਛੱਡ ਦੇ। ਜੋ ਜ਼ੁਲਮ ਕਰਦਾ ਹੈ ਉਹ ਪ੍ਰਮਾਣੀਕ ਹੋ ਜਾਂਦਾ ਹੈ। ਇਸ ਨੂੰ ਕਾਲੇ ਯੁਗ ਦੀ ਪੱਕੀ ਨਿਸ਼ਾਨੀ ਜਾਣੋ॥ ੧॥ ਰਹਿਰਾਉ॥

ਕਲਿਜਗ ਕਿਸੇ ਦੇਸ਼ ਵਿਚ ਆਇਆ ਤੇ ਕਿਸੇ ਸਥਾਨ ਤੇ ਬੈਠਾ ਨਹੀਂ ਸੁਣਿਆ ਹੈ। ਉਹ ਓਥੇ ਨਹੀਂ ਜਿਥੇ ਦਾਨੀ ਪੁਰਸ਼ ਦਾਨ ਕਰਦੇ ਹਨ। ਨਾ ਹੀ ਇਹ ਮੰਦਰ ਬਣਾ ਕੇ ਵਿਚ ਬੈਠਾ ਹੈ॥ ੨॥

ਜੇਕਰ ਕੋਈ ਸੱਚ ਕਮਾਉਂਦਾ ਹੈ ਉਹ ਦੁਖੀ ਹੁੰਦਾ ਹੈ ਅਤੇ ਤਪ ਘਰ ਤਪ ਨਹੀਂ ਹੁੰਦਾ। ਜੇ ਕੋਈ ਵਿਅਕਤੀ ਸੁਆਮੀ ਦੇ ਨਾਮ ਦਾ ਉਚਾਰਨ ਕਰਦਾ ਹੈ, ਉਹ ਬਦਨਾਮ ਹੋ ਜਾਂਦਾ ਹੈ। ਇਹ ਕਲਿਜੁਗ ਦੇ ਲੱਛਣ ਹਨ॥ ੩॥

ਜਿਸ ਪਾਸ ਸਰਦਾਰੀ ਹੈ, ਖੱਜਲ ਖੁਆਰ ਵੀ ਉਹੀ ਹੁੰਦਾ ਹੈ। ਨੌਕਰ ਨੂੰ ਕਾਹਦਾ ਡਰ ਹੈ। ਜਦ ਸਰਦਾਰ ਨੂੰ ਬੇੜੀਆਂ ਪੈਂਦੀਆਂ ਹਨ ਤਦ ਨੌਕਰ ਹੱਥੋਂ ਉਸ ਦੀ ਮੌਤ ਹੁੰਦੀ ਹੈ॥ ੪॥

ਤੂੰ ਸਾਈਂ ਦੇ ਜੱਸ ਦਾ ਉਚਾਰਨ ਕਰ, ਕਿਉਂਕਿ ਕਲਿਜੁਗ ਆ ਗਿਆ ਹੈ। ਤਿੰਨਾਂ ਯੁਗਾਂ ਦਾ ਨਿਆਂ ਹੁਣ ਹੋਣਾ ਬੰਦ ਹੋ ਗਿਆ ਹੈ। ਜੇ ਪ੍ਰਭੂ ਇਨਸਾਨ ਨੂੰ ਨੇਕੀਆਂ ਪਰਦਾਨ ਕਰੇ ਕੇਵਲ ਤਦ ਹੀ ਉਹ ਮੋਖਸ਼ ਨੂੰ ਪ੍ਰਾਪਤ ਹੁੰਦਾ ਹੈ॥ ੧॥ ਰਹਿਰਾਉ॥

ਅਸ਼ਾਂਤ ਕਲਿਜੁਗ ਵਿਚ ਮੁਸਲਮਾਨੀ ਕਾਨੂੰਨ ਮੁਕੱਦਮਿਆਂ ਦਾ ਫੈਸਲਾ ਕਰਦਾ ਹੈ ਅਤੇ ਨੀਲੇ ਬਸਤਰ ਵਾਲਾ ਕਾਜ਼ੀ, ਜੱਜ ਹੈ। ਇਸ ਯੁੱਗ ਵਿਚ ਬ੍ਰਹਮੇ ਦੇ ਅਥਰਵਣ ਵੇਦ ਦੀ ਥਾਂ ਤੇ ਗੁਰਾਂ ਦੀ ਬਾਣੀ ਅਤੇ ਨੇਕ ਅਮਲਾਂ ਰਾਹੀਂ ਪ੍ਰਭਤਾ ਪ੍ਰਾਪਤ ਹੁੰਦੀ ਹੈ॥ ੫॥

ਨਿਸ਼ਚੇ ਬਗੈਰ ਉਪਾਸ਼ਨਾ, ਸਚਾਈ ਤੋਂ ਬਗੈਰ ਸੰਜਮ ਅਤੇ ਜਤ ਤੋਂ ਬਗੈਰ ਜਨੇਊ ਕਿਸ ਕੰਮ ਹਨ ? ਬੰਦਾ ਨਹਾ ਧੋ ਕੇ ਤਿਲਕ ਲਾ ਲੈਂਦਾ ਹੈ, ਪਰ ਸੱਚ ਬਗੈਰ ਪਵਿੱਤਰਤਾ ਨਹੀਂ ਆ ਸਕਦੀ॥ ੬॥

ਕਲਜੁਗ ਵਿਚ ਕੁਰਾਨ ਪ੍ਰਮਾਣੀਕ ਪੁਸਤਕ ਹੋ ਗਈ ਹੈ। ਬ੍ਰਾਹਮਣਾਂ ਦੀਆਂ ਧਾਰਮਿਕ ਪੁਸਤਕਾਂ ਅਤੇ ਪੁਰਾਣ ਦੀ ਕਦਰ ਨਹੀਂ ਰਹੀ। ਹੇ ਨਾਨਕ ! ਪ੍ਰਭੂ ਦਾ ਨਾਂ ਹੁਣ ਰਹਿਮਾਣ ਹੋ ਗਿਆ ਹੈ। ਰਚਨਾ ਦਾ ਕੇਵਲ ਇਕੋ ਕਰਤਾ ਜਾਣੋ॥ ੭॥

ਹੇ ਨਾਨਕ ! ਪ੍ਰਭੂ ਦਾ ਨਾਮ ਜਪਣ ਨਾਲ ਹੀ ਵਡਿਆਈ ਮਿਲਦੀ ਹੈ, ਇਸ ਤੋਂ ਉਪਰ ਹੋਰ ਕੁਝ ਨਹੀਂ। ਜੇ ਘਰ ਵਿਚ ਹੁੰਦਿਆਂ ਸੁੰਦਿਆਂ ਵੀ ਬਾਹਰ ਮੰਗਣ ਜਾਈਏ ਤਾਂ ਉਸ ਨੂੰ ਤਾਹਨਾ ਮਿਹਣਾ ਮਿਲਦਾ ਹੈ॥ ੮॥ ੧॥

**ਚੌਪਈ- ਉਚੇ ਸੁਰ ਸੋਂ ਸ਼ਬਦ ਬਸਾਯੋ। ਰਾਮਕਲੀ ਸੁ ਰਾਗ ਮਹਿਂ ਗਾਯੋ।**
**ਸੁਨਿ ਸੁਨਿ ਕਰਿ ਬਹੁ ਮਾਨਵ ਆਏ। ਪ੍ਰੀਤ ਧਾਰਿ ਬੈਸੇ ਤਿਹ ਥਾਏਂ ॥੨੩॥**

ਬੜੇ ਉੱਚੇ ਸੁਰ ਵਿਚ ਸ਼ਬਦ ਬੋਲਿਆ ਅਤੇ ਰਾਮਕਲੀ ਰਾਗ ਵਿਚ ਗਾਇਆ। ਸੁਣ ਸੁਣ ਕੇ ਬਹੁਤ ਮਨੁੱਖ ਆਏ ਅਤੇ ਪ੍ਰੀਤ ਧਾਰਨ ਕਰਕੇ ਉਸ ਥਾਂ ਬੈਠ ਗਏ॥ ੨੩॥

**ਕੇਤਿਕ ਪੰਡਿਤ ਤਿਨੈ ਮਝਾਰੀ। ਸਬਦ ਸ਼੍ਰੋਨ ਸੁਨਿ ਗਿਰਾ ਉਚਾਰੀ।**
**'ਇਸ ਕੇ ਅਰਥ ਸੁਨਾਈਏ ਹਮ ਕੋ। ਸੰਤ ਰੂਪ ਦੇਖਤਿ ਹੈਂ ਤੁਮਕੋ' ॥੨੪॥**

ਉਨ੍ਹਾਂ ਵਿਚ ਕਈ ਵਿਦਵਾਨ ਵੀ ਬੈਠੇ ਸਨ। ਉਨ੍ਹਾਂ ਸ਼ਬਦ ਨੂੰ ਕੰਨਾਂ ਨਾਲ ਸੁਣ ਕੇ ਕਿਹਾ, "ਸਾਨੂੰ ਇਸ ਸ਼ਬਦ ਦੇ ਅਰਥ ਸਮਝਾਉ। ਅਸੀਂ ਤੁਹਾਨੂੰ ਸੰਤ ਸਰੂਪ ਵੇਖਿਆ ਹੈ"॥ ੨੪॥

**ਸ੍ਰੀ ਨਾਨਕ ਸੁਨਿ ਅਰਥ ਬਖਾਨਾ। 'ਇਕ ਮਨ ਹ੍ਵੈ ਕਰਿ ਸੁਨਹੁ ਸੁਜਾਨਾ !।**
**ਸਸਿ ਰਵਿ, ਉਡ, ਛਿਤਿ, ਬਾਇ, ਸੁ ਤੈਸੇ। ਤ੍ਰੈ ਜੁਗ ਮਹਿਂ ਵਰਤਹਿ ਥੀ ਜੈਸੇ ॥੨੫॥**

ਉਨਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਅਰਥ ਕਹੇ, "ਹੇ ਚਤੁਰ ਸਜਣੋ ! ਇਕ ਮਨ ਹੋ ਕੇ ਸੁਣੋ। ਚੰਦ, ਸੂਰਜ, ਤਾਰੇ, ਧਰਤੀ ਅਤੇ ਹਵਾ ਉਸ ਤਰ੍ਹਾਂ ਦੇ ਹੀ ਹਨ, ਜਿਸ ਤਰ੍ਹਾਂ ਉਹਦਾ ਤਿੰਨਾਂ ਜੁਗਾਂ ਵਿਚ ਵਰਤਾਰਾ ਸੀ॥ ੨੫॥

ਦੋਹਰਾ- ਮਾਨਵ ਮਲਿਨ ਬੁਧੀ ਭਏ, ਯਾਂਤੇ ਕਲੀ ਲਖਾਇ।
ਪੁਨ ਇਨ ਕੋ ਬਿਸ੍ਵਾਸ ਕਜਾ ਕਲਿ ਜੇ ਨਰ ਜਨਮਾਇ॥ ੨੬॥

ਮਨੁੱਖ ਮਲੀਨ ਬੁੱਧੀ ਵਾਲੇ ਹੋ ਗਏ ਹਨ, ਇਸ ਕਰਕੇ ਹੀ ਕਲਜੁਗੀ ਜਾਣਿਆ ਜਾਂਦਾ ਹੈ। ਫਿਰ ਇਨ੍ਹਾਂ ਦਾ ਕੀ ਵਿਸ਼ਵਾਸ ਹੈ ਭਾਵ ਉਮਰ ਥੋੜ੍ਹੀ ਹੈ ਜਿਹੜੇ ਕਲਿਜੁਗ ਵਿਚ ਜਨਮ ਲੈਂਦੇ ਹਨ॥ ੨੬॥

ਚੌਪਈ- ਬਰਖਾ ਬਿਖੈ ਬੁਦਬੁਦਾ ਜੈਸੇ। ਉਪਜਤਿ ਬਿਨਸਤਿ ਹੈਂ ਇਹ ਤੈਸੇ।
ਜੋ ਕਲਿਜੁਗ ਕਿਤ ਦੇਸ਼ ਨ ਆਯੋ। ਬੈਠਯੋ ਕਿਤੇ ਦੁਰਗ ਨਹਿੰ ਪਾਯੋ॥੨੭॥

ਵਰਖਾ ਦੇ ਪਾਣੀ ਦੇ ਬੁਲਬਲੇ ਵਾਂਗ ਪੈਦਾ ਹੁੰਦਾ ਤੇ ਮਰ ਜਾਂਦਾ ਹੈ। ਕਲਿਜੁਗ ਕਿਹੜੇ ਦੇਸ਼ ਵਿਚ ਨਹੀਂ ਆਇਆ ਹੈ ? ਉਹ ਕਿਤੇ ਕਿਲ੍ਹਾ ਉਸਾਰ ਕੇ ਨਹੀ ਬੈਠਾ ਹੈ॥ ੨੭॥

ਜੋ ਲੱਖਣ ਅਬ ਮਨੁਜ ਕਰਾਈ। ਯਾਂਤੇ ਕਲਿਜੁਗ ਪਰਤ ਲਖਾਈ।
ਜਤ, ਸਤ, ਤਪ ਹ੍ਵੈ ਪੂਰਾ ਨਾਂਹੀ। ਨਾਮ ਜਪੈ ਤਿਹ ਕਹਿੰ ਬਦਰਾਹੀ॥੨੮॥

ਮਨੁੱਖਾਂ ਦੇ ਆਚਰਣ ਦੇ ਜੋ ਲੱਛਣ ਹਨ, ਇਸ ਕਰਕੇ ਹੀ ਇਸ ਸਮੇਂ ਨੂੰ ਕਲਿਜੁਗ ਕਹਿੰਦੇ ਹਨ। ਜਤ, ਸਤ ਅਤੇ ਤਪ ਪੂਰਾ ਹੁੰਦਾ ਨਹੀਂ ਹੈ। ਜਿਹੜੇ ਨਾਮ ਜਪਦੇ ਹਨ ਉਨ੍ਹਾਂ ਨੂੰ ਕੁਰਾਹੀਆ ਕਹਿੰਦੇ ਹਨ॥ ੨੮॥

ਦੋਹਰਾ- ਸਤਿ ਜੁਗ ਪਾਪੀ ਏਕ ਤੇ ਦੇਸ਼ ਮਾਰਿਯੇ ਸੋਇ।
ਤ੍ਰੇਤੇ ਨਗਰੀ ਪੀੜੀਯੇ, ਦ੍ਵਾਪੁਰ ਕੁਲ ਅਘ ਹੋਇ॥ ੨੯॥

ਸਤਿਜੁਗ ਵਿਚ ਇਕ ਪਾਪੀ ਹੋ ਜਾਣ ਨਾਲ ਸਾਰਾ ਦੇਸ਼ ਹੀ ਪਾਪੀ ਗਿਣਿਆ ਜਾਂਦਾ ਸੀ, ਤ੍ਰੇਤੇ ਵਿਚ ਇਕ ਪਾਪੀ ਹੋ ਜਾਣ ਨਾਲ ਸਾਰਾ ਨਗਰ ਪਾਪੀ ਜਾਣਿਆ ਜਾਂਦਾ ਸੀ ਅਤੇ ਦਵਾਪਰ ਵਿਚ ਇਕ ਪਾਪੀ ਹੋਣ ਨਾਲ ਉਸ ਦੀ ਕੁਲ ਪਾਪੀ ਸਮਝੀ ਜਾਂਦੀ ਸੀ॥ ੨੯॥

ਚੌਪਈ- ਕਲਿਜੁਗ ਪਾਪ ਕਰੈ ਸੋ ਪਾਵਤਿ। ਪੁਨ ਸਤਿਗੁਰ ਜਿਹਕੋ ਬਖਸ਼ਾਵਤਿ।
ਨਾਮ ਦਾਨ ਦੇ ਕਰੈ ਉਧਾਰਾ। ਇਸ ਬਿਨ ਅਪਰ ਨ ਕੋ ਉਪਚਾਰਾ॥੩੦॥

ਪਰ ਕਲਿਜੁਗ ਵਿਚ ਜਿਹੜਾ ਪਾਪ ਕਰਦਾ ਹੈ ਉਹੀ ਦੰਡ ਪਾਉਂਦਾ ਹੈ, ਫਿਰ ਜਿਸ ਨੂੰ ਸਤਿਗੁਰੂ ਬਖਸ਼ ਦੇਵੇ ਅਤੇ ਨਾਮ ਦਾਨ ਦੇ ਕੇ ਉਧਾਰ ਕਰ ਦੇਵੇ ਉਹ ਦੰਡ ਤੋਂ ਬਚ ਜਾਂਦਾ ਹੈ, ਇਸ ਤੋਂ ਬਗੈਰ ਹੋਰ ਕੋਈ ਉਪਚਾਰ ਨਹੀਂ ਹੈ॥ ੩੦॥

ਬੇਦ ਅਥਰਬਣ ਮਥਿ ਕਰਿ ਸਭਿਹੀ। ਹਰਿ ਕੀਰਤਿ ਗਤਿ ਦੇਵਤਿ ਅਬਹੀ।
ਨਾਵਣ ਧੋਵਣ ਬਿਰਥਾ ਸਾਰੇ। ਰਾਗ ਦ੍ਵੇਖ ਮਲ ਨਹੀਂ ਉਤਾਰੇ॥ ੩੧॥

ਬੇਦ ਅਥਰਬਣ ਸਾਰਿਆਂ ਦਾ ਮਥਨ ਕਰਕੇ, ਹੁਣ ਹਰੀ ਦੀ ਕੀਰਤੀ ਦੀ ਰੀਤੀ ਦਿੱਤੀ ਹੈ। ਨਹਾਉਣਾ ਧੋਣਾ ਸਭ ਵਿਅਰਥ ਹਨ ਕਿਉਂਕਿ ਇਹ ਪ੍ਰੇਮ ਦ੍ਵੈਖ ਰੂਪੀ ਮੈਲ ਨਹੀਂ ਉਤਾਰਦੇ ਹਨ॥ ੩੧॥

ਸਚ ਨ ਕਮਾਵਹੁ ਹੋਇ ਨ ਸੋਚੂ। ਸੱਚ ਨਾਮ ਕਰਿ ਬੰਧਨ ਮੋਚੂ।
ਮਨ ਮਲੀਨ ਤਨ ਕਰਹਿ ਪਖੰਡਾ। ਸੋ ਨਰ ਸਹੈ ਅਧਿਕ ਜਮ ਡੰਡਾ॥੩੨॥

ਜਦ ਤਕ ਸੱਚ ਨਹੀਂ ਕਮਾਉਂਦਾ ਹੈ ਤਦ ਤਕ ਪਵਿੱਤਰ ਨਹੀਂ ਹੁੰਦਾ ਹੈ। ਸੱਚਾ ਨਾਮ ਸਾਰੇ ਬੰਧਨਾਂ ਦਾ ਨਾਸ਼ ਕਰਦਾ ਹੈ। ਜਿਹੜੇ ਮਨੁੱਖ ਮਨ ਮੈਲਾ ਕਰ ਕੇ ਸਰੀਰ ਨਾਲ ਪਖੰਡ ਕਰਦੇ ਹਨ, ਉਨ੍ਹਾਂ ਮਨੁੱਖਾਂ ਨੂੰ ਜਮਾਂ ਦੀ ਅਧਿਕ ਮਾਰ ਪੈਂਦੀ ਹੈ॥ ੩੨॥

ਰੁਚਿਰ ਰੰਗ ਜੋ ਹੋਇ ਮਯੂਰਾ। ਬੋਲਤਿ ਬਾਨੀ ਅਤਿਸ਼ੈ ਰੂਰਾ।
ਬੀਨਬੀਨ ਕਿਰਮਨ ਕੋ ਖਾਹੀ। ਤਿਉਂ ਦੰਭੀ ਭੇ ਅਬ ਜਗ ਮਾਂਹੀ॥੩੩॥

ਸੁੰਦਰ ਰੰਗ ਦਾ ਜੋ ਮੋਰ ਹੁੰਦਾ ਹੈ, ਬਹੁਤ ਸੁੰਦਰ ਬੋਲੀ ਬੋਲਦਾ ਹੈ, ਪਰ ਉਹ ਚੁਣ ਚੁਣ ਕੇ ਕੀੜਿਆਂ ਨੂੰ ਖਾਂਦਾ ਹੈ। ਇਸ ਤਰ੍ਹਾਂ ਦੇ ਪਖੰਡੀ ਇਸ ਜੱਗ ਵਿਚ ਰਹਿ ਰਹੇ ਹਨ॥ ੩੩॥

ਕਾਮ ਕ੍ਰੋਧ ਪੁਨ ਲੋਭ ਅਧੀਨਾ। ਅਹੰਕਾਰ ਅਤਿਸ਼ੈ ਮਨ ਭੀਨਾ।
ਪਾਇਂ ਨਰਕ ਮੈਂ ਕਸ਼ਟ ਬਿਸਾਲਾ। ਤਬ ਪਛੁਤਾਹਿਂ ਫਸੇ ਜਮ ਜਾਲਾ॥੩੪॥

ਇਹ ਪਖੰਡੀ ਕਾਮ, ਕ੍ਰੋਧ ਅਤੇ ਲੋਭ ਦੇ ਵੱਸ ਵਿਚ ਹਨ ਅਤੇ ਅਹੰਕਾਰ ਨਾਲ ਇਨ੍ਹਾਂ ਦੇ ਮਨ ਭਿੱਜੇ ਹੋਏ ਹਨ। ਇਹ ਲੋਕ ਫਿਰ ਨਰਕ ਵਿਚ ਜਾ ਕੇ ਬਹੁਤ ਕਸ਼ਟ ਪਾਉਂਦੇ ਹਨ, ਜਮਾਂ ਦੇ ਜਾਲ ਵਿਚ ਫੱਸ ਕੇ ਉਹ ਬਹੁਤ ਪਛਤਾਉਂਦੇ ਹਨ॥ ੩੪॥

ਦੋਹਰਾ- ਮਿਲਹਿ ਵਡਾਈ ਨਾਮ ਤੇ ਇਸ ਊਪਰ ਨਹਿਂ ਔਰ।
ਮਿਲਹਿਂ ਉਲਾਮੇ ਤਾਂਹਿ ਕੋ ਗੁਰ ਤਜਿ ਜਾਚਹਿਂ ਹੋਰ॥ ੩੫॥

ਨਾਮ ਜਪਣ ਨਾਲ ਵਡਿਆਈ ਮਿਲਦੀ ਹੈ, ਇਸ ਦੇ ਉੱਪਰ ਹੋਰ ਕੁਝ ਨਹੀਂ ਹੈ, ਉਨ੍ਹਾਂ ਨੂੰ ਉਲ੍ਹਾਮੇ ਮਿਲਦੇ ਹਨ ਜਿਹੜੇ ਆਪਣੇ ਗੁਰੂ ਨੂੰ ਛੱਡ ਕੇ ਕਿਸੇ ਹੋਰ ਪਾਸੋਂ ਮੰਗਦੇ ਹਨ"॥ ੩੫॥

ਚੌਪਈ- ਜਬ ਸਤਿਗੁਰ ਅਸ ਬਚਨ ਉਚਾਰੇ। ਦੰਭੀ ਲੱਜਿਤਿ ਸਭਾ ਮਝਾਰੇ।
ਪੰਡਤ ਪ੍ਰਸ਼ਨ ਕਰੈ ਕਹਿ ਬਾਨੀ। 'ਕਿਹ ਉਪਾਸਨਾ ਤੁਮ ਮਨ ਠਾਨੀ?॥੩੬॥

ਜਦ ਸਤਿਗੁਰ ਨੇ ਐਸੇ ਬਚਨ ਉਚਾਰੇ ਤੇ ਪਖੰਡੀ ਲੋਕ ਉਸ ਸਭਾ ਵਿਚ ਸ਼ਰਮਿੰਦੇ ਹੋ ਗਏ। ਵਿਦਵਾਨ ਨੇ ਪ੍ਰਸ਼ਨ ਕੀਤਾ ਅਤੇ ਕਿਹਾ, "ਤੁਸੀਂ ਮਨ ਵਿਚ ਕਿਸ ਦੀ ਪੂਜਾ ਕਰਦੇ ਹੋ?॥ ੩੬॥

ਨਿਰਗੁਨ ਕੈ ਸਰਗੁਨ ਕੀ ਸੇਵਾ। ਕਿਹ ਕੀ ਕਰਹੁ? ਕਹੋ ਨਿਜ ਭੇਵਾ'।
ਸੁਨਿ ਸ਼੍ਰੀ ਨਾਨਕ ਬੈਨ ਉਚਾਰੇ। 'ਪ੍ਰਿਥਕ ਪ੍ਰਿਥਕ ਦ੍ਵੈ ਨਹੀਂ ਬਿਚਾਰੇ॥੩੭॥

ਨਿਰਗੁਣ ਕਿ ਸਰਗੁਣ ਦੀ ਸੇਵਾ ਕਰਦੇ ਹੋ? ਕਿਸ ਦੀ ਕਰਦੇ ਹੋ? ਆਪਣਾ ਭੇਦ ਕਹੋ।" ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕਹੇ, "ਮੈਂ ਵੱਖ-ਵੱਖ ਦੋ ਨਹੀਂ ਵਿਚਾਰੇ ਹਨ॥ ੩੭॥

ਭੇਦ ਹੋਏ ਤੈ ਪ੍ਰਿਥਕ ਸੇਵਾ। ਨਿਰਗੁਣ ਸਰਗੁਣ ਲਖਹੁ ਅਭੇਵਾ।
ਜੋ ਦੋਨੋ ਮੈਂ ਭੇਦ ਪਛਾਨੇ। ਸੋ ਮਾਨਵ ਜਾਨਹੁ ਅਨਜਾਨੇ॥ ੩੮॥

ਕੋਈ ਭੇਦ ਹੋਵੇ ਤਾਂ ਵੱਖਰੀ ਪੂਜਾ ਕਰੀਏ, ਨਿਰਗੁਣ ਸਰਗੁਣ ਵਿਚ ਕੋਈ ਫਰਕ ਨਾ ਸਮਝੋ, ਜਿਹੜਾ ਮਨੁੱਖ ਦੋਹਾਂ ਵਿਚ ਭੇਦ ਸਮਝਦਾ ਹੈ ਉਹ ਮਨੁੱਖ ਅਣਜਾਣ ਹੈ॥ ੩੮॥

ਦੋਹਰਾ- ਨਿਰਗੁਨ ਹੈ ਸਭਿ ਦੇਹਿ ਮੈਂ ਦ੍ਰਿਸ਼ਟਾਵਤਿ ਹੈ ਸੋਇ।
ਬ੍ਰਿਜ ਮੈਂ ਕਰੈ ਕਲੋਲ ਪੁਨ ਤਨ ਧਰਿ ਸਰਗੁਣ ਸੋਇ॥ ੩੯॥

ਸਾਰੇ ਨਿਰਗੁਣ ਹੈ, ਪਰ ਸਰੀਰ ਵਿਚ ਦਾਖਲ ਹੋ ਕੇ ਉਹੀ ਦਿਖਾਈ ਦਿੰਦਾ ਹੈ, ਫਿਰ ਤਨ ਧਾਰ ਕੇ ਬ੍ਰਿਜ ਵਿਚ ਆ ਕੇ ਕਲੋਲਾਂ ਕਰਕੇ ਉਹੀ ਸਰਗੁਣ ਹੋ ਜਾਂਦਾ ਹੈ॥ ੩੯॥

ਚੌਪਈ- ਸ਼੍ਰੀ ਕ੍ਰਿਸ਼ਨ ਭੇ ਹਜਾਂ ਅਵਤਾਰਾ। ਜਿਨ ਅਵਨੀ ਕੋ ਭਾਰ ਨਿਵਾਰਾ।
ਤਿਹ ਕੇ ਚਰਿਤ ਰਿਦੈ ਤੁਮ ਧਾਰੋ। ਸ਼ੁੱਧ ਆਤਮੇ ਕਪਟ ਬਿਸਾਰੋ॥ ੪੦॥

ਸ੍ਰੀ ਕ੍ਰਿਸ਼ਨ ਜੀ ਨੇ ਏਥੇ ਅਵਤਾਰ ਧਾਰਿਆ ਸੀ। ਜਿਨ੍ਹਾਂ ਧਰਤੀ ਦਾ ਭਾਰ ਦੂਰ ਕੀਤਾ ਸੀ। ਉਨ੍ਹਾਂ ਦੇ ਚਰਿਤਰ ਨੂੰ ਤੁਸੀਂ ਆਪਣੇ ਹਿਰਦੇ ਵਿਚ ਧਾਰਨ ਕਰੋ, ਆਤਮਾ ਸ਼ੁੱਧ ਕਰਕੇ ਕਪਟ ਨੂੰ ਛੱਡ ਦੇਵੋ॥ ੪੦॥

ਭਵ ਬੰਧਨ ਮੈਂ ਦ੍ਰਿਢ ਜੇ ਬਾਂਧੇ। ਛੁਟਹਿੰ ਤਿਨਹਿ ਤੇ ਹਰਿ ਆਰਾਧੇ।
ਕਲਮਲ ਕਰਹੁ ਅੰਤ ਦੁਖਦਾਈ। ਜਪਹੁ ਨਾਮ ਸਭਿ ਹੋਇ ਸਹਾਈ॥ ੪੧॥

ਸੰਸਾਰ ਵਿਚ ਜਿਹੜੇ ਬੱਝੇ ਹੋਏ ਹਨ, ਹਰੀ ਦੀ ਅਰਾਧਣਾ ਕਰਨ ਨਾਲ ਉਨ੍ਹਾਂ ਦਾ ਛੁਟਕਾਰਾ ਹੋ ਜਾਂਦਾ ਹੈ। ਪਾਪ ਕਰਨ ਨਾਲ ਅੰਤ ਦੁਖਦਾਇਕ ਹੁੰਦਾ ਹੈ, ਨਾਮ ਨਾਲ ਅੰਤ ਸਮੇਂ ਪ੍ਰਭੂ ਸਹਾਇਤਾ ਕਰਦਾ ਹੈ॥ ੪੧॥

ਕਲ ਮਹਿੰ ਹਰਿ ਕੀਰਤਿ ਪਰਧਾਨਾ। ਅਪਰ ਨ ਜਾਨਹੁ ਇਸੇ ਸਮਾਨਾ।
ਭਗਤਿ ਕਰਹੁ ਸਭਿ ਹੀ ਸੁਖ ਪਾਵਹੁ। ਕਸ਼ਟ ਹੋਇ, ਜੇ ਦੰਭ ਕਮਾਵਹੁ ॥੪੨॥

ਕਲਜੁਗ ਵਿਚ ਹਰੀ ਦਾ ਕੀਰਤਨ ਪਰਧਾਨ ਹੈ, ਹੋਰ ਕਿਸੇ ਨੂੰ ਇਸ ਦੇ ਬਰਾਬਰ ਨਾ ਜਾਣੋ। ਭਗਤੀ ਕਰੋ ਤੇ ਸਾਰੇ ਸੁਖ ਪ੍ਰਾਪਤ ਕਰੋ। ਜੇ ਦੰਭ ਕਮਾਵੋਗੇ ਤਾਂ ਬਹੁਤ ਕਸ਼ਟ ਪਾਉਗੇ"॥ ੪੨॥

ਦੋਹਰਾ- ਦਯਾ ਸਦਨ ਕੇ ਬਦਨ ਤੇ ਬਚਨ ਸੁਨੇ ਗਤਿਦੈਨ।
ਰਿਦੈ ਸ਼ੁੱਧ ਬੰਦਨ ਕਰਤਿ ਸਿੱਖ ਭਏ ਮਨ ਚੈਨ॥ ੪੩॥

ਦਇਆ ਦੇ ਘਰ ਦੇ ਮੁੱਖ ਤੋਂ ਜਦ ਮੁਕਤੀ ਦੇਣ ਵਾਲੇ ਬਚਨ ਸੁਣੇ ਤਾਂ ਹਿਰਦੇ ਵਿਚ ਸ਼ੁੱਧ ਬੰਦਨਾ ਕੀਤੀ, ਸਿੱਖ ਹੋ ਕੇ ਮਨ ਵਿਚ ਚੈਨ ਪਾਇਆ॥ ੪੩॥

ਚੌਪਈ- ਜਿਤੇ ਹਤੇ ਜਾਤ੍ਰੀ ਤਿਹ ਥਾਈਂ। ਸੁਨਿ ਸਤਿਗੁਰ ਢਿਗ ਆਵਤਿ ਧਾਈ।
ਬੰਦਨ ਕਰਹਿੰ ਉਪਾਇਨ ਧਰਿਕੈ। ਬਿਨੈਂ ਭਨੈਂ ਮਹਾਂ ਪੁਰਖ ਬਿਚਰਿਕੈ ॥੪੪॥

ਜਿੰਨੇ ਵੀ ਉਸ ਥਾਂ ਯਾਤਰੀ ਸਨ, ਉਹ ਸਾਰੇ ਸਤਿਗੁਰ ਪਾਸ ਆਏ। ਗੁਰੂ ਜੀ ਅੱਗੇ ਭੇਟਾ ਧਰ ਕੇ ਸਭ ਨੇ ਬੰਦਨਾ ਕੀਤੀ। ਮਹਾਂਪੁਰਖ ਵਿਚਾਰ ਕੇ ਉਨ੍ਹਾਂ ਨੇ ਬੇਨਤੀਆਂ ਕੀਤੀਆਂ॥ ੪੪॥

ਸ੍ਰੀ ਗੁਰ ਸਭਿਹਿਨਿ ਦੇ ਉਪਦੇਸ਼ਾ। 'ਸੱਤਿਨਾਮ ਸਿਮਰਹੁ ਜਗਤੇਸ਼ਾ।
ਭਾਉ ਭਗਤਿ ਕਰਿਯੇ ਛਲ ਖੋਇ। ਅਸ ਜਿ ਕਰਹੁ ਤੁਮਰੀ ਗਤਿ ਹੋਇ' ॥੪੫॥

ਗੁਰੂ ਜੀ ਨੇ ਸਾਰਿਆਂ ਨੂੰ ਉਪਦੇਸ਼ ਦਿੱਤਾ, "ਜਗਤ ਦੇ ਈਸ਼ਵਰ ਦੇ ਸੱਚੇ ਨਾਮ ਦਾ ਸਿਮਰਨ ਕਰੋ, ਵੱਲ ਛੱਲ ਛੱਡ ਕੇ ਪ੍ਰੇਮ ਭਗਤੀ ਕਰੋ, ਇਸ ਤਰ੍ਹਾਂ ਜੇ ਕਰੋਗੇ ਤਾਂ ਮੁਕਤੀ ਪ੍ਰਾਪਤ ਕਰੋਗੇ"॥ ੪੫॥

ਦਿਵਸ ਤੀਨ ਤਹਿੰ ਰਾਖਯੋ ਡੇਰਾ। ਕਰਿਕੈ ਮਰਦਨ ਦੰਭ ਘਨੇਰਾ।
ਆਗੈ ਗਮਨ ਕੀਨ ਗੁਨਖਾਨੀ। ਜਾਂਹਿ ਅਨੇਕ ਉਧਾਰੇ ਪ੍ਰਾਨੀ॥ ੪੬॥

ਤਿੰਨ ਦਿਨ ਓਥੇ ਡੇਰਾ ਰੱਖਿਆ। ਵੱਡੇ ਦੰਭ ਦਾ ਨਾਸ਼ ਕਰਕੇ ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ, ਜਿਥੇ ਅਨੇਕਾਂ ਪ੍ਰਾਣੀਆਂ ਦਾ ਉਧਾਰ ਕੀਤਾ॥ ੪੬॥

ਦੋਹਰਾ- ਕਰਤਯੋਂ ਬਚਨ ਬਿਲਾਸ ਕੋ ਦੁਖਨਾਸ਼ਕ ਸੁਖਦਾਇ।
ਨਗਰ ਅਜੁੱਧਯਾ ਜਹਿੰ ਹੁਤੋ ਛਿਨ ਮਹਿੰ ਪਹੁਚੇ ਆਇ॥ ੪੭॥

ਦੁੱਖਾਂ ਦਾ ਨਾਸ਼ ਕਰਨ ਵਾਲੇ, ਸੁੱਖਾਂ ਦੇ ਦਾਤੇ ਬਚਨ ਬਿਲਾਸ ਕਰਦੇ ਜਿਥੇ ਨਗਰ ਅਯੁੱਧਿਆ ਸਥਿਤ ਸੀ, ਓਥੇ ਇਕ ਛਿਨ ਵਿਚ ਪੁਹੰਚ ਗਏ॥ ੪੭॥

ਚੌਪਈ- ਸਰਿਤਾ ਪਰ ਬੈਠੇ ਗੁਰ ਪੂਰਨ। ਜਗ ਮਹਿ ਦੰਭ ਕੀਨ ਜਿਨ ਚੂਰਨ।
ਸੁਨਿ ਸ੍ਰੀ ਨਾਨਕ ਨਾਮ ਕ੍ਰਿਪਾਲਾ। ਪੁਰਿਤੇ ਨਰ ਆਏ ਤਤਕਾਲਾ ॥੪੮॥

ਪੂਰਨ ਗੁਰੂ ਨਦੀ ਕਿਨਾਰੇ ਜਾ ਬੈਠੇ। ਜਿਨ੍ਹਾਂ ਦੰਭ ਨੂੰ ਮਲੀਆਮੇਟ ਕੀਤਾ ਸੀ। ਜਦ ਲੋਕਾਂ ਨੇ ਕਿਰਪਾਲੂ ਗੁਰੂ ਨਾਨਕ ਦੇਵ ਜੀ ਦਾ ਨਾਂ ਸੁਣਿਆਂ ਤਾਂ ਨਗਰ ਵਿਚੋਂ ਚਲ ਕੇ ਉਹ ਤੁਰੰਤ ਗੁਰੂ ਜੀ ਪਾਸ ਆਏ॥ ੪੮॥

ਹੁਤੇ ਜਹਾਂ ਬੇਦੀ ਕੁਲ ਦੀਪਾ। ਬੈਠੇ ਪੰਡਤ ਆਨ ਸਮੀਪਾ।
ਬੰਦਨ ਕਰਹਿ ਭਾਉ ਉਰ ਧਰਿਕੈ। ਹਰਖਹਿ ਸੁੰਦਰ ਰੂਪ ਨਿਹਰਿਕੈ ॥੪੯॥

ਜਿਥੇ ਗੁਰੂ ਜੀ ਬੈਠੇ ਸਨ, ਉਨ੍ਹਾਂ ਦੇ ਨੇੜੇ ਪੰਡਿਤ ਆ ਕੇ ਬੈਠ ਗਏ। ਦਿਲ ਵਿਚ ਪ੍ਰੇਮ ਧਾਰਨ ਕਰਕੇ ਉਨ੍ਹਾਂ ਬੰਦਨਾਂ ਕੀਤੀ। ਸੁੰਦਰ ਰੂਪ ਵੇਖ ਕੇ ਉਹ ਬਹੁਤ ਪ੍ਰਸੰਨ ਹੋਏ॥ ੪੯॥

ਭਈ ਸਮੀਪ ਭੂਰ ਜਬ ਭੀਰਾ। ਬੋਲੇ ਸਭਿ ਸੋਂ ਗੁਨੀ ਗਹੀਰਾ।
'ਰਾਮ ਗਏ ਲੇ ਕਰਿ ਸੰਗਿ ਨਗਰੀ। ਨੀਚ ਊਚ ਨਰ ਨਾਰੀ ਸਗਰੀ ॥੫੦॥

ਜਦ ਗੁਰੂ ਜੀ ਲਾਗੇ ਬਹੁਤ ਭੀੜ ਹੋ ਗਈ ਤਾਂ ਗੁਣੀ ਗਹੀਰਾ ਭਾਵ ਗੁਰੂ ਜੀ ਸਭ ਨੂੰ ਕਹਿਣ ਲੱਗੇ, "ਸ੍ਰੀ ਰਾਮ ਜੀ, ਅਯੁੱਧਿਆ ਨਗਰੀ ਅਤੇ ਉਸ ਵਿਚ ਰਹਿ ਰਹੇ ਅਮੀਰ-ਗਰੀਬ, ਛੋਟੇ-ਵੱਡੇ ਸਭ ਨਰ ਨਾਰੀਆਂ ਨੂੰ ਲੈ ਕੇ ਚਲੇ ਗਏ ਸਨ॥ ੫੦॥

ਦੋਹਰਾ- ਇਹ ਆਈ ਕਿਹਤੇ ਅਬਹਿ ਦੀਸਤਿ ਊਚੇ ਧਾਮ'।
ਸੁਨਿ ਪੰਡਿਤ ਸਭਿ ਕਹਤਿ ਭੇ 'ਜੀਅ ਲਏ ਸੰਗਿ ਰਾਮ॥ ੫੧॥

ਪਰ ਜਿਹੜੇ ਹੁਣ ਉੱਚੇ ਉੱਚੇ ਘਰ ਦਿੱਸਦੇ ਹਨ ਇਹ ਕਿਥੋਂ ਆਏ ਹਨ ?" ਇਹ ਸੁਣ ਕੇ ਸਾਰੇ ਪੰਡਿਤ ਕਹਿਣ ਲੱਗੇ, "ਸ੍ਰੀ ਰਾਮ ਚੰਦਰ ਜੀ ਨੇ ਕੇਵਲ ਜੀਆਂ ਨੂੰ ਆਪਣੇ ਨਾਲ ਲਿਆ ਸੀ॥ ੫੧॥

ਚੌਪਈ- ਮੰਦਰ ਸਭਿ ਧਰਨੀ ਪਰ ਰਹੇ। ਗਏ ਬਿਕੁੰਠ ਜੀਵ ਜੇ ਅਹੇ'।
ਸ੍ਰੀ ਨਾਨਕ ਪੁਨ ਬੈਨ ਉਚਾਰੇ। 'ਗਏ ਬਿਕੁੰਠ ਸੁ, ਦਰਸੁ ਨਿਹਾਰੇ ॥੫੨॥

ਘਰ ਸਾਰੇ ਧਰਤੀ ਤੇ ਰਹੇ, ਜਿਹੜੇ ਜੀਵ ਸਨ ਉਹੀ ਬੈਕੁੰਠ ਗਏ।" ਗੁਰੂ ਨਾਨਕ ਦੇਵ ਜੀ ਨੇ ਫਿਰ ਬਚਨ ਕਹੇ, "ਉਹ ਤਾਂ ਬੈਕੁੰਠ ਗਏ ਸਨ, ਕਿਉਂਕਿ ਉਨ੍ਹਾਂ ਸ੍ਰੀ ਰਾਮ ਚੰਦਰ ਦੇ ਦਰਸ਼ਨ ਕੀਤੇ ਸਨ ਅਤੇ ਸਿਮਰਨ ਕੀਤਾ ਸੀ।

ਅਬ ਤੁਮ ਤਿਹ ਕੋ ਸਿਮਰਹੁ ਨਾਮੂ। ਹੋਹਿ ਤੁਮਾਰੇ ਬੈਕੁੰਠ ਧਾਮੂ।
ਗੁਰ ਸੋਂ ਮਿਲਿ ਭਗਤੀ ਉਰ ਧਾਰੋ। ਧਜਾਨ ਕਰੋ ਬੰਧਨ ਛੁਟਕਾਰੋ ॥੫੩॥

ਹੁਣ ਤੁਸੀਂ ਤਦ ਹੀ ਬੈਕੁੰਠ ਜਾ ਸਕਦੇ ਹੋ, ਜੇ ਨਾਮ ਦਾ ਸਿਮਰਨ ਕਰੋਗੇ। ਗੁਰੂ ਜੀ ਵਲੋਂ ਮਿਲੀ ਭਗਤੀ ਨੂੰ ਹਿਰਦੇ ਵਿਚ ਧਾਰਨ ਕਰੋ, ਪ੍ਰਭੂ ਦਾ ਧਿਆਨ ਧਰ ਕੇ ਸਿਮਰਨ ਕਰਨ ਨਾਲ ਸਾਰੇ ਬੰਧਨਾਂ ਤੋਂ ਛੁਟਕਾਰਾ ਹੋ ਜਾਵੇਗਾ॥ ੫੩॥

ਸਤਿਗੁਰ ਦਰਸ ਸਫਲ ਸੁਖਦਾਈ। ਜਪਹੁ ਨਾਮ ਹੈ ਅੰਤ ਸਹਾਈ!
ਗੁਰਮੁਖ ਹੋਵਹੁ ਤਜਹੁ ਬਿਕਾਰਾ। ਆਪ ਤਰਹੁ ਕਰਿ ਪਿਤਰ ਉਧਾਰਾ ॥੫੪॥

ਸਤਿਗੁਰੂ ਦੇ ਦਰਸ਼ਨ ਸਫਲ ਅਤੇ ਸੁਖਦਾਇਕ ਹਨ, ਨਾਮ ਦਾ ਜਾਪ ਕਰੋ ਜਿਹੜਾ ਅੰਤ ਵੇਲੇ ਸਹਾਈ ਹੋਵੇਗਾ। ਵਿਕਾਰਾਂ ਨੂੰ ਛੱਡੋ ਤੇ ਗੁਰਮੁਖ ਹੋਵੋ, ਆਪ ਤਰੋ ਅਤੇ ਆਪਣੇ ਪਿਤਰਾਂ ਦਾ ਵੀ ਉਧਾਰ ਕਰੋ"॥ ੫੪॥

ਦੋਹਰਾ- ਸੁਨਿ ਪੰਡਿਤ ਬੂਝਨ ਕਿਯੋ 'ਗੁਰੂ ਕਿਤਿਕ ਪਰਕਾਰ ?'।
ਉੱਤਰ ਦੇਨੇ ਹੇਤੁ ਤਬ ਬੋਲੇ ਗੁਰੂ ਉਦਾਰ॥੫੫॥

ਇਹ ਸੁਣ ਕੇ ਪੰਡਿਤਾਂ ਨੇ ਪੁਛਿਆ, "ਗੁਰੂ ਕਿੰਨੇ ਪ੍ਰਕਾਰ ਦੇ ਹੁੰਦੇ ਹਨ?" ਉੱਤਰ ਦੇਣ ਵਾਸਤੇ ਤਦ ਉਦਾਰ-ਚਿੱਤ ਗੁਰੂ ਜੀ ਬੋਲੇ॥ ੫੫॥

ਚੌਪਈ- 'ਇਕ ਪੰਡਿਤ ਗੁਰ, ਇਕ ਅਵਧੂਤਾ। ਮਹਾਂਪੁਰਖ ਇਕ ਜੇ ਮਤਿਪੂਤਾ।
ਲੱਖਜਨ ਸੁਨਹੁ ਭਿੰਨ ਮਨ ਮਾਨਹੁ। ਜੋ ਪੰਡਿਤ ਤਿਨ ਕਉ ਇਉਂ ਜਾਨਹੁ॥੫੬॥

"ਇਕ ਪ੍ਰਕਾਰ ਦੇ ਵਿਦਵਾਨ ਗੁਰੂ ਹਨ, ਦੂਸਰੀ ਪ੍ਰਕਾਰ ਦੇ ਅਨਪੜ੍ਹ ਪਰ ਤਪੱਸਵੀ ਗੁਰੂ ਹਨ, ਤੀਸਰੇ ਉਹ ਗੁਰੂ ਹਨ ਜਿਹੜੇ ਮਹਾਂਪੁਰਖ ਹਨ ਅਤੇ ਜਿਨ੍ਹਾਂ ਦੀ ਬੁੱਧੀ ਪਵਿੱਤਰ ਹੈ। ਵੇਖੋ ਸੁਣੋ ਅਤੇ ਮਨ ਵਿਚ ਵੱਖ ਮੰਨੋ। ਜਿਹੜੇ ਵਿਦਵਾਨ ਹਨ ਉਨ੍ਹਾਂ ਨੂੰ ਇਸ ਤਰ੍ਹਾਂ ਜਾਣੋ॥ ੫੬॥

ਅਨਤਾਰੂ ਜਿਉਂ ਬਚਨ ਅਲਾਇ। 'ਨਦੀ ਪਾਰ ਤਟ ਹੋਤਿ ਲਖਾਇ।
ਤਰਹੁ ਤਾਂਹਿ ਹੋਵਹੁਗੇ ਪਾਰੂ। ਤਰ ਨਹਿੰ ਜਾਨਹਿ ਕਰਹਿ ਉਚਾਰੂ॥੫੭॥

ਅਨਤਾਰੂ (ਨਾ ਤਰ ਸਕਣ ਵਾਲਾ) ਜਿਵੇਂ ਬਚਨ ਕਹਿੰਦਾ ਹੈ, "ਨਦੀ ਪਾਰ ਕਰਕੇ ਅਗਲੇ ਕਿਨਾਰੇ ਜਾ ਸਕਦਾ ਹਾਂ।" ਜੇ ਨਦੀ ਵਿਚ ਦਾਖਲ ਹੋ ਕੇ ਤਰੋਗੇ ਤਦ ਹੀ ਨਦੀ ਪਾਰ ਕਰੋਗੇ, ਤਰਨ ਜਾਣਦਾ ਨਹੀਂ, ਕੇਵਲ ਉਚਾਰਨ ਕਰਦਾ ਹੈ॥ ੫੭॥

ਆਪ ਨ ਕਰਹਿ ਦੇਤਿ ਉਪਦੇਸ਼ਾ। ਪੰਡਿਤ ਗੁਰ ਜਾਨਹੁ ਤੁਮ ਐਸਾ।
ਬੇਦ ਪੁਰਾਨਨ ਕਰਹਿ ਬਖਜਾਨਾ। ਲੋਭ ਮੋਹ ਮਹਿ ਬੈਸ ਬਿਹਾਨਾ॥੫੮॥

ਆਪ ਤਾਂ ਕੁਝ ਕਰਦੇ ਨਹੀ, ਕੇਵਲ ਉਪਦੇਸ਼ ਦਿੰਦੇ ਹੋ, ਵਿਦਵਾਨ ਗੁਰੂ ਨੂੰ ਤੁਸੀਂ ਇਸ ਤਰ੍ਹਾਂ ਦਾ ਸਮਝੋ। ਵੇਦ ਪੁਰਾਣਾਂ ਦਾ ਵਿਖਿਆਣ ਕਰਦੇ ਹਨ, ਲੋਭ ਮੋਹ ਵਿਚ ਪੈ ਕੇ ਉਮਰ ਗੁਜ਼ਾਰ ਦਿੰਦੇ ਹਨ॥ ੫੮॥

ਦੋਹਰਾ-ਪੁੰਨ ਮਿਲਨ ਕੋ ਜਾਨੀਏ, ਹੋਤਿ ਨ ਰਿਦੈ ਗਿਆਨ।
ਪੁਨ ਜੋ ਹੈ ਅਵਧੂਤ ਗੁਰ ਬਿੱਦਜਾ ਤੇ ਅਨਜਾਨ॥ ੫੯॥

ਵਿਦਵਾਨ ਪੰਡਿਤ ਨੂੰ ਮਿਲਣ ਕਰਕੇ ਪੁੰਨ ਹੀ ਪ੍ਰਾਪਤ ਹੁੰਦਾ ਹੈ, ਮੁਕਤੀ ਨਹੀਂ ਮਿਲਦੀ। ਫਿਰ ਜਿਹੜਾ ਅਵਧੂਤ (ਅਨਪੜ੍ਹ) ਗੁਰੂ ਹੈ, ਜਿਹੜਾ ਵੱਡਾ ਤਪੱਸਵੀ ਹੈ, ਪਰ ਵਿਦਿਆ ਤੋਂ ਅਨਪੜ੍ਹ ਹੈ॥ ੫੯॥

ਚੌਪਈ- ਮਿਲਾ ਸੰਤ ਕੋ ਜੋਗਹਿ ਪਾਯੋ। ਭਯੋ ਗਜਾਨ ਉਰ ਮੋਹ ਮਿਟਾਯੋ।
ਆਪ ਤਰੈ ਭਵ ਸਾਗਰ ਸੋਇ। ਔਰ ਉਧਾਰ ਨ ਤਿਹ ਤੇ ਹੋਇ॥੬੦॥

ਸੰਤਾਂ ਨੂੰ ਮਿਲ ਕੇ ਉਸ ਜੋਗ ਪਾਇਆ ਹੈ, ਹਿਰਦੇ ਵਿਚੋਂ ਮੋਹ ਮਿਟਾ ਕੇ ਗਿਆਨੀ ਹੋ ਗਿਆ ਹੈ। ਉਹ ਆਪ ਭਵ-ਸਾਗਰ ਤਰ ਜਾਂਦਾ ਹੈ, ਪਰ ਉਸ ਪਾਸੋਂ ਕਿਸੇ ਹੋਰ ਦਾ ਉਧਾਰ ਨਹੀਂ ਹੁੰਦਾ॥ ੬੦॥

ਜਿਉਂ ਜਲ ਬਿਖੈ ਲਸ਼ਟਕਾ ਜਾਈ। ਆਪ ਤਰੈ ਨਹਿੰ ਔਰ ਤਰਾਈ।
ਪੁਨ ਜੋ ਮਹਾਂ ਪੁਰਖ ਗੁਰ ਜਾਨਹੁ। ਸਭਿ ਵਿੱਦਜਾ ਮਹਿੰ ਨਿਪੁਨ ਪਛਾਨਹੁ॥੬੧॥

ਜਿਵੇਂ ਜਲ ਵਿਚ ਲਾਠੀ ਤਰਦੀ ਹੈ, ਆਪ ਤਰਦੀ ਹੈ, ਪਰ ਹੋਰ ਕਿਸੇ ਨੂੰ ਤਰਨ ਵਿਚ ਸਹਾਇਤਾ ਨਹੀਂ ਕਰ ਸਕਦੀ। ਫਿਰ ਮਹਾਂਪੁਰਖ ਨੂੰ ਗੁਰੂ ਜਾਣੋ, ਸਾਰੀਆਂ ਵਿਦਿਆਵਾਂ ਵਿਚ ਨਿਪੁੰਨ ਸਮਝੋ॥ ੬੧॥

ਤਿਨ ਕੋ ਮਿਲਹਿੰ ਮਨੁਜ ਜੇ ਜਾਈ। ਹ੍ਵੈ ਉਧਾਰ ਸਹਿਜੇ ਗਤਿ ਪਾਈ।
ਜਿਹ ਉਪਦੇਸ਼ਹਿੰ ਦੇਹਿੰ ਗਿਆਨਾ। ਐਸੇ ਮਹਾਂ ਪੁਰਖ ਸੁਖਦਾਨਾ॥ ੬੨॥

ਉਨ੍ਹਾਂ ਨੂੰ ਜੇ ਕੋਈ ਮਨੁੱਖ ਮਿਲਦਾ ਹੈ, ਉਸ ਦਾ ਉਧਾਰ ਹੋ ਜਾਂਦਾ ਹੈ ਅਤੇ ਸਹਿਜ ਸੁਭਾਅ ਹੀ ਗਤੀ ਪ੍ਰਾਪਤ ਕਰ ਲੈਂਦਾ ਹੈ। ਜਿਹੜੇ ਉਪਦੇਸ਼ ਦੇ ਕੇ ਗਿਆਨ ਦਿੰਦੇ ਹਨ, ਐਸੇ ਮਹਾਂਪੁਰਖ ਸੁਖਾਂ ਦੇ ਦਾਤੇ ਹੁੰਦੇ ਹਨ॥ ੬੨॥

ਦੋਹਰਾ- ਤਿਨ ਕੇ ਦੇਖਿ ਅਚਾਰ ਨਰ ਜੇ ਕੋ ਆਪ ਕਮਾਇ।
ਸ੍ਰਸਤ ਹੋਤਿ ਤਿਨ ਕੋ ਸਦਾ ਜਮਪੁਰਿ ਸੋ ਨਹਿ ਜਾਇ॥ ੬੩॥

ਉਨ੍ਹਾਂ ਦਾ ਆਚਰਣ ਵੇਖ ਕੇ ਜਿਹੜੇ ਮਨੁੱਖ ਆਪ ਕਮਾਈ ਕਰਦੇ ਹਨ, ਉਨ੍ਹਾਂ ਦਾ ਸਦਾ ਕਲਿਆਣ ਹੁੰਦਾ ਹੈ ਅਤੇ ਉਹ ਜਮਪੁਰ ਨਹੀਂ ਜਾਂਦੇ ਹਨ॥ ੬੩॥

ਚੌਪਈ- ਨਰ ਜਿਹ ਪਾਰ ਲੰਘਾਵਨ ਹੋਇ। ਪਾਰ ਕਰੈ ਕੇਵਟ ਸਮ ਸੋਇ।
ਕਿਸੀ ਤੁਲਾ ਦੇ, ਕਿਹ ਸਰਨਾਈ। ਕਿਸਹੂੰ ਨੌਕਾ ਦੇਤਿ ਚਢਾਈ॥੬੪॥

ਜੇ ਕਿਸੇ ਮਨੁੱਖ ਨੂੰ ਪਾਰ ਲੰਘਾਉਣਾ ਹੋਵੇ ਤਾਂ ਉਹ ਮਲਾਹ ਵਾਂਗ ਪਾਰ ਕਰ ਦਿੰਦੇ ਹਨ। ਕਿਸੇ ਨੂੰ ਫੂਕ ਭਰੀ ਖੱਲ ਦਿੰਦੇ ਹਨ, ਜਿਸ ਉਤੇ ਬੈਠ ਕੇ ਮਨੁੱਖ ਚੱਪੂ ਚਲਾ ਕੇ ਪਾਣੀ ਤੇ ਤਰ ਕੇ ਪਾਰ ਹੋ ਜਾਂਦੇ ਹਨ। ਕਿਸੇ ਨੂੰ ਬੇੜੀ ਉਤੇ ਚੜ੍ਹਾ ਕੇ ਪਾਰ ਕਰ ਦਿੰਦੇ ਹਨ॥ ੬੪॥

ਤਿਹ ਕੇ ਦਰਸ਼ਨ ਕਲਮਲ ਜਾਈ। ਮਹਾਂ ਪੁਰਖ ਗੁਰ ਸਭਿ ਸੁਖਦਾਈ'।
ਗੁਨਖਾਨੀ ਤੇ ਸੁਨਿ ਅਸ ਬਾਨੀ। ਪਰਮ ਪ੍ਰੇਮ ਮੈਂ ਮਤਿ ਲਪਟਾਨੀ॥ ੬੫॥

ਉਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ। ਅਜਿਹੇ ਮਹਾਂਪੁਰਖ ਗੁਰੂ ਸਭ ਨੂੰ ਸੁੱਖ ਦਿੰਦੇ ਹਨ।" ਗੁਰੂ ਜੀ ਤੋਂ ਅਜਿਹੇ ਬਚਨ ਸੁਣ ਕੇ, ਸਾਰਿਆਂ ਦੀ ਮੱਤ ਪਰਮ ਪ੍ਰੇਮ ਵਿਚ ਲਿਪਟ ਗਈ॥ ੬੫॥

ਗਹਿ ਪਦ ਪੰਕਜ ਬਿਨੈ ਬਖਾਨਹਿਂ। ਮੁਕਤਿ ਦਾਨ ਦਾ ਰੂਪ ਪਛਾਨਹਿਂ।
'ਭਵ ਸਾਗਰ ਮਹਿਂ ਹੈ ਦੁਖ ਭਾਰਾ। ਨਿਜ ਕਰੁਨਾ ਕਰਿ ਕਰਹੁ ਉਧਾਰਾ॥੬੬॥

ਗੁਰੂ ਜੀ ਦੇ ਚਰਨ ਕੰਵਲ ਨੂੰ ਫੜ ਕੇ ਬੇਨਤੀ ਕਰਦੇ ਹਨ ਅਤੇ ਮੁਕਤੀ ਦਾਨ ਦਾ ਰੂਪ ਪਛਾਣਦੇ ਹਨ। "ਸੰਸਾਰ ਸਾਗਰ ਵਿਚ ਭਾਰੀ ਦੁੱਖ ਹੈ, ਆਪਣੀ ਕਿਰਪਾ ਕਰਕੇ ਸਾਡਾ ਉਧਾਰ ਕਰੋ॥ ੬੬॥

ਦੋਹਰਾ- ਸਿੱਖ ਆਪਨੇ ਕੀਜੀਏ ਸੁਭ ਉਪਦੇਸ਼ ਦ੍ਰਿੜਾਇ।
ਜਸ ਤੁਮਰਾ ਸ੍ਰਵਨਨ ਸੁਨਯੋ ਦਰਸ ਦਿਯੋ ਅਬ ਆਇ'॥ ੬੭॥

ਆਪਣਾ ਸ਼ੁਭ ਉਪਦੇਸ਼ ਦ੍ਰਿੜ੍ਹ ਕਰਾ ਕੇ ਸਾਨੂੰ ਆਪਣੇ ਸਿੱਖ ਬਣਾਵੋ। ਤੁਹਾਡਾ ਜੱਸ ਆਪਣੇ ਕੰਨਾਂ ਨਾਲ ਸੁਣਿਆ ਹੈ, ਹੁਣ ਤੁਸੀਂ ਆ ਕੇ ਸਾਨੂੰ ਦਰਸ਼ਨ ਦਿੱਤੇ ਹਨ'॥ ੬੭॥

ਚੌਪਈ- ਤਿਨ ਕੀ ਦੇਖਿ ਦੀਨਤਾ ਦਯਾਲਾ। ਦੇਤਿ ਭਏ ਉਪਦੇਸ਼ ਰਸਾਲਾ।
'ਜਗਤ ਜਾਨੀਯੇ ਰਿਦੇ ਅਨਿੱਤਾ। ਸੱਤਿਨਾਮ ਸਿਮਰਹੁ ਨਿਤ ਚਿੱਤਾ॥੬੮॥

ਉਨ੍ਹਾਂ ਦੀ ਦੀਨਤਾ ਵੇਖ ਕੇ, ਦਿਆਲੂ ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਰਸੀਲਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਫੁਰਮਾਇਆ, "ਆਪਣੇ ਹਿਰਦੇ ਵਿਚ ਜਗਤ ਨੂੰ ਝੂਠਾ ਸਮਝੋ ਅਤੇ ਪ੍ਰਭੂ ਦੇ ਸੱਚੇ ਨਾਮ ਦਾ ਸਦਾ ਹੀ ਚਿੱਤ ਵਿਚ ਸਿਮਰਨ ਕਰੋ॥ ੬੮॥

ਮਨ ਰੋਕਨ ਕੋ ਕਰਿ ਅੱਭ੍ਯਾਸਾ। ਹ੍ਵੈ ਤੁਮ ਕੋ ਪ੍ਰਾਪਤਿ ਸੁਖਰਾਸਾ।
ਜਬਹੀ ਜਗਤ ਅਸੱਤਿ ਪਛਾਨੋ। ਮਨ ਸੰਕਲਪ ਸੁਖੈਨੰ ਹਾਨੋ'॥੬੯॥

ਮਨ ਨੂੰ ਜਿੱਤਣ ਦਾ ਅਭਿਆਸ ਕਰੋ, ਇਸ ਨਾਲ ਤੁਹਾਨੂੰ ਵੱਡਾ ਸੁਖ ਪ੍ਰਾਪਤ ਹੋਵੇਗਾ। ਜਦ ਹੀ ਤੁਸੀਂ ਜਗਤ ਨੂੰ ਝੂਠਾ ਪਛਾਣੋਗੇ, ਮਨ ਦੇ ਸੰਕਲਪ ਸੌਖੇ ਹੀ ਨਾਸ਼ ਕਰੋਗੇ'॥ ੬੯॥

ਇਸ ਪ੍ਰਕਾਰ ਕੋ ਦੇ ਉਪਦੇਸ਼ਾ। ਆਗੇ ਗਮਨ ਕੀਨ ਜਗਤੇਸ਼ਾ।

ਕਾਂਸ਼ੀ ਬਿਖੈ ਜਾਇ ਕਿਯ ਡੇਰਾ। ਤਟ ਸੁਰਸਰਿ ਜਹਿਂ ਸੁੰਦਰ ਹੇਰਾ ॥੭੦॥

ਇਸ ਪ੍ਰਕਾਰ ਉਪਦੇਸ਼ ਦੇ ਕੇ, ਗੁਰੂ ਜੀ ਅੱਗੇ ਚੱਲ ਪਏ। ਕਾਂਸ਼ੀ ਵਿਖੇ ਜਾ ਡੇਰਾ ਲਾਇਆ, ਗੰਗਾ ਨਦੀ ਦੇ ਕੰਢੇ ਜਿਥੇ ਸੁੰਦਰ ਸਥਾਨ ਵੇਖਿਆ॥ ੭੦॥

ਅਤਿਸ਼ੈ ਉੱਜਲ ਨੀਰ ਤਰੰਗਾ। ਸੱਤਿਨਾਮ ਕੋ ਜਸ ਜਨੁ ਚੰਗਾ।
ਹੁਤੇ ਤਹਾਂ ਜੇ ਪੰਡਿਤ ਭਾਰੀ। ਸੁਨਿ ਕਰਿ ਸੁਧ ਤਿਨ ਸ਼੍ਰੋਨ ਮਝਾਰੀ ॥੭੧॥

ਜਿਸ ਨੂੰ ਜਲ ਦੀਆਂ ਲਹਿਰਾਂ ਬਹੁਤ ਉਜਲ ਲੱਗ ਰਹੀਆਂ ਸਨ ਅਤੇ ਜਿਸ ਨੂੰ ਸਤਿਨਾਮ ਦਾ ਜਸ ਬਹੁਤ ਚੰਗਾ ਲਗਦਾ ਸੀ। ਓਥੇ ਜਿਹੜੇ ਭਾਰੀ ਪੰਡਿਤ ਸਨ, ਜਦ ਉਨ੍ਹਾਂ ਨੇ ਆਪਣੇ ਕੰਨਾਂ ਨਾਲ ਗੁਰੂ ਜੀ ਬਾਰੇ ਸੁਣਿਆ ॥ ੭੧॥

ਮਿਲਿ ਕਰਿ ਸਭਿਹੀ ਆਪਸ ਮਾਂਹੀ। ਆਵਨ ਭੇ ਤਿਆਰ ਹਰਖਾਹੀਂ।
'ਪੂਰਨ ਸੰਤ ਸੁਨਤਿ ਥੇ ਜਾਂਕੋ। ਦਰਸ਼ਨ ਕਰੈਂ ਚਲਹੁ ਅਬ ਤਾਂਕੋ' ॥੭੨॥

ਤਾਂ ਸਾਰੇ ਆਪਸ ਵਿਚ ਮਿਲ ਕੇ, ਖੁਸ਼ ਹੋ ਕੇ ਗੁਰੂ ਜੀ ਪਾਸ ਆਉਣ ਲਈ ਤਿਆਰ ਹੋ ਕੇ ਕਹਿਣ ਲੱਗੇ, "ਜਿਨ੍ਹਾਂ ਨੂੰ ਅਸੀਂ ਪੂਰਨ ਸੰਤ ਸੁਣਦੇ ਆਏ ਹਾਂ, ਚਲੋ ਹੁਣ ਉਨ੍ਹਾਂ ਦੇ ਜਾ ਕੇ ਦਰਸ਼ਨ ਕਰੀਏ॥ ੭੨॥

ਨਰ ਬ੍ਰਿੰਦਨ ਸੋਂ ਪੰਡਿਤ ਆਏ। ਸ੍ਰੀ ਗੁਰ ਆਗੈ ਸੀਸ ਨਿਵਾਏ।
ਧਰਿ ਉਰ ਸ਼ਰਧਾ ਕੋ ਢਿਗ ਬੈਸੇ। ਪ੍ਰਸ਼ਨ ਕੀਨ ਮਿਲਿ ਕੈ ਤਬ ਐਸੇ ॥੭੩॥

ਪੰਡਿਤਾਂ ਨਾਲ ਹੋਰ ਬਹੁਤ ਮਰਦ ਆਏ, ਸਾਰਿਆਂ ਨੇ ਆ ਕੇ ਗੁਰੂ ਜੀ ਅੱਗੇ ਸਿਰ ਨਿਵਾਏ। ਹਿਰਦੇ ਵਿਚ ਸ਼ਰਧਾ ਧਾਰਨ ਕਰਕੇ ਉਹ ਨੇੜੇ ਬੈਠ ਗਏ, ਫਿਰ ਉਨ੍ਹਾਂ ਇਕੱਠੇ ਮਿਲ ਕੇ ਇਸ ਤਰ੍ਹਾਂ ਪ੍ਰਸ਼ਨ ਕੀਤਾ॥ ੭੩॥

ਦੋਹਰਾ- 'ਵੇਦ ਸ਼ਾਸਤ੍ਰ ਨਿਤਪ੍ਰਤਿ ਪਢਤਿ ਸੁਨਤਿ ਸਦਾ ਬਿਵਹਾਰ।
ਹਮ ਉਰ ਸ਼ਾਂਤਿ ਨ ਆਵਈ ਮਿਟਤ ਨਹੀਂ ਹੰਕਾਰ' ॥ ੭੪॥

"ਅਸੀਂ ਨਿਤਾਪ੍ਰਤਿ ਵੇਦ ਸ਼ਾਸਤਰ ਪੜ੍ਹਦੇ, ਸੁਣਦੇ ਰਹਿੰਦੇ ਹਾਂ ਅਤੇ ਸਦਾ ਹੀ ਉਸ ਤਰ੍ਹਾਂ ਵਿਵਹਾਰ ਕਰਦੇ ਹਾਂ। ਸਾਡੇ ਦਿਲ ਵਿਚ ਸ਼ਾਂਤੀ ਨਹੀਂ ਆਉਂਦੀ ਹੈ ਅਤੇ ਸਾਡਾ ਹੰਕਾਰ ਮਿਟਦਾ ਨਹੀਂ ਹੈ" ॥ ੭੪॥

ਚੌਪਈ- ਸੁਨਿ ਕਰਿ ਬੋਲੇ ਸ਼੍ਰੀ ਗੁਨਖਾਨੀ। 'ਪੰਡਿਤ ਗੁਨਹੁ ਹਮਾਰੀ ਬਾਨੀ।
ਅੰਤਰ ਖੋਟ ਨਿਰੰਤਰ ਧਰਿਹੀ। ਕੈਸੇ ਪਾਹੁ ਬੇਦ ਕੋ ਚਰਿਹੀ॥ ੭੫॥

ਗੁਰੂ ਜੀ ਇਹ ਸੁਣ ਕੇ ਬੋਲੇ, "ਹੇ ਪੰਡਿਤ ! ਸਾਡੀ ਗੱਲ ਤੇ ਵਿਚਾਰ ਕਰੋ, ਤੁਸੀਂ ਆਪਣੇ ਅੰਦਰ ਸਦਾ ਹੀ ਖੋਟ ਧਾਰਨ ਕੀਤੀ ਹੋਈ ਹੈ, ਉਹ ਆਚਰਨ ਕਿਵੇਂ ਪ੍ਰਾਪਤ ਕਰੋਗੇ ਜਿਸ ਨੂੰ ਸ਼ਾਸਤਰ ਕਹਿੰਦੇ ਹਨ॥ ੭੫॥

ਬਿਖੈ ਬਿਕਾਰ ਲਾਲਸਾ ਬਾਢੀ। ਸ਼ਾਂਤਿ ਬੁੱਧਿ ਉਰ ਬਾਹਰ ਠਾਂਢੀ।
ਪਢਹੁ ਸੁਨਹੁ ਸਭਿ ਲੋਕ ਦਿਖਾਵਾ। ਅਸ ਕਹਿ ਪੁਨ ਇਕ ਸ਼ਬਦ ਅਲਾਵਾ ॥੭੬॥

ਵਿਕਾਰਾਂ ਵਿਚ ਤੁਹਾਡੀ ਲਾਲਸਾ ਵਧੀ ਹੈ, ਸ਼ਾਂਤੀ ਬੁੱਧੀ ਨੂੰ ਤੁਸੀਂ ਹਿਰਦੇ ਤੋਂ ਬਾਹਰ ਖੜਾ ਕੀਤਾ ਹੈ, ਜੋ ਕੁਝ ਪੜ੍ਹਦੇ ਸੁਣਦੇ ਹੋ ਉਹ ਸਭ ਲੋਕ ਵਿਖਾਵਾ ਹੈ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੭੬॥

*ਸਿਰੀਰਾਗੁ ਮਹਲਾ ੧ ॥*

*ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥*
*ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥*
*ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥ ੧ ॥*

ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥ ੧ ॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ ੨ ॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥ ੩ ॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪ ॥ ੪ ॥ (ਪੰਨਾ ੧੫)

ਲਾਲਚ ਕੁੱਤਾ ਹੈ, ਝੂਠ ਭੰਗੀ ਹੈ ਅਤੇ ਠੱਗੀ ਮਾਰਨਾ ਮੁਰਦਾਰ ਦੇ ਖਾਣ ਵਾਂਗ ਹੈ। ਪਰਾਈ ਨਿੰਦਿਆ, ਪਰਾਈ ਗੰਦਗੀ ਮੂੰਹ ਵਿਚ ਪਾਉਣ ਬਰਾਬਰ ਹੈ ਅਤੇ ਕ੍ਰੋਧ ਦੀ ਅਗਨੀ ਚੰਡਾਲ ਹੈ। ਹੇ ਮੇਰੇ ਸਿਰਜਣਹਾਰ ! ਇਹੋ ਜਿਹੇ ਪਾਪਾਂ, ਮਿੱਠੇ ਤੇ ਸਲੂਣੇ ਸੁਆਦਾਂ ਅਤੇ ਸਵੈ-ਵਡਿਆਈ ਵਿਚ ਮੈਂ ਖਪਤ ਹੋਇਆ ਹਾਂ, ਅਜਿਹੇ ਹਨ ਮੇਰੇ ਕਰਮ ॥ ੧ ॥

ਹੇ ਬਾਬਾ ! ਅਜਿਹੇ ਬਚਨ ਬੋਲ, ਜਿਨ੍ਹਾਂ ਕਰਕੇ ਇੱਜ਼ਤ ਪ੍ਰਾਪਤ ਹੋਵੇ। ਉਹ ਉੱਤਮ ਹਨ ਜਿਹੜੇ ਪ੍ਰਭੂ ਦੇ ਦਰ ਤੇ ਉੱਤਮ ਕਹੇ ਜਾਂਦੇ ਹਨ। ਨੀਚ ਅਮਲਾਂ ਵਾਲੇ ਬੈਠ ਕੇ ਵਿਰਲਾਪ ਕਰਦੇ ਹਨ ॥ ੧ ॥ ਠਹਿਰਾਉ ॥

ਕੰਚਨ ਦਾ ਸੁਆਦ, ਚਾਂਦੀ ਅਤੇ ਮੁਟਿਆਰ ਦਾ ਸੁਆਦ, ਚੰਨਣ ਦੀ ਸੁਗੰਧਤਾ ਦਾ ਸੁਆਦ, ਘੋੜਿਆਂ ਦਾ ਸੁਆਦ, ਸੁੰਦਰ ਸੇਜਾ ਅਤੇ ਮਹਿਲ ਮਾੜੀਆਂ ਦਾ ਸੁਆਦ, ਮਠਿਆਈ ਦਾ ਸੁਆਦ ਅਤੇ ਮਾਸ ਦਾ ਸੁਆਦ, ਮਨੁੱਖ ਦੇਹ ਦੇ ਏਨੇ ਚਸਕੇ ਹਨ। ਰੱਬ ਦੇ ਨਾਮ ਦਾ ਟਿਕਾਣਾ ਕਿਵੇਂ ਦਿਲ ਅੰਦਰ ਹੋ ਸਕਦਾ ਹੈ ? ॥ ੨ ॥

ਜਿਨ੍ਹਾਂ ਬਚਨਾਂ ਦੇ ਉਚਾਰਨ ਕਰਨ ਨਾਲ ਇੱਜ਼ਤ ਆਬਰੂ ਪ੍ਰਾਪਤ ਹੁੰਦੀ ਹੈ, ਉਹ ਬੋਲ ਪਰਵਾਣ ਹੋ ਜਾਂਦੇ ਹਨ। ਫਿੱਕੇ ਬਚਨ ਬੋਲ ਕੇ ਆਦਮੀ ਖਰਾਬ ਹੁੰਦਾ ਹੈ। ਹੇ ਮੇਰੇ ਅਣਜਾਣ, ਮੂਰਖ ਮਨ ! ਸੁਣੋ ! ਜਿਹੜੇ ਉਸ ਨੂੰ ਭਾਉਂਦੇ ਹਨ, ਉਹ ਚੰਗੇ ਹਨ, ਬਾਕੀ ਹੋਰ ਕੀ ਆਖਣਾ ਤੇ ਬਿਆਨ ਕਰਨਾ ਹੈ ? ॥ ੩ ॥

ਉਨ੍ਹਾਂ ਦੇ ਪੱਲੇ ਅਕਲ, ਆਬਰੂ ਅਤੇ ਦੌਲਤ ਹੈ, ਜਿਨ੍ਹਾਂ ਦੇ ਅੰਦਰ ਪ੍ਰਭੂ ਸਮਾਇਆ ਹੋਇਆ ਹੈ। ਉਨ੍ਹਾਂ ਦਾ ਹੋਰ ਕੀ ਸਲਾਹੁਣਾ, ਉਨ੍ਹਾਂ ਨੂੰ ਹੋਰ ਕਿਸੇ ਸ਼ਲਾਘਾ ਦੀ ਕੀ ਲੋੜ ਹੈ ?

ਹੇ ਨਾਨਕ ! ਜਿਹੜੇ ਵਾਹਿਗੁਰੂ ਦੀ ਦਇਆ-ਦ੍ਰਿਸ਼ਟੀ ਤੋਂ ਖਾਲੀ ਹਨ ਉਨ੍ਹਾਂ ਨੂੰ ਪੁੰਨ-ਦਾਨ ਤੇ ਨਾਮ ਨਾਲ ਕੋਈ ਲਗਾਉ ਨਹੀਂ ॥ ੪ ॥ ੪ ॥

ਦੋਹਰਾ- 'ਮਨ ਕੇ ਮੁਨਸਬ ਹ੍ਵੈ ਸੁਨਹੁ ਰਹੇ ਬਿਸ਼ੈ ਲਪਟਾਇ।
ਤਾਂਹੀ ਕੇ ਰਸ ਮਹਿਂ ਫਸੇ ਨਹੀਂ ਨਾਮ ਰਸ ਆਇ ॥ ੭੭ ॥

''ਆਪਣੇ ਮਨ ਦੇ ਆਪ ਮੁਨਸਫ ਹੋ ਕੇ, ਵਿਸ਼ਿਆਂ ਵਿਕਾਰਾਂ ਵਿਚ ਲਪਟ ਰਹੇ ਹੋ। ਹੋਰ ਰਸਾਂ ਵਿਚ ਫਸੇ ਹੋਏ ਹੋ, ਕਦੇ ਪ੍ਰਭੂ ਦੇ ਨਾਮ-ਰਸ ਵਿਚ ਨਹੀਂ ਆਏ ॥ ੭੭ ॥

ਚੌਪਈ- ਪਤ੍ਰਨ ਪ੍ਰਕਾਰ ਦੋਇ ਕੋ ਜਾਨਹੁ। ਪਟੇ ਬਾਜ, ਇਕ ਸੂਰ ਪ੍ਰਮਾਨਹੁ।
ਇਕ ਕੀ ਨਿਸ਼ਫਲ ਝੂਠੀ ਲਖਨੀ। ਹੋਤਿ ਸਫਲ ਦੂਸਰ ਸਿਖ ਸਿਖਨੀ ॥੭੮ ॥

ਪੜ੍ਹਨਾ ਦੋ ਪ੍ਰਕਾਰ ਦਾ ਜਾਣੋ। ਗਤਕੇਬਾਜ਼ ਨੂੰ ਇਕ ਸੂਰਮਾ ਸਮਝੋ। ਇਕ ਦੀ ਪ੍ਰਬੀਨਤਾ ਝੂਠੀ ਅਤੇ ਨਿਸ਼ਫਲ ਹੈ। ਦੂਸਰੇ ਦੀ ਸਿੱਖੀ ਹੋਈ ਸਿੱਖਿਆ ਸਫਲ ਹੈ॥ ੭੮॥

ਪਟੇਬਾਜ ਇਹ ਭਾਂਤਿ ਚਲਾਵਹਿ। ਜੈਸੇ ਅੰਗ ਛੁਹਨ ਨਹੀਂ ਪਾਵਹਿ।
ਤਿਨਕੋ ਤਨ ਰਹਿ ਬਨਜੋ ਬਨਾਯੋ। ਸ਼ਸਤ੍ਰ ਘਾਵ ਕੋ ਛੁਹਨ ਨ ਪਾਯੋ॥੭੯॥

ਗਤਕੇਬਾਜ਼ ਇਸ ਤਰ੍ਹਾਂ ਗਤਕਾ ਚਲਾਉਂਦਾ ਹੈ, ਜਿਸ ਤਰ੍ਹਾਂ ਅੰਗ ਨੂੰ ਛੂਹਣ ਨਹੀਂ ਦਿੰਦਾ, ਉਨ੍ਹਾਂ ਦਾ ਸਰੀਰ ਬਣਿਆ ਬਣਾਇਆ ਰਹਿੰਦਾ ਹੈ। ਸ਼ਸਤਰ ਛੋਹ ਨਹੀਂ ਸਕਦਾ, ਇਸ ਲਈ ਜ਼ਖਮੀਂ ਨਹੀਂ ਹੁੰਦਾ॥ ੭੯॥

ਹੇਤ ਜੀਵਕਾ,ਲੋਕ ਦਿਖਾਵਨ। ਪਢਤਿ ਸੁ ਇਕ ਨਹਿੰ ਕਰਹਿੰ ਕਮਾਵਨ।
ਤਿਹ ਕੋ ਨਿਸ਼ਫਲ ਐਸੇ ਜਾਨਹੁ। ਜੈਸੇ ਘਨ ਜਲਹੀਨ ਪਛਾਨਹੁ॥੮੦॥

ਜੀਵਨ ਨਿਰਬਾਹ ਹਿਤ, ਲੋਕਾਂ ਨੂੰ ਆਪਣਾ ਕਮਾਲ ਵਿਖਾਉਂਦਾ ਹੈ, ਜਿਹੜਾ ਇਕ ਜਮਾਤ ਨਹੀਂ ਪੜ੍ਹਿਆ ਉਹ ਕਮਾਈ ਕਰਦਾ ਹੈ। ਉਸ ਨੂੰ ਇਸ ਤਰ੍ਹਾਂ ਨਿਸ਼ਫਲ ਜਾਣੋ ਜਿਸ ਤਰ੍ਹਾਂ ਪਾਣੀ-ਰਹਿਤ ਬੱਦਲ ਨੂੰ ਪਛਾਣਦੇ ਹੋ॥ ੮੦॥

ਇਕ ਜੋ ਸੂਰ ਸੰਤ ਇਸ ਰੀਤੀ। ਪਢਹਿੰ ਸੁਨਹਿ ਸਤਿਸੰਗ ਸਪ੍ਰੀਤੀ।
ਜਾਨਹਿੰ ਬਡ ਅੱਗਜਾਨ ਅਰਾਤੀ। ਤਿਹ ਕੋ ਹਨਨ ਕਰਹਿੰ ਭਲਿ ਭਾਂਤੀ॥੮੧॥

ਦੂਸਰੇ ਜੋ ਸੂਰਮਾ ਅਤੇ ਸੰਤ ਇਸ ਰੀਤੀ ਚਲਦੇ ਹਨ, ਪੜ੍ਹਦਾ, ਸੁਣਦਾ ਹੈ ਅਤੇ ਸਤਿਸੰਗ ਨਾਲ ਪ੍ਰੀਤ ਕਰਦਾ ਹੈ। ਅਗਿਆਨ ਨੂੰ ਵੱਡਾ ਵੈਰੀ ਜਾਣਦਾ ਹੈ। ਉਸ ਨੂੰ ਚੰਗੀ ਤਰ੍ਹਾਂ ਖਤਮ ਕਰਦਾ ਹੈ॥ ੮੧॥

ਕਾਮ ਕ੍ਰੋਧ ਲੋਭ ਅਹੰਕਾਰਾ। ਇਹ ਤਿਹ ਅੰਗ ਸੁ ਕਰਹਿੰ ਪ੍ਰਹਾਰਾ।
ਸਤਿਗੁਰ ਸ਼ਬਦ ਸ਼ਸਤ੍ਰ ਜਿਨ ਕੇਰੇ। ਕਰਹਿੰ ਪ੍ਰਹਾਰ ਨ ਲਾਵਹਿੰ ਦੇਰੇ॥੮੨॥

ਕਾਮ, ਕ੍ਰੋਧ, ਲੋਭ ਅਤੇ ਅਹੰਕਾਰ, ਇਨ੍ਹਾਂ ਦੇ ਅੰਗਾਂ ਤੇ ਜਿਹੜਾ ਵਾਰ ਕਰਦਾ ਹੈ, ਸਤਿਗੁਰ ਦੇ ਸ਼ਬਦ ਜਿਸ ਨੇ ਆਪਣੇ ਸ਼ਸਤਰ ਬਣਾਏ ਹਨ, ਉਹ ਝੱਟ ਹਮਲਾ ਕਰਦੇ ਹਨ ਅਤੇ ਦੇਰ ਨਹੀਂ ਲਾਉਂਦੇ ਹਨ॥ ੮੨॥

ਨਿਤਪ੍ਰਤਿ ਛੇਦਹਿੰ ਸਨਮੁਖ ਹੋਈ। ਸੂਰਨ ਕੀ ਬਿੱਦਜਾ ਹੈ ਸੋਈ।
ਪੁਨ ਇਕ ਔਰ ਸੁਨਹੁ ਦ੍ਰਿਸ਼ਟਾਂਤਾ। ਜਿਸ ਪ੍ਰਕਾਰ ਤੁਮ ਹੋਇ ਨ ਸ਼ਾਂਤਾ॥੮੩॥

ਸਦਾ ਸਾਹਮਣੇ ਹੋ ਕੇ ਕੱਟਦਾ ਹੈ। ਸੂਰਮਿਆਂ ਦੀ ਇਹੋ ਵਿਦਿਆ ਹੈ, ਫਿਰ ਇਕ ਹੋਰ ਦ੍ਰਿਸ਼ਟਾਂਤ ਸੁਣੋ। ਜਿਸ ਪ੍ਰਕਾਰ ਤੁਸੀਂ ਸ਼ਾਂਤ ਨਹੀਂ ਹੁੰਦੇ ਹੋ॥ ੮੩॥

ਸ਼ਾਸਤ੍ਰ ਜਿਤੇ ਸੁ ਸ਼ਸਤ੍ਰ ਸਮਾਨਾ। ਮਨ ਰੂਪੀ ਬਡ ਕੇਹਰਿ ਜਾਨਾ।
ਜੇ ਮਾਰਹਿੰ ਤਿਨ ਨਿਕਸਹਿ ਨਾਮੂ। ਬਡੋ ਸ਼ਸਤ੍ਰਧਾਰੀ ਅਭਿਰਾਮੂ॥੮੪॥

ਜਿੰਨੇ ਵੀ ਸ਼ਾਸਤਰ ਹਨ ਉਹ ਸ਼ਸਤਰਾਂ ਸਮਾਨ ਹਨ, ਮਨ ਰੂਪੀ ਵੱਡਾ ਸ਼ੇਰ ਜਾਣੋ। ਜਿਹੜਾ ਇਸ ਮਨ ਰੂਪੀ ਸ਼ੇਰ ਨੂੰ ਮਾਰਦਾ ਹੈ, ਉਸ ਦਾ ਵੱਡਾ ਨਾਂ ਹੁੰਦਾ ਹੈ, ਉਹ ਸੁੰਦਰ ਅਤੇ ਮਹਾਨ ਸ਼ਸਤਰਧਾਰੀ ਸਮਝਿਆ ਜਾਂਦਾ ਹੈ॥ ੮੪॥

ਕਵਿਅਨ ਜੇਤੇ ਸ਼ਾਸਤ੍ਰ ਬਨਾਏ। ਘੜਹਿੰ ਲੁਹਾਰ ਸਮਾਨ ਸਦਾਏ।
ਜੇ ਪੰਡਿਤ ਤਿਨ ਟੀਕਾ ਕਾਰਾ। ਸਿਕਲੀਗਰ ਸੇ ਲੇਹੁ ਬਿਚਾਰਾ॥੮੫॥

ਕਵੀਆਂ ਨੇ ਜਿੰਨੇ ਸ਼ਾਸ਼ਤਰ ਬਣਾਏ ਹਨ, ਉਨ੍ਹਾਂ ਨੂੰ ਲੁਹਾਰ ਸਦਾ ਬਰਾਬਰ ਘੜਦੇ ਹਨ। ਜਿਹੜੇ ਵਿਦਵਾਨ ਇਨ੍ਹਾਂ ਦਾ ਟੀਕਾ ਕਰਦੇ ਹਨ ਉਨ੍ਹਾਂ ਦੇ ਹਥਿਆਰਾਂ ਨੂੰ ਸਾਫ ਕਰਨ ਵਾਲਿਆਂ ਵਰਗੇ ਵਿਚਾਰ ਹੁੰਦੇ ਹਨ॥ ੮੫॥

ਜਿਨ ਪਢਿ ਸੁਨਿ ਕਿਜ ਮਨ ਕਾ ਮਾਰਨ। ਸੇ ਜੋਧਾ ਹਨਤੇ ਹੱਥਜਾਰਨ।

ਪਢਹਿਂ ਜੀਵਕਾ ਕਾਰਨ ਜੋਊ। ਬੇਚਨ ਹਾਰ ਸ਼ਸਤ੍ਰ ਸਮ ਸੋਊ ॥ ੮੬ ॥

ਜਿਨ੍ਹਾਂ ਪੜ੍ਹ ਸੁਣ ਕੇ ਮਨ ਨੂੰ ਮਾਰਿਆ ਹੈ, ਉਹ ਜੋਧੇ ਹਥਿਆਰਾਂ ਨਾਲ ਮਾਰਦੇ ਹਨ। ਜਿਹੜੇ ਜੀਵਨ ਨਿਰਬਾਹ ਵਾਸਤੇ ਪੜ੍ਹਦੇ ਹਨ ਉਹ ਹਥਿਆਰਾਂ ਨੂੰ ਵੇਚਣ ਵਾਲਿਆਂ ਦੇ ਬਰਾਬਰ ਹਨ॥ ੮੬ ॥

ਸ਼ੇਰ ਰੂਪ ਮਨ ਜਿਸ ਨੇ ਮਾਰਾ। ਬਿਥਰੈ ਨਾਮ ਤਾਂਹਿ ਦਿਸ਼ਿ ਚਾਰਾ।
ਸ਼ਸਤ੍ਰ ਧਾਰਿ ਕਹਿਵਾਵਤਿ ਸੋਊ। ਕੂਰੇ ਨਾਮ ਅਪਰ ਸਭਿ ਕੋਊ' ॥ ੮੭ ॥

ਜਿਸ ਨੇ ਸ਼ੇਰ ਰੂਪੀ ਮਨ ਨੂੰ ਮਾਰ ਲਿਆ, ਉਸ ਨੂੰ ਚਾਰੇ ਪਾਸੇ ਨਾਮ ਹੀ ਨਾਮ ਦਿੱਸਦਾ ਹੈ। ਉਹ ਫਿਰ ਸ਼ਸਤਰਧਾਰੀ ਕਹਾਉਂਦਾ ਹੈ। ਨਾਮ ਤੋਂ ਬਗੈਰ ਉਸ ਨੂੰ ਹੋਰ ਸਭ ਕੁਝ ਕੂੜ ਲੱਗਦਾ ਹੈ''॥ ੮੭ ॥

ਇਸ ਪ੍ਰਕਾਰ ਸੁਨਿ ਕਰਿ ਬਚ ਰਾਸੀ। ਬੋਲੇ ਬਹੁਰ ਕੁਸ਼ਲ ਜੇ ਕਾਂਸ਼ੀ।
'ਇਹ ਸ਼ਿਵਪੁਰਿ ਮਹਿਂ ਜੋ ਮ੍ਰਿਤੁ ਪਾਵਤਿ। ਮੁਕਤ ਹੋਤਿ ਸਭਿ ਦੋਖ ਮਿਟਾਵਤਿ ॥੮੮ ॥

ਇਸ ਪ੍ਰਕਾਰ ਸਾਰੇ ਬਚਨ ਸੁਣ ਕੇ, ਕਾਂਸ਼ੀ ਦੇ ਚਤਰ ਪੰਡਿਤ ਫਿਰ ਬੋਲੇ, ''ਇਸ ਸ਼ਿਵਪੁਰੀ ਵਿਚ ਜਿਹੜਾ ਵੀ ਮਰਦਾ ਹੈ, ਸਭ ਦੋਖ ਮਿਟਾ ਕੇ ਮੁਕਤ ਹੋ ਜਾਂਦਾ ਹੈ॥ ੮੮ ॥

ਸ਼ਾਸਤ੍ਰ ਬਿਖੈ ਮਹਾਤਮ ਕਹਾ। ਮ੍ਰਿਤੁ ਹੋਇ, ਜਾਵੈ ਸ਼ਿਵ ਜਹਾਂ।
ਯਾਤੇ ਮਹਿਮਾ ਇਹ ਥਲ ਕੇਰੀ। ਸਭਿਹਿਨਿ ਤੇ ਊਤਮ ਹਮ ਹੇਰੀ ॥ ੮੯ ॥

ਸ਼ਾਸਤਰਾਂ ਵਿਚ ਇਹ ਮਹਾਤਮ ਕਿਹਾ ਗਿਆ ਹੈ, ਜੇ ਮ੍ਰਿਤੂ ਹੋਵੇ ਤਾਂ ਸ਼ਿਵਪੁਰੀ ਚਲਾ ਜਾਵੇ। ਇਸ ਕਰਕੇ ਇਸ ਧਰਤੀ ਦੀ ਮਹਿਮਾ ਹੈ। ਸਭ ਤੋਂ ਉੱਤਮ ਧਰਤੀ ਅਸੀਂ ਇਹ ਜਾਣੀ ਤੇ ਵੇਖੀ ਹੈ''॥ ੮੯ ॥

ਦੋਹਰਾ- ਜਗਗੁਰ ਬੋਲੇ ਬਚਨਪੁਨ 'ਮ੍ਰਿੱਤੁ ਸਮਾਂ ਜਬ ਆਇ।
ਰਾਮ ਨਾਮ ਉਪਦੇਸ਼ ਸ੍ਰੁਤਿ ਦੇਤਿ ਪਿਨਾਕੀ ਗਾਇ॥ ੯੦ ॥

ਜਗਤ ਗੁਰੂ ਨੇ ਫਿਰ ਬਚਨ ਬੋਲੇ, ''ਮ੍ਰਿਤੂ ਸਮਾਂ ਜਦ ਆਵੇ, ਰਾਮ ਨਾਮ ਉਪਦੇਸ਼ ਕੰਨਾਂ ਵਿਚ ਦੇਵੇ ਤੇ ਸ਼ਿਵ ਪਿਨਾਕੀ ਗਾਵੇ॥ ੯੦ ॥

ਚੌਪਈ- ਯਾਂਤੇ ਮੋਖ ਹੋਤਿ ਇਹ ਥਾਈਂ। ਲਖਹੁ ਨਾਮ ਮਹਿਮਾ ਅਧਿਕਾਈ।
ਕਿਤੈ ਦੇਸ਼ ਹੋਵੈ ਥਲ ਕੋਈ। ਨਾਮ ਰਿਦੈ ਗਤਿ ਪ੍ਰਾਪਤਿ ਹੋਈ॥ ੯੧ ॥

ਤਦ ਇਸ ਥਾਂ ਤੇ ਮੁਕਤੀ ਹੋਵੇਗੀ, ਨਾਮ ਦੀ ਮਹਿਮਾ ਅਧਿਕ ਸਮਝੋ। ਕੋਈ ਦੇਸ਼, ਕੋਈ ਥਲ ਹੋਵੇ, ਹਿਰਦੇ ਵਿਚ ਨਾਮ ਵਸਾਉਣ ਨਾਲ ਹੀ ਗਤੀ ਪ੍ਰਾਪਤ ਹੁੰਦੀ ਹੈ॥ ੯੧ ॥

ਜਿਉਂ ਕਬੀਰ ਕਾਸ਼ੀ ਥਲ ਤਜਾਗਾ। ਮਗ ਮੈਂ ਬਸਾ ਨਾਮ ਅਨੁਰਾਗਾ।
ਸਤਿ ਸੰਗਤਿ ਹ੍ਵੈ ਰਹੀ ਤਹਾਂ ਹੀ। ਭਏ ਮੋਖ ਤਜਿ ਦੇਹਿ ਉਹਾਂ ਹੀ ॥੯੨ ॥

ਜਿਵੇਂ ਕਬੀਰ ਨੇ ਕਾਂਸ਼ੀ ਦੀ ਧਰਤੀ ਨੂੰ ਛੱਡ ਦਿੱਤਾ। ਮਗਹਰ ਜਾ ਵੱਸਿਆ ਤੇ ਨਾਮ ਨਾਲ ਪ੍ਰੇਮ ਪਾ ਲਿਆ। ਸਤਿਸੰਗਤ ਓਥੇ ਹੀ ਕੀਤੀ। ਓਥੇ ਹੀ ਦੇਹ ਛੱਡ ਕੇ ਮੁਕਤੀ ਪ੍ਰਾਪਤ ਕੀਤੀ॥ ੯੨ ॥

ਜਾਨਹੁ ਏਕ ਮੋਖ ਕੋ ਦਾਤਾ। ਸੱਤਿਨਾਮ ਸਭਿ ਜਗ ਬੱਖਜਾਤਾ।
ਔਰ ਕਿਸੂ ਤੇ ਮੋਖ ਨ ਹੋਈ। ਕੋਟ ਉਪਾਉ ਕਰੇ ਜੇ ਕੋਈ' ॥ ੯੩ ॥

ਇਹ ਜਾਣੋ ਕਿ ਮੁਕਤੀ ਦਾਤਾ ਕੇਵਲ ਇਕ ਹੀ ਹੈ, ਸਤਿਨਾਮ ਸਾਰੇ ਜਗਤ ਵਿਚ ਵਿਆਪਕ ਹੈ। ਹੋਰ ਕਿਸੇ ਪਾਸੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਭਾਵੇਂ ਕੋਈ ਕਰੋੜਾਂ ਉਪਾਅ ਕਰੇ''॥ ੯੩ ॥

ਦੋਹਰਾ-ਸੁਨਿ ਕਰਿ ਪੰਡਿਤ ਕਹਤਿ ਭੇ 'ਹੈਂ ਅਨੇਕ ਹਰਿਨਾਮ।
ਕੋਨ ਨਾਮ ਹੈ ਮੁਕਤਿ ਦਾ? ਸੋ ਕਹਿਯੇ ਅਭਿਰਾਮ' ॥ ੯੪ ॥

ਇਹ ਸੁਣ ਕੇ ਪੰਡਿਤ ਕਹਿਣ ਲੱਗੇ, "ਹਰੀ ਦੇ ਅਨੇਕ ਨਾਂ ਹਨ, ਮੁਕਤੀ ਦਾ ਕਿਹੜਾ ਨਾਂ ਹੈ, ਉਹ ਸੁੰਦਰ ਨਾਂ ਸਾਨੂੰ ਦੱਸੋ।"

ਚੌਪਈ- ਸ੍ਰੀ ਨਾਨਕ ਪੁਨ ਬੈਨ ਉਚਾਰੇ। 'ਜੋ ਨੌਕਾ ਸਭਿ ਪਾਰ ਉਤਾਰੇ।
ਪੁਨ ਜਿਸ ਨੌਕਾ ਪਰ ਚਢਿ ਕੋਊ। ਤਿਹ ਕੋ ਪਾਰ ਉਤਾਰੈ ਸੋਊ ॥ ੯੫ ॥

ਸ੍ਰੀ ਨਾਨਕ ਨੇ ਫਿਰ ਬਚਨ ਕਹੇ, "ਜਿਹੜੀ ਬੇੜੀ ਸਭ ਦਾ ਪਾਰਉਤਾਰਾ ਕਰਦੀ ਹੈ, ਫਿਰ ਜਿਸ ਬੇੜੀ ਤੇ ਜਿਹੜਾ ਕੋਈ ਚੜ੍ਹਦਾ ਹੈ ਉਸ ਨੂੰ ਉਹ ਹੀ ਬੇੜੀ ਪਾਰ ਉਤਾਰਦੀ ਹੈ॥ ੯੫ ॥

ਤਿਸਹੀ ਸੰਗ ਤਾਂਹਿ ਕੋ ਕਾਮੂ। ਉਤਰੈ ਪਾਰ ਪਾਇ ਸੁਖਧਾਮੂ।
ਤੈਸੇ ਗੁਰ ਜੋ ਨਾਮ ਬਤਾਇ। ਸੋ ਤਿਹ ਕੋ ਹੋਵਤਿ ਗਤਿਦਾਇ ॥ ੯੬ ॥

ਉਸ ਦੇ ਸੰਗ, ਉਸ ਨੂੰ ਹੀ ਕੰਮ ਹੈ, ਪਾਰਉਤਾਰਾ ਕਰ ਕੇ ਆਪ ਸੁਖੀ ਘਰ ਵਿਚ ਪਹੁੰਚ ਜਾਂਦਾ ਹੈ। ਉਸ ਤਰ੍ਹਾਂ ਗੁਰੂ ਜਿਹੜਾ ਨਾਂ ਦੱਸਦਾ ਹੈ, ਉਹ ਉਸ ਲਈ ਮੁਕਤੀਦਾਤਾ ਹੁੰਦਾ ਹੈ॥ ੯੬ ॥

ਗੁਰ ਉਪਦੇਸ਼ ਰਿਦੈ ਜਿਨ ਧਾਰਾ। ਸੋ ਭਵ ਸਾਗਰ ਉਤਰਾ ਪਾਰਾ'।
ਇਸ ਪ੍ਰਕਾਰ ਸੁਨਿ ਕੈ ਸ਼ੁਭ ਬਚਨ। ਪੰਡਿਤ ਬਿਨੈ ਭਨੈ ਸੁਠ ਰਚਨਾ ॥ ੯੭ ॥

ਗੁਰੂ ਦਾ ਉਪਦੇਸ਼ ਜਿਸ ਹਿਰਦੇ ਵਿਚ ਧਾਰਨ ਕੀਤਾ ਹੈ, ਉਹ ਭਵਸਾਗਰ ਪਾਰ ਕਰ ਜਾਂਦਾ ਹੈ।" ਇਸ ਪ੍ਰਕਾਰ ਸ਼ੁਭ ਬਚਨ ਸੁਣ ਕੇ, ਪੰਡਿਤਾਂ ਨੇ ਸੁੰਦਰ ਢੰਗ ਨਾਲ ਬੇਨਤੀ ਕੀਤੀ॥ ੯੭ ॥

'ਦੀਨ ਜਾਨਿ ਗਤਿ ਕੀਜੈ ਹਮਰੀ। ਚਰਨ ਸ਼ਰਨ ਗਹਿ ਲੀਨੀ ਤੁਮਰੀ ॥
ਰਾਵਰਿ ਸਰਸ ਅਪਰ ਨਹਿਂ ਕੋਈ। ਸਫਲ ਦਰਸ ਨਿਜ ਕਰਿ ਦੁਖ ਖੋਈ' ॥ ੯੮ ॥

"ਦੀਨ ਜਾਣ ਕੇ ਸਾਨੂੰ ਗਤੀ ਬਖਸ਼ੋ, ਅਸੀਂ ਤੁਹਾਡੇ ਚਰਨਾਂ ਦੀ ਸ਼ਰਨ ਫੜੀ ਹੈ। ਤੁਹਾਡੇ ਵਰਗਾ ਹੋਰ ਕੋਈ ਦਿਆਲੂ ਨਹੀਂ ਹੈ, ਤੁਹਾਡੇ ਸਫਲ ਦਰਸ਼ਨ ਕਰਕੇ ਆਪਣੇ ਦੁੱਖਾਂ ਦਾ ਨਾਸ਼ ਕਰ ਲਿਆ ਹੈ" ॥ ੯੮ ॥

ਸੁਨੀ ਬਿਨੈ ਜਬ ਕਰੁਨਾ ਐਨਾ। ਕੈਵਲਦਾ ਉਚਰੇ ਸ਼ੁਭ ਬੈਨਾ।
'ਸੱਤਿਨਾਮ ਕੋ ਕੀਜੈ ਜਾਪੂ। ਤੁਮਰੇ ਨਾਸਹਿਂ ਤੀਨੋ ਤਾਪੂ' ॥ ੯੯ ॥

ਜਦ ਕਿਰਪਾ ਦੇ ਘਰ ਨੇ ਉਨ੍ਹਾਂ ਦੀ ਬੇਨਤੀ ਸੁਣੀ ਤਾਂ ਉਨ੍ਹਾਂ ਨੇ ਸ਼ੁਭ ਬਚਨਾਂ ਦਾ ਉਚਾਰਨ ਕੀਤਾ ਅਤੇ ਕਿਹਾ, "ਸਤਿਨਾਮ ਦਾ ਜਾਪ ਕਰੋ, ਜਿਸ ਨਾਲ ਤੁਹਾਡੇ ਤਿੰਨੇ ਤਾਪ ਦੂਰ ਹੋ ਜਾਣਗੇ" ॥ ੯੯ ॥

ਨਾਉਂ ਧਰੀਕ ਭਏ ਸਿਖ ਸੋਇ। ਗੁਰ ਗੁਰ ਜਾਪ ਜਪਹਿਂ ਭ੍ਰਮ ਖੋਇ।
ਕਿਤਿਕ ਦਿਵਸ ਗੁਰ ਡੇਰਾ ਕਰਿਕੈ। ਪੁਨ ਗਮਨੇ ਉਪਕਾਰ ਬਿਚਰਿਕੈ ॥੧੦੦ ॥

ਨਾਮ ਨੂੰ ਧਾਰਨ ਕਰਨ ਵਾਲੇ ਸਾਰੇ ਸਿੱਖ ਹੋਏ, ਗੁਰੂ ਗੁਰੂ ਜਾਪ ਜਪ ਕੇ ਸਭ ਭਰਮ ਗਵਾਉਂਦੇ ਸਨ। ਗੁਰੂ ਜੀ ਕਈ ਦਿਨ ਓਥੇ ਡੇਰਾ ਕਰਕੇ, ਪਰਉਪਕਾਰ ਕਰਨ ਹਿਤ ਵਿਚਰਨ ਲਈ ਅੱਗੇ ਚਲ ਪਏ॥ ੧੦੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਤੀਰਥ ਬਿਚਰਨ' ਪ੍ਰਸੰਗ ਬਰਨਨੰ ਨਾਮ ਨਵਮੋ ਅਧਯਾਯ॥ ੯ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਨੌਵਾਂ ਅਧਿਆਇ, ਜਿਸ ਦਾ ਨਾਮ "ਬ੍ਰਿਜ, ਅਯੁੱਧਿਆ ਤੇ ਕਾਂਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼' ਹੈ, ਸਮਾਪਤ ਹੋਇਆ॥ ੯ ॥

# ਅਧਿਆਇ ਦਸਵਾਂ

## ਜਗਨ ਨਾਥ, ਕਲਜੁਗ ਪ੍ਰਸੰਗ

ਭੁਜੰਗ ਛੰਦ- ਨਮੋ ਚੰਡਿਕਾ ਕਾਲਕਾ ਬਾਕਬਾਨੀ। ਬਿਘੰਨਾ ਹਰੰਤੀ ਸਦਾ ਬੁੱਧਿ ਦਾਨੀ।
ਕਰੋ ਦਾਤ ਮਾਤਾ ਮੁਝੈ ਦਾਸ ਜਾਨੌਂ। ਸੁਛੰਦੈਂ ਗੁਰੂ ਕੀ ਕਥਾਹੈਂ ਬਖਾਨੌਂ ॥੧॥

ਹੇ ਚੰਡੀ ! ਕਾਲਕਾ ! ਸਰਸਵਤੀ, ਵਿਘਨਾਂ ਨੂੰ ਦੂਰ ਕਰਨ ਵਾਲੀ ! ਸਦਾ ਬੁੱਧੀ ਦੇਣ ਵਾਲੀ ! ਹੇ ਮਾਤਾ ! ਤੈਨੂੰ ਮੇਰੀ ਨਮਸ਼ਕਾਰ ਹੈ। ਮੈਨੂੰ ਦਾਸ ਜਾਣ ਕੇ ਇਹ ਦਾਤ ਬਖਸ਼ੋ ਕਿ ਸੋਹਣੇ ਛੰਦਾਂ ਵਿਚ ਗੁਰੂ ਜੀ ਦੀ ਕਥਾ ਵਰਨਣ ਕਰਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸੁਨਿ ਸ੍ਰੀ ਅੰਗਦ ਕਥਾ ਰਸਾਲਾ। ਆਗੈ ਗਮਨੇ ਬਹੁਰ ਕ੍ਰਿਪਾਲਾ।
ਜਗੰਨਾਥ ਕੋ ਜਹਿਂ ਅਸਥਾਨਾ। ਤਹਾਂ ਜਾਇ ਪਹੁੰਚੇ ਗਤਿਦਾਨਾ ॥੨॥

ਭਾਈ ਬਾਲੇ ਨੇ ਕਿਹਾ- ਹੇ ਗੁਰੂ ਅੰਗਦ ਦੇਵ ਜੀ ! ਰਸੀਲੀ ਕਥਾ ਸੁਣੋ, ਜਿਥੇ ਜਗਨ ਨਾਥ ਦਾ ਅਸਥਾਨ ਹੈ, ਮੁਕਤੀਦਾਤੇ ਓਥੇ ਜਾ ਪਹੁੰਚੇ॥ ੨॥

ਹਰਿਮੰਦਰ ਕੇ ਦਰ ਪਰ ਜਾਈ। ਬੈਠੇ ਕਿਤਿਕ ਕਾਲ ਤਿਹ ਥਾਈਂ।
ਸੰਧਯਾ ਕਾਲ ਪਹੂੰਚਯੋ ਜਬਹੀ। ਸਭ ਪੰਡੇ ਮਿਲਿ ਆਏ ਤਬਹੀ ॥੩॥

ਜਗਨ ਨਾਥ ਦੇ ਮੰਦਰ ਦੇ ਦਰਵਾਜ਼ੇ ਤੇ ਜਾ ਕੇ ਕਾਫੀ ਸਮਾਂ ਓਥੇ ਬੈਠੇ ਰਹੇ, ਜਦ ਸ਼ਾਮ ਹੋਈ, ਸਾਰੇ ਪਾਂਡੇ ਤਦ ਮਿਲ ਕੇ ਆ ਗਏ॥ ੩॥

ਕਰਨੇ ਲਗੇ ਆਰਤੀ ਤਹਿਂਵਾ। ਜਗੰਨਾਥ ਕੋ ਮੰਦਰ ਜਹਿਂਵਾ।
ਸ੍ਰੀ ਗੁਰ ਬੈਠੇ ਰਹੇ ਅਡੋਲਾ। ਠਾਂਢੇ ਭਏ ਨ ਕੁਛ ਮੁਖ ਬੋਲਾ ॥੪॥

ਆ ਕੇ ਉਹ ਓਥੇ ਆਰਤੀ ਕਰਨ ਲੱਗੇ ਜਿਥੇ ਜਗਨ ਨਾਥ ਦਾ ਮੰਦਰ ਸੀ। ਗੁਰੂ ਜੀ ਓਥੇ ਅਡੋਲ ਬੈਠੇ ਰਹੇ। ਨਾ ਉੱਠ ਕੇ ਖੜੇ ਹੋਏ ਅਤੇ ਨਾ ਹੀ ਕੁਝ ਮੁੱਖ ਤੋਂ ਬੋਲੇ॥ ੪॥

ਤਿਹ ਛਿਨ ਪੰਡੇ ਰਿਸਿ ਉਰਧਾਰੀ। ਆਨਿ ਸਮੀਪਿ ਗਿਰਾ ਉਚਾਰੀ।
'ਕੋ ਹੈਂ ਤੂੰ? ਕਿਹ ਥਲ ਤੇ ਆਯੋ ?। ਹੈਂ ਅਨਜਾਨ ਭੇਦ ਨਹਿਂ ਪਾਯੋ ॥੫॥

ਉਸ ਵੇਲੇ ਪਾਂਡਿਆਂ ਨੇ ਹਿਰਦੇ ਵਿਚ ਬੜਾ ਗੁੱਸਾ ਧਾਰਨ ਕਰਕੇ ਗੁਰੂ ਜੀ ਦੇ ਨੇੜੇ ਆ ਕੇ ਕਿਹਾ, "ਤੂੰ ਕੌਣ ਹੈਂ, ਕਿਸ ਥਾਂ ਤੋਂ ਆਇਆ ਹੈਂ? ਅਣਜਾਣ ਹੈਂ ਜਗਨਨਾਥ ਮੰਦਰ ਦੀ ਮਹਾਨਤਾ ਦਾ ਭੇਦ ਨਹੀਂ ਪਾਇਆ ਹੈ॥ ੫॥

ਸਭਿਨਿ ਆਰਤੀ ਖਰੇ ਉਤਾਰੀ। ਤੂੰ ਬੈਠਯੋ ਰਹਿਓ ਇਹ ਬਾਰੀ।
ਜਗੰਨਾਥ ਕੋ ਭਾਉ ਨ ਕੀਨੋ। ਉਠਯੋ ਨ ਤਿਹ ਛਿਨ,ਕਜਾ ਤੈਂ ਚੀਨੋ ?' ॥੬॥

ਸਾਰੇ ਖੜੇ ਹੋ ਕੇ ਆਰਤੀ ਉਤਾਰ ਰਹੇ ਹਨ, ਤੂੰ ਇਸ ਵੇਲੇ ਬੈਠਾ ਰਿਹਾ। ਜਗਨ ਨਾਥ ਦਾ ਤੂੰ ਆਦਰ ਨਹੀਂ ਕੀਤਾ, ਤੂੰ ਉਸ ਵੇਲੇ ਉਠਿਆ ਨਹੀਂ, ਤੂੰ ਕੀ ਜਾਣਿਆ ਹੈ ?"॥ ੬॥

ਸੁਨਿ ਕਰਿ ਜਗਗੁਰ ਬਚਨ ਬਖਾਨੇ। 'ਸਦਾ ਆਰਤੀ ਹਮ ਪਹਿਚਾਨੇ।
ਸਰਬ ਸ਼ਿਰੋਮਣਿ ਜਸ ਪ੍ਰਭੁ ਊਚੇ। ਕਰਹਿਂ ਆਰਤੀ ਤਸ ਮਨ ਸੂਚੇ ॥੭॥

ਇਹ ਸੁਣ ਕੇ ਜਗਤ ਗੁਰੂ ਬਚਨ ਕਹੇ, "ਅਸੀਂ ਸਦਾ ਆਰਤੀ ਪਹਿਚਾਣਦੇ ਹਾਂ। ਸਰਬ ਸ਼ਿਰੋਮਣੀ ਪ੍ਰਭੂ ਦਾ ਉੱਚਾ ਜੱਸ ਹੈ, ਉਸ ਦੀ ਆਰਤੀ ਅਸੀਂ ਸੁੱਚੇ ਮਨ ਨਾਲ ਕਰਦੇ ਹਾਂ॥ ੭॥

ਅਲਪ ਆਰਤੀ ਕਜਾ ਤੁਮ ਕਰਿਹੋ। ਤੁੱਛ ਸੌਜ ਜਾ ਮਹਿਂ ਸ਼ੁਭ ਧਰਿਹੋ।
ਮਨ ਨਿਰਮਲ ਕਰਿ ਨਹੀਂ ਟਿਕਾਵਹੁ। ਤੌ ਅਭਿਮਤਿ ਕਜਾ ਫਲ ਤੁਮ ਪਾਵਹੁ ॥੮॥

ਇਹ ਛੋਟੀ ਜਿਹੀ ਆਰਤੀ ਤੁਸੀਂ ਕੀ ਕਰ ਰਹੇ ਹੋ? ਤੁੱਛ ਸਮੱਗਰੀ ਜਿਸ ਵਿਚ ਰੱਖੀ ਹੈ। ਜੇ ਮਨ ਨਿਰਮਲ ਕਰਕੇ ਨਹੀਂ ਟਿਕਾਉਂਦੇ ਹੋ, ਤਾਂ ਮਨ ਵਾਂਛਤ ਫਲ ਤੁਸੀਂ ਕਿਸ ਤਰ੍ਹਾਂ ਪਾਵੋਗੇ" ॥ ੮॥

ਪੰਡੇ ਕਹੈਂ 'ਆਰਤੀ ਕੈਸੀ?। ਨਿਤਪ੍ਰਤਿ ਕਰਤਿ ਰਹੋ ਕਹੁ ਤੈਸੀ'।
ਤਿਨ ਤੇ ਸੁਨਿਕੇ ਕ੍ਰਿਪਾ ਨਿਧਾਨਾ। ਸ਼ਬਦ ਆਰਤੀ ਰੀਤਿ ਬਖਾਨਾ॥੯॥

ਪਾਂਡਿਆ ਨੇ ਕਿਹਾ, "ਉਹ ਆਰਤੀ ਕੈਸੀ ਹੈ? ਜਿਹੜੀ ਤੁਸੀਂ ਨਿਤਾਪ੍ਰਤਿ ਕਰਦੇ ਰਹਿੰਦੇ ਹੋ, ਦੱਸੋ ਉਹ ਕਿਸ ਤਰ੍ਹਾਂ ਦੀ ਹੈ। ਉਨ੍ਹਾਂ ਦੀ ਇਹ ਗੱਲ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕਰਕੇ ਆਰਤੀ ਰੀਤੀ ਸਮਝਾਈ॥ ੯॥

*ਧਨਾਸਰੀ ਮਹਲਾ ੧ ਆਰਤੀ*
*੧ੴ ਸਤਿਗੁਰ ਪ੍ਰਸਾਦਿ॥*

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧॥*
*ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥*
*ਅਨਹਤਾ ਸਬਦ ਵਾਜੰਤ ਭੇਰੀ॥ ੧॥ ਰਹਾਉ॥*
*ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥*
*ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ ੨॥*
*ਸਭ ਮਹਿ ਜੋਤਿ ਜੋਤਿ ਹੈ ਸੋਇ। ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥ ੩॥*
*ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥*
*ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥ ੪॥ ੧॥ ੭॥ ੯॥ (ਪੰਨਾ ੬੬੩)*

ਵਾਹਿਗੁਰੂ ਇਕ ਹੈ, ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਆਕਾਸ਼ ਰੂਪੀ ਵੱਡਾ ਥਾਲ ਹੈ, ਜਿਸ ਵਿਚ ਸੂਰਜ ਅਤੇ ਚੰਨ ਦੋ ਵੱਡੇ ਦੀਵੇ ਹਨ ਅਤੇ ਤਾਰਿਆਂ ਦਾ ਸਮੂਹ ਮਾਨੋਂ ਜੜੇ ਹੋਏ ਮੋਤੀ ਹਨ। ਸੰਦਲ ਦੀ ਲੱਕੜ ਦੀ ਖ਼ੁਸ਼ਬੂ ਤੇਰਾ ਧੂਪ ਹੈ, ਹਵਾ ਤੈਨੂੰ ਚੌਰ ਕਰਦੀ ਹੈ ਅਤੇ ਸਾਰੀ ਬਨਸਪਤੀ ਤੇਰੇ ਫੁੱਲ ਹਨ, ਹੇ ਪ੍ਰਕਾਸ਼ਵਾਨ ਪ੍ਰਭੂ ! ਹੇ ਡਰ ਦਾ ਨਾਸ਼ ਕਰਨ ਵਾਲੇ ਪ੍ਰਭੂ ! ਤੇਰੀ ਕੈਸੀ ਸੁੰਦਰ ਆਰਤੀ ਦੀਵਿਆਂ ਨਾਲ ਹੋ ਰਹੀ ਹੈ, ਇਹ ਤੇਰੀ ਸਨਮੁਖ ਆਰਤੀ ਹੈ। ਅਨਹਦ ਸ਼ਬਦ, ਮੰਦਰ ਦੇ ਨਗਾਰਿਆਂ ਦਾ ਵੱਜਦਾ ਹੈ, ਤੇਰੀਆਂ ਹਜ਼ਾਰ ਅੱਖਾਂ ਹਨ, ਤਦ ਵੀ ਤੇਰੀ ਇਕ ਅੱਖ ਵੀ ਨਹੀਂ, ਹਜ਼ਾਰਾਂ ਤੇਰੇ ਸਰੂਪ ਹਨ ਤਦ ਵੀ ਤੇਰਾ ਇਕ ਵੀ ਸਰੂਪ ਨਹੀਂ। ਹਜ਼ਾਰਾਂ ਤੇਰੇ ਪਵਿਤ੍ਰ ਪੈਰ ਹਨ, ਤਾਂ ਵੀ ਤੇਰਾ ਇਕ ਵੀ ਪੈਰ ਨਹੀ। ਹਜ਼ਾਰਾਂ ਤੇਰੇ ਨੱਕ ਹਨ, ਤਦ ਵੀ ਤੂੰ ਨੱਕ ਤੋਂ ਬਗੈਰ ਹੈਂ, ਤੇਰੇ ਇਨ੍ਹਾਂ ਕੌਤਕਾਂ ਨੇ ਮੈਨੂੰ ਮੋਹ ਲਿਆ ਹੈ। ਸਾਰਿਆਂ ਅੰਦਰ ਜਿਹੜੀ ਚਾਨਣ ਦੀ ਜੋਤ ਹੈ, ਉਹ ਜੋਤ ਤੂੰ ਹੀ ਹੈਂ। ਉਸ ਦੇ ਚਾਨਣ ਰਾਹੀਂ ਸਾਰੀਆਂ ਆਤਮਾਵਾਂ ਅੰਦਰ ਨੂਰ ਪ੍ਰਕਾਸ਼ ਰਿਹਾ ਹੈ। ਗੁਰੂ ਜੀ ਦੇ ਉਪਦੇਸ਼ ਰਾਹੀਂ ਈਸ਼ਵਰੀ ਨੂਰ ਜ਼ਾਹਰ ਹੋ ਜਾਂਦਾ ਹੈ ਜੋ ਕੁਝ ਉਸ ਨੂੰ ਭਾਉਂਦਾ ਹੈ, ਉਹ ਅਸਲ ਵਿਚ ਉਸ ਦੀ ਪੂਜਾ ਹੈ। ਵਾਹਿਗੁਰੂ ਦੇ ਕਮਲ ਰੂਪ ਪੈਰਾਂ ਦੇ ਸ਼ਹਿਦ ਉਤੇ ਮੇਰੀ ਆਤਮਾ ਲੋਭਿਤ ਹੋਈ ਹੈ ਅਤੇ ਰਾਤ ਦਿਨ ਮੈਂ ਉਸ ਲਈ ਪਿਆਸਾ ਹਾਂ। ਪਪੀਹੇ ਨਾਨਕ ਨੂੰ ਆਪਣੀ ਕਿਰਪਾ ਦਾ ਪਾਣੀ ਦੇਵੇ, ਤਾਂ ਜੋ ਉਸ ਦਾ ਨਿਵਾਸ ਤੇਰੇ ਨਾਮ ਵਿਚ ਹੋ ਜਾਵੇ॥ ੪॥ ੧॥

ਦੋਹਰਾ- 'ਇਸ ਪ੍ਰਕਾਰ ਕੀ ਆਰਤੀ ਨਿਤ ਉਤਾਰਿ ਕਰਤਾਰ।
ਮਨ ਕੋ ਰੋਕਿ ਜੁ ਕਰਤਿ ਇਉਂ ਫਿਰ ਨ ਪਾਇ ਸੰਸਾਰ'॥ ੧੦॥

ਕਰਤਾਰ ਦੀ ਸਦਾ ਹੀ ਇਸ ਪ੍ਰਕਾਰ ਦੀ ਆਰਤੀ ਉਤਾਰੋ। ਆਪਣੇ ਮਨ ਨੂੰ ਕਾਬੂ ਕਰਕੇ ਜੋ ਇਸ ਤਰ੍ਹਾਂ ਕਰਦਾ ਹੈ, ਉਹ ਫਿਰ ਦੁਬਾਰਾ ਇਸ ਸੰਸਾਰ ਵਿਚ ਨਹੀਂ ਆਉਂਦਾ॥ ੧੦॥

ਚੌਪਈ- ਸੁਨਿ ਕਰਿ ਪੰਡੇ ਬੰਦਨ ਕਰਿਹੀਂ। 'ਮਹਾਂ ਪੁਰਖ ਇਹ' ਬਚਨ ਉਚਰਿਹੀਂ।
ਅਹੈ ਸੱਤਿ ਸਭਿ ਇਨ ਕੋ ਕਹਿਨੋ। ਮਨ ਇਸਥਿਰ ਇਕ ਛਿਨ ਨਹਿਂ ਰਹਿਨੋ ॥੧੧॥

ਇਹ ਸੁਣ ਕੇ ਪਾਂਡੇ ਹੱਥ ਜੋੜ ਕੇ ਖਲੋ ਗਏ ਅਤੇ ਕਿਹਾ, "ਇਹ ਮਹਾਂਪੁਰਖ ਹੈ, ਇਨ੍ਹਾਂ ਦਾ ਕਹਿਣਾ ਸਭ ਸੱਤ ਹੈ, ਸਾਡਾ ਮਨ ਇਕ ਪਲ ਵੀ ਸਥਿਰ ਨਹੀਂ ਰਹਿੰਦਾ"॥ ੧੧॥

ਦੋਇ ਦਿਵਸ ਤਹਿਂ ਰਾਖਜੋ ਡੇਰਾ। ਬਹੁਰੋ ਗਵਨੇ ਹੋਤਿ ਸਵੇਰਾ।
ਕਿਤਿਕ ਦੂਰ ਗੇ ਸਾਗਰ ਤੀਰਾ। ਅਤਿ ਤਰੰਗ ਕੋ ਉਛਰਤਿ ਨੀਰਾ ॥੧੨॥

ਦੋ ਦਿਨ ਓਥੇ ਡੇਰਾ ਰਖਿਆ, ਫਿਰ ਅਗਲੀ ਸਵੇਰ ਨੂੰ ਅੱਗੇ ਚਲ ਪਏ। ਕਾਫੀ ਦੂਰ ਚਲ ਕੇ ਸਾਗਰ ਦੇ ਕੰਢੇ ਚਲੇ ਗਏ, ਸਾਗਰ ਦੇ ਜਲ ਦੀਆਂ ਲਹਿਰਾਂ ਬਹੁਤ ਉੱਚੀਆਂ ਉੱਛਲ ਰਹੀਆਂ ਸਨ॥ ੧੨॥

ਪੁਨ ਤਟ ਬੈਠੇ ਕ੍ਰਿਪਾ ਨਿਧਾਨਾ। ਗਾਵਨ ਲਗਾ ਸ਼ਬਦ ਮਰਦਾਨਾ।
ਊਚੀ ਸੁਰ ਸੋਂ ਉਰ ਹਰਖਾਯੋ। ਅਧਿਕ ਮਨੋਜ ਰਬਾਬ ਵਜਾਯੋ॥ ੧੩॥

ਫਿਰ ਕਿਰਪਾ ਨਿਧਾਨ ਗੁਰੂ ਜੀ ਸਾਗਰ ਦੇ ਕੰਢੇ 'ਤੇ ਬੈਠ ਗਏ। ਮਰਦਾਨਾ ਸ਼ਬਦ ਗਾਉਣ ਲੱਗਾ। ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ, ਉਸ ਬੜੀ ਉੱਚੀ ਸੁਰ ਵਿਚ ਸ਼ਬਦ ਦਾ ਗਾਇਨ ਕੀਤਾ। ਬਹੁਤ ਸੁੰਦਰ ਰਬਾਬ ਵਜਾਇਆ॥ ੧੩॥

ਦੋਹਰਾ- ਇਕ ਮਿਰਤਕ ਮਾਨਵ ਪਰਾ ਬ੍ਰਿਕ ਖਾਨ ਤਿਹ ਆਇ।
ਅਧਿਕ ਛੁਧਾ ਜਿਹ ਕਉ ਲਗੀ ਚੂਮਜੋ ਮਸਤਕ ਜਾਇ॥ ੧੪॥

ਮਨੁੱਖ ਦੀ ਇਕ ਮ੍ਰਿਤਕ ਦੇਹ ਪਈ ਸੀ, ਜਿਸ ਨੂੰ ਬਘਿਆੜ ਖਾਣ ਓਥੇ ਆਇਆ ਸੀ। ਉਸ ਨੂੰ ਬਹੁਤ ਭੁੱਖ ਲੱਗੀ ਸੀ, ਉਸ ਨੇ ਮੱਥਾ ਜਾ ਕੇ ਚੁੰਮਿਆ॥ ੧੪॥

ਚੌਪਈ- ਨਹਿਂ ਖਾਯੋ ਹਟਿ ਕਰਿ ਸੋ ਗਯੋ। ਦੂਰ ਜਾਇ ਪੁਨ ਆਵਤਿ ਭਯੋ।
ਪਗ ਕਰ ਉਰ ਸੁੰਘਾ ਤਿਹ ਸਾਰਾ। ਬਿਨ ਖਾਏ ਗਾ ਬਨਹਿਂ ਮਝਾਰਾ ॥੧੫॥

ਉਸ ਨੇ ਖਾਧਾ ਨਾ ਤੇ ਪਿਛੇ ਹੱਟ ਕੇ ਖਲੋ ਗਿਆ। ਦੂਰ ਜਾ ਕੇ ਫਿਰ ਵਾਪਸ ਆਇਆ। ਫਿਰ ਉਸ ਨੇ ਪੈਰ, ਹੱਥ ਅਤੇ ਛਾਤੀ ਨੂੰ ਸੁੰਘਿਆ। ਖਾਣ ਤੋਂ ਬਗੈਰ ਵਣ ਵਿਚ ਚਲਾ ਗਿਆ॥ ੧੫॥

ਸ਼੍ਰੀ ਪ੍ਰਭੁ ਸੋਂ ਬੂਝਤਿ ਮਰਦਾਨਾ। 'ਮਿਰਤਕ ਕੋ ਬ੍ਰਿਕ ਕੀਨ ਨ ਖਾਨਾ।
ਸੂੰਘ ਹਟਜੋ ਕਿਉਂ ? ਕਹਿਯੇ ਸ੍ਵਾਮੀ !। ਘਟ ਘਟ ਕੇ ਤੁਮ ਅੰਤਰਜਾਮੀ' ॥੧੬॥

ਮਰਦਾਨਾ ਗੁਰੂ ਜੀ ਨੂੰ ਪੁੱਛਣ ਲੱਗਾ, "ਬਘਿਆੜ ਨੇ ਮੁਰਦੇ ਨੂੰ ਖਾਧਾ ਨਹੀ, ਸੁੰਘ ਕੇ ਕਿਉਂ ਹਟ ਗਿਆ ਹੈ। ਹੇ ਸਵਾਮੀ ਜੀ ਸਾਨੂੰ ਦੱਸੋ, ਤੁਸੀਂ ਤਾਂ ਅੰਤਰਜਾਮੀ ਘਟ ਘਟ ਦੀ ਜਾਣਦੇ ਹੋ"॥ ੧੬॥

'ਸੁਨਿ ਮਰਦਾਨੇ! ਸ਼ਬਦ ਜੁ ਗਾਯੋ। ਯਾਂਤੇ ਰਿਦਾ ਸੁੱਧ ਹ੍ਵੈ ਆਯੋ।
ਪਾਪ ਪੁੰਨ ਕੋ ਭਯੋ ਬਿਚਾਰਾ। ਭੱਖ ਅਭੱਖਹਿ ਲਖਜੋ ਅਹਾਰਾ॥ ੧੭॥

ਗੁਰੂ ਜੀ ਨੇ ਕਿਹਾ, ''ਹੇ ਮਰਦਾਨੇ! ਸੁਣੋ, ਜਿਹੜਾ ਤੂੰ ਸ਼ਬਦ ਦਾ ਗਾਇਨ ਕੀਤਾ ਸੀ, ਉਸ ਦੇ ਸੁਣਨ ਨਾਲ ਬਘਿਆੜ ਦਾ ਹਿਰਦਾ ਸ਼ੁੱਧ ਹੋ ਗਿਆ ਹੈ। ਪਾਪ ਪੁੰਨ ਦੀ ਉਸ ਨੂੰ ਸੋਝੀ ਹੋ ਗਈ ਹੈ ਕਿ ਕਿਹੜਾ ਭੋਜਨ ਛੱਕਣ ਵਾਲਾ ਹੈ ਅਤੇ ਕਿਹੜਾ ਨਾ ਛਕਣ ਵਾਲਾ ਹੈ॥ ੧੭॥

ਦੋਹਰਾ- ਮਿਰਤਕ ਬੇਮੁਖ ਨਾਮ ਤੇ ਨਹਿਂ ਕੀਨੋ ਸਤਿਸੰਗ।
ਆਂਖ ਨ ਦਰਸਜੋ ਸੰਤ ਕਬ, ਰਿਦੈ ਨ ਹਰਿ ਕੋ ਰੰਗ॥ ੧੮॥

ਮੁਰਦਾ ਮਨੁੱਖ ਨਾਮ ਤੋਂ ਬੇਮੁਖ ਸੀ ਅਤੇ ਉਸ ਨੇ ਕਦੀ ਵੀ ਸਤਿਸੰਗ ਨਹੀਂ ਕੀਤਾ ਸੀ। ਆਪਣੀਆਂ ਅੱਖਾਂ ਨਾਲ ਕਿਸੇ ਸੰਤ ਦੇ ਦਰਸ਼ਨ ਨਹੀਂ ਕੀਤੇ ਸਨ ਅਤੇ ਨਾ ਹੀ ਹਿਰਦੇ ਵਿਚ ਹਰੀ ਦੇ ਰੰਗ ਨੂੰ ਪਛਾਣਿਆ ਸੀ॥ ੧੮॥

ਚੌਪਈ- ਹਸਤਨ ਸੋਂ ਕਬ ਟਹਿਲ ਨ ਕੀਨੀ। ਹਰਿ ਜਸੁ ਧੁਨਿ ਸ੍ਰਵਨਨ ਨਹਿਂ ਦੀਨੀ।
ਜਾਨੇ ਸਭੈ ਅੰਗ ਅਪਵਿੱਤ। ਇਸ ਖਾਵਨ ਤੇ ਹੋਇ ਅਧੋਗਤਿ॥੧੯॥

ਆਪਣੇ ਹੱਥਾਂ ਨਾਲ ਕਿਸੇ ਦੀ ਟਹਿਲ ਸੇਵਾ ਨਹੀਂ ਕੀਤੀ ਸੀ, ਹਰੀ ਦੇ ਜੱਸ ਦੀ ਧੁਨੀ ਕਦੀ ਆਪਣੇ ਕੰਨਾਂ ਨਾਲ ਨਹੀ ਸੀ ਸੁਣੀ। ਬਘਿਆੜ ਨੇ ਉਸ ਦੇ ਸਾਰੇ ਅੰਗਾਂ ਨੂੰ ਅਪਵਿੱਤਰ ਸਮਝਿਆ, ਇਸ ਕਰਕੇ ਖਾਣ ਤੋਂ ਹੱਟ ਗਿਆ॥ ੧੯॥

ਯਾਂਤੇ ਤਜਜੋ, ਸੁਨੋ ਮਰਦਾਨਾ!। ਬਿਨਾ ਨਾਮ ਕਬ ਨਹਿਂ ਕੱਲਜਾਨਾ।
ਨਿਹਫਲ ਨਰ ਸ਼ਰੀਰ ਹੈ ਸੋਈ। ਜਿਨ ਕਬਹੂੰ ਸਤਿਸੰਗ ਨ ਜੋਈ॥੨੦॥

ਹੇ ਮਰਦਾਨੇ! ਸੁਣੋ ਇਸ ਕਰਕੇ ਉਸ ਨੇ ਮੁਰਦੇ ਨੂੰ ਨਹੀਂ ਖਾਧਾ। ਨਾਮ ਤੋਂ ਬਗੈਰ ਮਨੁੱਖ ਦਾ ਕਲਿਆਣ ਨਹੀਂ ਹੋ ਸਕਦਾ। ਉਸ ਸਰੀਰ ਨੂੰ ਬੇਕਾਰ ਜਾਣੋ, ਜਿਹੜਾ ਕਦੀ ਵੀ ਸਤਿਸੰਗ ਵਿਚ ਨਹੀਂ ਗਿਆ॥ ੨੦॥

ਨਾਮ ਜਪਨ ਨਰ ਜਗ ਮੈਂ ਆਇਓ। ਭੂਲਜੋ ਤਾਂਹਿ ਬਿਸ਼ੈ ਲਪਟਾਇਓ।
ਸੁਨਿਕੈ ਨਮੋ ਕੀਨਿ ਮਰਦਾਨੇ। 'ਧੰਨ ਪ੍ਰਭੂ! ਸਚ ਕਰਤਿ ਬਖਾਨੇ'॥੨੧॥

ਮਨੁੱਖ ਨਾਮ ਜਪਣ ਵਾਸਤੇ ਜੱਗ ਵਿਚ ਆਉਂਦਾ ਹੈ, ਪਰ ਭੁੱਲ ਕੇ ਵਿਸ਼ੇ ਵਿਕਾਰਾਂ ਵਿਚ ਲਪਟ ਜਾਂਦਾ ਹੈ''। ਇਹ ਸੁਣਕੇ ਮਰਦਾਨੇ ਨੇ ਨਮਸ਼ਕਾਰ ਕੀਤੀ ਅਤੇ ਕਿਹਾ, 'ਹੇ ਪ੍ਰਭੂ! ਤੁਸੀਂ ਧੰਨ ਹੋ, ਤੁਸੀਂ ਸੱਚ ਬਿਆਨ ਕੀਤਾ ਹੈ'॥ ੨੧॥

ਅਪਰ ਥਾਨ ਪੁਨ ਕੀਨ ਪਯਾਨਾ। ਆਵਾ ਕਾਨਨ ਅਧਿਕ ਭਯਾਨਾ।
ਤਹਾਂ ਜਾਇ ਬੈਠੇ ਗੁਨਖਾਨੀ। ਜਿਉਂ ਹੋਈ ਤਿਉਂ ਸੁਨੋ ਕਹਾਨੀ॥੨੨॥

ਉਸ ਸਥਾਨ ਤੋਂ ਉੱਠ ਕੇ ਹੋਰ ਜਗ੍ਹਾ ਚਲੇ ਗਏ। ਅੱਗੇ ਜਾ ਕੇ ਇਕ ਵੱਡਾ ਭਿਆਨਕ ਜੰਗਲ ਆਇਆ। ਗੁਰੂ ਜੀ ਓਥੇ ਜਾ ਕੇ ਬੈਠ ਗਏ। ਕਿਵੇਂ ਬੀਤੀ ਉਹ ਕਹਾਣੀ ਸੁਣੋ॥ ੨੨॥

ਤਿਹ ਛਿਨ ਉਠੀ ਬਿਸਾਲ ਅੰਧੇਰੀ। ਭੈ ਦਾਇਕ ਆਰੁਨ ਰੰਗ ਗੇਰੀ।
ਅਧਿਕ ਪ੍ਰਭੰਜਨ ਜੋਰ ਲਗਾਵਾ। ਕੰਕਰ ਧੂਰ ਉਡੀ ਨਭ ਛਾਵਾ॥੨੩॥

ਉਸੇ ਪਲ ਇਕ ਵੱਡੀ ਹਨੇਰੀ ਉੱਠੀ, ਜਿਹੜੀ ਬੜੀ ਭੈਦਾਇਕ ਅਤੇ ਗੇਰੂ ਦੇ ਰੰਗ ਵਾਂਗ ਲਾਲ ਸੀ। ਹਵਾ ਦਾ ਵੱਡਾ ਜ਼ੋਰ ਸੀ, ਕੰਕਰ ਅਤੇ ਧੂੜ ਉੱਡਣ ਕਰਕੇ ਹਨੇਰਾ ਛਾ ਗਿਆ ਸੀ॥ ੨੩॥

ਦੋਹਰਾ- ਬਿਰਖ ਚਲੇ ਜਿਹ ਸੰਗ ਉਡ ਹੋਯੋ ਤਿਮਰ ਗੁਬਾਰ।
ਹਾਥ ਪਸਾਰ ਨ ਸੂਝਈ ਦੁਖ ਬਹੁ ਦੇਵਨਹਾਰ॥ ੨੪॥

ਦਰੱਖਤ ਵੀ ਉਸ ਦੇ ਨਾਲ ਹੀ ਉੱਡ ਕੇ ਜਾ ਰਹੇ ਸਨ, ਅਤੇ ਗ਼ਰਦੋ-ਗੁਬਾਰ ਉਡਣ ਨਾਲ ਹਨੇਰਾ ਹੋ ਗਿਆ ਸੀ। ਹੱਥ ਪਸਾਰਿਆਂ ਵੀ ਦਿਸੱਦਾ ਨਹੀਂ ਸੀ ਅਤੇ ਦੁੱਖ ਬਹੁਤ ਵੱਧ ਗਿਆ ਸੀ॥ ੨੪॥

ਚੌਪਈ- ਜਬ ਮਰਦਾਨੇ ਤਿਹ ਦਿਸ਼ ਦੇਖਾ। ਰਿਦੈ ਮੱਧ ਭੈ ਕੀਨ ਬਿਸ਼ੇਖਾ।
ਆਨਨ ਪਰ ਅੰਬਰ ਕੋ ਪਾਯੋ। ਪੌਢਯੋ ਭੂਮਿ ਬਿਖੈ ਅਕੁਲਾਯੋ ॥ ੨੫ ॥

ਜਦ ਮਰਦਾਨੇ ਨੇ ਉਸ ਤਰਫ ਵੇਖਿਆ ਤਾਂ ਉਹ ਆਪਣੇ ਦਿਲ ਵਿਚ ਬਹੁਤ ਡਰਿਆ। ਆਪਣੇ ਮੂੰਖ ਤੇ ਕਪੜਾ ਲੈ ਲਿਆ ਤੇ ਵਿਆਕੁਲ ਹੋ ਕੇ ਧਰਤੀ ਤੇ ਲੇਟ ਗਿਆ॥ ੨੫॥

ਸ੍ਰੀ ਨਾਨਕ ਸੋਂ ਬਚਨ ਉਚਾਰੇ। 'ਬਡ ਉੱਦਜਾਨ ਆਨਿਕੈ ਮਾਰੇ।
ਗੋਰ ਕਫਨ ਤੇ ਭੀ ਹੌਂ ਰਹਾ। ਇਹਾਂ ਆਨਿ ਬਹੁਤੋ ਦੁਖ ਲਹਾ ॥੨੬॥

ਫਿਰ ਗੁਰੂ ਨਾਨਕ ਜੀ ਨੂੰ ਕਿਹਾ, "ਵੱਡੇ ਜੰਗਲ ਵਿਚ ਲਿਆ ਕੇ ਸਾਨੂੰ ਮਾਰਿਆ ਹੈ, ਕਬਰ ਅਤੇ ਖੱਫਨ ਤੋਂ ਵੀ ਅਸੀਂ ਵਾਂਝੇ ਰਹਿ ਗਏ ਹਾਂ। ਇਥੇ ਆ ਕੇ ਬਹੁਤ ਦੁੱਖ ਪਾਇਆ ਹੈ" ॥ ੨੬॥

ਬਿਗਸਤਿ ਸ੍ਰੀ ਮੁਖ ਧੀਰਜ ਦੀਨਾ। 'ਕਿਉਂ ਮਰਦਾਨੇ ਤੈਂ ਭੈ ਕੀਨਾ ?।
ਨਹੀਂ ਸਮੀਪ ਆਇ ਕਛੁ ਤੇਰੇ। ਕਿਉਂ ਤੂੰ ਭਯੋ ਅਧੀਰ ਘਨੇਰੇ ?' ॥੨੭॥

ਗੁਰੂ ਜੀ ਨੇ ਮੁਸਕਰਾ ਕੇ ਧੀਰਜ ਦਿੱਤਾ, "ਹੇ ਮਰਦਾਨੇ ! ਤੂੰ ਕਿਉ ਭੈ ਕੀਤਾ ਹੈ ? ਤੇਰੇ ਨੇੜੇ ਕੋਈ ਨਹੀਂ ਆਵੇਗਾ। ਤੂੰ ਏਨਾ ਅਧੀਰ ਕਿਉਂ ਹੋ ਗਿਆ ਹੈ ?" ॥ ੨੭॥

'ਸੁਨਹੁ ਪ੍ਰਭੂ! ਮੁਝ ਕੰਪ ਘਨੇਰਾ। ਐਸਾ ਸੀਤ ਨ ਮੈਂ ਕਬ ਹੇਰਾ।
ਜੀਵ ਲੈਨ ਇਹ ਆਇ ਅੰਧੇਰੀ। ਭਈ ਆਰਬਲ ਪੂਰਨ ਮੇਰੀ' ॥੨੮॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਮੈਨੂੰ ਬਹੁਤ ਕਾਂਬਾ ਛਿੜ ਗਿਆ ਹੈ, ਮੈਂ ਅਜਿਹੀ ਸੀਤ ਪਹਿਲਾਂ ਕਦੇ ਨਹੀਂ ਵੇਖੀ। ਜੀਵਨ ਲੈਣ ਵਾਸਤੇ ਇਹ ਹਨੇਰੀ ਆਈ ਹੈ। ਮੇਰੀ ਤਾਂ ਉਮਰ ਹੁਣ ਪੂਰੀ ਹੋ ਗਈ ਲਗਦੀ ਹੈ" ॥ ੨੮॥

ਪੁਨ ਸੋ ਦੈਤ ਦੇਹਿ ਧਰਿ ਆਵਾ। ਸਿਰ ਨਭ ਪਗ ਪਾਤਾਲ ਬਨਾਵਾ।
ਦੀਰਘ ਦਾਂਤ ਭਿਆਨਕ ਰੂਪਾ। ਨਾਸਾਂ ਕਰਨ ਬਨੇ ਤਮਕੂਪਾ ॥ ੨੯॥

ਫਿਰ ਇਕ ਦੈਂਤ ਦੇਹ ਧਾਰ ਕੇ ਆ ਗਿਆ। ਉਸ ਦਾ ਸਿਰ ਆਕਾਸ਼ ਨੂੰ ਲੱਗਾ ਹੋਇਆ ਸੀ ਅਤੇ ਪੈਰ ਪਾਤਾਲ ਨੂੰ ਛੂਹ ਰਹੇ ਸਨ। ਉਸ ਦੇ ਬਹੁਤ ਵੱਡੇ ਵੱਡੇ ਦੰਦ ਸਨ ਅਤੇ ਭਿਆਨਕ ਰੂਪ ਸੀ। ਉਸ ਦੀਆਂ ਨਾਸਾਂ ਅੰਨ੍ਹੇ ਖੂਹ ਵਰਗੀਆਂ ਸਨ॥ ੨੯॥

ਮੁਖ ਉਘਾਰਿ ਮਰਦਾਨੇ ਦੇਖਾ। ਭਯੋ ਰਿਦੇ ਭੈਭੀਤ ਵਿਸ਼ੇਖਾ।
'ਤਿਹ ਅੰਧੇਰੀ ਤੇ ਬਚਿ ਰਹੇ। ਅਬ ਇਹ ਦੈਂਤ ਖਾਵਨੋ ਚਹੇ' ॥ ੩੦॥

ਮੂੰਹ ਖੋਲ੍ਹ ਕੇ ਮਰਦਾਨੇ ਵੇਖਿਆ ਤਾਂ ਹਿਰਦੇ ਵਿਚ ਬਹੁਤ ਭੈ-ਭੀਤ ਹੋਇਆ। ਕਹਿਣ ਲੱਗਾ, "ਉਸ ਹਨੇਰੀ ਤੋਂ ਤਾਂ ਬਚ ਗਏ ਸੀ, ਹੁਣ ਇਹ ਦੈਂਤ ਖਾਣਾ ਚਾਹੇਗਾ॥ ੩੦॥

ਗੁਰੂ ਭਨੈ 'ਇਹ ਹੈ ਕਿਛੁ ਨਾਂਹੀ। ਨਿਕਟ ਨ ਆਵੈ ਜਾਇ ਪਰਾਹੀ।
ਵਾਹਿਗੁਰੂ ਕਹਿ ਧੀਰਜ ਕਰੀਏ। ਕਿਹ ਤੇ ਤਨਕ ਨ ਤ੍ਰਾਸ ਬਿਚਰੀਏ' ॥੩੧॥

ਗੁਰੂ ਜੀ ਨੇ ਕਿਹਾ, "ਇਹ ਕੁਝ ਨਹੀਂ ਹੈ, ਨੇੜੇ ਨਹੀਂ ਆਵੇਗਾ, ਦੂਰ ਹੀ ਰਹੇਗਾ। ਵਾਹਿਗੁਰੂ ਕਹਿ ਕੇ ਧੀਰਜ ਰਖੋ, ਉਸ ਤੋਂ ਰਤਾ ਜਿੰਨਾ ਵੀ ਡਰ ਨਾ ਵਿਚਾਰੋ" ॥ ੩੧॥

ਕਲਿਜੁਗ ਅਗਨਿ ਬੇਖ, ਤਨ ਧਾਰਾ। ਧੂਮ ਉਠਯੋ ਚਹੁੰ ਤਰਫ ਅਪਾਰਾ।
ਮੁਖ ਢਪਿ ਪੌਢਿ ਰਹਯੋ ਮਰਦਾਨਾ। ਅਚਰਜ ਦੇਖਿ ਅਧਿਕ ਭੈ ਮਾਨਾ ॥੩੨॥

ਕਲਿਜੁਗ ਨੇ ਅਗਨੀ ਦਾ ਭੇਸ ਤਨ ਵਿਚ ਧਾਰਨ ਕੀਤਾ ਹੈ, ਚਾਰੇ ਪਾਸੇ ਬਹੁਤ ਵੱਡਾ ਧੂੰਆਂ ਉਠਿਆ ਹੈ। ਮਰਦਾਨਾ ਮੂੰਹ ਢੱਕ ਕੇ ਪਿਆ ਰਿਹਾ। ਅਚਰਜ ਵੇਖ ਕੇ ਮਨ ਵਿਚ ਬਹੁਤ ਭੈਅ ਮੰਨਿਆ॥ ੩੨॥

ਦੋਹਰਾ- ਅਗਨਿ ਭੇਖ ਕੋ ਤ੍ਯਾਗ ਕੈ ਘਟਾ ਬਡੀ ਪੁਨ ਹੋਇ।
ਕਰਤਿ ਪਰਖਨਾ ਗੁਰੂ ਕੀ ਕਲਿਜੁਗ ਆਵਤਿ ਸੋਇ॥ ੩੩॥

ਅਗਨੀ ਭੇਖ ਨੂੰ ਛੱਡ ਕੇ ਫਿਰ ਬਹੁਤ ਵੱਡਾ ਬੱਦਲ ਬਣ ਗਿਆ। ਗੁਰੂ ਜੀ ਦੀ ਪਰਖ ਕਰਨ ਹਿਤ ਕਲਿਜੁਗ ਓਥੇ ਆਇਆ ਸੀ॥ ੩੩॥

ਚੌਪਈ- ਭੀ ਕਾਲੀ ਘਟ ਨਿਸਾ ਸਮਾਨਾ। ਦਾਮਨਿ ਚਮਕਤਿ ਮਨਹੁ ਕ੍ਰਿਪਾਨਾ।
ਕਰਿਕਾ ਕੋ ਬਰਖਾਇ ਬਿਸਾਲਾ। ਪਾਹਨ ਸਮ ਭਾਰੀ ਤਿਹ ਕਾਲਾ॥੩੪॥

ਕਾਲੀ ਘਟਾ ਰਾਤ ਵਰਗੀ ਕਾਲੀ ਸੀ। ਬਿਜਲੀਆਂ ਇੰਝ ਚਮਕਦੀਆਂ ਸਨ, ਮਾਨੋਂ ਕਿਰਪਾਨਾਂ ਚਮਕਦੀਆਂ ਹੋਣ। ਗੜਿਆਂ ਅਤੇ ਕੱਕਰ ਦੀ ਵਿਸ਼ਾਲ ਬਾਰਸ਼ ਹੋ ਰਹੀ ਸੀ, ਉਸ ਸਮੇਂ ਗੜੇ ਪੱਥਰਾਂ ਵਾਂਗ ਭਾਰੀ ਸਨ॥ ੩੪॥

ਧਰਿ ਧੀਰਜ ਗੁਰ ਤਹਾਂ ਸੁਹਾਏ। ਨਿਕਟ ਕਛੂ ਛੁਹਿਨਾ ਨਹਿੰ ਪਾਏ।
ਤਬਿ ਕਲਿਜੁਗ ਨੈ ਨਿਸ਼ਚੈ ਜਾਨੀ। ਹੈ ਅਵਤਾਰ ਰੂਪ ਗੁਨ ਖਾਨੀ॥੩੫॥

ਧੀਰਜ ਧਾਰਨ ਕਰਕੇ, ਗੁਰੂ ਜੀ ਨੇ ਓਥੇ ਸ਼ੋਭਾ ਪਾਈ, ਉਨ੍ਹਾਂ ਦੇ ਨੇੜੇ ਹੋ ਕੇ ਕੋਈ ਛੋਹ ਵੀ ਨਾ ਸਕਿਆ। ਤਦ ਕਲਿਜੁਗ ਨੂੰ ਨਿਸ਼ਚਾ ਹੋ ਗਿਆ ਕਿ ਇਹ ਗੁਣਾਂ ਦੀ ਖਾਨ ਪ੍ਰਭੂ ਅਵਤਾਰ ਹੈ॥ ੩੫॥

ਮਾਨੁਖ ਰੂਪ ਧਾਰਿ ਪੁਨ ਆਯੋ। ਅਧਿਕ ਬਦਨ ਤੇ ਅਗਨਿ ਬਮਾਯੋ।
ਦੇਹਿ ਕੰਚਕੀ ਜਾਂਹਿ ਸਵਾਰੀ। ਏਕ ਹਾਥ ਮੈਂ ਜਿਹਵਾ ਧਾਰੀ॥ ੩੬॥

ਫਿਰ ਮਨੁੱਖ ਰੂਪ ਧਾਰਨ ਕਰਕੇ ਆਇਆ ਅਤੇ ਆਪਣੇ ਮੁੱਖ ਵਿਚੋਂ ਬਹੁਤ ਅੱਗ ਕੱਢੀ। ਸੋਨੇ ਦੀ ਦੇਹ ਨੂੰ ਸਵਾਰਿਆ। ਇਕ ਹੱਥ ਵਿਚ ਜੀਭ ਧਾਰਨ ਕੀਤੀ ਹੋਈ ਸੀ॥ ੩੬॥

ਗਹਯੋ ਲਿੰਗ ਕੋ ਦੂਸਰ ਹਾਥਾ। ਆਵਾ ਸਨਮੁਖ ਜਹਿ ਜਗਨਾਥਾ।
ਬਿਗਸਤਿ ਮੁਖ ਤੇ ਕਹਿ ਸੁਖਰਾਸਾ। ਮਰਦਾਨੇ! ਉਠਿ ਦੇਖਿ ਤਮਾਸ਼ਾ॥੩੭॥

ਲਿੰਗ ਨੂੰ ਦੂਸਰੇ ਹੱਥ ਨਾਲ ਫੜਿਆ ਹੋਇਆ ਸੀ, ਫਿਰ ਗੁਰੂ ਜੀ ਦੇ ਸਾਹਮਣੇ ਆਇਆ। ਗੁਰੂ ਜੀ ਨੇ ਖੁਸ਼ ਹੋ ਕੇ ਕਿਹਾ, ਮਰਦਾਨੇ! ਉਠ ਕੇ ਤਮਾਸ਼ਾ ਵੇਖ॥ ੩੭॥

ਸਾਵਧਾਨ ਹ੍ਵੈ ਧੀਰਜ ਧਰੀਏ। ਕਾਹੂੰ ਤਨਕ ਨ ਤ੍ਰਾਸ ਬਿਚਰੀਏ।
ਆਨਿ ਕਲੀ ਤਬ ਬੰਦਨ ਕਰਿਕੈ। ਬੋਲਯੋ ਨਿਜ ਅਪਰਾਧ ਬਿਚਰਿਕੈ॥੩੮॥

ਸਾਵਧਾਨ ਹੋ ਕੇ ਧੀਰਜ ਧਾਰਨ ਕਰੋ। ਮਾੜੇ ਜਿਹੇ ਡਰ ਨੂੰ ਵੀ ਵਿਚਾਰ ਵਿਚ ਨਾ ਲਿਆਵੋ।'' ਕਲਿਜਗ ਨੇ ਆ ਕੇ ਬੰਦਨਾਂ ਕੀਤੀ ਅਤੇ ਆਪਣੇ ਅਪਰਾਧ ਵਿਚਾਰ ਕੇ ਬੋਲਿਆ॥ ੩੮॥

'ਬਖਸ਼ਹੁ ਖਤਾ ਜਿਤੀ ਮੈਂ ਕੀਨੀ। ਰਾਵਰ ਕੀ ਮਹਿਮਾ ਨਹਿੰ ਚੀਨੀ।
ਅਬ ਇਸ ਸਮੇਂ ਮੋਰ ਸਿਕਦਾਰੀ। ਦੀਨੀ ਤੁਮ ਨਿਜ ਕਰੁਨਾ ਧਾਰੀ॥੩੯॥

ਮੈਂ ਜਿਹੜੀ ਗਲਤੀ ਕੀਤੀ ਹੈ, ਉਸ ਨੂੰ ਬਖਸ਼ ਦੇਵੋ, ਮੈਂ ਆਪ ਜੀ ਦੀ ਮਹਿਮਾ ਨੂੰ ਨਹੀਂ ਸੀ ਜਾਣ ਸਕਿਆ। ਹੁਣ ਇਸ ਸਮੇਂ ਮੇਰੀ ਸਰਦਾਰੀ ਹੈ। ਤੁਸੀਂ ਆਪਣੀ ਕਿਰਪਾ ਧਾਰ ਕੇ ਮੈਨੂੰ ਦਿੱਤੀ ਹੈ॥ ੩੯॥

ਅਬ ਲੱਛਨ ਨਰ ਜੈਸੇ ਕਰਿਹੀਂ। ਤੈਸੇ ਭੇਖ ਅਯੋ ਮੈਂ ਧਰਿਹੀ।
ਦੈਵ ਸੰਪਦਾ ਤਜਿਕਰਿ ਸਾਰੀ। ਦ੍ਵੈ ਇੰਦ੍ਰੈ ਸ੍ਵਾਦਨ ਬਸਿ ਕਾਰੀ॥੪੦॥

ਹੁਣ ਮੈਂ ਮਰਦ ਜੈਸੇ ਲੱਛਣ ਕਰ ਰਿਹਾ ਹਾਂ, ਉਸ ਤਰ੍ਹਾਂ ਦਾ ਭੇਸ ਧਾਰ ਕੇ ਮੈਂ ਆ ਰਿਹਾ ਹਾਂ। ਸ਼ੁਭ ਗੁਣ ਮੈਂ ਸਾਰੇ ਛੱਡ ਦਿੱਤੇ ਹਨ, ਦੋਵੇਂ ਸਵਾਦਾਂ ਵਾਲੀਆਂ ਇੰਦਰੀਆਂ ਵੱਸ ਕੀਤੀਆਂ ਹੋਈਆਂ ਹਨ॥ ੪੦॥

ਕੈ ਤੋ ਰਸਨਾ ਸ੍ਵਾਦਹਿ ਲਾਈ। ਲਿੰਗ ਸ੍ਵਾਦ ਕੇ ਬਸਿ ਹੁਇ ਜਾਈ।
ਮਾਤ ਪਿਤਾ ਗੁਰ ਲੱਜਾ ਤਜਾਗੀ। ਇਨ ਕੇ ਬਸੀ ਹੋਹਿਂ ਅਨੁਰਾਗੀ॥੪੧॥

ਕਿਸ ਕਰਕੇ ਰਸਾਂ ਦਾ ਸਵਾਦ ਲਾਇਆ ਹੈ, ਮਨੁੱਖ ਲਿੰਗ ਸਵਾਦ ਦੇ ਵੱਸ ਵਿਚ ਹੋ ਜਾਂਦਾ ਹੈ। ਮਾਤਾ, ਪਿਤਾ ਅਤੇ ਗੁਰੂ ਦੀ ਸ਼ਰਮ ਛੱਡ ਕੇ, ਇਸ ਦੇ ਵੱਸ ਵਿਚ ਹੋ ਕੇ ਇਸ ਨਾਲ ਪ੍ਰੇਮ ਪਾ ਲੈਂਦਾ ਹੈ॥ ੪੧॥

ਯਾਂ ਤੇ ਭੀ ਮਮ ਮਤਿ ਬਿਪਰੀਤਾ। ਕਿਯ ਤੁਮ ਸੋਂ ਛਲ ਹ੍ਵੈ ਨਿਰਭੀਤਾ।
ਛਿਮਾ ਕਰਨ ਕੋ ਬਿਰਦ ਤੁਮਾਰਾ। ਪਰਮ ਪੁਰਖ ਹੋ ਮਹਾਂ ਉਦਾਰਾ॥੪੨॥

ਇਸ ਤੋਂ ਵੀ ਮੇਰੀ ਮੱਤ ਉਲਟ ਹੈ, ਮੈਂ ਨਿਰਭੈ ਹੋ ਕੇ ਤੁਹਾਡੇ ਨਾਲ ਛੱਲ ਕੀਤਾ ਹੈ। ਖਿਮਾਂ ਕਰਨਾ ਦੀ ਤੁਹਾਡੀ ਬਿਰਧ ਹੈ, ਤੁਸੀਂ ਪਰਮ ਪੁਰਖ ਮਹਾਂ ਦਿਆਲੂ ਹੋ"॥ ੪੨॥

ਸੁਨਿ ਕਰਿ ਇਉਂ ਬੋਲੇ ਜਗਤੇਸ਼ਾ। 'ਕੋ ਤਵ ਨਾਮ, ਕੌਨ ਹੈ ਦੇਸ਼ਾ?।
ਕੌਨ ਕਾਜ ਹਿਤ ਚਲਿਕਰਿ ਆਇਓ?। ਇਸ ਪ੍ਰਕਾਰ ਕਿਉਂ ਕਪਟ ਦਿਖਾਇਓ?'॥੪੩॥

ਇਹ ਸੁਣ ਕੇ ਗੁਰੂ ਜੀ ਬੋਲੇ, "ਤੇਰਾ ਕੀ ਨਾਂ ਹੈ ਅਤੇ ਕਿਹੜਾ ਤੇਰਾ ਦੇਸ਼ ਹੈ? ਕਿਸ ਕੰਮ ਵੇਥੇ ਚਲ ਕੇ ਆਇਆ ਹੈਂ? ਇਸ ਪ੍ਰਕਾਰ ਕਿਉਂ ਕਪਟ ਵਖਾਲਿਆ ਹੈ?"॥ ੪੩॥

'ਸੁਨਹੁ ਗੁਰੂ ਜੀ ਕਲਜੁਗ ਨਾਮੂ। ਦਰਸ਼ਨ ਕਰਿਬੇ ਕੋ ਮਮ ਕਾਮੂ।
ਨਮੋ ਕਰਨ ਰਾਵਰ ਕੋ ਆਇਓ। ਪਰਖਨ ਹਿਤ ਮੈਂ ਕਪਟ ਦਿਖਾਇਓ'॥੪੪॥

"ਹੇ ਗੁਰੂ ਜੀ! ਸੁਣੋ, ਮੇਰਾ ਨਾਮ ਕਲਜੁਗ ਹੈ। ਤੁਹਾਡੇ ਦਰਸ਼ਨ ਕਰਨਾ ਹੀ ਮੇਰਾ ਕੰਮ ਸੀ। ਆਪ ਜੀ ਨੂੰ ਮੈਂ ਨਮਸ਼ਕਾਰ ਕਰਨ ਆਇਆ ਹਾਂ। ਤੁਹਾਨੂੰ ਪਰਖਣ ਵਾਸਤੇ ਮੈਂ ਕਪਟ ਵਿਖਾਇਆ ਹੈ"॥ ੪੪॥

ਸ੍ਰੀ ਗੁਰ ਕਹੈਂ 'ਭਨੋ ਨਿਜ ਲੱਛਨ। ਕੋ ਤਵ ਸੈਨਾ ਸੰਗ ਬਿਚੱਛਨ?।
ਕਿਸ ਪ੍ਰਕਾਰ ਕੀ ਤੁਝ ਸਿਕਦਾਰੀ?'। ਸੁਨਿ ਕਲਿਜੁਗ ਪੁਨ ਗਿਰਾ ਉਚਾਰੀ॥੪੫॥

ਗੁਰੂ ਜੀ ਨੇ ਕਿਹਾ, "ਆਪਣੇ ਲੱਛਣ ਦੱਸੋ, ਤੁਹਾਡੇ ਨਾਲ ਚਤੁਰ ਸੈਨਾ ਕਿਥੇ ਹੈ? ਤੇਰੀ ਕਿਸ ਪ੍ਰਕਾਰ ਦੀ ਸਰਦਾਰੀ ਹੈ?" ਇਹ ਸੁਣ ਕੇ ਫਿਰ ਕਲਿਜੁਗ ਨੇ ਕਿਹਾ॥ ੪੫॥

'ਕੂਰ ਸੂਰ ਸਭਿ ਕੇਰ ਅਗਾਰੀ। ਚਲਤਿ, ਧੁਜਾ ਬਡ ਕਰ ਮਹਿਂ ਧਾਰੀ।
ਮੋਹ ਨਾਮ ਸਭਿ ਕੋ ਭੂਪਾਲਾ। ਸੈਨਾਪਤਿ ਹਿੰਸਾ ਜੁ ਬਿਸਾਲਾ॥੪੬॥

ਝੂਠ ਰੂਪੀ ਸੂਰਮੇ ਅੱਗੇ ਗਏ ਹਨ, ਚਲਦਿਆਂ ਵਡਾ ਧੁਜ ਹੱਥ ਵਿਚ ਫੜਿਆ ਹੋਇਆ ਹੈ। ਮੋਹ ਨਾਮ ਦਾ ਸੂਰਮਾ ਸਾਰਿਆਂ ਦਾ ਮਹਾਰਾਜਾ ਹੈ, ਉਸ ਦੇ ਸੈਨਾਪਤੀ ਦਾ ਨਾਂ ਹਿੰਸਾ ਹੈ, ਜੋ ਬਹੁਤ ਬਲਵਾਨ ਹੈ॥ ੪੬॥

ਕਾਮ, ਕ੍ਰੋਧ, ਲੋਭ, ਅਹੰਕਾਰਾ। ਸਭਿ ਜੋਧਾ ਏ ਗਜ ਅਸਵਾਰਾ।
ਮਤਸਰ ਨਿੰਦਾ ਪੁਨ ਬਟਪਾਰੀ। ਤ੍ਰਿਸ਼ਨਾ ਤੇ ਸਭਿ ਰਥ ਅਸਵਾਰੀ॥੪੭॥

ਕਾਮ, ਕ੍ਰੋਧ, ਲੋਭ ਅਤੇ ਅਹੰਕਾਰ ਸਾਰੇ ਵੱਡੇ ਯੋਧੇ ਹਨ ਅਤੇ ਹਾਥੀਆਂ ਤੇ ਚੜ੍ਹੇ ਹੋਏ ਹਨ। ਚਤੁਰ ਨਿੰਦਿਆ ਵੱਡੀ ਧਾੜਵੀ ਹੈ। ਤ੍ਰਿਸ਼ਨਾ ਤੇ ਹੋਰ ਯੋਧੇ ਰੱਥਾਂ ਉੱਤੇ ਸਵਾਰ ਹਨ॥ ੪੭॥

ਆਲਸ, ਜੂਪ, ਬਾਰਨੀ ਪਾਨਾ। ਦੁਰਾਚਾਰ ਸਭਿ ਚਢੇ ਕਿਕਾਨਾ।
ਮਮਤਾ, ਬਿਸ਼ਿਯਨਿ ਆਸ਼ਾ ਜੋਇ। ਚੋਰੀ, ਪੈਦਲ ਲਖਿਯੇ ਸੋਇ॥ ੪੮॥

ਆਲਸੀ ਅਤੇ ਜੂਏਬਾਜ਼ ਸ਼ਰਾਬ ਪੀਂਦੇ ਹਨ। ਦੁਰਾਚਾਰ ਆਦਿ ਸਾਰੇ ਘੋੜਿਆਂ ਤੇ ਚੜ੍ਹੇ ਹਨ। ਮਮਤਾ, ਵਿਸ਼ੇ ਵਿਕਾਰ, ਆਸ਼ਾ ਅਤੇ ਚੋਰੀ, ਪੈਦਲ ਹੀ ਜਾ ਰਹੇ ਹਨ॥ ੪੮॥

ਦੋਹਰਾ- ਔਰ ਗਨਨ ਕਿਹ ਲਗ ਕਰੌਂ ਜੋ ਚਤੁਰੰਗਨਿ ਸੈਨ।
ਚਢਿ ਦੌਰਹਿ ਜਿਸ ਦਿਸ਼ਾ ਕੋ ਮਾਰ ਕਰਹਿ ਬਿਨ ਚੈਨ॥ ੪੯॥

ਹੋਰ ਇਨ੍ਹਾਂ ਦੀ ਕੀ ਗਿਣਤੀ ਕਰਾਂ, ਇਹ ਜਿਹੜੀ ਮੇਰੀ ਜੋ ਚਾਰ ਪ੍ਰਕਾਰ ਦੀ ਸੈਨਾ ਹੈ, ਜਿਸ ਪਾਸੇ ਵੀ ਚੜ੍ਹ ਕੇ ਦੌੜਦੀ ਹੈ ਮਾਰ ਮਾਰ ਕੇ ਲੋਕਾਂ ਨੂੰ ਬੇਚੈਨ ਕਰ ਦਿੰਦੀ ਹੈ॥ ੪੯॥

ਚੌਪਈ- ਇਨ ਆਗੈ ਨਹਿਂ ਥਿਰ ਹ੍ਵੈ ਕੋਊ। ਕੋਟ ਮਧੇ ਵਿਰਲਾ ਕੋ ਹੋਊ।
ਜਗ ਮਹਿਂ ਕਰੀ ਲਥੇਰ ਪਥੇਰਾ। ਕਿਸ ਹੂੰ ਮਹਿਂ ਧੀਰਜ ਨਹਿਂ ਹੇਰਾ॥੫੦॥

ਇਨ੍ਹਾਂ ਦੇ ਅੱਗੇ ਕੋਈ ਵੀ ਸਥਿਰ ਨਹੀਂ ਰਹਿ ਸਕਦਾ, ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਬਚ ਸਕਦਾ ਹੈ। ਇਨ੍ਹਾਂ ਸਾਰੇ ਜਗਤ ਨੂੰ ਲੇਥੂ ਪੇਥੂ ਕੀਤਾ ਹੈ, ਕਿਸੇ ਵਿਚ ਵੀ ਧੀਰਜ ਨਹੀਂ ਦਿੱਸਦਾ॥ ੫੦॥

ਕੋਟ ਮਵਾਸੀ ਸਭਿ ਚੜ੍ਹਿ ਮਾਰੇ। ਕੋ ਨਹਿਂ ਠਾਂਢਿ ਭਯੋ ਸਭਿ ਹਾਰੇ।
ਦੰਭ ਨਾਮ ਜੋ ਮੇਰੋ ਜੋਧਾ। ਕਰੀ ਦਿਗ ਬਿਜੈ ਰਿਦ ਧਰਿ ਕ੍ਰੋਧਾ॥੫੧॥

ਕ੍ਰੋੜਾਂ ਕਿਲ੍ਹਿਆਂ ਵਿਚ ਬੈਠੇ ਚੜ੍ਹ-ਚੜ੍ਹ ਮਾਰ ਦਿੱਤੇ ਹਨ, ਕੋਈ ਵੀ ਅੱਗੇ ਖੜਾ ਨਹੀਂ ਹੋ ਸਕਿਆ, ਸਭ ਹਾਰ ਗਏ ਹਨ। ਦੰਭ ਨਾਂ ਦਾ ਜਿਹੜਾ ਮੇਰਾ ਯੋਧਾ ਹੈ, ਉਸ ਨੇ ਹਿਰਦੇ ਵਿਚ ਕ੍ਰੋਧ ਧਾਰਨ ਕਰਕੇ ਦਿਗਵਿਜੈ ਪ੍ਰਾਪਤ ਕੀਤੀ ਹੈ, ਭਾਵ ਸਾਰੀ ਦੁਨੀਆਂ ਜਿੱਤ ਲਈ ਹੈ॥ ੫੧॥

ਲੇ ਕਰਿ ਸੰਗ ਸਹਾਇਕ ਸੋਊ। ਜਿਹ ਤੇ ਬਚਜੋ ਥਾਨ ਨਹਿਂ ਕੋਊ।
ਇਸ ਪ੍ਰਕਾਰ ਕੀ ਮਮ ਸਿਕਦਾਰੀ। ਸੁਨਿ ਸ਼੍ਰੀ ਨਾਨਕ ਗਿਰਾ ਉਚਾਰੀ॥੫੨॥

ਆਪਣੇ ਸਾਰੇ ਸਹਾਇਕ ਨਾਲ ਲੈ ਕੇ ਚੜ੍ਹਿਆ ਹੈ, ਜਿਸ ਪਾਸੋਂ ਹੁਣ ਕੋਈ ਥਾਂ ਵੀ ਨਹੀਂ ਬਚਿਆ ਹੈ। ਇਸ ਪ੍ਰਕਾਰ ਦੀ ਮੇਰੀ ਸਰਦਾਰੀ ਹੈ।'' ਇਹ ਸੁਣ ਕੇ ਗੁਰੂ ਨਾਨਕ ਜੀ ਨੇ ਕਿਹਾ॥ ੫੨॥

*ਰਾਮਕਲੀ ਮ: ੧॥*

*ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥*
*ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ ੪॥* (ਪੰਨਾ ੯੦੨)

ਜਿਸ ਪਾਸ ਸਰਦਾਰੀ ਹੁੰਦੀ ਹੈ, ਉਹੀ ਖੁਆਰ ਹੁੰਦਾ ਹੈ, ਨੌਕਰ ਨੂੰ ਡਰਨ ਦੀ ਕੀ ਲੋੜ ਹੈ। ਜਦ ਸਰਦਾਰ ਨੂੰ ਜੰਜੀਰਾਂ ਪੈਂਦੀਆਂ ਹਨ ਤਾਂ ਨੌਕਰ ਦੇ ਹੱਥੋਂ ਮਾਰਿਆ ਜਾਂਦਾ ਹੈ॥ ੪॥

ਦੋਹਰਾ- 'ਤੂੰ ਜਿ ਭਯਾ ਸਿਕਦਾਰ ਜਗ ਹਮ ਚਾਕਰ ਕਰਤਾਰ।
ਜਬ ਤੂੰ ਲੇਖਾ ਦੇਯਗੋ ਹੋਵੈਂ ਬਸੀ ਹਮਾਰ॥ ੫੩॥

ਗੁਰੂ ਜੀ ਨੇ ਕਿਹਾ, "ਜੇ ਤੂੰ ਜੱਗ ਦਾ ਸਰਦਾਰ ਬਣਿਆ ਹੈਂ ਤਾਂ ਅਸੀਂ ਕਰਤਾਰ ਦੇ ਨੌਕਰ ਹਾਂ। ਜਦ ਤੂੰ ਲੇਖਾ ਦੇਵੇਂਗਾ ਤਾਂ ਸਾਡੇ ਵੱਸ ਵਿਚ ਹੋਵੇਂਗਾ" ॥ ੫੩ ॥

ਚੌਪਈ- ਸੁਨਿ ਕਲਿਜੁਗ ਕਰ ਬੰਦਤਿ ਭਯੋ। ਦੀਨ ਹੋਇ ਬੋਲਨਿ ਅਸ ਕਯੋ।
'ਇਸੀ ਹੇਤੁ ਮੈਂ ਤੁਮ ਢਿਗ ਆਯੋ। ਸ੍ਰੀ ਨਾਨਕ ਤੁਮ ਨਾਮ ਧਰਾਯੋ ॥੫੪॥

ਇਹ ਸੁਣ ਕੇ ਕਲਿਜੁਗ ਨੇ ਬੰਦਨਾਂ ਕੀਤੀ ਅਤੇ ਦੀਨ ਹੋ ਕੇ ਇਸ ਤਰ੍ਹਾਂ ਬੋਲਿਆ, "ਏਸੇ ਕਰਕੇ ਮੈਂ ਤੁਹਾਡੇ ਪਾਸ ਆਇਆ ਹਾਂ, ਤੁਸੀ ਪ੍ਰਭੂ ਅਵਤਾਰ ਹੋ ਤੇ ਇਸ ਦੁਨੀਆਂ ਵਿਚ ਨਾਨਕ ਨਾਮ ਧਰਾਇਆ ਹੈ।

ਤੁਮ ਕਰਤਾਰ ਵਿਖੇ ਨਹਿਂ ਭੇਵਾ। ਏਕੰਕਾਰ ਦੇਵ ਪਤਿ ਦੇਵਾ।
ਭੇਟਾ ਲੇਹੁ ਕ੍ਰਿਤਾਰਥ ਕਰੀਏ। ਗੁਨਹਿਂ ਕੀਏ ਸਗਰੇ ਪਰ ਹਰੀਏ ॥੫੫॥

ਤੁਹਾਡੇ ਅਤੇ ਕਰਤਾਰ ਵਿਚ ਕੋਈ ਭੇਦ ਨਹੀਂ ਹੈ। ਤੁਸੀਂ ਆਪ ਏਕੰਕਾਰ ਹੋ ਅਤੇ ਦੇਵਤਿਆਂ ਦੇ ਸਵਾਮੀ ਹੋ। ਭੇਟਾ ਲੈ ਕੇ ਮੇਰੇ ਤੇ ਕਿਰਪਾ ਕਰੋ। ਮੈਂ ਬਹੁਤ ਗੁਨਾਹ ਕੀਤੇ ਹਨ, ਉਨ੍ਹਾਂ ਨੂੰ ਮੁਆਫ ਕਰੋ॥ ੫੫ ॥

ਦੋਹਰਾ- ਕੰਚਨ ਮੰਦਰ ਸੁੰਦਰੰ ਰਤਨ ਜੜੇ ਜਿਨ ਮਾਂਹਿ।
ਮੋਤੀ ਕੀ ਤੋਰਨ ਰੁਚਿਰ ਅਤਿ ਸੁਗੰਧਿ ਹ੍ਵੈ ਜਾਂਹਿ॥ ੫੬ ॥

ਸੋਨੇ ਦੇ ਮਹਿਲ ਜਿਨ੍ਹਾਂ ਵਿਚ ਸੁੰਦਰ ਰਤਨ ਜੜੇ ਹੋਏ ਹਨ, ਹੀਰਿਆਂ ਮੋਤੀਆਂ ਦੇ ਸੁੰਦਰ ਬੰਦਨਵਾਰ ਲਟਕ ਰਹੇ ਹਨ ਅਤੇ ਭਿੰਨ- ਭਿੰਨ ਸੁਗੰਧਾਂ ਆ ਰਹੀਆਂ ਹਨ॥ ੫੬ ॥

ਚੌਪਈ- ਕਸਤੂਰੀ ਕੁੰਗੂ ਛਿਰਕਾਵੇਂ। ਚੰਦਨ ਕੇ ਸੁਭ ਲੇਪ ਕਰਾਵੇਂ।
ਬੈਸਤਿ ਹੀ ਮਨ ਹੋਤਿ ਹੁਲਾਸਾ। ਇਸ ਪ੍ਰਕਾਰ ਕੇ ਰੁਚਿਰ ਅਵਾਸਾ ॥੫੭॥

ਕਸਤੂਰੀ ਅਤੇ ਕੇਸਰ ਦਾ ਛਿੜਕਾਅ ਕੀਤਾ ਹੋਇਆ ਹੈ ਅਤੇ ਚੰਦਨ ਦੀ ਸ਼ੁਭ ਲਿਪਾਈ ਕੀਤੀ ਹੋਈ ਹੈ। ਬੈਠਦਿਆਂ ਹੀ ਮਨ ਪ੍ਰਸੰਨ ਹੋ ਜਾਂਦਾ ਹੈ, ਇਸ ਪ੍ਰਕਾਰ ਦਾ ਸੁੰਦਰ ਘਰ ਹੈ॥ ੫੭ ॥

ਚਲਹੁ ਅਬੈ ਤਿਨ ਮੰਦਰ ਮਾਂਹੀ। ਤੁਮ ਇੱਛਾ ਜੇ ਲਜਾਊਂ ਇਹਾਂਹੀ।
ਲੇਹੁ ਉਪਾਇਨ ਇਹ ਗੁਨਖਾਨੀ। ਸੁਨਿ ਸ੍ਰੀ ਨਾਨਕ ਉਚਰੀ ਬਾਨੀ ॥੫੮॥

ਹੁਣੇ ਹੀ ਉਨ੍ਹਾਂ ਮਹਿਲਾਂ ਵਿਚ ਚਲੋ। ਜੇ ਤੁਹਾਡੀ ਇੱਛਾ ਹੋਵੇ ਤਾਂ ਉਨ੍ਹਾਂ ਮਹਿਲਾਂ ਨੂੰ ਏਥੇ ਹੀ ਲੈ ਆਵਾਂ। ਹੇ ਗੁਰੂ ਜੀ ਇਹ ਮੇਰੀ ਭੇਟ ਸਵੀਕਾਰ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਬਾਣੀ ਦਾ ਉਚਾਰਨ ਕੀਤਾ॥ ੫੮ ॥

*੧ੴ ਸਤਿਗੁਰ ਪ੍ਰਸਾਦਿ॥*

*ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥*

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ ॥* (ਪੰਨਾ ੧੪)

ਕੀ ਮੈਂ ਹੀਰੇ ਜਵਾਹਰਾਤਾਂ ਨਾਲ ਜੜੇ ਲਾਲਾਂ ਦੇ ਬਣੇ ਹੋਏ ਮਹਿਲ, ਜਿਹੜੇ ਕਸਤੂਰੀ, ਕੇਸਰ ਅਤੇ ਚੰਦਨ ਤੇ ਸੰਦਲ ਦੀ ਲਕੜੀ ਦੇ ਬੁਰਾਦੇ ਨਾਲ ਲਿਪੇ ਹੋਏ ਹਨ ਅਤੇ ਜਿਹੜੇ ਮਨ ਵਿਚ ਤੀਬਰ ਉਮੰਗ ਪੈਦਾ ਕਰ ਦੇਣ ਵਾਲੇ ਹਨ, ਲੈ ਲਵਾਂ ?

ਨਹੀਂ, ਕਿਤੇ ਐਸਾ ਨਾ ਹੋਵੇ ਕਿ ਇਨ੍ਹਾਂ ਨੂੰ ਵੇਖ ਕੇ ਮੈਂ ਕੁਰਾਹੇ ਪੈ ਜਾਵਾਂ। ਹੇ ਵਾਹਿਗੁਰੂ ! ਕੀ ਮੈਂ ਤੈਨੂੰ ਭੁੱਲ ਜਾਵਾਂ ਅਤੇ ਤੇਰਾ ਨਾਮ ਮੇਰੇ ਅੰਦਰ ਪ੍ਰਵੇਸ਼ ਨਾ ਕਰੇ ? ਵਾਹਿਗੁਰੂ ਤੋਂ ਬਗੈਰ ਮੇਰੀ ਆਤਮਾ ਸੁੱਕ ਸੜ ਜਾਂਦੀ ਹੈ। ਮੈਂ ਆਪਣੇ ਗੁਰੂ ਨੂੰ ਪੁੱਛ ਕੇ ਵੇਖਿਆ ਹੈ, ਹੋਰ ਕੋਈ ਥਾਂ ਨਹੀਂ ਹੈ॥ ੧॥ ਰਹਿਰਾਉ॥

*ਕੁੰਡਲੀਆ ਛੰਦ-* ਪੁਨ ਕਲਜੁਗ ਬੋਲਤਿ ਭਯੋ 'ਜੇ ਤੁਮ ਲਹੋ ਨ ਦੇਹ।
ਦੇਵਾਂਗਨ ਸੁਭ ਲੀਜੀਏ ਜਿਨ ਅਤਿ ਸੁੰਦਰ ਦੇਹਿ।
ਜਿਨ ਅਤਿ ਸੁੰਦਰ ਦੇਹਿ ਕਰੋ ਰਸ ਰੀਤਿ ਬਿਹਾਰਾ।
ਸੁੰਦਰ ਜਹਿਂ ਪਰਯੰਕ ਲਾਲ ਜੜਤੀ ਜਿਨ ਚਾਰਾ।
ਕਿਤਿਕ ਕਾਲ ਤਿਨ ਮਹਿਂ ਰਹੋ ਲੇਹੁ ਭੇਟ ਗੁਣ ਖਾਨ!'।
ਸੁਨਿ ਸ੍ਰੀ ਨਾਨਕ ਜੀ ਤਬਹਿ ਕੀਨੇ ਬਚਨ ਬਖਾਨ॥ ੫੯॥

ਫਿਰ ਕਲਜੁਗ ਨੇ ਕਿਹਾ, "ਜੇ ਤੁਸੀਂ ਇਹ ਨਹੀਂ ਲੈਣਾ ਚਾਹੁੰਦੇ ਹੋ ਸਾਰੀਆਂ ਅਪੱਛਰਾਵਾਂ ਲੈ ਲਵੋ, ਜਿਨ੍ਹਾਂ ਦੀਆਂ ਸ਼ਕਲਾਂ ਬਹੁਤ ਸੁੰਦਰ ਹਨ। ਜਿਨ੍ਹਾਂ ਦੇ ਅਤਿ ਸੁੰਦਰ ਸਰੀਰ ਹਨ, ਉਨ੍ਹਾਂ ਨਾਲ ਰਸ ਰੀਤੀ ਦਾ ਵਿਵਹਾਰ ਕਰੋ। ਓਥੇ ਸੁੰਦਰ ਪਲੰਘ ਵਿਛੇ ਹਨ, ਜਿਹੜੇ ਸੁੰਦਰ ਲਾਲਾਂ ਨਾਲ ਜੜੇ ਹਨ, ਜਿੰਨਾ ਮਰਜ਼ੀ ਸਮਾਂ ਓਥੇ ਰਹੋ, ਹੇ ਗੁਣਾਂ ਦੀ ਖਾਣ ਇਹ ਮੇਰੀ ਭੇਟਾ ਸਵੀਕਾਰ ਕਰੋ।" ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ॥ ੫੯॥

*ਸ੍ਰੀ ਮੁਖਵਾਕ॥*

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੨॥* (ਪੰਨਾ ੧੪)

ਭਾਵੇਂ ਫਰਸ਼ ਰਤਨਾਂ ਤੇ ਹੀਰਿਆਂ ਨਾਲ ਪੂਰਾ ਜੜਿਆ ਹੋਵੇ, ਪਲੰਘ ਪੰਨਿਆਂ, ਸਬਜ਼ਿਆਂ ਨਾਲ ਮੜਿਆ ਹੋਵੇ ਅਤੇ ਮਾਣਿਕ ਨਾਲ ਸੱਜੇ ਹੋਏ ਚਿਹਰੇ ਵਾਲੀ ਦਿਲ ਚੁਰਾਉਣ ਵਾਲੀ ਹੂਰਾਂ ਪਰੀ ਪਿਆਰ ਅਤੇ ਦਿਲ ਖਿਚਵੇਂ ਇਸ਼ਾਰਿਆਂ ਨਾਲ ਮੈਨੂੰ ਪਲੰਘ ਉਤੇ ਸਦੇ। ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਵੇਖ ਕੇ ਮੈਂ ਰਾਹ ਭੁੱਲ ਜਾਵਾਂ ਅਤੇ ਪ੍ਰਭੂ ਤੈਨੂੰ ਵਿਸਰ ਜਾਵਾਂ, ਤੇਰੇ ਨਾਮ ਦਾ ਸਿਮਰਨ ਨਾ ਕਰਾਂ॥ ੨॥

*ਕੁੰਡਲੀਆ ਛੰਦ-*ਕਲਜੁਗ ਬਹੁਰੋ ਬੋਲਿਓ 'ਇਨ ਕੀ ਚਾਹ ਜਿ ਨਾਂਹਿ।
ਨਵਨਿੱਧਾਂ ਤੁਮ ਲੀਜੀਏ ਸਿੱਧਿ ਅਠਾਰਹਿਂ ਚਾਹਿ।
ਸਿੱਧਿ ਅਠਾਰਹਿਂ ਚਾਹਿ ਗੁਪਤ ਪਰਗਟ ਸੋ ਕਾਰਨ।
ਜਹਿਂ ਚਾਹੋ ਤਹਿਂ ਫਿਰੋ ਸੁਖੀ ਤੁਮ ਕੋ ਹਟਕਾਰਨ।
ਸਰਬ ਲੋਕ ਤੁਮ ਤੇ ਡਰੈਂ ਪੂਜਹਿਂ ਪਦ ਚਿਤ ਲਾਇ।
ਭੇਟ ਲੇਹੁ ਮਮ ਦਿਸ਼ਾ ਤੇ', ਸੁਨਿ ਬੋਲੇ ਗਤਿਦਾਇ॥ ੬੦॥

ਕਲਿਜੁਗ ਬਾਅਦ ਵਿਚ ਬੋਲਿਆ, "ਜੇ ਤੁਹਾਨੂੰ ਇਨ੍ਹਾਂ ਦੀ ਚਾਹਤ ਨਹੀਂ ਹੈ ਤਾਂ ਚਾਹੇ ਨੌਨਿਧੀਆਂ ਅਤੇ ਅਠਾਰਾਂ ਸਿੱਧੀਆਂ ਲੈ ਲਵੋ। ਅਠਾਰਾਂ ਸਿੱਧੀਆਂ ਚਾਹੇ ਗੁਪਤ ਹਨ ਚਾਹੇ ਪਰਗਟ ਹਨ, ਜਿਥੇ ਚਾਹੋ ਤੁਸੀਂ ਸੁਖੀ ਸੁਖੀ ਫਿਰੋ, ਤੁਹਾਨੂੰ ਕੋਈ ਰੋਕੇਗਾ ਨਹੀਂ। ਸਭ ਲੋਕ ਤੁਹਾਥੋਂ ਡਰਨਗੇ ਅਤੇ ਚਿਤ ਲਾ ਕੇ ਤੁਹਾਡੇ ਚਰਨਾਂ ਦੀ ਪੂਜਾ ਕਰਨਗੇ, ਮੇਰੇ ਵਲੋਂ ਇਹ ਭੇਟ ਪ੍ਰਾਪਤ ਕਰੋ ਜੀ'। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੬੦॥

ਸ੍ਰੀ ਮੁਖਵਾਕ॥

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੩॥ (ਪੰਨਾ ੧੪)

ਸਿੱਧ ਬਣ ਕੇ ਜੇ ਮੈਂ ਕਰਾਮਾਤਾਂ ਕਰਾਂ ਅਤੇ ਧਨ ਸੰਪਦਾ ਨੂੰ ਹੁਕਮ ਦੇ ਕੇ ਸੱਦ ਲਵਾਂ ਅਤੇ ਜੇ ਮੈਂ ਮਰਜ਼ੀ ਅਨੁਸਾਰ ਅਲੋਪ ਤੇ ਪਰਤੱਖ ਹੋ ਜਾਵਾਂ, ਜਿਸ ਕਰਕੇ ਜਨਤਾ ਮੇਰਾ ਆਦਰ ਤੇ ਮਾਣ ਕਰੇ। ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਤੱਕ ਕੇ ਮੈਂ ਵਾਹਿਗੁਰੂ ਨੂੰ ਭੁੱਲ ਜਾਵਾਂ ਅਤੇ ਉਸ ਦੇ ਨਾਮ ਦਾ ਸਿਮਰਨ ਨਾ ਕਰਾਂ॥ ੩॥

ਕੁੰਡਲੀਆ ਛੰਦ- **ਕਲਿਜੁਗ ਬਚਨਾ ਪੁਨ ਭਨੇ 'ਜਗ ਪਤਿਸ਼ਾਹੀ ਲੇਹੁ।
ਹੁਕਮ ਕਰਉ ਉਰ ਭਾਵਤੇ ਚਰਨ ਤਖਤ ਪਰ ਦੇਹੁ।
ਚਰਨ ਤਖਤ ਪਰ ਦੇਹੁ ਜਗਤ ਮਾਨਹਿਂ ਸਭਿ ਆਨਾ।
ਸੈਨਾ ਸੰਗ ਅਨੰਤ ਕਰਹੁ ਪਰਤਾਪ ਮਹਾਨਾ।
ਲੇਹੁ ਉਪਾਇਨ ਇਹ ਅਬੈ ਕਰਹੁ ਕ੍ਰਿਤਾਰਥ ਨਾਥ!'
ਸਬਦ ਭੋਗ ਪਉੜੀ ਕਹੀ ਗੁਰ ਕਲਜੁਗ ਕੇ ਸਾਥ॥ ੬੧॥**

ਕਲਿਜੁਗ ਨੇ ਫਿਰ ਕਿਹਾ, "ਜਗਤ ਦੀ ਬਾਦਸ਼ਾਹੀ ਲੈ ਲਵੋ, ਆਪਣੇ ਮਨ-ਭਾਉਂਦੇ ਹੁਕਮ ਚਲਾਉ ਅਤੇ ਆਪਣੇ ਚਰਨ ਸਿੰਘਾਸਣ ਤੇ ਰਖੋ। ਜਦ ਤਖਤ ਤੇ ਬੈਠੋਗੇ ਤਾਂ ਸਾਰਾ ਜਗਤ ਤੁਹਾਡੀ ਈਨ ਮੰਨੇਗਾ। ਬੇਅੰਤ ਸੈਨਾ ਲੈ ਕੇ ਆਪਣਾ ਮਹਾਨ ਪਰਤਾਪ ਬਣਾਓ। ਹੇ ਮਾਲਕ! ਇਹ ਭੇਟ ਹੁਣੇ ਲੈ ਕੇ ਮੇਰੇ ਤੇ ਕ੍ਰਿਤਾਰਥ ਕਰੋ।" ਫਿਰ ਗੁਰੂ ਜੀ ਨੇ ਕਲਿਜੁਗ ਨਾਲ ਸ਼ਬਦ ਦੀ ਅਗਲੀ ਪਉੜੀ ਕਹੀ॥ ੬੧॥

ਸ੍ਰੀ ਮੁਖਵਾਕ॥

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੪॥ ੧॥ (ਪੰਨਾ ੧੪)

ਜੇ ਮੈਂ ਵੱਡਾ ਰਾਜਾ ਬਣ ਜਾਵਾਂ, ਭਾਰੀ ਸੈਨਾ ਇਕੱਠੀ ਕਰ ਲਵਾਂ ਅਤੇ ਰਾਜ ਸਿੰਘਾਸਣ ਉਤੇ ਆਪਣਾ ਪੈਰ ਟਿਕਾ ਲਵਾਂ ਤੇ ਤਖਤ ਉਤੇ ਬਹਿ ਕੇ ਜੇ ਮੈਂ ਹੁਕਮ ਜਾਰੀ ਕਰਾਂ ਅਤੇ ਮਾਲੀਆ ਉਗਰਾਹਾਂ। ਹੇ ਨਾਨਕ! ਚਿੱਤ ਵਿਚ ਸਮਝ ਲਾ, ਇਹ ਸਾਰਾ ਕੁਝ ਹਵਾ ਦੇ ਬੁਲ੍ਹੇ ਵਾਂਗ ਲੰਘ ਜਾਣ ਵਾਲਾ ਹੈ॥ ੪॥

ਕਿਤੇ ਐਸਾ ਨਾ ਹੋਵੇ ਕਿ ਉਨ੍ਹਾਂ ਨੂੰ ਤੱਕ ਕੇ ਮੈਂ ਆਪਾ ਭੁੱਲ ਜਾਵਾਂ ਅਤੇ ਤੈਨੂੰ ਵਿਸਰ ਜਾਵਾਂ ਅਤੇ ਤੇਰੇ ਨਾਮ ਦਾ ਸਿਮਰਨ ਛੱਡ ਦੇਵਾਂ॥ ੪॥ ੧॥

ਚੌਪਈ- **ਪੁਨ ਕਲਿ ਬੋਲਜੋ ਹੁਇ ਕਰਿ ਦੀਨਾ। 'ਸੁਨਹੁ ਗੁਰੂ ਸਭਿ ਬਿਖੈ ਪ੍ਰਬੀਨਾ।
ਮੇਰੇ ਸਮੇ ਬਿਖੈ ਅਵਤਾਰਾ। ਨਰਨ ਉਧਾਰਨ ਕੋ ਤੁਮ ਧਾਰਾ॥ ੬੨॥**

ਫਿਰ ਕਲਿਜੁਗ ਬੜਾ ਦੀਨ ਹੋ ਕੇ ਬੋਲਿਆ, "ਹੇ ਗੁਰੂ ਜੀ! ਸੁਣੋ, ਤੁਸੀਂ ਹਰ ਤਰ੍ਹਾਂ ਨਾਲ ਨਿਪੁੰਨ ਹੋ, ਮੇਰੇ ਸਮੇਂ ਵਿਚ ਅਵਤਾਰ ਲਿਆ ਹੈ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਤੁਸੀਂ ਮਨੁੱਖਾ ਜਾਮਾ ਧਾਰਨ ਕੀਤਾ ਹੈ॥ ੬੨॥

**ਅਬ ਮੈਂ ਮਿਲਜੋ ਆਇ ਪਦ ਪਾਸਾ। ਮੇਲ ਅਫਲ ਕਿਉਂ ਕਰਿ ਸੁਖ ਰਾਸਾ!।
ਕੋਇ ਨ ਭੇਟ ਮੋਹਿ ਤੈਂ ਲੀਨੀ। ਮਮ ਮਨਸਾ ਨਹਿਂ ਪੂਰਨ ਕੀਨੀ॥੬੩॥**

ਹੁਣ ਮੈਂ ਆਪ ਦੇ ਚਰਨਾਂ ਪਾਸ ਆ ਕੇ ਮਿਲਿਆ ਹਾਂ, ਹੇ ਸੁਖਾਂ ਦੀ ਰਾਸ ਗੁਰੂ ਜੀ, ਇਹ ਮੇਲ ਨਿਸਫਲ ਕਿਉਂ ਹੋਵੇ। ਕੋਈ ਤਾਂ ਭੇਟਾ ਮੈਥੋਂ ਲੈ ਲਵੋ, ਮੇਰੀ ਮਨਸਾ ਤੁਸੀਂ ਪੂਰਨ ਨਹੀਂ ਕੀਤੀ॥ ੬੩॥

ਜੇ ਤੁਮ ਭੇਟ ਲੇਹ ਹੋ ਮੋਰੀ। ਤੋ ਜਾਨੌਂ ਕਿਰਪਾ ਭਈ ਤੋਰੀ।
ਨਾਤੁਰ ਹਰਖ ਨ ਹੁਇ ਉਰ ਮਾਂਹੀ। ਮਨਿ ਰਾਵਰ ਕੀ ਕਰੁਨਾ ਚਾਹੀ' ॥੬੪॥

ਜੇ ਤੁਸੀਂ ਭੇਟ ਸਵੀਕਾਰ ਕਰੋਗੇ ਤਾਂ ਮੈਂ ਇਹ ਸਮਝਾਂਗਾ ਕਿ ਤੁਹਾਡੀ ਕਿਰਪਾ ਹੋਈ ਹੈ। ਨਹੀਂ ਤਾਂ ਮੇਰਾ ਮਨ ਬੜਾ ਦੁੱਖੀ ਹੋਵੇਗਾ। ਮੇਰਾ ਮਨ ਆਪ ਦੀ ਕਿਰਪਾ ਚਾਹੁੰਦਾ ਹੈ"॥ ੬੪॥

ਅਸ ਆਤੁਰ ਸੁਨਿ ਕੈ ਤਿਹ ਬੈਨਾ। ਕ੍ਰਿਪਾ ਧਾਰਿ ਬੋਲੈ ਗੁਨ ਐਨਾ।
'ਭੇਟ ਦੇਨਿ ਕੀ ਚਾਹ ਜਿ ਤੋਹੀ। ਇਸ ਪ੍ਰਕਾਰ ਕੀ ਦੀਜੈ ਮੋਹੀ॥੬੫॥

ਕਲਿਜੁਗ ਦੇ ਬੜੇ ਆਤੁਰ ਬੋਲ ਸੁਣ ਕੇ ਗੁਰੂ ਕਿਰਪਾ ਧਾਰ ਕੇ ਬੋਲੇ, "ਜੇ ਤੇਰੀ ਭੇਟ ਦੇਣ ਦੀ ਚਾਹ ਹੈ, ਤਾਂ ਮੈਨੂੰ ਇਸ ਪ੍ਰਕਾਰ ਦੀ ਭੇਟ ਦੇਵੋ॥ ੬੫॥

ਜੋ ਸਿਖ ਹੈਂ ਮੇਰੇ ਹਿਤਕਾਰੀ। ਤਿਨ ਪਰ ਸੈਨ ਨ ਜਾਇ ਤੁਮਾਰੀ।
ਨਾਮੁ ਦਾਨ ਇਸ਼ਨਾਨ ਜੇ ਸਭਿ ਹੀ। ਇਨ ਤੇ ਨਹੀਂ ਭੁਲਾਵਹੁ ਕਬਹੀ॥੬੬॥

ਜਿਹੜੇ ਮੇਰੇ ਹਿਤਕਾਰੀ ਸਿੱਖ ਹਨ, ਉਨ੍ਹਾਂ ਉਤੇ ਤੁਹਾਡੀ ਸੈਨਾ ਨੂੰ ਚੜ੍ਹਾਈ ਨਹੀਂ ਕਰਨੀ ਚਾਹੀਦੀ। ਨਾਮ ਦਾਨ ਅਤੇ ਇਸ਼ਨਾਨ ਜੋ ਸਾਰੇ ਹਨ, ਇਨ੍ਹਾਂ ਤੋਂ ਕਦੇ ਵੀ ਵਿਸਰਨੇ ਨਹੀਂ ਚਾਹੀਦੇ॥ ੬੬॥

ਤਵ ਛਾਯਾ ਨਹਿ ਬਰਤੈ ਤਿਨ ਕੋ। ਮੋਰ ਬਚਨ ਮੈਂ ਨਿਸ਼ਚਾ ਜਿਨਕੋ।
ਜੇ ਤੁਮ ਦੇਨਾ ਤੋ ਇਹ ਦੀਜੈ। ਮਮ ਸੰਗਤ ਕੋ ਦੁਖੀ ਨ ਕੀਜੈ' ॥੬੭॥

ਤੇਰੀ ਛਾਇਆ ਦਾ ਉਨ੍ਹਾਂ 'ਤੇ ਵਰਤਾਰਾ ਨਹੀਂ ਹੋਣਾ ਚਾਹੀਦਾ, ਜਿਨ੍ਹਾਂ ਮੇਰੇ ਪ੍ਰੇਮੀਆਂ ਨੂੰ ਮੇਰੇ ਤੇ ਵਿਸ਼ਵਾਸ ਹੈ। ਜੇ ਤੂੰ ਭੇਟ ਦੇਣੀ ਹੀ ਚਾਹੁੰਦਾ ਹੈਂ ਤਾਂ ਇਹ ਭੇਟ ਦੇਵੋ, ਮੇਰੀ ਸੰਗਤ ਨੂੰ ਦੁਖੀ ਨਾ ਕਰੋ"॥ ੬੭॥

ਕਲਜੁਗ ਬੋਲਜੋ ਦ੍ਵੈ ਕਰ ਜੋਰੇ। 'ਕਹੌਂ ਪ੍ਰਭੂ ਤਵ ਚਰਨ ਨਿਹੋਰੇ।
ਆਇਸੁ ਮੈਂ ਤੁਮਰੀ ਸਿਰ ਧਰਨੀ। ਅਸ ਨਹਿੰ ਗਮਤਾ ਮੋਰਨ ਕਰਨੀ॥੬੮॥

ਕਲਿਜੁਗ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ! ਮੈਂ ਤੁਹਾਡੇ ਦੋਵੇਂ ਚਰਨ ਪੂਜ ਕੇ ਕਹਿੰਦਾ ਹਾਂ, ਤੁਹਾਡੀ ਆਗਿਆ ਮੇਰੇ ਸਿਰ ਮੱਥੇ ਹੈ, ਤੁਹਾਡੀ ਆਗਿਆ ਮੈ ਕਦੇ ਮੋੜ ਨਹੀਂ ਸਕਦਾ॥ ੬੮॥

ਦੋਹਰਾ- ਏਕੰਕਾਰ ਆਇਸੁ ਮੁਝੈ ਸੋ ਤੁਮ ਕਹਹੁ ਸੁਨਾਇ।
ਬੁੱਧਿ ਸਭਿਨਿ ਬਿਪਰੀਤ ਕਰਿ ਦੇਹੁ ਕੁਕਰਮ ਚਲਾਇ॥ ੬੯॥

ਹੇ ਏਕੰਕਾਰ! ਜਿਹੜੀ ਵੀ ਆਗਿਆ ਤੁਸੀਂ ਮੈਨੂੰ ਸੁਣਾ ਕੇ ਕਹੋਗੇ, ਉਨ੍ਹਾਂ ਸਾਰਿਆਂ ਦੀ ਬੁੱਧੀ ਉਲਟ ਕਰਕੇ ਕੁਕਰਮ ਚਲਾ ਦੇਵਾਂਗਾ॥ ੬੯॥

ਚੌਪਈ- ਚੋਰੀ, ਯਾਰੀ, ਨਿੰਦਾ, ਕੂਰੈ। ਲੰਪਟ, ਲੋਭੀ, ਤ੍ਰਿਸ਼ਨਾ ਭੂਰੈ।
ਬਾਟਪਾਰ ਸੋ ਸੂਰ ਕਹਾਵਹਿਂ। ਪਿਸ਼ਨ ਬਡੇ ਆਦਰ ਕੋ ਪਾਵਹਿਂ॥੭੦॥

ਚੋਰੀ, ਯਾਰੀ, ਨਿੰਦਾ, ਝੂਠ, ਲੋਭ, ਤ੍ਰਿਸ਼ਨਾ ਵਿਚ ਸਾਰੇ ਬਹੁਤ ਜ਼ਿਆਦਾ ਲੰਪਟ ਹਨ। ਲੁਟੇਰੇ ਜਿਹੜੇ ਆਪਣੇ ਆਪ ਨੂੰ ਬਹੁਤ ਸੂਰਮੇਂ ਕਹਾਉਂਦੇ ਹਨ। ਚੁਗਲਖੋਰ ਜਿਹੜੇ ਬਹੁਤ ਆਦਰ ਪਾਉਂਦੇ ਹਨ॥ ੭੦॥

ਬਹੁ ਬੋਲਤਿ ਸੇ ਗੁਣੀ ਕਹਾਵਹਿਂ। ਸਾਚ ਕਹੈ ਤਿਸ ਸਠ ਠਹਿਰਾਵਹਿਂ।

ਗੁਨੀਅਨ ਕੇਰ ਨਿਰਾਦਰ ਹੋਊ। ਭੂਪ ਨਿਕਟਿ ਬੈਠਹਿਂ ਸਠ ਜੋਊ ॥੭੧॥

ਜਿਹੜੇ ਬਹੁਤ ਬੋਲਦੇ ਹਨ, ਉਹ ਆਪਣੇ ਆਪ ਨੂੰ ਗੁਣੀ ਕਹਾਉਂਦੇ ਹਨ। ਜਿਹੜੇ ਸੱਚ ਕਹਿੰਦੇ ਹਨ, ਉਨ੍ਹਾਂ ਨੂੰ ਮੂਰਖ ਕਹਿੰਦੇ ਹਨ। ਜਿਹੜੇ ਗੁਣਵਾਨ ਹਨ, ਉਨ੍ਹਾਂ ਦਾ ਨਿਰਾਦਰ ਹੁੰਦਾ ਹੈ। ਰਾਜੇ ਲਾਗੇ ਜੋ ਬੈਠਦੇ ਹਨ ਉਹ ਮੂਰਖ ਹਨ ॥ ੭੧ ॥

ਦੋਹਰਾ- ਕਲਮਲ ਆਲਯ ਹੋਇਂ ਨਰ ਕ੍ਰਿਪਨ ਨ ਕਰਿਹੀਂ ਦਾਨ।
ਧਰਮਹਿਂ ਤੇ ਵਿਪਰੀਤ ਹੁਇ ਪਾਵਹਿਂ ਕਸ਼ਟ ਨਿਦਾਨ॥ ੭੨ ॥

ਮਨੁੱਖ ਪਾਪਾਂ ਦਾ ਘਰ ਹੋ ਗਏ ਹਨ ਅਤੇ ਕੰਜੂਸ ਕੁਝ ਦਾਨ ਵੀ ਨਹੀਂ ਕਰਦੇ। ਧਰਮ ਤੋਂ ਉਲਟ ਹੋ ਕੇ ਮੂਰਖ ਅੰਤ ਨੂੰ ਕਸ਼ਟ ਪਾਉਂਦੇ ਹਨ॥ ੭੨ ॥

ਚੌਪਈ- ਦਿਜ ਬਿਵਹਾਰੀ ਬਹੁਰ ਕਿਸਾਨਾ। ਤਿਨ ਕੋ ਆਦਰ ਹੋਇ ਮਹਾਨਾ।
ਬੇਦ ਪਾਠਕੀ ਤੱਤ ਬਿਚਾਰੀ। ਤਿਨਹਿਂ ਕਹਤਿ ਇਹ ਫਿਰਤਿ ਖੁਆਰੀ ॥੭੩॥

ਬ੍ਰਾਹਮਣ ਜਿਹੜੇ ਕਿਸਾਨਾਂ ਨਾਲ ਵਿਵਹਾਰ ਕਰਦੇ ਹਨ, ਉਨ੍ਹਾਂ ਦਾ ਮਹਾਨ ਆਦਰ ਹੁੰਦਾ ਹੈ। ਜਿਹੜੇ ਵੇਦ ਪਾਠ ਦੇ ਤੱਤ ਵਿਚਾਰਦੇ ਹਨ, ਤਿਨ੍ਹਾਂ ਨੂੰ ਇਹ ਕਹਿੰਦੇ ਹਨ ਇਹ ਫਜ਼ੂਲ ਫਿਰਦੇ ਹਨ॥ ੭੩ ॥

ਭੂਪ ਕਹੈਂ ਹਮ ਕੋ ਨਿਤ ਟੋਟੂ। ਪ੍ਰਜਾ ਕਹੇ ਹਮ ਲੇਹਿਂ ਖਸੋਟੂ।
ਸੰਨਯਾਸੀ ਸੰਚਹਿਂ ਬਹੁ ਧਨ ਕੋ। ਅਸਨ ਬਸਨ ਅਲਪ ਗ੍ਰਿਹਸਤਿਨ ਕੋ ॥੭੪॥

ਰਾਜੇ ਕਹਿੰਦੇ ਹਨ ਕਿ ਸਾਨੂੰ ਬੜੀ ਟੋਟ ਆਈ ਹੈ ਭਾਵ ਖਜ਼ਾਨੇ ਖਾਲੀ ਹਨ ਤੇ ਪਰਜਾ ਕਹਿੰਦੀ ਹੈ ਰਾਜੇ ਨੇ ਸਭ ਕੁਝ ਖੋਹ ਲਿਆ ਹੈ। ਸੰਨਿਆਸੀ ਬਹੁਤ ਧਨ ਇਕੱਠਾ ਕਰਦੇ ਹਨ ਤੇ ਗ੍ਰਹਿਸਤੀਆਂ ਪਾਸ ਵਸਤਰ ਤੇ ਭੋਜਨ ਦੀ ਘਾਟ ਹੈ॥ ੭੪ ॥

ਔਰ ਗਨਨ ਕਰਿ ਕਹਾਂ ਸੁਨਾਊ। ਮੋਰ ਸਮੈਂ ਕੋ ਜੌਨ ਪ੍ਰਭਾਊ।
ਜਹਿਂ ਸਤਿ, ਤਪ, ਬ੍ਰਤ, ਧਰਮ ਉਪਾਸਨ। ਸਭਿ ਇਕ ਬਾਰਹਿ ਕਰੋਂ ਬਿਨਾਸਨ ॥੭੫॥

ਹੋਰ ਗਿਣ ਕੇ ਕਿਥੋਂ ਤਕ ਸੁਣਾਵਾਂ। ਮੇਰੇ ਸਮੇਂ ਜਿਸ ਤਰ੍ਹਾਂ ਦਾ ਪ੍ਰਭਾਵ ਹੈ। ਸਤ, ਤਪ, ਬ੍ਰਤ, ਧਰਮ ਅਤੇ ਜੋ ਉਪਾਸਨਾ ਹੈ, ਇਨ੍ਹਾਂ ਸਭ ਦਾ ਇਕ ਵਾਰ ਵਿਚ ਹੀ ਨਾਸ ਕਰ ਸਕਦਾ ਹਾਂ॥ ੭੫ ॥

ਦੋਹਰਾ- ਆਇਸੁ ਅਸ ਕਰਤਾਰ ਕੀ ਸੋ ਤੁਮਰੀ ਹੀ ਹੋਇ।
ਅਬ ਜਿਹ ਬਿਧਿ ਉਚਰੋ ਪ੍ਰਭੂ! ਮੈਂ ਮਾਨੋਂਗਾ ਸੋਇ॥ ੭੬ ॥

ਜਿਸ ਤਰ੍ਹਾਂ ਕਰਤਾਰ ਭਾਵ ਗੁਰੂ ਜੀ ਦੀ ਆਗਿਆ ਹੈ, ਉਸ ਤਰ੍ਹਾਂ ਹੀ ਹੋਵੇਗਾ, ਹੇ ਪ੍ਰਭੂ! ਹੁਣ ਜਿਸ ਤਰ੍ਹਾਂ ਵੀ ਆਪ ਬਚਨ ਕਰੋਗੇ, ਮੈਂ ਉਨ੍ਹਾਂ ਨੂੰ ਮੰਨਾਂਗਾ॥ ੭੬ ॥

ਚੌਪਈ- ਮੈਂ ਆਇਸੁ ਰਾਵਰਿ ਅਨੁਸਾਰੀ। ਤਦਪਿ ਲੇਹੁ ਕੁਛ ਭੇਟ ਹਮਾਰੀ।
ਕੰਚਨ ਮੰਦਿਰ ਦਰਬ ਮਹਾਨਾ। ਜਬ ਲੇਵੋ ਹੋਵੋਂ ਹਰਖਾਨਾ।' ॥੭੭॥

ਮੈਂ ਆਪ ਜੀ ਦੀ ਆਗਿਆ ਅਨੁਸਾਰ ਰਹਾਂਗਾ ਤਦ ਹੀ ਮੈਥੋਂ ਕੁਝ ਭੇਟ ਲਵੋਗੇ। ਸੋਨੇ ਦੇ ਮਹਿਲ ਅਤੇ ਮਹਾਨ ਧਨ ਜਦ ਲਵੋ ਤਾਂ ਮੈਂ ਬਹੁਤ ਪ੍ਰਸੰਨ ਹੋਵਾਂ" ॥ ੭੭॥

ਸੁਨਿ ਕਰਿ ਬਿਗਸੇ ਸ਼੍ਰੀ ਗੁਨਖਾਨੀ। ਹ੍ਵੈ ਪ੍ਰਸੰਨ ਬੋਲੇ ਤਬ ਬਾਨੀ।
'ਸਭਿ ਜੁਗ ਤੇ ਬਡ ਤੇਜ ਤੁਮਾਰਾ। ਹੋਵਹਿਗੋ ਇਹ ਵਾਕ ਹਮਾਰਾ ॥੭੮॥

ਗੁਰੂ ਜੀ ਇਹ ਸੁਣ ਕੇ ਮੁਸਕਰਾਏ। ਪ੍ਰਸੰਨ ਹੋ ਕੇ ਤਦ ਉਨ੍ਹਾਂ ਆਪਣੇ ਬਚਨ ਕਹੇ, "ਸਭ ਜੁਗਾਂ ਤੋਂ ਵੱਡਾ ਤੇਰਾ ਤੇਜ ਹੋਵੇਗਾ। ਇਹ ਮੇਰੇ ਬਚਨ ਪੂਰੇ ਹੋਣਗੇ॥ ੭੮ ॥

ਤੋਰ ਕਾਲ ਕੀਰਤਿ ਕਰਤਾਰਾ। ਮਹਿਮਾ ਤਾਂਕੀ ਬਧੈ ਅਪਾਰਾ।
ਲਾਖ ਬਰਖ ਸਤਿਜੁਗ ਜੋ ਕਰਿਹੀ। ਅਯੁਤ ਬਰਖ ਤ੍ਰੇਤੇ ਚਿਤ ਧਰਿਹੀ ॥੭੯॥

ਤੇਰੇ ਸਮੇਂ ਵਿਚ ਕਰਤਾਰ ਦੀ ਕੀਰਤੀ ਹੋਵੇਗੀ ਅਤੇ ਉਸ ਦੀ ਮਹਿਮਾ ਅਪਾਰ ਵਧ ਜਾਵੇਗੀ। ਜਿਹੜਾ ਮਨੁੱਖ ਸਤਿਜੁਗ ਵਿਚ ਇਕ ਲੱਖ ਸਾਲ ਭੋਗਦਾ ਸੀ ਉਹੀ ਮਨੁੱਖ ਤ੍ਰੇਤੇ ਵਿਚ ਦਸ ਹਜ਼ਾਰ ਸਾਲ ਤਕ ਜੀਉਂਦਾ ਸੀ॥ ੭੯॥

ਦ੍ਵਾਪੁਰ ਕਰਤਿ ਜਿ ਬਰਖ ਹਜ਼ਾਰਾ। ਸੋ ਕਲਿ ਅਲਪ ਕਾਲ ਸੁਖਸਾਰਾ।
ਪ੍ਰੀਤਿ ਯੁਕਤ ਹਰਿ ਕੀਰਤਿ ਕਰਿਹੀ। ਸੋ ਤਤਕਾਲ ਬਿਖੈ ਭਵ ਤਰਿਹੀ ॥੮੦॥

ਦ੍ਵਾਪੁਰ ਵਿਚ ਜਿਹੜੇ ਹਜ਼ਾਰ ਸਾਲ ਭੋਗਦੇ ਸਨ, ਉਹ ਮਨੁੱਖ ਕਲਿਜੁਗ ਵਿਚ ਥੋੜ੍ਹੇ ਸਾਲਾਂ ਵਿਚ ਸਾਰਾ ਸੁੱਖ ਪ੍ਰਾਪਤ ਕਰ ਲਵੇਗਾ। ਜਿਹੜਾ ਹਰੀ ਦੀ ਕੀਰਤੀ ਨਾਲ ਪ੍ਰੀਤ ਕਰੇਗਾ, ਉਹ ਤੁਰੰਤ ਭਵਸਾਗਰ ਨੂੰ ਤਰ ਕੇ ਪਾਰ ਕਰ ਜਾਵੇਗਾ॥ ੮੦॥

ਬਹੁਰੋ ਚਹਿ ਤਜਿ ਦੇਨਿ ਉਪਾਇਨ। ਰਤਨ ਜੜੇ ਕੰਚਨ ਕੇ ਆਇਨ।
ਚਤੁਰਥ ਜਾਮਾ ਜਬ ਹਮ ਧਰਿ ਹੈਂ। ਮਾਯਾ ਸਹਿਤ ਲੇਨਿ ਤਬਿ ਕਰਿਹੈਂ' ॥੮੧॥

ਫਿਰ ਵੀ ਜੇ ਤੂੰ ਕੋਈ ਭੇਟ ਦੇਣੀ ਚਾਹੁੰਦਾ ਹੈਂ। ਸੋਨੇ ਅਤੇ ਰਤਨਾਂ ਜੜੇ ਮੰਦਰ ਦੇਣਾ ਚਾਹੁੰਦਾ ਹੈਂ, ਤਾਂ ਜਦ ਮੈਂ ਚੌਥੇ ਜਾਮੇਂ ਵਿਚ ਅਵਤਾਰ ਧਾਰਨ ਕਰਾਂਗਾ ਤਾਂ ਮਾਇਆ ਸਹਿਤ ਉਸ ਮੰਦਰ ਨੂੰ ਲੈ ਲਵਾਂਗਾ''॥ ੮੧॥

ਸੁਨਿ ਕਰਿ ਕਲਜੁਗ ਉਰ ਹਰਖਾਨਾ। ਕਰ ਪਦ ਬੰਦਨ ਬਚਨ ਬਖਾਨਾ।
'ਤੁਮ ਸੰਗਤ ਕੇ ਨਿਕਟਿ ਨ ਜੈਹੋਂ। ਆਨ ਜੀਵ ਦੰਭੀ ਦੁਖ ਦੈਹੋਂ॥ ੮੨॥

ਇਹ ਸੁਣ ਕੇ ਕਲਿਜੁਗ ਦਿਲ ਵਿਚ ਬਹੁਤ ਖੁਸ਼ ਹੋਇਆ ਤੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਕੇ ਬੋਲਿਆ, ''ਮੈਂ ਤੁਹਾਡੀ ਸੰਗਤ ਦੇ ਨੇੜੇ ਨਹੀਂ ਜਾਵਾਂਗਾ; ਹੋਰ ਦੰਭੀ ਜੀਵਾਂ ਨੂੰ ਦੁੱਖ ਦੇਵਾਂਗਾ॥ ੮੨॥

ਤੁਮਰੇ ਬਚਨ ਜਿ ਸਿੱਖ ਕਮਾਵਹਿਂ। ਤਿਨ ਪਰ ਮੋਰਾ ਕਛੁ ਨ ਬਸਾਵਹਿ'।
ਭੇਟ ਦੇਯ, ਬਰ ਗੁਰ ਤੇ ਲੇ ਕਰਿ। ਬਿਦਾ ਭਯੋ ਚਰਨਨ ਪਰ ਸਿਰ ਧਰਿ ॥੮੩॥

ਜਿਹੜਾ ਸਿੱਖ ਤੁਹਾਡੇ ਬਚਨਾਂ ਦੀ ਕਮਾਈ ਕਰੇਗਾ, ਉਸ ਉਤੇ ਮੇਰਾ ਕੋਈ ਵੀ ਵੱਸ ਨਹੀਂ ਚਲੇਗਾ।'' ਭੇਟ ਦੇ ਕੇ ਅਤੇ ਗੁਰੂ ਜੀ ਤੋਂ ਵਰ ਲੈ ਕੇ ਅਤੇ ਉਨ੍ਹਾਂ ਦੇ ਚਰਨਾਂ ਤੇ ਸਿਰ ਧਰ ਕੇ ਚਲਾ ਗਿਆ॥ ੮੩॥

ਪਢਹਿਂ ਸੁਨਹਿਂ ਸ਼ਰਧਾ ਉਰ ਥਾਪੈਂ। ਤਿਨ ਪਰ ਕਲਜੁਗ ਨਹੀਂ ਬਿਆਪੈ।
ਗਮਨੇ ਸ੍ਰੀ ਗੁਰ ਬਹੁਰ ਅਗਾਰੀ। ਲੋਕ ਉਧਾਰਨ ਪਰਉਪਕਾਰੀ॥ ੮੪॥

ਜਿਹੜੇ ਗੁਰੂ ਜੀ ਦੀ ਬਾਣੀ ਨੂੰ ਪੜ੍ਹਨ ਸੁਣਨਗੇ ਅਤੇ ਹਿਰਦੇ ਵਿਚ ਸ਼ਰਧਾ ਧਾਰਨ ਕਰਨਗੇ, ਉਨ੍ਹਾਂ ਉਤੇ ਕਲਿਜੁਗ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਫਿਰ ਗੁਰੂ ਜੀ ਜਿਹੜੇ ਪਰਉਪਕਾਰੀ ਲੋਕਾਂ ਦਾ ਉਧਾਰ ਕਰਨ ਆਏ ਸੀ, ਅੱਗੇ ਚਲ ਪਏ॥ ੮੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕਲਜੁਗ ਪ੍ਰਸੰਗ' ਬਰਨਨੰ ਨਾਮ ਦਸਮੋ ਅਧਯਾਯ॥ ੧੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਦਸਵਾਂ ਅਧਿਆਇ, ਜਿਸ ਦਾ ਨਾਮ ''ਜਗਨ ਨਾਥ, ਕਲਜੁਗ ਪ੍ਰਸੰਗ'' ਹੈ, ਸਮਾਪਤ ਹੋਇਆ॥ ੧੦॥

# ਅਧਿਆਇ ਗਿਆਰ੍ਹਵਾਂ

*ਇਕ ਗ੍ਰਾਮ ਮੁਨਾਫਿਕ ਦੇਸ਼*

ਦੋਹਰਾ-ਬਾਨੀ ਬਰਦਾਰਨੀ ਸੁਮਤਿ ਗੁਨ ਖਾਨੀ ਸੁਖ ਮੂਰ।
ਕੱਲਜਾਨੀ ਰਾਨੀ ਜਗਤ ਮਾਨੀ ਕਵਿ ਪਗ ਧੂਰ॥ ੧॥

ਹੇ ਸ਼ਾਰਦਾ! ਸ੍ਰੇਸ਼ਟ ਬੁੱਧੀ ਅਤੇ ਸਾਰੇ ਗੁਣਾਂ ਦੀ ਖਾਣ, ਸੁੱਖਾਂ ਦਾ ਮੂਲ, ਕੁਸ਼ਲਤਾ ਦੇਣ ਵਾਲੀ, ਜਗਤ ਵਿਚ ਪ੍ਰਕਾਸ਼ਮਾਨ, ਤੇਰੇ ਪੈਰਾਂ ਦੀ ਧੂੜ ਨੂੰ ਕਵੀਆਂ ਨੇ ਸਨਮਾਨਿਆ ਹੈ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਰਸਾਵਲ ਛੰਦ-ਚਲੇ ਫੇਰ ਆਗੈ। ਪਿਖੇ ਪਾਪ ਭਾਗੈਂ।
ਮਹਾਂ ਦਾਨ ਦਾਤਾ। ਸਭੈ ਲੋਕ ਖਜਾਤਾ॥ ੨॥

ਗੁਰੂ ਜੀ ਫਿਰ ਅੱਗੇ ਚਲ ਪਏ, ਜਿਨ੍ਹਾਂ ਨੂੰ ਵੇਖ ਕੇ ਪਾਪ ਭੱਜ ਜਾਂਦੇ ਹਨ। ਮਹਾਨ ਦਾਨ ਦਾਤਾ ਹਨ ਅਤੇ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ॥ ੨॥

ਸੁਭੈਂ ਸੰਗਿ ਦੋਊ। ਬਡੇ ਭਾਗ ਜੋਊ।
ਅਯੋ ਏਕ ਗ੍ਰਾਮੰ। ਪਿਖਯੋ ਗਯਾਨ ਧਾਮੰ॥ ੩॥

ਦੋਵੇਂ ਸਾਥੀ ਨਾਲ ਸ਼ੋਭਾ ਪਾ ਰਹੇ ਹਨ, ਜਿਨ੍ਹਾਂ ਦੇ ਵੱਡੇ ਭਾਗ ਹਨ, ਇਕ ਪਿੰਡ ਆਇਆ। ਗਿਆਨ ਦਾ ਘਰ ਭਾਵ ਗੁਰੂ ਜੀ ਨੇ ਵੇਖਿਆ॥ ੩॥

ਤਹਾਂ ਬ੍ਰਿੱਛ ਹੇਰਾ। ਤਹਾਂ ਕੀਨ ਡੇਰਾ।
ਇਕੰ ਡੂਮ ਆਯੋ। ਛੁਧਾ ਤੇ ਦੁਖਾਯੋ॥ ੪॥

ਓਥੇ ਇਕ ਬ੍ਰਿਛ ਵੇਖਿਆ, ਓਥੇ ਡੇਰਾ ਜਮਾ ਲਿਆ, ਇਕ ਡੂਮ ਆਇਆ, ਜਿਸ ਨੂੰ ਬਹੁਤ ਭੁੱਖ ਲੱਗੀ ਸੀ॥ ੪॥

ਕਹੇ ਬੈਨ ਐਸੇ। 'ਪਿਖੋਂ ਭੂਪ ਜੈਸੇ।
ਕਛੂ ਦੇਹੁ ਭਿੱਛਾ। ਕਰੋ ਪੂਰਿ ਇੱਛਾ॥ ੫॥

ਉਸ ਨੇ ਆ ਕੇ ਕਿਹਾ, "ਰਾਜਿਆਂ ਵਰਗੇ ਲੱਗਦੇ ਹੋ, ਕੁਝ ਭਿਖਿਆ ਦੇਵੋ ਅਤੇ ਮੇਰੀ ਇੱਛਾ ਪੂਰਨ ਕਰੋ॥ ੫॥

ਉਦਾਰੀ ਦਿਦਾਰੀ। ਅਸ਼ੋਕੀ ਲਿਲਾਰੀ।'
ਸੁਨਯੋ ਸ੍ਰੋਨ ਬੈਨੰ। ਦਯਾਵਾਨ ਨੈਨੰ॥ ੬॥

ਸਖੀ ਦੀਦਾਰ ਵਾਲੇ ਹੋ, ਖਿੜੇ ਮੱਥੇ ਵਾਲੇ ਹੋ।" ਜਦ ਉਸ ਦੀ ਗੱਲ ਕੰਨਾਂ ਨਾਲ ਸੁਣੀ ਤਾਂ ਗੁਰੂ ਜੀ ਦੇ ਨੈਣ ਦਇਆਵਾਨ ਹੋ ਗਏ॥ ੬॥

ਦਿਪੈ ਰੂਪ ਸ਼ੋਭਾ। ਕਵੀ ਚਿੱਤ ਲੋਭਾ।
ਭਨੇ ਬੈਨ ਐਸੇ। ਸੁਧਾ ਸਾਨ ਜੈਸੇ॥ ੭॥

ਗੁਰੂ ਜੀ ਦੇ ਰੂਪ ਦੀ ਸ਼ੋਭਾ ਪ੍ਰਕਾਸ਼ਦੀ ਹੈ। ਕਵੀ ਚਿਤ ਲੋਭ ਵਿਚ ਆ ਗਿਆ। ਇਸ ਤਰ੍ਹਾਂ ਬਚਨ ਕਹੇ ਜਿਵੇਂ ਅੰਮ੍ਰਿਤ ਸਹਿਤ ਹਨ॥ ੭॥

'ਜੁ ਹੈ ਮੂਲ ਸਾਖੀ। ਤਹਾਂ ਦੇਖਿ ਆਂਖੀ।
ਜੁ ਚਾਹੋ ਸੁ ਪਾਵੈਂ। ਨਿਸੰਸੈ ਦਿਵਾਵੈਂ'॥ ੮॥

''ਜਿਹੜਾ ਬ੍ਰਿਛ ਦਾ ਮੁੱਢ ਹੈ, ਓਥੇ ਅੱਖਾਂ ਨਾਲ ਵੇਖ, ਜੋ ਚਾਹੁੰਦਾ ਹੈਂ ਉਹ ਹੀ ਤੈਨੂੰ ਪ੍ਰਾਪਤ ਹੋ ਜਾਵੇਗਾ। ਕਿਸੇ ਸ਼ੱਕ ਤੋਂ ਬਗੈਰ ਤੈਨੂੰ ਦਿਵਾ ਦੇਵਾਂਗੇ''॥ ੮॥

ਗਯੋ ਡੂਮ ਧਾਈ। ਅਸ਼ਰਫੀ ਸੁ ਪਾਈ।
ਲਈ ਸੁਖ ਪਾਯੋ। ਨਿਜੰ ਗ੍ਰਾਮ ਆਯੋ॥ ੯॥

ਡੂਮ ਦੌੜ ਕੇ ਓਥੇ ਗਿਆ, ਓਥੇ ਉਸ ਨੂੰ ਇਕ ਮੋਹਰ ਮਿਲੀ, ਪ੍ਰਾਪਤ ਕਰਕੇ ਸੁੱਖ ਪਾਇਆ ਤੇ ਫਿਰ ਆਪਣੇ ਨਿਜੀ ਪਿੰਡ ਆ ਗਿਆ॥ ੯॥

ਸਭੈ ਕੋ ਸੁਨਾਯੋ। 'ਇਕੰ ਸੰਤ ਆਯੋ।
ਜੁ ਚਾਹੈ ਸੁ ਦੇਈ। ਉਦਾਰੰ ਬਡੇਈ'॥ ੧੦॥

ਪਿੰਡ ਵਿਚ ਉਸ ਸਾਰਿਆਂ ਨੂੰ ਸੁਣਾਇਆ, ''ਇਕ ਸੰਤ ਆਇਆ ਹੈ, ਜੋ ਤੁਸੀਂ ਮੰਗੋ ਉਹ ਕੁਝ ਹੀ ਦਿੰਦਾ ਹੈ, ਉਹ ਵੱਡਾ ਕ੍ਰਿਪਾਲੂ ਹੈ''॥ ੧੦॥

ਸੁਨਜੋ ਸ਼੍ਰੌਨ ਬੈਨੰ। ਹੁਤੇ ਦੀਨ ਜੈਨੰ।
ਗਏ ਤਾਂਹਿ ਧਾਈ। ਬਿਰਾਜੈਂ ਜਿ ਜਾਂਹੀ॥ ੧੧॥

ਜਦ ਲੋਕਾਂ ਨੇ ਆਪਣੇ ਕੰਨਾਂ ਨਾਲ ਇਹ ਗੱਲ ਸੁਣੀ, ਜਿੰਨੇ ਵੀ ਓਥੇ ਗਰੀਬ ਰਹਿੰਦੇ ਸਨ, ਓਥੇ ਦੌੜ ਕੇ ਗਏ, ਜਿਥੇ ਗੁਰੂ ਜੀ ਬਿਰਾਜ ਰਹੇ ਸਨ॥ ੧੧॥

ਦੋਹਰਾ- ਜੋ ਜੋ ਜਾਚਹਿਂ ਆਇ ਨਰ ਸੋ ਸੋ ਦੇਹਿਂ ਬਤਾਇ।
ਕਿਹ ਸਥਾਨ ਕਿਹ ਤਰੁ ਤਰੇ, ਜਾਇਂ ਤਹਾਂ ਤੇ ਪਾਇਂ॥ ੧੨॥

ਜਿਹੜੀ-ਜਿਹੜੀ ਚੀਜ਼ ਲੋਕ ਆ ਕੇ ਮੰਗਦੇ ਸਨ, ਉਹ ਕੁਝ ਹੀ ਉਨ੍ਹਾਂ ਨੂੰ ਦੱਸ ਦਿੰਦੇ ਸਨ। ਕਿਸੇ ਸਥਾਨ, ਕਿਸੇ ਦਰੱਖਤ ਥੱਲੇ, ਓਥੇ ਜਾ ਕੇ ਪਾ ਲੈਂਦੇ ਸਨ॥ ੧੨॥

ਰਸਾਵਲ ਛੰਦ- ਜਸੰ ਦੇਸ਼ ਫੈਲਾ॥ ਅਘੰਕੰ ਕਟੈਲਾ।
'ਮਹਾਂ ਸੰਤ ਰੂਰਾ। ਹੁਵੈ ਬੈਨ ਪੂਰਾ॥ ੧੩॥

ਪਾਪਾਂ ਦੇ ਕੱਟਣ ਵਾਲੇ ਗੁਰੂ ਜੀ ਦੀ ਕੀਰਤੀ ਸਾਰੇ ਦੇਸ਼ ਵਿਚ ਫੈਲ ਗਈ। ਕਹਿੰਦੇ ਸਨ ''ਉਹ ਸੁੰਦਰ ਮਹਾਨ ਸੰਤ ਹੈ, ਉਸ ਦਾ ਹਰ ਬਚਨ ਪੂਰਾ ਹੁੰਦਾ ਹੈ॥ ੧੩॥

ਬਡੋ ਦੀਨ ਦਾਨੀ। ਨ ਕੋਊ ਸਮਾਨੀ'।
ਸੁਨੈਂ ਲੋਕ ਜੋਊ। ਪਿਖੈਂ ਧਾਇ ਸੋਊ॥ ੧੪॥

ਵੱਡਾ ਦੀਨ ਤੇ ਦਾਨੀ ਹੈ, ਉਸ ਦੇ ਬਰਾਬਰ ਕੋਈ ਨਹੀਂ ਹੈ।'' ਜਿਹੜੇ ਵੀ ਲੋਕ ਸੁਣਦੇ ਸਨ, ਉਹ ਹੀ ਵੇਖਣ ਵਾਸਤੇ ਭੱਜੇ ਆਉਂਦੇ ਸਨ॥ ੧੪॥

ਜਬੈ ਜਾਇ ਹੇਰੈਂ। ਕਰੈਂ ਚਿਤ ਚੇਰੈਂ।
ਭਈ ਭੀਰ ਭਾਰੀ। ਨਮੋ ਕੈ ਨਿਹਾਰੀ॥ ੧੫॥

ਜਦ ਜਾ ਕੇ ਵੇਖਦੇ ਸਨ ਤਾਂ ਚਿਤ ਨੂੰ ਚੇਲਾ ਬਣਾ ਲੈਂਦੇ ਸਨ। ਭਾਰੀ ਭੀੜ ਵੱਧ ਗਈ ਸੀ, ਨਮਸ਼ਕਾਰ ਕਰਕੇ ਦਰਸ਼ਨ ਕਰਦੇ ਸਨ॥ ੧੫॥

ਕਰੈਂ ਜੋਰ ਦੋਊ। ਭਨੇ ਬੈਨ ਸੋਊ।
'ਨਿਜੰ ਜੋ ਪਦੇਸ਼ਾ। ਕਰੋ, ਸ਼ਾਂਤਿ ਬੇਸ਼ਾ!'॥ ੧੬॥

ਦੋਵੇਂ ਹੱਥ ਜੋੜ ਕੇ ਬੇਨਤੀ ਕਰਦੇ ਸਨ। "ਆਪ ਜੀ ਦਾ ਜੋ ਉਪਦੇਸ਼ ਹੈ, ਹੇ ਸ਼ਾਂਤ ਸਰੂਪ ਜੀ! ਸਾਨੂੰ ਉਹ ਉਪਦੇਸ਼ ਦੇਵੋ"॥ ੧੬॥

ਦੋਹਰਾ- ਹੇਰਤਿ ਹੀ ਉਰ ਬਿਮਲ ਹੁਇ ਗੁਰ ਦਰਸ਼ਨ ਪਰਤਾਪ।
ਨਿੰਮ੍ਰ ਭਏ ਉਪਦੇਸ਼ ਲੈ ਚਹਿਤ ਨਿਕੰਦਨ ਪਾਪ॥ ੧੭॥

ਗੁਰੂ ਜੀ ਦੇ ਦਰਸ਼ਨਾਂ ਦਾ ਪਰਤਾਪ ਕਰਕੇ ਵੇਖਦਿਆਂ ਹੀ ਹਿਰਦਾ ਨਿਰਮਲ ਹੋ ਜਾਂਦਾ ਸੀ। ਉਪਦੇਸ਼ ਲੈ ਕੇ ਨਿਮਰ ਹੋ ਜਾਂਦੇ ਸਨ ਤੇ ਪਾਪਾਂ ਦਾ ਨਾਸ਼ ਕਰਨਾ ਚਾਹੁੰਦੇ ਸਨ॥ ੧੭॥

ਰਸਾਵਲ ਛੰਦ- ਸੁਨੀ ਦੀਨਤਾਈ। ਦਯਾ ਹੇਰਿ ਆਈ।
ਦਲੰ ਕੰਜ ਨੈਨਾ। ਭਨੇਂ ਸਾਰ ਬੈਨਾ॥ ੧੮॥

ਜਦ ਦੀਨਤਾਈ ਸੁਣੀ ਤਾਂ ਵੇਖ ਕੇ ਦਇਆ ਆਈ। ਕੰਵਲ ਦੇ ਪੱਤਿਆਂ ਵਰਗੇ ਨੈਣਾਂ ਵਾਲੇ ਨੇ ਸ੍ਰੇਸ਼ਟ ਬਚਨ ਕਹੇ॥ ੧੮॥

'ਕਰੋ ਸੰਤ ਸੇਵਾ। ਜਪੋ ਨਾਮ ਦੇਵਾ।
ਰਿਦੇ ਭਾਉ ਧਾਰੋ। ਵਿਕਾਰੰ ਨਿਵਾਰੋ॥ ੧੯॥

"ਸੰਤ ਦੀ ਸੇਵਾ ਕਰੋ, ਸਤਿਨਾਮ ਦਾ ਜਾਪ ਕਰੋ। ਹਿਰਦੇ ਵਿਚ ਪ੍ਰੇਮ ਭਾਵਨਾ ਧਾਰਨ ਕਰੋ, ਵਿਕਾਰਾਂ ਨੂੰ ਛੱਡ ਦੇਵੋ॥ ੧੯॥

ਚਿਤੰ ਕਾਲ ਦੀਜੈ। ਦਿਨੰ ਦੇਹਿ ਛੀਜੈ।
ਪਦੰ ਕੰ ਪਖਾਰੇ। ਸੁਖੰ ਦੇਨਵਾਰੇ॥ ੨੦॥

ਮੌਤ ਨੂੰ ਹਰ ਵੇਲੇ ਚੇਤੇ ਰੱਖੋ, ਦਿਨ ਬਦਿਨ ਦੇਹ ਖੀਣ ਹੋ ਰਹੀ ਹੈ। ਸੁਖਦਾਤੇ ਦੇ ਚਰਨਾਂ ਦੀ ਪਾਹੁਲ ਲਵੋ॥ ੨੦॥

ਲਏ ਹਾਥ ਬਾਲਾ। ਦਏ ਕੈ ਨਿਹਾਲਾ।
ਭਏ ਸਿੱਖ ਸੋਊ। ਬਡੇ ਭਾਗ ਜੋਊ॥ ੨੧॥

ਬਾਲੇ ਨੇ ਆਪਣੇ ਹੱਥ ਵਿਚ ਲਿਆ ਤੇ ਸਾਰਿਆਂ ਨੂੰ ਚਰਨ ਪਾਹੁਲ ਪਿਆ ਕੇ ਨਿਹਾਲ ਕਰ ਦਿੱਤਾ। ਉਹ ਸਾਰੇ ਗੁਰੂ ਜੀ ਦੇ ਸਿੱਖ ਹੋ ਗਏ, ਜਿਨ੍ਹਾਂ ਦੇ ਵੱਡੇ ਭਾਗ ਹਨ॥ ੨੧॥

ਤੋਟਕ ਛੰਦ-ਤਿਸ ਦੇਸ਼ ਨਰੇਸ਼ ਸੁਨਜੋ ਸ੍ਰਵਨੰ। 'ਸਤਿ ਸੰਤ ਸਰੂਪ ਅਜੋ ਰਵਨੰ।
ਗਤਿ ਦਾ ਬਲਵਾਨ ਬਿਸਾਲ ਕਲਾ। ਅਵਲੋਕਤਿ ਲੋਚਨ ਹੋਤਿ ਭਲਾ॥੨੨॥

ਜਦ ਉਸ ਦੇਸ਼ ਦੇ ਰਾਜੇ ਨੇ ਆਪਣੇ ਕੰਨਾਂ ਨਾਲ ਗੁਰੂ ਜੀ ਬਾਰੇ ਸੁਣਿਆ, "ਇਕ ਸੁੰਦਰ ਸੱਚਾ ਸੰਤ ਸਰੂਪ ਆਇਆ ਹੈ। ਬਲਵਾਨ ਗਤੀ ਵਾਲਾ ਹੈ ਅਤੇ ਵਿਸ਼ਾਲ ਕਲਾਵਾਨ ਹੈ, ਅੱਖਾਂ ਨਾਲ ਵੇਖਣ ਨਾਲ ਹੀ ਭਲਾ ਹੋ ਜਾਂਦਾ ਹੈ"॥ ੨੨॥

ਤਟ ਭੇਟਨ ਕੋ ਪਟ ਭੇਟ ਲਈ। ਘਟ ਕੋ ਪਟ ਪਾਟਹਿਂ ਤ੍ਰਿੱਟ ਭਈ।
ਭਟ ਭੀਰ ਲਏ ਚਲਿ ਆਇ ਤਹਾਂ। ਅਰ ਬਿੰਦ ਬਿਲੋਚਨ ਬੈਸਿ ਜਹਾਂ॥੨੩॥

ਉਸ ਨੇ ਨੇੜੇ ਜਾ ਕੇ ਮਿਲਣ ਲਈ ਵਸਤਰਾਂ ਦੀ ਭੇਟਾ ਲਈ। 'ਮਨ ਦੇ ਪੜ੍ਹਦੇ ਪਾਟ ਜਾਣ' ਹਿਰਦੇ ਵਿਚ ਇਹ ਇੱਛਾ ਧਾਰਨ ਕੀਤੀ। ਬੜੇ ਸੂਰਮੇ ਨਾਲ ਲੈ ਕੇ ਚਲ ਕੇ ਓਥੇ ਆਇਆ ਜਿਥੇ ਕੰਵਲ ਨੈਣ ਭਾਵ ਗੁਰੂ ਜੀ ਬੈਠੇ ਹੋਏ ਸਨ॥ ੨੩॥

ਕਰ ਬੰਦਿ ਕਰੀ ਪਦ ਬੰਦਨਤਾ। ਚਖ ਸੌਂ ਮੁਖ ਦੇਖਿ ਅਨੰਦਵਤਾ।
ਭਨਿ ਆਨਨ ਬੇਨਤਿ ਦੀਨ ਮਨੰ। 'ਉਪਕਾਰ ਕਿ ਹੇਤੁ ਧਰਜੇ ਸੁ ਤਨੰ ॥੨੪॥

ਉਸ ਨੇ ਹੱਥ ਜੋੜ ਕੇ ਚਰਨ ਬੰਦਨਾ ਕੀਤੀ। ਅੱਖਾਂ ਨਾਲ ਸੁੰਦਰ ਮੁੱਖ ਵੇਖ ਕੇ ਅਨੰਦਿਤ ਹੋ ਗਿਆ। ਆਪਣੇ ਮਨ ਨੂੰ ਬੜਾ ਦੀਨ ਬਣਾ ਕੇ ਬੇਨਤੀ ਕੀਤੀ, "ਉਪਕਾਰ ਹੇਤ ਤੁਸੀਂ ਸਰੀਰ ਧਾਰਨ ਕੀਤਾ ਹੈ॥ ੨੪॥

ਉਪਦੇਸ਼ ਦਿਜੈ, ਨਿਜ ਸਿੱਖ ਕਰੋ। ਭਵ ਬੰਧ ਅਮੰਕਨ ਮੈਲ ਹਰੋ।
ਸੁਨਿ ਕੀਰਤਿ ਕੋ ਸ਼ਰਧਾ ਧਰਿਕੈ। ਪਗ ਆਨਿ ਗਹੇ ਜਮ ਤੇ ਡਰਿਕੈ' ॥੨੫॥

ਉਪਦੇਸ਼ ਦੇ ਕੇ ਮੈਨੂੰ ਆਪਣਾ ਸਿੱਖ ਬਣਾਉ। ਸੰਸਾਰ ਦੇ ਬੰਧਨਾਂ ਦੇ ਪਾਪਾਂ ਦੀ ਮੈਲ ਨੂੰ ਦੂਰ ਕਰੋ। ਕੀਰਤੀ ਸੁਣ ਕੇ ਸ਼ਰਧਾ ਧਾਰਨ ਕਰਕੇ, ਜਮਾਂ ਤੋਂ ਡਰ ਕੇ ਤੁਹਾਡੇ ਚਰਨ ਆਣ ਫੜੇ ਹਨ" ॥ ੨੫॥

ਸੁਨਿਕੇ ਸੁਖਦਾਨ ਭਨੇ ਬਚਨਾ। ਜਿਨ ਮੈਂ ਗਤਿ ਦੇਵਨ ਕੀ ਰਚਨਾ।
'ਸੁਖ ਮੈਂ ਦੁਖ ਮੈਂ ਨਿਤ ਨਾਮ ਭਜੋ। ਸਤਿ ਸੰਗਤ ਪ੍ਰੀਤਿ ਰਿਦੈ ਨ ਤਜੋ ॥੨੬॥

ਇਹ ਸੁਣ ਸੁੱਖਾਂ ਦੇ ਦਾਤੇ ਨੇ ਬਚਨ ਕੀਤੇ, ਜਿਨ੍ਹਾਂ ਵਿਚ ਦੂਜਰਿਆਂ ਨੂੰ ਮੁਕਤੀ ਦੇਣ ਦੀ ਸ਼ਕਤੀ ਸੀ। "ਸੁੱਖ ਵਿਚ, ਦੁੱਖ ਵਿਚ ਨਿਤ ਨਾਮ ਜਪੋ। ਸਤਿਸੰਗਤ ਦੀ ਪ੍ਰੀਤ ਨੂੰ ਕਦੇ ਵੀ ਹਿਰਦੇ ਵਿਚੋਂ ਨਾ ਛੱਡੋ॥ ੨੬॥

ਤਨ ਮਾਨੁਖ ਲਾਲ ਅਮੋਲ ਭਲਾ। ਤਿਹ ਕੌਡਿਨਿ ਕੋ ਨ ਕਰੋ ਬਦਲਾ।
ਸਤਿਸੰਗਤ ਸੇਵ ਪਦਾਰਥ ਜੋ। ਤਨ ਦੇਯ ਕਰੋ ਨਿਜ ਸ੍ਵਾਰਥ ਜੋ॥ ੨੭॥

ਮਨੁੱਖ ਦਾ ਸਰੀਰ ਬੜਾ ਅਮੋਲਕ ਅਤੇ ਰਤਨ ਹੈ, ਇਸ ਨੂੰ ਕੌਡਿਆਂ ਵਿਚ ਨਾ ਬਦਲ ਦੇਵੋ। ਸਤਿਸੰਗਤ ਦੀ ਸੇਵਾ ਵਿਚ ਜੋ ਪਦਾਰਥ ਮਿਲਦਾ ਹੈ ਉਸ ਸਰੀਰ ਨੂੰ ਆਪਣੇ ਸਵਾਰਥ ਹਿਤ ਵੈਸਾ ਕਰੋ॥ ੨੭॥

ਭੁਜੰਗ ਪ੍ਰਯਾਤ ਛੰਦ- ਕਰੋ ਸੰਤਸੰਗੰ ਚਿਰੰਕਾਲ ਹੇਤਾ। ਰਿਦਾ ਸ਼ੁੱਧ ਹੋਵੈ ਭਜੋ ਨਾਮ ਸ੍ਰੇਤਾ'।
ਕਹੇ ਬੈਨ ਐਸੇ ਪਦੰ ਧੋਇ ਦੀਨੀ। ਕਰੀ ਧਰਮਸਾਲੰ ਭਲੀ ਰੀਤਿ ਚੀਨੀ ॥੨੮॥

ਦੇਰ ਤਕ ਸਤਿਸੰਗ ਕਰੋ ਤਾਂਕਿ ਹਿਰਦਾ ਸ਼ੁੱਧ ਹੋਵੇ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ।" ਇਸ ਤਰ੍ਹਾਂ ਕਹਿ ਕੇ ਦੋਵੇਂ ਚਰਨ ਧੋ ਕੇ ਚਰਨ ਪਾਹੁਲ ਤਿਆਰ ਕੀਤੀ ਅਤੇ ਭਲੀ ਰੀਤੀ ਅਨੁਸਾਰ ਰਾਜੇ ਨੂੰ ਦਿੱਤੀ। ਜਦ ਰਾਜੇ ਨੇ ਇਹ ਭਲੀ ਰੀਤੀ ਜਾਣੀ ਤਾਂ ਉਸ ਓਥੇ ਇਕ ਧਰਮਸਾਲਾ ਬਣਾਈ॥ ੨੮॥

ਕਿਤੇ ਦਯੋਸ ਬਾਸੇ ਚਲੇ ਔਰ ਦੇਸ਼ਾ। ਕਲੀ ਕਾਲ ਕੇ ਤਾਰਿਬੇ ਜਾਂਹਿ ਬੇਸਾ।
ਲਏ ਸੰਗ ਮੋ ਕੋ ਚਲੇ ਜਾਹਿੰ ਤੀਨੋ। ਅਘੰ ਦੰਭ ਭਾਰੋ ਛਿਤੰ ਹੀਣ ਕੀਨੋ ॥੨੯॥

ਕਈ ਦਿਨ ਓਥੇ ਠਹਿਰੇ, ਅਤੇ ਫਿਰ ਹੋਰ ਕਿਸੇ ਦੇਸ਼ ਵਲ ਚਲ ਪਏ। ਜਿਥੇ ਵੀ ਜਾ ਕੇ ਬੈਠਦੇ ਸਨ, ਕਲਿਜੁਗ ਦੇ ਜੀਵਾਂ ਨੂੰ ਤਾਰਦੇ ਸਨ। ਮੈਨੂੰ ਅਤੇ ਮਰਦਾਨੇ ਨੂੰ ਨਾਲ ਲੈ ਕੇ ਤਿੰਨੇ ਹੀ ਜਾਂਦੇ ਸੀ। ਪਾਪ, ਦੰਭ ਦੇ ਭਾਰ ਤੋਂ ਧਰਤੀ ਨੂੰ ਹੋਲਾ ਕਰਦੇ ਸਨ॥ ੨੯॥

ਤੋਟਕ ਛੰਦ- ਜਿਹ ਨਾਮ ਮੁਨਾਫਿਕ ਦੇਸ਼ ਅਹੈ। ਹਰਿ ਨਾਮ ਬਿਹੀਨ ਅਧੀਨ ਰਹੈ।
ਸਤਿ ਸੰਗਤਿ ਰੀਤਿ ਨ ਕਾਨ ਸੁਨੀ। ਸਭਿ ਮੂਰਖ ਮਾਨਵ ਕੋ ਨ ਗੁਨੀ ॥੩੦॥

ਜਿਥੇ ਮੁਨਾਫਕ ਨਾਮੀ ਦੇਸ਼ ਵੱਸਦਾ ਸੀ, ਉਹ ਨਗਰ ਹਰੀ ਦੇ ਨਾਮ ਤੋਂ ਬਗ਼ੈਰ ਰਹਿ ਰਿਹਾ ਸੀ। ਉਥੇ ਕਿਸੇ ਨੇ ਸਤਿਸੰਗਤ ਦੀ ਰੀਤ ਕੰਨਾਂ ਨਾਲ ਵੀ ਨਹੀਂ ਸੁਣੀ ਸੀ। ਸਾਰੇ ਮਨੁੱਖ ਮੂਰਖ ਸਨ ਅਤੇ ਉਨ੍ਹਾਂ ਵਿਚ ਕੋਈ ਵੀ ਗੁਣ ਨਹੀਂ ਸੀ॥ ੩੦॥

ਕਰਤਾਰ ਨ ਜਾਨਹਿਂ ਕੌਨ, ਕਹਾਂ। ਘਰ ਕਾਜ ਰਚੇ ਤਮ ਮੋਹ ਮਹਾਂ।
ਭਗਤੀ ਬਿਨ ਭੂਲ ਭੁਵਾਰਿ ਪਰੇ। ਨਰ ਮੂਰਖ ਚੀਨ ਨ ਨਾਮ ਹਰੇ॥ ੩੧॥

ਉਹ ਇਹ ਜਾਣਦੇ ਹੀ ਨਹੀਂ ਸਨ ਕਿ ਕਰਤਾਰ ਕੌਣ ਹੈ ਅਤੇ ਕਿੱਥੇ ਰਹਿੰਦਾ ਹੈ ? ਘਰ ਦੇ ਕੰਮ ਕਾਜ ਵਿਚ ਉਲਝੇ ਹੋਏ ਸਨ ਤੇ ਮੋਹ ਦੇ ਹਨੇਰੇ ਵਿਚ ਫਸੇ ਹੋਏ ਸਨ। ਭਗਤੀ ਤੋਂ ਬਗ਼ੈਰ ਭੁੱਲੇ ਹੋਏ ਭੰਬਲ ਭੂਸਿਆਂ ਵਿਚ ਪਏ ਸਨ, ਮੂਰਖ ਮਨੁੱਖ ਹਰੀ ਦੇ ਨਾਮ ਨੂੰ ਜਾਣਦੇ ਹੀ ਨਹੀਂ ਸਨ॥ ੩੧॥

ਕਰੁਨਾਕਰ ਹੇਰਿ ਭਈ ਕਰੁਨਾ। ਇਸ ਦੇਸ਼ ਨ ਕੀਰਤਿ ਆਚਰਨਾ।
ਪਰਲੋਕਹਿ ਕੀ ਸੁਧ ਏਕ ਨਹੀਂ। ਸਭ ਨਾਰਕ ਜਾਵਹਿਂ ਦੂਖ ਸਹੀ॥ ੩੨॥

ਕਿਰਪਾ ਦੀ ਖਾਣ ਗੁਰੂ ਜੀ ਨੂੰ ਉਨ੍ਹਾਂ ਨੂੰ ਵੇਖ ਕੇ ਦਇਆ ਆ ਗਈ। ਉਨ੍ਹਾਂ ਸੋਚਿਆ ਇਸ ਦੇਸ਼ ਵਿਚ ਭਗਤੀ ਦਾ ਆਚਰਨ ਨਹੀਂ ਹੈ। ਇਨ੍ਹਾਂ ਨੂੰ ਪਰਲੋਕ ਦੀ ਕੋਈ ਸੋਝੀ ਨਹੀਂ ਹੈ। ਸਾਰੇ ਨਰਕਾਂ ਵਿਚ ਜਾ ਕੇ ਦੁੱਖ ਬਰਦਾਸ਼ਤ ਕਰਨਗੇ॥ ੩੨॥

ਪਿਖਿ ਏਕ ਕਿਦਾਰ ਉਦਾਰ ਤਹਾਂ। ਗੁਰ ਬੈਠਿ ਗਏ ਤਟ ਤਾਂਹਿ ਜਹਾਂ।
ਇਕਠਾ ਕਰਿ ਈਂਧਨ ਧੂਮ ਕਿਯੋ। ਦਰਵੇਸ਼ ਸੁ ਬੇਸ਼ ਸਰੀਰ ਲਿਯੋ॥ ੩੩॥

ਗੁਰੂ ਜੀ ਇਕ ਸ੍ਰੇਸ਼ਟ ਖੇਤ ਵੇਖ ਕੇ ਉਸ ਦੇ ਕਿਨਾਰੇ 'ਤੇ ਬੈਠ ਗਏ, ਓਥੇ ਬਾਲਣ ਇਕੱਠਾ ਕਰਕੇ ਅੱਗ ਬਾਲੀ। ਫਕੀਰਾਂ ਵਾਲਾ ਭੇਸ ਸਰੀਰ ਤੇ ਧਾਰਨ ਕੀਤਾ॥ ੩੩॥

ਤਿਸ ਦੇਸ਼ ਕੁਰੀਤ ਹੁਤੀ ਜੁ ਸੁਨੋ। ਛਿਤਪਾਲਕੁ ਪੂਜਹਿਂ ਰਾਮ ਮਨੋ।
ਬਰਖਾ ਜਬ ਚਾਹਹਿਂ ਖੇਤ ਹਿਤੰ। ਸਭਿ ਜਾਚਹਿਂ ਜਾਇ ਜਹਾਂ ਨ੍ਰਿਪਤੰ॥ ੩੪॥

ਉਸ ਦੇਸ਼ ਵਿਚ ਕੀ ਕੁਰੀਤੀ ਹੁੰਦੀ ਸੀ, ਉਸ ਬਾਰੇ ਸੁਣੋ। ਧਰਤੀ ਦੇ ਰਾਜੇ ਨੂੰ ਰਾਮ ਸਮਝ ਕੇ ਪੂਜਦੇ ਸਨ। ਜਦ ਖੇਤਾਂ ਵਿਚ ਵਰਸ਼ਾ ਪਵਾਉਣੀ ਚਾਹੁੰਦੇ ਸਨ, ਸਾਰੇ ਜਾ ਕੇ ਰਾਜੇ ਪਾਸੋਂ ਮੰਗਦੇ ਸਨ॥ ੩੪॥

ਮੁਖ ਜਾਪ ਸੁਰੇਸ਼ ਨਰੇਸ਼ ਕਰੈ। ਜਬ ਮੰਤ੍ਰ ਪਢੈ ਬਰਖਾ ਸੁ ਪਰੈ।
ਕ੍ਰਿਸ਼ਿ ਕਾਰਜ ਹੋਇ ਨਿਬਾਹਿ ਅਸੰ। ਬਿਨ ਭੂਪ ਲਖੈਂ ਨਹਿਂ ਔਰ ਕਿਸੰ॥ ੩੫॥

ਰਾਜਾ ਫਿਰ ਇੰਦਰ ਦਾ ਜਾਪ ਕਰਦਾ ਸੀ। ਜਦ ਮੰਤਰ ਪੜ੍ਹਦਾ ਸੀ ਤਾਂ ਵਰਖਾ ਹੁੰਦੀ ਸੀ। ਖੇਤੀ ਕਾਰਜ ਦਾ ਨਿਰਬਾਹ ਇਸ ਤਰ੍ਹਾਂ ਹੁੰਦਾ ਸੀ। ਰਾਜੇ ਤੋਂ ਬਗ਼ੈਰ ਉਹ ਹੋਰ ਕਿਸੇ ਨੂੰ ਮੰਨਦੇ ਨਹੀਂ ਸਨ॥ ੩੫॥

ਜਿਸ ਬਾਸੁਰ ਤੇ ਗੁਰ ਬੈਠਿ ਗਏ। ਤਬ ਤੇ ਜਲ ਮੇਘ ਨ ਫੇਰ ਪਏ।
ਕ੍ਰਿਸ਼ਿ ਸੂਕ ਚਲੀ ਬਿਨ ਨੀਰ ਜਬੈ। ਸਭਿ ਲੋਕ ਗਏ ਨ੍ਰਿਪ ਪਾਸ ਤਬੈ॥ ੩੬॥

ਜਿਸ ਦਿਨ ਤੋਂ ਗੁਰੂ ਜੀ ਓਥੇ ਬੈਠ ਗਏ, ਉਸ ਦਿਨ ਤੋਂ ਫਿਰ ਮੀਂਹ ਨਾ ਪਿਆ। ਪਾਣੀ ਤੋਂ ਬਗ਼ੈਰ ਜਦ ਖੇਤੀ ਸੁੱਕ ਚੱਲੀ ਤਾਂ ਸਾਰੇ ਲੋਕ ਰਾਜੇ ਦੇ ਪਾਸ ਗਏ॥ ੩੬॥

'ਬਰਖਾ ਬਿਨ ਸੂਕਤਿ ਖੇਤ ਹਰੇ। ਕਹੁ ਵਾਕ ਧਰਾ ਪਰ ਮੇਂਹੁ ਪਰੇ'।
ਸੁਨਿ ਭੂਪ ਉਚਾਰਣ ਮੰਤ੍ਰ ਕਿਯੋ। ਕਹਿ ਬੈਨ ਰਹਜੋ, ਨਹਿਂ ਮੇਂਹੁ ਪਯੋ॥ ੩੭॥

ਰਾਜੇ ਨੂੰ ਕਹਿਣ ਲੱਗੇ "ਵਰਖਾ ਬਗੈਰ, ਹਰੇ ਖੇਤ ਸੁੱਕ ਗਏ ਹਨ। ਮੰਤਰ ਪੜ੍ਹੋ ਤਾਂਕਿ ਧਰਤੀ ਤੇ ਮੀਂਹ ਪਵੇ।" ਇਹ ਸੁਣ ਕੇ ਰਾਜੇ ਮੰਤਰ ਉਚਾਰਣ ਕੀਤਾ। ਕਈ ਮੰਤਰ ਪੜ੍ਹੇ ਪਰ ਧਰਤੀ 'ਤੇ ਮੀਂਹ ਨਾ ਪਿਆ॥ ੩੭॥

ਤੋਟਕ ਛੰਦ- ਨਰ ਤੀਸਰ ਬਾਸੁਰ ਫੇਰ ਗਏ। 'ਸਭਿ ਲੋਕ ਚਹੈਂ ਨਹਿੰ ਮੇਂਹੁ ਪਏ।
ਉਪਚਾਰ ਨ ਕੂਪ ਨਦੀ ਜਲ ਕੋ। ਨਿਤ ਆਸ ਅਕਾਸ਼ ਮਹੀ ਤਲ ਕੋ' ॥੩੮॥

ਮਨੁੱਖ ਤੀਸਰੀ ਵਾਰ ਫਿਰ ਗਏ, 'ਸਭ ਲੋਕ ਚਾਹੁੰਦੇ ਹਨ, ਪਰ ਮੀਂਹ ਨਹੀਂ ਪੈ ਰਿਹਾ ਹੈ। ਕਿਸੇ ਖੂਹ ਜਾਂ ਨਦੀ ਦਾ ਕੋਈ ਪ੍ਰਬੰਧ ਨਹੀਂ ਹੈ। ਧਰਤੀ ਨੂੰ ਸਦਾ ਹੀ ਅਕਾਸ਼ ਤੋਂ ਮੀਂਹ ਦੀ ਆਸ ਰਹਿੰਦੀ ਹੈ'॥ ੩੮॥

ਸੁਨਿ ਭੂਪ ਕਹੇ 'ਨਹਿੰ ਚਿੰਤ ਕਰੋ। ਬਰਖਾ ਬਰਖੈ ਉਰ ਧੀਰ ਧਰੋ'।
ਤਬ ਮਾਨਵ ਜੋ ਨਿਜ ਐਨ ਗਏ। ਪੁਨ ਦਯੋਸ ਛਿ ਸਾਤ ਬਿਤੀਤ ਭਏ॥੩੯॥

ਇਹ ਸੁਣ ਕੇ ਰਾਜੇ ਨੇ ਕਿਹਾ, "ਚਿੰਤਾ ਨਾ ਕਰੋ, ਵਰਖਾ ਜ਼ਰੂਰ ਹੋਵੇਗੀ, ਦਿਲ ਵਿਚ ਧੀਰਜ ਰਖੋ।" ਤਦ ਸਾਰੇ ਮਨੁੱਖ ਆਪਣੇ ਘਰਾਂ ਨੂੰ ਚਲੇ ਗਏ। ਇਸ ਤੋਂ ਬਾਅਦ ਛੇ ਸੱਤ ਦਿਨ ਹੋਰ ਬੀਤ ਗਏ॥ ੩੯॥

ਬਹੁ ਬਾਰ ਅਰਾਧ ਰਹ੍ਯੋ ਮਘਵਾ। ਨ੍ਰਿਪ ਤੇ ਨਹਿੰ ਬੂੰਦ ਪਰੈ ਲਘੁਵਾ।
ਉਰ ਧੀਰ ਟਰਾ ਨਰ ਚਿੰਤ ਗਹੇ। ਕ੍ਰਿਸ਼ਿ ਸੂਕ ਚਲੇ ਨ ਉਪਾਵ ਅਹੇ॥੪੦॥

ਰਾਜੇ ਨੇ ਬਹੁਤ ਵਾਰ ਇੰਦਰ ਦੇਵਤਾ ਦੀ ਆਰਾਧਨਾ ਕੀਤੀ। ਰਾਜੇ ਪਾਸੋਂ ਬਾਰਸ਼ ਦੀ ਮਾੜੀ ਜੇਹੀ ਬੂੰਦ ਨਾ ਪਈ। ਦਿਲ ਦਾ ਧੀਰਜ ਜਾਂਦਾ ਰਿਹਾ ਤੇ ਮਨੁੱਖਾਂ ਨੂੰ ਚਿੰਤਾ ਨੇ ਫੜ ਲਿਆ। ਫਸਲ ਸੁੱਕ ਚਲੀ ਸੀ ਤੇ ਕੋਈ ਉਪਾਅ ਵੀ ਨਹੀਂ ਸੀ॥ ੪੦॥

ਜਿਹ ਖੇਤ ਸਮੀਪ ਗੁਰੂ ਬਰ ਦਾ। ਤਿਹ ਮਾਲਿਕ ਆਇ ਬਿਸੂਰਿ ਸਦਾ।
ਘਟ ਕੀ ਲਖਿਕੈ ਗੁਰ ਬੈਨ ਭਨੰ। 'ਚਿਤ ਮੈਂ ਬਹੁ ਚਿੰਤ ਭਯੋ ਬਿਮਨੰ॥੪੧॥

ਜਿਸ ਖੇਤ ਦੇ ਕਿਨਾਰੇ ਵਰਦਾਤੇ ਗੁਰੂ ਜੀ ਬੈਠੇ ਸਨ, ਉਸ ਦਾ ਮਾਲਕ ਸਦਾ ਹੀ ਝੁਰਦਾ ਰਹਿੰਦਾ ਸੀ। ਉਸ ਦੇ ਦਿਲ ਦੀ ਗੱਲ ਜਾਣ ਕੇ ਗੁਰੂ ਜੀ ਨੇ ਬਚਨ ਕੀਤੇ, "ਚਿਤ ਵਿਚ ਬੜੇ ਚਿੰਤਿਤ ਅਤੇ ਦੁਖੀ ਉਦਾਸ ਨਜ਼ਰ ਆਉਂਦੇ ਹੋ॥ ੪੧॥

ਕਹੁ ਕਾਰਨ ਕੌਨ ਤੁਮੈ ਦੁਖ ਕੋ ?। ਦਿਲਗੀਰ ਦਿਖੋ, ਨ ਖੁਸ਼ੀ ਮੁਖ ਕੋ'।
'ਸੁਨਿ ਸੰਤ ! ਕਹੌਂ ਬਿਰਥਾ ਮਨ ਕੀ। ਸਭਿ ਆਸ ਤਜੀ ਜਗ ਜੀਵਨ ਕੀ॥੪੨॥

ਕਾਰਨ ਦੱਸੋ, ਤੁਹਾਨੂੰ ਕਿਹੜਾ ਦੁੱਖ ਹੈ ? ਹਮੇਸ਼ਾ ਦਿਲਗੀਰ ਦਿੱਸਦੇ ਹੋ, ਤੁਹਾਡੇ ਮਨ ਵਿਚ ਕੋਈ ਖੁਸ਼ੀ ਨਹੀਂ ਹੈ।" ਉਸ ਵਿਅਕਤੀ ਨੇ ਕਿਹਾ, "ਹੇ ਸੰਤ ਜੀ ! ਸੁਣੋ, ਮੈਂ ਆਪਣੇ ਮਨ ਦੀ ਹਾਲਤ ਦੱਸਦਾ ਹਾਂ। ਇਸ ਜੱਗ ਵਿਚ ਜੀਵਨ ਦੀਆਂ ਸਾਰੀਆਂ ਆਸਾਂ ਖਤਮ ਹੋ ਗਈਆਂ ਹਨ॥ ੪੨॥

ਬਰਖਾ ਨ ਪਰੈ, ਦੁਰਭਿੱਛ ਪਰਾ। ਕ੍ਰਿਖਿ ਸੂਕ ਚਲੀ ਬਿਨ ਨੀਰ ਧਰਾ।
ਯੁਤ ਭੂਪ ਪ੍ਰਜਾ ਸਭਿ ਚਿੰਤ ਕਰੈਂ। ਨਹਿ ਪਾਇਂ ਉਪਾਇ ਜਿ ਧੀਰ ਧਰੈਂ'॥੪੩॥

ਵਰਖਾ ਨਾ ਹੋਣ ਕਰਕੇ ਕਾਲ ਪੈ ਗਿਆ ਹੈ। ਪਾਣੀ ਨਾ ਮਿਲਣ ਕਰਕੇ ਫਸਲ ਸੁੱਕ ਚੱਲੀ ਹੈ। ਰਾਜਾ ਅਤੇ ਪਰਜਾ ਸਾਰੇ ਚਿੰਤਾ ਕਰ ਰਹੇ ਹਨ। ਕੋਈ ਉਪਾਅ ਨਹੀਂ ਮਿਲ ਰਿਹਾ ਜਿਸ ਕਰਕੇ ਧੀਰਜ ਧਾਰਨ ਕਰੀਏ'॥ ੪੩॥

ਕਹਿੰ ਸ੍ਰੀ ਗੁਰ 'ਪੂਰਬ ਕੌਨ ਬਿਧੰ ?। ਜਹਿੰ ਤੇ ਬਰਖੇ ਜਲ ਧਾਰ ਅਧੰ'।
'ਸੁਨਿ ਸੰਤਹੁ ! ਆਦ ਭੁਪਾਲ ਕਹੇ। ਬਰਖਾ ਸੁ ਪਰੈ ਜਬ ਚਾਹ ਅਹੇ॥੪੪॥

ਗੁਰੂ ਜੀ ਨੇ ਕਿਹਾ, "ਪਹਿਲਾਂ ਕਿਹੜੀ ਵਿਧੀ ਸੀ ? ਜਿਸ ਨਾਲ ਵਰਖਾ ਦੀਆਂ ਜਲ ਧਾਰਾਂ ਬਰਸਦੀਆਂ ਸਨ।" ਉਸ ਵਿਅਕਤੀ ਨੇ ਕਿਹਾ, "ਹੇ ਸੰਤ ਜੀ ਸੁਣੋ ! ਪਹਿਲਾਂ ਜਦ ਰਾਜਾ ਮੰਤਰ ਪੜ੍ਹਦਾ ਸੀ, ਜਦ ਵੀ ਚਾਹੁੰਦੇ ਸੀ ਮੀਂਹ ਪੈ ਜਾਂਦਾ ਸੀ॥ ੪੪॥

ਬਹੁ ਬਾਰ ਕਹਜੋ ਅਬ ਨਾਂਹਿ ਪਰੈ। ਬਿਪਰੀਤਿ ਭਈ ਨਹਿਂ ਬੈਨ ਫੁਰੈ।
ਲਖਿ ਰੀਤਿ ਕੁਰੀਤਿ ਬਨੀ ਦੁਚਿਤੀ। ਛਿਤਪਾਲ ਨ ਆਨਨ ਕਾਂਤਿ ਰਤੀ ॥੪੫॥

ਹੁਣ ਰਾਜੇ ਨੇ ਬਹੁਤ ਵਾਰ ਮੰਤਰ ਪੜ੍ਹੇ ਹਨ, ਪਰ ਵਰਖਾ ਨਹੀਂ ਹੋ ਰਹੀ, ਉਲਟੀ ਗੱਲ ਹੋ ਗਈ ਹੈ। ਰਾਜੇ ਨੂੰ ਬਚਨ ਹੀ ਫੁਰਦੇ ਨਹੀਂ ਹਨ। ਇਸ ਰੀਤੀ ਨੂੰ ਕੁਰੀਤੀ ਬਣੀ ਵੇਖ ਕੇ ਮਨ ਦੁਚਿਤੀ ਭਰੀ ਚਿੰਤਾ ਵਿਚ ਡੁੱਬ ਗਏ ਹਨ। ਰਾਜੇ ਦੇ ਵੀ ਮੁੱਖ ਤੋਂ ਉਚਾਰਨ ਕੀਤੇ ਮੰਤਰ ਰਤੀ ਭਰ ਵੀ ਸ਼ੋਭ ਨਹੀਂ ਰਹੇ ਹਨ" ॥ ੪੫ ॥

ਗੁਰਵਾਕ ਕਹੇ 'ਕਰਤਾਰ ਭਜੋ। ਛਿਤਿਪਾਲਕ ਕੀ ਸ਼ਰਧਾ ਸੁ ਤਜੋ।
ਬਹੁ ਬਾਰਿ ਪਰੇ ਧਰ ਮੇਂਹੁ ਮਹਾਂ। ਅਤਿ ਹੋਵਹਿ ਅੰਨ ਜਿਤੋ ਜਿ ਚਹਾ' ॥੪੬॥

ਗੁਰੂ ਜੀ ਨੇ ਬਚਨ ਕੀਤੇ, "ਕਰਤਾਰ ਦੇ ਨਾਮ ਦਾ ਭਜਨ ਕਰੋ, ਰਾਜੇ ਦੀ ਸ਼ਰਧਾ ਨੂੰ ਛੱਡ ਦੇਵੋ। ਫਿਰ ਬਹੁਤ ਵਾਰ ਧਰਤੀ 'ਤੇ ਮੀਂਹ ਪਵੇਗਾ, ਬਹੁਤ ਅੰਨ ਹੋਵੇਗਾ, ਜਿੰਨਾ ਵੀ ਤੁਸੀਂ ਚਾਹੋਗੇ" ॥ ੪੬ ॥

'ਕਰਤਾਰ ਸੁ ਕੋ ? ਤਿਹ ਧਾਮ ਕਹਾਂ ?। ਨਹਿਂ ਕਾਨ ਸੁਨਜੋ, ਨਹਿਂ ਨੈਨ ਲਹਾ।
ਇਸ ਦੇਸ਼ ਕਬੈ ਨਹਿਂ ਆਇ ਰਹਾ। ਨਹਿਂ ਦਾਨ ਕਿਸੂ ਤਿਹ ਦੀਨ ਅਹਾ ॥੪੭॥

ਉਸ ਵਿਅਕਤੀ ਨੇ ਕਿਹਾ, "ਕਰਤਾਰ ਕੌਣ ਹੈ ? ਉਹ ਕਿੱਥੇ ਰਹਿੰਦਾ ਹੈ ? ਉਸ ਬਾਰੇ ਪਹਿਲਾਂ ਅਸੀਂ ਨਾ ਕੰਨਾਂ ਨਾਲ ਸੁਣਿਆ ਹੈ ਅਤੇ ਨਾ ਅੱਖਾਂ ਨਾਲ ਵੇਖਿਆ ਹੈ। ਇਸ ਦੇਸ਼ ਵਿਚ ਕਦੇ ਵੀ ਆ ਕੇ ਨਹੀਂ ਰਿਹਾ ਹੈ। ਉਸ ਨੇ ਕਿਸੇ ਨੂੰ ਦਾਨ ਵੀ ਨਹੀਂ ਦਿੱਤਾ ਹੈ" ॥ ੪੭ ॥

ਬਿਕਸੇ ਮੁਖ ਸ੍ਰੀ ਪ੍ਰਭੁ ਬੈਨ ਕਹਾ। 'ਸਭਿ ਹੀ ਘਟ ਪੂਰਨ ਬਜਾਪ ਰਹਾ।
ਸਿਮਰੇ ਉਰ ਹਾਜ਼ਰ ਹੋਤਿ ਸਦਾ। ਭਗਵੰਤ ਅਨੰਤ ਨ ਆਇ ਕਦਾ ॥੪੮॥

ਗੁਰੂ ਜੀ ਨੇ ਮੁਸਕਰਾ ਕੇ ਬਚਨ ਕਹੇ, "ਉਹ ਹਰ ਇਕ ਦੇ ਹਿਰਦੇ ਵਿਚ ਪੂਰਨ ਵਿਆਪਕ ਹੈ। ਜਿਹੜਾ ਉਸ ਨੂੰ ਹਿਰਦੇ ਵਿਚ ਸਿਮਰਦਾ ਹੈ ਉਸ ਪਾਸ ਸਦਾ ਹਾਜ਼ਰ ਹੋ ਜਾਂਦਾ ਹੈ। ਭਗਵੰਤ ਅਨੰਤ ਹੈ ਉਹ ਕਦੇ ਆਪ ਚਲ ਕੇ ਨਹੀਂ ਆਉਂਦਾ ॥ ੪੮ ॥

*ਪਾਧੜੀ ਛੰਦ*-ਜੁ ਜੜ ਜੰਗਮ ਕੋ ਦੇਤਿ ਦਾਨ। ਜਿਹ ਦੇਵ ਦੈਤ ਜਾਚਹਿਂ ਮਹਾਨ।
ਬ੍ਰਹਮੰਡ ਖੰਡ ਜਿਨ ਸਿਰਜਿ ਦੀਨ। ਤਿਹਂ ਸਿਮਰ ਹੋਇਂ ਸਭਿ ਕਸ਼ਟ ਛੀਨ ॥੪੯॥

ਜੋ ਹਰ ਪ੍ਰਾਣੀ ਨੂੰ ਦਾਨ ਦਿੰਦਾ ਹੈ, ਜਿਸ ਪਾਸੋਂ ਦੇਵਤੇ ਅਤੇ ਦੈਂਤ ਬਹੁਤ ਕੁਝ ਮੰਗਦੇ ਹਨ। ਜਿਸ ਨੇ ਬ੍ਰਹਿਮੰਡ ਅਤੇ ਖੰਡ ਬਣਾਏ ਹਨ, ਉਸ ਦਾ ਸਿਮਰਨ ਕਰਨ ਨਾਲ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ॥ ੪੯ ॥

ਭਜਿ ਨਾਮ ਤਾਂਹਿ, ਬਰਖਾ ਸੁਦੇਇ। ਅਨਤੋਟ ਅੰਨ, ਸੁਖਸਾਰ ਲੇਇ'।
ਸੁਨਿ ਕ੍ਰਿਸ਼ਕਾਰ ਤਬ ਕਹਿਤਿ ਬੈਨ। 'ਤਿਸ ਕੀ ਪਛਾਨ ਇਸ ਦੇਸ਼ ਹੈ ਨ ॥੫੦॥

ਇਸ ਕਰਕੇ ਉਸ ਦੇ ਨਾਮ ਦਾ ਸਿਮਰਨ ਕਰੋ, ਉਹ ਵਰਖਾ ਦੇਵੇਗਾ। ਅਤੁਟ ਅੰਨ ਅਤੇ ਸੁੱਖ ਆਰਾਮ ਉਸ ਤੋਂ ਲਵੋ।" ਇਹ ਸੁਣ ਕਿਸਾਨ ਨੇ ਕਿਹਾ, "ਉਸ ਦੀ ਪਛਾਣ ਇਸ ਦੇਸ਼ ਵਿਚ ਨਹੀਂ ਹੈ॥ ੫੦ ॥

ਅਬ ਹੀ ਸੁਨਾ ਤੁਮ ਮੁਖ ਦੁਆਰ। ਨਹਿਂ ਆਗੈ ਹਜਾਂ ਕਿਨਹੂੰ ਉਚਾਰ।
ਤਿਹਂ ਮੁਖ ਦਿਖਾਉ,ਨਿਜ ਨੈਨ ਦੇਖਿ। ਸਿਮਰੰਨ ਕਰੋਂ ਨਿਸ ਦਿਨ ਵਿਸ਼ੇਖ' ॥੫੧॥

ਪ੍ਰਭੂ ਬਾਰੇ ਹੁਣੇ ਹੀ ਤੁਹਾਡੇ ਮੁੱਖ ਤੋਂ ਸੁਣਿਆ ਹੈ। ਪਹਿਲਾਂ ਏਥੇ ਉਸ ਦਾ ਨਾਂ ਕਿਸੇ ਨੇ ਉਚਾਰਨ ਨਹੀਂ ਕੀਤਾ। ਉਸ ਦਾ ਮੁਖੜਾ ਵਿਖਾਓ, ਫਿਰ ਆਪਣੀਆਂ ਅੱਖਾਂ ਨਾਲ ਵੇਖ ਕੇ ਉਸ ਦਾ ਦਿਨ ਰਾਤ ਬਹੁਤ ਸਿਮਰਨ ਕਰਾਂਗਾ" ॥ ੫੧ ॥

ਗੁਰ ਕਹੈਂ 'ਨ ਦੇਖਜੋ ਜਾਇ ਸੋਇ। ਸਿਮਰੰਨ ਕਰੋ ਇਛ ਪੂਰ ਹੋਇ।

ਕੁਦਰਤੀ ਸੰਗ ਜਾਨਜੋ ਸੁ ਜਾਇ। ਨਹਿਂ ਅਪਨ ਆਪ ਕਿਸਹੂੰ ਲਖਾਇ' ॥੫੨॥

ਗੁਰੂ ਜੀ ਨੇ ਕਿਹਾ, "ਉਸ ਨੂੰ ਵੇਖਿਆ ਨਹੀ ਜਾ ਸਕਦਾ, ਸਿਮਰਨ ਕਰੋ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ। ਕੁਦਰਤ ਨਾਲ ਜਾਣਿਆ ਜਾ ਸਕਦਾ ਹੈ, ਉਹ ਆਪਣਾ ਆਪ ਕਿਸੇ ਨੂੰ ਨਹੀਂ ਵਿਖਾਉਂਦਾ" ॥ ੫੨ ॥

ਨਰ ਕਹੈ 'ਜਿ ਦੇਖਜੋ ਨਿਜ ਨ ਨੈਨ। ਕਿਸ ਪਾਸ ਕਹੌਂ ਜਾਚਨ ਸੁ ਬੈਨ।
ਜਾਨੌਂ ਨ ਕੁਦਰਤੀ ਕੋਨ ਹੋਇ। ਕੁਛ ਪਤਾ ਦੇਹੁ ਹੌਂ ਲਖਿਵ ਸੋਇ' ॥੫੩॥

ਮਨੁੱਖ ਨੇ ਕਿਹਾ, "ਜੇ ਆਪਣੀਆਂ ਅੱਖਾਂ ਨਾਲ ਨਾ ਵੇਖਿਆ, ਕਿਸ ਪਾਸੋਂ ਬੋਲ ਕੇ ਕੁਝ ਮੰਗੀਏ। ਕੁਦਰਤੀ ਤੋਰ ਤੇ ਜਾਣਿਆ ਨਹੀਂ ਜਾ ਸਕਦਾ ਕਿ ਕੌਣ ਹੈ ? ਕੁਝ ਪਤਾ ਦੇਵੇ, ਤਾਂ ਮੈਂ ਕੁਝ ਜਾਣਾਂ" ॥ ੫੩ ॥

'ਤੂੰ ਜਾਇ ਧਾਮ ਲਾਂਗਲ ਜਿ ਆਨਿ। ਅਬ ਬਾਹੁ ਬੋਵ ਛਿਤ, ਬੈਨ ਮਾਨਿ।
ਜਬ ਉਗੈ ਖੇਤ ਪੁਨ ਪੱਕ ਜਾਇ। ਤਬ ਲਖਹੁ ਕੁਦਰਤੀ ਹੋਇ ਕਾਇ' ॥੫੪॥

"ਤੂੰ ਘਰ ਜਾ ਕੇ ਹਲ ਪੰਜਾਲੀ ਲੈ ਆ। ਹਲ ਵਾਹ ਕੇ ਖੇਤ ਵਿਚ ਸਾਡੀ ਗੱਲ ਮੰਨ ਕੇ ਬੀਜ ਬੀਜੋ। ਜਦ ਫਸਲ ਉੱਗ ਪਵੇ ਅਤੇ ਫਿਰ ਪੱਕ ਜਾਵੇ, ਫਿਰ ਇਹ ਸਮਝੇਂਗੇ ਕਿ ਕੁਦਰਤ ਕੀ ਚੀਜ਼ ਹੈ" ॥ ੫੪ ॥

ਸੁਨਿ ਗਯੋ ਸਦਨ ਗੁਰ ਬਚਨ ਮਾਨਿ। ਪੁਨ ਨਰਨ ਨਿਕਟ ਕੀਨੋ ਬਖਾਨ।
'ਹੈ ਸਾਧ ਵਹਿਰ ਮਮ ਖੇਤ ਪਾਸ। ਤਿਨ ਕਹੇ ਬਚਨ ਇਹ ਬਿਧਿ ਪ੍ਰਕਾਸ਼ ॥੫੫॥

ਗੁਰੂ ਜੀ ਦੇ ਬਚਨ ਮੰਨ ਕੇ ਉਹ ਘਰ ਗਿਆ, ਫਿਰ ਉਸ ਨੇ ਆਪਣੇ ਨੇੜੇ ਦੇ ਮਨੁੱਖਾਂ ਨਾਲ ਗੱਲ ਕੀਤੀ ਅਤੇ ਕਿਹਾ, "ਇਕ ਸਾਧੂ ਮੇਰੇ ਖੇਤ ਦੇ ਬਾਹਰ ਆਇਆ ਹੈ, ਉਸ ਨੇ ਇਸ ਵਿਧੀ ਅਨੁਸਾਰ ਬਚਨ ਕਹੇ ਹਨ ॥ ੫੫ ॥

ਪ੍ਰਿਥਮੇ ਸਿਮਰੋ ਕਰਤਾਰ ਨਾਮ। ਪੁਨ ਬੋਇ ਖੇਤ ਹੁਇ ਸਿੱਧ ਕਾਮ '।
ਸੁਨਿ ਨਰਨ ਕਾਨ ਸਭਿ ਹਾਸ ਕੀਨ। 'ਮਨ ਜਾਨ, ਤਾਂਹਿ ਕੋ ਬੁਧਿਹੀਨ ॥੫੬॥

ਪਹਿਲਾਂ ਕਰਤਾਰ ਦੇ ਨਾਮ ਦਾ ਸਿਮਰਨ ਕਰੋ, ਫਿਰ ਖੇਤ ਬੀਜੋ ਤਾਂ ਸਾਰੇ ਕੰਮ ਸਿੱਧ ਹੋ ਜਾਣਗੇ।" ਜਦ ਉਨ੍ਹਾਂ ਮਨੁੱਖਾਂ ਨੇ ਇਹ ਗੱਲ ਸੁਣੀ ਤਾਂ ਉਹ ਬਹੁਤ ਹੱਸੇ। ਕਹਿਣ ਲੱਗੇ, "ਸਾਡੇ ਮਨ ਜਾਣਦੇ ਹਨ ਕਿ ਤੂੰ ਬੁਧੀਹੀਣ ਮੂਰਖ ਹੈਂ ॥ ੫੬ ॥

ਬਿਨ ਮੇਂਹੁ ਖੇਤ ਕਿਸ ਰੀਤਿ ਹੋਇ। ਤੂੰ ਜਾਇ ਬੀਜ ਘਰ ਪੂਰ ਸੋਇ'।
ਸੁਨਿ ਬੈਨ ਤਿਨ੍ਹੌਂ ਕੇ ਯੁਕਤਿ ਹਾਸ। ਗੁਰ ਢਿਗ ਆਯੋ ਹੋ ਕਰਿ ਉਦਾਸ ॥੫੭॥

ਕਦੀ ਮੀਂਹ ਤੋਂ ਬਗੈਰ ਵੀ ਖੇਤੀ ਹੋਈ ਹੈ ? ਤੂੰ ਖੇਤੀ ਬੀਜ ਲੈ, ਅਤੇ ਘਰ ਦਾਣਿਆਂ ਨਾਲ ਭਰ ਲਵੇਂ।" ਉਨ੍ਹਾਂ ਮਨੁੱਖਾਂ ਦੀਆਂ ਹਾਸੇ ਵਾਲੀਆਂ ਗੱਲਾਂ ਸੁਣ ਕੇ ਫਿਰ ਗੁਰੂ ਜੀ ਪਾਸ ਬੜਾ ਉਦਾਸ ਹੋ ਕੇ ਆਇਆ ॥ ੫੭ ॥

ਬਚ ਕਹੇ 'ਹਸੀ ਮੁਝ ਮਨੁਜ ਕੀਨਿ। ਸਭਿ ਜਾਨੈ ਮਨ ਮੈਂ ਬੁੱਧਿ ਹੀਨ।
ਬਰਖਾ ਬਿਨ ਕੈਸੇ ਖੇਤ ਹੋਇ। ਇਹ ਜਾਨਤਿ ਹੈਂ ਸਭਿ ਥਾਨ ਲੋਇ' ॥੫੮॥

ਕਹਿਣ ਲੱਗਾ, "ਲੋਕਾਂ ਨੇ ਮੇਰੀ ਬੜੀ ਹਸੀ ਉਡਾਈ ਹੈ, ਸਾਰੇ ਮੈਨੂੰ ਬੁਧੀਹੀਣ ਮੂਰਖ ਸਮਝਦੇ ਹਨ। ਕਹਿੰਦੇ ਹਨ, ਮੀਂਹ ਤੋਂ ਬਗੈਰ ਖੇਤੀ ਕਿਵੇਂ ਹੋ ਸਕਦੀ ਹੈ ? ਸਭ ਜਗ੍ਹਾ ਲੋਕ ਇਸ ਤਰ੍ਹਾਂ ਹੀ ਜਾਣਦੇ ਹਨ" ॥ ੫੮ ॥

ਸੁਨਿ ਕਹੈਂ ਗੁਰੂ 'ਤੂੰ ਬੀਜ ਆਨਿ। ਨਹਿਂ ਉਗੈ ਖੇਤ ਹਮ ਹੈਂ ਜਮਾਨ।
ਜੇ ਬੀਜ ਬੋਇ ਜਾਵੈ ਅਕਾਥ। ਹਮ ਦੇਵਹਿਂ ਤੇਤੋ ਤੋਹਿ ਹਾਥ' ॥ ੫੯ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੂੰ ਬੀਜ ਲਿਆ, ਜੇ ਨਾ ਉਗੇ ਤਾਂ ਅਸੀਂ ਜਾਮਨ ਹਾਂ। ਜੇ ਤੇਰਾ ਬੀਜਿਆ ਹੋਇਆ ਬੀਜ ਅਕਾਰਥ ਜਾਵੇਗਾ, ਅਸੀਂ ਤੈਨੂੰ ਓਨਾ ਬੀਜ ਤੇਰੇ ਹੱਥ ਵਿਚ ਦੇਵਾਂਗੇ" ॥ ੫੯ ॥

ਸੁਨਿ ਭਈ ਧੀਰ ਲਾਂਗਲ ਲਯਾਇ। ਪੁਨ ਹਾਥ ਬੰਦਿ ਲੀਨੀ ਰਜਾਇ।
ਕਰਤਾਰਿ ਸਿਮਰਿਕੈ ਭੂਮ ਵਾਹਿ। ਗੋਧੂਮ ਬੀਜ ਦੀਨੀ ਸੁ ਤਾਂਹਿ ॥ ੬੦ ॥

ਇਹ ਸੁਣ ਕੇ ਉਸ ਧੀਰਜ ਧਾਰਿਆ ਤੇ ਹਲ ਪੰਜਾਲੀ ਅਤੇ ਬਲਦ ਲਿਆਇਆ। ਹੱਥ ਜੋੜ ਕੇ ਗੁਰੂ ਜੀ ਪਾਸੋਂ ਆਗਿਆ ਲਈ। ਕਰਤਾਰ ਦਾ ਨਾਮ ਸਿਮਰ ਕੇ ਖੇਤ ਨੂੰ ਵਾਹਿਆ। ਉਸ ਖੇਤ ਵਿਚ ਕਣਕ ਬੀਜ ਦਿੱਤੀ॥ ੬੦ ॥

ਗੁਰ ਚਰਨ ਬੰਦਿ ਕਰਿ ਬੈਸਿ ਆਨਿ। ਉਰ ਕੀਨੀ ਸ਼ਰਧਾ, ਨਹਿਂ ਡੁਲਾਨ।
ਨਿਸ ਗਯੋ ਧਾਮ ਪੁਨ ਭਈ ਭੋਰ। ਚਲਿ ਆਇ ਦੇਖਿਓ ਖੇਤ ਓਰ ॥੬੧ ॥

ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਕੇ ਆ ਕੇ ਬੈਠ ਗਿਆ। ਦਿਲ ਵਿਚ ਸ਼ਰਧਾ ਧਾਰਨ ਕੀਤੀ, ਡਰਿਆ ਨਹੀਂ। ਰਾਤ ਨੂੰ ਘਰ ਨੂੰ ਚਲਾ ਗਿਆ, ਜਦ ਸਵੇਰ ਹੋਈ ਤਾਂ ਆ ਕੇ ਖੇਤ ਵੱਲ ਵੇਖਿਆ॥ ੬੧ ॥

ਸਬਜ਼ੀ ਸੁ ਲਖੀ ਤਬ ਨੌ ਬਹਾਰ। ਜਨੁ ਬਹੁਤ ਦਿਵਸ ਕੀ ਇਹ ਸਬਾਰ।
ਕਰਿ ਹਰਖ ਬੰਦਿ ਗੁਰ ਚਰਨ ਰੇਨ। ਸ਼ਰਧਾ ਸੁ ਬਧੀ ਜੋ ਮੋਖਦੇਨ ॥੬੨ ॥

ਹਰਿਆਵਲ ਵੇਖੀ, ਜਿਵੇਂ ਨਵੀ ਬਹਾਰ ਆ ਗਈ ਹੋਵੇ। ਮਾਨੋਂ ਬਹੁਤ ਦਿਨਾਂ ਦੀ ਇਹ ਪਾਣੀ ਨਾਲ ਸਿੰਜੀ ਹੋਈ ਹੈ। ਬੜਾ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ। ਮੁਕਤੀ ਦਾਤੇ ਬਾਰੇ ਬੜੀ ਸ਼ਰਧਾ ਵਧੀ॥ ੬੨ ॥

ਪੁਰਿ ਨਰਨ ਸੁਨੇ ਆਚਰਜ ਮਾਨ। ਸਭਿ ਧਾਏ ਹੇਰਹਿਂ ਸਾਚ ਜਾਨਿ।
ਅਸ ਜਾਨ ਅਜ਼ਮਤੀ ਉਰ ਪ੍ਰਮਾਨ। ਗੁਰ ਤੀਰ ਪਹੁੰਚੇ ਸਿਦਕ ਠਾਨਿ ॥੬੩ ॥

ਜਦ ਨਗਰ ਦੇ ਲੋਕਾਂ ਸੁਣਿਆ ਤਾਂ ਉਨ੍ਹਾਂ ਅਚਰਜ ਮੰਨਿਆ, ਸਾਰੇ ਭੱਜੇ ਆਏ ਤੇ ਖੇਤ ਨੂੰ ਵੇਖ ਕੇ ਸਭ ਸੱਚ ਮੰਨ ਗਏ। ਸਾਰੇ ਲੋਕਾਂ ਨੇ ਹਿਰਦੇ ਵਿਚ ਗੁਰੂ ਜੀ ਨੂੰ ਵੱਡਾ ਕਰਾਮਾਤੀ ਜਾਣਿਆ। ਸਿਦਕ ਲਿਆ ਕੇ ਸਾਰੇ ਗੁਰੂ ਜੀ ਪਾਸ ਪਹੁੰਚੇ॥ ੬੩ ॥

ਕਰਿ ਬੰਦਨਾ ਸੁ ਧਰਿ ਭੇਟ ਸੋਇ। ਬਿਧਿ ਬੂਝਹੀ ਜਿਵ ਅੰਨ ਹੋਇ।
ਗੁਰ ਕੀਨਿ ਦਯਾ ਦੀਨੀ ਰਜਾਇ। 'ਕਰਤਾਰ ਨਾਮ ਰਸਨਾ ਧਿਆਇ ॥੬੪ ॥

ਬੰਦਨਾ ਕਰਕੇ ਸਭ ਨੇ ਭੇਟਾਵਾਂ ਗੁਰੂ ਜੀ ਦੇ ਅੱਗੇ ਰੱਖੀਆਂ। ਉਨ੍ਹਾਂ ਨੇ ਢੰਗ ਤਰੀਕਾ ਪੁਛਿਆ, ਜਿਸ ਢੰਗ ਨਾਲ ਅੰਨ ਪੈਦਾ ਹੋਵੇ। ਗੁਰੂ ਜੀ ਨੇ ਦਇਆ ਕੀਤੀ ਅਤੇ ਸਭ ਨੂੰ ਆਗਿਆ ਦਿੱਤੀ ਅਤੇ ਕਿਹਾ, "ਕਰਤਾਰ ਦਾ ਨਾਮ ਆਪਣੀ ਜੀਭ ਨਾਲ ਸਿਮਰਨ ਕਰੋ॥ ੬੪ ॥

ਕ੍ਰਿਸ਼ਿ ਕਾਰਜ ਕੋ ਕਰ ਸੌਂ ਕਰਿਯੇ ਹਰਿ ਨਾਮ ਉਚਾਰ ਰਿਦੈ ਧਰਿਯੇ।
ਬਰਖਾ ਹਿਤ ਜਾਚਹੁ ਬੰਦ ਕਰੋ। ਬਹੁ ਨੀਰ ਪਰੈ ਹੁਇ ਖੇਤ ਧਰੰ ॥੬੫ ॥

ਜਦ ਵੀ ਖੇਤੀ ਦੇ ਕੰਮ ਨੂੰ ਆਰੰਭ ਕਰੀਏ, ਹਰੀ ਦਾ ਨਾਮ ਉਚਾਰ ਕੇ ਹਿਰਦੇ ਵਿਚ ਧਰ ਲਈਏ। ਵਰਖਾ ਨੂੰ ਮੰਗਣਾ ਬੰਦ ਕਰੋ, ਆਪਣੇ ਆਪ ਧਰਤੀ ਤੇ ਬਹੁਤ ਮੀਂਹ ਪਵੇਗਾ॥ ੬੫ ॥

ਧਰਿ ਆਇਸੁ ਸੀਸ ਚਲੇ ਸਭਿਹੀ। ਬਰ ਬੀਜ ਬੁਯੋ ਹਲ ਤੇ ਤਬ ਹੀ।
ਭਲ ਖੇਤ ਉਗੇ ਹਰਿਆਵਲ ਸੌਂ। ਪੁਰਿ ਸ਼ੋਕ ਨਸਯੋ ਸੁਭ ਤਾਵਲ ਸੌਂ ॥੬੬ ॥

ਆਗਿਆ ਧਾਰਨ ਕਰਕੇ ਸਾਰੇ ਚਲ ਪਏ ਅਤੇ ਹਲ ਵਾਹ ਕੇ ਬੀਜ ਬੋ ਦਿੱਤੇ। ਬਹੁਤ ਵਧੀਆ ਖੇਤ ਉੱਗੇ ਅਤੇ ਸਾਰੇ ਹਰਿਆਵਲ ਹੋ ਗਈ। ਸਾਰੇ ਨਗਰ ਦਾ ਦੁੱਖ ਦੂਰ ਹੋਇਆ ਅਤੇ ਸਾਰੇ ਉਤਸ਼ਾਹ ਨਾਲ ਭਰ ਗਏ॥ ੬੬ ॥

'ਸਮਰੱਥ ਬਡੋ' ਕਹਿ 'ਸੰਤ ਭਲੋ'। ਇਸ ਆਇਸੁ ਕੇ ਅਨੁਸਾਰਿ ਚਲੋ'।
ਬਰਖਾ ਬਿਧਿ ਬੂਝਨ ਕੀਨਿ ਜਬੈ। ਗੁਰ ਨਾਨਕ ਵਾਕ ਉਚਾਰਿ ਤਬੈ ॥੬੭ ॥

ਸਾਰੇ ਕਹਿਣ ਲੱਗੇ, "ਭਲਾ ਸੰਤ ਵੱਡਾ ਸਮਰੱਥ ਹੈ। ਇਸ ਦੀ ਆਗਿਆ ਅਨੁਸਾਰ ਹੀ ਚਲੋ।" ਜਦ ਗੁਰੂ ਜੀ ਪਾਸੋਂ ਵਰਖਾ ਪਵਾਉਣ ਦੀ ਵਿਧੀ ਪੁੱਛੀ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਬਚਨ ਕੀਤੇ॥ ੬੭॥

'ਬਿਧਿ ਸੰਗ ਤਿਹਾਵਲ ਕੋ ਕਰਿਜੇ। ਸਤਿਨਾਮ ਗੁਰੂ ਹਿਰਦੇ ਧਰਿਜੇ।
ਸਭਿ ਸੰਗਤਿ ਹੋ ਇਕ ਥਾਇਂ ਜਬੈ। ਕਰ ਬੰਦਿ ਕਰੋ ਅਰਦਾਸ ਤਬੈ ॥੬੮॥

ਵਿਧੀ ਅਨੁਸਾਰ ਕੜਾਹ ਪਰਸ਼ਾਦ ਤਿਆਰ ਕਰੋ। ਸਤਿਨਾਮ ਗੁਰੂ ਨੂੰ ਆਪਣੇ ਹਿਰਦੇ ਵਿਚ ਧਾਰਨ ਕਰੋ। ਜਦ ਸਾਰੀ ਸੰਗਤ ਇਕ ਥਾਂ ਇਕੱਠੀ ਹੋਵੇ ਤਾਂ ਹੱਥ ਜੋੜ ਕੇ ਅਰਦਾਸ ਕਰੋ॥ ੬੮॥

ਬਰਖਾ ਪੁਨ ਜਾਚਹੁ ਦੀਨ ਮਨੰ। ਬਹੁ ਨੀਰ ਪਰੈ ਹੁਇ ਖੇਤ ਅਨੰ।
ਸੁਨਿ ਸੋ ਬਿਧਿ ਕੀਨਿ ਮਿਲੇ ਤਬਹੀ। ਕਰਤਾਰਹਿਂ ਨਾਮ ਜਪੈਂ ਸਭਿਹੀ ॥੬੯॥

ਫਿਰ ਮਨਾਂ ਨੂੰ ਦੀਨ ਬਣਾ ਕੇ ਵਰਖਾ ਦੀ ਮੰਗ ਕਰੋ। ਬਹੁਤ ਮੀਂਹ ਪਵੇਗਾ ਅਤੇ ਖੇਤਾਂ ਵਿਚ ਬਹੁਤ ਅੰਨ ਪੈਦਾ ਹੋਵੇਗਾ।" ਇਹ ਸੁਣ ਕੇ ਉਨ੍ਹਾਂ ਗੁਰੂ ਜੀ ਵਲੋਂ ਦੱਸੀ ਵਿਧੀ ਅਨੁਸਾਰ ਕੀਤਾ। ਸਾਰੇ ਕਰਤਾਰ ਦਾ ਨਾਂ ਜਪਣ ਲੱਗ ਗਏ॥ ੬੯॥

ਅਰਦਾਸ ਤਿਹਾਵਲ ਕੀ ਕਰਿ ਕੈ। ਪੁਨ ਸੀਸਨ ਕੋ ਧਰਨੀ ਧਰਿਕੈ।
ਬਰਖਾ ਬਹੁ ਜਾਚਨ ਕੀਨਿ ਸਭੈ। ਘਨਘੋਰ ਉਠੇ ਘਨਘੋਰ ਤਬੈ॥ ੭੦॥

ਕੜਾਹ ਪਰਸ਼ਾਦ ਤਿਆਰ ਕਰਵਾ ਕੇ ਉਨ੍ਹਾਂ ਅਰਦਾਸ ਕੀਤੀ ਤੇ ਫਿਰ ਧਰਤੀ ਤੇ ਮੱਥਾ ਟੇਕਿਆ। ਬਹੁਤ ਬਰਖਾ ਦੀ ਸਭ ਨੇ ਮੰਗ ਕੀਤੀ, ਤਦ ਭਿਆਨਕ ਆਵਾਜ਼ ਕਰਦੇ ਹੋਏ ਗਾੜ੍ਹੇ ਬੱਦਲ ਛਾ ਗਏ॥ ੭੦॥

ਤਿਹ ਕਾਲ ਸੁ ਬਾਂਛਤ ਨੀਰ ਪਰਜੋ। ਸਭਿ ਦੇਸ਼ ਦੁਕਾਲ ਅਤੰਕ ਹਰਜੋ।
ਸੁਨਿਕੈ ਮਹਿਮਾ ਮਹਿਪਾਲਕ ਸੋ। ਕਰਿ ਆਵਨਤਾ ਤਤਕਾਲਕ ਸੋ ॥੭੧॥

ਉਸ ਸਮੇਂ ਇੱਛਾ ਅਨੁਸਾਰ ਮੀਂਹ ਵਰ੍ਹਿਆ। ਸਭ ਦੇਸ਼ ਦੇ ਕਾਲ ਦਾ ਡਰ ਦੂਰ ਹੋ ਗਿਆ। ਉਸ ਰਾਜੇ ਨੇ ਜਦ ਗੁਰੂ ਜੀ ਦੀ ਮਹਿਮਾ ਸੁਣੀ ਤਾਂ ਉਹ ਛੇਤੀ ਹੀ ਓਥੇ ਪਹੁੰਚ ਗਿਆ॥ ੭੧॥

ਬਹੁ ਭੇਟ ਲਏ ਭਟ ਭੀਰ ਬਡੀ। ਸ਼ਰਧਾ ਉਰ ਆਨਿ ਵਧੀਕ ਗਡੀ।
ਕਰੁਨਾਕਰ ਰਾਜਤਿ ਥਾਇ ਜਹਾਂ। ਪਹੁੰਚਜੋ ਚਿਤ ਚਾਹਿ ਕਰੰਤਿ ਤਹਾਂ ॥੭੨॥

ਬਹੁਤ ਭੇਟਾ ਅਤੇ ਸੂਰਮਿਆਂ ਦੀ ਵੱਡੀ ਭੀੜ ਨਾਲ ਲੈ ਕੇ ਆਇਆ। ਜਦ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਦਿਲ ਵਿਚ ਵਧੀਕ ਸ਼ਰਧਾ ਗੱਡੀ ਗਈ। ਕਿਰਪਾਲੂ ਗੁਰੂ ਜੀ ਜਿਥੇ ਬਿਰਾਜੇ ਹੋਏ ਸਨ ਤਿਥੇ ਚਿਤ ਵਿਚ ਇੱਛਾ ਕਰਦਾ ਪਹੁੰਚਿਆ॥ ੭੨॥

ਮਨ ਦੀਨ ਭਯੋ ਅਸ਼ਟਾਂਗ ਕਰੀ। ਬਹੁ ਬੈਨ ਬਿਨੈ ਭਨਿ ਹੰ ਜੁ ਜਰੀ।
'ਤੁਮ ਸੰਤ ਸੰਪੂਰਨ ਜੋਤਿ ਕਲਾ। ਉਪਦੇਸ਼ ਦਿਜੈ, ਨਿਜ ਹੋਇ ਭਲਾ ॥੭੩॥

ਮਨ ਬਹੁਤ ਨਿਮਰ ਹੋ ਗਿਆ, ਗੁਰੂ ਜੀ ਨੂੰ ਡੰਡੌਤ ਬੰਦਨਾ ਕੀਤੀ, ਬੇਨਤੀ ਦੇ ਬਹੁਤ ਸ਼ਬਦ ਕਹੇ, ਜਿਨ੍ਹਾਂ ਵਿਚੋਂ ਅਹੰਕਾਰ ਖਤਮ ਹੋ ਗਿਆ ਸੀ, ਬੋਲਿਆ, "ਤੁਸੀਂ ਸੰਪੂਰਨ ਸੰਤ ਪ੍ਰਤੱਖ ਕਲਾਵਾਨ ਹੋ। ਮੈਨੂੰ ਉਪਦੇਸ਼ ਦੇਵੋ ਤਾਂਕਿ ਮੇਰਾ ਭਲਾ ਹੋਵੇ॥ ੭੩॥

ਅਨਜਾਨ ਪਨੇ ਮਹਿਂ ਦੇਸ਼ ਸਭੈ। ਕਰਤਾਰ ਨ ਜਾਨਹਿਂ ਕੌਨ, ਕਬੈ।
ਬਰਖਾ ਮਘਵਾ ਜਪਤੇ ਜਬਹੀ। ਬਹੁ ਹੋਇ, ਪਕੈ ਕ੍ਰਿਸ਼ਿ ਜੋ ਸਭਿਹੀ ॥੭੪॥

ਅਨਜਾਣ-ਪੁਣੇ ਵਿਚ ਸਾਰੇ ਦੇਸ਼ ਕਦੇ ਇਹ ਨਹੀਂ ਜਾਣ ਸਕੇ ਕਿ ਕਰਤਾਰ ਕੌਣ ਹੈ ? ਵਰਖਾ ਦੇ ਦੇਵਤੇ ਇੰਦਰ ਦਾ ਜਦ ਜਾਪ ਕਰਦੇ ਸੀ ਤਦ ਬਾਰਸ਼ ਬਹੁਤ ਹੁੰਦੀ ਸੀ ਅਤੇ ਖੇਤੀ ਪੱਕ ਜਾਂਦੀ ਸੀ॥ ੭੪॥

ਇਹ ਰੀਤਿ ਪਰੰਪਰ ਦੇਸ਼ ਬਿਖੈ। ਤੁਮ ਆਨਿ ਹਟਾਵਨ ਕੀਨਿ ਲਖੈ।
ਅਬ ਜੋ ਬਿਧਿ ਦੇਹੁ ਬਤਾਇ ਹਮੈਂ। ਮਿਲਿ ਸੋ ਕਰਿਹੀਂ ਅਨੁਸਾਰ ਸੁ ਮੈਂ ॥੭੫॥

ਇਹ ਆਦਿ ਦੀ ਰੀਤੀ ਦੇਸ਼ ਵਿਚ ਚਲੀ ਆਉਂਦੀ ਹੈ, ਤੁਸੀਂ ਇਹ ਰੀਤੀ ਵੇਖ ਕੇ ਹਟਾ ਦਿੱਤੀ ਹੈ, ਹੁਣ ਤੁਸੀਂ ਜੋ ਵਿਧੀ ਮੈਨੂੰ ਦਸੋਗੇ, ਅਸੀਂ ਸਾਰੇ ਮਿਲ ਕੇ ਉਸ ਅਨੁਸਾਰ ਹੀ ਕਰਾਂਗੇ॥ ੭੫॥

ਜਿਹ ਤੇ ਸੁਖ ਪਾਵਹਿਂ ਲੋਕ ਸਬੈ। ਪਰਲੋਕਹਿਂ ਲੋਕਹਿਂ ਹੋਹਿਂ ਅਭੈ।
ਲਖਿਕੈ ਮਹਿਮਾ ਗਰਵੀ ਤੁਮਰੀ। ਮਤਿ ਹੋਇ ਰਹੀ ਦਿਢਤਾ ਹਮਰੀ' ॥੭੬॥

ਜਿਸ ਕਰਕੇ ਸਾਰੇ ਲੋਕ ਸੁਖ ਪਾਉਣ। ਲੋਕ ਪਰਲੋਕ ਦਾ ਡਰ ਖਤਮ ਹੋ ਜਾਵੇ ਭਾਵ ਲੋਕ ਨਿਡਰ ਹੋ ਜਾਣ। ਤੁਹਾਡੀ ਭਾਰੀ ਮਹਿਮਾ ਵੇਖ ਕੇ ਮੇਰੀ ਬੁੱਧੀ ਦ੍ਰਿੜ੍ਹ ਹੋ ਗਈ ਹੈ''॥ ੭੬॥

ਸ਼ਰਧਾ ਭਰਿ ਵਾਕ ਸੁਨੇ ਜਬਿਹੀ। ਪਦ ਪਾਹੁਲ ਦੇਤਿ ਭਏ ਤਬਿਹੀ।
ਉਪਦੇਸ਼ ਦਿਯੋ 'ਭਜਿਯੇ ਹਰਿ ਕੋ। ਸਤਿਸੰਗਤਿ ਪ੍ਰੇਮ ਕਰੋ ਉਰ ਕੋ॥ ੭੭॥

ਗੁਰੂ ਜੀ ਨੇ ਜਦ ਸ਼ਰਧਾ ਭਰੇ ਸ਼ਬਦ ਸੁਣੇ ਤਾਂ ਉਨ੍ਹਾਂ ਨੇ ਰਾਜੇ ਨੂੰ ਚਰਨ ਪਾਹੁਲ ਦਿੱਤੀ ਅਤੇ ਉਪਦੇਸ਼ ਕੀਤਾ, ''ਹਰੀ ਦੇ ਨਾਮ ਦਾ ਸਿਮਰਨ ਕਰੋ ਅਤੇ ਸੱਚੇ ਦਿਲ ਨਾਲ ਸਤਿਸੰਗਤ ਨੂੰ ਪ੍ਰੇਮ ਕਰੋ॥ ੭੭॥

ਇਸ਼ਨਾਨ ਕਰੋ ਇਕੁ ਜਾਮ ਨਿਸਾ। ਮਿਲ ਕੀਰਤਿ ਕੋ ਕਰਿ ਲੇਹੁ ਰਸਾ।
ਧ੍ਰਮਸਾਲ ਬਿਸਾਲ ਭਲੀ ਕਰਿਯੇ। ਇਰਖਾ, ਪਰਖਾ, ਛਰ ਕੋ ਹਰਿਯੇ॥ ੭੮॥

ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰੋ। ਸਾਰੇ ਮਿਲ ਕੇ ਕੀਰਤਨ ਦਾ ਸਵਾਦ ਲਵੋ। ਇਕ ਵੱਡੀ ਧਰਮਸਾਲਾ ਬਣਾਉ। ਈਰਖਾ, ਕਠੋਰਤਾ ਅਤੇ ਛਲ ਨੂੰ ਛੱਡ ਦੇਵੋ॥ ੭੮॥

ਸਤਿ, ਸ਼ੀਲ, ਸੰਤੋਖ, ਛਿਮਾ ਧਰਨੀ। ਹਰਿ ਲੋਲਪਤਾ ਕਰੁਨਾ ਕਰਨੀ।
ਚਖ ਹੇਰ ਛੁਧਾਤੁਰ ਦੇ ਅਸਨਾ। ਨਗਨੰ ਨਰ ਕੋ ਦਿਜਿਯੇ ਬਸਨਾ॥ ੭੯॥

ਸਤ, ਸੁਸ਼ੀਲਤਾ, ਸੰਤੋਖ ਅਤੇ ਖਿਮਾਂ ਨੂੰ ਧਾਰਨ ਕਰੋ। ਲੋਭ ਦਾ ਨਾਸ਼ ਕਰਕੇ ਕਿਰਪਾ ਨੂੰ ਅਪਨਾਉ। ਅੱਖੀਂ ਵੇਖ ਕੇ ਭੁੱਖਿਆਂ ਨੂੰ ਭੋਜਨ ਦੇਵੋ ਅਤੇ ਨੰਗੇ ਮਨੁੱਖਾਂ ਨੂੰ ਵਸਤਰ ਦੇਵੋ॥ ੭੯॥

ਮਿਲਿ ਸੰਤਨ ਕਾਲ ਬਿਤੀਤ ਕਰੋ। ਭਵਸਾਗਰ ਕੋ ਨਿਰਸੰਸ ਤਰੋ'।
ਸੁਨਿਕੈ ਉਪਦੇਸ਼ ਸੁ ਨਾਮ ਸਭੈ। ਕਰ ਬੰਦਹਿ ਬੰਦਨ ਕੀਨਿ ਤਬੈ॥ ੮੦॥

ਸੰਤਾਂ ਨਾਲ ਮਿਲ ਕੇ ਸਮਾਂ ਬਿਤੀਤ ਕਰੋ। ਇਸ ਤਰ੍ਹਾਂ ਕਰਨ ਨਾਲ ਬਿਨਾਂ ਸ਼ੰਕੇ ਭਵਸਾਗਰ ਨੂੰ ਤਰ ਜਾਵੋਗੇ।'' ਸਾਰੇ ਸ੍ਰੇਸ਼ਟ ਨਾਮ ਅਤੇ ਉਪਦੇਸ਼ ਸੁਣ ਕੇ, ਹੱਥ ਜੋੜ ਕੇ ਬੰਦਨਾ ਕੀਤੀ॥ ੮੦॥

ਧ੍ਰਮਸਾਲ ਰਚੀ ਤਤਕਾਲ ਤਹਾਂ। ਅਰਬਿੰਦ ਬਿਲੋਚਨ ਬੈਸਿ ਜਹਾਂ।
ਗੁਨਖਾਨ ਇਸੋ ਉਪਕਾਰ ਕਰਜੋ। ਕਰਤਾਰ ਭਜੇ ਸਭਿ ਦੇਸ਼ ਤਰਜੋ॥ ੮੧॥

ਛੇਤੀ ਹੀ ਇਕ ਧਰਮਸਾਲਾ ਬਣਾ ਦਿੱਤੀ, ਕੰਵਲ ਨੈਣ ਭਾਵ ਗੁਰੂ ਜੀ ਓਥੇ ਬੈਠਦੇ ਸਨ। ਗੁਰੂ ਜੀ ਨੇ ਐਸਾ ਉਪਕਾਰ ਕੀਤਾ ਕਿ ਲੋਕ ਕਰਤਾਰ ਦਾ ਨਾਮ ਜਪਣ ਲਗੇ ਅਤੇ ਸਾਰਾ ਦੇਸ਼ ਤਰ ਗਿਆ॥ ੮੧॥

ਦਿਨ ਕੇਤਿਕ ਸ੍ਰੀ ਗੁਰ ਦੇਸ਼ ਤਿਸੀ। ਨਰ ਕੀਨ ਉਧਾਰ ਰਹੇ ਸੁ ਜਸੀ।

ਛਿਤਪਾਲ ਪ੍ਰਜਾ ਸਭਿ ਆਵਤਿ ਹੈਂ। ਪਗ ਬੰਦਨ ਕੈ ਸੁਖ ਪਾਵਤਿ ਹੈਂ ॥੮੨ ॥

ਗੁਰੂ ਜੀ ਕਈ ਦਿਨ ਉਸ ਦੇਸ਼ ਵਿਚ ਰਹੇ। ਸ੍ਰੇਸ਼ਟ ਜੱਸ ਵਾਲੇ ਗੁਰੂ ਜੀ ਮਨੁੱਖਾਂ ਦਾ ਉਧਾਰ ਕਰਦੇ ਰਹੇ। ਰਾਜਾ ਅਤੇ ਸਾਰੀ ਪਰਜਾ ਰੋਜ਼ ਆਉਂਦੀ ਹੈ। ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਕੇ ਸੁੱਖ ਪਾਉਂਦੇ ਹਨ॥ ੮੨ ॥

ਸੁਨਿ ਸ੍ਰੀ ਮੁਖ ਤੇ ਸੁਖਵੰਤਿ ਗਿਰਾ। ਸਭਿ ਕੋ ਉਰ ਪ੍ਰੇਮ ਕੇ ਸੰਗ ਭਰਾ।
ਸਿਮਰਹਿਂ ਹਰਿ ਨਾਮਹਿਂ ਪ੍ਰੀਤਿ ਕਰੈਂ। ਮਿਲਿ ਆਪਸ ਮੈਂ ਬਹੁ ਭਾਉ ਧਰੈਂ ॥੮੩ ॥

ਗੁਰੂ ਜੀ ਦੇ ਸੁਖ ਦੇਣ ਵਾਲੇ ਬਚਨ ਸੁਣ ਕੇ, ਸਾਰਿਆਂ ਦੇ ਹਿਰਦੇ ਪ੍ਰੇਮ ਨਾਲ ਭਰ ਜਾਂਦੇ ਹਨ। ਹਰੀ ਦਾ ਨਾਮ ਸਿਮਰਦੇ ਹਨ ਅਤੇ ਨਾਮ ਨਾਲ ਪ੍ਰੇਮ ਕਰਦੇ ਹਨ, ਆਪਸ ਵਿਚ ਮਿਲ ਕੇ ਬਹੁਤ ਪ੍ਰੇਮ ਧਾਰਨ ਕਰਦੇ ਹਨ॥ ੮੩ ॥

ਦੋਹਰਾ- ਗਾਹਕ ਪੂਰਬ ਸਿੱਖ ਜੋ ਬੋਲਜੋ ਦ੍ਵੈ ਕਰ ਬੰਦਿ।
'ਕੁਦਰਤ ਕੋ ਕੁਛ ਪਤਾ ਮੁਝ ਦਰਸਾਵਹੁ ਸੁਖਕੰਦ!' ॥ ੮੪ ॥

ਪਹਿਲਾ ਕਿਸਾਨ ਸਿੱਖ ਦੋਵੇਂ ਹੱਥ ਜੋੜ ਕੇ ਬੋਲਿਆ, 'ਹੇ ਸੁਖਾਂ ਦੇ ਦਾਤੇ! ਮੈਨੂੰ ਕੁਦਰਤ ਦਾ ਕੁਝ ਪਤਾ ਸਮਝਾਵੋ' ॥ ੮੪ ॥

ਸੰਕਰ ਛੰਦ- ਸੁਨਿ ਕਰ ਤਿਹ ਕੇ ਬਚ ਗੁਰੁ ਨਾਨਕ ਕਰੀ ਗਿਰਾ ਉਚਾਰ।
'ਜਾਹੁ ਖੇਤ ਮਹਿਂ ਬੂਟ ਉਪਾਰਹੁ ਦੇਖਹੁ ਕੁਦਰਤ ਭਾਰਿ।
ਆਚਰਜ ਜਿਹਕੋ ਰੂਪ ਲਖਿਯਤ ਸਕੈ ਕੌਨ ਨ ਚੀਨ।
ਸੁਰ, ਨਰ, ਅਸੁਰ, ਅਹਿ ਤਰਹਿ ਤਾਂਕੇ ਉਰਧ ਜਿਨ ਇਹ ਕੀਨ ॥੮੫ ॥

ਉਸ ਦੀ ਗੱਲ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਬਚਨ ਕਹੇ, ''ਜਾਉ ਖੇਤ ਵਿਚ ਜਾ ਕੇ ਕੁਝ ਬੂਟੇ ਉਖਾੜੋ ਤੇ ਓਥੇ ਭਾਰੀ ਕੁਦਰਤ ਦੇ ਦਰਸ਼ਨ ਕਰੋ। ਜਿਸ ਦਾ ਅਚਰਜ ਰੂਪ ਵੇਖ ਕੇ ਕੋਣ ਨਹੀਂ ਪਹਿਚਾਣ ਸਕਦਾ। ਦੇਵਤੇ, ਦੈਂਤ, ਨਾਗ, ਪਾਤਾਲ, ਅਕਾਸ਼ ਅਤੇ ਮਾਤ ਲੋਕ ਜਿਸ ਨੇ ਬਣਾਏ ਹਨ'' ॥ ੮੫ ॥

ਨਿਜ ਕਾਨ ਸੁਨਿ ਮਤਵਾਨ ਮਾਨਵ ਖੇਤ ਮਹਿਂ ਤਬ ਜਾਇ।
ਗੋਧੂਮ ਬੂਟ ਉਖਾਰ ਦੇਖਜੋ ਰਹਜੋ ਉਰ ਬਿਸਮਾਇ।
ਅੰਗਾਰ ਅਗਨੀ ਅਰੁਨ ਦੀਸਤਿ ਤੇਜ ਨਹਿਂ ਸਹਿ ਜਾਇ।
ਸਭਿ ਲੋਕ ਹੇਰਨ ਹੇਤੁ ਦੌਰੇ ਬਹੁਤ ਜਿਨ ਮਨ ਚਾਇ॥ ੮੬ ॥

ਆਪਣੇ ਕੰਨਾਂ ਨਾਲ ਇਹ ਗੱਲ ਸੁਣ ਕੇ ਅਕਲਮੰਦ ਮਨੁੱਖ ਤਦ ਖੇਤ ਵਿਚ ਗਿਆ। ਕਣਕ ਦਾ ਬੂਟਾ ਉਖਾੜ ਕੇ ਵੇਖਿਆ ਤਾਂ ਹਿਰਦੇ ਵਿਚ ਬਹੁਤ ਹੈਰਾਨ ਹੋਇਆ। ਅੰਗਾਰ, ਅਗਨੀ ਲਾਲ ਦਿੱਸਦੇ ਸਨ ਤੇ ਉਨ੍ਹਾਂ ਦਾ ਤੇਜ ਬਰਦਾਸ਼ਤ ਨਹੀਂ ਸੀ ਹੁੰਦਾ। ਸਾਰੇ ਲੋਕ ਵੇਖਣ ਵਾਸਤੇ ਦੌੜੇ, ਜਿਨ੍ਹਾਂ ਦੇ ਮਨ ਵਿਚ ਬਹੁਤ ਚਾਅ ਸੀ॥ ੮੬ ॥

ਹੇਰਿ ਹੇਰਿ ਆਚਰਜ ਮਾਨਹਿਂ ਅਗਨਿ ਪਰ ਪਿਖਿ ਖੇਤ।
ਜਿਹ ਛੁਵਤਿ ਜਰਿਹੀ ਦਾਰ ਦੁਤਿ ਸਭਿ ਹਰੀ ਭੀ ਕਿਹ ਹੇਤ।
ਕਰਤਾਰ ਕੁਦਰਤਿ ਅਤਿ ਬਲਿਸ਼ਟਹਿ ਕੀਨ ਅਚਰਜ ਬਾਤ।
ਹੈ ਅਗਨਿ ਊਪਰ ਕ੍ਰਿਸ਼ਿ ਬ੍ਰਿੱਧਤ ਹਰੀ ਬਹੁ ਜਿਹ ਪਾਤ॥ ੮੭ ॥

ਵੇਖ ਵੇਖ ਕੇ ਅਸਚਰਜ ਮੰਨਦੇ ਸਨ ਕਿ ਖੇਤ ਅਗਨੀ ਉਤੇ ਠਹਿਰਿਆ ਸੀ। ਜਿਸ ਨੂੰ ਛੂੰਹਦਿਆ ਹੀ ਲੱਕੜ ਝੱਟ ਸੜ ਜਾਵੇ, ਸਾਰੀ ਖੇਤੀ ਹਰੀ ਹੋਈ ਕਿਵੇਂ ਖੜੀ ਸੀ। ਕਰਤਾਰ ਅਤੇ ਕੁਦਰਤ ਅਤਿ ਬਲੀ ਹਨ, ਇਹ ਅਚਰਜ ਗੱਲ ਕੀਤੀ ਹੈ। ਅਗਨੀ ਉਤੇ ਖੇਤੀ ਵਧਦੀ ਹੈ, ਜਿਸ ਦੇ ਪੱਤੇ ਬਹੁਤ ਹਰੇ ਹਨ॥ ੮੭॥

ਕਰਤਾਰ ਬਹੁਰ ਲਖਾਇ ਕੁਦਰਤ ਸੱਤਿ ਨਾਮ ਜਪਾਇ।
ਕਰਿ ਧਰਮਸਾਲਾ ਗ੍ਰਾਮ ਗ੍ਰਾਮਹਿ ਨਾਮ ਦਾਨ ਦ੍ਰਿੜਾਇ।
ਤਬ ਕੀਨ ਦੇਸ਼ ਪਵਿੱਤ੍ਰ ਸਗਰੋ ਲਗੇ ਕੀਰਤਿ ਗਾਨਿ।
ਸੁਭ ਚਲੀ ਰੀਤਿ ਪੁਨੀਤ ਸਿੱਖੀ ਸਤਿਗੁਰੂ ਕੁਰਬਾਨ॥ ੮੮॥

ਪਹਿਲਾਂ ਕਰਤਾਰ ਫਿਰ ਕੁਦਰਤ ਵਿਖਾਲੀ ਅਤੇ ਪ੍ਰਭੂ ਦੇ ਸੱਚੇ ਨਾਮ ਦਾ ਜਾਪ ਕਰਵਾਇਆ। ਪਿੰਡ-ਪਿੰਡ ਧਰਮਸਾਲਾ ਬਣਾਈ ਅਤੇ ਨਾਮ ਦਾਨ ਦ੍ਰਿੜ ਕਰਵਾਇਆ। ਫਿਰ ਦੇਸ਼ ਨੂੰ ਪਵਿੱਤਰ ਕੀਤਾ, ਸਾਰੇ ਲੋਕ ਪ੍ਰਭੂ ਦਾ ਕੀਰਤਨ ਗਾਇਨ ਕਰਨ ਲੱਗੇ। ਪਵਿੱਤਰ ਸਿੱਖੀ ਦੀ ਸੁਭ ਰੀਤੀ ਚੱਲੀ, ਐਸੇ ਸਤਿਗੁਰ ਤੋਂ ਮੈਂ ਕੁਰਬਾਨ ਜਾਂਦਾ ਹਾਂ॥ ੮੮॥

ਨਰ ਕਰਿਹੰ ਕੀਰਤਿ ਪ੍ਰੀਤਿ ਯੁਤ ਉਰਧਰੀ ਸ਼ਰਧਾ ਨਾਮ।
ਬਰ ਪਰਮਦਾ ਅਪਵਰਗ ਸੁਮਰਨ ਧਰਮ ਅਰਥਹਿ ਕਾਮ।
ਜਿਸ ਨਾਮ ਤੇ ਸੁਖ ਧਾਮ ਪ੍ਰਾਪਤ ਤਰੇ ਪਤਿਤ ਅਨੇਕ।
ਜੋ ਗੈਨ ਛੋਨੀ ਨਾਗ ਸਦਨਾ ਬ੍ਰਹਮ ਅੰਡਹਿ ਟੇਕ॥ ੮੯॥

ਮਨੁੱਖ ਨਾਮ ਤੇ ਸ਼ਰਧਾ ਧਾਰ ਕੇ, ਹਿਰਦੇ ਵਿਚ ਪ੍ਰੀਤ ਭਰ ਕੇ ਕੀਰਤਨ ਕਰਦੇ ਹਨ। ਗੁਰੂ ਜੀ ਨਾਮ ਦੇ ਸਿਮਰਨ, ਧਰਮ ਅਰਥ ਕਾਮ ਤੇ ਮੋਖ ਦੇ ਸ੍ਰੇਸ਼ਟ ਵਰ ਦਾਤੇ ਹਨ। ਜਿਸ ਨਾਮ ਤੋਂ ਸੁਖ ਧਾਮ ਪ੍ਰਾਪਤ ਕਰਕੇ ਅਨੇਕਾਂ ਪਤਿਤ ਤਰੇ ਹਨ। ਜੋ ਆਕਾਸ਼, ਧਰਤੀ, ਪਾਤਾਲ ਅਤੇ ਸਾਰੇ ਬ੍ਰਹਿਮੰਡ ਦਾ ਆਸਰਾ ਹਨ॥ ੮੯॥

ਤਿਹ ਕੋ ਮੁਨਾਫਕ ਨਾਮ ਪੂਰਬ ਫੇਰਿ ਸਤਿਗੁਰ ਦੀਨ।
ਪੁਨ ਦੇਸ਼ ਸੁਆਲਜੋ ਰਾਖਿਓ ਕਰਿ ਰੀਤਿ ਰੁਚਿਰ ਨਵੀਨ।
ਇਸ ਭਾਂਤਿ ਕਰਿ ਉਪਕਾਰ ਤਿਨ ਪਰ ਚਲਿਨ ਮਨਸਾ ਕੀਨਿ।
ਭਵ ਸੇਤੁ ਕੀਰਤਿ ਕਰਨਧਰਨੀ, ਜਾਹਿੰ ਸਿਖ ਸੁਖ ਦੀਨ॥ ੯੦॥

ਪਹਿਲਾਂ ਉਸ ਦੇਸ਼ ਦਾ ਨਾਂ ਮੁਨਾਫਕ ਸੀ, ਸਤਿਗੁਰੂ ਜੀ ਨੇ ਉਸ ਦਾ ਨਾਂ ਬਦਲ ਕੇ ਉਸ ਦੇਸ਼ ਦਾ ਨਾਂ ਸੁੰਦਰ ਰੀਤੀ ਕਰਕੇ ਸੁਆਲਿਯੋ ਰਖਿਆ। ਇਸ ਤਰ੍ਹਾਂ ਉਨ੍ਹਾਂ ਲੋਕਾਂ ਤੇ ਉਪਕਾਰ ਕਰਕੇ ਗੁਰੂ ਜੀ ਨੇ ਅੱਗੇ ਚਲਣ ਦੀ ਖਾਹਿਸ਼ ਪ੍ਰਗਟ ਕੀਤੀ। ਸੰਸਾਰ ਵਿਚ ਧਰਤੀ ਤੇ ਕੀਰਤਨ ਦਾ ਪੁਲ ਬੰਨ੍ਹ ਕੇ ਸਿੱਖਾਂ ਨੂੰ ਸੁੱਖ ਦਿੱਤਾ॥ ੯੦॥

ਕਰਿ ਭੂਪ ਪਰਜਾ ਪਰ ਖੁਸ਼ੀ ਗੁਰ ਗਏ ਆਨ ਅਸਥਾਨ।
ਪਸ਼ਚਾਤ ਨਰ ਝੂਰਤਿ ਰਿਦੈ ਤਬ ਰਹੇ ਹਮ ਅਨਜਾਨ।
ਕਰਿ ਸੇਵ ਤਿਨਕੀ ਤ੍ਰਿਪਤਿ ਭੇ ਨਹਿੰ, ਪਾਇ ਦਰਸ ਅਮੋਲ।
ਭਜਿ ਸ਼ਰਨ ਗੁਰ ਸੰਤੋਖ ਸਿੰਘ ਨਿਤ ਪਾਇੰ ਅਨੰਦ ਅਡੋਲ॥ ੯੧॥

ਰਾਜੇ ਅਤੇ ਪਰਜਾ ਨੂੰ ਖੁਸ਼ੀ ਦੇ ਕੇ ਗੁਰੂ ਜੀ ਹੋਰ ਅਸਥਾਨ ਤੇ ਚਲੇ ਗਏ। ਬਾਅਦ ਵਿਚ ਨਰ ਹਿਰਦੇ ਵਿਚ ਝੂਰਦੇ ਸਨ ਕਿ ਉਹ ਪਹਿਲਾਂ ਕਿੰਨੇ ਅਨਜਾਣ ਸਨ। ਉਨ੍ਹਾਂ ਦੀ ਸੇਵਾ ਕਰਕੇ ਤ੍ਰਿਪਤ ਹੋਏ ਅਤੇ ਉਨ੍ਹਾਂ ਦੇ ਅਮੋਲਕ ਦਰਸ਼ਨ ਪਾਏ। ਹੇ ਸੰਤੋਖ ਸਿੰਘ ਗੁਰੂ ਦੀ ਸ਼ਰਨ ਵਿਚ ਭਜਨ ਕਰ ਅਤੇ ਨਿਤ ਇਕ ਰਸ ਆਨੰਦ ਪ੍ਰਾਪਤ ਕਰ॥ ੯੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਮੁਨਾਫਿਕ ਦੇਸ਼' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅਧਯਾਯ॥ ੧੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਗਿਆਰ੍ਹਵਾਂ ਅਧਿਆਇ, ਜਿਸ ਦਾ ਨਾਮ "ਇਕ ਗ੍ਰਾਮ ਮੁਨਾਫਿਕ ਦੇਸ਼" ਹੈ, ਸਮਾਪਤ ਹੋਇਆ॥ ੧੧॥

# ਅਧਿਆਇ ਬਾਰ੍ਹਵਾਂ

## ਅੱਗ ਨਾਲ ਸੜਨ ਵਾਲੇ, ਸਮੁੰਦ੍ਰ ਨਾਲ ਵਹਿਣ ਵਾਲੇ ਨਗਰ ਤੇ ਹਾਰੂ ਦੇਸ਼

ਦੋਹਰਾ- ਪਿੰਗਲ ਪਰਬਤ ਪਰ ਚਢੈ ਗੁੰਗ ਹੋਇ ਬਾਚਾਲ।
ਕਾਹਿਰ ਹ੍ਵੈ ਭਟ ਜੈ ਧਰੈ ਕਰੈ ਜਿ ਕ੍ਰਿਪਾ ਕ੍ਰਿਪਾਲ॥ ੧॥

ਜੇ ਵਾਹਿਗੁਰੂ ਕਿਰਪਾ ਕਰੇ ਤਾਂ ਪਿੰਗਲਾ ਵੀ ਪਹਾੜ ਉਤੇ ਚੜ੍ਹ ਸਕਦਾ ਹੈ, ਗੁੰਗਾ ਬੋਲਣ ਲੱਗ ਜਾਂਦਾ ਹੈ ਅਤੇ ਕਾਇਰ ਸੂਰਮਾ ਬਣ ਕੇ ਫਤਹਿ ਪ੍ਰਾਪਤ ਕਰਦਾ ਹੈ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਅਨਤ ਦੇਸ਼ ਸਤਿਗੁਰੂ ਸਿਧਾਰੇ। ਸੰਤ ਮੰਦਮਤਿ ਜਾਂਹਿ ਉਧਾਰੇ।
ਮੈਂ ਪੁਨ ਦੁਤਿਯ ਸੰਗ ਮਰਦਾਨਾ। ਅਨੁਸਾਰੀਅਨੁ ਕਰਹਿੰ ਪਿਯਾਨਾ॥੨॥

ਭਾਈ ਬਾਲੇ ਨੇ ਕਿਹਾ- ਗੁਰੂ ਜੀ ਕਿਸੇ ਹੋਰ ਦੇਸ਼ ਵਿਚ ਚਲੇ ਗਏ, ਜਿਥੇ ਜਾ ਕੇ ਸੰਤਾਂ ਅਤੇ ਮਾੜੀ ਮੱਤ ਵਾਲਿਆਂ ਦਾ ਉਧਾਰ ਕੀਤਾ। ਮੈਂ ਅਤੇ ਦੂਸਰਾ ਮਰਦਾਨਾ ਉਨ੍ਹਾਂ ਦੇ ਨਾਲ ਸੀ। ਉਨ੍ਹਾਂ ਦੀ ਆਗਿਆ ਦਾ ਪਾਲਣ ਕਰਨ ਵਾਲੇ ਉਨ੍ਹਾਂ ਦੇ ਪਿੱਛੇ-ਪਿੱਛੇ ਜਾ ਰਹੇ ਸੀ॥ ੨॥

ਮਾਰਗ ਚਲਤਿ ਗ੍ਰਾਮ ਇਕ ਹੇਰਾ। ਤਹਿੰ ਤਰੁ ਕੇ ਤਰ ਕੀਨ ਬਸੇਰਾ।
ਸੰਤ ਜਾਨ ਤਹਿੰ ਕੇ ਨਰ ਆਏ। ਰਿਦੈ ਭਾਉ ਧਰਿ ਸੀਸ ਝੁਕਾਏ॥ ੩॥

ਰਸਤੇ ਵਿਚ ਚਲਦਿਆਂ ਇਕ ਪਿੰਡ ਵੇਖਿਆ। ਓਥੇ ਇਕ ਬ੍ਰਿਛ ਦੇ ਹੇਠ ਆਪਣਾ ਬਸੇਰਾ ਕਰ ਲਿਆ। ਸੰਤ ਜਾਣ ਕੇ ਉਸ ਪਿੰਡ ਦੇ ਲੋਕ ਦਰਸ਼ਨਾਂ ਵਾਸਤੇ ਆਏ। ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਉਨ੍ਹਾਂ ਆਪਣੇ ਸਿਰ ਗੁਰੂ ਜੀ ਅੱਗੇ ਝੁਕਾਏ॥ ੩॥

ਅੰਨ ਆਨਿ ਦੀਨੋ ਹਿਤ ਅਸਨਾ। ਬਿਨੈ ਯੁਕਤ ਬਾਨੀ ਭਨਿ ਰਸਨਾ।
ਤਿਨ ਕੀ ਬਿਨੈ ਸ਼੍ਰੋਨ ਧਰਿ ਬੂਰੀ। ਨੈਨ ਕੋਹ ਕਰੁਨਾ ਜਿਨ ਪੂਰੀ॥ ੪॥

ਭੋਜਨ ਵਾਸਤੇ ਉਨ੍ਹਾਂ ਨੇ ਅੰਨ ਦਿੱਤਾ। ਬੇਨਤੀ ਭਰਪੂਰ ਉਨ੍ਹਾਂ ਮਿੱਠੇ ਬਚਨ ਕਹੇ, ਉਨ੍ਹਾਂ ਦੀ ਸਾਰੀ ਬੇਨਤੀ ਨੂੰ ਕੰਨਾਂ ਨਾਲ ਸੁਣਿਆ, ਜਿਨ੍ਹਾਂ ਦੀਆਂ ਅੱਖਾਂ ਦੀ ਦ੍ਰਿਸ਼ਟੀ ਵਿਚ ਪੂਰਨ ਮੇਹਰ ਹੈ॥ ੪॥

ਦੋਹਰਾ- ਕਿਤਿਕ ਦਿਵਸ ਕੀਨੋ ਸਿਵਰ ਕਰਨ ਨਰਨ ਕੱਲਜਾਨ।
ਰਾਜ ਰਿਖੀ, ਸਿੱਖਜਨ ਸੁਖਦ, ਜਿਹ ਦਰਸ਼ਨ ਅਘ ਹਾਨ॥ ੫॥

ਗੁਰੂ ਜੀ ਨੇ ਕਈ ਦਿਨ ਉਨ੍ਹਾਂ ਲੋਕਾਂ ਦਾ ਕਲਿਆਣ ਕਰਨ ਵਾਸਤੇ ਓਥੇ ਡੇਰਾ ਲਾ ਰੱਖਿਆ। ਰਿਖੀਆਂ ਦੇ ਰਾਜੇ (ਗੁਰੂ ਜੀ) ਸਿੱਖਾਂ ਨੂੰ ਸੁੱਖ ਦਿੰਦੇ ਹਨ ਅਤੇ ਜਿਨ੍ਹਾਂ ਦੇ ਦਰਸ਼ਨ ਕਰਕੇ ਪਾਪ ਦੂਰ ਹੋ ਜਾਂਦੇ ਹਨ॥ ੫॥

ਚੌਪਈ- ਬਾਸੁਰ ਕਿਤਿਕ ਬਿਤੀਤੇ ਜਬਹੀ। ਸੇਵਹਿੰ ਪ੍ਰੀਤ ਧਾਰਿ ਉਰ ਸਭਿਹੀ।
ਏਕ ਦਯੋਸ ਮਹਿੰ ਕੀਨਿ ਤਯਾਰੀ। ਨਿਜ ਨਿਕੇਤ ਕੀ ਸੌਜ ਸੰਭਾਰੀ॥੬॥

ਜਦ ਕਈ ਦਿਨ ਬੀਤ ਗਏ, ਸਾਰੇ ਲੋਕ ਹਿਰਦਿਆਂ ਵਿਚ ਪ੍ਰੀਤ ਧਾਰਨ ਕਰਕੇ ਸੇਵਾ ਕਰਦੇ ਸਨ। ਇਕ ਦਿਨ ਐਸਾ ਹੋਇਆ ਕਿ ਪਿੰਡ ਦੇ ਸਾਰੇ ਲੋਕਾਂ ਨੇ ਪਿੰਡ ਛੱਡਣ ਦੀ ਤਿਆਰੀ ਕਰ ਲਈ, ਆਪਣੇ ਘਰਾਂ ਦੇ ਸਾਰੇ ਸਾਮਾਨ ਨੂੰ ਉਨ੍ਹਾਂ ਸੰਭਾਲ ਲਿਆ॥ ੬॥

ਤਿਨਕੀ ਰੀਤਿ ਹੇਰਿ ਕਰਿ ਸ੍ਵਾਮੀ। ਭਨੇ ਬਚਨ ਸੁਭ ਅੰਤਰਜਾਮੀ।
'ਸਕਟਨ ਬਿਖੈ ਸੌਜ ਤੁਮ ਪਾਈ। ਗ੍ਰਾਮ ਤਜਾਗ ਗਮਨੇ ਕਿਹ ਥਾਈਂ ? ॥੭॥

ਉਨ੍ਹਾਂ ਦੀ ਰੀਤੀ ਨੂੰ ਵੇਖ ਕੇ ਅੰਤਰਜਾਮੀ ਗੁਰੂ ਜੀ ਨੇ ਸ਼ੁਭ ਬਚਨ ਕਹੇ, "ਗੱਡਿਆਂ ਉਤੇ ਤੁਸੀਂ ਸਾਰਾ ਸਾਮਾਨ ਲੱਦ ਲਿਆ ਹੈ, ਪਿੰਡ ਨੂੰ ਛੱਡ ਕੇ ਕਿੱਥੇ ਚੱਲੇ ਹੋ ?॥ ੭॥

ਕਿਹ ਦੁਖ ਤੇ ਕਰਿ ਸਦਨ ਉਜਾਰਾ ?। ਚਲੇ ਅਨਤ ਜੁਤ ਸਭਿ ਪਰਵਾਰਾ।
ਕਿਧੌਂ ਭਯੋ ਭੈ ਭੂਪਤਿ ਕਾਂਕੋ। ਤੁਮਹਿਂ ਵਿਘਨ ਕੋ ? ਕਹਿਯੇ ਤਾਂਕੋ' ॥੮॥

ਕਿਸ ਦੁੱਖ ਕਰਕੇ ਘਰ ਨੂੰ ਉਜਾੜਨ ਲੱਗੇ ਹੋ। ਸਾਰੇ ਪਰਿਵਾਰ ਕਿਸੇ ਹੋਰ ਥਾਂ ਲੈ ਚੱਲੇ ਹੋ। ਕੀ ਤੁਹਾਨੂੰ ਕਿਸੇ ਰਾਜੇ ਦਾ ਡਰ ਹੈ ? ਤੁਹਾਨੂੰ ਕੀ ਦੁੱਖ ਹੈ ? ਸਾਨੂੰ ਉਹ ਦੱਸੋ" ॥ ੮॥

ਦੋਹਰਾ- ਸੁਨਿ ਕਰਿ ਸ੍ਰੀ ਗੁਰ ਕੇ ਬਚਨ ਮਾਨਵ ਜੁਗ ਕਰ ਬੰਦਿ।
ਨਿਜ ਬਿਰਥਾ ਭਾਖਤਿ ਭਏ ਅੱਗ੍ਰਜ ਦੋਖ ਨਿਕੰਦ॥ ੯॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਉਸ ਪਿੰਡ ਦੇ ਮਨੁੱਖ ਦੋਵੇਂ ਹੱਥ ਜੋੜ ਕੇ ਖੜੇ ਹੋ ਗਏ। ਆਪਣੀ ਬਿਰਥਾ ਦੁੱਖਾਂ ਦੇ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੂੰ ਸੁਣਾਉਣ ਲੱਗੇ॥ ੯॥

ਚੌਪਈ- 'ਸੁਨਹੁ ਸੁਖਦ ਜੀ ਸ੍ਰੀ ਗੁਰੁ ਨਾਨਕ !। ਲਗਹਿ ਅਗਨਿ ਇਸ ਗ੍ਰਾਮ ਅਚਾਨਕ।
ਇਸ ਦੁਖ ਤੇ ਹਮ ਅਨਤ ਪਧਾਰੇਂ। ਬਹੁਰ ਆਇ ਕਰਿ ਹੈਂ ਘਰਬਾਰੇ ॥੧੦॥

"ਹੇ ਸੁੱਖਾਂ ਦੇ ਦਾਤੇ, ਸ੍ਰੀ ਗੁਰੂ ਨਾਨਕ ਜੀ ! ਸੁਣੋ, ਇਸ ਪਿੰਡ ਵਿਚ ਅਚਾਨਕ ਅੱਗ ਲੱਗ ਜਾਂਦੀ ਹੈ। ਇਸ ਦੁੱਖ ਕਰਕੇ ਅਸੀਂ ਹੋਰ ਥਾਂ ਚਲੇ ਹਾਂ। ਫਿਰ ਆ ਕੇ ਘਰ ਬਾਰ ਸੰਭਾਲ ਲਵਾਂਗੇ॥ ੧੦॥

ਛਠੇ ਮਾਸ ਇਕ ਬਾਸੁਰ ਮਾਂਹੀ। ਅਗਨਿ ਸੰਗ ਜਾਵਹਿ ਕੋ ਦਾਹੀ।
ਕੇਤਿਕ ਦਿਵਸ ਸਦਨ ਇਹ ਤਜਿਕੈ। ਬਸਿਹੈਂ ਅਨਤ ਗ੍ਰਾਮ ਭੈ ਭਜਿਕੈ ॥੧੧॥

ਛੇਵੇਂ ਮਹੀਨੇ ਦੇ ਇਕ ਦਿਨ ਕੋਈ ਆ ਕੇ ਸਾਰੇ ਪਿੰਡ ਨੂੰ ਅਗਨੀ ਨਾਲ ਸਾੜ ਜਾਂਦਾ ਹੈ। ਕਈ ਦਿਨ ਇਹ ਘਰ ਛੱਡ ਕੇ, ਭੱਜ ਕੇ ਕਿਸੇ ਹੋਰ ਪਿੰਡ ਵਿਚ ਜਾ ਵੱਸਦੇ ਹਾਂ॥ ੧੧॥

ਆਪ ਚਲਹੁ ਜੇ ਸੰਗ ਹਮਾਰੇ। ਸੇਵਹਿਂ ਸਭਿ ਬਿਧਿ ਚਰਨ ਤੁਮਾਰੇ।
ਸੰਤ ਰੂਪ ਤੁਮ ਪਰਉਪਕਾਰੀ। ਪੁਨ ਇੱਛਾ ਜੋ ਕਰਹੁ ਤੁਮਾਰੀ' ॥੧੨॥

ਜੇ ਆਪ ਸਾਡੇ ਨਾਲ ਚੱਲੋਗੇ ਤਾਂ ਸਭ ਤਰ੍ਹਾਂ ਤੁਹਾਡੇ ਚਰਨਾਂ ਦੀ ਸੇਵਾ ਕਰਾਂਗੇ। ਤੁਸੀਂ ਪਰਉਪਕਾਰੀ ਸੰਤ ਰੂਪ ਹੋ, ਬਾਕੀ ਜਿਵੇਂ ਤੁਹਾਡੀ ਇੱਛਾ ਹੈ" ॥ ੧੨॥

ਦੋਹਰਾ- ਕਰੁਨਾ ਕਰ ਬੋਲੇ ਬਚਨ ਸ੍ਰੀ ਬੇਦੀ ਕੁਲਕੇਤ।
'ਧਾਰਹੁ ਸਿੱਖੀ ਗੁਰੂ ਕੀ ਪੁਨ ਨਹਿਂ ਜਲਹਿਂ ਨਿਕੇਤ॥ ੧੩॥

ਦਿਆਲਤਾ ਧਾਰਨ ਕਰਕੇ ਗੁਰੂ ਜੀ ਨੇ ਬਚਨ ਕਹੇ, "ਗੁਰੂ ਦੀ ਸਿੱਖੀ ਧਾਰਨ ਕਰੋ, ਫਿਰ ਤੁਹਾਡੇ ਘਰ ਨਹੀ ਸੜਨਗੇ॥ ੧੩॥

ਚੌਪਈ- ਸਤਿਨਾਮ ਕੋ ਜਾਪ ਜਪੀਜੈ। ਉਰ ਤੇ ਡਰ ਕਉ ਦੂਰ ਕਰੀਜੈ।
ਮਨ ਬਾਂਛਤ ਸੁਖ ਪਾਇ ਘਨੇਰੇ। ਬਸਹੁ ਸ਼ਾਂਤਿ ਸੋ ਅਪਨੇ ਡੇਰੇ ॥੧੪॥

ਸਤਿਨਾਮ ਦਾ ਜਾਪ ਜਪੇ, ਹਿਰਦੇ ਵਿਚੋਂ ਡਰ ਨੂੰ ਦੂਰ ਕਰੇ। ਮਨ ਭਾਉਂਦਾ ਵੱਡਾ ਸੁੱਖ ਪ੍ਰਾਪਤ ਕਰੇ ਅਤੇ ਸ਼ਾਂਤੀ ਨਾਲ ਆਪਣੇ ਡੇਰੇ ਵਸੋ॥ ੧੪॥

ਅਬ ਤੇ ਲਗਹਿ ਨ ਅਗਨਿ ਅਗਾਰੀ। ਧਰਮਸਾਲ ਸੁਠ ਰਚਹੁ ਸਵਾਰੀ।
ਸੰਤ ਅਥਿਤ ਕੀ ਕੀਜੈ ਸੇਵਾ। ਮਹਿਮਾ ਕੀਰਤਿ ਲਖਿ ਭੇਵਾ॥ ੧੫॥

ਇਸ ਤੋਂ ਬਾਅਦ ਕਦੀ ਅੱਗ ਨਹੀਂ ਲਗੇਗੀ, ਇਕ ਸੁੰਦਰ ਧਰਮਸਾਲਾ ਸਵਾਰ ਕੇ ਬਣਾਉ। ਸੰਤਾਂ ਅਤੇ ਫਕੀਰਾਂ ਦੀ ਸੇਵਾ ਕਰੋ। ਕੀਰਤਨ ਦੀ ਮਹਿਮਾ ਦੇ ਭੇਦ ਨੂੰ ਸਮਝੋ"॥ ੧੫॥

ਸੁਨਿ ਕਰਿ ਉਰ ਧਰਿ ਹਰਖ ਬਿਸਾਲਾ। ਸਿੱਖੀ ਗ੍ਰਹਨ ਕਰੀ ਤਤਕਾਲਾ।
ਗਮਨ ਨ ਕੀਨ ਗ੍ਰਾਮ ਜੋ ਆਨਾ। ਮਾਨ ਸੁ ਬਚਨ ਵਸੇ ਨਿਜ ਥਾਨਾ॥੧੬॥

ਇਹ ਸੁਣ ਕੇ ਉਹ ਹਿਰਦੇ ਵਿਚ ਬਹੁਤ ਖੁਸ਼ ਹੋਏ। ਉਨ੍ਹਾਂ ਫੌਰਨ ਸਿੱਖੀ ਗ੍ਰਹਿਣ ਕਰ ਲਈ। ਉਹ ਕਿਸੇ ਹੋਰ ਪਿੰਡ ਨੂੰ ਨਾ ਗਏ ਅਤੇ ਗੁਰੂ ਦੇ ਬਚਨ ਮੰਨ ਕੇ ਆਪਣੇ ਅਸਥਾਨ 'ਤੇ ਹੀ ਰਹੇ॥ ੧੬॥

ਦੋਹਰਾ- ਸਭਿ ਸੰਭਾਰ ਸੰਭਾਰਿਕੈ ਸ੍ਰੀ ਨਾਨਕ ਢਿਗ ਆਨ।
ਰਾਖੀ ਡਰ ਕਰਿ ਅਗਨ ਤੇ ਉਰ ਸੰਦੇਹ ਕੋ ਮਾਨਿ॥ ੧੭॥

ਪਰ ਸਾਰਿਆਂ ਨੇ ਅੱਗ ਤੋਂ ਡਰਦਿਆਂ ਅਤੇ ਮਨ ਵਿਚ ਸ਼ੰਕਾ ਧਾਰਨ ਕਰਕੇ ਆਪਣੇ ਘਰ ਦੀ ਸਾਰੀ ਸਮੱਗਰੀ ਸੰਭਾਲ-ਸੰਭਾਲ ਕੇ ਗੁਰੂ ਜੀ ਪਾਸ ਰੱਖ ਦਿੱਤੀ॥ ੧੭॥

ਚੌਪਈ- ਸਭਿਹਿ ਨਾਰਿ ਨਰ ਗੁਰ ਢਿਗ ਬੈਸੇ। 'ਨਾਮ ਜਪਹੁ' ਐਸੇ ਉਪਦੇਸ਼ੇ।
ਧਰਿ ਅਗਨਿ ਡਰ ਤਜਿ ਨਿਜ ਸਦਨਾ। ਹੋਹਿ ਨਿਕਟ ਸ੍ਰੀ ਗੁਰ ਪਦ ਪਦਮਾ॥੧੮॥

ਸਾਰੇ ਨਰ ਨਾਰੀਆਂ ਗੁਰੂ ਜੀ ਪਾਸ ਆ ਕੇ ਬੈਠ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ।" ਅੱਗ ਦਾ ਡਰ ਕਰਕੇ ਉਨ੍ਹਾਂ ਨੇ ਆਪਣੇ ਘਰ ਛੱਡ ਦਿੱਤੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਨੇੜੇ ਬੈਠ ਗਏ॥ ੧੮॥

ਤਬ ਇਕ ਦੈਤ ਰੂਪ ਬਿਕਰਾਰਾ। ਆਵਤਿ ਨਰ ਨਾਰੀਨ ਨਿਹਾਰਾ।
ਪਗ ਪਾਤਾਲ ਸੀਸ ਨਭ ਧਾਰੀ। ਲੋਹਿਤ ਸ਼ਮਸ ਭਯੰਕਰ ਭਾਰੀ॥੧੯॥

ਤਦ ਇਕ ਦੈਂਤ ਜਿਸ ਦਾ ਵੱਡਾ ਵਿਕਰਾਲ ਰੂਪ ਸੀ, ਆਉਂਦੇ ਨੂੰ ਸਾਰੇ ਨਰ ਨਾਰੀਆਂ ਨੇ ਵੇਖਿਆ। ਉਸ ਦੇ ਪੈਰ ਪਾਤਾਲ ਵਿਚ ਸਨ ਅਤੇ ਸਿਰ ਅਸਮਾਨ ਨੂੰ ਛੂੰਹਦਾ ਸੀ। ਉਸ ਦਾ ਲਾਖਾ ਰੰਗ ਸੀ ਅਤੇ ਵੱਡੇ ਵੱਡੇ ਦੰਦ ਬੜੇ ਭਿਅੰਕਰ ਸਨ॥ ੧੯॥

ਨਰ ਤਬ ਬੈਸੇ ਰਾਖਸ਼ ਹੇਰੇ। ਅਗਨਿ ਨੈਨ ਕਿਯ ਕ੍ਰੋਧ ਘਨੇਰੇ।
'ਡਰ ਮਮ ਤਯਾਗ ਰਹੇ ਇਹ ਥਾਈਂ। ਤਜੋਂ ਨ ਅਬ ਇਨ, ਲੇਉਂ ਚਬਾਈ'॥੨੦॥

ਰਾਖਸ਼ ਨੇ ਜਦ ਓਥੇ ਬੈਠੇ ਮਨੁੱਖਾਂ ਨੂੰ ਵੇਖਿਆ ਤਾਂ ਅੱਗ ਵਾਂਗ ਲਾਲ ਅੱਖਾਂ ਕਰਕੇ ਬੜੇ ਕ੍ਰੋਧ ਵਿਚ ਆ ਗਿਆ ਅਤੇ ਮਨ ਵਿਚ ਕਿਹਾ, "ਮੇਰੇ ਡਰ ਕਰਕੇ ਇਨ੍ਹਾਂ ਇਹ ਥਾਂ ਛੱਡਿਆ ਹੈ, ਮੈਂ ਇਨ੍ਹਾਂ ਨੂੰ ਹੁਣ ਛੱਡਾਂਗਾ ਨਹੀਂ, ਸਾਰਿਆਂ ਨੂੰ ਚਬਾ ਜਾਵਾਂਗਾ"॥ ੨੦॥

ਦੋਹਰਾ- ਦਾਰੁਨ ਦੀਰਘ ਦਾਂਤ ਖਲ ਓਸ਼ਟ ਚਾਟਤਿ ਜੀਹ।
ਹਾਥ ਬਿਖੈ ਜ੍ਵਲਤੀ ਅਗਨਿ ਨਰ ਦੁਖਦਾਨੀ ਦੀਹ॥ ੨੧॥

ਬੜੇ ਭਿਆਨਕ ਵੱਡੇ ਵੱਡੇ ਦੰਦ ਹਨ, ਜਿਨ੍ਹਾਂ ਨੂੰ ਜੀਭ ਨਾਲ ਚੱਟਦਾ ਹੈ। ਹੱਥ ਵਿਚ ਬਲਦੀ ਹੋਈ ਅੱਗ ਫੜੀ ਹੈ, ਜਿਹੜੀ ਮਨੁੱਖਾਂ ਨੂੰ ਬੜੀ ਦੁਖਦਾਇਕ ਲੱਗਦੀ ਹੈ॥ ੨੧॥

ਚੌਪਈ- ਡਰੇ ਲੋਕ ਜਾਨੀ ਮ੍ਰਿਤੁ ਆਈ। ਪੀਤ ਭਏ, ਮੁਖ ਥੂਕ ਸੁਕਾਈ।
ਸੁਕਚੇ ਤਨ ਕੰਪਤ ਬਿਨ ਚੈਨਾ। ਦੇਖਿ ਨ ਸਕਹਿਂ ਮੁੰਦ ਲਿਯ ਨੈਨਾ॥੨੨॥

ਡਰੇ ਹੋਏ ਲੋਕ ਸਮਝਦੇ ਹਨ ਕਿ ਹੁਣ ਉਨ੍ਹਾਂ ਦੀ ਮੌਤ ਨੇੜੇ ਆ ਗਈ ਹੈ। ਉਨ੍ਹਾਂ ਦੇ ਰੰਗ ਪੀਲੇ ਪੈ ਗਏ ਅਤੇ ਮੂੰਹ ਵਿਚੋਂ ਥੁਕ ਸੁੱਕ ਗਿਆ। ਸੁੰਗੜੇ ਹੋਏ ਸਰੀਰ ਬੇਚੈਨ ਹੋ ਕੇ ਕੰਬਦੇ ਹਨ। ਵੇਖਣ ਦੀ ਹਿੰਮਤ ਨਹੀਂ ਰਹੀ, ਅੱਖਾਂ ਬੰਦ ਕਰ ਲਈਆਂ ਹਨ॥ ੨੨॥

ਕਹਹਿਂ ਪਰਸਪਰ 'ਅਬ ਭਾ ਮਰਨਾ। ਜਾਵਹਿਂ ਕਿਹ ਚਰਨਨ ਕੀ ਸ਼ਰਨਾ।
ਆਗੈ ਘਰ ਜਲਨੇ ਕੀ ਚਿੰਤਾ। ਅਬ ਜਾਨੀ ਭਾ ਪ੍ਰਾਨਨ ਅੰਤਾ॥੨੩॥

ਬਾਰ ਬਾਰ ਕਹਿ ਰਹੇ ਹਨ, "ਹੁਣ ਤਾਂ ਮਰਨਾ ਹੀ ਪੈਣਾ ਹੈ, ਕਿਸ ਦੀ ਸ਼ਰਨ ਵਿਚ ਜਾਈਏ। ਪਹਿਲਾਂ ਤਾਂ ਘਰ ਸੜਨ ਦੀ ਚਿੰਤਾ ਹੁੰਦੀ ਸੀ, ਹੁਣ ਤਾਂ ਪ੍ਰਾਣਾਂ ਦਾ ਵੀ ਅੰਤ ਨੇੜੇ ਆਇਆ ਜਾਪਦਾ ਹੈ॥ ੨੩॥

ਭਾਗ ਜਾਇ ਥੇ ਹਮ ਇਹ ਕਾਲਾ। ਕਹਿ ਰਾਖੇ ਇਨ ਸੰਤ ਕ੍ਰਿਪਾਲਾ।
ਕੋ ਜਾਨਹਿ ਅਬ ਕੋ ਬਿਧਿ ਹੋਵਹਿ ?। ਜੀਵਤ ਬਚੈਂ ਕਿ ਪ੍ਰਾਨਨ ਖੋਵਹਿਂ ॥੨੪॥

ਇਸ ਸਮੇਂ ਅਸੀ ਭੱਜ ਜਾਂਦੇ ਸੀ, ਇਸ ਕ੍ਰਿਪਾਲੂ ਸੰਤ ਨੇ ਸਾਨੂੰ ਕਹਿ ਕੇ ਰੱਖ ਲਿਆ ਹੈ। ਕੌਣ ਜਾਣਦਾ ਹੈ ਕਿ ਹੁਣ ਸਾਡੇ ਨਾਲ ਕੀ ਬੀਤੇਗੀ ? ਜੀਉਂਦੇ ਬਚਾਂਗੇ ਕਿ ਪ੍ਰਾਣ ਗਵਾ ਬੈਠਾਂਗੇ" ॥ ੨੪॥

ਦੋਹਰਾ-ਨਰ ਨਾਰਿਨਿ ਕੋ ਦੇਖਿ ਗੁਰ ਜੋ ਕੰਪਤ ਭੈ ਭੀਤ।
ਕ੍ਰੂਰ ਦ੍ਰਿਸ਼ਟਿ ਤਿਸ ਦੈਤ ਦਿਸ਼ ਕੀਨੀ ਹਰਖ ਅਨੀਤ॥ ੨੫॥

ਜਦ ਗੁਰੂ ਜੀ ਨੇ ਉਨ੍ਹਾਂ ਮਰਦ ਇਸਤਰੀਆਂ ਨੂੰ ਡਰ ਨਾਲ ਕੰਬਦੇ ਵੇਖਿਆ ਤਾਂ ਉਨ੍ਹਾਂ ਨੇ ਦੈਂਤ ਦੀ ਭੈੜੀ ਨੀਤ ਨੂੰ ਨਾਸ਼ ਕਰਨ ਵਾਸਤੇ ਉਸ ਵਲ ਭਿਆਨਕ ਦ੍ਰਿਸ਼ਟੀ ਕੀਤੀ॥ ੨੫॥

ਚੌਪਈ-ਤਿਸੀ ਸਮੇ ਮਹਿਂ ਦੈਤ ਬਿਸਾਲਾ। ਬਿਕੁਲ ਪਰਜੋ ਧਰਨੀ ਮੁਰਛਾਲਾ।
ਹੋਤਿ ਪੁਰਾਤਨ ਤਰੁ ਜਿਉਂ ਕੋਊ। ਪਵਨ ਬੇਗ ਸੋਂ ਉਖਰਤਿ ਸੋਊ॥੨੬॥

ਉਸੇ ਸਮੇਂ ਵਿਸ਼ਾਲ ਭਿਆਨਕ ਦੈਂਤ ਵਿਆਕੁਲ ਹੋ ਗਿਆ ਅਤੇ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ। ਜਿਵੇਂ ਕੋਈ ਪੁਰਾਣਾ ਬ੍ਰਿਛ ਹਵਾ ਦੇ ਤੇਜ ਵੇਗ ਨਾਲ ਜੜ੍ਹ ਤੋਂ ਉਖੜ ਕੇ ਧਰਤੀ ਤੇ ਡਿੱਗ ਪੈਂਦਾ ਹੈ॥ ੨੬॥

ਤਸ ਬਿਧਿ ਗਿਰਜੋ ਭਯਾਨਕ ਭਾਰੀ। ਜਿਹ ਤਨ ਸਰਬ ਚੇਸ਼ਟਾ ਹਾਰੀ।
ਜਹਿਂ ਚਰਣਾਰਬਿੰਦ ਜਗ ਗੁਰ ਕੋ। ਗਿਰਤ ਸਮੈਂ ਤਹਿਂ ਗੇਰਜੋ ਸਿਰਕੋ ॥੨੭॥

ਇਸ ਤਰ੍ਹਾਂ ਭਿਆਨਕ ਭਾਰਾ ਦੈਂਤ ਡਿੱਗ ਪਿਆ। ਉਸ ਦੇ ਸਰੀਰ ਦੀਆਂ ਸਾਰੀਆਂ ਕਾਮਨਾਵਾਂ ਖਤਮ ਹੋ ਗਈਆਂ ਸਨ। ਜਿਵੇਂ ਜਗਤ ਦੇ ਲੋਕ ਗੁਰੂ ਜੀ ਦੇ ਚਰਨਾਂ ਤੇ ਡਿੱਗਦੇ ਹਨ, ਇਸ ਤਰ੍ਹਾਂ ਉਸ ਨੇ ਵੀ ਡਿਗਦੇ ਸਮੇਂ ਆਪਣੇ ਸਿਰ ਨੂੰ ਗੁਰੂ ਜੀ ਦੇ ਚਰਨਾਂ ਵਲ ਡੇਗਿਆ॥ ੨੭॥

ਕਰੁਣਾਨਿਧਿ ਪਿਖਿ ਕ਼ਰੁਨਾ ਆਈ। ਅੰਤ ਦੀਨਤਾ ਜਾਂਹਿ ਜਨਾਈ।
ਸੀਸ ਛੁਹਾਯੋ ਤਿਹ ਪਦ ਪਦਮੰ। ਜੋ ਸਭਿ ਸਿੱਖਜਨ ਕੋ ਸੁਖ ਸਦਮੰ॥੨੮॥

ਕਿਰਪਾ ਨਿਧਾਨ ਗੁਰੂ ਜੀ ਨੂੰ ਤਰਸ ਆਇਆ, ਉਨ੍ਹਾਂ ਵੇਖਿਆ ਕਿ ਅੰਤ ਨੂੰ ਦੈਂਤ ਵਿਚ ਦੀਨਤਾ ਆ ਗਈ ਹੈ। ਉਨ੍ਹਾਂ ਮਿਹਰ ਕਰਕੇ ਆਪਣੇ ਚਰਨਾਂ ਨੂੰ ਦੈਂਤ ਦੇ ਸਿਰ ਨਾਲ ਛੁਹਾਇਆ, ਜਿਹੜੇ ਸਭ ਸਿੱਖਾਂ ਦੇ ਸੁੱਖਾਂ ਦੇ ਘਰ ਹਨ॥ ੨੮॥

ਦੋਹਰਾ- ਛੁਵਤਿ ਚਰਨ ਮੁਰਛਾ ਛੁਟੀ ਭਯੋ ਸਰੀਰ ਸੁਚੇਤ।
ਸ਼ਸਤ੍ਰ ਹਨੇ ਸੰਜੀਵਨੀ ਜਿਉਂ ਲਗਾਇ ਤਿਹ ਦੇਤ॥ ੨੯॥

ਚਰਨ ਲਗਦਿਆਂ ਹੀ ਹੋਸ਼ ਆ ਗਈ ਤੇ ਉਸ ਦਾ ਸਰੀਰ ਸੁਚੇਤ ਹੋ ਗਿਆ। ਬੇਹੋਸ਼ ਜ਼ਖਮੀ ਨੂੰ ਜਿਵੇਂ ਸੰਜੀਵਨੀ ਬੂਟੀ ਲੱਗਾ ਦਿੱਤੀ ਹੋਵੇ॥ ੨੯॥

ਚੌਪਈ- ਤੇਜ ਪ੍ਰਭਾਵ ਹੇਰਿ ਗੁਰ ਕੇਰੋ। ਨਿੰਮ੍ਰਿ ਭਯੋ ਮਨ ਦੀਨ ਘਨੇਰੋ।
ਬੋਲਜੋ ਬਚਨ 'ਛਿਮਹੁ ਅਪਰਾਧੂ। ਪਰਮੇਸ਼ੁਰ ਤੁਮ ਬੇਖ ਸੁ ਸਾਧੂ॥ ੩੦॥

ਗੁਰੂ ਜੀ ਦਾ ਤੇਜ ਪ੍ਰਭਾਵ ਵੇਖ ਕੇ, ਬੜਾ ਨਿੰਮ੍ਰ ਹੋ ਗਿਆ ਅਤੇ ਮਨ ਬਹੁਤ ਦੀਨ ਹੋ ਗਿਆ। ਫਿਰ ਬੋਲਿਆ, "ਮੇਰੇ ਅਪਰਾਧ ਨੂੰ ਮੁਆਫ ਕਰ ਦੇਵੋ, ਤੁਸੀਂ ਪਰਮੇਸ਼ਰ ਹੋ, ਜਿਨ੍ਹਾਂ ਸਾਧੂ ਦਾ ਵੇਸ ਧਾਰਨ ਕੀਤਾ ਹੋਇਆ ਹੈ॥ ੩੦॥

ਹੌਂ ਅਨਜਾਨ ਨ ਮਹਿਮਾ ਜਾਨੀ। ਤੁਮ ਹੋ ਮਹਾਂ ਪੁਰਖੁ ਗੁਨਖਾਨੀ।
ਇਨ ਲੋਕਨ ਤੇ ਆਨ ਮਨਾਊਂ। ਜਾਂਤੇ ਇਨਕੇ ਧਾਮ ਜਲਾਊਂ॥ ੩੧॥

ਮੈਂ ਅਨਜਾਣ ਸੀ, ਤੁਹਾਡੀ ਮਹਿਮਾ ਜਾਣ ਨਹੀਂ ਸਕਿਆ, ਤੁਸੀਂ ਮਹਾਂਪੁਰਖ ਗੁਣਾਂ ਦੀ ਖਾਣ ਹੋ, ਮੈਂ ਤਾਂ ਸੋਚਿਆ ਸੀ ਕਿ ਇਨ੍ਹਾਂ ਲੋਕਾਂ ਪਾਸੋਂ ਦੀਨ ਮਨਾਵਾਂਗਾ, ਨਹੀਂ ਤਾਂ ਇਨ੍ਹਾਂ ਦੇ ਘਰ ਸਾੜ ਦੇਵਾਂਗਾ॥ ੩੧॥

ਅਬ ਤੁਮਰੇ ਪਦ ਪਦਮ ਸੁਹਾਏ। ਇਨਕੇ ਭਾਗ ਜਗੇ ਜਬ ਆਏ।
ਕਰਹੁ ਸਭਿਨਿ ਕੋ ਅਬ ਕੱਲਜਾਨਾ। ਉਪਕਾਰੀ ਤੁਮ ਕ੍ਰਿਪਾ ਨਿਧਾਨਾ॥ ੩੨॥

ਹੁਣ ਤੁਹਾਡੇ ਚਰਨ ਕੰਵਲ ਸੁਹਾਏ ਹਨ। ਤੁਹਾਡੇ ਆਉਣ ਨਾਲ ਇਨ੍ਹਾਂ ਦੇ ਭਾਗ ਜਾਗ ਪਏ ਹਨ, ਇਨ੍ਹਾਂ ਸਭ ਦਾ ਹੁਣ ਕਲਿਆਣ ਕਰੋ ਹੇ ਕ੍ਰਿਪਾ ਨਿਧਾਨ! ਤੁਸੀਂ ਵੱਡੇ ਉਪਕਾਰੀ ਹੋ॥ ੩੨॥

ਦੋਹਰਾ- ਮੈਂ ਤੁਮ ਦਾਸਨ ਦਾਸ ਹੌਂ ਜਿਹ ਬਿਧਿ ਦੇਹੁ ਰਜਾਇ।
ਸੋ ਕਰਿਹੌਂ ਨਿਸ਼ਚੈ ਸਦਾ ਜਾਂਤੇ ਕਸ਼ਟ ਮਿਟਾਇ॥ ੩੩॥

ਮੈਂ ਤੁਹਾਡੇ ਦਾਸਾਂ ਦਾ ਦਾਸ ਹਾਂ, ਜਿਸ ਤਰ੍ਹਾਂ ਹੁਕਮ ਕਰੋਗੇ ਉਸ ਤਰ੍ਹਾਂ ਹੀ ਸਦਾ ਨਿਸ਼ਚੇ ਨਾਲ ਕਰਾਂਗਾ, ਜਿਸ ਨਾਲ ਮੇਰੇ ਸਾਰੇ ਕਸ਼ਟ ਮਿਟ ਜਾਣਗੇ'॥ ੩੩॥

ਚੌਪਈ- ਸ੍ਰੀ ਨਾਨਕ ਜੀ ਸੁਨਿ ਅਸ ਬਾਨੀ। ਸ਼ਰਧਾ ਬਹੁਤ ਪ੍ਰੀਤ ਮੈਂ ਸਾਨੀ।
ਬੋਲੇ ਬਚਨ ਦੀਨ ਕੇ ਦਯਾਲਾ। 'ਗ੍ਰਾਮ ਬਿਖੇ ਰਚਿਯੇ ਧ੍ਰਮਸਾਲਾ॥ ੩੪॥

ਗੁਰੂ ਨਾਨਕ ਜੀ ਨੇ ਉਸ ਦੇ ਇਸ ਤਰ੍ਹਾਂ ਦੇ ਬੋਲ ਸੁਣੇ, ਜਿਨ੍ਹਾਂ ਵਿਚ ਬੜੀ ਸ਼ਰਧਾ ਅਤੇ ਪ੍ਰੀਤ ਭਰੀ ਹੋਈ ਸੀ। ਦਿਆਲੂ ਗੁਰੂ ਜੀ ਨੇ ਸਿਖਿਆਦਾਇਕ ਬਚਨ ਬੋਲੇ, "ਇਸ ਪਿੰਡ ਵਿਚ ਇਕ ਧਰਮਸ਼ਾਲਾ ਬਣਾਉ॥ ੩੪॥

ਕਰੋ ਕੀਰਤਨ ਮਿਲਿ ਤਿਹ ਮਾਂਹੀ। ਸਤਿਨਾਮ ਉਚਰਹੁ ਅਘ ਜਾਹੀਂ।
ਭਰਿ ਜਲ ਆਨਹੁ ਤਹਿਂ ਨਿਜ ਸੀਸਾ। ਭਗਤਿ ਕਰਹਿਂ ਜਹਿਂ ਨਰ ਜਗਦੀਸ਼ਾ॥ ੩੫॥

ਉਸ ਵਿਚ ਮਿਲ ਕੇ ਕੀਰਤਨ ਕਰੋ। ਸਤਿਨਾਮ ਦਾ ਉਚਾਰਨ ਕਰੋ, ਜਿਸ ਨਾਲ ਸਾਰੇ ਪਾਪ ਦੂਰ ਹੁੰਦੇ ਹਨ। ਆਪਣੇ ਸਿਰ 'ਤੇ ਰੱਖ ਕੇ ਜਲ ਭਰ ਕੇ ਲਿਆਵੋ, ਜਿਥੇ ਮਨੁਖ ਵਾਹਿਗੁਰੂ ਦੀ ਭਗਤੀ ਕਰਦੇ ਹੋਣ, ਉਨ੍ਹਾਂ ਨੂੰ ਜਲ ਛਕਾਉ॥ ੩੫॥

ਸੇਵਾ ਕਰਤਿ ਬਿਮਲ ਮਨ ਹੋਵਹਿ। ਜਨਮ ਜਨਮ ਕੇ ਕਿਲਬਿਖ ਖੋਵਹਿਂ।
ਸਤਿਨਾਮ ਜਪਿ ਹੁਇ ਅਧਿਕਾਰੀ। ਅੰਤ ਸਮੇਂ ਗਤਿ ਪਾਇ ਸੁਖਾਰੀ'॥ ੩੬॥

ਸੇਵਾ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ, ਜਨਮਾਂ ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ। ਸਤਿਨਾਮ ਜਪ ਕੇ ਅਧਿਕਾਰੀ ਹੋਵੋ, ਤਾਂਕਿ ਅੰਤ ਸਮੇਂ ਆਸਾਨ ਮੁਕਤੀ ਪ੍ਰਾਪਤ ਹੋਵੇ"॥ ੩੬॥

ਦੋਹਰਾ- ਸੁਨਿ ਕਰਿ ਜਗ ਗੁਰ ਕੋ ਬਚਨ ਮਾਨ ਸੀਸ ਪੈ ਲੀਨ।
ਰਚੀ ਧਰਮਸਾਲਾ ਰੁਚਿਰ ਪੁਨ ਸੇਵਹਿ ਮਨ ਦੀਨ॥ ੩੭॥

ਜਗਤ ਗੁਰੂ ਜੀ ਦੇ ਬਚਨ ਸੁਣ ਕੇ ਮੰਨ ਕੇ ਸਿਰ ਤੇ ਧਰ ਲਏ। ਸੁੰਦਰ ਧਰਮਸਾਲਾ ਬਣਾਈ ਤੇ ਮਨ ਨੂੰ ਨਿਮਰ ਕਰਕੇ ਸੇਵਾ ਕਰਨ ਲੱਗ ਗਿਆ॥ ੩੭॥

ਚੌਪਈ- ਸ੍ਰੀ ਗੁਰ ਧਰਮਸਾਲ ਮਹਿਂ ਬੈਸੇ। 'ਨਾਮ ਜਪਹੁ' ਮਨੁ ਜਨ ਉਪਦੇਸ਼ੇ।
ਕਰਨ ਕੀਰਤਨ ਲਗੇ ਬਿਸਾਲਾ। ਭਗਤਿ ਰੀਤ ਸਿਖਈ ਸੁਖ ਆਲਾ॥੩੮॥

ਗੁਰੂ ਜੀ ਧਰਮਸਾਲਾ ਵਿਚ ਬੈਠੇ ਅਤੇ ਮਨੁੱਖਾਂ ਨੂੰ ਉਪਦੇਸ਼ ਦਿੱਤਾ, "ਨਾਮ ਜਪੋ"। ਵਿਸ਼ਾਲ ਕੀਰਤਨ ਕਰਨ ਲੱਗੇ। ਗੁਰੂ ਜੀ ਨੇ ਸਭ ਨੂੰ ਭਗਤੀ ਦੀ ਰੀਤ ਸਿਖਾਈ॥ ੩੮॥

ਗ੍ਰਾਮ ਨਿਕਟਿ ਸੁਨਿ ਕਰਿ ਅਸ ਰੀਤੀ। ਅਵਹਿਂ ਦਰਸ਼ਨ ਕੀ ਕਰਿ ਪ੍ਰੀਤੀ।
ਹੇਰਿ ਹੇਰਿ ਹਰਖੈਂ ਕਰਿ ਬੰਦਨ। ਭਗਤਿ ਸਿਖੈਂ ਕਰਿ ਕੁਮਤਿ ਨਿਕੰਦਨ॥੩੯॥

ਨੇੜੇ ਦੇ ਪਿੰਡ ਅਜਿਹੀ ਰੀਤੀ ਸੁਣ ਕੇ ਬੜੀ ਪ੍ਰੀਤ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਸਨ। ਵੇਖ ਵੇਖ ਕੇ ਬੰਦਨਾਂ ਕਰਕੇ ਖੁਸ਼ ਹੁੰਦੇ ਸਨ। ਭੈੜੀ ਮੱਤ ਤੱਜ ਕੇ ਭਗਤੀ ਦੀ ਸਿਖਿਆ ਲੈਂਦੇ ਸਨ॥ ੩੯॥

ਸਿੱਖੀ ਰੀਤਿ ਬਿਦਤ ਭੀ ਦੇਸ਼ਾ। ਜਿਸ ਤੇ ਛੂਟਹਿਂ ਜਗਤ ਕਲੇਸ਼ਾ।
ਕਹਹਿਂ ਪਰਸਪਰ ਮਿਲਿ ਨਰ ਨਾਰੀ। 'ਪਰਮੇਸ਼ੁਰ ਤਨ ਇਹ ਉਪਕਾਰੀ'॥੪੦॥

ਦੇਸ਼ ਵਿਚ ਸਿੱਖੀ ਰੀਤੀ ਚਲ ਪਈ, ਜਿਸ ਕਰਕੇ ਜਗਤ ਦੇ ਕਲੇਸ਼ਾਂ ਤੋਂ ਛੁਟਕਾਰਾ ਹੋ ਗਿਆ। ਇਸਤਰੀ ਪੁਰਸ਼ ਬਾਰ-ਬਾਰ ਆਪਸ ਵਿਚ ਕਹਿੰਦੇ ਸਨ, "ਉਪਕਾਰੀ ਪਰਮੇਸ਼ਰ ਸਰੂਪ ਹਨ"॥ ੪੦॥

ਦੋਹਰਾ- ਚਿਰਿਯਨ ਸੇਵ ਸਿਚਾਨ ਤੇ ਕਰਿਵਾਈ ਕਰਿ ਦੀਨ।
ਅਜਨ ਚਰਨ ਪਰ ਕੇਹਰੀ ਪਾਇ ਸਵਾਰਨ ਕੀਨ॥ ੪੧॥

ਚਿੜੀਆਂ ਵਾਂਗ ਪੁਰਸ਼ਾਂ ਦੀ ਸੇਵਾ ਬਾਜ ਵਾਂਗ ਦੈਂਤ ਪਾਸੋਂ ਕਰਵਾ ਕੇ ਦੈਂਤ ਦਾ ਮਨ ਦੀਨ ਕਰ ਦਿੱਤਾ। ਬੱਕਰੀਆਂ ਵਾਂਗ ਪੁਰਸ਼ਾਂ ਦੇ ਚਰਨਾਂ ਵਿਚ ਸ਼ੇਰ ਵਾਂਗ ਦੈਂਤ ਪਵਾ ਕੇ ਦੈਂਤ ਨੂੰ ਮਸਕੀਨ ਬਣਾ ਦਿੱਤਾ॥ ੪੧॥

ਚੌਪਈ- ਕੇਤਿਕ ਦਿਵਸ ਬਸੇ ਤਿਹ ਥਾਨਾ। ਸਿੱਖੀ ਮਾਰਗ ਕੋ ਪ੍ਰਗਟਾਨਾ।
ਸਤਿਨਾਮ ਕੋ ਜਾਪ ਜਪਾਯੋ। ਦੇਸ਼ ਕੁਮਗ ਤੇ ਸੁਮਗਹ ਪਾਯੋ॥ ੪੨॥

ਕਈ ਦਿਨ ਉਸ ਅਸਥਾਨ ਤੇ ਰਹੇ ਅਤੇ ਸਿੱਖੀ ਮਾਰਗ ਨੂੰ ਪ੍ਰਗਟ ਕੀਤਾ। ਸਤਿਨਾਮ ਦਾ ਜਾਪ ਜਪਾਇਆ। ਦੇਸ਼ ਨੂੰ ਖੋਟੇ ਰਾਹ ਤੋਂ ਹਟਾ ਕੇ ਚੰਗੇ ਰਾਹ ਪਾਇਆ॥ ੪੨॥

ਅਨਤ ਚਲਨ ਕੀ ਮਨਸ਼ਾ ਧਾਰੀ। ਸ੍ਰੀ ਨਾਨਕ ਜੀ ਪਰਉਪਕਾਰੀ।
ਬਿਦਾ ਹੋਇ ਤਿਨ ਤੇ ਪ੍ਰਸਥਾਨੇ। ਪਹੁੰਚੇ ਸਿੰਧ ਤੀਰ ਇਕ ਥਾਨੇ॥੪੩॥

ਸ੍ਰੀ ਗੁਰੂ ਨਾਨਕ ਜੀ ਪਰਉਪਕਾਰੀ ਨੇ ਫਿਰ ਉਸ ਸਥਾਨ ਤੋਂ ਚੱਲਣ ਦੀ ਇੱਛਾ ਧਾਰਨ ਕੀਤੀ। ਉਨ੍ਹਾਂ ਲੋਕਾਂ ਪਾਸੋਂ ਵਿਦਾ ਹੋ ਕੇ, ਕਿਸੇ ਹੋਰ ਸਥਾਨ ਚਲੇ ਗਏ। ਚਲਦੇ-ਚਲਦੇ ਸਮੁੰਦਰ ਦੇ ਕਿਨਾਰੇ ਇਕ ਥਾਂ ਪਹੁੰਚ ਗਏ॥ ੪੩॥

ਤਹਿਂ ਇਕ ਗ੍ਰਾਮ ਦੇਖ ਜਗ ਸਾਈਂ। ਤਰੁ ਕੇ ਤਰ ਬੈਠੇ ਸੁਠ ਥਾਈਂ।

ਛਠੇ ਮਹੀਨੇ ਸਿੰਧ ਤਰੰਗਾ। ਦੇਤਿ ਰੁੜਾਇ ਗ੍ਰਾਮ ਜਲ ਸੰਗਾ॥ ੪੪ ॥

ਜਗਤ ਦੇ ਮਾਲਕ ਓਥੇ ਇਕ ਪਿੰਡ ਵੇਖ ਕੇ ਇਕ ਬ੍ਰਿਛ ਦੇ ਥੱਲੇ ਚੰਗਾ ਥਾਂ ਪਰਖ ਕੇ ਬੈਠ ਗਏ। ਉਸ ਪਿੰਡ ਨੂੰ ਛੇ ਮਹੀਨੇ ਬਾਅਦ ਸਮੁੰਦਰ ਦੀਆਂ ਲਹਿਰਾਂ ਪਾਣੀ ਦੇ ਨਾਲ ਰੋੜ੍ਹ ਕੇ ਲੈ ਜਾਂਦੀਆਂ ਸਨ॥ ੪੪॥

ਦੋਇ ਦਿਵਸ ਤਬ ਤਹਾਂ ਬਿਤਾਏ। ਨਰ ਤਬ ਚਲੇ ਅਪਰ ਹੀ ਥਾਏਂ।
ਅਪਨੀ ਸਰਬ ਸੰਭਾਰ ਸੰਭਾਰੀ। ਗੁਰੂ ਬਿਲੋਕਤਿ ਗਿਰਾ ਉਚਾਰੀ॥੪੫ ॥

ਦੋ ਦਿਨ ਤਦ ਓਥੇ ਬਿਤਾਏ, ਫਿਰ ਉਸ ਪਿੰਡ ਦੇ ਲੋਕ ਕਿਸੇ ਹੋਰ ਥਾਂ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਆਪਣਾ ਸਾਰਾ ਸਾਮਾਨ ਸੰਭਾਲ ਲਿਆ। ਗੁਰੂ ਜੀ ਨੇ ਉਨ੍ਹਾਂ ਨੂੰ ਵੇਖ ਕੇ ਬਚਨ ਕੀਤੇ॥ ੪੫॥

ਦੋਹਰਾ- 'ਕਹਾਂ ਤਯਾਰੀ ਤੁਮ ਕਰੀ ਕਿਉਂ ਤਜਾਗਯੋ ਨਿਜ ਗ੍ਰਾਉਂ?'
ਸੁਨਿ ਨਰ ਬੋਲੇ 'ਤੁਮ ਚਲੋ ਰਹੋ ਨ ਅਬ ਇਹ ਥਾਉਂ॥ ੪੬ ॥

"ਤੁਸੀਂ ਕਿਥੇ ਜਾਣ ਦੀ ਤਿਆਰੀ ਕੀਤੀ ਹੈ, ਆਪਣਾ ਪਿੰਡ ਕਿਉਂ ਛੱਡ ਦਿੱਤਾ ਹੈ?" ਉਹ ਲੋਕ ਸੁਣ ਕੇ ਬੋਲੇ, "ਤੁਸੀਂ ਵੀ ਚਲੋ, ਹੁਣ ਇਸ ਥਾਂ ਨਾ ਰਹੋ॥ ੪੬॥

ਚੌਪਈ- ਅਬਿ ਆਵਹਿਗੀ ਸਾਗਰ ਝਾਲੇ। ਦੇਹਿ ਰੁੜ੍ਹਾਇ ਸਦਨ ਜਲ ਨਾਲੇ।
ਆਇ ਬਹੋਰ ਉਸਾਰੈਂ ਧਾਮੂ। ਇਹ ਠਾਂ ਰਹਨਿ ਨਹੀ ਅਬ ਕਾਮੂ' ॥੪੭ ॥

ਹੁਣ ਏਥੇ ਸਮੁੰਦਰ ਦੀਆਂ ਛੱਲਾਂ ਆਉਣਗੀਆਂ ਅਤੇ ਜਲ ਨਾਲ ਸਾਰੇ ਘਰ ਰੋੜ੍ਹ ਦੇਣਗੀਆਂ। ਹੁਣ ਜਾ ਕੇ ਹੋਰ ਘਰ ਉਸਾਰਾਂਗੇ, ਇਸ ਥਾਂ ਰਹਿਣ ਦਾ ਹੁਣ ਕੋਈ ਕੰਮ ਨਹੀਂ ਹੈ"॥ ੪੭॥

ਸੁਨਿਕੈ ਬੋਲੇ ਬਚਨ ਕ੍ਰਿਪਾਲਾ। 'ਸਿੱਖੀ ਮਾਨਹੁ ਰਿਦੈ ਬਿਸਾਲਾ।
ਸੁਨਿ ਉਪਦੇਸ਼ ਭਨਹੁ ਸਤਿਨਾਮੂ। ਬਹੁਰ ਨ ਗਿਰਿ ਹੈਂ ਤੁਮਰੇ ਧਾਮੂ ॥੪੮ ॥

ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਬੋਲੇ, "ਆਪਣੇ ਹਿਰਦੇ ਵਿਚ ਵਿਸ਼ਾਲ ਸਿੱਖੀ ਨੂੰ ਮੰਨੋ, ਉਪਦੇਸ਼ ਸੁਣ ਕੇ ਸਤਿਨਾਮ ਦਾ ਸਿਮਰਨ ਕਰੋ, ਫਿਰ ਤੁਹਾਡੇ ਘਰ ਕਦੀ ਨਹੀਂ ਡਿਗਣਗੇ॥ ੪੮॥

ਜੋ ਤੁਮ ਕੋ ਨਹਿੰ ਅਸ ਪਤਿਯਾਰਾ। ਅਬ ਕੇ ਜਾਵਹੁ ਛੋਡਿ ਅਗਾਰਾ।
ਹਮ ਬੈਠੇ ਹੈਂ ਇਸ ਹੀ ਥਾਏਂ। ਲੇਹੁ ਸਦਨ ਨਿਜ ਬਨੇ ਬਨਾਏ॥੪੯ ॥

ਜੇ ਤੁਹਾਨੂੰ ਇਸ ਤਰ੍ਹਾਂ ਯਕੀਨ ਨਹੀਂ ਆਉਂਦਾ ਤਾਂ ਹੁਣ ਘਰ ਛੱਡ ਕੇ ਅੱਗੇ ਚਲੇ ਜਾਵੋ। ਅਸੀਂ ਏਸੇ ਥਾਂ ਬੈਠੇ ਰਹਾਂਗੇ, ਬਣੇ ਬਣਾਏ ਆਪਣੇ ਘਰ ਆ ਲੈਣਾ॥ ੪੯॥

ਬਹੁਰ ਆਇ ਲੀਜੈ ਉਪਦੇਸੂ। ਅਸ ਕਹਿ ਬੈਸਿ ਰਹੇ ਜਗਤੇਸੂ।
ਅਪਰ ਥਾਨ ਸੋ ਮਾਨਵ ਗਵਨੇ। ਸਿੰਧੁ ਨ ਢਾਹਿ ਸਕ੍ਯੋ ਤਿਨ ਭਵਨੇ॥੫੦ ॥

ਬਾਅਦ ਵਿਚ ਆ ਕੇ ਉਪਦੇਸ਼ ਲੈ ਲੈਣਾ"। ਇਹ ਕਹਿ ਕੇ ਜਗਤ ਦੇ ਈਸ਼ਵਰ ਉਸ ਸਥਾਨ 'ਤੇ ਹੀ ਬੈਠੇ ਰਹੇ। ਉਹ ਸਾਰੇ ਮਨੁੱਖ ਹੋਰ ਥਾਂ ਚਲੇ ਗਏ। ਸਮੁੰਦਰ ਉਨ੍ਹਾਂ ਦੇ ਘਰ ਨਾ ਢਾਹ ਸਕਿਆ॥ ੫੦॥

ਸਮਾਂ ਬਿਤਾਇ ਬਹੁਰਿ ਨਰ ਆਏ। ਸਦਨ ਬਿਲੋਕੇ ਬਨੇ ਬਨਾਏ।
ਕਲਾਵਾਨ ਜਾਨੇ ਮਨ ਮਾਂਹੀ। ਸਿੱਖੀ ਲੇਨਿ ਰਿਦੈ ਤਬ ਚਾਹੀ॥੫੧ ॥

ਸਮਾਂ ਬਿਤਾ ਕੇ ਉਹ ਮਨੁੱਖ ਵਾਪਸ ਆ ਗਏ ਅਤੇ ਉਨ੍ਹਾਂ ਆਪਣੇ ਘਰ ਬਣੇ ਬਣਾਏ ਵੇਖੇ। ਉਨ੍ਹਾਂ ਗੁਰੂ ਜੀ ਨੂੰ ਕਲਾਵਾਨ ਜਾਣਿਆ ਅਤੇ ਮਨ ਵਿਚ ਸਿੱਖੀ ਲੈਣੀ ਚਾਹੀ॥ ੫੧॥

ਮਿਲਿ ਕਰਿ ਸਭਿਨਿ ਉਪਾਇਨ ਲੀਨੀ। ਆਇ ਗੁਰੂ ਕਉ ਬੰਦਨ ਕੀਨੀ।
ਪਾਹੁਲ ਪਗ ਕੀ ਲੀਨੀ ਤਬਹੀ। ਨਿਕਟਿ ਸਿੰਧੁ ਕੈ ਗ੍ਰਾਮ ਜਿ ਸਭਿਹੀ ॥੫੨ ॥

ਸਾਰਿਆਂ ਨੇ ਮਿਲ ਕੇ ਭੇਟਾ ਲਈਆਂ ਅਤੇ ਆ ਕੇ ਗੁਰੂ ਜੀ ਨੂੰ ਬੰਦਨਾਂ ਕੀਤੀ। ਉਨ੍ਹਾਂ ਸਾਰੇ ਪਿੰਡਾਂ ਨੇ ਚਰਨ ਪਾਹੁਲ ਲੈ ਲਈ, ਜਿੰਨੇ ਵੀ ਪਿੰਡ ਸਮੁੰਦਰ ਦੇ ਨੇੜੇ ਸਨ॥ ੫੨ ॥

ਧਰਮਸਾਲ ਸਿੱਖੀ ਪ੍ਰਗਟਾਨੀ। ਨਾਮ ਦਾਨ ਜਪ ਭੇ ਇਸ਼ਨਾਨੀ।
ਸਤਿਗੁਰ ਕੇ ਸਿਮਰਨ ਮਹਿਂ ਲਾਗੇ। ਭਗਤਿ ਭਾਉ ਮੈਂ ਮਨ ਅਨੁਰਾਗੇ ॥੫੩ ॥

ਧਰਮਸਾਲਾ ਬਣਾ ਕੇ ਸਿੱਖੀ ਪ੍ਰਗਟ ਕੀਤੀ। ਨਾਮ ਸਿਮਰਨ ਵਾਲੇ, ਦਾਨੀ ਅਤੇ ਇਸ਼ਨਾਨੀ ਹੋ ਗਏ। ਸਤਿਗੁਰੂ ਦੇ ਸਿਮਰਨ ਵਿਚ ਲੱਗ ਗਏ ਅਤੇ ਮਨ ਵਿਚ ਪ੍ਰੇਮ ਭਗਤੀ ਨਾਲ ਪਿਆਰ ਹੋ ਗਿਆ॥ ੫੩ ॥

ਕਿਤਿਕ ਦਿਵਸ ਰਹਿ ਦੇ ਉਪਦੇਸ਼ਾ। ਬਿਦਾ ਹੋਇ ਗਮਨੇ ਜਗਤੇਸ਼ਾ।
ਹਾਰੂ ਪੁਰਿ ਇਕ ਟਾਪੂ ਮਾਂਹੀ। ਤਹਾਂ ਚਲਿਨਿ ਕੀ ਭੀ ਮਨ ਚਾਹੀ ॥੫੪ ॥

ਕਈ ਦਿਨ ਓਥੇ ਰਹਿ ਕੇ ਉਪਦੇਸ਼ ਦਿੱਤਾ। ਫਿਰ ਉਸ ਥਾਂ ਤੋਂ ਵਿਦਾ ਹੋ ਕੇ ਗੁਰੂ ਜੀ ਅੱਗੇ ਚਲੇ ਗਏ। ਹਾਰੂ ਪੁਰ ਨਾਮੀ ਇਕ ਟਾਪੂ ਵਿਚ ਜਾਣ ਦਾ ਮਨ ਬਣਾਇਆ॥ ੫੪ ॥

ਮਰਦਾਨੇ ਸੋਂ ਬੋਲੇ ਤਬਹੀ। 'ਵਾਹਿਗੁਰੂ ਜਪ ਆਵਹੁ ਸਭਿਹੀ'।
ਊਪਰ ਸਾਗਰ ਕੇਰ ਕ੍ਰਿਪਾਲਾ। ਹਮ ਕੋਲੇ ਗਮਨੇ ਤਤਕਾਲਾ ॥ ੫੫ ॥

ਸਮੁੰਦਰ ਦੇ ਕਿਨਾਰੇ ਜਾ ਕੇ ਮਰਦਾਨੇ ਨੂੰ ਕਹਿਣ ਲੱਗੇ, ''ਦੋਵੇਂ ਵਾਹਿਗੁਰੂ ਨਾਮ ਜਪਦੇ ਮੇਰੇ ਪਿਛੇ-ਪਿਛੇ ਆਵੋ।'' ਕ੍ਰਿਪਾਲੂ ਗੁਰੂ ਜੀ ਸਾਗਰ ਦੇ ਉਤੇ ਚਲ ਪਏ ਤੇ ਅਸੀਂ ਵੀ ਤੁਰੰਤ ਕੋਲ ਕੋਲ ਚਲ ਪਏ॥ ੫੫ ॥

ਗੁਰੂ ਕਰੈਂ ਸੋਹੰ ਕੋ ਜਾਪੂ। ਚਲੇ ਜਾਤਿ ਕਿਵ ਛੁਵੈ ਨ ਆਪੂ।
ਸਾਗਰ ਬੀਚ ਪਹੁੰਚੇ ਜਬਹੀ। ਜਾਪ ਵਾਹਿਗੁਰੂ ਤਜਿ ਕਰਿ ਤਬਹੀ ॥੫੬ ॥

ਗੁਰੂ ਜੀ ਸੋਹੰ ਦਾ ਜਾਪ ਕਰ ਰਹੇ ਸਨ, ਸਮੁੰਦਰ ਉਤੇ ਚਲੇ ਜਾ ਰਹੇ ਸਨ ਤੇ ਜਲ ਉਨ੍ਹਾਂ ਦੇ ਪੈਰਾਂ ਨੂੰ ਛੂਹ ਵੀ ਨਹੀਂ ਸੀ ਰਿਹਾ। ਜਦ ਸਾਗਰ ਦੇ ਵਿਚ ਪਹੁੰਚ ਗਏ, ਤਦ ਮਰਦਾਨੇ ਨੇ ਵਾਹਿਗੁਰੂ ਦਾ ਜਾਪ ਕਰਨਾ ਛੱਡ ਦਿੱਤਾ॥ ੫੬ ॥

ਸੋਹੰ ਕਰਨ ਲਗਾ ਮਰਦਾਨਾ। ਸ੍ਰੀ ਗੁਰ ਸਮਤਾ ਚਹਿਤ ਅਜਾਨਾ।
ਬੂਡਨ ਲਗਾ ਸਿੰਧ ਕੇ ਮਾਂਹੀ। ਬਹੁ ਡੁਬਕੀ ਲੀਨੀ ਜਬ ਤਾਂਹੀ ॥੫੭ ॥

ਮਰਦਾਨਾ ਸੋਹੰ ਦਾ ਜਾਪ ਕਰਨ ਲੱਗਾ। ਅਣਜਾਨ ਗੁਰੂ ਜੀ ਦੀ ਰੀਸ ਕਰਨਾ ਚਾਹੁੰਦਾ ਸੀ। ਓਸੇ ਵੇਲੇ ਸਮੁੰਦਰ ਵਿਚ ਡੁੱਬਣ ਲੱਗਾ। ਜਦ ਪਾਣੀ ਵਿਚ ਕਾਫੀ ਹੇਠਾਂ ਚਲਾ ਗਿਆ॥ ੫੭ ॥

ਦੋਹਰਾ- ਗ੍ਰੀਵ ਫੇਰਿ ਸ੍ਰੀ ਗੁਰ ਪਿਖਾ ਭੀਗ ਗਏ ਜਿਹ ਚੀਰ।
ਬੂਡਤਿ ਤਿਹ ਕੋ ਜਾਨਿਕੈ ਬੋਲੇ ਗੁਨੀ ਗਹੀਰ॥ ੫੮ ॥

ਗੁਰੂ ਜੀ ਨੇ ਗਰਦਨ ਫੇਰ ਕੇ ਪਿਛਾਂਹ ਨੂੰ ਵੇਖਿਆ, ਮਰਦਾਨੇ ਦੇ ਕਪੜੇ ਭਿੱਜ ਗਏ ਸਨ। ਉਸ ਨੂੰ ਡੁਬਦਾ ਵੇਖ ਕੇ ਗੁਰੂ ਜੀ ਨੇ ਕਿਹਾ ॥ ੫੮ ॥

*ਸ੍ਰੀ ਮੁਖਵਾਕ॥ ਰਾਮਕਲੀ ਮਹਲਾ ੧ ॥*

*ਗੁਰਿ ਕਹਿਆ ਸਾ ਕਾਰ ਕਮਾਵਹੁ ॥*
*ਗੁਰ ਕੀ ਕਰਣੀ ਕਾਹੇ ਧਾਵਹੁ ॥* *(ਪੰਨਾ ੯੩੩)*

ਜੋ ਗੁਰੂ ਕਹਿੰਦਾ ਹੈ, ਉਹ ਹੀ ਕੰਮ ਕਰੋ, ਗੁਰੂ ਦੀ ਕਰਣੀ ਵੱਲ ਨਾ ਜਾਵੋ।

ਚੌਪਈ- ਸੁਨਿ ਸਮਝ੍ਯੋ ਪੁਨ ਮਨ ਮਰਦਾਨਾ। ਵਾਹਿਗੁਰੂ ਕੋ ਜਾਪ ਬਖਾਨਾ।
ਅੱਗ੍ਰਜ ਹੀ ਸਮ ਚਲਤਾ ਭਯੋ। ਸਿੰਧ ਬੂਡਨੇ ਤੇ ਰਹਿ ਗਯੋ॥ ੫੯॥

ਇਹ ਸੁਣ ਕੇ ਮਰਦਾਨਾ ਮਨ ਵਿਚ ਸਮਝ ਗਿਆ ਅਤੇ ਫਿਰ ਵਾਹਿਗੁਰੂ ਦਾ ਜਾਪ ਕਰਨ ਲੱਗਾ। ਫਿਰ ਅੱਗੇ ਚਲਦੇ ਗਏ। ਮਰਦਾਨਾ ਸੁਮੰਦਰ ਵਿਚ ਡੁੱਬਣ ਤੋਂ ਬਚ ਗਿਆ॥ ੫੯॥

ਇਸ ਪ੍ਰਕਾਰ ਗੇ ਸਾਗਰ ਪਾਰਾ। ਪੁਹਚੇ ਟਾਪੂ ਕੇਰਿ ਮਝਾਰਾ।
ਹਾਰੂ ਨਗਰ ਬਿਖੈ ਜਬ ਗਏ। ਇਕ ਤਰੁ ਨੀਚੇ ਬੈਠਤਿ ਭਏ॥ ੬੦॥

ਇਸ ਤਰ੍ਹਾਂ ਅਸੀਂ ਸਮੁੰਦਰ ਪਾਰ ਕਰ ਗਏ ਅਤੇ ਇਕ ਟਾਪੂ ਦੇ ਵਿਚ ਪਹੁੰਚ ਗਏ। ਹਾਰੂ ਨਗਰ ਦੇ ਵਿਚ ਜਦ ਗਏ ਤਾਂ ਇਕ ਦਰੱਖਤ ਦੇ ਥਲੇ ਬੈਠ ਗਏ॥ ੬੦॥

ਭੂਪ ਪ੍ਰਜਾ ਤਿਹ ਦੇਸ਼ ਮਝਾਰੀ। ਸਭਿ ਸਰੇਵਰੇ ਕੀ ਅਨੁਸਾਰੀ।
ਤਿਹ ਕੇ ਢਿਗ ਤੇ ਲੇ ਉਪਦੇਸ਼ਾ। ਹੁਤੇ ਸਿੱਖ ਸਗਰੋਈ ਦੇਸ਼ਾ॥ ੬੧॥

ਉਸ ਦੇਸ਼ ਵਿਚ ਰਾਜਾ ਪਰਜਾ ਸਾਰੇ ਸਰੇਵੜੇ ਨੂੰ ਮੰਨਦੇ ਸਨ। ਉਸ ਪਾਸੋਂ ਉਪਦੇਸ਼ ਲੈ ਕੇ, ਸਾਰੇ ਦੇਸ਼ ਵਾਸੀ ਉਸ ਦੇ ਸਿੱਖ ਹੋ ਗਏ ਸਨ॥ ੬੧॥

ਜਬ ਬਰਖਾ ਕੀ ਹੋਵਹਿ ਚਾਹੀ। ਜਾਚਤਿ ਨਰ ਸਭਿ ਤਿਹ ਕੇ ਪਾਹੀ।
ਜੰਤ੍ਰ ਮੰਤ੍ਰ ਕਰਿ ਸੋ ਬਰਖਾਵੈ। ਸਭਿ ਤੇ ਅਪਨੋ ਨਾਮ ਜਪਾਵੈ॥ ੬੨॥

ਜਦ ਬਾਰਸ਼ ਦੀ ਲੋੜ ਹੁੰਦੀ ਸੀ, ਤਾਂ ਸਾਰੇ ਮਨੁੱਖ ਉਸ ਪਾਸ ਜਾ ਕੇ ਮੀਂਹ ਮੰਗਦੇ ਸਨ। ਜੰਤਰ ਮੰਤਰ ਕਰਕੇ ਉਹ ਮੀਂਹ ਪਵਾ ਦਿੰਦਾ ਸੀ ਅਤੇ ਸਭ ਲੋਕਾਂ ਪਾਸੋਂ ਆਪਣਾ ਨਾਮ ਜਪਵਾਉਂਦਾ ਸੀ॥ ੬੨॥

ਦੋਹਰਾ- ਤਾਤ ਕਾਮਨਾ ਕਰਹਿ ਜੋ, ਸੁਤ ਦੇਵਹਿ ਤਿਹ ਧਾਮ।
ਅਪਰ ਪਦਾਰਥ ਚਾਹਿ ਕੋ ਪੂਰਹਿ ਸਭਿ ਹੀ ਕਾਮ॥ ੬੩॥

ਜਿਹੜਾ ਪਿਤਾ, ਪੁੱਤਰ ਦੀ ਕਾਮਨਾ ਕਰਦਾ ਸੀ, ਉਸ ਦੇ ਘਰ ਪੁੱਤਰ ਦਿੰਦਾ ਸੀ, ਹੋਰ ਜਿਹੜੇ ਕੋਈ ਪਦਾਰਥ ਚਾਹੁੰਦੇ ਸਨ, ਸਾਰੇ ਕੰਮ ਪੂਰੇ ਕਰਦਾ ਸੀ॥ ੬੩॥

ਚੌਪਈ- ਤਿਹ ਕੋ ਭਜਨ ਕਰੈਂ ਨਰ ਸਭਿਹੀ। ਸਤਿਨਾਮ ਸਿਮਰਹਿਂ ਨਹਿਂ ਕਬਹੀ।
ਗਾਵਨ ਲਗਾ ਬੈਠਿ ਮਰਦਾਨਾ। ਉਪਮਾ ਸ੍ਰੀ ਕਰਤਾਰ ਮਹਾਨਾ॥ ੬੪॥

ਸਭ ਮਨੁੱਖ ਉਸ ਦਾ ਹੀ ਭਜਨ ਕਰਦੇ ਸਨ ਅਤੇ ਪ੍ਰਭੂ ਦੇ ਸਚੇ ਨਾਮ ਦਾ ਕਦੀ ਵੀ ਸਿਮਰਨ ਨਹੀਂ ਕਰਦੇ ਸਨ। ਮਰਦਾਨਾ ਬੈਠ ਕੇ ਗਾਇਨ ਕਰਨ ਲੱਗਾ, ਸ੍ਰੀ ਕਰਤਾਰ ਦੀ ਮਹਾਨ ਉਪਮਾ ਕਰਨ ਲੱਗਾ॥ ੬੪॥

ਤਿਹਂ ਛਿਨ ਨਰ ਸਮੀਪ ਬਹੁ ਆਏ। ਸੁਨਹਿਂ ਸ਼ਬਦ ਕੋ ਪ੍ਰੀਤਿ ਬਢਾਏ।
ਪਾਛੇ ਤੇ ਸੋ ਪੂਛਨ ਲਾਗੇ। 'ਇਸ ਕੋ ਅਰਥ ਕਹਹੁ ਹਮ ਆਗੇ' ॥ ੬੫॥

ਉਸ ਵੇਲੇ ਬਹੁਤ ਪੁਰਸ਼ ਨੇੜੇ ਆਏ। ਸ਼ਬਦ ਨੂੰ ਬੜੀ ਪ੍ਰੀਤ ਵਧਾ ਕੇ ਸੁਣਨ ਲੱਗੇ। ਬਾਅਦ ਵਿਚ ਉਹ ਪੁੱਛਣ ਲੱਗੇ ਸਾਡੇ ਸਾਹਮਣੇ ਇਸ ਦੇ ਅਰਥ ਕਰੋ॥ ੬੫॥

ਸ੍ਰੀ ਗੁਰ ਕਹੈਂ 'ਭਜੋ ਹਰਿ ਨਾਮੂ। ਅੰਤ ਸਮਹਿ ਜੋ ਆਵਹਿ ਕਾਮੂ।
ਬਿਖੈ ਬਿਕਾਰ ਅਲਪ ਸੁਖ ਤਜਾਗਹੁ। ਭਾਉ ਭਗਤਿ ਸੋਂ ਉਰ ਅਨੁਰਾਗਹੁ' ॥ ੬੬॥

ਗੁਰੂ ਜੀ ਨੇ ਕਿਹਾ, "ਹਰੀ ਦੇ ਨਾਮ ਦਾ ਸਿਮਰਨ ਕਰੋ, ਅੰਤ ਸਮੇਂ ਜਿਹੜਾ ਕੰਮ ਆਉਂਦਾ ਹੈ। ਵਿਸ਼ੇ ਵਿਕਾਰਾਂ ਦੇ ਨਿਗੁਣੇ ਸੁੱਖਾਂ ਨੂੰ ਛੱਡੋ। ਪ੍ਰੇਮ ਭਗਤੀ ਨੂੰ ਦਿਲੋਂ ਪਿਆਰ ਕਰੋ॥ ੬੬ ॥

ਦੋਹਰਾ- ਸੁਨਿਕੈ ਨਰ ਬੋਲਤਿ ਭਏ ਹਮਰੋ ਗੁਰ ਹੈ ਜੋਇ।
ਨਾਮ ਜਪਾਵਤਿ ਆਪਨੋ ਕਹੈ ਨ ਕਰਤਾ ਕੋਇ॥ ੬੭ ॥

ਇਹ ਸੁਣ ਕੇ ਮਨੁੱਖ ਕਹਿਣ ਲੱਗੇ, ਜਿਹੜੇ ਸਾਡੇ ਗੁਰੂ ਹਨ, ਉਹ ਆਪਣਾ ਨਾਮ ਹੀ ਜਪਵਾਉਂਦੇ ਹਨ ਕਹਿੰਦੇ ਹਨ ਕਿ ਕਰਤਾ ਪੁਰਖ ਕੋਈ ਨਹੀਂ ਹੈ॥ ੬੭ ॥

ਚੌਪਈ- ਜੈਸੇ ਬ੍ਰਿੱਖ ਬੀਜ ਤੇ ਜਾਮਹਿ। ਬੀਜ ਬ੍ਰਿੱਖ ਤੇ ਹ੍ਵੈ ਅਭਿਰਾਮਹਿ।
ਤਿਉਂ ਮਾਨੁਖ ਤੇ ਮਾਨੁਖ ਹੋਇ। ਅਪਰ ਨ ਕਰਤਾ ਲਖੀਏ ਕੋਇ ॥੬੮ ॥

ਜਿਸ ਤਰ੍ਹਾਂ ਬ੍ਰਿਛ ਬੀਜ ਤੋਂ ਜੰਮਦਾ ਹੈ ਅਤੇ ਬ੍ਰਿਛ ਨਾਲੋਂ ਸੁੰਦਰ ਹੁੰਦਾ ਹੈ। ਇਸ ਤਰ੍ਹਾਂ ਮਨੁੱਖ ਤੋਂ ਮਨੁੱਖ ਹੁੰਦਾ ਹੈ, ਹੋਰ ਕਿਸੇ ਨੂੰ ਕਰਤਾ ਨਹੀ ਜਾਣਦੇ॥ ੬੮ ॥

ਇਸੋ ਹਮਹਿਂ ਉਪਦੇਸ਼ ਦ੍ਰਿੜਾਯੋ। ਨਾਨਾ ਜੁਗਤਿ ਸੰਗਿ ਸਮਝਾਯੋ।
ਅਸ ਸੰਭਾਖਨ ਕਰਿ ਨਰ ਤਬਹੀ। ਆਪ ਆਪਨੇ ਘਰ ਗੇ ਸਭਿਹੀ ॥੬੯ ॥

ਇਹੋ ਸਾਨੂੰ ਉਪਦੇਸ਼ ਦ੍ਰਿੜਾਇਆ ਹੈ, ਕਈ ਜੁਗਤੀਆਂ ਅਨੁਸਾਰ ਸਮਝਾਇਆ ਹੈ।" ਇਸ ਤਰ੍ਹਾਂ ਸਾਰੇ ਨਰ ਭਲੀ ਤਰ੍ਹਾਂ ਕਹਿ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ॥ ੬੯ ॥

ਦੋਹਰਾ- ਬਰਖਾ ਤਬ ਤੇ ਹਟਿ ਗਈ ਜਬ ਕੇ ਬੈਠੇ ਜਾਇ।
ਲਾਗੇ ਖੇਤ ਸੂਕਨ ਸਰਬ ਕੋ ਨਹਿਂ ਹੋਤਿ ਉਪਾਇ॥ ੭੦ ॥

ਉਸ ਸਮੇਂ ਤੋਂ ਵਰਖਾ ਪੈਣੀ ਹਟ ਗਈ ਜਿਸ ਸਮੇਂ ਤੋਂ ਗੁਰੂ ਜੀ ਓਥੇ ਜਾ ਕੇ ਬੈਠੇ ਸਨ। ਸਾਰੇ ਖੇਤ ਸੁਕਣ ਲੱਗੇ ਅਤੇ ਕੋਈ ਵੀ ਉਪਾਅ ਨਹੀਂ ਸੀ ਹੋ ਰਿਹਾ ॥ ੭੦ ॥

ਚੌਪਈ- ਖਿੰਚੀ ਕਲਾ ਤਾਂਹਿ ਕੀ ਸਗਰੀ। ਜੋ ਗੁਰ ਬਨਜੋ ਹੋਤਿ ਸਭਿ ਨਗਰੀ।
ਜਬ ਬਰਖਾ ਕੀ ਭੀ ਬਹੁ ਚਾਹੀ। ਨਰ ਮਿਲਿ ਗੇ ਸਰੇਵਰੇ ਪਾਹੀ ॥੭੧ ॥

ਗੁਰੂ ਜੀ ਨੇ ਉਸ ਸਰੇਵੜੇ ਦੀ ਸਾਰੀ ਕਰਾਮਾਤ ਖਿੱਚ ਲਈ, ਜਿਹੜਾ ਸਾਰੇ ਨਗਰ ਦਾ ਗੁਰੂ ਬਣੀ ਬੈਠਾ ਸੀ। ਜਦ ਵਰਖਾ ਦੀ ਬਹੁਤ ਲੋੜ ਪਈ ਤਾਂ ਸਾਰੇ ਪੁਰਸ਼ ਮਿਲ ਕੇ ਸਰੇਵੜੇ ਪਾਸ ਗਏ॥ ੭੧ ॥

ਅਪਨ ਮੰਤ੍ਰ ਬਿਧਿ ਸੰਗਿ ਉਚਾਰਜੋ। ਮੇਹੁ ਨ ਪਰਾ, ਜਤਨ ਕਰਿ ਹਾਰਜੋ।
ਭਏ ਨਿਰਾਸ ਲੋਕ ਘਰਿ ਆਏ। ਉਰ ਚਿੰਤਾਤੁਰ ਦੁਖ ਕੋ ਪਾਏ ॥੭੨ ॥

ਕਹਿਣ ਲੱਗੇ, "ਆਪਣੇ ਮੰਤਰ ਦਾ ਵਿਧੀ ਅਨੁਸਾਰ ਉਚਾਰਨ ਕਰੋ। ਪਰ ਉਸ ਬਹੁਤ ਯਤਨ ਕੀਤਾ ਮੀਂਹ ਨਾ ਪਿਆ। ਲੋਕ ਨਿਰਾਸ਼ ਹੋ ਕੇ ਆਪਣੇ ਘਰਾਂ ਨੂੰ ਵਾਪਸ ਆ ਗਏ। ਹਿਰਦੇ ਵਿਚ ਚਿੰਤਤ ਹੋ ਕੇ ਬੜੇ ਦੁਖੀ ਹੋਏ॥ ੭੨ ॥

ਕਿਤਿਕ ਜਿ ਬੈਠੇ ਗੁਰ ਢਿਗ ਆਈ। ਤਿਨ ਸੋਂ ਬੂਝਤਿ ਗਿਰਾ ਅਲਾਈ।
'ਕਿਉਂ ਚਿੰਤਾਤੁਰ ਤੁਮ ਹੋ ਬੈਸੇ ?। ਕਹਹੁ ਕੁਕਾਜ ਭਯੋ ਹੈ ਕੈਸੇ' ॥੭੩ ॥

ਕਈ ਮਨੁੱਖ ਜਿਥੇ ਗੁਰੂ ਜੀ ਬੈਠੇ ਸਨ, ਓਥੇ ਉਨ੍ਹਾਂ ਪਾਸ ਆਏ। ਗੁਰੂ ਜੀ ਨੇ ਪੁਛਣ ਹਿਤ ਉਨ੍ਹਾਂ ਨੂੰ ਕਿਹਾ, "ਕਿਉਂ ਚਿੰਤਾਤੁਰ ਹੋ ਕੇ ਤੁਸੀ ਬੈਠੇ ਹੋ ? ਤੁਹਾਥੋਂ ਕੀ ਮਾੜਾ ਕੰਮ ਹੋ ਗਿਆ ਹੈ, ਉਹ ਸਾਨੂੰ ਦੱਸੋ"॥ ੭੩ ॥

ਸੁਨਿ ਬੋਲੇ ਜੇ ਮਨੁਜ ਦੁਖਾਰੇ। 'ਜਲ ਬਿਨ ਸੂਕੇ ਸਰਬ ਕਿਦਾਰੇ।

ਮੇਂਹੁ ਦੇਤਿ ਥੋ ਗੁਰੂ ਹਮਾਰਾ। ਅਬਿ ਕਹਿ ਰਹਯੋ ਨ ਬਰਖਯੋ ਬਾਰਾ ॥੭੪ ॥

ਦੁੱਖੀ ਮਨੁੱਖ ਇਹ ਸੁਣ ਕੇ ਬੋਲੇ, "ਜਲ ਬਗੈਰ ਸਾਰੇ ਖੇਤ ਸੁੱਕ ਗਏ ਹਨ। ਸਾਡਾ ਗੁਰੂ ਮੀਂਹ ਦਿੰਦਾ ਸੀ, ਹੁਣ ਉਸ ਨੂੰ ਬਹੁਤ ਕਿਹਾ ਹੈ, ਪਰ ਮੀਂਹ ਨਹੀਂ ਬਰਸਿਆ ਹੈ॥ ੭੪॥

ਇਸ ਪ੍ਰਕਾਰ ਤੇ ਚਿੰਤਾ ਹੋਈ। ਕ੍ਰਿਖਿ ਕੋ ਹੋਇ ਉਪਾਇ ਨ ਕੋਈ'।
ਸ੍ਰੀ ਗੁਰ ਕਹਿਂ 'ਸਿਮਰਹੁ ਸਤਿਨਾਮੂ। ਦੁਹੂੰ ਲੋਕ ਮਹਿਂ ਆਵੈ ਕਾਮੂ ॥੭੫ ॥

ਇਸ ਕਰਕੇ ਬੜੀ ਚਿੰਤਾ ਹੋਈ ਹੈ, ਖੇਤੀ ਪੈਦਾ ਕਰਨ ਦਾ ਕੋਈ ਉਪਾਅ ਨਹੀਂ ਰਿਹਾ।" ਗੁਰੂ ਜੀ ਨੇ ਕਿਹਾ, "ਸਤਿਨਾਮ ਦਾ ਸਿਮਰਨ ਕਰੋ, ਇਹ ਦੋਹਾਂ ਲੋਕਾਂ ਵਿਚ ਕੰਮ ਆਉਂਦਾ ਹੈ॥ ੭੫॥

ਤਜਿ ਸਰੇਵਰੇ ਕੀ ਅਬ ਸੇਵਾ। ਜਾਚਹੁ ਏਕੰਕਾਰ ਅਭੇਵਾ।
ਚਹਹੁ ਰਿਦੇ ਜੋ ਪਾਵਹੁ ਸੋਊ। ਬਹੁਰ ਨ ਚਿੰਤਾ ਬਯਾਪਹਿ ਕੋਊ ॥੭੬ ॥

ਸਰੇਵੜੇ ਦੀ ਸੇਵਾ ਛੱਡ ਕੇ ਹੁਣ ਏਕੰਕਾਰ ਪ੍ਰਭੂ ਪਾਸੋਂ ਜੋ ਚਾਹੀਦਾ ਹੈ, ਮੰਗੋ। ਜੋ ਕੁਝ ਵੀ ਹਿਰਦੇ ਵਿਚ ਪਾਉਣਾ ਚਾਹੁੰਦੇ ਹੋ ਪਾਵੋ, ਫਿਰ ਤੁਹਾਨੂੰ ਕਦੀ ਵੀ ਕੋਈ ਚਿੰਤਾ ਨਹੀਂ ਵਿਆਪੇਗੀ॥ ੭੬॥

ਧਰਹੁ ਅਡੋਲ ਸ਼ਰਧਾ ਜੀ ਕੀ। ਕਰਹੁ ਤਿਹਾਵਲ ਅਬ ਬਿਧਿ ਨੀਕੀ।
ਜਬ ਅਰਦਾਸ ਕਰੋਗੇ ਤਾਂਕੀ। ਬਰਖੈ ਬਰਖਾ ਮਿਤਿ ਨਹਿਂ ਜਾਂਕੀ' ॥੭੭ ॥

ਆਪਣੇ ਮਨ ਦੀ ਸ਼ਰਧਾ ਅਡੋਲ ਹੋ ਕੇ ਧਾਰਨ ਕਰੋ। ਅਤੇ ਚੰਗੀ ਵਿਧੀ ਅਨੁਸਾਰ ਕੜਾਹ ਪ੍ਰਸ਼ਾਦ ਤਿਆਰ ਕਰੋ। ਜਦ ਮੀਂਹ ਮੰਗਣ ਦੀ ਅਰਦਾਸ ਕਰੋਗੇ ਤਾਂ ਏਨੀ ਬਾਰਸ਼ ਹੋਵੇਗੀ ਕਿ ਜਿਸ ਦਾ ਕੋਈ ਅੰਦਾਜ਼ਾ ਨਹੀਂ ਲਾ ਸਕੇਗਾ" ॥ ੭੭॥

ਇਹ ਬਿਧਿ ਸੁਨਿ ਕੈ ਗੁਰੂ ਸਮੀਪਾ। ਨਰ ਚਲਿ ਗਏ ਨਿਕਟਿ ਅਵਨੀਪਾ।
ਸਰਬ ਬ੍ਰਿਤਾਂਤ ਤਬਹਿ ਕਹਿ ਦੀਨਾ। ਹਿਤ ਸੋਂ ਮਿਲੇ ਤਿਹਾਵਲ ਕੀਨਾ ॥੭੮ ॥

ਗੁਰੂ ਜੀ ਪਾਸੋਂ ਇਹ ਵਿਧੀ ਸੁਣ ਕੇ ਸਾਰੇ ਮਨੁੱਖ ਰਾਜੇ ਪਾਸ ਚਲੇ ਗਏ। ਉਸ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ਪ੍ਰੇਮ ਨਾਲ ਮਿਲ ਕੇ ਕੜਾਹ ਪ੍ਰਸ਼ਾਦ ਤਿਆਰ ਕੀਤਾ॥ ੭੮॥

ਕਿਯ ਅਰਦਾਸ ਜਬੈ ਕਰ ਜੋਰੀ। ਤਬਹੀ ਉਠੀ ਘਟਾ ਘਨਘੋਰੀ।
ਬਾਰ ਧਰਾ ਪਰ ਪਰਯੋ ਬਿਸਾਲਾ। ਹਰਖ ਭਯੋ ਸਭਿ ਕੋ ਤਿਹ ਕਾਲਾ ॥੭੯ ॥

ਜਦ ਹੱਥ ਜੋੜ ਕੇ ਅਰਦਾਸ ਕੀਤੀ, ਤਦ ਕਾਲੀਆਂ ਘਟਾਵਾਂ ਛਾ ਗਈਆਂ। ਬਹੁਤ ਭਾਰੀ ਵਰਖਾ ਹੋਈ ਅਤੇ ਸਾਰੇ ਲੋਕ ਉਸ ਸਮੇਂ ਬਹੁਤ ਪ੍ਰਸੰਨ ਹੋਏ॥ ੭੯॥

ਭੂਪ ਪ੍ਰਜਾ ਯੁਤ ਗੁਰੂ ਅਗਾਰੀ। ਆਇ ਨਮੋ ਕਿਯ ਬਿਨੈ ਉਚਾਰੀ।
'ਤੁਮ ਅਨੰਦ ਕੇ ਕੰਦ ਮੁਕੰਦਾ। ਸਭਿ ਜਗ ਬੰਦ, ਦੁਤਿਯ ਜਗ ਚੰਦਾ ॥੮੦ ॥

ਰਾਜਾ ਪਰਜਾ ਗੁਰੂ ਜੀ ਪਾਸ ਆਏ ਅਤੇ ਨਮਸ਼ਕਾਰ ਕਰਕੇ ਬੇਨਤੀ ਕੀਤੀ, "ਤੁਸੀਂ ਅਨੰਦ ਦੇ ਘਰ ਅਤੇ ਮੁਕਤੀਦਾਤੇ ਹੋ, ਸਾਰੇ ਜਗਤ ਦੇ ਪੂਜਣ ਯੋਗ ਹੋ, ਅਤੇ ਜਗਤ ਵਿਚ ਦੂਸਰੇ ਚੰਦਰਮਾ ਹੋ॥ ੮੦॥

ਨਿਜ ਉਪਦੇਸ਼ ਦੀਜੀਏ ਅਬਹੀ। ਕਰਹੁ ਸਿੱਖ ਸੇਵਹਿਂ ਹਮ ਸਭਿਹੀ।
ਕਲਾ ਬਿਸਾਲ ਬਿਲੋਕਿ ਤੁਮਾਰੀ। ਸ਼ਰਨ ਗਹੀ ਅਬ ਕਰਹੁ ਸੰਭਾਰੀ' ॥੮੧ ॥

ਸਾਨੂੰ ਹੁਣ ਆਪਣਾ ਉਪਦੇਸ਼ ਦੇਵੋ, ਤੁਸੀਂ ਸਾਨੂੰ ਆਪਣੇ ਸਿੱਖ ਬਣਾ ਲਵੋ, ਤਾਂਕਿ ਅਸੀਂ ਸਾਰੇ ਤੁਹਾਡੀ ਸੇਵਕੀ ਕਰੀਏ। ਤੁਹਾਡੀ ਵਿਸ਼ਾਲ ਕਰਾਮਾਤ ਵੇਖ ਕੇ, ਅਸੀਂ ਤੁਹਾਡੀ ਸ਼ਰਨ ਆਏ ਹਾਂ, ਹੁਣ ਸਾਡੀ ਸੰਭਾਲ ਕਰੋ" ॥ ੮੧॥

ਦੋਹਰਾ- ਪਗ ਕੀ ਪਾਹੁਲ ਦੀਨਿ ਗੁਰ ਕੀਨੇ ਸਰਬ ਨਿਹਾਲ।
ਸਤਿਨਾਮ ਉਪਦੇਸ਼ ਕਰਿ ਕਾਟੇ ਬੰਧ ਬਿਸਾਲ॥ ੯੨॥

ਗੁਰੂ ਜੀ ਨੇ ਆਪਣੇ ਚਰਨਾਂ ਦੀ ਪਾਹੁਲ ਦੇ ਕੇ ਸਭ ਨੂੰ ਨਿਹਾਲ ਕਰ ਦਿੱਤਾ। ਸਤਿਨਾਮ ਦਾ ਉਪਦੇਸ਼ ਦੇ ਕੇ ਸਭ ਦੇ ਵਿਸ਼ਾਲ ਬੰਧਨ ਕੱਟ ਦਿੱਤੇ॥ ੯੨॥

ਚੌਪਈ- ਪੁਨ ਸਰੇਵਰਾ ਲੱਜਾ ਧਰਿ ਕੈ। ਆਯੋ ਚਰਚਾ ਹੇਤੁ ਬਿਚਰਿਕੈ।
ਬੈਠਿ ਸਮੀਪ ਕਹੀ ਨਿਜ ਗਾਥਾ। ਤਬ ਸਲੋਕ ਉਚਰਜੇ ਜਗਨਾਥਾ॥ ੯੩॥

ਫੇਰ ਸਰੇਵੜਾ ਸ਼ਰਮਿੰਦਾ ਹੋ ਕੇ ਚਰਚਾ ਕਰਨ ਦਾ ਵਿਚਾਰ ਬਣਾ ਕੇ ਆਇਆ। ਨੇੜੇ ਬੈਠ ਕੇ ਆਪਣੀ ਕਹਾਣੀ ਕਹੀ। ਉਸ ਦੀ ਗੱਲ ਸੁਣ ਕੇ ਗੁਰੂ ਜੀ ਨੇ ਸਲੋਕ ਉਚਾਰਿਆ॥ ੯੩॥

*ਸ੍ਰੀ ਮੁਖਵਾਕ ਸਲੋਕੁ ਮ: ੧॥*

*ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥*
*ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥*
*ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥*
*ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥*
*ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥*
*ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥*
*ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥*
*ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥*
*ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥*
*ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥*
*ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥*
*ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥*
*ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥*
*ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥*
*ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥*
*ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥*
*ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥*
*ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ॥* (ਪੰਨਾ ੧੪੯)

ਉਹ ਆਪਣੇ ਸਿਰ ਪੁਟਵਾਉਂਦਾ ਹੈ, ਮੈਲਾ ਪਾਣੀ ਪੀਂਦਾ ਹੈ ਅਤੇ ਹੋਰਨਾਂ ਦੀ ਜੂਠ ਬਾਰ-ਬਾਰ ਮੰਗ ਕੇ ਖਾਂਦਾ ਹੈ। ਉਹ ਗੰਦਗੀ ਖਿਲਾਰਦੇ ਹਨ ਅਤੇ ਆਪਣੇ ਮੂੰਹ ਨਾਲ ਇਸ ਦੀਆਂ ਹਵਾੜਾਂ ਲੈਂਦੇ ਹਨ ਤੇ ਪਾਣੀ ਵੇਖਣ ਤੋਂ ਡਰਦੇ ਹਨ। ਸਵਾਹ ਨਾਲ ਲਿਬੜੇ ਹੱਥਾਂ ਨਾਲ ਭੇਡਾਂ ਵਾਂਗ ਆਪਣੇ ਸਿਰ ਦੇ ਵਾਲ ਪੁਟਵਾਉਂਦੇ ਹਨ। ਮਾਤਾ ਪਿਤਾ ਦੀ ਰੀਤੀ ਛੱਡ ਦਿੰਦੇ ਹਨ

ਅਤੇ ਉਨ੍ਹਾਂ ਦੇ ਟੱਬਰ ਧਾਹਾਂ ਮਾਰ ਕੇ ਰੋਂਦੇ ਹਨ। ਉਨ੍ਹਾਂ ਨੂੰ ਕੋਈ ਪਿੰਡ ਪਤਲ ਨਹੀਂ ਦਿੰਦਾ ਅਤੇ ਨਾ ਹੀ ਕਿਰਿਆ ਕਰਦਾ ਅਤੇ ਨਾ ਹੀ ਦੀਵਾ ਬਾਲਦਾ ਹੈ। ਮਰਨ ਮਗਰੋਂ ਉਹ ਕਿੱਥੇ ਸੁੱਟੇ ਜਾਣਗੇ ? ਅਠਾਹਠ ਤੀਰਥ ਉਨ੍ਹਾਂ ਨੂੰ ਪਨਾਹ ਨਹੀਂ ਦਿੰਦੇ ਅਤੇ ਪੰਡਿਤ ਉਨ੍ਹਾਂ ਦਾ ਭੋਜਨ ਨਹੀਂ ਖਾਂਦੇ। ਉਹ ਦਿਨ ਰਾਤ ਮਲੀਨ ਰਹਿੰਦੇ ਹਨ ਅਤੇ ਉਨ੍ਹਾਂ ਦੇ ਮੱਥੇ ਉੱਤੇ ਤਿਲਕ ਨਹੀਂ ਹੈ। ਮਾਤਮ ਕਰਨ ਵਾਲਿਆਂ ਵਾਂਗ ਉਹ ਸਦਾ ਇਕੱਠੇ ਹੋ ਕੇ ਬੈਠਦੇ ਹਨ ਅਤੇ ਸੱਚੀ ਕਚਹਿਰੀ ਵਿਚ ਨਹੀਂ ਜਾਂਦੇ। ਲੱਕ ਨਾਲ ਠੂਠੇ ਲਟਕਦੇ ਹਨ ਅਤੇ ਹੱਥਾਂ ਵਿਚ ਛੁਮਣ ਫੜ ਕੇ ਅੱਗੇ ਪਿੱਛੇ ਤੁਰਦੇ ਹਨ। ਨਾ ਉਹ ਜੋਗੀ ਜੰਗਮ ਅਤੇ ਨਾ ਕਾਜ਼ੀ ਮੁੱਲਾਂ ਹਨ। ਰੱਬ ਦੇ ਮਾਰੇ ਹੋਏ ਬੇਇੱਜ਼ਤ ਹੋਏ ਫਿਰਦੇ ਹਨ ਅਤੇ ਉਨ੍ਹਾਂ ਦਾ ਸਮੂਹ ਭਰਿਸ਼ਟ ਹੋ ਜਾਂਦਾ ਹੈ। ਜੀਆਂ ਨੂੰ ਕੇਵਲ ਪ੍ਰਭੂ ਹੀ ਮਾਰ ਜੀਵਾਲ ਸਕਦਾ ਹੈ, ਹੋਰ ਕੋਈ ਰੱਖ ਨਹੀਂ ਸਕਦਾ। ਉਹ ਪੁੰਨ ਇਸ਼ਨਾਨ ਤੋਂ ਬਗੈਰ ਰਹਿ ਜਾਂਦੇ ਹਨ ਅਤੇ ਖੁੱਥੇ ਸਿਰ ਵਿਚ ਖੇਹ ਪੈਂਦੀ ਹੈ। ਜਦ ਸੁਮੇਰ ਪਰਬਤ ਨੂੰ ਮਧਾਣੀ ਬਣਾਇਆ ਤਾਂ ਜਲ ਵਿਚੋਂ ਹੀਰੇ ਜਵਾਹਰਾਤ ਨਿਕਲੇ। ਦੇਵਤਿਆਂ ਨੇ ਅਠਾਹਠ ਤੀਰਥ ਅਸਥਾਨ ਥਾਪੇ ਹਨ, ਜਿਥੇ ਤਿਉਹਾਰ ਮਨਾਏ ਜਾਂਦੇ ਹਨ ਅਤੇ ਭਜਨ ਗਾਏ ਜਾਂਦੇ ਹਨ। ਨਹਾਉਣ ਪਿਛੋਂ ਮੁਸਲਮਾਨ ਨਿਮਾਜ਼ ਪੜ੍ਹਦੇ ਹਨ, ਇਸ਼ਨਾਨ ਪਿੱਛੋਂ ਹਿੰਦੂ ਪੂਜਾ ਕਰਦੇ ਹਨ ਅਤੇ ਸਿਆਣੇ ਸਦਾ ਹੀ ਨਹਾਉਂਦੇ ਹਨ। ਮਰੇ ਹੋਏ ਅਤੇ ਜੀਉਂਦੇ ਪਵਿੱਤਰ ਹੋ ਜਾਂਦੇ ਹਨ ਜਦ ਉਨ੍ਹਾਂ ਦੇ ਸਿਰ ਉਤੇ ਪਾਣੀ ਪਾਇਆ ਜਾਂਦਾ ਹੈ। ਹੇ ਨਾਨਕ ! ਸਿਰ ਖੁਹਾਉਣ ਵਾਲੇ ਭੂਤਨੇ ਹਨ। ਅਕਲ ਦੀ ਗੱਲਬਾਤ ਉਨ੍ਹਾਂ ਨੂੰ ਚੰਗੀ ਨਹੀਂ ਲੱਗਦੀ।

ਚੌਪਈ- **ਸੁਨਿ ਸਲੋਕ ਕਉ ਅਧਿਕ ਲਜਾਵਾ। ਪੁਨ ਅਪਨੀ ਚਹਿ ਕਲਾ ਦਿਖਾਵਾ।**
**ਜੰਤ੍ਰ ਮੰਤ੍ਰ ਕੋ ਜੋਰ ਲਗਾਵਾ। ਤਿਨ ਤੇ ਗੁਰ ਪਰ ਕਛੁ ਨ ਬਸਾਵਾ ॥੮੪॥**

ਗੁਰੂ ਜੀ ਪਾਸੋਂ ਸਲੋਕ ਸੁਣ ਕੇ ਸਰੇਵੜਾ ਹੋਰ ਸ਼ਰਮਿੰਦਾ ਹੋਇਆ, ਫਿਰ ਉਹ ਆਪਣੀ ਕਰਾਮਾਤ ਵਿਖਾਉਣੀ ਚਾਹੁੰਦਾ ਸੀ। ਬੜਾ ਜ਼ੋਰ ਲਾ ਕੇ ਜੰਤਰ ਮੰਤਰ ਪੜ੍ਹਨ ਲੱਗਾ। ਪਰ ਉਨ੍ਹਾਂ ਜੰਤਰਾਂ ਮੰਤਰਾਂ ਦਾ ਗੁਰੂ ਜੀ ਉਤੇ ਕੋਈ ਵੀ ਵੱਸ ਨਾ ਚਲਿਆ ॥ ੮੪ ॥

**ਜਾਨੇ ਜਬ ਬਿਸਾਲ ਬਿਧਿ ਨੀਕੀ। ਸ਼ਰਧਾ ਧਰਤਿ ਭਯੋ ਤਬ ਜੀ ਕੀ।**
**ਨਮੋ ਕਰੀ ਪਗ ਪਾਹੁਲ ਲੀਨੰ। ਪੂਰਬ ਰੀਤਿ ਤਜਾਗ ਸਭਿ ਦੀਨੰ ॥੮੫॥**

ਜਦ ਚੰਗੀ ਤਰ੍ਹਾਂ ਜਾਣ ਗਿਆ ਕਿ ਇਹ ਬਹੁਤ ਵੱਡੇ ਹਨ ਤਾਂ ਹਿਰਦੇ ਵਿਚ ਸ਼ਰਧਾ ਧਾਰਨ ਕਰ ਲਈ। ਨਮਸਕਾਰ ਕਰਕੇ ਚਰਨ ਪਾਹੁਲ ਲਈ ਅਤੇ ਪਿਛਲੀ ਰੀਤ ਤਿਆਗ ਦਿੱਤੀ॥ ੮੫ ॥

**ਸਤਿਗੁਰ ਕੇ ਸਿਮਰਨ ਅਨੁਰਾਗਾ। ਹੋਇ ਸਰਲ ਸੇਵਾ ਮਹਿੰ ਲਾਗਾ।**
**ਧਰਮਸਾਲ ਗੁਰ ਤਹਿੰ ਬਨਵਾਈ। ਅਸਥਾਪਤ ਕੀਨੋ ਤਿਹ ਥਾਈਂ ॥੮੬॥**

ਸਤਿਗੁਰ ਦੇ ਸਿਮਰਨ ਨਾਲ ਪ੍ਰੇਮ ਹੋ ਗਿਆ ਅਤੇ ਨਿਰਮਲ ਹੋ ਕੇ ਸੇਵਾ ਵਿਚ ਲੱਗ ਗਿਆ। ਗੁਰੂ ਜੀ ਲਈ ਧਰਮਸਾਲਾ ਬਣਵਾਈ ਅਤੇ ਗੁਰੂ ਜੀ ਨੂੰ ਉਸ ਧਰਮਸਾਲਾ ਵਿਚ ਬਿਠਾਇਆ॥ ੮੬ ॥

**ਸਰਬ ਨਗਰ ਕੋ ਨਾਮ ਜਪਾਯੋ। ਟੇਢੇ ਚਲਤਿ ਸੂਧ ਮਗ ਪਾਯੋ।**
**ਜਬ ਚਲਿਨੇ ਕੀ ਇੱਛਾ ਧਾਰੀ। ਤਬ ਨ੍ਰਿਪ ਆਯੋ ਗੁਰੂ ਅਗਾਰੀ ॥੮੭॥**

ਗੁਰੂ ਜੀ ਨੇ ਸਾਰੇ ਨਗਰ ਨੂੰ ਵਾਹਿਗੁਰੂ ਦਾ ਨਾਮ ਜਪਾਇਆ। ਜਿਹੜੇ ਟੇਢੇ ਚਲਦੇ ਸਨ ਉਨ੍ਹਾਂ ਨੂੰ ਸਿੱਧੇ ਰਾਹ ਪਾਇਆ। ਜਦ ਅੱਗੇ ਚੱਲਣ ਦੀ ਇੱਛਾ ਧਾਰਨ ਕੀਤੀ ਤਾਂ ਰਾਜਾ ਗੁਰੂ ਜੀ ਦੇ ਅੱਗੇ ਆ ਗਿਆ॥ ੮੭॥

**'ਰਹਹੁ ਸਦੀਵ ਹਮਾਰੇ ਦੇਸ਼ਾ। ਦਾਸ ਲਖਹੁ, ਸੇਵਹਿੰ ਜਗਤੇਸ਼ਾ !।**
**ਜਿਉਂ ਤੁਮ ਕਹੋ ਕਰਹਿੰ ਸੋ ਰੀਤੀ । ਰਾਵਰ ਕੇ ਬਿਛੁਰੇ ਬਿਪਰੀਤੀ' ॥੮੮॥**

ਕਹਿਣ ਲੱਗਾ, "ਸਦਾ ਹੀ ਸਾਡੇ ਦੇਸ਼ ਵਿਚ ਰਹੋ, ਸਾਨੂੰ ਆਪਣੇ ਸੇਵਕ ਜਾਣੋ, ਸਦਾ ਤੁਹਾਡੀ ਸੇਵਾ ਕਰਾਂਗੇ। ਜਿਸ ਤਰ੍ਹਾਂ ਵੀ ਤੁਸੀਂ ਕਹੋਗੇ ਉਸ ਰੀਤੀ ਅਨੁਸਾਰ ਹੀ ਕਰਾਂਗੇ ਆਪ ਜੀ ਦੇ ਵਿਛੋੜੇ ਕਾਰਨ ਬੜਾ ਕਸ਼ਟ ਅਨੁਭਵ ਕਰਾਂਗੇ" ॥ ੮੮॥

ਸ੍ਰੀ ਗੁਰ ਸੁਨਿ ਕਿਯ ਬਚਨ ਉਚਾਰਨ। 'ਪਢਹੁ ਸੁਨਹੁ ਬਾਨੀ ਦੁਖਟਾਰਨ।
ਜਬ ਕਛੁ ਚਾਹਿ ਹੋਇ ਨਿਜ ਉਰ ਕੋ। ਕਰਹੁ ਤਿਹਾਵਲ ਤਬ ਸਤਿਗੁਰ ਕੋ ॥੮੯॥

ਰਾਜੇ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਦੁੱਖ ਦੂਰ ਕਰਨ ਵਾਲੀ ਬਾਣੀ ਪੜ੍ਹੋ ਸੁਣੋ, ਜਦ ਮਨ ਵਿਚ ਮਿਲਣ ਦੀ ਕੁਝ ਇੱਛਾ ਹੋਵੇ ਤਾਂ ਸਤਿਗੁਰ ਵਾਸਤੇ ਕੜਾਹ ਪਰਸ਼ਾਦਿ ਤਿਆਰ ਕਰੋ॥ ੮੯॥

ਰਾਖਿ ਟਕਾ ਕੀਜਹਿ ਅਰਦਾਸਾ। ਸ੍ਰੀ ਕਰਤਾਰ ਪੂਰਿ ਹੈ ਆਸਾ।
ਮਮ ਸਰੂਪ ਕੋ ਧਰਹੁ ਧਿਆਨਾ। ਕਰਨੇ ਕਾਜ ਅਪਰ ਹਮ ਥਾਨਾ' ॥੯੦॥

ਇਕ ਟਕਾ ਰਖ ਕੇ ਅਰਦਾਸ ਕਰੋ, ਸ੍ਰੀ ਕਰਤਾਰ ਤੁਹਾਡੀਆਂ ਸਭ ਇੱਛਾਵਾਂ ਪੂਰੀਆਂ ਕਰਨਗੇ। ਮੇਰੇ ਸਰੂਪ ਦਾ ਧਿਆਨ ਧਾਰਨ ਕਰੋ, ਆਪ ਜੀ ਦਾ ਕਾਰਜ ਸਿੱਧ ਕਰਨ ਵਾਸਤੇ ਮੈਂ ਉਸ ਥਾਂ ਪਹੁੰਚ ਜਾਵਾਂਗਾ"॥ ੯੦॥

ਦੋਹਰਾ- ਪੁਨ ਨਰੇਸ਼ ਬੋਲਤਿ ਭਯੋ 'ਲੇਹੁ ਉਪਾਇਨ ਮੋਰ'।
ਅਮਿਤ ਜਵਾਹਰ ਧਰੇ ਢਿਗ ਮਨ ਮੈਂ ਚਰਨ ਨਿਹੋਰਿ॥ ੯੧॥

ਫਿਰ ਰਾਜੇ ਨੇ ਕਿਹਾ, "ਮੇਰੀ ਭੇਟ ਸਵੀਕਾਰ ਕਰੋ" ਬਹੁਤ ਹੀਰੇ ਜਵਾਹਰਾਤ, ਮਨ ਵਿਚ ਚਰਨ ਪੂਜ ਕੇ, ਗੁਰੂ ਜੀ ਦੇ ਅੱਗੇ ਰੱਖ ਦਿੱਤੇ॥ ੯੧॥

ਚੌਪਈ- ਧਰੇ ਬਿਸਾਲ ਆਨਿ ਕਰਿ ਮੋਤੀ। ਜਿਨ ਕੀ ਬਡ ਦੁਤਿ ਦਿਪਤਿ ਉਦੋਤੀ।
ਬੋਲੇ ਤਿਨਹਿ ਬਿਲੋਕਿ ਗੁਸਾਈਂ। 'ਇਹ ਮੋਤੀ ਹੈਂ, ਕੂਰ ਲਖਾਈ॥ ੯੨॥

ਬਹੁਤ ਹੀਰੇ ਮੋਤੀ ਲਿਆ ਕੇ ਅੱਗੇ ਧਰੇ, ਜਿਨ੍ਹਾਂ ਦੀ ਚਮਕ ਬੜੀ ਸੁੰਦਰ ਪ੍ਰਕਾਸ਼ਦੀ ਹੈ। ਗੁਰੂ ਜੀ ਉਨ੍ਹਾਂ ਹੀਰੇ ਮੋਤੀਆਂ ਨੂੰ ਵੇਖ ਕੇ ਬੋਲੇ, "ਇਹ ਮੋਤੀ ਕੂੜ ਜਾਣੋਂ॥ ੯੨॥

ਮੋਤੀ ਸਾਚ ਨਾਮ ਹਰਿ ਜੋਇ। ਜਿਨ ਮਨ ਮਹਿਂ ਇਹ ਲੀਨ ਪਰੋਇ।
ਤਿਨਕੀ ਸ਼ੋਭਾ ਦੋਨੋਂ ਲੋਕਾ। ਬਿਨਸੈਂ ਕਬਹੁੰ ਨ ਰਹਹਿਂ ਅਸ਼ੋਕਾ ॥੯੩॥

ਜੋ ਹਰੀ ਦਾ ਸੱਚਾ ਨਾਮ ਹੈ, ਉਹ ਹੀ ਅਮੋਲਕ ਮੋਤੀ ਹੈ, ਜਿਸ ਨੇ ਇਸ ਮੋਤੀ ਨੂੰ ਮਨ ਵਿਚ ਪਰੋ ਲਿਆ ਹੈ, ਉਸ ਦੀ ਦੋਹਾਂ ਲੋਕਾਂ ਵਿਚ ਸ਼ੋਭਾ ਹੈ। ਉਹ ਮੋਤੀ ਫਿਰ ਕਦੇ ਵਿਸਰਦੇ ਨਹੀਂ ਅਤੇ ਮਨੁੱਖ ਸਦਾ ਸ਼ੋਕ-ਰਹਿਤ ਰਹਿੰਦਾ ਹੈ॥ ੯੩॥

'ਕੁਛਕ ਲੀਜੀਐ' ਕਹਿ ਮਰਦਾਨਾ। 'ਸੁੰਦਰ ਦਿਪਤਿ ਸੁ ਦੁਤਿ ਜਿਨ ਨਾਨਾ'।
ਗੁਰੂ ਕਹੈਂ, 'ਜੋ ਦੇਖਤਿ ਏਹੂ॥ ਦੁਖ ਰੂਪੀ ਹੈ ਇਨਕੋ ਨੇਹੂ॥ ੯੪॥

ਮਰਦਾਨੇ ਨੇ ਕਿਹਾ, "ਕੁਝ ਤਾਂ ਲੈ ਲਵੋ, ਬੜੇ ਸੁੰਦਰ ਚਮਕਦੇ ਹਨ ਅਤੇ ਇਨ੍ਹਾਂ ਦਾ ਪ੍ਰਕਾਸ਼ ਕਈ ਪ੍ਰਕਾਰ ਦਾ ਹੈ।" ਗੁਰੂ ਜੀ ਨੇ ਕਿਹਾ, "ਜੋ ਤੂੰ ਵੇਖਦਾ ਹੈਂ, ਇਨ੍ਹਾਂ ਨਾਲ ਪਿਆਰ, ਦੁੱਖ ਦਾ ਰੂਪ ਹੈ, ਭਾਵ ਇਨ੍ਹਾਂ ਨਾਲ ਮੋਹ ਕਰਨ ਵਾਲਾ ਅੰਤ ਦੁਖੀ ਹੁੰਦਾ ਹੈ॥ ੯੪॥

ਦੋਹਰਾ-ਪਰਮੇਸ਼ੁਰ ਕੋ ਨਾਮ ਜੋ ਲਖਿਯੇ ਸੋ ਸੁਖਦਾਇ।
ਮਰਦਾਨੇ ਤੁਝ ਪਾਸ ਹੈ ਜਪਹੁ ਸਦਾ ਲਿਵਲਾਇ॥ ੯੫॥

ਪਰਮੇਸ਼ਰ ਦਾ ਨਾਮ ਜੋ ਜਪਦੇ ਹਨ ਉਹ ਸੁੱਖ ਪਾਉਂਦੇ ਹਨ। ਹੇ ਮਰਦਾਨੇ! ਪਰਮੇਸ਼ਰ ਦਾ ਨਾਮ ਤੇਰੇ ਪਾਸ ਹੈ, ਸਦਾ ਲਿਵ ਲਾ ਕੇ ਜਾਪ ਕਰੋ॥ ੯੫॥

ਚੌਪਈ- ਇਨ ਸੋਂ ਪ੍ਰੀਤਿ ਨ ਕੀਜੈ ਕਬ ਹੀ। ਇਸ ਪ੍ਰਕਾਰ ਕਹਿ ਕਰਿ ਗੁਰ ਤਬਹੀ।

ਬਿਦਾ ਹੋਇ ਕੀਨੋ ਪ੍ਰਸਥਾਨਾ। ਭਗਤਿ ਭਾਉ ਜਿਨ ਜਗ ਪ੍ਰਗਟਾਨਾ ॥੯੬॥

ਇਨ੍ਹਾਂ ਨਾਲ ਕਦੇ ਵੀ ਪਿਆਰ ਨਹੀ ਕਰਨਾ ਚਾਹੀਦਾ।'' ਇਸ ਪ੍ਰਕਾਰ ਕਹਿ ਕੇ ਗੁਰੂ ਜੀ ਵਿਦਾ ਹੋ ਕੇ ਦੂਸਰੇ ਸਥਾਨ ਤੇ ਚਲੇ ਗਏ। ਜਿਸ ਗੁਰੂ ਜੀ ਨੇ ਜਗਤ ਵਿਚ ਪ੍ਰੇਮ ਭਗਤੀ ਨੂੰ ਪ੍ਰਗਟ ਕੀਤਾ ਹੈ॥ ੯੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਗ੍ਰਾਮਨ, ਹਾਥੂ ਦੇਸ਼ ਪ੍ਰਸੰਗ ਬਰਨਨੰ ਨਾਮ ਦੁਆਦਸ਼ਮੋ ਅਧਯਾਯ॥ ੧੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਾਰ੍ਹਵਾਂ ਅਧਿਆਇ, ਜਿਸ ਦਾ ਨਾਮ ''ਅੱਗ ਨਾਲ ਸੜਨ ਵਾਲੇ, ਸਮੁੰਦ੍ਰ ਨਾਲ ਢਹਿਣ ਵਾਲੇ ਨਗਰ ਤੇ ਹਾਥੂ ਦੇਸ਼'' ਹੈ, ਸਮਾਪਤ ਹੋਇਆ॥ ੧੨॥

## *ਅਧਿਆਇ ਤੇਰ੍ਹਵਾਂ*

### *ਛੱਪਰੀ ਤੋੜਨੀ, ਭੂਟਾਨ, ਅਨਾਜ ਅਗਨੀ ਰਹਿਤ ਦੇਸ਼*

ਦੋਹਰਾ-ਪਰ ਦੁਖ ਪਿਖਿ ਕਰਿ ਹ੍ਵੈਂ ਦੁਖੀ ਪਰ ਸੁਖ ਪਿਖਿ ਹਰਖਾਇਂ।
ਮੁਕਤਿ ਪੰਥ ਨਿਸਦਿਨ ਪਰੇ ਤਿਨ ਸੰਤਨ ਪਰਿ ਪਾਇਂ॥ ੧॥

ਜੋ ਆਪ ਦਿਨ ਰਾਤ ਮੁਕਤੀ ਦੇ ਰਸਤੇ ਚਲ ਰਹੇ ਹਨ ਅਤੇ ਪਰਾਇਆ ਦੁੱਖ ਵੇਖ ਕੇ ਦੁਖੀ ਅਤੇ ਪਰਾਇਆ ਸੁਖ ਵੇਖ ਕੇ ਸੁਖੀ ਹੁੰਦੇ ਹਨ, ਉਨ੍ਹਾਂ ਸੰਤਾਂ ਦੇ ਚਰਨਾਂ ਤੇ ਮੈਂ ਮੱਥਾ ਟੇਕਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸੁਨੀਏ ਸ੍ਰੀ ਅੰਗਦ ਗਤਿਦਾਨੀ!। ਆਗੈ ਗਮਨ ਕੀਨ ਗੁਨਖਾਨੀ॥
ਚਲਤਜੋ ਪੰਥ ਗ੍ਰਾਮ ਇਕ ਆਵਾ। ਬਸੈ ਤਿਖਾਨ ਭਗਤਿ ਮਨ ਭਾਵਾ ॥੨॥

*ਭਾਈ ਬਾਲੇ ਨੇ ਕਿਹਾ-* ''ਹੇ ਮੁਕਤੀਦਾਤੇ ਸ੍ਰੀ ਗੁਰੂ ਅੰਗਦ ਦੇਵ ਜੀ! ਗੁਣਾਂ ਦੀ ਖਾਣ ਭਾਵ ਗੁਰੂ ਜੀ ਅੱਗੇ ਚਲ ਪਏ। ਚਲਦਿਆਂ ਚਲਦਿਆਂ ਇਕ ਪਿੰਡ ਆਇਆ। ਓਥੇ ਇਕ ਤਰਖਾਣ ਰਹਿੰਦਾ ਸੀ, ਜਿਸ ਦਾ ਭਗਤੀ ਨਾਲ ਬਹੁਤ ਪ੍ਰੇਮ ਸੀ॥ ੨॥

ਸੰਤਨ ਕੀ ਸੇਵਾ ਨਿਤ ਕਰਿਹੀ। ਅਧਿਕ ਭਾਉ ਹਿਰਦੇ ਮਹਿਂ ਧਰਿਹੀ।
ਕਰਨ ਕ੍ਰਿਤਾਰਥ ਜਨ ਕੇ ਹੇਤਾ। ਸ੍ਰੀ ਗੁਰ ਤਿਹ ਕੇ ਗਏ ਨਿਕੇਤਾ॥ ੩॥

ਉਹ ਸਦਾ ਹੀ ਸੰਤਾਂ ਦੀ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਕੇ ਸੇਵਾ ਕਰਦਾ ਸੀ। ਜਿਸ ਗੁਰੂ ਜੀ ਦਾ ਆਪਣੇ ਸੇਵਕਾਂ ਦਾ ਕ੍ਰਿਤਾਰਥ ਕਰਨ ਨਾਲ ਹੀ ਪਿਆਰ ਸੀ, ਉਹ ਗੁਰੂ ਜੀ ਉਸ ਦੇ ਘਰ ਚਲੇ ਗਏ॥ ੩॥

ਉਠਿ ਤਿਖਾਨ ਸਾਦਰ ਬੈਸਾਏ। ਨਿਸਾ ਬਿਖੈ ਸੇਵੇ ਮਨ ਲਾਏ।
ਭਈ ਭੋਰ ਗੁਰ ਕੀਨਿ ਤਿਆਰੀ। ਛਪਰੀ ਤੋਰ ਤਾਂਹਿ ਕੀ ਡਾਰੀ॥ ੪॥

ਉਸ ਤਿਰਖਾਣ ਨੇ ਉਠ ਕੇ ਬੜੇ ਆਦਰ ਨਾਲ ਬਿਠਾਏ। ਰਾਤ ਨੂੰ ਉਸ ਬੜਾ ਮਨ ਲਾ ਕੇ ਸੇਵਾ ਕੀਤੀ। ਜਦ ਦਿਨ ਚੜ੍ਹਿਆ ਤਾਂ ਗੁਰੂ ਜੀ ਨੇ ਅੱਗੇ ਚਲਣ ਦੀ ਤਿਆਰੀ ਕੀਤੀ ਅਤੇ ਉਸ ਤਰਖਾਣ ਦੀ ਛਪਰੀ ਤੋੜ ਦਿੱਤੀ॥ ੪॥

ਜੋ ਮਚ ਦੀਨੋ ਸੋਵਨ ਹੇਤੂ। ਸੋ ਤੋਰੇ ਬੇਦੀ ਕੁਲਕੇਤੂ॥
ਮ੍ਰਿਤਕਾ ਕੇ ਬਾਸਨ ਥੇ ਜੇਊ। ਫੋਰੇ ਤਿਹ ਛਿਨ ਮਹਿਂ ਸਭਿ ਤੇਊ॥ ੫ ॥

ਜਿਹੜਾ ਪਲੰਘ ਸੌਣ ਵਾਸਤੇ ਦਿੱਤਾ ਸੀ, ਉਸ ਨੂੰ ਵੀ ਗੁਰੂ ਜੀ ਨੇ ਤੋੜ ਦਿੱਤਾ। ਜਿਹੜੇ ਮਿੱਟੀ ਦੇ ਬਰਤਨ ਸਨ, ਉਹ ਵੀ ਸਾਰੇ ਹੀ ਪਲ ਵਿਚ ਭੰਨ ਦਿੱਤੇ॥ ੫॥

ਇਸ ਪ੍ਰਕਾਰ ਕਰਿ ਸਦਨ ਉਜਾਰਾ। ਗਮਨ ਹੇਤੁ ਸ੍ਰੀ ਗੁਰ ਭੇ ਤਯਾਰਾ।
ਸੋ ਤਿਖਾਨ ਮਨ ਇਸਥਿਰ ਕਰਿਕੈ। ਗਮਨਯੋ ਸੰਗੀ ਬਿਦਾ ਬਿਚਰਿਕੈ॥ ੬ ॥

ਇਸ ਤਰ੍ਹਾਂ ਉਸ ਤਰਖਾਣ ਦਾ ਸਾਰਾ ਘਰ ਉਜਾੜ ਦਿੱਤਾ ਅਤੇ ਗੁਰੂ ਜੀ ਨੇ ਚਲਣ ਦੀ ਤਿਆਰੀ ਕਰ ਲਈ। ਉਹ ਤਰਖਾਣ ਮਨ ਸਥਿਰ ਕਰਕੇ ਗੁਰੂ ਜੀ ਦੀ ਵਿਦਾਇਗੀ ਵਿਚਾਰ ਕੇ ਨਾਲ ਹੀ ਚਲ ਪਿਆ॥ ੬॥

ਨਿਕਸ ਵਹਿਰ ਬੋਲਯੋ ਮਰਦਾਨਾ। 'ਮੁਝਹਿ ਬਤਾਵਹੁ ਕ੍ਰਿਪਾ ਨਿਧਾਨਾ !।
ਰੈਨ ਰਹਿਨ ਕੇ ਹਿਤ ਇਸ ਗ੍ਰਾਮੂ। ਨਹਿਂ ਕਿਨਹੂੰ ਦੀਨੋ ਬਿਸਰਾਮੂ॥ ੭ ॥

ਬਾਹਰ ਨਿਕਲ ਕੇ ਮਰਦਾਨਾ ਬੋਲਿਆ, "ਹੇ ਕਿਰਪਾ ਨਿਧਾਨ ! ਮੈਨੂੰ ਦੱਸੋ, ਇਸ ਪਿੰਡ ਵਿਚ ਰਾਤ ਰਹਿਣ ਵਾਸਤੇ ਤੁਹਾਨੂੰ ਕਿਸੇ ਥਾਂ ਨਾ ਦਿੱਤੀ ਜਿਥੇ ਕਿ ਤੁਸੀਂ ਵਿਸ਼ਰਾਮ ਕਰ ਸਕਦੇ॥ ੭॥

ਦੋਹਰਾ- ਇਹ ਜੋ ਦੀਨ ਤਿਖਾਨ ਹੈ ਦੀਨੋ ਹਮ ਕੋ ਥਾਇਂ।
ਰੈਨ ਬਿਖੈ ਸੇਵਾ ਕਰੀ ਪ੍ਰੀਤ ਰਿਦੈ ਅਧਿਕਾਇ॥ ੮ ॥

ਇਹ ਜੋ ਗ਼ਰੀਬ ਤਰਖਾਣ ਹੈ, ਉਸ ਸਾਨੂੰ ਰਾਤ ਰਹਿਣ ਵਾਸਤੇ ਇਹ ਥਾਂ ਦਿੱਤੀ ਸੀ। ਫਿਰ ਰਾਤ ਇਸ ਬੜੇ ਪ੍ਰੇਮ ਨਾਲ ਸਾਡੀ ਬਹੁਤ ਸੇਵਾ ਕੀਤੀ ਸੀ॥ ੮॥

ਚੌਪਈ- ਬਹੁਰੋ ਆਯੋ ਕਰਨ ਬਿਦਾਈ। ਸਭਿ ਬਿਧਿ ਕੀਨੀ ਇਨ ਭਲਿਆਈ।
ਤੁਮ ਨੈ ਛਪਰੀ ਇਸਕੀ ਤੋਰੀ। ਘਰ ਕੀ ਔਰ ਸਮਿਗਰੀ ਫੋਰੀ॥ ੯ ॥

ਫਿਰ ਇਹ ਸਾਨੂੰ ਵਿਦਾ ਕਰਨ ਆਇਆ ਹੈ, ਸਭ ਤਰ੍ਹਾਂ ਨਾਲ ਇਸ ਸਾਡੀ ਭਲਾਈ ਕੀਤੀ ਹੈ, ਪਰ ਤੁਸੀਂ ਇਸ ਦੀ ਛਪਰੀ ਵੀ ਤੋੜ ਦਿੱਤੀ ਹੈ ਅਤੇ ਘਰ ਦੇ ਸਾਰੇ ਭਾਂਡੇ ਵੀ ਭੰਨ ਦਿੱਤੇ ਹਨ॥ ੯॥

ਕਿਉਂ ਤੁਮਰੇ ਮਨ ਮੈਂ ਰਿਸ ਆਈ। ਇਸਕੇ ਸਿਰ ਪਰ ਅਸ ਗੁਜ਼ਰਾਈ'।
ਗੁਰੂ ਕਹੈਂ 'ਇਨ ਸੇਵ ਜੁ ਕੀਨਿ। ਭਈ ਪ੍ਰਵਾਨ ਲੇਹੁ ਮਨ ਚੀਨਿ' ॥੧੦ ॥

ਤੁਹਾਡੇ ਮਨ ਵਿਚ ਕਿਉਂ ਗੁੱਸਾ ਆਇਆ ਹੈ, ਇਸ ਗਰੀਬ ਨਾਲ ਇਸ ਤਰ੍ਹਾਂ ਦਾ ਸਲੂਕ ਕਿਉਂ ਕੀਤਾ ਹੈ ?" ਗੁਰੂ ਜੀ ਨੇ ਕਿਹਾ, "ਇਸ ਜੋ ਸੇਵਾ ਕੀਤੀ ਹੈ, ਉਹ ਪ੍ਰਵਾਨ ਹੋ ਗਈ ਹੈ, ਇਹ ਗੱਲ ਮਨ ਵਿਚ ਇਸ ਤਰ੍ਹਾਂ ਸਮਝ ਲਵੋ" ॥ ੧੦॥

ਅਸ ਕਹਿ ਮੋਰਯੋ ਸਦਨ ਤਿਖਾਨਾ। ਕਿਯ ਆਗੇ ਕੋ ਆਪ ਪਯਾਨਾ।
ਦੇਖੇ ਸਦਨ ਜਾਇ ਤਿਨ ਜਬ ਹੀ। ਮੰਦਰ ਸੁੰਦਰ ਬਨੇ ਸੁ ਤਬਹੀ॥੧੧ ॥

ਇਹ ਕਹਿ ਕੇ ਤਰਖਾਣ ਨੂੰ ਘਰ ਨੂੰ ਮੋੜ ਦਿੱਤਾ ਅਤੇ ਆਪ ਅੱਗੇ ਚਲ ਪਏ। ਜਦ ਤਰਖਾਣ ਨੇ ਜਾ ਕੇ ਆਪਣਾ ਘਰ ਵੇਖਿਆ ਤਾਂ ਓਥੇ ਸੁੰਦਰ ਮਹਿਲ ਬਣੇ ਹੋਏ ਸਨ॥ ੧੧॥

ਜਿਨ ਮਹਿਂ ਬਾਸਨ ਧਨ ਕੇ ਪੂਰੇ। ਧਰੇ ਬਸਤ੍ਰ ਨਾਨਾ ਬਿਧਿ ਰੂਰੇ।
ਦੇਖਿ ਪਦਾਰਥ ਮਨ ਬਿਸਮਾਨਯੋ। ਏਕੰਕਾਰ ਹੁਤੇ ਪਹਿਚਾਨਯੋ॥੧੨ ॥

ਜਿਸ ਵਿਚ ਧਨ ਦੇ ਬਰਤਨ ਭਰੇ ਹੋਏ ਸਨ ਅਤੇ ਕਈ ਪ੍ਰਕਾਰ ਦੇ ਸੁੰਦਰ ਵਸਤਰ ਧਰੇ ਹੋਏ ਸਨ। ਤਰਖਾਣ ਉਨ੍ਹਾਂ ਪਦਾਰਥਾਂ ਨੂੰ ਵੇਖ ਕੇ ਬੜਾ ਖੁਸ਼ ਹੋਇਆ ਤੇ ਗੁਰੂ ਜੀ ਨੂੰ ਏਕੰਕਾਰ ਵਾਹਿਗੁਰੂ ਪਹਿਚਾਣਿਆ॥ ੧੨॥

ਸੋਰਠਾ- ਚਾਰ ਪਦਾਰਥ ਪਾਇ ਭਯੋ ਨਿਹਾਲ ਤਿਖਾਨ ਸੋ।
ਰਹਜੋ ਰਿਦੈ ਪਛੁਤਾਇ ਸਕਜੋ ਨ ਭੇਦ ਪਛਾਨ ਮੈਂ॥ ੧੩॥

ਚਾਰ ਪਦਾਰਥ ਪਾ ਕੇ ਤਰਖਾਣ ਨਿਹਾਲ ਹੋ ਗਿਆ। ਹਿਰਦੇ ਵਿਚ ਬੜਾ ਪਛਤਾਇਆ ਕਿ ਉਹ ਗੁਰੂ ਜੀ ਦੇ ਅਸਲ ਭੇਦ ਨੂੰ ਪਹਿਚਾਣ ਨਾ ਸਕਿਆ॥ ੧੩॥

ਚੌਪਈ- ਆਗੇ ਕੀਨ ਗੁਰੂ ਪੁਨ ਗਵਨੰ। ਜਿਹ ਕੋ ਸਿਮਰਹਿਂ ਚੌਦਹਿਂ ਭਵਨੰ।
ਦੇਸ਼ ਭੁਟੰਤ ਹੁਤੋ ਜਿਹ ਥਾਈਂ। ਤਹਾਂ ਜਾਇ ਪਹੁਚੇ ਜਗ ਸਾਈਂ॥੧੪॥

ਗੁਰੂ ਜੀ ਫਿਰ ਅੱਗੇ ਚਲੇ ਗਏ। ਜਿਸ ਦਾ ਸਿਮਰਨ ਚੌਦਾਂ ਭਵਨ ਕਰਦੇ ਸਨ। ਜਿਥੇ ਭੂਟਾਨ ਦੇਸ ਸੀ, ਗੁਰੂ ਜੀ ਓਥੇ ਜਾ ਪਹੁੰਚੇ॥ ੧੪॥

ਨਗਰ ਨ੍ਰਿਪਤ ਕੇ ਗਏ ਸਮੀਪਾ। ਬਿਟਪ ਦੇਖਿ ਬੇਦੀ ਕੁਲਦੀਪਾ।
ਬੈਠੇ ਤਿਹ ਛਾਯਾ ਰਮਣੀਕਾ। ਜਿਨਕੇ ਦਰਸ ਕਟੇ ਦੁਖ ਜੀ ਕਾ॥੧੫॥

ਰਾਜੇ ਦੇ ਨਗਰ ਦੇ ਨੇੜੇ ਚਲੇ ਗਏ। ਗੁਰੂ ਜੀ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਕੱਟੇ ਜਾਂਦੇ ਹਨ। ਇਕ ਬ੍ਰਿਛ ਵੇਖ ਕੇ ਉਸ ਦੀ ਰਮਣੀਕ ਛਾਂ ਹੇਠ ਬੈਠ ਗਏ॥ ੧੫॥

ਤਿਹਕੋ ਨ੍ਰਿਪਤ ਹੁਤੋ ਬਡ ਕਾਮੀ। ਸਦਾ ਰਹਤਿ ਪਰ ਇਸਤ੍ਰਿਨਿ ਗਾਮੀ।
ਤਿਹ ਪੁਰਿ ਬਜਾਹ ਕਰਾਵੈ ਜੋਊ। ਘਰ ਨਹਿਂ ਆਨਹਿ ਤਰੁਨੀ ਸੋਊ॥੧੬॥

ਉਸ ਦੇਸ਼ ਦਾ ਰਾਜਾ ਬੜਾ ਕਾਮੀ ਸੀ, ਉਹ ਸਦਾ ਹੀ ਪਰਾਈਆਂ ਇਸਤਰੀਆਂ ਨਾਲ ਰਹਿੰਦਾ ਸੀ। ਉਸ ਨਗਰ ਵਿਚ ਜਿਹੜਾ ਵੀ ਕੋਈ ਨਵਾਂ ਵਿਆਹ ਕਰਵਾਉਂਦਾ ਸੀ, ਉਹ ਇਸਤਰੀ ਆਪਣੇ ਪਤੀ ਦੇ ਘਰ ਨਹੀਂ ਆਉਂਦੀ ਸੀ॥ ੧੬॥

ਪੂਰਬ ਭੂਪਤ ਪਾਸ ਪਠਾਵਤਿ। ਮਿਲਿ ਕੇ ਤਿਹ ਸੋਂ ਕੇਲ ਕਮਾਵਤਿ।
ਬਹੁਰ ਸੁ ਅਪਨੇ ਘਰ ਮਹਿਂ ਲਜਾਵਹਿ। ਕਰੇ ਸੁ ਇਉਂ, ਨ੍ਰਿਪ ਤੇ ਡਰਪਾਵਹਿ॥੧੭॥

ਪਹਿਲਾਂ ਰਾਜਾ ਉਸ ਨੂੰ ਆਪਣੇ ਪਾਸ ਬੈਠਾਉਂਦਾ ਸੀ ਅਤੇ ਉਸ ਨਾਲ ਮਿਲ ਕੇ ਰਮਨ ਕਰਦਾ ਸੀ। ਫਿਰ ਉਸ ਦਾ ਪਤੀ ਉਸ ਨੂੰ ਆਪਣੇ ਘਰ ਲਿਆਉਂਦਾ ਸੀ, ਰਾਜੇ ਤੋਂ ਡਰਦੇ ਸਾਰੇ ਇਸ ਤਰ੍ਹਾਂ ਕਰਦੇ ਸਨ॥ ੧੭॥

ਤਿਹ ਕੋ ਸੁਮਤਿ ਦੇਨਿ ਕੇ ਹੇਤਾ। ਬੈਠਿ ਗਏ ਬੇਦੀ ਕੁਲ ਕੇਤਾ।
ਵਹਿਰ ਨਗਰ ਤੇ ਨਰ ਜੇ ਆਏ। ਮਿਲੇ ਚਰਨ ਪਰ ਸੀਸ ਝੁਕਾਏ॥੧੮॥

ਉਸ ਰਾਜੇ ਨੂੰ ਸ੍ਰੇਸ਼ਟ ਮਤ ਦੇਣ ਖਾਤਰ ਗੁਰੂ ਜੀ ਉਸ ਦੀ ਨਗਰੀ ਦੇ ਬਾਹਰ ਬੈਠ ਗਏ। ਨਗਰੀ ਤੋਂ ਬਾਹਰ ਜਿਹੜੇ ਮਨੁੱਖ ਆਏ, ਉਨ੍ਹਾਂ ਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ ਤੇ ਸੀਸ ਨਿਵਾਏ॥ ੧੮॥

ਸਤਿਗੁਰ ਦਿਯ ਉੱਤਮ ਉਪਦੇਸ਼ਾ। 'ਜਪਹੁ ਨਾਮ ਨਿਤ ਸ੍ਰੀ ਜਗਤੇਸ਼ਾ'।
ਸੁਨਿ ਕਰਿ ਮ੍ਰਿਦੁਲ ਬਚਨ ਨਰ ਸਭਿਹੀ। ਬਸਤ੍ਰ ਅਹਾਰ ਲਿਆਵਹਿਂ ਤਬਹੀ॥੧੯॥

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉਤਮ ਉਪਦੇਸ਼ ਦਿਤਾ ਅਤੇ ਕਿਹਾ, "ਸਦਾ ਹੀ ਜਗਤ ਦੇ ਈਸ਼ਵਰ ਦਾ ਨਾਮ ਜਪੋ।" ਜਦ ਮਰਦਾਂ ਨੇ ਗੁਰੂ ਜੀ ਦੇ ਨਿਰਮਲ ਅਤੇ ਕੋਮਲ ਬਚਨ ਸੁਣੇ ਤਾਂ ਸਾਰੇ ਮਿਲ ਕੇ ਵਸਤਰ ਅਤੇ ਭੋਜਨ ਲੈ ਆਏ॥ ੧੯॥

ਸਤਿਗੁਰ ਕਿਹਤੇ ਲੇਹਿਂ ਨ ਰਾਈ। ਸਰਬ ਵਸਤੁ ਮੋਰਹਿਂ ਬਰਿਆਈ।

ਕੇਤਿਕ ਦਿਵਸ ਬਿਤੀਤੇ ਤੈਸੇ। ਕੀਰਤਿ ਪਸਰੀ ਪੁਰਿ ਮਹਿਂ ਐਸੇ: ॥੨੦॥

ਸਤਿਗੁਰੂ ਜੀ ਨੇ ਕਿਹਾ ਕਿ ਉਹ ਰਾਈ ਭਰ ਵਸਤ ਵੀ ਨਹੀਂ ਲੈਣਗੇ ਤੇ ਸਾਰੀਆਂ ਵਸਤਾਂ ਉਨ੍ਹਾਂ ਚੋਰ ਦੇ ਕੇ ਮੋੜ ਦਿਤੀਆਂ। ਉਥੇ ਕਈ ਦਿਨ ਬਿਤੀਤ ਕੀਤੇ ਅਤੇ ਨਗਰ ਵਿਚ ਉਨ੍ਹਾਂ ਦੀ ਇਸ ਤਰ੍ਹਾਂ ਕੀਰਤੀ ਫੈਲ ਗਈ॥ ੨੦॥

'ਮਹਾਂ ਪੁਰਖ ਪੂਰਨ ਹੈ ਸੰਤਾ। ਅਪਰ ਨ ਜਾਨਹਿਂ ਬਿਨ ਭਗਵੰਤਾ।
ਕਾਮ ਨ ਕ੍ਰੋਧ ਨ ਲੋਭ ਨ ਰਾਈ। ਵੇਪਰਵਾਹੁ ਗਿਰਾ ਸੁਖਦਾਈ' ॥੨੧॥

"ਮਹਾਂ ਪੁਰਖ ਪੂਰਨ ਸੰਤ ਹੈ। ਉਹ ਭਗਵਾਨ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਜਾਣਦਾ। ਉਸ ਨੂੰ ਕਾਮ, ਕ੍ਰੋਧ ਅਤੇ ਲੋਭ ਰਾਈ ਭਰ ਵੀ ਨਹੀ। ਬੇਪ੍ਰਵਾਹ ਹੈ ਅਤੇ ਉਸ ਦੇ ਬਚਨ ਬੜੇ ਸੁਖਦਾਈ ਹਨ" ॥ ੨੧॥

ਭੂਪਤਿ ਨਿਕਟਿ ਜਾਇ ਜਸ ਵਰਨਾ। 'ਵਹਿਰ ਸੰਤ ਇਕ ਸੁਭ ਆਚਰਨਾ।
ਦਰਸ਼ਨ ਕਰਹੁ ਆਪ ਚਲਿ ਤਾਂਹੀ। ਸੁਨਤਿ ਬਚਨ ਕਲਮਲ ਮਿਟਿ ਜਾਂਹੀ' ॥੨੨॥

ਰਾਜੇ ਦੇ ਪਾਸ ਜਾ ਕੇ ਉਨ੍ਹਾਂ ਨੇ ਗੁਰੂ ਜੀ ਦਾ ਜਸ ਇਸ ਤਰ੍ਹਾਂ ਕੀਤਾ, "ਬਾਹਰ ਇਕ ਸੁਭ ਆਚਰਨ ਵਾਲੇ ਸੰਤ ਆਏ ਹਨ, ਆਪ ਚਲ ਕੇ ਉਨ੍ਹਾਂ ਦੇ ਦਰਸ਼ਨ ਕਰੋ, ਉਨ੍ਹਾਂ ਦੇ ਬਚਨ ਸੁਣ ਕੇ ਪਾਪ ਮਿਟ ਜਾਂਦੇ ਹਨ" ॥ ੨੨॥

ਨਰਨ ਪ੍ਰਬੋਧਯੋ ਨਰਪਤਿ ਆਯੋ। ਬਸਤ੍ਰ ਅਹਾਰ ਉਪਾਇਨ ਲਜਾਯੋ।
ਆਨਿ ਚਰਨ ਪਰ ਬੰਦਨ ਕਰਿਕੈ। ਕਰੀ ਬਿਨੈ ਬਚ ਦੀਨ ਉਚਰਿਕੈ ॥੨੩॥

ਮਨੁੱਖਾਂ ਦੇ ਸਮਝਾਉਣ ਤੇ ਰਾਜਾ ਗੁਰੂ ਜੀ ਪਾਸ ਆਇਆ। ਵਸਤਰ, ਭੋਜਨ ਅਤੇ ਹੋਰ ਉਪਹਾਰ ਲਿਆਇਆ। ਆ ਕੇ ਚਰਨਾਂ ਤੇ ਬੰਦਨਾ ਕੀਤੀ। ਫਿਰ ਨਿਮਰ ਬਚਨ ਬੋਲ ਕੇ ਬੇਨਤੀ ਕੀਤੀ॥ ੨੩॥

'ਕਰਹੁ ਉਪਾਇਨ ਅੰਗੀਕਾਰਾ। ਰੁਚਿ ਸੋਂ ਖਾਵਹੁ ਰੁਚਿਰ ਅਹਾਰਾ।
ਸੁੰਦਰ ਪਹਿਰਹੁ ਚੀਰ ਸਰੀਰਾ। ਸੰਤ ਰੂਪ ਤੁਮ ਗੁਨੀ ਗਹੀਰਾ' ॥੨੪॥

"ਇਹ ਉਪਹਾਰ ਅੰਗੀਕਾਰ ਕਰੋ। ਆਪਣੀ ਖੁਸ਼ੀ ਅਨੁਸਾਰ ਸੁੰਦਰ ਭੋਜਨ ਛਕੋ। ਸਰੀਰ ਉਤੇ ਸੁੰਦਰ ਕਪੜੇ ਪਹਿਨੋ, ਤੁਸੀਂ ਸੰਤ ਰੂਪ ਗੁਣਾਂ ਦੇ ਘਰ ਹੋ" ॥ ੨੪॥

ਦੋਹਰਾ-ਗੁਰ ਕਹਿਂ 'ਹਮਰੇ ਕਾਜ ਨਹਿਂ, ਦੇਹੁ ਗਰੀਬਨ ਜਾਇ।
ਤ੍ਰਿਪਤਿ ਸਰਬ ਵਸਤੂਨ ਸੋਂ ਹਮਕੋ ਚਾਹਿ ਨ ਕਾਇ' ॥ ੨੫॥

ਗੁਰੂ ਜੀ ਨੇ ਬਚਨ ਕੀਤੇ, "ਇਹ ਵਸਤਾਂ ਸਾਡੇ ਕਿਸੇ ਕੰਮ ਨਹੀਂ, ਇਨ੍ਹਾਂ ਨੂੰ ਗਰੀਬਾਂ ਵਿਚ ਵੰਡ ਦੇਵੋ। ਅਸੀਂ ਸਾਰੀਆਂ ਵਸਤੂਆਂ ਨਾਲ ਤ੍ਰਿਪਤ ਹਾਂ, ਸਾਨੂੰ ਕਿਸੇ ਚੀਜ਼ ਦੀ ਵੀ ਚਾਹ ਨਹੀਂ ਹੈ" ॥ ੨੫॥

ਚੌਪਈ- ਸ਼ਰਧਾ ਉਰ ਧਰਿ ਜੋਰੇ ਹਾਥਾ। ਬੋਲਯੋ ਬਚਨ ਬਹੁਰ ਨਰਨਾਥਾ।
'ਸੰਤ ਤੁਮੈਂ ਪਰਵਾਹਿ ਨ ਕੋਈ। ਮੇਰੋ ਇਸ ਬਿਧਿ ਭਲਾ ਨ ਹੋਈ ॥੨੬॥

ਦਿਲ ਵਿਚ ਸ਼ਰਧਾ ਧਾਰਨ ਕਰਕੇ ਰਾਜੇ ਨੇ ਹੱਥ ਜੋੜੇ ਅਤੇ ਪਰਜਾ ਦੇ ਨਾਥ ਨੇ ਇਸ ਤਰ੍ਹਾਂ ਬਚਨ ਕਹੇ, "ਤੁਸੀਂ ਸੰਤ ਹੋ, ਤੁਹਾਨੂੰ ਕੋਈ ਪਰਵਾਹ ਨਹੀਂ ਹੈ, ਪਰ ਮੇਰਾ ਇਸ ਤਰ੍ਹਾਂ ਭਲਾ ਨਹੀਂ ਹੁੰਦਾ ਹੈ॥ ੨੬॥

ਸੰਤ ਸਦੀਵ ਸਰਬ ਉਪਕਾਰੀ। ਕਰਹੁ ਭਲਾ ਲਿਹੁ ਭੇਟ ਹਮਾਰੀ।
ਰਾਵਰਿ ਸ਼ਰਨ ਪਰਯੋ ਮੈਂ ਆਈ। ਸੁਨੀ ਸ਼੍ਰੋਨ ਮਹਿਂ ਅਧਿਕ ਬਡਾਈ' ॥੨੭॥

ਸੰਤ ਸਦਾ ਹੀ ਪੂਰਨ ਉਪਕਾਰੀ ਹੁੰਦੇ ਹਨ, ਮੇਰੇ ਤੇ ਭਲਾ ਕਰੋ ਅਤੇ ਮੇਰੀ ਭੇਟਾ ਸਵੀਕਾਰ ਕਰੋ। ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਮੈਂ ਆਪ ਜੀ ਦੀ ਬਹੁਤ ਵਡਿਆਈ ਸੁਣੀ ਹੈ" ॥ ੨੭॥

ਕ੍ਰਿਪਾ ਧਾਰਿ ਗੁਰ ਕਹ੍ਯੋ ਬਹੋਰੀ। 'ਕਰਨ ਭਲਾ ਨਿਜ ਚਾਹਿ ਜਿ ਤੋਰੀ।
ਤਜਿ ਬਿਭਚਾਰ ਜੁ ਪਾਪ ਕਮਾਵਤਿ। ਨਿਤ ਪਰਤ੍ਰਿਯ ਸੋਂ ਕੇਲ ਰਚਾਵਤਿ ॥੨੮॥

ਕਿਰਪਾ ਧਾਰ ਕੇ ਫਿਰ ਗੁਰੂ ਜੀ ਨੇ ਕਿਹਾ, "ਜੇ ਆਪਣਾ ਭਲਾ ਕਰਨਾ ਚਾਹੁੰਦਾ ਹੈਂ, ਤਾਂ ਜਿਹੜੇ ਪਾਪ ਕਮਾਉਂਦਾ ਹੈ ਅਤੇ ਵਿਭਚਾਰ ਕਰਦਾ ਹੈ, ਉਸ ਨੂੰ ਛੱਡ ਦੇ। ਤੂੰ ਸਦਾ ਹੀ ਪਰਾਈ ਇਸਤਰੀ ਨਾਲ ਰਮਨ ਕਰਦਾ ਹੈਂ॥ ੨੮॥

ਜੇ ਤੂੰ ਤਜਹਿਂ ਮਾਨਿ ਬਚ ਹਮਰਾ। ਸਰਬ ਪ੍ਰਕਾਰ ਭਲਾ ਹ੍ਵੈ ਤੁਮਰਾ॥
ਅਪਰ ਪਦਾਰਥ ਕੀ ਜੇ ਚਾਹੀ। ਸੁਊ ਦਿਵਾਇ ਦੇਂਯ ਪ੍ਰਭੁ ਪਾਹੀ ॥੨੯॥

ਜੇ ਤੂੰ ਸਾਡਾ ਬਚਨ ਮੰਨ ਕੇ ਇਹ ਪਾਪ ਕਰਨੇ ਛੱਡ ਦੇਵੇਂ ਤਾਂ ਤੇਰਾ ਹਰ ਪ੍ਰਕਾਰ ਭਲਾ ਹੋਵੇਗਾ। ਜੇ ਕਿਸੇ ਹੋਰ ਪਦਾਰਥ ਦੀ ਚਾਹ ਹੋਵੇ ਤਾਂ, ਵਾਹਿਗੁਰੂ ਨੂੰ ਕਹਿ ਕੇ ਉਹ ਵੀ ਦਿਵਾ ਦੇਵਾਂਗੇ"॥ ੨੯॥

ਸੁਨਿ ਕਰਿ ਭੂਪਤਿ ਸ਼ਰਧ ਬਢਾਈ। ਸਿੱਖ ਹੋਨ ਕੀ ਗਿਰਾ ਅਲਾਈ।
'ਮਨ ਚੰਚਲ ਬਿਸ਼ਿਯਨ ਲਪਟਾਵਾ। ਤਿਯ ਰਸ ਤੇ ਕਬ ਨਹਿਂ ਤ੍ਰਿਪਤਾਵਾ ॥੩੦॥

ਇਹ ਸੁਣ ਕੇ ਰਾਜੇ ਨੇ ਸ਼ਰਧਾ ਵਧਾਈ ਅਤੇ ਸਿੱਖ ਹੋਣ ਲਈ ਇਸ ਤਰ੍ਹਾਂ ਕਿਹਾ, "ਮੇਰਾ ਚੰਚਲ ਮਨ ਵਿਸ਼ਿਆਂ ਵਿਚ ਲਪਟਿਆ ਹੈ, ਇਸਤਰੀ ਰਸ ਤੋਂ ਇਹ ਕਦੇ ਵੀ ਤ੍ਰਿਪਤ ਨਹੀਂ ਹੋਇਆ॥ ੩੦॥

ਨਿਤ ਪ੍ਰਤਿ ਲਾਲਸ ਬਧੈ ਬਧੇਰੀ। ਜਿਉਂ ਈਂਧਨ ਤੇ ਅਗਨਿ ਘਨੇਰੀ।
ਨਿਜ ਉਪਦੇਸ਼ ਸੁਨਾਇ ਬਿਸਾਲਾ। ਮਮ ਮਨ ਮੋਰਹੁ, ਗੁਰੂ ਕ੍ਰਿਪਾਲਾ !' ॥੩੧॥

ਨਿਤਾਪ੍ਰਤੀ ਲਾਲਸਾ ਹੋਰ ਵਧਦੀ ਜਾਂਦੀ ਹੈ, ਜਿਵੇਂ ਲੱਕੜਾਂ ਪਾਉਣ ਨਾਲ ਅਗਨੀ ਹੋਰ ਭੜਕਦੀ ਹੈ। ਆਪਣਾ ਵਿਸ਼ਾਲ ਉਪਦੇਸ਼ ਮੈਨੂੰ ਸੁਣਾਉ। ਹੇ ਕਿਰਪਾਲੂ ਗੁਰੂ ਜੀ ! ਮੇਰੇ ਮਨ ਨੂੰ ਮੋੜੋ"॥ ੩੧॥

ਸੁਨਿਕੈ ਦੀਨਬੰਧੁ ਅਸ ਬਚਨਾ। ਬੋਲੇ ਤਿਯ ਬਿਰਾਗ ਕੀ ਰਚਨਾ।
'ਭੋ ਨ੍ਰਿਪ ! ਤਿਯ ਮੈਂ ਕੋ ਵਥੁ ਨੀਕੀ। ਜਿਸ ਅਵਿਲੋਕ ਪ੍ਰੀਤਿ ਹ੍ਵੈ ਜੀਕੀ ॥੩੨॥

ਰਾਜੇ ਦੇ ਅਜਿਹੇ ਬਚਨ ਸੁਣ ਕੇ, ਗੁਰੂ ਜੀ ਨੇ ਵੈਰਾਗਮਈ ਬਚਨ ਕਹੇ, "ਹੇ ਰਾਜਾ ! ਇਸਤਰੀ ਵਿਚ ਕਿਹੜੀ ਗੱਲ ਚੰਗੀ ਹੈ ਜਿਸ ਨੂੰ ਵੇਖ ਕੇ ਏਨੀ ਪ੍ਰੀਤ ਵਧਾਈ ਹੈ ?॥ ੩੨॥

ਜੋ ਲੋਚਨ ਕਹਿਂ ਕਮਲ ਸਮਾਨਾ। ਗੀਡ ਬਹਿਤਿ ਜਹਿਂ ਪਿਖਤਿ ਗਿਲਾਨਾ।
ਫੋਰ ਬਿਲੋਕਹਿਂ ਜੇ ਤਿਨ ਮਾਂਹੀ। ਮਿੱਝ ਨੀਰ ਬਿਨ ਔਰ ਸੁ ਨਾਂਹੀ ॥ ੩੩॥

ਜਿਨ੍ਹਾਂ ਅੱਖਾਂ ਨੂੰ ਕਹਿੰਦਾ ਹੈਂ ਕਿ ਕੰਵਲ ਫੁੱਲ ਵਰਗੀਆਂ ਹਨ, ਉਨ੍ਹਾਂ ਵਿਚ ਗਿੱਡ ਵਗਦੀ ਵੇਖ ਕੇ ਨਫਰਤ ਨਹੀਂ ਹੁੰਦੀ। ਜੇ ਇਸਤਰੀ ਨੂੰ ਭੰਨ ਤੋੜ ਕੇ ਵੇਖੇਂ ਤਾਂ ਮਿੱਝ ਤੇ ਪਾਣੀ ਬਗੈਰ ਇਸ ਵਿਚ ਕੁਝ ਨਹੀਂ ਹੈ॥ ੩੩॥

ਅਪਰ ਅੰਗ ਤਿਨ ਰੀਤਿ ਸੁਨੀਜੈ। ਚੰਦ ਸਰਸ ਕੋ ਬਦਨ ਕਹੀਜੈ।
ਚਰਬੀ ਰਕਤ ਲਪੇਟ੍ਯੋ ਚਾਮਾ। ਗੌਰ ਰੰਗ ਪਿਖਿਯਤਿ ਅਭਿਰਾਮਾ॥ ੩੪॥

ਹੋਰ ਅੰਗਾਂ ਬਾਰੇ ਵੀ ਉਨ੍ਹਾਂ ਦੀ ਰੀਤੀ ਅਨੁਸਾਰ ਸੁਣੋ। ਮੁਖੜੇ ਨੂੰ ਚੰਦਰਮਾ ਵਰਗਾ ਕਹਿੰਦੇ ਹੋ। ਇਹ ਚਰਬੀ ਅਤੇ ਲਹੂ ਲਪੇਟਿਆ ਚੰਮ ਹੈ। ਗੋਰਾ ਰੰਗ ਵੇਖ ਕੇ ਸੁੰਦਰ ਕਹਿੰਦਾ ਹੈਂ॥ ੩੪॥

ਇਨ ਵਸਤੁਨ ਬਿਨ ਹੋਇ ਨ ਆਨਾ। ਜਿਨਹਿਂ ਬਿਲੋਕੇ ਆਇ ਗਿਲਾਨਾ।
ਪੁਨ ਜਿ ਦਾਂਤ ਕਹਿਂ ਕਲੀ ਸਮਾਨੇ। ਮਾਸ ਬਿਨਾ ਲਿਹੁ ਹਾਡ ਪਛਾਨੇ ॥੩੫॥

ਇਨ੍ਹਾਂ ਵਸਤੂਆਂ ਬਗੈਰ ਉਸ ਵਿਚ ਹੋਰ ਕੁਝ ਨਹੀਂ ਹੈ, ਜਿਨ੍ਹਾਂ ਨੂੰ ਵੇਖ ਕੇ ਉਲਟੀ ਆਉਂਦੀ ਹੈ। ਫਿਰ ਜੇ ਕਹਿੰਦਾ ਹੈਂ ਕਿ ਦੰਦ ਕਲੀਆਂ ਵਰਗੇ ਹਨ, ਇਨ੍ਹਾਂ ਨੂੰ ਮਾਸ ਤੋਂ ਬਗੈਰ ਹੱਡੀਆਂ ਪਛਾਣੋ॥ ੩੫॥

ਮੁਖ ਤੇ ਟੂਟ ਜਾਹਿਂ ਜੇ ਸੋਊ। ਚਾਹਤਿ ਹਾਥ ਨ ਛੁਾਇਓ ਕੋਊ।
ਇਸੀ ਪ੍ਰਕਾਰ ਦੇਹਿ ਲਖਿ ਸਾਰੀ। ਹਾਡ ਮਾਸ ਹੈਂ ਰਕਤ ਮਝਾਰੀ॥੩੬॥

ਜਦ ਇਹ ਮੂੰਹ ਵਿਚੋਂ ਟੁੱਟ ਜਾਂਦੇ ਹਨ, ਇਨ੍ਹਾਂ ਨੂੰ ਕੋਈ ਹੱਥ ਵੀ ਲਾਉਣਾ ਨਹੀਂ ਚਾਹੁੰਦਾ। ਇਸ ਪ੍ਰਕਾਰ ਹੀ ਸਾਰੀ ਦੇਹ ਸਮਝੋ, ਹੱਡ, ਮਾਸ ਅਤੇ ਲਹੂ ਦੀ ਬਣੀ ਹੋਈ ਹੈ॥ ੩੬॥

ਬਿਸ਼ਟਾ, ਮੂਤ੍ਰ, ਯੁਕਤਿ ਦੁਰਗੰਧੇ। ਕਿਹਕੋ ਪਿਖਿ ਲੁਭਾਇ, ਮਤਿ ਅੰਧੇ।
ਮੁਖ ਮੈਂ ਥੂਕ, ਸੀਂਢ ਬਹੁ ਨਾਸਾ। ਊਪਰ ਚਰਮ ਬਾਲ ਹੈਂ ਰਾਸਾ॥੩੭॥

ਦੇਹ ਮਲਮੂਤਰ ਅਤੇ ਦੁਰਗੰਧ ਨਾਲ ਭਰੀ ਹੋਈ ਹੈ, ਅੰਨ੍ਹੀ ਬੁੱਧੀ ਵਾਲੇ ਕਿਸ ਚੀਜ ਨੂੰ ਵੇਖਕੇ ਲੁਭਾਇਮਾਨ ਹੁੰਦੇ ਹਨ। ਮੂੰਹ ਵਿਚ ਥੁੱਕ ਹੈ ਅਤੇ ਨਾਸਾਂ ਵਿਚ ਸੀਂਢ ਹੈ। ਸਿਰ ਉਪਰ ਵਾਲਾਂ ਦਾ ਸਮੂਹ ਹੈ॥ ੩੭॥

ਹੇ ਨ੍ਰਿਪ ! ਇਸ ਪ੍ਰਕਾਰ ਉਰ ਧਾਰਹੁ। ਵਸਤੁ ਕੌਨ ਸੀ ਭਲੀ ਬਿਚਾਰਹੁ।
ਮਹਾਂ ਦੁਰਗੰਧ ਮੰਦਨੀ ਸੋਊ। ਅਹੈ ਨਾਰਿ ਕੀ ਪ੍ਰੀਤਹਿ ਜੋਊ॥੩੮॥

ਹੇ ਰਾਜੇ ! ਹਿਰਦੇ ਵਿਚ ਇਸ ਪ੍ਰਕਾਰ ਧਾਰਨ ਕਰੋ। ਵਿਚਾਰ ਕਰੋ ਕਿ ਕਿਹੜੀ ਵਸਤ ਭਲੀ ਹੈ। ਇਹ ਤਾਂ ਦੁਰਗੰਧ ਭਰੀ ਅਤੇ ਮਾੜੀ ਹੈ। ਅਜਿਹੀ ਨਾਰ ਨਾਲ ਕੀ ਪ੍ਰੀਤ ਹੋਈ ॥ ੩੮॥

ਜੋ ਪ੍ਰਤੱਛ ਹੀ ਅਹੈ ਮਲੀਨੀ। ਬਹੁਰ ਸੁਨਹੁ ਪਰ ਤਿਯ ਰਤਿ ਕੀਨੀ।
ਸੋ ਪਾਵਤਿ ਹੈਂ ਨਰਕ ਮਝਾਰੀ। ਜਮ ਕੇ ਦੂਤ ਦੇਤਿ ਦੁਖ ਭਾਰੀ॥੩੯॥

ਜੋ ਪ੍ਰਤੱਖ ਤੌਰ ਤੇ ਏਨੀ ਮੈਲੀ ਹੈ। ਹੋਰ ਸੁਣੋ, ਜਿਹੜੇ ਪਰਾਈ ਇਸਤਰੀ ਨਾਲ ਭੋਗ ਕਰਦੇ ਹਨ, ਉਹ ਨਰਕਾਂ ਵਿਚ ਪੈਂਦੇ ਹਨ, ਜਮਰਾਜ ਦੇ ਦੂਤ ਉਸ ਨੂੰ ਭਾਰੀ ਦੁੱਖ ਦਿੰਦੇ ਹਨ॥ ੩੯॥

ਕਰਿ ਲੋਹੇ ਕੀ ਤੀਜ ਤਪਾਵੈਂ। ਬਾਂਧਿ ਤਾਂਹਿ ਗਰ ਸੰਗ ਲਗਾਵੈਂ।
ਹੋਤਿ ਕਸ਼ਟ ਬਹੁ ਕਰਤਿ ਪੁਕਾਰਾ। ਬਹੁਰ ਕਰਹਿਂ ਜਮ ਡੰਡਨ ਮਾਰਾ॥੪੦॥

ਲੋਹੇ ਦੀ ਸੀਖ ਤਪਾਉਂਦੇ ਹਨ ਤੇ ਪਾਪੀ ਨੂੰ ਬੰਨ੍ਹ ਕੇ ਉਸ ਦੇ ਗਲ ਨਾਲ ਲਾਉਂਦੇ ਹਨ। ਦੁਖੀ ਹੋ ਕੇ ਬਹੁਤ ਪੁਕਾਰ ਕਰਦਾ ਹੈ, ਫਿਰ ਜਮ ਡੰਡੇ ਮਾਰਦੇ ਹਨ॥ ੪੦॥

ਛਿਨਕ ਜਿ ਮਨ ਸੁਖ ਪਾਵਹਿ ਕਾਮੀ। ਚਿਰੰਕਾਲ ਦੁਖ ਨਾਰਕ ਗਾਮੀ।
ਅਨਿਕ ਪ੍ਰਕਾਰ ਤਾੜਨਾ ਸਹਿਹੀ। ਸਿੰਮ੍ਰਿਤਿ ਬੇਦ ਪੁਰਾਨ ਅਸ ਕਹਿਹੀ॥੪੧॥

ਕਾਮੀ ਵਿਅਕਤੀ ਜਿਹੜਾ ਛਿਣ ਭਰ ਦਾ ਸੁੱਖ ਪਾਉਂਦਾ ਹੈ, ਬਹੁਤ ਦੇਰ ਤਕ ਨਰਕਾਂ ਵਿਚ ਦੁੱਖ ਭੋਗਦਾ ਹੈ। ਹੋਰ ਕਈ ਪ੍ਰਕਾਰ ਦੀਆਂ ਤਾੜਨਾਵਾਂ ਬਰਦਾਸ਼ਤ ਕਰਦਾ ਹੈ, ਸਿਮਰਤੀਆਂ, ਵੇਦ ਅਤੇ ਪੁਰਾਣ ਇਸ ਤਰ੍ਹਾਂ ਕਹਿੰਦੇ ਹਨ'॥ ੪੧॥

ਬਚਨ ਸੁਨੇ ਨ੍ਰਿਪ ਸ਼੍ਰੋਨ ਮਝਾਰੇ। ਭਲੀ ਰੀਤਿ ਸੋ ਚੀਤ ਬਿਚਾਰੇ।
ਲਖੇ ਆਪਨੇ ਕਲਮਲ ਭਾਰੀ। ਪਰਜੋ ਚਰਨ ਪਰ ਗੁਰੂ ਅਗਾਰੀ॥੪੨॥

ਜਦ ਰਾਜੇ ਨੇ ਕੰਨਾਂ ਨਾਲ ਅਜਿਹੇ ਬਚਨ ਸੁਣੇ ਤਾਂ ਆਪਣੇ ਚਿੱਤ ਵਿਚ ਭਲੀ ਰੀਤ ਵਿਚਾਰੀ। ਆਪਣੇ ਪਾਪਾਂ ਨੂੰ ਉਸ ਬਹੁਤ ਭਾਰੀ ਸਮਝਿਆ ਤੇ ਗੁਰੂ ਜੀ ਦੇ ਚਰਨਾਂ ਉਤੇ ਡਿੱਗ ਪਿਆ॥ ੪੨॥

'ਹੌਂ ਅਜਾਨ ਬਹੁ ਪਾਪ ਕਮਾਤੇ। ਬਚਨ ਤੁਮਾਰੇ ਤੇ ਮੈਂ ਜਾਤੇ।
ਕ੍ਰਿਪਾ ਧਾਰਿ ਬਖਸ਼ਹੁ ਮੁਝ ਅਬਹੀ। ਬਹੁਰ ਕੁਰੀਤਿ ਕਰੌਂ ਨਹਿਂ ਕਬਹੀ' ॥੪੩॥

"ਅਣਜਾਨ ਹੋਣ ਕਰਕੇ ਮੈਂ ਬਹੁਤ ਪਾਪ ਕਮਾਏ ਹਨ, ਤੁਹਾਡੇ ਬਚਨਾਂ ਤੋਂ ਮੈਨੂੰ ਪਤਾ ਲੱਗਾ ਹੈ। ਕਿਰਪਾ ਕਰਕੇ ਮੈਨੂੰ ਹੁਣ ਬਖਸ਼ ਦੇਵੋ, ਫਿਰ ਮੈਂ ਕਦੀ ਵੀ ਅਜਿਹੀ ਕੁਰੀਤੀ ਨਹੀਂ ਕਰਾਂਗਾ" ॥ ੪੩ ॥

ਸੁਨਿ ਕਰਿ ਭਏ ਪ੍ਰਸੰਨ ਕ੍ਰਿਪਾਲਾ। ਕਹੇ ਬਚਨ 'ਸੁਨੀਏ ਨਰਪਾਲਾ।
ਆਗੇ ਕਰਹੁ ਪਾਪ ਨਹਿਂ ਕੋਈ। ਪਿਛਲੇ ਕਰੇ ਜੁ, ਬਖਸ਼ੇ ਸੋਈ ॥੪੪॥

ਕ੍ਰਿਪਾਲੂ ਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤੇ, "ਹੇ ਰਾਜੇ ! ਸੁਣੋ, ਅੱਗੇ ਤੋਂ ਕੋਈ ਪਾਪ ਨਾ ਕਰੋ, ਪਿਛਲੇ ਜੋ ਤੂੰ ਕੀਤੇ ਹਨ, ਉਹ ਬਖਸ਼ ਦਿੱਤੇ ਹਨ ॥ ੪੪ ॥

ਸਤਿਨਾਮ ਸਿਮਰਹੁ ਮਨ ਲਾਈ। ਪੁਰਿ ਮਹਿਂ ਲਿਵ ਧ੍ਰਮਸਾਲ ਬਨਾਈ।
ਸਤਿਸੰਗਤਿ ਤਹਿਂ ਕਰਹੁ ਮਹਾਨੀ। ਹਰਿ ਮਹਿਮਾ ਗਾਵਹੁ ਗੁਨਖਾਨੀ' ॥੪੫॥

ਮਨ ਲਾ ਕੇ ਸਤਿਨਾਮ ਦਾ ਸਿਮਰਨ ਕਰੋ ਅਤੇ ਨਗਰ ਵਿਚ ਇਕ ਧਰਮਸਾਲਾ ਬਣਾਉ। ਓਥੇ ਮਹਾਨ ਸਤਿਸੰਗਤ ਕਰੋ ਅਤੇ ਗੁਣਾਂ ਦੀ ਖਾਣ ਹਰੀ ਦੀ ਮਹਿਮਾ ਗਾਵੋ" ॥ ੪੫ ॥

ਅਸ ਉਪਦੇਸ਼ ਸੀਖ ਲਿਯ ਜਬਹੀ। ਪਾਹੁਲ ਪਗ ਕੀ ਦੀਨੀ ਤਬਹੀ।
ਕਰੇ ਸਿੱਖ ਅਪਨੇ ਨਰ ਬ੍ਰਿੰਦਾ। 'ਸਤਿਨਾਮ ਸਿਮਰਹੁ ਸੁਖਕੰਦਾ' ॥੪੬॥

ਜਦ ਰਾਜੇ ਨੇ ਇਹ ਉਪਦੇਸ਼ ਸਿੱਖ ਲਿਆ ਤਾਂ ਗੁਰੂ ਜੀ ਨੇ ਉਸ ਨੂੰ ਚਰਨ ਪਾਹੁਲ ਦਿੱਤੀ। ਬਹੁਤ ਮਨੁੱਖਾਂ ਨੂੰ ਆਪਣੇ ਸਿੱਖ ਬਣਾਇਆ ਅਤੇ ਉਨ੍ਹਾਂ ਨੂੰ ਉਪਦੇਸ਼ ਦਿੱਤਾ, "ਸੁੱਖਾਂ ਦੇ ਘਰ ਸਤਿਨਾਮ ਦਾ ਸਿਮਰਨ ਕਰੋ" ॥ ੪੬ ॥

ਕਰਤਿ ਕੁਕਰਮ ਸਰਬ ਛੁਟਵਾਯੋ। ਨਾਮ ਦਾਨ ਇਸ਼ਨਾਨ ਦ੍ਰਿੜਾਯੋ।
ਕਿਤਿਕ ਦਿਵਸ ਜਬ ਰਹਿਤਿ ਬਿਤਾਏ। ਹਾਥ ਬੰਦਿ ਨ੍ਰਿਪ ਬੈਨ ਅਲਾਏ ॥੪੭॥

ਜਿਹੜੇ ਕੁਕਰਮ ਕਰਦਾ ਸੀ, ਸਾਰੇ ਛੁੜਵਾ ਦਿੱਤੇ ਅਤੇ ਨਾਮ ਦਾਨ ਤੇ ਇਸ਼ਨਾਨ ਦ੍ਰਿੜ ਕਰਵਾਇਆ। ਕਈ ਦਿਨ ਜਦ ਰਹਿੰਦਿਆਂ ਬੀਤ ਗਏ, ਤਦ ਰਾਜੇ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ ॥ ੪੭ ॥

'ਚਾਉਲ ਪਸ਼ਮ ਦੇਸ਼ ਮਮ ਹੋਈ। ਔਰ ਅੰਨ ਉਪਜਤਿ ਨਹਿਂ ਕੋਈ।
ਕ੍ਰਿਪਾ ਧਾਰਿ ਬਰ ਦੀਜੈ ਅਬਹੀ। ਅੰਨ ਕਪਾਹਾਦਿਕ ਹ੍ਵੈਂ ਸਭਿਹੀ' ॥੪੮॥

"ਮੇਰੇ ਦੇਸ਼ ਵਿਚ ਕੇਵਲ ਚਾਵਲ ਅਤੇ ਪਸ਼ਮ ਹੀ ਹੁੰਦੀ ਹੈ, ਹੋਰ ਕੋਈ ਅਨਾਜ ਪੈਦਾ ਨਹੀਂ ਹੁੰਦਾ। ਇਸ ਲਈ ਕਿਰਪਾ ਕਰਕੇ ਹੁਣ ਐਸਾ ਵਰ ਦੇਵੋ, ਕਿ ਅੰਨ ਕਪਾਹ ਆਦਿ ਸਾਰੀਆਂ ਫਸਲਾਂ ਪੈਦਾ ਹੋਣ" ॥ ੪੮ ॥

ਸੁਨੀ ਨਿਜਹਿ ਪ੍ਰਿਯ ਭਗਤ ਅਨੰਨੰ। ਕਹੇ ਬਚਨ 'ਹ੍ਵੈ ਹੈਂ ਸਭਿ ਅੰਨੰ'।
ਬਹੁਰ ਗਮਨ ਕੀ ਕੀਨੀ ਤਯਾਰੀ। ਸੁਨਿਕੈ ਮਿਲਿ ਆਏ ਨਰ ਨਾਰੀ ॥੪੯॥

ਜਦ ਗੁਰੂ ਜੀ ਨੇ ਆਪਣੇ ਅਨਿੰਨ ਭਗਤ ਦੀ ਬੇਨਤੀ ਸੁਣੀ ਤਾਂ ਬਚਨ ਕੀਤਾ, "ਸਭ ਅੰਨ ਪੈਦਾ ਹੋਣਗੇ।" ਫਿਰ ਅੱਗੇ ਚਲਣ ਦੀ ਤਿਆਰੀ ਕੀਤੀ। ਇਹ ਸੁਣ ਕੇ ਸਭ ਨਰ ਨਾਰੀ ਇਕੱਠੇ ਹੋ ਕੇ ਆਏ ॥ ੪੯ ॥

ਹਾਥ ਬੰਦਿਕੈ ਗਿਰਾ ਉਚਾਰੀ। 'ਸ੍ਰੀ ਗੁਰ! ਰਹੁ ਇਸ ਦੇਸ਼ ਮਝਾਰੀ।
ਤੁਮ ਆਵਨ ਤੇ ਭਯੋ ਪਵਿੱਤ੍ਰਾ। ਸਿੱਖੀ ਭਈ ਬਿਸਾਲ ਬਚਿੱਤ੍ਰਾ ॥੫੦॥

ਹੱਥ ਜੋੜ ਕੇ ਉਨ੍ਹਾਂ ਕਿਹਾ, "ਹੇ ਗੁਰੂ ਜੀ! ਇਸ ਦੇਸ਼ ਵਿਚ ਹੀ ਰਹੋ। ਤੁਹਾਡੇ ਆਉਣ ਨਾਲ ਇਹ ਦੇਸ਼ ਪਵਿੱਤਰ ਹੋ ਗਿਆ ਹੈ ਅਤੇ ਸਿੱਖੀ ਬੜੀ ਵਿਸ਼ਾਲ ਤੇ ਸ੍ਰੇਸ਼ਟ ਹੋ ਗਈ ਹੈ॥ ੫੦॥

ਕਿਉਂ ਤੁਮ ਤੂਰਨ ਕਰਹੁ ਤਿਆਰੀ। ਰਹਹੁ ਸਦਾ ਨਿਜ ਕਰੁਣਾ ਧਾਰੀ'।
ਇਸ ਪ੍ਰਕਾਰ ਬਿਨਤੀ ਬਹੁ ਕੀਨੰ। ਤਿਸ ਦਿਨ ਸ੍ਰੀ ਗੁਰ ਚਲਿਨ ਨ ਦੀਨੰ॥੫੧॥

ਤੁਸੀਂ ਚਲਣ ਦੀ ਕਿਉਂ ਤਿਆਰੀ ਕੀਤੀ ਹੈ? ਕਿਰਪਾ ਧਾਰ ਕੇ ਸਦਾ ਏਥੇ ਹੀ ਰਹੋ।" ਇਸ ਪ੍ਰਕਾਰ ਬਹੁਤ ਬੇਨਤੀ ਕੀਤੀ, ਉਸ ਦਿਨ ਗੁਰੂ ਜੀ ਨੂੰ ਚੱਲਣ ਨਾ ਦਿੱਤਾ॥ ੫੧॥

ਅਗਲੇ ਦਿਵਸ ਭੋਰ ਭੀ ਜਬ ਹੀ। ਹੋਇ ਅਲੋਪ ਗਏ ਗੁਰ ਤਬਹੀ।
ਪੀਛੇ ਤੇ ਬਹੁ ਨਰ ਪਛੁਤਾਏ। ਦਰਸ਼ਨ ਕਰਿ ਹਮ ਨਹਿੰ ਤ੍ਰਿਪਤਾਏ॥੫੨॥

ਅਗਲੇ ਦਿਨ ਜਦ ਸਵੇਰ ਹੋਈ, ਗੁਰੂ ਜੀ ਅਲੋਪ ਹੋ ਕੇ ਚਲੇ ਗਏ। ਪਿਛੋਂ ਲੋਕ ਬਹੁਤ ਪਛਤਾਏ ਕਿ ਦਰਸ਼ਨ ਕਰਕੇ ਅਸੀਂ ਤ੍ਰਿਪਤ ਨਹੀਂ ਹੋਏ॥ ੫੨॥

ਭਲੀ ਪ੍ਰਕਾਰ ਕੀਨਿ ਨਹਿੰ ਸੇਵਾ। ਸ੍ਰੀ ਗੁਰ ਗਮਨੇ ਅਲਖ ਅਭੇਵਾ।
ਸਿਮਰਹਿੰ ਨਿਸ ਬਾਸੁਰ ਧਰਿ ਧਜਾਨਾ। ਬਹੁਤ ਨਰਨ ਕੋ ਭਾ ਕੱਲਜਾਨਾ॥੫੩॥

ਚੰਗੀ ਤਰ੍ਹਾਂ ਅਸੀਂ ਸੇਵਾ ਨਹੀਂ ਕਰ ਸਕੇ, ਅਲੱਖ, ਅਭੇਵ ਗੁਰੂ ਜੀ ਚਲੇ ਗਏ। ਰਾਤ ਦਿਨ ਧਿਆਨ ਧਰ ਕੇ ਸਿਮਰਨ ਕਰਦੇ ਸਨ ਇਸ ਤਰ੍ਹਾਂ ਬਹੁਤ ਲੋਕਾਂ ਦਾ ਕਲਿਆਣ ਹੋ ਗਿਆ॥ ੫੩॥

ਆਗੈ ਗਮਨੇ ਸ੍ਰੀ ਜਗਤੇਸ਼ਾ। ਪਹੁਚੇ ਜਾਇ ਔਰ ਇਕ ਦੇਸ਼ਾ।
ਅੰਨ ਅਗਨਿ ਦੋਊ ਤਹਿੰ ਨਾਂਹੀ। ਆਮਿਖ ਕੋ ਭੋਜਨ ਸਭਿ ਖਾਂਹੀ॥੫੪॥

ਗੁਰੂ ਜੀ ਫਿਰ ਅੱਗੇ ਚਲ ਪਏ ਤੇ ਇਕ ਹੋਰ ਦੇਸ਼ ਵਿਚ ਪਹੁੰਚ ਗਏ। ਉਸ ਦੇਸ਼ ਵਿਚ ਅਨਾਜ ਅਤੇ ਅਗਨੀ ਦੋਵੇਂ ਨਹੀਂ ਸਨ। ਸਾਰੇ ਲੋਕ ਮਾਸ ਹੀ ਖਾਂਦੇ ਸਨ॥ ੫੪॥

ਇਕ ਪਾਹਨ ਊਪਰ ਇਕ ਨੀਚੇ। ਆਮਿਖ ਰਾਖਹਿੰ ਤਿਨ ਕੇ ਬੀਚੇ।
ਸਵਾ ਪਹਿਰ ਮੰਤਰ ਜਪ ਭਾਨੰ। ਇਉਂ ਪਕਾਇ ਕਰਿਹੈਂ ਤਿਹ ਖਾਨੰ॥੫੫॥

ਇਕ ਪੱਥਰ ਥੱਲੇ ਰੱਖ ਕੇ ਅਤੇ ਇਕ ਪੱਥਰ ਉਪਰ ਰੱਖ ਕੇ ਉਸ ਦੇ ਵਿਚ ਮਾਸ ਨੂੰ ਰੱਖ ਦਿੰਦੇ ਸਨ ਅਤੇ ਸਵਾ ਪਹਿਰ ਮੰਤਰ ਜਪਦੇ ਰਹਿੰਦੇ ਸਨ, ਇਸ ਤਰ੍ਹਾਂ ਪਕਾ ਕੇ ਖਾਂਦੇ ਸਨ॥ ੫੫॥

ਦੋਹਰਾ- ਸੇਵਹਿੰ ਚਿਤ ਕੀ ਪ੍ਰੀਤਿ ਕਰਿ ਜਾਇ ਜਿ ਤਹਾਂ ਅਤੀਤ।
ਜੋ ਦੇਖਹਿੰ ਸੁ ਖਵਾਵਈ ਤਾਂਹਿ ਦੇਸ਼ ਕੀ ਰੀਤਿ॥੫੬॥

ਜੇ ਕੋਈ ਫਕੀਰ ਓਥੇ ਜਾਂਦਾ ਸੀ ਤਾਂ ਬੜੀ ਪ੍ਰੀਤ ਨਾਲ ਉਸ ਦੀ ਸੇਵਾ ਕਰਦੇ ਸਨ। ਜਿਹੜਾ ਅਤੀਤ ਨੂੰ ਸਭ ਤੋਂ ਪਹਿਲਾਂ ਵੇਖਦਾ ਸੀ ਉਸ ਦਾ ਇਹ ਫਰਜ਼ ਬਣ ਜਾਂਦਾ ਸੀ ਕਿ ਉਹ ਹੀ ਪ੍ਰਾਹੁਣੇ ਨੂੰ ਭੋਜਨ ਛਕਾਵੇ। ਇਹ ਉਸ ਦੇਸ਼ ਦਾ ਰਿਵਾਜ ਸੀ॥ ੫੬॥

ਚੌਪਈ- ਬੈਠੇ ਗੁਰੂ ਜਾਇ ਇਕ ਥਾਇਂ। ਦੁੰਬੇ ਤਹਿੰ ਅਈਆਲ ਚਰਾਇ।
ਸੋ ਆਯੋ ਸ੍ਰੀ ਨਾਨਕ ਪਾਸਾ। ਠਾਂਢੋ ਨਿਕਟ ਕੀਨ ਅਰਦਾਸਾ॥੫੭॥

ਗੁਰੂ ਜੀ ਉਸ ਦੇਸ਼ ਵਿਚ ਜਾ ਕੇ ਇਕ ਥਾਂ ਬੈਠ ਗਏ। ਓਥੇ ਇਕ ਆਜੜੀ ਭੇਡਾਂ ਚਾਰਦਾ ਸੀ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਇਆ। ਨੇੜੇ ਖਲੋ ਕੇ ਅਰਦਾਸ ਕੀਤੀ॥ ੫੭॥

'ਮਾਰੌਂ ਦੁੰਬਾ ਭੋਜਨ ਕਰੀਐ। ਸ੍ਰਮ ਮਾਰਗ ਕੋ ਸਭਿ ਪਰਹਰੀਐ।
ਜੇ ਤੁਮ ਖਾਹੁ ਨ ਮੋਰ ਉਚਾਰੇ। ਮੇਰੋ ਖਾਵੰਦ ਮੋਕੋ ਮਾਰੇ॥ ੫੮॥

"ਮੈਂ ਦੁੰਬਾ ਮਾਰਦਾ ਹਾਂ, ਤੁਸੀਂ ਭੋਜਨ ਕਰ ਲਵੋ ਅਤੇ ਸਫ਼ਰ ਦੀ ਸਾਰੀ ਥਕਾਵਟ ਨੂੰ ਦੂਰ ਕਰ ਲਵੋ। ਜੇ ਤੁਸੀਂ ਮੇਰੇ ਕਹਿਣ ਤੇ ਖਾਉਗੇ ਨਹੀ ਤਾਂ ਮੇਰਾ ਮਾਲਕ ਮੈਨੂੰ ਮਾਰੇਗਾ ਕਿਉਂਕਿ ਮੈਂ ਤੁਹਾਨੂੰ ਸਭ ਤੋਂ ਪਹਿਲਾਂ ਵੇਖਿਆ ਹੈ।॥ ੫੮॥

ਦੇਸ਼ ਰੀਤਿ ਹਮਰੇ ਹੈ ਏਹੀ। ਜੋ ਦੇਖੈ ਸੋ ਭੋਜਨ ਦੇਹੀ।
ਜੇ ਨ ਦੇਯ ਤਿਹ ਡੰਡ ਲਗਾਵੈਂ। ਮਿਲਿ ਨਰ ਤਾਂਕੋ ਬਹੁਤ ਲਜਾਵੈਂ॥੫੯॥

ਸਾਡੇ ਦੇਸ਼ ਦਾ ਇਹੋ ਰਿਵਾਜ ਹੈ ਕਿ ਜੋ ਪਹਿਲਾਂ ਵੇਖੇ ਉਹੀ ਭੋਜਨ ਦੇਵੇ। ਜੇ ਕੋਈ ਨਾ ਦੇਵੇ ਤਾਂ ਉਸ ਨੂੰ ਸਜ਼ਾ ਲਾਉਂਦੇ ਹਨ, ਅਤੇ ਸਾਰੇ ਮਨੁੱਖ ਮਿਲ ਕੇ ਉਸ ਨੂੰ ਲੱਜਤ ਕਰਦੇ ਹਨ॥ ੫੯॥

ਦੋਹਰਾ- ਅੰਨ ਅਗਨਿ ਇਹ ਠਾਂ ਨਹੀਂ ਨਾਂਹਿ ਉਡੀਕਉ ਤਾਂਹਿ'।
ਗੁਰੂ ਕਹੈਂ 'ਦੁੰਬਾ ਕੁਹਹੁ ਦੇਉ ਪਕਾਇ ਤ ਖਾਹਿਂ'॥ ੬੦॥

ਅੰਨ ਅਤੇ ਅਗਨੀ ਇਸ ਥਾਂ ਨਹੀਂ ਹੈ, ਉਸ ਦੀ ਉਡੀਕ ਨਾ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਦੁੰਬਾ ਮਾਰ ਕੇ ਪਕਾ ਦੇਵੋ ਤਾਂ ਖਾ ਲਵਾਂਗੇ"॥ ੬੦॥

ਚੌਪਈ- ਮਾਰਿ ਦੁੰਬਾ ਤਿਨ ਮਾਸ ਬਨਾਯੋ। ਜਾਪ ਭਾਨੁ ਕਰਿ ਤਬਹਿ ਪਕਾਯੋ।
ਕਰਿ ਤਯਾਰ ਧਰਿ ਦੀਨ ਅਗਾਰੀ। ਦੇਖਿ ਗੁਰੂ ਤਬ ਗਿਰਾ ਉਚਾਰੀ॥੬੧॥

ਦੁੰਬਾ ਮਾਰਕੇ ਉਸ ਮਾਸ ਬਣਾਇਆ। ਸੂਰਜ ਦਾ ਜਾਪ ਕਰਕੇ ਉਸ ਨੂੰ ਪਕਾਇਆ। ਤਿਆਰ ਕਰਕੇ ਅੱਗੇ ਲਿਆ ਧਰਿਆ। ਮਾਸ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ॥ ੬੧॥

'ਇਸਕੀ ਅਸਤ ਖਾਲ ਹੈ ਜੋਊ। ਇਕਠੀ ਕਰਿ ਢਿਗ ਆਨਹੁ ਸੋਊ'।
ਆਇਸੁ ਮਾਨਿ ਅਸਤ ਚੁਨਿ ਸਾਰੇ। ਪਾਇ ਚਰਮ ਮਹਿਂ ਧਰੇ ਅਗਾਰੇ॥੬੨॥

"ਇਸ ਦੀਆਂ ਜਿਹੜੀਆਂ ਹੱਡੀਆਂ ਅਤੇ ਖੱਲ ਹੈ, ਉਨ੍ਹਾਂ ਨੂੰ ਇਕੱਠੀਆਂ ਕਰਕੇ ਮੇਰੇ ਪਾਸ ਲਿਆਵੋ।" ਗੁਰੂ ਜੀ ਦੀ ਆਗਿਆ ਮੰਨ ਕੇ ਆਜੜੀ ਨੇ ਸਾਰੀਆਂ ਹੱਡੀਆਂ ਚੁਣ ਲਈਆਂ, ਚੰਮ ਵਿਚ ਪਾ ਕੇ ਸਾਰੀਆਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ॥ ੬੨॥

ਤਿਹ ਬਿਲੋਕਿ ਬੋਲੇ ਜਗ ਸਾਈਂ। 'ਉਠਿ ਦੁੰਬੇ ਚਰਿਯੇ ਹਰਿਆਈ'।
ਬਚਨ ਕਰੇ ਜੀਵਯੋ ਤਤਕਾਲਾ। ਦੇਖਤਿ ਭਯੋ ਹਿਰਾਨ ਅਯਾਲਾ॥ ੬੩॥

ਉਨ੍ਹਾਂ ਨੂੰ ਵੇਖ ਕੇ ਜਗਤ ਦੇ ਮਾਲਕ ਭਾਵ ਗੁਰੂ ਜੀ ਬੋਲੇ, "ਹੇ ਦੁੰਬੇ! ਉਠੋ ਅਤੇ ਹਰਿਆਵਲ ਚਰੋ।" ਜਦ ਗੁਰੂ ਜੀ ਨੇ ਬਚਨ ਕੀਤੇ ਤਾਂ ਦੁੰਬਾ ਉਸੇ ਵੇਲੇ ਜੀਵਤ ਹੋ ਗਿਆ, ਆਜੜੀ ਵੇਖ ਕੇ ਬਹੁਤ ਹੈਰਾਨ ਹੋਇਆ ॥ ੬੩॥

ਕਲਾਵਾਨ ਜਬ ਮਨ ਮੈਂ ਚੀਨੰ। ਚਰਨ ਕਮਲ ਪਰ ਬੰਦਨ ਕੀਨੰ।
ਬੈਸਯੋ ਸ਼ਰਧਾ ਧਾਰਿ ਸਮੀਪਾ। ਤਬ ਬੋਲੇ ਬੇਦੀ ਕੁਲਦੀਪਾ॥ ੬੪॥

ਮਨ ਵਿਚ ਵੱਡਾ ਕਰਾਮਾਤੀ ਜਾਣਿਆ, ਚਰਨ ਕੰਵਲਾਂ ਤੇ ਮੱਥਾ ਟੇਕਿਆ ਸ਼ਰਧਾ ਧਾਰ ਕੇ ਨੇੜੇ ਬੈਠ ਗਿਆ। ਤਦ ਗੁਰੂ ਜੀ ਬੋਲੇ॥ ੬੪॥

'ਸ਼ਾਹ ਬਿਸਾਲ ਬਿਲੋਕਹੁ ਜੋਊ। ਪੁਰਿ ਤੇ ਜਾਇ ਬੁਲਾਵਹੁ ਸੋਊ'।
ਆਇਸੁ ਮਾਨਿ ਨਗਰ ਮੈਂ ਗਯੋ। ਸ਼ਾਹੁ ਏਕ ਢਿਗ ਬੈਠਤਿ ਭਯੋ॥ ੬੫॥

"ਜਿਹੜਾ ਵੀ ਵੱਡਾ ਅਮੀਰ ਆਦਮੀ ਵੇਖਦੇ ਹੋ, ਉਸ ਨੂੰ ਨਗਰ ਵਿਚੋਂ ਬੁਲਾ ਲਿਆਵੋ।" ਆਜੜੀ ਆਗਿਆ ਮੰਨ ਕੇ ਨਗਰ ਵਿਚ ਚਲਾ ਗਿਆ। ਇਕ ਸ਼ਾਹ ਦੇ ਪਾਸ ਜਾ ਕੇ ਬੈਠ ਗਿਆ॥ ੬੫॥

ਕਹਨਿ ਲਗਯੋ 'ਸੁਨੀਏ ਬਿਰਤੰਤਾ। ਵਹਿਰ ਸੰਤ ਹੈ ਇਕ ਦੁਖਹੰਤਾ।
ਕਲਾਵਾਨ ਹੈ ਧਰਮ ਉਦਾਰਾ। ਤਿਹ ਨੈ ਤੋ ਕੋ ਨਿਕਟਿ ਹਕਾਰਾ ॥੬੬॥

ਕਹਿਣ ਲੱਗਾ, "ਮੇਰੀ ਵਾਰਤਾ ਸੁਣੋ, ਬਾਹਰ ਇਕ ਦੁੱਖਾਂ ਨੂੰ ਦੂਰ ਕਰਨ ਵਾਲਾ ਸੰਤ ਆਇਆ ਹੈ। ਉਹ ਬੜਾ ਕਰਾਮਾਤੀ ਹੈ ਅਤੇ ਪਰਮ ਕਿਰਪਾਲੂ ਹੈ। ਉਸ ਨੇ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ"॥ ੬੬॥

ਸੁਨਤਿ ਸ਼ਾਹ ਧਰਿ ਹਰਖ ਬਿਸਾਲਾ। ਪੁਰਿ ਤੇ ਨਿਕਸਿ ਚਲਯੋ ਤਤਕਾਲਾ।
ਲੇ ਅਜਾਲਿ ਤਿਹ ਕੋ ਨਿਜ ਸੰਗਾ। ਗੁਰ ਸਮੀਪ ਆਵਾ ਸੁ ਉਮੰਗਾ॥੬੭॥

ਇਹ ਸੁਣ ਕੇ ਸ਼ਾਹ ਬਹੁਤ ਖੁਸ਼ ਹੋਇਆ। ਨਗਰ ਵਿਚੋਂ ਨਿਕਲ ਤੁਰੰਤ ਗੁਰੂ ਜੀ ਵਲ ਚਲ ਪਿਆ। ਆਜੜੀ ਨੂੰ ਆਪਣੇ ਨਾਲ ਲੈ ਕੇ ਬੜੇ ਉਤਸ਼ਾਹ ਨਾਲ ਗੁਰੂ ਜੀ ਪਾਸ ਆਇਆ॥ ੬੭॥

ਬੈਠਿ ਗਯੋ ਪਗ ਬੰਦਨ ਕਰਿਕੈ। ਦਰਸ ਬਿਲੋਕਤਿ ਸੁਖ ਉਰ ਭਰਿਕੈ।
ਜਗ ਗੁਰ ਕਹਤਿ ਭਏ 'ਸੁਨ ਸ਼ਾਹੂ। ਆਨਹੁ ਅੰਨ ਜਿ ਹੈ ਘਰ ਮਾਂਹੂ' ॥੬੮॥

ਚਰਨ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਿਆ। ਦਰਸ਼ਨ ਕਰਕੇ ਹਿਰਦੇ ਵਿਚ ਸੁੱਖ ਭਰ ਗਿਆ। ਜਗਤ ਗੁਰੂ ਨੇ ਕਿਹਾ, "ਹੇ ਸ਼ਾਹ ਜੀ! ਸੁਣੋ, ਤੂੰ ਆਪਣੇ ਘਰ ਵਿਚੋਂ ਕਿਹੜਾ ਅੰਨ ਲਿਆਇਆ ਹੈਂ"॥ ੬੮॥

ਸ਼ਾਹੁ ਕਹੈ 'ਸਗਰੇ ਇਸ ਦੇਸ਼ਾ। ਅੰਨ ਨ ਉਪਜਤਿ ਸੁਨਿ ਦਰਵੇਸ਼ਾ!।
ਆਮਿਖ ਖਾਨ ਕਰੈਂ ਨਰ ਸਭਿ ਹੀ। ਤੁਮ ਜੇ ਚਹੋ ਲਜਾਉਂ ਮੈਂ ਅਬ ਹੀ' ॥੬੯॥

ਸ਼ਾਹ ਨੇ ਕਿਹਾ, "ਸਾਡੇ ਸਾਰੇ ਦੇਸ਼ ਵਿਚ ਅਨਾਜ ਪੈਦਾ ਨਹੀਂ ਹੁੰਦਾ ਹੈ, ਹੇ ਦਰਵੇਸ਼ ਜੀ! ਸੁਣੋ, ਸਾਰੇ ਮਨੁੱਖ ਮਾਸ ਖਾਂਦੇ ਹਨ, ਜੇ ਤੁਸੀਂ ਚਾਹੁੰਦੇ ਹੋ ਤਾਂ ਮੈਂ ਹੁਣੇ ਲਿਆਉਂਦਾ ਹਾਂ"॥ ੬੯॥

ਗੁਰੂ ਕਹੈਂ 'ਜੇ ਸਿੱਖੀ ਧਾਰਹੁ। ਮੁਖ ਤੇ ਸ੍ਰੀ ਪ੍ਰਭੁ ਨਾਮ ਉਚਾਰਹੁ।
ਅੰਨ ਅਗਨਿ ਹਮ ਦੇਵੈਂ ਦੋਊ। ਗਹਹਿ ਜੁ ਮਤ ਹਮਾਰ ਸਭਿ ਕੋਊ' ॥੭੦॥

ਗੁਰੂ ਜੀ ਨੇ ਕਿਹਾ, "ਜੇ ਸਿੱਖੀ ਧਾਰਨ ਕਰੋ ਅਤੇ ਮੁੱਖ ਤੋਂ ਸ੍ਰੀ ਪ੍ਰਭੂ ਦਾ ਨਾਮ ਉਚਾਰਨ ਕਰੋ ਤਾਂ ਅਨਾਜ ਅਤੇ ਅਗਨੀ ਅਸੀਂ ਦੋਵੇਂ ਦੇਵਾਂਗੇ, ਜੇ ਸਾਰੇ ਸਾਡਾ ਮਤ ਗ੍ਰਹਿਣ ਕਰ ਲੈਣ"॥ ੭੦॥

ਇਉਂ ਸੁਨਿ ਭਾ ਅਧੀਨ ਬਹੁ ਸ਼ਾਹੂ। 'ਸੰਤ ਰੂਪ ਤੁਮ ਬੇਪਰਵਾਹੂ।
ਜੇ ਦ੍ਵੈ ਦੇਹੁ ਹੋਹਿਂ ਸਿੱਖ ਸਭਿਹੀ। ਤੁਮਰਾ ਗ੍ਰਹਨ ਕਰੈਂ ਮਤ ਅਬਹੀ' ॥੭੧॥

ਇਹ ਸੁਣ ਕੇ ਸ਼ਾਹ ਬਹੁਤ ਅਧੀਨ ਹੋ ਗਿਆ, "ਤੁਸੀਂ ਬੇਪ੍ਰਵਾਹ ਸੰਤ ਰੂਪ ਹੋ। ਜੇ ਦੋਵੇਂ ਚੀਜ਼ਾਂ ਦੇਵੋ ਤਾਂ ਸਾਰੇ ਤੁਹਾਡੇ ਸਿੱਖ ਹੋ ਜਾਵਾਂਗੇ। ਤੁਹਾਡਾ ਮੱਤ ਹੁਣੇ ਹੀ ਗ੍ਰਹਿਣ ਕਰਦੇ ਹਾਂ"॥ ੭੧॥

ਕ੍ਰਿਪਾ ਧਾਰਿ ਗੁਰ ਬੈਨ ਉਚਾਰੇ। 'ਖੋਜਿ ਲਜਾਉ ਕਛੁ ਅੰਨ ਤੁਮਾਰੇ'।
ਇਉਂ ਸੁਨਿ ਸ਼ਾਹੁ ਨਗਰ ਮਹਿਂ ਆਯੋ। ਬਹੁਤ ਸਦਨ ਮਹਿਂ ਅੰਨ ਖੁਜਾਯੋ॥੭੨॥

ਕ੍ਰਿਪਾ ਧਾਰ ਕੇ ਗੁਰੂ ਜੀ ਨੇ ਬਚਨ ਕੀਤੇ, "ਜੇ ਤੁਹਾਡੇ ਨਗਰ ਵਿਚ ਕੁਝ ਅਨਾਜ ਹੈ ਤਾਂ ਕੁਝ ਅਨਾਜ ਭਾਲ ਕੇ ਲਿਆਵੋ।" ਇਹ ਸੁਣ ਕੇ ਸ਼ਾਹ ਨਗਰ ਵਿਚ ਆਇਆ। ਬਹੁਤ ਘਰਾਂ ਵਿਚ ਅਨਾਜ ਦੀ ਖੋਜ ਕੀਤੀ॥ ੭੨॥

ਦੋਹਰਾ-ਏਕ ਸੇਰ ਗੋਧੂਮ ਪੁਰਿ ਖੋਜਤਿ ਆਈ ਹਾਥ।

ਗੁਰ ਢਿਗ ਆਯੋ ਸ਼ਾਹੁ ਪੁਨ ਭੂਪ ਪ੍ਰਜਾ ਲਿਯ ਸਾਥ॥ ੭੩ ॥

ਇਕ ਸੇਰ ਕਣਕ ਨਗਰ ਵਿਚੋਂ ਲੱਭਣ ਤੇ ਹੱਥ ਆਈ। ਫਿਰ ਸ਼ਾਹ ਗੁਰੂ ਜੀ ਪਾਸ ਆਇਆ ਅਤੇ ਰਾਜੇ ਅਤੇ ਪਰਜਾ ਨੂੰ ਨਾਲ ਲਿਆਇਆ॥ ੭੩ ॥

ਚੌਪਈ- ਨਮਸਕਾਰ ਚਰਨਨ ਪਰ ਕਰਿਕੈ। ਬੈਠੇ ਨਿਕਟਿ ਭਾਉ ਉਰ ਧਰਿਕੈ।
ਗੁਰੂ ਕਹੈਂ 'ਬੀਜਹੁ ਛਿਤ ਮਾਂਹੀ। ਹੋਇ ਅੰਨ ਤੋਟਹਿ ਜਿਹ ਨਾਂਹੀ' ॥੭੪ ॥

ਚਰਨ ਬੰਦਨਾ ਕਰਕੇ, ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ। ਗੁਰੂ ਜੀ ਨੇ ਕਿਹਾ, "ਇਸ ਅਨਾਜ ਨੂੰ ਛੇਤੀ ਬੀਜ ਦੇਵੋ, ਏਨਾ ਅਨਾਜ ਪੈਦਾ ਹੋਵੇਗਾ ਕਿ ਕਦੀ ਤੋਟ ਨਹੀ ਰਹੇਗੀ" ॥ ੭੪ ॥

ਆਇਸੁ ਮਾਨ ਬੋਵਨੀ ਕੀਨੀ। ਉਗੀ ਬਿਲੋਕੀ ਸਬਜ਼ ਨਵੀਨੀ।
ਦਿਨ ਥੋਰਨ ਮਹਿਂ ਪਕਗੀ ਸੋਊ। ਭਏ ਪ੍ਰਸੰਨ ਰਿਦੈ ਸਭਿ ਕੋਊ ॥੭੫ ॥

ਆਗਿਆ ਮੰਨ ਕੇ ਕਣਕ ਬੀਜ ਦਿੱਤੀ। ਕਣਕ ਉੱਗ ਪਈ ਅਤੇ ਨਵੀਨ ਹਰਿਆਵਲ ਹੋ ਗਈ। ਥੋੜ੍ਹੇ ਦਿਨਾਂ ਵਿਚ ਪੱਕ ਗਈ ਅਤੇ ਸਾਰੇ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੭੫ ॥

ਪਾਹੁਲ ਪਗ ਕੀ ਸਭਿ ਨੈ ਲੀਨੀ। ਭਾਉ ਭਗਤਿ ਮਹਿਂ ਸੁਭ ਮਤਿ ਭੀਨੀ।
ਸਿੱਖੀ ਮਾਰਗ ਮਹਿਂ ਪਗ ਧਰਿਕੈ। ਪ੍ਰਭੁ ਕੋ ਗੁਰ ਕਿਯ ਸੁਖਦ ਬਿਚਰਿਕੈ ॥੭੬ ॥

ਦੇਸ਼ ਦੇ ਸਾਰੇ ਲੋਕਾਂ ਨੇ ਗੁਰੂ ਜੀ ਦੇ ਚਰਨਾਂ ਦੀ ਚਰਨ ਪਾਹੁਲ ਲਈ, ਪ੍ਰੇਮ ਭਗਤੀ ਵਿਚ ਲੱਗ ਕੇ ਸਾਰਿਆਂ ਦੀ ਮੱਤ ਸ਼ੁਭ ਹੋ ਗਈ। ਸਿੱਖੀ ਮਾਰਗ ਵਿਚ ਪੈਰ ਧਰ ਕੇ, ਸੁਖ ਵਿਚਾਰ ਕੇ ਪ੍ਰਭੂ ਨੂੰ ਆਪਣਾ ਗੁਰੂ ਬਣਾਇਆ॥ ੭੬ ॥

ਧਰਮਸਾਲ ਇਕ ਰੁਚਿਰ ਬਨਾਈ। ਸੰਤ ਸੁਮਤਿ ਤਿਹਂ ਕੀਰਤਿ ਗਾਈ।
ਬੈਠਿ ਸਰਬ ਮਹਿਂ ਕ੍ਰਿਪਾ ਨਿਧਾਨਾ। ਸ੍ਰੀ ਮੁਖ ਤੇ ਅਸ ਬਚਨ ਬਖਾਨਾ ॥੭੭ ॥

ਇਕ ਸੁੰਦਰ ਧਰਮਸਾਲਾ ਬਣਾਈ ਅਤੇ ਸੰਤਾਂ ਵਰਗੀ ਸ੍ਰੇਸ਼ਟ ਮੱਤ ਬਣਾ ਕੇ ਕੀਰਤਨ ਗਾਉਂਦੇ ਸਨ। ਕਿਰਪਾ ਨਿਧਾਨ ਗੁਰੂ ਜੀ ਨੇ ਸਾਰਿਆਂ ਵਿਚ ਬੈਠ ਕੇ ਇਸ ਤਰ੍ਹਾਂ ਬਚਨ ਕੀਤੇ॥ ੭੭ ॥

'ਅਬ ਤੇ ਅੰਨ ਅਤੂਟ ਇਸ ਦੇਸ਼ਾ। ਕਬ ਦੁਕਾਲ ਕੋ ਹੋਇ ਨ ਲੇਸ਼ਾ'।
ਪਾਹਨ ਤੇ ਪਾਵਕ ਪੁਨ ਝਾਰੀ। ਕਾਸ਼ਟ ਸੋਂ ਕਰਿ ਦੀਨ ਬਿਥਾਰੀ॥ ੭੮ ॥

"ਹੁਣ ਇਸ ਦੇਸ਼ ਵਿਚ ਅਤੁਟ ਅਨਾਜ ਹੋਵੇਗਾ, ਦੋ ਕਾਲਾਂ ਵਿਚ ਕਦੀ ਕਿਸੇ ਚੀਜ਼ ਦੀ ਘਾਟ ਨਹੀਂ ਰਹੇਗੀ।" ਪੱਥਰ ਨੂੰ ਝਾੜ ਕੇ ਉਸ ਵਿਚੋਂ ਅੱਗ ਕੱਢ ਦਿੱਤੀ। ਉਨ੍ਹਾਂ ਦੇ ਸਾਰੇ ਕਸ਼ਟ ਦੂਰ ਕਰ ਦਿੱਤੇ॥ ੭੮ ॥

ਲੈ ਕੇ ਸਭਿਨਿ ਹਰਖ ਉਰ ਧਰਿਓ। ਸ੍ਰੀ ਸਤਿਗੁਰ ਕੋ ਸੁਜਸ ਉਚਰਿਓ।
ਅੰਨ ਅਗਨਿ ਦੋਊ ਤਹਿਂ ਨਾਂਹੀ। ਇਹ ਬਿਧਿ ਸ੍ਰੀ ਗੁਰ ਦੀਨ ਤਹਾਂਹੀ ॥੭੯ ॥

ਅੱਗ ਤੇ ਅਨਾਜ ਲੈ ਕੇ ਸਾਰੇ ਦਿਲ ਵਿਚ ਬਹੁਤ ਖੁਸ਼ ਹੋਏ ਅਤੇ ਸ੍ਰੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਗਾਉਣ ਲੱਗੇ। ਅਨਾਜ ਤੇ ਅੱਗ ਦੋਵੇਂ ਚੀਜ਼ਾਂ ਓਥੇ ਨਹੀਂ ਸਨ, ਇਸ ਵਿਧੀ ਨਾਲ ਗੁਰੂ ਜੀ ਨੇ ਉਨ੍ਹਾਂ ਨੂੰ ਦੋਵੇਂ ਚੀਜ਼ਾਂ ਦਿੱਤੀਆਂ॥ ੭੯ ॥

ਨਾਮ ਦਾਨ ਇਸ਼ਨਾਨ ਦ੍ਰਿੜ੍ਹਾਯੋ। ਭਾਉ ਭਗਤਿ ਕੋ ਪੰਥ ਚਲਾਯੋ।
ਕਿਤਿਕ ਦਿਵਸ ਰਹਿ ਕਰਿ ਜਗਤੇਸ਼ਾ। ਚਲਿਬੇ ਤਯਾਰ ਭਏ ਸੁਭ ਬੇਸਾ ॥੮੦ ॥

ਨਾਮ ਦਾਨ ਤੇ ਇਸ਼ਨਾਨ ਦ੍ਰਿੜ੍ਹ ਕਰਵਾਇਆ ਅਤੇ ਪ੍ਰੇਮ ਭਗਤੀ ਦਾ ਮਾਰਗ ਚਲਾਇਆ। ਜਗਤ ਦੇ ਸੁਆਮੀ ਓਥੇ ਕਈ ਦਿਨ ਰਹਿ ਕੇ ਚਲਣ ਲਈ ਸ਼ੁਭ ਭੇਸ ਧਾਰਨ ਕਰਕੇ ਤਿਆਰ ਹੋ ਗਏ॥ ੮੦ ॥

ਸਰਬ ਲੋਕ ਮਿਲਿਕੈ ਤਬ ਆਏ। ਹੋਏ ਦੀਨ ਮਨ ਬੈਨ ਸੁਨਾਏ।
'ਧੰਨ ਭਾਗ ਇਹ ਸਭੈ ਜਿ ਲੋਕਾ। ਜਾਂਤੇ ਰਾਵਰਿ ਦਰਸ ਬਿਲੋਕਾ ॥੮੧ ॥

ਸਾਰੇ ਲੋਕ ਤਦ ਮਿਲਣ ਵਾਸਤੇ ਆਏ। ਬੜੇ ਨਿਮਰ ਅਤੇ ਦੀਨ ਹੋ ਕੇ ਉਨ੍ਹਾਂ ਨੇ ਕਿਹਾ, "ਇਨ੍ਹਾਂ ਸਾਰੇ ਲੋਕਾਂ ਦੇ ਧੰਨ ਭਾਗ ਹਨ ਜਿਨ੍ਹਾਂ ਆਪ ਜੀ ਦੇ ਦਰਸ਼ਨ ਕੀਤੇ ਹਨ॥ ੮੧॥

ਲੋਕ ਪ੍ਰਲੋਕਹਿ ਕੋ ਸੁਖ ਦੀਨੋ। ਸ੍ਰੀ ਹਰਿ ਕੋ ਤੁਮਰੋ ਤਨੁ ਚੀਨੋ।
ਸਭਿਹਿਨਿ ਕੋ ਧੀਰਜ ਦੇ ਸ੍ਵਾਮੀ। ਗਮਨ ਕਿਯੋ ਪੁਨ ਅੰਤਰਜਾਮੀ ॥੮੨ ॥

ਲੋਕ ਪ੍ਰਲੋਕ ਦਾ ਸੁੱਖ ਦਿੱਤਾ ਹੈ, ਅਸੀਂ ਤੁਹਾਡਾ ਸਰੀਰ ਪ੍ਰਭੂ ਦਾ ਰੂਪ ਜਾਣਿਆ ਹੈ।" ਸਾਰਿਆਂ ਨੂੰ ਧੀਰਜ ਦੇ ਕੇ ਫਿਰ ਅੰਤਰਜਾਮੀ ਗੁਰੂ ਜੀ ਅੱਗੇ ਚਲ ਪਏ॥ ੮੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਭੁਟਾਨ ਔਰ ਦੇਸ਼ਨ ਪ੍ਰਸੰਗ' ਬਰਨਨੰ ਨਾਮ ਤ੍ਰਯੋਦਸ਼ਮੋ ਅਧਯਾਯ॥ ੧੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੇਰ੍ਹਵਾਂ ਅਧਿਆਇ, ਜਿਸ ਦਾ ਨਾਮ "ਛੱਪਰੀ ਤੋੜਨੀ, ਭੁਟਾਨ, ਅਨਾਜ, ਅਗਨੀ ਰਹਿਤ ਦੇਸ਼' ਹੈ, ਸਮਾਪਤ ਹੋਇਆ ॥੧੩॥

# ਅਧਿਆਇ ਚੌਦ੍ਹਵਾਂ

*ਕਸ਼ਮੀਰ, ਵਲੀ ਕੰਧਾਰੀ, ਕਾਬਲ ਦੀ ਮਸੀਤ*

ਦੋਹਰਾ-ਹੰਤਾ ਮਮਤਾ ਜਿਨ ਤਜੀ ਹਰਖ ਸ਼ੋਕ ਇਕ ਸਾਰ।
ਤਿਨ ਸੰਤਨ ਕਰਿ ਬੰਦਨਾ ਕਰਿਹੌਂ ਕਥਾ ਉਚਾਰ॥ ੧॥

ਜਿਨ੍ਹਾਂ ਨੇ ਮੈਂ ਅਤੇ ਮੇਰੀ ਛੱਡ ਦਿੱਤੀ ਹੈ ਅਤੇ ਦੁੱਖ ਸੁੱਖ ਨੂੰ ਇਕੋ ਜਿਹਾ ਜਾਣਿਆ ਹੈ, ਤਿਨ੍ਹਾਂ ਸੰਤਾਂ ਨੂੰ ਮੱਥਾ ਟੇਕ ਕੇ ਮੈਂ ਅਗਲੀ ਕਥਾ ਉਚਾਰਨ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸੁਨਿ ਸ੍ਰੀ ਅੰਗਦ ਜਨ ਮਨ ਰੰਜਨ। ਗਮਨੇ ਗੁਰੂ ਦੀਨ ਦੁਖਭੰਜਨ।
ਜਾਇ ਪਹਾਰਨ ਕਰਤੇ ਸੈਲਾ। ਚਲਿ ਹੈਂ ਸੁਗਮ ਅਗਮ ਜੋ ਗੈਲਾ ॥੨॥

*ਭਾਈ ਬਾਲੇ ਨੇ ਕਿਹਾ- ਹੇ ਗੁਰੂ ਅੰਗਦ ਦੇਵ ਜੀ! ਦਾਸਾਂ ਦੇ ਮਨ ਪ੍ਰਸੰਨ ਕਰਨ ਵਾਲੇ! ਸੁਣੋ, ਦੀਨਾਂ ਦਾ ਦੁੱਖ ਦੂਰ ਕਰਨ ਵਾਲੇ ਗੁਰੂ ਜੀ ਪਹਾੜਾਂ ਦੀ ਸੈਰ ਕਰਦੇ ਸੌਖੇ ਔਖੇ ਰਸਤਿਆਂ ਤੇ ਚਲ ਰਹੇ ਸਨ॥ ੨॥*

ਜੋ ਕਸ਼ਮੀਰ ਕਹਾਵਤਿ ਦੇਸ਼ਾ। ਤਹਾਂ ਜਾਇ ਪਹੁੰਚੇ ਜਗਤੇਸ਼ਾ।
ਪਿਖਿ ਪਹਾਰ ਇਕ ਪੁਰੀ ਸਮੀਪਾ। ਬੈਠਿ ਗਏ ਬੇਦੀ ਕੁਲਦੀਪਾ ॥੩॥

ਜਿਸ ਦੇਸ਼ ਨੂੰ ਕਸ਼ਮੀਰ ਕਹਿੰਦੇ ਹਨ, ਉਸ ਦੇਸ਼ ਵਿਚ ਗੁਰੂ ਜੀ ਜਾ ਪਹੁੰਚੇ। ਇਕ ਨਗਰ ਦੇ ਲਾਗੇ ਇਕ ਪਹਾੜ ਵੇਖਕੇ ਗੁਰੂ ਜੀ ਬੈਠ ਗਏ॥ ੩॥

ਦ੍ਵਾਦਸ਼ ਬਾਸੁਰ ਤਹਾਂ ਬਿਤਾਏ। ਕੋ ਨ ਅਯੋ, ਨਹਿ ਕਿਨਹੂੰ ਬੁਲਾਏ।
ਤ੍ਰਯੋਦਸ਼ਵੇਂ ਦਿਨ ਜਬ ਉਜਿਯਾਰਾ। ਤਬ ਇਕ ਆਯੋ ਦੁੰਬਨ ਚਾਰਾ ॥੪॥

ਬਾਰਾਂ ਦਿਨ ਓਥੇ ਬਿਤਾਏ, ਇਨ੍ਹਾਂ ਦਿਨਾਂ ਵਿਚ ਨਾ ਕੋਈ ਓਥੇ ਆਇਆ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਨੂੰ ਬੁਲਾਇਆ। ਤੇਰ੍ਹਵੇਂ ਦਿਨ ਜਦ ਸਵੇਰ ਹੋਈ, ਤਦ ਓਥੇ ਇਕ ਆਜੜੀ ਆਇਆ॥ ੪॥

ਹਮ ਕੋ ਬੈਠੇ ਪਿਖਿ ਬਿਸਮਾਨਜੋ। ਬਹੁਰੋ ਮੁਖ ਦੁਰਬਚਨ ਬਖਾਨਜੋ।
'ਕੋ ਤੁਮ ਬੈਠੇ ਬੀਚ ਉਜਾਰਾ। ਅਹੋ ਚੋਰ ਕੈਧੋਂ ਬਟਮਾਰਾ॥ ੫॥

ਸਾਨੂੰ ਓਥੇ ਬੈਠੇ ਵੇਖ ਕੇ ਬੜਾ ਹੈਰਾਨ ਹੋਇਆ ਅਤੇ ਫਿਰ ਮੁੱਖ ਤੋਂ ਦੁਰਬਚਨ ਕਹੇ, "ਤੁਸੀਂ ਕੌਣ ਹੋ ਜਿਹੜੇ ਉਜਾੜ ਵਿਚ ਬੈਠੇ ਹੋ? ਕੀ ਤੁਸੀਂ ਚੋਰ ਜਾਂ ਰਾਹ ਮਾਰ ਭਾਵ ਡਾਕੂ ਹੋ ?॥ ੫॥

ਕਿਹ ਕੋ ਤਕਹੁ ਮਾਲ ਲੇ ਜਾਨੇ। ਪ੍ਰਗਟ ਹੋਨ ਤੇ ਆਨ ਦੁਰਾਨੇ।
ਜੇ ਤੁਮ ਹੁਤੇ ਫਕੀਰਹਿ ਸਾਚੀ। ਪੁਰਿ ਤੇ ਭਿੱਖਜਾ ਕਰਤੇ ਜਾਚੀ॥ ੬॥

ਕਿਸ ਦਾ ਮਾਲ ਲੈ ਜਾਣ ਵਾਸਤੇ ਤੱਕ ਰਹੇ ਹੋ? ਜਾਹਰ ਹੋਣ ਤੋਂ ਡਰਦੇ ਹੋ। ਜੇ ਤੁਸੀਂ ਸੱਚੇ ਫਕੀਰ ਹੁੰਦੇ ਤਾਂ ਨਗਰ ਵਿਚ ਭਿਖਿਆ ਮੰਗਣ ਜਾਂਦੇ॥ ੬॥

ਬੇਖ ਫਕੀਰ ਧਰਜੋ ਤਨ ਮਾਂਹੀ। ਸਾਚੇ ਤੁਮ ਫਕੀਰ ਹੋ ਨਾਂਹੀ'।
ਸੁਨਿਕੈ ਬਿਗਸੇ ਮੰਦ ਕ੍ਰਿਪਾਲਾ। 'ਕਿਉਂ ਤੁਝ ਚਿੰਤਾ ਬਢੀ ਬਿਸਾਲਾ॥੭॥

ਸਰੀਰ ਤੇ ਫਕੀਰੀ ਭੇਸ ਧਾਰਨ ਕੀਤਾ ਹੈ, ਤੁਸੀਂ ਸੱਚੇ ਫਕੀਰ ਨਹੀਂ ਹੋ।" ਇਹ ਸੁਣ ਕੇ ਗੁਰੂ ਜੀ ਹੌਲੀ-ਹੌਲੀ ਮੁਸਕਰਾਏ ਅਤੇ ਬੋਲੇ, "ਤੈਨੂੰ ਵੱਡੀ ਚਿੰਤਾ ਕਿਉਂ ਲੱਗੀ ਹੋਈ ਹੈ ?॥ ੭॥

ਜਹਿਂ ਦੁੰਬੇ ਚਾਰਨ ਕੋ ਛੋਰੇ। ਜਾਇ ਸਮ੍ਹਾਰਿ ਲੇਹੁ ਤਿਹ ਠੋਰੇ।
ਇਹ ਤੇਰੇ ਉਰ ਦਯਾ ਨ ਆਈ। ਕਰੀਏ ਸੰਤਨ ਸੇਵਾ ਚਾਈ॥ ੮॥

ਦੁੰਬੇ ਚਾਰਨੇ ਛੱਡ ਕੇ ਆਇਆ ਹੈਂ, ਜਾ ਕੇ ਉਨ੍ਹਾਂ ਨੂੰ ਸੰਭਾਲ ਲਵੇਂ। ਤੇਰੇ ਦਿਲ ਵਿਚ ਦਇਆ ਨਹੀਂ ਆਈ ਹੈ, ਸੰਤਾਂ ਦੀ ਸੇਵਾ ਖੁਸ਼ ਹੋ ਕੇ ਕਰਨੀ ਚਾਹੀਦੀ ਹੈ॥ ੮॥

ਬਹੁਰੋ ਕਹਤਿ ਦੋਖ ਕੇ ਬੈਨਾਂ। ਹਿਰਦੇ ਪਰਮੇਸੁਰ ਕੋ ਭੈ ਨਾ'।
ਸੁਨਤਿ ਅਜਾਲ ਗਯੋ ਤਿਹ ਓਰੇ। ਜਿਹ ਠਾਂ ਦੁੰਬੇ ਚਰਨੇ ਛੋਰੇ॥ ੯॥

ਉਲਟਾ ਦੁਖਾਉਣ ਵਾਲੇ ਬੋਲ ਬੋਲਦਾ ਹੈਂ, ਤੇਰੇ ਹਿਰਦੇ ਵਿਚ ਪਰਮੇਸ਼ਰ ਦਾ ਭੈਅ ਨਹੀਂ ਹੈ।" ਇਹ ਸੁਣ ਕੇ ਆਜੜੀ ਉਸ ਪਾਸੇ ਚਲੇ ਗਿਆ ਜਿੱਥੇ ਉਹ ਦੁੰਬੇ ਚਰਨੇ ਛੱਡ ਆਇਆ ਸੀ॥ ੯॥

ਜਬਹੀ ਜਾਇ ਬਿਲੋਕਨ ਕੀਨੇ। ਪਰੇ ਧਰਾ ਪਰ ਪ੍ਰਾਨਨ ਹੀਨੇ।
ਦੇਖਤਿ ਹੀ ਹਿਰਦੇ ਬਿਸਮਾਨਜੋ। ਭਾ ਅਚਰਜ ਕੁਛ ਜਾਇ ਨ ਜਾਨਜੋ॥੧੦॥

ਜਦ ਉਸ ਜਾ ਕੇ ਦੁੰਬਿਆਂ ਨੂੰ ਵੇਖਿਆ ਤਾਂ ਉਹ ਸਾਰੇ ਪ੍ਰਾਣਹੀਨ ਧਰਤੀ ਤੇ ਪਏ ਸਨ। ਵੇਖਦਿਆਂ ਹੀ ਹਿਰਦੇ ਵਿਚ ਬਹੁਤ ਹੈਰਾਨ ਹੋਇਆ। ਬੜੀ ਅਸਚਰਜ ਘਟਨਾ ਸੀ, ਜਿਸ ਨੂੰ ਜਾਣਿਆ ਨਹੀਂ ਸੀ ਜਾ ਸਕਦਾ॥ ੧੦॥

ਜੇ ਦੁੰਬਨ ਕੇ ਖਾਵੰਦ ਅਹਿਹੂੰ। ਤਿਨ ਸੋਂ ਜਾਇ ਬੈਨ ਕੋ ਕਹਿਹੂੰ ?।
ਬਾਂਧਿ ਲੇਹਿਂ ਮੇਰੋ ਪਰਵਾਰਾ। ਤਿਨਤੇ ਕਰੈ ਕੌਨ ਛੁਟਕਾਰਾ॥ ੧੧॥

ਸੋਚਣ ਲੱਗਾ ਕਿ ਜਿਹੜੇ ਦੁੰਬਿਆਂ ਦੇ ਮਾਲਕ ਹਨ, ਉਨ੍ਹਾਂ ਨੂੰ ਜਾਕੇ ਮੈਂ ਕੀ ਕਹਾਂਗਾ? ਉਹ ਮੇਰੇ ਪਰਿਵਾਰ ਨੂੰ ਬੰਨ੍ਹ ਲੈਣਗੇ, ਉਨ੍ਹਾਂ ਪਾਸੋਂ ਮੇਰਾ ਕੌਣ ਛੁਟਕਾਰਾ ਕਰਵਾਏਗਾ ?॥ ੧੧॥

ਮੂਰਖ ਅਧਿਕ ਬਿਸੂਰਨ ਲਾਗਾ। ਚਿੰਤਾ ਕਰਤਿ ਧੀਰ ਉਰ ਭਾਗਾ।
ਕਰਤਿ ਬਿਚਾਰ ਰਿਦੈ ਅਸ ਆਈ। ਮੈਂ ਸੰਤਨ ਸੋਂ ਪਰੁਖ ਅਲਾਈ ॥੧੨ ॥

ਮੂਰਖ ਬਹੁਤ ਝੂਰਨ ਲੱਗਾ, ਹਿਰਦੇ ਵਿਚ ਬਹੁਤ ਚਿੰਤਾ ਧਾਰਨ ਕੀਤੀ ਹੋਈ ਸੀ। ਫਿਰ ਹਿਰਦੇ ਵਿਚ ਵਿਚਾਰ ਕੀਤੀ ਕਿ ਮੈਂ ਸੰਤਾਂ ਨੂੰ ਬੜੇ ਕਠੋਰ ਬਚਨ ਕਹੇ ਹਨ॥ ੧੨ ॥

ਤਿਹ ਦੁਖਾਇ ਮੈਂ ਇਹ ਫਲ ਪਾਵਾ। ਕਰਿ ਨਿਰਨੈ ਐਸੇ ਠਹਿਰਾਵਾ।
ਤੂਰਨ ਦੌਰ ਜਿ ਬਹੁ ਅਕੁਲਾਵਾ। ਆਇ ਗੁਰੂ ਪਗ ਸੀਸ ਝੁਕਾਵਾ ॥੧੩ ॥

ਉਨ੍ਹਾਂ ਨੂੰ ਦੁਖੀ ਕਰਕੇ ਮੈਂ ਇਹ ਫਲ ਪਾਇਆ ਹੈ, ਨਿਰਣਾ ਕਰਕੇ ਉਸ ਇਹ ਗੱਲ ਪੱਕੀ ਮੰਨ ਲਈ। ਬਹੁਤ ਵਿਆਕੁਲ ਹੋ ਕੇ ਤੁਰਤ ਦੌੜਿਆ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਸਿਰ ਝੁਕਾਇਆ॥ ੧੩ ॥

ਪਰਜੋ ਰਹਯੋ ਨਹਿਂ ਉਠਤਿ ਉਠਾਯੋ। ਤਿਹ ਬਿਲੋਕਿ ਗੁਰ ਬੈਨ ਅਲਾਯੋ।
'ਕੋ ਕਾਰਜ ਬਿਗਰਜੋ ਹੈ ਤੇਰੋ ?। ਮੁਰਿ ਆਯੋ ਭੈ ਕੀਨ ਘਨੇਰੋ' ॥੧੪ ॥

ਕਾਫੀ ਦੇਰ ਸਿਰ ਨੂੰ ਚਰਨਾਂ ਤੇ ਲਾਈ ਰਖਿਆ ਅਤੇ ਉਠਿਆ ਨਹੀਂ। ਉਸ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਤੇਰਾ ਕਿਹੜਾ ਕੰਮ ਵਿਗੜ ਗਿਆ ਹੈ ? ਬਹੁਤ ਭੈ-ਭੀਤ ਹੋ ਕੇ ਮੁੜ ਆਇਆ ਹੈਂ"॥ ੧੪ ॥

'ਸੁਨਹੁ ਸੰਤ ਜੀ ਕਹਾ ਬਖਾਨੌਂ। ਤੁਮ ਅੰਤਰਜਾਮੀ ਸਭਿ ਜਾਨੋ।
ਤਦਪਿ ਆਪਨੇ ਬੂਝਨ ਕੀਨਾ। ਅਚਰਜ ਸੁਨਹੁ, ਕਹਉਂ ਹ੍ਵੈ ਦੀਨਾ ॥੧੫ ॥

ਕਹਿਣ ਲੱਗਾ, "ਹੇ ਸੰਤ ਜੀ ਸੁਣੋ, ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ। ਤਦ ਹੀ ਆਪ ਨੇ ਪੁਛਿਆ ਹੈ। ਮੈਂ ਦੀਨ ਹੋ ਕੇ ਕਹਿੰਦਾ ਹਾਂ ਕਿ ਬਹੁਤ ਅਸਚਰਜ ਹੋਇਆ ਹੈ॥ ੧੫ ॥

ਮੈਂ ਥੋ ਦੁੰਬਨ ਕੇਰਿ ਚਰਾਵਾ। ਤਿਨਹਿ ਛੋਰਿ ਤੁਮਰੇ ਢਿਗ ਆਵਾ।
ਜਬ ਮੈਂ ਬੋਲਜੋ ਬਚਨ ਕਠੋਰੇ। ਤਬ ਹੀ ਮਰਿਗੇ ਦੁੰਬੇ ਮੋਰੇ॥ ੧੬ ॥

ਮੈਂ ਦੁੰਬਿਆਂ ਦਾ ਚਰਵਾਹਾ ਹਾਂ, ਉਨ੍ਹਾਂ ਨੂੰ ਛੱਡ ਕੇ ਮੈਂ ਤੁਹਾਡੇ ਪਾਸ ਆਇਆ ਸੀ। ਜਦ ਮੈਂ ਤੁਹਾਨੂੰ ਕਠੋਰ ਬਚਨ ਬੋਲੇ ਤਦ ਹੀ ਮੇਰੇ ਸਾਰੇ ਦੁੰਬੇ ਮਰ ਗਏ॥ ੧੬ ॥

ਬਖਸ਼ਹੁ ਜਿਤੋ ਕਰਜੋ ਅਪਰਾਧੂ। ਖਿਮਾ ਰੂਪ ਕਰੁਨਾਕਰ ਸਾਧੂ !।
ਜੇ ਘਰਿ ਜਾਵੋਂ ਨਰ ਗਹਿ ਆਈ। ਭਗੋਂ ਵਹਿਰ ਪਰਵਾਰ ਗਹਾਈ ॥੧੭ ॥

ਮੈਂ ਜਿਹੜਾ ਅਪਰਾਧ ਕੀਤਾ ਹੈ ਉਸ ਨੂੰ ਬਖਸ਼ ਦੇਵੋ, ਤੁਸੀਂ ਖਿਮਾਂ ਰੂਪ ਬੜੇ ਕਿਰਪਾਲੂ ਸਾਧੂ ਹੋ। ਜੇ ਮੈਂ ਘਰ ਜਾਵਾਂਗਾ ਤਾਂ ਮਾਲਕ ਮੈਨੂੰ ਫੜ ਲੈਣਗੇ, ਜੇ ਮੈਂ ਭੱਜਾਂਗਾ ਤਾਂ ਮੇਰੇ ਪਰਿਵਾਰ ਨੂੰ ਫੜ ਲੈਣਗੇ॥ ੧੭॥

ਰਹਯੋ ਨ ਥਾਨ ਕਹੂੰ ਮੁਝ ਜਾਨੈ। ਸ਼ਰਨ ਅਯੋ ਮੈਂ ਕ੍ਰਿਪਾਨਿਧਾਨੇ !।
ਇਕ ਤੋ ਗਈ ਜੀਵਕਾ ਸਾਰੀ। ਦੁਤਿਯ ਗਹੈਂ ਨਰ ਦੇਵਹਿਂ ਗਾਰੀ' ॥੧੮ ॥

ਮੇਰੇ ਜਾਣ ਵਾਸਤੇ ਹੁਣ ਕੋਈ ਵੀ ਥਾਂ ਬਚਿਆ ਨਹੀਂ ਹੈ। ਮੈਂ ਹੁਣ ਆਪ ਜੀ ਦੀ ਸ਼ਰਨ ਆਇਆ ਹਾਂ, ਇਕ ਤਾਂ ਮੇਰੀ ਨੌਕਰੀ ਗਈ ਹੈ, ਦੂਸਰਾ ਮਾਲਕ ਫੜ ਕੇ ਗਾਲ੍ਹਾਂ ਦੇਣਗੇ" ॥ ੧੮ ॥

ਸੁਨਿਕੈ ਕ੍ਰਿਪਾ ਕੀਨਿ ਗੁਨਖਾਨੀ। ਬਿਗਸਤਿ ਮੰਦ ਕਹੀ ਮ੍ਰਿਦੁ ਬਾਨੀ।
'ਜਹਾਂ ਮਰੇ ਹੈਂ ਦੁੰਬੇ ਤੇਰੇ। ਚਲਿ ਕਰਿ ਜਾਉ ਅਬੈ ਤਿਸ ਠੋਰੇ ॥੧੯ ॥

ਇਹ ਸੁਣ ਗੁਣਾਂ ਦੀ ਖਾਣ, ਗੁਰੂ ਜੀ ਨੇ ਕਿਰਪਾ ਕੀਤੀ। ਥੋੜਾ ਜਿਹਾ ਮੁਸਕਰਾ ਕੇ ਕੋਮਲ ਬਚਨ ਕਹੇ, "ਜਿਥੇ ਤੇਰੇ ਦੁੰਬੇ ਮਰੇ ਹਨ, ਹੁਣੇ ਹੀ ਓਥੇ ਚਲੇ ਜਾਵੋ॥ ੧੯॥

ਵਾਹਿਗੁਰੂ ਮੁਖ ਨਾਮ ਉਚਰਿਯੈ। ਦੁੰਬੇ ਸਰਬ ਜਿਵਾਇ ਉਠਰਿਯੈ'।
ਸੁਨਤਿ ਬਚਨ ਹਿਰਦੇ ਹਰਖਾਨਾ। ਕਰਿ ਬੰਦਨ ਗਮਨਯੋ ਤਿਹ ਥਾਨਾ ॥੨੦॥

ਆਪਣੇ ਮੁੱਖ ਤੋਂ ਵਾਹਿਗੁਰੂ ਦਾ ਨਾਮ ਉਚਾਰਨ ਕਰੋ, ਸਾਰੇ ਦੁੰਬੇ ਜੀਅ ਕੇ ਉੱਠ ਪੈਣਗੇ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ। ਬੰਦਨਾ ਕਰਕੇ ਉਸ ਥਾਂ ਚਲਾ ਗਿਆ॥ ੨੦॥

'ਵਾਹਿਗੁਰੂ' ਕਹਿ ਸਭੈ ਜਿਵਾਰੇ। ਉਠਿਕੈ ਚਰਨਿ ਲਗੇ ਪੁਨ ਸਾਰੇ।
ਇਸ ਪ੍ਰਕਾਰ ਕੋ ਅਚਰਜ ਦੇਖਾ। ਹਿਰਦੈ ਚੌਂਕ੍ਰਿਤ ਭਯੋ ਵਿਸ਼ੇਖਾ ॥੨੧॥

'ਵਾਹਿਗੁਰੂ' ਕਹਿ ਕੇ ਸਭ ਨੂੰ ਜੀਊਂਦਾ ਕਰ ਲਿਆ, ਉਠ ਕੇ ਸਾਰੇ ਹੀ ਚਰਨ ਲੱਗ ਗਏ। ਇਸ ਪ੍ਰਕਾਰ ਬੜਾ ਅਸਚਰਜ ਵੇਖਿਆ ਅਤੇ ਹਿਰਦੇ ਵਿਚ ਬਹੁਤ ਹੈਰਾਨ ਹੋਇਆ॥ ੨੧॥

ਤਹਿੰ ਸਥਾਨ ਦੁੰਬੇ ਤਜਿ ਬ੍ਰਿੰਦਾ। ਬੈਠਯੋ ਨਿਕਟਿ ਆਨਿ ਸੁਖਕੰਦਾ।
ਕਹੈ ਕਿ 'ਅਬ ਮੈਂ ਕਹੂੰ ਨ ਜਾਵੋਂ। ਤੁਮਰੇ ਪਗ ਕੀ ਸੇਵਾ ਕਮਾਵੋਂ' ॥੨੨॥

ਦੁੰਬਿਆਂ ਨੂੰ ਓਥੇ ਹੀ ਛੱਡ ਕੇ, ਸੁੱਖਾਂ ਦੇ ਦਾਤੇ ਭਾਵ ਗੁਰੂ ਜੀ ਪਾਸ ਆ ਬੈਠਾ ਅਤੇ ਕਿਹਾ, "ਹੁਣ ਮੈਂ ਕਿਤੇ ਨਹੀਂ ਜਾਵਾਂਗਾ, ਤੁਹਾਡੇ ਚਰਨਾਂ ਦੀ ਸੇਵਾ ਕਮਾਵਾਂਗਾ॥ ੨੨॥

ਤਿਹ ਕਹਿ ਰਹੇ, ਨ ਗਯੋ ਅਵਾਸਾ। ਰਹਯੋ ਰੈਨ ਸਤਿਗੁਰ ਕੇ ਪਾਸਾ।
ਭਈ ਭੋਰ ਦੁੰਬਨ ਕੇ ਮਾਲਿਕ। ਖੋਜਨ ਲਗੇ ਬਿਪਨ ਤਤਕਾਲਕ ॥੨੩॥

ਗੁਰੂ ਜੀ ਉਸ ਨੂੰ ਕਹਿ ਰਹੇ, ਪਰ ਉਹ ਆਪਣੇ ਘਰ ਨਾ ਗਿਆ। ਸਾਰੀ ਰਾਤ ਸਤਿਗੁਰੂ ਜੀ ਦੇ ਪਾਸ ਹੀ ਰਿਹਾ। ਜਦ ਸਵੇਰ ਹੋਈ ਤਾਂ ਦੁੰਬਿਆਂ ਦੇ ਮਾਲਕ ਤੁਰੰਤ ਜੰਗਲ ਵਿਚ ਆ ਕੇ ਉਸ ਨੂੰ ਖੋਜਣ ਲੱਗੇ॥ ੨੩॥

ਸਤਿਗੁਰ ਨਿਕਟਿ ਕਿਤਿਕ ਨਰ ਆਏ। ਤਿਸਹਿ ਬਿਲੋਕਤਿ ਬੈਨ ਅਲਾਏ।
'ਜਢ! ਤੂੰ ਬੈਠਿ ਰਹਯੋ ਇਹ ਥਾਏ। ਸਗਰੇ ਦੁੰਬੇ ਕਹਾਂ ਗਵਾਏ? ॥੨੪॥

ਸਤਿਗੁਰੂ ਜੀ ਪਾਸ ਕੁਝ ਮਨੁੱਖ ਆਏ, ਆਜੜੀ ਨੂੰ ਵੇਖ ਕੇ ਉਨ੍ਹਾਂ ਕਿਹਾ, "ਮੂਰਖ! ਤੂੰ ਇਸ ਥਾਂ ਬੈਠ ਰਿਹਾ ਹੈਂ, ਸਾਰੇ ਦੁੰਬੇ ਕਿੱਥੇ ਗਵਾ ਦਿੱਤੇ ਹਨ?॥ ੨੪॥

ਕਿਹ ਸਥਾਨ ਮਹਿੰ ਦੀਨ ਦੁਰਾਏ। ਗਹਿ ਮਾਰਹਿੰ ਨਤੁ ਦੇਹੁ ਬਤਾਏ'।
ਸੁਣਿ ਕਰਿ ਬੋਲਯੋ ਬਚਨ ਅਯਾਲੀ। 'ਇਹਾਂ ਨ ਬੋਲਹੁ ਗਿਰਾ ਕੁਢਾਲੀ ॥੨੫॥

ਕਿਸ ਥਾਂ ਲੁਕਾ ਦਿੱਤੇ ਹਨ, ਫੜ ਕੇ ਬਹੁਤ ਮਾਰਾਂਗੇ, ਨਹੀਂ ਤਾਂ ਦੱਸ ਦੇ।" ਇਹ ਸੁਣ ਕੇ ਆਜੜੀ ਬੋਲਿਆ, "ਏਥੇ ਮਾੜੇ ਬਚਨ ਨਾ ਬੋਲੋ॥ ੨੫॥

ਸੰਤ ਨਿਕਟਿ ਕਲ ਮੈਂ ਜਬ ਆਵਾ। ਕਰੀ ਬਿਅਦਬੀ ਪਰੁਖ ਅਲਾਵਾ।
ਭਾ ਤਤਛਿਨ ਦੁੰਬਨ ਕੋ ਨਾਸ਼ਾ। ਤਿਨ ਪਿਖਿ ਪੁਨ ਆਯੋ ਇਨ ਪਾਸਾ ॥੨੬॥

ਸੰਤ ਦੇ ਨੇੜੇ ਜਦ ਕਲ ਮੈਂ ਆਇਆ ਸੀ ਤਾਂ ਮੈਂ ਕਠੋਰ ਬਚਨ ਬੋਲ ਕੇ ਇਨ੍ਹਾਂ ਦੀ ਬੇਅਦਬੀ ਕੀਤੀ ਸੀ। ਓਸੇ ਵੇਲੇ ਸਾਰੇ ਦੁੰਬੇ ਮਰ ਗਏ ਸਨ, ਇਹ ਵੇਖ ਕੇ ਫਿਰ ਮੈਂ ਇਨ੍ਹਾਂ ਦੇ ਪਾਸ ਆਇਆ॥ ੨੬॥

ਆਨਿ ਬੇਨਤੀ ਕੀਨਿ ਅਗਾਰੀ। ਬੰਦੇ ਚਰਨ ਮਹਾਂ ਸੁਖਕਾਰੀ।

ਸੁਨਤਿ ਸੰਤ ਇਨ ਬਚਨ ਉਚਾਰੇ। ਵਾਹਿਗੁਰੂ ਕਹਿ ਲੇਹੁ ਜਿਵਾਰੇ ॥੨੭॥

ਮੈਂ ਆ ਕੇ ਇਨ੍ਹਾਂ ਅੱਗੇ ਬੇਨਤੀ ਕੀਤੀ। ਮਹਾਨ ਸੁਖਕਾਰੀ ਸੰਤਾਂ ਦੇ ਚਰਨਾਂ ਤੇ ਬੰਦਨਾ ਕੀਤੀ। ਇਹ ਸੁਣ ਕੇ ਸੰਤਾਂ ਇਹ ਬਚਨ ਕੀਤੇ, ਵਾਹਿਗੁਰੂ ਕਹਿ ਕੇ ਜੀਵਤ ਕਰ ਲਵੋ॥ ੨੭॥

ਜਾਇ ਤਹਾਂ ਸੋ ਬਿਧਿ ਮੈਂ ਕੀਨੰ। ਮਾਰੇ ਜਿਤੇ ਜਿਵਾਇ ਸੁ ਦੀਨੰ।
ਇਹ ਮੂਰਤ ਹੈ ਆਪ ਖੁਦਾਇ। ਮੁਝ ਤੇ ਸੰਗ ਨ ਛੋੜਯੋ ਜਾਇ ॥੨੮॥

ਮੈਂ ਮਰੇ ਹੋਏ ਦੁੰਬਿਆਂ ਪਾਸ ਜਾ ਕੇ ਜਦ ਉਨ੍ਹਾਂ ਦੀ ਆਗਿਆ ਅਨੁਸਾਰ ਵਾਹਿਗੁਰੂ ਕਿਹਾ ਤਾਂ ਜਿੰਨੇ ਵੀ ਦੁੰਬੇ ਮਰੇ ਸਨ ਸਾਰੇ ਜੀਵਤ ਹੋ ਗਏ। ਇਹ ਖੁਦਾ ਦੀ ਆਪ ਮੂਰਤ ਹੈ, ਮੇਰੇ ਪਾਸੋਂ ਇਨ੍ਹਾਂ ਦਾ ਸਾਥ ਨਹੀਂ ਛੱਡਿਆ ਜਾਂਦਾ ॥ ੨੮॥

ਦੁੰਬੇ ਚਾਰਨ ਤੁਮਰੇ ਤਜਾਗੇ। ਖੋਜਿ ਲੇਹੁ ਬਨ ਮੈਂ ਅਬ ਆਗੇ॥
ਮੋਰ ਭਰੋਸਾ ਛੋਰਿ ਬਹੋਰੀ। ਮਾਲ ਸੰਭਾਰਹੁ ਬਿਪਨ ਢੰਢੋਰੀ ॥੨੯॥

ਮੈਂ ਤੁਹਾਡੇ ਦੁੰਬੇ ਚਾਰਨੇ ਹੁਣ ਛੱਡ ਦਿੱਤੇ ਹਨ, ਅੱਗੇ ਜਾ ਕੇ ਜੰਗਲ ਵਿਚ ਉਨ੍ਹਾਂ ਨੂੰ ਲੱਭ ਲਵੋ। ਮੇਰੇ ਤੇ ਭਰੋਸਾ ਹੁਣ ਛੱਡ ਦੇਵੋ, ਜੰਗਲ ਵਿਚੋਂ ਲਭ ਕੇ ਆਪਣਾ ਮਾਲ ਸੰਭਾਲ ਲਵੋ॥ ੨੯॥

ਮਾਨਵ ਸਰਬ ਸੁਨੇ ਬਿਸਮਾਨੇ। ਸਾਚ ਬ੍ਰਿਤਾਂਤ ਜਬਹਿ ਮਨ ਜਾਨੇ।
ਗੁਰ ਪਦ ਬੰਦਨ ਕੀਨੀ ਸਭਿਹੀ। ਖੋਜਯੋ ਬਹੁਤ ਬਿਪਨ ਕੋ ਤਬਹੀ ॥੩੦॥

ਸਾਰੇ ਮਨੁੱਖ ਸੁਣ ਕੇ ਬਹੁਤ ਹੈਰਾਨ ਹੋਏ, ਸਾਰਾ ਬ੍ਰਿਤਾਂਤ ਉਨ੍ਹਾਂ ਮਨ ਵਿਚ ਸੱਚਾ ਜਾਣਿਆ। ਸਾਰਿਆਂ ਨੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਫਿਰ ਦੁੰਬਿਆਂ ਨੂੰ ਖੋਜਣ ਵਾਸਤੇ ਜੰਗਲ ਵਿਚ ਚਲੇ ਗਏ॥ ੩੦॥

ਦੁੰਬੇ ਲੇ ਨਗਰੀ ਮਹਿਂ ਆਏ। ਜਸ ਗੁਰ ਕਾ ਤਬ ਬਢਯੋ ਮਹਾਏ।
ਸਭੀ ਲੋਗ ਮਿਲਿ ਚਰਨੀ ਲਾਗੇ। ਭੇਟਾ ਧਰਹਿਂ ਉਪਾਇਨ ਆਗੇ ॥੩੧॥

ਫਿਰ ਦੁੰਬੇ ਲੈ ਕੇ ਨਗਰੀ ਵਿਚ ਆ ਗਏ ਤੇ ਗੁਰੂ ਜੀ ਦਾ ਬਹੁਤ ਜੱਸ ਵਧਿਆ। ਸਾਰੇ ਲੋਕ ਮਿਲ ਕੇ ਚਰਨੀਂ ਲੱਗੇ, ਭੇਟਾ ਅਤੇ ਉਪਹਾਰ ਅੱਗੇ ਰੱਖ ਕੇ ਮੱਥਾ ਟੇਕਦੇ ਸਨ॥ ੩੧॥

ਖੁਸ਼ੀ ਹੋਨਿ ਸ੍ਰੀ ਗੁਰ ਕੀ ਲਾਗੀ। ਪਾਹੁਲ ਲੇਨਿ ਲਗੇ ਬਡਿਭਾਗੀ।
ਸਤਿਗੁਰ ਕੋ ਸਿਮਰਨ ਮੁਖ ਕਰਿਹੀਂ। ਸਰਬ ਬਿਕਾਰ ਰਿਦੈ ਪਰਹਿਰਿਹੀਂ ॥੩੨॥

ਗੁਰੂ ਜੀ ਨੂੰ ਮਿਲ ਕੇ ਬਹੁਤ ਖੁਸ਼ ਹੁੰਦੇ ਸਨ ਅਤੇ ਵੱਡੇ ਭਾਗਾਂ ਵਾਲੇ ਗੁਰੂ ਜੀ ਦੀ ਚਰਨ ਪਾਹੁਲ ਲੈਣ ਲੱਗੇ। ਆਪਣੇ ਮੂੰਹ ਤੋਂ ਸਤਿਗੁਰੂ ਦਾ ਸਿਮਰਨ ਕਰਦੇ ਸਨ ਅਤੇ ਸਾਰੇ ਵਿਕਾਰ ਹਿਰਦੇ ਵਿਚੋਂ ਦੂਰ ਕਰਦੇ ਸਨ॥ ੩੨॥

ਪੁਰਿ ਮਹਿਂ ਗਵਨੇ ਪੁਨ ਗੁਨਖਾਨੀ। ਧਰਮਸਾਲ ਇਕ ਰਚੀ ਮਹਾਨੀ।
ਨਾਮ ਦਾਨ ਇਸ਼ਨਾਨ ਦ੍ਰਿੜਾਯੋ। ਸਿੱਖੀ ਮਗ ਤਿਸ ਦੇਸ਼ ਚਲਾਯੋ ॥੩੩॥

ਗੁਰੂ ਜੀ ਫਿਰ ਨਗਰ ਦੇ ਵਿਚ ਚਲੇ ਗਏ, ਓਥੇ ਇਕ ਮਹਾਨ ਧਰਮਸਾਲਾ ਬਣਾਈ। ਨਾਮ ਦਾਨ ਤੇ ਇਸ਼ਨਾਨ ਦ੍ਰਿੜ ਕਰਵਾਇਆ, ਉਸ ਦੇਸ਼ ਵਿਚ ਸਿੱਖੀ ਮਾਰਗ ਨੂੰ ਚਲਾਇਆ॥ ੩੩॥

ਮਹਿਮਾ ਪੁਰਿ ਮਹਿਂ ਬਧੀ ਅਪਾਰਾ। ਲਿਖਹਿਂ ਸ਼ਬਦ ਗੁਰ ਕਰਹਿਂ ਉਚਾਰਾ।
ਪਢਹਿਂ ਪ੍ਰੀਤ ਸੋਂ ਕੀਰਤਿ ਕਰਿਹੀਂ। ਸ੍ਰੀ ਨਾਨਕ ਮਹਿਂ ਸ਼ਰਧਾ ਧਰਿਹੀਂ ॥੩੪॥

ਨਗਰ ਵਿਚ ਗੁਰੂ ਜੀ ਦੀ ਅਪਾਰ ਮਹਿਮਾ ਵਧੀ। ਜਿਨ੍ਹਾਂ ਸ਼ਬਦਾਂ ਦਾ ਗੁਰੂ ਜੀ ਉਚਾਰਨ ਕਰਦੇ ਸਨ, ਉਨ੍ਹਾਂ ਨੂੰ ਉਹ

ਲਿਖ ਲੈਂਦੇ ਸਨ। ਬੜੇ ਪ੍ਰੇਮ ਨਾਲ ਪੜ੍ਹਦੇ ਸਨ ਅਤੇ ਕੀਰਤਨ ਕਰਦੇ ਸਨ। ਗੁਰੂ ਨਾਨਕ ਜੀ ਵਿਚ ਉਹ ਪੂਰਨ ਸ਼ਰਧਾ ਧਾਰਨ ਕਰਦੇ ਸਨ॥ ੩੪॥

ਤਹਿਂ ਇਕ ਪੰਡਿਤ ਰਹਤਿ ਸੁਜਾਨਾ। ਸਭਿ ਬਿਦਿਆ ਮੈਂ ਨਿਪੁਨ ਨਿਧਾਨਾ।
ਸ੍ਰੀ ਨਾਨਕ ਮਹਿਮਾ ਤਿਨ ਸੁਨੀ। ਦਰਸ਼ਨ ਕਰੋਂ ਰਿਦੈ ਅਸ ਗੁਨੀ॥ ੩੫॥

ਓਥੇ ਇਕ ਚਤੁਰ ਪੰਡਿਤ ਰਹਿੰਦਾ ਸੀ। ਉਹ ਸਾਰੀਆਂ ਵਿਦਿਆਵਾਂ ਵਿਚ ਨਿਪੁੰਨ ਸੀ। ਜਦ ਉਸ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਸੁਣੀ ਤਦ ਉਸ ਮਨ ਵਿਚ ਉਨ੍ਹਾਂ ਦੇ ਦਰਸ਼ਨ ਕਰਨ ਬਾਰੇ ਸੋਚਿਆ॥ ੩੫॥

ਪੁਸਤਕ ਲਦੇ ਉਸ਼ਟ ਜਿਨ ਦੋਊ। ਗਮਨਤਿ ਸੰਗ ਰਹਤਿ ਹੈਂ ਸੋਊ।
ਸਾਲਗਰਾਮ ਗਲੇ ਮਹਿਂ ਪਾਵਾ। ਤਨ ਮਹਿਂ ਦ੍ਵਾਦਸ਼ ਤਿਲਕ ਲਗਾਵਾ॥ ੩੬॥

ਉਸ ਦੇ ਊਠ ਪੁਸਤਕਾਂ ਨਾਲ ਲੱਦੇ ਹੋਏ ਸਨ, ਜਿਥੇ ਵੀ ਜਾਂਦਾ ਸੀ ਉਨ੍ਹਾਂ ਨੂੰ ਨਾਲ ਲੈ ਜਾਂਦਾ ਸੀ। ਸਾਲਗਰਾਮ ਗਲ ਵਿਚ ਪਾਇਆ ਹੋਇਆ ਸੀ ਅਤੇ ਸਰੀਰ ਉਤੇ ਬਾਰਾਂ ਤਿਲਕ ਲਾਏ ਹੋਏ ਸਨ॥ ੩੬॥

(ਨੋਟ:-ਵੈਸ਼ਨਵ ਮੱਤ ਵਾਲੇ, ਮੱਥੇ, ਕੰਠ, ਛਾਤੀ, ਪੇਟ, ਦੋਹਾਂ ਵੱਖੀਆਂ, ਦੋਹਾਂ ਮੋਢਿਆ, ਦੋਹਾਂ ਬਾਹਾਂ, ਪਿੱਠ ਅਤੇ ਲੱਕ ਤੇ ਤਿਲਕ ਲਾਉਂਦੇ ਹਨ)

ਜਹਿਂ ਬੈਠੇ ਬੇਦੀ ਕੁਲਦੀਪਾ। ਸੋ ਪੰਡਿਤ ਚਲਿ ਆਇ ਸਮੀਪਾ।
ਬੈਠਜੋ ਰਾਮ ਰਾਮ ਕੋ ਕਰਿ ਕੈ। ਬਿੱਦਜਾ ਗਰਬ ਰਹਜੋ ਉਰ ਭਰਿਕੈ॥ ੩੭॥

ਜਿਥੇ ਗੁਰੂ ਜੀ ਬੈਠੇ ਸਨ, ਉਹ ਪੰਡਿਤ ਚਲ ਕੇ ਉਨ੍ਹਾਂ ਪਾਸ ਆ ਗਿਆ। 'ਰਾਮ ਰਾਮ' ਕਹਿ ਕੇ ਉਹ ਬੈਠ ਗਿਆ, ਉਸ ਦੇ ਮਨ ਵਿਚ ਵਿਦਿਆ ਦਾ ਬੜਾ ਘੁਮੰਡ ਸੀ॥ ੩੭॥

ਬੋਲਜੋ ਬਹੁਰੋ ਬਚਨ ਦੁਰਾਸਾ। 'ਸੰਤ ਹੋਇ ਕਿਉਂ ਖਾਵਤਿ ਮਾਸਾ?।
ਕਿਉਂ ਤਨ ਉਪਰ ਚਰਮੰ ਲੀਨਾ। ਇਹ ਤੁਮ ਕਰਮ ਵਿਪਰਜੈ ਕੀਨਾ॥ ੩੮॥

ਫਿਰ ਉਸ ਨੇ ਖੋਟਾ ਬਚਨ ਬੋਲਿਆ, "ਸੰਤ ਹੋ ਕੇ ਤੁਸੀਂ ਮਾਸ ਕਿਉਂ ਖਾਂਦੇ ਹੋ? ਸਰੀਰ ਉਤੇ ਚੰਮ ਕਿਉਂ ਪਹਿਨਿਆ ਹੈ? ਇਹ ਤੁਸੀਂ ਉਲਟ ਕਰਮ ਕੀਤਾ ਹੈ"॥ ੩੮॥

ਗੁਰ ਊਪਰ ਤਬ ਥੀ ਪੁਸ਼ਤੀਨੰ। ਸੁਨਿ ਪੰਡਿਤ ਕੇ ਬਚਨ ਪ੍ਰਬੀਨੰ।
ਸਿੱਖਜਾ ਦੇਨਿ ਹੇਤੁ ਤਿਹ ਸੰਗਾ। ਉਚਰਜੋ ਸ਼ਬਦ ਸੁ ਪ੍ਰੇਮ ਉਮੰਗਾ॥ ੩੯॥

ਗੁਰੂ ਜੀ ਨੇ ਉਸ ਸਮੇਂ ਪੋਸਤੀਨ ਪਹਿਨੀ ਹੋਈ ਸੀ। ਗੁਰੂ ਜੀ ਨੇ ਪੰਡਿਤ ਦੇ ਬਚਨ ਸੁਣ ਕੇ ਉਸ ਨੂੰ ਸਿਖਿਆ ਦੇਣ ਵਾਸਤੇ ਪ੍ਰੇਮ ਉਤਸ਼ਾਹ ਵਿਚ ਆ ਕੇ ਇਕ ਸ਼ਬਦ ਦਾ ਉਚਾਰਨ ਕੀਤਾ॥ ੩੯॥

*ਸ੍ਰੀ ਮੁਖਵਾਕ॥ ਸਲੋਕ ਮ: ੧॥*

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ੧॥* (ਪੰਨਾ ੪੬੭)

ਮਨੁੱਖ ਗ੍ਰੰਥ ਪੜ੍ਹ ਪੜ੍ਹ ਕੇ ਭਾਵੇਂ ਗੱਡੇ ਭਰ ਲਵੇ, ਭਾਵੇਂ ਪੁਸਤਕਾਂ ਦੇ ਢੇਰਾਂ ਦੇ ਢੇਰ ਪੜ੍ਹ ਲਵੇ। ਉਹ ਪੁਸਤਕਾਂ ਪੜ੍ਹ ਪੜ੍ਹ

ਭਾਵੇਂ ਬੇੜੀਆਂ ਦੇ ਪੂਰ ਭਰ ਲਵੇ, ਉਹ ਪੁਸਤਕਾਂ ਪੜ੍ਹ ਪੜ੍ਹ ਭਾਵੇਂ ਉਨ੍ਹਾਂ ਨਾਲ ਟੋਏ ਭਰ ਲਵੇ। ਭਾਵੇਂ ਉਹ ਜਿੰਨੇ ਸਾਲ ਹਨ ਪੜ੍ਹਦਾ ਰਹੇ ਅਤੇ ਜਿੰਨੇ ਮਹੀਨੇ ਹਨ ਪੜ੍ਹਦਾ ਰਹੇ, ਭਾਵੇਂ ਆਪਣੀ ਸਾਰੀ ਉਮਰ ਪੜ੍ਹਦਾ ਰਹੇ ਅਤੇ ਭਾਵੇਂ ਆਪਣੇ ਹਰ ਸਵਾਸ-ਸਵਾਸ ਨਾਲ ਪੜ੍ਹੇ। ਹੇ ਨਾਨਕ ਕੇਵਲ ਇਕ ਗੱਲ ਰੱਬ ਦਾ ਨਾਮ ਹੀ ਲੇਖੇ ਵਿਚ ਹੈ, ਬਾਕੀ ਸਭ ਹੰਕਾਰ ਵਿਚ ਬਕਣਾ ਤੇ ਬਕਵਾਸ ਕਰਨਾ ਹੈ॥ ੧॥

ਦੋਹਰਾ- 'ਸੁਨਿ ਪੰਡਿਤ! ਬਿਨ ਸਤਿਗੁਰੂ ਮਾਰਗ ਹਾਥ ਨ ਆਇ।
ਬਿਨ ਤਾਰੀ ਤਾਰੋ ਖਿਰਜੋ ਖੁਲੇ ਨ, ਕਰੇ ਉਪਾਇ॥ ੪੦॥

ਗੁਰੂ ਜੀ ਨੇ ਕਿਹਾ, ''ਹੇ ਪੰਡਿਤ ! ਸੁਣ, ਬਿਨਾਂ ਸਤਿਗੁਰੂ ਦੇ ਮਾਰਗ ਹੱਥ ਵਿਚ ਨਹੀਂ ਆਉਂਦਾ। ਕੁੰਜੀ ਬਗੈਰ ਬੰਦ ਹੋਇਆ ਤਾਲਾ ਖੁਲ੍ਹਦਾ ਨਹੀਂ, ਭਾਵੇਂ ਕਈ ਉਪਾਅ ਕਰੇ॥ ੪੦॥

ਚੌਪਈ- ਪੂਰਨ ਪੁੰਜ ਪੁੰਨ ਜਬ ਹੋਇਂ। ਮਿਲਹਿ ਗੁਰੂ ਉਪਦੇਸ਼ਹਿ ਸੋਇ।
ਸਾਰਾਸਾਰ ਲਖਾਵੈ ਜਬੈ। ਗ੍ਰਹਨ ਤਜਾਗਨੋ ਜਾਨੈ ਤਬੈ॥ ੪੧॥

ਜੇ ਫਿਰ ਪੂਰਨ ਭਾਗ ਹੋਣ ਤਾਂ ਗੁਰੂ ਮਿਲਦਾ ਹੈ ਅਤੇ ਉਪਦੇਸ਼ ਦਿੰਦਾ ਹੈ ਤਾਂ ਉਹ ਸੱਚ ਝੂਠ ਦਾ ਨਿਸਤਾਰਾ ਕਰ ਦਿੰਦਾ ਹੈ। ਕੀ ਰੱਖਣਾ ਹੈ, ਕੀ ਛੱਡਣਾ ਹੈ, ਫਿਰ ਉਹ ਮਨੁੱਖ ਜਾਣ ਜਾਂਦਾ ਹੈ॥ ੪੧॥

ਮਿਟੈ ਭਰਮ ਚਿਤ ਸ਼ਾਂਤੀ ਪਾਇ। ਅਨਿਕ ਕਲਪਨਾ ਰਿਦੈ ਨਸਾਇ।
ਵਹਿਰ ਭੇਖ ਪਰ ਦ੍ਰਿਸ਼ਟਿ ਨ ਧਾਰੈ। ਅੰਤਰਮੁਖੀ ਬ੍ਰਿਤਿ ਕੋ ਪਾਰੈ॥੪੨॥

ਮਨ ਦਾ ਭਰਮ ਮਿਟ ਜਾਂਦਾ ਹੈ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਹੋਰ ਕਲਪਨਾਵਾਂ ਨੂੰ ਹਿਰਦੇ ਵਿਚੋਂ ਭਜਾ ਦਿੰਦਾ ਹੈ। ਫਿਰ ਉਹ ਬਾਹਰਲੇ ਭੇਖਾਂ ਤੇ ਦ੍ਰਿਸ਼ਟੀ ਨਹੀਂ ਧਾਰਨ ਕਰਦਾ ਅਤੇ ਅੰਤਰਮੁਖੀ ਬ੍ਰਿਤੀ ਨੂੰ ਪਾਲਦਾ ਹੈ॥ ੪੨॥

ਸੁਨਿ ਪੰਡਿਤ! ਉਰ ਲੇਹੁ ਬਿਚਾਰੀ। ਜਬ ਲੌ ਮਨ ਹੈ ਬਿਸ਼ੈ ਬਿਕਾਰੀ।
ਵਹਿਰ ਭੇਖ ਤਬ ਲੌ ਸਭਿ ਕਾਚਾ। ਸਾਚ ਸੰਗ ਰੰਚਿਕ ਨਹਿਂ ਰਾਚਾ॥੪੩॥

ਹੇ ਪੰਡਿਤ ! ਸੁਣ, ਆਪਣੇ ਹਿਰਦੇ ਵਿਚ ਵਿਚਾਰ ਲਵੇ, ਜਦ ਤਕ ਮਨ ਵਿਸ਼ੇ ਵਿਕਾਰਾਂ ਵਿਚ ਫਸਿਆ ਹੈ ਤਦ ਤਕ ਬਾਹਰਲੇ ਭੇਖ ਸਭ ਝੂਠੇ ਹਨ, ਉਹ ਸੱਚ ਦੇ ਨਾਲ ਰਤੀ ਭਰ ਵੀ ਰਚਿਆ ਨਹੀਂ॥ ੪੩॥

ਸਹਹਿ ਸੀਸ ਜਮ ਡੰਡ ਬਿਸਾਲਾ। ਸਦਾ ਫਸੇ ਤ੍ਰਿਸ਼ਨਾ ਕੇ ਜਾਲਾ।
ਕਾਮ ਕ੍ਰੋਧ ਮਦ ਮਾਨ ਮਲੀਨੇ। ਨਿਜ ਸਰੂਪ ਲਖਹਿਂ ਨ ਮਤਿ ਹੀਨੇ॥੪੪॥

ਉਹ ਆਪਣੇ ਸਿਰ ਤੇ ਜਮਾਂ ਵਲੋਂ ਦਿੱਤੀ ਬਹੁਤ ਸਜ਼ਾ ਬਰਦਾਸ਼ਤ ਕਰਦਾ ਹੈ। ਸਦਾ ਹੀ ਤ੍ਰਿਸ਼ਨਾ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਕਾਮ, ਕ੍ਰੋਧ ਅਤੇ ਹੰਕਾਰ ਦੇ ਨਸ਼ੇ ਵਿਚ ਮਲੀਨ ਰਹਿੰਦਾ ਹੈ ਅਤੇ ਮਤਹੀਨ ਆਪਣੇ ਨਿਜੀ ਸਰੂਪ ਨੂੰ ਨਹੀਂ ਪਹਿਚਾਣਦਾ ਹੈ॥ ੪੪॥

ਪੂਰਬ ਪੁੰਨ ਪੁੰਜ ਹ੍ਵੈਂ ਜਬਿਹੀ। ਮਿਲਹਿਂ ਕ੍ਰਿਪਾ ਕਰਿ ਸਤਿਗੁਰੁ ਤਬਿ ਹੀ।
ਨਿਜ ਸਰੂਪ ਕੋ ਦੇਹਿਂ ਦਿਖਾਈ। ਭਰਮ ਕਰਮ ਤੇ ਲੇਹਿਂ ਛੁਡਾਈ॥੪੫॥

ਪਿਛਲੇ ਪੁੰਨਾਂ ਦਾ ਜਦ ਪ੍ਰਭੂ ਦੀ ਦਰਗਾਹ ਵਿਚ ਲੇਖਾ ਜੋਖਾ ਹੁੰਦਾ ਹੈ, ਤਾਂ ਪ੍ਰਭੂ ਦੀ ਕਿਰਪਾ ਨਾਲ ਸਤਿਗੁਰੂ ਮਿਲ ਜਾਂਦੇ ਹਨ। ਨਿਜ ਸਰੂਪ ਨੂੰ ਉਹ ਵਿਖਾ ਦਿੰਦੇ ਹਨ ਅਤੇ ਭਰਮਾਂ ਕਰਮਾਂ ਤੋਂ ਛੁਡਵਾ ਲੈਂਦੇ ਹਨ॥ ੪੫॥

ਹੰਤਾ ਤਜਾਗ ਸਰਬ ਦੁਖ ਹਰਿਹੀਂ। ਪਰਾਲਬਧ ਸੋਂ ਭੁੰਚਨ ਕਰਿਹੀ।
ਕਾਹਿ ਵਸਤੁ ਕੀ ਕਰਹਿ ਨ ਆਸਾ। ਰਿਦੈ ਅਨੰਦ ਸਦੀਵ ਨਿਰਾਸਾ॥੪੬॥

ਹੰਕਾਰ ਛੱਡਣ ਨਾਲ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ। ਪਰਾਲਬਧ ਅਨੁਸਾਰ ਦੁੱਖ ਸੁੱਖ ਭੋਗਦੇ ਹਨ। ਕਿਸੇ ਵਸਤੂ ਦੀ ਫਿਰ ਆਸ ਨਹੀਂ ਕਰਦੇ। ਆਸ ਰਹਿਤ ਹੋ ਕੇ ਹਿਰਦੇ ਵਿਚ ਸਦਾ ਅਨੰਦਮਈ ਰਹਿੰਦੇ ਹਨ'' ॥ ੪੬ ॥

ਇਉਂ ਸੁਨਿ ਪੰਡਿਤ ਬੰਦਨ ਕੀਨੀ। ਰਿਦੇ ਦ੍ਵੈਤ ਮਤਿ ਰਹਿਗੀ ਭੀਨੀ।
ਅੰਤਰਜਾਮੀ ਜਾਨੀ ਉਰਕੀ। ਅਸ ਕੋ ਤਾਬ ਸਹੈ ਸਤਿਗੁਰ ਕੀ ॥ ੪੭ ॥

ਇਸ ਤਰ੍ਹਾਂ ਸੁਣ ਕੇ ਪੰਡਿਤ ਨੇ ਬੰਦਨਾ ਕੀਤੀ ਤੇ ਹਿਰਦੇ ਵਿਚ ਦ੍ਵੈਤ ਮੱਤ ਭਿੱਜੀ ਰਹਿ ਗਈ। ਅੰਤਰਜਾਮੀ ਗੁਰੂ ਜੀ ਉਸ ਦੇ ਦਿਲ ਦੀ ਗੱਲ ਜਾਣ ਗਏ ਕਿ ਉਹ ਸਤਿਗੁਰੂ ਦੀ ਤਾਬਿਆ (ਤਾਕਤ) ਬਰਦਾਸ਼ਤ ਕਰੇਗਾ ॥ ੪੭ ॥

ਕਹ੍ਯੋ ਬਚਨ 'ਪੰਡਿਤ ! ਕਿਤ ਜਾਵਹੁ। ਅਪਨੋ ਗੁਰੂ ਕਰੋ ਜਿਤ ਪਾਵਹੁ।
'ਸੁਨਹੁ ਸੰਤ ! ਅਬ ਕਿਹਠਾਂ ਜਾਈ ?। ਗੁਰੂ ਕਰੌਂ, ਤੁਮ ਦੇਹੁ ਬਤਾਈ' ॥ ੪੮ ॥

ਉਨ੍ਹਾਂ ਬਚਨ ਕੀਤਾ, "ਹੇ ਪੰਡਿਤ ! ਕਿਧਰੇ ਜਾਵੋ, ਆਪਣਾ ਗੁਰੂ ਧਾਰਨ ਕਰੋ, ਜਿਥੋਂ ਵੀ ਮਿਲੇ।" ਪੰਡਿਤ ਨੇ ਕਿਹਾ, "ਹੇ ਸੰਤ ਜੀ ਸੁਣੋ, ਹੁਣ ਮੈਂ ਕਿਸ ਥਾਂ ਜਾਵਾਂ ? ਕਿਸ ਨੂੰ ਮੈਂ ਆਪਣਾ ਗੁਰੂ ਬਣਾਵਾਂ ? ਤੁਸੀਂ ਹੀ ਦੱਸ ਦੇਵੋ" ॥ ੪੮ ॥

ਸੁਨਿ ਪੁਨ ਬੋਲੇ ਕ੍ਰਿਪਾਨਿਧਾਨਾ। 'ਇਤ ਦਿਸ਼ ਜਾਹੁ ਬਡੀ ਉਦਿਆਨਾ।
ਬੈਠੇ ਸੰਤ ਚਾਰ ਤਿਹ ਥਾਈਂ। ਤਿਨ ਪੂਛਹੁ ਸੋ ਦੇਹਿਂ ਬਤਾਈ ॥ ੪੯ ॥

ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਬੋਲੇ, "ਉਸ ਦਿਸ਼ਾ ਵਿਚ ਜਾਵੋ ਜਿਥੇ ਵੱਡੇ ਸੰਘਣੇ ਜੰਗਲ ਹਨ। ਓਥੇ ਚਾਰ ਸੰਤ ਬੈਠੇ ਹਨ, ਉਨ੍ਹਾਂ ਨੂੰ ਪੁਛੋ ਉਹ ਤੁਹਾਨੂੰ ਦੱਸ ਦੇਣਗੇ" ॥ ੪੯ ॥

ਤਬ ਪੰਡਤ ਗਮਨ੍ਯੋ ਤਿਸ ਪਾਸਾ। ਦੇਖੇ ਜਾਇ ਸੰਤ ਸੁਖਰਾਸਾ।
ਕਹੀ ਹਕੀਕਤ ਬੰਦਨ ਕਰਿਕੈ। ਦੁਬਿਧਾ ਰਹ੍ਯੋ ਰਿਦੇ ਮਹਿਂ ਭਰਿਕੈ ॥ ੫੦ ॥

ਤਦ ਪੰਡਿਤ ਉਸ ਪਾਸੇ ਚਲੇ ਗਿਆ ਅਤੇ ਜਾ ਕੇ ਸੁਖਦਾਤੇ ਸੰਤਾਂ ਨੂੰ ਵੇਖਿਆ। ਹੱਥ ਜੋੜ ਕੇ ਬੰਦਨਾ ਕਰਕੇ ਸਾਰੀ ਹਕੀਕਤ ਬਿਆਨ ਕੀਤੀ ਅਤੇ ਉਸ ਦੇ ਹਿਰਦੇ ਵਿਚ ਜਿਹੜੀ ਦੁਬਿਧਾ ਭਰੀ ਹੋਈ ਸੀ, ਉਸ ਬਾਰੇ ਵੀ ਵਿਸਥਾਰ ਨਾਲ ਦੱਸਿਆ ॥ ੫੦ ॥

ਬੋਲੇ ਸੰਤ ਜਾਨਿ ਤਿਹ ਹੇਤਾ। 'ਤਵ ਗੁਰ ਆਗੇ ਬੀਚ ਨਿਕੇਤਾ।
ਨਿਸਦਿਨ ਜਾਂ ਮਹਿਂ ਰਹਿਂ ਹਿਤ ਧਾਰੀ। ਕਰਹੁ ਗੁਰੂ ਤਿਹ ਜਾਇ ਅਗਾਰੀ' ॥ ੫੧ ॥

ਸੰਤ ਜੀ ਉਸ ਦੀ ਗੱਲ ਨੂੰ ਸਮਝ ਕੇ ਬੋਲੇ, "ਤੁਹਾਡੇ ਗੁਰੂ ਜੀ ਅੱਗੇ ਘਰ ਦੇ ਵਿਚ ਰਹਿੰਦੇ ਹਨ, ਰਾਤ ਦਿਨ ਓਥੇ ਬੜਾ ਪ੍ਰੇਮ ਧਾਰ ਕੇ ਰਹਿੰਦੇ ਹਨ, ਅੱਗੇ ਜਾ ਕੇ ਉਨ੍ਹਾਂ ਨੂੰ ਗੁਰੂ ਧਾਰਨ ਕਰ ਲਵੋ" ॥ ੫੧ ॥

ਸੁਨਿ ਪੰਡਿਤ ਆਗੈ ਜਬ ਗਯੋ। ਇਕ ਮੰਦਿਰ ਤਬ ਦੇਖਤਿ ਭਯੋ।
ਤਿਹ ਮਹਿਂ ਦੇਖੀ ਸੁੰਦਰ ਨਾਰੀ। ਭੂਖਨ ਕੇਰ ਸਿੰਗਾਰ ਸਿੰਗਾਰੀ ॥ ੫੨ ॥

ਇਹ ਸੁਣ ਕੇ ਜਦ ਪੰਡਿਤ ਅੱਗੇ ਗਿਆ, ਤਾਂ ਉਸ ਇਕ ਘਰ ਵੇਖਿਆ। ਉਸ ਘਰ ਵਿਚ ਇਕ ਸੁੰਦਰ ਨਾਰ ਵੇਖੀ, ਜਿਹੜੀ ਗਹਿਣਿਆਂ ਦੇ ਸ਼ਿੰਗਾਰ ਨਾਲ ਸ਼ਿੰਗਾਰੀ ਹੋਈ ਸੀ ॥ ੫੨ ॥

ਬਸਤ੍ਰ ਕਸੁੰਭੀ ਪਹਿਰੇ ਸਾਰੇ। ਖਿਲਤ ਇਕੇਲੀ ਅਨਦ ਮਝਾਰੇ।
ਪੰਡਿਤ ਹਿਰਦੈ ਅਸ ਅਨੁਮਾਨੀ। ਸ਼ਕਤਿਵਾਨ ਇਹ ਅਸ ਪਹਿਚਾਨੀ ॥ ੫੩ ॥

ਉਸ ਕੇਸਰੀ ਰੰਗ ਦੇ ਸਾਰੇ ਕਪੜੇ ਪਹਿਣੇ ਹੋਏ ਸਨ, ਉਹ ਇਕੱਲੀ ਹੀ ਅਨੰਦ ਵਿਚ ਖਿੜੀ ਹੋਈ ਸੀ, ਪੰਡਿਤ ਨੇ ਹਿਰਦੇ ਵਿਚ ਇਸ ਤਰ੍ਹਾਂ ਅਨੁਮਾਨ ਲਾਇਆ, ਇਹ ਬੜੀ ਸ਼ਕਤੀਵਾਨ ਜਾਪਦੀ ਹੈ ॥ ੫੩ ॥

ਸਿਰ ਨਿਵਾਇ ਜਬ ਬੰਦਨ ਕੀਨੀ। ਤਿਹ ਪਨਹੀ ਇਹਕੇ ਸਿਰ ਦੀਨੀ।

ਤਿਹ ਊਪਰ ਬਸ ਚਲਤਿ ਨ ਕੋਊ। ਹਟਜੋ ਬਿਸੁਰਤਿ ਪਾਛੇ ਸੋਊ ॥੫੪॥

ਸਿਰ ਨਿਵਾ ਕੇ ਜਦ ਬੰਦਨਾ ਕੀਤੀ ਤਾਂ ਉਸ ਇਸਤਰੀ ਨੇ ਉਸ ਦੇ ਸਿਰ 'ਤੇ ਜੁਤੀਆਂ ਮਾਰੀਆਂ। ਉਸ ਉਤੇ ਉਸ ਦਾ ਕੋਈ ਵੱਸ ਨਾ ਚਲਿਆ। ਭੈੜੀ ਸੂਰਤ ਬਣਾ ਕੇ ਪਿੱਛੇ ਹੱਟ ਗਿਆ॥ ੫੪॥

ਸੰਤਨ ਕੇ ਸਮੀਪ ਜਬ ਆਯੋ। ਹਸੇ ਬਿਲੋਕਤਿ ਬਚਨ ਅਲਾਯੋ।
'ਕਿਊ ਤੂਰਨ ਤੂੰ ਮੁਰਿਕੈ ਆਵਾ ? ਕਿਯੋ ਗੁਰੂ, ਕੈ ਤੋਹਿ ਨ ਪਾਵਾ ?' ॥੫੫॥

ਜਦ ਸੰਤਾਂ ਦੇ ਪਾਸ ਵਾਪਸ ਆਇਆ, ਤਾਂ ਉਹ ਵੇਖ ਕੇ ਬਹੁਤ ਹੱਸੇ ਅਤੇ ਇਹ ਬਚਨ ਕੀਤੇ, "ਤੂੰ ਏਨੀ ਛੇਤੀ ਮੁੜ ਕੇ ਕਿਉਂ ਆ ਗਿਆ ਹੈਂ ? ਕੀ ਤੂੰ ਗੁਰੂ ਨੂੰ ਧਾਰਨ ਨਹੀਂ ਕੀਤਾ ?" ॥ ੫੫॥

ਪੰਡਿਤ ਲੱਜਿਤ ਬੋਲਜੋ ਬਾਨੀ। 'ਤਿਹ ਘਰ ਮਹਿਂ ਇਕ ਨਾਰਿ ਮਹਾਨੀ।
ਕੂਰ ਸੁਭਾਵ ਅਹੈ ਜਿਸ ਕੇਰਾ। ਬੇਮੁਹਤਾਜਹਿ ਮਾਨ ਘਨੇਰਾ' ॥ ੫੬॥

ਪੰਡਿਤ ਸ਼ਰਮਿੰਦਾ ਹੋ ਕੇ ਬੋਲਿਆ, "ਉਸ ਘਰ ਵਿਚ ਇਕ ਮਹਾਨ ਇਸਤਰੀ ਰਹਿੰਦੀ ਹੈ। ਉਸ ਦਾ ਸੁਭਾਵ ਬੜਾ ਸਖਤ ਹੈ। ਉਹ ਬੜੀ ਬੇਪ੍ਰਵਾਹ ਅਤੇ ਹੰਕਾਰਨ ਹੈ" ॥ ੫੬॥

ਸੁਨਿ ਸੰਤਨ ਪੁਨ ਬੈਨ ਅਲਾਯੋ। 'ਸੋਊ ਗੁਰੁ ਤਵ, ਜਿਹ ਮਨ ਲਾਯੋ।
ਨਿਸਾ ਦਜੋਸ ਜਿਹ ਕੀ ਲਿਵ ਉਰ ਮੈਂ। ਲਖੀਯੇ ਸੋ ਲਖਮੀ ਤਿਹ ਘਰ ਮੈਂ ॥੫੭॥

ਇਹ ਸੁਣ ਕੇ ਸੰਤਾਂ ਨੇ ਫਿਰ ਬਚਨ ਕੀਤੇ, "ਉਹੀ ਤੇਰਾ ਗੁਰੂ ਹੈ, ਜਿਸ ਨਾਲ ਤੂੰ ਮਨ ਲਾਇਆ ਹੈ। ਦਿਨ ਰਾਤ ਜਿਸ ਬਾਰੇ ਹਿਰਦੇ ਵਿਚ ਲਿਵ ਲਾਈ ਹੈ, ਉਸ ਨੂੰ ਉਸ ਘਰ ਵਿਚ ਲਕਸ਼ਮੀ (ਮਾਇਆ) ਸਮਝੋ॥ ੫੭॥

ਜਿਹ ਕੋ ਪਾਇ ਨਹੀਂ ਤ੍ਰਿਪਤਾਨਾ। ਤ੍ਰਿਸ਼ਨਾ ਅਧਿਕਹਿ ਅਧਿਕ ਬਧਾਨਾ।
ਸ੍ਰੀ ਨਾਨਕ ਗਤਿਦਾ ਕੋ ਤਜਾਗੀ। ਭ੍ਰਮਤਿ ਫਿਰਤਿ ਅਪਰ ਅਨੁਰਾਗੀ ॥੫੮॥

ਜਿਸ ਨੂੰ ਪ੍ਰਾਪਤ ਕਰਕੇ ਤ੍ਰਿਪਤ ਨਹੀਂ ਹੋਇਆ ਅਤੇ ਮਨ ਵਿਚ ਤ੍ਰਿਸ਼ਨਾ ਹੋਰ ਵਧਾ ਲਈ ਹੈ। ਸ੍ਰੀ ਨਾਨਕ ਜੀ ਮੁਕਤੀਦਾਤੇ ਨੂੰ ਤਿਆਗ ਕੇ, ਹੋਰਨਾਂ ਦੇ ਪ੍ਰੇਮ ਵਿਚ ਭਟਕਦੇ ਫਿਰਦੇ ਹੋ॥ ੫੮॥

ਜਾਇ ਛਿਮਾਪਨ ਕੋ ਕਰਿਵਾਵਹੁ। ਸ਼ਰਧਾ ਧਰਿ ਅਡੋਲ ਮਨ ਲਾਵਹੁ।
ਕਰਹੁ ਗੁਰੂ, ਗਤਿ ਹੋਵਹਿ ਤੇਰੀ। ਬਹੁਰ ਨ ਪਾਵਹਿਂ ਜਗ ਮਹਿਂ ਫੇਰੀ' ॥੫੯॥

ਉਸ ਪਾਸੋਂ ਜਾ ਕੇ ਮੁਆਫੀ ਮੰਗੋ ਅਤੇ ਮਨ ਵਿਚ ਸ਼ਰਧਾ ਧਾਰਨ ਕਰਕੇ ਮਨ ਨੂੰ ਅਡੋਲਤਾ ਨਾਲ ਲਾਵੋ। ਉਨ੍ਹਾਂ ਨੂੰ ਆਪਣਾ ਗੁਰੂ ਬਣਾਵੋ, ਤਾਂਕਿ ਤੁਹਾਡੀ ਗਤੀ ਹੋਵੇ ਅਤੇ ਦੁਬਾਰਾ ਇਸ ਜਗਤ ਵਿਚ ਫੇਰਾ ਨਾ ਪਾਵੋ' ॥ ੫੯॥

ਸੁਨਿ ਪੰਡਿਤ ਸ਼ਰਧਾ ਧਰਿ ਭੂਰੀ। ਆਨਿ ਲੀਨਿ ਪੰਕਜ ਪਦ ਧੂਰੀ।
ਉਰ ਤੇ ਸਗਰੀ ਦ੍ਵੈਤ ਬਿਸਾਰੀ। ਪਾਹੁਲ ਲੇਨਿ ਭਯੋ ਅਧਿਕਾਰੀ ॥੬੦॥

ਇਹ ਸੁਣ ਕੇ ਪੰਡਿਤ ਪੂਰਨ ਸ਼ਰਧਾ ਧਾਰਨ ਕਰਕੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਧੂੜ ਪ੍ਰਾਪਤ ਕੀਤੀ। ਹਿਰਦੇ ਵਿਚ ਸਾਰੀ ਦ੍ਵੈਤ ਭਾਵਨਾ ਖਤਮ ਕੀਤੀ ਅਤੇ ਚਰਨ ਪਾਹੁਲ ਪ੍ਰਾਪਤ ਕਰਨ ਦਾ ਹੱਕਦਾਰ ਬਣਿਆ॥ ੬੦॥

ਸ੍ਰੀ ਗੁਰ ਕਰਿ ਇਉਂ ਦੁਰਮਤਿ ਦੂਰੀ। ਦੇਤਿ ਭਏ ਪਦ ਪਾਹੁਲ ਰੂਰੀ।
ਧ੍ਰਮਸਾਲਾ ਮਹਿਂ ਸੋ ਬੈਸਾਯੋ। ਨਾਮ ਦਾਨ ਇਸ਼ਨਾਨ ਦ੍ਰਿੜ੍ਹਾਯੋ ॥ ੬੧॥

ਗੁਰੂ ਜੀ ਨੇ ਇਸ ਤਰ੍ਹਾਂ ਉਸ ਦੀ ਭੈੜੀ ਮੱਤ ਨੂੰ ਦੂਰ ਕੀਤਾ ਅਤੇ ਸੁੰਦਰ ਸ੍ਰੇਸ਼ਟ ਚਰਨ ਪਾਹੁਲ ਉਸ ਨੂੰ ਦਿੱਤੀ, ਇਕ ਧਰਮਸਾਲਾ ਵਿਚ ਉਸ ਨੂੰ ਬੈਠਾਇਆ ਅਤੇ ਨਾਮ ਦਾਨ ਇਸ਼ਨਾਨ ਦ੍ਰਿੜ੍ਹ ਕਰਵਾਇਆ॥ ੬੧॥

ਸਿੱਖੀ ਮਗ ਮਹਿਂ ਬਹੁ ਨਰ ਆਏ। ਸਿਮਰਹਿਂ ਸਤਿਗੁਰ ਕੋ ਲਿਵਲਾਏ।
ਕਿਤਿਕ ਦਿਵਸ ਗੁਰ ਰਾਖ਼ਜੋ ਡੇਰਾ। ਭਾਉ ਭਗਤਿ ਵਿਸਤਾਰ ਘਨੇਰਾ॥੬੨॥

ਸਿੱਖੀ ਪੰਥ ਵਿਚ ਬਹੁਤ ਲੋਕ ਆਏ, ਉਹ ਲਿਵ ਲਾ ਕੇ ਸਤਿਗੁਰੂ ਦਾ ਸਿਮਰਨ ਕਰਨ ਲੱਗੇ। ਕਈ ਦਿਨ ਗੁਰੂ ਜੀ ਨੇ ਓਥੇ ਡੇਰਾ ਰਖਿਆ ਅਤੇ ਪ੍ਰੇਮ ਭਗਤੀ ਦਾ ਬਹੁਤ ਵਿਸਥਾਰ ਕੀਤਾ॥ ੬੨॥

ਤਹਿਂ ਤੇ ਬਿਦਾ ਹੋਇ ਬਰਿਆਈ। ਅਪਰ ਥਾਨ ਗਮਨੇ ਜਗਸਾਈਂ।
ਅਨਿਕ ਨਰਨਿ ਕੋ ਕੀਨ ਉਧਾਰਾ। ਗਰਬਨਿ ਕੋ ਜਿਨਿ ਗਰਬ ਨਿਵਾਰਾ॥੬੩॥

ਉਨ੍ਹਾਂ ਪਾਸੋਂ ਬੜਾ ਜ਼ੋਰ ਦੇ ਕੇ ਵਿਦਾ ਲਈ ਅਤੇ ਜਗਤ ਦੇ ਸਵਾਮੀ ਹੋਰ ਥਾਂ ਚਲੇ ਗਏ। ਅਨੇਕ ਲੋਕਾਂ ਦਾ ਉਧਾਰ ਕੀਤਾ ਅਤੇ ਘੁਮੰਡੀਆਂ ਦੇ ਘੁਮੰਡ ਨੂੰ ਨਸ਼ਟ ਕੀਤਾ॥ ੬੩॥

ਦੋਹਰਾ- ਸਿੰਧ ਮਹਾਂ ਨਦਿ ਕੇ ਉਰੇ ਪਚਿਸ ਕੋਸ ਪਰ ਥਾਨ।
ਗਿਰ ਊਚੇ ਕੋਸਕ ਤਹਾਂ ਦੇਖ਼ਜੋ ਕ੍ਰਿਪਾ ਨਿਧਾਨ॥ ੬੪॥

ਦਰਿਆ ਸਿੰਧ ਤੋਂ ਪੰਜੀ ਕੋਹ ਉਰ੍ਹੇ ਇਕ ਅਸਥਾਨ ਹੈ, ਜਿੱਥੇ ਕਈ ਕੋਹ ਉਚੇ ਪਹਾੜ ਹਨ, ਕਿਰਪਾ ਨਿਧਾਨ ਗੁਰੂ ਜੀ ਨੇ ਉਸ ਥਾਂ ਨੂੰ ਜਾ ਵੇਖਿਆ॥ ੬੪॥

ਚੌਪਈ- ਤਰੁਵਰ ਹਰਿਤ ਤਰੇ ਥਲ ਸੁੰਦਰ। ਬੈਠੇ ਗੁਰੂ ਸਗਲ ਗੁਨ ਮੰਦਿਰ।
ਸਹਿਜ ਸੁਭਾਇਕ ਕੇਤਿਕ ਕਾਲਾ। ਬੀਤ ਗਯੋ ਤਿਸ ਥਾਨ ਕ੍ਰਿਪਾਲਾ॥੬੫॥

ਉਪਰ ਹਰੇ ਭਰੇ ਬ੍ਰਿਛ ਸਨ ਅਤੇ ਹੇਠਾਂ ਸੁੰਦਰ ਥਲ ਸੀ। ਸਾਰੇ ਗੁਣਾਂ ਦੇ ਘਰ ਭਾਵ ਗੁਰੂ ਜੀ ਓਥੇ ਜਾ ਬੈਠੇ, ਸਹਿਜ ਸੁਭਾਅ ਹੀ ਕਾਫੀ ਸਮਾਂ ਗੁਰੂ ਜੀ ਨੂੰ ਓਥੇ ਰਹਿੰਦਿਆਂ ਹੀ ਬੀਤ ਗਿਆ॥ ੬੫॥

ਮਰਦਾਨੇ ਕੋ ਜਲ ਕੀ ਚਾਹੂ। ਭਯੋ ਤ੍ਰਿਖਾਤੁਰ ਕਹਿ ਗੁਰ ਪਾਹੂ।
'ਹੇ ਪ੍ਰਭੂ ਇਹਾਂ ਨੀਰ ਨਹਿਂ ਨੇਰੈ। ਕਰਨ ਪਾਨ ਕੀ ਇੱਛਾ ਮੇਰੈ॥੬੬॥

ਮਰਦਾਨੇ ਨੂੰ ਬਹੁਤ ਪਿਆਸ ਲੱਗੀ, ਤ੍ਰੇਹ ਨਾਲ ਜਦ ਬਹੁਤ ਵਿਆਕੁਲ ਹੋ ਗਿਆ ਤਾਂ ਉਸ ਗੁਰੂ ਜੀ ਨੂੰ ਕਿਹਾ, "ਹੇ ਗੁਰੂ ਜੀ ਏਥੇ ਕਿਤੇ ਨੇੜੇ ਤੇੜੇ ਪਾਣੀ ਨਹੀਂ ਹੈ। ਪਾਣੀ ਪੀਣ ਦੀ ਮੇਰੀ ਵੱਡੀ ਇੱਛਾ ਹੈ॥ ੬੬॥

ਰਾਵਰ ਕੋ ਸਭਿ ਗਯਾਤਾ ਅਹੈ। ਕਰਹੁ ਬਤਾਵਨ ਜਿਹ ਠਾਂ ਲਹੈ।
ਜੇ ਨੇਰੈ ਨਹਿਂ,ਚਲਹੁ ਅਗਾਰੀ। ਬੈਠਹੁ ਤਹਿਂ ਜਹਿਂ ਸੁੰਦਰ ਬਾਰੀ' ॥੬੭॥

ਆਪ ਜੀ ਨੂੰ ਸਭ ਕੁਝ ਪਤਾ ਹੈ। ਮੈਨੂੰ ਇਹ ਦੱਸਣ ਦੀ ਕਿਰਪਾ ਕਰੋ ਕਿ ਪਾਣੀ ਕਿਥੋਂ ਲੱਭ ਸਕਦਾ ਹਾਂ। ਜੇ ਪਾਣੀ ਕਿਤੇ ਨੇੜੇ ਨਹੀਂ ਹੈ, ਤਾਂ ਅੱਗੇ ਚਲੀਏ। ਓਥੇ ਜਾ ਕੇ ਬੈਠੋ ਜਿਥੇ ਸੁੰਦਰ ਪਾਣੀ ਪ੍ਰਾਪਤ ਹੋਵੇ"॥ ੬੭॥

ਸ੍ਰੀ ਨਾਨਕ ਸੁਨਿ ਕੈ ਕਹਿ ਬਾਨੀ। 'ਕਰਹੁ ਪਾਨ ਇਤ ਹੀ ਢਿਗ ਪਾਨੀ।
ਊਪਰ ਗਿਰਕੇ ਚਢਹੁ ਅਗਾਰੀ। ਤਹਿਂ ਫਕੀਰ ਇਕ ਵਲੀ ਕੰਧਾਰੀ॥੬੮॥

ਗੁਰੂ ਨਾਨਕ ਜੀ ਨੇ ਉਸ ਦੀ ਇਹ ਗੱਲ ਸੁਣ ਕੇ ਕਿਹਾ, "ਪਾਣੀ ਪੀ ਲਵੋ, ਏਥੇ ਨੇੜੇ ਹੀ ਪਾਣੀ ਹੈ। ਅੱਗੇ ਚਲ ਕੇ ਪਹਾੜ ਦੇ ਉਪਰ ਚੜ੍ਹੋ, ਓਥੇ ਇਕ ਵਲੀ ਕੰਧਾਰੀ ਨਾਮੀ ਫਕੀਰ ਰਹਿੰਦਾ ਹੈ॥ ੬੮॥

ਤਪ ਕੋ ਕਰਤਿ ਪ੍ਰੀਤਿ ਕੋ ਲਾਇ। ਚਹੈ ਪ੍ਰਲੋਕ ਬਿਖੈ ਸੁਖ ਪਾਇ।
ਤੁਰਕ ਦੇਹਿ ਸਮ ਸੋ ਹੈ ਤੇਰੀ। ਕਰਹੁ ਜਾਚਨਾ ਤਹਿਂ ਜਲ ਕੇਰੀ॥੬੯॥

ਬੜੀ ਪ੍ਰੀਤ ਲਾ ਕੇ ਉਹ ਤਪ ਕਰਦਾ ਹੈ ਅਤੇ ਪਰਲੋਕ ਵਿਖੇ ਜਾ ਕੇ ਸੁੱਖ ਪਾਉਣਾ ਚਾਹੁੰਦਾ ਹੈ। ਜਿਵੇਂ ਤੇਰੀ ਤੁਰਕ ਦੇਹੀ ਹੈ, ਉਸ ਤਰ੍ਹਾਂ ਹੀ ਉਸ ਨੇ ਤੁਰਕ ਦੇਹੀ ਪਾਈ ਹੈ। ਉਸ ਪਾਸੋਂ ਜਾ ਕੇ ਪਾਣੀ ਦੀ ਮੰਗ ਕਰੋ॥ ੬੯॥

ਕਰਿ ਕੈ ਪਾਨ ਆਇ ਹੈਂ ਜਾਵਦ। ਇਸ ਤਰੁ ਤਰੇ ਟਿਕਹਿਂ ਹਮ ਤਾਵਦ।
ਸ੍ਰੀ ਗੁਰ ਤੇ ਸੁਨਿ ਕਰਿ ਤਬ ਚਾਲਾ। ਗਿਰ ਪਰ ਜਹਾਂ ਪੀਰ ਕੀ ਸ਼ਾਲਾ ॥੭੦॥

ਜਦ ਤਕ ਤੂੰ ਪਾਣੀ ਪੀ ਕੇ ਨਹੀਂ ਆਵੇਂਗਾ ਤਦ ਤਕ ਅਸੀਂ ਇਸ ਰੁੱਖ ਥੱਲੇ ਬੈਠਾਂਗੇ।'' ਇਹ ਗੱਲ ਗੁਰੂ ਸਾਹਿਬ ਤੋਂ ਸੁਣ ਕੇ ਤਦ ਮਰਦਾਨਾ ਉਸ ਪਾਸੇ ਚਲ ਪਿਆ, ਪਹਾੜ ਉਤੇ ਜਿੱਥੇ ਪੀਰ ਦੀ ਜਗ੍ਹਾ ਸੀ॥ ੭੦॥

ਸਨੈ ਸਨੈ ਚਲਿ ਕੈ ਮਰਦਾਨਾ। ਕਰਯੋ ਬਿਲੋਕਨ ਸੋ ਸ਼ੁਭ ਥਾਨਾ।
ਵਲੀ ਕੰਧਾਰੀ ਬੈਠਯੋ ਜਹਾਂ। ਰਾਖਯੋ ਨੀਰ ਰੋਕਿ ਕੁਛ ਤਹਾਂ॥ ੭੧॥

ਹੌਲੀ-ਹੌਲੀ ਮਰਦਾਨਾ ਚਲ ਕੇ ਗਿਆ, ਅਤੇ ਉਸ ਸ਼ੁਭ ਥਾਂ ਨੂੰ ਵੇਖਿਆ ਜਿੱਥੇ ਵਲੀ ਕੰਧਾਰੀ ਬੈਠਿਆ ਸੀ, ਓਥੇ ਉਸ ਕੁਝ ਪਾਣੀ ਰੋਕ ਕੇ ਰੱਖਿਆ ਹੋਇਆ ਸੀ॥ ੭੧॥

ਕਰੀ ਬੰਦਗੀ ਹ੍ਵੈ ਕਰਿ ਤੀਰਾ। 'ਮੁਝਕੋ ਤ੍ਰਿਖਾ, ਦੇਹ ਜਲ ਪੀਰਾ।
ਨਿਕਟ ਨ ਮੋਕੋ ਕਿਹ ਠਾਂ ਪਾਯੋ। ਯਾਂਤੇ ਚਲਿ ਸੁਨਿ ਸੁਧ ਮੈਂ ਆਯੋ ॥੭੨॥

ਉਸ ਦੇ ਪਾਸ ਜਾ ਕੇ ਮਰਦਾਨੇ ਨੇ ਬੇਨਤੀ ਕੀਤੀ, ''ਹੇ ਪੀਰ ਜੀ! ਮੈਨੂੰ ਪਿਆਸ ਲੱਗੀ ਹੋਈ ਹੈ ਕੁਝ ਪਾਣੀ ਦੇਵੋ। ਮੈਨੂੰ ਕਿਤੇ ਵੀ ਨੇੜੇ ਤੇੜੇ ਪਾਣੀ ਨਹੀਂ ਲੱਭਾ, ਇਹ ਪਤਾ ਲੱਗਣ ਤੇ ਕਿ ਪਾਣੀ ਏਥੇ ਹੈ, ਇਸ ਲਈ ਏਥੇ ਚੱਲ ਕੇ ਆਇਆ ਹਾਂ'' ॥ ੭੨॥

ਸੁਨਿ ਤਬ ਬੋਲਯੋ ਵਲੀ ਕੰਧਾਰੀ। 'ਕੌਨ ਦੇਸ਼ ਤੇ ਤੂੰ ਤ੍ਰਿਖ ਭਾਰੀ?।
ਅਹੈ ਏਕਲੋ ਕੈ ਕਿਹ ਸੰਗਾ?। ਇਤ ਦਿਸ਼ ਆਯੋ ਕਯੋਂ ਇਸ ਢੰਗਾ?' ॥੭੩॥

ਇਹ ਸੁਣ ਕੇ ਵਲੀ ਕੰਧਾਰੀ ਬੋਲਿਆ, ''ਤੂੰ ਕਿਹੜੇ ਦੇਸ਼ ਤੋਂ ਆਇਆ ਹੈਂ ਜਿਸ ਨੂੰ ਏਨੀ ਭਾਰੀ ਪਿਆਸ ਲੱਗੀ ਹੈ? ਏਥੇ ਇਕੱਲਾ ਆਇਆ ਹੈਂ ਕਿ ਕਿਸੇ ਦੇ ਨਾਲ ਆਇਆ ਹੈਂ? ਇਸ ਪਾਸੇ ਕਾਹਦੇ ਲਈ ਅਤੇ ਕਿਸ ਢੰਗ ਨਾਲ ਆਇਆ ਹੈਂ?'' ॥ ੭੩॥

ਮਰਦਾਨੇ ਸਭਿ ਕਹਯੋ ਬ੍ਰਿਤਾਂਤ। 'ਤਪਾ ਗੁਰੂ ਨਾਨਕ ਬੱਖਯਾਤ।
ਦੇਸ਼ ਪੰਜਾਬ ਲਖਹਿ ਸਭਿ ਕੋਈ। ਬਿਚਰਹਿ ਜਿਤ ਕਿਤ ਥਲ ਅਵਲੋਈ ॥੭੪॥

ਮਰਦਾਨੇ ਨੇ ਸਾਰਾ ਬ੍ਰਿਤਾਂਤ ਕਿਹਾ, ''ਤਪਾ ਗੁਰੂ ਨਾਨਕ ਬਹੁਤ ਉਘਾ ਹੈ, ਸਾਰੇ ਪੰਜਾਬ ਦੇਸ਼ ਵਿਚ ਉਸ ਨੂੰ ਜਾਣਦੇ ਹਨ। ਜਿਥੇ ਵੀ ਕੋਈ ਥਾਂ ਵੇਖਦੇ ਹਨ, ਓਥੇ ਜਾਂਦੇ ਹਨ॥ ੭੪॥

ਹਿੰਦੂ ਤੁਰਕ ਸਰਬ ਹੀ ਮਾਨਹਿਂ। ਇਕ ਗੁਰ ਕਹਿਂ, ਇਕ ਪੀਰ ਬਖਾਨਹਿਂ।
ਬਡ ਅਜ਼ਮਤੀ ਪਰਹਿਂ ਤਿਨ ਪਾਇਨ। ਧਰਹਿਂ ਅਗਾਰੀ ਬ੍ਰਿੰਦ ਉਪਾਇਨ ॥੭੫॥

ਹਿੰਦੂ ਤੁਰਕ ਸਾਰੇ ਹੀ ਉਸ ਨੂੰ ਮੰਨਦੇ ਹਨ, ਹਿੰਦੂ ਉਸ ਨੂੰ ਗੁਰੂ ਕਹਿੰਦੇ ਹਨ ਅਤੇ ਮੁਸਲਮਾਨ ਪੀਰ ਮੰਨਦੇ ਹਨ। ਬੜੇ ਕਰਾਮਾਤੀ ਹਨ, ਸਾਰੇ ਲੋਕ ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕਰਦੇ ਹਨ, ਉਨ੍ਹਾਂ ਦੇ ਅੱਗੇ ਕੀਮਤੀ ਉਪਹਾਰ ਧਰਦੇ ਹਨ॥ ੭੫॥

ਤਿਨ ਕੇ ਸੰਗ ਰਬਾਬੀ ਮੈਹੋਂ। ਸੁੰਦਰ ਸ਼ਬਦ ਗਾਵਨੇ ਕੈਹੋਂ।
ਗਿਰ ਢਿਗ ਤਰੁ ਕੇ ਤਰ ਸੋ ਬੈਸੇ। ਦਿਹੁ ਜਲ,ਮਮ ਪ੍ਰਸੰਗ ਹੈ ਐਸੇ' ॥੭੬॥

ਉਨ੍ਹਾਂ ਦੇ ਨਾਲ ਮੈਂ ਰਬਾਬੀ ਹਾਂ, ਮੈਂ ਸੁੰਦਰ ਸ਼ਬਦਾਂ ਦਾ ਗਾਇਣ ਕਰਦਾ ਹਾਂ। ਪਹਾੜੀ ਦੇ ਨਜ਼ਦੀਕ ਇਕ ਬ੍ਰਿਛ ਹੇਠ ਬੈਠੇ ਹਨ। ਮੇਰੀ ਕਥਾ ਇਸ ਤਰ੍ਹਾਂ ਹੈ, ਕਿਰਪਾ ਕਰਕੇ ਮੈਨੂੰ ਜਲ ਦੇਵੋ'' ॥ ੭੬॥

ਕੀਰਤਿ ਜਦ ਸ੍ਰੀ ਗੁਰੂ ਉਚਾਰੀ। ਸਹਿ ਨ ਸਕ੍ਯੋ ਉਰ ਵਲੀ ਕੰਧਾਰੀ।
ਜਿਮ ਦ੍ਰਿਗ ਦੁਖ ਤੇ ਸੰਕਟ ਪੈਹੈ। ਦੀਪਕ ਦੀਪਤਿ ਨਹਿਂ ਨ ਸੁਹੈ ਹੈ ॥੭੭॥

ਜਦ ਮਰਦਾਨੇ ਨੇ ਗੁਰੂ ਜੀ ਦੀ ਕੀਰਤੀ ਉਚਾਰਨ ਕੀਤੀ ਤਾਂ ਵਲੀ ਕੰਧਾਰੀ ਉਸ ਨੂੰ ਮਨ ਵਿਚ ਬਰਦਾਸ਼ਤ ਨਾ ਕਰ ਸਕਿਆ। ਜਿਵੇਂ ਦੁਖਦੀਆਂ ਅੱਖਾਂ ਵਾਲੇ ਨੂੰ ਦੁੱਖ ਹੁੰਦਾ ਹੈ, ਜਿਵੇਂ ਉਸ ਨੂੰ ਦੀਵਾ ਜਗਦਾ ਚੰਗਾ ਨਹੀਂ ਲੱਗਦਾ ਹੈ॥ ੭੭॥

ਕਹੈ, 'ਜੁ ਤਪਾ ਅਜ਼ਮਤੀ ਐਸੇ। ਕ੍ਯੋਂ ਨ ਮੰਗਾਵਹਿ ਜਲ ਜਹਿਂ ਬੈਸੇ?।
ਜਿਸ ਮਹਿਂ ਅਜ਼ਮਤ ਕਹੈਂ ਗਹੀਰ। ਸੰਗੀ ਇਮ ਜਾਚਤਿ ਫਿਰ ਨੀਰ॥੭੮॥

ਕਹਿਣ ਲੱਗਾ, "ਜੇ ਤੇਰਾ ਤਪਾ ਅਜਿਹਾ ਕਰਾਮਾਤੀ ਹੈ ਤਾਂ ਫਿਰ ਉਹ ਜਿਥੇ ਬੈਠਾ ਹੈ, ਓਥੇ ਜਲ ਕਿਉਂ ਨਹੀਂ ਮੰਗਵਾ ਲੈਂਦਾ ? ਜਿਸ ਨੂੰ ਤੂੰ ਏਡਾ ਵੱਡਾ ਕਰਾਮਾਤੀ ਮੰਨਦਾ ਹੈਂ ਤਾਂ ਫਿਰ ਉਸ ਦਾ ਸਾਥੀ ਇੰਝ ਪਾਣੀ ਕਿਉਂ ਮੰਗਦਾ ਫਿਰਦਾ ਹੈ ? ॥ ੭੮॥

ਉਚਿਤ ਤ੍ਰਿਖਾਤੁਰ ਕੋ ਜਲ ਦੇਨਾ। ਅਬ ਨਹਿਂ ਦੇਉਂ, ਭਨੇ ਸੁਨਿ ਬੈਨਾ?'।
ਸੁਨਿ ਮਰਦਾਨਾ ਤਾਂਕੀ ਆਇਸੁ। ਸਕਲਾ ਅਪਨ ਬ੍ਰਿਤੰਤ ਬਤਾਇਸ॥੭੯॥

ਠੀਕ ਪਿਆਸੇ ਨੂੰ ਜਲ ਦੇਣਾ ਚਾਹੀਦਾ ਹੈ, ਹੁਣ ਮੈਂ ਤੈਨੂੰ ਪਾਣੀ ਨਹੀ ਦੇਵਾਂਗਾ, ਮੇਰੀ ਗੱਲ ਨੂੰ ਚੰਗੀ ਤਰ੍ਹਾਂ ਸੁਣ।" ਮਰਦਾਨਾ ਉਸ ਦੀ ਗੱਲ ਸੁਣ ਕੇ ਗੁਰੂ ਜੀ ਪਾਸ ਆਇਆ ਅਤੇ ਆਪਣਾ ਸਾਰਾ ਬ੍ਰਿਤਾਂਤ ਗੁਰੂ ਜੀ ਨੂੰ ਦੱਸਿਆ॥ ੭੯॥

'ਰਾਵਰ ਕੋ ਜਸੁ ਸੁਨਿ ਦੁਖ ਮਾਹਾ। ਜਨੁ ਬਿਰਹਨਿ ਮਨ ਸਸਿ ਬਹੁ ਦਾਹਾ।
ਅਸ ਪੁਰਸ਼ੋਤਮ ਸੰਗ ਜਿ ਠਾਨਾ। ਜਲ ਜਾਚਤਿ ਬਿਚਰਤਿ ਬਹੁ ਥਾਨਾ!॥੮੦॥

"ਆਪ ਜੀ ਦਾ ਜੱਸ ਸੁਣ ਕੇ ਉਸ ਨੇ ਬਹੁਤ ਦੁੱਖ ਮਨਾਇਆ ਹੈ। ਇੰਞ ਸੜਿਆ ਹੈ ਜਿਵੇਂ ਬਿਰਹਨ ਜਨਾਨੀ ਦਾ ਮਨ ਚੰਦ ਨੂੰ ਵੇਖ ਕੇ ਸੜਦਾ ਹੈ। ਕਹਿੰਦਾ ਸੀ, ਐਸੇ ਪ੍ਰਭੂ ਨਾਲ ਜੇ ਫਿਰਦਾ ਹੈਂ ਤਾਂ ਪਾਣੀ ਕਿਉਂ ਮੰਗਦਾ ਫਿਰਦਾ ਹੈਂ॥ ੮੦॥

ਕ੍ਯੋਂ ਨ ਨਿਕਾਸਹਿ ਨਿਕਟਿ ਸੁ ਨੀਰਾ?। ਜੇ ਅਜ਼ਮਤ ਕਰਿ ਹੋਹਿ ਗਹੀਰਾ'।
ਸ੍ਰੀ ਗੁਰ ਨਾਨਕ ਪੁਨ ਮੁਸਕਾਨੇ। ਭਨ੍ਯੋ ਸੁ 'ਤਿਸਕੇ ਮਾਨ ਮਹਾਨੇ॥੮੧॥

ਕਿਉਂ ਨਹੀਂ ਉਹ ਪਾਣੀ ਆਪਣੇ ਨੇੜੇ ਕੱਢ ਲੈਂਦੇ, ਜੇਕਰ ਉਨ੍ਹਾਂ ਵਿਚ ਵੱਡੀ ਕਰਾਮਾਤ ਹੈ।" ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਮੁਸਕਰਾ ਪਏ ਅਤੇ ਕਿਹਾ, "ਉਸ ਦੇ ਮਨ ਵਿਚ ਮਹਾਨ ਹੰਕਾਰ ਹੈ॥ ੮੧॥

ਸਹਿ ਨਹਿਂ ਸਕਹਹਿ ਅਪਰ ਬਡਾਈ। ਮਤਸਰ ਪਾਵਕ ਤੇ ਤਪਤਾਈ।
ਤੁਰਕ ਰੂਪ ਤੂੰ ਤਿਹ ਢਿਗ ਜੈ ਕੈ। ਜਲ ਜਾਚਹੁ ਪੀਵਹੁ ਤ੍ਰਿਪਤੈ ਕੈ॥੮੨॥

ਉਹ ਹੋਰ ਕਿਸੇ ਦੀ ਵਡਿਆਈ ਨਹੀਂ ਬਰਦਾਸ਼ਤ ਕਰ ਸਕਦਾ। ਉਸ ਦਾ ਮੱਥਾ ਅੱਗ ਵਾਂਗ ਤਪਦਾ ਹੈ। ਤੇਰੀ ਸ਼ਕਲ ਉਸ ਵਾਂਗ ਤੁਰਕਾਂ ਵਰਗੀ ਹੈ। ਉਸ ਦੇ ਪਾਸ ਜਾਵੇਂ ਅਤੇ ਪਾਣੀ ਮੰਗ ਕੇ ਤ੍ਰਿਪਤ ਹੋ ਕੇ ਪੀ ਕੇ ਆਵੇਂ॥ ੮੨॥

ਤੁਰਕ ਤੁਰਕ ਸੋਂ ਰਾਖਹਿ ਭਾਇ। ਨਿੰਮ੍ਰ ਹੋਹਿ ਲੀਜਹਿ ਜਲ ਜਾਇ।
ਗੁਰ ਆਇਸੁ ਤੇ ਪੁਨ ਮਰਦਾਨਾ। ਗਯੋ ਪੀਰ ਢਿਗ ਬਾਕ ਬਖਾਨਾ॥੮੩॥

ਤੁਰਕ ਤੁਰਕ ਨਾਲ ਪ੍ਰੇਮ ਰੱਖਦੇ ਹਨ, ਦੀਨ ਹੋ ਕੇ ਜਾ ਕੇ ਜਲ ਪੀ ਲਵੋ।" ਗੁਰੂ ਜੀ ਦੀ ਆਗਿਆ ਪਾ ਕੇ ਮਰਦਾਨਾ ਫਿਰ ਵਲੀ ਪਾਸ ਗਿਆ ਅਤੇ ਜਾ ਕੇ ਬੇਨਤੀ ਕੀਤੀ॥ ੮੩॥

'ਪਾਨ ਦਾਨ ਕੋ ਫਲ ਅਧਿਕਾਈ। ਇਹਾਂ ਨ ਢਿਗ ਹੈ ਪਿਖੀ ਸਥਾਈ'।
ਸੁਨਿ ਕਰਿ ਕ੍ਰੋਧ, ਹਟਾਇ ਸੁ ਫੇਰ। 'ਤੋਹਿ ਨ ਜਲ ਦੇਵੋਂ ਕਿਸ ਬੇਰ॥੮੪॥

"ਪਾਣੀ ਦਾਨ ਕਰਨਾ ਬਹੁਤ ਵੱਡਾ ਪੁੰਨ ਹੈ, ਏਥੇ ਕਿਤੇ ਨੇੜੇ ਤੇੜੇ ਪਾਣੀ ਨਹੀਂ ਹੈ, ਸਭ ਥਾਂ ਵੇਖਿਆ ਹੈ।" ਇਹ ਸੁਣ ਕੇ ਫਿਰ ਬਹੁਤ ਗੁੱਸੇ ਵਿਚ ਆ ਗਿਆ ਅਤੇ ਮਰਦਾਨੇ ਨੂੰ ਵਾਪਸ ਜਾਣ ਵਾਸਤੇ ਕਿਹਾ, "ਤੈਨੂੰ ਮੈਂ ਕਿਸੇ ਤਰ੍ਹਾਂ ਵੀ ਪਾਣੀ ਨਹੀਂ ਦੇਵਾਂਗਾ॥ ੮੪॥

ਅਜ਼ਮਤ ਕੋ ਕਹਿ ਬਾਕ ਜਨਾਵਤਿ!। ਪਿਯਨ ਹੇਤੁ ਕਰ ਨੀਰ ਨ ਪਾਵਤ'।
ਰਿਸ ਕੋ ਹੇਰਿ ਹਟ੍ਯੋ ਮਰਦਾਨਾ। 'ਨਹਿੰ ਦੇ ਜਲ' ਗੁਰ ਨਿਕਟਿ ਬਖਾਨਾ ॥੮੫॥

ਕਰਾਮਾਤਾਂ ਦੀਆਂ ਏਥੇ ਗੱਲਾਂ ਸੁਣਾਉਂਦਾ ਹੈਂ ਅਤੇ ਪੀਣ ਵਾਸਤੇ ਹੱਥ ਵਿਚ ਘੁੱਟ ਪਾਣੀ ਨਹੀਂ ਪਾਉਂਦਾ।" ਉਸ ਦੇ ਗੁੱਸੇ ਵਲ ਵੇਖ ਕੇ ਮਰਦਾਨਾ ਪਿੱਛੇ ਮੁੜ ਆਇਆ, "ਉਹ ਪਾਣੀ ਨਹੀਂ ਦਿੰਦਾ ਹੈ।" ਗੁਰੂ ਜੀ ਪਾਸ ਆ ਕੇ ਉਹ ਬੋਲਿਆ॥ ੮੫॥

ਸ੍ਰੀ ਨਾਨਕ ਸਭਿ ਅੰਤਰਜਾਮੀ। ਸਭਿ ਬਿਧਿ ਜਾਨਿ ਪੀਰ ਕੀ ਖਾਮੀ।
ਹੁਤੀ ਲਸ਼ਟਕਾ ਹਾਥ ਮਝਾਰੀ। ਤਿਸ ਗਿਰ ਕੀ ਜਰ ਮਹਿਂ ਤਬ ਮਾਰੀ ॥੮੬॥

ਗੁਰੂ ਨਾਨਕ ਦੇਵ ਜੀ ਆਪ ਅੰਤਰਜਾਮੀ ਸਨ, ਉਸ ਪੀਰ ਵਲੀ ਕੰਧਾਰੀ ਦੀ ਸਾਰੀ ਖਾਮੀਂ ਜਾਣਦੇ ਸਨ। ਉਨ੍ਹਾਂ ਦੇ ਹੱਥ ਵਿਚ ਇਕ ਸੋਟੀ ਸੀ, ਉਨ੍ਹਾਂ ਉਸ ਸੋਟੀ ਨੂੰ ਪਹਾੜ ਦੀਆਂ ਜੜ੍ਹਾਂ ਵਿਚ ਮਾਰਿਆ॥ ੮੬॥

ਸ਼ੀਤਲ ਜਲ ਨਿਰਮਲ ਤਿਸ ਕਾਲਾ। ਨਿਕਸਤਿ ਬਹਯੋ ਪ੍ਰਵਾਹੁ ਬਿਸਾਲਾ।
ਵਲੀ ਕੰਧਾਰੀ ਕੋ ਜਲ ਜੇਤੋ। ਗਿਰ ਮਹਿਂ ਪ੍ਰਵਿਸ਼ ਸੁਸ਼ਕ ਗਾ ਤੇਤੋ ॥੮੭॥

ਉਸੇ ਵੇਲੇ ਠੰਢਾ ਨਿਰਮਲ ਪਾਣੀ ਬਾਹਰ ਨਿਕਲ ਆਇਆ ਅਤੇ ਪਾਣੀ ਦਾ ਵਿਸ਼ਾਲ ਪ੍ਰਵਾਹ ਵਹਿ ਤੁਰਿਆ। ਵਲੀ ਕੰਧਾਰੀ ਦੇ ਕੁੰਡ ਵਿਚ ਜਿੰਨਾ ਵੀ ਪਾਣੀ ਸੀ ਉਹ ਪਹਾੜ ਦੀਆਂ ਜੜ੍ਹਾਂ ਵਿਚ ਵੜ ਕੇ ਖੁਸ਼ਕ ਹੋ ਗਿਆ॥ ੮੭॥

ਪਿਖਿ ਅਚਰਜ ਕੋ ਠਾਨਯੋ ਧਜਾਨਾ। ਤਪ ਬਲ ਤੇ ਸੁ ਬ੍ਰਿਤਾਂਤ ਪਛਾਨਾ।
ਤਿਸ ਛਿਨ ਭਾਰੀ ਸਿਲਾ ਬਿਸਾਲਾ। ਅਜ਼ਮਤ ਤੇ ਪ੍ਰਹਾਰਿ ਤਿਸ ਕਾਲਾ ॥੮੮॥

ਇਹ ਅਸਚਰਜ ਕੋਤਕ ਵੇਖ ਕੇ ਧਿਆਨ ਲਾ ਕੇ ਵੇਖਿਆ। ਉਹ ਤਪ ਬਲ ਦੇ ਬ੍ਰਿਤਾਂਤ ਨੂੰ ਪਛਾਣ ਗਿਆ। ਉਸੇ ਵੇਲੇ ਇਕ ਭਾਰੀ ਪੱਥਰ ਲੈ ਕੇ ਗੁਰੂ ਜੀ ਤੇ ਵਾਰ ਕੀਤਾ॥ ੮੮॥

ਚਲੀ ਬੇਗ ਤੇ ਤਰੁ ਕੋ ਤੋਰਤਿ। ਮਗ ਮਹਿਂ ਅਪਰ ਸਿਲਨ ਕੋ ਫੋਰਤਿ।
ਜਲ ਰੋਕਨ ਕੋ ਆਵਤਿ ਧਾਈ। ਬੱਜ੍ਰ ਸਮਾਨ ਸੁ ਨਾਦ ਉਠਾਈ ॥੮੯॥

ਉਹ ਪੱਥਰ ਉਸ ਵੇਲੇ ਰਿੜ੍ਹ ਕੇ ਬ੍ਰਿਛ ਨੂੰ ਤੋੜ ਕੇ ਰਸਤੇ ਵਿਚ ਹੋਰ ਸਿਲਾਂ ਨੂੰ ਤੋੜਦਾ, ਜਲ ਨੂੰ ਰੋਕਣ ਵਾਸਤੇ ਬੜੇ ਜ਼ੋਰ ਨਾਲ ਆਇਆ। ਵੱਡੇ ਬੱਦਲ ਗੱਜਣ ਵਰਗੀ ਆਵਾਜ਼ ਹੋਈ॥ ੮੯॥

ਅਜ਼ਮਤ ਨਿਜ ਅਜ਼ਮਤ ਜੁਤਿ ਦੇਖੀ। ਜਲਹਿ ਅਛਾਦਨ ਆਇ ਬਿਸ਼ੇਖੀ।
ਸ੍ਰੀ ਗੁਰ ਨੈ ਤਬ ਹਾਥ ਪਸਾਰਾ। ਤਿਸ ਆਵਤਿ ਕੇ ਕੀਨ ਅਗਾਰਾ ॥੯੦॥

ਕਰਾਮਾਤ ਨਾਲ ਕਰਾਮਾਤ ਟੱਕਰ ਲੈਂਦੀ ਵੇਖੀ। ਵੱਡਾ ਪੱਥਰ ਪਾਣੀ ਰੋਕਣ ਵਾਸਤੇ ਆਇਆ। ਸ੍ਰੀ ਗੁਰੂ ਜੀ ਨੇ ਫਿਰ ਆਪਣਾ ਹੱਥ ਫੈਲਾਇਆ ਤੇ ਆ ਰਹੇ ਪੱਥਰ ਦੇ ਅੱਗੇ ਕਰ ਦਿੱਤਾ॥ ੯੦॥

ਸਹਿਜ ਸੁਭਾਇਕ ਬੈਠੇ ਰਹੇ। ਸੋ ਰੋਕੀ, ਜਲ ਊਪਰ ਅਹੇ।
ਮਹਾਂ ਪ੍ਰਵਾਹ ਨੀਰ ਕੋ ਚਾਲੇ। ਠਹਿਰੀ ਊਪਰ ਸਿਲਾ ਬਿਸ਼ਾਲੇ ॥ ੯੧ ॥

ਆਪ ਸਹਿਜ ਸੁਭਾਅ ਬੈਠੇ ਰਹੇ। ਉਸ ਨੂੰ ਪਾਣੀ ਦੇ ਉਪਰ ਹੀ ਰੋਕ ਲਿਆ। ਪਾਣੀ ਦਾ ਬਹੁਤ ਵੱਡਾ ਪ੍ਰਵਾਹ ਚੱਲਿਆ। ਵੱਡਾ ਭਾਰੀ ਪੱਥਰ ਉਪਰ ਹੀ ਰੁਕ ਗਿਆ॥ ੯੧॥

ਰੁਕਜੋ ਨ ਨੀਰ ਪੀਰ ਨੈ ਜਾਨੀ। ਨਿਜ ਅਜ਼ਮਤ ਪੁਨ ਲਾਇ ਮਹਾਨੀ।
ਕਰੀ ਧਕਾਵਨ ਸਿਲਾ ਅਗਾਰੀ। ਸਗਰੋ ਓਜ ਲਾਇ ਨਿਜ ਭਾਰੀ ॥੯੨॥

ਪੀਰ ਸਮਝ ਗਿਆ ਕਿ ਪਾਣੀ ਨਹੀਂ ਸੀ ਰੁਕਿਆ। ਫਿਰ ਆਪਣੀਆਂ ਵੱਡੀਆਂ ਕਰਾਮਾਤਾਂ ਦਾ ਇਸਤੇਮਾਲ ਕੀਤਾ। ਪੱਥਰ ਨੂੰ ਅਗਾਂਹ ਧੱਕਣ ਦਾ ਜ਼ੋਰ ਲਗਾਇਆ। ਆਪਣਾ ਸਾਰਾ ਬਲ ਲਾ ਦਿੱਤਾ॥ ੯੨॥

ਹਾਥ ਬੱਜ੍ਰ ਸਮ ਧਸਜੋ ਮਝਾਰੀ। ਰਹੀ ਅਟਕ ਲਖਿ ਵਲੀ ਕੰਧਾਰੀ।
ਅਪਨੀ ਸ਼ਕਤਿ ਅਲਪ ਬੀਚਾਰੀ। ਰੁਕ ਨਹਿੰ ਸਕਜੋ ਚਲੇ ਬਹੁ ਬਾਰੀ ॥੯੩॥

ਗੁਰੂ ਜੀ ਦਾ ਹੱਥ ਬੱਜਰ ਵਾਂਗ ਪੱਥਰ ਵਿਚ ਧੱਸ ਗਿਆ, ਉਹ ਉਥੇ ਹੀ ਖਲੋ ਗਿਆ, ਵਲੀ ਕੰਧਾਰੀ ਨੇ ਚੰਗੀ ਤਰ੍ਹਾਂ ਵੇਖ ਲਿਆ। ਆਪਣੀ ਸ਼ਕਤੀ ਨੂੰ ਉਸ ਬਹੁਤ ਛੋਟੀ ਸਮਝਿਆ। ਪਾਣੀ ਰੁਕ ਨਾ ਸਕਿਆ ਅਤੇ ਬੜੀ ਤੇਜ਼ ਰਫਤਾਰ ਨਾਲ ਵਹਿ ਤੁਰਿਆ॥ ੯੩॥

ਅਬ ਲਗ ਥਾਨ ਬਿਦਤ ਜਗ ਮਾਂਹੀ। ਗੁਰ ਕਰ ਚਿੰਨ੍ਹ ਲਖਜੋ ਸਿਲ ਮਾਂਹੀ।
ਰਹੇ ਮਿਟਾਇ ਜਤਨ ਤੇ ਕੇਈ। ਰਹਜੋ ਸੁ ਚਿੰਨ੍ਹ ਹਾਰਿਗੇ ਤੇਈ ॥੯੪॥

ਉਹ ਥਾਂ ਹਾਲੇ ਤਕ ਜਗਤ ਵਿਚ ਮਸ਼ਹੂਰ ਹੈ, ਗੁਰੂ ਜੀ ਦੇ ਹੱਥ ਦਾ ਪੰਜਾ ਉਸ ਪੱਥਰ ਵਿਚ ਉਕਰਿਆ ਨਜ਼ਰ ਆਉਂਦਾ ਹੈ, ਕਈ ਜਤਨ ਕਰਕੇ ਉਸ ਨੂੰ ਮਿਟਾਉਣ ਦਾ ਜਤਨ ਕੀਤਾ ਹੈ ਪਰ ਉਹ ਚਿੰਨ੍ਹ ਉਸ ਤਰ੍ਹਾਂ ਹੀ ਕਾਇਮ ਹੈ, ਦੁਨੀਆਂ ਹਾਰ ਗਈ ਹੈ॥ ੯੪॥

ਜਲ ਪ੍ਰਵਾਹ ਤੈਸੀ ਬਿਧਿ ਅਹੈ। ਨਿਰਮਲ ਚਲਤਿ ਬਹੁਤ ਨਿਤ ਰਹੈ।
ਅਲਪ ਆਪ ਕੋ ਪੀਰ ਪਛਾਨਾ। ਸ਼ੀਘ੍ਰ ਆਇ ਗੁਰ ਪਗ ਲਪਟਾਨਾ ॥੯੫॥

ਜਲ ਪ੍ਰਵਾਹ ਉਸ ਤਰ੍ਹਾਂ ਹੀ ਚਲ ਰਿਹਾ ਹੈ, ਨਿਰਮਲ ਜਲ ਸਦਾ ਹੀ ਚਲਦਾ ਹੈ। ਵਲੀ ਕੰਧਾਰੀ ਆਪਣੇ ਆਪ ਨੂੰ ਬਹੁਤ ਛੋਟਾ ਪੀਰ ਸਮਝ ਕੇ ਤੁਰੰਤ ਗੁਰੂ ਜੀ ਦੇ ਪੈਰਾਂ ਨਾਲ ਲਿਪਟ ਗਿਆ॥ ੯੫॥

'ਹੇ ਪ੍ਰਭੁ! ਖਤਾ ਬਖਸ਼ਿਯੇ ਮੋਹੀ। ਨਹੀਂ ਮਹਾਤਮ ਜਾਨਜੋ ਤੋਹੀ।
ਹੋਇ ਪ੍ਰਲੋਕ ਸਹਾਇ ਬਿਸ਼ੇਸ਼ਾ। ਅਸ ਮੋਕਹੁ ਕੀਜੈ ਉਪਦੇਸ਼ਾ ॥੯੬॥

ਕਹਿਣ ਲੱਗਾ, "ਹੇ ਪ੍ਰਭੂ! ਮੇਰੀ ਭੁੱਲ ਬਖਸ਼ੋ, ਤੁਹਾਡੇ ਵਰਗਾ ਕੋਈ ਮਹਾਤਮਾ ਨਹੀਂ ਵੇਖਿਆ ਹੈ। ਪਰਲੋਕ ਵਿਚ ਤੁਸੀਂ ਵਿਸ਼ੇਸ਼ ਤੌਰ ਤੇ ਸਹਾਇਕ ਹੋਵੋ, ਇਸ ਤਰ੍ਹਾਂ ਦਾ ਮੈਨੂੰ ਉਪਦੇਸ਼ ਦੇਵੋ"॥ ੯੬॥

ਇੱਤਜਾਦਿਕ ਬਿਨਤੀ ਬਹੁ ਕਰੇ। ਸ਼ਰਧਾ ਕੋ ਉਰ ਨਿਸ਼ਚਾ ਧਰੇ।
ਤਬ ਸ੍ਰੀ ਗੁਰ ਉਪਦੇਸ਼ ਬਖਾਨਾ। 'ਤੈਂ ਮਤਸਰ ਦੁਖ ਨਾਹਕ ਮਾਨਾ ॥੯੭॥

ਇਸ ਤਰ੍ਹਾਂ ਇਤਿਆਦਿਕ ਉਸ ਬਹੁਤ ਬੇਨਤੀਆਂ ਕੀਤੀਆਂ, ਸ਼ਰਧਾ ਦਾ ਦਿਲ ਵਿਚ ਨਿਸ਼ਚਾ ਧਾਰਨ ਕੀਤਾ। ਤਦ ਗੁਰੂ ਜੀ ਨੇ ਉਪਦੇਸ਼ ਦਿੱਤਾ, "ਤੂੰ ਮਸਤਕ ਵਿਚ ਐਵੇਂ ਦੁੱਖ ਮੰਨਿਆ ਹੈ॥ ੯੭॥

ਜਿਸ ਮਹਿਂ ਪ੍ਰਾਪਤਿ ਕਿਛੂ ਨ ਹੋਇ। ਹਰਖ ਰਿਦੈ ਕਰਿ ਤਜਾਗਹੁ ਸੋਇ।
ਹਰਦਮ ਯਾਦ ਖੁਦਾਇ ਕਰੀਜੈ। ਮਾਨੁਖ ਤਨ ਸਫਲੋ ਕਰਿ ਲੀਜੈ ॥੯੮॥

ਜਿਸ ਵਿਚ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਆਪਣੇ ਹਿਰਦੇ ਦੇ ਦੁੱਖ ਛੱਡ ਦੇਵੋ। ਹਰ ਵੇਲੇ ਖੁਦਾ ਨੂੰ ਯਾਦ ਕਰੋ ਅਤੇ ਮਨੁੱਖ ਸਰੀਰ ਨੂੰ ਸਫਲ ਕਰ ਲਵੋ"॥ ੯੮॥

ਇੱਤਜਾਦਿਕ ਗੁਰ ਕਹਿਬੋ ਮਾਨਜੋ। ਪਦ ਪੰਕਜ ਪਰਨਾਮ ਸੁ ਠਾਨਜੋ।
ਅਪਨੇ ਪੀਰ ਕਰੇ ਧਰਿ ਪ੍ਰੇਮਾ। ਪ੍ਰਾਪਤਿ ਭਈ ਅਧਿਕ ਤਿਸ ਛੇਮਾ ॥੯੯॥

ਇਸ ਤਰ੍ਹਾਂ ਗੁਰੂ ਜੀ ਦੇ ਕਹੇ ਨੂੰ ਮੰਨਿਆ, ਚਰਨ ਕੰਵਲਾਂ ਤੇ ਪਰਿਣਾਮ ਕੀਤਾ। ਬੜਾ ਪ੍ਰੇਮ ਕਰਕੇ ਉਨ੍ਹਾਂ ਆਪਣਾ ਪੀਰ ਬਣਾ ਲਿਆ, ਉਸ ਨੂੰ ਅਧਿਕ ਮੁਕਤੀ ਪ੍ਰਾਪਤ ਹੋਈ॥ ੯੯॥

ਦੋਹਰਾ-ਰਹਜੇ ਪੀਰ ਤਿਸ ਥਾਂਨ ਹੀ ਗੁਰੂ ਕੀਨ ਪ੍ਰਸਥਾਨ।
ਹੈ ਅਬ ਲਗ ਸੋ ਜਗਤ ਮਹਿ ਜਲ ਪ੍ਰਵਾਹਿ ਤਿਸ ਥਾਨ॥ ੧੦੦॥

ਉਹ ਪੀਰ ਤਾਂ ਉਸ ਸਥਾਨ ਵਿਖੇ ਹੀ ਰਿਹਾ, ਪਰ ਗੁਰੂ ਜੀ ਅੱਗੇ ਚਲੇ ਗਏ, ਜਗਤ ਵਿਚ ਅੱਜ ਤਕ ਉਸ ਸਥਾਨ ਵਿਖੇ ਜਲ ਦਾ ਪ੍ਰਵਾਹ ਚੱਲ ਰਿਹਾ ਹੈ॥ ੧੦੦॥

ਚੌਪਈ- ਜਹਿਂ ਕਾਬਲ ਕੋ ਨਗਰ ਸੁਹਾਵਾ। ਤਿਸ ਮਹਿਂ ਪ੍ਰਵਿਸ਼ੇ ਦੁਖ ਬਨ ਦਾਵਾ।
ਇਕ ਮਸੀਤ ਅਵਲੋਕੀ ਨੀਕੀ। ਬੈਠਕ ਹੁਤੀ ਤੁਰਕ ਸਭਿ ਹੀ ਕੀ ॥੧੦੧॥

ਜਿੱਥੇ ਕਾਬਲ ਦਾ ਸੁੰਦਰ ਨਗਰ ਸ਼ੋਭ ਰਿਹਾ ਹੈ, ਉਸ ਨਗਰੀ ਵਿਚ ਦੁੱਖਾਂ ਰੂਪੀ ਵਣ ਦਾ ਨਾਸ਼ ਕਰਨ ਵਾਲੀ ਦਾਵਾਨਲ ਅਗਨੀ ਭਾਵ ਗੁਰੂ ਜੀ ਨੇ ਪ੍ਰਵੇਸ਼ ਕੀਤਾ। ਇਕ ਸੁੰਦਰ ਮਸੀਤ ਵੇਖੀ ਜਿਹੜੀ ਕਿ ਸਾਰੇ ਹੀ ਤੁਰਕਾਂ ਦੇ ਬੈਠਣ ਦੀ ਥਾਂ ਸੀ॥ ੧੦੧॥

ਤਿਸ ਕੇ ਮੱਧ ਜਾਇ ਕਿਯ ਡੇਰਾ। ਆਨ ਮੁਲਾਂ ਨੇ ਗੁਰ ਕੋ ਹੇਰਾ।
ਬੋਲਜੋ 'ਕੌਨ ਕਹਾਂ ਤੇ ਆਏ ?। ਹਿੰਦੂ ਸੇ ਤੁਮ ਪਰਹੁ ਲਖਾਏ ॥੧੦੨॥

ਉਨ੍ਹਾਂ ਦੇ ਵਿਚਕਾਰ ਜਾ ਕੇ ਡੇਰਾ ਕੀਤਾ ਤਾਂ ਆ ਕੇ ਮੁੱਲਾਂ ਨੇ ਗੁਰੂ ਜੀ ਨੂੰ ਵੇਖਿਆ। ਬੋਲਿਆ, "ਤੁਸੀਂ ਕੌਣ ਹੋ ਅਤੇ ਕਿਥੋਂ ਆਏ ਹੋ ? ਤੁਸੀਂ ਹਿੰਦੂਆਂ ਵਾਂਗ ਜਾਪਦੇ ਹੋ॥ ੧੦੨॥

ਇਹ ਤੁਰਕਨ ਕੋ ਥਾਨ ਮਹਾਨਾਂ। ਬੈਸਹੁ ਨਹਿਂ ਤੁਮ ਕਰਹੁ ਪਯਾਨਾ।
ਸ੍ਰੀ ਨਾਨਕ ਜੀ ਬੈਨ ਉਚਾਰੇ। 'ਮਾਰਗ ਚਲਤਜੋ ਪਗ ਹਮ ਹਾਰੇ ॥੧੦੩॥

ਇਹ ਤੁਰਕਾਂ ਦਾ ਮਹਾਨ ਸਥਾਨ ਹੈ, ਇਸ ਸਥਾਨ ਤੇ ਨਾ ਬੈਠੋ, ਅੱਗੇ ਚਲੇ ਜਾਉ।" ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕੀਤੇ, "ਰਾਹ ਵਿਚ ਚਲਦਿਆਂ ਚਲਦਿਆਂ ਸਾਡੇ ਪੈਰ ਬਹੁਤ ਥੱਕ ਗਏ ਹਨ॥ ੧੦੩॥

ਰਹਿਨੋ ਏਕ ਸਰਵਰੀ ਸਾਰੀ। ਗਵਨੈਂ ਹੋਵਤਿ ਭੋਰ ਅਗਾਰੀ'।
ਮੁੱਲਾਂ ਕਹੈ 'ਰਹਹੁ ਨਹਿਂ ਬੈਸੇ। ਹਿੰਦੂ ਰਹਿਨੇ ਦੇਉਂ ਨ ਕੈਸੇ ॥੧੦੪॥

ਅਸੀ ਕੇਵਲ ਇਕ ਰਾਤ ਏਥੇ ਰਹਿਣਾ ਹੈ, ਸਵੇਰ ਹੁੰਦਿਆਂ ਹੀ ਅੱਗੇ ਚਲੇ ਜਾਵਾਂਗੇ।" ਮੁੱਲਾਂ ਨੇ ਕਿਹਾ, "ਏਥੇ ਨਾ ਬੈਠੋ, ਹਿੰਦੂਆਂ ਨੂੰ ਮੈਂ ਏਥੇ ਕਿਸੇ ਤਰ੍ਹਾਂ ਵੀ ਨਹੀਂ ਰਹਿਣ ਦੇਵਾਂਗਾ॥ ੧੦੪॥

ਆਨ ਸਥਾਨ ਕਰੋ ਗੁਜ਼ਰਾਨਾ। ਕਹਾ ਮਾਨ ਮਮ, ਕਰੋ ਪਯਾਨਾ।
ਆਇ ਤੁਰਕ ਕੋ ਰਿਸ ਉਪਜੈ ਹੈ। ਬਾਂਹ ਪਕਰਿ ਕੈ ਤੁਰਤ ਉਠੈ ਹੈ ॥੧੦੫॥

ਕਿਸੇ ਹੋਰ ਥਾਂ ਤੇ ਜਾ ਕੇ ਗੁਜ਼ਰਾਨ ਕਰੋ, ਮੇਰਾ ਕਿਹਾ ਮੰਨ ਕੇ ਕਿਸੇ ਹੋਰ ਥਾਂ ਚਲੇ ਜਾਵੋ। ਕੋਈ ਤੁਰਕ ਆਇਆ ਤਾਂ ਬਹੁਤ ਗੁੱਸਾ ਕਰੇਗਾ, ਬਾਂਹ ਤੋਂ ਫੜ ਕੇ ਤੁਰਤ ਉਠਾ ਦੇਵੇਗਾ॥ ੧੦੫॥

ਹਿੰਦੂ ਕੋ ਕਜਾ ਕਾਮ ਮਸੀਤੀ। ਉਠਿ ਕਰਿ ਚਲੇ ਜਾਹੁ ਭਲਿ ਰੀਤੀ।
ਜੇ ਮਮ ਬਾਤ ਨ ਮਾਨਹੁ ਕਾਈ। ਪਕਰ ਬਾਂਹੁ ਮੈਂ ਦੇਉਂ ਉਠਾਈਂ ॥੧੦੬॥

ਹਿੰਦੂਆਂ ਦਾ ਮਸੀਤ ਵਿਚ ਕੀ ਕੰਮ ਹੈ, ਭਲੀ ਰੀਤੀ ਅਨੁਸਾਰ ਉੱਠ ਕੇ ਚਲੇ ਜਾਵੋ। ਜੇ ਮੇਰੀ ਕੌੜੀ ਗੱਲ ਨਹੀਂ ਮੰਨੋਗੇ ਤਾਂ ਮੈਂ ਹੀ ਬਾਂਹ ਤੋਂ ਫੜ ਕੇ ਉਠਾ ਦੇਵਾਂਗਾ" ॥ ੧੦੬ ॥

ਸੁਨਿ ਸ੍ਰੀ ਮੁਖ ਬਿਗਸੇ ਗੁਨ ਖਾਨੀ। ਸਾਥ ਮੁਲਾਨੇ ਬੋਲੇ ਬਾਨੀ।
'ਜੇ ਤੁਝ ਮੈਂ ਹੈ ਜੋਰ ਬਿਸਾਲਾ। ਥਿਰ ਮਸੀਤ ਰਾਖਹੁ ਇਸ ਕਾਲਾ ॥੧੦੭॥

ਇਹ ਸੁਣ ਕੇ ਗੁਣਾਂ ਦੀ ਖਾਣ ਗੁਰੂ ਜੀ ਮੁਸਕਰਾਏ ਅਤੇ ਮੁਲਾਨੇ ਨੂੰ ਕਿਹਾ, "ਜੇ ਤੇਰੇ ਵਿਚ ਭਾਰੀ ਜ਼ੋਰ ਹੈ, ਤਾਂ ਇਸ ਸਮੇਂ ਮਸੀਤ ਟਿਕਾ ਕੇ ਭਾਵ ਸਥਿਰ ਰੱਖ ਕੇ ਵਿਖਾਲੋ॥ ੧੦੭॥

ਜੇ ਥਿਰ ਰਹੀ ਨ, ਤਾਂ ਤੂੰ ਕੂਰਾ। ਬੋਲਤਿ ਹੈ ਜੈਸੇ ਘਟ ਊਰਾ'।
ਮੁੱਲਾਂ ਕਹੈਂ,'ਸਥਿਰ,ਕਿਤ ਜਾਵਤਿ ?। ਇਸ ਪ੍ਰਕਾਰ ਕਹਿ ਮੁਝਹਿ ਡਰਾਵਤਿ ॥੧੦੮॥

ਜੇ ਇਹ ਥਿਰ ਨਾ ਰਹੀ ਤਾਂ ਤੂੰ ਝੂਠਾ ਹੈਂ, ਜਿਵੇਂ ਊਣਾ ਘੜਾ ਬੋਲਦਾ ਹੈ।" ਮੁੱਲਾਂ ਨੇ ਕਿਹਾ, "ਟਿਕਾ ਕੇ ਰੱਖਾਂ, ਇਹ ਕਿਥੇ ਚੱਲੀ ਹੈ ?" ਇਸ ਤਰ੍ਹਾਂ ਕਹਿ ਕੇ ਮੈਨੂੰ ਡਰਾਉਂਦਾ ਹੈਂ ? ॥ ੧੦੮ ॥

ਉਠਤਿ ਨਹੀ ਤੁਮ, ਬਿਨ ਸਚ ਦੇਖੇ'। ਕਹਿ ਅਸ ਕੀਨੋ ਕ੍ਰੋਧ ਵਿਸ਼ੇਖੇ।
ਤਿਹ ਕੋ ਗੰਜਨ ਕ੍ਰੋਧ ਬਿਸਾਲਾ। ਚਢੇ ਮਸੀਤਹਿ ਪਰ ਤਤਕਾਲਾ ॥੧੦੯॥

ਤੁਸੀਂ ਸੱਚ ਵੇਖਣ ਤੋਂ ਬਗੈਰ ਉੱਠਦੇ ਨਹੀਂ।" ਇਹ ਕਹਿ ਕੇ ਉਸ ਬਹੁਤ ਕ੍ਰੋਧ ਕੀਤਾ। ਉਸ ਦੇ ਵਿਸ਼ਾਲ ਕ੍ਰੋਧ ਨੂੰ ਨਾਸ਼ ਕਰਨ ਵਾਸਤੇ, ਗੁਰੂ ਜੀ ਆਪਣੇ ਸਾਥੀਆਂ ਨੂੰ ਲੈ ਕੇ ਤੁਰੰਤ ਮਸੀਤ ਤੇ ਚੜ੍ਹ ਗਏ॥ ੧੦੯॥

ਹ੍ਵੈ ਆਰੂਢੱ ਜਬੈ ਚਲਾਈ। ਠਿਠਕਜੋ ਮੁੱਲਾਂ ਰਿਦੈ ਡਰਾਈ।
ਚੱਕ੍ਰਿਤ ਭਏ ਦੇਖਿ ਨਰ ਸਾਰੇ। ਫਿਰਤ ਮਸੀਤੰ ਧਾਯ ਨਿਹਾਰੇ ॥੧੧੦॥

ਮਸੀਤ ਤੇ ਸਵਾਰ ਹੋ ਕੇ ਜਦ ਉਸ ਨੂੰ ਭਜਾਇਆ ਤਾਂ ਮੁੱਲਾਂ ਕੰਬ ਉਠਿਆ ਅਤੇ ਹਿਰਦੇ ਵਿਚ ਬਹੁਤ ਡਰਿਆ। ਸਾਰੇ ਮਨੁੱਖ ਵੇਖ ਕੇ ਹੈਰਾਨ ਰਹਿ ਗਏ। ਦੌੜਦੀ ਮਸੀਤ ਉਨ੍ਹਾਂ ਆਪਣੀਆਂ ਅੱਖਾਂ ਨਾਲ ਵੇਖੀ॥ ੧੧੦॥

ਕਾਬਲ ਕੇ ਚਹੁੰਫੇਰ ਫਿਰਾਈ। ਸੁਨਿ ਕਾਜ਼ੀ ਢਿਗ ਆਯੋ ਧਾਈ।
ਪੀਰ,ਔਲੀਆ,ਕਿਧੌਂ ਖੁਦਾਇ। ਬੰਦਹਿੰ ਹਾਥ ਚਰਨ ਲਪਟਾਇ ॥੧੧੧॥

ਮਸੀਤ ਨੂੰ ਕਾਬਲ ਦੇ ਚਾਰ-ਚੁਫੇਰੇ ਘੁਮਾਇਆ, ਇਹ ਸੁਣ ਕੇ ਕਾਜ਼ੀ ਦੌੜ ਕੇ ਗੁਰੂ ਜੀ ਦੇ ਨੇੜੇ ਆਇਆ। ਪੀਰ, ਔਲੀਆ ਕਿ ਖੁਦਾ ਹੈ, ਹੱਥ ਜੋੜ ਕੇ ਚਰਨਾਂ ਨਾਲ ਜੁੜ ਗਿਆ॥ ੧੧੧॥

ਹੋਇ ਦੀਨ ਬਹੁ ਖਿਨੈ ਉਚਰਿਹੀ। ਲਖਿ ਅਜਮਤ, ਉਰ ਸ਼ਰਧਾ ਧਰਿਹੀ।
'ਅਬ ਮਸੀਤ ਕੋ ਚਲਤਿ ਟਿਕਾਵਹੁ। ਹਿਤ ਖੁਦਾਇ ਨਿਜ ਦਰਸ ਦਿਖਾਵਹੁ' ॥੧੧੨॥

ਬਹੁਤ ਮਸਕੀਨ ਹੋ ਕੇ ਬੇਨਤੀ ਕੀਤੀ। ਕਰਾਮਾਤ ਵੇਖ ਕੇ ਹਿਰਦੇ ਵਿਚ ਸ਼ਰਧਾ ਧਾਰਨ ਕੀਤੀ ਅਤੇ ਕਿਹਾ, "ਹੁਣ ਮਸੀਤ ਨੂੰ ਚੱਲਣੋਂ ਹਟਾਵੋ। ਰੱਬ ਕਰਕੇ ਆਪਣੇ ਦਰਸ਼ਨ ਵਿਖਾਉ॥ ੧੧੨॥

ਗੁਰ ਮਸੀਤ ਤਿਸ਼ਟਾਈ ਜਬਹੀ। ਨਗਰ ਲੋਕ ਆਵਤਿ ਭੇ ਤਬਹੀ।
ਧਰਹਿੰ ਉਪਾਇਨ ਬੰਦਨ ਕਰਿਹੀਂ। 'ਧੰਨ ਧੰਨਾ ਪੁਨ 'ਧੰਨਾ ਉਚਰਿਹੀਂ ॥੧੧੩॥

ਜਦ ਗੁਰੂ ਜੀ ਨੇ ਮਸੀਤ ਨੂੰ ਰੋਕਿਆ, ਨਗਰ ਦੇ ਲੋਕ ਉਸੇ ਵੇਲੇ ਆ ਗਏ। ਗੁਰੂ ਜੀ ਅੱਗੇ ਉਪਹਾਰ ਧਰ ਕੇ ਬੰਦਨਾ ਕੀਤੀ ਅਤੇ ਧੰਨ, ਧੰਨ, ਧੰਨ ਕਹਿ ਕੇ ਮਹਿਮਾ ਕੀਤੀ॥ ੧੧੩॥

ਅਉਘੜ ਅਪਨੋ ਨਾਮ ਕਹਾਯੋ। ਨਾਮ ਦਾਨ ਇਸ਼ਨਾਨ ਦ੍ਰਿੜਾਯੋ।
ਚਰਨ ਕਮਲ ਗੁਰ ਕੋ ਜੋ ਬਾਮੂ। ਪੂਜਹਿਂ ਤੁਰਕ ਕਰਹਿ ਪਰਣਾਮੂ ॥੧੧੪ ॥

ਅਵਧੂਤ ਆਪਣਾ ਨਾਮ ਕਹਾਇਆ ਅਤੇ ਨਾਮ, ਦਾਨ, ਇਸ਼ਨਾਨ ਦ੍ਰਿੜ੍ਹ ਕਰਵਾਇਆ। ਗੁਰੂ ਜੀ ਦੇ ਜਿਹੜੇ ਖੱਬੇ ਚਰਨ ਕੰਵਲ ਸਨ, ਉਸ ਨੂੰ ਤੁਰਕ ਸਲਾਮ ਕਰਕੇ ਪੂਜਦੇ ਸਨ॥ ੧੧੪ ॥

ਦਹਿਨੋ ਚਰਨ ਕਮਲ ਤਿਹ ਕਾਲਾ। ਪੂਜਹਿਂ ਹਿੰਦੂ ਭਾਉ ਬਿਸਾਲਾ।
ਸਭਿਹਿਨਿ ਕੋ ਦੀਨੋ ਉਪਦੇਸ਼ਾ। 'ਭਜਹੁ ਨਾਮ ਤਜਿ ਜਗਤ ਕਲੇਸ਼ਾ ॥੧੧੫ ॥

ਉਸ ਸਮੇਂ ਸੱਜੇ ਚਰਨ ਕੰਵਲ ਨੂੰ ਹਿੰਦੂ ਬੜੀ ਪ੍ਰੇਮ ਭਾਵਨਾ ਨਾਲ ਪੂਜਦੇ ਸਨ। ਗੁਰੂ ਜੀ ਨੇ ਸਾਰਿਆਂ ਨੂੰ ਉਪਦੇਸ਼ ਦਿੱਤਾ, ''ਨਾਮ ਦਾ ਜਾਪ ਕਰੋ ਅਤੇ ਜਗਤ ਦੇ ਕਲੇਸ਼ਾਂ ਨੂੰ ਛੱਡੋ॥ ੧੧੫ ॥

ਅੰਤ ਕਾਲ ਮਹਿਂ ਹੋਇ ਸਹਾਈ। ਕਰੇ ਜਿ ਕਲਮਲ ਦੇਹ ਮਿਟਾਈ।
ਕੀਜੈ ਸੰਤ ਸੇਵ ਮਨ ਲਾਈ। ਤਿਨ ਕੇ ਬਚਨ ਸੁਨਤਿ ਸੁਖ ਪਾਈ ॥੧੧੬ ॥

ਨਾਮ ਦਾ ਸਿਮਰਨ ਅੰਤ ਕਾਲ ਸਮੇਂ ਤੁਹਾਡੀ ਸਹਾਇਤਾ ਕਰੇਗਾ। ਜਿਹੜੇ ਪਾਪ ਕੀਤੇ ਹਨ, ਉਹ ਮਿਟ ਜਾਂਦੇ ਹਨ। ਸੰਤਾਂ ਦੀ ਸੇਵਾ ਮਨ ਲਾ ਕੇ ਕਰੋ, ਉਨ੍ਹਾਂ ਦੇ ਬਚਨ ਸੁਣਨ ਨਾਲ ਸੁੱਖ ਪ੍ਰਾਪਤ ਹੁੰਦਾ ਹੈ॥ ੧੧੬ ॥

ਰਿਦੈ ਬਿਚਾਰ ਕਮਾਵਹਿ ਸੋਊ। ਤਬ ਹੋਵਹਿ ਸੁਖ ਲੋਕਹਿਂ ਦੋਊ।
ਕਿਤਿਕ ਦਿਵਸ ਰਹਿਕੈ ਜਗਤੇਸ਼ਾ। ਨਾਮ ਜਪਨ ਕੋ ਦੇ ਉਪਦੇਸ਼ਾ ॥੧੧੭ ॥

ਹਿਰਦੇ ਵਿਚ ਵਿਚਾਰ ਕੇ ਉਸ ਦੀ ਕਮਾਈ ਕਰੋ, ਤਦ ਦੋਹਾਂ ਲੋਕਾਂ ਵਿਚ ਸੁੱਖ ਪ੍ਰਾਪਤ ਹੁੰਦਾ ਹੈ। ਓਥੇ ਗੁਰੂ ਜੀ ਕਈ ਦਿਨ ਰਹੇ ਅਤੇ ਨਾਮ ਜਪਣ ਦਾ ਉਪਦੇਸ਼ ਦਿੰਦੇ ਰਹੇ॥ ੧੧੭ ॥

ਬਿਦਾ ਹੋਇ ਤਿਨ ਤੇ ਗੁਨਖਾਨੀ। ਆਨ ਥਾਨ ਗਮਨੇ ਸੁਖਦਾਨੀ।
ਕਵਿ ਸੰਤੋਖ ਸਿੰਘ ਜਾਚੈ ਦਾਨਾ। ਸਤਿਨਾਮ ਦੇਵਹੁ ਦੁਖ ਹਾਨਾ ॥੧੧੮ ॥

ਕੁਝ ਦਿਨ ਬਾਅਦ ਗੁਰੂ ਜੀ ਓਥੋਂ ਵਿਦਾ ਹੋਏ। ਸੁੱਖ ਦਾਤੇ ਕਿਸੇ ਹੋਰ ਥਾਂ ਚਲੇ ਗਏ। ਹੇ ਗੁਰੂ ਜੀ ! ਕਵੀ ਸੰਤੋਖ ਸਿੰਘ ਤੁਹਾਥੋਂ ਦਾਨ ਮੰਗਦਾ ਹੈ, ਦੁੱਖ ਦੂਰ ਕਰਨ ਵਾਲਾ ਮੈਨੂੰ ਸੱਚਾ ਨਾਮ ਬਖਸ਼ੋ॥ ੧੧੮ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕਸ਼ਮੀਰ, ਵਲੀ ਕੰਧਾਰੀ, ਕਾਬਲ ਪ੍ਰਸੰਗ' ਬਰਨਨੰ ਨਾਮ ਚੌਦਸ਼ਮੋ ਅਧ੍ਯਾਯ ॥ ੧੪ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੌਦਵਾਂ ਅਧਿਆਇ, ਜਿਸ ਦਾ ਨਾਮ 'ਕਸ਼ਮੀਰ, ਵਲੀ ਕੰਧਾਰੀ, ਕਾਬਲ ਦੀ ਮਸੀਤ' ਹੈ, ਸਮਾਪਤ ਹੋਇਆ ॥ ੧੪ ॥

# ਅਧਿਆਇ ਪੰਦਰ੍ਹਵਾਂ

## ਬਾਲਕ, ਵਪਾਰੀ ਤੇ ਠੱਗਾਂ ਨੂੰ ਤਾਰਨਾ

ਦੋਹਰਾ- ਸ੍ਰੀ ਸਤਿਗੁਰ ਕੇ ਸ਼ਬਦ ਮਹਿ ਰਚੇ ਜਿ ਸਿਖ ਸੁਖ ਸੰਗ।
ਤਿਨ ਚਰਨਨ ਪਰ ਬੰਦਨਾ ਕਰੌਂ ਸਦਾ ਸ ਉਮੰਗ॥ ੧॥

ਸ੍ਰੀ ਸਤਿਗੁਰੂ ਜੀ ਦੇ ਨਾਮ ਸਿਮਰਨ ਵਿਚ ਜੋ ਸਿੱਖ ਸਹਿਤ ਰਮੇ ਹੋਏ ਹਨ, ਉਨ੍ਹਾਂ ਦੇ ਚਰਨਾਂ ਤੇ ਸਦਾ ਹੀ ਮੈਂ ਉਮੰਗ ਨਾਲ ਬੰਦਨਾ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਅੰਗਦ ਸੁਨੀਏ ਗੁਨ ਭਵਨੰ!। ਆਗੈ ਕੀਨ ਗੁਰੂ ਪੁਨ ਗਵਨੰ।
ਜਾਤਿ ਪੰਥ ਮਹਿਂ ਖੇਤ ਨਿਹਾਰਾ। ਪਾਕੇ ਚਨੇ ਖਰੇ ਇਕ ਸਾਰਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਗੁਣਾਂ ਦੇ ਘਰ, ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਉਸ ਤੋਂ ਅੱਗੇ ਚਲ ਪਏ। ਰਾਹ ਵਿਚ ਜਾਂਦਿਆਂ ਇਕ ਖੇਤ ਵੇਖਿਆ। ਉਸ ਖੇਤ ਵਿਚ ਇਕਸਾਰ ਪੱਕੇ ਹੋਏ ਛੋਲੇ ਖੜੇ ਸਨ ॥ ੨॥

ਪਿਖਿ ਮਰਦਾਨੇ ਰਿਦੈ ਲੁਭਾਯਾ। ਸ੍ਰੀ ਨਾਨਕ ਸੰਗ ਬੈਨ ਅਲਾਯਾ।
'ਖੇਤ ਚਨਨ ਕੋ ਬਹੁ ਫਲ ਲਾਗਜੋ। ਹਿਤ ਚਾਬਨ ਮਮ ਮਨ ਅਨੁਰਾਗਜੋ॥ ੩॥

ਪੱਕੇ ਹੋਏ ਛੋਲਿਆਂ ਦੇ ਖੇਤ ਨੂੰ ਵੇਖ ਕੇ ਮਰਦਾਨੇ ਦਾ ਮਨ ਲਲਚਾ ਗਿਆ। ਉਸ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਇਹ ਬਚਨ ਕਹੇ, "ਛੋਲਿਆਂ ਦੇ ਖੇਤ ਨੂੰ ਬਹੁਤ ਫਲ ਲੱਗਾ ਹੈ। ਛੋਲੇ ਚੱਬਣ ਲਈ ਮੇਰਾ ਮਨ ਵਿਚ ਬੜਾ ਪ੍ਰੇਮ ਜਾਗਿਆ ਹੈ॥ ੩॥

ਆਇਸੁ ਦੇਹੁ ਸੁ ਬੂਟ ਉਖਾਰੋਂ। ਇਹ ਠਾਂ ਅਗਨਿ ਜਗਾਇ ਸਵਾਰੋਂ'।
ਸੁਨਿ ਬਿਗਸੇ ਬੇਦੀ ਕੁਲ ਦੀਪਾ। ਬੈਠਿ ਗਏ ਤਿਹ ਖੇਤ ਸਮੀਪਾ॥ ੪॥

ਆਗਿਆ ਦੇਵੋ ਤਾਂ ਕੁਝ ਬੂਟੇ ਪੁੱਟ ਲਵਾਂ। ਇਸ ਥਾਂ ਅੱਗ ਬਾਲ ਕੇ ਹੋਲਾਂ ਭੁੰਨ ਲਵਾਂ।" ਇਹ ਸੁਣ ਕੇ ਗੁਰੂ ਜੀ ਮੁਸਕਰਾਏ ਅਤੇ ਖੇਤ ਦੇ ਨੇੜੇ ਬੈਠ ਗਏ॥ ੪॥

ਤਹਿਂ ਇਕ ਬਾਲਕਿ ਥੋ ਰਖਵਾਰਾ। ਸ੍ਰੀ ਗੁਰ ਕੋ ਤਿਨ ਦਰਸ ਨਿਹਾਰਾ।
ਹਿਰਦਾ ਨਿਰਮਲ ਭਯੋ ਬਿਸਾਲਾ। ਅਸ ਕਾਰਜ ਕੀਨੋ ਤਿਹ ਕਾਲਾ॥ ੫॥

ਇਕ ਬਾਲਕ ਉਸ ਖੇਤ ਦਾ ਰਾਖਾ ਸੀ। ਉਸ ਬਾਲਕ ਨੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ। ਤਾਂ ਉਸ ਦਾ ਹਿਰਦਾ ਬਹੁਤ ਨਰਮ ਹੋ ਗਿਆ। ਇਸ ਕੰਮ ਵਾਸਤੇ ਗੁਰੂ ਜੀ ਨੇ ਉਸ ਦੇ ਮਨ ਵਿਚ ਤਬਦੀਲੀ ਲਿਆਂਦੀ॥ ੫॥

ਅਪਨੇ ਕਰ ਸੋਂ ਬੂਟ ਉਖਾਰੇ। ਪਾਵਕ ਬਾਰੀ ਖਰੇ ਸਵਾਰੇ।
ਸ੍ਰੀ ਗੁਰ ਆਗੇ ਧਰੇ ਸੁ ਜਾਈ। ਬੈਠਜੋ ਨਿਕਟਿ ਆਪ ਹਿਤ ਲਾਈ॥ ੬॥

ਉਸ ਬਾਲਕ ਨੇ ਆਪਣੇ ਹੱਥਾਂ ਨਾਲ ਛੋਲਿਆਂ ਦੇ ਬੂਟੇ ਪੁੱਟੇ ਅਤੇ ਅੱਗ ਬਾਲ ਕੇ ਹੋਲਾਂ ਭੁੰਨੀਆਂ। ਫਿਰ ਗੁਰੂ ਜੀ ਦੇ ਅੱਗੇ ਲਿਆ ਕੇ ਗਰਮ ਗਰਮ ਹੋਲਾਂ ਰੱਖ ਦਿਤੀਆਂ ਅਤੇ ਬੜੇ ਪ੍ਰੇਮ ਨਾਲ ਗੁਰੂ ਜੀ ਪਾਸ ਬੈਠ ਗਿਆ॥ ੬॥

ਸ੍ਰੀ ਪ੍ਰਭੁ ਕਹੈਂ 'ਲੇਹੁ ਮਰਦਾਨੇ। ਚਹਿਤ ਜਿ ਹਿਰਦੇ ਕਰਹੁ ਸਿ ਖਾਨੇ'।
ਆਇਸੁ ਮਾਨੀ ਕੀਨ ਚਬੀਨਾ। ਸਰਬ ਨਿਬੇਰਿ ਸ੍ਵਾਦ ਬਹੁ ਲੀਨਾ॥ ੭॥

ਗੁਰੂ ਨੇ ਕਿਹਾ, "ਮਰਦਾਨੇ ਲਵੋ, ਜੋ ਤੂੰ ਆਪਣੇ ਮਨ ਵਿਚ ਖਾਣਾ ਚਾਹੁੰਦਾ ਸੀ।" ਗੁਰੂ ਜੀ ਦੀ ਆਗਿਆ ਮੰਨ ਕੇ ਮਰਦਾਨੇ ਨੇ ਹੋਲਾਂ ਚੱਬੀਆਂ। ਸਾਰੀਆਂ ਮੁਕਾ ਕੇ ਬੜਾ ਸਵਾਦ ਲਿਆ॥ ੭॥

**ਪੁਨ ਬਾਲਕ ਕੇ ਅਸ ਉਰ ਆਈ। ਕਛੁ ਭੋਜਨ ਆਨਹੁੰ ਘਰ ਜਾਈ।**
**ਦੇਵਹੁੰ ਸੰਤਨ,ਅਹੈਂ ਛੁਧਾਤੁਰ। ਕਰਿ ਬਿਚਾਰ ਤਬ ਚਲਨਿ ਲਗਾ ਘਰ ॥੮॥**

ਫਿਰ ਬਾਲਕ ਦੇ ਦਿਲ ਵਿਚ ਐਸੀ ਆਈ ਕਿ ਘਰ ਜਾ ਕੇ ਕੁਝ ਭੋਜਨ ਲਿਆਉਂਦਾ ਹਾਂ। ਇਹ ਵਿਚਾਰ ਕਰਕੇ ਘਰ ਨੂੰ ਚੱਲਣ ਲੱਗਾ ਕਿ ਸੰਤਾਂ ਨੂੰ ਦੇਵਾਂਗਾ, ਭੁੱਖੇ ਹਨ॥ ੮॥

**ਬੂਝਨ ਕੀਨ ਪ੍ਰਭੂ ਨੈ ਤਬ ਹੀ। 'ਕਹਾਂ ਚਲਜੋ ਬਾਲਕ ਤੂੰ ਅਬਹੀ ?'।**
**ਹਾਥ ਬੰਦਿ ਕਹਿ 'ਮੈਂ ਘਰ ਜਾਵੋਂ। ਹੇਤੁ ਤੁਮਾਰੇ ਭੋਜਨ ਲਜਾਵੋਂ ॥੯॥**

ਗੁਰੂ ਜੀ ਨੇ ਤਦ ਪੁਛਿਆ, "ਹੇ ਬਾਲਕ ਤੂੰ ਹੁਣੇ ਕਿਥੇ ਚਲਿਆ ਹੈ ?" ਹੱਥ ਜੋੜ ਕੇ ਕਿਹਾ, "ਮੈਂ ਘਰ ਜਾਵਾਂਗਾ ਅਤੇ ਤੁਹਾਡੇ ਵਾਸਤੇ ਭੋਜਨ ਲਿਆਵਾਂਗਾ॥ ੯॥

**ਆਪ ਸੰਤ ਸੁਖ ਦੇਹੁ ਘਨੇਰਾ। ਪਾਵਹੁ ਬਦਨ ਭਲਾ ਹੁਇ ਮੇਰਾ।**
**ਤਿਹ ਕੋ ਉਰਕੋ ਭਾਉ ਲਖਾਨਾ। ਕ੍ਰਿਪਾ ਧਾਰਿ ਗੁਰ ਬਚਨ ਬਖਾਨਾ ॥੧੦॥**

ਆਪ ਸੰਤ ਹੋ, ਮੈਨੂੰ ਬਹੁਤ ਸੁਖ ਦਿੱਤਾ ਹੈ, ਆਪਣੇ ਮੂੰਹ ਵਿਚ ਭੋਜਨ ਪਾਵੋ, ਤਾਂਕਿ ਮੇਰਾ ਭਲਾ ਹੋਵੇ।" ਉਸ ਦੇ ਹਿਰਦੇ ਨੂੰ ਬੜਾ ਪ੍ਰੇਮ ਵਾਲਾ ਜਾਣਿਆ, ਕਿਰਪਾ ਧਾਰ ਕੇ ਗੁਰੂ ਜੀ ਨੇ ਬਚਨ ਕੀਤਾ॥ ੧੦॥

*'ਸਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ॥*
*ਨਾਨਕ ਸਿਫਤੀ ਰਜਿਆ ਆਉ ਬਹੋ ਸੁਲਤਾਨ'॥*

'ਸੱਥਰ ਤੇਰਾ ਸਾਡੇ ਲਈ ਅਰਾਮਦਾਇਕ ਬਿਸਤਰਾ ਹੈ ਅਤੇ ਤੇਰਾ ਪ੍ਰੇਮ ਭਾਉ ਪਕਵਾਨ ਹੈ, ਨਾਨਕ ਸਿਫਤਾਂ ਨਾਲ ਰੱਜਿਆ ਹੈ, ਐ ਸੁਲਤਾਨ ਸਾਡੇ ਪਾਸ ਆ ਕੇ ਬੈਠੋ।"

**ਚੌਪਈ- ਅਸ ਕਹਿ ਬਖਸ਼ੀ ਤਿਨ ਸੁਲਤਾਨੀ। ਆਗੈ ਗਮਨ ਕੀਨ ਗੁਨਖਾਨੀ।**
**ਬਾਲਿਕ ਰਹਜੋ ਖੇਤ ਢਿਗ ਬੈਸਾ। ਤਾਂਹਿ ਬ੍ਰਿਤੰਤ ਹੋਤਿ ਭਾ ਐਸਾ ॥੧੧॥**

ਇਸ ਤਰ੍ਹਾਂ ਉਸ ਬਾਲਕ ਨੂੰ ਸੁਲਤਾਨੀ (ਪਾਤਸ਼ਾਹੀ) ਬਖਸ਼ ਦਿੱਤੀ। ਗੁਣਾਂ ਦੀ ਖਾਣ ਅੱਗੇ ਚਲ ਪਏ। ਬਾਲਕ ਖੇਤ ਦੇ ਪਾਸ ਬੈਠਾ ਰਹਿ ਗਿਆ। ਅੱਗੇ ਉਸ ਨਾਲ ਕੀ ਬੀਤੀ, ਉਸ ਦਾ ਹਾਲ ਵੀ ਸੁਣੋ॥ ੧੧॥

**ਨਗਰ ਨ੍ਰਿਪਤ ਕੋ ਸੰਤਤਿ ਨਾਂਹੀ। ਸੋ ਮਰਿ ਯੋਗ ਤਿਸੀ ਦਿਨ ਮਾਂਹੀ।**
**ਬਿਨ ਨ੍ਰਿਪ ਸਰਬ ਦੇਸ਼ ਅਕੁਲਾਯੋ। ਹੋਇ ਏਕਠਾਂ ਮਤਾ ਪਕਾਯੋ ॥੧੨॥**

ਨਗਰ ਦੇ ਰਾਜੇ ਦੇ ਕੋਈ ਔਲਾਦ ਨਹੀਂ ਸੀ। ਉਹ ਉਸ ਦਿਨ ਹੀ ਮਰ ਗਿਆ। ਰਾਜੇ ਤੋਂ ਬਗੈਰ ਸਾਰਾ ਦੇਸ਼ ਵਿਆਕੁਲ ਹੋ ਗਿਆ। ਸਾਰਿਆਂ ਨੇ ਇਕੱਠੇ ਹੋ ਕੇ ਮਤਾ ਪਕਾਇਆ॥ ੧੨॥

**ਮੰਤ੍ਰੀ ਸਭਿ ਸੋਂ ਗਿਰਾ ਉਚਾਰੀ। 'ਜੇ ਹਮ ਲੇਹਿਂ, ਨਰਕ ਅਧਿਕਾਰੀ।**
**ਨ੍ਰਿਪ ਕੇ ਸੁਤ ਨ ਸਹੋਦਰ ਕੋਊ। ਜਿਹ ਕੋ ਰਾਜ ਦੇਹਿਂ ਹਮ ਸੋਊ ॥੧੩॥**

ਮੰਤ੍ਰੀ ਨੇ ਸਾਰਿਆਂ ਨੂੰ ਕਿਹਾ, "ਜੇ ਅਸੀਂ ਰਾਜ ਲੈਂਦੇ ਹਾਂ ਤਾਂ ਨਰਕਾਂ ਦੇ ਅਧਿਕਾਰੀ ਹੁੰਦੇ ਹਾਂ। ਰਾਜੇ ਦਾ ਨਾ ਕੋਈ ਪੁੱਤਰ ਅਤੇ ਨਾ ਭਰਾ ਹੈ, ਜਿਨ੍ਹਾਂ ਨੂੰ ਅਸੀਂ ਰਾਜ ਦੇ ਸਕੀਏ॥ ੧੩॥

ਅਬ ਕਰਤਾਰ ਦੇਇ ਹੈ ਜਾਂਹੀ। ਸਰਬ ਬਿਠਾਰਹੁ ਮਿਲਿ ਕਰਿ ਤਾਂਹੀ।
ਤ੍ਰੈ ਦਰ ਨਗਰ ਬੰਦ ਕਰਵਾਇਐ। ਖੋਲਿ ਏਕ ਦਰ ਸਭਿ ਮਿਲਿ ਜਾਇਐ ॥੧੪ ॥

ਹੁਣ ਕਰਤਾਰ ਜਿਸ ਨੂੰ ਦੇਣਗੇ, ਉਸ ਨੂੰ ਹੀ ਮਿਲ ਕੇ ਗੱਦੀ ਤੇ ਬਿਠਾਵਾਂਗੇ। ਨਗਰ ਦੇ ਤਿੰਨੇ ਦਰਵਾਜ਼ੇ ਬੰਦ ਕਰਵਾਈਏ, ਇਕ ਦਰਵਾਜ਼ਾ ਖੋਲ੍ਹ ਕੇ ਸਭ ਮਿਲ ਜਾਈਏ॥ ੧੪ ॥

ਭੋਰ ਭਾਈ ਜੋ ਮਿਲੈ ਅਗਾਰੀ। ਤਿਹ ਕੋ ਦੇਵੈਂ ਤਖਤ ਬਿਠਾਰੀ'।
ਮਾਨੀ ਸਭਿ ਨੈ ਕਹਿ ਜਿਸੁ ਭਾਂਤੀ। ਰਹਜੋ ਖੇਤ ਪਰ ਬਾਲਿਕ ਰਾਤੀ ॥੧੫ ॥

ਸਵੇਰ ਹੁੰਦਿਆਂ ਜੋ ਅੱਗੇ ਮਿਲੇ, ਉਸ ਨੂੰ ਤਖਤ ਉੱਤੇ ਬਿਠਾ ਦੇਈਏ। ਵਜ਼ੀਰ ਨੇ ਜਿਸ ਤਰ੍ਹਾਂ ਕਿਹਾ, ਸਾਰਿਆਂ ਨੇ ਉਸ ਦੀ ਗੱਲ ਨੂੰ ਮੰਨ ਲਿਆ। ਡੋਲਿਆਂ ਵਾਲਾ ਬਾਲਕ ਰਾਤ ਖੇਤ ਵਿਚ ਹੀ ਰਿਹਾ ਸੀ॥ ੧੫ ॥

ਭਈ ਭੋਰ ਘਰ ਆਵਨ ਲਾਗਾ। ਸਭਿਹਿਨਿ ਮਿਲਤਿ ਭਯੋ ਵਡਭਾਗਾ।
ਲੇਤਿਹ ਕੋ ਇਸ਼ਨਾਨ ਕਰਾਯੋ। ਰਾਜ ਸਰਬ ਕੇ ਤਖਤ ਬਿਠਾਯੋ ॥੧੬ ॥

ਸਵੇਰ ਹੋਈ ਤਾਂ ਘਰ ਨੂੰ ਆਉਣ ਲੱਗਾ, ਵੱਡੇ ਭਾਗਾਂ ਵਾਲਾ ਅਮੀਰ ਵਜ਼ੀਰਾਂ ਸਾਰਿਆਂ ਨੂੰ ਮਿਲਿਆ। ਉਸ ਨੂੰ ਲੈ ਜਾ ਕੇ ਇਸ਼ਨਾਨ ਕਰਵਾਇਆ ਅਤੇ ਸਾਰੇ ਰਾਜ ਦਾ ਪਾਤਸ਼ਾਹ ਬਣਾ ਕੇ ਤਖਤ 'ਤੇ ਬੈਠਾ ਦਿੱਤਾ॥ ੧੬ ॥

ਗੁਰ ਕੇ ਬਚਨ ਪਾਇ ਸੋ ਬਾਲਿਕ। ਪਾਤਿਸ਼ਾਹ ਹੋਇਓ ਤਤਕਾਲਿਕ।
ਇਸ ਪ੍ਰਕਾਰ ਭਾ ਤਾਂਹਿ ਪ੍ਰਸੰਗਾ। ਅਬ ਗੁਰ ਕਹੌਂ ਕਥਾ ਸ ਉਮੰਗਾ ॥੧੭ ॥

ਗੁਰੂ ਦੇ ਬਚਨ ਪਾ ਕੇ ਬਾਲਿਕ ਤੁਰੰਤ ਪਾਤਸ਼ਾਹ ਬਣ ਗਿਆ। ਇਸ ਪ੍ਰਕਾਰ ਉਸ ਬਾਲਿਕ ਦਾ ਪ੍ਰਸੰਗ ਸੀ, ਹੁਣ ਮੈਂ ਗੁਰੂ ਜੀ ਦੀ ਕਥਾ ਬੜੇ ਉਤਸ਼ਾਹ ਨਾਲ ਪੇਸ਼ ਕਰਦਾ ਹਾਂ॥ ੧੭ ॥

ਮਗ ਮੈਂ ਗਮਨੇ ਜਾਹਿ ਅਗਾਰੀ। ਸਨਮੁਖ ਮਿਲਜੋ ਏਕ ਬੈਪਾਰੀ।
ਤਿਹ ਸੋਂ ਸ੍ਰੀ ਗੁਰ ਗਿਰਾ ਉਚਾਰੀ। 'ਕਜਾ ਬਾਂਧਜੋ ਹੈ ਤੋਹਿ ਪਿਛਾਰੀ ?' ॥੧੮ ॥

ਰਾਹੇ ਰਾਹ ਪੈ ਕੇ ਅੱਗੇ ਅੱਗੇ ਜਾ ਰਹੇ ਸਨ, ਸਾਹਮਣੇ ਉਨ੍ਹਾਂ ਨੂੰ ਇਕ ਵਿਉਪਾਰੀ ਮਿਲਿਆ। ਗੁਰੂ ਜੀ ਨੇ ਉਸ ਨੂੰ ਕਿਹਾ, "ਤੁਸੀਂ ਪਿੱਛੇ ਕੀ ਬੰਨ੍ਹਿਆ ਹੋਇਆ ਹੈ ?" ॥ ੧੮ ॥

ਸੁਨਤਿ ਵਪਾਰੀ ਬਚਨ ਉਚਾਰਾ। 'ਲੋਨ, ਤੂਲ, ਤੇਲੰ ਬਿਵਹਾਰਾ।
ਹੇਤ ਜੀਵਕਾ ਗ੍ਰਾਮਨ ਫਿਰਿਹੀ। ਕਰਿਕੈ ਬਨਜ ਲਾਭ ਅਨੁਸਰਿਹੀ' ॥੧੯ ॥

ਇਹ ਸੁਣ ਕੇ ਵਿਉਪਾਰੀ ਨੇ ਕਿਹਾ, "ਲੂਣ, ਰੂਈ, ਤੇਲ ਦਾ ਵਿਉਪਾਰ ਕਰਦਾ ਹਾਂ। ਜੀਵਨ ਨਿਰਬਾਹ ਖਾਤਰ ਪਿੰਡ ਪਿੰਡ ਫਿਰਦਾ ਹਾਂ, ਵਿਉਪਾਰ ਕਰਕੇ ਲਾਭ ਪ੍ਰਾਪਤ ਕਰਦਾ ਹਾਂ" ॥ ੧੯॥

ਤਿਹ ਗਤਿਦੇਨਿ ਗੁਰੂ ਤਬ ਬੋਲੇ। 'ਹਮਹਿਂ ਦਿਖਾਵਹੁ ਗਠਰੀ ਖੋਲੇ'।
ਸੁਨਿ ਕੰਧੇ ਤੇ ਤਾਂਹਿ ਉਤਾਰੀ। ਖੋਲਿ ਗੰਠ ਧਰਿ ਦੀਨਿ ਅਗਾਰੀ ॥੨੦ ॥

ਉਸ ਨੂੰ ਮੁਕਤੀ ਬਖਸ਼ਣ ਵਾਸਤੇ ਗੁਰੂ ਜੀ ਬੋਲੇ, "ਸਾਨੂੰ ਆਪਣੀ ਗਠੜੀ ਖੋਲ੍ਹ ਕੇ ਵਿਖਾਵੋ।" ਇਹ ਸੁਣ ਕੇ ਉਸ ਨੇ ਆਪਣੇ ਮੋਢਿਆਂ ਤੋਂ ਗੱਠੜੀ ਉਤਾਰੀ ਅਤੇ ਖੋਲ੍ਹ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੀ॥ ੨੦॥

ਤੋਲਨ ਹੇਤ ਜਿ ਪਾਹਨ ਪਾਏ। ਸ੍ਰੀ ਪ੍ਰਭੁ ਨੈ ਸੋ ਹਾਥ ਉਚਾਏ।
ਬੂਝਨ ਕੇ ਹਿਤ ਗਿਰਾ ਉਚਾਰੀ। 'ਇਨ ਕੋ ਨਾਉਂ ਬਤਾਉ ਬਪਾਰੀ !' ॥੨੧ ॥

ਤੋਲਣ ਵਾਸਤੇ ਜਿਹੜੇ ਵੱਟੇ ਰੱਖੇ ਸਨ, ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਹੱਥ ਵਿਚ ਚੁੱਕ ਲਿਆ। ਪੁਛਣ ਵਾਸਤੇ ਬਚਨ ਕੀਤਾ, "ਹੇ ਵਿਉਪਾਰੀ ਇਨ੍ਹਾਂ ਦੇ ਨਾਂ ਦੱਸੋ" ॥ ੨੧ ॥

ਦੋਹਰਾ- 'ਪੰਚ ਸੇਰ, ਦੋ ਸੇਰ, ਇਕ ਸੇਰ, ਏਕ ਇਹ ਆਹਿ।
ਪਾਉ ਏਕ ਕੋ ਨਾਉਂ ਹੈ ਜੋ ਤੁਮਰੇ ਕਰ ਮਾਂਹਿ' ॥ ੨੨ ॥

ਵਿਉਪਾਰੀ ਨੇ ਕਿਹਾ, "ਪੰਜ ਸੇਰ, ਦੋ ਸੇਰ, ਇਕ ਸੇਰ, ਇਕ ਇਹ ਹਨ। ਇਕ ਦਾ ਨਾਂ ਪਾਉ ਹੈ, ਜੋ ਤੁਹਾਡੇ ਹੱਥ ਵਿਚ ਹੈ" ॥ ੨੨ ॥

ਚੌਪਈ- ਸੁਨਿ ਗੁਰ ਕਹੈਂ, 'ਧੰਨ ਇਹ ਪਾਊ। ਜਿਨ ਅਪਨੋ ਲਘੁ ਨਾਮ ਧਰਾਊ।
ਪੂਜਨ ਜੋਗ ਇਹੀ ਹਮ ਜਾਨਾ। ਸੁਨਹੁ ਕਾਨ ਦੇਕਰਿ ਮਰਦਾਨਾ' ॥੨੩ ॥

ਇਹ ਸੁਣ ਕੇ ਗੁਰੂ ਜੀ ਕਿਹਾ, "ਧੰਨ ਇਹ ਪਾਊ ਹੈ, ਜਿਸ ਨੇ ਆਪਣਾ ਨਾਂ ਬਹੁਤ ਛੋਟਾ ਧਰਾਇਆ ਹੈ, ਇਸ ਨੂੰ ਤਾਂ ਪੂਜਣ ਜੋਗ ਜਾਣਿਆ ਹੈ, ਹੇ ਮਰਦਾਨਾ ਕੰਨ ਦੇ ਕੇ ਸੁਣੋ" ॥ ੨੩ ॥

ਇਸ ਬਿਧਿ ਬਚਨ ਬਪਾਰੀ ਸੁਨੇ। ਪੂਰਨ ਸੰਤ ਰਿਦੇ ਮਹਿਂ ਗੁਨੇ।
ਆਪਾ ਖੋਇ ਪਰਯੋ ਸ਼ਰਨਾਈ। ਬਿਸ਼ੈ ਬਾਸ਼ਨਾ ਸਰਬ ਗਵਾਈ ॥ ੨੪ ॥

ਇਸ ਤਰ੍ਹਾਂ ਬਚਨ ਜਦ ਵਿਉਪਾਰੀ ਨੇ ਸੁਣੇ ਤਾਂ ਉਨ੍ਹਾਂ ਨੂੰ ਮਨ ਵਿਚ ਪੂਰਨ ਸੰਤ ਮੰਨਿਆ। ਆਪਾ ਗਵਾ ਕੇ ਸ਼ਰਨ ਆ ਗਿਆ, ਵਿਸ਼ੇ ਵਾਸ਼ਨਾਵਾਂ ਸਭ ਗਵਾ ਦਿੱਤੀਆਂ ॥ ੨੪ ॥

ਧਰਯੋ ਚਰਨ ਪਰ ਸਿਰ ਹ੍ਵੈ ਦੀਨੰ। ਪਰਯੋ ਰਹਯੋ ਨ ਉਠਾਵਨ ਕੀਨੰ।
ਦੇਖਿ ਦੀਨਤਾ ਤਿਹਂ ਜਗਨਾਥਾ। ਸਿਰ ਪਰ ਧਰਯੋ ਕਮਲ ਸਮ ਹਾਥਾ ॥੨੫ ॥

ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਤੇ ਸੀਸ ਧਰ ਦਿੱਤਾ। ਕਾਫੀ ਦੇਰ ਪਿਆ ਰਿਹਾ, ਸਿਰ ਚੁਕਿਆ ਹੀ ਨਹੀਂ। ਗੁਰੂ ਜੀ ਨੇ ਉਸ ਦੀ ਦੀਨਤਾ ਵੇਖ ਕੇ, ਉਸ ਦੇ ਸਿਰ ਤੇ ਕਮਲ ਫੁੱਲ ਵਰਗਾ ਹੱਥ ਧਰ ਦਿੱਤਾ ॥ ੨੫ ॥

ਤਿਹ ਛਿਨ ਖੁਲ੍ਹਿਗੇ ਬਿਕਟ ਕਪਾਟਾ। ਅਦਭੁਤ ਭਯੋ ਅਪਰ ਹੀ ਠਾਟਾ।
ਜਗਯੋ ਗਜਾਨ ਦੁਬਿਧਾ ਸਭਿ ਖੋਈ। ਤੀਨ ਲੋਕ ਕੀ ਸੁਧ ਉਰ ਹੋਈ ॥੨੬ ॥

ਉਸੇ ਵੇਲੇ ਉਸ ਦੇ ਦਿਲ ਦੇ ਕਪਾਟ ਖੁੱਲ੍ਹ ਗਏ, ਸਭ ਕੁਝ ਅਦਭੁਤ ਹੋ ਗਿਆ ਤੇ ਠਾਟ ਹੋਰ ਦੀ ਹੋਰ ਹੋ ਗਈ। ਹਿਰਦੇ ਵਿਚ ਤਿੰਨਾਂ ਲੋਕਾਂ ਦੀ ਸੋਝੀ ਆ ਗਈ ॥ ੨੬ ॥

ਦੋਹਰਾ- ਜਬ ਬਾਲੇ ਨੇ ਅਸ ਕਹੀ ਬੈਪਾਰੀ ਕੀ ਗਾਥ।
ਤਤਛਿਨ ਪ੍ਰਾਪਤਿ ਗਜਾਨ ਭਾ ਪਰਸੇ ਪ੍ਰਭੁ ਕੇ ਹਾਥ ॥ ੨੭ ॥

ਜਦ ਭਾਈ ਬਾਲੇ ਨੇ ਇਸ ਤਰ੍ਹਾਂ ਵਿਉਪਾਰੀ ਦੀ ਕਥਾ ਕਹੀ ਕਿ ਵਿਉਪਾਰੀ ਨੂੰ ਝੱਟ ਗਿਆਨ ਪ੍ਰਾਪਤ ਹੋ ਗਿਆ ਅਤੇ ਉਸ ਫਿਰ ਗੁਰੂ ਜੀ ਦੇ ਹੱਥਾਂ ਨੂੰ ਪਰਸਿਆ ॥ ੨੭ ॥

ਚੌਪਈ- ਤਬ ਸ੍ਰੀ ਅੰਗਦ ਬੋਲੇ ਬਾਨੀ। 'ਹੇ ਬਾਲੇ! ਇਹ ਕਹਹੁ ਕਹਾਨੀ।
ਇਨ ਵੈਪਾਰੀ ਤਤਛਿਨ ਪਾਈ। ਕਛੁ ਚਿਰ ਕਾਲ ਨ ਸੇਵ ਕਮਾਈ ॥੨੮ ॥

ਤਦ ਸ੍ਰੀ ਅੰਗਦ ਜੀ ਬੋਲੇ, "ਹੇ ਬਾਲਾ ! ਇਹ ਕਹਾਣੀ ਕਹੋ, ਕਿ ਇਸ ਵਿਉਪਾਰੀ ਨੇ ਗਤੀ ਝੱਟ ਪ੍ਰਾਪਤ ਕਿਵੇਂ ਕਰ ਲਈ, ਕੁਝ ਚਿਰ ਵੀ ਸੇਵਾ ਕਰਕੇ ਕਮਾਈ ਨਾ ਕੀਤੀ ॥ ੨੮ ॥

ਥੋਰਨ ਕੀਨ ਸ਼ਬਦ ਅੱਭਜਾਸਾ। ਗਯਾਨੀ ਭਯੋ ਪਾਇ ਸੁਖ ਰਾਸਾ।
ਬਾਲੇ ਨੇ ਤਬ ਬਚਨ ਉਚਾਰੇ: । ਸੁਨਿ ਅੰਗਦ ਸ੍ਰੀ ਨਾਨਕ ਪਯਾਰੇ ! ॥੨੯॥

ਥੋੜੀ ਦੇਰ ਵੀ ਸ਼ਬਦ ਦਾ ਅਭਿਆਸ ਨਾ ਕੀਤਾ, ਗੁਰੂ ਜੀ ਨੂੰ ਪਾ ਕੇ ਗਿਆਨਵਾਨ ਹੀ ਹੋ ਗਿਆ।'' ਤਦ ਬਾਲੇ ਨੇ ਕਿਹਾ, ''ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਮੈਂ ਪਿਆਰੇ ਗੁਰੂ ਨਾਨਕ ਦੇਵ ਜੀ ਨੂੰ ॥ ੨੯॥

ਮੈਂ ਬੂਝਨ ਕੀਨੇ ਪ੍ਰਭੁ ਤਬ ਹੀ। ਤਿਹ ਪੁਰ ਖੁਸ਼ੀ ਕੀਨ ਪ੍ਰਭੁ ਜਬ ਹੀ।
ਮੁਝ ਸੋਂ ਜੈਸੇ ਬਚਨ ਉਚਾਰੇ। ਸੋਂ ਮੈਂ ਕਹਿਹੋ ਪਾਸ ਤੁਮਾਰੇ॥ ੩੦॥

ਉਸੇ ਵੇਲੇ ਪੁਛਿਆ, ਜਦ ਗੁਰੂ ਜੀ ਨੇ ਉਸ ਤੇ ਖੁਸ਼ੀ ਕੀਤੀ। ਜਿਸ ਤਰ੍ਹਾਂ ਗੁਰੂ ਜੀ ਨੇ ਮੇਰੇ ਨਾਲ ਬਚਨ ਕੀਤੇ, ਉਹ ਮੈਂ ਤੁਹਾਡੇ ਪਾਸ ਕਹਿੰਦਾ ਹਾਂ॥ ੩੦॥

'ਪੂਰਬ ਜਨਮ ਪੁੰਨ ਇਸ ਕੇਰੇ। ਮਿਲਿ ਸਤਿਸੰਗਤਿ ਕੀਨ ਘਨੇਰੇ।
ਕਾਰਜ ਭਯੋ ਸਿੱਧ ਸਭਿ ਆਗੂ। ਮਿਲਨੋ ਚਾਹਿਤ ਏਕ ਸਭਾਗੂ॥੩੧॥

ਗੁਰੂ ਜੀ ਨੇ ਫੁਰਮਾਇਆ, ''ਪਿਛਲੇ ਜਨਮ ਵਿਚ ਇਸ ਬੜੇ ਪੁੰਨ ਕੀਤੇ ਸਨ। ਸਤਿਸੰਗਤ ਵਿਚ ਮਿਲ ਕੇ ਉਸ ਬਹੁਤ ਸਿਮਰਨ ਕੀਤਾ ਸੀ। ਜਦ ਸਾਰੇ ਕਾਰਜ ਸਿੱਧ ਹੋ ਗਏ ਤਾਂ ਇਕ ਗਿਆਨ ਦੇ ਮਿਲਣ ਦੀ ਲੋੜ ਸੀ॥ ੩੧॥

ਦੋਹਰਾ- ਦੀਪਕ ਬਾਤੀ ਤੇਲ ਯੁਤ, ਪਾਵਕ ਲਾਵਨ ਦੇਰ।
ਹੋਇ ਰੋਸ਼ਨੀ ਤੁਰਤ ਮਿਲ, ਤਜੋਂ ਇਸ ਕੋ ਤੂੰ ਹੇਰਿ॥ ੩੨॥

ਜਿਵੇਂ ਜਦ ਦੀਵਾ, ਬੱਤੀ ਅਤੇ ਤੇਲ ਇਕੱਠੇ ਹੋ ਜਾਂਦੇ ਹਨ ਤਾਂ ਇਕ ਅੱਗ ਲਾਉਣ ਦੀ ਦੇਰ ਰਹਿ ਜਾਂਦੀ ਹੈ, ਜਦ ਅੱਗ ਮਿਲਦੀ ਹੈ ਤਾਂ ਤੁਰਤ ਰੋਸ਼ਨੀ ਹੋ ਜਾਂਦੀ ਹੈ, ਤਿਵੇਂ ਇਸ ਵਿਉਪਾਰੀ ਨਾਲ ਹੋਇਆ ਸਮਝੋ'' ॥ ੩੨॥

ਚੌਪਈ- ਸੁਨਤਿ ਯੁਕਤਿ ਹਿਰਦੇ ਹਰਖਾਨੇ। ਪੁਨਹਿ ਕਥਾ ਸੁਨਿਹੀ ਦੇ ਕਾਨੇ।
ਸ੍ਰੀ ਅੰਗਦ ਸੁਨਿਯੇ ਗੁਰ ਗਾਥਾ। ਤਿਹ ਕੋ ਐਸੇ ਕੀਨ ਸਨਾਥਾ॥੩੩॥

ਇਹ ਸੁਣ ਕੇ ਹਿਰਦੇ ਵਿਚ ਬੜੇ ਖੁਸ਼ ਹੋਏ, ਫਿਰ ਕੰਨ ਦੇ ਕੇ ਕਥਾ ਸੁਣੀ। ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਉਸ ਵਿਉਪਾਰੀ ਨੂੰ ਇਸ ਤਰ੍ਹਾਂ ਨਿਹਾਲ ਕਰਕੇ॥ ੩੩॥

ਗਮਨ ਕੀਨ ਪੁਨ ਗੁਨਗਨਖਾਨੀ। ਆਈ ਤਬਹਿ ਉਜਾਰ ਮਹਾਨੀ।
ਕਿਤੇ ਕੋਸ ਲੌ ਗ੍ਰਾਮ ਨ ਆਯੋ। ਨਹਿੰ ਮਾਨੁਖ ਤਨ ਕਹੂੰ ਦਿਸਾਯੋ॥੩੪॥

ਗੁਰੂ ਜੀ ਫਿਰ ਉਥੋਂ ਅੱਗੇ ਚਲ ਪਏ। ਫਿਰ ਇਕ ਬਹੁਤ ਵੱਡੀ ਉਜਾੜ ਆਈ। ਕਈ ਕੋਹਾਂ ਤਕ ਕੋਈ ਪਿੰਡ ਨਾ ਆਇਆ। ਨਾ ਮਨੁੱਖ ਦਾ ਸਰੀਰ ਹੀ ਕਿਤੇ ਵਿਖਾਈ ਦਿੱਤਾ॥ ੩੪॥

ਅਵਲੋਕਤਿ ਬੋਲਯੋ ਮਰਦਾਨਾ। 'ਸ੍ਰੀ ਪ੍ਰਭੁ ! ਇਹ ਉਦਿਆਨ ਮਹਾਨਾ।
ਜਿਸ ਕੋ ਦੇਖਿ ਮਹਾਂ ਭਯ ਆਵੈ। ਨਹਿੰ ਮਾਨੁਖ ਤਨ ਕਹੂੰ ਦਿਸਾਵੈ ॥੩੫॥

ਮਰਦਾਨਾ ਵੇਖ ਕੇ ਬੋਲਿਆ: ''ਹੇ ਪ੍ਰਭੂ ਜੀ ! ਇਹ ਜੰਗਲ ਬਹੁਤ ਵੱਡਾ ਹੈ, ਜਿਸ ਨੂੰ ਵੇਖ ਕੇ ਬਹੁਤ ਡਰ ਆਉਂਦਾ ਹੈ, ਕੋਈ ਮਨੁੱਖੀ ਸਰੂਪ ਵੀ ਦੇਖੇ ਨਜ਼ਰ ਨਹੀਂ ਆ ਰਿਹਾ'' ॥ ੩੫॥

ਸੁਨਿਕੇ ਬੋਲੇ ਕ੍ਰਿਪਾ ਨਿਧਾਨਾ। 'ਇਹ ਨਹਿੰ ਲਖੋ ਉਜਾਰ ਮਹਾਨਾ।
ਬਡੋ ਨਗਰ ਬਸਦੀ ਅਭਿਰਾਮੂ। ਸਿਮਰਨ ਹੋਤਿ ਜਹਾਂ ਸਤਿਨਾਮੂ॥੩੬॥

ਇਹ ਸੁਣ ਕੇ ਕਿਰਪਾ ਨਿਧਾਨ ਬੋਲੇ, "ਇਸ ਨੂੰ ਮਹਾਨ ਉਜਾੜ ਨਾ ਸਮਝੋ, ਏਥੇ ਇਕ ਵੱਡਾ ਸੁੰਦਰ ਨਗਰ ਵੱਸਦਾ ਹੈ, ਜਿਥੇ ਸਤਿਨਾਮ ਦਾ ਸਿਮਰਨ ਹੁੰਦਾ ਹੈ॥ ੩੬॥

ਜਹਿ ਪਰਮੇਸ਼ੁਰ ਚਿੱਤ ਨ ਆਵੈ। ਸੋ ਵਸਦੀ ਉਦਿਆਨ ਲਖਾਵੈ।
ਹਰਖ ਨ ਹੋਵੈ ਤਹਾਂ ਕਦਾਈ। ਜਹਾਂ ਨ ਕਬਹੂੰ ਪ੍ਰਭੁ ਗੁਨ ਗਾਈ॥੩੭॥

ਜਿਥੇ ਪਰਮੇਸ਼ਰ ਚਿੱਤ ਨਾ ਆਵੇ, ਉਹ ਵਸਦੀ ਬਸਤੀ ਵੀ ਸਦਾ ਹੀ ਜੰਗਲ ਦਿੱਸਦੀ ਹੈ। ਓਥੇ ਕਦੇ ਵੀ ਖੁਸ਼ੀ ਨਹੀਂ ਹੁੰਦੀ, ਜਿਥੇ ਕਦੀ ਪ੍ਰਭੂ ਦਾ ਗੁਣ ਨਹੀਂ ਗਾਇਆ ਜਾਂਦਾ॥ ੩੭॥

ਦੋਹਰਾ-ਸਿੱਧ ਸਾਧ ਜੋਗੀ ਜਤੀ ਤਪੀ ਚਹਿਤ ਸਭਿ ਨਾਮ।
ਜਗ ਕੇ ਸ੍ਵਾਦ ਬਿਸਾਰਿ ਕੈ ਤਜਾਗ ਗਏ ਨਿਜ ਧਾਮ॥ ੩੮॥

ਸਿੱਧ, ਸਾਧ, ਜੋਗੀ, ਜਤੀ, ਤਪੀ ਸਭ ਨਾਮ ਨੂੰ ਚਾਹੁੰਦੇ ਹਨ। ਜੱਗ ਦੇ ਸਵਾਦ ਵਿਸਾਰ ਕੇ ਆਪਣੇ ਘਰਾਂ ਨੂੰ ਤਿਆਗ ਗਏ ਹਨ" ॥ ੩੮॥

ਸੋਰਠਾ-ਰਿਦੈ ਨ ਪ੍ਰੇਮ ਸਮਾਇ ਸ੍ਰੀ ਨਾਨਕ ਤਨ ਭਗਤਿ ਧਰਿ।
ਆਸਾ ਰਾਗ ਉਠਾਇ ਗਾਯੋ ਸ਼ਬਦ ਬਨਾਇਕੈ॥ ੩੯॥

ਹਿਰਦੇ ਵਿਚ ਪ੍ਰੇਮ ਸਮਾਉਂਦਾ ਨਹੀਂ ਸੀ ਗੁਰੂ ਨਾਨਕ ਜੀ ਨੇ ਸਰੀਰ ਵਿਚ ਭਗਤੀ ਧਾਰਨ ਕਰਕੇ ਆਸਾ ਰਾਗ ਵਿਚ ਇਕ ਸ਼ਬਦ ਬਣਾ ਕੇ ਗਾਇਨ ਕੀਤਾ॥ ੩੯॥

*ਆਸਾ ਘਰੁ ੪ ਮਹਲਾ ੧*

*੧ਓ ਸਤਿਗੁਰ ਪ੍ਰਸਾਦਿ॥*

*ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥*
*ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥ ੧॥*
*ਤਉ ਕਾਰਣਿ ਸਾਹਿਬਾ ਰੰਗਿ ਰਤੇ॥*
*ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥ ੧॥ ਰਹਾਉ॥*
*ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥*
*ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ॥ ੨॥*
*ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥*
*ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ॥ ੩॥*
*ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥*
*ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ ੪॥* (ਪੰਨਾ ੩੫੮)

ਵਾਹਿਗੁਰੂ ਦੇ ਦਰਸ਼ਨ ਕਰਨ ਲਈ ਦੇਵਤਿਆਂ ਨੇ ਦੁੱਖ ਤੇ ਭੁੱਖ ਸਹਾਰੀ ਅਤੇ ਤੀਰਥ ਅਸਥਾਨਾਂ ਦੇ ਦਰਸ਼ਨ ਕੀਤੇ। ਜੋਗੀ ਅਤੇ ਜਤੀ ਨਿਯਮਾਂ ਅਨੁਸਾਰ ਰਹਿੰਦੇ ਹਨ। ਹੋਰ ਗੇਰੂ ਕੱਪੜੇ ਪਾ ਕੇ ਸਾਧੂ ਹੋ ਗਏ ਹਨ॥ ੧॥

ਹੇ ਸਾਹਿਬ! ਤੁਹਾਡੀ ਖਾਤਰ, ਉਹ ਪਿਆਰ ਨਾਲ ਰੰਗੇ ਹੋਏ ਹਨ। ਬੇਅੰਤ ਹਨ ਤੇਰੇ ਨਾਮ ਅਤੇ ਬੇਅੰਤ ਤੇਰੇ ਸਰੂਪ ਹਨ। ਤੇਰੇ ਕਿੰਨੇ ਗੁਣ ਹਨ, ਕੁਝ ਕਿਹਾ ਨਹੀਂ ਜਾ ਸਕਦਾ ॥ ੧॥ ਠਹਿਰਾਉ॥

ਘਰ ਬਾਰ, ਮਹਲ, ਹਾਥੀ, ਘੋੜੇ ਅਤੇ ਆਪਣਾ ਵਤਨ ਤਿਆਗ ਕੇ ਬੰਦੇ ਤੇਰੀ ਖੋਜ ਭਾਲ ਅੰਦਰ ਪ੍ਰਦੇਸ਼ ਚਲੇ ਜਾਂਦੇ ਹਨ। ਧਾਰਮਕ ਆਗੂ, ਅਵਤਾਰ, ਰਹਿਨੁਮਾ ਅਤੇ ਸਿਦਕਵਾਨ ਮਾਇਆ ਨੂੰ ਤਿਆਗ ਕੇ ਪ੍ਰਭੂ ਨੂੰ ਕਬੂਲ ਹੋ ਗਏ ਹਨ॥ ੨॥

ਸੁਆਦ, ਆਰਾਮ, ਖੁਸ਼ੀ ਅਤੇ ਨਿਆਮਤਾਂ ਤਿਆਗ ਕੇ ਕਈਆਂ ਨੇ ਕਪੜੇ ਉਤਾਰ ਕੇ ਖੱਲਾਂ ਪਾ ਲਈਆਂ ਹਨ। ਤੇਰੇ ਨਾਮ ਨਾਲ ਰਤੇ ਹੋਏ ਕਸ਼ਟ ਪੀੜਤ ਅਤੇ ਗਮਾਂ ਮਾਰੇ ਪ੍ਰਾਣੀ ਤੇਰੇ ਦਰਵਾਜ਼ੇ ਦੇ ਭਿਖਾਰੀ ਬਣ ਗਏ ਹਨ॥ ੩॥

ਤੈਨੂੰ ਲੱਭਣ ਲਈ ਚਮੜਾ ਪਾਉਣ ਵਾਲੇ, ਠੂਠਿਆਂ ਵਿਚ ਭਿਖਿਆ ਮੰਗਣ ਵਾਲੇ, ਕਾਠ ਦਾ ਡੰਡਾ ਧਾਰਨ ਕਰਨ ਵਾਲੇ ਅਤੇ ਮ੍ਰਿਗ ਸ਼ਾਲਾ ਪਹਿਨਣ ਵਾਲੇ ਹੋ ਜਾਂਦੇ ਹਨ, ਹੋਰ ਬੋਦੀ, ਜਨੇਊ ਅਤੇ ਚਾਦਰ ਧਾਰਨ ਕਰਦੇ ਹਨ। ਤੂੰ ਸਾਹਿਬ ਹੈਂ, ਮੈਂ ਤੇਰਾ ਸਾਂਗੀ ਹਾਂ। ਨਾਨਕ ਬੇਨਤੀ ਕਰਦਾ ਹੈ ਮੇਰੀ ਜਾਤ ਕੈਸੀ ਹੈ ?॥ ੪॥

ਚੌਪਈ- ਜਬ ਯਿਹ ਸ੍ਰੀ ਗੁਰ ਸ਼ਬਦ ਬਖਾਨਾ। ਤੂਸ਼ਨ ਹੋਤਿ ਭਯੋ ਮਰਦਾਨਾ।
ਨਿਕਸਿ ਉਜਾਰ ਵਹਿਰ ਜਬ ਗਏ। ਗ੍ਰਾਮ ਏਕ ਤਬ ਦੇਖਤਿ ਭਏ॥੪੦॥

ਜਦ ਗੁਰੂ ਜੀ ਨੇ ਇਸ ਸ਼ਬਦ ਦਾ ਉਚਾਰਨ ਕੀਤਾ ਤਾਂ ਮਰਦਾਨਾ ਚੁੱਪ ਹੋ ਗਿਆ। ਜਦ ਉਜਾੜ ਵਿਚੋਂ ਨਿਕਲ ਕੇ ਬਾਹਰ ਗਏ ਤਦ ਇਕ ਨਗਰ ਉਨ੍ਹਾਂ ਨੇ ਵੇਖਿਆ॥ ੪੦॥

ਸਭਿ ਬੰਚਕ ਕੇ ਘਰ ਤਿਹ ਮਾਂਹੀ। ਮਾਰਹਿਂ ਨਰ, ਧਨ ਲੇਵਹਿਂ ਤਾਂਹੀ।
ਤਿਨ ਕੋ ਸੁਮਤਿ ਦੇਨਿ ਕੇ ਹੇਤਾ। ਪ੍ਰਵਿਸ਼ੇ ਗ੍ਰਾਮਹਿਂ ਕ੍ਰਿਪਾਨਿਕੇਤਾ॥੪੧॥

ਓਥੇ ਸਾਰੇ ਠੱਗਾਂ ਦੇ ਘਰ ਸਨ। ਮਨੁੱਖਾਂ ਨੂੰ ਮਾਰ ਦਿੰਦੇ ਸਨ ਅਤੇ ਧਨ ਖੋਹ ਲੈਂਦੇ ਸਨ। ਉਨ੍ਹਾਂ ਨੂੰ ਚੰਗੀ ਮੱਤ ਦੇਣ ਖਾਤਰ ਕਿਰਪਾ ਦੇ ਘਰ ਗੁਰੂ ਜੀ ਉਸ ਨਗਰ ਦੇ ਅੰਦਰ ਚਲੇ ਗਏ॥ ੪੧॥

ਜਗਤੇਸ਼੍ਵਰ ਇਕ ਖੇਲ ਮਚਾਵਾ। ਬੰਚਕ ਕੁਮਤਿ ਹਰਨ ਹਿਤ ਠਾਵਾ।
ਖੋੜਸ ਬਰਸ ਬੈਸ ਮੈਂ ਕਰ ਦੀ। ਬਹੁ ਸੁੰਦਰ ਭੂਖਨ,ਪਟ ਜ਼ਰ ਦੀ॥੪੨॥

ਜਗਤ ਦੇ ਸਵਾਮੀ ਭਾਵ ਗੁਰੂ ਜੀ ਨੇ ਇਕ ਖੇਡ ਖੇਡੀ। ਠੱਗਾਂ ਦੀ ਮਾੜੀ ਮੱਤ ਦੂਰ ਕਰਨ ਵਾਸਤੇ ਪ੍ਰੇਮ ਕੀਤਾ। ਸੋਲਾਂ ਵਰ੍ਹਿਆਂ ਦੀ ਮੇਰੀ ਉਮਰ ਕਰ ਦਿੱਤੀ, ਬੜੇ ਸੁੰਦਰ ਗਹਿਣੇ ਅਤੇ ਜ਼ਰੀ ਦੇ ਕਪੜੇ ਪਹਿਨਾ ਦਿੱਤੇ॥ ੪੨॥

ਦੋਹਰਾ- ਜਾਂਬੂਨਦ ਕਟ ਨਿਜ ਸੁ ਕਰ, ਪੋਸ਼ਿਸ਼ ਸੇਤ ਬਨਾਇ।
ਮਰਦਾਨਾ ਨਿਜ ਡੂਮ ਹੈ ਜਨ ਮੁਕਲਾਵਨ ਜਾਇ॥ ੪੩॥

ਆਪ ਸੋਨੇ ਦੇ ਕੜੇ ਪਹਿਣ ਲਏ ਅਤੇ ਸਫੇਦ ਲਿਬਾਸ ਪਹਿਣ ਲਿਆ। ਮਰਦਾਨਾ ਨਿਜੀ ਡੂਮ ਬਣਾ ਲਿਆ ਮਾਨੋਂ ਮੁਕਲਾਵਾ ਲੈ ਕੇ ਆਏ ਹਨ॥ ੪੩॥

ਚੌਪਈ- ਸੋ ਬੰਚਕ ਕੇ ਸਦਨ ਮਝਾਰੀ। ਬੈਠੇ ਜਾਇ ਮਹਾਂ ਅਘਹਾਰੀ।
ਇਕ ਬੰਚਕ ਬਹੁ ਉਰ ਹਰਖਾਨਾ। ਨੀਕੀ ਰੀਤਿ ਕੀਨ ਸਨਮਾਨਾ॥੪੪॥

ਇਕ ਠੱਗ ਦੇ ਘਰ ਅੰਦਰ ਜਾ ਕੇ ਪਾਪਾਂ ਦੇ ਨਾਸ਼ ਕਰਤਾ ਜਾ ਬੈਠੇ। ਇਕ ਠੱਗ ਵੇਖ ਕੇ ਬਹੁਤ ਖੁਸ਼ ਹੋਇਆ। ਉਸ ਚੰਗੀ ਤਰ੍ਹਾਂ ਸਨਮਾਨ ਕੀਤਾ॥ ੪੪॥

'ਆਵਹੁ ਜੀ ਕਰਿਯੇ ਘਰ ਡੇਰਾ। ਆਛੀ ਬਿਧਿ ਸ੍ਰਮ ਹਰੋਂ ਸੁ ਤੇਰਾ।
ਜੋ ਕਛੁ ਕਹੋ ਸੁ ਸੇਵਾ ਕਰਿਹੋਂ। ਪਾਉਂ ਚਾਪ ਸ੍ਰਮ ਮਗਕਾ ਹਰਿਹੋਂ॥੪੫॥

ਠੱਗ ਬੜੇ ਸਤਿਕਾਰ ਨਾਲ ਕਹਿਣ ਲੱਗਾ, "ਆਉ ਜੀ, ਸਾਡੇ ਘਰ ਵਿਚ ਠਹਿਰੋ, ਅਸੀਂ ਬੜੇ ਚੰਗੇ ਢੰਗ ਨਾਲ ਤੁਹਾਡਾ ਥਕੇਵਾਂ ਦੂਰ ਕਰਾਂਗੇ, ਜਿਸ ਤਰ੍ਹਾਂ ਵੀ ਕਹੋਗੇ ਤੁਹਾਡੀ ਸੇਵਾ ਕਰਾਂਗੇ, ਪੈਰ ਦਬਾ ਕੇ ਤੁਹਾਡੇ ਸਫਰ ਦਾ ਥਕੇਵਾਂ ਦੂਰ ਕਰਾਂਗੇ'॥ ੪੫॥

ਸੈਯਾ- ਤਾਂਕੇ ਨਿਕੇਤ ਰਹੇ ਪ੍ਰਭੁ ਜੀ ਮਿਲਿ ਬੰਚਕ ਆਵਤਿ ਭੇ ਸਮੁਦਾਈ।
ਧਾਮ ਹੁਤੋ ਜਿਹ ਕੋ ਤਬ ਹੀ ਸਭਿਹੀ ਬਟਪਾਰ ਸੋ ਲੀਨ ਬੁਲਾਈ।
'ਜੋਤਿ ਲਿਲਾਰ ਬਡੀ ਇਨ ਕੇ, ਧਨ ਹੈ ਬਹੁ ਪਾਸ, ਚਲਜੋ ਕਿਹ ਥਾਂਈ।
ਲੇਹੁ ਸਭੈ ਨ ਦੁਰਾਵਹ ਸੋ, ਹਮ ਭੋਰ ਭਈ ਧਨ ਲੇਹਿੰ ਬਟਾਈ' ॥੪੬॥

ਗੁਰੂ ਜੀ ਉਸ ਠੱਗ ਦੇ ਘਰ ਠਹਿਰ ਗਏ, ਠੱਗਾਂ ਦਾ ਇਕ ਟੋਲਾ ਇਕੱਠਾ ਹੋ ਕੇ ਓਥੇ ਆਇਆ, ਜਿਹੜਾ ਘਰ ਦਾ ਮਾਲਕ ਸੀ, ਉਸ ਤੁਰੰਤ ਸਾਰੇ ਨੌਕਰਾਂ ਚਾਕਰਾਂ ਨੂੰ ਬੁਲਾ ਲਿਆ। ਉਹ ਆਪਸ ਵਿਚ ਕਹਿਣ ਲੱਗੇ, "ਇਸ ਦੇ ਮੱਥੇ ਦੀ ਜੋਤ ਬਹੁਤ ਵੱਡੀ ਹੈ, ਇਸ ਦੇ ਪਾਸ ਬਹੁਤ ਧਨ ਹੈ, ਇਹ ਕਿੱਥੇ ਲੈ ਚਲਿਆ ਹੈ ? ਅਸੀਂ ਸਭ ਕੁਝ ਖੋਹ ਲਵਾਂਗੇ, ਪਰ ਇਸ ਨੂੰ ਅੱਖਾਂ ਤੋਂ ਉਹਲੇ ਨਾ ਹੋਣ ਦੇਵੋ, ਸਵੇਰ ਹੁੰਦਿਆਂ ਹੀ ਅਸੀਂ ਸਾਰਾ ਧਨ ਵੰਡ ਲਵਾਂਗੇ॥ ੪੬॥

ਯੌਂ ਕਹਿ ਜਾਤਿ ਭਏ ਅਪਨੇ ਘਰ, ਬਾਸੁਰ ਤੇ ਰਜਨੀ ਹੁਇ ਆਈ।
ਖਾਇ ਅਹਾਰ ਕੋ ਸੋਇ ਰਹੇ ਸਭਿ, ਕਾਹੂੰ ਨ ਜਾਗਨ ਕੀ ਸੁਧਿ ਪਾਈ।
ਪ੍ਰੇਰੀ ਪ੍ਰਭੂ ਕੀ ਕਰੇ ਬਸ ਨੀਂਦ ਨੇ, ਸੈਨ ਕਰੇ ਸਭਿ ਰੈਨ ਬਿਤਾਈ।
ਭੋਰ ਭਈ ਜਬ ਜਾਗਜੋ ਨ ਕੋ, ਤਬ ਐਸੇ ਪਰੇ ਜਿਮ ਹ੍ਵੈ ਮੁਰਛਾਈ ॥੪੭॥

ਆਪਣੇ ਘਰ ਬੈਠੇ ਇਸ ਤਰ੍ਹਾਂ ਕਹਿ ਰਹੇ ਸਨ ਕਿ ਦਿਨ ਤੋਂ ਰਾਤ ਹੋ ਗਈ। ਭੋਜਨ ਕਰਕੇ ਸਾਰੇ ਘੂਕ ਸੌਂ ਗਏ, ਕਿਸੇ ਨੂੰ ਵੀ ਜਾਗਣ ਦੀ ਸੋਝੀ ਨਾ ਰਹੀ। ਪ੍ਰਭੂ ਦੇ ਪ੍ਰੇਰੇ ਨੀਂਦ ਦੇ ਵੱਸ ਹੋ ਗਏ, ਸੁੱਤਿਆਂ ਹੀ ਸਾਰੀ ਰਾਤ ਬੀਤ ਗਈ। ਜਦ ਸਵੇਰ ਹੋ ਗਈ ਤਦ ਵੀ ਕੋਈ ਜਾਗਿਆ ਨਾ, ਸਾਰੇ ਇਸ ਤਰ੍ਹਾਂ ਪਏ ਸਨ ਜਿਵੇਂ ਬੇਹੋਸ਼ ਹੋ ਗਏ ਹੋਣ॥ ੪੭॥

ਸੂਰ ਚਢੇ ਗਮਨੇ ਗੁਰ ਨਾਨਕ ਸੋਵਤਿ ਛੋਰਿ ਚਲੇ ਤਹਿੰ ਥਾਈਂ।
ਜਾਗਤਿ ਭੇ ਪਸ਼ਚਾਤ ਸਭੈ ਮਿਲਿ ਬੰਚਕ ਹੋਤਿ ਭਏ ਇਕ ਥਾਈਂ।
'ਦੇਹੁ ਦਿਖਾਇ ਲਿਯੋ ਧਨ ਜੋ ਬਹੁ ਜਾਚਤਿ ਹੈਂ ਤੁਮਰੇ ਢਿਗ ਭਾਈ'।
ਹੋ ਬਿਸਮਾਦ ਕਹਜੋ ਤਿਨ ਇਉਂ 'ਮੋਹਿ ਨਾਂਹਿ ਰਹੀ ਰਜਨੀ ਸੁਧ ਕਾਈ' ॥੪੮॥

ਸੂਰਜ ਚੜ੍ਹਿਆ ਤਾਂ ਗੁਰੂ ਨਾਨਕ ਦੇਵ ਜੀ ਉਨ੍ਹਾਂ ਸਾਰਿਆਂ ਨੂੰ ਓਥੇ ਛੱਡ ਕੇ ਚਲੇ ਗਏ। ਪਿਛੋਂ ਸਾਰੇ ਜਾਗ ਪਏ ਅਤੇ ਸਾਰੇ ਠੱਗ ਮਿਲ ਕੇ ਇਕ ਥਾਂ ਇਕੱਠੇ ਹੋਏ ਅਤੇ ਘਰ ਦੇ ਮਾਲਕ ਨੂੰ ਕਹਿਣ ਲੱਗੇ, "ਉਹ ਧਨ ਵਿਖਾ ਜਿਹੜਾ ਤੂੰ ਲਿਆ ਹੈ, ਤੇਰੇ ਪਾਸੋਂ ਆਪਣਾ ਹਿੱਸਾ ਮੰਗਦੇ ਹਾਂ।" ਉਸ ਹੈਰਾਨ ਹੋ ਕੇ ਕਿਹਾ, "ਮੈਨੂੰ ਰਾਤ ਕੋਈ ਸੁੱਧ ਨਹੀਂ ਰਹੀ ਹੈ" ॥ ੪੮॥

ਸੋ ਨਹਿੰ ਮਾਨਹਿੰ ਤਾਂਹਿ ਕਹਜੋ, ਝਗਰੈਂ, ਬਹੁ ਗਾਰਿ ਕੋ ਦੇਹਿੰ ਲਰਾਈ।
'ਹਾਥ ਲਗਾ ਬਹੁਤੋ ਧਨ ਤੋਕਹੁ, ਲਾਲਚ ਧਾਰਿਕੈ ਲੀਨ ਛੁਪਾਈ।
ਸੋ ਨਹਿ ਛੋਡਹਿੰ ਕੈਸੇ ਕਰੋ, ਤੁਮ ਪਾਸ ਹਮਾਰੇ ਤੇ ਲੇਤਿ ਸਦਾਈ।
ਕਿਉਂ ਅਬ ਤੂਸ਼ਨਿ ਬੈਠਿ ਰਹਾ, ਸਭਿ ਕਾਢਿ ਨਿਕੇਤ ਤੇ ਦੇਹੁ ਦਿਖਾਈ ॥੪੯॥

ਉਹ ਉਸ ਦਾ ਕਿਹਾ ਮੰਨਦੇ ਨਹੀਂ ਸਨ, ਝਗੜਣ ਲੱਗੇ, ਇਕ ਦੂਸਰੇ ਨੂੰ ਗਾਲ੍ਹਾਂ ਦੇ ਕੇ ਲੜਾਈ ਕਰਨ ਲੱਗੇ ਅਤੇ ਕਹਿਣ ਲੱਗੇ, "ਤੇਰੇ ਹੱਥ ਬਹੁਤ ਧਨ ਲੱਗਾ ਹੈ, ਲਾਲਚ ਕਰਕੇ ਤੂੰ ਲੁਕਾ ਲਿਆ ਹੈ। ਕਿਸ ਤਰ੍ਹਾਂ ਵੀ ਕਰ, ਅਸੀਂ ਛੱਡਾਂਗੇ ਨਹੀਂ, ਤੂੰ ਸਦਾ ਹੀ ਸਾਡੇ ਪਾਸੋਂ ਲੈਂਦਾ ਹੈਂ। ਹੁਣ ਕਿਉਂ ਚੁਪ ਕਰਕੇ ਬੈਠਾ ਹੈਂ, ਸਾਰਾ ਧਨ ਆਪਣੇ ਘਰ ਵਿਚੋਂ ਕੱਢ ਕੇ ਸਾਨੂੰ ਵਿਖਾ" ॥ ੪੯॥

ਆਨ ਕਰੀ ਨਿਜ ਪੀਰਨ ਕੀ ਤਿਨ, ਸਾਚ ਪਛਾਨਤਿ ਭੇ ਤਬ ਹੀ।
ਕੌਨ ਸਿ ਪੰਥ ਗਏ ਉਠਿ ਤੂਰਨ? ਯੌ ਮਿਲ ਸੋਚ ਕਰੀ ਸਭਿਹੀ।
ਗ੍ਰਾਮ ਕੀ ਚਾਰ ਦਿਸ਼ਾ ਅਵਿਲੋਕਿ ਕੈ ਪੈਰ ਕੋ ਖੋਜ ਪਿਖ੍ਯੋ ਜਬਹੀ।
ਮਾਨਵ ਜ੍ਵਾਨ ਚਲੇ ਤਬ ਚਾਰ, ਕਹੈਂ ਕਿ 'ਗਹੈਂ ਹਮ ਜਾ ਅਬਹੀ' ॥੫੦॥

ਮਾਲਕ ਨੇ ਆਪਣੇ ਨਿਜੀ ਫਕੀਰਾਂ ਦੀਆਂ ਸੌਹਾਂ ਚੁਕੀਆਂ ਤਦ ਉਨ੍ਹਾਂ ਸੱਚ ਸਮਝਿਆ। ਉਹ ਤੁਰੰਤ ਉੱਠ ਕੇ ਕਿਹੜੇ ਰਾਹ ਪੈ ਗਏ? ਇਸ ਤਰ੍ਹਾਂ ਮਿਲ ਕੇ ਸਾਰਿਆਂ ਨੇ ਵਿਚਾਰ ਕੀਤੀ। ਪਿੰਡ ਦੇ ਚਾਰ ਚੁਫੇਰੇ ਵੇਖ ਕੇ ਜਦ ਪੈਰਾਂ ਦਾ ਖੋਜ ਵੇਖਿਆ ਤਦ ਉਨ੍ਹਾਂ ਵਿਚ ਜਿਹੜੇ ਚਾਰ ਜੁਆਨ ਮੁੰਡੇ ਸਨ, ਉਨ੍ਹਾਂ ਨੇ ਕਿਹਾ, "ਅਸੀਂ ਹੁਣੇ ਹੀ ਉਨ੍ਹਾਂ ਨੂੰ ਜਾ ਫੜਾਂਗੇ" ॥ ੫੦ ॥

ਪੰਚਮੇ ਕੋਸ ਮੈਂ ਜਾਇ ਮਿਲੇ ਇਕ ਬੰਚਕ ਊਚ ਸੋ ਵਾਕ ਅਲਾਯੋ।
'ਜਾਹੁ ਕਹਾਂ ਅਬ ਠਾਂਢਿ ਰਹੋ ਨਿਸ਼ਚੈ ਘਰ ਮੇਰੋ ਚੁਰਾਇਕੈ ਲਜਾਯੋ।
ਮਾਰਹਿੰਗੇ ਨਹੀਂ ਜੀਵਤ ਛੋਡਹਿਂ, ਦੇਹੁ ਸਭੈ ਧਨ ਜੇਤੋ ਚੁਰਾਯੋ'।
ਸ੍ਰੀ ਗੁਰ ਹਾਕ ਸੁਨੀ ਜਬ ਸ੍ਰੋਨ ਮੈਂ, ਠਾਂਢੇ ਰਹੇ ਨਹਿਂ ਪੈਰ ਉਠਾਯੋ ॥੫੧॥

ਪੰਜਾਂ ਕੋਹਾਂ ਤੇ ਜਾ ਕੇ ਮਿਲ ਪਏ ਤਾਂ ਇਕ ਠੱਗ ਨੇ ਉੱਚੀ ਦਿੱਤੀ ਆਵਾਜ਼ ਮਾਰੀ, "ਹੁਣ ਜਾਣਾ ਕਿਥੇ ਹੈ ਖੜੇ ਹੋ ਜਾਵੋ, ਨਿਸਚਿਤ ਹੀ ਤੁਸੀਂ ਮੇਰਾ ਘਰ ਚੁਰਾ ਕੇ ਲਿਆਏ ਹੋ। ਤੁਹਾਨੂੰ ਮਾਰ ਦੇਵਾਂਗੇ, ਜੀਊਂਦੇ ਨਹੀਂ ਛੱਡਾਂਗੇ, ਉਹ ਸਾਰਾ ਧਨ ਦੇਵੋ ਜਿਹੜਾ ਚੁਰਾਇਆ ਹੈ।" ਜਦ ਗੁਰੂ ਜੀ ਨੇ ਕੰਨਾਂ ਨਾਲ ਆਵਾਜ਼ ਸੁਣੀ, ਓਥੇ ਹੀ ਖੜੇ ਹੋ ਗਏ, ਇਕ ਪੈਰ ਵੀ ਅੱਗੇ ਨਾ ਵਧਾਇਆ ॥ ੫੧ ॥

ਗੁਰ ਬੂਝਨ ਕੀਨ 'ਕਹੋ ਤੁਮ ਕਜਾ?' ਇਕ ਬੰਚਕ ਆਇਕੈ ਬਾਨੀ ਅਲਾਈ।
'ਸਗਰੋ ਧਨ ਦੇਹੁ ਅਬੈ ਨਿਜ ਪਾਸ ਤੇ, ਮਾਰਹਿੰਗੇ ਤੁਮਕੋ ਇਹ ਥਾਈਂ।
ਛਲ ਕੋ ਕਰਿਕੈ ਰਜਨੀ ਤੇ ਬਚ੍ਯੋ, ਅਬ ਸਾਬਤ ਛੋਡਿ ਕੈ ਤੋਹਿ ਨ ਜਾਈਂ।
ਹਮਰੀ ਇਹ ਰੀਤਿ ਸਦੀਵ ਅਹੈ, ਹਨਿ ਪੂਰਬ ਪਾਛੇ ਤੋ ਲੈਂ ਵਥੁ ਕਾਈ ॥੫੨॥

ਗੁਰੂ ਜੀ ਨੇ ਪੁਛਿਆ, "ਤੁਸੀਂ ਕੀ ਕਹਿੰਦੇ ਹੋ?" ਇਕ ਠੱਗ ਨੇ ਆ ਕੇ ਕਿਹਾ, "ਉਹ ਸਾਰਾ ਧਨ ਦੇ ਦੇਵੋ ਜਿੰਨਾ ਵੀ ਤੁਹਾਡੇ ਪਾਸ ਹੈ, ਨਹੀਂ ਤਾਂ ਤੈਨੂੰ ਏਥੇ ਹੀ ਮਾਰ ਦੇਵਾਂਗੇ। ਛਲ ਕਰਕੇ ਰਾਤ ਤਾਂ ਬਚ ਗਿਆ ਸੀ, ਹੁਣ ਤੈਨੂੰ ਸਾਬਤ ਛੱਡ ਕੇ ਨਹੀਂ ਜਾਵਾਂਗੇ। ਸਾਡੀ ਸਦਾ ਹੀ ਇਹ ਰੀਤੀ ਰਹੀ ਹੈ, ਪਹਿਲਾਂ ਮਾਰ ਕੇ ਪਿਛੋਂ ਹੀ ਕੋਈ ਵਸਤ ਲੈਂਦੇ ਹਾਂ" ॥ ੫੨ ॥

'ਜੇ ਤੁਮ ਮਾਰਨ ਆਏ ਹਮੈਂ ਇਕ ਵਾਕ ਸੁਨੋ ਸੁ ਕਰੋ ਮਨ ਲਾਈ।
ਹਿੰਦੁਨ ਕੋ ਤਨ ਜਾਨਹੁ ਹਮਾਰ, ਜੇ ਮਾਰਹੁ ਐਸੇ ਨ ਗੇਰਿ ਕੈ ਜਾਈ।
ਪਾਵਕ ਲੇ ਕਰਿ ਦਾਹ ਕਰੋ ਪੁਨ ਜਾਵਹੁ ਧਾਮਨ ਕੋ ਧਨ ਪਾਈ।
ਭਾਜ ਸਕੈਂ ਤੁਮ ਤੇ ਹਮ ਨਾਹਿ ਲਿਯੇ ਹਥਿਯਾਰ ਮਿਲੇ ਅਬ ਆਈ' ॥੫੩॥

ਗੁਰੂ ਜੀ ਕਿਹਾ, "ਜੇ ਤੁਸੀਂ ਸਾਨੂੰ ਮਾਰਨ ਆਏ ਹੋ, ਸਾਡੀ ਇਕ ਗੱਲ ਸੁਣੋ, ਫਿਰ ਜੋ ਤੁਹਾਡੇ ਮਨ ਆਵੇ ਕਰੋ। ਸਾਡਾ ਸਰੀਰ ਹਿੰਦੂਆਂ ਦਾ ਸਮਝੋ, ਜੇ ਤੁਸੀਂ ਸਾਨੂੰ ਇਸ ਤਰ੍ਹਾਂ ਮਾਰਨਾ ਹੈ ਤਾਂ ਮਾਰ ਕੇ ਸਾਡੇ ਮੁਰਦਾ ਸਰੀਰ ਛੱਡ ਕੇ ਨਾ ਚਲੇ ਜਾਣਾ, ਅੱਗ ਲੈ ਕੇ ਸਾਡੇ ਸਰੀਰਾਂ ਨੂੰ ਅਗਨੀ ਭੇਟ ਕਰੋ, ਫਿਰ ਧਨ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਣਾ। ਹੁਣ ਅਸੀਂ ਤੁਹਾਥੋਂ ਭੱਜ ਨਹੀਂ ਸਕਦੇ ਹਾਂ, ਤੁਸੀਂ ਹਥਿਆਰ ਲੈ ਕੇ ਸਾਨੂੰ ਏਥੇ ਆ ਕੇ ਮਿਲੇ ਹੋ" ॥ ੫੩ ॥

ਦੋਹਰਾ- ਗੁਰ ਕੌ ਦਰਸ ਬਿਲੋਕਿ ਕੈ ਬਚਨ ਸੁਨੇ ਜਬ ਕਾਨ।
ਕਛੁਕ ਦਯਾ ਉਪਜੀ ਰਿਦੇ ਕਹੈ, ਕਿ 'ਲਿਹੁ ਬਚ ਮਾਨਿ' ॥ ੫੪ ॥

ਗੁਰੂ ਜੀ ਦੇ ਦਰਸ਼ਨ ਕਰਕੇ ਜਦ ਕੰਨਾਂ ਨਾਲ ਉਨ੍ਹਾਂ ਦੇ ਬਚਨ ਵੀ ਸੁਣੇ ਤਾਂ ਉਨ੍ਹਾਂ ਦੇ ਮਨਾਂ ਵਿਚ ਕੁਝ ਦਇਆ ਉਪਜੀ, ਕਹਿਣ ਲੱਗੇ, "ਇਨ੍ਹਾਂ ਦੇ ਬਚਨ ਮੰਨ ਲਵੋ" ॥ ੫੪ ॥

ਚੌਪਈ- 'ਤੁਮ ਕੌ ਦੇਹਿਂ ਦਾਹੁ ਕਿਹ ਭਾਂਤੀ। ਅਗਨਿ ਸਮੀਪ ਨ ਕਹੂੰ ਦਿਸਾਤੀ।
ਜੇ ਜੀਵਤਿ ਛੋਰੈਂ ਤੁਮ ਤਾਈਂ। ਕਰਹੁ ਪੁਕਾਰ ਜਾਇ ਕਿਹ ਥਾਈਂ' ॥੫੫ ॥

ਤੁਹਾਡੇ ਸਰੀਰ ਦਾ ਦਾਹ ਸੰਸਕਾਰ ਕਿਸ ਤਰ੍ਹਾਂ ਕੀਤਾ ਜਾਵੇ, ਸਾਨੂੰ ਕਿਤੇ ਨੇੜੇ ਤੇੜੇ ਅੱਗ ਵਿਖਾਈ ਨਹੀਂ ਦਿੰਦੀ। ਜੇ ਤੁਹਾਨੂੰ ਜੀਉਂਦੇ ਛੱਡ ਦੇਵਾਂਗੇ ਤਾਂ ਤੁਸੀਂ ਕਿਸੇ ਥਾਂ ਜਾ ਕੇ ਪੁਕਾਰ ਕਰੋਗੇ॥ ੫੫ ॥

ਸੁਨਿ ਬੋਲੇ ਬੇਦੀ ਕੁਲਦੀਪਾ। 'ਇਸ ਦਿਸ਼ ਦੇਖਹੁ ਧੂਮ ਸਮੀਪਾ।
ਹਮਰੇ ਜੀਵਤ ਅਗਨ ਅਨੀਜੈ। ਮਾਰਨ ਬਹੁਰ ਖਸੋਟਨ ਕੀਜੈ ॥ ੫੬ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਸ ਪਾਸੇ ਵੇਖੋ ਨੇੜੇ ਹੀ ਧੂੰਆਂ ਧੁੱਖ ਰਿਹਾ ਹੈ। ਸਾਡੇ ਜੀਊਂਦਿਆਂ ਹੀ ਅਗਨੀ ਲੈ ਆਵੋ, ਮਾਰਨ ਦਾ ਬਾਅਦ ਵਿਚ ਕਰਮ ਕਰੋ॥ ੫੬ ॥

ਦ੍ਵੈ ਜਾਵਹੁ ਲਜਾਵਨ ਕੇ ਹੇਤਾ। ਦ੍ਵੈ ਢਿਗ ਬੈਠਹੁ ਹੋਇ ਸੁਚੇਤਾ'।
ਸ੍ਰੀ ਗੁਰ ਤਿਨ ਸੁਖ ਦੇਵਨ ਕਾਰਨ। ਇਸਿ ਬਿਧਿ ਕੀਨੇ ਬਚਨ ਉਚਾਰਨ ॥੫੭ ॥

ਦੋ ਜਾਣੇ ਅੱਗ ਲੈਣ ਵਾਸਤੇ ਜਾਵੋ, ਅਤੇ ਦੋ ਜਾਣੇ ਸੁਚੇਤ ਹੋ ਕੇ ਬੈਠ ਜਾਵੋ।" ਗੁਰੂ ਜੀ ਨੇ ਉਨ੍ਹਾਂ ਨੂੰ ਸੁੱਖ ਦੇਣ ਕਾਰਨ ਇਸ ਪ੍ਰਕਾਰ ਬਚਨ ਕੀਤੇ॥ ੫੭॥

ਕਹਜੋ ਮਾਨਿ ਸੋਈ ਬਿਧਿ ਕੀਨਂ। ਦ੍ਵੈ ਗਮਨੇ ਜਹਿਂ ਅਗਨੀ ਚੀਨਂ।
ਦ੍ਵੈ ਬੈਠੇ ਹਥਿਯਾਰ ਉਘਾਰੇ। ਹ੍ਵੈ ਸੁਚੇਤ ਢਿਗ ਮਾਰਨ ਹਾਰੇ ॥ ੫੮ ॥

ਗੁਰੂ ਜੀ ਦਾ ਕਿਹਾ ਮੰਨ ਕੇ ਦੋ ਜਾਣੇ ਅੱਗ ਲੱਭਣ ਚਲੇ ਗਏ ਅਤੇ ਦੋ ਆਦਮੀ ਹਥਿਆਰ ਨੰਗੇ ਕਰ ਕੇ ਬੈਠ ਗਏ। ਉਹ ਸੁਚੇਤ ਹੋ ਕੇ ਨੇੜੇ ਬੈਠ ਗਏ ॥ ੫੮ ॥

ਮਗ ਮਹਿਂ ਜਾਤ ਚਲੇ ਸੋ ਦੋਊ। ਦੇਖੇ ਨਰ ਕੋ ਮਾਰਤਿ ਕੋਊ।
ਬਾਂਧਜੋ ਲੀਨੇ ਜਾਤ ਅਗਾਰੀ। ਮਾਰ ਮਾਰ ਪੀੜਾ ਦੇ ਭਾਰੀ ॥ ੫੯ ॥

ਦੋਵੇਂ ਠੱਗ ਅੱਗ ਲੈਣ ਵਾਸਤੇ ਰਾਹੇ ਰਾਹ ਚਲੇ ਜਾ ਰਹੇ ਸਨ। ਵੇਖਦੇ ਹਨ ਕਿ ਇਕ ਮਰਦ ਨੂੰ ਕੋਈ ਮਾਰ ਰਿਹਾ ਹੈ। ਫਿਰ ਬੰਨ੍ਹ ਕੇ ਉਸ ਨੂੰ ਅੱਗੇ ਲਾ ਲਿਆ ਅਤੇ ਮਾਰ ਮਾਰ ਕੇ ਬਹੁਤ ਦੁਖੀ ਕੀਤਾ॥ ੫੯ ॥

ਤਿਨ ਤੇ ਦੁਰਿਕੈ ਲੰਘੇ ਧਾਈ। ਦੇਖੀ ਚਿਖਾ ਬਰੀ ਤਿਹ ਥਾਈਂ।
ਅਗਨਿ ਨਿਕਾਸਿ ਲੀਨਿ ਨਿਜ ਹਾਥਾ। ਹਟਿ ਗਮਨੇ ਜਿਤ ਦਿਸ਼ ਜਗਨਾਥਾ ॥੬੦ ॥

ਉਨ੍ਹਾਂ ਤੋਂ ਲੁਕ ਕੇ ਉਹ ਅੱਗੇ ਲੰਘ ਗਏ, ਜਿਸ ਪਾਸੇ ਵੱਲ ਗੁਰੂ ਜੀ ਨੇ ਇਸ਼ਾਰਾ ਕੀਤਾ ਸੀ, ਓਥੇ ਜਾ ਕੇ ਉਨ੍ਹਾਂ ਇਕ ਚਿਖਾ ਬਲਦੀ ਵੇਖੀ। ਆਪਣੇ ਹੱਥਾਂ ਨਾਲ ਅੱਗ ਕੱਢ ਲਈ ਅਤੇ ਪਿਛਾਂਹ ਹਟ ਕੇ ਉਸ ਪਾਸੇ ਚਲੇ ਗਏ ਜਿਥੇ ਗੁਰੂ ਜੀ ਬੈਠੇ ਸਨ ॥ ੬੦ ॥

ਬਹੁਰ ਆਇ ਕਰਿ ਦੇਖਜੋ ਦੋਊ। ਚਢਜੋ ਜਾਤ ਸਿਵਕਾ ਨਰ ਸੋਊ।
ਗਾਵਤਿ ਗਾਇਕ ਰਾਗ ਅਗਾਰੀ। ਅਸ ਬਿਲੋਕਿ ਭਾ ਅਚਰਜ ਭਾਰੀ ॥੬੧ ॥

ਬਾਅਦ ਵਿਚ ਆ ਕੇ ਦੋਹਾਂ ਨੇ ਵੇਖਿਆ ਕਿ ਜਿਸ ਆਦਮੀ ਨੂੰ ਮਾਰ ਪੈ ਰਹੀ ਸੀ, ਉਹ ਪਾਲਕੀ ਵਿਚ ਚੜ੍ਹ ਕੇ ਜਾ ਰਿਹਾ ਸੀ, ਗਵੱਈਏ ਅੱਗੇ-ਅੱਗੇ ਗਾਉਂਦੇ ਜਾ ਰਹੇ ਸਨ, ਇਹ ਵੇਖ ਕੇ ਉਹ ਬਹੁਤ ਹੈਰਾਨ ਹੋਏ॥ ੬੧॥

ਬਿਨ ਪੂਛੇ ਤੇ ਜਾਇ ਨ ਜਾਨਾ। ਪੂਰਬ ਸੰਕਟ ਦੇਤਿ ਮਹਾਨਾ।
ਅਬ ਅਨੰਦ ਸੋਂ ਮਾਰਗ ਜਾਏ। ਕਰਿ ਬਿਚਾਰ ਇਉਂ ਤਿਹ ਢਿਗ ਆਏ॥੬੨॥

ਪੁਛੇ ਬਗੈਰ ਜਾਣਿਆ ਨਹੀਂ ਸੀ ਜਾ ਸਕਦਾ, ਪਹਿਲਾਂ ਇਸ ਨੂੰ ਬਹੁਤ ਦੁੱਖ ਦੇ ਰਹੇ ਸਨ, ਹੁਣ ਬੜੇ ਅਨੰਦ ਵਿਚ ਜਾ ਰਿਹਾ ਸੀ। ਇਹ ਵਿਚਾਰ ਕੇ ਉਸ ਦੇ ਪਾਸ ਆਏ॥ ੬੨॥

ਸ੍ਵੈਯਾ- 'ਕੌਨ ਅਹੈ ਸਿਵਕਾ ਪਰ ਜਾਵਤਿ ਪੂਰਬ ਸ਼ਾਸਨ ਦੇਵਤਿ ਯਾਂਹੀ'।
ਦੂਤਨ ਬੈਨ ਭਨੇ 'ਇਹ ਪਾਪੀ ਥੋ, ਦੇਨ ਬਡੋ ਦੁਖ ਲਾਯਕ ਆਹੀ।
ਧੂਮ ਚਿਖਾ ਪਿਖਿਯੋ ਗੁਰ ਨਾਨਕ ਹੋਇ ਪੁਨੀਤ ਗਯੋ ਛਿਨ ਮਾਂਹੀ।
ਸ਼ਾਸਨ ਤੇ ਛੁਟਿ ਪ੍ਰਾਪਤ ਭਾ ਸੁਖ,ਕੀਨ ਜਿ ਪਾਪ ਰਹ੍ਯੋ ਇਕ ਨਾਂਹੀ' ॥੬੩॥

ਕਹਿਣ ਲੱਗੇ, "ਇਹ ਪਾਲਕੀ ਵਿਚ ਕੌਣ ਜਾ ਰਿਹਾ ਹੈ, ਪਹਿਲਾਂ ਇਸ ਨੂੰ ਬਹੁਤ ਸਜ਼ਾ ਦੇ ਰਹੇ ਸਨ।" ਦੂਤ ਕਹਿਣ ਲੱਗੇ, "ਇਹ ਵੱਡਾ ਪਾਪੀ ਸੀ ਅਤੇ ਵੱਡੇ ਦੁੱਖ ਦੇਣ ਦੇ ਲਾਇਕ ਸੀ। ਗੁਰੂ ਨਾਨਕ ਦੀ ਜਦ ਇਸ ਦੀ ਚਿਖਾ ਤੇ ਨਜ਼ਰ ਪਈ ਤਾਂ ਇਕ ਖਿਣ ਵਿਚ ਪਵਿੱਤਰ ਹੋ ਗਿਆ। ਸਜ਼ਾ ਤੋਂ ਛੁਟਕਾਰਾ ਹੋ ਗਿਆ ਹੈ ਅਤੇ ਸੁੱਖ ਦੀ ਪ੍ਰਾਪਤੀ ਹੋ ਗਈ ਹੈ, ਜਿੰਨੇ ਵੀ ਪਾਪ ਕੀਤੇ ਸਨ, ਹੁਣ ਇਕ ਵੀ ਨਹੀਂ ਰਿਹਾ"॥ ੬੩॥

'ਨਾਨਕ ਕੌਨ ? ਬਤਾਇ ਹਮੈ', ਸੁਨਿ ਦੂਤ ਕਹੈਂ 'ਤੁਮਰੇ ਢਿਗ ਜੋਊ।
ਮਾਰਨ ਹੇਤ ਖਸੋਟਨ ਕੇ ਤੁਮ ਜਾਂਕੇ ਅਏ, ਗੁਰ ਨਾਨਕ ਸੋਊ'।
ਯੋਂ ਸੁਨਿਕੇ ਬਿਸਮਾਦਿ ਰਿਦੇ 'ਹਮ ਕੋ ਧ੍ਰਿਕ', ਧਾਇ ਚਲੇ ਤਬ ਦੋਊ।
ਆਨਿ ਗਹੇ ਪਦ ਪੰਕਜ ਪਾਨ ਸੋਂ, ਬੈਨ ਭਨੇ 'ਤੁਮਹੋ ਦੁਖ ਖੋਊ' ॥੬੪॥

ਪੁੱਛਣ ਲੱਗੇ, "ਨਾਨਕ ਕੌਣ ਹੈ, ਸਾਨੂੰ ਦੱਸੋ" ਦੂਤਾਂ ਨੇ ਸੁਣ ਕੇ ਕਿਹਾ, "ਉਹੀ ਜਿਹੜਾ ਤੁਹਾਡੇ ਪਾਸ ਹੈ, ਜਿਸ ਨੂੰ ਤੁਸੀਂ ਹਥਿਆਰਾਂ ਨਾਲ ਮਾਰਨ ਆਏ ਹੋ, ਉਹੀ ਗੁਰੂ ਨਾਨਕ ਦੇਵ ਜੀ ਹਨ।" ਇਹ ਸੁਣ ਕੇ ਹਿਰਦੇ ਵਿਚ ਬੜੇ ਹੈਰਾਨ ਹੋਏ, ਕਹਿਣ ਲੱਗੇ, "ਸਾਨੂੰ ਧ੍ਰਿਕਾਰ ਹੈ, ਦੋਵੇਂ ਭੱਜ ਕੇ ਫਿਰ ਓਥੇ ਚਲੇ ਗਏ ਅਤੇ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ, ਬੋਲੇ, "ਤੁਸੀਂ ਤਾਂ ਦੁੱਖਾਂ ਦਾ ਨਾਸ਼ ਕਰਨ ਵਾਲੇ ਹੋ"॥ ੬੪॥

ਦੋਹਰਾ- ਸਰਬ ਬ੍ਰਿਤਾਂਤ ਦਿਖਾਇ ਕੈ ਸ਼ਰਧਾ ਅਪਨੀ ਦੀਨ।
ਕਰਤਿ ਕੁਕਰਮ ਬਹੋਰਨੇ ਸ੍ਰੀ ਗੁਰ ਪਰਮ ਪ੍ਰਬੀਨ॥ ੬੫॥

ਸਾਰਾ ਬ੍ਰਿਤਾਂਤ ਵਿਖਾ ਕੇ ਆਪਣੀ ਸ਼ਰਧਾ ਦਿੱਤੀ ਹੈ, ਸ੍ਰੀ ਗੁਰੂ ਪਰਮ ਪ੍ਰਬੀਨ ਨੇ ਸਾਨੂੰ ਖੋਟੇ ਕੰਮ ਕਰਨੋਂ ਮੋੜਿਆ ਹੈ॥ ੬੫॥

ਚੌਪਈ- ਸਰਬ ਪੰਥ ਕੀ ਕਥਾ ਸੁਨਾਈ। ਚਾਰੋਂ ਚਰਨ ਰਹੇ ਲਪਟਾਈ।
'ਨਿੰਦ ਜੀਵਕਾ ਹੁਤੀ ਹਮਾਰੀ। ਮਾਰਹਿਂ ਜੀਵਨ ਬਿਨਾ ਬਿਚਾਰੀ॥੬੬॥

ਰਾਹ ਵਿਚ ਜੋ ਉਨ੍ਹਾਂ ਨਾਲ ਬੀਤੀ ਸੀ, ਉਹ ਸਾਰੀ ਕਥਾ ਸੁਣਾਈ ਅਤੇ ਚਾਰੇ ਠੱਗ ਗੁਰੂ ਜੀ ਦੇ ਚਰਨਾਂ ਨਾਲ ਲਪਟ ਰਹੇ। ਸਾਡੀ ਜੀਵਕਾ ਬਹੁਤ ਮਾੜੀ ਹੈ, ਵਿਚਾਰਨ ਤੋਂ ਬਗੈਰ ਅਸੀਂ ਮਨੁੱਖ ਦੀ ਹੱਤਿਆ ਕਰ ਦਿੰਦੇ ਹਾਂ॥ ੬੬॥

ਤੁਮ ਸਮਰੱਥ ਸੰਤ ਸੁਖਦਾਈ। ਅਪਨੀ ਕਲਾ ਨ ਹਮਹਿਂ ਦਿਖਾਈ।

ਬਖਸ਼ਹੁ ਬਡੇ ਕਰੇ ਅਪਰਾਧੂ। ਪਰਉਪਕਾਰੀ ਹੈ੍ ਜਗ ਸਾਧੂ॥ ੬੭॥

ਤੁਸੀਂ ਸਮਰੱਥ ਸੰਤ ਸੁਖਦਾਤੇ ਹੋ, ਸਾਨੂੰ ਆਪਣੀ ਕਰਾਮਾਤ ਨਹੀਂ ਵਿਖਾਈ। ਅਸੀਂ ਬਹੁਤ ਵੱਡੇ ਅਪਰਾਧ ਕੀਤੇ ਹਨ, ਕਿਰਪਾ ਕਰਕੇ ਸਾਨੂੰ ਬਖਸ਼ ਦੇਵੋ, ਤੁਸੀਂ ਜਗਤ ਵਿਚ ਵੱਡੇ ਪਰਉਪਕਾਰੀ ਸਾਧੂ ਹੋਏ ਹੋ॥ ੬੭॥

ਚਲਹੁ ਗ੍ਰਾਮ ਸ੍ਰੀ ਪ੍ਰਭੂ! ਬਹੋਰੀ। ਬਿਨਤੀ ਸਰਬ ਕਰਹਿਂ ਕਰ ਜੋਰੀ।
ਅਘ ਓਘਨ ਮਹਿਂ ਹਮ ਗ਼ਲਤਾਨਾ। ਹਿੰਸਾ ਮਹਿਂ ਦਿਨ ਰੈਨ ਬਿਤਾਨਾ ॥੬੮॥

ਹੇ ਸ੍ਰੀ ਪ੍ਰਭੂ ਜੀ ਮੁੜ ਕੇ ਪਿੰਡ ਚਲੋ। ਸਾਰੇ ਜ਼ੋਰ ਦੇ ਕੇ ਬੇਨਤੀ ਕਰਦੇ ਸਨ। ਅਸੀਂ ਬਹੁਤ ਪਾਪਾਂ ਵਿਚ ਗਲਤਾਨ ਹਾਂ, ਦਿਨ ਰਾਤ ਹਿੰਸਾ ਵਿਚ ਬਿਤੀਤ ਕਰਦੇ ਹਾਂ'' ॥ ੬੮॥

ਦੀਨ ਭਏ ਅਵਲੋਕ ਗੁਸਾਈਂ। ਹਟੇ ਗ੍ਰਾਮ ਕੀ ਦਿਸ਼ਿ ਤਿਸ ਥਾਈਂ।
ਸ੍ਰੀ ਗੁਰ ਕੋ ਲੇ ਸੰਗਿ ਸੁ ਆਏ। ਸਰਬ ਪ੍ਰਸੰਗਹਿ ਗ੍ਰਾਮ ਸੁਨਾਏ॥੬੯॥

ਜਦ ਗੁਰੂ ਜੀ ਨੇ ਵੇਖਿਆ ਕਿ ਉਹ ਬਹੁਤ ਨਿਮਰ ਹੋ ਗਏ ਹਨ ਤਾਂ ਉਹ ਉਨ੍ਹਾਂ ਦੇ ਪਿੰਡ ਵੱਲ ਪਿਛਾਂਹ ਹੱਟ ਕੇ ਚਲੇ ਗਏ ਅਤੇ ਪਿੰਡ ਵਾਲਿਆਂ ਨੂੰ ਸਾਰਾ ਪ੍ਰਸੰਗ ਸੁਣਾਇਆ॥ ੬੯॥

ਹੁਤੋ ਸਥਾਨ ਜਹਾਂ ਤਿਨ ਨੀਕਾ। ਤਹਿਂ ਬਿਠਾਇ ਬੇਦੀ ਕੁਲ ਟੀਕਾ।
ਧਰਹਿਂ ਉਪਾਇਨ ਬੰਦਨ ਕਰਿਹੀਂ। ਉਸਤਤਿ ਬਾਰੰਬਾਰ ਉਚਰਿਹੀਂ ॥੭੦॥

ਜਿਥੇ ਸੁੰਦਰ ਸਥਾਨ ਬਣਿਆ ਸੀ, ਓਥੇ ਗੁਰੂ ਜੀ ਨੂੰ ਬਿਠਾਇਆ ਗਿਆ। ਸਾਰੇ ਬੰਦਨਾ ਕਰਕੇ ਅੱਗੇ ਉਪਹਾਰ ਧਰ ਰਹੇ ਸਨ ਅਤੇ ਬਾਰ ਬਾਰ ਉਸਤਤਿ ਕਰ ਰਹੇ ਸਨ॥ ੭੦॥

'ਜਿਸ ਪ੍ਰਕਾਰ ਹੈ੍ ਭਲਾ ਹਮਾਰਾ। ਸਿਖਵਨ ਸੋਊ ਸਿਖਾਇ ਉਦਾਰਾ !।
ਮਾਨਵ ਸਰਬ ਕੁਕਰਮਨ ਲਾਗੇ। ਸਮਝ ਪਰੀ ਤੁਮ ਦਰਸ਼ਨ ਪਾਗੇ ॥੭੧॥

ਕਹਿਣ ਲੱਗੇ, ''ਜਿਸ ਪ੍ਰਕਾਰ ਵੀ ਸਾਡਾ ਭਲਾ ਹੋਵੇ, ਹੇ ਕ੍ਰਿਪਾਲੂ ! ਉਸ ਤਰ੍ਹਾਂ ਦੀ ਸਾਨੂੰ ਸਿਖਿਆ ਦੇਵੋ। ਸਾਰੇ ਮਨੁੱਖ ਕੁਕਰਮਾਂ ਵਿਚ ਲੱਗੇ ਹੋਏ ਹਨ, ਤੁਹਾਡੇ ਦਰਸ਼ਨ ਕਰਕੇ ਸਾਡੀ ਸਮਝ ਵਿਚ ਆਇਆ ਹੈ॥ ੭੧॥

ਬਿਨੈ ਸੁਨੀ ਤਿਨਕੀ ਗੁਨਖਾਨੀ। ਸੁਖਦ ਮੁਕਤਿ ਦਾ ਬੋਲੇ ਬਾਨੀ।
'ਨਿੰਦ ਜੀਵਕਾ ਪਾਛਲ ਤਜਾਗਹੁ। ਕਿਰਖੀ ਕਰਨ ਭਲੇ ਮਗ ਲਾਗਹੁ ॥੭੨॥

ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣੀ। ਸੁੱਖ ਦੇਣ ਵਾਲੇ ਅਤੇ ਮੁਕਤੀ ਦੇਣ ਵਾਲੇ ਬਚਨ ਕਹੇ, ''ਪਿਛਲੀ ਨਿੰਦਣਯੋਗ ਜੀਵਕਾ ਨੂੰ ਛੱਡੋ, ਖੇਤੀ ਕਰਨ ਦੇ ਭਲੇ ਰਸਤੇ ਲੱਗੋ॥ ੭੨॥

ਅਬ ਜੇਤੋ ਘਰ ਮਹਿਂ ਹੈ ਦਰਬਾ। ਪਾਪਨ ਕਾ, ਸੁ ਲੁਟਾਵਹੁ ਸਰਬਾ।
ਕਰਹੁ ਕਮਾਈ ਹਾਥਨ ਸੰਗਾ। ਤਿਹ ਮਹਿਂ ਕਰਉ ਪੁੰਨ ਸ ਉਮੰਗਾ ॥੭੩॥

ਹੁਣ ਘਰ ਵਿਚ ਜਿੰਨਾ ਵੀ ਪਾਪਾਂ ਦਾ ਧਨ ਹੈ, ਉਸ ਸਾਰੇ ਧਨ ਨੂੰ ਲੁਟਾ ਦੇਵੋ। ਆਪਣੇ ਹੱਥਾਂ ਨਾਲ ਕਮਾਈ ਕਰੋ, ਉਸ ਵਿਚੋਂ ਫਿਰ ਉਤਸ਼ਾਹ ਨਾਲ ਪੁੰਨ ਦਾਨ ਕਰੋ॥ ੭੩॥

ਗ੍ਰਾਮ ਬਿਖੈ ਧ੍ਰਮਸਾਲਾ ਰਚਿਯੇ। ਅਸਨ ਖਵਾਇ ਅਥਿਤ ਪੁਨਿ ਅਚਿਯੇ।
ਸਤਿਨਾਮ ਕੋ ਸਿਮਰਨ ਕਰਿਨੋ। ਮੰਤ੍ਰ ਸਰਬ ਕਲੁਖਨ ਕੋ ਹਰਿਨੋ ॥੭੪॥

ਪਿੰਡ ਵਿਚ ਇਕ ਧਰਮਸਾਲਾ ਬਣਾਉ, ਮਹਿਮਾਨ ਨੂੰ ਪਹਿਲਾਂ ਭੋਜਨ ਕਰਵਾ ਕੇ ਫਿਰ ਆਪ ਭੋਜਨ ਖਾਉ। ਸਤਿਨਾਮ ਦਾ ਸਿਮਰਨ ਕਰੋ, ਜਿਸ ਮੰਤਰ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੭੪॥

ਕ੍ਰਿਤ ਕਰਹੁ ਅਪਨੀ ਦਿਨ ਮਾਂਹੀ। ਮਿਲਹੁ ਸੰਝ ਧ੍ਰਮਸਾਲਾਂ ਜਾਂਹੀ।
ਤਹਾਂ ਬੈਠਿ ਪ੍ਰਭੁ ਕੀਰਤਿ ਗਾਵਹੁ। ਭੋਰ ਹੋਤਿ ਨਾਮਹਿਂ ਲਿਵ ਲਾਵਹੁ ॥੭੫ ॥

ਦਿਨ ਵਿਚ ਆਪਣੀ ਕ੍ਰਿਤ ਕਰੋ, ਸ਼ਾਮ ਨੂੰ ਜਾ ਕੇ ਧਰਮਸਾਲਾ ਵਿਚ ਇਕੱਠੇ ਹੋਵੋ, ਓਥੇ ਬੈਠ ਕੇ ਪ੍ਰਭੂ ਦਾ ਕੀਰਤਨ ਗਾਵੋ ਅਤੇ ਸਵੇਰ ਹੁੰਦਿਆਂ ਹੀ ਨਾਮ ਵਿਚ ਲਿਵ ਲਾਵੋ॥ ੭੫ ॥

ਸੰਤ ਅਤਿਥਿ ਕੀ ਸੇਵਾ ਕਰਿਯੇ। ਭਾਉ ਭਗਤਿ ਹਿਰਦੇ ਮਹਿਂ ਧਰਿਯੇ।
ਇਹ ਉਪਦੇਸ਼ ਸਦੀਵ ਕਮਾਵਹੁ। ਤੁਮਰਾ ਭਲਾ ਹੋਇ ਸੁਖ ਪਾਵਹੁ ॥੭੬ ॥

ਸੰਤ ਅਤੇ ਮਹਿਮਾਨ ਦੀ ਸੇਵਾ ਕਰੋ ਅਤੇ ਪ੍ਰੇਮ ਭਗਤੀ ਨੂੰ ਹਿਰਦੇ ਵਿਚ ਧਾਰਨ ਕਰੋ, ਇਸ ਉਪਦੇਸ਼ ਦੀ ਸਦਾ ਕਮਾਈ ਕਰੋ, ਇਸ ਨਾਲ ਤੁਹਾਡਾ ਭਲਾ ਹੋਵੇਗਾ ਤੇ ਤੁਸੀਂ ਸੁੱਖ ਪਾਵੋਗੇ' ॥ ੭੬ ॥

ਮਾਨੇ ਬਚਨ ਗੁਰੂ ਕੇ ਸਭਿਹੀ। ਦਰਬ ਲੁਟਾਇ ਦੀਨ ਤਿਨ ਤਬਹੀ।
ਖੇਤੀ ਕਰਨ ਲਗਯੋ ਸਭਿ ਗ੍ਰਾਮਾ। ਪੂਰਬ ਕੋ ਤਜਿ ਦਯੋ ਕੁਕਾਮਾ ॥੭੭ ॥

ਉਨ੍ਹਾਂ ਗੁਰੂ ਜੀ ਦੇ ਸਾਰੇ ਬਚਨ ਮੰਨ ਲਏ, ਉਨ੍ਹਾਂ ਲੁੱਟ ਦੀ ਕਮਾਈ ਦਾ ਸਾਰਾ ਧਨ ਲੁਟਾ ਦਿੱਤਾ। ਸਾਰਾ ਪਿੰਡ ਖੇਤੀ ਕਰਨ ਲੱਗ ਗਿਆ ਅਤੇ ਪਿਛਲੇ ਸਾਰੇ ਕੁਕਰਮ ਛੱਡ ਦਿੱਤੇ॥ ੭੭॥

ਧਰਮਸਾਲ ਮਿਲਿ ਸਕਲ ਸਵਾਰੀ। ਭਾਉ ਭਗਤਿ ਕੇ ਭੇ ਅਧਿਕਾਰੀ।
ਸਿਮਰਨ ਲਗੇ ਵਾਹਿਗੁਰੁ ਨਾਮੂ। ਸਿੱਖੀ ਰੀਤਿ ਲੀਨ ਅਭਿਰਾਮੂ ॥੭੮ ॥

ਸਾਰਿਆਂ ਮਿਲ ਕੇ ਧਰਮਸ਼ਾਲਾ ਬਣਾ ਕੇ ਉਸ ਨੂੰ ਚੰਗੀ ਤਰ੍ਹਾਂ ਸਜਾਇਆ ਅਤੇ ਸਾਰੇ ਪ੍ਰੇਮ ਭਗਤੀ ਦੇ ਅਧਿਕਾਰੀ ਬਣੇ। ਵਾਹਿਗੁਰੂ ਨਾਮ ਦਾ ਸਿਮਰਨ ਕਰਨ ਲੱਗੇ ਅਤੇ ਸੁੰਦਰ ਸਿੱਖੀ ਰੀਤੀ ਨੂੰ ਅਪਨਾ ਲਿਆ॥ ੭੮॥

ਕਿਤਿਕ ਦਿਵਸ ਬਸਿ ਕਰਿ ਤਿਹ ਥਾਨਾ। ਭਾਉ ਭਗਤਿ ਬਿਧਿ ਨੀਕ ਦ੍ਰਿੜਾਨਾ।
ਬਖਸ਼ੇ ਸਰਬ ਪਾਪ ਤਿਨ ਕੇਰੇ। ਬਹੁਰ ਚਲਾਏ ਪੰਥ ਭਲੇਰੇ॥ ੭੯ ॥

ਉਸ ਥਾਂ ਕਈ ਦਿਨ ਠਹਿਰ ਕੇ ਉਸ ਪਿੰਡ ਦੇ ਵਸਨੀਕਾਂ ਨੂੰ ਚੰਗੀ ਤਰ੍ਹਾਂ ਪ੍ਰੇਮ ਭਗਤੀ ਦ੍ਰਿੜ ਕਰਾਈ. ਉਨ੍ਹਾਂ ਦੇ ਸਾਰੇ ਪਾਪ ਬਖਸ਼ ਦਿੱਤੇ ਅਤੇ ਭਲੇ ਧਰਮ ਵਿਚ ਲਾ ਦਿੱਤੇ॥ ੭੯ ॥

ਬਿਦਾ ਭਏ ਤਿਨ ਤੇ ਬਰਿਆਈ। ਆਗੇ ਕੀਨੋ ਗਮਨ ਗੁਸਾਈਂ।
ਮਹਾਂ ਅਘੀ ਜਿਨਿ ਜਗਤ ਉਧਾਰੇ। ਤਿਨ ਦਰਸ਼ਨ ਪਰ ਕਵਿ ਬਲਿਹਾਰੇ ॥੮੦ ॥

ਉਨ੍ਹਾਂ ਲੋਕਾਂ ਪਾਸੋਂ ਵਿਦਾ ਲਈ ਅਤੇ ਗੁਰੂ ਜੀ ਅੱਗੇ ਚਲੇ ਗਏ। ਜਿਨ੍ਹਾਂ ਨੇ ਮਹਾਂ ਪਾਪੀਆਂ ਦਾ ਉਧਾਰ ਕੀਤਾ ਉਨ੍ਹਾਂ ਦੇ ਦਰਸ਼ਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ॥ ੮੦॥

*ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਬਾਲਕ ਬਪਾਰੀ, ਠੱਗਕਨ ਪ੍ਰਸੰਗ' ਬਰਨਨੰ ਨਾਮ ਪੰਚਦਸ਼ਮੋ ਅਧਯਾਯ॥ ੧੫ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਦਰ੍ਹਵਾਂ ਅਧਿਆਇ, ਜਿਸ ਦਾ ਨਾਮ 'ਬਾਲਕ, ਵਪਾਰੀ ਤੇ ਠੱਗਾਂ ਨੂੰ ਤਾਰਨਾ' ਹੈ, ਸਮਾਪਤ ਹੋਇਆ॥ ੧੫ ॥

# ਅਧਿਆਇ ਸੋਲ੍ਹਵਾਂ

*ਕਾਰੂੰ ਪ੍ਰਸੰਗ*

ਦੋਹਰਾ-ਮੁਕਤਾ ਪੰਕਤਿ ਸਰਸੁਤੀ ਗੁਰੁ ਜਸੁ ਗੁਨ ਪੁਰਵਾਇ।
ਪਹਿਰੇ ਉਰ ਦ੍ਵੈ ਲੋਕ ਮੈਂ ਸ਼ੋਭਾ ਹ੍ਵੈ ਅਧਿਕਾਇ॥ ੧॥

ਗੁਰੂ ਜੱਸ ਰੂਪੀ ਧਾਗੇ ਵਿਚ ਬਾਣੀ ਰੂਪ ਮੋਤੀਆਂ ਦੀਆਂ ਲੜੀਆਂ ਪਰੋ ਕੇ ਜੋ ਸਿੱਖ ਹਿਰਦੇ ਵਿਚ ਪਹਿਨ ਲਵੇ, ਉਸ ਦੀ ਸ਼ੋਭਾ ਦੋ ਲੋਕਾਂ ਵਿਚ ਬਹੁਤ ਹੋਵੇਗੀ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸੁਨੀਏ ਸ੍ਰੀ ਅੰਗਦ ਸੁਖ ਕਾਰਨ!। ਗਮਨੇ ਆਗੇ ਨਰਕ ਨਿਵਾਰਨ।
ਰੂਮ ਵਿਲਾਇਤ ਜਹਾਂ ਮਹਾਨਾਂ। ਪਾਤਿਸ਼ਾਹ ਕਾਰੂੰ ਤਿਹ ਥਾਨਾ॥ ੨॥

*ਭਾਈ ਬਾਲੇ ਨੇ ਕਿਹਾ-* ਹੇ ਸੁੱਖਾਂ ਦੇ ਕਾਰਨ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਗੁਰੂ ਜੀ ਅੱਗੇ ਚਲੇ ਗਏ। ਜਿਥੇ ਵਲਾਇਤ ਵਿਚ ਮਹਾਨ ਰੂਮ ਦੇਸ਼ ਹੈ। ਕਾਰੂੰ ਬਾਦਸ਼ਾਹ ਉਸ ਥਾਂ ਰਹਿੰਦਾ ਸੀ॥ ੨॥

ਤਹਾਂ ਜਾਇ ਦੇਖਯੋ ਪੁਰਿ ਭਾਰੀ। ਮਹਾਂ ਰੰਕ ਬਸਿ ਹੈਂ ਨਰ ਨਾਰੀ।
ਕਿਰਤ ਕਰਤਿ ਸਭਿ ਦਿਵਸ ਬਿਤਾਵਤਿ। ਦਰਬ ਨ ਪਾਸ ਸਦਾ ਦੁਖ ਪਾਵਤਿ॥੩॥

ਓਥੇ ਜਾ ਕੇ ਇਕ ਵੱਡਾ ਨਗਰ ਵੇਖਿਆ ਜਿਥੇ ਮਹਾਨ ਲੋਕ ਮਰਦ ਇਸਤਰੀਆਂ ਵੱਸਦੇ ਸਨ। ਕਿਰਤ ਕਰਦੇ ਸਾਰਾ ਦਿਨ ਬਿਤੀਤ ਕਰਦੇ ਸਨ। ਪਰ ਕੋਲ ਧਨ ਨਾ ਹੋਣ ਕਰਕੇ ਬੜਾ ਦੁੱਖ ਪਾਉਂਦੇ ਸਨ॥ ੩॥

ਸੰਤ ਅਤਿਥਿ ਕੀ ਸੇਵ ਨ ਕਰਿਈ। ਭੂਪ ਪ੍ਰਜਾ ਏਕੈ ਅਨੁਹਰਿਈ।
ਸ੍ਰੀ ਪਰਮੇਸੁਰ ਨਾਮ ਨ ਲੇਈਂ। ਦੁਹੂੰ ਲੋਕ ਦੁਖ ਪਾਵਹਿਂ ਤੇਈ॥ ੪॥

ਸੰਤ ਅਤੇ ਮਹਿਮਾਨ ਦੀ ਸੇਵਾ ਨਹੀਂ ਸੀ ਕਰਦੇ, ਰਾਜਾ ਅਤੇ ਪਰਜਾ ਇਕੋ ਜਿਹੇ ਸਨ। ਕੋਈ ਵੀ ਪ੍ਰਭੂ ਦਾ ਨਾਂ ਨਹੀਂ ਸੀ ਲੈਂਦਾ, ਇਸ ਕਰਕੇ ਅਮੀਰ-ਗਰੀਬ ਦੋਹਾਂ ਪ੍ਰਕਾਰ ਦੇ ਲੋਕ ਓਥੇ ਦੁੱਖ ਪਾਉਂਦੇ ਸਨ॥ ੪॥

ਤਿਨ ਕੋ ਸੁਖ ਦੇਨੇ ਕੇ ਹੇਤਾ। ਪੁਰਿ ਪ੍ਰਵਿਸ਼ੇ ਬੇਦੀ ਕੁਲਕੇਤਾ।
ਕਾਰੂੰ ਕੇਰਿ ਦੁਰਗ ਜਿਹ ਭਾਰੀ। ਤਿਸ ਕੇ ਬੈਠੇ ਜਾਇ ਅਗਾਰੀ॥ ੫॥

ਉਨ੍ਹਾਂ ਲੋਕਾਂ ਨੂੰ ਸੁੱਖ ਦੇਣ ਵਾਸਤੇ ਗੁਰੂ ਜੀ ਨੇ ਉਸ ਨਗਰੀ ਵਿਚ ਪ੍ਰਵੇਸ਼ ਕੀਤਾ। ਜਿਥੇ ਕਾਰੂ ਦਾ ਭਾਰੀ ਕਿਲ੍ਹਾ ਸੀ, ਉਸ ਦੇ ਅੱਗੇ ਜਾ ਕੇ ਗੁਰੂ ਜੀ ਬੈਠ ਗਏ॥ ੫॥

ਬ੍ਰਿੰਦ ਹੁਤੇ ਦਰ ਪਰ ਦਰਵਾਨਾ। ਤਿਨ ਸੋਂ ਸ੍ਰੀ ਗੁਰ ਬਚਨ ਬਖਾਨਾ।
'ਕੈਸੋ ਹੈ ਪਤਿਸ਼ਾਹ ਵਿਲਾਇਤ?। ਕੇਤਿਕ ਦੇਤਿ ਫਕੀਰ.ਖਰਾਇਤ?॥੬॥

ਕਿਲ੍ਹੇ ਦੇ ਦਰਵਾਜ਼ੇ ਤੇ ਜਿਹੜੇ ਦਰਬਾਨ ਖੜੇ ਸਨ, ਗੁਰੂ ਜੀ ਨੇ ਉਨ੍ਹਾਂ ਨਾਲ ਬਚਨ ਕੀਤਾ। "ਵਲਾਇਤ ਦਾ ਬਾਦਸ਼ਾਹ ਕੈਸਾ ਹੈ? ਉਹ ਫਕੀਰਾਂ ਨੂੰ ਕਿੰਨਾ ਦਾਨ ਦਿੰਦਾ ਹੈ?॥ ੬॥

ਕੈਸੋ ਨਜਾਉਂ ਪ੍ਰਜਾ ਕੋ ਕਰਿਈ?। ਕਰੁਨਾ ਕਿਤਿਕ ਰਿਦੇ ਮਹਿਂ ਧਰਿਈ?'।
ਸੁਨਿ ਦਰਵਾਨਨ ਗਿਰਾ ਉਚਾਰੀ। 'ਅਤਿ ਪਰਜਾ ਇਨ ਕੀਨਿ ਦੁਖਾਰੀ॥੭॥

ਉਹ ਪਰਜਾ ਨਾਲ ਕੈਸਾ ਨਿਆਂ ਕਰਦਾ ਹੈ ? ਉਸ ਨੇ ਹਿਰਦੇ ਵਿਚ ਕਿੰਨੀ ਕੁ ਮਿਹਰ ਧਾਰਨ ਕੀਤੀ ਹੈ ?" ਇਹ ਸੁਣ ਕੇ ਦਰਬਾਨਾਂ ਨੇ ਕਿਹਾ, "ਇਸ ਨੇ ਪਰਜਾ ਨੂੰ ਬਹੁਤ ਦੁਖੀ ਕੀਤਾ ਹੈ॥ ੭॥

ਕਾਰੂੰ ਅਤਿ ਜ਼ੁਲਮੀ ਪਤਿਸ਼ਾਹਿ। ਕ੍ਰਿਪਨ ਖ਼ਿਸਾਲ, ਰਹੈ ਧਨ ਚਾਹਿ।
ਰੰਚਨ ਦਾਨ ਕਿਸੂ ਨਹਿਂ ਦੇਈ। ਪਰਜਾ ਸਰਬ ਲੂਟ ਇਨ ਲੇਈ॥ ੮॥

ਕਾਰੂ ਅਤਿ ਜ਼ੁਲਮੀ ਬਾਦਸ਼ਾਹ ਹੈ, ਵੱਡਾ ਕੰਜੂਸ ਹੈ, ਹਮੇਸ਼ਾ ਧਨ ਚਾਹੁੰਦਾ ਰਹਿੰਦਾ ਹੈ ਤੇ ਕਿਸੇ ਨੂੰ ਰਤਾ ਭਰ ਵੀ ਦਾਨ ਨਹੀਂ ਦਿੰਦਾ। ਸਾਰੀ ਪਰਜਾ ਇਸ ਨੇ ਲੁੱਟ ਲਈ ਹੈ॥ ੮॥

ਇਸ ਕੋ ਭ੍ਰਾਤ ਹਰੂਨਹਿ ਜੋਊ। ਦਰਬ ਗੰਜ ਚਾਲੀ ਕਿਯ ਸੋਊ।
ਇਨ ਕੀਨੇ ਪੈਂਤਾਲੀ ਗੰਜ। ਸਰਬ ਵਿਲਾਇਤ ਮਾਇਆ ਸੰਜਿ॥ ੯॥

ਹਾਰੂਨ ਜਿਹੜਾ ਇਸ ਦਾ ਭਰਾ ਹੈ ਉਸ ਪਾਸ ਧਨ ਦੇ ਚਾਲੀ ਖਜ਼ਾਨੇ ਹਨ, ਇਸ ਨੇ ਪੰਜਤਾਲੀ ਖਜ਼ਾਨੇ ਜਮ੍ਹਾਂ ਕੀਤੇ ਹਨ, ਸਾਰੀ ਵਲਾਇਤ ਦੀ ਮਾਇਆ ਇਕੱਠੀ ਕਰ ਲਈ ਹੈ॥ ੯॥

ਦੋਹਰਾ- ਦਾਦ ਪੁਕਾਰ ਨ ਸੁਨਹਿ ਕਛੁ ਲੇਵਹਿ ਧਨੁ ਖੁਸਵਾਇ।
ਦਯਾ ਹੀਨ ਦੁਖ ਦੇਹਿ ਸਭਿ ਮਾਨਤਿ ਬਾਤ ਨ ਕਾਇ॥ ੧੦॥

ਕੋਈ ਇਨਸਾਫ ਫਰਿਆਦ ਸੁਣਦਾ ਨਹੀਂ, ਖੋਹ ਕੇ ਧਨ ਲੈ ਲੈਂਦਾ ਹੈ। ਦਇਆ ਰਹਿਤ ਹੈ, ਸਭ ਨੂੰ ਦੁੱਖ ਦਿੰਦਾ ਹੈ, ਕਿਸੇ ਦੀ ਗੱਲ ਨਹੀਂ ਮੰਨਦਾ ਹੈ॥ ੧੦॥

ਚੌਪਈ- ਦੇਸ਼ ਵਿਲਾਇਤ ਸਗਰੇ ਲੋਕਾ। ਰਹੈਂ ਦੁਖੀ ਨਿਤ ਧਰਿ ਉਰ ਸ਼ੋਕਾ।
ਕਿਤੇ ਗ੍ਰਾਮ ਕਰਿ ਗਏ ਉਜਾਰਾ। ਕੇਤਿਕ ਮਰਿ ਗੇ ਕਰਤਿ ਪੁਕਾਰਾ॥੧੧॥

ਵਲਾਇਤ ਦੇਸ਼ ਦੇ ਸਾਰੇ ਲੋਕ ਹਿਰਦੇ ਵਿਚ ਸੋਗ ਧਾਰ ਕੇ ਸਦਾ ਹੀ ਦੁਖੀ ਰਹਿੰਦੇ ਹਨ। ਕਈ ਪਿੰਡ ਹੀ ਖਾਲੀ ਕਰਕੇ ਉਜਾੜਾ ਪਾ ਗਏ ਹਨ ਅਤੇ ਕਈ ਫਰਿਆਦ ਕਰਦੇ ਹੀ ਮਰ ਗਏ ਹਨ' ॥ ੧੧॥

ਸੁਨਿ ਕਰਿ ਤਿਨ ਤੇ ਕ੍ਰਿਪਾਨਿਧਾਨਾ। ਪੁਨ ਬੂਝੇ ਸੋਊ ਦਰਵਾਨਾ।
'ਕੈਸੇ ਦਰਬ ਕੀਨ ਇਕਠਾਈਂ?। ਰਾਖਤਿ ਹੈਂ ਨਰ ਅਧਿਕ ਦ੍ਰਾਈ॥੧੨॥

ਉਨ੍ਹਾਂ ਪਾਸੋਂ ਇਹ ਗੱਲ ਸੁਣ ਕੇ ਗੁਰੂ ਜੀ ਨੇ ਫਿਰ ਉਨ੍ਹਾਂ ਦਰਬਾਨਾਂ ਪਾਸੋਂ ਪੁਛਿਆ, "ਇਸ ਨੇ ਧਨ ਕਿਸ ਤਰ੍ਹਾਂ ਇਕੱਠਾ ਕੀਤਾ ਹੈ? ਕੀ ਇਹ ਪਰਜਾ ਨੂੰ ਡਰਾ ਕੇ ਰੱਖਦਾ ਹੈ ?॥ ੧੨॥

ਹੋਇ ਇਕੇਲੇ ਗਾਡਿਹਿਂ ਧਰ ਮੈਂ। ਨਿਸ ਦਿਨ ਬਸਜੋ ਰਹਤਿ ਸੋ ਉਰ ਮੈਂ।
ਕੌਨ ਰੀਤਿ ਕਰ ਇਨਹਿ ਸਕੇਲੀ?। ਆਵਤਿ ਜਾਤੀ ਹੋਤਿ ਦੁਹੇਲੀ'॥੧੩॥

ਕੀ ਇਕੱਲਾ ਹੀ ਧਰਤੀ ਵਿਚ ਦੱਬ ਦਿੰਦਾ ਹੈ, ਦਿਨ ਰਾਤ ਜੋ ਉਸ ਦੇ ਮਨ ਵਿਚ ਵੱਸਿਆ ਹੈ ? ਕਿਸ ਰੀਤੀ ਨਾਲ ਇਸ ਧਨ ਇਕੱਠਾ ਕੀਤਾ ਹੈ ? ਧਨ ਪ੍ਰਾਪਤ ਕਰਨ ਵਿਚ ਬੜੀ ਮੁਸ਼ਕਲ ਹੁੰਦੀ ਹੋਵੇਗੀ" ॥ ੧੩॥

ਤਬ ਦਰਵਾਨਨ ਬੈਨ ਬਖਾਨਾ। 'ਸੁਨਹੁ ਬਾਤ ਦਰਵੇਸ਼ ਮਹਾਨਾ!।
ਏਕ ਸਮੈਂ ਕਾਰੂੰ ਜੋ ਰਾਈ। ਨਿਜ ਵਜ਼ੀਰ ਸਭਿ ਲੀਨ ਬੁਲਾਈ॥੧੪॥

ਤਦ ਦਰਬਾਨਾਂ ਨੇ ਕਿਹਾ, "ਹੇ ਮਹਾਨ ਦਰਵੇਸ਼! ਸੁਣੋ, ਇਕ ਸਮੇਂ ਬਾਦਸ਼ਾਹ ਕਾਰੂੰ ਨੇ ਆਪਣੇ ਸਾਰੇ ਵਜ਼ੀਰ ਬੁਲਾ ਲਏ ॥ ੧੪॥

ਬੂਝਨ ਕੀਨੇ ਬਚਨ ਕਠੋਰਾ। ਹੈ ਕਿ ਨਹੀਂ ਧਨ ਔਰੈ ਠੋਰਾ?।

ਮੋਰ ਵਲਾਇਤ ਮੈਂ ਕਿਤ ਬਾਚੋ। ਦੇਹੁ ਬਤਾਇ ਬੈਨ ਕਹਿ ਸਾਚੋ॥੧੫॥

ਕਠੋਰ ਬਚਨ ਬੋਲ ਕੇ ਉਨ੍ਹਾਂ ਨੂੰ ਪੁਛਣ ਲੱਗਾ ਕਿ ਕਿਸੇ ਹੋਰ ਥਾਂ ਧਨ ਨਹੀਂ ਹੈ, ਮੇਰੀ ਵਲਾਇਤ ਵਿਚ ਕਿਤੇ ਬਚਿਆ ਹੈ? ਮੈਨੂੰ ਸਭ ਕੁਝ ਸਚੋ ਸੱਚ ਦੱਸ ਦੇਵੋ॥ ੧੫॥

ਦੋਹਰਾ- ਸੁਨਿ ਵਜ਼ੀਰ ਡਰ ਅਰਜ਼ ਕਿਜ ਕਹੂੰ ਰਜਤਪਣ ਨਾਂਹਿ।
ਸਰਦ ਮੇਘ ਜਲਹੀਨ ਜਿਉਂ ਤਿਉਂ ਲਖਿ ਦੇਸ਼ ਨ ਮਾਂਹਿ॥ ੧੬॥

ਵਜ਼ੀਰਾਂ ਨੇ ਡਰ ਕੇ ਬੇਨਤੀ ਕੀਤੀ ਕਿ ਕਿਤੇ ਵੀ ਹੁਣ ਚਾਂਦੀ ਦਾ ਸਿੱਕਾ ਨਹੀਂ ਬਚਿਆ ਹੈ। ਸਰਦ ਰੁਤ ਦੇ ਬੱਦਲ ਜਿਵੇਂ ਜਲਹੀਣ ਹੁੰਦੇ ਹਨ ਇਸ ਤਰ੍ਹਾਂ ਸਾਰਾ ਦੇਸ਼ ਚਾਂਦੀ ਦੇ ਸਿੱਕਿਆਂ ਤੋਂ ਰਹਿਤ ਹੋ ਗਿਆ ਹੈ॥ ੧੬॥

ਚੌਪਈ- ਏਕ ਰਜਤਪਣ ਸਗਰੇ ਦੇਸ਼ਾ। ਖੋਜਜੋ ਪਾਇ ਨ ਕਹੂੰ ਨਰੇਸ਼ਾ।
ਸੁਨਿ ਕਾਰੂੰ ਨਿਜ ਸੁਤਾ ਬੁਲਾਈ। ਕਹਜੋ ਇਸੇ ਕੋ ਬੇਚੋ ਜਾਈ॥੧੭॥

ਬਾਦਸ਼ਾਹ ਨੇ ਸਾਰੇ ਦੇਸ਼ ਵਿਚ ਖੋਜ ਕੀਤੀ, ਪਰ ਇਕ ਵੀ ਚਾਂਦੀ ਦਾ ਸਿੱਕਾ ਉਹ ਲੱਭ ਨਾ ਸਕਿਆ। ਇਹ ਸੁਣ ਕੇ ਕਾਰੂੰ ਨੇ ਆਪਣੀ ਪੁੱਤਰੀ ਨੂੰ ਬੁਲਾਇਆ ਅਤੇ ਵਜ਼ੀਰਾਂ ਨੂੰ ਕਿਹਾ ਇਸ ਨੂੰ ਬਾਜ਼ਾਰ ਵਿਚ ਜਾ ਕੇ ਵੇਚੋ॥ ੧੭॥

ਏਕ ਰਜਤਪਣ ਜੋ ਨਰ ਦੇਵੈ। ਸੋ ਪਤਿਸ਼ਾਹ ਸੁਤਾ ਕੋ ਲੇਵੈ।
ਅਸ ਕਹਿ ਠਾਂਢੀ ਕੀਨ ਬਜਾਰੂ। ਚੰਦ ਬਦਨ ਜਿਹ ਲੋਚਨ ਚਾਰੂ॥੧੮॥

ਜਿਹੜਾ ਵੀ ਮਨੁੱਖ ਇਕ ਚਾਂਦੀ ਦਾ ਸਿੱਕਾ ਇਸ ਦਾ ਮੁੱਲ ਦੇਵੇ ਉਹ ਬਾਦਸ਼ਾਹ ਦੀ ਪੁੱਤਰੀ ਨੂੰ ਲੈ ਲਵੇ। ਇਸ ਤਰ੍ਹਾਂ ਕਹਿ ਕੇ ਬਾਜ਼ਾਰ ਵਿਚ ਖੜੀ ਕਰ ਦਿੱਤੀ। ਉਸ ਲੜਕੀ ਦਾ ਮੁਖੜਾ ਚੰਦ ਵਰਗਾ ਸੀ ਅਤੇ ਸੁੰਦਰ ਨੈਣ ਸਨ॥ ੧੮॥

ਚੌਦਹਿ ਸਾਲ ਬਾਲ ਇਕ ਆਯੋ। ਪਿਖਿ ਸਰੂਪ ਮਨ ਰਹਜੋ ਲੁਭਾਯੋ।
ਮਾਤ ਸਮੀਪ ਗਯੋ ਤਬ ਧਾਯੋ। ਹ੍ਵੈ ਆਤੁਰ ਅਸ ਬਚਨ ਅਲਾਯੋ॥੧੯॥

ਇਕ ਚੌਦਾਂ ਸਾਲ ਦਾ ਬਾਲ ਆਇਆ, ਉਸ ਦਾ ਸਰੂਪ ਵੇਖ ਕੇ ਉਹ ਲਲਚਾ ਗਿਆ। ਉਹ ਤਦ ਮਾਤਾ ਪਾਸ ਦੌੜ ਕੇ ਗਿਆ ਅਤੇ ਆਤਰ ਹੋ ਕੇ ਇਸ ਤਰ੍ਹਾਂ ਬੋਲਿਆ॥ ੧੯॥

ਜਨਨੀਂ! ਏਕ ਰਜਤਪਣ ਦੀਜੈ। ਪਾਤਿਸ਼ਾਹ ਕੀ ਤਨਿਯਾ ਲੀਜੈ।
ਸੁੰਦਰ ਰੂਪ ਅਹੈ ਜਿਸ ਕੇਰਾ। ਇਹ ਸੌਦੇ ਮਹਿਂ ਲਾਭ ਘਨੇਰਾ॥੨੦॥

"ਹੇ ਮਾਤਾ ਜੀ! ਮੈਨੂੰ ਇਕ ਚਾਂਦੀ ਦਾ ਸਿੱਕਾ ਦੇਵੋ ਅਤੇ ਬਾਦਸ਼ਾਹ ਦੀ ਪੁੱਤਰੀ ਲੈ ਲਵੋ, ਉਸ ਦਾ ਰੂਪ ਬਹੁਤ ਸੁੰਦਰ ਹੈ, ਇਸ ਸੌਦੇ ਵਿਚ ਬਹੁਤ ਵੱਡਾ ਲਾਭ ਹੈ"॥ ੨੦॥

ਸੁਨਿ ਸੁਤ! ਏਕ ਰਜਤਪਣ ਨਾਂਹੀ। ਖੋਜਹੁ ਸਗਰੇ ਦੇਸ਼ ਜਿ ਮਾਂਹੀ।
ਜੇ ਕਰਿ ਮੋਲ ਨ ਪਾਸ ਹਮਾਰੇ। ਕਿਉਂ ਸੌਦੇ ਕੋ ਲੇਨਿ ਉਚਾਰੇ॥੨੧॥

ਉਸ ਦੀ ਮਾਤਾ ਨੇ ਕਿਹਾ, "ਹੇ ਪੁੱਤਰ! ਸੁਣ, ਇਕ ਵੀ ਚਾਂਦੀ ਦਾ ਸਿੱਕਾ ਨਹੀਂ ਹੈ, ਭਾਵੇਂ ਸਾਰਾ ਦੇਸ਼ ਵੀ ਖੋਜ ਕੇ ਵੇਖ ਲਵੋ। ਜੇ ਸਾਡੇ ਪਾਸ ਕੀਮਤ ਹੀ ਨਹੀਂ ਹੈ ਤਾਂ ਸੌਦਾ ਲੈਣ ਦੀ ਗੱਲ ਹੀ ਕਿਉਂ ਕਰਦਾ ਹੈਂ"॥ ੨੧॥

ਤਬ ਹਠ ਗਹਜੋ ਸੁ ਬਾਲ ਬਿਸਾਲਾ। ਕਹੇ, ਕਿ ਲੇ ਦੀਜੋ ਤਤਕਾਲਾ।
ਨਾ ਤੁਰ ਨਹੀਂ ਜੀਵਨਾ ਮੇਰੋ। ਗਿਰਜੋ ਧਰਨ ਪਰ ਖਾਇ ਘੁਮੇਰੋ॥੨੨॥

ਫਿਰ ਬੱਚੇ ਨੇ ਬਹੁਤ ਹੱਠ ਕੀਤਾ, ਕਹਿਣ ਲੱਗਾ, ਮੈਨੂੰ ਤੁਰੰਤ ਲੈ ਕੇ ਦੇਵੋ, ਨਹੀਂ ਤਾਂ ਮੇਰਾ ਜੀਉਣਾ ਮੁਸ਼ਕਲ ਹੈ ਅਤੇ ਭੁਆਂਟਣੀ ਖਾ ਕੇ ਧਰਤੀ ਤੇ ਡਿੱਗ ਪਿਆ॥ ੨੨॥

ਜਨਨੀ ਰੋਇ ਚਿੰਤ ਬਹੁ ਕਰਿਹੀ। ਗਹਿਕੈ ਸੁਤ ਕੇ ਹਾਥ, ਉਚਰਿਹੀ।
ਜਬ ਤਵ ਪਿਤਾ ਧਰਨ ਦਫਨਾਯੋ। ਏਕ ਰਜਤਪਣ ਤਿਹ ਮੁਖ ਪਾਯੋ॥੨੩॥

ਮਾਤਾ ਰੋ ਕੇ ਬਹੁਤ ਚਿੰਤਾ ਕਰਨ ਲੱਗੀ, ਪੁੱਤਰ ਨੂੰ ਆਪਣੇ ਹੱਥਾਂ ਵਿਚ ਫੜ ਕੇ ਕਹਿਣ ਲੱਗੀ, "ਜਦ ਤੇਰੇ ਪਿਤਾ ਨੂੰ ਧਰਤੀ ਵਿਚ ਦਬਾਇਆ ਸੀ ਤਾਂ ਇਕ ਚਾਂਦੀ ਦਾ ਸਿੱਕਾ ਉਸ ਦੇ ਮੂੰਹ ਵਿਚ ਪਾਇਆ ਸੀ॥ ੨੩॥

ਰਹਿ ਨ ਸਕਤ, ਸੋ ਲੇਹੁ ਨਿਕਾਸੇ। ਇਉਂ ਸੁਨਿ ਬਾਲਕ ਭਯੋ ਹੁਲਾਸੇ।
ਜਹਾਂ ਪਿਤਾ ਕੀ ਗੋਰ ਬਤਾਈ। ਖੋਦਨ ਲਗਯੋ ਜਾਇ ਸੋ ਥਾਈਂ॥੨੪॥

ਜੇ ਰਹਿ ਨਹੀਂ ਸਕਦਾ ਤਾਂ ਆਪਣੇ ਪਿਤਾ ਦੇ ਮੂੰਹ ਵਿਚੋਂ ਚਾਂਦੀ ਦਾ ਸਿੱਕਾ ਕੱਢ ਲੈ। ਇਹ ਸੁਣ ਕੇ ਬਾਲਕ ਬਹੁਤ ਖੁਸ਼ ਹੋਇਆ, ਜਿਥੇ ਪਿਤਾ ਦੀ ਕਬਰ ਦੱਸੀ ਸੀ, ਉਸ ਥਾਂ ਨੂੰ ਜਾ ਕੇ ਪੁੱਟਣ ਲੱਗਾ॥ ੨੪॥

ਤਹਿਂ ਤੇ ਤਤਛਿਨ ਲੀਨ ਨਿਕਾਸਾ। ਚਲਯੋ ਬਜਾਰਹਿਂ ਰਿਦੈ ਹੁਲਾਸਾ।
ਦੀਨ ਰਜਤਪਣ ਲੈ ਸੋ ਗਯੋ। ਸੁਧ ਕਾਰੂੰ ਸੁਨਿ ਬਿਸਮੈ ਭਯੋ॥੨੫॥

ਝੱਟ ਹੀ ਚਾਂਦੀ ਦੇ ਸਿੱਕੇ ਨੂੰ ਕੱਢ ਲਿਆ ਤੇ ਖੁਸ਼ ਹੋ ਕੇ ਬਾਜ਼ਾਰ ਵਿਚ ਗਿਆ। ਜਦ ਚਾਂਦੀ ਦਾ ਸਿੱਕਾ ਲੈ ਕੇ ਦੇਣ ਗਿਆ ਤਾਂ ਕਾਰੂੰ ਇਹ ਸੁਣ ਕੇ ਬਹੁਤ ਖੁਸ਼ ਹੋਇਆ॥ ੨੫॥

ਗਹਿ ਮੰਗਵਾਯੋ ਤਿਹ ਤਤਕਾਲਾ। ਆਨ ਸ਼ਾਸਨਾ ਦੀਨਿ ਬਿਸ਼ਾਲਾ।
ਕਿਹ ਤੇ ਲਜਾਯੋ ਸਾਚ ਬਤਾਵਹੁ ?। ਮਾਰਹਿਂ ਤੁਰਤ ਜਿ ਕੂਰ ਅਲਾਵਹੁ ॥੨੬॥

ਉਸ ਬਾਲਕ ਨੂੰ ਤੁਰੰਤ ਫੜ ਕੇ ਮੰਗਵਾਇਆ ਅਤੇ ਲਿਆ ਕੇ ਬਹੁਤ ਮਾਰਿਆ ਅਤੇ ਪੁਛਿਆ, "ਇਹ ਚਾਂਦੀ ਦਾ ਸਿੱਕਾ ਕਿਥੋਂ ਲਿਆਂਦਾ ਹੈ, ਸੱਚ ਦੱਸ ? ਜੇ ਝੂਠ ਬੋਲੇਂਗਾ ਤਾਂ ਤੁਰੰਤ ਮਾਰ ਦੇਵਾਂਗੇ॥ ੨੬॥

ਤਬ ਬਾਲਿਕ ਨੇ ਸਾਚ ਉਚਾਰਾ। ਮੈਂ ਕਾਢਯੋ ਪਿਤ ਗੋਰ ਮਝਾਰਾ।
ਹਮਰੇ ਘਰ ਮਹਿਂ ਏਕ ਜਿ ਪਾਵਹੁ। ਤਬ ਮੋ ਕੋ ਜਮ ਧਾਮ ਪਠਾਵਹੁ॥੨੭॥

ਤਦ ਬਾਲਕ ਨੇ ਸੱਚੋ ਸੱਚ ਦੱਸ ਦਿੱਤਾ। ਮੈਂ ਆਪਣੇ ਪਿਤਾ ਦੀ ਕਬਰ ਵਿਚੋਂ ਕਢਿਆ ਹੈ, ਜੇ ਸਾਡੇ ਘਰ ਇਕ ਵੀ ਪਾਉ ਤਾਂ ਮੈਨੂੰ ਜਮਾਂ ਦੇ ਘਰ ਭੇਜ ਦੇਵੋ॥ ੨੭॥

ਜਬ ਐਸੀ ਕਾਰੂੰ ਸੁਧਿ ਪਾਈ। ਸਭਿ ਹੀ ਗੋਰਾਂ ਲੀਨਿ ਖੁਦਾਈ।
ਕਹੂੰ ਕਹੂੰ ਤੇ ਪਾਯੋ ਸੋਈ। ਇਹ ਸਮ ਜ਼ੁਲਮੀ ਔਰ ਨ ਕੋਈ'॥੨੮॥

ਜਦ ਕਾਰੂੰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਸਾਰੀਆਂ ਕਬਰਾਂ ਪੁਟਵਾ ਲਈਆਂ। ਕਿਸੇ ਕਿਸੇ ਥਾਂ ਤੋਂ ਚਾਂਦੀ ਦੇ ਸਿੱਕੇ ਲੱਭ ਲਏ, ਇਸ ਵਰਗਾ ਜ਼ਾਲਮ ਹੋਰ ਕੋਈ ਨਹੀਂ ਹੈ"॥ ੨੮॥

ਦਰਵਾਨਨ ਤੇ ਸੁਨਿ ਗੁਨਖਾਨੀ। ਪੁਨ ਤਿਨ ਸੰਗ ਕਹੀ ਅਸਬਾਨੀ।
'ਗੁਨਹਿਗਾਰ ਇਹ ਦੋਜ਼ਕ ਜਾਈ। ਹੈ ਸਦ ਹੈਫ ਜੁ ਕਰੀ ਕਮਾਈ॥੨੯॥

ਗੁਰੂ ਜੀ ਨੇ ਜਦ ਦਰਬਾਨਾਂ ਪਾਸੋਂ ਇਹ ਵਾਰਤਾ ਸੁਣੀ ਤਾਂ ਉਨ੍ਹਾਂ ਨਾਲ ਇਸ ਤਰ੍ਹਾਂ ਬਚਨ ਕੀਤੇ, "ਇਹ ਵੱਡਾ ਪਾਪੀ ਹੈ, ਇਹ ਨਰਕਾਂ ਵਿਚ ਜਾਵੇਗਾ। ਬੜਾ ਅਫਸੋਸ ਹੈ ਕਿ ਜੋ ਇਸ ਐਸੀ ਕਮਾਈ ਕੀਤੀ ਹੈ॥ ੨੯॥

ਧ੍ਰਿਗ ਜੀਵਨ ਇਹ ਕੋ ਜਗ ਮਾਂਹੀ। ਇਹ ਠਾਂ ਅਪਜਸ, ਮਰਿ ਦੁਖ ਪਾਹੀ।
ਪਰਵਦਗਾਰ ਜਹਾਂ ਦਰਗਾਹਾ। ਅਹੈ ਬਿਸਾਲ ਖਤਾਵੰਦ ਤਾਂਹਾ॥੩੦॥

ਇਸ ਦਾ ਜਗਤ ਵਿਚ ਧ੍ਰਿਗ ਜੀਵਨ ਹੈ। ਇਸ ਜਗਤ ਵਿਚ ਇਹ ਬਦਨਾਮੀ ਪਾਏਗਾ ਅਤੇ ਮਰ ਕੇ ਬਹੁਤ ਦੁੱਖ ਪਾਵੇਗਾ। ਪ੍ਰਭੂ ਪਰਵਦਗਾਰ ਦਾ ਜਿਥੇ ਦਰਬਾਰ ਹੈ, ਇਹ ਉਥੇ ਬਹੁਤ ਵੱਡਾ ਕਸੂਰਵਾਰ ਪਾਇਆ ਜਾਵੇਗਾ॥ ੩੦॥

ਜਬ ਹੋਵਹਿਗੋ ਕਸ਼ਟ ਮਹਾਨਾਂ। ਤਬ ਪਛੁਤਾਇ ਮੀਜ ਹੈ ਪਾਨਾ।
ਅਬ ਇਕ ਬਾਤ ਸੁਨੋ ਦਰਵਾਨੋਂ!। ਕਾਰੂੰ ਸੋਂ ਇਮ ਜਾਇ ਬਖਾਨੋ॥੩੧॥

ਜਦ ਮਹਾਨ ਕਸ਼ਟ ਝੱਲੇਗਾ ਤਾਂ ਹੱਥ ਮਲ ਕੇ ਪਛਤਾਵੇਗਾ। ਹੁਣ ਦਰਬਾਨੋਂ ਇਕ ਗੱਲ ਸੁਣੋ, ਕਾਰੂੰ ਨੂੰ ਇਸ ਤਰ੍ਹਾਂ ਜਾ ਕੇ ਕਹੋ॥ ੩੧॥

ਇਕ ਫਕੀਰ ਤੁਮਰੇ ਦਰ ਆਯੋ!। ਮੁਲਾਕਾਤ ਕਰਿਬੇ ਫੁਰਮਾਯੋ।
ਜਾਚਨ ਕੀ ਰੰਚਕ ਨਹਿੰ ਚਾਹੀ। ਮਿਲਨ ਪ੍ਰਯੋਜਨ ਬਿਨ ਕਛੁ ਨਾਂਹੀ॥੩੨॥

ਇਕ ਫਕੀਰ ਤੁਹਾਡੇ ਦਰਵਾਜ਼ੇ ਤੇ ਆਇਆ ਹੈ, ਉਸ ਨੇ ਤੁਹਾਡੇ ਨਾਲ ਮੁਲਾਕਾਤ ਕਰਨ ਬਾਰੇ ਫੁਰਮਾਇਆ ਹੈ, ਉਸ ਨੂੰ ਰਤੀ ਭਰ ਚੀਜ਼ ਮੰਗਣ ਦੀ ਵੀ ਚਾਹਤ ਨਹੀਂ ਹੈ, ਮਿਲਣ ਦੇ ਕਾਰਜ ਬਗੈਰ ਹੋਰ ਕੁਝ ਨਹੀਂ॥ ੩੨॥

ਵਹਿਰ ਆਨਿ ਕਰਿ ਦਰਸ਼ਨ ਲੀਜੈ। ਸੁਨਹੁ ਬਚਨ, ਪੁਨ ਆਪ ਭਨੀਜੈ'।
ਮ੍ਰਿਦੁਲ ਬਚਨ ਸ੍ਰੀ ਗੁਰ ਕੇ ਸੁਨਿਕੈ। ਗੇ ਦਰਵਾਨ ਸੰਤ ਭਲ ਗੁਨਿਕੈ॥੩੩॥

ਬਾਹਰ ਆ ਕੇ ਦਰਸ਼ਨ ਕਰੋ, ਉਨ੍ਹਾਂ ਦੇ ਬਚਨ ਸੁਣੋ ਅਤੇ ਆਪਣੇ ਬਚਨ ਕਹੋ।'' ਗੁਰੂ ਜੀ ਦੇ ਕੋਮਲ ਬਚਨ ਸੁਣ ਕੇ ਅਤੇ ਭਲਾ ਸੰਤ ਜਾਣ ਕੇ ਦਰਬਾਨ ਅੰਦਰ ਗਏ॥ ੩੩॥

ਪਹੁੰਚੇ ਕਾਰੂੰ ਕੇਰ ਅਗਾਰੀ। ਹਾਥ ਬੰਦਿਕੈ ਗਿਰਾ ਉਚਾਰੀ।
'ਇਕ ਦਰਵੇਸ਼ ਅਪੂਰਬ ਆਵਾ। ਅਧਿਕ ਪ੍ਰਤਾਪਵਾਨ ਲਖਿ ਪਾਵਾ॥੩੪॥

ਕਾਰੂੰ ਬਾਦਸ਼ਾਹ ਦੇ ਅੱਗੇ ਪਹੁੰਚੇ, ਹੱਥ ਜੋੜ ਕੇ ਬੋਲੇ, ''ਇਕ ਨਵਾਂ ਦਰਵੇਸ਼ ਆਇਆ ਹੈ, ਉਸ ਦਾ ਬਹੁਤ ਵੱਡਾ ਪ੍ਰਤਾਪ ਵੇਖਿਆ ਹੈ॥ ੩੪॥

ਮ੍ਰਿਦੁਲ ਬਚਨ ਜਿਹ ਨੀਕ ਸੁਭਾਊ। ਸੁੰਦਰ ਰੂਪ ਸਭਿਨਿ ਮਨ ਭਾਊ।
ਜਾਚਨ ਕੀ ਜਿਹ ਚਾਹ ਨ ਕਾਈ। ਰਾਵਰ ਕੋ ਮਿਲਨੋ ਫੁਰਮਾਈ'॥੩੫॥

ਉਸ ਦੇ ਬਚਨ ਬਹੁਤ ਕੋਮਲ ਹਨ ਅਤੇ ਸੁਭਾਵ ਬਹੁਤ ਚੰਗਾ ਹੈ। ਸੁੰਦਰ ਰੂਪ ਹੈ ਅਤੇ ਸਾਰਿਆਂ ਦੇ ਮਨ ਨੂੰ ਭਾਉਂਦਾ ਹੈ। ਕਿਸੇ ਚੀਜ਼ ਮੰਗਣ ਦੀ ਉਸ ਨੂੰ ਚਾਹ ਨਹੀਂ, ਆਪ ਨੂੰ ਕੇਵਲ ਮਿਲਣ ਵਾਸਤੇ ਫੁਰਮਾਇਆ ਹੈ'॥ ੩੫॥

ਇਉਂ ਸੁਨਿ ਕਾਰੂੰ ਦਰਪਰ ਆਯੋ। ਸ੍ਰੀ ਨਾਨਕ ਕੋ ਦਰਸ਼ਨ ਪਾਯੋ।
ਬੰਦਨ ਕਰਿ ਭਾ ਠਾਂਢ ਅਗਾਰੀ। ਸੰਗ ਭੀਰ ਮਾਨਵ ਕੀ ਭਾਰੀ॥੩੬॥

ਇਹ ਸੁਣ ਕੇ ਕਾਰੂੰ ਦਰਵਾਜ਼ੇ ਤੇ ਆਇਆ ਅਤੇ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ। ਹੱਥ ਜੋੜ ਕੇ ਅੱਗੇ ਖੜਾ ਹੋ ਗਿਆ, ਉਸ ਦੇ ਨਾਲ ਮਨੁੱਖਾਂ ਦਾ ਇਕ ਸਮੂਹ ਵੀ ਖੜਾ ਸੀ॥ ੩੬॥

ਦੋਹਰਾ-ਇਸ ਬਿਧਿ ਸ੍ਰੀ ਨਾਨਕ ਤਬੈ ਬੈਠੇ ਕਰਿਹੀ ਤਾਂਹਿ।
ਬੀਨ ਬੀਨ ਬਹੁ ਠੀਕਰੀ ਪਾਵੈਂ ਪਟ ਕੇ ਮਾਂਹਿ॥ ੩੭॥

ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸਮੇਂ ਬੈਠੇ ਚੁਣ ਚੁਣ ਕੇ ਠੀਕਰਿਆਂ ਕਪੜੇ ਵਿਚ ਪਾ ਰਹੇ ਸਨ॥ ੩੭॥

ਚੌਪਈ- ਦੇਖਤਿ ਕਾਰੂੰ ਗਿਰਾ ਉਚਾਰੀ। 'ਬੀਨ ਠੀਕਰੀ ਕਜਾ ਕਰਿ. ਕਾਰੀ।
ਕਰਹੁ ਬਾਦ ਇਹ ਬੈਠੇ ਕਾਜੂ। ਇਨ ਕਉ ਸੰਚਿ ਕਰਹੁ ਕਜਾ ਕਾਜੂ?'॥੩੮॥

ਇਹ ਵੇਖ ਕੇ ਕਾਰੂੰ ਨੇ ਕਿਹਾ, "ਚੁਣ ਚੁਣ ਕੇ ਠੀਕਰੀਆਂ ਕਿਸ ਕਾਰਨ ਪਾ ਰਹੇ ਹੋ। ਏਥੇ ਬੈਠੇ ਵਿਅਰਥ ਕੰਮ ਕਰ ਰਹੇ ਹੋ, ਕਿਸ ਕੰਮ ਵਾਸਤੇ ਇਨ੍ਹਾਂ ਨੂੰ ਇਕੱਠੀਆਂ ਕਰ ਰਹੇ ਹੋ ?" ॥ ੩੮ ॥

ਸੁਨਿਕੈ ਸ੍ਰੀ ਗੁਰ ਬੈਨ ਉਚਾਰੇ। 'ਚਲੈਂ ਠੀਕਰੀ ਸੰਗ ਹਮਾਰੇ।
ਬੀਨ ਕਰੌਂ ਯਾਂਤੇ ਇਕਠਾਈ। ਪਰਲੋਕਹਿਂ ਮਹਿਂ ਕਾਜ ਸਿ ਆਈਂ' ॥੩੯॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਠੀਕਰੀਆਂ ਸਾਡੇ ਨਾਲ ਜਾਣਗੀਆਂ, ਇਸ ਕਰਕੇ ਮੈਂ ਚੁਣ ਚੁਣ ਕੇ ਇਕੱਠੀਆਂ ਕਰ ਰਿਹਾ ਹਾਂ। ਇਹ ਪਰਲੋਕ ਵਿਚ ਮੇਰੇ ਕੰਮ ਆਉਣਗੀਆਂ" ॥ ੩੯ ॥

'ਹੇ ਦਰਵੇਸ਼ ਨ ਕਰਹੁ ਵਿਚਾਰੀ। ਕੈਸਿ ਠੀਕਰੀ ਜਾਂਹਿ ਅਗਾਰੀ।
ਦੇਹਿ ਸੰਗ ਕੀ ਇਹਾਂ ਰਹੈ ਹੈ। ਤ੍ਰਿਣ ਸਮਾਨ ਕਿਛੁ ਸੰਗ ਨ ਜੈ ਹੈ' ॥੪੦॥

ਕਾਰੂੰ ਨੇ ਕਿਹਾ, "ਹੇ ਦਰਵੇਸ਼ ਤੁਸੀਂ ਵਿਚਾਰ ਨਹੀਂ ਕੀਤੀ, ਇਹ ਠੀਕਰੀਆਂ ਅੱਗੇ ਕਿਸ ਤਰ੍ਹਾਂ ਜਾਣਗੀਆਂ ? ਮਨੁੱਖ ਦਾ ਸਰੀਰ ਤਾਂ ਏਥੇ ਰਹਿ ਜਾਂਦਾ ਹੈ, ਇਕ ਤੀਲੇ ਜਿੰਨੀ ਚੀਜ਼ ਵੀ ਨਾਲ ਨਹੀਂ ਜਾਂਦੀ ਹੈ" ॥ ੪੦ ॥

ਦੋਹਰਾ- 'ਤੈਂ ਜ਼ੁਲਮੀ ਕਰ ਦੇਸ਼ ਮੈਂ ਕੀਨ ਪੈਂਤਾਲੀ ਗੰਜ।
ਕਜੋਂ ਕਰਿ ਜਾਵਹਿਂ ਸੰਗ ਇਹ ਕੀਨ ਪਾਪ ਕੋ ਸੰਜਿ ॥ ੪੧ ॥

ਗੁਰੂ ਜੀ ਨੇ ਕਿਹਾ, "ਤੂੰ ਦੇਸ਼ ਤੇ ਜ਼ੁਲਮ ਕਰਕੇ ਪੰਜਤਾਲੀ ਖਜ਼ਾਨੇ ਇਕੱਠੇ ਕੀਤੇ ਹਨ, ਇਹ ਕਿਵੇਂ ਤੇਰੇ ਨਾਲ ਜਾਣਗੇ, ਜਿਹੜੇ ਪਾਪ ਢਾਹ ਢਾਹ ਕੇ ਇਕੱਠੇ ਕੀਤੇ ਹਨ ॥ ੪੧ ॥

ਚੌਪਈ- ਤੇਰੋ ਬਡੋ ਭ੍ਰਾਤ ਜੋ ਭਯਾ। ਚਾਲੀ ਗੰਜ ਸੰਜਿ ਤਜਿ ਮੁਯਾ।
ਤਾਂ ਕੇ ਸੰਗ ਨ ਗਈ ਅਗਾਰੀ। ਤਿਹ ਤੇ ਤੈਂ ਸੰਚੀ ਅਤਿ ਭਾਰੀ ॥੪੨॥

ਜਿਹੜਾ ਤੇਰਾ ਵੱਡਾ ਭਰਾ ਹੋਇਆ ਹੈ, ਉਹ ਚਾਲੀ ਗੰਜ (ਖਜ਼ਾਨੇ) ਛੱਡ ਕੇ ਮਰ ਗਿਆ ਹੈ। ਉਸ ਦੇ ਨਾਲ ਅੱਗੇ ਕੁਝ ਨਹੀਂ ਗਿਆ, ਇਸ ਕਰਕੇ ਤੂੰ ਏਨਾ ਭਾਰੀ ਧਨ ਇਕੱਠਾ ਕੀਤਾ ਹੈ ॥ ੪੨ ॥

ਤੇਰੇ ਸੰਗ ਸੁ ਕਿਉਂ ਕਰਿ ਜਾਵਹਿ। ਦੋਜ਼ਕ ਪਰਹਿਂ ਮਹਾਂ ਦੁਖ ਪਾਵਹਿਂ।
ਔਰ ਆਇ ਸਭਿ ਧਨ ਕੋ ਲੇਈ। ਇਸ ਕਾਰਨ ਤੁਝ ਦੋਜ਼ਕ ਦੇਈਂ ॥੪੩॥

ਤੇਰੇ ਨਾਲ ਇਹ ਧਨ ਕਿਵੇਂ ਜਾਵੇਗਾ, ਨਰਕਾਂ ਵਿਚ ਪੈ ਕੇ ਮਹਾਂ ਦੁੱਖ ਪਾਵੇਂਗਾ। ਕੋਈ ਹੋਰ ਆ ਕੇ ਤੇਰੇ ਧਨ ਨੂੰ ਲੈ ਲਵੇਗਾ, ਜਿਸ ਕਾਰਨ ਤੈਨੂੰ ਦੋਜ਼ਕ ਮਿਲੇਗਾ ॥ ੪੩ ॥

ਕੌਨ ਕਾਜ ਤੇਰੇ ਤਬ ਆਵਹਿ। ਪਰ ਦੋਜ਼ਕ ਮਹਿਂ ਜਬ ਬਿਲਲਾਵਹਿਂ।
ਜਬ ਤਨ ਤੇ ਹ੍ਵੈਂ ਪ੍ਰਾਨ ਨਿਆਰੇ। ਪੂਰਬ ਨਰ ਲੇ ਦਰਬ ਸਮ੍ਹਾਰੇਂ ॥੪੪॥

ਇਹ ਧਨ ਫਿਰ ਤੇਰੇ ਕਿਹੜੇ ਕੰਮ ਆਵੇਗਾ, ਜਦ ਦੋਜ਼ਕ ਵਿਚ ਪੈ ਕੇ ਤੂੰ ਵਿਲਕਦਾ ਹੋਵੇਂਗਾ। ਜਦ ਤਨ ਤੋਂ ਪ੍ਰਾਣ ਵੱਖ ਹੋ ਜਾਣਗੇ, ਪਹਿਲਾਂ ਮਨੁੱਖ ਧਨ ਇਕੱਠਾ ਕਰਕੇ ਸੰਭਾਲਦਾ ਹੈ ॥ ੪੪ ॥

ਦਫਨ ਕਰੈਂ ਤੁਝ ਕੋ ਪਸ਼ਚਾਤੀ। ਰਿਦੈ ਬਿਚਾਰਿ ਲੇਹੁ ਭਲਭਾਂਤੀ।
ਜਹਿਂ ਕਹਿਂ ਦੇਖਾ ਸੁਨਾ ਰੁਪੱਯਾ। ਕਰਜੋ ਜੋਰ ਤੈਂ ਲੀਨ ਖੁਸੱਯਾ ॥੪੫॥

ਜਦ ਤੂੰ ਮਰ ਜਾਵੇਂਗਾ ਤਾਂ ਤੈਨੂੰ ਬਾਅਦ ਵਿਚ ਦਫਨ ਕਰ ਦੇਣਗੇ, ਇਹ ਗੱਲ ਭਲੀ ਭਾਂਤ ਹਿਰਦੇ ਵਿਚ ਵਿਚਾਰ ਲਵੋ। ਜਿਥੇ ਕਿਥੇ ਵੀ ਤੂੰ ਚਾਂਦੀ ਦੇ ਰੁਪਏ ਬਾਰੇ ਸੁਣਿਆ ਹੈ, ਆਪਣੇ ਜ਼ੋਰ ਨਾਲ ਤੂੰ ਖੋਹ ਲਿਆ ਹੈ ॥ ੪੫ ॥

ਕਲਮਲ ਪੁੰਜ ਕੀਨ ਸਭਿ ਗੰਜੰ। ਸੰਗ ਨ ਚਲਿਹੀ ਰਾਖਤਿ ਸੰਜੰ।

ਜੇ ਕਰਿ ਚਾਹਤਿ ਆਪਨ ਨੀਕਾ। ਤਜੋ ਖਸੋਟਨ ਨਰ ਸਭਿ ਹੀ ਕਾ ॥੪੬॥

ਬਹੁਤ ਪਾਪਾਂ ਨਾਲ ਤੂੰ ਧਨ ਇਕੱਠਾ ਕੀਤਾ ਹੈ, ਪਰ ਇਹ ਤੇਰੇ ਨਾਲ ਨਹੀਂ ਜਾਵੇਗਾ, ਜਿਹੜਾ ਇਕੱਠਾ ਕਰਕੇ ਰਖਿਆ ਹੈ। ਜੇ ਆਪਣਾ ਭਲਾ ਚਾਹੁੰਦਾ ਹੈਂ, ਸਭ ਲੋਕਾਂ ਦਾ ਖੋਹਿਆ ਹੋਇਆ ਧਨ ਵਾਪਸ ਦੇ ਦੇਵੇਂ॥ ੪੬॥

ਮਾਨਿ ਬਚਨ ਜ਼ੁਲਮੀ ਪਰਹਰੀਏ। ਜੇ ਨਹਿਂ ਮਾਨੋ ਦੋਜ਼ਕ ਪਰੀਏ।
ਕਈ ਕੋਸ ਅਗਨੀ ਕੇ ਮਾਂਹੀ। ਜਹਿਂ ਖੈਂਚਤਿ ਜਮਦੂਤ ਫਿਰਾਹੀਂ ॥੪੭॥

ਮੇਰੇ ਬਚਨ ਮੰਨ ਕੇ ਜ਼ੁਲਮ ਕਰਨਾ ਛੱਡ ਦੇਵੇਂ, ਜੇ ਨਹੀਂ ਮੰਨੇਂਗੇ ਤਾਂ ਨਰਕਾਂ ਵਿਚ ਪਵੋਂਗੇ। ਜਿਥੇ ਕਈ ਕੋਹਾਂ ਤਕ ਅੱਗ ਵਿਚ ਜਮਦੂਤ ਖਿੱਚ ਕੇ ਫੇਰਦੇ ਹਨ॥ ੪੭॥

ਦੋਹਰਾ- ਦਰਸ਼ਨ ਕਰਿ ਪੁਨ ਬਚਨ ਸੁਨਿ ਭਯੋ ਮੋਮ ਦਿਲ ਸੋਇ।
ਆਗੇ ਸ੍ਰੀ ਗੁਰ ਕੇ ਤਬੈ ਬੋਲਜੋ ਆਜਜ਼ ਹੋਇ॥ ੪੮॥

ਦਰਸ਼ਨ ਕਰਕੇ ਫਿਰ ਬਚਨ ਸੁਣ ਕੇ, ਉਸ ਦਾ ਦਿਲ ਮੋਮ ਵਾਂਗ ਨਰਮ ਹੋ ਗਿਆ। ਫਿਰ ਗੁਰੂ ਜੀ ਅੱਗੇ ਦੀਨ ਹੋ ਕੇ ਬੋਲਿਆ॥ ੪੮॥

ਚੌਪਈ- 'ਜਜੋਂ ਬੀਤੀ ਬੀਤੀ ਪਸ਼ਚਾਤੀ। ਅਬ ਉਪਦੇਸ਼ ਦੇਹੁ ਭਲਿ ਭਾਂਤੀ।
ਜਜੋਂ ਨਿਸ਼ਚਾ ਹ੍ਵੈ ਪੰਥ ਖ਼ੁਦਾਇ। ਸੋ ਬਿਧਿ ਦੀਜੈ ਮੁਝੈ ਬਤਾਇ ॥੪੯॥

"ਜਿਵੇਂ ਬੀਤੀ, ਉਸ ਬੀਤੀ ਤੇ ਮੈਂ ਪਸ਼ਚਾਤਾਪ ਕਰਦਾ ਹਾਂ, ਹੁਣ ਚੰਗੀ ਤਰ੍ਹਾਂ ਉਪਦੇਸ਼ ਦੇਵੋ। ਜਿਵੇਂ ਖ਼ੁਦਾ ਦੇ ਰਾਹ ਤੇ ਨਿਸਚਾ ਹੋਵੇ ਉਹ ਵਿਧੀ ਮੈਨੂੰ ਸਮਝਾ ਦੇਵੋ॥ ੪੯॥

ਰਹੈ ਸਦੀਵ ਈਰਖਾ ਮਨ ਮੈਂ। ਯਾਂ ਤੇ ਰਹੋਂ ਮਗਨ ਮੈਂ ਧਨ ਮੈਂ।
ਕਿਸ ਬਿਧਿ ਲੋਭ ਨ ਮਨ ਤੇ ਜਾਇ। ਕਿਉਂ ਕਰਿ ਜਾਨੋਂ ਗੈਲ ਖ਼ੁਦਾਇ ॥੫੦॥

ਸਦਾ ਹੀ ਮੇਰੇ ਮਨ ਵਿਚ ਈਰਖਾ ਰਹੀ ਹੈ, ਇਸ ਕਰਕੇ ਮੈਂ ਧਨ ਵਿਚ ਮਗਨ ਰਿਹਾ ਹਾਂ। ਕਿਸੇ ਤਰ੍ਹਾਂ ਵੀ ਲੋਭ ਮਨ ਤੋਂ ਨਹੀਂ ਸੀ ਜਾਂਦਾ। ਕਿਵੇਂ ਮੈਂ ਖ਼ੁਦਾ ਦਾ ਰਾਹ ਜਾਣਾਂ॥ ੫੦॥

ਕ੍ਰਿਪਾ ਧਾਰਿ ਅਬ ਕਰਹੁ ਉਚਾਰਾ। ਨਾਸਹਿਂ ਮਨ ਕੇ ਸਰਬ ਬਿਕਾਰਾ'।
ਸੁਨਿ ਸ਼੍ਰੀ ਨਾਨਕ ਗਿਰਾ ਉਚਾਰੀ। ਦੇਨਿ ਨਸੀਹਤ ਸਭਿ ਸੁਖਕਾਰੀ ॥੫੧॥

ਕਿਰਪਾ ਧਾਰ ਕੇ ਹੁਣ ਉਚਾਰਨ ਕਰੋ ਜਿਸ ਨਾਲ ਮਨ ਦੇ ਸਾਰੇ ਵਿਕਾਰ ਭੱਜ ਜਾਣਾ।'' ਇਹ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ ਅਤੇ ਕਾਰੂੰ ਬਾਦਸ਼ਾਹ ਨੂੰ ਬੜੇ ਪ੍ਰੇਮ ਨਾਲ ਉਪਦੇਸ਼ ਦਿੱਤਾ ॥ ੫੧॥

ਦੋਹਰਾ-ਕਾਰੂੰ ਸੁਨਿ ਹੈਰਾਨ ਹੁਇ ਭਯੋ ਮੋਮ ਦਿਲ ਸੋਇ।
ਆਗੋ ਕੋ ਭੈ ਮਾਨਿਓ ਜਹਿਂ ਸਜ਼ਾਇ ਅਤਿ ਹੋਇ॥ ੫੨॥

ਉਪਦੇਸ਼ ਸੁਣ ਕੇ ਕਾਰੂੰ ਬਹੁਤ ਹੈਰਾਨ ਹੋਇਆ ਅਤੇ ਉਸ ਦਾ ਦਿਲ ਮੋਮ ਵਾਂਗ ਨਰਮ ਹੋ ਗਿਆ। ਅਗਲੇ ਜਹਾਨ ਦਾ ਡਰ ਮੰਨਿਆ ਜਿਥੇ ਬਹੁਤ ਸਜ਼ਾ ਮਿਲਦੀ ਹੈ॥ ੫੨॥

ਚੌਪਈ- ਕਜਾ ਹੋਵੈਗੋ ਤਬ ਮੁਝ ਹਾਲਾ। ਗਹਿ ਜਬ ਬਾਂਧੇਂਗੇ ਜਿਹ ਕਾਲਾ।
ਸਭਿ ਪਰ ਜ਼ੁਲਮੀ ਕੀਨਿ ਬਿਸਾਲਾ। ਭਲਿਆਈ ਤੇ ਰਹਜੋ ਨਿਰਾਲਾ ॥੫੩॥

ਕਹਿਣ ਲੱਗਾ, "ਫਿਰ ਮੇਰਾ ਕੀ ਹਾਲ ਹੋਵੇਗਾ ਜਿਸ ਸਮੇਂ ਜਮ ਮੈਨੂੰ ਫੜ ਕੇ ਅਤੇ ਬੰਨ੍ਹ ਕੇ ਲੈ ਜਾਣਗੇ। ਮੈਂ ਸਭ ਉਤੇ ਬਹੁਤ ਜ਼ੁਲਮ ਕੀਤੇ ਹਨ ਅਤੇ ਭਲੇ ਕੰਮਾਂ ਤੋਂ ਦੂਰ ਹੀ ਰਿਹਾ ਹਾਂ॥ ੫੩॥

ਕਾਰੂੰ ਮਨ ਗੁਨਿ ਬਹੁਰ ਬੁਗੋਯੋ। 'ਮੈਂ ਗ਼ਾਫਲ ਹੋਯੋ ਨਿਤ ਸੋਯੋ।
ਨਹਿੰ ਜਾਨਤਿ ਥੋ ਕਹਾਂ ਖ਼ੁਦਾਇ। ਤੁਮ ਮਸਾਲ ਸੁਨਿ ਭੈ ਮੁਹਿ ਆਇ ॥੫੪ ॥

ਕਾਰੂੰ ਨੇ ਫਿਰ ਮਨ ਵਿਚ ਵਿਚਾਰ ਕਰਕੇ ਕਿਹਾ, "ਮੈਂ ਅਣਜਾਨਪੁਣੇ ਵਿਚ ਸੁੱਤਾ ਹੀ ਰਿਹਾ ਹਾਂ। ਇਹ ਨਹੀਂ ਸੀ ਜਾਣਦਾ ਕਿ ਖੁਦਾ ਕਿਥੇ ਹੈ ? ਤੁਹਾਡੀ ਉਦਾਹਰਣ ਸੁਣ ਕੇ ਮੈਨੂੰ ਭੈਅ ਹੋਇਆ ਹੈ॥ ੫੪ ॥

ਮਿਹਰ ਆਪਨੀ ਮੋ ਪਰ ਕੀਜੈ। ਪੰਥ ਖੁਦਾਇ ਬਤਾਵਨ ਕੀਜੈ।
ਤ੍ਰਿਸ਼ਨਾ ਦਰਬ ਨਦੀ ਬਡ ਧਾਰਾ। ਬਹਜੋ ਜਾਤਿ ਹੌਂ ਪਾਇ ਨ ਪਾਰਾ ॥੫੫ ॥

ਕਿਰਪਾ ਕਰਕੇ ਮੇਰੇ ਉਤੇ ਆਪਣੀ ਮਿਹਰ ਕਰੋ ਅਤੇ ਮੈਨੂੰ ਖੁਦਾ ਦੇ ਰਾਹ ਬਾਰੇ ਗਿਆਨ ਦੇਵੋ। ਤ੍ਰਿਸ਼ਨਾ ਅਤੇ ਧਨ ਨਦੀਆਂ ਦੀਆਂ ਵੱਡੀਆਂ ਛੱਲਾਂ ਹਨ, ਜਿਨ੍ਹਾਂ ਵਿਚ ਮੈਂ ਵਹਿੰਦਾ ਜਾ ਰਿਹਾ ਹਾਂ ਅਤੇ ਕਿਨਾਰਾ ਨਹੀਂ ਪਾ ਰਿਹਾ॥ ੫੫ ॥

ਤੁਮ ਕੇਵਟ ਮਮ ਕਰਿ ਕੈ ਦਾਯਾ। ਗਹਹੁ ਹਾਥ ਦੇ ਪਾਰ ਲੰਘਾਯਾ।
ਮੋਹ ਕੁਟੰਬ ਕੂਪ ਅੰਧੇਰਾ। ਪਰਜੋ ਰਹਜੋ ਕਾਢਹੁ ਮੈਂ ਚੇਰਾ ॥ ੫੬ ॥

ਤੁਸੀਂ ਮਲਾਹ ਹੋ, ਮੇਰੇ ਤੇ ਦਇਆ ਕਰੋ, ਆਪਣੇ ਹੱਥ ਨਾਲ ਫੜ ਕੇ ਮੈਨੂੰ ਪਾਰ ਲੰਘਾ ਦੇਵੋ। ਪਰਿਵਾਰ ਦੇ ਮੋਹ ਰੂਪੀ ਅੰਨ੍ਹੇ ਖੂਹ ਵਿਚ ਮੈਂ ਪਿਆ ਰਿਹਾ ਹਾਂ, ਆਪਣਾ ਸੇਵਕ ਜਾਣ ਕੇ ਇਸ ਵਿਚੋਂ ਮੈਨੂੰ ਕੱਢੋ"॥ ੫੬ ॥

ਤਿਹ ਬਿਨਤੀ ਸੁਨਿਕੈ ਗੁਨਖਾਨੀ। ਕ੍ਰਿਪਾ ਧਾਰਿ ਬੋਲੇ ਸੁਭ ਬਾਨੀ।
'ਜਬ ਲੌ ਰਿਦੇ ਨ ਨਿਸ਼ਚੈ ਆਵਾ। ਗੱਲੀਂ ਤਬ ਲੌ ਜਾਇ ਨ ਪਾਵਾ ॥੫੭ ॥

ਉਸ ਦੀ ਇਹ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਰਪਾ ਧਾਰ ਕੇ ਸ਼ੁਭ ਬਚਨ ਬੋਲੇ, "ਜਦ ਤਕ ਹਿਰਦੇ ਵਿਚ ਨਿਸ਼ਚਾ ਨਹੀਂ ਆਉਂਦਾ ਹੈ ਤਦ ਤਕ ਕੇਵਲ ਗੱਲਾਂ ਨਾਲ ਇਹ ਪਾਇਆ ਨਹੀਂ ਜਾ ਸਕਦਾ॥ ੫੭ ॥

ਰਹੇ ਬੰਦਗੀ ਬੀਚ ਸਦੀਵਾ। ਕਰਿ ਅਸਥਿਰ ਮਨ ਰਾਖਹਿ ਨੀਵਾਂ।
ਜਾਵਦ ਪ੍ਰੀਤਿ ਕਰੀ ਜਗ ਮਾਂਹੀ। ਤਾਵਦ ਛੂਟਨ ਇਸ ਕੋ ਨਾਂਹੀ ॥੫੮ ॥

ਸਦਾ ਹੀ ਖੁਦਾ ਦੀ ਬੰਦਗੀ ਵਿਚ ਰਹੋ, ਮਨ ਨੂੰ ਸਥਿਰ ਰੱਖ ਕੇ ਸਦਾ ਹੀ ਨੀਵਾਂ ਰੱਖੋ। ਜਦ ਤਕ ਜੱਗ ਨਾਲ ਪ੍ਰੀਤੀ ਲਾਈ ਰੱਖੋਗੇ, ਤਦ ਤਕ ਇਸ ਤੋਂ ਛੁਟਕਾਰਾ ਨਹੀਂ ਮਿਲਣਾ॥ ੫੮ ॥

ਖਲਕ ਬਿਖੈ ਦੇਖਉ ਨਰ ਜੇਤੇ। ਖਾਨ ਪਾਨ ਕੇ ਮੀਤ ਸੁ ਤੇਤੇ।
ਜਬ ਲੌ ਖਾਵਹਿੰ ਤਬ ਲੌ ਮੀਤਾ। ਪਾਇੰ ਨ ਜਬ, ਹੁਇੰ ਦੁਸ਼ਮਨ ਰੀਤਾ ॥੫੯ ॥

ਦੁਨੀਆਂ ਵਿਚ ਜਿੰਨੇ ਵੀ ਮਨੁੱਖ ਵੇਖਦੇ ਹੋ, ਉਹ ਸਾਰੇ ਖਾਣ ਪੀਣ ਦੇ ਹੀ ਮਿੱਤਰ ਹਨ। ਜਦ ਤਕ ਖਾਂਦੇ ਰਹਿਣਗੇ ਤਦ ਤਕ ਮਿੱਤਰ ਬਣੇ ਰਹਿਣਗੇ, ਜਦ ਉਨ੍ਹਾਂ ਨੂੰ ਕੁਝ ਨਹੀਂ ਮਿਲੇਗਾ ਓਸੇ ਵੇਲੇ ਦੁਸ਼ਮਣ ਹੋ ਜਾਣਗੇ॥ ੫੯ ॥

ਅਪਨਾ ਪਰ ਕਾ ਜਗਤ ਸਬਾਏ। ਨਿਰਧਨ ਭਏ ਨ ਦੇਖਹਿਂ ਆਏ।
ਅਸ ਬਿਚਾਰ ਕਰਿਕੈ ਉਰ ਮਾਂਹੀ। ਮੋਹ ਕੁਟੰਬ ਤਜੋ, ਕਛੁ ਨਾਂਹੀ ॥੬੦ ॥

ਆਪਣਾ ਪਰਾਇਆ ਸਾਰਾ ਜਗਤ ਹੈ, ਜੇ ਕੋਈ ਗਰੀਬ ਹੋ ਜਾਵੇ ਤਾਂ ਉਸ ਨੂੰ ਕੋਈ ਵੇਖਣ ਵੀ ਨਹੀਂ ਆਉਂਦਾ। ਇਸ ਤਰ੍ਹਾਂ ਦਾ ਮਨ ਵਿਚ ਵਿਚਾਰ ਕਰਕੇ ਪਰਿਵਾਰ ਦੇ ਮੋਹ ਨੂੰ ਛੱਡ ਦੇਵੋ॥ ੬੦ ॥

ਦੋਹਰਾ- ਧਨ ਲੌ ਇਨ ਕੀ ਮੀਤਤਾ ਦੁਖ ਮੈਂ ਕਾਮ ਨ ਆਇੰ।
ਦੁਖ ਸੁਖ ਕਰੇ ਸਹਾਇਤਾ ਐਸਾ ਏਕ ਖੁਦਾਇ॥ ੬੧ ॥

ਧਨ ਦੀ ਮਿੱਤਰਤਾ ਦੁੱਖ ਵੇਲੇ ਕੰਮ ਨਹੀ ਆਉਂਦੀ, ਦੁੱਖ ਸੁਖ ਵੇਲੇ ਕੇਵਲ ਇਕ ਖ਼ੁਦਾ ਹੀ ਸਹਾਇਤਾ ਕਰਦਾ ਹੈ॥ ੬੧॥

ਚੌਪਈ- ਜਗ ਕੀ ਪ੍ਰੀਤਿ ਨ ਕਾਹੂੰ ਕਾਜਾ। ਪਰਹਿ ਆਇ ਦੁਖ, ਜਾਵਹਿਂ ਭਾਜਾ।
ਸ੍ਰੀ ਪ੍ਰਭੁ ਕੀ ਹੈ ਨੀਕੀ ਪ੍ਰੀਤਾ। ਕਰਹੁ ਸਦੀਵ ਤਾਂਹਿ ਸੋਂ ਹੀਤਾ॥੬੨॥

ਜਗਤ ਦੀ ਪ੍ਰੀਤ ਕਿਸੇ ਕੰਮ ਨਹੀਂ, ਦੁੱਖ ਆ ਪੈਂਦੇ ਹਨ ਅਤੇ ਸੁੱਖ ਭੱਜ ਜਾਂਦੇ ਹਨ। ਸ੍ਰੀ ਪ੍ਰਭੂ ਦੀ ਪ੍ਰੀਤ ਹੀ ਚੰਗੀ ਹੈ, ਇਸ ਲਈ ਉਸ ਨਾਲ ਸਦਾ ਪ੍ਰੇਮ ਕਰੋ॥ ੬੨॥

ਅੰਤ ਕਾਲ ਮੈਂ ਲੇਤਿ ਛੁਟਾਇ। ਇਤ ਉਤ ਜੋ ਸੁਖਦਾ ਸਮੁਦਾਇ।
ਐਸੇ ਬਚਨ ਸੁਨੇ ਕਾਰੂੰ ਜਬ। ਦੀਨ ਭਯੋ ਗੁਰ ਚਰਨ ਗਹੇ ਤਬ॥੬੩॥

ਪ੍ਰਭੂ ਦਾ ਸਿਮਰਨ ਅੰਤਕਾਲ ਸਮੇਂ ਛੁਡਾ ਲੈਂਦਾ ਹੈ ਅਤੇ ਲੋਕ ਪਰਲੋਕ ਵਿਚ ਸੁੱਖ ਪ੍ਰਾਪਤ ਹੁੰਦਾ ਹੈ।" ਜਦ ਕਾਰੂੰ ਨੇ ਅਜਿਹੇ ਬਚਨ ਸੁਣੇ ਤਾਂ ਦੀਨ ਹੋ ਕੇ ਗੁਰੂ ਜੀ ਦੇ ਚਰਨ ਫੜ ਲਏ॥ ੬੩॥

'ਤੁਮ ਜੋ ਕਹੋ ਕਰੋਂ ਮੈਂ ਸੋਇ। ਔਰ ਨ ਮੋਤੇ ਅਬ ਕੁਛ ਹੋਇ।
ਸ਼ਰਨ ਪਰਯੋ ਮੈਂ ਰਾਵਰ ਕੇਰੀ। ਸ਼ਰਧਾ ਭੀ ਪਦ ਕੰਜ ਘਨੇਰੀ' ॥੬੪॥

ਬੋਲਿਆ, "ਤੁਸੀਂ ਜੋ ਕਹੋਗੇ, ਮੈਂ ਉਸ ਤਰ੍ਹਾਂ ਹੀ ਕਰਾਂਗਾ। ਮੈਥੋਂ ਹੁਣ ਹੋਰ ਕੁਝ ਨਹੀ ਹੋਵੇਗਾ। ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਆਪ ਜੀ ਦੇ ਚਰਨ ਕੰਵਲ ਨਾਲ ਬਹੁਤ ਸ਼ਰਧਾ ਹੋ ਗਈ ਹੈ" ॥ ੬੪॥

ਦੋਹਰਾ- ਸ੍ਰੀ ਨਾਨਕ ਬੋਲੇ ਬਹੁਰ ਅਵਲੋਕਯੋ ਮਨ ਦੀਨ।
'ਬੰਦੀਖਾਨਾ ਛੋਡਿ ਤੂੰ ਮਨੁਜ ਕੈਦ ਜੇ ਕੀਨ'॥ ੬੫॥

ਜਦ ਗੁਰੂ ਜੀ ਨੇ ਉਸ ਨੂੰ ਬਹੁਤ ਦੀਨ ਹੁੰਦਾ ਵੇਖਿਆ ਤਾਂ ਬਚਨ ਕੀਤੇ, "ਬੰਦੀਖਾਨੇ ਵਿਚ ਜਿਹੜੇ ਮਨੁੱਖ ਤੂੰ ਕੈਦ ਕੀਤੇ ਹਨ, ਪਹਿਲਾਂ ਉਨ੍ਹਾਂ ਨੂੰ ਛੱਡ ਦੇਵੇਂ" ॥ ੬੫॥

ਚੌਪਈ- ਜਹਿਂ ਜਹਿਂ ਨਰ ਤਿਹਂ ਕੈਦ ਕਰਾਏ। ਪਠੇ ਦੂਤ ਤਤਕਾਲ ਛੁਡਾਏ।
ਦਰਬ ਖਸੋਟਯੋ ਦਿਯੋ ਦਿਵਾਇ। ਧਾਂਮਨ ਵਿਖੇ ਸਰਬ ਪਹੁੰਚਾਇ॥੬੬॥

ਜਿਥੇ ਜਿਥੇ ਵੀ ਮਨੁੱਖ ਕੈਦ ਕਰਾਏ ਸਨ, ਦੂਤ ਭੇਜ ਕੇ ਤੁਰੰਤ ਛੁਡਵਾ ਦਿੱਤੇ। ਜਿਨ੍ਹਾਂ ਪਾਸੋਂ ਧਨ ਖੋਹਿਆ ਸੀ, ਉਨ੍ਹਾਂ ਨੂੰ ਧਨ ਵਾਪਸ ਕਰਵਾ ਦਿੱਤਾ। ਸਾਰੇ ਘਰਾਂ ਵਿਚ ਭੇਜ ਦਿੱਤਾ॥ ੬੬॥

ਗੁਰੂ ਕਹੈਂ 'ਸਿਮਰਹੁ ਸਤਿਨਾਮੂ। ਸਦਾ ਸਹਾਈ ਸਭਿ ਸੁਖ ਧਾਮੂ।
ਆਗੈ ਆਜਿਜ਼ ਰੱਖਯਾ ਕਰਿਯੇ। ਉਰ ਤੇ ਜ਼ੁਲਮੀ ਸਗਲ ਪ੍ਰਹਰਿਯੇ॥੬੭॥

ਗੁਰੂ ਜੀ ਨੇ ਕਿਹਾ, "ਸੱਚੇ ਨਾਮ ਦਾ ਸਿਮਰਨ ਕਰੋ, ਸਾਰੇ ਸੁੱਖਾਂ ਦਾ ਘਰ ਭਾਵ ਪ੍ਰਭੂ ਸਦਾ ਸਹਾਇਕ ਹੋਵੇਗਾ। ਦੀਨ ਹੋ ਕੇ ਸਭ ਦੀ ਰਖਿਆ ਕਰੋ, ਦਿਲ ਵਿਚੋਂ ਜ਼ੁਲਮੀ ਭਾਵਨਾ ਨੂੰ ਦੂਰ ਕਰ ਦੇਵੋ॥ ੬੭॥

ਕਲਮਲ ਕਰਿ ਜੋ ਧਨ ਇਕਠਾਇ। ਦੇਹੁ ਖਰਾਇਤ ਨਾਇ ਖੁਦਾਇ।
ਕਰਹੁ ਬੰਦਗੀ ਹੋਇ ਅਧੀਨ। ਅਪਨਾ ਭਲਾ ਰਿਦੈ ਇਉਂ ਚੀਨ' ॥੬੮॥

ਪਾਪਾਂ ਨਾਲ ਜੋ ਧਨ ਇਕੱਠਾ ਕੀਤਾ ਹੈ, ਉਸ ਨੂੰ ਖ਼ੁਦਾ ਦੇ ਨਾਂ ਤੇ ਦਾਨ ਪੁੰਨ ਕਰ ਦੇਵੋ। ਅਧੀਨ ਹੋ ਕੇ ਬੰਦਗੀ ਕਰੋ, ਇਸ ਨੂੰ ਹਿਰਦੇ ਵਿਚ ਆਪਣਾ ਭਲਾ ਸਮਝੋ" ॥ ੬੮॥

ਦੋਹਰਾ- ਮਾਨਿ ਬਚਨ ਗੁਰ ਕੋ ਤਬੈ ਕਾਰੂੰ ਕਰੀ ਸੁ ਕਾਰ।

ਜਹਿ ਜਹਿ ਸੂਬੇ ਤਾਂਹਿ ਕੇ ਦੀਨੀ ਦੇਗ ਅਪਾਰ॥ ੬੯॥

ਗੁਰੂ ਜੀ ਦੇ ਬਚਨ ਮੰਨ ਕੇ ਕਾਰੂੰ ਬਾਦਸ਼ਾਹ ਨੇ ਉਸ ਤਰ੍ਹਾਂ ਹੀ ਕਾਰ ਕਰਨੀ ਆਰੰਭ ਕਰ ਦਿੱਤੀ, ਜਿਥੇ ਜਿਥੇ ਉਸ ਦੇ ਸੂਬੇ ਸਨ ਓਥੇ ਅਪਾਰ ਲੰਗਰ ਲਾ ਦਿੱਤੇ॥ ੬੯॥

ਚੌਪਈ- ਸ਼ਾਂਤਿ ਭਈ ਤਬ ਰੂਮ ਵਿਲਾਇਤ। ਜਹਿਂ ਤਹਿਂ ਦੇਵਨ ਲਗੇ ਖ਼ਰਾਇਤ।
ਸ੍ਰੀ ਗੁਰ ਕੇ ਤਿਹ ਜਾਵਨ ਕਰਿਕੈ। ਹੋਤਿ ਜ਼ੁਲਮ ਜੋ ਗਯੋ ਸੁ ਟਰਿ ਕੈ॥੭੦॥

ਰੂਮ ਦੇਸ਼ ਵਿਚ ਫਿਰ ਸ਼ਾਂਤੀ ਹੋ ਗਈ, ਜਿੱਥੇ ਕਿੱਥੇ ਦਾਨ ਪੁੰਨ ਹੋਣ ਲੱਗੇ। ਗੁਰੂ ਜੀ ਦੇ ਓਥੇ ਜਾਣ ਕਰਕੇ, ਜਿਹੜਾ ਓਥੇ ਜ਼ੁਲਮ ਹੋ ਰਿਹਾ ਸੀ, ਉਹ ਰੁਕ ਗਿਆ॥ ੭੦॥

ਮਾਨਵ ਆਵਨ ਸਗਰੇ ਲਾਗੇ। ਧਰਹਿਂ ਉਪਾਇਨ ਪਾਇਨ ਆਗੇ।
ਬੰਦਹਿਂ ਪਦ ਅਰਬਿੰਦ ਮੁਕੰਦਾ। ਸ੍ਰੀ ਗੋਬਿੰਦ ਸੱਚਿਦਾ ਨੰਦਾ॥ ੭੧॥

ਸਾਰੇ ਮਨੁੱਖ ਆਉਣ ਲੱਗੇ, ਚਰਨਾਂ ਅੱਗੇ ਉਪਹਾਰ ਰੱਖਦੇ ਸਨ। ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਦੇ ਸਨ, ਜਿਹੜੇ ਆਪ ਸ੍ਰੀ ਗੋਬਿੰਦ ਸੱਚਿਦਾ ਨੰਦ ਸਨ॥ ੭੧॥

ਬੋਲਯੋ ਕਾਰੂੰ ਦ੍ਵੈ ਕਰ ਜੋਰੀ। 'ਮੋ ਪਰ ਭੀ ਤੁਮ ਮਿਹਰ ਨ ਥੋਰੀ।
ਮਹਾਂ ਗਰਤ ਹੌਂ ਨਿਘਰਤਿ ਜਾਤੋ। ਗਹਿ ਕਰ ਕਾਢ੍ਯੋ ਕਰਿ ਦੁਖ ਹਾਤੋ॥੭੨॥

ਕਾਰੂੰ ਬਾਦਸ਼ਾਹ ਦੋਵੇਂ ਹੱਥ ਜੋੜ ਕੇ ਬੋਲਿਆ, "ਮੇਰੇ ਉਤੇ ਤੁਸੀਂ ਥੋੜ੍ਹੀ ਮਿਹਰ ਨਹੀਂ ਕੀਤੀ ਹੈ, ਵੱਡਾ ਪਾਪੀ ਹੋ ਕੇ ਨਿਘਰ ਗਿਆ ਸੀ, ਤੁਸੀਂ ਦੁੱਖਾਂ ਦਾ ਨਾਸ਼ ਕਰਕੇ ਮੈਨੂੰ ਬਾਂਹ ਨਾਲ ਫੜ ਕੇ ਕੱਢਿਆ ਹੈ॥ ੭੨॥

ਦੋਹਰਾ- ਭਲਾ ਹੋਇ ਮੇਰੋ ਅਬੈ, ਆਸ ਭਈ ਉਰ ਆਇ।
ਆਪ ਪ੍ਰਛਿੰਨ ਖੁਦਾਇ ਹੋ, ਮਾਰਗ ਦੀਨ ਬਤਾਇ'॥ ੭੩॥

ਮੇਰਾ ਹੁਣ ਭਲਾ ਹੋਵੇਗਾ, ਹਿਰਦੇ ਵਿਚ ਇਕ ਆਸ ਬੱਝੀ ਹੈ, ਆਪ ਗੁਪਤ ਖੁਦਾ ਹੋ, ਮੈਨੂੰ ਸੱਚਾ ਮਾਰਗ ਦੱਸ ਦਿੱਤਾ ਹੈ"॥ ੭੩॥

ਚੌਪਈ- ਬਾਰ ਬਾਰ ਬੰਦਹਿ ਪਦ ਗੁਰ ਕੋ। ਮਨ ਅਧੀਨ ਕਰਿ ਪ੍ਰੇਮਹਿਂ ਉਰ ਕੋ।
ਮਿਹਰ ਧਰੇ ਬੋਲੇ ਸੁਖਦਾਇ। 'ਕਾਰੂੰ ਇਹ ਮਗ ਮਿਲਨ ਖੁਦਾਇ॥੭੪॥

ਬਾਰ ਬਾਰ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦਾ ਸੀ, ਮਨ ਨੂੰ ਅਧੀਨ ਕੀਤਾ ਸੀ ਅਤੇ ਹਿਰਦੇ ਵਿਚ ਪ੍ਰੇਮ ਧਾਰਨ ਕੀਤਾ ਸੀ। ਫਿਰ ਮਿਹਰ ਧਾਰਨ ਕਰਕੇ ਗੁਰੂ ਜੀ ਬੋਲੇ, "ਹੇ ਕਾਰੂੰ! ਇਹ ਹੀ ਖੁਦਾ ਨੂੰ ਮਿਲਣ ਦਾ ਰਸਤਾ ਹੈ॥ ੭੪॥

ਤੁਝ ਪਰ ਕ੍ਰਿਪਾ ਭਈ ਹੈ ਤੂਰਨ। ਮਹਾਂ ਪਾਪ ਹੋਏ ਸਭਿ ਚੂਰਨ।
ਰਿਦੈ ਬਿਖੈ ਭਾ ਚਿਤ ਕਰਤਾਰਾ। ਭਵ ਬੰਧਨ ਤੇ ਹੋਇ ਉਧਾਰਾ'॥੭੫॥

ਤੁਹਾਡੇ ਉੱਤੇ ਤੁਰਤ ਕਿਰਪਾ ਹੋ ਗਈ ਹੈ ਅਤੇ ਤੁਹਾਡੇ ਸਾਰੇ ਮਹਾਂ ਪਾਪਾਂ ਦਾ ਨਾਸ਼ ਹੋ ਗਿਆ ਹੈ। ਹਿਰਦੇ ਵਿਚ ਕਰਤਾਰ ਦਾ ਸਿਮਰਨ ਕਰੋ, ਤਾਂਕਿ ਸੰਸਾਰ ਬੰਧਨਾਂ ਤੋਂ ਤੁਹਾਡਾ ਛੁਟਕਾਰਾ ਹੋ ਜਾਵੇ"॥ ੭੫॥

ਕਾਰੂੰ ਕਹੈ 'ਮਿਹਰ ਭੀ ਤੇਰੀ। ਕਾਟੀ ਲੋਭ ਰਿਦੇ ਤੇ ਬੇਰੀ।
ਮੁਝ ਕੋ ਪੰਥ ਬਤਾਯੋ ਨੀਕਾ। ਭਲਾ ਕਰਨ ਆਏ ਸਭਿ ਹੀ ਕਾ॥੭੬॥

ਕਾਰੂੰ ਨੇ ਕਿਹਾ, "ਤੁਹਾਡੀ ਮਿਹਰ ਹੋਈ ਹੈ ਤੇ ਤੁਸੀਂ ਹਿਰਦੇ ਵਿਚੋਂ ਲੋਭ ਰੂਪੀ ਬੇੜੀ ਕੱਟ ਦਿੱਤੀ ਹੈ। ਮੈਨੂੰ ਚੰਗਾ ਮਾਰਗ ਦੱਸਿਆ ਹੈ। ਤੁਸੀਂ ਸਾਰਿਆਂ ਦਾ ਭਲਾ ਕਰਨ ਆਏ ਹੋ"॥ ੭੬॥

ਕਿਤਿਕ ਦਿਵਸ ਗੁਰ ਤਹਾਂ ਬਿਤਾਏ। ਸਰਬ ਲੋਕ ਤਹਿਂ ਸੁਖੀ ਬਸਾਏ।
ਨਾਮ ਦਾਨ ਕੀ ਸਿੱਖਜਾ ਦੀਨੀ। ਭਯੋ ਨਿਹਾਲ ਰਿਦੇ ਜਿਨਿ ਲੀਨੀ ॥੭੭॥

ਗੁਰੂ ਜੀ ਨੇ ਓਥੇ ਕਈ ਦਿਨ ਬਿਤਾਏ, ਉਸ ਸਥਾਨ ਦੇ ਸਭ ਲੋਕਾਂ ਨੂੰ ਸੁਖੀ ਵਸਾਇਆ। ਨਾਮ ਦਾਨ ਦੀ ਸਿੱਖਿਆ ਦਿੱਤੀ, ਜਿਨ੍ਹਾਂ ਨੇ ਵੀ ਗੁਰੂ ਜੀ ਦੀ ਸਿੱਖਿਆ ਆਪਣੇ ਹਿਰਦੇ ਵਿਚ ਅਪਨਾ ਲਈ, ਉਹ ਹੀ ਨਿਹਾਲ ਹੋ ਗਏ॥ ੭੭॥

ਤ੍ਰਾਸ ਦੇਸ਼ ਕੋ ਸਭਿ ਨਿਰਵਾਰਾ। ਕਾਰੂੰ ਨੀਕੇ ਮਗ ਮਹਿਂ ਡਾਰਾ।
ਬਹੁਰ ਗਮਨ ਕੀ ਕੀਨੀ ਤਯਾਰੀ। ਤਬ ਕਾਰੂੰ ਅਸ ਗਿਰਾ ਉਚਾਰੀ ॥੭੮॥

ਦੇਸ਼ ਦਾ ਸਾਰਾ ਡਰ ਦੂਰ ਕਰ ਦਿੱਤਾ ਅਤੇ ਕਾਰੂੰ ਬਾਦਸ਼ਾਹ ਨੂੰ ਚੰਗੇ ਰਾਹ ਪਾ ਦਿੱਤਾ। ਕਿਤੇ ਹੋਰ ਜਾਣ ਦੀ ਤਿਆਰੀ ਕਰ ਲਈ, ਤਦ ਕਾਰੂੰ ਬਾਦਸ਼ਾਹ ਨੇ ਇਸ ਤਰ੍ਹਾਂ ਕਿਹਾ॥ ੭੮॥

'ਕ੍ਰਿਪਾ ਧਾਰਿ ਰਹੀਏ ਮੁਝ ਪਾਸੂ। ਗਮਨਨ ਤਯਾਰ ਭਏ ਕਿਉਂ ਆਸੂ।
ਮੈਂ ਸੇਵਕ ਸਭਿ ਭਾਂਤਿ ਤੁਮਾਰਾ। ਸਰਬ ਦੇਸ਼ ਕੀਨੋ ਨਿਸਤਾਰਾ ॥੭੯॥

ਕਿਰਪਾ ਕਰਕੇ ਮੇਰੇ ਪਾਸ ਰਹੋ, ਕਿਤੇ ਹੋਰ ਜਾਣ ਦੀ ਕਿਉਂ ਤਿਆਰੀ ਕੀਤੀ ਹੈ, ਮੈਂ ਸਭ ਤਰ੍ਹਾਂ ਨਾਲ ਤੁਹਾਡਾ ਸੇਵਕ ਹਾਂ, ਸਾਰੇ ਦੇਸ਼ ਦਾ ਤੁਸੀਂ ਕਲਿਆਣ ਕਰ ਦਿੱਤਾ ਹੈ॥ ੭੯॥

ਰਹਤਿ ਨਹੀਂ, ਜੇ ਕਰਹੁ ਪਿਆਨਾ। ਪੁਨ ਦਰਸ਼ਨ ਦੇਵਹੁ ਕਬ ਆਨਾ?'।
ਸੁਨਿਕੈ ਬੋਲੇ ਕ੍ਰਿਪਾ ਨਿਧਾਨਾ। 'ਸਿਮਰਹੁ ਨਾਮ ਹੋਇ ਕਲਿਆਨਾ ॥੮੦॥

ਜੇ ਰਹਿਣਾ ਨਹੀਂ ਅਤੇ ਕਿਤੇ ਜਾਣਾ ਹੈ ਤਾਂ ਫਿਰ ਕਦ ਦੁਬਾਰਾ ਆ ਕੇ ਦਰਸ਼ਨ ਦੇਵੋਗੇ। ਇਹ ਸੁਣ ਕੇ ਗੁਰੂ ਜੀ ਬੋਲੇ, "ਨਾਮ ਦਾ ਸਿਮਰਨ ਕਰੋ, ਤੁਹਾਡਾ ਕਲਿਆਣ ਹੋਵੇਗਾ॥ ੮੦॥

ਰਿਦੈ ਧਯਾਨ ਅਪਨੈ ਤੁਮ ਧਾਰਹੁ। ਇਹੀ ਹਮਾਰੋ ਮਿਲਨ ਬਿਚਾਰਹੁ'।
ਬਿਦਾ ਭਏ ਕਹਿਕੈ ਬਰਿਆਈ। ਗਮਨੇ ਆਨ ਸਥਾਨ ਗੁਸਾਈਂ ॥੮੧॥

ਆਪਣੇ ਹਿਰਦੇ ਅੰਦਰ ਧਿਆਨ ਧਾਰਨ ਕਰੋ, ਇਹੋ ਸਾਡਾ ਮਿਲਣਾ ਵਿਚਾਰੋ।" ਇਹ ਸਿਖਿਆ ਦੇ ਕੇ ਵਿਦਾ ਹੋ ਗਏ। ਗੁਰੂ ਜੀ ਕਿਸੇ ਹੋਰ ਸਥਾਨ ਤੇ ਚਲੇ ਗਏ॥ ੮੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕਾਰੂੰ ਕੋ ਪ੍ਰਸੰਗ' ਬਰਨਨੰ ਨਾਮ ਖੋੜਸਮੋ ਅਧਯਾਯ॥ ੧੬॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੋਲ੍ਹਵਾਂ ਅਧਿਆਇ, ਜਿਸ ਦਾ ਨਾਮ "ਕਾਰੂੰ ਪ੍ਰਸੰਗ" ਹੈ, ਸਮਾਪਤ ਹੋਇਆ॥ ੧੬॥

# ਅਧਿਆਇ ਸਤਾਰ੍ਹਵਾਂ

## ਹਬਸ਼ ਵਲਾਇਤ ਅਤੇ ਰਾਮਚੰਦ੍ਰ ਦੀ ਕਥਾ

ਦੋਹਰਾ- ਜਗਮਗਾਤਿ ਜਗ ਤਾਰਨੀ ਜਗਤ ਬਿਖੇ ਜਿਹ ਜੋਤਿ।
ਜੈਜ ਜਾਲਪਾ ਜੈ ਕਰੀ ਕੀਜੈ ਸੁਮਤਿ ਉਦੋਤਿ॥ ੧॥

ਜਗਤ ਵਿਚ ਜਿਸ ਦੀ ਜੋਤ ਜਗਮਗ ਕਰ ਰਹੀ ਹੈ ਅਤੇ ਆਪਣੇ ਪ੍ਰਕਾਸ਼ ਨਾਲ ਜਗਤ ਨੂੰ ਤਾਰ ਰਹੀ ਹੈ, ਜੋ ਹੰਸ ਦੀ ਸਵਾਰੀ ਕਰਦੀ ਹੈ ਤੇ ਆਪ ਵਿਜੈਮਾਨ ਹੈ ਤੇ ਹੋਰਨਾਂ ਨੂੰ ਵਿਜੈ ਦਿੰਦੀ ਹੈ, ਹੇ ਮਾਤਾ ! ਮੇਰੀ ਵੀ ਸ੍ਰੇਸ਼ਟ ਬੁੱਧੀ ਨੂੰ ਜਗਾ ਦਿਓ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ ਸੁਨੀਏ ਸੁਖ ਦਾਨੀ! ਆਗੇ ਗਮਨ ਕੀਨ ਗੁਨ ਖਾਨੀ।
ਹਬਸ਼ ਵਿਲਾਇਤ ਗਏ ਦਯਾਲਾ। ਪਾਤਿਸ਼ਾਹ ਤਹਿਂ ਦੁਸ਼ਟ ਬਿਸਾਲਾ॥੨॥

ਭਾਈ ਬਾਲੇ ਨੇ ਕਿਹਾ- ਹੇ ਸੁੱਖਾਂ ਦੇ ਦਾਨੀ, ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਉਸ ਸਥਾਨ ਤੋਂ ਅੱਗੇ ਚਲੇ ਗਏ। ਦਿਆਲੂ ਗੁਰੂ ਜੀ ਹਬਸ਼ ਵਲਾਇਤ ਦੇਸ਼ ਵਿਚ ਚਲੇ ਗਏ। ਉਸ ਦੇਸ਼ ਦਾ ਬਾਦਸ਼ਾਹ ਵੱਡਾ ਦੁਸ਼ਟ ਸੀ॥ ੨॥

ਹਿੰਦੂ ਨਰ ਤਿਸ ਦੇਸ਼ ਜਿ ਆਵੈ। ਗਹੈ ਤਾਹਿਂ ਜਮਧਾਮ ਪਠਾਵੈ।
ਤਿਸ ਕੀ ਧੂਮ ਪ੍ਰਗਟ ਭਈ ਸਾਰੇ। ਜੋ ਹਿੰਦੂ ਪਾਵਹਿ, ਤਿਹ ਮਾਰੇ॥੩॥

ਜਿਹੜਾ ਵੀ ਹਿੰਦੂ ਉਸ ਦੇਸ਼ ਵਿਚ ਆਉਂਦਾ ਸੀ, ਉਸ ਨੂੰ ਫੜ ਕੇ ਜਮਾਂ ਦੇ ਘਰ ਪਹੁੰਚਾ ਦਿੰਦਾ ਸੀ। ਉਸ ਦੀ ਸਾਰੇ ਮਸ਼ਹੂਰੀ ਹੋ ਗਈ ਕਿ ਜਿਹੜਾ ਵੀ ਹਿੰਦੂ ਆਉਂਦਾ ਹੈ, ਉਸ ਨੂੰ ਮਾਰ ਦਿੰਦਾ ਹੈ॥ ੩॥

ਪਹੁੰਚੇ ਸਤਿਗੁਰ ਨਾਮ ਜਪਾਵਨ। ਟੇਢੇ ਚਲਤਿ ਸੁਧ ਮਗ ਪਾਵਨ।
ਕਰਤਿ ਕੁਕਰਮ ਸਿ ਸਰਬ ਹਟਾਵਨ। ਨੀਕੋ ਧੂਮ ਉਪਦੇਸ਼ ਦ੍ਰਿੜਾਵਨ॥੪॥

ਸਤਿਗੁਰੂ ਓਥੇ ਨਾਮ ਜਪਾਉਣ, ਜਿਹੜੇ ਟੇਢੇ ਰਾਹ ਚਲਦੇ ਸਨ, ਉਨ੍ਹਾਂ ਨੂੰ ਸਿੱਧੇ ਰਾਹ ਪਾਉਣ, ਜਿਹੜੇ ਭੈੜੇ ਕਰਮ ਕਰਦੇ ਸਨ, ਉਨ੍ਹਾਂ ਨੂੰ ਕੁਕਰਮ ਕਰਨ ਤੋਂ ਹਟਾਉਣ ਅਤੇ ਚੰਗੇ ਧਰਮ ਉਪਦੇਸ਼ ਦ੍ਰਿੜ ਕਰਾਉਣ, ਓਥੇ ਪਹੁੰਚ ਗਏ॥ ੪॥

ਦੋਹਰਾ- ਤਿਹ ਛਿਨ ਖਿਲਕ ਅਕਾਸ਼ ਤੇ ਉਤਰਯੋ ਗੁਰ ਢਿਗ ਆਇ।
ਰੰਗ ਨ ਜਾਨਯੋ ਜਾਵਹੀ ਅਚਰਜ ਬਨਯੋ ਬਨਾਇ॥ ੫॥

ਉਸ ਵੇਲੇ ਅਕਾਸ਼ ਤੋਂ ਇਕ ਚੋਲਾ ਗੁਰੂ ਜੀ ਦੇ ਨੇੜੇ ਆ ਕੇ ਉਤਰਿਆ, ਉਸ ਦਾ ਰੰਗ ਜਾਣਿਆਂ ਨਹੀਂ ਸੀ ਜਾ ਸਕਦਾ, ਉਹ ਅਚਰਜ ਬਣਿਆ ਹੋਇਆ ਸੀ॥ ੫॥

ਚੌਪਈ- ਸਰਬ ਭਾਂਤਿ ਕੇ ਲਿਖੀਯੇ ਅੱਖਰ। ਹਿੰਦਵੀ ਬਹੁਰ ਪਾਰਸੀ ਤਾਂ ਪਰ।
ਅਰਬੀ ਔਰ ਤੋਰਕੀ ਜੋਇ। ਸੰਸਕ੍ਰਿਤੀ ਜੋ ਅੱਖਰ ਸੋਇ॥ ੬॥

ਉਸ ਉਤੇ ਸਭ ਭਾਂਤ ਦੇ ਅੱਖਰ ਲਿਖੇ ਹੋਏ ਸਨ। ਹਿੰਦਵੀ, ਪਾਰਸੀ, ਅਰਬੀ ਅਤੇ ਜਿਹੜੇ ਤੋਰਕੀ ਅੱਖਰ ਹਨ, ਉਹ ਵੀ ਸਨ। ਸੰਸਕ੍ਰਿਤੀ ਦੇ ਅੱਖਰ ਵੀ ਉਨ੍ਹਾਂ ਵਿਚ ਸਨ॥ ੬॥

ਸੋ ਖਿਲਕਾ ਲੇ ਗੁਰ ਗਰ ਪਾਯੋ। ਰੰਗ ਕੁਦਰਤੀ ਅਧਿਕ ਸੁਹਾਯੋ।
ਜਿਹ ਪੁਰਿ ਵਿਖੇ ਰਹੈ ਅਵਨੀਪਾ। ਬੈਠੇ ਤਿਹ ਕੇ ਜਾਇ ਸਮੀਪਾ॥੭॥

ਉਹ ਪੋਸ਼ਾਕਾ ਲੈ ਕੇ ਗੁਰੂ ਜੀ ਨੇ ਗਲ ਵਿਚ ਪਾ ਲਿਆ, ਰੰਗ ਕੁਦਰਤੀ ਬਹੁਤ ਸੁਭਾਇਮਾਨ ਹੋਇਆ। ਜਿਸ ਨਗਰ ਵਿਚ ਰਾਜਾ ਰਹਿੰਦਾ ਸੀ, ਉਸ ਨਗਰੀ ਦੇ ਲਾਗੇ ਜਾ ਕੇ ਗੁਰੂ ਜੀ ਬੈਠ ਗਏ॥ ੭॥

ਚੌਪਈ- ਜਬ ਨਰ ਨਿਕਸਿ ਵਿਲੋਕਯੋ ਆਈ। ਰਹੇ ਵਿਸ਼ਾਲ ਰਿਦੇ ਬਿਸਮਾਈ।
ਪ੍ਰਗਟ ਨਗਰ ਮਹਿ ਜਬ ਸੁਧ ਹੋਈ। ਧਾਇ ਧਾਇ ਦੇਖੈਂ ਸਭਿ ਕੋਈ॥੮॥

ਜਦ ਲੋਕਾਂ ਨੇ ਨਿਕਲ ਕੇ ਵੇਖਿਆ ਤਾਂ ਗੁਰੂ ਜੀ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਜਦ ਸਾਰੇ ਨਗਰ ਨੂੰ ਪਤਾ ਲੱਗਾ, ਦੌੜ ਦੌੜ ਕੇ ਲੋਕ ਵੇਖਣ ਆ ਰਹੇ ਸਨ॥ ੮॥

ਪਾਤਿਸ਼ਾਹ ਕੇ ਜਾਇ ਅਗਾਰੀ। ਨਰਨ ਸੁਨਾਇ ਦੀਨਿ ਸੁਧ ਸਾਰੀ।
'ਵਹਿਰ ਏਕ ਆਯੋ ਦਰਵੇਸ਼ਾ। ਸੁਨਯੋ ਨ ਪਿਖਯੋ ਖਿਲਕ ਗਰ ਐਸਾ॥੯॥

ਕੁਝ ਮਨੁੱਖਾਂ ਨੇ ਬਾਦਸ਼ਾਹ ਨੂੰ ਵੀ ਸਾਰੀ ਖ਼ਬਰ ਸੁਣਾ ਦਿੱਤੀ। ਕਹਿਣ ਲੱਗੇ, "ਬਾਹਰ ਇਕ ਦਰਵੇਸ਼ ਆਇਆ ਹੈ, ਅਜਿਹਾ ਦਰਵੇਸ਼ ਸਾਰੀ ਦੁਨੀਆਂ ਵਿਚ ਨਾ ਵੇਖਿਆ ਨਾ ਸੁਣਿਆ ਹੈ॥ ੯॥

ਹੈਂ ਕੁਰਾਨ ਕੇ ਤੀਸ ਸੁਪਾਰੇ। ਤਾਂ ਪਰ ਲਿਖਿ ਰਾਖੇ ਹੈਂ ਸਾਰੇ।
ਅੱਛਰ ਪੰਜ ਪ੍ਰਕਾਰਹਿ ਜੋਊ। ਲਿਖੇ ਸਰਬ ਨੀਕੀ ਬਿਧਿ ਸੋਊ' ॥੧੦॥

ਜਿਹੜੇ ਕੁਰਾਨ ਦੇ ਤੀਹ ਸੁਪਾਰੇ ਹਨ, ਉਹ ਪੋਸ਼ਾਕੇ ਉਤੇ ਲਿਖ ਰੱਖੇ ਹਨ, ਜਿਹੜੇ ਪੰਜ ਪ੍ਰਕਾਰ ਦੇ ਅੱਖਰ ਹਨ, ਉਹ ਵੀ ਬੜੇ ਸੋਹਣੇ ਢੰਗ ਨਾਲ ਲਿਖ ਰੱਖੇ ਹਨ॥ ੧੦॥

ਦੋਹਰਾ-ਸੁਨਯੋ ਸ੍ਰੋਨ ਪਤਿਸ਼ਾਹਿ ਤਬ ਲੀਨ ਵਜ਼ੀਰ ਬੁਲਾਇ।
'ਵਹਿਰ ਏਕ ਦਰਵੇਸ਼ ਹੈ ਖਿਲਕ ਉਤਾਰਹੁ ਜਾਇ'॥ ੧੧॥

ਜਦ ਬਾਦਸ਼ਾਹ ਨੇ ਇਹ ਗੱਲ ਆਪਣੇ ਕੰਨਾਂ ਨਾਲ ਸੁਣੀ ਤਾਂ ਉਸ ਆਪਣੇ ਵਜ਼ੀਰ ਬੁਲਾ ਲਏ ਅਤੇ ਕਿਹਾ, "ਬਾਹਰ ਇਕ ਦਰਵੇਸ਼ ਆਇਆ ਹੈ, ਉਸ ਦਾ ਪੋਸ਼ਾਕਾ ਲਾਹ ਕੇ ਲਿਆਵੋ"॥ ੧੧॥

ਚੌਪਈ- ਆਇਸੁ ਮਾਨੀ ਚਲਯੋ ਵਜ਼ੀਰੰ। ਆਯੋ ਸ੍ਰੀ ਨਾਨਕ ਕੇ ਤੀਰੰ।
ਠਾਂਢੇ ਹ੍ਵੈ ਕਰਿ ਗਿਰਾ ਉਚਾਰੀ। 'ਦੇਹੁ ਖਿਲਕਾ ਦਰਵੇਸ਼ ਉਤਾਰੀ॥੧੨॥

ਆਗਿਆ ਮੰਨ ਕੇ ਵਜ਼ੀਰ ਓਥੇ ਗਏ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੇੜੇ ਆਏ। ਖੜੇ ਹੋ ਕੇ ਬੋਲੇ, "ਹੇ ਦਰਵੇਸ਼! ਇਹ ਚੋਲਾ ਜੋ ਤੂੰ ਪਹਿਨਿਆ ਹੈ, ਉਤਾਰ ਕੇ ਸਾਨੂੰ ਦੇ ਦੇਵੋ॥ ੧੨॥

ਪਾਤਿਸ਼ਾਹਿ ਮੰਗਵਾਵਤਿ ਪਾਸੂ। ਹੁਕਮ ਨ ਮੋਰੋ ਦੇ ਦੁਖ ਰਾਸੂ'।
ਸੁਨਿਕੈ ਸ੍ਰੀ ਗੁਰ ਬੈਨ ਉਚਾਰੇ। 'ਜੇ ਉਤਰੈ ਤੋ ਲੇਹੁ ਉਤਾਰੇ' ॥੧੩॥

ਬਾਦਸ਼ਾਹ ਨੇ ਆਪਣੇ ਪਾਸ ਮੰਗਵਾਇਆ ਹੈ, ਹੁਕਮ ਨਾ ਮੋੜੋ, ਨਹੀਂ ਤਾਂ ਉਹ ਬਹੁਤ ਦੁੱਖ ਦੇਵੇਗਾ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਜੇ ਤੁਹਾਥੋਂ ਉਤਰਦਾ ਹੈ ਤਾਂ ਉਤਾਰ ਲਵੋ॥ ੧੩॥

ਮਿਲਿ ਕਰਿ ਸਭੈ ਉਤਾਰਨ ਆਏ। ਉਤਰਯੋ ਨਹੀਂ ਜੋਰ ਬਹੁ ਲਾਏ।
ਖੈਂਚਯੋ ਖਿਚੈ ਨ ਪਾਟਯੋ ਪਟਿਹੈ। ਅਚਰਜ ਭਏ ਲੋਕ ਸਭਿ ਲਟਿਹੈਂ॥੧੪॥

ਸਾਰੇ ਮਿਲ ਕੇ ਉਤਾਰਨ ਆਏ, ਉਤਰਿਆ ਨਾ, ਬਹੁਤ ਜ਼ੋਰ ਲਾਇਆ। ਨਾ ਖਿਚਿਆਂ ਖਿਚਿਆ ਜਾਂਦਾ ਹੈ ਅਤੇ ਨਾ ਹੀ ਪਾਟਿਆਂ ਫਟਦਾ ਹੈ। ਸਭ ਲੋਕ ਬਹੁਤ ਹੈਰਾਨ ਹੋਏ ਅਤੇ ਪਿਛੇ ਮੁੜ ਗਏ॥ ੧੪॥

ਸ਼ਾਹ ਸੁਨੀ ਇਸ ਬਿਧਿ ਸੁਧ ਜਬਹੀ। ਕਿਯੋ ਕ੍ਰੋਧ ਬੋਲਜੋ ਬਚ ਤਬ ਹੀ।
'ਯਾ ਮਹਿਂ ਸਭਿ ਹਿੰਦੂ ਕੇ ਲੱਛਨ। ਡੋਬਹੁ ਅਬ ਕੇ ਜਾਇ, ਬਿਚੱਛਨ !' ॥੧੫॥

ਬਾਦਸ਼ਾਹ ਨੇ ਜਦ ਇਸ ਤਰ੍ਹਾਂ ਦੀ ਖਬਰ ਸੁਣੀ, ਬਹੁਤ ਗੁੱਸੇ ਵਿਚ ਆਇਆ ਅਤੇ ਇਸ ਤਰ੍ਹਾਂ ਬੋਲਿਆ, "ਉਸ ਵਿਚ ਸਾਰੇ ਹਿੰਦੂ ਦੇ ਲੱਛਣ ਹਨ। ਹੇ ਚਤਰ ਵਜ਼ੀਰ ! ਉਸ ਨੂੰ ਹੁਣ ਜਾ ਕੇ ਪਾਣੀ ਵਿਚ ਡੋਬ ਦੇਵੋ" ॥ ੧੫॥

ਦੋਹਰਾ- ਸੁਨਿ ਵਜ਼ੀਰ ਗੁਰ ਢਿਗ ਅਯੋ ਅਤਿਸ਼ੈ ਰਿਸ ਕਰਿ ਸੋਇ।
ਗਹਿ ਗੰਭੀਰ ਸਰਿਤਾ ਬਿਖੈ ਡਾਰਿ ਦਿਯੋ ਬਹੁ ਲੋਇ॥ ੧੬॥

ਇਹ ਸੁਣ ਕੇ ਵਜ਼ੀਰ ਗੁਰੂ ਜੀ ਪਾਸ ਬੜਾ ਗੁੱਸਾ ਧਾਰਨ ਕਰਕੇ ਆਏ। ਬਹੁਤ ਲੋਕਾਂ ਨੇ ਗੁਰੂ ਜੀ ਨੂੰ ਫੜ ਕੇ ਇਕ ਨਦੀ ਵਿਚ ਸੁੱਟ ਦਿੱਤਾ॥ ੧੬॥

ਚੌਪਈ- ਸੋ ਖਿਲਕਾ ਭੀਜਤਿ ਨਹਿਂ ਭਯੋ। ਕਨਕੋ ਨੀਰ ਨ ਤਾਂਕੋ ਛੁਯੋ।
ਨਿਕਸਿ ਨਦੀ ਤੇ ਗੁਨੀ ਗਹੀਰਾ। ਬੈਠੇ ਵਹਿਰ ਤਿਸੀ ਕੇ ਤੀਰਾ॥੧੭॥

ਉਹ ਪੋਸ਼ਾਕਾ ਭਿਜਿਆ ਨਹੀਂ, ਰਤਾ ਭਰ ਵੀ ਪਾਣੀ ਉਸ ਨੂੰ ਨਾ ਛੂਹਿਆ। ਗੁਰੂ ਜੀ ਨਦੀ ਵਿਚੋਂ ਨਿਕਲ ਆਏ ਅਤੇ ਉਸ ਨਦੀ ਦੇ ਕਿਨਾਰੇ ਹੀ ਆ ਕੇ ਬੈਠ ਗਏ॥ ੧੭॥

ਪਿਖੈਂ ਤਮਾਸ਼ੇ ਨਰ ਤਿਹ ਕਾਲਾ। ਅਚਰਜ ਮਾਨਜੋ ਰਿਦੈ ਬਿਸਾਲਾ।
ਪਾਤਿਸ਼ਾਹ ਕੋ ਖਬਰ ਸੁਨਾਈ। 'ਬੂਡਤਿ ਨਹਿਂ ਬਹੁ ਕੀਨ ਉਪਾਈ' ॥੧੮॥

ਜਿਹੜੇ ਸਾਰੇ ਮਰਦ ਇਹ ਤਮਾਸ਼ਾ ਵੇਖ ਰਹੇ ਸਨ, ਉਹ ਆਪਣੇ ਹਿਰਦਿਆਂ ਵਿਚ ਬਹੁਤ ਹੈਰਾਨ ਹੋਏ। ਉਨ੍ਹਾਂ ਓਸੇ ਵੇਲੇ ਬਾਦਸ਼ਾਹ ਨੂੰ ਖਬਰ ਸੁਣਾਈ, "ਉਹ ਡੁਬਦੇ ਨਹੀਂ ਹਨ, ਬਹੁਤ ਉਪਾਅ ਕੀਤੇ ਹਨ" ॥ ੧੮॥

ਸ਼ਾਹਿ ਕਹੈ 'ਪਾਵਕ ਮਹਿਂ ਜਾਰੋ। ਲੇ ਕਾਸ਼ਟ ਬਹੁ ਊਪਰ ਡਾਰੋ'॥
ਸੁਨਿ ਵਜ਼ੀਰ ਤਬ ਬਹੁਰ ਸਿਧਾਰਾ। ਕਾਸ਼ਟ ਕੋ ਬਡ ਲਾਇ ਅੰਬਾਰਾ॥੧੯॥

ਬਾਦਸ਼ਾਹ ਕਹਿਣ ਲੱਗਾ, "ਉਸ ਨੂੰ ਅੱਗ ਵਿਚ ਸਾੜੋ, ਬਹੁਤ ਲਕੜੀਆਂ ਲੈ ਕੇ ਉਸ ਦੇ ਉਪਰ ਸੁੱਟੋ।" ਇਹ ਸੁਣ ਕੇ ਵਜ਼ੀਰ ਫਿਰ ਗਿਆ, ਲਕੜੀਆਂ ਦਾ ਉਸ ਬਹੁਤ ਵੱਡਾ ਢੇਰ ਲਾਇਆ॥ ੧੯॥

ਦੋਹਰਾ- ਬੀਚ ਬਸਾਏ ਸਤਿਗੁਰੂ ਚਹੁੰ ਦਿਸ਼ਿ ਦੀਨਿ ਲਗਾਇ।
ਆਂਚ ਰੋਮ ਕੇ ਨਹਿਂ ਲਗੀ ਅਗਨਿ ਗਈ ਸਿਤਲਾਇ॥ ੨੦॥

ਸਤਿਗੁਰੂ ਨੂੰ ਵਿਚ ਬਿਠਾ ਕੇ ਚਾਰੇ ਪਾਸੇ ਅੱਗ ਲਾ ਦਿੱਤੀ। ਗੁਰੂ ਜੀ ਦੇ ਕਿਸੇ ਰੋਮ ਨੂੰ ਵੀ ਆਂਚ ਨਾ ਆਈ ਅਤੇ ਅੱਗ ਠੰਢੀ ਹੋ ਗਈ॥ ੨੦॥

ਚੌਪਈ- ਕਾਸ਼ਟ ਭਸਮ ਭਏ ਤਿਸ ਥਾਈਂ। ਸਤਿਗੁਰ ਬੈਠੇ ਬੀਚ ਸੁਹਾਈ।
ਸੁਨੀ ਖਬਰ ਕੋ ਪਤਿਸ਼ਾਹੂ। 'ਏਹੁ ਫਕੀਰ ਚੇਟਕੀ ਆਹੂ॥ ੨੧॥

ਉਸ ਥਾਂ ਲੱਕੜਾਂ ਦੀ ਭਸਮ ਪਈ ਸੀ ਤੇ ਵਿਚ ਬੈਠੇ ਗੁਰੂ ਜੀ ਸ਼ੋਭ ਰਹੇ ਸਨ। ਜਦ ਬਾਦਸ਼ਾਹ ਨੇ ਇਹ ਖਬਰ ਸੁਣੀ ਤਾਂ ਉਹ ਬਹੁਤ ਕ੍ਰੋਧ ਵਿਚ ਆਇਆ ਅਤੇ ਬੋਲਿਆ, "ਇਹ ਫਕੀਰ ਚੇਟਕੀ (ਕਰਾਮਾਤੀ) ਜਾਪਦਾ ਹੈ॥ ੨੧॥

ਮਮ ਹਦੂਰ ਕਰਿ ਮਾਰਹੁ ਅਬਹੀ'। ਅਸ ਕਹਿ ਚਲਿ ਆਯੋ ਢਿਗ ਤਬਹੀ।
ਬਹੁ ਪਾਹਨ ਕੇ ਤਰੇ ਦਬਾਯੋ। ਭਾਰ ਸਹਸ ਮਣ ਊਪਰਿ ਪਾਯੋ॥੨੨॥

ਉਸ ਨੂੰ ਮੇਰੇ ਸਾਹਮਣੇ ਲਿਆ ਕੇ ਮਾਰ ਦੇਵੋ।" ਇਹ ਕਹਿ ਕੇ ਚਲ ਕੇ ਨੇੜੇ ਆਇਆ। ਗੁਰੂ ਜੀ ਨੂੰ ਪੱਥਰਾਂ ਦੇ ਬਹੁਤ ਭਾਰ ਹੇਠ ਦੱਬਿਆ, ਕਈ ਹਜ਼ਾਰਾਂ ਮਣ ਭਾਰ ਉਨ੍ਹਾਂ ਤੇ ਪਾਇਆ ਗਿਆ॥ ੨੨॥

ਇਉਂ ਦਬਾਇ ਕਰਿ ਸਦਨ ਸਿਧਾਰੇ। 'ਅਬ ਮਰਿ ਜੈ ਹੈ' ਬਚਨ ਉਚਾਰੇ।
ਭੋਰ ਭਈ ਪੁਨ ਤਿਸੀ ਸਥਾਨਾ। ਆਨਿ ਬਿਰਾਜੇ ਕ੍ਰਿਪਾ ਨਿਧਾਨਾ॥੨੩॥

ਇਹ ਕਹਿ ਕੇ ਘਰ ਨੂੰ ਚਲਾ ਗਿਆ, "ਹੁਣ ਮਰ ਜਾਵੇਗਾ" ਜਦ ਸਵੇਰ ਹੋਈ ਤਾਂ ਉਸ ਸਥਾਨ ਤੇ ਹੀ ਗੁਰੂ ਜੀ ਆ ਕੇ ਬਿਰਾਜ ਗਏ॥ ੨੩॥

ਨਰ ਬਿਲੋਕਿ ਹਿਰਦੇ ਬਿਸਮਾਏ। ਇਹ ਫਕੀਰ ਗਤਿ ਜਾਨਿ ਨ ਜਾਏ।
ਪਾਤਿਸ਼ਾਹਿ ਕੇ ਜਾਇ ਅਗਾਰੀ। ਸੁਧ ਮਾਨਵ ਨੈ ਤਬੈ ਉਚਾਰੀ॥੨੪॥

ਲੋਕ ਵੇਖ ਕੇ ਬਹੁਤ ਹੈਰਾਨ ਹੋਏ। ਇਸ ਫਕੀਰ ਦੀ ਗਤੀ ਜਾਣੀ ਨਹੀਂ ਜਾ ਸਕਦੀ। ਬਾਦਸ਼ਾਹ ਦੇ ਅੱਗੇ ਜਾ ਕੇ ਫਿਰ ਲੋਕਾਂ ਨੇ ਇਹ ਖਬਰ ਸੁਣਾਈ॥ ੨੪॥

'ਜਹਿਂ ਸਾਥੀ ਜੁਗ ਤਿਹ ਥਾਂ ਬੈਸਾ'। ਚੌਕ੍ਰਿਤ ਭਯੋ ਬੈਨ ਸੁਨਿ ਐਸਾ।
'ਯਾ ਖੁਦਾਇ ਕਜਾ ਭਯੋ ਮਿਰਾਰਾ'। ਮੰਤ੍ਰਿਨ ਮਿਲ ਕਰਿ ਕੀਨ ਉਚਾਰਾ॥੨੫॥

"ਜਿਥੇ ਉਸ ਦੇ ਦੋ ਸਾਥੀ ਬੈਠੇ ਹਨ, ਓਥੇ ਉਹ ਫਕੀਰ ਫਿਰ ਆ ਬੈਠਾ ਹੈ" ਇਹ ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ ਅਤੇ ਕਿਹਾ, "ਹੇ ਖੁਦਾ ਇਹ ਕੀ ਭੇਦ ਹੈ?" ਆਪਣੇ ਮੰਤਰੀਆਂ ਨੂੰ ਮਿਲ ਕੇ ਕਿਹਾ॥ ੨੫॥

ਜੇ ਬੈਠੇ ਤਿਹ ਢਿਗ ਦਾਨਾਇ। ਕਹਿਨ ਲਗੇ 'ਇਹ ਰੂਪ ਖੁਦਾਇ।
ਔਰਨ ਮਹਿਂ ਅਜ਼ਮਤ ਨਹਿਂ ਏਤੀ। ਤਿਹ ਪਦ ਪੂਜਹੁ ਸ਼ਰਧਾ ਸੇਤੀ॥੨੬॥

ਜਿਹੜੇ ਅਕਲਮੰਦ ਮਨੁੱਖ ਬਾਦਸ਼ਾਹ ਦੇ ਲਾਗੇ ਬੈਠੇ ਸਨ, ਕਹਿਣ ਲੱਗੇ, "ਇਹ ਖੁਦਾ ਦਾ ਰੂਪ ਹਨ, ਨਹੀਂ ਤਾਂ ਹੋਰ ਕਿਸੇ ਮਨੁੱਖ ਵਿਚ ਏਨੀ ਕਰਾਮਾਤ ਨਹੀਂ ਹੋ ਸਕਦੀ, ਸ਼ਰਧਾ ਧਾਰਨ ਕਰਕੇ ਉਨ੍ਹਾਂ ਦੇ ਚਰਨਾਂ ਦੀ ਪੂਜਾ ਕਰੋ॥ ੨੬॥

ਕਰਿ ਉਪਾਇ ਤੁਮ ਸਭਿ ਪਚਹਾਰੇ। ਮਾਰਜੋ ਮਰਤਿ ਨ ਕਿਸੀ ਪ੍ਰਕਾਰੇ।
ਹੋਇ ਅਧੀਨ ਗਹਉ ਪਦ ਜਾਈ। ਖਤਾ ਲੇਉ ਅਪਨੀ ਬਖਸ਼ਾਈ'॥੨੭॥

ਤੁਸੀਂ ਸਾਰੇ ਉਪਚਾਰ ਕਰ ਕੇ ਵੇਖ ਲਏ ਹਨ, ਕਿਸੇ ਢੰਗ ਨਾਲ ਵੀ ਮਾਰਿਆਂ ਮਰਿਆ ਨਹੀਂ ਹੈ। ਅਧੀਨ ਹੋ ਕੇ ਹੁਣ ਉਸ ਦੇ ਚਰਨ ਫੜ ਲਵੋ ਅਤੇ ਆਪਣੀ ਭੁੱਲ ਬਖਸ਼ਾ ਲਵੋ"॥ ੨੭॥

ਅਜ਼ਮਤ ਦੇਖਿ ਬਚਨ ਕੋ ਸੁਨਿਕੈ। ਕੰਪਜੋ ਪਾਤਿਸ਼ਾਹ ਭੈ ਮਨਿਕੈ।
ਬਹੁਤ ਅਵੱਗਜਾ ਕੀਨੀ ਮੋਹੀ। ਸਰਬ ਵਿਲਾਇਤ ਗ਼ਰਕ ਨ ਹੋਹੀ॥੨੮॥

ਕਰਾਮਾਤ ਵੇਖ ਅਤੇ ਇਸ ਤਰ੍ਹਾਂ ਦੇ ਬਚਨ ਸੁਣ ਕੇ, ਬਾਦਸ਼ਾਹ ਡਰ ਮੰਨ ਕੇ ਕੰਬ ਉਠਿਆ। ਮੈਂ ਬਹੁਤ ਵੱਡੀ ਗ਼ਲਤੀ ਕੀਤੀ ਹੈ, ਸਾਰਾ ਦੇਸ਼ ਗਰਕ ਹੋ ਜਾਵੇਗਾ॥ ੨੮॥

ਅਨਿਕ ਉਪਾਇਨ ਕਰ ਮਹਿਂ ਧਾਰੀ। ਲੇਕਰਿ ਗਮਨਜੋ ਗੁਰੂ ਅਗਾਰੀ।
ਮੇਚਕ ਰੰਗ ਮਹਾਂ ਜਿਸ ਕੇਰੋ। ਭੈ ਕਰਿਕੈ ਮਨ ਦੀਨ ਘਨੇਰੋ॥ ੨੯॥

ਕਈ ਪ੍ਰਕਾਰ ਦੇ ਉਪਹਾਰ ਹੱਥ ਵਿਚ ਲੈ ਕੇ ਗੁਰੂ ਜੀ ਦੇ ਅੱਗੇ ਚਲੇ ਗਿਆ। ਜਿਸ ਬਾਦਸ਼ਾਹ ਦਾ ਰੰਗ ਬਹੁਤ ਕਾਲਾ ਸੀ, ਭੈ ਕਾਰਨ ਉਸ ਦਾ ਮਨ ਬਹੁਤ ਦੀਨ ਹੋ ਗਿਆ॥ ੨੯॥

ਅਇ ਚਰਨ ਪੰਕਜ ਲਪਟਾਯੋ। ਹਾਥ ਬੰਦਿ ਕੈ ਬਚਨ ਅਲਾਯੋ।
'ਮੈਂ ਬਹੁਤੀ ਕੀਨੀ ਤਕਸੀਰੰ। ਬਖਸ਼ੋ ਅਬ ਤੁਮ ਗੁਨੀ ਗਹੀਰੰ॥ ੩੦॥

ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਲਪਟ ਗਿਆ ਅਤੇ ਹੱਥ ਜੋੜ ਕੇ ਬੋਲਿਆ, "ਮੈਂ ਵੱਡੀ ਭੁੱਲ ਕੀਤੀ ਹੈ, ਹੇ ਗੁਣਾਂ ਦੇ ਘਰ ! ਹੁਣ ਮੈਨੂੰ ਬਖਸ਼ ਦੇਵੋ॥ ੩੦॥

ਪੀਰਨ ਪੀਰ ਕਿ ਆਪ ਖ਼ੁਦਾਇ। ਹੋ ਪ੍ਰਛਿੰਨ ਨ ਪਰਹੁ ਲਖਾਇ।
ਰਾਵਰ ਕੀ ਰਜਾਇ ਉਰ ਧਰਿਊਂ। ਬਹੁਰ ਅਵੱਗਯਾ ਫੇਰ ਨ ਕਰਿਊਂ॥੩੧॥

ਪੀਰਾਂ ਦੇ ਪੀਰ ਕਿ ਆਪ ਹੀ ਖ਼ੁਦਾ ਹੋ, ਗੁਪਤ ਹੋ, ਜਾਣੇ ਨਹੀਂ ਜਾ ਸਕਦੇ। ਮੈਂ ਆਪ ਜੀ ਦੀ ਰਜ਼ਾ ਨੂੰ ਦਿਲ ਵਿਚ ਧਾਰਨ ਕਰਾਂਗਾ, ਫਿਰ ਦੁਬਾਰਾ ਕੋਈ ਗ਼ਲਤੀ ਨਹੀਂ ਕਰਾਂਗਾ॥ ੩੧॥

ਭਾ ਅਨਜਾਨਪਨੇ ਮਹਿਂ ਦੋਸ਼ਾ। ਕਰਹੁ ਮਿਹਰ ਪਰਹਰਿ ਉਰ ਰੋਸਾ।
ਦੀਨ ਦੇਖਿ ਕਰਿ ਦੀਨ ਦਯਾਲਾ। ਕਹਯੋ ਕਰਨ ਉਪਕਾਰ ਬਿਸਾਲਾ॥੩੨॥

ਮੈਂ ਅਣਜਾਣਪਣ ਵਿਚ ਇਹ ਦੋਸ਼ ਕਰ ਬੈਠਾ ਹਾਂ, ਮਿਹਰ ਕਰੋ ਅਤੇ ਆਪਣੇ ਦਿਲ ਦਾ ਰੋਸ ਦੂਰ ਕਰੋ।" ਦੀਨ ਦਿਆਲ ਗੁਰੂ ਜੀ ਨੇ ਜਦ ਨਿਮਰ ਹੋਇਆ ਵੇਖਿਆ ਤਾਂ ਫਿਰ ਵਿਸ਼ਾਲ ਉਪਕਾਰ ਕਰਨ ਵਾਸਤੇ ਕਿਹਾ॥ ੩੨॥

ਦੋਹਰਾ- 'ਨਰ ਮਾਰਨ ਜੇ ਪਰਹਰੈਂ ਤੌ ਤੂੰ ਬਖਸ਼ਯਾ ਜਾਇ।
ਨਹਿਂ ਤਯਾਗੇ ਦੁਖ ਪਾਇ ਹੈਂ ਦੋਜ਼ਖ ਮਿਲੈ ਸਜ਼ਾਇ'॥ ੩੩॥

"ਮਨੁੱਖਾਂ ਨੂੰ ਮਾਰਨਾ ਜੇ ਤੂੰ ਛੱਡ ਦੇਵੇਂ ਤਾਂ ਬਖਸ਼ਿਆ ਜਾ ਸਕਦਾ ਹੈਂ। ਜੇ ਮਨੁੱਖ ਮਾਰਨ ਤੋਂ ਨਹੀਂ ਹਟੇਂਗੇ ਤਾਂ ਫਿਰ ਨਰਕਾਂ ਵਿਚ ਬਹੁਤ ਸਜ਼ਾ ਪਾਉਗੇ"॥ ੩੩॥

ਚੌਪਈ- ਲਾਜਬਰਦ ਸੁਨਿ ਬੈਨ ਅਲਾਯੋ। 'ਜਬ ਕੋ ਤੁਮਰੇ ਪਗ ਲਪਟਾਯੋ।
ਤ੍ਰਿਨ ਤੋਰਨ ਕੀ ਸ਼ਕਤਿ ਨ ਰਹੀ। ਔਰ ਕਹਉ ਜੋ ਕਰਿਹੋਂ ਸਹੀ'॥੩੪॥

ਬਾਦਸ਼ਾਹ ਲਾਜਬਰਦ ਇਹ ਸੁਣ ਕੇ ਬੋਲਿਆ, "ਜਦ ਤੋਂ ਤੁਹਾਡੇ ਚਰਨਾਂ ਨਾਲ ਜੁੜਿਆ ਹਾਂ, ਇਕ ਤੀਲਾ ਤੋੜਨ ਦੀ ਵੀ ਸ਼ਕਤੀ ਨਹੀਂ ਰਹੀ, ਹੋਰ ਦੱਸੋ ਜੋ ਮੈਂ ਕਰਾਂ"॥ ੩੪॥

'ਜੇ ਤੈਂ ਹਮਰੀ ਆਇਸੁ ਮਾਨੀ। ਸੱਤਿਨਾਮ ਸਿਮਰਹੁ ਸੁਖਦਾਨੀ।
ਕਰਿ ਅਹਾਰ ਕੋ ਹੇਤੁ ਖ਼ੁਦਾਇ। ਦੇਸ਼ ਆਪਨੇ ਦੇਗ ਚਲਾਇ॥ ੩੫॥

ਗੁਰੂ ਜੀ ਨੇ ਕਿਹਾ, "ਜੇ ਤੂੰ ਸਾਡੀ ਆਗਿਆ ਮੰਨੀ ਹੈ ਤਾਂ ਸੁਖ ਦੇਣ ਵਾਲੇ ਸੱਚੇ ਨਾਮ ਦਾ ਸਿਮਰਨ ਕਰੋ, ਖ਼ੁਦਾ ਵਾਸਤੇ ਲੋਕਾਂ ਨੂੰ ਭੋਜਨ ਕਰਵਾਉਣ ਵਾਸਤੇ ਸਾਰੇ ਦੇਸ਼ ਵਿਚ ਲੰਗਰ ਲਾ ਦੇਵੋ॥ ੩੫॥

ਭੂਖਾ ਰਹਿਨ ਨ ਕੋਊ ਪਾਵੈ। ਬਸਤ੍ਰ ਸੁ ਦੇਹੁ ਨਗਰ ਜੋ ਆਵੈ।
ਆਜਜ਼ ਕੀ ਪਰਵਰਸ਼ ਕਰੀਜੈ। ਕਲਮਲ ਕਰਨੇ ਸਭਿ ਤਜਿ ਦੀਜੈ'॥੩੬॥

ਕੋਈ ਵੀ ਭੁੱਖਾ ਨਾ ਰਹਿ ਜਾਵੇ, ਜਿਹੜਾ ਵੀ ਤੇਰੇ ਨਗਰ ਵਿਚ ਆਵੇ ਉਸ ਨੂੰ ਵਸਤਰ ਕਪੜੇ ਦੇਵੋ। ਗਰੀਬਾਂ ਦੀ ਪਾਲਣਾ ਕਰੋ, ਪਾਪ ਕਰਨੇ ਸਭ ਛੱਡ ਦੇਵੋ"॥ ੩੬॥

ਮਾਨਿ ਬਚਨ ਕੀਨੋ ਸੋ ਕਾਮੂ। ਸਿਮਰਨ ਕਰਨ ਲਗਾ ਸਤਿਨਾਮੂ।
ਪੀਰ ਕਰਯੋ ਸ਼੍ਰੀ ਨਾਨਕ ਤਾਂਹੀ। ਭਯੋ ਮੁਰੀਦ ਸੇਵ ਚਿਤ ਚਾਹੀ॥੩੭॥

ਗੁਰੂ ਜੀ ਦੇ ਬਚਨ ਮੰਨ ਕੇ ਸਾਰੇ ਕੰਮ ਕੀਤੇ ਅਤੇ ਸੱਚੇ ਨਾਮ ਦਾ ਸਿਮਰਨ ਵੀ ਕਰਨ ਲੱਗਾ। ਉਸ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਪੀਰ ਬਣਾ ਲਿਆ ਅਤੇ ਮੁਰੀਦ ਹੋ ਕੇ ਮਨ-ਭਾਉਂਦੀ ਸੇਵਾ ਕੀਤੀ॥ ੩੭॥

ਕੇਤਿਕ ਦਿਵਸ ਬਸੇ ਤਿਹ ਪੁਰਿ ਮੈਂ। ਪਸਰਜੋ ਸੁਜਸੁ ਸਰਬ ਘਰ ਘਰ ਮੈਂ।
ਹੋਵਨ ਲਗੀ ਅਤਿਥਿ ਕੀ ਸੇਵਾ। ਜਪਹਿਂ ਨਾਮ ਸ੍ਰੀ ਅਲਖ ਅਭੇਵਾ ॥੩੮॥

ਗੁਰੂ ਜੀ ਕਈ ਦਿਨ ਉਸ ਨਗਰ ਵਿਚ ਠਹਿਰੇ। ਘਰ ਘਰ ਵਿਚ ਉਨ੍ਹਾਂ ਦਾ ਜੱਸ ਪੱਸਰ ਗਿਆ। ਮਹਿਮਾਨਾਂ ਦੀ ਬੜੀ ਸੇਵਾ ਹੋਣ ਲੱਗੀ, ਸਾਰੇ ਇਕ ਖੁਦਾ ਦਾ ਨਾਮ ਜਪਣ ਲੱਗੇ॥ ੩੮॥

ਏਕ ਦਿਵਸ ਬੈਠੇ ਜਗ ਸਾਈਂ। ਸ੍ਰੀ ਅੰਗਦ! ਮੈਂ ਗਿਰਾ ਅਲਾਈ।
'ਰਾਮ ਚੰਦ ਸ੍ਰੀ ਪ੍ਰਭੁ ਅਵਤਾਰਾ। ਦੈਤਨ ਕੋ ਕੁਲ ਜਾਂਹਿ ਸੰਘਾਰਾ ॥੩੯॥

ਇਕ ਦਿਨ ਜਗਤ ਦੇ ਸੁਆਮੀ ਬੈਠੇ ਸਨ। ਹੇ ਗੁਰੂ ਅੰਗਦ ਦੇਵ ਜੀ! ਮੈਂ ਪੁਛਿਆ, "ਸ੍ਰੀ ਰਾਮ ਚੰਦਰ ਪ੍ਰਭੂ ਦਾ ਅਵਤਾਰ ਹੋਇਆ ਹੈ ਜਿਸ ਸਾਰੇ ਦੈਂਤਾਂ ਦਾ ਨਾਸ਼ ਕੀਤਾ ਸੀ॥ ੩੯॥

ਲੰਕਾ ਹੁਤੀ ਉਦਧਿ ਕੇ ਮਾਂਹੀ। ਮਾਰਗ ਜਾਨ ਤਹਾਂ ਕੋ ਨਾਹੀ।
ਗਿਰ ਤਰਾਇ ਤਹਿਂ ਸੇਤੁ ਬੰਧਾਵਾ। ਸਭਿ ਕਪਿ ਕਟਕ ਪਾਰ ਸੁ ਲੰਘਾਵਾ ॥੪੦॥

ਲੰਕਾ ਦੇਸ਼ ਸਮੁੰਦਰ ਦੇ ਵਿਚ ਸੀ, ਓਥੇ ਜਾਣ ਦਾ ਕੋਈ ਰਸਤਾ ਨਹੀਂ ਸੀ। ਪੱਥਰਾਂ ਨੂੰ ਤਾਰ ਕੇ ਪੁਲ ਬੰਨ੍ਹ ਦਿੱਤਾ। ਸਾਰੀ ਬਾਂਦਰਾਂ ਦੀ ਸੈਨਾਂ ਨੂੰ ਪਾਰ ਲੰਘਾਇਆ॥ ੪੦॥

ਹੈ ਅਵਲੋਕਨ ਲਾਲਸ ਮੋਹੀ। ਕ੍ਰਿਪਾ ਧਾਰਿ ਦਿਖਰਾਵਹੁ ਓਹੀ'॥
ਸੁਨਿਕੈ ਬੋਲੇ ਪਰਮ ਕ੍ਰਿਪਾਲਾ। 'ਤੁਮਰਾ ਕਹਜੋ ਕਰੌਂ ਹੌਂ ਬਾਲਾ' ॥੪੧॥

ਮੈਨੂੰ ਉਸ ਨੂੰ ਵੇਖਣ ਦੀ ਬੜੀ ਲਾਲਸਾ ਹੈ, ਕਿਰਪਾ ਕਰਕੇ ਮੈਨੂੰ ਸ੍ਰੀ ਰਾਮ ਚੰਦਰ ਵਖਾਉ।" ਇਹ ਸੁਣ ਕੇ ਪਰਮ ਕਿਰਪਾਲੂ ਗੁਰੂ ਜੀ ਨੇ ਬਚਨ ਕੀਤੇ, "ਹੇ ਬਾਲੇ! ਤੇਰਾ ਕਿਹਾ ਮੈਂ ਪੂਰਾ ਕਰਾਂਗਾ"॥ ੪੧॥

ਬਿਦਾ ਭਏ ਤਿਨ ਤੇ ਬਰਿਆਈ। ਤਤਛਿਨ ਗਮਨ ਕੀਨ ਗਤਿਦਾਈ।
ਤੂਰਨ ਪਹੁੰਚੇ ਸਾਗਰ ਤੀਰੰ। ਬੈਠਿ ਗਏ ਤਹਿਂ ਗੁਨੀ ਗਹੀਰੰ॥ ੪੨॥

ਗੁਰੂ ਜੀ ਉਸ ਸਥਾਨ ਤੋਂ ਵਿਦਾ ਹੋਏ ਤੇ ਮੁਕਤੀਦਾਤੇ ਉਸ ਸਥਾਨ ਤੋਂ ਤੁਰੰਤ ਚਲ ਪਏ। ਫੌਰਨ ਸਾਗਰ ਦੇ ਕਿਨਾਰੇ ਪਹੁੰਚ ਗਏ ਅਤੇ ਗੁਣਾਂ ਦੇ ਘਰ ਓਥੇ ਜਾ ਕੇ ਬੈਠ ਗਏ॥ ੪੨॥

ਜਹਿਂ ਰਘੁਬੀਰ ਸੇਤੁ ਬਧਵਾਯੋ। ਏਕ ਲਿੰਗ ਸ਼ਿਵ ਤਹਾਂ ਸੁਹਾਯੋ।
ਤਿਹ ਬਿਲੋਕਿ ਬੋਲਜੋ ਮਰਦਾਨਾ। 'ਕਿਸ ਪ੍ਰਕਾਰ ਸ਼ਿਵਲਿੰਗ ਸਥਾਨਾ? ॥੪੩॥

ਜਿਥੇ ਰਾਮਚੰਦਰ ਨੇ ਪੁਲ ਬੰਨ੍ਹਵਾਇਆ ਸੀ, ਅਤੇ ਸ਼ਿਵਲਿੰਗ ਓਥੇ ਸੁਸ਼ੋਭਿਤ ਕੀਤਾ ਸੀ। ਉਸ ਨੂੰ ਵੇਖ ਕੇ ਮਰਦਾਨਾ ਬੋਲਿਆ, "ਕਿਸ ਪ੍ਰਕਾਰ ਇਹ ਸ਼ਿਵਲਿੰਗ ਦਾ ਸਥਾਨ ਹੈ?॥ ੪੩॥

ਕਿਹ ਨੈ ਇਹ ਅਸਥਾਪਨ ਕੀਨੋ?। ਮਹਾਂ ਮਹਾਤਮ ਪੂਜਨ ਦੀਨੋ।
ਸਰਬ ਸੁਨਾਵਹੁ ਮੁਝੈ ਪ੍ਰਸੰਗਾ। ਭੂਤ ਭਵਿੱਖਤ ਲਖਹੁ ਸਰਬੰਗਾ' ॥੪੪॥

ਕਿਸ ਨੇ ਇਹ ਅਸਥਾਪਣ ਕੀਤਾ ਹੈ? ਪੂਜਾ ਦਾ ਮਹਾਂ ਮਹਾਤਮ ਜਾਣਿਆ ਹੈ? ਮੈਨੂੰ ਸਾਰਾ ਪ੍ਰਸੰਗ ਸੁਣਾਵੋ, ਪਿਛਲੀ, ਅਗਲੀ ਸਾਰੀ ਵਾਰਤਾ ਸੁਣਾਵੋ"॥ ੪੪॥

ਦੋਹਰਾ-ਸ੍ਰੀ ਨਾਨਕ ਬੋਲੇ ਬਚਨ 'ਸੁਨਿ ਮਰਦਾਨੇ! ਗਾਥ।

ਰਾਮਚੰਦ੍ਰ ਆਏ ਇਹਾਂ ਬਾਂਦਰ ਦਲ ਲੇ ਸਾਥ॥ ੪੫॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਮਰਦਾਨੇ! ਇਸ ਦੀ ਕਹਾਣੀ ਸੁਣੋ। ਰਾਮਚੰਦਰ ਏਥੇ ਬਾਂਦਰ ਸੈਨਾ ਲੈ ਕੇ ਆਏ ਸਨ॥ ੪੫॥

ਚੌਪਈ- ਉਦਧਿ ਬਿਲੋਕਤਿ ਰਿਦੈ ਬਿਚਾਰਾ। ਇਸਕੇ ਜਾਵਹਿ ਕਿਹ ਬਿਧਿ ਪਾਰਾ।
ਸਭਿ ਮਿਲਿ ਕਹਜੋ ਬੰਧਾਵਹੁ ਸੇਤਾ। ਮਾਨ ਲੀਨ ਅਸ ਰਘੁ ਕੁਲ ਕੇਤਾ॥੪੬॥

ਸਮੁੰਦਰ ਨੂੰ ਵੇਖ ਕੇ ਉਸ ਹਿਰਦੇ ਵਿਚ ਵਿਚਾਰ ਕੀਤੀ, ਇਸ ਸਮੁੰਦਰ ਨੂੰ ਕਿਵੇਂ ਪਾਰ ਕਰੀਏ। ਸਾਰਿਆਂ ਨੂੰ ਕਿਹਾ ਕਿ ਮਿਲ ਕੇ ਪੁਲ ਬੰਨ੍ਹੋ। ਸਾਰਿਆਂ ਨੇ ਰਾਮ ਚੰਦਰ ਦੀ ਆਗਿਆ ਮੰਨ ਲਈ॥ ੪੬॥

ਪ੍ਰਿਥਮੇ ਸ਼ਿਵ ਕੀ ਪੂਜਾ ਕੀਨੀ। ਪੁਲ ਬਾਂਧਨ ਪੁਨ ਆਇਸੁ ਦੀਨੀ।
ਕਾਜ ਕਰਨ ਤੇ ਜੌਨ ਅਗਾਰੇ। ਗੁਰ ਪੂਜਹਿ ਹ੍ਵੈ ਪੁਰਖੁ ਸੁਖਾਰੇ॥ ੪੭॥

ਸਭ ਤੋਂ ਪਹਿਲਾਂ ਸ਼ਿਵਜੀ ਦੀ ਪੂਜਾ ਕੀਤੀ ਗਈ, ਪੁਲ ਬੰਨ੍ਹਣ ਦੀ ਫਿਰ ਆਗਿਆ ਦਿੱਤੀ। ਜਿਹੜੇ ਕੰਮ ਆਰੰਭ ਕਰਨ ਤੋਂ ਪਹਿਲਾਂ ਆਪਣੇ ਗੁਰੂ ਜੀ ਦੀ ਪੂਜਾ ਕਰਦੇ ਹਨ, ਉਨ੍ਹਾਂ ਦੇ ਕੰਮ ਸੌਖੇ ਹੋ ਜਾਂਦੇ ਹਨ॥ ੪੭॥

ਤਬ ਕੋ ਇਹ ਸ਼ਿਵਲਿੰਗ ਸੁਹਾਵਾ। ਰਘੁਬਰ ਕੀਨ ਸਥਾਪਨ ਭਾਵਾ।
ਪਾਹਨ ਪਰ ਲਿਖਿ ਕਰਿ ਨਿਜ ਨਾਮੂ। ਸੇਤੁ ਬਾਂਧਿ ਲੀਨੋ ਅਭਿਰਾਮੂ॥੪੮॥

ਉਸ ਸਮੇਂ ਤੋਂ ਏਥੇ ਸ਼ਿਵਲਿੰਗ ਸ਼ੋਭਾ ਪਾ ਰਿਹਾ ਹੈ, ਰਾਮ ਚੰਦਰ ਨੇ ਇਸ ਨੂੰ ਸਥਾਪਤ ਕੀਤਾ। ਪੱਥਰਾਂ ਉਤੇ ਆਪਣਾ ਨਾਂ ਲਿਖ ਕੇ ਸੁੰਦਰ ਪੁਲ ਬੰਨ੍ਹ ਲਿਆ" ॥ ੪੮॥

ਮਰਦਾਨਾ ਕਹਿ 'ਭਾ ਸੰਦੇਹੂ। ਕਿਉਂ ਰਘੁਬੀਰ ਕੀਨ ਕ੍ਰਿਤ ਏਹੂ?।
ਸਰਬ ਭਾਂਤਿ ਸਮਰੱਥ ਗੁਸਾਈਂ। ਆਪ ਹੁਤੇ ਠਾਂਢੇ ਜਿਹ ਥਾਈਂ॥੪੯॥

ਮਰਦਾਨੇ ਕਿਹਾ, "ਮੈਨੂੰ ਇਕ ਸ਼ੰਕਾ ਹੈ, ਰਾਮ ਚੰਦਰ ਨੇ ਇਹ ਕੰਮ ਕਿਉਂ ਕੀਤਾ?' ਸਰਬ ਤਰ੍ਹਾਂ ਸਮਰੱਥ ਸੁਆਮੀ ਜਿਥੇ ਆਪ ਖੜੇ ਹੋ॥ ੪੯॥

ਕਿਉਂ ਤਹਿ ਸ਼ਿਵ ਅਭਿਖੇਕਨ ਕੀਨਾ। ਇਕ ਸੰਸੈ ਮੁਝ ਏਹੁ ਪ੍ਰਬੀਨਾ!।
ਅਪਨੋ ਲਿਖਿ ਕਰਿ ਨਾਮ ਬਹੋਰੀ। ਤਾਰੇ ਪਾਹਨ ਰਾਖੇ ਜੋਰੀ॥ ੫੦॥

ਏਥੇ ਸ਼ਿਵਜੀ ਦੀ ਪੂਜਾ ਕਿਉਂ ਕੀਤੀ? ਹੇ ਨਿਪੁੰਨ ਪ੍ਰਭੂ! ਮੇਰਾ ਇਸ ਸ਼ੱਕ ਦਾ ਨਿਵਾਰਨ ਕਰੋ। ਪੱਥਰਾਂ ਉਤੇ ਆਪਣਾ ਨਾਂ ਲਿਖ ਕੇ ਫਿਰ ਉਨ੍ਹਾਂ ਨੂੰ ਜ਼ੋਰ ਨਾਲ ਰੱਖ ਕੇ ਤਾਰ ਦਿੱਤਾ॥ ੫੦॥

ਇਸ ਪ੍ਰਕਾਰ ਕਿਉਂ ਕੀਨ ਪ੍ਰਯਾਸਾ। ਉਰ ਸੰਸੇ ਦ੍ਵੈ ਦੇਹੁ ਬਿਨਾਸਾ।
ਹ੍ਵੈ ਬਲ ਹੀਨੇ ਇਉਂ ਬਨਿ ਆਈ। ਅਪਰ ਅਲੰਬ ਪਾਇ ਕਰਿ ਜਾਈ॥੫੧॥

ਇਸ ਪ੍ਰਕਾਰ ਉਸ ਯਤਨ ਕਿਉਂ ਕੀਤਾ। ਇਹ ਦੋਵੇਂ ਸ਼ੰਕੇ ਦੂਰ ਕਰ ਦੇਵੋ। ਇਸ ਤਰ੍ਹਾਂ ਚਲੀ ਆਉਂਦੀ ਹੈ ਕਿ ਜੋ ਬਲਹੀਣ ਹੁੰਦਾ ਹੈ, ਉਹ ਦੂਸਰੇ ਦਾ ਆਸਰਾ ਪ੍ਰਾਪਤ ਕਰਦਾ ਹੈ" ॥ ੫੧॥

ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ। 'ਉੱਤਰ ਸੁਨਹੁ ਕਾਨ ਮਰਦਾਨਾ!।
ਭਗਤਿ ਨਾਮ ਕੀ ਬਡ ਬਡਿਆਈ। ਸੁਰ ਨਰ ਸਭਿ ਮਹਿਂ ਆਪ ਰਖਾਈ॥੫੨॥

ਇਹ ਸੁਣ ਕੇ ਗੁਰੂ ਜੀ ਬੋਲੇ, "ਹੇ ਮਰਦਾਨੇ! ਕੰਨ ਦੇ ਕੇ ਉੱਤਰ ਸੁਣੋ। ਭਗਤਾਂ ਦੇ ਨਾਂ ਦੀ ਵੱਡੀ ਵਡਿਆਈ ਹੈ, ਦੇਵਤਿਆਂ ਅਤੇ ਮਨੁੱਖਾਂ ਵਿਚ ਪ੍ਰਭੂ ਨੇ ਆਪ ਰਖਵਾਈ ਹੈ॥ ੫੨॥

ਸਭਿ ਭਗਤਨ ਮਹਿਂ ਸ਼ੰਭੁ ਮਹਾਨਾ। ਆਠੋਂ ਜਾਂਮ ਧਰਹਿ ਉਰ ਧਜਾਨਾ।
ਬਿਸ਼ਨੁ ਸਤੋਗੁਨ ਉੱਜਲ ਰੰਗਾ। ਕਰਤਿ ਧਜਾਨ ਸਿਤ ਭਾ ਸਰਬੰਗਾ ॥੫੩ ॥

ਸਭ ਭਗਤਾਂ ਵਿਚ ਇਹ ਮਹਾਨ ਸੋਭਦੀ ਹੈ। ਉਹ ਅੱਠੇ ਪਹਿਰ ਭਗਤੀ ਨੂੰ ਧਾਰਨ ਕਰਦੇ ਹਨ। ਵਿਸ਼ਨੂੰ ਸਤੋਗੁਣ ਉਜਲ ਰੰਗ ਵਾਲਾ ਹੈ। ਸਾਰੇ ਅੰਗ ਕਰਕੇ ਚਿੱਟੇ ਰੰਗ ਦਾ ਧਿਆਨ ਧਾਰਨ ਕਰਦੇ ਹਨ॥ ੫੩॥

ਤਮਗੁਨ ਸ਼ਜਾਮ ਸੁ ਸ਼ਿਵ ਬੱਖਜਾਤੀ। ਬਿਸ਼ਨੁ ਧਜਾਨ ਕਰਿ ਹੀ ਦਿਨੁ ਰਾਤੀ।
ਸ਼ਜਾਮ ਰੂਪ ਭਾ ਕਾਰਨ ਏਹੀ। ਭੇ ਬਿਪਰੀਤ ਰੰਗ ਦੁਊ ਦੇਹੀ॥ ੫੪ ॥

ਤਮੋਗੁਣ ਕਾਲਾ ਹੈ, ਜੋ ਸ਼ਿਵਜੀ ਰੂਪ ਪ੍ਰਸਿੱਧ ਹੈ। ਵਿਸ਼ਨੂੰ ਦਾ ਦਿਨ ਰਾਤ ਧਿਆਨ ਧਾਰਨ ਕਰਕੇ, ਕਾਲਾ ਰੂਪ ਹੋ ਜਾਣ ਦਾ ਇਹੋ ਕਾਰਨ ਹੈ। ਦੋਹਾਂ ਦੇਹਾਂ ਦਾ ਰੰਗ ਇਕ ਦੂਸਰੇ ਦੇ ਉਲਟ ਹੈ॥ ੫੪॥

ਇਨ ਮਹਿਂ ਭੇਦ ਨ ਰੰਚਕ ਜਾਨੋ। ਦ੍ਵੈ ਸਰੂਪ ਇਕ ਜੋਤਿ ਪਛਾਨੋ।
ਅਬ ਸੁਨਿ ਨਾਮ ਲਿਖਜੋ ਜਿਉਂ ਕਹੌਂ। ਤੇਰੇ ਉਰ ਕਾ ਸੰਸਾ ਦਹੌਂ ॥੫੫ ॥

ਇਸ ਵਿਚ ਰਤਾ ਭਰ ਵੀ ਭੇਦ ਨਾ ਜਾਣੋ, ਦੋਵੇਂ ਰੂਪ ਇਕ ਜੋਤ ਪਛਾਣੋ। ਹੁਣ ਸੁਣ ਨਾਮ ਜਿਵੇਂ ਲਿਖਿਆ ਤਿਵੇਂ ਕਹਿੰਦਾ ਹਾਂ। ਤੇਰੇ ਹਿਰਦੇ ਦੇ ਸੰਸੇ ਦਾ ਨਾਸ਼ ਕਰਦਾ ਹਾਂ॥ ੫੫॥

ਰੂਪ ਦੇਖਿ ਉਧਰੇ ਹੈਂ ਥੋਰੇ। ਜਪਤ ਨਾਮ ਕੋ ਤਰੇ ਕਰੋਰੇ।
ਨਾਮੀ ਤੇ ਹੈ ਨਾਮ ਬਡਾਈ। ਮਹਿਮਾਂ ਆਪਹਿ ਰਾਮ ਲਖਾਈ॥ ੫੬ ॥

ਨਾਮੀ ਦਾ ਰੂਪ ਵੇਖ ਕੇ ਬਹੁਤ ਥੋੜਿਆਂ ਦਾ ਉਧਾਰ ਹੋਇਆ ਹੈ। ਨਾਮ ਜਪ ਕੇ ਕਰੋੜਾਂ ਤਰ ਗਏ ਹਨ। ਨਾਮੀ ਨਾਲ ਨਾਮ ਦੀ ਵਡਿਆਈ ਦੀ ਮਹਿਮਾਂ ਰਾਮ ਨੇ ਆਪ ਪ੍ਰਗਟ ਕੀਤੀ ਹੈ॥ ੫੬॥

ਬਾਂਧਿ ਸੇਤੁ ਪੁਨ ਕੀਨ ਪਯਾਨਾ। ਹਨੇ ਦੈਤ ਜਿਨ ਮਨਿ ਅਭਿਮਾਨਾ'।
ਸੁਨਿ ਮਰਦਾਨਾ ਬੂਝਨ ਲਾਗਾ। 'ਰਘੁਬਰ ਕਥਾ ਸੁਨਨ ਅਨੁਰਾਗਾ ॥੫੭ ॥

ਪੁਲ ਬੰਨ੍ਹ ਕੇ ਫਿਰ ਅੱਗੇ ਚਲ ਪਏ, ਉਨ੍ਹਾਂ ਦੈਂਤਾਂ ਨੂੰ ਮਾਰਿਆ ਜਿਨ੍ਹਾਂ ਦੇ ਮਨ ਵੱਡੇ ਹੰਕਾਰੀ ਸਨ। ਇਹ ਸੁਣ ਕੇ ਮਰਦਾਨਾ ਪੁਛਣ ਲੱਗਾ, "ਰਾਮ ਚੰਦਰ ਦੀ ਕਥਾ ਸੁਣਨ ਨੂੰ ਜੀਅ ਕਰਦਾ ਹੈ॥ ੫੭॥

ਬਾਂਧਿ ਉਦਧਿ ਕਿਉਂ ਪਾਰ ਪਧਾਰੇ?। ਲੰਕ ਬਿਖੈ ਕਿਉਂ ਦੈਤ ਸੰਘਾਰੇ।
ਸਰਬ ਪ੍ਰਸੰਗ ਸੁਨਾਵਹੁ ਮੋਹੀ। ਰਾਵਰ ਤੇ ਕੁਛ ਗੁਪਤ ਨ ਹੋਹੀ' ॥੫੮ ॥

ਸਮੁੰਦਰ ਉਤੇ ਪੁਲ ਬੰਨ੍ਹ ਕੇ ਫਿਰ ਪਾਰ ਕਿਉਂ ਗਏ ? ਲੰਕਾ ਜਾ ਕੇ ਦੈਂਤਾਂ ਨੂੰ ਕਿਉਂ ਮਾਰਿਆ ? ਮੈਨੂੰ ਸਾਰੀ ਕਥਾ ਸੁਣਾਵੋ, ਆਪ ਜੀ ਤੋਂ ਕੁਝ ਵੀ ਗੁਪਤ ਨਹੀਂ ਹੈ, ਭਾਵ ਆਪ ਜੀ ਸਭ ਕੁਝ ਜਾਣਦੇ ਹੋ" ॥ ੫੮॥

ਸੁਨਿ ਕੈ ਬੋਲੇ ਪਰਮ ਪ੍ਰਬੀਨਾ। 'ਇਕ ਦਸਰਥ ਨ੍ਰਿਪ ਹੁਤੇ ਕੁਲੀਨਾ।
ਤ੍ਰੈ ਰਾਨੀ ਤਿਹ ਲੀਨ ਬਿਵਾਹੀ। ਕੌਸਲਜਾ, ਕੈਕੇਈ ਆਹੀ॥ ੫੯ ॥

ਪਰਮ ਪ੍ਰਬੀਨ ਗੁਰੂ ਜੀ ਇਹ ਸੁਣ ਕੇ ਬੋਲੇ, "ਇਕ ਦਸਰਥ ਰਾਜਾ ਚੰਗੀ ਕੁਲ ਵਿਚ ਪੈਦਾ ਹੋਇਆ ਸੀ। ਉਸ ਨੇ ਤਿੰਨਾਂ ਰਾਣੀਆਂ ਨਾਲ ਵਿਆਹ ਕੀਤਾ ਸੀ, ਉਨ੍ਹਾਂ ਵਿਚੋਂ ਦੋ ਦੇ ਨਾਂ ਕੌਸ਼ਲਿਆ ਅਤੇ ਕੈਕੇਈ ਸਨ॥ ੫੯॥

ਬਹੁਰ ਸੁਮਿੱਤ੍ਰਾਂ ਜਾਨਹੁ ਨਾਰੀ। ਤਿਨ ਤੇ ਜਨਮਤਿ ਭੇ ਸੁਤ ਚਾਰੀ।
ਜੇਸ਼ਟ ਕੌਸ਼ਲਜਾ ਤੇ ਰਾਮੂ। ਕਿਕਈ ਕੇਰ ਭਰਤ ਭਾ ਨਾਮੂ॥ ੬੦ ॥

ਤੀਸਰੀ ਦਾ ਨਾਂ ਸੁਮਿਤਰਾਂ ਸੀ। ਉਨ੍ਹਾਂ ਤਿੰਨਾਂ ਰਾਣੀਆਂ ਤੋਂ ਚਾਰ ਪੁੱਤਰ ਪੈਦਾ ਹੋਏ ਸਨ, ਵੱਡੀ ਕੌਸ਼ਲਿਆ ਨੇ ਰਾਮਚੰਦਰ ਨੂੰ ਜਨਮ ਦਿੱਤਾ। ਕੈਕੇਈ ਤੋਂ ਭਰਤ ਉਤਪੰਨ ਹੋਇਆ॥ ੬੦॥

ਲਛਮਨ ਬਹੁਰ ਸ਼ੱਤ੍ਰੂਘਨ ਜੋਊ। ਜਨੇ ਸੁਮਿੱਤ੍ਰਾ ਨੰਦਨ ਦੋਊ।
ਕਾਮ ਸਮਾਨ ਰੂਪ ਜਿਨ ਕੇਰੇ। ਖੇਲਤਿ ਹੋਤਿ ਸਰੀਰ ਬਡੇਰੇ॥ ੬੧॥

ਫਿਰ ਲਛਮਣ ਅਤੇ ਸ਼ੱਤ੍ਰੂਘਣ ਜਿਹੜੇ ਦੋ ਭਰਾ ਸਨ, ਉਹ ਸੁਮਿੱਤ੍ਰਾਂ ਦੇ ਪੁੱਤਰ ਸਨ। ਕਾਮਦੇਵ ਵਾਂਗ ਜਿਹੜੇ ਸੁੰਦਰ ਸਨ, ਖੇਡਦੇ ਖੇਡਦੇ ਵੱਡੇ ਹੋ ਗਏ॥ ੬੧॥

ਬਿਸ੍ਵਾਮਿੱਤ੍ਰ ਹੁਤੋ ਮੁਨਿਰਾਈ। ਜੱਗ ਕਰਨ ਤਿਨ ਸੌਜ ਬਨਾਈ।
ਬਿਘਨ ਕੀਨ ਤਬ ਦੈਂਤਨ ਆਈ। ਮਖ ਕਰਿਨੇ ਤੇ ਦੀਨ ਹਟਾਈ॥ ੬੨॥

ਵਿਸ਼ਵਾਮਿੱਤਰ ਉਨ੍ਹਾਂ ਦਾ ਵੱਡਾ ਰਿਸ਼ੀ ਸੀ। ਯੱਗ ਕਰਨ ਦੀ ਉਸ ਸਮੱਗਰੀ ਇਕੱਠੀ ਕੀਤੀ। ਦੈਂਤਾਂ ਨੇ ਆ ਕੇ ਵਿਚ ਵਿਘਨ ਪਾ ਦਿੱਤਾ, ਯੱਗ ਕਰਨ ਤੋਂ ਹਟਾ ਦਿੱਤਾ॥ ੬੨॥

ਬੈਠਿ ਮੁਨੀਸ਼ੁਰ ਕੀਨੋ ਧਜਾਨਾ। ਜਗਤ ਸਰਬ ਬਿਰਤੰਤ ਪਛਾਨਾ।
ਰਾਵਨ ਤੇ ਦੇਵਨ ਦੁਖ ਪਾਈ। ਗਏ ਅਕਾਲ ਪੁਰਖੁ ਸ਼ਰਨਾਈ॥ ੬੩॥

ਮੁਨੀਦੇਵ ਨੇ ਬੈਠ ਕੇ ਧਿਆਨ ਧਾਰਨ ਕੀਤਾ, ਸਾਰੇ ਜਗਤ ਦਾ ਬਿਰਤਾਂਤ ਪਛਾਣਿਆ। ਰਾਵਣ ਨੇ ਦੇਵਤਿਆਂ ਨੂੰ ਜਦ ਦੁਖੀ ਕੀਤਾ ਤਾਂ ਉਹ ਇਕੱਠੇ ਹੋ ਕੇ ਅਕਾਲ ਪੁਰਖ ਦੀ ਸ਼ਰਨ ਵਿਚ ਗਏ॥ ੬੩॥

ਭਾਖਿ ਪ੍ਰਸੰਸਾ ਬਿਨਤੀ ਕੀਨੀ। ਸ੍ਰੀ ਕਰਤਾਰ ਸਰਬ ਜਬ ਚੀਨੀ।
ਤਬ ਸ੍ਰੀ ਬਿਸ਼ਨੁ ਧਰਜੋ ਅਵਤਾਰਾ। ਦੈਂਤ ਸਰਬ ਕੋ ਕਰਹਿ ਸੰਘਾਰਾ॥ ੬੪॥

ਵਾਹਿਗੁਰੂ ਦੀ ਪ੍ਰਸੰਸ਼ਾ ਕਰਕੇ ਬੇਨਤੀ ਕੀਤੀ। ਸ੍ਰੀ ਕਰਤਾਰ ਨੂੰ ਜਦ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਵਿਸ਼ਨੂੰ ਦਾ ਅਵਤਾਰ ਧਾਰਨ ਕੀਤਾ। ਸਾਰੇ ਦੈਂਤਾਂ ਦਾ ਉਸ ਖਾਤਮਾ ਕੀਤਾ॥ ੬੪॥

ਕਰਿਕੈ ਧਜਾਨ ਲਖਜੋ ਅਸ ਜਬਹੀ। ਅਯੋ ਅਯੁੱਧਜਾ ਮੁਨਿਵਰ ਤਬਹੀ।
ਨ੍ਰਿਪ ਨੈ ਸਨਮਾਨਜੋ ਕਰਿ ਬੰਦਨ। ਕੀਨੋ ਜਾਚਨ ਜੇਸ਼ਟ ਨੰਦਨ॥ ੬੫॥

ਜਦ ਮੁਨੀਵਰ ਨੇ ਇਸ ਤਰ੍ਹਾਂ ਧਿਆਨ ਧਾਰ ਕੇ ਵੇਖਿਆ ਤਾਂ ਉਹ ਫਿਰ ਅਯੁਧਿਆ ਵਿਖੇ ਆਇਆ। ਰਾਜੇ ਨੇ ਬੰਦਨਾ ਕਰਕੇ ਸਨਮਾਨਿਤ ਕੀਤਾ ਅਤੇ ਉਸਨੇ ਵੱਡੇ ਪੁੱਤਰ ਦੀ ਮੰਗ ਕੀਤੀ॥ ੬੫॥

ਲੇ ਨ੍ਰਿਪ ਤੇ ਰਘੁਬਰ ਬਰਿਆਈ। ਆਸ਼੍ਰਮ ਗਮਨਜੋ ਹਰਖ ਬਢਾਈ।
ਮਾਰਗ ਬਿਖੈ ਤਾਰਕਾ ਮਾਰੀ। ਦੋਇ ਦੈਂਤ ਆਏ ਬਲਿ ਭਾਰੀ॥ ੬੬॥

ਰਾਜੇ ਪਾਸੋਂ ਆਗਿਆ ਲੈ ਕੇ, ਰਾਮ ਚੰਦਰ ਬੜਾ ਖੁਸ਼ ਹੋ ਕੇ ਰਿਸ਼ੀ ਦੇ ਆਸ਼੍ਰਮ ਗਿਆ। ਮਾਰਗ ਵਿਖੇ ਇਕ ਤਾਰਕਾ ਨਾਮ ਦੀ ਰਾਕਸ਼ਨੀ ਨੂੰ ਮਾਰਿਆ। ਫਿਰ ਦੋ ਭਾਰੀ ਬਲ ਵਾਲੇ ਦੈਂਤ ਆਏ॥ ੬੬॥

ਬਿਨ ਫਰ ਸਰ ਮਰੀਚਕੈ ਮਾਰਾ। ਜਾਇ ਪਰਜੋ ਲੰਕਾ ਕੇ ਦ੍ਵਾਰਾ।
ਹਨਜੋ ਸੁ ਬਾਹੁ ਰਾਮ ਪੁਨ ਤੂਰਨ। ਰਿਖਿਵਰ ਕੀਨੋ ਮੱਖ ਸੰਪੂਰਨ॥ ੬੭॥

ਨੋਕ ਬਿਨਾਂ ਤੀਰ ਮਰੀਚਕ ਨੂੰ ਮਾਰਿਆ, ਜਿਹੜਾ ਲੰਕਾ ਦੇ ਦੁਆਰ ਜਾ ਕੇ ਡਿੱਗਾ। ਫਿਰ ਸੁਬਾਹੂ ਨਾਮ ਦੇ ਦੈਂਤ ਨੂੰ ਤੁਰਤ ਮਾਰ ਦਿੱਤਾ ਅਤੇ ਰਿਖੀਵਰ ਨੇ ਯੱਗ ਸੰਪੂਰਣ ਕੀਤਾ॥ ੬੭॥

ਤਿਹਂ ਛਿਨ ਜਨਕ ਦੂਤ ਚਲਿ ਆਵਾ। ਸੁਤਾ ਸੁਯੰਬਰ ਜਾਂਹਿ ਰਚਾਵਾ।

ਲੀਨ ਮੁਨੀ ਸੰਗਿ ਦੋਨੋ ਭਾਈ। ਗਯੋ ਬਿਦੇਹਿ ਨਗਰ ਜਿਹ ਥਾਈਂ ॥੬੮॥

ਉਸ ਵੇਲੇ ਰਾਜੇ ਜਨਕ ਦਾ ਦੂਤ ਚਲ ਕੇ ਆਇਆ ਅਤੇ ਉਸ ਆਪਣੀ ਪੁੱਤਰੀ ਦਾ ਸਵੰਬਰ ਜਾ ਰਚਾਇਆ। ਮੁਨੀ ਨੇ ਦੋਵਾਂ ਭਰਾਵਾਂ ਨੂੰ ਨਾਲ ਲਿਆ ਅਤੇ ਜਨਕ ਦੇ ਨਗਰ ਪਹੁੰਚ ਗਿਆ॥ ੬੮॥

ਤਹਿਂ ਬਹੁ ਭੂਪਨ ਭਯੋ ਸਮਾਜਾ। ਧਨੁ ਤੋਰਨ ਕੋ ਸਰਜੋ ਨ ਕਾਜਾ।
ਮੁਨਿ ਰਜਾਇ ਤੇ ਉਠੇ ਰਘੇਸ਼ਾ। ਭੰਜਯੋ ਚਾਂਪਹਿ ਪਿਖਤਿ ਨਰੇਸ਼ਾ ॥੬੯॥

ਓਥੇ ਬਹੁਤ ਰਾਜੇ ਇਕੱਠੇ ਹੋਏ ਸਨ, ਕਿਸੇ ਪਾਸੋਂ ਵੀ ਧਨੁੱਖ ਤੋੜਨ ਦਾ ਕੰਮ ਨਾ ਹੋਇਆ। ਮੁਨੀ ਦੀ ਆਗਿਆ ਲੈ ਕੇ ਸ੍ਰੀ ਰਾਮਚੰਦਰ ਉਠਿਆ ਅਤੇ ਸਾਰੇ ਰਾਜਿਆਂ ਦੇ ਵੇਖਦਿਆਂ ਧਨੁੱਖ ਤੋੜ ਦਿੱਤਾ॥ ੬੯॥

ਜਨਕ ਸੁਤਾ ਸੀਤਾ ਜਿਹ ਨਾਮੂ। ਫੂਲ ਮਾਲ ਡਾਰੀ ਗਰ ਰਾਮੂ।
ਬਹੁਰੋ ਦਸ਼ਰਥ ਲੀਨ ਬੁਲਾਈ। ਸਜਿ ਬਰਾਤ ਆਏ ਤਿਹ ਥਾਈਂ ॥੭੦॥

ਜਨਕ ਦੀ ਲੜਕੀ ਜਿਸ ਦਾ ਨਾਂ ਸੀਤਾ ਸੀ, ਉਸ ਰਾਮਚੰਦਰ ਦੇ ਗਲ ਫੁਲਮਾਲਾ ਪਹਿਣਾ ਦਿੱਤੀ। ਫਿਰ ਦਸ਼ਰਥ ਨੇ ਉਨ੍ਹਾਂ ਨੂੰ ਬੁਲਾ ਲਿਆ ਅਤੇ ਬਰਾਤ ਸਜਾ ਕੇ ਉਸ ਥਾਂ ਆਏ॥ ੭੦॥

ਚਾਰੁ ਪੁੱਤ੍ਰ ਕੋ ਕੀਨ ਬਿਵਾਹਾ। ਭਾ ਤਿਹ ਛਿਨ ਅਤਿਸ਼ੈ ਉਤਸਾਹਾ।
ਨਗਰ ਅਯੁੱਧਯਾ ਪੁਨ ਚਲਿ ਆਏ। ਕਿਤਿਕ ਦਿਵਸ ਬਸਿ ਜਬੈ ਬਿਤਾਏ ॥੭੧॥

ਚਾਰਾਂ ਪੁੱਤਰਾਂ ਦਾ ਵਿਆਹ ਕਰ ਦਿੱਤਾ, ਉਹ ਸਮਾਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਫਿਰ ਚਲ ਕੇ ਅਯੁਧਿਆ ਨਗਰ ਵਿਚ ਆ ਗਏ। ਕਈ ਦਿਨ ਰਹਿੰਦਿਆਂ ਜਦ ਬੀਤ ਗਏ॥ ੭੧॥

ਭਰਤ ਬਿਦੇਸ਼ ਕੀਨ ਤਬ ਗਵਨੰ। ਰਘੁਬਰ ਰੁਚਿਰ ਬਿਰਾਜਹਿਂ ਭਵਨੰ।
ਦਸ਼ਰਥ ਅਪਨ ਅਵਸਥਾ ਦੇਖੀ। ਦੇਉਂ ਰਾਜ ਸੁਤ ਚਾਹਿ ਵਿਸ਼ੇਖੀ ॥੭੨॥

ਭਰਤ ਫਿਰ ਵਿਦੇਸ਼ ਵਿਚ ਚਲਾ ਗਿਆ। ਰਾਮ ਚੰਦਰ ਜੀ ਘਰ ਵਿਚ ਸੁੰਦਰ ਬਿਰਾਜ ਰਹੇ ਸਨ। ਦਸ਼ਰਥ ਨੇ ਜਦ ਆਪਣੀ ਬਿਰਧ ਅਵਸਥਾ ਵੇਖੀ ਤਾਂ ਰਾਜ ਆਪਣੇ ਵੱਡੇ ਪੁੱਤਰ ਨੂੰ ਦੇਣਾ ਚਾਹਿਆ॥ ੭੨॥

ਅਭਿਖੇਕਨ ਕੋ ਸਮਾਂ ਬਿਚਾਰੀ। ਸਰਬ ਸੌਜ ਕੀਨੀ ਜਬ ਤਯਾਰੀ।
ਸੁਨਤਿ ਕੈਕਈ ਕੋ ਮਨ ਛੋਭਾ। ਰਾਜ ਲੇਨਿ ਸੁਤ ਕੋ ਭਾ ਲੋਭਾ ॥੭੩॥

ਰਾਜ ਤਿਲਕ ਲਾਉਣ ਦੇ ਸਮੇਂ ਬਾਰੇ ਵਿਚਾਰ ਕੀਤੀ ਗਈ। ਸਾਰੀ ਸਮੱਗਰੀ ਜਦ ਤਿਆਰ ਹੋ ਗਈ। ਇਹ ਸੁਣ ਕੇ ਕੈਕਈ ਨੂੰ ਬਹੁਤ ਦੁੱਖ ਹੋਇਆ। ਉਸ ਦੇ ਮਨ ਵਿਚ ਆਪਣੇ ਪੁੱਤਰ ਨੂੰ ਰਾਜ ਦੇਣ ਦਾ ਲੋਭ ਜਾਗਿਆ॥ ੭੩॥

ਜਬ ਭੂਪਤਿ ਤਿਹ ਭਵਨ ਪਧਾਰਾ। ਰਹੀ ਰੂਠਿ ਨਹਿਂ ਬਚਨ ਉਚਾਰਾ।
ਬਿਸਮਾਨਯੋ ਨ੍ਰਿਪ ਲਖਿ ਭੈ ਨਾਰੀ। ਚੰਦ ਬਦਨ ! ਹੇ ਪ੍ਰਾਨ ਪਿਆਰੀ ! ॥੭੪॥

ਜਦ ਰਾਜਾ ਉਸ ਦੇ ਮਹਿਲਾਂ ਵਿਚ ਗਿਆ, ਤਾਂ ਉਹ ਰੁੱਸੀ ਰਹੀ ਅਤੇ ਰਾਜੇ ਨਾਲ ਨਾ ਬੋਲੀ। ਨਾਰੀ ਦਾ ਭੈਅ ਵੇਖ ਕੇ ਰਾਜਾ ਘਬਰਾ ਗਿਆ, ਕਹਿਣ ਲੱਗਾ, "ਹੇ ਚੰਦ ਬਦਨ ! ਮੇਰੀ ਪ੍ਰਾਣ ਪਿਆਰੀ ! ॥ ੭੪॥

ਚਹਹੁ ਜੁ ਲੇਹੁ ਕਰਹੁ ਕਿਉਂ ਰੋਸੁ। ਕਿਹ ਨੈ ਕੀਨ ਆਜ ਤਵ ਦੋਸੁ।
ਸੁਨਿ ਕੈ ਬੋਲੀ ਲਾਲਸ ਮਨ ਕੀ। 'ਪ੍ਰਤਿਪਾਲਾ ਕਰਿ ਅਪਨ ਬਚਨ ਕੀ ॥੭੫॥

ਜੇ ਤੂੰ ਚਾਹੁੰਦੀ ਹੈਂ ਲੈ ਲਵੇ, ਰੋਸਾ ਕਿਉਂ ਕਰਦੀ ਹੈ, ਅੱਜ ਕਿਸ ਨੇ ਤੈਨੂੰ ਦੁਖੀ ਕੀਤਾ ਹੈ।" ਇਹ ਸੁਣ ਕੇ ਆਪਣੇ ਮਨ ਦੀ ਲਾਲਸਾ ਅਨੁਸਾਰ ਬੋਲੀ, "ਆਪਣੇ ਬਚਨ ਨੂੰ ਪੂਰਾ ਕਰੋ॥ ੭੫॥

ਦ੍ਵੈ ਬਰ ਦੇਨਿ ਕਹੇ ਜੋ ਮੋਹੂ। ਸੋ ਨਹਿਂ ਦੇਉ, ਭਯੋ ਮੁਝ ਰੋਹੂ।
ਦੇਹੁ ਅਬੈ ਤਉ ਜੀਵਨ ਮੇਰਾ। ਨਾਤੁਰ ਮਰਨ ਲਖਹੁ ਇਸ ਬੇਰਾ" ॥੭੬॥

ਜਿਹੜੇ ਤੁਸੀਂ ਦੋ ਬਚਨ ਮੈਨੂੰ ਦਿੱਤੇ ਸਨ, ਜੇ ਉਹ ਦੋਵੇਂ ਬਚਨ ਪੂਰੇ ਨਹੀਂ ਕਰੋਗੇ ਤਾਂ ਮੈਂ ਬਹੁਤ ਰੋਸਾ ਕਰਾਂਗੀ। ਹੁਣ ਮੇਰਾ ਜੀਵਨ ਮੈਨੂੰ ਦੇ ਦੇਵੋ, ਨਹੀਂ ਤਾਂ ਇਸ ਵਾਰ ਮੇਰਾ ਮਰਨਾ ਵੇਖ ਲਵੋ" ॥ ੭੬ ॥

ਨ੍ਰਿਪ ਨੈ ਕਹਯੋ ਚਾਹਿ ਜੋ ਲੀਜੈ। ਬੋਲੀ ਰਾਜ ਤਾਤ ਮੁਹਿ ਦੀਜੈ।
ਭੂਪਤਿ ਅਪਨੋ ਬਚਨ ਨ ਹਾਰਯੋ। ਦਿਯੋ ਰਾਜ ਤਿਹ ਬਹੁਤ ਧਿਕਾਰਯੋ॥੭੭॥

ਰਾਜੇ ਨੇ ਕਿਹਾ ਜੋ ਚਾਹੋ ਲੈ ਲਵੋ। ਕੈਕੇਈ ਨੇ ਕਿਹਾ, "ਰਾਜ ਮੇਰੇ ਪੁੱਤਰ ਨੂੰ ਦੇਵੋ।" ਰਾਜਾ ਆਪਣੇ ਬਚਨਾਂ ਤੋਂ ਨਾ ਹਾਰਿਆ ਤੇ ਰਾਜ ਉਸ ਦੇ ਪੁੱਤਰ ਨੂੰ ਦੇ ਦਿੱਤਾ॥ ੭੭॥

ਦੂਸਰ ਬਰ ਰਘੁਬਰ ਬਨਬਾਸਾ। ਸੁਨਿ ਨ੍ਰਿਪ ਤਜੀ ਜਿਯਨ ਕੀ ਆਸਾ।
ਰਾਮਚੰਦ ਤਬ ਬਿਪਨ ਪਧਾਰੇ। ਸੀਤਾ ਲਛਮਨ ਲੀਨ ਸੰਗਾਰੇ ॥੭੮॥

ਦੂਸਰਾ ਵਰ ਇਹ ਹੈ ਕਿ ਰਾਮ ਚੰਦਰ ਬਨਬਾਸ ਵਿਚ ਜਾਵੇ। ਇਹ ਸੁਣ ਕੇ ਰਾਜੇ ਨੇ ਜੀਵਨ ਦੀ ਆਸ ਛੱਡ ਦਿੱਤੀ। ਰਾਮ ਚੰਦਰ ਫਿਰ ਬਨਬਾਸ ਚਲੇ ਗਏ। ਸੀਤਾ ਅਤੇ ਲਛਮਣ ਨੂੰ ਉਹ ਨਾਲ ਲੈ ਗਏ॥ ੭੮॥

ਪੁਰਿ ਆਤੁਰ ਅਤਿ ਉਰ ਨਰ ਨਾਰੀ। ਰਾਮ ਬਿਰਹ ਬਜਾਪਯੋ ਦੁਖ ਭਾਰੀ।
ਸੁਤ ਕੇ ਬਿਰਹ ਦਸਰਥ ਤਨ ਛੋਰਾ। ਪ੍ਰੀਤਮ ਪ੍ਰੰਨ ਨਿਬਾਹਯੋ ਓਰਾ॥੭੯॥

ਸਾਰੇ ਨਗਰ ਦੇ ਨਰ ਨਾਰੀ ਬਹੁਤ ਦੁਖੀ ਹੋਏ, ਰਾਮ ਦੇ ਵਿਛੋੜੇ ਦਾ ਸਾਰੇ ਸੋਗ ਪੱਸਰ ਗਿਆ। ਪੁੱਤਰ ਦੇ ਵਿਛੋੜੇ ਵਿਚ ਰਾਜਾ ਦਸਰਥ ਸਰੀਰ ਛੱਡ ਗਿਆ। ਰਾਮਚੰਦਰ ਨੇ ਓੜਕ ਤਕ ਪ੍ਰਣ ਨਿਬਾਹਿਆ॥ ੭੯॥

ਰਿਖਿ ਬਸਿਸ਼ਟ ਦੇਖਯੋ ਅਸ ਹਾਲਾ। ਭਰਤ ਬੁਲਾਇ ਪਠੇ ਤਤਕਾਲਾ।
ਆਨਿ ਦੀਖ ਜਬ ਸਰਬ ਕੁਚਾਲੀ। ਬਜਾਪੀ ਉਰ ਮਹਿਂ ਪੀਰ ਬਿਸਾਲੀ॥੮੦॥

ਜਦ ਵਿਸ਼ਿਸ਼ਟ ਰਿਖੀ ਨੇ ਇਹ ਹਾਲ ਵੇਖਿਆ ਤਾਂ ਭਰਤ ਨੂੰ ਤੁਰਤ ਬੁਲਾ ਭੇਜਿਆ। ਜਦ ਭਰਤ ਨੇ ਆ ਕੇ ਇਹ ਖੋਟੀ ਚਾਲ ਵੇਖੀ ਤਾਂ ਉਹ ਆਪਣੇ ਦਿਲ ਵਿਚ ਬਹੁਤ ਦੁਖੀ ਹੋਇਆ॥ ੮੦॥

ਸੁਨਿ ਨਿਜ ਜਨਨੀ ਅਧਿਕ ਧਿਕਾਰੀ। ਬਿਧਿ ਸੋਂ ਪਿਤ ਕੀ ਕਾਯਾਂ ਜਾਰੀ।
ਰੁਦਨ ਕਰਤਿ ਪੁਰਿ ਛੋਰਿ ਸਿਧਾਰਾ। ਜਹਿਂ ਗਮਨੇ ਰਘੁਰਾਇ ਉਦਾਰਾ॥੮੧॥

ਇਹ ਸੁਣ ਕੇ ਉਸ ਆਪਣੀ ਨਿਜੀ ਮਾਂ ਨੂੰ ਬੜੀਆਂ ਲਾਹਨਤਾਂ ਪਾਈਆਂ। ਮਰਯਾਦਾ ਅਨੁਸਾਰ ਪਿਤਾ ਜੀ ਦੇ ਸਰੀਰ ਦਾ ਸਸਕਾਰ ਕੀਤਾ, ਅਤੇ ਰੋਂਦਾ ਹੋਇਆ ਨਗਰ ਛੱਡ ਕੇ ਓਥੇ ਚਲੇ ਗਿਆ ਜਿਥੇ ਕਿਰਪਾਲੂ ਰਾਮਚੰਦਰ ਗਏ ਸਨ॥ ੮੧॥

ਮਿਲਯੋ ਬਿਪਨ ਮਹਿਂ ਹੋਇ ਬਿਹਾਲਾ। ਬੰਦਹਿ ਪਦ ਕੋ ਪ੍ਰੇਮ ਬਿਸਾਲਾ।
ਛਿਮਹੁ ਨਾਥ ! ਅਪਰਾਧ ਹਮਾਰੇ। ਕੈ ਘਰਿ ਚਲਹੁ ਕਿ ਲੇਹੁ ਸੰਗਾਰੇ॥੮੨॥

ਦੁਖੀ ਹੋ ਕੇ ਬਣ ਵਿਚ ਜਾ ਕੇ ਮਿਲਿਆ ਅਤੇ ਬੜੇ ਪ੍ਰੇਮ ਨਾਲ ਚਰਨਾਂ 'ਤੇ ਬੰਦਨਾ ਕੀਤੀ ਅਤੇ ਕਿਹਾ, "ਹੇ ਮੇਰੇ ਮਾਲਕ ! ਮੁਆਫ਼ ਕਰੋ, ਸਾਥੋਂ ਬਹੁਤ ਵੱਡਾ ਅਪਰਾਧ ਹੋਇਆ ਹੈ। ਮੈਂ ਤੁਹਾਨੂੰ ਆਪਣੇ ਨਾਲ ਘਰ ਲੈ ਕੇ ਚੱਲਾਂਗਾ॥ ੮੨॥

ਸੱਤਿਸੰਧ ਸ੍ਰੀ ਰਾਮ ਬਿਚਾਰਾ। ਧੀਰਜ ਦੀਨ ਭਰਤ ਕੋ ਭਾਰਾ।
ਦੇਯ ਖਰਾਂਵ ਸਦਨ ਕੋ ਮੋੜ੍ਹਾ। ਗਮਨੇ ਆਪ ਬਿਪਨ ਕੀ ਓਰਾ॥੮੩॥

ਸੱਚ ਦੇ ਸਮੁੰਦਰ ਭਾਵ ਸ੍ਰੀ ਰਾਮ ਨੇ ਵਿਚਾਰ ਕੀਤੀ ਅਤੇ ਭਰਤ ਨੂੰ ਬਹੁਤ ਧੀਰਜ ਦਿੱਤਾ। ਉਸ ਨੂੰ ਆਪਣੀ ਖੜਾਂਵ ਦੇ ਕੇ ਘਰ ਨੂੰ ਮੋੜ ਦਿੱਤਾ ਅਤੇ ਆਪ ਜੰਗਲ ਦੇ ਅੰਦਰ ਚਲੇ ਗਏ॥ ੮੩॥

ਬਿਚਰਤ ਕੇਤਿਕ ਦਿਵਸ ਬਿਤਾਏ। ਮੁਨਿ ਅਗਸਤ ਕੇ ਆਸ਼੍ਰਮ ਆਏ।
ਤਹਿਂ ਬਸ ਬਹੁਰੋ ਗਏ ਅਗਾਰੀ। ਜਹਿਂ ਰਾਵਨ ਬਹਨੀ ਕੀ ਬਾਰੀ॥੮੪॥

ਫਿਰਦਿਆਂ ਫਿਰਦਿਆਂ ਕਈ ਦਿਨ ਬਿਤੀਤ ਕੀਤੇ ਤੇ ਫਿਰ ਅਗਸਤ ਮੁਨੀ ਦੇ ਆਸ਼੍ਰਮ ਵਿਚ ਪਹੁੰਚ ਗਏ। ਓਥੇ ਕੁਝ ਸਮਾਂ ਠਹਿਰ ਕੇ ਅੱਗੇ ਚਲੇ ਗਏ ਜਿਥੇ ਰਾਵਣ ਦੀ ਭੈਣ ਦੀ ਬਗੀਚੀ ਸੀ॥ ੮੪॥

ਪਰਨ ਕੁਟੀ ਤਹਿਂ ਜਾਇ ਬਨਾਈ। ਲਛਮਨ ਸਹਤ ਰਹੇ ਰਘੁਰਾਈ।
ਸੂਪਨਖਾ ਇਕ ਦਿਨ ਚਲਿ ਆਈ। ਰੂਪ ਵਿਲੋਕਤਿ ਰਹੀ ਲੁਭਾਈ॥੮੫॥

ਓਥੇ ਜਾ ਕੇ ਭੋਜ ਪੱਤਰਾਂ ਦੀ ਕੁਟੀਆ ਬਣਾ ਲਈ, ਰਾਮਚੰਦਰ ਜੀ ਲਛਮਣ ਸਮੇਤ ਓਥੇ ਰਹੇ। ਇਕ ਦਿਨ ਰਾਵਣ ਦੀ ਭੈਣ ਸੂਪਨਖਾ ਓਥੇ ਚਲ ਕੇ ਆਈ। ਸੁੰਦਰ ਸਰੂਪ ਵੇਖ ਕੇ ਲੋਭਿਤ ਹੋ ਗਈ॥ ੮੫॥

ਕਹੈ, ਕਿ ਬਰਹੁ ਮੁਝਹਿ ਕਰਿ ਪ੍ਰੀਤੇ। ਨਤੁ ਮਾਰੋਂ ਤੁਮ ਕੋ ਮੈਂ ਜੀਤੇ।
ਸੁਨਿ ਲਛਮਨ ਕਿਯ ਕ੍ਰੋਧ ਘਨੇਰਾ। ਕਾਟਜੋਸ ਨਾਕ ਕਾਨ ਤਿਸ ਬੇਰਾ॥੮੬॥

ਕਹਿਣ ਲੱਗੀ, "ਮੇਰੇ ਨਾਲ ਪਿਆਰ ਕਰਕੇ ਵਿਆਹ ਕਰੋ, ਨਹੀਂ ਤਾਂ ਮੈਂ ਤੁਹਾਨੂੰ ਜਿਤ ਕੇ ਮਾਰ ਦੇਵਾਂਗੀ।" ਇਹ ਸੁਣ ਕੇ ਲਛਮਣ ਨੇ ਬਹੁਤ ਗੁੱਸਾ ਕੀਤਾ, ਉਸੇ ਵੇਲੇ ਉਸ ਦਾ ਨੱਕ ਤੇ ਕੰਨ ਵੱਢ ਲਏ॥ ੮੬॥

ਸੋ ਰਾਵਨ ਢਿਗ ਜਾਇ ਪੁਕਾਰੀ। ਕਹੈ, ਕਿ ਤਿਨ ਸੰਗਿ ਸੁੰਦਰ ਨਾਰੀ।
ਸੋ ਲਜਾਵਨ ਗਮਨੀ ਹਿਤ ਤੇਰੇ। ਨਾਸਾਂ ਕਰਨ ਕਟੇ ਤਿਨ ਮੇਰੇ॥੮੭॥

ਉਹ ਰਾਵਣ ਦੇ ਪਾਸ ਜਾ ਕੇ ਰੋਈ, ਕਹਿਣ ਲੱਗੀ, "ਉਨ੍ਹਾਂ ਦੇ ਨਾਲ ਇਕ ਸੁੰਦਰ ਨਾਰੀ ਵੀ ਹੈ, ਤੇਰੇ ਵਾਸਤੇ ਲਿਆਉਣ ਵਾਸਤੇ ਮੈਂ ਓਥੇ ਗਈ ਸੀ, ਉਨ੍ਹਾਂ ਮੇਰਾ ਨੱਕ ਅਤੇ ਕੰਨ ਵੱਢ ਲਏ ਹਨ"॥ ੮੭॥

ਸੁਨਿ ਰਾਵਨ ਮਨ ਕ੍ਰੋਧ ਘਨੇਰਾ। ਕਿਯ ਮਰੀਚ ਮ੍ਰਿਗ ਕੰਚਨ ਕੇਰਾ।
ਪਠਜੋ, ਤ੍ਰਿਮੁੰਡੰ ਮਾਰਾ ਸੁਨਾ। ਚਲਜੋ ਆਪ ਪੁਨ ਜੁਗਿਯਾ ਬਨਾ॥੮੮॥

ਇਹ ਸੁਣ ਕੇ ਰਾਵਣ ਨੇ ਮਨ ਵਿਚ ਬਹੁਤ ਗੁਸਾ ਕੀਤਾ, ਮਰੀਚ ਨੂੰ ਸੋਨੇ ਦਾ ਹਿਰਨ ਬਣਾ ਲਿਆ। ਫਿਰ ਤ੍ਰਿਮੁੰਡ ਨਾਂ ਦੇ ਦੈਂਤ ਨੂੰ ਭੇਜਿਆ, ਪਰ ਜਦ ਇਹ ਸੁਣਿਆ ਕਿ ਉਹ ਮਾਰਿਆ ਗਿਆ ਤਾਂ ਆਪ ਜੋਗੀ ਦਾ ਭੇਸ ਬਣਾ ਕੇ ਚਲਾ ਗਿਆ॥ ੮੮॥

ਕੰਚਨ ਮ੍ਰਿਗ ਜਬ ਦੀਨਿ ਦਿਖਾਈ। ਸੀਤਾ ਪ੍ਰੇਰੇ ਗੇ ਰਘੁਰਾਈ।
ਪਾਛੇ ਲਛਮਨ ਬਹੁਰ ਪਧਾਰਾ। ਰਾਵਨ ਅਵਸਰ ਪਾਇ ਸੁਖਾਰਾ॥੮੯॥

ਜਦ ਸੋਨੇ ਦਾ ਹਿਰਨ ਵਿਖਾਈ ਦਿੱਤਾ ਤਾਂ ਸੀਤਾ ਨੇ ਰਾਮਚੰਦਰ ਨੂੰ ਪ੍ਰੇਰਿਆ ਕਿ ਉਹ ਹਿਰਨ ਨੂੰ ਫੜ ਕੇ ਲਿਆਵੇ। ਜਦ ਰਾਮਚੰਦਰ ਚਲਾ ਗਿਆ ਤਾਂ ਉਸ ਦੇ ਪਿਛੇ ਲਛਮਣ ਵੀ ਗਿਆ। ਸੀਤਾ ਨੂੰ ਇਕੱਲੀ ਵੇਖ ਕੇ ਰਾਵਣ ਨੂੰ ਸੌਖਾ ਮੌਕਾ ਮਿਲ ਗਿਆ॥ ੮੯॥

ਅਲਖ ਜਗਾਈ ਤੰਦੁਲ ਜਾਚੇਂ। ਲਖੀ ਸੀਯ ਇਹ ਜੁਗਿਯਾ ਸਾਚੇ।
ਭਿੱਖਜਾ ਪਾਵਨ ਕੋ ਜਬ ਆਈ। ਗਹਿ ਕਰਿ ਗਮਨਜੋ ਗੈਨ ਉਡਾਈ॥੯੦॥

ਚਾਵਲ ਮੰਗਣ ਵਾਸਤੇ ਅਲਖ ਜਗਾਈ। ਸੀਤਾ ਨੇ ਵੇਖਿਆ ਕਿ ਇਹ ਕੋਈ ਸੱਚਾ ਜੋਗੀ ਹੈ, ਭਿਖਿਆ ਦੇਣ ਵਾਸਤੇ ਜਦ ਆਈ, ਰਾਵਣ ਉਸ ਨੂੰ ਚੁੱਕ ਕੇ ਅਕਾਸ਼ ਵਿਚ ਉਡਾ ਕੇ ਲੈ ਗਿਆ॥ ੯੦॥

ਰਾਮਚੰਦ੍ਰ ਹਟਿ ਕਰਿ ਪੁਨ ਆਏ। ਕੁਟੀ ਬਿਲੋਕਤਿ ਸੋਚ ਬਢਾਏ।
ਬਿਚਰਤਿ ਬਿਪਨ ਬਿਖੈ ਬਿਰਲਾਪਤਿ। ਸੀਤਾ ਸੀਤਾ ਊਚ ਅਲਾਪਤਿ॥੯੧॥

ਬਾਅਦ ਵਿਚ ਰਾਮਚੰਦਰ ਓਥੇ ਆਇਆ ਤਾਂ ਕੁਟੀਆ ਵੇਖ ਕੇ ਸੋਚੀਂ ਪੈ ਗਿਆ। ਫਿਰ ਜੰਗਲ ਵਿਚ ਭੱਜ ਭੱਜ ਕੇ ਵਿਰਲਾਪ ਕਰਨ ਲੱਗਾ ਅਤੇ ਸੀਤਾ ਸੀਤਾ ਉੱਚੀ ਉੱਚੀ ਪੁਕਾਰਨ ਲੱਗ ਗਿਆ॥ ੯੧॥

ਖੋਜਤਿ ਪਾਇ ਨ ਕਾਹੂ ਠੌਰਾ। ਸੁਧ ਭੂਲੀ ਤਨ ਰਘੁਕੁਲ ਮੌਰਾ।
ਬਨ ਮਹਿਂ ਰਹਤਿ ਕਪਿਸ਼ ਹਨੁਮਾਨਾ। ਕੀਨ ਸਖਾਪਨਿ ਦ੍ਵੈ ਦੁਖਵਾਨਾ॥੯੨॥

ਖੋਜ ਕਰਨ ਨਾਲ ਕਿਤੇ ਵੀ ਪਤਾ ਨਾ ਲੱਗਾ ਤੇ ਰਾਮਚੰਦਰ ਆਪਣੀ ਸੁੱਧ ਬੁੱਧ ਖੋ ਬੈਠਾ। ਉਸ ਵਣ ਵਿਚ ਬਾਂਦਰਾਂ ਦਾ ਰਾਜਾ ਸੁਗਰੀਵ ਅਤੇ ਹਨੂੰਮਾਨ ਰਹਿੰਦੇ ਸਨ। ਸੁਗਰੀਵ ਅਤੇ ਰਾਮਚੰਦਰ ਦੋਹਾਂ ਦੁਖੀਆਂ ਦੀ ਮਿੱਤਰਤਾ ਹੋ ਗਈ।

ਸੁਗਰੀਵ ਅਤੇ ਰਾਮਚੰਦਰ ਦੋਵੇਂ ਇਸ ਕਰਕੇ ਦੁੱਖੀ ਸਨ ਕਿ ਸੁਗਰੀਵ ਦੀ ਇਸਤਰੀ ਬਾਲੀ ਲੈ ਗਿਆ ਸੀ ਅਤੇ ਰਾਮ ਦੀ ਇਸਤਰੀ ਰਾਵਣ ਲੈ ਗਿਆ ਸੀ॥ ੯੨॥

ਭ੍ਰਾਤ ਸੁਗ੍ਰੀਵਹਿ ਕੋ ਬਲਿ ਬਾਲੀ। ਰਾਜ ਨਾਰ ਲੇ ਕੀਨਿ ਕੁਚਾਲੀ।
ਇਕ ਸਰ ਸੋ ਰਘੁਬਰੁ ਤਿਹ ਮਾਰਾ। ਤਿਹ ਕੋ ਕਾਜ ਪ੍ਰਿਥਮ ਕਿਯ ਸਾਰਾ॥੯੩॥

ਸੁਗਰੀਵ ਦੇ ਭਰਾ ਬਾਲੀ ਨੇ ਖੋਟੀ ਚਾਲ ਖੇਡ ਕੇ ਉਸ ਦਾ ਰਾਜ ਅਤੇ ਉਸ ਦੀ ਨਾਰੀ ਖੋਹ ਲਈ ਸੀ। ਇਕ ਤੀਰ ਜੋ ਰਾਮ ਚੰਦਰ ਨੇ ਮਾਰਿਆ, ਤਾਂ ਬਾਲੀ ਮਾਰਿਆ ਗਿਆ ਅਤੇ ਰਾਜ ਪਾਟ ਮੁੜ ਸੁਗਰੀਵ ਨੂੰ ਦਿਵਾ ਦਿੱਤਾ॥ ੯੩॥

ਬਹੁਰੋ ਕਟਕ ਕਪਿਨ ਕੋ ਜੇਤਾ। ਸੀਤਾ ਖੋਜਨ ਭੇਜਜੋ ਤੇਤਾ।
ਹਨੂੰਮਾਨ ਲੰਕਾ ਕੇ ਮਾਂਹੀ। ਜਾਇ ਬਿਲੋਕੀ ਬੈਸੀ ਤਾਂਹੀ॥ ੯੪॥

ਫਿਰ ਜਿੰਨੀ ਵੀ ਬਾਂਦਰ ਸੈਨਾ ਸੀ, ਸੀਤਾ ਨੂੰ ਲੱਭਣ ਵਾਸਤੇ ਭੇਜ ਦਿੱਤੀ। ਹਨੂੰਮਾਨ ਨੇ ਲੰਕਾ ਵਿਚ ਜਾ ਕੇ, ਸੀਤਾ ਨੂੰ ਇਕ ਥਾਂ ਬੈਠੀ ਵੇਖਿਆ॥ ੯੪॥

ਲੰਕਾ ਫੂਕ ਦੈਤ ਬਹੁ ਘਾਈ। ਸੁਧ ਸੀਤਾ ਕੀ ਆਨਿ ਸੁਨਾਈ।
ਲੇ ਕਪਿ ਕਟਕ ਚਢੇ ਰਘੁਰਾਈ। ਆਇ ਸੇਤੁ ਬਾਂਧਜੋ ਇਹ ਥਾਈਂ॥੯੫॥

ਹਨੂੰਮਾਨ ਨੇ ਬਹੁਤ ਦੈਂਤ ਮਾਰ ਕੇ ਲੰਕਾ ਫੂਕ ਦਿੱਤੀ ਅਤੇ ਸੀਤਾ ਦੀ ਖਬਰ ਆ ਕੇ ਸੁਣਾ ਦਿੱਤੀ। ਰਾਮ ਜੀ ਨੇ ਬਾਂਦਰਾਂ ਦੀ ਸੈਨਾ ਲੈ ਕੇ ਚੜ੍ਹਾਈ ਕਰ ਦਿੱਤੀ ਤੇ ਫਿਰ ਇਸ ਥਾਂ ਆ ਕੇ ਪੁਲ ਬੰਨ੍ਹ ਦਿੱਤਾ॥ ੯੫॥

ਪਾਰ ਉਤਰਿਗਾ ਅੰਗਦ ਮਾਨੀ। ਸੀਤਾ ਦੇਨਿ ਕਹੀ, ਨਹਿਂ ਮਾਨੀ।
ਰਚਜੋ ਬਹੁਰ ਸੰਗ੍ਰਾਮ ਮਹਾਨਾ। ਦੁਹਿ ਦਿਸ਼ਿ ਮਾਰੂ ਬਜਜੋ ਨਿਸ਼ਾਨਾ॥੯੬॥

ਪਾਰ ਲੰਘ ਕੇ ਅੰਗਦ ਰਾਵਣ ਦੇ ਦਰਬਾਰ ਵਿਚ ਗਿਆ। ਸੀਤਾ ਵਾਪਿਸ ਦੇਣ ਬਾਰੇ ਕਿਹਾ ਪਰ ਰਾਵਣ ਨਾ ਮੰਨਿਆ। ਫਿਰ ਬਹੁਤ ਵੱਡੀ ਜੰਗ ਹੋਈ, ਦੋਹਾਂ ਪਾਸਿਆਂ ਤੋਂ ਮਾਰੂ ਨਗਾਰੇ ਵੱਜੇ॥ ੯੬॥

ਕੁੰਭ ਕਾਨ ਕੋ ਪ੍ਰਿਥਮੈ ਮਾਰਾ। ਮੇਘਨਾਦ ਕੋ ਬਹੁਰ ਸੰਘਾਰਾ।
ਰਾਵਨ ਮਾਰਿ, ਲਈ ਪੁਨ ਸੀਤਾ। ਗਮਨੇ ਨਿਜ ਪੁਰਿ ਮਾਂਹਿ ਪੁਨੀਤਾ॥੯੭॥

ਪਹਿਲਾਂ ਕੁੰਭਕਰਨ ਨੂੰ ਮਾਰਿਆ, ਫਿਰ ਮੇਘਨਾਦ ਨੂੰ ਕਤਲ ਕੀਤਾ। ਰਾਵਣ ਨੂੰ ਮਾਰ ਕੇ ਸੀਤਾ ਵਾਪਸ ਲੈ ਲਈ, ਫਿਰ ਮਹਾਂ ਪਵਿੱਤਰ ਆਪਣੇ ਨਗਰ ਵਾਪਸ ਚਲੇ ਗਏ॥ ੯੭॥

ਬੈਠਿ ਸਿੰਘਾਸਨ ਰਾਜ ਕਮਾਯੋ। ਦਸ ਸਹੰਸ੍ਰ ਬਰਖਨ ਬਹੁ ਗਾਯੋ।
ਬਹੁਰ ਆਪ ਬੈਕੁੰਠ ਪਧਾਰੇ। ਇਸ ਪ੍ਰਕਾਰ ਇਹ ਕਥਾ ਉਦਾਰੇ॥੯੮॥

ਰਾਜ ਸਿੰਘਾਸਣ ਤੇ ਬੈਠ ਕੇ ਰਾਜ ਕਮਾਇਆ। ਦਸ ਹਜ਼ਾਰ ਸਾਲ ਰਾਜ ਕੀਤਾ, ਬਹੁਤਿਆਂ ਨੇ ਇਸ ਤਰ੍ਹਾਂ ਗਾਇਆ ਹੈ। ਬਾਅਦ ਵਿਚ ਆਪ ਸਵਰਗ ਵਿਚ ਚਲੇ ਗਏ। ਇਸ ਪ੍ਰਕਾਰ ਇਹ ਮਨੁੱਖ ਦਾ ਕਲਿਆਣ ਕਰਨ ਵਾਲੀ ਕਥਾ ਹੈ॥ ੯੮॥

ਮਰਦਾਨੇ ਸੁਨਿ ਸੂਛਮ ਬਰਨੀ। ਹੈ ਬਿਸਾਲ ਬਹੁ ਕਲਮਲ ਹਰਨੀ।
ਅਬ ਚਲਿ ਲੰਕਿ ਦਿਖਾਵਹਿਂ ਸੁੰਦਰ। ਬਨੇ ਜਹਾਂ ਕੰਚਨ ਕੇ ਮੰਦਿਰ॥੯੯॥

ਮਰਦਾਨੇ ਨੇ ਸੰਖੇਪ ਵਿਚ ਬਿਆਨ ਕੀਤੀ ਹੋਈ ਕਥਾ ਸੁਣੀ। ਇਹ ਬਹੁਤ ਵਿਸ਼ਾਲ ਹੈ ਅਤੇ ਪਾਪਾਂ ਦਾ ਨਾਸ ਕਰਦੀ ਹੈ। ਹੁਣ ਚਲ ਕੇ ਤੁਹਾਨੂੰ ਸੁੰਦਰ ਲੰਕਾ ਵਿਖਾਉਂਦੇ ਹਾਂ, ਜਿਥੇ ਸੋਨੇ ਦੇ ਮਹਲ ਬਣੇ ਹੋਏ ਹਨ॥ ੯੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਹਬਸ਼ ਦੇਸ਼ ਅਰ ਸ੍ਰੀ ਰਾਮਚੰਦ੍ਰ ਪ੍ਰਸੰਗ' ਬਰਨਨੰ ਨਾਮ ਸਪਤ ਦਸ਼ਮੋ ਅਧਯਾਯ॥ ੧੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸਤਾਰ੍ਹਵਾਂ ਅਧਿਆਇ, ਜਿਸ ਦਾ ਨਾਮ "ਹਬਸ਼ ਵਲਾਇਤ ਅਤੇ ਰਾਮਚੰਦ੍ਰ ਦੀ ਕਥਾ" ਹੈ, ਸਮਾਪਤ ਹੋਇਆ॥ ੧੭॥

## ਅਧਿਆਇ ਅਠਾਰਵਾਂ

*ਲੰਕਾ ਪ੍ਰਸੰਗ*

ਨਰਾਜ ਛੰਦ-ਗੁਰੂ ਗੋਬਿੰਦ ਸਿੰਘ ਜੀ ਨਿਖੰਗ ਚਾਂਪ ਧਾਰਨੰ। ਅਨੰਦ ਦਾ ਮੁਕੰਦ ਬ੍ਰਿੰਦ ਬੈਰਨੰ ਬਿਦਾਰਨੰ।
ਰਿਦੇ ਸਦੀਵ ਦਾਸ ਕੇ ਨਿਵਾਸ ਹੰਤ ਤ੍ਰਾਸ ਕੋ। ਪਦਾਰਬਿੰਦ ਮੰਜੁਲੰ ਨਮੋ ਨਮੋ ਅਨਾਸ਼ ਕੋ॥੧॥

ਹੇ ਧਨੁੱਖ ਤੇ ਭੱਥਾ ਧਾਰਨ ਕਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿਘ ਜੀ, ਅਨੰਦ ਘਰ ਅਤੇ ਮੁਕਤੀ ਦੇ ਦਾਤੇ, ਤੁਸੀਂ ਜੋ ਸਰੀਰਕ ਅਤੇ ਮਾਨਸਕ ਵੈਰੀਆਂ ਦੇ ਇਕੱਠ ਨੂੰ ਨਸ਼ਟ ਕਰ ਦੇਣ ਵਾਲੇ ਹੋ ਅਤੇ ਇਸ ਤਰ੍ਹਾਂ ਸਭ ਪ੍ਰਕਾਰ ਦੇ ਡਰ ਨੂੰ ਦੂਰ ਕਰਨ ਵਾਲੇ ਹੋ ਅਤੇ ਸਦਾ ਦਾਸਾਂ ਦੇ ਹਿਰਦੇ ਵਿਚ ਨਿਵਾਸ ਰਖਦੇ ਹੋ। ਆਪਣੇ ਸੁਖ ਦਾਤੇ ਅਤੇ ਮਨ ਪਿਆਰੇ ਚਰਨਾਂ ਕੰਵਲਾਂ 'ਤੇ ਮੇਰੀ ਨਮਸ਼ਕਾਰ ਹੋਵੇ, ਨਮਸ਼ਕਾਰ ਹੋਵੇ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ! ਸੁਨਿ ਪਰਮ ਸੁਜਾਨਾ। ਬੋਲਜੋ ਬਹੁਰ ਬੈਨ ਮਰਦਾਨਾ।
'ਰਘੁਬਰ ਸੇਤੁ ਜੁ ਬਾਂਧਨ ਕੀਨਾ। ਤਿਹ ਊਪਰ ਕੋ ਚਲਹੁ ਪ੍ਰਬੀਨਾ!' ॥੨॥

ਭਾਈ ਬਾਲੇ ਨੇ ਕਿਹਾ- ਹੇ ਪਰਮ ਸੁਜਾਨ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਫਿਰ ਮਰਦਾਨੇ ਨੇ ਕਿਹਾ, "ਰਾਮਚੰਦਰ ਨੇ ਜੋ ਪੁਲ ਬੰਨ੍ਹਿਆ ਹੈ, ਨਿਪੁੰਨ ਗੁਰੂ ਜੀ ਉਸ ਪੁਲ ਉਤੇ ਚਲੋ॥ ੨॥

ਗੁਰ ਕਹਿੰ 'ਲੰਕਾ ਤੇ ਕਿਯ ਮੋਰਾ। ਤਬਹੀ ਰਾਮ ਸੇਤੁ ਦਿਯ ਤੋਰਾ।
ਪੰਥ ਗਮਨ ਕੋ ਤਾਂ ਪਰ ਨਾਂਹੀ। ਰਹੀ ਨਿਸ਼ਾਨੀ ਸਾਗਰ ਮਾਂਹੀ॥ ੩ ॥

ਗੁਰੂ ਜੀ ਨੇ ਕਿਹਾ, "ਜਦ ਰਾਮ ਜੀ ਲੰਕਾ ਤੋਂ ਵਾਪਸ ਮੁੜ ਆਏ ਸੀ, ਤਦ ਹੀ ਉਨ੍ਹਾਂ ਨੇ ਇਸ ਪੁਲ ਨੂੰ ਤੋੜ ਦਿੱਤਾ ਸੀ। ਰਾਹ ਲੰਘਣ ਵਾਸਤੇ ਓਥੇ ਕੋਈ ਪੁਲ ਨਹੀਂ, ਕੇਵਲ ਸਮੁੰਦਰ ਵਿਚ ਹੀ ਕੁਝ ਨਿਸ਼ਾਨੀਆਂ ਰਹਿ ਗਈਆਂ ਹਨ॥ ੩ ॥

ਨਾਮ ਜੋਰ ਸੌਂ ਰਘੁਕੁਲ ਕੇਤਾ। ਬਾਂਧਯੋ ਤਬੈ ਉਦਧਿ ਕੋ ਸੇਤਾ।
ਅਬ ਹਮ ਲੇ ਕਰਿ ਨਾਮ ਅਲੰਬੂ। ਹ੍ਵੈ ਹੈਂ ਪਾਰ ਸਰਬ ਨਿਧਿ ਅੰਬੂ ॥੪॥

ਨਾਮ ਦੇ ਜ਼ੋਰ ਨਾਲ ਸ੍ਰੀ ਰਾਮ ਨੇ ਸਮੁੰਦਰ ਉਤੇ ਪੁਲ ਬੰਨ੍ਹਿਆਂ ਸੀ। ਹੁਣ ਅਸੀਂ ਪ੍ਰਭੂ ਦਾ ਨਾਮ ਲੈ ਕੇ ਇਸ ਸਾਰੇ ਸਮੁੰਦਰ ਨੂੰ ਪਾਰ ਕਰਦੇ ਹਾਂ"॥ ੪ ॥

ਅਸ ਕਹਿ ਗਮਨ ਕੀਨ ਜਗਨਾਥਾ। ਜਲ ਪਰ ਚਲੇ ਜਾਹਿੰ ਸੁਖਰਾਸਾ।
ਗਏ ਮੱਧ ਇਕ ਮੀਨ ਨਿਹਾਰਾ। ਸਹਸ ਕੋਸ ਕੋ ਜਿਹ ਬਿਸਥਾਰਾ ॥੫॥

ਇਸ ਤਰ੍ਹਾਂ ਕਹਿ ਕੇ ਜਗਤ ਦੇ ਨਾਥ ਅੱਗੇ ਚਲ ਪਏ, ਸੁਖਾਂ ਦੇ ਘਰ ਜਲ ਦੇ ਉਤੇ ਚਲੇ ਜਾ ਰਹੇ ਸਨ। ਜਦ ਅੱਧ ਵਿਚ ਗਏ ਤਾਂ ਇਕ ਮੱਛੀ ਨੂੰ ਵੇਖਿਆ, ਜਿਸ ਦਾ ਵਿਸਥਾਰ ਹਜ਼ਾਰਾਂ ਕੋਹ ਤਕ ਸੀ॥ ੫ ॥

ਤਾਂ ਪਰ ਕਿਤਿਕ ਬਾਰ ਕਿਯ ਗਵਨੰ। ਸਿਰ ਪਰ ਭੇ ਠਾਂਢੇ ਗੁਨ ਭਵਨੰ।
ਬਦਨ ਬਿਲੋਕਿ ਡਰਯੋ ਮਰਦਾਨਾ। ਅਚਰਜ ਮਾਨਯੋ, ਬਚਨ ਬਖਾਨਾ ॥੬॥

ਉਸ ਤੇ ਕੁਝ ਦੇਰ ਤਕ ਚਲੇ, ਫਿਰ ਮੱਛੀ ਦੇ ਸਿਰ ਤੇ ਜਾ ਕੇ ਖੜੇ ਹੋ ਗਏ। ਉਸ ਮੱਛੀ ਦਾ ਮੂੰਹ ਵੇਖ ਕੇ ਮਰਦਾਨਾ ਡਰ ਗਿਆ। ਅਸਚਰਜ ਵੇਖ ਕੇ ਬੋਲਿਆ॥ ੬ ॥

'ਸ੍ਰੀ ਪ੍ਰਭੁ ਰਾਵਰ ਕੇਰ ਪ੍ਰਭਾਊ। ਤਜਾਗਯੋ ਹਮੈ ਨ ਕੀਨੋ ਖਾਊ।
ਨਾਤੁਰ ਨਿਗਲ ਜਾਇ ਇਕ ਬਾਰੀ। ਮਾਨੁਖ ਮੁਖ ਦਾਨੋ ਅਨੁਹਾਰੀ ॥੭॥

"ਹੇ ਸ੍ਰੀ ਪ੍ਰਭੂ ਜੀ! ਆਪ ਦਾ ਹੀ ਪ੍ਰਭਾਵ ਹੈ, ਸਾਨੂੰ ਛੱਡਿਉ ਨਾ, ਕਿਤੇ ਖਾ ਹੀ ਨਾ ਜਾਵੇ। ਇਹ ਤਾਂ ਸਾਨੂੰ ਇਕੋ ਵਾਰ ਹੀ ਡਕਾਰ ਜਾਵੇਗੀ, ਜਿਵੇਂ ਮਨੁੱਖ ਦੇ ਮੂੰਹ ਵਿਚ ਇਕ ਦਾਣਾ ਚਲੇ ਜਾਂਦਾ ਹੈ, ਉਸ ਤਰ੍ਹਾਂ ਹੀ ਇਹ ਇਕ ਦਾਣੇ ਵਾਂਗ ਸਾਨੂੰ ਚਬਾ ਜਾਵੇਗੀ॥ ੭ ॥

ਪ੍ਰਿਥਮ ਬਿਲੋਕਯੋ ਮੀਨ ਮਹਾਨਾ। ਉਸਤੇ ਇਹ ਬਿਸਾਲ ਪਹਿਚਾਨਾ।
ਕੇਤਿਕ ਦੋਨੋ ਕੋਸ ਪ੍ਰਮਾਨਾ। ਮੁਝਹਿ ਬਤਾਵਹੁ ਕ੍ਰਿਪਾਨਿਧਾਨਾ!' ॥੮॥

ਪਹਿਲਾਂ ਵੀ ਇਕ ਵੱਡੀ ਮੱਛੀ ਨੂੰ ਵੇਖਿਆ ਸੀ, ਉਸ ਤੋਂ ਵੀ ਵੱਡੀ ਇਹ ਮੱਛੀ ਵੇਖੀ ਹੈ, ਦੋਵੇਂ ਕਈ ਕੋਹ ਲੰਮੀਆਂ ਸਨ, "ਹੇ ਕਿਰਪਾ ਨਿਧਾਨ ਮੈਨੂੰ ਦੱਸੋ, ਇਹ ਦੋਵੇਂ ਕਿੰਨੇ ਕੋਹ ਲੰਮੀਆਂ ਹਨ?"॥ ੮॥

ਬੋਲੇ ਪ੍ਰਭੁ ਬਿਲੋਕ ਤਮਾਸ਼ੇ। 'ਮਾਯਾ ਮੈਂ ਕਛੁ ਲਖੋ ਨ ਸਾਂਸੇ।
ਪੈਂਤਿਸ ਕੋਸ ਪ੍ਰਿਥਮ ਜੋ ਦੇਖਾ। ਸਹਸ ਕੋਸ ਕੋ ਏਹੁ ਬਿਸ਼ੇਖਾ॥ ੯ ॥

ਇਹ ਤਮਾਸ਼ਾ ਵੇਖ ਕੇ ਗੁਰੂ ਜੀ ਬੋਲੇ, "ਮਾਇਆ ਵਿਚ ਕਦੇ ਵੀ ਮਾਇਆ ਨਾ ਜਾਣੋ, ਪੈਂਤੀ ਕੋਹ ਲੰਮੀ ਮੱਛੀ ਪਹਿਲਾਂ ਜੋ ਵੇਖੀ ਸੀ, ਇਹ ਸੋ ਕੋਹ ਉਸ ਤੋਂ ਵੱਧ ਲੰਮੀ ਹੈ॥ ੯॥

ਇਸ ਕੀ ਜਾਤਿ ਨਾਮ ਤਿਮ ਕਹੀਜੈ। ਇਸ ਨਿਗਲਹਿ ਸੁ ਤਿਮੰਗਲ ਕਹੀਐ।
ਜੋ ਉਸ ਲੀਲ ਜਾਇ ਬਰਿਆਈ। ਨਾਮ ਤਿਮੰਗਲ ਗਿਲਹਿ ਕਹਾਈ ॥੧੦॥

ਇਸ ਦੀ ਜਾਤ ਦਾ ਨਾਂ ਤਿਮ ਹੈ, ਜਿਸ ਨੂੰ ਇਹ ਅੰਦਰ ਡਕਾਰ ਜਾਂਦੀ ਹੈ ਉਸ ਨੂੰ ਤਿਮੰਗਲ ਕਹਿੰਦੇ ਹਨ। ਕਿਉਂਕਿ ਇਹ ਆਪਣੇ ਜ਼ੋਰ ਨਾਲ ਨਿਗਲ ਜਾਂਦੀ ਹੈ, ਇਸ ਲਈ ਇਸ ਨੂੰ ਤਿਮੰਗਲ ਕਹਿੰਦੇ ਹਨ'' ॥ ੧੦ ॥

ਇਸ ਬਿਧਿ ਕਰਿਕੇ ਬਚਨ ਬਿਲਾਸਾ। ਤੂਸ਼ਨਿ ਹੋਤਿ ਭਏ ਸੁਖਰਾਸਾ।
ਚਰਨ ਰੇਨ ਜਬ ਝਖ ਸਿਰ ਪਰਸੀ। ਬੋਲਨ ਸ਼ਕਤਿ ਭਈ ਤਬ ਸਰਸੀ ॥੧੧ ॥

ਇਸ ਤਰ੍ਹਾਂ ਬਚਨ ਕਰਕੇ, ਗੁਰੂ ਜੀ ਨੇ ਚੁੱਪ ਧਾਰਨ ਕਰ ਲਈ। ਜਦ ਉਸ ਮੱਛੀ ਦੇ ਸਿਰ ਤੇ ਆਪਣੇ ਚਰਨ ਛੁਹਾਏ, ਤਦ ਉਸ ਵਿਚ ਬੋਲਣ ਸ਼ਕਤੀ ਪੈਦਾ ਹੋ ਗਈ॥ ੧੧ ॥

ਬੂਝਨ ਲਗੇ ਪ੍ਰਭੂ ਤਿਹ ਤਾਈਂ। 'ਅਹੈਂ ਕੌਨ, ਝਖ ਕਾਯਾਂ ਪਾਈ?'।
ਤਬਹੀ ਬੋਲਜੋ ਹੋਇ ਅਧੀਨਾ। 'ਸੁਨੋ ਹੇਤੁ ਜਿਉਂ ਭਾ ਤਨ ਮੀਨਾ ॥੧੨ ॥

ਗੁਰੂ ਜੀ ਉਸ ਨੂੰ ਪੁੱਛਣ ਲੱਗੇ, ''ਤੂੰ ਕੌਣ ਹੈਂ, ਅਤੇ ਇਹ ਸਰੀਰ ਕਿਉਂ ਪਾਇਆ ਹੈ ?'' ਤਦ ਉਹ ਮੱਛੀ ਅਧੀਨ ਹੋ ਕੇ ਬੋਲੀ, ''ਇਹ ਗੱਲ ਸੁਣੋ ਕਿ ਮੈਂ ਮੱਛੀ ਦਾ ਸਰੀਰ ਕਿਵੇਂ ਧਾਰਨ ਕੀਤਾ॥ ੧੨ ॥

ਹੁਤੇ ਕਾਲ ਜਿਹ ਜਨਕ ਨ੍ਰਿਪਾਲਾ। ਤਬ ਮੈਂ ਤਪ ਕਿਯ ਕਠਨ ਬਿਸਾਲਾ।
ਬਾਰਿ ਬਿਖੈ ਗਰਲੌ ਹ੍ਵੈ ਠਾਂਢੋ। ਰਹੋਂ ਸਥਿਰ ਕਰਿ ਧੀਰਜ ਗਾਢੋ ॥੧੩ ॥

ਜਿਸ ਸਮੇਂ ਜਨਕ ਰਾਜੇ ਦਾ ਰਾਜ ਸੀ, ਤਦ ਮੈਂ ਬਹੁਤ ਕਠਨ ਤਪੱਸਿਆ ਕੀਤੀ ਸੀ। ਪਾਣੀ ਵਿਚ ਦਾਖਲ ਹੋ ਕੇ ਜਦ ਪਾਣੀ ਮੇਰੇ ਗਲ ਤਕ ਆ ਗਿਆ ਤਾਂ ਮੈਂ ਖਲੋ ਗਿਆ, ਬਹੁਤ ਧੀਰਜ ਧਾਰਨ ਕਰਕੇ ਮੈਂ ਕਾਫੀ ਸਮੇਂ ਤਕ ਖੜਾ ਰਿਹਾ॥ ੧੩ ॥

ਸਹਿਜ ਸੁਭਾਯ ਜਨਕ ਚਲਿ ਆਯੋ। ਮੁਝੈ ਬਿਲੋਕਤਿ ਬਚਨ ਅਲਾਯੋ।
ਤਪ ਤੈਂ ਕਠਨ ਕੀਨ ਭਾ ਪੂਰਾ। ਅਬ ਤਜਿ, ਬਚਨ ਮਾਨਿ ਮਮ ਰੂਰਾ ॥੧੪ ॥

ਸਹਿਜ ਸੁਭਾਅ ਓਥੇ ਰਾਜਾ ਜਨਕ ਚਲ ਕੇ ਆ ਗਿਆ। ਮੈਨੂੰ ਵੇਖ ਕੇ ਇਹ ਬਚਨ ਕੀਤਾ, ''ਤੁਸੀਂ ਪੂਰਨ ਅਤੇ ਕਠਨ ਤਪੱਸਿਆ ਕੀਤੀ ਹੈ। ਇਸ ਨੂੰ ਹੁਣ ਛੱਡੋ ਅਤੇ ਮੇਰਾ ਸੁੰਦਰ ਬਚਨ ਸੁਣੋ॥ ੧੪ ॥

ਜਹਿਂ ਸਤਿਸੰਗਤਿ ਹੋਤਿ ਸਮਾਜਾ। ਸੇਵਾ ਕਰਹੁ ਤਹਾਂ ਸ਼ੁਭ ਕਾਜਾ।
ਮਨ ਕੋ ਪ੍ਰਾਪਤਿ ਗਯਾਨ ਤਹਾਂ ਹੀ। ਮੁਕਤਿ ਉਚਿਤ ਹ੍ਵੈ ਸੰਸੈ ਨਾਂਹੀ ॥੧੫ ॥

ਜਿਥੇ ਵੀ ਸਾਧ ਸੰਗਤ ਇਕੱਠੀ ਹੋ ਕੇ ਸਤਿਸੰਗਤ ਕਰੇ, ਓਥੇ ਜਾ ਕੇ ਚੰਗੇ ਕਾਰਜ ਲਈ ਸੇਵਾ ਕਰੋ। ਓਥੇ ਹੀ ਤੁਹਾਡੇ ਮਨ ਨੂੰ ਗਿਆਨ ਪ੍ਰਾਪਤ ਹੋਵੇਗਾ, ਕਿਸੇ ਸੰਸੇ ਤੋਂ ਬਗੈਰ ਓਥੇ ਤੁਹਾਨੂੰ ਮੁਕਤੀ ਪ੍ਰਾਪਤ ਹੋਵੇਗੀ॥ ੧੫ ॥

ਦੋਹਰਾ- ਚਰਨ ਬੰਦਨਾ ਮੈਂ ਕਰੀ ਕਹਜੋ ਬਚਨ ਤਿਨ ਸੰਗ।
ਏਕ ਬਰਖ ਔਰੈ ਕਰੌਂ ਪੁਨ ਪੂਰਨ ਬਿਨ ਭੰਗ॥ ੧੬ ॥

ਮੈਂ ਉਨ੍ਹਾਂ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਉਨ੍ਹਾਂ ਨੂੰ ਕਿਹਾ, ''ਇਕ ਸਾਲ ਹੋਰ ਕਰਾਂਗਾ ਅਤੇ ਵਿਘਣ ਰਹਿਤ ਫਿਰ ਪੂਰਨ ਹੋਵੇਗੀ'' ॥ ੧੬ ॥

ਚੌਪਈ- ਸੁਨਿਕੈ ਬੋਲਜੋ ਬਚਨ ਬਿਦੇਹੂ। ਨੀਕੋ ਬਚਨ ਨ ਮਾਨਜੋ ਕੇਹੂ।
ਯਾਂਤੇ ਹ੍ਵੈ ਜਲ ਜੀਵ ਬਿਸਾਲਾ। ਜਲ ਮੈਂ ਰਹਹੁ ਸਦੀਵ ਬਿਸ਼ਾਲਾ ॥੧੭ ॥

ਇਹ ਸੁਣ ਕੇ ਜਨਕ ਰਾਜੇ ਨੇ ਕਿਹਾ ਕਿ ਤੂੰ ਸਾਡਾ ਚੰਗਾ ਬਚਨ ਨਹੀਂ ਮੰਨਿਆ ਹੈ, ਇਸ ਕਰਕੇ ਜਲ ਦਾ ਹੀ ਇਕ ਵੱਡਾ ਜੀਵ ਬਣ ਜਾਵੇ ਅਤੇ ਸਦਾ ਵਿਸ਼ਾਲ ਜਲ ਵਿਚ ਰਹੇ॥ ੧੭॥

ਸੁਨਿਕੈ ਬਚਨ ਡਰਜੋ ਉਰ ਮਾਂਹੀ। ਸ੍ਰਾਪ ਅੰਤ ਬੂਝਤਿ ਭਾ ਤਾਂਹੀ।
ਬਨਿ ਕੈਬਨ ਕੋ ਜੀਵ ਬਹੋਰੀ। ਹੋਇ ਕਿ ਨਹੀਂ ਮੁਕਤਿ ਕਬ ਮੋਰੀ? ॥੧੮॥

ਮੈਂ ਇਹ ਬਚਨ ਸੁਣ ਕੇ ਦਿਲ ਵਿਚ ਬਹੁਤ ਡਰਿਆ। ਬੜਾ ਵੱਡਾ ਸ੍ਰਾਪ ਵੇਖ ਕੇ ਫਿਰ ਮੈਂ ਰਾਜੇ ਤੋਂ ਪੁਛਿਆ। ਜਲ ਜੀਵ ਬਣ ਕੇ ਕਦ ਤਕ ਰਹਾਂਗਾ, ਮੇਰੀ ਕਦ ਮੁਕਤੀ ਹੋਵੇਗੀ? ॥ ੧੮ ॥

ਬੋਲਜੋ ਜਨਕ, ਆਇ ਕਲਿ ਕਾਲਾ। ਤਬ ਧਰਿ ਹੈ ਅਵਤਾਰ ਕ੍ਰਿਪਾਲਾ।
ਤਿਨ ਕੇ ਚਰਨ ਛੁਹੈਂ ਜਬ ਆਈ। ਤਬ ਇਹ ਸ੍ਰਾਪ ਨਾਸ਼ ਹ੍ਵੈ ਜਾਈ ॥੧੯॥

ਰਾਜੇ ਜਨਕ ਨੇ ਕਿਹਾ, "ਕਲਿਜੁਗ ਵਿਚ ਅਵਤਾਰ ਧਾਰਨ ਕਰਕੇ ਆਪ ਪ੍ਰਭੂ ਆਵੇਗਾ, ਜਦ ਉਨ੍ਹਾਂ ਦੇ ਚਰਨ ਤੈਨੂੰ ਛੂਹਣਗੇ ਤਦ ਇਹ ਸ੍ਰਾਪ ਖਤਮ ਹੋ ਜਾਵੇਗਾ" ॥ ੧੯ ॥

ਬੂਝਜੋ ਜਨਕ, ਲਖੋਂ ਮੈਂ ਕੈਸੇ?। ਭੇਦ ਸਰਬ ਸਮਝਾਵਹੁ ਤੈਸੇ।
ਸੁਨਹੁ ਮੁਨੀ ! ਜਬ ਮਿਲਿ ਹੈ ਆਈ। ਚਰਨ ਛੁਵਤਿ ਸੁਧ ਹ੍ਵੈ ਤੁਝ ਤਾਈਂ ॥੨੦॥

ਮੈਂ ਜਨਕ ਰਾਜੇ ਨੂੰ ਪੁਛਿਆ, "ਮੈਨੂੰ ਕਿਵੇਂ ਪਤਾ ਲੱਗੇਗਾ ? ਮੈਨੂੰ ਸਾਰਾ ਰਾਜ਼ ਸਮਝਾਵੋ"। ਉਨ੍ਹਾਂ ਕਿਹਾ, "ਹੇ ਮੁਨੀ ਸੁਣੋ, ਜਦ ਉਹ ਤੁਹਾਨੂੰ ਆ ਕੇ ਮਿਲਣਗੇ ਅਤੇ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਕਰੋਗੇ ਤਾਂ ਤੁਹਾਨੂੰ ਪੂਰੀ ਸੋਝੀ ਆ ਜਾਵੇਗੀ ॥ ੨੦ ॥

ਮੁਕਤਿ ਕਰਹਿ ਪੁਨ ਜਾਇ ਅਗਾਰੀ। ਸੋ ਤੁਮ ਸ੍ਰੀ ਨਾਨਕ ਨਿਰੰਕਾਰੀ।
ਅਬ ਉਧਾਰ ਮੇਰਾ ਕਰਿ ਦੀਜੈ। ਸ਼ਰਨ ਸ਼ਰਨ ਮੈਂ ਸ਼ਰਨ ਰਖੀਜੈ' ॥੨੧॥

ਤੁਹਾਡੀ ਮੁਕਤੀ ਕਰਕੇ ਹੀ ਉਹ ਅੱਗੇ ਜਾਣਗੇ। ਇਸ ਕਰਕੇ ਤੁਸੀਂ ਨਾਨਕ ਨਿਰੰਕਾਰੀ ਹੋ। ਹੁਣ ਮੇਰਾ ਉਧਾਰ ਕਰ ਦੇਵੋ, ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਆਪਣੀ ਸ਼ਰਨ ਵਿਚ ਰਖੋ" ॥ ੨੧ ॥

ਤਿਹ ਕੇ ਬੈਨ ਸੁਨੇ ਗੁਨਖਾਨੀ। ਬੋਲੇ ਮਧੁਰ ਮ੍ਰਿਦੁਲ ਮੁਖ ਬਾਨੀ।
'ਅਸ਼ਟੰ ਜਾਮ ਆਰਬਲ ਤੇਰੀ। ਪੁਨ ਛੂਟਹਿ ਝਖ ਦੇਹਿ ਬਡੇਰੀ ॥੨੨॥

ਜਦ ਉਸ ਦੇ ਇਹ ਬਚਨ ਗੁਰੂ ਜੀ ਨੇ ਸੁਣੇ, ਤਾਂ ਉਨ੍ਹਾਂ ਕੋਮਲ ਮਿਠੇ ਬਚਨ ਕਹੇ, "ਅੱਠ ਪਹਿਰ ਤੇਰੀ ਉਮਰ ਬਕਾਇਆ ਹੈ, ਇਸ ਤੋਂ ਬਾਅਦ ਏਨੀ ਵੱਡੀ ਉਮਰ ਭੋਗ ਕੇ ਤੇਰਾ ਛੁਟਕਾਰਾ ਹੋ ਜਾਵੇਗਾ ॥ ੨੨ ॥

ਵਾਹਿਗੁਰੂ ਸਿਮਰਹੁ ਤਬ ਤਾਈਂ। ਤੇਰੀ ਗਤਿ ਕਰਿ ਹੈਂ ਹਮ ਜਾਈ'।
ਅਸ਼ਟ ਪਹਿਰ ਤਿਨ ਕਿਯ ਜਬਿ ਜਾਪੂ। ਛੂਟਜੋ ਬਹੁਰ ਦੀਨ ਜੋ ਸ੍ਰਾਪੂ ॥੨੩॥

ਉਸ ਸਮੇਂ ਤਕ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ, ਅਸੀ ਤੇਰੀ ਮੁਕਤੀ ਕਰ ਕੇ ਹੀ ਜਾਵਾਂਗੇ।" ਅੱਠ ਪਹਿਰ ਜਦ ਉਸ ਜਾਪ ਕੀਤਾ ਤਾਂ ਉਸ ਦਾ ਸ੍ਰਾਪ ਤੋਂ ਛੁਟਕਾਰਾ ਹੋ ਗਿਆ ॥ ੨੩ ॥

ਝਖ ਤਨ ਤਜਿਕੈ ਸੋ ਤਿਹ ਕਾਲਾ। ਭਯੋ ਚਤੁਰਭੁਜ ਰੂਪ ਬਿਸਾਲਾ।
ਕੁੰਡਲ ਕਰਨ, ਬਰਨ ਜਿਹ ਸ਼ਜਾਮੂ। ਸੁੰਦਰ ਦੇਹਿ ਦੁਤਿਯ ਜਨੁ ਕਾਮੂ ॥੨੪॥

ਉਸੇ ਵੇਲੇ ਮੱਛੀ ਦਾ ਸਰੀਰ ਛੱਡ ਕੇ ਉਸ ਨੇ ਚਾਰ ਬਾਹਾਂ ਵਾਲਾ ਮਹਾਨ ਸਰੀਰ ਧਾਰਨ ਕੀਤਾ। ਕੰਨਾਂ ਵਿਚ ਕੁੰਡਲ ਪਾਏ ਸਨ ਅਤੇ ਕਾਲਾ ਰੰਗ ਸੀ ਅਤੇ ਏਨੀ ਸੁੰਦਰ ਦੇਹ ਬਣ ਗਈ, ਮਾਨੋ ਦੂਸਰਾ ਕਾਮਦੇਵ ਹੋਵੇ ॥ ੨੪ ॥

ਉਸਤਤਿ ਕਰਿ ਬੈਕੁੰਠ ਸਿਧਾਰਜੋ। 'ਜੈ ਜੈ ਸਤਿਗੁਰ' ਬਚਨ ਉਚਾਰਜੋ।

ਪੁਨ ਗਮਨੇ ਬੇਦੀ ਕੁਲਦੀਪਾ। ਪਹੁਚੇ ਲੰਕਾ ਕੇਰ ਸਮੀਪਾ॥ ੨੫॥

ਗੁਰੂ ਜੀ ਦੀ ਉਸਤਤਿ ਕਰਕੇ, ਸਵਰਗਾਂ ਵਿਚ ਚਲਾ ਗਿਆ। ਜਾਣ ਲਗਿਆਂ, "ਜੈ ਜੈ ਸਤਿਗੁਰੂ" ਦਾ ਬਚਨ ਉਚਾਰਨ ਕੀਤਾ। ਫਿਰ ਗੁਰੂ ਜੀ ਅੱਗੇ ਚੱਲ ਪਏ ਅਤੇ ਲੰਕਾ ਦੀਪ ਦੇ ਨੇੜੇ ਪਹੁੰਚ ਗਏ॥ ੨੫॥

ਫਿਰਤ ਬ੍ਰਿੰਦ ਤਹਿਂ ਦੀਰਘ ਦਾਨੋ। ਗਿਰ ਕੱਜਲ ਕੇ ਬਿਚਰਤਿ ਮਾਨੋ।
ਤਿਨਹਿਂ ਬਿਲੋਕਿ ਡਰਜੋ ਮਰਦਾਨਾ। ਹੋਇ ਅਧੀਰਜ ਬਚਨ ਬਖਾਨਾ॥੨੬॥

ਓਥੇ ਵੱਡੇ-ਵੱਡੇ ਦੈਂਤ ਫਿਰ ਰਹੇ ਸਨ, ਜਿਵੇਂ ਸੁਰਮੇ ਦੇ ਪਹਾੜ ਵਿਚ ਫਿਰ ਰਹੇ ਹਨ। ਉਨ੍ਹਾਂ ਨੂੰ ਵੇਖ ਕੇ ਮਰਦਾਨਾ ਡਰ ਗਿਆ ਅਤੇ ਸਨਿੰਮਰ ਹੋ ਕੇ ਕਿਹਾ॥ ੨੬॥

ਰਾਖਸ਼ ਗਹੈਂ ਆਨਿ ਹਮ ਤਾਈਂ। ਭੱਖਜਨ ਕਰੈਂ ਨ ਬਿਲਮ ਲਗਾਈਂ।
ਇਨ ਸਮੀਪ ਨਹਿਂ ਚਲਹੁ ਗੁਸਾਈਂ!। ਅਪਰ ਸਥਾਨ ਬਿਲੋਕਹੁ ਜਾਈ ॥੨੭॥

"ਇਹ ਰਾਖਸ਼ ਸਾਨੂੰ ਆ ਕੇ ਫੜ ਲੈਣਗੇ, ਸਾਨੂੰ ਝੱਟ ਖਾ ਲੈਣਗੇ ਅਤੇ ਥੋੜ੍ਹੀ ਜਿਹੀ ਵੀ ਦੇਰੀ ਨਹੀਂ ਕਰਨਗੇ। ਹੇ ਪ੍ਰਭੂ ! ਇਨ੍ਹਾਂ ਦੇ ਪਾਸ ਨਾ ਜਾਵੋ, ਕੋਈ ਹੋਰ ਥਾਂ ਵੇਖ ਕੇ ਚਲੋ"॥ ੨੭॥

ਸੁਨਿਕੈ ਬੋਲੇ ਪਰਮ ਪੁਨੀਤਾ। 'ਪਢਤਿ ਸੁਨਤਿ ਰਹਿਤਾ ਤੂੰ ਨੀਤਾ।
ਰਿਦੈ ਬਿਚਾਰ ਏਕ ਨਹਿਂ ਆਯੋ। ਮਹਾ ਮੋਹ ਮੈਂ ਮਨ ਬਿਰਮਾਯੋ॥੨੮॥

ਇਹ ਸੁਣ ਕੇ ਪਰਮ ਪਵਿੱਤਰ ਭਾਵ ਗੁਰੂ ਜੀ ਬੋਲੇ, "ਤੂੰ ਸਦਾ ਹੀ ਪੜ੍ਹਦਾ ਸੁਣਦਾ ਰਹਿੰਦਾ ਹੈਂ, ਤੇਰੇ ਹਿਰਦੇ ਵਿਚ ਇਕ ਵਿਚਾਰ ਵੀ ਨਹੀਂ ਆਇਆ ਅਤੇ ਮਨ ਨੂੰ ਮੋਹ ਮਾਇਆ ਵਿਚ ਫਸਾਇਆ ਹੈ॥ ੨੮॥

ਲਗਾ ਭੂਤ ਤੁਝ ਤਨ ਅਭਿਮਾਨਾ। ਯਾਂ ਤੇ ਮਨ ਨਹਿਂ ਭਰਮ ਮਿਟਾਨਾ।
ਜਿਹ ਕੋ ਭੂਤ ਲਗਤਿ ਹੈ ਆਇ। ਸੋ ਸਰੂਪ ਨਿਜ ਦੇਤਿ ਭੁਲਾਇ॥੨੯॥

ਤੈਨੂੰ ਅਭਿਮਾਨ ਦਾ ਭੂਤ ਚੰਬੜਿਆ ਹੋਇਆ ਹੈ, ਇਸ ਕਰਕੇ ਤੇਰੇ ਮਨ ਦੇ ਭਰਮ ਮਿਟੇ ਨਹੀਂ ਹਨ। ਜਿਸ ਨੂੰ ਇਹ ਭੂਤ ਚੰਬੜ ਜਾਂਦਾ ਹੈ ਉਹ ਆਪਣਾ ਅਸਲੀ ਸਰੂਪ ਭੁੱਲ ਜਾਂਦਾ ਹੈ॥ ੨੯॥

ਆਪ ਭੂਤਨਾ ਹੋਵਤਿ ਸੋਊ। ਮੰਤ੍ਰਨ ਸੋਂ ਝਾਰੈ ਜੋ ਕੋਊ।
ਨਿਕਸਹਿ ਭੂਤ ਵਹਿਰ,ਸੁਧ ਜਾਨਹਿ। ਨਿਜ ਸਰੂਪ ਕੋ ਤਬਹਿ ਪਛਾਨਹਿ॥੩੦॥

ਉਹ ਆਪ ਹੀ ਭੂਤਨਾ ਹੋ ਜਾਂਦਾ ਹੈ, ਮੰਤਰ ਪੜ੍ਹ ਕੇ ਜਦ ਕੋਈ ਭੂਤ ਨੂੰ ਦੂਰ ਕਰਦਾ ਹੈ ਤਾਂ ਭੂਤ ਨਿਕਲਣ ਬਾਅਦ ਹੀ ਉਸ ਨੂੰ ਸੋਝੀ ਆਉਂਦੀ ਹੈ ਅਤੇ ਨਿਜੀ ਸਰੂਪ ਨੂੰ ਤਦ ਹੀ ਪਹਿਚਾਣਦਾ ਹੈ॥ ੩੦॥

ਜਬ ਲਗ ਭੂਤ ਲਗੈ, ਦੁਖ ਪਾਵਹਿ। ਨਿਕਸਹਿ ਵਹਿਰ, ਅਨੰਦ ਸਮਾਵਹਿ।
ਤਨਹੰਤਾ ਤੁਝ ਲਾਗਜੋ ਭੂਤੰ। ਨਿਜ ਸਰੂਪ ਭੂਲਜੋ ਅਤਿਪੂਤੰ॥ ੩੧॥

ਜਦ ਤਕ ਭੂਤ ਚੰਬੜਿਆ ਰਹਿੰਦਾ ਹੈ ਤਦ ਤਕ ਦੁੱਖ ਹੀ ਪਾਉਂਦਾ ਹੈ, ਜਦ ਭੂਤ ਨਿਕਲ ਜਾਂਦਾ ਹੈ ਤਾਂ ਅਨੰਦਮਈ ਸਥਿਤੀ ਪ੍ਰਾਪਤ ਕਰਦਾ ਹੈ। ਸਰੀਰ ਦੀ ਹਉਮੈਂ ਦਾ ਤੈਨੂੰ ਭੂਤ ਚੰਬੜਿਆ ਹੈ, ਇਸ ਤਰ੍ਹਾਂ ਤੂੰ ਆਪਣਾ ਸਰੀਰ ਭੁੱਲ ਗਿਆ ਹੈਂ॥ ੩੧॥

ਮੰਤਰ ਸਤਿਗੁਰ ਸ਼ਬਦ ਸੁਜਾਨਾ!। ਰਿਦੈ ਬਸੈ ਮਿਟਹਹਿ ਤਨਮਾਨਾ।
ਤਨਹੰਤਾ ਜਬ ਸਰਬ ਗਵਾਈ। ਨਿਜ ਸਰੂਪ ਹੋ ਗਯੋ ਲਖਾਈ॥ ੩੨॥

ਸਤਿਗੁਰ ਸ਼ਬਦ ਸ੍ਰੇਸ਼ਟ ਮੰਤਰ ਹੈ, ਜਿਸ ਦੇ ਹਿਰਦੇ ਵਿਚ ਵੱਸਦਾ ਹੈ, ਉਸ ਦੇ ਮਨ ਦਾ ਹੰਕਾਰ ਖਤਮ ਹੋ ਜਾਂਦਾ ਹੈ। ਜਦ ਮਨ ਦਾ ਸਾਰਾ ਹੰਕਾਰ ਖਤਮ ਹੋ ਜਾਂਦਾ ਹੈ ਤਦ ਉਹ ਨਿਜੀ ਸਰੂਪ ਨੂੰ ਪਹਿਚਾਣ ਲੈਂਦਾ ਹੈ॥ ੩੨॥

'ਤਬਹੀ ਪਾਵਹਿ ਮੁਕਤਿ ਅਨੰਦਾ। ਬੰਧਨ ਡਾਰਿ ਮਿਟੈ ਜਮ ਫੰਧਾ।
ਜੈਸੇ ਸਾਂਪ ਕੰਚੁਕੀ ਡਾਰੈ। ਤਿਉਂ ਹਟਿਕੈ ਨਹਿਂ ਬਹੁਰ ਸੰਭਾਰੈ॥ ੩੩॥

ਤਦ ਹੀ ਉਹ ਅਨੰਦਮਈ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਜਮਾਂ ਦੇ ਫੰਧੇ ਦੇ ਬੰਧਨ ਮਿਟ ਜਾਂਦੇ ਹਨ। ਜਿਵੇਂ ਸੱਪ ਆਪਣੀ ਕੁੰਜ ਲਾਹ ਦਿੰਦਾ ਹੈ ਤੇ ਫਿਰ ਉਸ ਕੁੰਜ ਨੂੰ ਛੱਡ ਦਿੰਦਾ ਹੈ ਅਤੇ ਬਾਅਦ ਵਿਚ ਉਸ ਦੀ ਸੰਭਾਲ ਨਹੀਂ ਕਰਦਾ॥ ੩੩॥

ਤਨ ਕੋ ਮੋਹ ਨ ਕਬਹੀ ਲਹਿਹੀ। ਮ੍ਰਿਤੁ ਕਿਧੋਂ ਜੀਵਤ ਬਹੁ ਰਹਿ ਹੀ।
ਨਾਸ਼ਵੰਤ ਨਿਤ ਲਖਹਿ ਸਰੀਰਾ। ਨਹੀਂ ਕਦਾਚਿਤ ਮਾਨਹਿਂ ਪੀਰਾ ॥੩੪॥

ਤਨ ਦਾ ਮੋਹ ਕਦੀ ਵੀ ਨਹੀਂ ਕਰਨਾ ਚਾਹੀਦਾ, ਭਾਵੇਂ ਕਦੇ ਵੀ ਮਰ ਜਾਵੇ ਭਾਵੇਂ ਬਹੁਤ ਜੀਉਂਦਾ ਰਹੇ। ਜਿਹੜਾ ਆਪਣੇ ਸਰੀਰ ਨੂੰ ਸਦਾ ਹੀ ਨਾਸ਼ ਹੋਣ ਵਾਲਾ ਸਮਝਦਾ ਹੈ ਉਹ ਕਦੇ ਵੀ ਮਨ ਵਿਚ ਦੁੱਖ ਪੀੜ ਨਹੀਂ ਮੰਨਦਾ॥ ੩੪॥

ਸੁਨਿ ਮਰਦਾਨੇ ਗਿਰਾ ਬਖਾਨੀ। 'ਸਭਿ ਸੁਭ ਯੋਗ ਆਪ ਗੁਨ ਖਾਨੀ।
ਮਮ ਪਰ ਕ੍ਰਿਪਾ ਹੋਇ ਤੁਮ ਜਬਹੀ। ਨਿਜ ਸਰੂਪ ਲਖਿ ਸਕ ਹੌਂ ਤਬਹੀ ॥੩੫॥

ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਗੁਣਾਂ ਦੀ ਖਾਣ ਆਪ ਸ਼ੁਭ ਯੋਗ ਹੋ, ਜਦ ਵੀ ਤੁਹਾਡੀ ਮੇਰੇ ਤੇ ਕਿਰਪਾ ਹੁੰਦੀ ਹੈ ਉਸ ਸਮੇਂ ਹੀ ਮੈਂ ਆਪਣੇ ਸਰੂਪ ਨੂੰ ਪਹਿਚਾਣ ਲੈਂਦਾ ਹਾਂ" ॥ ੩੫॥

ਇਸ ਬਿਧਿ ਕਰਤਿ ਪਰਸਪਰ ਜਹਿਂਵਾ। ਦੋਇ ਦੈਂਤ ਆਏ ਚਲਿ ਤਹਿਂਵਾ।
ਠਾਂਢੇ ਹ੍ਵੈ ਬੂਝਤਿ ਭੇ ਐਸੇ। 'ਕਿਹਤੇ ਆਏ ਕਿਉਂ ਤੁਮ ਬੈਸੇ?' ॥ ੩੬॥

ਇਸ ਤਰ੍ਹਾਂ ਜਦ ਗੱਲਬਾਤ ਚਲ ਰਹੀ ਸੀ ਤਾਂ ਦੋਵੇਂ ਦੈਂਤ ਚਲ ਕੇ ਉਨ੍ਹਾਂ ਪਾਸ ਆ ਗਏ। ਸਾਹਮਣੇ ਖੜੇ ਹੋ ਕੇ ਇਸ ਤਰ੍ਹਾਂ ਪੁੱਛਣ ਲੱਗੇ, "ਇਥੇ ਕਿਉਂ ਆਏ ਹੋ, ਅਤੇ ਇਥੇ ਕਿਉਂ ਬੈਠੇ ਹੋ ?" ॥ ੩੬॥

ਸ੍ਰੀ ਗੁਰ ਕਹੈਂ, "ਦੂਤ ! ਹਮ ਰਾਮੂ। ਮਿਲਨ ਬਿਭੀਖਨ ਕੋ ਹੈ ਕਾਮੂ।
ਵਹਿਰ ਨਿਕਸਿ ਕੈ ਆਵਹਿ ਪਾਸੂ। ਮਿਲਿ ਹੈਂ ਤਬ,ਨਹਿਂ ਜਾਇਂ ਅਵਾਸੂ ॥੩੭॥

ਗੁਰੂ ਜੀ ਨੇ ਕਿਹਾ, "ਅਸੀਂ ਰਾਮ ਦੇ ਦੂਤ ਹਾਂ, ਸਾਨੂੰ ਕੇਵਲ ਬਿਭੀਖਨ ਨਾਲ ਮਿਲਣ ਦਾ ਕੰਮ ਹੈ, ਉਹ ਜਦ ਬਾਹਰ ਨਿਕਲ ਕੇ ਆਵੇਗਾ ਤਦ ਹੀ ਮਿਲਾਂਗੇ, ਉਸ ਤਰ੍ਹਾਂ ਅਸੀਂ ਅੰਦਰ ਨਹੀਂ ਜਾਵਾਂਗੇ" ॥ ੩੭॥

ਦੋਹਰਾ- ਅਸੁਰ ਸੁਨਤਿ ਗਮਨੇ ਨਗਰ ਨਿਜ ਪਤਿ ਕੋ ਸੁਧ ਦੀਨ।
'ਨੀਕੇ ਉਪਬਨ ਕੇ ਬਿਖੇ ਬੈਠੇ ਮਾਨੁਖ ਤੀਨ॥ ੩੮॥

ਇਹ ਸੁਣ ਕੇ ਦੈਂਤ ਨਗਰ ਵਿਚ ਚਲੇ ਗਏ ਅਤੇ ਆਪਣੇ ਮਾਲਕ ਨੂੰ ਜਾ ਕੇ ਖਬਰ ਦਿੱਤੀ, ਉਨ੍ਹਾਂ ਕਿਹਾ, "ਸੁੰਦਰ ਬਾਗ ਵਿਚ ਤਿੰਨ ਮਨੁੱਖ ਬੈਠੇ ਹਨ॥ ੩੮॥

ਚੌਪਈ- ਹਮ ਹੈਂ ਰਾਮ, ਦੂਤ ! ਇਉਂ ਕਹਿ ਹੀਂ। ਸੰਗ ਆਪਕੇ ਮਿਲਨੋ ਚਹਿਹੀਂ।
ਉਠਜੋ ਬਿਭੀਖਨ ਕਰਿ ਪਗ ਨੰਗੇ। ਰਾਖਸ਼ ਚਲੇ ਬਹੁਤ ਤਿਹ ਸੰਗੇ ॥੩੯॥

ਇਸ ਤਰ੍ਹਾਂ ਕਹਿੰਦੇ ਹਨ ਕਿ ਅਸੀਂ ਰਾਮ ਦੇ ਦੂਤ ਹਾਂ ਅਤੇ ਆਪ ਜੀ ਨੂੰ ਮਿਲਣਾ ਚਾਹੁੰਦੇ ਹਨ। ਬਿਭੀਖਨ ਉਸੇ ਵੇਲੇ ਨੰਗੇ ਪੈਰੀਂ ਉਠ ਬੈਠਾ ਅਤੇ ਚਲ ਪਿਆ, ਬਹੁਤ ਰਾਖਸ਼ ਉਸ ਦੇ ਨਾਲ ਚੱਲ ਪਏ॥ ੩੯॥

ਬਡ ਅਕਾਰ ਗਿਰ ਬਪੁ ਹੈਂ ਜੈਸੇ। ਨਾਸਾਂ ਕਰਨ ਕੰਦਰਾ ਤੈਸੇ।
ਦੋਨੋ ਰਾਖਸ਼ ਅੱਗ੍ਰਜ ਕਰਿਕੈ। ਆਯੋ ਨਿਕਟ ਭਾਉ ਉਰ ਧਰਿਕੈ ॥੪੦॥

ਉਨ੍ਹਾਂ ਦੇ ਵੱਡੇ ਵੱਡੇ ਆਕਾਰ ਹਨ, ਜਿਵੇਂ ਪਹਾੜ ਹੁੰਦੇ ਹਨ। ਨਾਸਾਂ ਉਨ੍ਹਾਂ ਦੀਆਂ ਖੁੰਦਰਾਂ ਵਰਗੀਆਂ ਹਨ। ਦੋਵਾਂ ਰਾਖਸ਼ਾਂ ਨੂੰ ਅੱਗੇ ਲਾ ਕੇ, ਹਿਰਦੇ ਵਿਚ ਪ੍ਰੇਮ ਭਾਵਨਾ ਭਰ ਕੇ ਗੁਰੂ ਜੀ ਦੇ ਨੇੜੇ ਆ ਗਏ॥ ੪੦॥

ਧਰੀ ਉਪਾਇਨ ਆਗੈ ਨੀਕੀ। ਬੰਦਨ ਕਿਯ ਸ਼ਰਧਾ ਧਰਿ ਜੀ ਕੀ।
'ਰਾਮ ਨਾਮ' ਕਹਿ ਬੈਠਿ ਸਮੀਪਾ। ਕੁਸ਼ਲ ਬੂਝਿ ਬੇਦੀ ਕੁਲਦੀਪਾ ॥੪੧॥

ਗੁਰੂ ਜੀ ਦੇ ਅੱਗੇ ਵਧੀਆ ਉਪਹਾਰ ਰੱਖੇ, ਅਤੇ ਦਿਲ ਵਿਚ ਸ਼ਰਧਾ ਧਾਰਨ ਕਰਕੇ ਬੰਦਨਾ ਕੀਤੀ। 'ਰਾਮ ਰਾਮ' ਕਹਿ ਕੇ ਨੇੜੇ ਬੈਠ ਗਏ ਅਤੇ ਗੁਰੂ ਜੀ ਦੀ ਕੁਸ਼ਲਤਾ ਬਾਰੇ ਪੁਛਿਆ ॥ ੪੧॥

ਬੋਲੇ ਬਹੁਰ 'ਸੁਨਹੁ ਲੰਕੇਸ਼ਾ!। ਭਯੋ ਬਿਰਹ ਚਿਰਕਾਲ ਰਘੇਸ਼ਾ।
ਮੇਲਿ ਫੇਰ ਕੀਨੋ ਕੈ ਨਾਂਹੀ?। ਮਹਾਂ ਭਗਤ ਤੂੰ ਦੈਂਤਨ ਮਾਂਹੀ' ॥੪੨॥

ਗੁਰੂ ਜੀ ਬੋਲੇ, "ਹੇ ਲੰਕਾ ਦੇ ਮਾਲਕ! ਸੁਣੋ, ਰਾਮਚੰਦਰ ਜੀ ਤੋਂ ਬਹੁਤ ਦੇਰ ਦਾ ਵਿਛੜਿਆ ਹੋਇਆ ਹੈਂ, ਫਿਰ ਦੁਬਾਰਾ ਮੇਲ ਹੋਇਆ ਕਿ ਨਹੀਂ? ਦੈਂਤਾਂ ਵਿਚ ਤੂੰ ਮਹਾਨ ਭਗਤ ਹੈਂ" ॥ ੪੨॥

ਲਖੇ ਬਿਭੀਖਨ ਸੰਤ ਸੁ ਪੂਰੇ।' ਹਾਥ ਬੰਦਿ ਬੋਲਜੇ ਬਚ ਰੂਰੇ।
'ਸੁਨਹੁ ਸੰਤ! ਜਬ ਕਾ ਮੈਂ ਬਿਛੁਰਾ। ਤਬ ਕਾ ਰਾਮ ਨਾਮ ਉਰ ਧਰਾ ॥੪੩॥

ਜਦ ਬਿਭੀਖਨ ਨੇ ਪੂਰਨ ਸੰਤ ਵੇਖਿਆ ਤੇ ਹੱਥ ਜੋੜ ਕੇ ਸੁੰਦਰ ਬਚਨ ਬੋਲੇ, "ਹੇ ਸੰਤ ਜੀ ਜਦ ਦਾ ਮੈਂ ਵਿਛੜਿਆਂ ਹਾਂ ਉਸ ਸਮੇਂ ਤੋਂ ਮੈਂ ਰਾਮ ਨਾਮ ਹਿਰਦੇ ਵਿਚ ਧਾਰਨ ਕੀਤਾ ਹੈ॥ ੪੩॥

ਨਹਿਂ ਬਿਛੁਰਯੋ ਮੈਂ ਜਾਨਹੁਂ ਤਿਨ ਕੋ। ਚਿਤ ਮਹਿਂ ਨਾਮ ਬਸਤਿ ਨਿਤ ਜਿਨ ਕੋ।
ਹਿਰਦੈ ਧਰਿਕੈ ਧ੍ਯਾਨ ਮੁਕੰਦਾ। ਨਿਤਾਪ੍ਰਤੀ ਹੌਂ ਮਗਨ ਅਨੰਦਾ॥ ੪੪॥

ਮੈਂ ਉਨ੍ਹਾਂ ਨੂੰ ਵਿਛੜਿਆ ਹੋਇਆ ਸਮਝਿਆ ਹੀ ਨਹੀਂ, ਉਨ੍ਹਾਂ ਦਾ ਨਾਂ ਸਦਾ ਮੇਰੇ ਹਿਰਦੇ ਵਿਚ ਵੱਸਦਾ ਹੈ, ਮੁਕਤੀਦਾਤੇ ਦਾ ਧਿਆਨ ਹਿਰਦੇ ਵਿਚ ਧਰ ਕੇ, ਮੈਂ ਸਦਾ ਅਨੰਦ ਵਿਚ ਮਗਨ ਰਹਿੰਦਾ ਹਾਂ॥ ੪੪॥

ਦੋਹਰਾ- ਮੇਲਿ ਸਰੀਰਨ ਕੋ ਬਨਯੋ ਬਿਛੁਰਨ ਹੈ ਇਨ ਅੰਤ।
ਮਿਲੇ, ਨ ਬਿਛੁਰਹਿਂ ਸੇ ਸਦਾ ਜਿਨ ਉਰ ਨਾਮ ਸੁ ਮੰਤ॥ ੪੫॥

ਸਰੀਰ ਦਾ ਮੇਲ ਬਣਿਆ ਹੈ, ਅੰਤ ਵਿਚ ਵਿਛੜਣਾ ਬਣਿਆ ਹੀ ਹੈ। ਉਹ ਮਿਲੇ ਹੋਏ ਵਿਛੜਦੇ ਨਹੀਂ, ਜਿਨ੍ਹਾਂ ਨੇ ਨਾਮ ਰੂਪੀ ਸ੍ਰੇਸ਼ਟ ਮੰਤਰ ਹਿਰਦੇ ਵਿਚ ਧਾਰ ਰਖਿਆ ਹੈ॥ ੪੫॥

ਚੌਪਈ- ਜਬ ਸ੍ਰੀ ਰਾਮ ਲੰਕ ਚਢਿ ਆਯੋ। ਦਸਸਿਰ ਕੋ ਮੈਂ ਤਬ ਸਮਝਾਯੋ।
ਸੀਤਾ ਦੇਇ ਮਿਲਹੁ ਰਘੁਨਾਥੈ। ਰਾਜ ਕਰੋ ਬੈਠੇ ਸੁਖ ਸਾਥੈ॥ ੪੬॥

ਜਦ ਰਾਮ ਲੰਕਾ ਤੇ ਚੜ੍ਹ ਕੇ ਆਇਆ ਸੀ ਤਾਂ ਮੈਂ ਰਾਵਣ ਨੂੰ ਸਮਝਾਇਆ ਸੀ, ਸੀਤਾ ਨੂੰ ਵਾਪਸ ਮੋੜ ਕੇ ਰਾਮਚੰਦਰ ਨੂੰ ਮਿਲ ਪਵੇ ਅਤੇ ਸੁੱਖ ਦੇ ਨਾਲ ਬੈਠ ਕੇ ਰਾਜ ਕਰੇ॥ ੪੬॥

ਕਰਯੋ ਕ੍ਰੋਧ ਤਿਨ ਲਾਤ ਪ੍ਰਹਾਰੀ। ਕੀਨ ਅਨਾਦਰ ਸਭਾ ਮਝਾਰੀ।
ਲਾਤ ਪ੍ਰਹਾਰ ਕਸ਼ਟ ਸਹਿ ਤਬਹੀ। ਦਹਿਦਿਸ਼ ਦੀਨ ਭਯੋ ਮੈਂ ਤਬਹੀ ॥੪੭॥

ਮੇਰੀ ਗੱਲ ਦਾ ਉਸ ਗੁੱਸਾ ਕੀਤਾ ਅਤੇ ਲੱਤ ਕੱਢ ਮਾਰੀ ਅਤੇ ਸਾਰੀ ਸਭਾ ਵਿਚ ਮੇਰਾ ਅਨਾਦਰ ਕੀਤਾ। ਲੱਤ ਵੱਜਣ ਦੇ ਕਸ਼ਟ ਨੂੰ ਜਦ ਮੈਂ ਬਰਦਾਸ਼ਤ ਕਰ ਲਿਆ, ਉਸ ਦਿਨ ਤੋਂ ਹੀ ਮੈਂ ਰਾਮਚੰਦਰ ਦਾ ਦਾਸ ਹੋ ਗਿਆ॥ ੪੭॥

ਰਾਮ ਚੰਦ ਕੀ ਤੱਕੀ ਸ਼ਰਨਾ। ਤਿਹ ਛਿਨ ਭਯੋ ਰਿਦੈ ਅਸ ਫੁਰਨਾ।
ਗਢ ਲੰਕਾ ਕੋ ਮਾਰਹਿਂ ਜਬਹੀ। ਬਿਜੈ ਹੋਇ ਰਘੁਪਤਿ ਕੀ ਤਬਹੀ ॥੪੮॥

ਮੈਂ ਰਾਮਚੰਦਰ ਦੀ ਸ਼ਰਨ ਤਕ ਲਈ, ਉਸ ਸਮੇਂ ਮੈਨੂੰ ਇਹ ਫੁਰਨਾ ਫੁਰਿਆ ਕਿ ਜਦ ਰਾਮਚੰਦਰ ਲੰਕਾ ਤੇ ਚੜ੍ਹਾਈ ਕਰਨਗੇ ਤਾਂ ਉਨ੍ਹਾਂ ਦੀ ਜਿੱਤ ਹੋਵੇਗੀ॥ ੪੮॥

ਮੁਝੈ ਰਾਜ ਦੇਂ ਲੰਕ ਸਮੇਤਾ। ਇਉਂ ਬਿਚਾਰ ਕਰਿ ਚਲਯੋ ਨਿਕੇਤਾ।
ਗਮਨਯੋ ਸਨਮੁਖ ਹੋਇ ਅਨਾਥਾ। ਜਾਇ ਦਰਸ ਦੇਖਯੋ ਰਘੁਨਾਥਾ ॥੪੯॥

ਮੈਨੂੰ ਲੰਕਾ ਦਾ ਰਾਜ ਦੇ ਦੇਣਗੇ, ਇਸ ਤਰ੍ਹਾਂ ਵਿਚਾਰ ਕਰਕੇ ਆਪਣੇ ਘਰ ਤੋਂ ਚਲ ਪਿਆ। ਮੈਂ ਅਨਾਥ ਹੋ ਕੇ ਉਨ੍ਹਾਂ ਦੇ ਸਾਹਮਣੇ ਚਲਾ ਗਿਆ ਅਤੇ ਜਾ ਕੇ ਰਾਮਚੰਦਰ ਜੀ ਦੇ ਦਰਸ਼ਨ ਕੀਤੇ॥ ੪੯॥

ਰਾਜ ਚਾਹਿ ਤਿਹ ਛਿਨ ਮਿਟ ਗਈ। ਇਉਂ ਬਿਚਾਰਾ ਉਰ ਮੈਂ ਸ਼ੁਭ ਭਈ।
ਰਾਜ ਬਡੋ ਦੁਖ ਸਾਗਰ ਹੇਰਾ। ਜਗਤ ਧੰਧ ਕੋ ਗਰਤ ਬਡੇਰਾ॥ ੫੦॥

ਉਨ੍ਹਾਂ ਨੂੰ ਵੇਖਦਿਆਂ ਹੀ ਰਾਜ ਪ੍ਰਾਪਤੀ ਦੀ ਚਾਹ ਮਿਟ ਗਈ। ਇਸ ਤਰ੍ਹਾਂ ਦਾ ਸ਼ੁਭ ਵਿਚਾਰ ਮੇਰੇ ਮਨ ਵਿਚ ਆਇਆ। ਰਾਜ ਨੂੰ ਦੁੱਖਾਂ ਦਾ ਵੱਡਾ ਸਾਗਰ ਸਮਝਿਆ। ਜਗਤ ਦੇ ਧੰਦੇ ਵੱਡੇ-ਵੱਡੇ ਖੱਡੇ ਹਨ॥ ੫੦॥

ਅਵਲੋਕੇ ਹ੍ਵੈ ਕਰਿ ਨਿਹਕਾਮੂ। ਬੰਦਨ ਕੀਨਿ ਚਰਨ ਸ੍ਰੀ ਰਾਮੂ।
ਕਰੁਨਾਨਿਧਿ ਸ੍ਰੀ ਅੰਤਰਜਾਮੀ। ਪੂਰਬ ਫੁਰਨਾ ਲਖਿ ਕਰਿ ਸ੍ਵਾਮੀ ॥੫੧॥

ਕਾਮਨਾ ਰਹਿਤ ਹੋ ਕੇ ਵੇਖਿਆ ਅਤੇ ਰਾਮਚੰਦਰ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਸ੍ਰੀ ਰਾਮ ਜੀ ਅੰਤਰਜਾਮੀ ਕਿਰਪਾ ਦੇ ਖਜ਼ਾਨੇ ਸਨ। ਸਵਾਮੀ ਪਹਿਲਾਂ ਹੀ ਮੇਰੇ ਫੁਰਨੇ ਨੂੰ ਜਾਣ ਗਏ ਸਨ॥ ੫੧॥

ਦੋਹਰਾ- ਬੋਲੇ ਸ੍ਰੀ ਮੁਖ ਤੇ ਬਚਨ ਆਉ ਬੈਠਿ ਲੰਕੇਸ਼!।
ਬਿਨੈ ਕਰੀ ਕਰ ਬੰਦਿ ਮੈਂ ਚਾਹਿ ਨ ਰਾਜ ਸੁ ਦੇਸ਼॥ ੫੨॥

ਆਪਣੇ ਮੁੱਖ ਤੋਂ ਬਚਨ ਬੋਲੇ, "ਹੇ ਲੰਕੇਸ਼ ਆ ਕੇ ਬੈਠੋ। ਮੈਂ ਹੱਥ ਜੋੜ ਕੇ ਬੇਨਤੀ ਕੀਤੀ, ਮੈਂ ਦੇਸ਼ ਦਾ ਰਾਜ ਨਹੀਂ ਚਾਹੁੰਦਾ ਹਾਂ॥ ੫੨॥

ਚੌਪਈ- ਸੁਨਿ ਸ੍ਰੀ ਰਘੁਪਤਿ ਬਹੁਰ ਉਚਾਰਾ। ਨਿਜ ਘਰ ਤੇ ਤੂੰ ਜਬੈ ਪਧਾਰਾ।
ਤਬੈ ਕਾਮਨਾ ਰਿਦੈ ਉਠਾਈ। ਲੰਕਾ ਦੇਹਿਂ ਰਾਮ ਮੁਝ ਤਾਈਂ॥ ੫੩॥

ਇਹ ਸੁਣ ਕੇ ਸ੍ਰੀ ਰਾਮ ਜੀ ਨੇ ਬਚਨ ਕੀਤਾ, "ਆਪਣੇ ਘਰ ਤੋਂ ਜਦ ਤੂੰ ਚਲਿਆ ਸੀ ਤਦ ਤੂੰ ਹਿਰਦੇ ਵਿਚ ਇਹ ਕਾਮਨਾ ਕੀਤੀ ਸੀ ਕਿ ਰਾਮ ਜੀ ਮੈਨੂੰ ਲੰਕਾ ਦਾ ਰਾਜ ਦੇ ਦੇਣ ॥ ੫੩॥

ਬਿਰਦ ਹਮਾਰਾ ਜਾਨਹੁ ਐਸਾ। ਤੋਸੋਂ ਕਹੋਂ ਬਿਭੀਖਨ ਤੈਸਾ।
ਧਾਰਿ ਕਾਮਨਾ ਜੋ ਜੱਗਜਾਸੀ। ਘਰ ਤਜਿ ਆਵਤਿ ਹੈ ਮੁਝ ਪਾਸੀ ॥੫੪॥

ਸਾਡਾ ਅਜਿਹਾ ਧਰਮ ਜਾਣੋ, ਹੇ ਵਿਭੀਖਨ ਤੈਨੂੰ ਉਸ ਤਰ੍ਹਾਂ ਹੀ ਕਹਿੰਦੇ ਹਾਂ! ਉਸ ਤਰ੍ਹਾਂ ਹੀ ਜੱਗਯਾਸੂ ਜਿਹੜੀ ਕਾਮਨਾ ਧਾਰਨ ਕਰਦਾ ਹੈ, ਘਰ ਨੂੰ ਛੱਡ ਕੇ ਮੇਰੇ ਪਾਸ ਆਉਂਦਾ ਹੈ॥ ੫੪॥

ਕਰੌਂ ਕਾਮਨਾ ਪੂਰਬ ਪੂਰੀ। ਪੁਨ ਦਿਉਂ ਪਦਵੀ ਕੈਵਲ ਰੂਰੀ।

ਹੈਂ ਐਸੇ ਸ੍ਰੀ ਰਾਮ ਉਦਾਰਾ। ਅਸ਼ਟ ਪਹਿਰ ਜਿਨ ਨਾਮ ਅਧਾਰਾ ॥੫੫॥

ਪਹਿਲਾਂ ਕਾਮਨਾ ਪੂਰੀ ਕਰਦਾ ਹਾਂ, ਫਿਰ ਮੁਕਤੀ ਦੀ ਸੁੰਦਰ ਪਦਵੀ ਦਿੰਦਾ ਹਾਂ। ਸ੍ਰੀ ਰਾਮ ਐਸੇ ਫਰਾਖ ਦਿਲ ਹਨ ਅੱਠੇ ਪਹਿਰ ਜਿਨ੍ਹਾਂ ਦੇ ਨਾਮ ਦਾ ਮੈਨੂੰ ਆਧਾਰ ਹੈ" ॥ ੫੫॥

ਸੁਨਿ ਸ੍ਰੀ ਨਾਨਕ ਕਹਿ ਮ੍ਰਿਦੁ ਬਾਨੀ। 'ਧੰਨ ਬਿਭੀਖਨ ਸੁਭ ਗੁਨਖਾਨੀ।
ਚਿਰੰਜੀਵ ਪਦਵੀ ਤੈਂ ਪਾਈ। ਮਨ ਕੀ ਨਾਮ ਬਿਖੈ ਲਿਵਲਾਈ ॥੫੬॥

ਇਹ ਸੁਣ ਕੇ ਸ੍ਰੀ ਨਾਨਕ ਦੇਵ ਜੀ ਨੇ ਕੋਮਲ ਬਚਨ ਕਹੇ, "ਹੇ ਵਿਭੀਖਨ ਤੂੰ ਧੰਨ ਹੈਂ ਤੂੰ ਸਭ ਗੁਣਾਂ ਦੀ ਖਾਣ ਹੈਂ। ਤੂੰ ਚਿਰੰਜੀਵ ਪਦਵੀ ਪਾਈ ਹੈ ਅਤੇ ਆਪਣੇ ਮਨ ਨੂੰ ਪ੍ਰਭੂ ਦੇ ਨਾਮ ਦੀ ਲਿਵ ਲਾਈ ਹੈ॥ ੫੬॥

ਡਰਤਿ ਰਹਤਿ ਰਾਖਸ਼ ਭੈ ਤੇਰੇ। ਆਇਸੁ ਮਾਨਿ ਭਏ ਸਭਿ ਚੇਰੇ।
ਕਾਹੁ ਨ ਕਰੈ ਦੁਖਾਉਨ ਕੋਈ। ਭਾਉ ਭਗਤਿ ਮਹਿ ਸ਼ਰਧਾ ਹੋਈ' ॥੫੭॥

ਤੇਰੇ ਭੈਅ ਤੋਂ ਸਾਰੇ ਰਾਖਸ਼ ਡਰਦੇ ਹਨ, ਤੇਰੀ ਆਗਿਆ ਮੰਨ ਕੇ ਤੇਰੇ ਚੇਲੇ ਬਣੇ ਹਨ। ਕਿਸੇ ਨੂੰ ਕੋਈ ਦੁਖਾਉਂਦਾ ਨਹੀਂ ਸਾਰਿਆਂ ਦੀ ਪ੍ਰੇਮ ਭਗਤੀ ਵਿਚ ਸ਼ਰਧਾ ਹੋਈ ਹੈ" ॥ ੫੭॥

ਸੁਨਤਿ ਬਿਭੀਖਨ ਬੈਨ ਉਚਾਰੇ। 'ਬੇਮੁਖ ਦੈਤ ਰਾਮ ਸਭਿ ਮਾਰੇ।
ਦੇਕੈ ਰਾਜ ਅਜੁੱਧਜਾ ਗਏ। ਮਮ ਸਮੇਤ ਬਾਂਦਰ ਦਲ ਲਏ ॥੫੮॥

ਵਿਭੀਖਨ ਨੇ ਫਿਰ ਬਚਨ ਉਚਾਰੇ, "ਜਿਹੜੇ ਦੈਂਤ ਬੇਮੁਖ ਸਨ ਉਹ ਸਾਰੇ ਰਾਮ ਜੀ ਨੇ ਮਾਰ ਦਿੱਤੇ ਸਨ। ਰਾਜ ਦੇ ਕੇ ਅਯੁਧਿਆ ਚਲੇ ਗਏ ਸਨ, ਮੇਰੇ ਸਮੇਤ ਬਾਂਦਰ ਸੈਨਾ ਨਾਲ ਲੈ ਗਏ॥ ੫੮॥

ਦੋਹਰਾ- ਤਹਾਂ ਜਾਇ ਮੋਕੋ ਤਬਹਿ ਇਹ ਉਪਦੇਸ਼ ਬਤਾਇ।
ਨਿਮਿਤਮਾਤ੍ਰ ਅਵਤਾਰ ਧਰਿ ਈਸ਼ੁਰ ਧਰਨੀ ਆਇ॥ ੫੯॥

ਓਥੇ ਜਾ ਕੇ ਮੈਨੂੰ ਇਹ ਉਪਦੇਸ਼ ਦਿੱਤਾ। ਸਵਾਮੀ ਈਸ਼ਵਰ ਅਵਤਾਰ ਧਾਰ ਕੇ ਇਸ ਧਰਤੀ ਤੇ ਆਉਣਗੇ।੫੯॥

ਚੌਪਈ- ਕਾਰਜ ਕਰਿ ਬੈਕੁੰਠ ਸੁ ਜਾਵਹਿਂ। ਤਿਨਕੇ ਗੁਨ ਪਢਿ ਸੁਨਿ ਸੁਖ ਪਾਵਹਿਂ।
ਹੈਂ ਅਵਤਾਰ ਸੰਤ ਨਿਤ ਮੇਰੇ। ਤਿਨ ਮਿਲਾਪ ਅਘ ਜਾਹਿਂ ਘਨੇਰੇ ॥੬੦॥

ਆਪਣਾ ਕਾਰਜ ਕਰਕੇ ਉਹ ਸਵਰਗਾਂ ਵਿਚ ਚਲੇ ਜਾਣਗੇ, ਉਨ੍ਹਾਂ ਦੇ ਗੁਣਾਂ ਨੂੰ ਪੜ੍ਹ ਸੁਣ ਕੇ ਲੋਕ ਸੁੱਖ ਪਾਉਣਗੇ। ਸੰਤ ਸਦਾ ਮੇਰੇ ਅਵਤਾਰ ਹਨ, ਉਨ੍ਹਾਂ ਦੇ ਮਿਲਾਪ ਨਾਲ ਸਾਰੇ ਪਾਪ ਦੂਰ ਹੋ ਜਾਣਗੇ॥ ੬੦॥

ਸੰਤ ਮੋਹਿ ਮਹਿਂ ਭੇਦ ਨ ਕੋਊ। ਐਸੇ ਰਾਮ ਕਹਾ ਦੁਖ ਖੋਊ।
ਸੋ ਤੁਮ ਸੰਤ ਸਦਾ ਸੁਖਦਾਈ। ਕਰਿ ਉਪਦੇਸ਼ ਦੇਹੁ ਸਮਝਾਈ ॥੬੧॥

ਮੇਰੇ ਅਤੇ ਸੰਤ ਵਿਚ ਕੋਈ ਭੇਦ ਨਹੀਂ ਹੈ, ਦੁੱਖਾਂ ਨੂੰ ਦੂਰ ਕਰਨ ਵਾਲੇ ਰਾਮ ਨੇ ਮੈਨੂੰ ਇਸ ਤਰ੍ਹਾਂ ਕਿਹਾ। ਇਸ ਲਈ ਤੁਸੀਂ ਸਦਾ ਸੁਖਾਂ ਦੇ ਦਾਤੇ ਹੋ। ਉਪਦੇਸ਼ ਦੇ ਕੇ ਸਮਝਾ ਦੇਵੋ॥ ੬੧॥

ਰਘੁਬਰ ਤੁਮ ਮਹਿਂ ਭੇਦ ਨ ਜਾਨੌਂ। ਈਸ਼ੁਰ ਏਕ ਸਮਾਨ ਪਛਾਨੌਂ।
ਬਿਨੈ ਸੁਨੀ ਸੁਨਿਕੈ ਤਿਹ ਬਾਨੀ। ਬੋਲੇ ਸ੍ਰੀ ਨਾਨਕ ਗੁਨਖਾਨੀ ॥੬੨॥

ਰਾਮ ਜੀ ਅਤੇ ਤੁਹਾਡੇ ਵਿਚ ਕੋਈ ਭੇਦ ਨਹੀਂ ਜਾਣਦਾ ਹਾਂ, ਇਕ ਸਮਾਨ ਈਸ਼ਵਰ ਪਹਿਚਾਣਦਾ ਹਾਂ। ਬੇਨਤੀ ਵਾਲੇ ਬਚਨ ਸੁਣ ਕੇ, ਗੁਣਾਂ ਦੀ ਖਾਣ ਗੁਰੂ ਨਾਨਕ ਦੇਵ ਜੀ ਬੋਲੇ॥ ੬੨॥

ਸ੍ਰੀ ਮੁਖਵਾਕ ਰਾਮਕਲੀ ਮਹਲਾ ੧ ॥

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਲੰਕਾ ਲੂਟੀ ਦੈਤ ਸੰਤਾਪੈ ॥
ਰਾਮਚੰਦਿ ਮਾਰਿਓ ਅਹਿ ਰਾਵਣੁ ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥
ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥ ੪੦ ॥ (ਪੰਨਾ ੯੪੨)

ਗੁਰਮੁਖਿ ਕਿਸਮਤ ਦੇ ਲਿਖਾਰੀ ਵਾਹਿਗੁਰੂ ਦਾ ਬਣਾਇਆ ਹੋਇਆ ਇਕ ਪੁਲ ਹੈ। ਉਸ ਦੇ ਰਾਹੀਂ ਸਰੀਰ ਦੀ ਲੰਕਾ ਦੀ ਬੁਰਿਆਈ ਲੁੱਟੀ ਪੁੱਟੀ ਜਾਂਦੀ ਹੈ ਅਤੇ ਦੈਂਤ ਮਲੀਆਮੇਟ ਹੋ ਜਾਂਦੇ ਹਨ। ਮਨ ਦਾ ਰਾਮ ਚੰਦਰ ਹੰਕਾਰ ਦੇ ਰਾਵਣ ਨੂੰ ਮਾਰ ਮੁਕਾਉਂਦਾ ਹੈ ਅਤੇ ਗੁਰਾਂ ਦੇ ਰਾਹੀਂ ਬਿਭੀਖਣ ਦਾ ਦਰਸਾਇਆ ਹੋਇਆ ਰਾਜ ਅਨੁਭਵ ਕੀਤਾ ਜਾਂਦਾ ਹੈ। ਗੁਰਮੁਖ ਪੱਥਰਾਂ ਨੂੰ ਵੀ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ। ਗੁਰਮੁਖਿ ਤੇਤੀ ਕਰੋੜ ਦਿਲਸਾਨਾਂ ਦਾ ਪਾਰਉਤਾਰਾ ਕਰ ਦਿੰਦਾ ਹੈ ॥ ੪੦ ॥

ਚੌਪਈ- ਸ੍ਰੀ ਗੁਰ ਭਨੈ, 'ਬਿਭੀਖਨ ! ਸੁਨੀਏ। ਆਗੈ ਹੀ ਗੁਰਮੁਖਿ ਮਨ ਗੁਨੀਏ।
ਭੇਦ ਆਇ ਦੀਨੋ ਸ੍ਰੀ ਰਾਮੂ । ਰਾਵਨ ਮਾਰਿ ਕਰੇ ਸਭਿ ਕਾਮੂ ॥੬੩॥

ਗੁਰੂ ਜੀ ਨੇ ਬਚਨ ਕੀਤਾ, "ਹੇ ਬਿਭੀਖਣ ! ਸੁਣੋ, ਅੱਗੇ ਗੁਰਮੁਖ ਦੇ ਮਨ ਦੀ ਪਹਿਚਾਣ ਕਰੋ, ਭੇਦ ਲਿਆ ਕੇ ਸ੍ਰੀ ਰਾਮ ਜੀ ਨੂੰ ਦੇ ਦਿੱਤਾ, ਉਨ੍ਹਾਂ ਰਾਵਣ ਨੂੰ ਮਾਰ ਕੇ ਸਭ ਕੰਮ ਕਰ ਦਿੱਤੇ ॥ ੬੩ ॥

ਗੁਰ ਕੈ ਸਬਦ ਰਾਮ ਬੀਚਾਰੇ। ਸਿੰਧ ਬਿਖੈ ਪਾਹਨ ਬਡ ਤਾਰੇ।
ਸਤਿਗੁਰ ਸਬਦ ਸਭਿਨਿ ਤੇ ਵਡੋ। ਤੇਤੀ ਕੋਟ ਸੁਰਨ ਕੋ ਛਡੋ ॥੬੪॥

ਸ੍ਰੀ ਰਾਮ ਨੇ ਗੁਰੂ ਦੇ ਸ਼ਬਦ ਨੂੰ ਵੀਚਾਰਿਆ ਅਤੇ ਸਮੁੰਦਰ ਉੱਤੇ ਪੱਥਰ ਤਾਰ ਦਿੱਤੇ। ਸਤਿਗੁਰ ਦਾ ਸ਼ਬਦ ਸਭ ਤੋਂ ਵੱਡਾ ਹੈ, ਤੇਤੀ ਕਰੋੜ ਦੇਵਤਿਆਂ ਨੂੰ ਛੱਡੋ ॥ ੬੪ ॥

ਸਤਿਗੁਰ ਸ਼ਬਦ ਰਿਦੈ ਬੀਚਾਰੋ। ਇਹ ਉਪਦੇਸ਼ ਹਮਾਰੋ ਧਾਰੋ।
ਸੁਪਨ ਸਮਾਨ ਜਗਤ ਕੋ ਜਾਨੋ। ਏਕ ਆਤਮਾ ਸਰਬ ਪਛਾਨੋ ॥੬੫॥

ਸਤਿਗੁਰੂ ਦੇ ਸ਼ਬਦ ਦੀ ਹਿਰਦੇ ਵਿਚ ਵਿਚਾਰ ਕਰੋ। ਇਹ ਸਾਡਾ ਉਪਦੇਸ਼ ਧਾਰਨ ਕਰੋ। ਸੁਪਨੇ ਸਮਾਨ ਇਸ ਜਗਤ ਨੂੰ ਜਾਣੋ ਅਤੇ ਸਾਰੇ ਇਕ ਆਤਮਾ ਪਛਾਣੋ ॥ ੬੫ ॥

ਦੋਹਰਾ- ਸੰਤਨ ਕੀ ਸੰਗਤਿ ਕਰੋ ਸੁਖ ਜਿਸ ਮਹਿਂ ਦਿਨ ਰੈਨ।
ਨੀਕੋ ਇਹ ਉਪਦੇਸ਼ ਹੈ ਮਹਾਂ ਅਘੀ ਗਤਿ ਦੈਨ' ॥ ੬੬ ॥

ਸੰਤਾਂ ਦੀ ਸੰਗਤ ਕਰੋ, ਜਿਸ ਵਿਚ ਦਿਨ ਰਾਤ ਸੁੱਖ ਪ੍ਰਾਪਤ ਹੁੰਦਾ ਹੈ। ਇਹ ਉਪਦੇਸ਼ ਬਹੁਤ ਚੰਗਾ ਹੈ, ਮਹਾਂ ਪਾਪੀਆਂ ਨੂੰ ਮੁਕਤੀ ਦਿੰਦਾ ਹੈ" ॥ ੬੬ ॥

ਚੌਪਈ- ਤਿਹ ਛਿਨ ਬੋਲਿ ਉਠਯੋ ਮਰਦਾਨਾ। 'ਸੁਨਯੋ ਸੁ ਰਹੈ ਇਹਾਂ ਹਨੁਮਾਨਾ।
ਤਿਸਹਿ ਦਿਖਾਵਹੁ ਸ੍ਰੀ ਪ੍ਰਭੁ ! ਅਬ ਹੀ'। ਸੁਨਤਿ ਬਿਭੀਖਨ ਬੋਲਯੋ ਤਬ ਹੀ ॥੬੭॥

ਉਸ ਸਮੇਂ ਮਰਦਾਨੇ ਨੇ ਕਿਹਾ, "ਸੁਣਿਆ ਹੈ ਏਥੇ ਹਨੂੰਮਾਨ ਵੀ ਰਹਿੰਦਾ ਹੈ, ਹੇ ਪ੍ਰਭੂ ਜੀ ! ਉਸ ਨੂੰ ਵੀ ਹੁਣ ਸਾਨੂੰ ਵਿਖਾਵੋ।" ਇਹ ਸੁਣ ਕੇ ਬਿਭੀਖਨ ਬੋਲਿਆ ॥ ੬੭ ॥

ਰਾਵਨ ਕੋਸਲ ਜਹਾਂ ਮਹਾਨਾਂ। ਅਬ ਬੈਠਯੋ ਤਿਹ ਠਾਂ ਹਨੁਮਾਨਾ।
ਬਿਨ ਸ੍ਰੀ ਰਾਮ ਨ ਬੰਦਨ ਕਰਿਹੀ। ਆਇਸੁ ਅਪਰ ਨ ਕਿਹ ਸਿਰ ਧਰਿਹੀ ॥੬੮॥

ਜਿਥੇ ਰਾਵਣ ਦੀ ਮਹਾਂ ਚਿਖਾ ਹੈ, ਹਨੂਮਾਨ ਇਸ ਸਮੇਂ ਓਥੇ ਬੈਠਿਆ ਹੈ। ਰਾਮ ਤੋਂ ਬਿਨਾਂ ਉਹ ਕਿਸੇ ਨੂੰ ਬੰਦਨਾ ਨਹੀਂ ਕਰਦਾ, ਹੋਰ ਕਿਸੇ ਦੀ ਆਗਿਆ ਨਹੀਂ ਮੰਨਦਾ" ॥ ੬੮ ॥

ਗੁਰ ਕਹਜੋ, 'ਹਮ ਰਾਮ ਸਰੂਪਾ। ਯੁਤ ਸੀਤਾ ਕੇ ਧਰਹਿਂ ਅਨੂਪਾ।
ਤਿਹ ਬੁਲਾਇਕੇ ਦੇਹੁ ਦਿਖਾਈ। ਪੁਨ ਹਮ ਆਵਨ ਹੋਇ ਕਦਾਈ' ॥੬੯ ॥

ਗੁਰੂ ਜੀ ਨੇ ਕਿਹਾ, "ਅਸੀਂ ਰਾਮ ਸਰੂਪ ਹਾਂ। ਅਸੀਂ ਸੀਤਾ ਦਾ ਅਨੂਪਮ ਰੂਪ ਪ੍ਰਕਾਸ਼ਿਤ ਕਰਦੇ ਹਾਂ। ਉਸ ਨੂੰ ਲਿਆ ਕੇ ਵਿਖਾ ਦੇਵੋ, ਫਿਰ ਅਸੀਂ ਆ ਜਾਵਾਂਗੇ" ॥ ੬੯ ॥

ਤਬ ਇਕ ਰਾਖਸ਼ ਤਹਾਂ ਪਠਾਯੋ। ਗਇਓ ਨਿਕਟਿ ਇਉਂ ਬੈਨ ਸੁਨਾਯੋ।
'ਵਹਿਰ ਲੰਕ ਸ੍ਰੀ ਰਾਮ ਸੁਹਾਵਤਿ। ਸੀਤਾ ਯੁਤ ਸੋ ਤੁਝੈ ਬੁਲਾਵਤਿ ॥੭੦ ॥

ਫਿਰ ਓਥੇ ਇਕ ਰਾਕਸ਼ ਨੂੰ ਭੇਜਿਆ, ਹਨੂੰਮਾਨ ਦੇ ਪਾਸ ਜਾ ਕੇ ਉਸ ਕਿਹਾ, "ਲੰਕਾ ਦੇ ਬਾਹਰ ਰਾਮ ਸ਼ੋਭਾ ਪਾ ਰਹੇ ਹਨ, ਸੀਤਾ ਦਾ ਪ੍ਰਕਾਸ਼ ਤੁਹਾਨੂੰ ਬੁਲਾ ਰਿਹਾ ਹੈ॥ ੭੦ ॥

ਨਿਕਟ ਬਿਭੀਖਨ ਗਯੋ ਅਗਾਰੀ। ਮੈਂ ਆਯੋ ਤੁਮ ਕੋ ਸੁਧ ਕਾਰੀ'।
ਸੁਨਤਿ ਚੌਂਪ ਕਰਿਕੈ ਹਨੁਮਾਨਾ। ਚਲਜੋ ਸੰਗ ਹਿਰਦੈ ਹਰਖਾਨਾ ॥੭੧ ॥

ਉਹ ਬਿਭੀਖਣ ਦੇ ਪਾਸ ਬੈਠੇ ਹਨ, ਮੈਂ ਤੁਹਾਨੂੰ ਖਬਰ ਦੇਣ ਆਇਆ ਹਾਂ।" ਇਹ ਸੁਣ ਕੇ ਹਨੂਮਾਨ ਹੈਰਾਨ ਰਹਿ ਗਿਆ। ਹਿਰਦੇ ਵਿਚ ਬੜਾ ਖੁਸ਼ ਹੋ ਕੇ ਨਾਲ ਚੱਲ ਪਿਆ॥ ੭੧ ॥

ਰਘੁਬਰੁ ਕੋ ਸ੍ਰੀ ਗੁਰ ਬਪੁ ਧਰਾ। ਮੈਂ ਤਿਹ ਛਿਨ ਲਛਮਨ ਤਨ ਕਰਾ।
ਸੀਤਾ ਬੇਖ ਕੀਨ ਮਰਦਾਨਾ। ਚਲਿ ਆਇਓ ਤਿਹ ਠਾਂ ਹਨੁਮਾਨਾ ॥੭੨ ॥

ਗੁਰੂ ਜੀ ਨੇ ਰਾਮਚੰਦਰ ਦਾ ਸਰੂਪ ਧਾਰਨ ਕਰ ਲਿਆ, ਮੈਂ ਉਸੇ ਵੇਲੇ ਲਛਮਣ ਦਾ ਰੂਪ ਬਣਾ ਲਿਆ, ਮਰਦਾਨੇ ਨੇ ਸੀਤਾ ਦਾ ਭੇਸ ਬਣਾ ਲਿਆ। ਓਥੇ ਹਨੂੰਮਾਨ ਚਲ ਕੇ ਆ ਗਿਆ॥ ੭੨ ॥

ਗਿਰ ਕੰਚਨ ਸਮ ਦੇਹਿ ਕਰਾਲਾ। ਕਾਂਧੇ ਧਾਰੀ ਗੁਰਜ ਬਿਸਾਲਾ।
ਕੀਨ ਬੰਦਨਾਂ ਪਦ ਅਰਬਿੰਦਾ। ਬੈਠਿ ਗਯੋ ਉਰ ਅਧਿਕ ਅਨੰਦਾ ॥੭੩ ॥

ਸੋਨੇ ਦੇ ਪਹਾੜ ਵਰਗੀ ਭਿਆਨਕ ਦੇਹ ਸੀ। ਮੋਢੇ ਉਤੇ ਬਹੁਤ ਵੱਡਾ ਗੁਰਜ ਧਰਿਆ ਹੋਇਆ ਸੀ। ਉਸ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਅਤੇ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ॥ ੭੩ ॥

ਰੂਪ ਬਿਲੋਕਤਿ ਲੋਚਨ ਭਰਿ ਕੈ। ਮਹਾਂ ਪ੍ਰੇਮ ਪੁਲਕਾਵਲ ਕਰਿਕੈ।
ਤਿਹ ਛਿਨ ਬੋਲੇ ਕ੍ਰਿਪਾ ਨਿਧਾਨਾ। 'ਸੁਨੋ ਬੈਨ ਹਮਰੇ ਹਨੁਮਾਨਾ ! ॥੭੪ ॥

ਅੱਖਾਂ ਭਰ ਕੇ ਰੂਪ ਵੇਖ ਰਿਹਾ ਸੀ। ਮਹਾਨ ਪ੍ਰੇਮ ਦੇ ਕਾਰਨ ਉਸ ਦੇ ਲੂੰ ਕੰਡੇ ਖੜੇ ਹੋ ਗਏ। ਉਸ ਸਮੇਂ ਕਿਰਪਾ ਨਿਧਾਨ ਗੁਰੂ ਜੀ ਬੋਲੇ, "ਹੇ ਹਨੂੰਮਾਨ ਸਾਡੀ ਗੱਲ ਸੁਣੋ॥ ੭੪ ॥

ਦੋਹਰਾ- ਸਰਬ ਬਿਆਪੀ ਮੋਹਿ ਕੋ ਜਬ ਜਾਨਹਿਂ ਮਨ ਮਾਂਹਿ।
ਸਦਾ ਮਿਲਜੋ ਹਮ ਸੋਂ ਰਹੈਂ ਬਿਛੁਰਨ ਹ੍ਵੈ ਕਬ ਨਾਂਹਿ॥ ੭੫ ॥

ਜਦ ਤਕ ਸਰਬ ਵਿਆਪੀ ਮੋਹ ਨੂੰ ਆਪਣੇ ਮਨ ਵਿਚ ਜਾਣੇਗਾ ਸਦਾ ਹੀ ਸਾਡੇ ਨਾਲ ਮਿਲਿਆ ਰਹੇਗਾ ਅਤੇ ਕਦੇ ਵੀ ਵਿਛੋੜਾ ਨਹੀਂ ਹੋਵੇਗਾ॥ ੭੫ ॥

ਚੌਪਈ- ਦੇਖਤਿ ਹੋ ਜਿਤਨੇ ਤਨੁ ਸਾਰੇ। ਸਭਿ ਜਾਨਹੁ ਸੀਤਾ ਇਹ ਧਾਰੇ।

ਸੋ ਸੀਤਾ ਪੁਨ ਧਰਿ ਰਘੁਬੀਰੂ। ਸੋ ਲਖਮਨ ਕੋ ਬਨੀ ਸਰੀਰੂ॥ ੭੬॥

ਜਿੰਨੇ ਵੀ ਸਰੀਰ ਵੇਖਦੇ ਹੋ, ਸਭ ਜਾਣੋ ਕਿ ਇਹ ਸੀਤਾ ਨੇ ਧਾਰਨ ਕੀਤੇ ਹਨ। ਸੀਤਾ ਨੇ ਹੀ ਫਿਰ ਰਾਮ ਦਾ ਸਰੂਪ ਧਾਰਨ ਕੀਤਾ ਹੈ, ਸੋਈ ਫਿਰ ਲਛਮਣ ਦਾ ਸਰੀਰ ਬਣੀ ਹੈ॥ ੭੬॥

ਸਭਿ ਬਾਂਦਰ ਦਲ ਸੋਊ ਜਾਨਹੁ। ਬਾਲੀ ਜਾਮਵੰਤ ਪਹਿਚਾਨਹੁ।
ਅੰਗਦ ਔਰ ਸੁਗ੍ਰੀਵ ਸੁ ਸੀਤਾ। ਸਭਿ ਰਾਖਸ਼ ਤਨ ਤਿਨਹੀ ਕੀਤਾ॥੭੭॥

ਸਭ ਬਾਂਦਰ ਸੈਨਾ ਨੂੰ ਬਾਲੀ ਜਾਮਵੰਤ ਹੀ ਪਹਿਚਾਣੋ, ਅੰਗਦ ਅਤੇ ਜੋ ਸੁਗ੍ਰੀਵ ਹਨ ਅਤੇ ਸਭ ਰਾਖਸ਼ਾਂ ਦਾ ਤਨ ਸੀਤਾ ਨੇ ਹੀ ਕੀਤਾ ਹੈ॥ ੭੭॥

ਰਾਵਨ ਆਦਿ ਬਿਭੀਖਨ ਸਭਿ ਹੀ। ਤਨ ਸੀਤਾ ਧਾਰਤਿ ਲਖਿ ਅਬਹੀ।
ਬਿਨ ਸੀਤਾ ਕੇ ਕਹੂੰ ਨ ਔਰਾ। ਦ੍ਰਿਸ਼ਟਿ ਜੁ ਆਵਤਿ ਸੋ ਸਭਿ ਠੌਰਾ॥੭੮॥

ਰਾਵਣ ਆਦਿ ਜਿਹੜੇ ਬਿਭੀਖਣ ਹਨ, ਸਾਰਿਆਂ ਨੇ ਸੀਤਾ ਦਾ ਤਨ ਹੀ ਧਾਰਨ ਕੀਤਾ ਸਮਝੋ। ਸੀਤਾ ਬਗੈਰ ਹੋਰ ਕੁਝ ਨਹੀਂ ਹੈ। ਸਭ ਥਾਂ ਜਿਹੜੇ ਮਨੁੱਖ ਦੀ ਦ੍ਰਿਸ਼ਟੀ ਵਿਚ ਆਉਂਦੇ ਹਨ॥ ੭੮॥

ਦੋਹਰਾ- ਸੋ ਸੀਤਾ ਸਭਿ ਜਗ ਭਈ ਸੱਤਜਾ ਲੇਕਰਿ ਰਾਮ।
ਉਪਜਾਵਤਿ ਸਭਿ ਜਗਤ ਕੋ- ਪੁਨ ਪਾਲਤਿ ਸੁਖ ਧਾਮ॥ ੭੯॥

ਰਾਮ ਪਾਸੋਂ ਸਮਰਥਾ ਲੈ ਕੇ ਸੀਤਾ ਸਾਰੇ ਜਗਤ ਵਿਚ ਪ੍ਰਕਾਸ਼ਿਤ ਹੈ, ਉਹ ਸਾਰੇ ਜਗਤ ਨੂੰ ਪੈਦਾ ਕਰਦੀ ਹੈ, ਫਿਰ ਸੁੱਖਾਂ ਦੇ ਘਰ ਵਿਚ ਉਨ੍ਹਾਂ ਦੀ ਪਾਲਣਾਂ ਕਰਦੀ ਹੈ॥ ੭੯॥

ਚੌਪਈ- ਸੋ ਸੀਤਾ ਪੁਨ ਕਰਤਿ ਸੰਘਾਰਾ। ਸੱਤਜਾ ਪਾਇ ਕਰਹਿ ਸਭਿ ਕਾਰਾ।
ਰਾਮ ਬਿਆਪਕ ਸਭਿਕੇ ਮਾਂਹੀ। ਬਿਨ ਬਜਾਪਕ ਕੋਊ ਘਟ ਨਾਂਹੀ॥੮੦॥

ਸੋ ਸੀਤਾ ਫਿਰ ਸਭ ਦਾ ਨਾਸ਼ ਕਰਦੀ ਹੈ। ਤਾਕਤ ਪ੍ਰਾਪਤ ਕਰਕੇ ਸਭ ਕਾਰੇ ਕਰਦੀ ਹੈ। ਰਾਮ ਸਾਰਿਆਂ ਵਿਚ ਵਿਆਪਕ ਹੈ, ਉਸ ਦੇ ਬਗੈਰ ਕੋਈ ਥਾਂ ਨਹੀਂ॥ ੮੦॥

ਯਾਂਤੇ ਸੀਤਾ ਹੈ ਯਾ ਰਾਮ। ਨਹਿ ਤੀਸਰ ਕੋ ਚੀਨਹੁ ਨਾਮ'।
ਮ੍ਰਿਦੁਲ ਬੈਨ ਸੁਨਿਕੈ ਹਨੁਮਾਨਾ। ਪ੍ਰੇਮ ਮਗਨ ਹਿਰਦੇ ਹਰਖਾਨਾ॥ ੮੧॥

ਇਸ ਲਈ ਜਾਂ ਸੀਤਾ ਹੈ ਜਾਂ ਰਾਮ ਹੈ, ਹੇ ਹਨੂੰਮਾਨ! ਹੋਰ ਕਿਸੇ ਤੀਸਰੇ ਨੂੰ ਨਾ ਪਹਿਚਾਣੋ।'' ਕੋਮਲ ਮਿੱਠੇ ਬਚਨ ਸੁਣ ਕੇ ਹਨੂੰਮਾਨ ਪ੍ਰੇਮ ਮਗਨ ਹੋ ਕੇ ਹਿਰਦੇ ਵਿਚ ਬਹੁਤ ਖ਼ੁਸ਼ ਹੋਇਆ॥ ੮੧॥

'ਸੱਤਜ ਸੱਤਜ ਤੁਮ ਗਿਰਾ ਅਲਾਈ। ਅਪਨੇ ਨਿਕਟਿ ਰਖਹੁ ਰਘੁਰਾਈ'।
ਰਾਮ ਬੇਖ ਸ੍ਰੀ ਨਾਨਕ ਕਹਾ। 'ਕਥਾ ਕੀਰਤਨ ਹੋਵਤਿ ਜਹਾਂ॥ ੮੨॥

ਹਨੂੰਮਾਨ ਨੇ ਕਿਹਾ, "ਤੁਸੀਂ ਸੱਚੇ ਬਚਨ ਕਹੇ ਹਨ, ਹੇ ਰਾਮ ਜੀ ਮੈਨੂੰ ਆਪਣੇ ਪਾਸ ਰਖੋ"। ਰਾਮ ਭੇਸ ਵਿਚ ਗੁਰੂ ਨਾਨਕ ਜੀ ਨੇ ਕਿਹਾ, "ਜਿਥੇ ਵੀ ਕਥਾ ਕੀਰਤਨ ਹੁੰਦਾ ਹੋਵੇ॥ ੮੨॥

ਦੋਹਰਾ- ਤਹਾਂ ਬਸਤਿ ਹੌਂ ਮੈਂ ਸਦਾ ਸੁਨਹੁ ਪ੍ਰੀਤ ਕਰਿ ਜਾਇ।
ਨਿਕਟਿ ਰਹਿਨ ਫਲ ਹੋਤਿ ਹੈ ਸਤਿਸੰਗਤਿ ਮਨ ਲਾਇ॥ ੮੩॥

ਉਥੇ ਸਦਾ ਹੀ ਮੈਂ ਵੱਸਦਾ ਹਾਂ, ਪ੍ਰੀਤ ਲਾ ਕੇ ਕੀਰਤਨ ਸੁਣੋ। ਮਨ ਲਾ ਕੇ ਸਤਿਸੰਗਤ ਦੇ ਨੇੜੇ ਰਹਿਣ ਨਾਲ ਫਲ ਮਿਲਦਾ ਹੈ॥ ੮੩॥

ਚੌਪਈ- ਅਬ ਤੁਮ ਜਾਵਹੁ ਜਹਿਂ ਤੇ ਆਇਓ। ਬੰਦਨ ਕਰਿ ਹਨੁਮਾਨੁ ਸਿਧਾਇਓ।
ਜਹਿਂ ਰਾਵਨ ਕੀ ਚਿਖਾ ਬਿਸਾਲਾ। ਤਹਾਂ ਜਾਇ ਪਹੁੰਚਜੋ ਤਤਕਾਲਾ॥੮੪॥

ਹੁਣ ਤੁਸੀ ਜਾਵੋ ਜਿਥੋਂ ਆਏ ਹੋ"। ਨਮਸ਼ਕਾਰ ਕਰਕੇ ਹਨੂਮਾਨ ਚਲੇ ਗਿਆ, ਜਿਥੇ ਰਾਵਣ ਦੀ ਵੱਡੀ ਚਿਖਾ ਬਣੀ ਸੀ, ਓਥੇ ਤੁਰੰਤ ਪਹੁੰਚ ਗਿਆ॥ ੮੪॥

ਕਥਾ ਕੀਰਤਨ ਜਹਿਂ ਜਹਿਂ ਹੋਇ। ਦੂਸਰ ਤਨ ਧਰਿ ਸੁਨਿ ਹੈ ਸੋਇ।
ਨਿਜ ਸਰੂਪ ਸ੍ਰੀ ਨਾਨਕ ਕੀਨੋ। ਮੈਂ ਮਰਦਾਨਾ ਭੇ ਤਿਉਂ ਤੀਨੋ॥੮੫॥

ਕਥਾ ਕੀਰਤਨ ਜਿਥੇ ਜਿਥੇ ਹੁੰਦਾ ਹੈ। ਦੂਸਰਾ ਸਰੀਰ ਧਾਰਨ ਕਰਕੇ ਜਾ ਕੇ ਸੁਣਦਾ ਹੈ। ਗੁਰੂ ਜੀ ਨੇ ਆਪਣਾ ਨਿਜੀ ਸਰੂਪ ਧਾਰਨ ਕਰ ਲਿਆ। ਮੈਂ ਤੇ ਮਰਦਾਨਾ ਵੀ ਆਪਣੇ ਅਸਲੀ ਰੂਪ ਵਿਚ ਆ ਗਏ॥ ੮੫॥

ਦੋਹਰਾ-ਬਿਦਾ ਬਿਭੀਖਨ ਤੇ ਭਏ ਚਲੇ ਅਪਰ ਅਸਥਾਨ।
ਕਰਿ ਸੰਤੋਖ ਸਿੰਘ ਬੰਦਨਾ ਪੂਰਨ ਧਜਾਇ ਪਛਾਨ॥ ੮੬॥

ਬਿਭੀਖਨ ਤੋਂ ਵਿਦਾਇਗੀ ਲੈ ਕੇ ਕਿਸੇ ਹੋਰ ਅਸਥਾਨ ਵੱਲ ਚਲ ਪਏ। ਸੰਤੋਖ ਸਿੰਘ ਨੇ ਬੰਦਨਾ ਕਰਕੇ, ਅਧਿਆਇ ਪੂਰਨ ਕਰ ਦਿੱਤਾ ਪਛਾਣੋ॥ ੮੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਲੰਕਾ ਪ੍ਰਸੰਗ' ਬਰਨਨੰ ਅਸ਼ਟਦਸਮੋ ਅਧਯਾਯ॥ ੧੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠਾਰ੍ਹਵਾਂ ਅਧਿਆਇ, ਜਿਸ ਦਾ ਨਾਮ "ਲੰਕਾ ਪ੍ਰਸੰਗ" ਹੈ, ਸਮਾਪਤ ਹੋਇਆ॥ ੧੮॥

## ਅਧਿਆਇ ਉੱਨੀਵਾਂ

*ਪਲਖ, ਸ਼ਾਲਮਲੀ, ਕੁਸ਼, ਕ੍ਰੌਚ, ਸਾਖ ਤੇ ਪੁਸ਼ਕਰ ਦੀਪ*

ਦੋਹਰਾ- ਤਮ ਅੱਗਜਾਨ ਬਿਨਾਸ਼ਨੀ ਦੇਤਿ ਗਜਾਨ ਉਰ ਨੈਨ।
ਸ੍ਰੀ ਸਰਸ੍ਵਤੀ ਸੁਮਤਿ ਦਾ ਜੈ ਜੈ ਬਸੀਐ ਬੈਨ॥ ੧॥

ਹੇ ਸਰਸਵਤੀ! ਤੂੰ ਅਗਿਆਨ ਰੂਪ ਹਨੇਰੇ ਨੂੰ ਦੂਰ ਕਰਨ ਵਾਲੀ ਹੈਂ। ਤੂੰ ਹਿਰਦੇ ਦੇ ਨੈਣਾਂ ਨੂੰ ਗਿਆਨ ਰੂਪੀ ਪ੍ਰਕਾਸ਼ ਦੇਣ ਵਾਲੀ ਹੈਂ। ਤੂੰ ਸ੍ਰੇਸ਼ਟ ਬੁੱਧੀ ਦੀ ਦਾਤੀ ਹੈਂ। ਤੇਰੀ ਸਦਾ ਹੀ ਜੈ ਹੋਵੇ, ਕਿਰਪਾ ਕਰਕੇ ਮੇਰੀ ਬਾਣੀ ਵਿਚ ਆ ਕੇ ਵੱਸ ਜਾਵੋ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਕਹਿ ਬਾਲਾ ਸ੍ਰੀ ਅੰਗਦ ਪਾਸੀ। ਰੁਚਿਰ ਕਥਾ ਸੁਣੀਏ ਸੁਖਰਾਸੀ!।
ਸ੍ਰੀ ਗੁਰ ਸੋਂ ਬੋਲਜੋ ਮਰਦਾਨਾ। 'ਸਭਿ ਹੀ ਦੀਪ ਦਿਖਾਉ ਮਹਾਨਾ॥੨॥

ਭਾਈ ਬਾਲੇ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕਿਹਾ, "ਹੇ ਸੁਖਾਂ ਦੀ ਰਾਸ! ਸੁੰਦਰ ਕਥਾ ਸੁਣੋ। ਫਿਰ ਗੁਰੂ ਨਾਨਕ ਦੇਵ ਜੀ ਨੂੰ ਮਰਦਾਨੇ ਨੇ ਕਿਹਾ "ਤੁਸੀ ਸਾਰੇ ਹੀ ਮਹਾਨ ਦੀਪ ਦਿਖਾਏ ਹਨ॥ ੨॥

ਇਹ ਲਾਲਸ ਮੇਰੇ ਮਨ ਮਾਂਹੀ। ਦੇਖੋਂ ਸਪਤ ਦੀਪ ਜੋ ਆਹੀ।
ਸਰਬ ਪ੍ਰਕਾਰ ਸਮਰੱਥ ਸੁਆਮੀ। ਜਹਿਂ ਚਾਹਉ ਤਹਿਂ ਕੇ ਤੁਮ ਗਾਮੀ' ॥੩॥

ਮੇਰੇ ਮਨ ਵਿਚ ਇਹ ਲਾਲਸਾ ਹੈ ਕਿ ਜਿਹੜੇ ਸੱਤ ਦੀਪ ਹਨ, ਉਹ ਵੀ ਵੇਖੀਏ। ਹੇ ਪ੍ਰਭੂ ਜੀ ! ਤੁਸੀਂ ਹਰ ਪ੍ਰਕਾਰ ਸਮਰੱਥ ਹੋ, ਜਿਧਰ ਚਾਹੋ ਉਧਰ ਹੀ ਤੁਸੀਂ ਜਾਣ ਵਾਲੇ ਹੋ" ॥ ੩ ॥

ਸੁਨਿਕੈ ਬੋਲੇ ਕ੍ਰਿਪਾ ਨਿਧਾਨਾ। 'ਉੱਤਮ ਜੰਬੂ ਦੀਪ ਮਹਾਨਾ।
ਲਖ ਜੋਜਨ ਇਸ ਕੋ ਬਿਸਤਾਰੂ। ਸਭਿ ਦੀਪਨ ਕੇ ਲਖਹੁ ਮਝਾਰੂ ॥ ੪ ॥

ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਬੋਲੇ, "ਸਭ ਤੋਂ ਮਹਾਨ ਜੰਬੂ ਦੀਪ ਹੈ, ਲੱਖ ਜੋਜਨ ਇਸ ਦਾ ਫੈਲਾਅ ਹੈ, ਇਹ ਸਭ ਦੀਪਾਂ ਦੇ ਵਿਚਕਾਰ ਹੈ॥ ੪ ॥

ਇਹ ਕੇ ਬੀਚ ਮੇਰੁ ਗਿਰ ਛਾਜੈ। ਕਮਲ ਬਿਖੈ ਜਿਉਂ ਕੋਸ਼ ਬਿਰਾਜੈ।
ਜੋਜਨ ਲਾਖ ਜਾਨਿਯੇ ਮੇਰੂ। ਕਛੁ ਛਿਤ ਮੈਂ ਕਛੁ ਊਪਰ ਹੇਰੂ ॥ ੫ ॥

ਇਸ ਦੇ ਵਿਚ ਸੁਮੇਰ ਪਰਬਤ ਇੰਝ ਸ਼ੋਭਾ ਪਾ ਰਿਹਾ ਹੈ, ਜਿਵੇਂ ਕੰਵਲ ਦੇ ਫੁੱਲ ਵਿਚ ਡੋਡੀ ਬਿਰਾਜਦੀ ਹੈ। ਸੁਮੇਰ ਪਰਬਤ ਲੱਖ ਜੋਜਨ ਜਾਣਿਆ ਜਾਂਦਾ ਹੈ, ਕੁਝ ਹੇਠਾਂ ਅਤੇ ਕੁਝ ਉਪਰ ਵੇਖੋ॥ ੫ ॥

ਤਰੁ ਜਾਮਨ ਤੇ ਜੰਬੂ ਗਾਏ। ਹੈ ਨਵ ਖੰਡ ਜੁ ਤੁਝੈ ਦਿਖਾਏ।
ਤਿਨ ਮਹਿ ਭਾਰਥ ਖੰਡ ਹੈ ਜੋਊ। ਧਰਾ ਬੀਚ ਕੀ ਜਾਨਉ ਸੋਊ ॥ ੬ ॥

ਜਦ ਤਰੂ ਜਾਮਨ ਤੋਂ ਜੰਬੂ ਗਏ ਸੀ, ਉਸ ਸਮੇਂ ਤੈਨੂੰ ਨੌਂ ਖੰਡ ਵਿਖਾਏ ਸਨ। ਉਨ੍ਹਾਂ ਵਿਚ ਜਿਹੜਾ ਭਾਰਤ ਖੰਡ ਹੈ, ਸੋ ਭਾਰਤ ਖੰਡ ਹੀ ਨਵਾਂ ਖੰਡਾਂ ਵਿਚਲੀ ਧਰਤੀ ਜਾਣੋ॥ ੬ ॥

ਦੋਹਰਾ-ਪੁੰਨਜ ਜੱਗਜ ਤਪ ਕਰਿ ਬਡੇ ਭਰਥ ਖੰਡ ਕੇ ਥਾਨ।
ਦੀਪ ਖੰਡ ਆਨ ਜਾਇ ਸੋ ਭੋਗਹਿਂ ਭੋਗ ਮਹਾਨ॥ ੭ ॥

ਭਾਰਤ ਖੰਡ ਦੇ ਸਥਾਨ ਤੇ ਵੱਡੇ-ਵੱਡੇ ਪੁੰਨ ਯੱਗ ਅਤੇ ਤੱਪ ਕਰਦੇ ਹਨ। ਹੋਰ ਦੀਪ ਖੰਡਾਂ ਵਿਚ ਜਾ ਕੇ ਉਹ ਪੁਰਸ਼ ਉਨ੍ਹਾਂ ਦੇ ਫਲ ਭੋਗਦੇ ਹਨ॥ ੭ ॥

ਚੌਪਈ- ਤੇਰੋ ਕਹਯੋ ਨ ਮੋਰੋਂ ਕੈਸੇ। ਚਲਹੁ ਦਿਖਾਵਹੁ, ਹੈਂ ਉਹ ਜੈਸੇ'।
ਅਸ ਕਹਿ ਸ਼੍ਰੀ ਗੁਰ ਚਲੇ ਅਗਾਰੀ। ਇਸ ਸਮੁਦ੍ਰ ਕੇ ਪਹੁੰਚੇ ਪਾਰੀ ॥ ੮ ॥

ਤੇਰਾ ਕਿਹਾ ਮੈਂ ਕਿਸ ਤਰ੍ਹਾਂ ਮੋੜਾਂਗਾ, ਚਲੋ, ਤੁਹਾਨੂੰ ਜਾ ਕੇ ਉਹ ਦੀਪ ਦਿਖਾਉਂਦੇ ਹਾਂ, ਜਿਸ ਤਰ੍ਹਾਂ ਦੇ ਉਹ ਹਨ।" ਇਹ ਕਹਿ ਕੇ ਗੁਰੂ ਜੀ ਅੱਗੇ ਚੱਲ ਪਏ। ਇਸ ਸਮੁੰਦਰ ਦੇ ਪਾਰ ਪਹੁੰਚ ਗਏ॥ ੮ ॥

ਲਖ ਜੋਜਨ ਕੋ ਥੋ ਬਿਸਥਾਰਾ। ਪਾਰ ਗਏ ਨਹਿਂ ਲਾਗੀ ਵਾਰਾ।
ਪਲਖ ਦੀਪ ਮਹਿਂ ਬੈਠੇ ਜਾਇ। ਤਰੁ ਪਿਲਖਨ ਤੇ ਨਾਮ ਸਦਾਇ ॥ ੯ ॥

ਲੱਖ ਜੋਜਨ ਉਸ ਦਾ ਫੈਲਾਉ ਸੀ, ਉਸ ਨੂੰ ਝੱਟ ਪਾਰ ਕਰ ਗਏ, ਕੋਈ ਦੇਰ ਨਾ ਲੱਗੀ। ਪਲਖ ਦੀਪ ਵਿਚ ਜਾ ਕੇ ਬੈਠ ਗਏ, ਪਿੱਪਲ ਦੇ ਬ੍ਰਿਛ ਕਾਰਨ, ਇਸ ਦਾ ਨਾਂ ਪਿਲਖ ਪਿਆ ਹੈ॥ ੯ ॥

ਅਧਿਕ ਨਰਨ ਕੋ ਰੁਚਿਰ ਸਰੂਪਾ। ਸੁਖ ਭੋਗਹਿਂ ਨਿਜ ਮਨ ਅਨਰੂਪਾ।
ਬੈਸ ਸਭਿਨਿ ਕੀ ਬਰਖ ਹਜਾਰੂ। ਸਮ ਅਮਰਨ ਕੇ ਤਿਨ ਬਿਵਹਾਰੂ ॥੧੦॥

ਜ਼ਿਆਦਾ ਮਨੁੱਖਾਂ ਦੇ ਸੁੰਦਰ ਸਰੂਪ ਹਨ ਅਤੇ ਉਹ ਆਪਣੇ ਮਨ ਦੇ ਅਨਰੂਪ ਸੁੱਖ ਭੋਗਦੇ ਹਨ। ਉਸ ਸਥਾਨ ਦੇ ਵਸਨੀਕਾਂ ਦੀ ਉਮਰ ਹਜ਼ਾਰ ਸਾਲ ਹੁੰਦੀ ਹੈ। ਦੇਵਤਿਆਂ ਵਰਗਾ ਉਨ੍ਹਾਂ ਦਾ ਵਿਵਹਾਰ ਹੈ॥ ੧੦॥

ਦੋਹਰਾ- ਸਪਤ ਖੰਡ ਤਿਹ ਦੀਪ ਕੇ ਸਰਿਤਾ ਸਪਤ ਪ੍ਰਵਾਹਿ।
ਸਰਬ ਪ੍ਰਕਾਰ ਅਨੰਦ ਬਹੁ ਕੰਚਨ ਮੰਦਿਰ ਜਾਂਹਿ॥ ੧੧॥

ਉਸ ਦੀਪ ਦੇ ਵਿਚ ਸੱਤ ਨਦੀਆਂ ਵਗਦੀਆਂ ਹਨ। ਹਰ ਪ੍ਰਕਾਰ ਦਾ ਓਥੇ ਸੁੱਖ ਹੈ ਅਤੇ ਬਹੁਤੇ ਘਰ ਸੋਨੇ ਦੇ ਬਣੇ ਹੋਏ ਹਨ॥ ੧੧॥

ਚੌਪਈ- ਜਹਿਂ ਗੁਰ ਬੈਸੇ ਨਰ ਬਹੁ ਆਏ। ਹਾਥ ਜੋਰਿ ਪਗ ਸੀਸ ਨਿਵਾਏ।
ਅਪਰ ਦੀਪ ਕੋ ਸੰਤ ਸਰੂਪਾ। ਅਸ ਲਖਿ ਆਨਹਿਂ ਭੇਟ ਅਨੂਪਾ॥੧੨॥

ਜਿਥੇ ਗੁਰੂ ਜੀ ਜਾ ਕੇ ਬੈਠ ਗਏ, ਉਥੇ ਬਹੁਤ ਮਨੁੱਖ ਆਏ ਅਤੇ ਉਨ੍ਹਾਂ ਹੱਥ ਜੋੜ ਕੇ ਚਰਨਾਂ ਤੇ ਸੀਸ ਨਿਵਾਏ। ਕਿਸੇ ਹੋਰ ਦੀਪ ਦੇ ਸੰਤ ਸਰੂਪ ਜਾਣ ਕੇ ਉਹ ਅਨੂਪਮ ਭੇਟਾਵਾਂ ਲੈ ਕੇ ਆਏ॥ ੧੨॥

ਮਧੁਰ ਧਰੇ ਫਲ ਰੁਚਿਰ ਅਗਾਰੀ। ਬੈਠੇ ਚਹੁਦਿਸ਼ ਅਚਰਜ ਧਾਰੀ।
ਸ੍ਰੀ ਪ੍ਰਭੁਤਿਨ ਸਿਉਂ ਬੈਨ ਉਚਾਰੇ। 'ਸਭਿ ਬਿਧਿ ਹੈ ਆਨੰਦ ਤੁਮਾਰੇ ? ॥੧੩॥

ਮਿੱਠੇ ਅਤੇ ਸੁੰਦਰ ਫਲ ਉਨ੍ਹਾਂ ਨੇ ਅੱਗੇ ਰੱਖੇ ਅਤੇ ਹੈਰਾਨ ਹੋ ਕੇ ਚਾਰੇ ਪਾਸੇ ਬੈਠ ਗਏ। ਸ੍ਰੀ ਪ੍ਰਭੂ ਜੀ ਨੇ ਉਨ੍ਹਾਂ ਨੂੰ ਬਚਨ ਕਹੇ, "ਕੀ ਤੁਹਾਡੇ ਦੇਸ਼ ਵਿਚ ਹਰ ਪ੍ਰਕਾਰ ਨਾਲ ਸੁੱਖ ਆਨੰਦ ਹੈ?॥ ੧੩॥

ਜਿਸ ਪ੍ਰਕਾਰ ਇਸ ਦੀਪ ਮਝਾਰਾ। ਹਮ ਸੋਂ ਕਹੋ ਸਰਬ ਬਿਵਹਾਰਾ।
ਸੁਖ ਦੁਖ ਜੇਤੋ ਹੈ ਤੁਝ ਤਾਈਂ। ਸੋਊ ਸੁਨਾਵਹੁ ਕੂਰ ਬਿਹਾਈ' ॥੧੪॥

ਜਿਸ ਪ੍ਰਕਾਰ ਇਸ ਦੀਪ ਅੰਦਰ ਹੁੰਦਾ ਹੈ, ਉਹ ਸਾਰੇ ਵਿਵਹਾਰ ਬਾਰੇ ਸਾਨੂੰ ਸੁਣਾਓ। ਤੁਹਾਡੇ ਵਿਚ ਜੋ ਸੁਖ ਦੁਖ ਹਨ, ਉਹ ਸਾਰੇ ਝੂਠ ਛੱਡ ਕੇ ਸਾਨੂੰ ਸੁਣਾਓ" ॥ ੧੪॥

ਦੋਹਰਾ- ਨਰ ਬੋਲੇ ਤਿਸ ਦੀਪ ਕੇ, 'ਹੇ ਸੁਖ ਸਰਬ ਪ੍ਰਕਾਰ।
ਤ੍ਰੈ ਦੁਖ ਹੈਂ ਸਭਿਹਿਨਿ ਬਿਖੈ ਸੋ ਹਮ ਕਰਹਿਂ ਉਚਾਰ॥ ੧੫॥

ਉਸ ਦੀਪ ਦੇ ਮਰਦ ਬੋਲੇ, "ਏਥੇ ਹਰ ਪ੍ਰਕਾਰ ਦਾ ਸੁੱਖ ਹੈ, ਪਰ ਸਾਰਿਆਂ ਨੂੰ ਤਿੰਨ ਦੁੱਖ ਸਤਾਉਂਦੇ ਹਨ, ਉਹ ਅਸੀਂ ਤੁਹਾਨੂੰ ਦੱਸਦੇ ਹਾਂ॥ ੧੫॥

ਚੌਪਈ- ਬਡੋ ਆਪ ਤੇ ਜਿਹ ਕੋ ਜਾਨਹਿਂ। ਤਿਹ ਸੋਂ ਮਨ ਮਹਿਂ ਮਤਸਰ ਠਾਨਹਿਂ।
ਲਘੁ ਕੋ ਦੇਖਿ ਗਰਬ ਉਰ ਧਰਿਹੀਂ। ਜੋ ਸਮ ਹੋਇ ਸਪਰਧਾ ਕਰਿਹੀਂ॥੧੬॥

ਜਿਸ ਨੂੰ ਆਪਣੇ ਨਾਲੋਂ ਵੱਡਾ ਜਾਣਦੇ ਹਨ, ਮਨ ਵਿਚ ਉਸ ਨਾਲ ਈਰਖਾ ਕਰਦੇ ਹਨ, ਛੋਟੇ ਨੂੰ ਵੇਖ ਕੇ ਬਹੁਤ ਹੰਕਾਰ ਕਰਦੇ ਹਨ, ਜਿਹੜਾ ਬਰਾਬਰ ਹੁੰਦਾ ਹੈ ਉਸ ਦੀ ਚੁਗਲੀ ਬਖੀਲੀ ਕਰਦੇ ਹਨ॥ ੧੬॥

ਇਨ ਦੁਖ ਤੇ ਹੈਂ ਨਰ ਦੁਖਵੰਤੇ। ਔਰ ਸਰਬ ਸੁਖ ਸੁਨਹੁ ਬ੍ਰਿਤੰਤੇ'।
ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ। 'ਬਚਨ ਹਮਾਰੇ ਕਰਹੁ ਪ੍ਰਮਾਨਾ॥੧੭॥

ਇਨ੍ਹਾਂ ਤਿੰਨਾਂ ਦੁੱਖਾਂ ਕਰਕੇ ਇਥੋਂ ਦੇ ਨਰ ਦੁਖੀ ਹਨ, ਹੋਰ ਸਾਰੇ ਸੁਖ ਹਨ, ਉਨ੍ਹਾਂ ਦਾ ਵੇਰਵਾ ਸੁਣੋ।" ਇਹ ਸੁਣ ਕੇ ਗੁਰੂ ਜੀ ਬੋਲੇ, "ਸਾਡੇ ਬਚਨਾਂ ਨੂੰ ਚੰਗੀ ਤਰ੍ਹਾਂ ਮੰਨੋ॥ ੧੭॥

ਇਹ ਤੀਨੋ ਦੁਖ ਜਾਇਂ ਪਲਾਈ। ਸਦਾ ਅਨੰਦ ਰਹੈ ਤੁਮ ਤਾਈਂ'।

ਬੂਝਨ ਲਗੇ ਸਿ ਨਰ ਕਰ ਬੰਦੇ। 'ਦੇਹੁ ਸੀਖ ਜਿਵ ਸਦਾ ਅਨੰਦੇ' ॥੧੮॥

ਇਹ ਤਿੰਨੇ ਦੁੱਖ ਦੂਰ ਹੋ ਜਾਣਗੇ ਅਤੇ ਤੁਸੀਂ ਸਦਾ ਅਨੰਦਿਤ ਰਹੋਗੇ। ਉਹ ਲੋਕ ਹੱਥ ਜੋੜ ਕੇ ਪੁੱਛਣ ਲੱਗੇ, ''ਸਾਨੂੰ ਉਹ ਉਪਦੇਸ਼ ਦੇਵੋ ਜਿਸ ਨਾਲ ਸਦਾ ਅਨੰਦ ਵਿਚ ਰਹੀਏ'' ॥ ੧੮ ॥

ਦੋਹਰਾ- 'ਸਰਬ ਬਿਖੈ ਇਕ ਰਾਮ ਹੈ ਰਾਮ ਬਿਨਾਂ ਨਹਿਂ ਕੋਇ।
ਐਸੇ ਜਬ ਉਰ ਮੈਂ ਲਖੋ ਦ੍ਵੈਤ ਨ ਕਬਹੂੰ ਹੋਇ॥ ੧੯ ॥

''ਸਭ ਥਾਂ ਇਕ ਰਾਮ ਹੈ ਅਤੇ ਰਾਮ ਬਗੈਰ ਹੋਰ ਕੁਝ ਨਹੀਂ ਹੈ। ਜਦ ਇਸ ਤਰ੍ਹਾਂ ਦਿਲ ਵਿਚ ਜਾਣੋਗੇ ਤਾਂ ਕਦੇ ਵੀ ਈਰਖਾ ਨਹੀਂ ਹੋਵੇਗੀ॥ ੧੯ ॥

ਚੌਪਈ- ਦ੍ਰਿੜ੍ਹ ਮਨ ਮਹਿਂ ਇਸ ਬਿਧਿ ਜਬ ਹੋਊ। ਤਬ ਪੁਨ ਦੂਖ ਨ ਬਜਾਪੈ ਕੋਊ।
ਸੱਤਿਨਾਮ ਕੋ ਜਾਪ ਜਪੀਜੈ। ਸਤਿਗੁਰ ਸਿਮਰ ਤਿਹਾਵਲ ਕੀਜੈ ॥੨੦॥

ਤੁਹਾਡੇ ਮਨ ਵਿਚ ਜਦ ਇਹ ਗੱਲ ਦ੍ਰਿੜ੍ਹ ਹੋ ਜਾਵੇਗੀ, ਫਿਰ ਤੁਹਾਨੂੰ ਕੋਈ ਵੀ ਦੁੱਖ ਨਹੀਂ ਸਤਾਊਗਾ। ਸਤਿਨਾਮ ਦਾ ਜਾਪ ਕਰੋ ਅਤੇ ਸਤਿਗੁਰੂ ਦਾ ਸਿਮਰਨ ਕਰਕੇ ਕੜਾਹ ਪ੍ਰਸ਼ਾਦ ਤਿਆਰ ਕਰਵਾਉ॥ ੨੦ ॥

ਕਰਿ ਅਰਦਾਸਿ ਸਿਖਨ ਮੁਖ ਪਾਵਹੁ। ਤਬ ਦੁਬਿਧਾ ਉਰ ਸਕਲ ਨਸਾਵਹੁ।
ਮ੍ਰਿਦੁਲ ਬਚਨ ਇਸ ਬਿਧਿ ਸੁਨਿ ਗੁਰਕੇ। ਭਏ ਸਿ ਨਰ ਸਿਖ ਸ਼ਰਧਾ ਧਰਿਕੇ ॥੨੧॥

ਫਿਰ ਅਰਦਾਸ ਕਰਕੇ ਪ੍ਰਸ਼ਾਦ ਛਕੋ। ਇਸ ਮਨ ਦੀ ਸਾਰੀ ਦੁਬਿਧਾ ਦੂਰ ਕਰੋ''। ਗੁਰੂ ਜੀ ਦੇ ਇਸ ਤਰ੍ਹਾਂ ਦੇ ਕੋਮਲ ਅਤੇ ਮਿੱਠੇ ਬਚਨ ਸੁਣ ਕੇ, ਉਹ ਸਾਰੇ ਨਰ ਸ਼ਰਧਾ ਧਾਰ ਕੇ ਗੁਰੂ ਜੀ ਦੇ ਸਿੱਖ ਹੋ ਗਏ॥ ੨੧ ॥

ਕਿਤਿਕ ਦਿਵਸ ਤਹਿਂ ਡੇਰਾ ਰਾਖਜੋ। ਅੱਗ੍ਰਜ ਗਮਨ ਬਹੁਰ ਅਭਿਲਾਖਜੋ।
ਦ੍ਵੈ ਲਖ ਜੋਜਨ ਦੀਪ ਬਿਸਾਲਾ। ਉਲੰਘ ਗਏ ਸਗਰੋ ਤਤਕਾਲਾ ॥੨੨॥

ਕਈ ਦਿਨ ਓਥੇ ਡੇਰਾ ਰੱਖਿਆ, ਅੱਗੇ ਜਾਣ ਦੀ ਫਿਰ ਅਭਿਲਾਖਾ ਜ਼ਾਹਰ ਕੀਤੀ। ਦੋ ਲੱਖ ਜੋਜਨ ਵਿਸ਼ਾਲ ਦੀਪ ਸੀ, ਉਹ ਸਾਰੇ ਦੀਪ ਝੱਟ ਲੰਘ ਗਏ॥ ੨੨ ॥

ਬਹੁਰੋ ਆਵਾ ਉਦਧਿ ਅਗਾਰੀ। ਰਸ ਊਖਹਿ ਕੋ ਜੋ ਅਨੁਹਾਰੀ।
ਦ੍ਵੈ ਲਛ ਜੋਜਨ ਕੇਰ ਪ੍ਰਮਾਨਾ। ਤਿਹ ਪਰ ਕੀਨ ਪ੍ਰਭੁ ਪ੍ਰਸਥਾਨਾ ॥੨੩॥

ਫਿਰ ਅੱਗੇ ਸਮੁੰਦਰ ਆ ਗਿਆ, ਜਿਹੜਾ ਕਿ ਗੰਨੇ ਦੇ ਰਸ ਵਰਗਾ ਮਿੱਠਾ ਸੀ। ਉਹ ਦੋ ਲੱਖ ਜੋਜਨ ਤਕ ਫੈਲਿਆ ਹੋਇਆ ਸੀ, ਪ੍ਰਭੂ ਜੀ ਉਸ ਉਤੇ ਚਲ ਪਏ॥ ੨੩ ॥

ਪਗ ਅੰਗੁਸ਼ਟ ਨ ਕਿਹ ਠਾਂ ਭੀਨੋ। ਚਲੇ ਸੁਖ ਸੋਂ ਹਮ ਭੀ ਤੀਨੋ।
ਪਾਰ ਕਰਾਰ ਹੁਤੋ ਜਿਹ ਥਾਈਂ। ਤਹਿਂ ਪਹੁਚੇ ਜਸਪਦ ਜਗਸਾਈਂ ॥੨੪॥

ਸਾਡੇ ਪੈਰ ਦਾ ਅੰਗੂਠਾ ਵੀ ਨਾ ਭਿਜਿਆ, ਅਸੀਂ ਤਿੰਨੇ ਸੁੱਕੇ-ਸੁੱਕੇ ਜਾ ਰਹੇ ਸੀ। ਪਾਰਲਾ ਕਿਨਾਰਾ ਜਿਥੇ ਸੀ, ਜਗਤ ਦੇ ਸਾਈਂ ਓਥੇ ਝੱਟ ਪਹੁੰਚ ਗਏ॥ ੨੪ ॥

ਸ਼ਾਲਮਲੀ ਸੋ ਦੀਪ ਸੁਹਾਵਾ। ਸਿੰਮਲ ਬ੍ਰਿੱਖ ਨਾਮ ਤੇ ਪਾਵਾ।
ਬੈਠੇ ਨਗਰ ਬਿਖੈ ਗੁਰ ਜਾਈ। ਨਰ ਆਏ ਮਿਲਿ ਬਹੁ ਤਿਹ ਥਾਈਂ ॥੨੫॥

ਓਥੇ ਸ਼ਾਲਮਲੀ ਨਾਂ ਦਾ ਦੀਪ ਸ਼ੋਭ ਰਿਹਾ ਸੀ, ਜਿਸ ਦਾ ਨਾਮ ਸਿੰਮਲ ਰੁੱਖ ਦੇ ਨਾਂ ਤੋਂ ਪਿਆ ਸੀ। ਗੁਰੂ ਜੀ ਉਸ ਦੀਪ ਵਿਚ ਜਾ ਕੇ ਬੈਠ ਗਏ। ਬਹੁਤ ਮਨੁੱਖ ਇਕੱਠੇ ਹੋ ਕੇ ਓਥੇ ਆਏ॥ ੨੫ ॥

ਦੋਹਰਾ-ਬੰਦਨ ਕਰਿ ਢਿਗ ਬੈਠਿਹੀ ਪੁਨ ਨਿਜ ਜਾਹਿ ਅਵਾਸ।
'ਆਨ ਦੀਪ ਕੋ ਸੰਤ ਹੈ' ਸੁਧ ਹੋਈ ਨ੍ਰਿਪ ਪਾਸ॥ ੨੬॥

ਬੰਦਨਾ ਕਰਕੇ ਨੇੜੇ ਬੈਠ ਗਏ ਅਤੇ ਫਿਰ ਉੱਠ ਕੇ ਘਰਾਂ ਨੂੰ ਚਲੇ ਗਏ. ਰਾਜੇ ਨੂੰ ਇਹ ਖਬਰ ਮਿਲੀ ਕਿ ''ਦੀਪ ਵਿਚ ਇਕ ਸੰਤ ਆਇਆ ਹੈ'' ॥ ੨੬॥

ਚੌਪਈ- ਉੱਤਮ ਬਹੁਤ ਉਪਾਇਨ ਲਜਾਯੋ। ਆਇ ਗੁਰੂ ਪਗ ਸੀਸ ਨਿਵਾਯੋ।
ਬੈਠਯੋ ਜਬ ਪ੍ਰਭੁ ਬਚਨ ਬਖਾਨਾ। 'ਲੇ ਜਾਵਹੁ ਇਹ ਭੇਟ ਰਜਾਨਾ! ॥੨੭॥

ਰਾਜਾ ਬਹੁਤ ਉੱਤਮ ਉਪਹਾਰ ਲਿਆਇਆ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਸੀਸ ਨਿਵਾਇਆ। ਜਦ ਗੁਰੂ ਜੀ ਦੇ ਪਾਸ ਆ ਕੇ ਬੈਠ ਗਿਆ ਤਾਂ ਗੁਰੂ ਜੀ ਨੇ ਕਿਹਾ, ''ਇਹ ਭੇਟਾਵਾਂ ਲੈ ਜਾਵੋ॥ ੨੭॥

ਕਛੁ ਨ ਹਮਾਰੇ ਆਵਹਿ ਕਾਜੂ। ਨਾਮ ਨ ਜਪਹੁ ਜਨਮ ਕੋ ਲਾਜੂ'।
ਹਾਥ ਜੋਰਿ ਕਰਿ ਭੂਪ ਉਚਾਰੈ। 'ਨਿਜ ਉਪਦੇਸ਼ ਦੇਹੁ ਹਮ ਧਾਰੈਂ ॥੨੮॥

ਇਹ ਉਪਹਾਰ ਸਾਡੇ ਕਿਸੇ ਕੰਮ ਨਹੀਂ ਆਉਂਦੇ। ਤੁਸੀਂ ਨਾਮ ਨਾ ਜਪਣ ਕਰਕੇ ਜਨਮ ਨੂੰ ਲਾਜ ਲਾਈ ਹੈ।'' ਹੱਥ ਜੋੜ ਕੇ ਰਾਜੇ ਨੇ ਕਿਹਾ, ''ਆਪਣਾਂ ਉਪਦੇਸ਼ ਦੇਵੋ ਤਾਂ ਅਸੀਂ ਧਾਰਨ ਕਰੀਏ॥ ੨੮॥

ਤੁਮ ਹੋ ਸੰਤ ਪ੍ਰੇਮਸ਼ਰ ਰੂਪਾ। ਸਭਿ ਤੇ ਮਹਿਮਾਂ ਅਧਿਕ ਅਨੂਪਾ'।
ਕੀਨਿ ਬਿਨੈ ਬਹੁ ਕਹਿ ਵਡਿਆਈ। ਤਬ ਸ੍ਰੀ ਨਾਨਕ ਗਿਰਾ ਅਲਾਈ ॥੨੯॥

ਤੁਸੀਂ ਸੰਤ ਪਰਮੇਸ਼ੁਰ ਰੂਪ ਹੋ, ਸਭ ਤੋਂ ਅਧਿਕ ਤੁਹਾਡੀ ਅਨੂਪਮ ਮਹਿਮਾ ਹੈ।'' ਬਹੁਤ ਵਡਿਆਈ ਕਰਕੇ ਬੇਨਤੀ ਕੀਤੀ, ਤਦ ਗੁਰੂ ਜੀ ਨੇ ਬਚਨ ਕੀਤੇ॥ ੨੯॥

ਦੋਹਰਾ-'ਸਤਿਨਾਮ ਕੋ ਜਾਪ ਮੁਖ ਕਰਿਕੈ ਸਦਾ ਉਚਾਰਿ।
ਪੰਚਾਂਮ੍ਰਿਤ ਗੁਰ ਕੋ ਕਰਹੁ ਇਤ ਉਤ ਨਿਤ ਸੁਖ ਸਾਰ' ॥ ੩੦॥

ਸਤਿਨਾਮ ਦਾ ਜਾਪ ਮੁੱਖ ਨਾਲ ਸਦਾ ਉਚਾਰਨ ਕਰੋ, ਗੁਰੂ ਨੂੰ ਕੜਾਹ ਪ੍ਰਸ਼ਾਦਿ ਕਰੋ, ਜਿਹੜੇ ਇਥੇ ਓਥੇ ਸੁੱਖਾਂ ਦੀ ਸਾਰ ਹੈ'' ॥ ੩੦॥

ਚੌਪਈ- ਮਾਨੇ ਸਤਿਗੁਰ ਕੇ ਬਚ ਜਬਹੀ। ਪਾਹੁਲ ਪਗ ਕੀ ਦੀਨੀ ਤਬਹੀ।
ਸਿੱਖ ਭਏ ਬਹੁਤੇ ਨਰ ਆਏ। ਨਾਮ ਦਾਨ ਇਸ਼ਨਾਨ ਦ੍ਰਿੜਾਏ ॥ ੩੧॥

ਜਦ ਉਸ ਗੁਰੂ ਜੀ ਦੇ ਬਚਨ ਮੰਨ ਲਏ ਤਾਂ ਗੁਰੂ ਜੀ ਨੇ ਉਸ ਨੂੰ ਚਰਨ ਪਾਹੁਲ ਦਿੱਤੀ। ਬਹੁਤ ਮਨੁੱਖ ਆ ਕੇ ਸਿੱਖ ਹੋਏ: ਸਾਰਿਆਂ ਨੂੰ ਨਾਮ ਦਾਨ ਅਤੇ ਇਸ਼ਨਾਨ ਦ੍ਰਿੜ ਕਰਵਾਇਆ॥ ੩੧॥

ਕੇਤਿਕ ਦਿਨ ਗੁਰ ਤਹਾਂ ਗੁਜਾਰੇ। ਨ੍ਰਿਪ ਕੇ ਸਦਨ ਰਹੇ ਦੁਖ ਟਾਰੇ।
ਬਿਦਾ ਹੋਇ ਪ੍ਰਭੁ ਕੀਨ ਪਯਾਨਾ। ਚਤਰ ਲੱਛ ਜੋਜਨ ਪਰਮਾਨਾ ॥੩੨॥

ਗੁਰੂ ਜੀ ਨੇ ਕਈ ਦਿਨ ਓਥੇ ਗੁਜ਼ਾਰੇ, ਰਾਜੇ ਦੇ ਮਹਿਲਾਂ ਵਿਚ ਠਹਿਰੇ ਅਤੇ ਉਸ ਦੇ ਦੁੱਖ ਦੂਰ ਕੀਤੇ। ਵਿਦਾ ਹੋ ਕੇ ਚਲੇ ਗਏ ਅਤੇ ਚਾਰ ਲੱਖ ਜੋਜਨ ਅੱਗੇ ਗਏ॥ ੩੨॥

ਦੋਹਰਾ-ਸਿੰਧੁ ਬਾਰਨੀ ਕੋ ਜਹਾਂ ਦੀਪ ਸਰਸ ਬਿਸਥਾਰ।
ਲੀਨ ਉਡਾਰੀ ਤਹਾਂ ਤੇ ਗਏ ਉਦਧਿ ਕੇ ਪਾਰ॥ ੩੩॥

ਜਿਥੇ ਸ਼ਰਾਬ ਦਾ ਸਮੁੰਦਰ ਹੈ ਅਤੇ ਸੈਂਕੜੇ ਦੀਪਾਂ ਦਾ ਵਿਸਥਾਰ ਹੈ, ਓਥੋਂ ਉਡਾਰੀ ਮਾਰ ਕੇ ਸਮੁੰਦਰ ਨੂੰ ਪਾਰ ਕਰ ਗਏ॥ ੩੩॥

ਚੌਪਈ- ਪਹੁੰਚੇ ਦੀਪ ਹੁਤੋ ਕੁਸ਼ ਨਾਮੁ। ਕੁਸ਼ਾ ਬੂਟ ਤਾਂ ਮੈਂ ਅਭਿਰਾਮੁ।
ਯਾਂ ਤੇ ਕੁਸ਼ ਤਿਹ ਨਾਮ ਕਹੀਜੈ। ਭੋਗਤਿ ਸੁਖ ਜੇ ਜੰਬੁ ਕੀਜੈ॥ ੩੪॥

ਕੁਸ਼ ਨਾਮ ਦੇ ਇਕ ਦੀਪ ਵਿਚ ਪਹੁੰਚ ਗਏ। ਉਸ ਦੀਪ ਵਿਚ ਕੁਸ਼ਾ ਨਾਮ ਦੀ ਇਕ ਸੁੰਦਰ ਬੂਟੀ ਉਗਦੀ ਸੀ। ਜਿਸ ਕਰਕੇ ਉਸ ਦੀਪ ਦਾ ਨਾਂ ਉਸ ਬੂਟੀ ਦੇ ਨਾਂ ਤੇ ਪੈ ਗਿਆ। ਉਸ ਦੀਪ ਦੇ ਲੋਕ ਪੁੰਨ ਦਾਨ ਕਰਨ ਕਰਕੇ ਬੜੇ ਸੁਖ ਭੋਗਦੇ ਸਨ॥ ੩੪॥

ਬੈਠੇ ਸ੍ਰੀ ਪ੍ਰਭੁ ਪੁਰਿ ਮਹਿਂ ਜਾਇ। ਨਰ ਸਮੀਪ ਆਏ ਸਮੁਦਾਇ।
ਬਿਸਮਾਏ ਦੇਖੇ ਨਰ ਨਾਰੀ। ਬੰਦਹਿਂ ਭੇਟਾ ਧਰਹਿਂ ਅਗਾਰੀ॥ ੩੫॥

ਸਤਿਗੁਰੂ ਜਾ ਕੇ ਨਗਰ ਦੇ ਵਿਚ ਬੈਠ ਗਏ, ਮਨੁੱਖਾਂ ਦਾ ਇਕ ਸਮੂਹ ਉਨ੍ਹਾਂ ਦੇ ਪਾਸ ਆਇਆ। ਸਾਰੇ ਨਰ ਨਾਰੀ ਉਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਨਮਸ਼ਕਾਰ ਕਰਕੇ ਭੇਟਾ ਅੱਗੇ ਰੱਖਦੇ ਗਏ॥ ੩੫॥

ਦੋਹਰਾ-ਅਪਰ ਦੀਪ ਕੋ ਸੰਤ ਇਹੁ ਸਿੰਧੁ ਲੰਘਿ ਕਰਿ ਆਇ।
ਅਚਰਜ ਮਨ ਮਹਿਂ ਮਾਨਿਕੈ ਆਨ ਲਗਹਿਂ ਸਭਿ ਪਾਇ॥ ੩੬॥

ਕਹਿਣ ਲੱਗੇ, "ਇਹ ਕਿਸੇ ਹੋਰ ਟਾਪੂ ਦੇ ਸੰਤ ਹਨ, ਸਮੁੰਦਰ ਲੰਘ ਕੇ ਏਥੇ ਆਏ ਹਨ, ਮਨ ਵਿਚ ਬੜਾ ਅਸਚਰਜ ਮੰਨ ਕੇ ਸਾਰੇ ਗੁਰੂ ਜੀ ਦੇ ਚਰਨਾਂ ਨਾਲ ਆ ਜੁੜੇ॥ ੩੬॥

ਚੌਪਈ- ਕਲਾਵਾਨ ਸਮਰੱਥ ਮੁਕੰਦਾ। ਸੰਤ ਰੂਪ ਸਭਿ ਦੋਖ ਨਿਕੰਦਾ।
ਐਸੇ ਜਾਨਿ ਸੁਨਹਿਂ ਉਪਦੇਸ਼ੁ। ਕਰਿ ਦਰਸ਼ਨ ਭੀ ਭਗਤਿ ਪ੍ਰਵੇਸ਼ੁ॥ ੩੭॥

ਕਰਾਮਾਤੀ, ਸਮਰੱਥ ਅਤੇ ਮੁਕਤੀਦਾਤੇ ਹਨ। ਸੰਤ ਰੂਪ ਹਨ ਅਤੇ ਸਭ ਦੋਖਾਂ ਦਾ ਨਾਸ਼ ਕਰਨ ਵਾਲੇ ਹਨ। ਇਸ ਤਰ੍ਹਾਂ ਜਾਣ ਕੇ ਉਪਦੇਸ਼ ਸੁਣਦੇ ਹਨ, ਦਰਸ਼ਨ ਕਰਦੇ ਹੀ ਭਗਤੀ ਵਿਚ ਪ੍ਰਵੇਸ਼ ਕਰ ਜਾਂਦੇ ਹਨ॥ ੩੭॥

ਸ੍ਰੀ ਗੁਰ ਤਿਨ ਸੋਂ ਬਚਨ ਸੁਨਾਵੈਂ। ਸੱਤਿਨਾਮ ਤੇ ਗਤਿ ਹੁਇ ਜਾਵੈ।
ਸੰਤਨ ਸੇਵਾ ਉਰ ਮਹਿਂ ਧਾਰੋ। ਭੋਗ ਲਾਲਸਾ ਰਿਦੈ ਬਿਸਾਰੋ॥ ੩੮॥

ਸ੍ਰੀ ਗੁਰੂ ਜੀ ਉਨ੍ਹਾਂ ਨੂੰ ਬਚਨ ਸੁਣਾਉਂਦੇ ਸਨ। ਸਤਿਨਾਮ ਦਾ ਜਾਪ ਕਰਨ ਨਾਲ ਗਤੀ ਹੋ ਜਾਂਦੀ ਹੈ। ਸੰਤਾਂ ਦੀ ਸੇਵਾ ਹਿਰਦੇ ਵਿਚ ਧਾਰਨ ਕਰੋ। ਭੋਗ ਲਾਲਸਾ ਹਿਰਦੇ ਵਿਚੋਂ ਵਿਸਾਰ ਦੇਵੋ॥ ੩੮॥

ਪੂਰਬ ਪੁੰਨ ਬਾਦ ਨਹਿਂ ਖੋਵਹੁ। ਪਰਮਪਦੰ ਅਧਿਕਾਰੀ ਹੋਵਹੁ।
ਸੁੱਧ ਆਤਮੇ ਨਾਮ ਜਪੀਜੈ। ਮਨ ਬਿਕਾਰ ਸਭਿ ਨਾਸ਼ ਕਰੀਜੈ॥ ੩੯॥

ਪਹਿਲੇ ਪੁੰਨਾਂ ਨੂੰ ਬਾਅਦ ਵਿਚ ਨਾ ਗਵਾਉ। ਪਰਮ ਪਦ ਦੇ ਅਧਿਕਾਰੀ ਬਣੋ। ਸੁੱਧ ਆਤਮਾ ਨਾਲ ਨਾਮ ਜਪੋ, ਮਨ ਦੇ ਵਿਕਾਰਾਂ ਨੂੰ ਨਾਸ਼ ਕਰੋ॥ ੩੯॥

ਦੋਹਰਾ-ਸੁਨਿ ਗੁਰ ਤੇ ਸਿਮਰਨ ਲਗੇ ਸੁੱਧ ਆਤਮੈ ਨਾਮ।
ਦਰਸ਼ਨ ਕਰਿ ਨਿਰਮਲ ਭਏ ਭਿਗੇ ਭਗਤਿ ਅਭਿਰਾਮ॥ ੪੦॥

ਗੁਰੂ ਜੀ ਪਾਸੋਂ ਸੁਣ ਕੇ ਸੁੱਧ ਆਤਮਾ ਨਾਲ ਨਾਮ ਦਾ ਸਿਮਰਨ ਕਰਨ ਲੱਗੇ। ਗੁਰੂ ਜੀ ਦੇ ਦਰਸ਼ਨ ਕਰਕੇ ਸ੍ਰੇਸ਼ਟ ਭਗਤੀ ਵਿਚ ਭਿੱਜ ਗਏ॥ ੪੦॥

ਚੌਪਈ- ਸੇਵਕ ਭਏ ਬਹੁਤ ਨਰ ਆਏ। ਪਾਹੁਲ ਪਗ ਲੇਵਹਿ ਸੁਖ ਪਾਏ।
ਨਾਮ ਜਪਾਇ ਭਗਤਿ ਪ੍ਰਗਟਾਈ। ਚਲੇ ਤਹਾਂ ਤੇ ਲੀਨਿ ਬਿਦਾਈ॥੪੧॥

ਬਹੁਤ ਮਨੁੱਖ ਆ ਕੇ ਸੇਵਕ ਹੋਏ, ਚਰਨ ਪਾਹੁਲ ਲੈ ਕੇ ਸੁੱਖ ਪ੍ਰਾਪਤ ਕਰਦੇ ਸਨ। ਨਾਮ ਜਪਾ ਕੇ ਭਗਤੀ ਪ੍ਰਗਟ ਕੀਤੀ, ਫਿਰ ਉਥੋਂ ਵਿਦਾਇਗੀ ਲੈ ਕੇ ਅੱਗੇ ਚੱਲ ਪਏ॥ ੪੧॥

ਅਸ਼ਟ ਲੱਛ ਜੋਜਨ ਪਰਮਾਨਾ। ਉਲਂਘ ਗਏ ਸਭਿ ਮਯਾ ਨਿਧਾਨਾ।
ਆਵਾ ਸਾਗਰ ਘ੍ਰਿਤ ਅਗਾਰੇ। ਦੀਪ ਸਮਾਨ ਤਾਂਹਿ ਬਿਸਤਾਰੇ॥੪੨॥

ਅੱਠ ਲੱਖ ਜੋਜਨ ਚਲਦੇ ਗਏ, ਗੁਰੂ ਜੀ ਇਹ ਸਾਰਾ ਸਫਰ ਲੰਘ ਗਏ। ਅੱਗੇ ਘਿਉ ਦਾ ਸਾਗਰ ਆਇਆ, ਦੀਪ ਵਾਂਗੂ ਉਸ ਦਾ ਵਿਸਥਾਰ ਸੀ॥ ੪੨॥

ਤਿਹ ਪਰ ਗਮਨੇ ਦੀਨ ਦਇਆਲਾ। ਸਗਰੋ ਉਲੰਘ ਗਏ ਤਤਕਾਲਾ।
ਜਾਵਤਿ ਨਗਰ ਬਿਲੋਕਤਿ ਏਕੂ। ਤਿਹ ਮਹਿਂ ਬੈਠਜੋ ਜਲਧਿ ਬਿਬੇਕੂ॥੪੩॥

ਦੀਨ ਦਿਆਲ ਗੁਰੂ ਜੀ ਉਸ ਦੇ ਉਤੇ ਚੱਲੇ ਅਤੇ ਝੱਟ ਹੀ ਸਾਰਾ ਸਮੁੰਦਰ ਪਾਰ ਕਰ ਗਏ। ਜਾ ਕੇ ਇਕ ਨਗਰ ਵੇਖਿਆ, ਉਥੇ ਜਾ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਬੈਠ ਗਏ॥ ੪੩॥

ਦੋਹਰਾ- ਕ੍ਰੌਂਚ ਨਾਮ ਤਿਹ ਦੀਪ ਕੋ ਨਰ ਸੁੰਦਰ ਸਮੁਦਾਇ।
ਸੁਖ ਬਿਲਾਸ ਭੋਗਹਿਂ ਘਨੋਂ ਰਹੇ ਬਿਸ਼ੇ ਲਪਟਾਇ॥ ੪੪॥

ਉਸ ਦੀਪ ਦਾ ਨਾਮ ਕ੍ਰੌਂਚ ਸੀ ਅਤੇ ਉਸ ਦੇ ਵਸਨੀਕ ਬੜੇ ਸੁੰਦਰ ਸਨ। ਉਹ ਬੜਾ ਸੁੱਖ ਬਿਲਾਸ ਭੋਗਦੇ ਸਨ ਅਤੇ ਸਦਾ ਵਿਸ਼ਿਆਂ ਵਿਚ ਲਪਟੇ ਰਹਿੰਦੇ ਸਨ॥ ੪੪॥

ਚੌਪਈ- ਸ੍ਰੀ ਗੁਰ ਕੇ ਜਬਹੀ ਨਰ ਦੇਖਾ। ਢਿਗ ਆਏ ਧਰਿ ਭਾਉ ਵਿਸ਼ੇਖਾ।
ਬੰਦਨ ਕਰਿਹੀਂ ਬੈਠ ਸਮੀਪਾ। ਸੁਨਿ ਕੈ ਸੁਧ ਆਯੋ ਅਵਨੀਪਾ॥੪੫॥

ਜਦ ਮਨੁੱਖਾਂ ਨੇ ਗੁਰੂ ਜੀ ਨੂੰ ਵੇਖਿਆ ਤਾਂ ਵਿਸ਼ੇਸ਼ ਪ੍ਰੇਮ ਧਾਰਨ ਕਰਕੇ ਉਨ੍ਹਾਂ ਪਾਸ ਆਏ। ਨਮਸ਼ਕਾਰ ਕਰਕੇ ਉਹ ਗੁਰੂ ਜੀ ਪਾਸ ਆ ਕੇ ਬੈਠਦੇ ਸਨ। ਜਦ ਉਥੋਂ ਦੇ ਰਾਜੇ ਨੂੰ ਖਬਰ ਮਿਲੀ ਤਾਂ ਉਹ ਵੀ ਆਇਆ॥ ੪੫॥

ਧਰਿਕੈ ਸ਼ਰਧਾ ਦਰਸ਼ਨ ਕਰਿਹੀ। ਅਤਿ ਮਹਿਮਾ ਕੇ ਬਚਨ ਉਚਰਿਹੀ।
ਦੇਨੇ ਹੇਤੁ ਸੁਮਤਿ ਤਿਨ ਤਾਈਂ। ਮ੍ਰਿਦੁਲ ਬਚਨ ਬੋਲੇ ਜਗ ਸਾਈਂ॥੪੬॥

ਰਾਜੇ ਨੇ ਸ਼ਰਧਾ ਧਾਰ ਕੇ ਦਰਸ਼ਨ ਕੀਤੇ ਅਤੇ ਮਹਿਮਾ ਦੇ ਬਹੁਤ ਬਚਨ ਉਚਾਰੇ। ਉਸ ਨੂੰ ਚੰਗੀ ਮੱਤ ਦੇਣ ਵਾਸਤੇ ਗੁਰੂ ਜੀ ਨੇ ਕੋਮਲ ਮਿੱਠੇ ਬਚਨ ਕਹੇ॥ ੪੬॥

'ਬਲੀ ਕਾਲ ਭਗਵਾਨ ਅਪਾਰਾ। ਭੱਖਤਿ ਹੈ ਸਗਰੋ ਸੰਸਾਰਾ।
ਸੁਰ ਬ੍ਰਹਮਾਦਿਕ ਤੇ ਹੈਂ ਜੇਤੇ। ਪੰਨਗ ਮਾਨਵ ਦਾਨਵ ਕੇਤੇ॥੪੭॥

ਮ੍ਰਿਤੂ ਭਗਵਾਨ ਮਹਾਨ ਬਲਵਾਨ ਹੈ, ਇਹ ਸਾਰੇ ਸੰਸਾਰ ਨੂੰ ਖਾ ਜਾਂਦਾ ਹੈ। ਬ੍ਰਹਮਾ ਆਦਿ ਜਿੰਨੇ ਵੀ ਦੇਵਤੇ ਹਨ, ਸੱਪ, ਦੈਂਤ ਅਤੇ ਜਿੰਨੇ ਮਨੁੱਖ ਹਨ॥ ੪੭॥

ਅਪਰ ਸਮਰਥ ਸਰਬ ਬਿਧਿ ਜੋਊ। ਤਿਹ ਕੇ ਆਗੇ ਛੁਟੈ ਨ ਕੋਊ।
ਜਿਉ ਦਾਨੇ ਕੋ ਚਾਬਤਿ ਚਾਕੀ। ਤਿਉਂ ਨ ਬਚੈ ਕੁ ਅਗਾਰੀ ਵਾਂ ਕੀ॥੪੮॥

ਉਹ ਸਾਰੀਆਂ ਵਿਧੀਆਂ ਅਨੁਸਾਰ ਸਮਰੱਥ ਹੈ, ਉਸ ਦੇ ਅੱਗੇ ਕਿਸੇ ਦਾ ਵੀ ਛੁਟਕਾਰਾ ਨਹੀਂ। ਜਿਵੇਂ ਦਾਣੇ ਨੂੰ ਚੱਕੀ ਚੱਬ ਜਾਂਦੀ ਹੈ, ਇਸ ਤਰ੍ਹਾਂ ਉਸ ਦੇ ਅੱਗੇ ਕੋਈ ਵੀ ਬਚ ਨਹੀ ਸਕਦਾ॥ ੪੮॥

ਭੈ ਕਰਿ ਸ਼ਰਨ ਗਹੋ ਤੁਮ ਤਾਂਕੀ। ਸਮਤਾ ਕਰਿ ਨ ਸਕੈ ਕੋ ਜਾਂ ਕੀ।
ਜਿਉ ਕੀਲੀ ਢਿਗ ਰਹੇ ਜੁ ਦਾਨੋ। ਉਬਰਹਿ ਸੋ ਉਰ ਲੇਹੁ ਪਛਾਨੋ॥ ੪੯॥

ਭੈਅ ਕਰਕੇ ਤੁਸੀ ਉਸ ਦੀ ਸ਼ਰਨ ਫੜੋ, ਜਿਸ ਦੀ ਬਰਾਬਰੀ ਕੋਈ ਨਹੀ ਕਰ ਸਕਦਾ। ਜਿਵੇਂ ਚੱਕੀ ਦੀ ਕਿੱਲੀ ਪਾਸ ਕੁਝ ਦਾਣੇ ਪੀਸਣੋ ਬਚ ਜਾਂਦੇ ਹਨ, ਉਹੀ ਬਚਦਾ ਹੈ ਜੋ ਉਸ ਨੂੰ ਹਿਰਦੇ ਵਿਚ ਪਹਿਚਾਣਦਾ ਹੈ॥ ੪੯॥

ਤਿਉਂ ਤੁਮ ਨਾਮ ਜਪਹੁਗੇ ਜਬਹੀ। ਜਨਮ ਮਰਨ ਤੇ ਛੁਟਿਹੋ ਤਬਹੀ।
ਹੂਜੈ ਬਿਖੈ ਬਿਲਾਸ ਨਿਰਾਸੇ। ਜਪਹੁ ਨਾਮ ਸਤਿਗੁਰ ਭਰਵਾਸੇ॥ ੫੦॥

ਇਸ ਲਈ ਜਦ ਤੁਸੀਂ ਨਾਮ ਜਪੋਗੇ, ਤਦ ਤੁਹਾਡਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇਗਾ। ਭੋਗ ਬਿਲਾਸ ਕਰਨ ਵਾਲੇ ਅੰਤ ਨਿਰਾਸ਼ ਹੀ ਜਾਂਦੇ ਹਨ, ਇਸ ਲਈ ਸਤਿਗੁਰੂ ਦੇ ਭਰਵਾਸੇ ਨਾਮ ਜਪੋ"॥ ੫੦॥

ਇਸ ਪ੍ਰਕਾਰ ਤਿਨ ਦੇ ਉਪਦੇਸ਼ਾ। ਕੇਤਿਕ ਦਿਵਸ ਬਸੇ ਜਗਤੇਸ਼ਾ।
ਸਤਿਸੰਗਤਿ ਕੀ ਰੀਤਿ ਚਲਾਈ। ਭਾਉ ਭਗਤਿ ਨੀਕੇ ਪ੍ਰਗਟਾਈ॥ ੫੧॥

ਇਸ ਪ੍ਰਕਾਰ ਉਨ੍ਹਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਓਥੇ ਕਈ ਦਿਨ ਠਹਿਰੇ। ਓਥੇ ਸਤਿਸੰਗਤ ਦੀ ਰੀਤੀ ਚਲਾਈ ਅਤੇ ਚੰਗੀ ਪ੍ਰੇਮ ਭਗਤੀ ਨੂੰ ਪ੍ਰਗਟ ਕੀਤਾ॥ ੫੧॥

ਬਿਦਾ ਹੋਇ ਬਹੁਰੋ ਪ੍ਰਸਥਾਨੇ। ਖੋੜਸ ਜੋਜਨ ਤਾਂਹਿ ਪ੍ਰਮਾਨੇ।
ਸਗਰੇ ਛੋਡਿ ਗਏ ਗੁਰ ਜਬਹੀ। ਸਿੰਧੁ ਦੂਧ ਕੋ ਆਯੋ ਤਬਹੀ॥ ੫੨॥

ਓਥੋਂ ਵਿਦਾ ਹੋ ਕੇ ਫਿਰ ਹੋਰ ਸਥਾਨ ਵਲ ਚਲ ਪਏ, ਜਿੰਨੇ ਸੋਲਾਂ ਜੋਜਨ ਪ੍ਰਮਾਣਿਤ ਹੁੰਦੇ ਹਨ, ਜਦ ਇੰਨਾ ਪੈਂਡਾ ਗੁਰੂ ਜੀ ਪਿਛੇ ਛੱਡ ਗਏ ਤਾਂ ਅੱਗੇ ਦੁੱਧ ਦਾ ਸਮੁੰਦਰ ਆਇਆ॥ ੫੨॥

ਦੀਪ ਸਮਾਨ ਹੁਤੋ ਬਿਸਥਾਰਾ। ਤਿਹ ਪਰ ਗਮਨੇ ਪ੍ਰਭੁ ਉਦਾਰਾ।
ਤੂਰਨ ਪਹੁੰਚੇ ਪਾਰ ਕਰਾਰੇ। ਗਏ ਅਗਾਰੇ ਦੀਪ ਮਝਾਰੇ॥ ੫੩॥

ਉਸ ਦਾ ਵੀ ਵਿਸਤਾਰ ਦੀਪ ਵਰਗਾ ਸੀ, ਉਸ ਉਤੇ ਕ੍ਰਿਪਾਲੂ ਪ੍ਰਭੂ ਜੀ ਚਲ ਪਏ। ਤੁਰਤ ਹੀ ਦੂਸਰੇ ਕਿਨਾਰੇ ਪਹੁੰਚ ਗਏ। ਅੱਗੇ ਜਾ ਕੇ ਇਕ ਦੀਪ ਦੇ ਅੰਦਰ ਚਲੇ ਗਏ॥ ੫੩॥

ਦੋਹਰਾ- ਬਹਿਤਿ ਦੂਧ ਕੀ ਨਦੀ ਬਹੁ ਮਿਸਰੀ ਕੇ ਗਿਰ ਭੂਰ।
ਜਿਂਹ ਸੁੰਦਰ ਨਾਰੀ ਅਧਿਕ ਜਸੋਂ ਅਪਸਰ ਤਨ ਹੂਰ॥ ੫੪॥

ਓਥੇ ਬਹੁਤ ਦੁੱਧ ਦੀਆਂ ਨਦੀਆਂ ਵਗਦੀਆਂ ਸਨ ਅਤੇ ਵੱਡੇ-ਵੱਡੇ ਮਿਸ਼ਰੀ ਦੇ ਪਹਾੜ ਸਨ। ਓਥੇ ਦੀਆਂ ਨਾਰੀਆਂ ਏਨੀਆਂ ਸੁੰਦਰ ਸਨ ਜਿਵੇਂ ਸੁੰਦਰ ਪਰੀਆਂ ਹੁੰਦੀਆਂ ਹਨ॥ ੫੪॥

ਚੌਪਈ- ਜਿਸ ਪੁਰਿ ਮਹਿਂ ਹੋਤੋ ਅਵਨੀਪਾ। ਬੈਠੇ ਤਹਿਂ ਬੇਦੀ ਕੁਲਦੀਪਾ।
ਨਾਮ ਦੀਪ ਕੋ ਸਾਖ ਬਤਾਯੋ। ਭੋਗਹਿਂ ਸੁਖ ਬਿਸਾਲ ਮਨ ਭਾਯੋ॥ ੫੫॥

ਜਿਸ ਨਗਰ ਵਿਚ ਰਾਜਾ ਰਹਿੰਦਾ ਸੀ, ਓਥੇ ਗੁਰੂ ਜੀ ਜਾ ਕੇ ਬੈਠ ਗਏ। ਉਸ ਦੀਪ ਦਾ ਨਾਮ ਸਾਖ ਸੀ। ਓਥੋਂ ਦੇ ਵਸਨੀਕ ਮਨ ਭਾਉਂਦੇ ਵਿਸ਼ਾਲ ਸੁੱਖ ਪਾਉਂਦੇ ਸਨ॥ ੫੫॥

ਗੁਰ ਅਵਲੋਕੇ ਜਬ ਨਰ ਨਾਰੀ। ਕਲਾਵਾਨ ਜਾਨੇ ਤਬ ਭਾਰੀ।

ਆਨਿ ਉਪਾਇਨ ਧਰੈਂ ਅਗਾਰੀ। ਬੰਦਹਿੰ ਚਰਨ ਕਮਲ ਸੁਖਕਾਰੀ ॥੫੬ ॥

ਜਦ ਨਰ ਨਾਰੀਆਂ ਨੇ ਗੁਰੂ ਜੀ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਵੱਡਾ ਕਲਾਵਾਨ ਜਾਣਿਆ। ਉਨ੍ਹਾਂ ਨੇ ਆ ਕੇ ਉਪਹਾਰ ਅੱਗੇ ਲਿਆ ਧਰੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥ ੫੬॥

ਬਚਨ ਸੁਨਨ ਕੀ ਲਾਲਸ ਕਰਿਕੈ। ਬੈਠੇ ਨਿਕਟ ਭਾਉ ਉਰ ਧਰਿਕੈ।
ਤਿਨ ਸੌਂ ਬੋਲੇ ਗਿਰਾ ਗੁਸਾਈਂ। 'ਜਪਹੁ ਨਾਮ ਹੁਇ ਅੰਤ ਸਖਾਈ ॥੫੭ ॥

ਬਚਨ ਸੁਣਨ ਦੀ ਲਾਲਸਾ ਕਰਕੇ ਦਿਲ ਵਿਚ ਪ੍ਰੇਮ ਭਾਵਨਾ ਧਾਰਨ ਕਰਕੇ ਗੁਰੂ ਜੀ ਦੇ ਨੇੜੇ ਬੈਠ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਨਾਮ ਜਪੋ, ਜਿਹੜਾ ਅੰਤ ਵੇਲੇ ਸਹਾਇਤਾ ਕਰੇਗਾ" ॥ ੫੭॥

ਜਿਹ ਕੀ ਚੇਤਨਸੱਤਾ ਐਸੇ। ਹਾਰ ਪਰੇ ਸਭਿ ਲਖਹਿਂ ਨ ਕੈਸੇ।
ਸੂਛਮ ਅਤਿਸ਼ੈ ਗੁਪਤ ਮਹਾਨੇ। ਮੁਨਿ ਜਨ ਸਭਿਹਿ ਬਿਅੰਤ ਬਖਾਨੇ ॥੫੮ ॥

ਜਿਸ ਦੀ ਚੇਤਨਸੱਤਾ ਇਸ ਤਰ੍ਹਾਂ ਦੀ ਹੈ, ਕਿ ਮਨੁੱਖ ਹਾਰ ਜਾਂਦੇ ਹਨ, ਪਰ ਕਿਸੇ ਤਰ੍ਹਾਂ ਵੀ ਜਾਣ ਨਹੀਂ ਸਕਦੇ। ਉਹ ਅਤਿ ਸੂਖਮ ਹੈ ਅਤੇ ਮਹਾਨ ਗੁਪਤ ਹੈ। ਮੁਨੀ ਜਨ ਸਾਰੇ ਉਸ ਨੂੰ 'ਬੇਅੰਤ' ਕਹਿੰਦੇ ਹਨ॥ ੫੮॥

ਜਿਹ ਸਮਾਨ ਪੁਨ ਪ੍ਰਗਟ ਨ ਕੋਊ। ਰੂਪ ਅਚਰਜ ਜਾਨਿਯੇ ਸੋਊ।
ਜਿਸ ਬਿਨ ਸਰਬ ਰਿਖੀਕ ਜਿ ਆਹੀਂ। ਕ੍ਰਿਆ ਏਕ ਕਰਿ ਸਕਹੀਂ ਨਾਂਹੀ ॥੫੯ ॥

ਜਿਸ ਵਰਗਾ ਫਿਰ ਕੋਈ ਪ੍ਰਗਟ ਨਹੀਂ ਹੁੰਦਾ, ਉਸ ਦਾ ਅਚਰਜ ਰੂਪ ਜਾਣੋ। ਜਿਸ ਬਗੈਰ ਜਿਹੜੀਆਂ ਸਾਰੀਆਂ ਇੰਦਰੀਆਂ ਹਨ, ਇਕ ਵੀ ਕ੍ਰਿਆ ਨਹੀਂ ਕਰ ਸਕਦੀਆਂ ਹਨ॥ ੫੯॥

ਗੁਪਤ ਪ੍ਰਗਟ ਅਤਿ ਸੱਤਜਾ ਜਾਂਹੀ। ਸਮਤਾ ਕੋ ਨ ਸਕੈ ਕਰਿ ਤਾਂਹੀ।
ਤਿਹ ਕੀ ਸ਼ਰਨ ਪਰਹੁ ਸੁਖ ਪਾਵਹੁ। ਮਨ ਮਲੀਨਤਾ ਸਰਬ ਮਿਟਾਵਹੁ ॥੬੦ ॥

ਗੁਪਤ ਪ੍ਰਗਟ ਜਿਥੇ ਅਤਿ ਸੱਚ ਹੈ, ਉਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਉਸ ਦੀ ਸ਼ਰਨ ਪਵੋ ਅਤੇ ਸੁੱਖ ਪ੍ਰਾਪਤ ਕਰੋ ਅਤੇ ਮਨ ਦੀ ਸਾਰੀ ਮੈਲ ਦੂਰ ਕਰੋ॥ ੬੦॥

ਬਿਸ਼ੈ ਅਨੰਦ ਅਲਪ ਪਹਿਚਾਨਹੁ। ਨੀਰ ਕਟੋਰੇ ਕੇ ਸਮ ਮਾਨਹੁ।
ਨਸ਼ਟ, ਜੂਠ, ਸੀਤ, ਉਸ਼ਨਾਦਿਕ। ਤਿਸ ਮਹਿਂ ਦੋਖ ਲਖੁ ਇਤਜਾਦਿਕ ॥੬੧ ॥

ਵਿਸ਼ੇ ਅਤੇ ਅਨੰਦ ਬਹੁਤ ਘੱਟ ਪਹਿਚਾਣੋ। ਉਨ੍ਹਾਂ ਨੂੰ ਕਟੋਰੇ ਦੇ ਪਾਣੀ ਬਰਾਬਰ ਮੰਨੋ, ਜਿਹੜਾ ਕਿ ਝੱਟ ਹੀ ਡੁਲ੍ਹ ਜਾਂਦਾ ਹੈ। ਜੂਠਾ, ਠੰਢਾ ਤੇ ਗਰਮ ਵੀ ਹੋ ਜਾਂਦਾ ਹੈ, ਉਸ ਵਿਚ ਕਈ ਪ੍ਰਕਾਰ ਦੇ ਨੁਕਸ ਜਾਣੋ॥ ੬੧॥

ਬਹੁਰ ਸੁਨੋ ਭਜਨਾਨੰਦ ਜੋਊ। ਨਦੀ ਨੀਰ ਲਖਿਯੇ ਜਿਉਂ ਸੋਊ।
ਬਢਨ ਘਟਨ ਤਾਂ ਮਹਿ ਇਹ ਹੋਵਤਿ। ਪਾਛਲ ਦੋਖਨ ਕੋ ਸਭਿ ਖੋਵਤਿ ॥੬੨ ॥

ਫਿਰ ਜਿਹੜਾ ਭਜਨ ਦਾ ਅਨੰਦ ਸੁਣਦਾ ਹੈ, ਉਹ ਨਦੀ ਦੇ ਜਲ ਵਾਂਗ ਜਾਣਿਆ ਜਾਂਦਾ ਹੈ। ਨਦੀ ਦੇ ਜਲ ਵਿਚ ਵਾਧਾ ਘਾਟਾ ਹੁੰਦਾ ਹੈ। ਪਿਛਲੇ ਸਾਰੇ ਪਾਪਾਂ ਨੂੰ ਦੂਰ ਕਰ ਲੈਂਦਾ ਹੈ॥ ੬੨॥

ਪੁਨ ਗਜਾਨਾਨੰਦ ਜਾਨਹੁ ਐਸੇ। ਸਾਗਰ ਜਲ ਅਪਾਰ ਹੁਇ ਜੈਸੇ।
ਦੋਖ ਬਿਹੀਨ ਸਦਾ ਇਕ ਸਾਰਾ। ਜੇ ਪਾਵਹਿਂ ਤੇ ਤਰੈਂ ਸੰਸਾਰਾ ॥੬੩ ॥

ਫਿਰ ਗਿਆਨ ਅਨੰਦ ਇਸ ਤਰ੍ਹਾਂ ਜਾਣੋ, ਜਿਵੇਂ ਸਾਗਰ ਦਾ ਅਪਾਰ ਜਲ ਹੁੰਦਾ ਹੈ। ਪਾਪਾਂ ਰਹਿਤ ਸਦਾ ਇਕ ਸਾਰ ਰਹਿੰਦਾ ਹੈ, ਜੋ ਪਾਉਂਦਾ ਹੈ, ਉਹ ਸੰਸਾਰ ਸਾਗਰ ਨੂੰ ਤਰ ਜਾਂਦਾ ਹੈ॥ ੬੩॥

ਯਾਂਤੇ ਤੁਮ ਜਪ ਕਰਿ ਸ੍ਰੀ ਰਾਮੂ। ਪਾਇ ਗਯਾਨ ਪਹੁੰਚਹੁ ਸੁਖ ਧਾਮੂ।
ਇਹ ਤਨ ਕਰਮ ਤਰੋਵਰੁ ਜਾਨਹੁ। ਹ੍ਵੈ ਅਰੋਗਤਾ ਸਾਖਾ ਮਾਨਹੁ ॥੬੪ ॥

ਇਸ ਤਰ੍ਹਾਂ ਤੁਸੀਂ ਸ੍ਰੀ ਰਾਮ ਦਾ ਨਾਮ ਜਪੋ। ਗਿਆਨ ਪਾ ਕੇ ਸੁੱਖਾਂ ਦੇ ਘਰ ਪਹੁੰਚੋ। ਇਹ ਤਨ ਕਰਮਾਂ ਦਾ ਬ੍ਰਿਛ ਜਾਣੋ, ਅਰੋਗਤਾ ਹੋਣ ਨੂੰ ਟਾਹਣੀਆਂ ਮੰਨੋ॥ ੬੪ ॥

ਜਲ ਸਿੰਚਨ ਕਰਨੋ ਧ੍ਰਮ ਹੀ ਕਾ। ਸਿਮਰਨ ਨਾਮ ਪੁਸ਼ਪ ਭਾ ਨੀਕਾ।
ਭਯੋ ਗਯਾਨ ਫਲ ਲਾਗਯੋ ਰੂਰਾ। ਮਗਨ ਅਨੰਦ ਰਹਯੋ ਰਸ ਪੂਰਾ ॥੬੫ ॥

ਧਰਮ ਦਾ ਧਾਰਨ ਕਰਨਾ ਇਹ ਜਲ ਸਿੰਜਣਾ ਹੈ। ਨਾਮ ਸਿਮਰਨ ਸੁੰਦਰ ਫੁੱਲ ਹੈ। ਗਿਆਨ ਪ੍ਰਾਪਤ ਹੋਣਾ, ਸੁੰਦਰ ਫਲ ਲੱਗਾ ਸਮਝੋ। ਅਨੰਦ ਵਿਚ ਮਗਨ ਹੋ ਕੇ ਪੂਰਾ ਰਸ ਪ੍ਰਾਪਤ ਕਰੋ॥ ੬੫ ॥

ਅਸ ਬਿਚਾਰਿ ਮਨ ਤਜਹੁ ਬਿਕਾਰਾ। ਸਿਮਰਹੁ ਸਦਾ ਨਾਮ ਕਰਤਾਰਾ।
ਇਹ ਉਪਦੇਸ਼ ਦੀਨ ਤਿਨ ਤਾਈਂ। ਕਿਤਿਕ ਦਿਵਸ ਰਹਿ ਕਰਿ ਜਗ ਸਾਈਂ ॥੬੬ ॥

ਇਸ ਤਰ੍ਹਾਂ ਵਿਚਾਰ ਕਰਕੇ ਮਨ ਦੇ ਸਾਰੇ ਵਿਕਾਰ ਛੱਡ ਦੇਵੋ ਅਤੇ ਸਦਾ ਕਰਤਾਰ ਦੇ ਨਾਮ ਦਾ ਸਿਮਰਨ ਕਰੋ'। ਉਨ੍ਹਾਂ ਨੂੰ ਇਹ ਉਪਦੇਸ਼ ਦੇ ਕੇ ਗੁਰੂ ਜੀ ਕਈ ਦਿਨ ਓਥੇ ਹੀ ਠਹਿਰੇ॥ ੬੬ ॥

ਬਹੁਰੋ ਕੀਨੋ ਗਮਨ ਅਗਾਰੀ। ਧਰਾ ਦੀਪ ਕੀ ਉਲੰਘੇ ਸਾਰੀ।
ਬਤੀਸ ਜੋਜਨ ਬੋ ਬਿਸਥਾਰਾ। ਮਧੁ ਸਾਗਰ ਕੋ ਆਇ ਕਰਾਰਾ ॥ ੬੭ ॥

ਫਿਰ ਅੱਗੇ ਚਲ ਪਏ ਅਤੇ ਟਾਪੂ ਦੀ ਸਾਰੀ ਧਰਤੀ ਨੂੰ ਪਾਰ ਕਰ ਗਏ, ਜਿਸ ਦਾ ਬੱਤੀ ਜੋਜਨ ਵਿਸਥਾਰ ਸੀ। ਫਿਰ ਮੱਧ ਸਾਗਰ ਦੇ ਕਿਨਾਰੇ ਆ ਗਏ॥ ੬੭ ॥

ਦੀਪ ਸਮਾਨ ਹੁਤੋ ਪਰਮਾਨਾ। ਪਾਰ ਗਏ ਤਿਹ ਕ੍ਰਿਪਾ ਨਿਧਾਨਾ।
ਆਵਾ ਪੁਸ਼ਕਰ ਦੀਪ ਅਗਾਰੀ। ਪਹੁਚੇ ਤਿਹ ਕੇ ਜਾਇ ਅਗਾਰੀ ॥੬੮ ॥

ਉਹ ਦੀਪ ਵਾਂਗ ਪਰਮਾਣਿਤ ਹੁੰਦਾ ਸੀ। ਉਸ ਨੂੰ ਕਿਰਪਾ ਨਿਧਾਨ ਗੁਰੂ ਜੀ ਪਾਰ ਕਰ ਗਏ। ਅੱਗੇ ਪੁਸ਼ਕਰ ਨਾਮ ਦਾ ਦੀਪ ਆਇਆ। ਉਸ ਦੇ ਅੱਗੇ ਪਹੁੰਚ ਗਏ॥ ੬੮ ॥

ਰੁਚਿਰ ਬਿਲੋਕਿ ਨਗਰ ਤਿਹ ਮਾਂਹੀ। ਸੱਤਿਨਾਮ ਉਪਦੇਸ਼ ਤਹਾਂਹੀ।
ਕਰਨੀ ਸੰਤਨ ਸੇਵ ਸਿਖਾਈ। ਭਾਉ ਭਗਤਿ ਅਭਿਰਾਮ ਦ੍ਰਿੜਾਈ ॥੬੯ ॥

ਉਸ ਵਿਚ ਇਕ ਸੁੰਦਰ ਨਗਰ ਵੇਖ ਕੇ ਸਤਿਨਾਮ ਦੇ ਜਾਪ ਕਰਨ ਦਾ ਉਪਦੇਸ਼ ਦਿੱਤਾ। ਸੰਤਾਂ ਦੀ ਸੇਵਾ ਕਰਨੀ ਸਿਖਾਈ ਅਤੇ ਪ੍ਰੇਮ ਭਗਤੀ ਸੁੰਦਰ ਦ੍ਰਿੜ੍ਹਾਈ॥ ੬੯ ॥

ਤਹਿੰਤੇ ਚਲਿ ਪਹੁਚੇ ਪ੍ਰਭੁ ਤਹਿਂਵਾ। ਹੁਤੇ ਸਪਤਵੇਂ ਸਾਗਰ ਜਹਿਂਵਾ।
ਤਟ ਪਰ ਠਾਂਢੇ ਕ੍ਰਿਪਾ ਨਿਧਾਨਾ। ਮਰਦਾਨੇ ਕੋ ਬਚਨ ਬਖਾਨਾ ॥੭੦ ॥

ਓਥੋਂ ਚਲ ਕੇ ਗੁਰੂ ਜੀ ਓਥੇ ਪਹੁੰਚੇ, ਜਿਥੇ ਸਤਵਾਂ ਸਾਗਰ ਸੀ। ਕਿਰਪਾ ਨਿਧਾਨ ਗੁਰੂ ਜੀ ਕਿਨਾਰੇ ਤੇ ਜਾ ਕੇ ਖੜੇ ਹੋ ਗਏ। ਮਰਦਾਨੇ ਨੂੰ ਉਨ੍ਹਾਂ ਫਿਰ ਕਿਹਾ॥ ੭੦ ॥

'ਇਹੀ ਸਪਤਮੋਂ ਦੀਪ ਜਨੀਜੈ। ਚੌਸਠ ਲਖ ਜੋਜਨ ਲਖਿ ਲੀਜੈ।
ਇਸ ਸਮਾਨ ਇਹ ਸਾਗਰ ਜਾਨਹੁ। ਮਿਸ਼ਟ ਨੀਰ ਕੋ ਸਰਬ ਪਛਾਨਹੁ ॥੭੧ ॥

"ਇਸ ਨੂੰ ਹੀ ਸਤਵਾਂ ਦੀਪ ਕਿਹਾ ਜਾਂਦਾ ਹੈ, ਇਹ ਚੌਠ ਲੱਖ ਜੋਜਨ ਦੇ ਬਰਾਬਰ ਹੋਵੇਗਾ। ਇਸ ਵਰਗਾ ਹੀ ਇਹ ਸਾਗਰ ਜਾਣੋ, ਮਿੱਠੇ ਜਲ ਵਾਲਾ ਇਸ ਨੂੰ ਪਛਾਣੋ" ॥ ੭੧ ॥

ਸੁਨਿਕੈ ਪ੍ਰਸ਼ਨ ਕੀਨ ਮਰਦਾਨੇ। 'ਇਸ ਤੇ ਪਰ ਕਯਾ ? ਕਰਹੁ ਬਖਾਨੇ।
ਰਹੈਂ ਕੌਨ, ਕੈਸੀ ਹੈ ਧਰਨੀ ?। ਪਹੁਚੇ ਤਹਾਂ ਕੌਨ ਕਰਿ ਕਰਨੀ' ॥ ੭੨ ॥

ਇਹ ਸੁਣ ਕੇ ਮਰਦਾਨੇ ਨੇ ਪ੍ਰਸ਼ਨ ਕੀਤੇ, "ਇਸ ਤੋਂ ਪਰ੍ਹੇ ਕੀ ਹੈ? ਸਾਨੂੰ ਦੱਸੋ। ਓਥੇ ਕੌਣ ਰਹਿੰਦਾ ਹੈ ਅਤੇ ਕੈਸੀ ਧਰਤੀ ਹੈ ? ਕਿਹੜੇ ਲੋਕ ਕਰਨੀ ਕਰਕੇ ਓਥੇ ਪਹੁੰਚੇ ਹਨ" ॥ ੭੨ ॥

ਅੰਤਰਜਾਮੀ ਗਿਰਾ ਉਚਾਰੀ। 'ਸੁਰ, ਨਰ, ਦਾਨਵ ਕੋ ਨ ਅਗਾਰੀ।
ਕੰਚਨ ਕੀ ਛਿਤ ਕੇਤਿਕ ਜਾਨਾ। ਤਿੰਹ ਤੇ ਪਰੇ ਪਹਾਰ ਮਹਾਨਾ ॥ ੭੩ ॥

ਅੰਤਰਜਾਮੀ ਗੁਰੂ ਜੀ ਨੇ ਕਿਹਾ, "ਦੇਵਤੇ, ਮਨੁੱਖ, ਦੈਂਤ ਕੋਈ ਵੀ ਅੱਗੇ ਨਹੀਂ ਹੈ। ਕੁਝ ਦੂਰ ਤਕ ਸੋਨੇ ਦੀ ਧਰਤੀ ਹੈ, ਉਸ ਤੋਂ ਅੱਗੇ ਵੱਡੇ ਵੱਡੇ ਪਹਾੜ ਹਨ ॥ ੭੩ ॥

ਲੋਕਾਲੋਕ ਨਾਮ ਹੈ ਜਾਂ ਕੋ। ਬਹੁ ਬਿਸਤਾਰ ਜਾਨੀਅਹਿ ਤਾਂ ਕੋ।
ਚੌਫੇਰੇ ਦੀਪਨ ਕੇ ਸੋਊ। ਤਿਸ ਤੇ ਪਰੇ ਨ ਅਵਨੀ ਕੋਊ ॥ ੭੪ ॥

ਉਸ ਦਾ ਨਾਂ ਲੋਕਾਲੋਕ ਹੈ, ਉਸ ਦਾ ਬਹੁਤ ਵੱਡਾ ਵਿਸਥਾਰ ਹੈ। ਉਹ ਦੀਪਾਂ ਦੇ ਚਾਰ-ਚੁਫੇਰੇ ਹੈ, ਉਸ ਤੋਂ ਅੱਗੇ ਕੋਈ ਧਰਤੀ ਨਹੀਂ ਹੈ ॥ ੭੪ ॥

ਇਸ ਤੇ ਉਰੇ ਪ੍ਰਕਾਸ਼ਹਿ ਸਾਰੇ। ਮਾਰਤੰਡ, ਸਾਗਰਸੁਤ, ਤਾਰੇ।
ਪਰੈ ਨ ਕਾਂ ਕੋ ਹੋਇ ਪ੍ਰਕਾਸ਼ਾ। ਗਾਢੋ ਬਡੋ ਅੰਧੇਰੋ ਰਾਸਾ ॥ ੭੫ ॥

ਇਸ ਤੋਂ ਉਰਲੇ ਪਾਸੇ ਸੂਰਜ, ਚੰਦਰਮਾ ਅਤੇ ਤਾਰੇ ਪ੍ਰਕਾਸ਼ਦੇ ਹਨ। ਪਰਲੇ ਪਾਸੇ ਕਿਸੇ ਪ੍ਰਕਾਰ ਦਾ ਪ੍ਰਕਾਸ਼ ਨਹੀਂ ਹੈ ਅਤੇ ਵੱਡੇ ਹਨੇਰੇ ਦਾ ਸਮੂਹ ਖੜਾ ਹੈ ॥ ੭੫ ॥

ਦੋਹਰਾ- ਜੇ ਦ੍ਵਾਦਸ਼ ਸੂਰਜ ਚੜ੍ਹਹਿਂ ਸਰਬ ਸ਼ਜਾਮ ਹੁਇ ਜਾਇਂ।
ਅਬ ਚਲਿ ਜੰਬੂ ਦੀਪ ਕੋ ਧਰਤਿ ਪੁਨੀਤ ਸੁਹਾਇ' ॥ ੭੬ ॥

ਜੇ ਬਾਰਾਂ ਸੂਰਜ ਚੜ੍ਹਨ ਤੇ ਸਾਰੇ ਕਾਲਾ ਰੰਗ ਛਾ ਜਾਂਦਾ ਹੈ। ਹੁਣ ਜੰਬੂ ਦੀਪ ਨੂੰ ਚਲੋ, ਉਹ ਪਵਿੱਤਰ ਧਰਤੀ ਸੋਭਦੀ ਹੈ" ॥ ੭੬ ॥

ਚੌਪਈ- ਅਸ ਕਹਿ ਸ੍ਰੀ ਗੁਰ ਲੀਨਿ ਉਡਾਰੀ। ਜੰਬੂ ਆਵਨ ਇੱਛਾ ਧਾਰੀ।
ਮਨ ਚਿਤਵਨ ਜਿਉਂ ਤਹਾਂ ਸਿਧਾਏ। ਸਰਬ ਦੀਪ ਤਜਿ ਕਰਿ ਸੋ ਆਏ ॥ ੭੭ ॥

ਇਹ ਕਹਿ ਕੇ ਗੁਰੂ ਜੀ ਨੇ ਉਡਾਰੀ ਮਾਰੀ ਅਤੇ ਜੰਬੂ ਦੇਸ਼ ਪਹੁੰਚਣ ਦੀ ਇੱਛਾ ਕੀਤੀ। ਮਨ ਦੇ ਸੰਕਲਪ ਵਾਂਗ ਓਥੇ ਪਹੁੰਚ ਗਏ। ਸਾਰੇ ਦੀਪ ਛੱਡ ਕੇ ਆ ਗਏ ॥ ੭੭ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਦੀਪਨ ਪ੍ਰਸੰਗ ਬਰਨਨੰ ਨਾਮ ਉਨਿਸਵੋਂ ਅਧਯਾਯ ॥ ੧੯ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਨੀਵਾਂ ਅਧਿਆਇ, ਜਿਸਦਾ ਨਾਮ 'ਪਲਖ, ਸਾਲਮਲੀ, ਕੁਸ਼, ਕ੍ਰੌਂਚ, ਸਾਕ ਤੇ ਪੁਸ਼ਕਰ ਦੀਪ' ਹੈ ਸਮਾਪਤ ਹੋਇਆ ॥ ੧੯ ॥

# ਅਧਿਆਇ ਵੀਹਵਾਂ

## ਸਿੱਧਾਂ ਨਾਲ ਗੋਸ਼ਟ

ਦੋਹਰਾ- ਸ੍ਰੀ ਗੁਰ ਚਰਨ ਸਰੋਜ ਕੋ ਰਿਦੈ ਧ੍ਯਾਨ ਧਰਿ ਰੋਜ।
ਪਾਇ ਸੁਮਤਿ ਕੋ ਓਜ ਅਤਿ ਨਿਜ ਸਰੂਪ ਕੋ ਖੋਜਿ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦਾ ਧਿਆਨ ਹਿਰਦੇ ਵਿਚ ਨਿੱਤ ਧਾਰਨ ਕਰਕੇ ਸ੍ਰੇਸ਼ਟ ਬੁੱਧੀ ਦਾ ਮੈਂ ਬਹੁਤ ਬਲ ਪ੍ਰਾਪਤ ਕੀਤਾ ਹੈ, ਜਿਸ ਨਾਲ ਹੁਣ ਨਿਜ ਸਰੂਪ ਦੀ ਖੋਜ ਵਿਚ ਲੱਗ ਰਿਹਾ ਹਾਂ। ਹੇ ਮੇਰੇ ਮਨ ! ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦਾ ਧਿਆਨ ਹਿਰਦੇ ਵਿਚ ਸਦਾ ਧਾਰਨ ਕਰੇ, ਜਿਸ ਤੋਂ ਤੂੰ ਚੰਗੀ ਮੱਤ ਦਾ ਬਹੁਤ ਬਲ ਪਾ ਕੇ ਨਿਜ ਸਰੂਪ ਦੀ ਖੋਜ ਅਤੇ ਗਿਆਨ ਨੂੰ ਪ੍ਰਾਪਤ ਹੋਵੇਂ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਸ੍ਰੀ ਅੰਗਦ ਸੁਨੀਏ ਗੁਨ ਪੂਰਨ। ਆਏ ਜੰਬੂ ਮਹਿਂ ਪੁਨ ਤੂਰਨ।
ਸਹਿਜ ਸੁਭਾਇਕ ਆਇ ਸੁਹੇਲੋ। ਹੋਤਿ ਭਯੋ ਸਿੱਧਨ ਸੋਂ ਮੇਲੋ॥ ੨॥

ਭਾਈ ਬਾਲੇ ਨੇ ਕਿਹਾ- ਹੇ ਪੂਰਨ ਗੁਣਾਂ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ! ਫਿਰ ਤੁਰੰਤ ਜੰਬੂ ਦੀਪ ਵਿਚ ਪਹੁੰਚ ਗਏ। ਸਹਿਜ ਸੁਭਾਅ ਸੁੱਖ ਨਾਲ ਆ ਗਏ। ਓਥੇ ਆ ਕੇ ਸਿੱਧਾਂ ਨਾਲ ਮੇਲ ਹੋਇਆ॥ ੨॥

ਗੋਰਖ ਤਪ ਕੋ ਹੁਤੋ ਸਥਾਨਾ। ਬੈਠਿ ਗਏ ਤਹਿਂ ਕ੍ਰਿਪਾ ਨਿਧਾਨਾ।
ਸਭਿ ਸਿੱਧਨ ਮਿਲਿ ਇਕ ਤਿਲ ਲੀਨੋ। ਗੁਰ ਆਗੇ ਭੇਟ ਸੁ ਧਰਿ ਦੀਨੋ॥੩॥

ਜਿਥੇ ਗੋਰਖ ਦੇ ਤਪ ਦਾ ਅਸਥਾਨ ਸੀ, ਓਥੇ ਕਿਰਪਾਨਿਧਾਨ ਆ ਕੇ ਬੈਠ ਗਏ। ਸਾਰੇ ਸਿੱਧਾਂ ਨੇ ਇਕ ਤਿਲ ਲਿਆ ਅਤੇ ਗੁਰੂ ਜੀ ਅੱਗੇ ਧਰ ਦਿੱਤਾ॥ ੩॥

ਕਹ੍ਯੋ ਕਿ 'ਸਭਿ ਮਹਿਂ ਦਿਹੁ ਬਰਤਾਈ। ਨੀਰ ਦੁਰਾਇ ਦੀਨ ਤਿਹ ਥਾਈਂ।
ਸਰਬ ਪ੍ਰਕਾਰ ਜਾਨਿ ਗੁਨਖਾਨੀ। ਮੇਰੇ ਸੰਗ ਕਹੀ ਅਸ ਬਾਨੀ॥ ੪॥

ਕਹਿਣ ਲੱਗੇ, "ਇਸ ਨੂੰ ਸਾਰਿਆਂ ਵਿਚ ਵੰਡ ਦੇਵੋ" ਉਸ ਥਾਂ ਤੋਂ ਪਾਣੀ ਛੁਪਾ ਦਿੱਤਾ। ਗੁਣਾਂ ਦੀ ਖਾਣ ਸ੍ਰੀ ਗੁਰੂ ਜੀ ਸਭ ਤਰ੍ਹਾਂ ਜਾਣਦੇ ਸਨ। ਮੈਨੂੰ (ਭਾਈ ਬਾਲਾ) ਇਸ ਤਰ੍ਹਾਂ ਕਹਿਣ ਲੱਗੇ॥ ੪॥

'ਹੇ ਬਾਲੇ! ਤੁਮ ਘੋਟਹੁ ਨੀਕੇ। ਬਹੁਰ ਬ੍ਰਤਾਵਹੁ ਮੱਧ ਸਭੀ ਕੇ'।
ਹੁਤੀ ਦੂਰ ਸਰਿਤਾ ਬਹਿ ਬਾਰੀ। ਊਚੇ ਸੁਰ ਸੋਂ ਗੁਰੂ ਗੁਹਾਰੀ॥ ੫॥

"ਹੇ ਬਾਲੇ ! ਤੁਸੀਂ ਤਿਲਾਂ ਦੇ ਇਸ ਦਾਣੇ ਨੂੰ ਚੰਗੀ ਤਰ੍ਹਾਂ ਘੋਟੋ, ਫਿਰ ਇਸ ਨੂੰ ਸਾਰਿਆਂ ਵਿਚ ਵਰਤਾ ਦੇਵੋ।" ਦੂਰ ਨਦੀ ਦਾ ਪਾਣੀ ਬਹਿ ਰਿਹਾ ਸੀ, ਉਚੀ ਆਵਾਜ਼ ਵਿਚ ਗੁਰੂ ਜੀ ਨੇ ਉਸ ਨੂੰ ਬੁਲਾਇਆ॥ ੫॥

ਸੋ ਆਈ ਤਤਕਾਲ ਅਗਾਰੀ। ਮਨਹੁ ਬੁਲਾਈ ਕਿਨ ਗੋ ਪਾਰੀ।
ਤਿਹ ਤੇ ਜਲ ਪਾਤਰ ਭਰਿ ਲੀਨੋ। ਤਿਲ ਕੋ ਘੋਟ ਮਿਲਾਵਨ ਕੀਨੋ॥੬॥

ਨਦੀ ਤੁਰੰਤ ਗੁਰੂ ਜੀ ਦੇ ਅੱਗੇ ਆ ਗਈ, ਮਾਨੋ ਕਿਸੇ ਨੇ ਪਾਲੀ ਹੋਈ ਗਾਂ ਨੂੰ ਬੁਲਾਇਆ ਹੋਵੇ। ਉਸ ਵਿਚੋਂ ਜਲ ਦਾ ਇਕ ਭਾਂਡਾ ਭਰ ਲਿਆ, ਤਿਲ ਨੂੰ ਘੋਟ ਕੇ ਵਿਚ ਮਿਲਾ ਦਿੱਤਾ॥ ੬॥

ਪੁਨ ਸਭਿ ਸਿੱਧਨ ਮਹਿਂ ਬਰਤਾਵਾ। ਤਿਨ ਸਮਾਜ ਅਤਿ ਪਿਖਤਿ ਲਜਾਵਾ।
ਬੋਲਜੋ ਮੰਗਲ ਨਾਥ ਸੁਜਾਨਾ। 'ਕਲ ਮਹਿਂ ਤੁਮ ਅਵਤਾਰ ਮਹਾਨਾਂ ॥੭॥

ਫਿਰ ਸਾਰੇ ਸਿੱਧਾਂ ਵਿਚ ਵਰਤਾ ਦਿੱਤਾ, ਸਾਰੇ ਸਿੱਧ ਵੇਖ ਕੇ ਸ਼ਰਮਿੰਦੇ ਹੋ ਗਏ। ਚਤਰ ਮੰਗਲ ਨਾਥ ਸਿੱਧ ਬੋਲਿਆ, "ਕਲਿਜੁਗ ਵਿਚ ਤੁਸੀਂ ਮਹਾਨ ਅਵਤਾਰ ਹੋ॥ ੭॥

ਅਲਖ ਨਿਰੰਜਨ ਮੂਰਤਿ ਰੂਰੀ। ਸਭਿ ਬਿਧਿ ਕੀ ਅਜ਼ਮਤ ਧਰਿ ਭੂਰੀ।
ਤੁਮਰੀ ਸਰਬਰ ਮੂਰਖ ਕਰਿਹੀਂ। ਬਹੁਰ ਲਜਾਇ ਰਿਦੇ ਦੁਖ ਭਰਿਹੀਂ ॥੮॥

ਅਲਖ ਨਿਰੰਜਨ ਤੁਹਾਡੀ ਸੁੰਦਰ ਕਾਂਇਆ ਹੈ, ਅਤੇ ਹਰ ਪ੍ਰਕਾਰ ਦੀ ਤੁਸੀਂ ਕਰਾਮਾਤ ਧਾਰਨ ਕੀਤੀ ਹੋਈ ਹੈ। ਮੂਰਖ ਤੁਹਾਡੀ ਬਰਾਬਰੀ ਕਰਦੇ ਹਨ, ਫਿਰ ਸ਼ਰਮਿੰਦੇ ਹੋ ਕੇ ਉਨ੍ਹਾਂ ਦੇ ਹਿਰਦੇ ਦੁੱਖ ਨਾਲ ਭਰ ਜਾਂਦੇ ਹਨ॥ ੮॥

ਮਨਮੁਖ ਮਹਿਮਾ ਜਾਨਹਿਂ ਨਾਂਹੀ। ਨਿਜ ਹੰਕਾਰ ਬਿਖੈ ਗਰਬਾਹੀਂ।
ਤੁਮਹਿਂ ਪਛਾਨਹਿਂ ਸੇ ਗੁਨ ਖਾਨੀ। ਸੁਨਿ ਸ੍ਰੀ ਨਾਨਕ ਉਚਰੀ ਬਾਨੀ॥੯॥

ਮਨਮੁਖ ਤੁਹਾਡੀ ਮਹਿਮਾਂ ਨਹੀਂ ਜਾਣਦੇ। ਆਪਣੇ ਹੰਕਾਰ ਵਿਚ ਹੀ ਘੁਮੰਡ ਕਰਦੇ ਹਨ। ਤੁਹਾਨੂੰ ਜਿਹੜੇ ਪਛਾਣਦੇ ਹਨ ਉਹ ਗੁਣਾਂ ਦੀ ਖਾਣ ਹਨ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੯॥

'ਮੰਗਲ ਨਾਥ! ਸੁਨਹੁ ਤੁਮ ਐਸੇ। ਨਾਮ ਬਿਨਾ ਗਤਿ ਹੋਤਿ ਨ ਕੈਸੇ।
ਨਾਮ ਹੀਨ ਨਰ ਨਰਕ ਸਿਧਾਵਹਿਂ। ਬੇਮੁਖ ਨਾਮ ਅਧਿਕ ਦੁਖ ਪਾਵਹਿਂ ॥੧੦॥

ਹੇ ਮੰਗਲ ਨਾਥ! ਤੁਸੀਂ ਇਸ ਤਰ੍ਹਾਂ ਸੁਣੋ। ਨਾਮ ਤੋਂ ਬਗੈਰ ਕਿਸੇ ਤਰ੍ਹਾਂ ਵੀ ਗਤੀ ਨਹੀਂ ਹੁੰਦੀ। ਨਾਮਹੀਣ ਮਨੁੱਖ ਸਿੱਧੇ ਨਰਕਾਂ ਨੂੰ ਜਾਂਦੇ ਹਨ। ਨਾਮ ਤੋਂ ਬੇਮੁਖ ਹੋ ਕੇ ਜ਼ਿਆਦਾ ਦੁਖ ਪਾਉਂਦੇ ਹਨ" ॥ ੧੦॥

ਸੁਨਿਕੈ ਬੋਲਜੋ ਭੰਗਰ ਬੈਨਾ। 'ਜੋਗ ਗਜਾਨ ਬਿਨ ਕੈਵਲ ਹੈ ਨਾ।
ਤੁਮ ਕੈਸੇ ਕੈ ਨਾਮ ਬਖਾਨਹੁ। ਮਨ ਮਹਿਂ ਮਤ ਨ ਹਮਾਰੋ ਜਾਨਹੁ' ॥੧੧॥

ਇਹ ਸੁਣ ਕੇ ਭੰਗਰ ਨਾਥ ਬੋਲਿਆ, "ਜੋਗ ਗਿਆਨ ਬਗੈਰ ਮੁਕਤੀ ਨਹੀਂ ਹੋ ਸਕਦੀ, ਤੁਸੀਂ ਕਿਸ ਤਰ੍ਹਾਂ ਕੈਸਾ ਨਾਮ ਦੱਸਦੇ ਹੋ। ਤੁਸੀਂ ਮਨ ਵਿਚ ਸਾਡਾ ਮੱਤ ਨਹੀਂ ਜਾਣਦੇ ਹੋ॥ ੧੧॥

ਦੋਹਰਾ- ਗੁਰੂ ਕਹੈ 'ਸ੍ਰੀ ਨਾਮ ਮੈਂ ਜਬ ਹੀ ਮਨ ਥਿਤ ਪਾਇ।
ਈਸ਼ੁਰ ਕਰੁਣਾ ਤੇ ਤਬੈ ਗਯਾਨ ਰਿਦੇ ਹ੍ਵੈ ਜਾਇ॥ ੧੨॥

ਗੁਰੂ ਜੀ ਨੇ ਕਿਹਾ, "ਨਾਮ ਵਿਚ ਜਦ ਮਨ ਸਥਿਤ ਹੋ ਜਾਂਦਾ ਹੈ, ਈਸ਼ਵਰ ਦੀ ਕਿਰਪਾ ਨਾਲ ਓਸੇ ਸਮੇਂ ਹਿਰਦੇ ਵਿਚ ਗਿਆਨ ਹੋ ਜਾਂਦਾ ਹੈ॥ ੧੨॥

ਨਾਮ ਬਿਨਾ ਨਹਿਂ ਜੋਗ ਹੈ ਦੇਖਹੁ ਰਿਦੇ ਬਿਚਾਰਿ।
ਤਾਂ ਤੇ ਸਭਿਹੀ ਸਿੱਧ ਮਹਿਂ ਨਾਮ ਲਖੋ ਸੁਖਕਾਰ॥ ੧੩॥

ਨਾਮ ਬਗੈਰ ਜੋਗ ਨਹੀਂ ਹੋ ਸਕਦਾ, ਹਿਰਦੇ ਵਿਚ ਵਿਚਾਰ ਕੇ ਵੇਖ ਲਵੋ। ਤਦ ਹੀ ਸਾਰੀਆਂ ਸਿੱਧੀਆਂ ਵਿਚ ਨਾਮ ਸੁਖਦਾਈ ਮੰਨਿਆ ਜਾਂਦਾ ਹੈ॥ ੧੩॥

ਸੋਰਠਾ- ਅਤਿਸ਼ੈ ਸ੍ਰੇਸ਼ਟ ਨਾਮ ਹੈ ਨੌਕਾ ਕਲਿਕਾਲ ਮਹਿਂ।
ਸ਼ਬਦ ਭਨਜੋ ਅਭਿਰਾਮ ਸਿੱਧਨ ਕੋ ਲੱਜਿਤਿ ਕਰਨ॥ ੧੪॥

ਇਸ ਲਈ ਕਲਿਜੁਗ ਵਿਚ ਸੰਸਾਰ ਸਾਗਰ ਨੂੰ ਤਰਨ ਲਈ ਨਾਮ ਹੀ ਸ੍ਰੇਸ਼ਟ ਬੇੜੀ ਹੈ। ਫਿਰ ਸਿੱਧਾਂ ਨੂੰ ਲੱਜਿਤ ਕਰਨ ਵਾਸਤੇ ਉਨ੍ਹਾਂ ਇਕ ਸੁੰਦਰ ਸ਼ਬਦ ਦਾ ਉਚਾਰਨ ਕੀਤਾ॥ ੧੪॥

*ਰਾਮਕਲੀ ਮਹਲਾ ੧॥*

*ਜਗੁ ਪਰਬੋਧਹਿ ਮੜੀ ਬਧਾਵਹਿ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ॥*
*ਮਮਤਾ ਮੋਹੁ ਕਾਮਣਿ ਹਿਤਕਾਰੀ॥ ਨਾ ਅਉਧੂਤੀ ਨਾ ਸੰਸਾਰੀ॥ ੧॥*
*ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥*
*ਘਰਿ ਘਰਿ ਮਾਗਤ ਲਾਜ ਨ ਲਾਗੈ॥ ੧॥ ਰਹਾਉ॥*
*ਗਾਵਹਿ ਗੀਤ ਨ ਚੀਨਹਿ ਆਪੁ॥ ਕਿਉ ਲਾਗੀ ਨਿਵਰੈ ਪਰਤਾਪੁ॥*
*ਗੁਰ ਕੈ ਸਬਦਿ ਰਚੈ ਮਨ ਭਾਇ॥ ਭਿਖਿਆ ਸਹਜ ਵੀਚਾਰੀ ਖਾਇ॥ ੨॥*
*ਭਸਮ ਚੜਾਇ ਕਰਹਿ ਪਾਖੰਡੁ॥ ਮਾਇਆ ਮੋਹਿ ਸਹਹਿ ਜਮ ਡੰਡੁ॥*
*ਫੂਟੈ ਖਾਪਰੁ ਭੀਖ ਨ ਭਾਇ॥ ਬੰਧਨਿ ਬਾਧਿਆ ਆਵੈ ਜਾਇ॥ ੩॥*
*ਬਿੰਦੁ ਨ ਰਾਖਹਿ ਜਤੀ ਕਹਾਵਹਿ॥ ਮਾਈ ਮਾਗਤ ਤ੍ਰੈ ਲੋਭਾਵਹਿ॥*
*ਨਿਰਦਇਆ ਨਹੀ ਜੋਤਿ ਉਜਾਲਾ। ਬੂਡਤ ਬੂਡੇ ਸਰਬ ਜੰਜਾਲਾ॥ ੪॥* (੯੦੩)

ਹੇ ਸਿੱਧੋ! ਤੁਸੀਂ ਜਗਤ ਨੂੰ ਉਪਦੇਸ਼ ਦਿੰਦੇ ਹੋ ਅਤੇ ਆਪ ਮਠ ਬਣਾਉਂਦੇ ਹੋ। ਆਪਣੀ ਧਿਆਨ ਅਵਸਥਾ ਨੂੰ ਛੱਡ ਕੇ ਤੁਸੀਂ ਕਿਸ ਤਰ੍ਹਾਂ ਸੱਚੇ ਸੁਆਮੀ ਨੂੰ ਪਾ ਲਵੋਗੇ ? ਤੁਸੀ ਮੋਹ ਮਮਤਾ ਅਤੇ ਇਸਤਰੀ ਦੇ ਪਿਆਰ ਵਿਚ ਫਸੇ ਹੋਏ ਹੋ, ਨਾ ਤੁਸੀਂ ਤਿਆਗੀ ਹੋ ਅਤੇ ਹੀ ਗ੍ਰਹਿਸਤੀ ਹੋ॥ ੧॥

ਹੇ ਸਿਧੋ ! ਤੁਸੀਂ ਮਨ ਟਿਕਾ ਕੇ ਬੈਠੇ ਰਹੋ ਤਦ ਤੁਹਾਡੀ ਦ੍ਵੈਤ ਭਾਵਨਾ ਦੀ ਪੀੜ ਦੂਰ ਹੋ ਜਾਵੇਗੀ। ਤੁਹਾਨੂੰ ਘਰ ਘਰ ਮੰਗਦੇ ਫਿਰਦਿਆਂ ਸ਼ਰਮ ਨਹੀਂ ਆਉਂਦੀ॥ ੧॥ ਰਹਾਉ॥

ਤੁਸੀਂ ਗੀਤ ਗਾਉਂਦੇ ਫਿਰਦੇ ਹੋ, ਪਰ ਆਪਣੇ ਆਪ ਨੂੰ ਨਹੀਂ ਸਮਝਦੇ, ਭਾਰੀ ਅੱਗ ਜੋ ਤੁਹਾਨੂੰ ਸਾੜ ਰਹੀ ਹੈ ਕਿਵੇਂ ਬੁਝਾਈ ਜਾ ਸਕਦੀ ਹੈ ? ਜੇ ਗੁਰੂ ਦੇ ਉਪਦੇਸ਼ ਅਨੁਸਾਰ ਤੁਹਾਡੀ ਆਤਮਾ ਪ੍ਰਭੂ ਦੇ ਪ੍ਰੇਮ ਵਿਚ ਲੀਨ ਹੋ ਜਾਵੇ ਤਾਂ ਤੁਸੀ ਸੌਖੇ ਹੀ ਸਿਮਰਨ ਦੀ ਭਿਖਿਆ ਨੂੰ ਮਾਣ ਲਵੋਗੇ॥ ੨॥

ਤੁਸੀਂ ਆਪਣੇ ਸਰੀਰ ਨੂੰ ਸੁਆਹ ਮਲਦੇ ਹੋ ਅਤੇ ਪਖੰਡ ਕਰਦੇ ਹੋ। ਮੋਹ ਮਾਇਆ ਦਾ ਕਾਰਨ, ਤੁਸੀਂ ਮੌਤ ਦੀ ਸੱਟ ਸਹਾਰੋਗੇ। ਤੁਹਾਡੇ ਮਨ ਦੇ ਠੂਠੇ ਵਿਚ ਪ੍ਰਭੂ ਪ੍ਰੇਮ ਦੀ ਖੈਰ ਨਹੀਂ ਪੈ ਸਕਦੀ। ਤੁਸੀਂ ਜੰਜੀਰ ਨਾਲ ਜਕੜੇ ਹੋ ਅਤੇ ਜੰਮਦੇ-ਮਰਦੇ ਰਹੋਗੇ॥ ੩॥

ਤੁਸੀਂ ਕਾਮ ਨੂੰ ਰੋਕ ਕੇ ਨਹੀਂ ਰਖਦੇ, ਪਰ ਆਪਣੇ ਆਪ ਨੂੰ ਜਤੀ ਕਹਾਉਂਦੇ ਹੋ। ਮਾਤਾ ਆਖ ਕੇ ਤੁਸੀਂ ਖੈਰ ਮੰਗਦੇ ਹੋ ਤੇ ਫਿਰ ਓਸੇ ਮਾਤਾ ਨਾਲ ਪ੍ਰੇਮ ਪਾ ਲੈਂਦੇ ਹੋ। ਤੁਸੀਂ ਦਇਆ ਧਰਮ ਤੋਂ ਸਖਣੇ ਹੋ ਅਤੇ ਤੁਹਾਡੇ ਅੰਦਰ ਪ੍ਰਭੂ ਪਿਆਰ ਦਾ ਪ੍ਰਕਾਸ਼ ਨਹੀਂ ਹੈ। ਤੁਸੀਂ ਹਰ ਕਿਸਮ ਦੇ ਝਮੇਲਿਆਂ ਵਿਚ ਡੁੱਬੇ ਹੋਏ ਹੋ॥ ੪॥

**ਚੌਪਈ- 'ਦੰਭ ਧਾਰਿ ਕਰਿ ਜਗ ਦਿਖਰਾਵਉ। ਲੋਕਨ ਮਹਿ ਨਿਜ ਮਾਨ ਬਧਾਵਉ।**
**ਬੇਖ ਕੂਰ, ਨਹਿਂ ਰਿਦੈ ਕਮਾਵਉ। ਨਾਮ ਜਪੇ ਬਿਨ ਕਿਉਂ ਸਚੁ ਪਾਵਉ ॥੧੫ ॥**

''ਪਖੰਡ ਧਾਰਨ ਕਰਕੇ ਤੁਸੀਂ ਜੱਗ ਨੂੰ ਵਿਖਾਉਂਦੇ ਹੋ, ਲੋਕਾਂ ਵਿਚ ਆਪਣੇ ਮਾਣ ਨੂੰ ਵਧਾਉਂਦੇ ਹੋ। ਝੂਠਾ ਭੇਖ ਧਾਰਨ ਕਰਦੇ ਹੋ ਅਤੇ ਹਿਰਦੇ ਵਿਚ ਨਾਮ ਦੀ ਕਮਾਈ ਨਹੀਂ ਕਰਦੇ। ਨਾਮ ਜਪਣ ਤੋਂ ਬਗੈਰ ਸੱਚ ਕਿਸ ਤਰ੍ਹਾਂ ਪਾਵੋਗੇ ?॥ ੧੫॥

**ਜਗਤਿ ਅਸੌਤਿ ਲਖਤਿ ਹੈ ਜੋਊ। ਮਾਨ ਹੇਤੁ ਦੰਭ ਕਰੈ ਨ ਸੋਊ।**
**ਇਕ ਮਨ ਹ੍ਵੈ ਜੋ ਨਾਮ ਜਪਾਹੀ। ਮਿਲਿ ਹੈ ਸੋ ਨਾਮੀ ਕੇ ਮਾਂਹੀ' ॥੧੬ ॥**

ਜਿਹੜੇ ਜਗਤ ਨੂੰ ਇਸ ਤਰ੍ਹਾਂ ਵੇਖਦੇ ਹਨ, ਉਹ ਮਾਣ ਪਾਉਣ ਵਾਸਤੇ ਪਖੰਡ ਨਹੀਂ ਕਰਦੇ। ਇਕ ਮਨ ਹੋ ਕੇ ਜੋ ਨਾਮ ਜਪਦੇ ਹਨ, ਉਹ ਨਾਮੀ ਦੇ ਨਾਲ ਮਿਲ ਜਾਂਦੇ ਹਨ॥ ੧੬॥

ਸੁਨਤਿ ਸ਼ਬਦ ਸਿਧ ਸਰਬ ਲਜਾਏ। ਤੂਸ਼ਨ ਭਏ ਨ ਉੱਤਰ ਆਏ।
ਕਰੀ 'ਅਦੇਸ਼ ਅਦੇਸ਼' ਬਹੋਰੀ। ਗਏ ਸਿੱਧ ਸਭਿ ਔਰੇ ਠੌਰੀ॥ ੧੭॥

ਇਹ ਸ਼ਬਦ ਸੁਣ ਕੇ ਸਾਰੇ ਸਿੱਧ ਲਜਿਤ ਹੋ ਗਏ, ਚੁਪ ਕਰ ਗਏ, ਕੋਈ ਉਤਰ ਨਾ ਆਇਆ। ਫਿਰ 'ਅਦੇਸ਼ ਅਦੇਸ਼' ਕਹਿ ਕੇ, ਸਿੱਧ ਕਿਸੇ ਹੋਰ ਥਾਂ ਚਲੇ ਗਏ॥ ੧੭॥

ਗੋਰਖ ਮਤਾ ਨਾਮ ਇਕ ਥਾਨਾ। ਤਹਾਂ ਜਾਇ ਕਿਯ ਆਸਨ ਠਾਨਾ॥
ਕਿਨਹੂੰ ਤਰ ਮ੍ਰਿਗਛਾਲ ਡਸਾਈ। ਕਿਨਿ ਬੈਰਾਗਨ ਭੁਜਾ ਉਠਾਈ॥੧੮॥

ਗੋਰਖ ਮਤਾ ਇਕ ਥਾਂ ਦਾ ਨਾਂ ਸੀ। ਓਥੇ ਜਾ ਕੇ ਆਸਣ ਲਾ ਲਏ। ਕਿਸੇ ਨੇ ਆਪਣੇ ਹੇਠ ਮ੍ਰਿਗਛਾਲਾ (ਹਿਰਨ ਦੀ ਖਲ) ਵਿਛਾ ਲਈ। ਕਿਸੇ ਨੇ ਬੈਰਾਗਣ ਹੱਥ ਵਿਚ ਫੜ ਲਈ॥ ੧੮॥

ਭਸਮ ਸੰਗ ਅੰਗੀ ਸਿਤ ਰੰਗਾ। ਤੂਸ਼ਨ ਬੈਠੇ ਮਾਨ ਉਤੰਗਾ।
ਤਿਨ ਪਾਛੈ ਕੇਤਿਕ ਚਿਰਕਾਲਾ। ਤਹਾਂ ਪਹੂੰਚੇ ਜਾਇ ਕ੍ਰਿਪਾਲਾ॥੧੯॥

ਉਨ੍ਹਾਂ ਨੇ ਆਪਣੇ ਸਾਰੇ ਅੰਗਾਂ ਨੂੰ ਸਵਾਹ ਮਲ ਕੇ ਆਪਣੇ ਸਰੀਰ ਨੂੰ ਸਫੈਦ ਬਣਾ ਲਿਆ। ਭਾਰੀ ਹੰਕਾਰ ਵਿਚ ਆ ਕੇ ਚੁੱਪ ਬੈਠ ਗਏ। ਕੁਝ ਸਮੇਂ ਬਾਅਦ ਕ੍ਰਿਪਾਲੂ ਗੁਰੂ ਜੀ ਵੀ ਓਥੇ ਪਹੁੰਚ ਗਏ॥ ੧੯॥

ਸਭਿ ਕੋ ਕੀਨ 'ਅਦੇਸ਼ ਅਦੇਸ਼ਾ'। ਬੈਠਜੋ ਚਹਿਤ ਬਹੁਰ ਜਗਤੇਸ਼ਾ।
ਸੂਕੋ ਬਿਰਖ ਹੁਤੋ ਤਹਿਂ ਏਕੂ। ਤਿਹ ਤਰ ਬੈਠੇ ਜਲਧਿ ਬਿਬੇਕੂ॥੨੦॥

ਉਨ੍ਹਾਂ ਨੇ ਸਾਰਿਆਂ ਨੂੰ 'ਅਦੇਸ਼ ਆਦੇਸ਼' ਕਹੀ, ਫਿਰ ਗੁਰੂ ਜੀ ਬੈਠਣਾ ਚਾਹੁੰਦੇ ਸਨ। ਓਥੇ ਇਕ ਸੁੱਕਾ ਰੁੱਖ ਸੀ, ਗਿਆਨ ਦੇ ਸਾਗਰ ਭਾਵ ਗੁਰੂ ਜੀ ਉਸ ਦਰੱਖਤ ਦੇ ਹੇਠਾਂ ਬੈਠ ਗਏ॥ ੨੦॥

ਸੋ ਚਲਦਲ ਕੋ ਤਰੁ ਤਤਕਾਲਾ। ਹਰਜੋ ਹੋਤਿ ਭਾ ਪੱਤ੍ਰ ਬਿਸਾਲਾ।
ਅਵਲੋਕਤਿ ਬਿਸਮੇ ਸਿਧ ਮਾਨੀ। ਕਰਹਿਂ ਅਸੂਯਾ ਬੋਲੇ ਬਾਨੀ॥੨੧॥

ਉਹ ਪਿੱਪਲ ਦਾ ਦਰੱਖਤ ਝੱਟ ਹਰਿਆ ਹੋ ਗਿਆ ਅਤੇ ਉਸ ਨੂੰ ਬੇਅੰਤ ਪੱਤੇ ਲੱਗ ਗਏ। ਹੰਕਾਰੀ ਸਿੱਧ ਇਹ ਵੇਖ ਕੇ ਬੜੇ ਹੈਰਾਨ ਹੋਏ। ਈਰਖਾ ਕਰਕੇ ਉਹ ਬੋਲੇ॥ ੨੧॥

'ਸਿੱਖਜਾ ਲੇ ਤੂੰ ਭਾ ਸਿਖ ਕਿਹ ਕੋ?। ਹਮ ਕੋ ਨਾਮ ਬਤਾਵਹੁ ਤਿਹ ਕੋ।
ਕਿਸ ਦੁਖ ਤੇ ਉਰ ਭਯੋ ਉਦਾਸਾ?। ਜਿਹ ਡਰ ਕਰ ਨਹਿਂ ਜਾਹਿਂ ਅਵਾਸਾ॥੨੨॥

ਤੁਸੀਂ ਕਿਸ ਗੁਰੂ ਪਾਸੋਂ ਸਿਖਿਆ ਲਈ ਹੈ? ਸਾਨੂੰ ਉਸ ਦਾ ਨਾਂ ਦੱਸੋ। ਕਿਸ ਦੁੱਖ ਕਾਰਨ ਦਿਲ ਵਿਚ ਉਦਾਸ ਹੋਏ ਹੋ, ਜਿਸ ਡਰ ਕਰਕੇ ਆਪਣੇ ਘਰ ਨਹੀਂ ਜਾਂਦੇ॥ ੨੨॥

ਬਿਚਰਤਿ ਰਹੈਂ ਨਈ ਨਿਤ ਜਾਈ। ਇਸਥਿਤ ਥਾਇ ਨ ਪਾਵਹਿਂ ਕਾਈ।
ਤੋ ਮਹਿਂ ਜੋਰ ਸ਼ਕਤਿ ਕਹੁ ਕੇਤਾ ?'। ਸੁਨਿ ਬੋਲੇ ਬੇਦੀ ਕੁਲ ਕੇਤਾ॥੨੩॥

ਨਿਤ ਨਵੀਂ ਨਵੀਂ ਥਾਂ ਫਿਰਦੇ ਰਹਿੰਦੇ ਹੋ, ਕਿਸੇ ਇਕ ਥਾਂ ਨੂੰ ਪੱਕਾ ਟਿਕਾਣਾ ਕਿਉਂ ਨਹੀਂ ਬਣਾਉਂਦੇ ? ਤੁਹਾਡੇ ਵਿਚ ਜੋਰ ਸ਼ਕਤੀ ਕਿੰਨੀ ਹੈ ?" ਇਹ ਸੁਣ ਕੇ ਗੁਰੂ ਜੀ ਬੋਲੇ॥ ੨੩॥

ਦੋਹਰਾ- 'ਮਨ ਬਚ ਕ੍ਰਮ ਸਿਖਿ ਸਾਚ ਕੋ ਜਿਸਤੇ ਬਡਾ ਨ ਕੋਇ।
ਸੱਤਜ ਸ਼ਬਦ ਕੋ ਬੇਖ ਲੇ ਬੰਧਨ ਭਵ ਕੇ ਖੋਇ॥ ੨੪॥

''ਮਨ, ਬਚਨ ਅਤੇ ਕਰਮ ਕਰਕੇ ਮੈਂ ਸੱਚ ਦਾ ਸਿੱਖ ਹਾਂ, ਉਸ ਤੋਂ ਵੱਡਾ ਹੋਰ ਕੋਈ ਨਹੀਂ ਹੈ। ਸੱਚ ਸ਼ਬਦ ਦਾ ਭੇਸ ਧਾਰਨ ਕਰਕੇ ਮੈਂ ਸੰਸਾਰ ਦੇ ਸਾਰੇ ਬੰਧਨ ਦੂਰ ਕਰ ਦਿੱਤੇ ਹਨ॥ ੨੪॥

ਚੌਪਈ- ਹੌਂ ਗਰੀਬ ਨਹਿਂ ਸ਼ਕਤੀ ਮੋ ਮਹਿਂ। ਬਿਚਰਿ ਬਿਲੋਕੋਂ ਜਗ ਕੋ ਜਹਿਂ ਤਹਿਂ।
ਗਰਬ ਬੈਨ ਸ਼ਕਤੀ, ਬਲ ਗਮ ਕੋ। ਸ੍ਰੀ ਪਰਮੇਸ੍ਵਰ ਬਖਸ਼ਿਸ਼ ਤੁਮ ਕੋ ॥੨੫॥

ਮੈਂ ਗਰੀਬ ਹਾਂ, ਮੇਰੇ ਵਿਚ ਕੋਈ ਸ਼ਕਤੀ ਨਹੀਂ ਹੈ, ਥਾਂ ਥਾਂ ਫਿਰ ਕੇ ਜਗਤ ਨੂੰ ਵੇਖ ਰਿਹਾ ਹਾਂ। ਬਚਨ ਤੇ ਕਰਾਮਾਤ ਦਾ ਹੰਕਾਰ ਅਤੇ ਦੇਸ਼ਾਂ ਵਿਚ ਗਮਤਾ ਦੇ ਬਲ ਦੀ ਸ਼ਕਤੀ ਪਰਮੇਸ਼ਰ ਨੇ ਤੁਹਾਨੂੰ ਹੀ ਬਖਸ਼ਿਸ਼ ਕੀਤੀ ਹੈ''॥ ੨੫॥

ਇਸ ਪ੍ਰਕਾਰ ਕੇ ਬੋਲਤਿ ਬਚਨਾ। ਭਈ ਆਨਿ ਰਜਨੀ ਕੀ ਰਚਨਾ।
ਤਬ ਅਪਨੇ ਅਪਨੇ ਥਲ ਜਾਇ। ਬੈਠਿ ਗਏ ਸਿਧ ਆਸਨ ਲਾਇ ॥੨੬॥

ਇਸ ਪ੍ਰਕਾਰ ਦੇ ਬਚਨ ਬੋਲੇ। ਫਿਰ ਰਾਤ ਪੈ ਗਈ। ਫਿਰ ਆਪਣੇ-ਆਪਣੇ ਥਾਂ ਜਾ ਕੇ ਸਿੱਧ ਆਸਣ ਲਾ ਕੇ ਬੈਠ ਗਏ॥ ੨੬॥

ਸ੍ਰੀ ਗੁਰ ਕਹੇਂ 'ਉਠਹੁ ਅਬ ਬਾਲਾ। ਧੂੰਨੀ ਆਨਹਿਂ ਸਰਦੀ ਕਾਲਾ'।
ਆਇਸੁ ਪਾਇ ਗਯੋ ਇਕ ਥਾਏਂ। ਪੀਛੇ ਸਿਧ ਆਏ ਤਬ ਧਾਏ ॥੨੭॥

ਫਿਰ ਗੁਰੂ ਜੀ ਕਹਿਣ ਲੱਗੇ, ''ਹੇ ਬਾਲਾ ! ਹੁਣ ਉਠੋ, ਧੂਣੀ ਲਿਆਵੋ, ਸਰਦੀ ਦਾ ਸਮਾਂ ਹੈ''। ਮੈਂ ਆਗਿਆ ਪਾ ਕੇ ਇਕ ਥਾਂ ਗਿਆ। ਮੇਰੇ ਪਿਛੇ ਸਾਰੇ ਸਿੱਧ ਵੀ ਦੌੜੇ ਆਏ॥ ੨੭॥

ਦੋਹਰਾ- ਤਿਹ ਛਿਨ ਜੋ ਧੂੰਨੀ ਲਈ ਛੀਨੀ ਮੋ ਢਿਗ ਆਇ।
ਮੈਂ ਛੂਛੋ ਫਿਰਿ ਕੈ ਗਯੋ ਸਭਿ ਬਿਧਿ ਦਈ ਸੁਨਾਇ॥ ੨੮॥

ਉਸ ਸਮੇਂ ਮੈਂ ਜਿਹੜੀ ਧੂਣੀ ਲਈ, ਉਨ੍ਹਾਂ ਝੱਟ ਮੇਰੇ ਪਾਸੋਂ ਖੋਹ ਗਈ। ਮੈਂ ਖਾਲੀ ਹੱਥ ਗੁਰੂ ਜੀ ਪਾਸ ਚਲਾ ਗਿਆ ਤੇ ਉਨ੍ਹਾਂ ਨੂੰ ਸਾਰੀ ਵਾਰਤਾ ਦੱਸੀ॥ ੨੮॥

ਚੌਪਈ- ਗੁਰੂ ਕਹਯੋ 'ਨਿਜ ਪਟ ਕੋ ਝਾਰਿ'। ਝਾਰਯੋ ਨਿਕਸੀ ਮੋਡਨ ਚਾਰ।
ਮੈਂ ਆਇਸੁ ਲੇਕਰਿ ਸੋ ਕੂਟੀ। ਤਿਨ ਤੇ ਧੂੰਨੀ ਭਈ ਅਖੂਟੀ॥ ੨੯॥

ਗੁਰੂ ਜੀ ਨੇ ਕਿਹਾ, ''ਆਪਣੇ ਵਸਤਰਾਂ ਨੂੰ ਝਾੜੋ'' ਜਦ ਮੈਂ ਵਸਤਰ ਝਾੜੇ ਤਾਂ ਵਿਚੋਂ ਚਾਰ ਮੋਂਗਣਾਂ ਨਿਕਲੀਆਂ। ਆਗਿਆ ਪਾ ਕੇ ਮੈਂ ਉਨ੍ਹਾਂ ਨੂੰ ਕੁਟਿਆ। ਉਨ੍ਹਾਂ ਤੋਂ ਇਕ ਵੱਡੀ ਧੂਣੀ ਬਲ ਉਠੀ॥ ੨੯॥

ਬਡੋ ਢੇਰ ਪਾਵਕ ਪੁਨ ਬਾਰੀ। ਦੇਖਿ ਸਿੱਧ ਬਿਸਮੈ ਮਤਿ ਹਾਰੀ।
ਕਿਹ ਤੇ ਲਯਾਏ ਧੂੰਨੀ ਪਾਈ। ਪੁਨ ਸਿੱਧਨ ਬਹੁ ਪੌਨ ਚਲਾਈ॥ ੩੦॥

ਅੱਗ ਦਾ ਫਿਰ ਇਕ ਵੱਡਾ ਢੇਰ ਬਾਲਿਆ, ਸਿੱਧ ਵੇਖ ਕੇ ਬਹੁਤ ਹੈਰਾਨ ਹੋਏ ਤੇ ਉਨ੍ਹਾਂ ਦੀ ਸਮਝ ਵਿਚ ਕੁਝ ਨਾ ਆਇਆ। ਸੋਚ ਰਹੇ ਸਨ, ਇਹ ਧੂਣੀ ਕਿਥੋਂ ਲਿਆਏ ਹਨ ? ਫਿਰ ਸਿੱਧਾਂ ਨੇ ਬਹੁਤ ਤੇਜ਼ ਹਵਾ ਚਲਾਈ॥ ੩੦॥

ਖਰੇ ਤਹਾਂ ਤਰੁਵਰ ਜੋ ਗਾਢੇ। ਬੇਗ ਉਖਾਰੇ ਰਹੇ ਨ ਠਾਂਢੇ।
ਬਹੁ ਕੰਕਰ ਅਰ ਧੂਰ ਉਡਾਈ। ਪੌਢੇ ਸਭਿ ਮੁਖ ਪਰ ਪਟ ਪਾਈ॥ ੩੧॥

ਉਥੇ ਜਿਹੜੇ ਵੱਡੇ-ਵੱਡੇ ਦਰੱਖਤ ਖੜੇ ਸਨ, ਉਨ੍ਹਾਂ ਵਿਚੋਂ ਜਿਆਦਾ ਡਿੱਗ ਪਏ ਅਤੇ ਖੜੇ ਨਾ ਰਹੇ। ਬਹੁਤ ਕੰਕਰ ਅਤੇ ਧੂੜ ਉਡਾਈ, ਸਾਰਿਆਂ ਨੇ ਆਪਣੇ ਮੂੰਹ ਕਪੜਿਆਂ ਨਾਲ ਢੱਕ ਲਏ॥ ੩੧॥

ਦੋਹਰਾ- ਜਿਸ ਬ੍ਰਿਛਹਿ ਤੇ ਤਰ ਗੁਰੂ ਉਡਨ ਲਗ੍ਯੋ ਜਬ ਸੋਇ।
ਨਿਜ ਕਰ ਸੋਂ ਥੰਮ੍ਯੋ ਤਬਹਿ ਕਹ੍ਯੋ 'ਰਹੋ ਥਿਰ ਹੋਇ'॥ ੩੨॥

ਜਿਸ ਰੁੱਖ ਦੇ ਹੇਠਾਂ ਗੁਰੂ ਜੀ ਬੈਠੇ ਸਨ ਜਦ ਉਹ ਵੀ ਉੱਡਣ ਲੱਗਾ ਤਾਂ ਗੁਰੂ ਜੀ ਨੇ ਉਸ ਨੂੰ ਰੋਕ ਲਿਆ ਅਤੇ ਕਿਹਾ, "ਏਥੇ ਸਥਿਰ ਹੋ ਕੇ ਰਹੋ"॥ ੩੨॥

ਚੌਪਈ- ਸ੍ਰੀ ਗੁਰ ਕੇ ਜਬ ਹੀ ਕਰ ਛੁਯੋ। ਨਹਿਂ ਡੋਲ੍ਯੋ ਥਿਰ ਗਾਢੋ ਭਯੋ।
ਬਹੀ ਸਮੀਰ ਰੈਨ ਸਭਿ ਜਬਹੀ। ਉਡਿ ਗੀ ਸਿੱਧਨ ਧੂੰਨੀ ਤਬਹੀ॥ ੩੩॥

ਜਦ ਗੁਰੂ ਜੀ ਦਾ ਹੱਥ ਉਸ ਨੂੰ ਲੱਗਾ, ਤਾਂ ਉਹ ਡੋਲਿਆ ਨਹੀਂ, ਸਥਿਰ ਖੜਾ ਰਿਹਾ, ਰਾਤ ਜਦ ਬਹੁਤ ਤੇਜ ਪੌਣ ਚੱਲੀ ਤਾਂ ਸਿੱਧਾਂ ਦੀ ਧੂਣੀ ਓਸੇ ਵੇਲੇ ਉੱਡ ਗਈ॥ ੩੩॥

ਬੀਤੀ ਰੈਨ ਭੋਰ ਭੀ ਆਇ। ਸ੍ਰੀ ਗੁਰ ਪਾਵਕ ਦਈ ਦੁਰਾਇ।
ਧੂੰਨੀ ਦੇਖਨ ਉਠੇ ਸਿੱਧ ਜਬ। ਪਾਵਕ ਕਹੂੰ ਨ ਪਾਵਤਿ ਹੈਂ ਤਬ॥ ੩੪॥

ਜਦ ਰਾਤ ਬੀਤ ਗਈ ਅਤੇ ਸਵੇਰ ਹੋ ਗਈ ਤਾਂ ਗੁਰੂ ਜੀ ਨੇ ਅਗਨੀ ਨੂੰ ਛੁਪਾ ਦਿੱਤਾ। ਜਦ ਸਿੱਧ ਧੂਣੀ ਵੇਖਣ ਵਾਸਤੇ ਉਠੇ, ਤਦ ਅੱਗ ਕਿਤੇ ਵੀ ਨਹੀਂ ਸੀ ਲਭ ਰਹੀ॥ ੩੪॥

ਇਕ ਸ੍ਰੀ ਨਾਨਕ ਧੂੰਨੀ ਮਾਂਹੀ। ਔਰ ਹੁਤਾਸਨ ਕਿਤਹੂ ਨਾਂਹੀ।
ਤਬ ਅਪਨੀ ਸਭਿ ਸ਼ਕਤਿ ਲਗਾਈ। ਕੈਸਿ ਨ ਅਗਨਿ ਭਈ ਪ੍ਰਗਟਾਈ॥ ੩੫॥

ਇਕ ਧੂਣੀ ਗੁਰੂ ਨਾਨਕ ਪਾਸ ਸੀ, ਹੋਰ ਕਿਤੇ ਵੀ ਅਗਨੀ ਨਹੀਂ ਸੀ। ਫਿਰ ਉਨ੍ਹਾਂ ਆਪਣੀ ਸਾਰੀ ਸ਼ਕਤੀ ਲਗਾਈ, ਪਰ ਕਿਸੇ ਤਰ੍ਹਾਂ ਵੀ ਉਹ ਅਗਨੀ ਪ੍ਰਗਟ ਨਾ ਕਰ ਸਕੇ॥ ੩੫॥

ਦੋਹਰਾ- ਗੋਰਖ ਭਰਥਰਿ ਸੋਂ ਕਹੀ 'ਸ੍ਰੀ ਨਾਨਕ ਢਿਗ ਜਾਇ।
ਪਾਵਕ ਜਾਚਨ ਕੀਜੀਏ ਅਵਰ ਨਹੀਂ ਕਿਤ ਥਾਇ'॥ ੩੬॥

ਗੋਰਖ ਨੇ ਭਰਥਰੀ ਨੂੰ ਕਿਹਾ, "ਸ੍ਰੀ ਨਾਨਕ ਪਾਸ ਜਾਉ, ਉਨ੍ਹਾਂ ਪਾਸੋਂ ਅਗਨੀ ਮੰਗ ਲਵੋ, ਅੱਗ ਹੋਰ ਕਿਸੇ ਥਾਂ ਨਹੀਂ ਹੈ"॥ ੩੬॥

ਚੌਪਈ- ਆਇਸੁ ਲੇ ਭਰਥਰਿ ਤਬ ਆਯੋ। ਸੁਨਿ ਤਿਹ ਤੇ ਬਚ ਪ੍ਰਭੂ ਅਲਾਯੋ।
'ਗੋਰਖ ਕੀ ਇਕ ਮੁੰਦ੍ਰਾ ਲਯਾਉ। ਬਹੁਰੋ ਤਿਹ ਕੀ ਚਰਨ ਖੜਾਉਂ॥ ੩੭॥

ਆਗਿਆ ਪਾ ਕੇ ਭਰਥਰੀ ਗੁਰੂ ਜੀ ਪਾਸ ਆਇਆ ਅਤੇ ਗੁਰੂ ਜੀ ਪਾਸੋਂ ਅੱਗ ਮੰਗੀ। ਉਸ ਦੀ ਗੱਲ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਗੋਰਖ ਦੀ ਇਕ ਮੁੰਦਰਾ ਲਿਆਵੋ ਅਤੇ ਫਿਰ ਉਸ ਦੇ ਚਰਨਾਂ ਦੀ ਇਕ ਖੜਾਂ ਲਿਆਵੋ॥ ੩੭॥

ਪ੍ਰਿਥਮੈ ਦੇਹਿ ਆਨ ਜੇ ਹਮ ਕੋ। ਪੀਛੇ ਪਾਵਕ ਦੇਵੋਂ ਤੁਮ ਕੋ'।
ਪੁਨ ਭਰਥਰਿ ਗੋਰਖ ਢਿਗ ਆਵਾ। ਗੁਰ ਕੋ ਕਹਿਨੋ ਸਰਬ ਸੁਨਾਵਾ॥ ੩੮॥

ਪਹਿਲਾਂ ਇਹ ਚੀਜ਼ਾਂ ਸਾਨੂੰ ਲਿਆ ਕੇ ਦੇਵੋ, ਫਿਰ ਮੈਂ ਤੁਹਾਨੂੰ ਅਗਨੀ ਦੇਵਾਂਗਾ।" ਫਿਰ ਭਰਥਰੀ ਗੋਰਖ ਪਾਸ ਆਇਆ। ਗੁਰੂ ਜੀ ਦੇ ਕਹੇ ਹੋਏ ਸਾਰੇ ਬਚਨ ਸੁਣਾਏ॥ ੩੮॥

ਗੋਰਖ ਗੁਨੀ ਦੇਉਂ ਤਿਹ ਤਾਈਂ। ਲਾਇ ਸ਼ਕਤਿ ਪੁਨ ਲੇਉਂ ਮੰਗਾਈ।

ਮੁੰਦਾ ਬਹੁਰ ਖਰਾਂਵ ਜੁ ਦੋਊ। ਦੀਨੀ ਭਰਥਰਿ ਕੇ ਕਰ ਸੋਊ ॥ ੩੯ ॥

ਗੋਰਖ ਨੇ ਵਿਚਾਰ ਕੀਤੀ, ਹੁਣ ਮੈਂ ਇਹ ਦੋਵੇਂ ਚੀਜ਼ਾਂ ਇਸ ਨੂੰ ਦੇ ਦਿੰਦਾ ਹਾਂ, ਫਿਰ ਆਪਣੀ ਸ਼ਕਤੀ ਨਾਲ ਵਾਪਸ ਬੁਲਾ ਲਵਾਂਗਾ।'' ਮੁੰਦਰਾਂ ਅਤੇ ਖੜਾਂ ਦੋਵੇਂ ਉਸ ਭਰਥਰੀ ਦੇ ਹੱਥ ਵਿਚ ਦੇ ਦਿੱਤੀਆਂ ॥ ੩੯ ॥

ਗੁਰੂ ਅਗਾਰੀ ਧਰਿ ਦੀ ਜਬ ਹੀ। ਪਾਵਕ ਲਈ ਹਾਥ ਪੁਨ ਤਬ ਹੀ।
ਸਿੱਧਨ ਅਪਨੇ ਮਧ ਸੁ ਬਾਰੀ। ਸਰਦੀ ਤਨ ਕੀ ਸਕਲ ਬਿਦਾਰੀ ॥ ੪੦ ॥

ਜਦ ਦੋਵੇਂ ਲਿਆ ਕੇ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ ਤਾਂ ਗੁਰੂ ਜੀ ਨੇ ਉਸ ਨੂੰ ਅੱਗ ਦੇ ਦਿੱਤੀ। ਸਿੱਧਾਂ ਨੇ ਫਿਰ ਆਪਣੇ ਵਿਚਕਾਰ ਬਾਲੀ ਅਤੇ ਆਪਣੇ ਤਨ ਦੀ ਸਾਰੀ ਸਰਦੀ ਦੂਰ ਕਰ ਲਈ ॥ ੪੦ ॥

ਦੋਹਰਾ- ਗੋਰਖ ਛੂਛਾ ਸ਼ਕਤਿ ਤੇ ਬੈਸਾ ਹੋਇ ਅਧੀਰ।
ਚਿੰਤਾ ਸਰਿਤਾ ਮਹਿਂ ਬਹਜੋ ਪਾਯੋ ਜਾਇ ਨ ਤੀਰ ॥ ੪੧ ॥

ਗੋਰਖ ਸ਼ਕਤੀ ਤੋਂ ਖਾਲੀ ਹੋ ਕੇ ਬੜਾ ਅਧੀਰ ਹੋ ਕੇ ਬੈਠਾ ਸੀ। ਚਿੰਤਾ ਦੀ ਨਦੀ ਵਿਚ ਵਹਿ ਰਿਹਾ ਸੀ ਅਤੇ ਕਿਨਾਰਾ ਲਭ ਨਹੀਂ ਸੀ ਰਿਹਾ ॥ ੪੧ ॥

ਚੌਪਈ- ਅਪਨੇ ਗੁਰ ਕੀ ਦਸ਼ਾ ਨਿਹਾਰੀ। ਭੰਗਰ ਆਯੋ ਕਰਿ ਰਿਸ ਭਾਰੀ।
ਲਾਇ ਸ਼ਕਤਿ ਕੋ ਚ਼ਾਹਿਤਿ ਸੋਈ। ਮੁੰਦ੍ਰਾ ਲੇਊਂ ਖਰਾਊਂ ਦੋਈ ॥ ੪੨ ॥

ਆਪਣੇ ਗੁਰੂ ਦੀ ਹਾਲਤ ਵੇਖ ਕੇ, ਭੰਗਰ ਬੜਾ ਗੁੱਸਾ ਭਰ ਕੇ ਆਇਆ। ਉਹ ਸ਼ਕਤੀ ਨੂੰ ਲਾਉਣਾ ਚਾਹੁੰਦਾ ਸੀ, ਤਾਂਕਿ ਮੁੰਦਰਾਂ ਅਤੇ ਖੜਾਵਾਂ ਦੋਵੇਂ ਲੈ ਆਵਾਂ ॥ ੪੨ ॥

ਸ਼ਕਤਿ ਨ ਚਲੀ ਸਕਲ ਬਿਧਿ ਹਾਰਜੋ। ਗੁਰ ਢਿਗ ਬੈਠਜੋ ਬੈਨ ਉਚਾਰਜੋ।
'ਮਮ ਤੂੰਬਾ ਪੈ ਸੋਂ ਭਰਿ ਦੀਜੈ। ਅਬਹੀ ਤੂਰਨ ਬਿਲਮ ਨ ਕੀਜੈ' ॥ ੪੩ ॥

ਸ਼ਕਤੀ ਨਾ ਚੱਲੀ ਹਰ ਤਰ੍ਹਾਂ ਨਾਲ ਹਾਰ ਗਿਆ। ਫਿਰ ਗੁਰੂ ਜੀ ਪਾਸ ਬੈਠ ਗਿਆ ਅਤੇ ਬੋਲਿਆ, ''ਮੇਰਾ ਇਹ ਤੂੰਬਾ ਦੁੱਧ ਨਾਲ ਭਰ ਦੇਵੋ, ਛੇਤੀ ਕਰੋ, ਇਸ ਵਿਚ ਕੋਈ ਦੇਰੀ ਨਾ ਕਰੋ'' ॥ ੪੩ ॥

ਸ੍ਰੀ ਨਾਨਕ ਤਬ ਲੇ ਨਿਜ ਹਾਥਾ। ਭਰਜੋ ਕੂਪ ਤੇ ਦੂਧਹਿ ਸਾਥਾ।
ਸੋ ਲੈ ਕੇ ਸਿੱਧਨ ਮਹਿਂ ਆਯੋ। ਸਭਿ ਹੀ ਪੀਜ ਰਹੇ ਤ੍ਰਿਪਤਾਯੋ ॥ ੪੪ ॥

ਗੁਰੂ ਨਾਨਕ ਦੇਵ ਜੀ ਨੇ ਫਿਰ ਤੂੰਬਾ ਆਪਣੇ ਹੱਥ ਵਿਚ ਫੜ ਲਿਆ ਤੇ ਉਸ ਨੂੰ ਦੁੱਧ ਨਾਲ ਭਰ ਦਿੱਤਾ। ਉਹ ਲੈ ਕੇ ਸਿੱਧਾਂ ਵਿਚ ਆਇਆ, ਸਾਰੇ ਦੁੱਧ ਪੀ ਕੇ ਤ੍ਰਿਪਤ ਹੋ ਗਏ ॥ ੪੪ ॥

ਪੈ ਤੂੰਬੇ ਤੇ ਨਿਖੁਟਤਿ ਨਾਂਹੀ। ਅਚਰਜ ਭਏ ਸਭੈ ਮਨ ਮਾਂਹੀ।
ਭਬਕ ਤਮਕ ਕਰਿ ਸ਼ੰਭੂਨਾਥਾ। ਢਿਗ ਆਯੋ ਬੋਲਜੋ ਗੁਰ ਸਾਥਾ ॥ ੪੫ ॥

ਤੂੰਬੇ ਵਿਚੋਂ ਦੁੱਧ ਮੁਕਦਾ ਹੀ ਨਹੀਂ ਸੀ, ਸਾਰੇ ਮਨ ਵਿਚ ਹੈਰਾਨ ਹੋ ਰਹੇ ਸਨ। ਖੁਣਸ ਖਾ ਕੇ ਸੰਭੂਨਾਥ ਗੁਰੂ ਜੀ ਪਾਸ ਆ ਕੇ ਬੋਲਿਆ ॥ ੪੫ ॥

ਦੋਹਰਾ- 'ਪੁਰਬੀ ਕੋ ਹੈ ਕਾਲ ਅਬ ਸੁਰਸਰਿ ਕੋ ਮੰਗਵਾਇ।
ਸ਼ਕਤਿ ਧਾਰ ਤੂੰ ਹੈਂ ਬਡਾ, ਮਿਲ ਮੱਜਹਿਂ ਇਹ ਥਾਇਂ' ॥ ੪੬ ॥

ਪਿਛਲੇ ਸਮੇਂ ਤੋਂ ਹੀ ਇਥੇ ਪਾਣੀ ਦੀ ਘਾਟ ਹੈ, ਇਸ ਲਈ ਗੰਗਾ ਨਦੀ ਏਥੇ ਮੰਗਵਾਉ, ਤੁਸੀਂ ਵੱਡੀ ਸ਼ਕਤੀ ਧਾਰਨ ਕੀਤੀ ਹੋਈ ਹੈ। ਇਸ ਥਾਂ ਬੈਠ ਕੇ ਸਾਰੇ ਇਸ਼ਨਾਨ ਕਰੀਏ ॥ ੪੬ ॥

ਚੌਪਈ- ਮਰਦਾਨੇ ਸੋਂ ਸ੍ਰੀ ਗੁਰ ਬੋਲੇ। 'ਉਠਿ ਧਾਵਹੁ ਫਹੁਰੀ ਕਰ ਮੋਂ ਲੇ।

ਗੰਗਾ ਤੀਰ ਘਸੀਟਤਿ ਆਊ। ਨਹਿਂ ਮੁਰ ਪਾਛੇ ਕਰਹੁ ਲਖਾਉ' ॥੪੭॥

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਇਹ ਸੋਟੀ ਹੱਥ ਵਿਚ ਲੈ ਕੇ ਗੰਗਾ ਨਦੀ ਪਾਸ ਜਾਵੇ ਅਤੇ ਗੰਗਾ ਦੇ ਕਿਨਾਰੇ ਤੋਂ ਲੀਕ ਮਾਰਦੇ ਏਧਰ ਚਲੇ ਆਵੇ, ਪਰ ਪਿਛਾਂਹ ਭੌਂ ਕੇ ਨਾ ਵੇਖਣਾ"॥ ੪੭॥

ਸੁਨਿ ਆਇਸੁ ਮਰਦਾਨਾ ਗਯੋ। ਤੁਰਤ ਗੰਗ ਤਟ ਦੇਖਤਿ ਭਯੋ।

ਬਹੁਰ ਘਸੀਟਤਿ ਲਜਾਵਤਿ ਧਾਵਾ। ਫਹੁਰੀ ਪੀਛੇ ਸੁਰਸਰਿ ਆਵਾ ॥੪੮॥

ਆਗਿਆ ਪਾ ਕੇ ਮਰਦਾਨਾ ਗਿਆ। ਤੁਰੰਤ ਗੰਗਾ ਦਾ ਕਿਨਾਰਾ ਉਸ ਵੇਖ ਲਿਆ, ਫਿਰ ਸੋਟੀ ਨਾਲ ਲਕੀਰ ਮਾਰਦਾ ਵਾਪਸ ਆ ਗਿਆ। ਲਕੀਰ ਦੇ ਪਿਛੇ-ਪਿੱਛੇ ਗੰਗਾ ਆ ਗਈ॥ ੪੮॥

ਰਹੀ ਆਵਨੀ ਕੇਤਿਕ ਸੋਊ। ਮਰਦਾਨੇ ਮਨ ਸੰਸੈ ਹੋਊ।

ਆਵਤ,ਨਹੀਂ ਕਿ ਮੋਰਿ ਪਿਛਾਰੀ। ਅਸਗੁਨਿ ਪਾਛੇ ਦ੍ਰਿਸ਼ਟਿ ਨਿਹਾਰੀ ॥੪੯॥

ਗੰਗਾ ਪਿਛੇ-ਪਿਛੇ ਆਉਂਦੀ ਗਈ। ਮਰਦਾਨੇ ਦੇ ਮਨ ਵਿਚ ਸ਼ੰਕਾ ਹੋਈ ਕਿ ਮੇਰੇ ਪਿਛੇ ਆਉਂਦੀ ਹੈ ਕਿ ਨਹੀ, ਇਸ ਤਰ੍ਹਾਂ ਪਿਛੇ ਨਜ਼ਰ ਮਾਰੀ॥ ੪੯॥

ਤਿਹਂ ਥਲ ਰਹੀ ਸਥਿਤ ਹ੍ਵੈ ਸੋਊ। ਰਹਜੋ ਘਸੀਟ ਨ ਆਵਤਿ ਕੋਊ।

ਮਰਦਾਨਾ ਹਿਰਦੈ ਬਿਸਮਾਨਜੋ। ਗੁਰ ਢਿਗ ਆਇ ਬ੍ਰਿਤੰਤ ਬਖਾਨਜੋ ॥੫੦॥

ਉਸ ਥਾਂ ਹੀ ਉਹ ਖੜੀ ਹੋ ਗਈ, ਸੋਟੀ ਬਹੁਤ ਘਸੀਟਦਾ ਰਿਹਾ, ਪਰ ਅੱਗੇ ਆ ਨਹੀਂ ਸੀ ਰਹੀ। ਮਰਦਾਨਾ ਹਿਰਦੇ ਵਿਚ ਬਹੁਤ ਹੈਰਾਨ ਹੋਇਆ ਅਤੇ ਗੁਰੂ ਜੀ ਨੂੰ ਸਾਰਾ ਬ੍ਰਿਤਾਂਤ ਸੁਣਾਇਆ॥ ੫੦॥

ਬੈਠੇ ਸਿੱਧ ਤਹਾਂ ਹੀ ਸਾਰੇ। ਸੁਨਿ ਸ੍ਰੀ ਨਾਨਕ ਬੈਨ ਉਚਾਰੇ।

'ਹਟਿਕੈ ਜੇ ਨਹਿਂ ਕਰਹੁ ਬਿਲੋਕੀ। ਤੌ ਚਲਿ ਆਵਤਿ ਇਹਾਂ ਅਰੋਕੀ ॥੫੧॥

ਸਾਰੇ ਸਿੱਧ ਓਥੇ ਹੀ ਬੈਠੇ ਸਨ, ਗੁਰੂ ਜੀ ਨੇ ਸੁਣ ਕੇ ਬਚਨ ਕਹੇ, "ਜੇ ਪਿਛਾਂਹ ਮੁੜ ਕੇ ਨਾ ਵੇਖਿਆ ਹੁੰਦਾ ਤਾਂ ਰੁਕਣ ਤੋਂ ਬਗੈਰ ਚਲ ਕੇ ਏਥੇ ਆ ਜਾਂਦੀ ॥ ੫੧॥

ਕਿਤਕ ਕੋਸ ਮਰਦਾਨੇ ਆਨੀ। ਰਹਜੋ ਸਮੀਪ ਸੁਰਸਰੀ ਪਾਨੀ।

ਸੋ ਸਿੱਧਹੁ ! ਅਬ ਤੁਮ ਮੰਗਵਾਵਹੁ। ਮੱਜਨ ਹਮ ਕੋ ਇਹਾਂ ਕਰਾਵਹੁ ॥੫੨॥

ਕਈ ਕੋਹ ਮਰਦਾਨਾ ਲੈ ਕੇ ਆਇਆ ਹੈ, ਹੁਣ ਗੰਗਾ ਨਦੀ ਬਿਲਕੁਲ ਨੇੜੇ ਹੈ, ਇਸ ਲਈ ਹੇ ਸਿੱਧੋ ! ਹੁਣ ਇਸ ਨੂੰ ਤੁਸੀਂ ਮੰਗਵਾਵੋ। ਸਾਨੂੰ ਏਥੇ ਇਸ਼ਨਾਨ ਕਰਾਵੋ" ॥ ੫੨॥

ਦੋਹਰਾ- ਮਿਲਿ ਕੈ ਸਭਿ ਸਿੱਧਨ ਤਬੈ ਨਿਜ ਨਿਜ ਓਜ ਲਗਾਇ॥

ਸਭਿਹੀ ਬਿਧਿ ਸੋਂ ਪਚਿ ਰਹੇ, ਰਹੀ ਸੁ ਤਿਸਹੀ ਥਾਇਂ॥ ੫੩॥

ਸਾਰੇ ਸਿੱਧਾਂ ਫਿਰ ਮਿਲ ਕੇ ਆਪਣਾ-ਆਪਣਾ ਜ਼ੋਰ ਲਾਇਆ, ਹਰ ਤਰ੍ਹਾਂ ਨਾਲ ਜ਼ੋਰ ਲਾ ਹਟੇ, ਪਰ ਗੰਗਾ ਨਦੀ ਓਥੇ ਹੀ ਰਹੀ॥ ੫੩॥

ਚੌਪਈ- ਲੱਜਿਤ ਹ੍ਵੈ ਸਭਿਹੀ ਪਚਹਾਰੇ। ਸ੍ਰੀ ਪ੍ਰਭੁ ਨਿਜ ਤੇ ਬ੍ਰਿੱਧ ਬਿਚਾਰੇ।

ਕੇਤਿਕ ਚਰਨਨ ਸੀਸ ਨਿਵਾਯੋ। ਕੇਤਿਕ ਮਨ ਮੈਂ ਗਰਬ ਬਢਾਯੋ ॥੫੪॥

ਸ਼ਰਮਿੰਦੇ ਹੋ ਕੇ ਸਾਰੇ ਹਾਰ ਗਏ, ਗੁਰੂ ਜੀ ਨੂੰ ਉਨ੍ਹਾਂ ਆਪਣੇ ਆਪ ਤੋਂ ਵੱਡਾ ਜਾਣਿਆ। ਕਈਆਂ ਨੇ ਚਰਨਾਂ ਤੇ ਸਿਰ ਨਿਵਾਇਆ ਅਤੇ ਕਈਆਂ ਨੇ ਮਨ ਵਿਚ ਹੰਕਾਰ ਵਧਾਇਆ॥ ੫੪॥

ਤਬ ਮਛਿੰਦ੍ਰ ਨੈ ਬੈਨ ਉਚਾਰੇ। 'ਹਮ ਕੋ ਫਲ ਦਿਹੁ ਮਧੁਰ ਅਹਾਰੇ।
ਬੈਠੇ ਰਹੋ ਨ ਕਿਤਹੂੰ ਜਾਈ। ਦੇਖਹਿਂ ਸ਼ਕਤਿ ਜਿ ਦੇਹਿਂ ਖਵਾਈ' ॥੫੫॥

ਤਦ ਮਛੰਦਰ ਨੇ ਕਿਹਾ, "ਸਾਨੂੰ ਭੋਜਨ ਵਾਸਤੇ ਮਿੱਠੇ ਫਲ ਦੇਵੋ, ਬੈਠੇ ਰਹੋ ਅਤੇ ਕਿਤੇ ਨਾ ਜਾਵੋ, ਅਸੀਂ ਤੁਹਾਡੀ ਸ਼ਕਤੀ ਵੇਖਾਂਗੇ ਜੇ ਤੁਸੀਂ ਖਵਾ ਦੇਵੋਗੇ॥ ੫੫॥

ਦੋਹਰਾ- ਫੇਨਲ ਕੋ ਤਰੁ ਤਹਿਂ ਹੁਤੋ ਤਬ ਹੀ ਗੁਰ ਸਿਧ ਮਾਂਹਿ॥
ਇਕ ਟਹਿਨੋ ਪ੍ਰਭੁ ਕੀ ਦਿਸ਼ਾ ਇਕ ਸਿੱਧਨ ਦਿਸ਼ ਆਹਿ॥ ੫੬॥

ਓਥੇ ਇਕ ਰੇਠਨੇ ਦਾ ਬ੍ਰਿਛ ਸੀ, ਤਦ ਉਸ ਬ੍ਰਿਛ ਦੀ ਇਕ ਟਹਿਣੀ ਸਿੱਧਾਂ ਵਲ ਚਲੀ ਗਈ ਅਤੇ ਇਕ ਗੁਰੂ ਜੀ ਵਲ ਆ ਗਈ॥ ੫੬॥

ਚੌਪਈ- ਟਹਿਨੋ ਅਪਨੀ ਦਿਸ਼ ਕੋ ਜੋਊ। ਸ੍ਰੀ ਗੁਰ ਪਿਖਿ ਮਧੁਰੋ ਕਿਯ ਸੋਊ।
ਟੂਟੇ ਫਲ ਤਜਿ ਕਰਿ ਤਰੁ ਡਾਰੀ। ਪਰੇ ਮਛਿੰਦਰ ਕੇਰ ਅਗਾਰੀ ॥੫੭॥

ਜਿਹੜੀ ਟਾਹਣੀ ਸਿੱਧਾਂ ਵਾਲੇ ਪਾਸੇ ਗਈ, ਉਸ ਦੇ ਫਲ ਗੁਰੂ ਜੀ ਨੇ ਵੇਖ ਕੇ ਮਿੱਠੇ ਕਰ ਦਿੱਤੇ। ਪੱਕੇ ਫਲ ਟਾਹਣੀ ਨੂੰ ਛੱਡ ਕੇ ਮਛੰਦਰ ਦੇ ਅੱਗੇ ਡਿੱਗ ਪਏ॥ ੫੭॥

ਫਲ ਬਿਲੋਕਿ ਕੈ ਹਾਥ ਉਚਾਏ। ਸਾਦ ਮਧੁਰ ਅਤਿ ਪਾਯੋ ਖਾਏ।
ਤਬ ਸਿੱਧਿਨ ਸੋਂ ਗਿਰਾ ਉਚਾਰੀ। 'ਇਹ ਫਲ ਕੌਰੇ ਹੁਤੇ ਅਗਾਰੀ ॥੫੮॥

ਫਲ ਵੇਖ ਕੇ ਉਸ ਹੱਥ ਉੱਚੇ ਕੀਤੇ ਅਤੇ ਖਾ ਕੇ ਵੇਖਿਆ ਫਲ ਬੜੇ ਸਵਾਦੀ ਅਤੇ ਮਿੱਠੇ ਸਨ। ਤਦ ਉਨ੍ਹਾਂ ਸਿੱਧਾਂ ਨੂੰ ਕਿਹਾ, "ਪਹਿਲਾਂ ਇਹ ਫਲ ਕੌੜੇ ਹੁੰਦੇ ਸਨ॥ ੫੮॥

ਅਬ ਅਤਿ ਮਧੁਰ ਸਾਦ ਕੇ ਮਾਂਹੀ। ਖਾਵਤਿ ਤਜਾਗੇ ਜਾਵਤਿ ਨਾਂਹੀ'।
ਸੁਨਿ ਸਿਧ ਕਿਤਿਕ ਚਢੇ ਤਰੁ ਤਾਂਹੀ। ਪਰਖਨ ਹੇਤੁ ਫਲਨ ਕਰਿ ਚਾਹੀ ॥੫੯॥

ਹੁਣ ਇਹ ਬਹੁਤ ਮਿੱਠੇ ਅਤੇ ਸਵਾਦੀ ਹਨ, ਖਾਣ ਨੂੰ ਚੰਗੇ ਲੱਗਦੇ ਹਨ ਅਤੇ ਛੱਡੇ ਨਹੀਂ ਜਾ ਸਕਦੇ।" ਇਹ ਸੁਣ ਕੇ ਕਈ ਸਿੱਧ ਦਰੱਖਤ ਦੇ ਉਤੇ ਚੜ੍ਹ ਗਏ, ਪਰਖਣ ਲਈ ਫਲ ਤੋੜਨੇ ਚਾਹੁੰਦੇ ਸਨ॥ ੫੯॥

ਅਪਨੀ ਦਿਸ਼ ਟਹਿਨੀ ਫਲ ਜੋਊ। ਤੋਰਿ ਤੋਰਿ ਖਾਏ ਜਬ ਸੋਊ।
ਅਤਿ ਕੌਰੇ ਜੋ ਜਾਇਂ ਨ ਖਾਏ। ਮੁਖ ਮਹਿਂ ਪਾਇ ਰਿਦੈ ਪਛੁਤਾਏ ॥੬੦॥

ਆਪਣੀ ਵੱਲ ਟਾਹਣੀ ਦੇ ਜੋ ਫਲ ਸਨ, ਉਨ੍ਹਾਂ ਨੂੰ ਜਦ ਤੋੜ ਤੋੜ ਕੇ ਖਾਧਾ ਉਹ ਅਤਿ ਕੌੜੇ ਸਨ ਅਤੇ ਖਾਧੇ ਨਹੀਂ ਸੀ ਜਾ ਰਹੇ, ਮੂੰਹ ਵਿਚ ਪਾ ਕੇ ਹਿਰਦੇ ਵਿਚ ਪਛਤਾਉਂਦੇ ਸਨ॥ ੬੦॥

ਸ੍ਰੀ ਪ੍ਰਭੁ ਬੋਲੇ 'ਹਮ ਦਿਸ਼ ਜੇਤੋ। ਮਧੁਰ ਦਿਯੋ ਕਰਿ ਸਗਰੋ ਤੇਤੋ।
ਅਪਨੀ ਦਿਸ਼ ਤੁਮ ਸਭਿ ਸਿਧ ਮਿਲਿਕੈ। ਮਧੁਰ ਲੇਹੁ ਕਰਿ ਖਾਹੁ ਸੁ ਛਿਲਕੈ ॥੬੧॥

ਸ੍ਰੀ ਗੁਰੂ ਜੀ ਨੇ ਕਿਹਾ, "ਜਿਹੜੇ ਫਲ ਸਾਡੀ ਵਲ ਹਨ, ਉਹ ਸਾਰੇ ਮਿੱਠੇ ਕਰ ਦਿੱਤੇ ਸਨ, ਆਪਣੀ ਤਰਫ ਤੁਸੀਂ ਸਾਰੇ ਮਿਲ ਕੇ ਫਲਾਂ ਨੂੰ ਮਿਠੇ ਕਰ ਲਵੋ ਅਤੇ ਸਵਾਦ ਨਾਲ ਛਿੱਲ ਕੇ ਖਾਉ॥ ੬੧॥

ਸੁਨਿ ਸਭਿ ਸਿੱਧਨ ਸ਼ਕਤਿ ਲਗਾਈ। ਮਧੁਰ ਨ ਭਏ ਰਹੇ ਕਰੁਆਈ।

ਅਬ ਲੌ ਤਿਹ ਠਾਂ ਅਹੈ ਨਿਸ਼ਾਨੀ। ਅਰਧ ਮਧੁਰ ਅਰਧਹਿ ਕਰੁਵਾਨੀ ॥੬੨॥

ਇਹ ਸੁਣ ਕੇ ਸਾਰੇ ਸਿੱਧਾਂ ਨੇ ਜ਼ੋਰ ਲਾਇਆ, ਪਰ ਫਲ ਮਿੱਠੇ ਨਾ ਹੋਏ ਤੇ ਕੌੜੇ ਹੀ ਰਹੇ। ਹੁਣ ਉਸ ਥਾਂ ਇਹੋ ਨਿਸ਼ਾਨੀ ਹੈ ਉਸ ਰੁੱਖ ਦੇ ਅੱਧੇ ਫਲ ਮਿੱਠੇ ਹਨ ਅਤੇ ਅੱਧੇ ਫਲ ਕੌੜੇ ਹਨ॥ ੬੨॥

ਗੁਰ ਕੀ ਅਜ਼ਮਤ ਅਧਿਕ ਨਿਹਾਰੀ। ਜਰੀ ਨ ਜਾਇ, ਜਰੈਂ ਉਰ ਭਾਰੀ।
ਦਿਨ ਬੀਤਯੋ ਰਜਨੀ ਭੀ ਜਬਹੀ। ਮਿਲਿਕੈ ਛਲ ਕੀਨੋ ਇਕ ਤਬਹੀ ॥੬੩॥

ਉਸ ਗੁਰੂ ਜੀ ਦੀ ਕਰਾਮਾਤ ਅਧਿਕ ਵੇਖੀ, ਪਰ ਉਨ੍ਹਾਂ ਪਾਸੋਂ ਜਰੀ ਨਹੀਂ ਸੀ ਜਾਂਦੀ, ਹਿਰਦੇ ਵਿਚ ਸੜ ਰਹੇ ਸਨ। ਦਿਨ ਬੀਤਿਆ ਅਤੇ ਜਦ ਰਾਤ ਹੋਈ, ਸਾਰਿਆਂ ਮਿਲ ਕੇ ਤਦ ਇਕ ਛਲ ਕੀਤਾ॥ ੬੩॥

ਖਨਿ ਧਰਨੀ ਬਾਲਕ ਬੈਠਾਯੋ। ਊਪਰ ਤੇ ਇਕਸਾਰ ਬਨਾਯੋ।
ਅਸ ਕਰਿ ਪ੍ਰਭੁ ਸੋਂ ਕਹਯੋ ਬਹੋਰੀ। 'ਚਹਹੁ ਜਿ ਪੂਜਾ ਨਿਜ ਸਭਿ ਠੋਰੀ ॥੬੪॥

ਧਰਤੀ ਪੁੱਟ ਕੇ ਉਸ ਵਿਚ ਇਕ ਬਾਲਕ ਬਿਠਾ ਦਿੱਤਾ, ਧਰਤੀ ਨੂੰ ਉਪਰ ਤੋਂ ਫਿਰ ਪੱਧਰਾ ਕਰ ਦਿੱਤਾ। ਫਿਰ ਆ ਕੇ ਗੁਰੂ ਜੀ ਨੂੰ ਕਹਿਣ ਲੱਗੇ, ''ਜੇ ਸਭ ਥਾਂ ਆਪਣੀ ਪੂਜਾ ਕਰਵਾਉਣੀ ਚਾਹੁੰਦੇ ਹੋ॥ ੬੪॥

ਧਰਨੀ ਕੋ ਬੁਲਾਇ ਬਿਨ ਦੇਰੀ। ਬੂਝਿ ਲੇਹੁ ਇਹ ਹੈ ਕਿਸ ਕੇਰੀ?।
ਉੱਤਰ ਦੇਯ ਕਿ ਹੈਂ ਮੈਂ ਤੇਰੀ। ਆਪ ਪੁਜਾਵਹੁ, ਕੋਇ ਨ ਫੇਰੀ ॥੬੫॥

ਧਰਤੀ ਨੂੰ ਕਿਸੇ ਦੇਰ ਤੋਂ ਬਗੈਰ ਬੁਲਾਵੋ ਅਤੇ ਪੁਛ ਲੱਵੋ ਕਿ ਇਹ ਕਿਸ ਦੀ ਹੈ? ਜੇ ਇਹ ਉੱਤਰ ਦੇਵੇ ਕਿ ਮੈਂ ਤੇਰੀ ਹਾਂ, ਆਪ ਆਪਣੀ ਪੂਜਾ ਕਰਾਵੋ, ਕੋਈ ਰੋਕੇਗਾ ਨਹੀਂ॥ ੬੫॥

ਜੇ ਨਿਜ ਬਿਖੇ ਸ਼ਕਤਿ ਨਹਿਂ ਪਾਵਹਿਂ। ਕਹੁ ਹਮ ਸੰਗ, ਬੁਲਾਇ ਦਿਖਾਵਹਿਂ।
ਸੁਨਿ ਮੁਸਕਾਨੇ ਸ੍ਰੀ ਗੁਨਖਾਨੀ। ਤਿਨਕੇ ਸੰਗ ਭਨੀ ਇਮ ਬਾਨੀ ॥੬੬॥

ਜੇ ਤੁਹਾਡੇ ਵਿਚ ਬੁਲਾਉਣ ਦੀ ਸ਼ਕਤੀ ਨਹੀਂ ਹੈ, ਸਾਨੂੰ ਦੱਸੋ, ਅਸੀਂ ਬੁਲਾ ਕੇ ਵਿਖਾ ਦਿੰਦੇ ਹਾਂ।'' ਗੁਰੂ ਜੀ ਇਹ ਸੁਣ ਕੇ ਮੁਸਕਰਾ ਪਏ ਅਤੇ ਉਨ੍ਹਾਂ ਨਾਲ ਇਸ ਤਰ੍ਹਾਂ ਬਚਨ ਕੀਤੇ॥ ੬੬॥

'ਸ਼ਕਤਿਵਾਨ ਏਕੈ ਜਗਤੇਸ਼ਾ। ਹਮਰੇ ਬਿਖੇ ਨ ਪਾਯਤਿ ਲੇਸ਼ਾ।
ਅਜ਼ਮਤ ਕੋ ਹੰਕਾਰ ਤੁਮਾਰੇ। ਹਮਹਿਂ ਦਿਖਾਵਹੁ, ਦੇਖਨਹਾਰੇ' ॥੬੭॥

ਸ਼ਕਤੀਵਾਨ ਕੇਵਲ ਇਕ ਪ੍ਰਭੂ ਹੈ। ਸਾਡੇ ਵਿਚ ਥੋੜ੍ਹੀ ਵੀ ਤਾਕਤ ਨਹੀਂ ਹੈ, ਤੁਹਾਨੂੰ ਆਪਣੀਆਂ ਕਰਾਮਾਤਾਂ ਤੇ ਹੰਕਾਰ ਹੈ, ਸਾਨੂੰ ਵਿਖਾਉ, ਅਸੀਂ ਤਾਂ ਦੇਖਣਹਾਰ ਹਾਂ'' ॥ ੬੭॥

ਸੁਨਿਕੈ ਸਿੱਧਨ ਗਿਰਾ ਉਚਾਰੀ। 'ਜੇ ਧਰਨੀ ਤੂੰ ਅਹੈਂ ਹਮਾਰੀ।
ਤੌ ਉੱਤਰ ਦੀਜੈ ਤ੍ਰੈਵਾਰੀ। ਮੈਂ ਸਿੱਧਨ ਕੀ ਕਹਉ ਪੁਕਾਰੀ' ॥ ੬੮॥

ਇਹ ਸੁਣ ਕੇ ਸਿੱਧਾਂ ਨੇ ਕਿਹਾ, ''ਜੇ ਧਰਤੀ ਤੂੰ ਸਾਡੀ ਹੈਂ, ਤਾਂ ਤਿੰਨ ਵਾਰੀ ਉੱਤਰ ਦੇਵੇ ਤੇ ਪੁਕਾਰ ਕੇ ਕਹੇ, ''ਮੈਂ ਸਿੱਧਾਂ ਦੀ ਹਾਂ'' ॥ ੬੮॥

ਸੁਨਿ ਸਿਸ ਬੋਲਯੋ ਧਰਨ ਮਝਾਰੀ। 'ਮੈਂ ਸਿੱਧਨ ਕੀ ਨਿਤ ਅਨੁਸਾਰੀ'।
ਦੁਤਿਯ ਬਾਰ ਸਿਧ ਬੂਝਨ ਲਾਗੇ। ਬੋਲਯੋ ਬਾਲਿਕ ਜਿਉਂ ਕਹਿ ਆਗੇ ॥੬੯॥

ਇਹ ਸੁਣ ਕੇ ਧਰਤੀ ਵਿਚਲਾ ਬਾਲਕ ਬੋਲਿਆ, 'ਮੈਂ ਸਦਾ ਵਾਂਗ ਸਿੱਧਾਂ ਦੀ ਹਾਂ' ਦੂਸਰੀ ਵਾਰ ਸਿੱਧ ਪੁੱਛਣ ਲੱਗੇ, ਤਾਂ ਉਸ ਨੇ ਉਹੀ ਉੱਤਰ ਦਿੱਤਾ ਜੋ ਪਹਿਲਾਂ ਕਿਹਾ ਸੀ॥ ੬੯॥

ਤੀਸਰ ਬਾਰ ਉਦਿਤਿ ਭਾ ਜਬ ਹੀ। ਪੂਰਬ ਸਤਿਗੁਰ ਬੋਲੇ ਤਬਹੀ।
'ਅਬ ਲੌ ਬੋਲਨ ਉਚਿਤ ਰਹਯੋ ਈ?'। ਸੁਨਤਿ ਭਯੋ ਮਿਰਤਕ ਸਿਸ ਸੋਈ ॥੭੦॥

ਤੀਸਰੀ ਵਾਰ ਜਦ ਉਹ ਪੁੱਛਣ ਲੱਗੇ ਤਾਂ ਗੁਰੂ ਜੀ ਪਹਿਲਾਂ ਬੋਲ ਪਏ, ''ਜੇ ਉਹ ਹੁਣ ਬੋਲੇ ਤਾਂ ਯੋਗ ਸਮਝਿਆ ਜਾਵੇਗਾ''। ਇਹ ਸੁਣ ਕੇ ਬਾਲਕ ਦੀ ਮੌਤ ਹੋ ਗਈ॥ ੭੦॥

ਉੱਤ੍ਰ ਨ ਆਯੋ ਬਹੁਰ ਬੁਲਾਏ। ਸਰਬ ਸਿੱਧ ਮਨ ਮਹਿਂ ਬਿਸਮਾਏ।
ਕੇਤਿਕ ਚਿਰ ਮਹਿਂ ਮਰਯੋ ਨਿਕਾਰਯੋ। ਲੱਜਿਤਿ ਹ੍ਵੈ ਸਿੱਧਨ ਬਲ ਹਾਰਯੋ ॥੭੧॥

ਬਹੁਤ ਬੁਲਾਇਆ ਪਰ ਉੱਤਰ ਨਾ ਆਇਆ, ਸਾਰੇ ਸਿੱਧ ਮਨ ਵਿਚ ਬਹੁਤ ਹੈਰਾਨ ਹੋਏ। ਕੁਝ ਚਿਰ ਬਾਅਦ ਮਰਿਆ ਬਾਲਕ ਕੱਢਿਆ ਗਿਆ। ਸ਼ਰਮਿੰਦੇ ਹੋ ਕੇ ਸਿੱਧ ਸਾਰੀ ਸ਼ਕਤੀ ਹਾਰ ਗਏ॥ ੭੧॥

ਆਪ ਆਪਨੇ ਆਸਨ ਬੈਸੇ। ਚੋਰ ਨਾਰਿ ਜਿਉਂ ਤੂਸ਼ਨਿ ਤੈਸੇ।
ਪ੍ਰਾਨਨਾਥ ਪੁਨ ਮੰਗਲ ਜੋਊ। ਪ੍ਰਭੁ ਸਮੀਪ ਆਏ ਚਲਿ ਦੋਊ ॥੭੨॥

ਆਪ ਆਪਣੇ ਆਸਣ ਤੇ ਬੈਠ ਗਏ। ਚੋਰ ਦੀ ਵਹੁਟੀ ਵਾਂਗ ਚੁੱਪ ਹੋ ਗਏ। ਪ੍ਰਾਨਨਾਥ, ਮੰਗਲ ਜਿਹੜੇ ਸਨ, ਦੋਵੇਂ ਚਲ ਕੇ ਗੁਰੂ ਜੀ ਪਾਸ ਆਏ॥ ੭੨॥

ਬਿਨੈ ਪ੍ਰਸ਼ੰਸਾ ਅਧਿਕ ਉਚਾਰੀ। 'ਆਪ ਨਿਰੰਜਨ ਮੂਰਤਿ ਧਾਰੀ।
ਮੁੰਦਾ ਔਰ ਖਰਾਊਂ ਜੋਊ। ਸਹਤ ਸ਼ਕਤਿ ਗੋਰਖ ਦਿਹੁ ਦੋਊ ॥੭੩॥

ਬੇਨਤੀ ਕਰਕੇ ਬੜੀ ਪ੍ਰਸ਼ੰਸਾ ਉਚਾਰਨ ਕੀਤੀ, ''ਆਪ ਨੇ ਨਿਰੰਜਨ ਮੂਰਤੀ ਧਾਰਨ ਕੀਤੀ ਹੈ। ਮੁੰਦਰਾ ਅਤੇ ਖੜਾਵ ਜਿਹੜੀਆਂ ਹਨ ਸ਼ਕਤੀ ਸਹਿਤ ਦੋਵੇਂ ਗੋਰਖ ਨੂੰ ਦੇ ਦੇਵੋ॥ ੭੩॥

ਬਾਲਿਕ ਕੋ ਜਿਵਾਇ ਪੁਨ ਦੀਜੈ। ਸ੍ਰੀ ਨਾਨਕ ਜੀ! ਕਰੁਨਾ ਕੀਜੈ।
ਨਿਜ ਹੰਕਾਰ ਮੈਂ ਜਾਨਤਿ ਨਾਂਹੀ। ਮੂਰਖ ਬਹੁਰ ਬਹੁਰ ਪਛੁਤਾਹੀਂ' ॥੭੪॥

ਬਾਲਕ ਨੂੰ ਫਿਰ ਜ਼ਿੰਦਾ ਕਰ ਦੇਵੋ, ਹੇ ਸ੍ਰੀ ਨਾਨਕ ਜੀ! ਕਿਰਪਾ ਕਰੋ। ਨਿਜੀ ਹੰਕਾਰ ਵਿਚ ਜਾਣਦੇ ਨਹੀਂ ਸਨ, ਮੂਰਖ ਬਹੁਤ-ਬਹੁਤ ਪਛਤਾ ਰਹੇ ਹਨ॥ ੭੪॥

ਦੋਹਰਾ- ਜਾਨਿ ਆਪਨੇ ਈਠ ਦੋ ਬਿਨੈ ਸੁਨੀ ਪੁਨ ਕਾਨ।
ਮੁੰਦਾ, ਸ਼ਕਤਿ, ਖਰਾਉਂ ਜੋ ਤੀਨ ਦੀਨ ਤਿਨ ਪਾਨ॥ ੭੫॥

ਦੋਹਾਂ ਨੂੰ ਆਪਣੇ ਪਿਆਰੇ ਜਾਣ ਕੇ, ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣੀ। ਮੁੰਦਰਾ, ਸ਼ਕਤੀ ਅਤੇ ਖੜਾਵ ਤਿੰਨੇ ਉਨ੍ਹਾਂ ਨੂੰ ਦੇ ਦਿੱਤੀਆਂ॥ ੭੫॥

ਬਿਗਸਤਿ ਬੋਲੇ ਬਚਨ ਕੋ ਬਹੁਰੋ ਕ੍ਰਿਪਾਨਿਧਾਨ।
'ਸਾਗਰ ਮਹਿਂ ਇਕ ਬੂੰਦ ਜੋ ਪਰੀ ਨ ਪਰੀ ਸਮਾਨ॥ ੭੬॥

ਫਿਰ ਪ੍ਰਸੰਨ ਹੋ ਕੇ ਗੁਰੂ ਨੇ ਬਚਨ ਕੀਤਾ, ''ਸਾਗਰ ਵਿਚ ਜੇ ਇਕ ਬੂੰਦ ਪੈ ਜਾਵੇ ਤਾਂ ਉਹ ਨਾ ਪਈ ਸਮਾਨ ਹੁੰਦੀ ਹੈ॥ ੭੬॥

ਚੌਪਈ- ਦੇਹ ਖਰਾਊਂ ਸਿਸ ਸਿਰ ਲਾਵਹੁ। ਤਤਛਿਨ ਤਾਂਕੋ ਜਾਇ ਜਿਵਾਵਹੁ'।
ਲੈਕੇ ਉਭੈ ਪ੍ਰਸ਼ੰਸ਼ਾ ਕਰਿ ਕੈ। ਗਮਨੇ ਦੋਨਹੁਂ ਹਰਖ ਉਰ ਭਰਿਕੈ ॥੭੭॥

ਇਹ ਖੜਾ ਉਸ ਬਾਲਕ ਦੇ ਸਿਰ ਤੇ ਲਾਵੇ, ਝੱਟ ਉਸ ਨੂੰ ਜਾ ਕੇ ਜੀਵਤ ਕਰ ਲਵੇ।'' ਦੋਵੇਂ ਲੈ ਕੇ ਅਤੇ ਪ੍ਰਸੰਸਾ ਕਰਕੇ, ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਚਲੇ ਗਏ॥ ੭੭॥

ਲੀਨੀ ਮੁੰਦ੍ਰਾ ਬਹੁਰ ਖਰਾਊਂ। ਗੋਰਖ ਮੈਂ ਭਾ ਸ਼ਕਤਿ ਪ੍ਰਭਾਊ।
ਜਿਸ ਕੇ ਸੀਸ ਛੁਹਾਇ ਜਿਵਾਯੋ। ਆਨ ਥਾਨ ਚਲਿਨੋ ਮਨ ਭਾਯੋ॥੭੮॥

ਮੁੰਦਰਾ ਅਤੇ ਖੜਾਂਵ ਲੈ ਕੇ, ਗੋਰਖ ਦਾ ਫਿਰ ਪ੍ਰਤਾਪ ਵੱਧ ਗਿਆ। ਬਾਲਕ ਦੇ ਸੀਸ ਨੂੰ ਛੁਹਾ ਕੇ ਜੀਵਤ ਕੀਤਾ ਅਤੇ ਹੋਰ ਥਾਂ ਜਾਣ ਦਾ ਮਨ ਬਣਾ ਲਿਆ॥ ੭੮॥

ਸਭਿ ਮਿਲਿ ਕਹੀ 'ਅਦੇਸ਼ ਅਦੇਸ਼ਾ'। ਇੱਛਾ ਚਾਰੀ ਗਏ ਸੁਦੇਸ਼ਾ।
ਏਕ ਦਿਵਸ ਸ੍ਰੀ ਨਾਨਕ ਰਹੇ। ਭੋਰ ਭਈ ਚਲਿਨੋ ਮਨ ਚਹੇ॥੭੯॥

ਸਾਰਿਆਂ ਨੂੰ ਮਿਲ ਕੇ 'ਅਦੇਸ਼ ਅਦੇਸ਼' ਕਿਹਾ, ਇੱਛਾ ਅਨੁਸਾਰ ਵਿਚਰਨ ਵਾਲੇ ਨੇ ਆਪਣੇ ਦੇਸ਼ ਨੂੰ ਚੱਲਣ ਦਾ ਮਨ ਬਣਾਇਆ। ਗੁਰੂ ਜੀ ਇਕ ਦਿਨ ਉਥੇ ਰਹੇ, ਸਵੇਰ ਹੋਈ ਤਾਂ ਚੱਲਣ ਨੂੰ ਮਨ ਚਾਹਿਆ॥ ੭੯॥

ਗੋਰਖ ਮਤਾ ਹਟਾਯੋ ਨਾਮੂ। ਨਾਨਕਮਤਾ ਰਾਖਿ ਅਭਿਰਾਮੂ।
ਬਹੁਰੋ ਸ੍ਰੀਗੁਰ ਕੀਨਿ ਪਯਾਨਾ। ਕਾਰਨ ਇਹੀ ਕਰਨ ਕਲਜਾਨਾ॥੮੦॥

ਉਸ ਸਥਾਨ ਦਾ ਨਾਮ ਗੋਰਖ ਮਤਾ ਹੱਟ ਗਿਆ। ਸੁੰਦਰ ਨਾਮ ਨਾਨਕ ਮਤਾ ਰਖਿਆ। ਫਿਰ ਗੁਰੂ ਜੀ ਲੋਕਾਂ ਦਾ ਕਲਿਆਣ ਕਰਨ ਹਿਤ ਚੱਲ ਪਏ॥ ੮੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸਿੱਧਨ ਕੋ ਮੇਲ' ਪ੍ਰਸੰਗ ਬਰਨਨੰ ਨਾਮ ਬਿੰਸਮੋ ਅਧਯਾਯ॥ ੨੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਵੀਹਵਾਂ ਅਧਿਆਇ, ਜਿਸ ਦਾ ਨਾਮ "ਸਿੱਧਾਂ ਨਾਲ ਗੋਸ਼ਟ" ਹੈ, ਸਮਾਪਤ ਹੋਇਆ॥ ੨੦॥

## *ਅਧਿਆਇ ਇੱਕੀਵਾਂ*

### *ਦਿੱਲੀ ਵਿਖੇ ਹਾਥੀ ਜਿਵਾਲਣਾ ਅਤੇ ਮਰਦਾਨੇ ਦੀ ਪੂਜਾ*

ਭੁਜੰਗ ਪ੍ਰਯਾਤ ਛੰਦ-ਨਮੋ ਚੰਡਿਕਾ ਮੰਡਿਕਾ ਸਰਬ ਲੋਕਾ। ਪ੍ਰਸੀਦੇ ਸਦਾ ਦਾਸ ਦੇਤੀ ਅਸ਼ੋਕਾ।
ਹਤੇ ਦੈਂਤ ਬ੍ਰਿੰਦੰ ਰਖ੍ਯੋ ਬੱਜ੍ਰਪਾਨੀ। ਕਰੋ ਗ੍ਰੰਥ ਪੂਰੰ ਨਮੋ ਬਾਕਬਾਨੀ॥੧॥

ਸਾਰੇ ਲੋਕਾਂ ਨੂੰ ਸਵਾਰਣ ਵਾਲੀ, ਹੇ ਤੇਜ ਸਰੂਪ ਵਾਲੀ ਸ਼ਾਰਦਾ! ਤੈਨੂੰ ਨਮਸ਼ਕਾਰ ਹੋਵੇ, ਜਦ ਤੂੰ ਪ੍ਰਸੰਨ ਹੁੰਦੀ ਹੈਂ ਤਾਂ ਸਦਾ ਦਾਸ ਨੂੰ ਸ਼ੋਕ ਰਹਿਤ ਹੋ ਜਾਣਾ ਦੀ ਦਾਤ ਦਿੰਦੀ ਹੈ। ਤੂੰ ਇੰਦਰ ਨੂੰ ਉਸ ਦੇ ਵੈਰੀ ਦੈਂਤ ਨੂੰ ਮਾਰ ਕੇ ਬਚਾ ਲਿਆ। ਹੇ ਸਰਸਵਤੀ ਮੇਰੇ ਵਿਘਨਾਂ ਨੂੰ ਦੂਰ ਕਰਕੇ, ਮੇਰਾ ਗ੍ਰੰਥ ਸੰਪੂਰਣ ਕਰੋ, ਮੈਂ ਤੈਨੂੰ ਨਮਸ਼ਕਾਰ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰੂ ਵਾਚ॥*

ਚੌਪਈ- ਸ੍ਰੀ ਅੰਗਦ! ਸੁਨਿ ਕਥਾ ਮਹਾਨੀ। ਤਹਿੰ ਗਮਨ ਕੀਨੀ ਗੁਨਖਾਨੀ।
ਦਿੱਲੀ ਨਗਰ ਬਿਸਾਲ ਬਸੇਰਾ। ਉਪਬਨ ਬਿਖੈ ਆਨਿ ਕਿਯ ਡੇਰਾ॥੨॥

ਭਾਈ ਬਾਲਾ ਜੀ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮਹਾਨ ਕਥਾ ਸੁਣੋ। ਫਿਰ ਗੁਰੂ ਜੀ ਉਥੋਂ ਚਲ ਕੇ ਉਸ ਥਾਂ ਚਲੇ ਗਏ ਜਿੱਥੇ ਦਿੱਲੀ ਦਾ ਵਿਸ਼ਾਲ ਨਗਰ ਵਸਦਾ ਹੈ। ਇਕ ਬਾਗ ਵਿਚ ਜਾ ਕੇ ਡੇਰਾ ਲਾ ਲਿਆ॥ ੨ ॥

ਗਾਵਨ ਲਗਾ ਸ਼ਬਦ ਮਰਦਾਨਾ। ਸੁਨਹਿਂ ਪ੍ਰੇਮ ਮਹਿਂ ਮਗਨ ਮਹਾਨਾ।
ਰੁਚਿਰ ਰਾਗ ਕਰਿਕੈ ਯੁਤ ਪ੍ਰੀਤੇ। ਤੂਸ਼ਨ ਬਹੁਤ ਮਹੂਰਤ ਬੀਤੇ॥ ੩ ॥

ਮਰਦਾਨਾ ਫਿਰ ਸ਼ਬਦ ਦਾ ਗਾਇਣ ਕਰਨ ਲੱਗਾ, ਸ਼ਬਦ ਸੁਣ ਕੇ ਪ੍ਰੇਮ ਵਿਚ ਮਗਨ ਹੋ ਗਏ। ਸੁੰਦਰ ਰਾਗ ਨੂੰ ਪ੍ਰੀਤ ਨਾਲ ਗਾਇਆ। ਚੁਪ ਬੈਠਿਆਂ ਕਾਫੀ ਸਮਾਂ ਬੀਤ ਗਿਆ॥ ੩ ॥

ਪਾਤਿਸ਼ਾਹਿ ਕੋ ਕੁੰਚਰ ਭਾਰੀ। ਮ੍ਰਿਤਕ ਹੁਤੋ ਤਿਸ ਬਾਗ਼ ਮਝਾਰੀ।
ਰੋਇ ਮਹਾਵਤ ਊਚ ਪੁਕਾਰਤਿ। ਹੇਤੁ ਜੀਵਕਾ ਦੁਖ ਮਨ ਆਰਤ॥ ੪ ॥

ਬਾਦਸ਼ਾਹ ਦਾ ਇਕ ਬਹੁਤ ਵੱਡਾ ਹਾਥੀ ਉਸ ਬਾਗ ਵਿਚ ਮਰਿਆ ਪਿਆ ਸੀ। ਮਹਾਵਤ ਰੋ ਕੇ ਉਚੀ-ਉਚੀ ਕੁਰਲਾ ਰਿਹਾ ਸੀ, ਆਪਣੇ ਜੀਵਨ ਆਹਾਰ ਕਾਰਨ ਬਹੁਤ ਦੁਖੀ ਹੋਇਆ ਸੀ॥ ੪ ॥

ਦੀਨ ਭਏ ਬਿਰਲਾਪਤਿ ਐਸੇ। ਕਿਰਪਨ ਦਰਬ ਜਾਇ ਕਿਹ ਜੈਸੇ।
ਅਵਲੋਕਜੋ ਜਬਹੀ ਤਿਨ ਤਾਈਂ। ਕਰੁਣਾਨਿਧਿ ਉਰ ਕਰੁਣਾ ਛਾਈਂ॥ ੫ ॥

ਗਰੀਬ ਹੋ ਕੇ ਇਸ ਤਰ੍ਹਾਂ ਵਿਰਲਾਪ ਕਰ ਰਿਹਾ ਸੀ, ਜਿਵੇਂ ਕੰਜੂਸ ਦਾ ਧਨ ਖੋ ਗਿਆ ਹੋਵੇ। ਜਦ ਉਸ ਨੂੰ ਗੁਰੂ ਜੀ ਨੇ ਵੇਖਿਆ ਤਾਂ ਕਿਰਪਾ ਨਿਧਾਨ ਦੇ ਮਨ ਵਿਚ ਕਿਰਪਾ ਛਾ ਗਈ॥ ੫ ॥

ਬੂਝਨ ਲਗੇ 'ਕੌਨ ਦੁਖ ਭਾਰੀ?। ਜਿਸਤੇ ਤੁਮ ਰੋਵਹੁ ਧ੍ਰਿਤ ਹਾਰੀ।
ਕਿਨ ਮਾਰੇ ਕੈ ਖੋਸਨ ਕੀਨੇ?। ਨਿਜ ਕਰਮਨ ਗਤਿ ਲੇਹੁ ਚੀਨੇ'॥ ੬ ॥

ਪੁਛਣ ਲੱਗਾ "ਤੈਨੂੰ ਐਸਾ ਕਿਹੜਾ ਵੱਡਾ ਦੁੱਖ ਹੋਇਆ ਹੈ ? ਜਿਸ ਕਰਕੇ ਤੂੰ ਧੀਰਜ ਹਾਰ ਕੇ ਰੋ ਰਿਹਾ ਹੈਂ ? ਕਿਸ ਨੇ ਮਾਰਿਆ ਹੈ ਜਾਂ ਕਿਸ ਨੇ ਲੁੱਟ ਲਿਆ ਹੈ ? ਆਪਣੇ ਕਰਮਾਂ ਦੀ ਗਤੀ ਪਹਿਚਾਣ ਲਵੋ" ॥ ੬ ॥

ਸੰਤ ਸਰੂਪ ਜਾਨਿ ਮਨ ਸੋਊ। ਬੰਦਨ ਕਰੀ ਬੰਦਿ ਕਰ ਦੋਊ।
ਬਿਨਤੀ ਉਸਤਤਿ ਕੇ ਮਧ ਸਾਨੀ।ਬੋਲੇ ਅਤਿਸ਼ੈ ਆਤੁਰ ਬਾਨੀ॥ ੭ ॥

ਮਹਾਵਤ ਨੇ ਮਨ ਵਿਚ ਸੰਤ ਸਰੂਪ ਜਾਣ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਬੇਨਤੀ ਅਤੇ ਉਸਤਤ ਨਾਲ ਮਿਲੀ ਹੋਈ ਬੋਲੀ ਵਿਚ ਉਸ ਸੁੰਦਰ ਬਚਨ ਬੋਲੇ॥ ੭॥

ਦੋਹਰਾ- 'ਸੁਨਹੁ ਬ੍ਰਿਥਾ ਦਰਵੇਸ਼ ਜੀ! ਕੁੰਚਰ ਹੁਤੋ ਮਹਾਨ।
ਰੋਗਿ ਭਯੋ ਅਬ ਮਰਿ ਗਯੋ ਕੋਇ ਨ ਸਕਜੋ ਪਛਾਨ॥ ੮ ॥

"ਹੇ ਦਰਵੇਸ਼ ਜੀ ! ਮੇਰੀ ਕਹਾਣੀ ਸੁਣੋ। ਇਕ ਬਹੁਤ ਵੱਡਾ ਹਾਥੀ ਸੀ। ਉਹ ਬਿਮਾਰ ਹੋ ਗਿਆ ਸੀ, ਹੁਣ ਮਰ ਗਿਆ ਹੈ, ਕੋਈ ਵੀ ਪਹਿਚਾਣ ਨਹੀਂ ਸਕਿਆ ਹੈ॥ ੮॥

ਚੌਪਈ- ਹੁਤੇ ਮਹਾਵਤ ਹਮ ਤਿਸ ਕੇਰੇ। ਚਲਤਿ ਹੁਤੀ ਗੁਜ਼ਰਾਨ ਘਨੇਰੇ।
ਮ੍ਰਿੱਤੁ ਭਏ ਹਟਿ ਗਾ ਰੁਜ਼ਗਾਰਾ। ਕਿਉਂ ਪਾਲਨ ਹ੍ਵੈ ਮਮ ਪਰਵਾਰਾ॥ ੯ ॥

ਮੈਂ ਉਸ ਹਾਥੀ ਦਾ ਮਹਾਵਤ ਹਾਂ, ਉਸ ਕਾਰਨ ਹੀ ਮੇਰਾ ਗੁਜ਼ਾਰਾ ਚਲਦਾ ਸੀ। ਹੁਣ ਮਰ ਗਿਆ ਹੈ ਤਾਂ ਗੁਜ਼ਾਰਾ ਖਤਮ ਹੋ ਗਿਆ ਹੈ। ਮੈਂ ਆਪਣੇ ਪਰਵਾਰ ਦਾ ਕਿਵੇਂ ਪਾਲਣ ਪੋਸ਼ਣ ਕਰਾਂਗਾ॥ ੯ ॥

ਔਰ ਉਪਾਇ ਨ ਜਾਨੌਂ ਕੋਊ। ਰੋਜ਼ੀ ਜਿਹ ਤੇ ਪੈਦੇ ਹੋਊ।

ਇਸ ਦੁਖ ਤੇ ਹਮ ਰੋਵਤਿ ਬੈਸੇ। ਗੁਜ਼ਰ ਹਮਾਰੀ ਚਲਿਹੈ ਕੈਸੇ?' ॥੧੦॥

ਮੈਂ ਹੋਰ ਕੋਈ ਉਪਾਅ ਨਹੀਂ ਜਾਣਦਾ, ਜਿਥੋਂ ਰੋਜ਼ੀ ਪੈਦਾ ਹੋਵੇ। ਇਸ ਦੁਖ ਕਾਰਨ ਮੈਂ ਬੈਠਾ ਰੋਂਦਾ ਹਾਂ, ਹੁਣ ਸਾਡਾ ਗੁਜ਼ਾਰਾ ਕਿਵੇਂ ਚਲੇਗਾ ?'' ॥ ੧੦ ॥

ਦੋਹਰਾ- ਸ੍ਰੀ ਗੁਰ ਕਹੈਂ, 'ਨ ਚਿੰਤ ਕਰਿ ਸਭਿ ਕੋ ਦੈ ਕਰਤਾਰ।
ਜਿਤੇ ਬਹਾਨੇ ਜਗਤ ਕੇ ਕਰਨਹਾਰ ਇਕ ਧਾਰਿ॥ ੧੧॥

ਗੁਰੂ ਜੀ ਕਹਿਣ ਲੱਗੇ, ''ਚਿੰਤਾ ਨਾ ਕਰ, ਕਰਤਾਰ ਸਭ ਨੂੰ ਦਿੰਦਾ ਹੈ। ਇਸ ਜਗਤ ਦੇ ਜਿੰਨੇ ਵੀ ਬਹਾਨੇ ਹਨ, ਇਕ ਕਾਰਨਹਾਰ ਨੇ ਧਾਰਨ ਕੀਤੇ ਹਨ॥ ੧੧ ॥

ਚੌਪਈ- ਕੁੰਚਰ ਹਿਤ ਰੋਵਹੁ ਤੁਮ ਨਾਂਹੀ। ਸਿਮਰਹੁ ਨਾਮ ਪ੍ਰਭੂ ਮਨ ਮਾਂਹੀ।
ਜੋ ਜਜਾਵਤਿ ਮਾਰਤਿ ਹੈ ਸੋਊ। ਵਾਹਿਗੁਰੂ ਇਕ ਅਵਰ ਨ ਕੋਊ ॥੧੨॥

ਇਕ ਹਾਥੀ ਵਾਸਤੇ ਨਾ ਰੋਵੇ, ਮਨ ਵਿਚ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਜੋ ਜੀਊਂਦਾ ਕਰਦਾ ਹੈ, ਉਹੀ ਮਾਰਦਾ ਹੈ। ਵਾਹਿਗੁਰੂ ਕੇਵਲ ਇਕ ਹੈ, ਹੋਰ ਕੋਈ ਨਹੀਂ ਹੈ॥ ੧੨ ॥

ਸੋ ਦੇਵਤਿ ਸਭਿ ਕੋ ਰੁਜ਼ਗਾਰਾ। ਔਰ ਬਹਾਨਾ ਕਰਹਿ ਤੁਮਾਰਾ।
ਮਿਸ ਕਰਿਕੈ ਦੇਵਤਿ ਨਿਤ ਰੋਜ਼ੀ। ਲਖਹਿਂ ਸੰਤ ਸ੍ਰੀ ਪ੍ਰਭੁ ਕੇ ਖੋਜੀ' ॥੧੩॥

ਉਹ ਸਾਰਿਆਂ ਨੂੰ ਰੁਜ਼ਗਾਰ ਦਿੰਦਾ ਹੈ, ਤੁਹਾਡਾ ਕੋਈ ਹੋਰ ਬਹਾਨਾ ਕਰ ਦੇਵੇਗਾ। ਬਹਾਨਾ ਕਰਕੇ ਰੋਜ਼ੀ ਨਿਤ ਦਿੰਦਾ ਹੈ। ਸ੍ਰੀ ਪ੍ਰਭੂ ਦੇ ਖੋਜੀ ਸੰਤ ਜਾਣਦੇ ਹਨ'' ॥ ੧੩ ॥

ਐਸੇ ਸੁਨੇ ਮਹਾਵਤ ਬੈਨਾ। ਪੂਰਨ ਸੰਤ ਲਖੇ ਸੁਖਦੈਨਾ।
ਹਾਥ ਬੰਦਿ ਪੁਨ ਬਚਨ ਉਚਾਰੇ। 'ਕਿਉਂ ਹੋਵੈ ਮਨ ਸ਼ਾਂਤਿ ਹਮਾਰੇ ॥੧੪॥

ਜਦ ਮਹਾਵਤ ਨੇ ਅਜਿਹੇ ਬਚਨ ਸੁਣੇ ਤਾਂ ਗੁਰੂ ਜੀ ਨੂੰ ਪੂਰਨ ਸੰਤ ਪਹਿਚਾਣਿਆ। ਹੱਥ ਜੋੜ ਕੇ ਫਿਰ ਕਿਹਾ, ''ਸਾਡਾ ਮਨ ਸ਼ਾਂਤ ਕਿਵੇਂ ਹੋਵੇ॥ ੧੪ ॥

ਦੋਹਰਾ- ਰੋਜ਼ੀ ਹਮਰੀ ਆਜ ਤੇ ਭਈ ਬੰਦ ਦਰ ਸ਼ਾਹਿ।
ਤੁਮ ਤੇ ਸਭਿ ਕੁਛ ਹੋਤਿ ਹੈ ਸੰਤਹੁ ਬੇਪਰਵਾਹੁ!॥ ੧੫॥

ਅੱਜ ਤੋਂ ਬਾਦਸ਼ਾਹ ਦੇ ਘਰ ਮੇਰੀ ਰੋਜ਼ੀ ਬੰਦ ਹੋ ਗਈ ਹੈ। ਹੇ ਬੇਪ੍ਰਵਾਹ ਸੰਤ ਜੀ! ਤੁਸੀਂ ਸਭ ਕੁਝ ਕਰ ਸਕਦੇ ਹੋ॥ ੧੫॥

ਚੌਪਈ- ਜਿਉਂ ਚਾਕਰ ਹਮ ਹੈਂ ਪਤਿਸ਼ਾਹਿ। ਤਿਉਂ ਖ਼ੁਦਾਇ ਸੇਵਕ ਤੁਮ ਆਹਿ।
ਹਮਰੋ ਕਾਜ ਅਟਕ ਜੇ ਜਾਈ। ਬਿਨੈ ਕਰਤਿ ਅੱਗ੍ਰਜ ਨਿਜ ਰਾਈ ॥੧੬॥

ਜਿਵੇਂ ਅਸੀਂ ਬਾਦਸ਼ਾਹ ਦੇ ਨੌਕਰ ਹਾਂ, ਇਸ ਤਰ੍ਹਾਂ ਤੁਸੀਂ ਖੁਦਾ ਦੇ ਸੇਵਕ ਹੋ। ਜੇ ਮੇਰਾ ਕੰਮ ਰੁਕ ਜਾਵੇਗਾ ਤਾਂ ਬਾਦਸ਼ਾਹ ਦੇ ਅੱਗੇ ਜਾ ਕੇ ਬੇਨਤੀ ਕਰਾਂਗੇ॥ ੧੬ ॥

ਕਰ ਜੋਰਹਿਂ ਕਰਿਵਾਵਹਿਂ ਕਾਜਾ। ਮਾਨਹਿਂ ਸੇਵਕ ਕੀ ਸੁਭ ਰਾਜਾ।
ਹੈ ਤੁਮਰੋ ਪਤਿਸ਼ਾਹਿ ਖ਼ੁਦਾਇ। ਤਿਹ ਤੇ ਕਹਿ ਗਜ ਇਹੀ ਜਿਵਾਇ ॥੧੭॥

ਜ਼ੋਰ ਦੇ ਕੇ ਕੰਮ ਕਰਾਵਾਂਗੇ। ਚੰਗਾ ਰਾਜਾ ਆਪਣੇ ਸੇਵਕ ਦੀ ਗੱਲ ਮੰਨੇਗਾ, ਤੁਹਾਡਾ ਪਾਤਸ਼ਾਹ ਖੁਦਾ ਹੈ, ਉਸ ਨੂੰ ਕਹਿ ਕੇ ਇਹ ਹਾਥੀ ਜ਼ਿੰਦਾ ਕਰ ਦੇਵੋ॥ ੧੭॥

ਮਾਨਹਿ ਬਚ ਤੁਮਰੋ ਕਰਤਾਰਾ। ਕਰਹੁ ਸੰਤ ਜੀ ! ਇਹ ਉਪਕਾਰਾ।
ਦਰਵੇਸ਼ਨ ਕੀ ਬਾਨ ਦਯਾਲਾ। ਹਮ ਤੇ ਅਪਰ ਨ ਦੁਖੀ ਬਿਸਾਲਾ' ॥੧੮॥

ਕਰਤਾਰ ਤੁਹਾਡੇ ਬਚਨ ਮੰਨਦੇ ਹਨ। ਹੇ ਸੰਤ ਜੀ! ਇਹ ਉਪਕਾਰ ਕਰੋ। ਦਰਵੇਸ਼ਾਂ ਦਾ ਇਹ ਧਰਮ ਹੁੰਦਾ ਹੈ ਕਿ ਉਹ ਸਦਾ ਦਿਆਲੂ ਹੁੰਦੇ ਹਨ। ਮੇਰੇ ਨਾਲੋਂ ਹੋਰ ਕੋਈ ਜ਼ਿਆਦਾ ਦੁਖੀ ਨਹੀਂ'' ॥ ੧੮॥

ਦੋਹਰਾ- ਦੀਨ ਭਯੋ ਬੰਦਨ ਕਰਤਿ ਬਾਰ ਬਾਰ ਸਿਰ ਨਾਇ।
ਦੇਖਿ ਮਹਾਵਤ ਕੀ ਦਸ਼ਾ ਬਿਗਸੇ ਪ੍ਰਭੁ ਸੁਖਦਾਇ॥ ੧੯॥

ਸਨਿਮਰ ਹੋ ਕੇ ਬਾਰ-ਬਾਰ ਸਿਰ ਨਿਵਾ ਕੇ ਬੰਦਨਾ ਕਰਦਾ ਸੀ। ਮਹਾਵਤ ਦੀ ਹਾਲਤ ਵੇਖ ਕੇ ਸੁਖਦਾਤੇ ਗੁਰੂ ਜੀ ਪ੍ਰਸੰਨ ਹੋ ਗਏ॥ ੧੯॥

ਚੌਪਈ- ਹੁਇ ਕ੍ਰਿਪਾਲ ਕਹਿ ਗੁਨੀ ਗਹੀਰੂ। 'ਆਨਹੁ ਏਕ ਘਟਾ ਭਰਿ ਨੀਰੂ'।
ਗਯੋ ਬੇਗ ਤਿਹ ਭਰਿ ਕਰਿ ਆਨਾਂ। ਮਰਦਾਨੇ ਸੋ ਬਚਨ ਬਖਾਨਾਂ ॥੨੦॥

ਗੁਰੂ ਜੀ ਨੇ ਕਿਰਪਾਲੂ ਹੋ ਕੇ ਕਿਹਾ, ''ਇਕ ਘੜਾ ਭਰ ਪਾਣੀ ਲਿਆਵੋ।'' ਪਾਣੀ ਦਾ ਘੜਾ ਭਰ ਕੇ ਉਹ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਫਿਰ ਮਰਦਾਨੇ ਨੂੰ ਕਿਹਾ॥ ੨੦॥

'ਸੱਤਿਨਾਮ ਕਹਿ ਇਹ ਘਟ ਲੀਜੈ। ਮ੍ਰਿਤੁ ਮਤੰਗ ਪਰ ਛਿਰਕਨ ਕੀਜੈ'।
ਆਇਸੁ ਪਾਇ ਘਟਾ ਕਰ ਲਯੋ। ਕੁੰਚਰ ਕੇ ਸਮੀਪ ਚਲਿ ਗਯੋ ॥੨੧॥

ਸਤਿਨਾਮ ਕਹਿ ਕੇ ਇਹ ਘੜਾ ਲੈ ਲਵੋ, ਮਰੇ ਹੋਏ ਹਾਥੀ ਉੱਤੇ ਇਸ ਪਾਣੀ ਦਾ ਛਿੜਕਾਅ ਕਰੋ।'' ਆਗਿਆ ਪਾ ਕੇ ਮਰਦਾਨੇ ਨੇ ਘੜਾ ਆਪਣੇ ਹੱਥਾਂ ਵਿਚ ਫੜ ਲਿਆ ਅਤੇ ਹਾਥੀ ਦੇ ਨੇੜੇ ਚਲੇ ਗਿਆ॥ ੨੧॥

ਵਾਹਿਗੁਰੂ ਕਹਿ ਛਿਰਕਾ ਦੀਨੋ। ਗਜ ਸਰੀਰ ਕੋ ਭੇਦਨ ਕੀਨੋ।
ਪ੍ਰਾਨ ਪਰੇ ਜੀਵਯੋ ਤਤਕਾਲਾ। ਭਯੋ ਮਹਾਵਤ ਹਰਖ ਬਿਸ਼ਾਲਾ ॥੨੨॥

ਵਾਹਿਗੁਰੂ ਕਹਿ ਕੇ ਪਾਣੀ ਛਿੜਕ ਦਿੱਤਾ, ਹਾਥੀ ਦੇ ਸਰੀਰ ਨੂੰ ਗਿੱਲਾ ਕਰ ਦਿੱਤਾ। ਪ੍ਰਾਣ ਆ ਗਏ ਤੇ ਹਾਥੀ ਤੁਰੰਤ ਜੀਉਂਦਾ ਹੋ ਗਿਆ, ਇਹ ਵੇਖ ਕੇ ਮਹਾਵਤ ਬਹੁਤ ਖ਼ੁਸ਼ ਹੋਇਆ॥ ੨੨॥

ਬਾਰ ਬਾਰ ਪਦ ਬੰਦਨ ਕਰਿਹੀ। ਉਸਤਤਿ ਕੇ ਮੁਖ ਬਚਨ ਉਚਰਿਹੀ।
ਜਾਇ ਕਹੀ ਪਤਿਸ਼ਾਹੀ ਅਗਾਰੀ। 'ਮਰਯੋ ਸੁ ਜੀਵਯੋ ਕੁੰਚਰ ਭਾਰੀ ॥੨੩॥

ਬਾਰ-ਬਾਰ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਮੁੱਖ ਤੋਂ ਉਸਤਤ ਦੇ ਬਚਨ ਕਹੇ। ਮਹਾਵਤ ਨੇ ਇਹ ਕੌਤਕ ਬਾਦਸ਼ਾਹ ਨੂੰ ਜਾ ਕੇ ਦੱਸਿਆ, ''ਵੱਡਾ ਹਾਥੀ ਜੋ ਮਰ ਗਿਆ ਸੀ ਜੀਉਂਦਾ ਹੋ ਗਿਆ ਹੈ॥ ੨੩॥

ਇਹ ਫਕੀਰ ਹੈ ਆਪ ਖ਼ੁਦਾਇ। ਬਿਨੈ ਸੁਨੀ ਤਿਨ ਦਿਯੋ ਜਿਵਾਇ'।
ਇਉਂ ਸੁਨਿਕੈ ਬਿਸਮਾਦੇ ਸਭਿ ਹੀ। ਦਰਸ਼ਨ ਕਰਨ ਉਦਿਤ ਭਾ ਤਬਹੀ ॥੨੪॥

ਇਹ ਫਕੀਰ ਆਪ ਖ਼ੁਦਾ ਹੈ, ਮੈਂ ਬੇਨਤੀ ਕੀਤੀ ਤਾਂ ਉਸ ਜੀਵਤ ਕਰ ਦਿੱਤਾ ਹੈ।'' ਇਹ ਸੁਣ ਕੇ ਸਭ ਹੈਰਾਨ ਹੋਏ, ਦਰਸ਼ਨ ਕਰਨ ਵਾਸਤੇ ਉਸੇ ਵੇਲੇ ਚੱਲ ਪਏ॥ ੨੪॥

ਕਾਜ਼ੀ ਸੰਗ ਲਿਯੇ ਪਤਿਸ਼ਾਹੂ। ਚਲਿ ਆਏ ਸ੍ਰੀ ਨਾਨਕ ਪਾਹੂ।
ਕਰਿ ਪਦ ਬੰਦਨ ਗੁਰ ਢਿਗ ਬੈਸੇ। ਕਾਜ਼ੀ ਬਚਨ ਕਹੇ ਤਬ ਐਸੇ ॥੨੫॥

ਬਾਦਸ਼ਾਹ ਨੇ ਕਾਜ਼ੀ ਨੂੰ ਵੀ ਆਪਣੇ ਨਾਲ ਲਿਆ ਅਤੇ ਗੁਰੂ ਜੀ ਪਾਸ ਚਲ ਕੇ ਆ ਗਏ। ਚਰਨ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਏ, ਕਾਜ਼ੀ ਨੇ ਫਿਰ ਇਸ ਤਰ੍ਹਾਂ ਕਿਹਾ॥ ੨੫॥

'ਹੇਤ ਮਹਾਵਤ ਹਾਥੀ ਜੋਊ। ਜੀਵਾਯੋ ਤੁਮ ਨੈ ਹੀ ਸੋਊ?।
ਸੁਨਿ ਕੈ ਰਾਵਰਿ ਸਿਫਤ ਘਨੇਰੀ। ਦਰਸ਼ਨ ਹਿਤ ਆਏ ਬਿਨ ਦੇਰੀ' ॥੨੬॥

ਮੁਹਾਵਤ ਵਾਸਤੇ ਜਿਹੜਾ ਤੁਸੀਂ ਹਾਥੀ ਜੀਵਤ ਕੀਤਾ ਹੈ, ਉਸ ਬਾਰੇ ਆਪ ਜੀ ਦੀ ਵੱਡੀ ਸਿਫਤ ਸੁਣ ਕੇ, ਬਿਨੇ ਦੇਰ ਬਗੈਰ ਆਪ ਜੀ ਦੇ ਦਰਸ਼ਨਾਂ ਲਈ ਆਏ ਹਾਂ'' ॥ ੨੬॥

ਕਾਜ਼ੀ ਕੀ ਦਿਸ਼ ਦੇਖਿ ਗੁਸਾਈਂ। ਬਾਨੀ ਨਿਰਹੰਕਾਰ ਅਲਾਈ।
'ਹਮ ਹੈਂ ਕੌਣ ਮ੍ਰਿਤਕ ਜੀਵਾਰਹਿਂ। ਇਕ ਕਰਤਾਰ ਜਿਵਾਵਹਿ ਮਾਰਹਿ ॥੨੭॥

ਗੁਰੂ ਜੀ ਨੇ ਕਾਜ਼ੀ ਵੱਲ ਵੇਖਿਆ ਅਤੇ ਹੰਕਾਰ ਰਹਿਤ ਬਚਨ ਕਹੇ, ''ਅਸੀਂ ਮਰੇ ਹੋਏ ਨੂੰ ਜੀਵਾਉਣ ਵਾਲੇ ਕੌਣ ਹੁੰਦੇ ਹਾਂ? ਇਕ ਕਰਤਾਰ ਹੀ ਸਭ ਨੂੰ ਜੀਵਤ ਕਰਦਾ ਹੈ ਅਤੇ ਮਾਰਦਾ ਹੈ॥ ੨੭॥

ਤਿਸ ਬਿਨ ਔਰ ਸ਼ਕਤਿ ਕਿਸ ਮਾਂਹੀ। ਬਜਾਪਕ ਕਲਾ ਦੇਖੀਜਤਿ ਜਾਂਹੀ'।
ਕਾਜ਼ੀ ਕਹੇ 'ਸ਼ਕਤਿ ਜੇ ਧਾਰਹੁ। ਮੁਖ ਤੇ ਕਹਿ ਅਬ ਕੈ ਗਜ ਮਾਰਹੁ ॥੨੮॥

ਉਸ ਤੋਂ ਬਗੈਰ ਹੋਰ ਕਿਸੇ ਵਿਚ ਸ਼ਕਤੀ ਨਹੀਂ ਹੈ, ਜਿਸ ਦੀ ਵਿਆਪਕ ਕਲਾ ਅਸੀਂ ਵੇਖ ਰਹੇ ਹਾਂ।'' ਕਾਜ਼ੀ ਨੇ ਕਿਹਾ, ''ਜੇ ਤੁਹਾਡੇ ਵਿਚ ਇਹ ਸ਼ਕਤੀ ਹੈ, ਮੂੰਹ ਨਾਲ ਕਹਿ ਕੇ ਹੁਣ ਹਾਥੀ ਨੂੰ ਦੁਬਾਰਾ ਮਾਰ ਦੇਵੇ॥ ੨੮॥

ਜੇ ਤੁਮ ਕਹੈ ਗਯੋ ਮਰਿ ਕੁੰਚਰ। ਤੌ ਜਾਨੈਂ ਪ੍ਰਤੱਖ ਕਲਾਧਰਿ'।
ਸੁਨਿ ਪ੍ਰਭੁ ਬੋਲੇ ਸਹਿਜ ਸੁਭਾਇ। 'ਜਿਉਂ ਖ਼ੁਦਾਇ ਕੀ ਹੋਇ ਰਜਾਇ' ॥੨੯॥

ਜੇ ਤੁਹਾਡੇ ਕਹੇ ਤੇ ਹਾਥੀ ਮਰ ਗਿਆ, ਫਿਰ ਸਮਝਾਂਗੇ ਕਿ ਤੁਸੀਂ ਪ੍ਰਤੱਖ ਕਲਾਵਾਨ ਹੋ।'' ਇਹ ਸੁਣ ਕੇ ਗੁਰੂ ਜੀ ਸਹਿਜ ਸੁਭਾਅ ਬੋਲੇ, ''ਜਿਵੇਂ ਖ਼ੁਦਾ ਦੀ ਰਜ਼ਾ ਹੋਵੇ'' ॥ ੨੯॥

ਤਤਛਿਨ ਕੁੰਚਰ ਗਿਰਯੋ ਬਹੋਰੀ। ਪਰਯੋ ਮ੍ਰਿਤਕ ਹੁਇ ਤਿਸਹੀ ਠੌਰੀ।
ਪਾਤਿਸ਼ਾਹਿ ਕੇ ਬੈਠਯੋ ਤੀਰ। ਹੁਤੋ ਨਜ਼ਾਮਦੀਨ ਇਕ ਪੀਰ ॥ ੩੦॥

ਤੁਰੰਤ ਹਾਥੀ ਧਰਤੀ ਤੇ ਡਿੱਗ ਪਿਆ, ਓਸੇ ਸਮੇਂ ਮੁਰਦਾ ਹੋ ਕੇ ਲੇਟ ਗਿਆ। ਬਾਦਸ਼ਾਹ ਦੇ ਪਾਸ ਇਕ ਨਜ਼ਾਮਦੀਨ ਨਾਮੀਂ ਪੀਰ ਬੈਠਾ ਹੋਇਆ ਸੀ॥ ੩੦॥

ਤਿਨ ਕਾਜ਼ੀ ਸੋਂ ਬਚਨ ਉਚਾਰੇ। 'ਇਹ ਖ਼ੁਦਾਇ ਹੈ ਨਰ ਤਨ ਧਾਰੇ।
ਬਚਨ ਬਿਫਲ ਇਹ ਕੋ ਨਹਿਂ ਹੋਇ। ਸ਼ਰਧਾ ਧਰਿ, ਦੁਖ ਲਗੇ ਨ ਕੋਇ' ॥੩੧॥

ਉਸ ਨੇ ਕਾਜ਼ੀ ਨੂੰ ਕਿਹਾ, ''ਇਹ ਖ਼ੁਦਾ ਹੈ ਜਿਸ ਮਨੁੱਖ ਦੇਹ ਧਾਰਨ ਕੀਤੀ ਹੈ। ਇਸ ਦਾ ਬਚਨ ਵਿਰਥਾ ਨਹੀਂ ਜਾਂਦਾ ਹੈ। ਜਿਹੜਾ ਇਨ੍ਹਾਂ 'ਤੇ ਸ਼ਰਧਾ ਧਾਰਨ ਕਰਦਾ ਹੈ, ਉਸ ਨੂੰ ਕੋਈ ਦੁੱਖ ਨਹੀਂ ਲੱਗਦਾ ਹੈ'' ॥ ੩੧॥

ਪੁਨ ਕਾਜ਼ੀ ਕਹਿ 'ਦੇਹੁ ਜਿਵਾਇ। ਤੌ ਜਾਨੋਂ ਮੈਂ ਆਪ ਖ਼ੁਦਾਇ'।
ਸੁਨਿ ਗੁਨ ਐਨ ਸੁ ਬੈਨ ਉਚਾਰੇ। 'ਸੰਤ ਬਚਨ ਕੇ ਜੋਊ ਮਾਰੇ ॥ ੩੨॥

ਫਿਰ ਕਾਜ਼ੀ ਨੇ ਕਿਹਾ, ''ਇਸ ਨੂੰ ਹੁਣ ਜ਼ਿੰਦਾ ਕਰ ਦੇਵੋ ਤਦ ਮੈਂ ਸਮਝਾਂਗਾ ਆਪ ਖ਼ੁਦਾ ਹੋ।'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, ''ਸੰਤਾਂ ਦੇ ਬਚਨ ਨਾਲ ਜੋ ਕੋਈ ਮਰ ਜਾਂਦਾ ਹੈ॥ ੩੨॥

ਤਿਨ ਕੋ ਕੋਇ ਨ ਸਕੈ ਜਿਵਾਇ। ਮੇਟੀ ਜਾਇ ਨ ਕਬਹਿ ਰਜ਼ਾਇ।

ਈਸੁਰ ਆਇਸੁ ਸੰਤ ਹਟਾਵੈ। ਸੰਤ ਕਹੇ ਕੋ ਕੌਨ ਮਿਟਾਵੈ॥ ੩੩॥

ਉਸ ਨੂੰ ਕੋਈ ਵੀ ਜੀਵਤ ਨਹੀਂ ਕਰ ਸਕਦਾ ਹੈ, ਖ਼ੁਦਾ ਦੀ ਰਜ਼ਾ ਨੂੰ ਕਦੇ ਵੀ ਮੇਟਿਆ ਨਹੀਂ ਜਾ ਸਕਦਾ। ਈਸ਼ਵਰ ਦੀ ਆਗਿਆ ਨੂੰ ਸੰਤ ਹਟਾ ਸਕਦਾ ਹੈ, ਪਰ ਸੰਤ ਦੇ ਕਹੇ ਨੂੰ ਕੋਈ ਵੀ ਮੇਟ ਨਹੀਂ ਸਕਦਾ॥ ੩੩॥

ਦੋਹਰਾ- ਜੈਸੇ ਜਗ ਅੰਧਾ ਕਰਯੋ ਮਾਯਾ ਸੰਗ ਭੁਲਾਇ।
ਸਤਿਗੁਰ ਬਚਨ ਸੁਚੇਤ ਕਰਿ ਦੇਵਹਿਂ ਨਾਮ ਦ੍ਰਿੜਾਇ॥ ੩੪॥

ਜਿਸ ਤਰ੍ਹਾਂ ਜਗਤ ਨੂੰ ਮਾਇਆ ਸੰਗ ਭੁਲਾ ਕੇ ਅੰਨ੍ਹਾ ਕਰ ਦਿੱਤਾ ਹੈ। ਸਤਿਗੁਰੂ ਬਚਨ ਸੁਚੇਤ ਕਰਕੇ ਨਾਮ ਨੂੰ ਦ੍ਰਿੜ੍ਹ ਕਰਵਾਉਂਦੇ ਹਨ॥ ੩੪॥

ਚੌਪਈ- ਜਿਸਕੋ ਚਾਹੈਂ ਕਰੈਂ ਉਧਾਰਾ। ਬੰਧਨ ਦੇਹਿਂ ਸਰਬ ਨਿਰਵਾਰਾ।
ਜਿਉਂ ਅੰਬ੍ਰੀਕ ਭਗਤ ਢਿਗ ਆਯੋ। ਦੁਰਬਾਸ਼ਾ ਉਰ ਕ੍ਰੋਧ ਬਢਾਯੋ॥੩੫॥

ਜਿਸ ਨੂੰ ਚਾਹੁੰਦਾ ਹੈ, ਉਸ ਦਾ ਉਧਾਰ ਕਰਦਾ ਹੈ, ਸਾਰੇ ਬੰਧਨ ਨਵਿਰਤ ਕਰ ਦਿੰਦਾ ਹੈ। ਜਿਵੇਂ ਭਗਤ ਦੁਰਬਾਸ਼ਾ, ਰਾਜੇ ਅੰਬ੍ਰੀਕ ਦੇ ਪਾਸ ਆਇਆ। ਰਾਜੇ ਨੇ ਦੁਰਬਾਸ਼ਾ ਦੀ ਆਗਿਆ ਬਗੈਰ ਵਰਤ ਤੋੜ ਲਿਆ, ਜਿਸ ਕਰਕੇ ਭਗਤ ਦੁਰਬਾਸ਼ਾ ਬਹੁਤ ਗੁੱਸੇ ਵਿਚ ਆ ਗਿਆ॥ ੩੫॥

ਤਪਤ ਚੱਕ੍ਰ ਤਿਹ ਪੀਛੇਂ ਲਾਗਯੋ। ਜਰਤਿ ਅੰਗ ਉਰ ਡਰ ਕਰਿ ਭਾਗਯੋ।
ਸ਼ਸ਼ਿ ਸਵਿਤਾ ਨਹਿਂ ਰਾਖਯੋ ਜਿਸਨੂੰ। ਦ੍ਰੂਹਣ ਗਿਰੀਸ਼ ਗਯੋ ਢਿਗ ਬਿਸ਼ਨੂੰ॥੩੬॥

ਰਾਜੇ ਅੰਬਰੀਕ ਨੇ ਵਿਸ਼ਨੂੰ ਦਾ ਤਪਦਾ ਚੱਕਰ ਭਗਤ ਦੁਰਬਾਸ਼ਾ ਦੇ ਪਿੱਛੇ ਲਾ ਦਿੱਤਾ। ਅੰਗ ਨਾਲ ਸੜਨ ਦਾ ਡਰ ਕਰਕੇ ਦੁਰਬਾਸ਼ਾ ਭੱਜ ਉਠਿਆ। ਚੰਦ, ਸੂਰਜ ਅਤੇ ਇੰਦਰ ਪਾਸ ਬਚਾਅ ਵਾਸਤੇ ਗਿਆ, ਪਰ ਉਹ ਉਸ ਨੂੰ ਨਾ ਰੱਖ ਸਕੇ। ਫਿਰ ਬ੍ਰਹਮਾ, ਸ਼ਿਵਜੀ ਅਤੇ ਵਿਸ਼ਨੂੰ ਪਾਸ ਗਿਆ॥ ੩੬॥

ਇਕ ਛਿਨ ਰਾਖਿ ਸਕਯੋ ਨਹਿਂ ਕੋਊ। ਭੂਪ ਸ਼ਰਨ ਆਯੋ ਪੁਨ ਸੋਊ।
ਜਰਤਿ ਚੱਕ੍ਰ ਤੇ ਤਾਂਹਿ ਉਬਾਰਾ। ਇਉਂ ਸੰਤਨ ਕੀ ਸਿਫਤ ਅਪਾਰਾ॥੩੭॥

ਕੋਈ ਵੀ ਉਸ ਨੂੰ ਇਕ ਪਲ ਵੀ ਆਪਣੇ ਪਾਸ ਨਾ ਰੱਖ ਸਕਿਆ। ਅੰਤ ਰਾਜੇ ਅੰਬਰੀਕ ਦੀ ਸ਼ਰਨ ਵਿਚ ਆਇਆ। ਰਾਜੇ ਅੰਬਰੀਕ ਨੇ ਉਸ ਨੂੰ ਤਪਦੇ ਚਕਰ ਤੋਂ ਬਚਾਇਆ। ਇਸ ਤਰ੍ਹਾਂ ਸੰਤਾਂ ਦੀ ਸਿਫਤ ਅਪਾਰ ਹੈ॥ ੩੭॥

ਦੋਹਰਾ-ਕਰਨੋ ਏਕੰਕਾਰ ਜੋ, ਸੰਤ ਸੁ ਦੇਤਿ ਹਟਾਇ।
ਸੰਤਨ ਕੇ ਜੋ ਬਚਨ ਹੈਂ ਕੋਇ ਨ ਸਕਹਿ ਮਿਟਾਇ॥ ੩੮॥

ਜੋ ਪ੍ਰਭੂ ਕਰਦਾ ਹੈ, ਉਸ ਨੂੰ ਸੰਤ ਹਟਾ ਸਕਦੇ ਹਨ, ਪਰ ਸੰਤਾਂ ਦੇ ਬਚਨ ਨੂੰ ਕੋਈ ਵੀ ਮਿਟਾ ਨਹੀਂ ਸਕਦਾ ਹੈ'॥ ੩੮॥

ਚੌਪਈ- ਗੁਨਖਾਨੀ ਕੇ ਬੈਨਨ ਸੁਨਿਕੈ। ਬੰਦਨ ਕਰਿਹਂ ਚਰਨ, ਗੁਰ ਗੁਨਿ ਕੈ।
ਪੀਰ ਨਿਜ਼ਾਮਦੀਨ ਕਰ ਜੋਰੀ। ਬੋਲਯੋ ਹ੍ਵੈ ਕਰਿ ਦੀਨ ਬਹੋਰੀ॥ ੩੯॥

ਗੁਰੂ ਜੀ ਦੇ ਬਚਨ ਸੁਣ ਕੇ, ਗੁਰੂ ਜਾਣ ਕੇ ਚਰਨਾਂ ਤੇ ਬੰਦਨਾ ਕੀਤੀ, ਪੀਰ ਨਿਜ਼ਾਮਦੀਨ ਹੱਥ ਜੋੜ ਕੇ ਬਹੁਤ ਦੀਨ ਹੋ ਕੇ ਬੋਲਿਆ॥ ੩੯॥

'ਸਭਿ ਹੀ ਸ਼ਰਨ ਤੁਮਾਰੀ ਆਏ। ਅਬ ਪੁਨ ਕੁੰਚਰ ਦੇਹੁ ਜਿਵਾਏ।
ਤਵ ਖੁਦਾਇ ਮੈਂ ਭੇਦ ਨ ਕੋਊ। ਚਹਹੁ ਜੁ ਉਰ ਮਹਿਂ ਕਰਿ ਹੋ ਸੋਊ' ॥੪੦॥

ਸਾਰੇ ਤੁਹਾਡੀ ਸ਼ਰਨ ਆਏ ਹਨ, ਹੁਣ ਦੁਬਾਰਾ ਹਾਥੀ ਨੂੰ ਜੀਵਤ ਕਰ ਦੇਵੋ। ਤੁਹਾਡੇ ਅਤੇ ਖ਼ੁਦਾ ਵਿਚ ਕੋਈ ਭੇਦ ਨਹੀਂ ਹੈ। ਜੋ ਕੁਝ ਵੀ ਦਿਲ ਵਿਚ ਚਾਹੁੰਦੇ ਹੋ, ਉਹ ਹੀ ਹੁੰਦਾ ਹੈ॥ ੪੦॥

ਬੋਲੇ ਪ੍ਰਭੁ 'ਉਠਹੁ ਮਰਦਾਨਾ। ਛਿਰਕਹੁ ਜਲ ਤੁਮ ਲੇ ਨਿਜ ਪਾਨਾ।
ਕਹੇ ਪੀਰ ਕੇ ਅਬ ਕੀ ਵਾਰੀ। ਦੇਹਿਂ ਜਿਵਾਇ ਮਰਜੋ ਗਜ ਭਾਰੀ' ॥੪੧॥

ਗੁਰੂ ਜੀ ਬੋਲੇ, "ਹੇ ਮਰਦਾਨੇ ! ਉਠੋ, ਆਪਣੇ ਹੱਥਾਂ ਵਿਚ ਜਲ ਲੈ ਕੇ ਹਾਥੀ ਉਤੇ ਛਿੜਕੋ। ਪੀਰ ਦੇ ਕਹੇ ਕਾਰਨ ਇਸ ਵਾਰ ਮਰਿਆ ਹਾਥੀ ਜਿਵਾ ਦੇਵੇਂ" ॥ ੪੧॥

ਦੋਹਰਾ- ਉਠਤਿ ਭਯੋ ਤਤਕਾਲ ਪੁਨ ਜਲ ਲੇ, ਕਹਿ 'ਸਤਿਨਾਮ'।
ਛਿਰਕੇ ਤੇ ਜੀਵਯੋ ਤੁਰਤ ਜੋ ਕੁੰਚਰ ਅਭਿਰਾਮ॥ ੪੨॥

ਮਰਦਾਨਾ ਓਸੇ ਵੇਲੇ ਉੱਠ ਪਿਆ ਅਤੇ ਜਲ ਲੈ ਕੇ 'ਸਤਿਨਾਮ' ਕਿਹਾ। ਜਦ ਜਲ ਹਾਥੀ ਤੇ ਛਿੜਕਿਆ ਤਾਂ ਉਹ ਤੁਰਤ ਸੁੰਦਰ ਹਾਥੀ ਜੀਵਤ ਹੋ ਗਿਆ॥ ੪੨॥

ਚੌਪਈ- ਕੌਤਕ ਦੇਖਿ ਬਿਸਮ ਭੇ ਸਭਿਹੀ। ਬਾਰ ਬਾਰ ਬੰਦਹਿਂ ਪਦ ਤਬਿਹੀ।
ਕਹਿਨ ਲਗੇ 'ਨਿਜ ਦਿਹੁ ਉਪਦੇਸ਼ਾ। ਤੁਮ ਖ਼ੁਦਾਇ ਤਨ ਧਰਿ ਦਰਵੇਸ਼ਾ ॥੪੩॥

ਸਾਰੇ ਇਹ ਕੌਤਕ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਸਾਰੇ ਗੁਰੂ ਜੀ ਦੇ ਚਰਨਾਂ ਵਿਚ ਬੰਦਨਾ ਕਰਨ ਲੱਗੇ ਅਤੇ ਫਿਰ ਕਹਿਣ ਲੱਗੇ, "ਸਾਨੂੰ ਆਪਣਾ ਉਪਦੇਸ਼ ਦੇਵੋ, ਤੁਸੀ ਖ਼ੁਦਾ ਹੋ ਜਿਨ੍ਹਾਂ ਦਰਵੇਸ਼ ਦਾ ਸਰੀਰ ਧਾਰਨ ਕੀਤਾ ਹੈ॥ ੪੩॥

ਸ੍ਰੀਗੁਰ ਭਨੈਂ 'ਸੁਨਹੁ ਪਤਿਸ਼ਾਹਿ। ਧਰਮ ਨਜਾਇ ਕੀਜੈ ਚਿਤ ਚਾਹਿ।
ਕਾਜ਼ੀ! ਨਹਿਂ ਰਿਸ਼ਵਤ ਕਬ ਲੀਜੈ। ਰਾਖਹੁ ਧਰਮ ਨ ਕਿਹ ਦੁਖ ਦੀਜੈ ॥੪੪॥

ਗੁਰੂ ਜੀ ਨੇ ਕਿਹਾ, "ਹੇ ਬਾਦਸ਼ਾਹ ! ਸੁਣੋ, ਚਿਤ ਨਾਲ ਚਾਹ ਕੇ ਧਰਮ ਨਿਆਂ ਕਰੋ, ਕਾਜ਼ੀ ਕਦੇ ਵੀ ਰਿਸ਼ਵਤ ਨਾ ਲਵੇ, ਧਰਮ ਈਮਾਨ ਰੱਖੋ ਅਤੇ ਕਿਸੇ ਨੂੰ ਦੁੱਖ ਨਾ ਦੇਵੋ॥ ੪੪॥

ਸਤਿਸੰਗਤਿ ਮਿਲਿ ਸੇਵਾ ਕਰਨੀ। ਮਨ ਮਲੀਨਤਾ ਸਕਲੀ ਹਰਨੀ।
ਸੱਤਿਨਾਮ ਸਿਮਰਹੁ ਦਿਨ ਰਾਤੀ। ਹਿਰਦੇ ਸ਼ਰਧਾ ਧਰਿ ਭਲਿ ਭਾਂਤੀ ॥੪੫॥

ਸਤਿਸੰਗਤ ਵਿਚ ਮਿਲ ਕੇ ਸੇਵਾ ਕਰੋ, ਮਨ ਦੀ ਮੈਲ ਸਾਰੀ ਦੂਰ ਕਰੋ। ਸਤਿਨਾਮ ਦਾ ਦਿਨ ਰਾਤ ਸਿਮਰਨ ਕਰੋ ਅਤੇ ਹਰ ਸਮੇਂ ਹਿਰਦੇ ਵਿਚ ਚੰਗੀ ਤਰ੍ਹਾਂ ਸ਼ਰਧਾ ਧਾਰਨ ਕਰੋ॥ ੪੫॥

ਦੋਹਰਾ- ਹਿਤ ਖ਼ੁਦਾਇ ਦਸਵੰਧ ਦੇ ਕੀਜੇ ਧਰਮ ਨਿਆਇ।
ਗਤਿ ਪ੍ਰਾਪਤਿ ਹੋਵਹਿ ਤੁਮਹਿਂ ਇਸ ਬਿਧਿ ਕਿਰਤ ਕਮਾਇ' ॥ ੪੬॥

ਖ਼ੁਦਾ ਦੇ ਨਾਂ ਤੇ ਦਸਵੰਧ ਦੇਵੋ ਅਤੇ ਧਰਮ ਨਿਆਂ ਕਰੋ। ਤੁਹਾਨੂੰ ਮੁਕਤੀ ਪ੍ਰਾਪਤ ਹੋਵੇਗੀ, ਇਸ ਤਰ੍ਹਾਂ ਕਿਰਤ ਕਮਾਈ ਕਰੋ" ॥ ੪੬॥

ਚੌਪਈ- ਅਸ ਉਪਦੇਸ਼ ਦੀਨ ਤਿਨ ਨੀਕਾ। ਕਰਿ ਸੰਤੋਖ ਤਹਾਂ ਸਭਿ ਹੀ ਕਾ।
ਬਿਦਾ ਭਏ ਤਿਨ ਤੇ ਬਰਿਆਈ। ਗਮਨ ਕੀਨ ਮਾਰਗ ਜਗ ਸਾਈਂ ॥੪੭॥

ਇਸ ਤਰ੍ਹਾਂ ਉਨ੍ਹਾਂ ਨੂੰ ਚੰਗਾ ਉਪਦੇਸ਼ ਦਿੱਤਾ ਅਤੇ ਸਾਰਿਆਂ ਨੇ ਮਹਾਂ ਸੰਤੋਖ ਪ੍ਰਾਪਤ ਕੀਤਾ। ਉਨ੍ਹਾਂ ਪਾਸੋਂ ਫਿਰ ਵਿਦਾਇਗੀ ਲਈ ਅਤੇ ਗੁਰੂ ਜੀ ਆਪਣੇ ਨਵੇਂ ਮਾਰਗ ਤੇ ਚੱਲ ਪਏ॥ ੪੭॥

ਕੀਨ ਮਨੋਰਥ ਮਨ ਮਰਦਾਨੇ। ਮਮ ਮਨਤਾ ਕਿਮ ਹੋਇ ਮਹਾਨੇ।
ਮੁਝਕੋ ਬੰਦਹਿਂ ਸਭਿ ਨਰ ਨਾਰੀ। ਭੇਟਾ ਉੱਤਮ ਧਰਹਿਂ ਅਗਾਰੀ ॥੪੮॥

ਮਰਦਾਨੇ ਨੇ ਫਿਰ ਆਪਣੇ ਮਨ ਵਿਚ ਇਹ ਕਾਮਨਾ ਕੀਤੀ ਕਿ ਮੇਰੀ ਕਿਸ ਤਰ੍ਹਾਂ ਮਹਾਨ ਮਾਨਤਾ ਹੋਵੇ। ਸਾਰੇ ਨਰ ਨਾਰੀ ਮੈਨੂੰ ਨਮਸ਼ਕਾਰ ਕਰਨ ਅਤੇ ਉੱਤਮ ਭੇਟਾਵਾਂ ਮੇਰੇ ਅੱਗੇ ਰੱਖਣ॥ ੪੮॥

ਅੰਤਰਜਾਮੀ ਉਰ ਕੀ ਜਾਨੀ। ਮੁਸਕਤਿ ਮੰਦ ਕਹੀ ਮ੍ਰਿਦੁ ਬਾਨੀ।
'ਰਿਦੇ ਬਿਚਾਰਤਿ ਜੋ, ਤੁਮ ਆਵਹੁ। ਅੱਗ੍ਰਜ ਪੁਰਿ ਮਨਭਾਵਤਿ ਪਾਵਹੁ॥੪੯॥

ਅੰਤਰਜਾਮੀ ਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ, ਥੋੜ੍ਹਾ ਮੁਸਕਰਾ ਕੇ ਗੁਰੂ ਜੀ ਨੇ ਬਚਨ ਕੀਤੇ, "ਅਗਲੇ ਨਗਰ ਵਿਚ ਆਪਣੇ ਮਨ ਦੀਆਂ ਕਾਮਨਾਵਾਂ ਪੂਰੀਆਂ ਕਰ ਲਵੋ॥ ੪੯॥

ਇਹ ਸਭਿ ਕੂਰ ਕਾਜ ਨਹਿ ਸਰਿਈ। ਮੁਕਤਿ ਪੰਥ ਤੇ ਬਰਜਨ ਕਰਿਈ।
ਚਹਿਤ ਰਹੈਂ ਜਗ ਮਹਿਂ ਬਡਿਆਈ। ਅਲਪ ਕਾਲ ਜਿਸ ਬੀਚ ਰਹਾਈ॥੫੦॥

ਇਹ ਸਭ ਝੂਠੇ ਕਾਰਜ ਹਨ, ਇਨ੍ਹਾਂ ਤੋਂ ਕੋਈ ਕੰਮ ਨਹੀਂ ਸੋਰਦਾ, ਮੁਕਤੀ ਪੰਥ ਤੋਂ ਰੋਕਦੇ ਹਨ, ਉਸ ਜਗਤ ਵਿਚ ਵਡਿਆਈ ਚਾਹੁੰਦੇ ਹਨ, ਜਿਸ ਜਗਤ ਵਿਚ ਉਨ੍ਹਾਂ ਥੋੜ੍ਹਾ ਚਿਰ ਹੀ ਰਹਿਣਾ ਹੈ॥ ੫੦॥

ਜਹਿਂ ਜਾਵਨ ਲਹਿਨੋ ਸੁਖ ਭਾਰੀ। ਤਹਿਂ ਕੀ ਗਤਿ ਨਹਿਂ ਕਰਹਿਂ ਬਿਚਾਰੀ।
ਮਾਨਹੀਨ ਰਹਿ ਜਗ ਮਹਿਂ ਜੋਈ। ਚਹੈ ਮਾਨ ਪਰਲੋਕਹਿਂ ਸੋਈ'॥੫੧॥

ਜਿਸ ਅਗਲੇ ਜਗਤ ਵਿਚ ਜਾਣਾ ਹੈ ਅਤੇ ਭਾਰੀ ਸੁੱਖ ਲੈਣਾ ਹੈ, ਉਸ ਦੀ ਹਾਲਤ ਬਾਰੇ ਵਿਚਾਰ ਨਹੀਂ ਕਰਦੇ। ਇਸ ਜਗਤ ਵਿਚ ਜਿਹੜੇ ਨਿਮ੍ਰਤਾ ਸਹਿਤ ਰਹਿੰਦੇ ਹਨ, ਪਰਲੋਕ ਵਿਚ ਉਹ ਹੀ ਮਾਣ ਪ੍ਰਾਪਤ ਕਰਨਾ ਚਾਹੁੰਦੇ ਹਨ"॥ ੫੧॥

ਸੁਨਿਕੈ ਸਕੁਚਿ ਕਹਜੋ ਮਰਦਾਨੇ। 'ਹ੍ਵੈ ਕਰੁਨਾ ਤੁਮ, ਤਬ ਅਸ ਜਾਨੇਂ।
ਕਰਤਿ ਬਾਤ ਤਹਿਂ ਪੁਰਿ ਨਿਯਰਾਯਾ। ਪ੍ਰਭੁ ਬੈਠੇ ਪਿਖਿ ਇਕ ਤਰੁ ਛਾਯਾ॥੫੨॥

ਇਹ ਸੁਣ ਕੇ ਸ਼ਰਮਾ ਕੇ ਮਰਦਾਨੇ ਨੇ ਕਿਹਾ, "ਤੁਹਾਡੀ ਕਿਰਪਾ ਹੋਵੇ ਤਦ ਹੀ ਐਸਾ ਜਾਣਿਆ ਜਾਂਦਾ ਹੈ। ਇਹ ਗੱਲਾਂ ਕਰਦਿਆਂ ਨਗਰ ਨੇੜੇ ਆ ਗਿਆ, ਗੁਰੂ ਜੀ ਇਕ ਛਾਂਦਾਰ ਬ੍ਰਿਛ ਵੇਖ ਕੇ ਉਸ ਦੇ ਹੇਠਾਂ ਬੈਠ ਗਏ॥ ੫੨॥

ਦਈ ਨਿਦੇਸ਼ 'ਜਾਹੁ ਮਰਦਾਨੇ!। ਨਗਰ ਬਿਲੋਕਹੁ, ਹ੍ਵੈ ਮਨ ਭਾਨੇ'।
ਜਾਇ ਨ, ਬਹੁਰ ਪਠਜੋ ਬਰਿਆਈ। ਸ੍ਰੀ ਪ੍ਰਭੁ ਤੇ ਬਹੁਤੋ ਸਕੁਚਾਈ॥੫੩॥

ਨਿਰਦੇਸ਼ ਕੀਤਾ, "ਹੇ ਮਰਦਾਨੇ! ਜਾਵੋ ਅਤੇ ਜਿਵੇਂ ਤੁਹਾਡੇ ਮਨ ਨੂੰ ਭਾਵੇ, ਨਗਰ ਨੂੰ ਵੇਖ ਕੇ ਆਵੋ।" ਪਰ ਮਰਦਾਨਾ ਜਾਂਦਾ ਨਹੀਂ ਸੀ, ਜ਼ੋਰੋ-ਜ਼ੋਰੀ ਭੇਜਿਆ ਗਿਆ, ਮਰਦਾਨਾ ਗੁਰੂ ਜੀ ਤੋਂ ਬਹੁਤ ਸ਼ਰਮਾ ਰਿਹਾ ਸੀ॥ ੫੩॥

ਪੁਰਿ ਕੇ ਦਰ ਮਹਿਂ ਪ੍ਰਵਿਸ਼ਜੋ ਜਬਹੀ। ਮਾਨਵ ਦਰਸ ਕਰਹਿਂ ਤਿਹ ਤਬਹੀ।
ਆਨਿ ਉਪਾਇਨ ਧਰਹਿਂ ਅਗਾਰੀ। ਬੂਝਨ ਹੇਤੁ ਨ ਗਿਰਾ ਉਚਾਰੀ॥੫੪॥

ਮਰਦਾਨੇ ਨੇ ਨਗਰ ਦੇ ਦਰਵਾਜ਼ੇ ਵਿਚ ਜਦ ਪ੍ਰਵੇਸ਼ ਕੀਤਾ, ਮਨੁੱਖ ਉਸ ਦੇ ਦਰਸ਼ਨ ਕਰਨ ਵਾਸਤੇ ਆ ਗਏ। ਆ ਕੇ ਕਈ ਪ੍ਰਕਾਰ ਦੇ ਉਪਹਾਰ ਅੱਗੇ ਧਰ ਦਿੱਤੇ, ਪੁਛਣ ਲਈ ਕੁਝ ਵੀ ਨਾ ਬੋਲੇ॥ ੫੪॥

ਪਿਖਤਿ ਪਰਸਪਰ ਘਰ ਨਿਜ ਜਾਹੀਂ। ਨਾਨਾ ਬਿੰਜਨ ਆਨਹਿਂ ਪਾਹੀਂ।
ਰੁਚਿਰ ਸਥਲ ਬੈਠਜੋ ਮਰਦਾਨਾ। ਹੋਵਨ ਪੂਜਾ ਲਗੀ ਮਹਾਨਾ॥੫੫॥

ਆਪਸ ਵਿਚ ਵੇਖ-ਵੇਖ ਆਪਣੇ-ਆਪਣੇ ਘਰਾਂ ਨੂੰ ਜਾ ਰਹੇ ਸਨ, ਕਈ ਪ੍ਰਕਾਰ ਦੇ ਪਦਾਰਥ ਲਿਆਉਂਦੇ ਸਨ। ਸੁੰਦਰ ਸਥਾਨ ਤੇ ਮਰਦਾਨਾ ਬੈਠਿਆ ਸੀ, ਉਸ ਦੀ ਮਹਾਨ ਪੂਜਾ ਹੋਣ ਲੱਗੀ॥ ੫੫॥

ਬਹੁ ਰੰਗਨ ਕੇ ਬਸਤ੍ਰ ਅਮੋਲੇ। ਆਨ ਸਮਰਪਹਿਂ, ਕਛੁ ਨਹਿਂ ਬੋਲੇ।

ਕੇਤਿਕ ਦਰਬ ਚਢਾਵਹਿਂ ਆਨੀ। ਹੋਇ ਰਹੇ ਸੇਵਕ ਮਨ ਬਾਨੀ ॥੫੬॥

ਬਹੁਤ ਰੰਗਾਂ ਦੇ ਅਮੋਲਕ ਵਸਤਰ ਅਰਪਣ ਕਰਦੇ ਸਨ ਤੇ ਕੁਝ ਵੀ ਬੋਲਦੇ ਨਹੀਂ ਸਨ। ਕਈ ਆ ਕੇ ਧਨ ਚੜ੍ਹਾਉਂਦੇ ਸਨ ਅਤੇ ਮਨ ਅਤੇ ਬਚਨ ਕਰਕੇ ਸੇਵਕ ਹੋ ਰਹੇ ਸਨ॥ ੫੬॥

ਹਿੰਦੂ ਤੁਰਕ ਜਿ ਦੇਖਹਿਂ ਆਈ। ਮਹਾਂ ਪੁਰਖ ਲਖਿ ਪਰਿ ਹੈਂ ਪਾਈ।
ਸੁਨਹਿਂ ਅਪਰ ਤੇ ਅਪਰ ਜਿ ਮਾਨਵ। ਦੌਰਹਿਂ ਦੌਰ ਉਪਾਇਨ ਆਨਵ ॥੫੭॥

ਹਿੰਦੂ ਤੁਰਕ ਜਿਹੜੇ ਵੀ ਆ ਕੇ ਵੇਖਦੇ ਸਨ, ਮਹਾਂਪੁਰਖ ਸਮਝ ਕੇ ਪੈਰੀਂ ਪੈ ਜਾਂਦੇ ਸਨ। ਇਕ ਦੂਸਰੇ ਪਾਸੋਂ ਸੁਣ ਕੇ ਮਨੁੱਖ ਦੌੜ ਦੌੜ ਕੇ ਉਪਹਾਰ ਲੈ ਕੇ ਆ ਰਹੇ ਸਨ॥ ੫੭॥

ਕਹੈਂ ਕਿ 'ਸੰਤ ਬਡੋ ਹੈ ਕੋਈ। ਇਸ ਦਰਸ਼ਨ ਤੇ ਹਮ ਗਤਿ ਹੋਈ।
ਜੋ ਇਸ ਪਾਸ ਚਢਾਇਂ ਪਦਾਰਥ। ਸੋ ਹਮ ਜਾਨਹਿਂ ਹੋਇ ਸਕਾਰਥ' ॥੫੮॥

ਕਹਿ ਰਹੇ ਸਨ, "ਕੋਈ ਬਹੁਤ ਵੱਡਾ ਸੰਤ ਹੈ, ਇਸ ਦੇ ਦਰਸ਼ਨ ਕਰਨ ਨਾਲ ਸਾਡੀ ਗਤੀ ਹੋ ਜਾਵੇਗੀ, ਜਿਹੜਾ ਇਸ ਅੱਗੇ ਪਦਾਰਥ ਚੜ੍ਹਾਵੇਗਾ ਉਹ ਅਸੀਂ ਜਾਣਾਂਗੇ ਕਿ ਚੰਗੇ ਕਾਰਜ ਵਿਚ ਲੱਗਾ ਹੈ" ॥ ੫੮॥

ਲਾਗਜੋ ਅੰਬਰ ਕੇਰ ਅੰਬਾਰੂ। ਮਰਦਾਨੇ ਭਾ ਹਰਖ ਅਪਾਰੂ।
ਬੀਤ ਗਏ ਜਬਹੀ ਜੁਗ ਜਾਮਾ। ਉਠ੍ਯੋ ਤਬਹਿ ਭਾ ਪੂਰਨ ਕਾਮਾ ॥੫੯॥

ਵਸਤਰਾਂ ਦਾ ਢੇਰ ਲੱਗ ਗਿਆ, ਮਰਦਾਨਾ ਬਹੁਤ ਪ੍ਰਸੰਨ ਹੋਇਆ। ਜਦ ਦੋ ਪਹਿਰ ਬੀਤ ਗਏ, ਪੂਰਨ ਕੰਮ ਹੋ ਜਾਣ ਤੇ ਫਿਰ ਉਠ ਖਲੋਤਾ॥ ੫੯॥

ਮਾਨਵ ਕੇ ਉਚਵਾਯੋ ਸੀਸਾ। ਆਯੋ ਜਹਿਂ ਬੈਠੇ ਜਗਦੀਸ਼ਾ।
ਕਹਿਨ ਲਗ੍ਯੋ ਕਰਿ ਹਰਖ ਘਨੇਰੋ। 'ਦਾਸ ਭਯੋ ਸਗਰੋ ਪੁਰਿ ਮੇਰੋ ॥੬੦॥

ਸਾਰੀਆਂ ਵਸਤਾਂ ਇਕ ਮਨੁੱਖ ਦੇ ਸਿਰ ਤੇ ਚੁਕਾਈਆਂ ਅਤੇ ਓਥੇ ਆ ਗਿਆ ਜਿਥੇ ਗੁਰੂ ਜੀ ਬੈਠੇ ਸਨ। ਬਹੁਤ ਖੁਸ਼ ਹੋ ਕੇ ਕਹਿਣ ਲੱਗਾ, "ਸਾਰਾ ਨਗਰ ਮੇਰਾ ਸੇਵਕ ਹੋ ਗਿਆ ਹੈ॥ ੬੦॥

ਸਭਿ ਹੀ ਪੂਜਾ ਕੀਨਿ ਮਹਾਨਾ। ਬੰਦਹਿਂ ਪਦ ਭੇਟੈਂ ਧਰਿ ਨਾਨਾ।
ਕਿਨਹੁਂ ਨ ਬੂਝਨ ਕੀਨੋਂ ਮੋਹੀ। ਕਹਹਿਂ ਪਰਸਪਰ ਸੰਤ ਸੁ ਹੋਹੀ' ॥੬੧॥

ਸਾਰਿਆਂ ਨੇ ਮੇਰੀ ਮਹਾਨ ਪੂਜਾ ਕੀਤੀ ਹੈ, ਚਰਨਾਂ ਤੇ ਨਮਸਕਾਰ ਕਰਕੇ ਕਈ ਪ੍ਰਕਾਰ ਦੀਆਂ ਭੇਟਾਵਾਂ ਮੇਰੇ ਅੱਗੇ ਧਰੀਆਂ ਹਨ, ਕਿਸੇ ਨੇ ਮੈਨੂੰ ਪੁਛਿਆ ਨਹੀਂ, ਬਾਰ-ਬਾਰ ਕਹਿੰਦੇ ਸਨ ਇਹ ਕੋਈ ਮਹਾਨ ਸੰਤ ਹੈ" ॥ ੬੧॥

ਅਸ ਕਹਿ ਭੇਟ ਹੁਤੀ ਜੋ ਸਾਰੀ। ਸੋ ਧਰਿ ਦੀਨੀ ਗੁਰੂ ਅਗਾਰੀ।
ਬਿਗਸਤਿ ਮੁਖ ਤੇ ਬਚਨ ਬਖਾਨੇ। 'ਕੋ ਕੋ ਵਥ ਆਨੀ? ਮਰਦਾਨੇ! ॥੬੨॥

ਇਸ ਤਰ੍ਹਾਂ ਜਿੰਨੀ ਭੇਟ ਮਿਲੀ ਸੀ, ਉਹ ਗੁਰੂ ਜੀ ਅੱਗੇ ਧਰ ਦਿੱਤੀ। ਗੁਰੂ ਜੀ ਨੇ ਖੁਸ਼ ਹੋ ਕੇ ਮੁੱਖ ਤੋਂ ਬਚਨ ਕੀਤੇ, "ਹੇ ਮਰਦਾਨੇ ! ਕਿਹੜੀ ਕਿਹੜੀ ਵਸਤੂ ਲਿਆਇਆ ਹੈਂ ?॥ ੬੨॥

ਹਿਰਦੇ ਤੇਰੋ ਹਰਖ ਵਿਸ਼ੇਖਾ। ਬਦਨ ਪ੍ਰਫੁੱਲਿਤ ਅਤਿਸ਼ੈ ਦੇਖਾ'।
ਕਰ ਜੋਰੇ ਕਹਿ 'ਸੁਨਿ ਪ੍ਰਭੁ! ਮੋਰੇ। ਗਮਨ੍ਯੋ ਨਗਰ ਅਨੁੱਗ੍ਰਹੁ ਤੋਰੇ ॥੬੩॥

ਤੇਰੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਹੈ, ਮੁੱਖ ਤੇਰਾ ਬਹੁਤ ਖਿੜਿਆ ਹੋਇਆ ਵੇਖਿਆ ਹੈ"। ਹੱਥ ਜੋੜ ਕੇ ਮਰਦਾਨੇ ਕਿਹਾ, "ਹੇ ਮੇਰੇ ਪ੍ਰਭੂ ! ਸੁਣੋ, ਮੈਂ ਨਗਰ ਵਿਚ ਤੁਹਾਡੇ ਜ਼ੋਰ ਦੇਣ ਤੇ ਗਿਆ ਸੀ॥ ੬੩॥

ਜਿਉਂ ਰਾਵਰ ਨੈ ਬਚਨ ਬਖਾਨਾ। ਤਿਉਂ ਪੂਰਨ ਭਾ, ਹਰਖ ਮਹਾਨਾ।
ਸੁੰਦਰ ਬਹੁ ਅੰਬਰ ਮੈਂ ਲਜਾਯੋ। ਧਨ ਆਨਜੋ ਨਰ ਜਿਤੇ ਚਢਾਯੋ ॥੬੪ ॥

ਜਿਵੇਂ ਆਪ ਜੀ ਨੇ ਬਚਨ ਕੀਤਾ ਸੀ, ਉਸ ਤਰ੍ਹਾਂ ਪੂਰਨ ਮਹਾਨ ਖੁਸ਼ੀ ਹੋਈ ਹੈ। ਮੈਂ ਬਹੁਤ ਸੁੰਦਰ ਵਸਤਰ ਲਿਆਇਆ ਹਾਂ ਅਤੇ ਸਾਰਾ ਧਨ ਲਿਆਇਆ ਹਾਂ ਜਿਹੜਾ ਲੋਕਾਂ ਨੇ ਚੜ੍ਹਾਇਆ ਹੈ'' ॥ ੬੪ ॥

ਹੇਤੁ ਦਿਖਾਵਨ ਗਠੜੀ ਖੋਲੀ। ਦੇਖਹਿਂ ਪ੍ਰਭੁ ਵਸਤ ਬਹੁ ਮੋਲੀ।
ਦਸ਼ਾ ਦੇਖਿ ਮਰਦਾਨੇ ਕੇਰੀ। ਲੋਭ ਲਹਿਰ ਮੈਂ ਚਾਹਿ ਘਨੇਰੀ ॥ ੬੫ ॥

ਵਸਤਾਂ ਦਿਖਾਉਣ ਵਾਸਤੇ ਉਸ ਗਠੜੀ ਖੋਲ੍ਹੀ, ਗੁਰੂ ਜੀ ਨੇ ਅਮੋਲਕ ਵਸਤਾਂ ਵੇਖੀਆਂ। ਮਰਦਾਨੇ ਦੀ ਹਾਲਤ ਵੇਖੀ, ਜਿਸ ਵਿਚ ਲੋਭ ਲਹਿਰ ਦੀ ਚਾਹਤ ਬਹੁਤ ਜ਼ਿਆਦਾ ਸੀ॥ ੬੫ ॥

ਉੱਚ ਹਾਸ ਬਿਗਸੇ ਜਗਸਾਈਂ। ਕਿਤਿਕ ਬੇਰਿ ਪੁਨ ਗਿਰਾ ਅਲਾਈ।
'ਭਲਾ ਕਿਯੋ ਆਨਜੋ ਮਰਦਾਨੇ। ਆਵਹਿ ਕਿਤੈ ਨ ਕਾਜ ਅਯਾਨੇ! ॥੬੬ ॥

ਗੁਰੂ ਜੀ ਉੱਚੀ-ਉੱਚੀ ਹੱਸ ਕੇ ਬਹੁਤ ਖੁਸ਼ ਹੋਏ, ਕੁਝ ਸਮੇਂ ਬਾਅਦ ਫਿਰ ਬਚਨ ਕੀਤੇ, ''ਹੇ ਮਰਦਾਨੇ ! ਤੂੰ ਭਲਾ ਕੀਤਾ ਹੈ, ਇਹ ਵਸਤਾਂ ਲੈ ਕੇ ਆਇਆ ਹੈਂ, ਪਰ ਇਹ ਸਾਡੇ ਕਿਸੇ ਕੰਮ ਨਹੀਂ ਆਉਣੀਆਂ॥ ੬੬ ॥

ਮਾਨਿ ਬਚਨ ਅਬ ਇਸ ਬਿਧਿ ਕੀਜੈ। ਵਸਤੁ ਲੁਟਾਇ ਸਪੂਰਨ ਦੀਜੈ।
ਲੈਕੇ ਰੰਕ ਪਰਮ ਸੁਖ ਪਾਵਹਿਂ। ਤੇਰੋ ਸੀਸ ਅਸੀਸ ਅਲਾਵਹਿਂ ॥੬੭ ॥

ਮੇਰਾ ਬਚਨ ਮੰਨ ਕੇ ਹੁਣ ਇਸ ਤਰ੍ਹਾਂ ਕਰੋ, ਸਾਰੀਆਂ ਵਸਤਾਂ ਲੁਟਾ ਦੇਵੋ। ਗਰੀਬ ਲੋਕ ਲੈ ਕੇ ਪਰਮ ਸੁੱਖ ਪਾਉਣਗੇ, ਤੇਰੇ ਸਿਰ ਨੂੰ ਅਸੀਸਾਂ ਦੇਣਗੇ'' ॥ ੬੭ ॥

ਹਸਨੇ ਤੇ ਲੱਜਿਤਿ ਮਰਦਾਨਾ। ਰਿਦੈ ਗੁਨਤਿ ਮੈਂ ਭਯੋ ਅਯਾਨਾ।
ਹੇਮ ਧਰਾਦਿਕ ਜੇ ਸਭਿ ਚੀਨੇ। ਤਨਕ ਲੋਭ ਤਹਿਂ ਕਰਨ ਨ ਦੀਨੇ ॥੬੮ ॥

ਗੁਰੂ ਜੀ ਦੇ ਹੱਸਣ ਕਰਕੇ ਮਰਦਾਨਾ ਲੱਜਿਤ ਹੋ ਗਿਆ ਸੀ, ਆਪਣੇ ਹਿਰਦੇ ਵਿਚ ਸਮਝਦਾ ਹੈ, ਮੈਂ ਤਾਂ ਮੂਰਖ ਬਣ ਗਿਆ ਹਾਂ। ਸੋਨੇ ਦੀ ਧਰਤੀ ਅਤੇ ਪਹਾੜ ਆਦਿ ਵੀ ਵੇਖੇ ਹਨ, ਗੁਰੂ ਜੀ ਨੇ ਥੋੜਾ ਜਿਹਾ ਵੀ ਲੋਭ ਕਰਨ ਨਹੀਂ ਦਿੱਤਾ ਹੈ॥ ੬੮ ॥

ਇਹ ਕਹਾ ਅਲਪ ਵਸਤੁ ਮੈਂ ਆਨੀ। ਮਾਨ ਲੋਭ ਮਹਿਂ ਮਤਿ ਬਿਰਮਾਨੀ।
ਖਰੇ ਰੰਕ ਅਵਲੋਕੇ ਪਾਸੂ। ਸਰਬ ਵਸਤੁ ਲੁਟਵਾਈ ਆਸੂ ॥ ੬੯ ॥

ਇਹ ਕਿਹੜੀਆਂ ਛੋਟੀਆਂ-ਛੋਟੀਆਂ ਵਸਤਾਂ ਮੈਂ ਲਿਆਂਦੀਆਂ ਹਨ, ਮਾਣ ਲੋਭ ਵਿਚ ਮੱਤ ਭੁੱਲ ਗਈ। ਪਾਸ ਖੜੇ ਲੋਕ ਵੇਖ ਰਹੇ ਸਨ, ਸਾਰੀਆਂ ਵਸਤਾਂ ਉਨ੍ਹਾਂ ਵਿਚ ਵੰਡ ਦਿੱਤੀਆਂ॥ ੬੯ ॥

ਬ੍ਰਿਕਤ ਪਦਾਰਥ ਤੇ ਮਨ ਕਰਿਕੈ। ਰਹਯੋ ਟੇਕ ਸਤਿਗੁਰ ਕੀ ਧਰਿਕੈ।
ਬਹੁਰ ਬਿਕਾਰ ਨ ਚਿਤਵਨ ਕੀਨੇ। ਸਤਿ ਸੰਤੋਖ ਬਿਖੈ ਮਨ ਦੀਨੇ ॥੭੦ ॥

ਪਦਾਰਥਾਂ ਤੋਂ ਮਨ ਤਿਆਗੀ ਬਣਾ ਕੇ, ਸਤਿਗੁਰੂ ਦੀ ਟੇਕ ਧਾਰਨ ਕਰਕੇ ਰਹਿ ਗਿਆ। ਫਿਰ ਕੋਈ ਵਿਕਾਰ ਮਨ ਵਿਚ ਚਿਤਵਨ ਨਾ ਕੀਤਾ ਅਤੇ ਸਤ ਸੰਤੋਖ ਵਿਚ ਮਨ ਨੂੰ ਟਿਕਾ ਲਿਆ॥ ੭੦ ॥

ਚਲੇ ਪ੍ਰਭੁ ਪੁਨ ਇਸ ਬਿਧਿ ਕਰਿ ਕੈ। ਅਦਭੁਤ ਬੇਖ ਤਨ ਬਿਖੈ ਧਰਿਕੈ।
ਕੇਸਰ ਤਿਲਕ ਭਾਲ ਮਹਿਂ ਲਾਲਾ। ਸਿਰ ਪਰ ਊਰਧ ਕੁਲਹਿ ਬਿਸਾਲਾ ॥੭੧ ॥

ਫਿਰ ਗੁਰੂ ਜੀ ਇਸ ਤਰ੍ਹਾਂ ਕਰਕੇ ਅੱਗੇ ਚਲ ਪਏ, ਅਦਭੁਤ ਭੇਖ ਤਨ ਤੇ ਧਾਰਨ ਕੀਤਾ, ਕੇਸਰ ਦਾ ਤਿਲਕ ਮੱਥੇ ਤੇ ਲਾ ਲਿਆ ਤੇ ਬੜੀ ਉੱਚੀ ਟੋਪੀ ਸਿਰ ਤੇ ਪਾ ਲਈ॥ ੭੧॥

ਭਗਵੇ ਅੰਬਰ ਊਪਰ ਲੀਨਾ। ਨੀਲੋ ਤੇੜ ਲਪੇਟਨ ਕੀਨਾ।
ਮਾਲ ਬਿਸ਼ਾਲ ਕੰਠ ਮਹਿਂ ਪਾਈ। ਇਕ ਰੁਮਾਲ ਕਰ ਮਾਂਹਿ ਸੁਹਾਈ॥੭੨॥

ਭਗਵਾ ਕਪੜਾ ਉਪਰ ਲੈ ਲਿਆ ਅਤੇ ਨੀਲਾ ਚਾਦਰਾ ਤੇੜ ਬੰਨ੍ਹ ਲਿਆ। ਇਕ ਵੱਡੀ ਮਾਲਾ ਗਲ ਵਿਚ ਪਾ ਲਈ ਅਤੇ ਇਕ ਰੁਮਾਲ ਹੱਥ ਵਿਚ ਸ਼ੋਭ ਰਿਹਾ ਸੀ॥ ੭੨॥

ਦੋਹਰਾ- ਇਕ ਪਗ ਪਨਹੀ ਨੋਕ ਬਡ ਇਕ ਪਗ ਕੌਂਸ ਟਿਕਾਇ।
ਹਿੰਦੂ ਤੁਰਕ ਨ ਲਖਿ ਪਰੈਂ ਐਸੋ ਬੇਖ ਬਨਾਇ॥ ੭੩॥

ਇਕ ਪੈਰ ਵਿਚ ਵੱਡੀ ਨੋਕ ਵਾਲੀ ਜੁੱਤੀ ਪਾ ਲਈ ਅਤੇ ਇਕ ਪੈਰ ਵਿਚ ਖੜਾਂਵ ਪਾ ਲਈ। ਨਾ ਹਿੰਦੂ, ਨਾ ਮੁਸਲਮਾਨ ਲੱਗਦੇ ਸਨ, ਐਸਾ ਭੇਸ ਬਣਾ ਲਿਆ ਸੀ॥ ੭੩॥

ਚੌਪਈ- ਸੁੰਦਰ ਸ਼ਮਸ਼ ਸਿਤਾਸਿਤ ਸੋਹੈ। ਬੋਲਤਿ ਗੁਨੀਅਨ ਕੇ ਮਨ ਮੋਹੈਂ।
ਤੁਰਕ ਮਿਲੈ ਕੋ ਸੰਸੈ ਕਰਿਈ। ਤੁਰਕੀ ਰੀਤ ਜਵਾਬ ਉਚਰਿਈ॥੭੪॥

ਸੁੰਦਰ ਚਿੱਟਾ ਤੇ ਕਾਲਾ ਦਾੜ੍ਹਾ ਸ਼ੋਭ ਰਿਹਾ ਸੀ, ਬੋਲ ਕੇ ਵੱਡੇ-ਵੱਡੇ ਗੁਣਵਾਨਾਂ ਦੇ ਮਨ ਮੋਹਦੇ ਸਨ। ਕੋਈ ਤੁਰਕ ਮਿਲ ਕੇ ਜੇ ਸ਼ੰਕਾ ਕਰਦਾ ਸੀ ਤਾਂ ਤੁਰਕੀ ਰੀਤੀ ਅਨੁਸਾਰ ਉਸ ਨੂੰ ਉੱਤਰ ਦਿੰਦੇ ਸਨ॥ ੭੪॥

ਹਿੰਦੂ ਆਇ ਬੂਝਿਹੈ ਕੋਊ। ਉੱਤਰ ਪਾਇ ਹਿੰਦੁ ਕਾ ਸੋਊ।
ਮਨੁਜਨ ਤੇ ਕਛੁ ਜਾਇ ਨ ਜਾਨਾ। ਕੀਨ ਬੇਖ ਅਸ ਸ੍ਰੀ ਸੁਖਦਾਨਾ॥੭੫॥

ਜੇ ਕੋਈ ਹਿੰਦੂ ਆ ਕੇ ਪੁਛਦਾ ਸੀ, ਉਹ ਹਿੰਦੂਆਂ ਵਾਲਾ ਉਤਰ ਪਾਉਂਦਾ ਸੀ। ਮਨੁੱਖਾਂ ਪਾਸੋਂ ਜਾਣਿਆ ਨਹੀਂ ਸੀ ਜਾਂਦਾ, ਗੁਰੂ ਜੀ ਨੇ ਅਜੇਹਾ ਭੇਸ ਧਾਰਨ ਕੀਤਾ ਹੋਇਆ ਸੀ॥ ੭੫॥

ਮਾਰਗ ਚਲੇ ਜਾਹਿਂ ਜਗਤੇਸ਼ਾ। 'ਸਿਮਰਹੁ ਨਾਮ' ਦੇਹਿਂ ਉਪਦੇਸ਼ਾ।
'ਬਿਖੈ ਬਿਕਾਰਨ ਸਰਬ ਬਿਹਾਈ। ਸਤਿ ਸੰਗਤਿ ਸੇਵਹੁ ਮਨ ਲਾਈ'॥੭੬॥

ਗੁਰੂ ਜੀ ਰਾਹੇ ਰਾਹ ਚਲੇ ਜਾ ਰਹੇ ਸਨ ਅਤੇ "ਨਾਮ ਦਾ ਸਿਮਰਨ' ਕਰੋ ਦਾ ਉਪਦੇਸ਼ ਦਿੰਦੇ ਸਨ, "ਸਾਰੇ ਵਿਸ਼ੇ ਵਿਕਾਰ ਛੱਡ ਦੇਵੋ ਅਤੇ ਸਤਸੰਗਤਿ ਵਿਚ ਮਨ ਲਾ ਕੇ ਸਿਮਰਨ ਕਰੋ"॥ ੭੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਦਿੱਲੀ ਅਰ ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਇਕਵਿੰਸਮੋ ਅਧਯਾਯ॥ ੨੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇਕੀਵਾਂ ਅਧਿਆਇ, ਜਿਸ ਦਾ ਨਾਮ 'ਦਿੱਲੀ ਵਿਖੇ ਹਾਥੀ ਜਿਵਾਲਣਾ ਅਤੇ ਮਰਦਾਨੇ ਦੀ ਪੂਜਾ' ਹੈ, ਸਮਾਪਤ ਹੋਇਆ॥੨੧॥

# ਅਧਿਆਇ ਬਾਈਵਾਂ

## ਬ੍ਰਾਹਮਣ ਉਧਾਰ ਅਤੇ ਪਿੰਡਾਂ ਦਾ ਪ੍ਰਸੰਗ

ਦੋਹਰਾ- ਹੇ ਮਨ ਬੰਦਨ ਤੁਹਿ ਕਰੌਂ ਤਜਿਕੈ ਸਰਬ ਬਿਕਾਰ।
ਸ੍ਰੀ ਸਤਿਗੁਰ ਕੀ ਸ਼ਰਨ ਪਰਿ, ਭਵ ਤੇ ਹ੍ਵੈ ਨਿਸਤਾਰ॥ ੧॥

ਹੇ ਮੇਰੇ ਮਨ! ਮੈਂ ਤੈਨੂੰ ਵੀ ਨਮਸ਼ਕਾਰ ਕਰਦਾ ਹਾਂ, ਹੁਣ ਤੂੰ ਮੇਰੀ ਲਾਜ ਇਸ ਤਰ੍ਹਾਂ ਰੱਖ ਕਿ ਨਿਰਵਿਕਾਰ ਹੋ ਕੇ ਸ੍ਰੀ ਸਤਿਗੁਰ ਜੀ ਦੀ ਸ਼ਰਨ ਪੈ ਜਾ, ਤਾਂ ਜੋ ਸੰਸਾਰ ਤੋਂ ਨਿਸਤਾਰਾ ਪ੍ਰਾਪਤ ਹੋ ਜਾਵੇ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਅੰਗਦ ਸ੍ਰੇਸ਼ਟ ਗੁਨਖਾਨੀ!। ਸੁੰਦਰ ਕਥਾ ਸੁਨਹੁ ਸੁਖਦਾਨੀ।
ਬਿਚਰਤਿ ਬਹੁਰ ਬੇਖ ਅਸ ਧਰਿਕੈ। ਲੋਕਨ ਕੋ ਕਲਿਆਨ ਬਿਚਰਿਕੈ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਤੁਸੀਂ ਸ੍ਰੇਸ਼ਟ ਗੁਣਾਂ ਦੀ ਖਾਣ ਹੋ। ਹੇ ਸੁਖ ਦਾਤੇ! ਸੁੰਦਰ ਕਥਾ ਸੁਣੋ। ਗੁਰੂ ਜੀ ਇਸ ਤਰ੍ਹਾਂ ਦਾ ਬਹੁ ਰੰਗੀ ਭੇਸ ਧਾਰਨ ਕਰਕੇ ਫਿਰ ਰਹੇ ਸਨ, ਲੋਕਾਂ ਦੇ ਕਲਿਆਣ ਦਾ ਵਿਚਾਰ ਉਨ੍ਹਾਂ ਨੇ ਮਨ ਵਿਚ ਬਣਾਇਆ ਹੋਇਆ ਸੀ॥ ੨॥

ਰਾਮਤਿ ਕਰਤੇ ਸਹਿਜ ਸੁਭਾਏ। ਲਵਪੁਰਿ ਮਾਂਹੀ ਚਲਿ ਕਰਿ ਆਏ।
ਹੁਤੋ ਕਸਾਬਪੁਰਾ ਜਿਹ ਥਾਨਾ। ਤਹਾਂ ਠਾਂਢਿ ਭੇ ਕ੍ਰਿਪਾਨਿਧਾਨਾ॥ ੩॥

ਚਲਦੇ-ਚਲਦੇ ਸਹਿਜ ਸੁਭਾਅ ਲਾਹੌਰ ਸ਼ਹਿਰ ਵਿਚ ਚਲ ਕੇ ਆ ਗਏ, ਜਿਥੇ ਬੁਚੜਖਾਨਾ ਸਥਿਤ ਸੀ। ਕਿਰਪਾ ਨਿਧਾਨ ਗੁਰੂ ਜੀ ਓਥੇ ਜਾ ਖੜੇ ਹੋਏ॥ ੩॥

ਗੋ ਬਧ ਮਹਾਂ ਪਾਪ ਅਵਲੋਕਾ। ਪੁਰਾ ਤੁਰਕ ਤਪ ਲਖਿ ਰਿਸ ਰੋਕਾ।
ਨਾਤੁਰ ਨਾਸ਼ ਕਰਨ ਇਛ ਧਾਰੀ। ਤਦਪਿ ਕ੍ਰੋਧ ਸੌਂ ਗਿਰਾ ਉਚਾਰੀ॥੪॥

ਗਊ ਹਤਿਆ ਦੇ ਹੋ ਰਹੇ ਮਹਾਂ ਪਾਪ ਨੂੰ ਵੇਖਿਆ। ਤੁਰਕਾਂ ਦੇ ਪਿਛਲੇ ਜਨਮ ਦੇ ਤਪ ਨੂੰ ਸਮਝ ਕੇ, ਆਪਣਾ ਗੁੱਸਾ ਰੋਕਿਆ, ਨਹੀਂ ਤਾਂ ਨਾਸ਼ ਕਰਨ ਦੀ ਇਛਾ ਧਾਰਨ ਕੀਤੀ ਹੋਈ ਸੀ, ਫਿਰ ਗੁੱਸੇ ਵਿਚ ਬੋਲੇ॥ ੪॥

*ਸਲੋਕ ਵਾਰਾਂ ਤੇ ਵਧੀਕ ਮਹਲਾ ੧॥*

*ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ ੨੭॥* *(ਪੰਨਾ ੧੪੧੨)*

ਸਵਾ ਤਿੰਨ ਘੰਟੇ ਲਈ ਗੁੱਸੇ ਅਤੇ ਜੁਲਮ ਨੇ ਲਾਹੌਰ ਸ਼ਹਿਰ ਦਾ ਸਤਿਆਨਾਸ ਕਰ ਦਿੱਤਾ॥ ੨੭॥

ਚੌਪਈ- ਅਸ ਕਹਿ ਬੋਲੇ ਬਚਨ ਬਹੋਰੂ। 'ਸੁਨਿ ਬਾਲੇ! ਅਬ ਤੁਰਕਨ ਜੋਰੂ।
ਦਸਵਾਂ ਜਾਮਾਂ ਪਹਿਰੌਂ ਜਬਹੀ। ਧਰਮ ਪੰਥ ਪ੍ਰਗਟਾਵੌਂ ਤਬਹੀ॥ ੫॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਬਚਨ ਕੀਤੇ, "ਹੇ ਬਾਲੇ! ਸੁਣ, ਹੁਣ ਤੁਰਕਾਂ ਦਾ ਜ਼ੋਰ ਹੈ, ਜਦ ਮੈਂ ਦਸਵਾਂ ਜਾਮਾ ਪਹਿਨਾਂਗਾ ਤਦ ਧਰਮ ਦਾ ਪੰਥ ਪ੍ਰਗਟ ਕਰਾਂਗਾ॥ ੫॥

ਆਯੁਧ ਧਰਿ ਕੈ ਜੁੱਧ ਮਚਾਵਹਿਂ। ਤੁਰਕਨ ਕੀ ਸਭਿ ਸਫਾ ਉਠਾਵਹਿਂ।
ਮਹਾਂ ਪਾਪ ਸੋ ਦੇਹਿਂ ਹਟਾਈ। ਧਰਮ ਨੀਤਿ ਯੁਤ ਰਾਜ ਭੁੰਚਾਈ॥੬॥

ਸ਼ਸਤਰ ਧਾਰਨ ਕਰਕੇ ਯੁੱਧ ਕਰਾਂਗਾ, ਸਭ ਤੁਰਕਾਂ ਦਾ ਸਫ਼ਾਇਆ ਕਰ ਦੇਵਾਂਗਾ, ਇਨ੍ਹਾਂ ਨੂੰ ਮਹਾਂ ਪਾਪ ਕਰਨ ਤੋਂ ਹਟਾ ਦੇਵਾਂਗਾ, ਧਰਮ ਨੀਤੀ ਅਨੁਸਾਰ ਰਾਜ ਭੁਗਾਵਾਂਗਾ॥ ੬॥

ਨਹਿਂ ਠਹਿਰੋ ਅਬ, ਚਲਿ ਮਰਦਾਨਾ!'। ਨਿਕਸੇ ਵਹਿਰ ਗਏ ਇਕ ਥਾਨਾ।
ਇਕ ਦਿਜ ਦੰਭੀ ਹੁਤੋ ਅਗਾਰੀ। ਬਹੁ ਪਖੰਡ ਜਿਨ ਕੀਨ ਸਵਾਰੀ॥੭॥

ਹੇ ਮਰਦਾਨਾ! ਹੁਣ ਏਥੇ ਨਾ ਠਹਿਰੋ।'' ਸ਼ਹਿਰ ਤੋਂ ਬਾਹਰ ਨਿਕਲ ਕੇ ਇਕ ਥਾਂ ਚਲੇ ਗਏ। ਅੱਗੇ ਇਕ ਪਖੰਡੀ ਬ੍ਰਾਹਮਣ ਰਹਿੰਦਾ ਸੀ, ਜਿਸ ਨੇ ਸਵਾਰ ਕੇ ਬਹੁਤ ਪਖੰਡ ਅਤੇ ਦੰਭ ਕੀਤੇ ਸਨ॥ ੭॥

ਗੋਬਰ ਸੋਂ ਧਰ ਲੀਪ ਬਨਾਈ। ਬਹੁਰੋ ਊਪਰ ਕੁਸ਼ਾ ਡਸਾਈ।
ਬਸਤ੍ਰ ਉਤਾਰਿ ਕੀਨ ਇਸ਼ਨਾਨੇ। ਦ੍ਵਾਦਸ਼ ਤਨ ਮਹਿਂ ਤਿਲਕ ਲਗਾਨੇ॥੮॥

ਗੋਬਰ ਦਾ ਪਹਿਲਾਂ ਪੋਚਾ ਫੇਰਿਆ, ਫਿਰ ਉਸ ਉਪਰ ਦੱਭ ਵਿਛਾਈ। ਬਸਤਰ ਉਤਾਰ ਕੇ ਇਸ਼ਨਾਨ ਕੀਤਾ ਅਤੇ ਸਰੀਰ ਉਤੇ ਬਾਰ੍ਹਾਂ ਤਿਲਕ ਲਗਾਏ॥ ੮॥

ਰਾਖੇ ਸਾਲਗਰਾਮ ਅਗਾਰੀ। ਪੂਜਨ ਕੀਨ ਸੰਭਾਰ ਸੰਭਾਰੀ।
ਲੇ ਕਰਿ ਘੰਟਾ ਹਾਥ ਬਜਾਵਾ। ਬਾਰ ਬਾਰ ਧਰ ਪਰ ਸਿਰ ਲਾਵਾ॥ ੯॥

ਅੱਗੇ ਸਾਲਗਰਾਮ ਰਖਿਆ ਅਤੇ ਬੜੀ ਸੰਭਾਲ ਸੰਭਾਲ ਕੇ ਪੂਜਾ ਕੀਤੀ; ਹੱਥ ਵਿਚ ਘੰਟਾ ਲੈ ਕੇ ਵਜਾਇਆ, ਬਾਰ-ਬਾਰ ਧਰਤੀ ਨੂੰ ਸਿਰ ਲਾਇਆ॥ ੯॥

ਬਹੁਰੋ ਮਾਲਾ ਲੀਨੀ ਪਾਨਾ। ਨੈਨ ਮੂੰਦ ਬੈਠਜੇ ਬਕ ਧ੍ਯਾਨਾ।
ਦੇਖਿ ਮੰਜਾਰ ਲਜਾਵਹਿ ਜਾਂਹੀ। ਮਾਯਾ ਕੋ ਲਾਲਚ ਮਨ ਮਾਂਹੀ॥੧੦॥

ਫਿਰ ਮਾਲਾ ਨੂੰ ਹੱਥ ਵਿਚ ਫੜਿਆ ਅਤੇ ਅੱਖਾਂ ਮੀਟ ਕੇ ਬਗਲੇ ਵਾਂਗ ਧਿਆਨ ਲਾ ਕੇ ਬੈਠ ਗਿਆ। ਬਿੱਲਾ ਵੀ ਉਸ ਵੱਲ ਵੇਖ ਕੇ ਸ਼ਰਮਿੰਦਾ ਹੁੰਦਾ ਸੀ, ਉਸ ਦੇ ਮਨ ਵਿਚ ਮਾਇਆ ਵਾਸਤੇ ਬਹੁਤ ਲਾਲਚ ਸੀ॥ ੧੦॥

ਬਹੁ ਨਰ ਆਇ ਬੰਦਨਾਂ ਕਰਿਹੀਂ। ਯਥਾ ਸ਼ਕਤਿ ਤਿਹ ਭੇਟਾ ਧਰਿਹੀਂ।
ਸ੍ਰੀ ਨਾਨਕ ਤਿਹ ਉਰ ਕੀ ਜਾਨੀ। ਬੋਲੇ ਦੰਭ ਹਾਨ ਕੀ ਬਾਨੀ॥੧੧॥

ਬੜੇ ਮਨੁੱਖ ਆ ਕੇ ਬੰਦਨਾ ਕਰਦੇ ਸਨ ਅਤੇ ਸ਼ਕਤੀ ਅਨੁਸਾਰ ਅੱਗੇ ਭੇਟਾਵਾਂ ਧਰਦੇ ਸਨ। ਗੁਰੂ ਨਾਨਕ ਜੀ ਨੇ ਉਸ ਦੇ ਦਿਲ ਦੀ ਗੱਲ ਜਾਣੀ। ਪਖੰਡ ਦੂਰ ਕਰਨ ਦੀ ਬਾਣੀ ਬੋਲੀ॥ ੧੧॥

'ਹੇ ਦਿਜ! ਧ੍ਯਾਨ ਕਾਹਿ ਕੋ ਧਾਰੀ। ਸਾਲਗਰਾਮ ਤੁਮਾਰ ਅਗਾਰੀ।
ਅਪਨੋ ਇਸ਼ਟ ਸਮੀਪ ਨ ਹੋਈ। ਤੋ ਹਿਤ ਧ੍ਯਾਨ ਮੁੰਦੈ ਚਖੁ ਦੋਈ॥੧੨॥

ਹੇ ਬ੍ਰਾਹਮਣ! ਕਾਹਦੇ ਵਾਸਤੇ ਧਿਆਨ ਲਾਇਆ ਹੈ। ਸਾਲਗਰਾਮ (ਠਾਕਰ) ਨੂੰ ਤੂੰ ਅੱਗੇ ਰਖਿਆ ਹੈ, ਜੇ ਆਪਣਾ ਇਸ਼ਟ ਨੇੜੇ ਨਾ ਹੋਵੇ ਤਾਂ ਉਸ ਵਾਸਤੇ ਦੋਵੇਂ ਅੱਖਾਂ ਬੰਦ ਕਰਕੇ ਕੋਈ ਧਿਆਨ ਲਾਵੇ॥ ੧੨॥

ਦ੍ਰਿਸ਼ਟਿ ਹਜ਼ੂਰ ਸੁ ਪ੍ਰਤਿਮਾ ਤੇਰੀ। ਤੈਂ ਲੋਚਨ ਕਿਉਂ ਮੂੰਦਹਿ ਫੇਰੀ?'।
ਤਬ ਦਿਜ ਬੋਲਜੋ ਪਾਖੰਡ ਰਾਤਾ। 'ਸੁਨਹੁ ਫਕੀਰ! ਤੁਮਹਿਂ ਨਹਿਂ ਗ੍ਯਾਤਾ॥੧੩॥

ਪਰ ਤੇਰੀ ਨਜ਼ਰ ਦੇ ਸਾਹਮਣੇ ਮੂਰਤੀ ਪਈ ਹੈ, ਫਿਰ ਤੂੰ ਅੱਖਾਂ ਕਿਉਂ ਬੰਦ ਕਰ ਰਿਹਾ ਹੈਂ?'' ਤਦ ਪਖੰਡ ਵਿਚ ਰੱਤਿਆ ਬ੍ਰਾਹਮਣ ਬੋਲਿਆ, ''ਹੇ ਫਕੀਰ! ਸੁਣੋ, ਤੂੰ ਨਹੀ ਜਾਣਦਾ॥ ੧੩॥

ਪ੍ਰਤਿਮਾ ਕੀ ਸੇਵਾ ਕਰਿ ਲੀਨੀ। ਬਾਰ ਬਾਰ ਧਰ ਬੰਦਨ ਦੀਨੀ।
ਨੈਨ ਮੂੰਦ ਜਬਹੀ ਬ੍ਰਿਤਿ ਰੋਕੀ। ਹੋਵਤਿ ਹੈ ਸੁਧ ਮੁਝਹਿ ਤ੍ਰਿਲੋਕੀ ॥੧੪॥

ਮੂਰਤੀ ਦੀ ਮੈਂ ਪੂਜਾ ਕਰ ਲਈ ਹੈ, ਬਾਰ-ਬਾਰ ਧਰਤੀ ਤੇ ਬੰਦਨਾ ਕੀਤੀ ਹੈ, ਅੱਖਾਂ ਬੰਦ ਕਰਕੇ ਜਦ ਮੈਂ ਆਪਣੀ ਬ੍ਰਿਤੀ ਨੂੰ ਰੋਕਦਾ ਹਾਂ ਤਾਂ ਮੈਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ' ॥ ੧੪॥

ਅਸ ਕਹਿ ਬੈਠਯੋ ਲਾਇ ਧਿਆਨਾ। ਲੋਕ ਦਿਖਾਵਾ ਮਨਿ ਅਤਿ ਮਾਨਾ।
ਧਨ ਕੋ ਲਾਲਚ ਬਧੈ ਬਧੇਰਾ। ਜਿਉਂ ਆਵਹਿ ਤਿਉਂ ਚਹੈ ਘਨੇਰਾ ॥੧੫॥

ਇਸ ਤਰ੍ਹਾਂ ਕਹਿ ਕੇ ਧਿਆਨ ਲਾ ਕੇ ਬੈਠ ਗਿਆ, ਲੋਕ-ਵਿਖਾਵੇ ਦਾ ਮਨ ਵਿਚ ਬਹੁਤ ਹੰਕਾਰ ਸੀ। ਧਨ ਦਾ ਲਾਲਚ ਬਹੁਤ ਵਧਿਆ ਸੀ, ਜਿਸ ਤਰ੍ਹਾਂ ਵੀ ਆਵੇ ਉਸ ਤਰ੍ਹਾਂ ਹੀ ਉਹ ਪ੍ਰਾਪਤ ਕਰਨਾ ਚਾਹੁੰਦਾ ਸੀ॥ ੧੫॥

ਕੁਮਤਿ ਕਦਨ ਕੇ ਸ੍ਰੀ ਜਗ ਸਾਈਂ। ਠਾਕਰ ਚੌਂਕੀ ਦੀਨ ਉਡਾਈ।
ਏਕ ਮਹੂਰਤ ਬੀਤੇ ਪਾਛੇ। ਬਿੱਪ੍ਰ ਬਿਲੋਕਨ ਲਾਗਯੋ ਆਛੇ॥ ੧੬॥

ਭੈੜੀ ਮੱਤ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਉਸ ਦੇ ਅੱਗੋਂ ਮੂਰਤੀ ਵਾਲੀ ਚੌਕੀ ਹੀ ਉਡਾ ਦਿੱਤੀ। ਇਕ ਘੜੀ ਬਾਅਦ ਬ੍ਰਾਹਮਣ ਚੰਗੀ ਤਰ੍ਹਾਂ ਵੇਖਣ ਲੱਗ ਗਿਆ॥ ੧੬॥

ਠਾਕੁਰ ਚੌਂਕੀ ਜਬਹਿ ਨ ਪਾਈ। ਕਰਤਿ ਬ੍ਰਿਲਾਪ ਰਹਯੋ ਘਿਘਿਆਈ।
ਚਿੰਤਾਤੁਰ ਹ੍ਵੈ ਲੋਕਨ ਪੂਛਾ। ਦੀਨੋ ਉੱਤਰ ਸਭਿਨੈ ਛੂਛਾ॥ ੧੭॥

ਜਦ ਮੂਰਤੀ ਵਾਲੀ ਚੌਕੀ ਓਥੇ ਨਾ ਵੇਖੀ, ਵਿਰਲਾਪ ਕਰ ਕਰ ਕੇ ਤਰਲੇ ਕੱਢਣ ਲੱਗਾ। ਬਹੁਤ ਘਬਰਾ ਕੇ ਲੋਕਾਂ ਨੂੰ ਪੁਛਣ ਲੱਗਾ ਪਰ ਸਾਰਿਆਂ ਨੇ ਕੁਝ ਵੀ ਉੱਤਰ ਨਾ ਦਿੱਤਾ॥ ੧੭॥

ਬੂਝਯੋ ਪ੍ਰਭੁ 'ਕਹੋ ਦਿਜ! ਗਾਥਾ। ਅਬ ਤੂੰ ਹੁਤੋ ਹਰਖ ਕੇ ਸਾਥਾ।
ਕਿਉਂ ਬਿਹਬਲ ਬਿਰਲਾਪ ਪੁਕਾਰਾ?। ਕੋ ਕਾਰਜ ਗਾ ਬਿਗਰ ਤੁਮਾਰਾ?' ॥੧੮॥

ਗੁਰੂ ਜੀ ਨੇ ਪੁਛਿਆ, "ਹੇ ਬ੍ਰਾਹਮਣ! ਕੀ ਗੱਲ ਹੈ, ਹੁਣੇ ਤਾਂ ਤੂੰ ਬੜੀ ਖ਼ੁਸ਼ੀ ਨਾਲ ਬੈਠਾ ਸੀ। ਝਟ ਹੀ ਤੂੰ ਏਨਾ ਦੁੱਖੀ ਕਿਉਂ ਹੋ ਗਿਆ ਹੈ। ਕਿਉਂ ਵਿਆਕੁਲ ਹੋ ਕੇ ਵਿਰਲਾਪ ਕਰ ਰਿਹਾ ਹੈਂ? ਤੁਹਾਡਾ ਕਿਹੜਾ ਕਾਰਜ ਵਿਗੜ ਗਿਆ ਹੈ?"॥ ੧੮॥

'ਹੇ ਸੰਤਹੁ! ਜੋ ਸਾਲਗਰਾਮਾ। ਕਾਹੁੰ ਚੁਰਾਇ ਲੀਨ ਅਭਿਰਾਮਾ।
ਕਿਤਿਕ ਹੁਤੋ ਧਨ ਚੌਂਕੀ ਮਾਂਹੀ। ਰਹਯੋ ਬੂਝਿ ਕੋ ਦੇਵਤਿ ਨਾਂਹੀ' ॥੧੯॥

ਬ੍ਰਾਹਮਣ ਨੇ ਕਿਹਾ, "ਹੇ ਸੰਤ ਜੀ! ਜਿਹੜਾ ਸੁੰਦਰ ਸਾਲਗਰਾਮ ਸੀ ਉਸ ਨੂੰ ਕਿਸੇ ਨੇ ਚੁਰਾ ਲਿਆ ਹੈ। ਚੌਕੀ ਵਿਚ ਬਹੁਤ ਧਨ ਸੀ, ਮੈਂ ਸਾਰਿਆਂ ਨੂੰ ਪੁੱਛ ਰਿਹਾ ਹਾਂ, ਪਰ ਕੋਈ ਵੀ ਦੇ ਨਹੀ ਰਿਹਾ ਹੈ" ॥ ੧੯॥

ਗੁਰੂ ਕਹੈਂ 'ਸੁਧਿ ਤੁਝੈ ਤ੍ਰਿਲੋਕੀ। ਧਰਹੁ ਧਯਾਨ ਕੋ ਲੇਹੁ ਬਿਲੋਕੀ।
ਕਹਾਂ ਦੁਰਾਵਹਿਗੋ ਤਿਹ ਜਾਈ। ਨੀਕੇ ਦੇਖਿ ਲੇਹੁ ਸਭਿ ਥਾਈਂ' ॥੨੦॥

ਗੁਰੂ ਜੀ ਨੇ ਕਿਹਾ, "ਤੁਹਾਨੂੰ ਤਾਂ ਤਿੰਨਾਂ ਲੋਕਾਂ ਦੀ ਸੋਝੀ ਹੈ, ਧਿਆਨ ਧਰ ਕੇ ਵੇਖ ਲਵੋ ਕਿ ਕਿਥੇ ਜਾ ਕੇ ਉਹ ਲੁਕਾਈ ਹੈ, ਚੰਗੀ ਤਰ੍ਹਾਂ ਸਭ ਥਾਂ ਵੇਖ ਲਵੋ"॥ ੨੦॥

ਸੁਨਿਕੈ ਬਯੰਗ ਬਚਨ ਦਿਜ ਜਾਨੀ। ਇਨਕੀ ਦ੍ਰਿਸ਼ਟਿ ਬਿਖੈ ਕਿਤ ਥਾਨੀ।
ਝੂਠ ਤਯਾਗਿ ਤਬ ਸਾਚ ਬਖਾਨਾ। 'ਪੇਟ ਕੇ ਹੇਤ ਹੁਤੀ ਗੁਜਰਾਨਾ ॥੨੧॥

ਇਹ ਸੁਣ ਕੇ ਬ੍ਰਾਹਮਣ ਨੇ ਗੁਰੂ ਜੀ ਦੇ ਬਚਨਾਂ ਨੂੰ ਵਿਅੰਗ-ਮਈ ਸਮਝਿਆ ਅਤੇ ਇਹ ਜਾਣਿਆ ਕਿ ਮੂਰਤੀ ਗੁਰੂ ਜੀ ਦੀਆਂ ਨਜ਼ਰਾਂ ਵਿਚ ਹੀ ਹੈ ਕਿਸੇ ਥਾਂ ਪਈ ਹੈ। ਝੂਠ ਛੱਡ ਕੇ ਫਿਰ ਸੱਚ ਬੋਲਿਆ, "ਪੇਟ ਦੀ ਖਾਤਰ ਇਸ ਤਰ੍ਹਾਂ ਪਖੰਡ ਕਰਕੇ ਗੁਜ਼ਰਾਨ ਕਰ ਰਿਹਾ ਹਾਂ॥ ੨੧॥

ਚੌਪਈ- ਕਹਿ ਕਰਿ ਕੂਰ ਜੀਵਕਾ ਲੇਊਂ। ਪਾਲਨ ਨਿਜ ਪਰਵਾਰ ਕਰੇਊਂ।
ਹੈ ਲੋਕਨ ਮਹਿਂ ਮਾਨ ਘਨੇਰਾ। ਲਖਹੁ ਪਖੰਡ ਸੰਤ ਜੀ ਮੇਰਾ॥੨੨॥

ਝੂਠ ਬੋਲ ਕੇ ਰੋਜ਼ੀ ਕਮਾਉਂਦਾ ਹਾਂ, ਆਪਣੇ ਪਰਿਵਾਰ ਦੀ ਪਾਲਣਾ ਹਿਤ ਇਹ ਕੁਝ ਕਰਦਾ ਹਾਂ। ਲੋਕਾਂ ਵਿਚ ਮੇਰਾ ਬੜਾ ਮਾਣ ਹੈ। ਹੇ ਸੰਤ ਜੀ! ਇਹ ਮੇਰਾ ਪਖੰਡ ਵੇਖੋ॥ ੨੨॥

ਤਿਸ ਮੂਰਤਿ ਕਰਿ ਰੋਜ਼ੀ ਹਮਰੀ। ਦੇਉ ਬਤਾਇ ਡੀਠ ਮਹਿਂ ਤੁਮਰੀ।
ਅਵਲੋਕਯੋ ਜੇ ਲੇਵਤਿ ਕੋਈ। ਮੁਝਹਿ ਜਨਾਇ ਦੀਜੀਏ ਸੋਈ॥੨੩॥

ਤਿਸ ਮੂਰਤੀ ਕਰਕੇ ਮੇਰੀ ਰੋਜ਼ੀ ਚਲਦੀ ਹੈ, ਹੇ ਸੰਤ ਜੀ, ਮੈਨੂੰ ਉਸ ਬਾਰੇ ਦੱਸ ਦੇਵੋ, ਕਿਉਂਕਿ ਉਹ ਤੁਹਾਡੀ ਨਜ਼ਰ ਹੇਠ ਹੈ। ਜੇ ਕਿਸੇ ਨੂੰ ਚੁਕਦਿਆਂ ਵੇਖੀ ਹੋਵੇ ਤਾਂ ਮੈਨੂੰ ਉਸ ਬਾਰੇ ਦੱਸ ਦੇਵੋ" ॥ ੨੩॥

ਕ੍ਰਿਪਾ ਧਾਰਿ ਬੋਲੇ ਗੁਨਖਾਨੀ। 'ਤਜਹੁ ਝੂਠ ਬੋਲਨ ਕੀ ਬਾਨੀ।
ਸ਼ੁੱਧ ਆਤਮੇ ਜਪਿ ਹਰਿਨਾਮੂ। ਤਜਹੁ ਪਖੰਡ ਕੇਰ ਸਭਿ ਕਾਮੂ॥੨੪॥

ਗੁਰੂ ਜੀ ਕਿਰਪਾ ਧਾਰਨ ਕਰਕੇ ਬੋਲੇ, "ਇਹ ਝੂਠ ਬੋਲਣ ਦੀ ਬਾਣੀ ਛੱਡ ਦੇਵੋ। ਆਤਮਾ ਨੂੰ ਸ਼ੁੱਧ ਕਰਕੇ ਹਰੀ ਦਾ ਨਾਮ ਜਪੋ। ਪਖੰਡ ਦੇ ਸਾਰੇ ਕੰਮ ਛੱਡ ਦੇਵੋ॥ ੨੪॥

ਸਦ ਹੀ ਕਰੀਏ ਸਾਚ ਵਖਾਨਾ। ਕਰਵਾਵਹਿ ਸ੍ਰੀ ਪ੍ਰਭੁ ਗੁਜਰਾਨਾ।
ਜੋ ਕਰਤਾ ਸਭਿ ਕੀ ਪ੍ਰਤਿਪਾਰਾ। ਕਯਾ ਤੁਮਕੋ ਨਹਿਂ ਦੇਹਿ ਅਹਾਰਾ॥੨੫॥

ਸਦਾ ਹੀ ਸੱਚੇ ਬਚਨ ਬੋਲੋ। ਫਿਰ ਪ੍ਰਭੂ ਤੁਹਾਡਾ ਆਪ ਗੁਜ਼ਰਾਨ ਕਰੇਗਾ। ਜਿਹੜਾ ਕਰਤਾ ਪੁਰਖ ਸਭ ਦੀ ਪਾਲਣਾ ਕਰਦਾ ਹੈ, ਕੀ ਉਹ ਤੈਨੂੰ ਭੋਜਨ ਨਹੀਂ ਦੇਵੇਗਾ ?" ॥ ੨੫॥

ਦੋਹਰਾ-ਦਿਜ ਕਹਿ 'ਕੂਰ ਬਿਹੀਨ ਜਗ ਚਲੈ ਨ ਕਬਿ ਗੁਜਰਾਨ।
ਸਭਿ ਪਖੰਡ ਕੋ ਪੂਜਈਂ ਸਾਚ ਨ ਸਕਹਿਂ ਪਛਾਨ॥ ੨੬॥

ਬ੍ਰਾਹਮਣ ਨੇ ਕਿਹਾ, "ਝੂਠ ਤੋਂ ਬਗੈਰ ਕਦੇ ਵੀ ਗੁਜ਼ਾਰਾ ਨਹੀਂ ਚਲਦਾ, ਸਾਰੇ ਪਖੰਡਾਂ ਨੂੰ ਹੀ ਪੂਜਦੇ ਹਨ, ਸੱਚ ਨੂੰ ਕੋਈ ਪਛਾਣ ਨਹੀਂ ਸਕਦਾ॥ ੨੬॥

ਚੌਪਈ-ਝੂਠ ਬੋਲ ਬਾਤਹਿਂ ਬਹੁ ਜਾਨਹਿਂ। ਭੇਖਿ ਦੰਭ ਕੋ ਨਰ ਸਨਮਾਨਹਿਂ।
ਹੇਤੁ ਜੀਵਕਾ ਕੀਨ ਬਨਾਊ। ਸੋ ਕਿਨ ਲੀਨੋ, ਕਰ ਨਹਿਂ ਪਾਊਂ॥੨੭॥

ਝੂਠ ਬੋਲ ਕੇ ਬਹੁਤ ਗੱਲਾਂ ਜਾਣਦੇ ਹਨ, ਪਖੰਡੀ ਭੇਸ ਦਾ ਮਨੁੱਖ ਬੜਾ ਸਨਮਾਨ ਕਰਦੇ ਹਨ। ਰੋਜ਼ੀ ਕਾਰਨ ਮੈਂ ਇਹ ਬਾਨ੍ਹਣੂ ਬੰਨ੍ਹਿਆ ਹੈ, ਉਹ ਮੇਰੀ ਜੀਵਕਾ ਕਿਸੇ ਨੇ ਚੁਰਾ ਲਈ ਹੈ, ਹੁਣ ਦੁਬਾਰਾ ਮੇਰੇ ਹੱਥ ਨਹੀਂ ਆ ਰਹੀ॥ ੨੭॥

ਸ੍ਰੀ ਗੁਰ ਕਹਿ 'ਦਿਜ ਤੂੰ ਬ੍ਰਿਤਿ ਰੋਕਤਿ। ਧਰਤਿ ਧਯਾਨ ਤ੍ਰੈਲੋਕ ਬਿਲੋਕਤਿ।
ਜਹਿਂ ਬੈਠਯੋ ਤੂੰ, ਧਨ ਤਹਿਂ ਗਾਡਯੋ। ਹੁਤੀ ਜਿ ਸੁਧ ਤੈਂ ਕਾਹੇ ਛਾਡਯੋ॥੨੮॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ! ਆਪਣੀ ਇਸ ਬਿਰਤੀ ਨੂੰ ਰੋਕੋ ਅਤੇ ਧਿਆਨ ਧਰ ਕੇ ਤਿੰਨਾਂ ਲੋਕਾਂ ਨੂੰ ਵੇਖੋ। ਜਿੱਥੇ ਤੂੰ ਬੈਠਾ ਹੈਂ ਧਨ ਓਥੇ ਦੱਬਿਆ ਹੈ। ਜੇ ਤੈਨੂੰ ਸੋਝੀ ਹੁੰਦੀ ਤਾਂ ਉਸ ਨੂੰ ਕਿਵੇਂ ਛੱਡਦਾ॥ ੨੮॥

ਧਰਨੀ ਖੁਨਿਕੈ ਦੇਖਹੁ ਪਾਛੇ। ਜੇ ਤੇਰੇ ਉਰ ਸੁਧ ਨਹਿਂ ਆਛੇ।
ਸੁਨਿਕੈ ਧਨ ਕੋ ਕਰਿ ਅਨੁਰਾਗਾ। ਪੀਛੇ ਧਰਾ ਖੁਨਨ ਦਿਜ ਲਾਗਾ॥੨੯॥

ਧਰਤੀ ਪੁੱਟ ਕੇ ਆਪਣੇ ਪਿਛੇ ਵੇਖੋ, ਜੇ ਤੇਰੇ ਦਿਲ ਵਿਚ ਚੰਗੀ ਸੁਝ ਨਹੀਂ ਹੈ"। ਇਹ ਸੁਣ ਕੇ ਧਨ ਦਾ ਪਿਆਰ ਕਰਕੇ ਬ੍ਰਾਹਮਣ ਆਪਣੇ ਪਿਛੇ ਵਾਲੀ ਧਰਤੀ ਨੂੰ ਪੁੱਟਣ ਲੱਗਾ॥ ੨੯॥

ਦੋਹਰਾ-ਦਰਬ ਨਿਕਾਸਿ ਹਰਾਨ ਭਾ ਅੰਤਰਯਾਮੀ ਚੀਨ।
ਬਿਗਸੇ ਸ੍ਰੀ ਗੁਰ ਬਦਨ ਤੇ ਸ਼ਬਦ ਬਖਾਨਨ ਕੀਨ॥ ੩੦॥

ਧਨ ਕੱਢ ਕੇ ਬੜਾ ਹੈਰਾਨ ਹੋਇਆ ਅਤੇ ਗੁਰੂ ਜੀ ਨੂੰ ਉਸ ਅੰਤਰਜਾਮੀ ਸਮਝਿਆ। ਗੁਰੂ ਜੀ ਨੇ ਹੱਸ ਕੇ ਫਿਰ ਇਕ ਸ਼ਬਦ ਦਾ ਉਚਾਰਨ ਕੀਤਾ॥ ੩੦॥

*ਧਨਾਸਰੀ ਮਹਲਾ ੧ ਘਰੁ ੩*

*ੴ ਸਤਿਗੁਰ ਪ੍ਰਸਾਦਿ॥*

*ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥*
*ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥ ੧॥*
*ਕਲ ਮਹਿ ਰਾਮ ਨਾਮੁ ਸਾਰੁ॥*
*ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥ ੧॥ ਰਹਾਉ॥* *(ਪੰਨਾ ੬੬੨)*

ਨਹੀਂ, ਇਹ ਸਮਾਂ ਨਹੀਂ, ਜਦ ਲੋਕ ਯੋਗ ਅਤੇ ਸੱਚ ਦੇ ਮਾਰਗ ਨੂੰ ਜਾਣਦੇ ਹਨ। ਸੰਸਾਰ ਦੇ ਪੂਜਾ ਦੇ ਅਸਥਾਨ ਪਲੀਤ ਹੋ ਗਏ ਹਨ ਅਤੇ ਇਸ ਤਰ੍ਹਾਂ ਜਹਾਨ ਡੁਬਦਾ ਜਾ ਰਿਹਾ ਹੈ॥ ੧॥

ਕਲਿਜੁਗ ਵਿਚ ਪ੍ਰਭੂ ਦਾ ਨਾਮ ਹੀ ਸ੍ਰੇਸ਼ਟ ਹੈ। ਪਖੰਡੀ ਸੰਸਾਰ ਨੂੰ ਧੋਖਾ ਦੇਣ ਵਾਸਤੇ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ ਅਤੇ ਆਪਣਾ ਨੱਕ ਫੜ ਲੈਂਦਾ ਹੈ॥ ੧॥ ਠਹਿਰਾਉ॥

ਚੌਪਈ- ਸ੍ਰੀ ਗੁਰ ਕਹੈਂ 'ਸੁਨਹੁ ਦਿਜ ਕਾਨਾ। ਦੁਖਦਾ ਲਖਹੁ ਪਖੰਡ ਨਿਦਾਨਾ।
ਜਬਹਿ ਆਨਿ ਜਮ ਪਕੜ ਚਲਾਵਹਿ। ਡੰਡੇ ਮੂੰਡ ਲਗਹਿਂ ਬਿਲਲਾਵਹਿਂ॥੩੧॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ! ਕੰਨ ਲਾ ਕੇ ਗੱਲ ਸੁਣ, ਅੰਤ ਵਿਚ ਇਹੋ ਪਖੰਡ ਦੁੱਖ ਦੇਵੇਗਾ। ਜਦ ਜਮ ਆ ਕੇ ਫੜ ਲੈਣਗੇ ਤਾਂ ਸਿਰ ਤੇ ਡੰਡੇ ਵੱਜਣਗੇ, ਫਿਰ ਚੀਕਾਂ ਮਾਰੇਂਗਾ ਅਤੇ ਵਿਰਲਾਪ ਕਰੇਂਗਾ॥ ੩੧॥

ਬਕ ਜਿਉਂ ਬੈਠਹਿਂ ਲਾਇ ਧਿਆਨਾ। ਸਭਿ ਮਹਿਂ ਮੁਖ ਤੇ ਕਥਹਿਂ ਗਿਆਨਾ।
ਧਨ ਕਾਰਨ ਸਭਿ ਕੀਨ ਉਪਾਈ। ਮਨ ਸਦੀਵ ਲੋਭਹਿਂ ਡਹਿਕਾਈ॥੩੨॥

ਜਿਵੇਂ ਬਗਲਾ ਧਿਆਨ ਲਾ ਕੇ ਬੈਠ ਜਾਂਦਾ ਹੈ, ਉਸ ਤਰ੍ਹਾਂ ਤੂੰ ਬੈਠ ਜਾਂਦਾ ਹੈਂ ਅਤੇ ਮੁੱਖ ਤੋਂ ਗਿਆਨ ਦਾ ਕਥਨ ਕਰਦਾ ਹੈਂ, ਧਨ ਕਾਰਨ ਇਹ ਸਾਰਾ ਉਪਾਅ ਕਰਦਾ ਹੈਂ। ਮਨ ਵਿਚ ਸਦਾ ਲੋਭ ਦੀ ਭਟਕਣ ਰਹਿੰਦੀ ਹੈ॥ ੩੨॥

ਇਹ ਬਿਡੰਬਨਾ ਤਬ ਗਲ ਪੈਹੈ। ਅੰਤ ਕਾਲ ਮਹਿਂ ਬਹੁ ਦੁਖ ਦੈਹੈ।
ਕਲੀ ਕਾਲ ਕੇ ਪਹਿਰੇ ਮਾਂਹੀ। ਨਾਮ ਬਿਹੀਨ ਸਾਰ ਕਿਛੁ ਨਾਹੀ॥੩੩॥

ਇਹ ਠੱਗੀ ਤਦ ਤੇਰੇ ਗਲ ਪੈ ਜਾਵੇਗੀ ਅਤੇ ਅੰਤ ਕਾਲ ਸਮੇਂ ਬਹੁਤ ਦੁੱਖ ਦੇਵੇਗੀ। ਕਲਿਜੁਗ ਦੇ ਸਮੇਂ ਵਿਚ ਨਾਮ ਤੋਂ ਬਗੈਰ ਹੋਰ ਕੋਈ ਵੀ ਸੋਝੀ ਨਹੀਂ ਲੈਂਦਾ॥ ੩੩॥

ਤਟ ਤੀਰਥ ਦੇਵਾਲੇ ਦੇਵਾ। ਏਕ ਨਾਮ ਬਿਨ ਬਿਰਥੀ ਸੇਵਾ।

ਅਬ ਕੇ ਸਮੇਂ ਮੁਕਤਿ ਜੇ ਚਾਹੇ। ਨਾਮ ਵਡਾਈ ਕੋ ਅਵਗਾਹੇ॥ ੩੪॥

ਤੀਰਥ ਇਸ਼ਨਾਨ ਅਤੇ ਦੇਵੀ ਦੇਵਤਿਆਂ ਦੀ ਸੇਵਾ ਇਕ ਨਾਮ ਤੋਂ ਬਗੈਰ ਸਭ ਵਿਅਰਥ ਹਨ। ਇਸ ਸਮੇਂ ਜਿਹੜਾ ਮੁਕਤੀ ਪ੍ਰਾਪਤ ਕਰਨੀ ਚਾਹੁੰਦਾ ਹੈ, ਉਸ ਨੂੰ ਨਾਮ ਦੀ ਵਡਿਆਈ ਜਪਣੀ ਚਾਹੀਦੀ ਹੈ॥ ੩੪॥

ਦੰਭਹਿ ਕੀ ਪੂਜਾ ਸਭਿ ਤਜੀਏ। ਹ੍ਵੈ ਨਿਹਕਪਟ ਨਾਮ ਕੋ ਭਜੀਏ।
ਲਿਵਲਾਵਹੁ ਨਿਸ ਦਿਨ ਸ੍ਰੀ ਨਾਮੂ। ਜੇ ਦਿਜ ਤੂੰ ਕਰਿ ਹੈਂ ਅਸਕਾਮੂ॥੩੫॥

ਪਖੰਡ ਦੀ ਪੂਜਾ ਛੱਡੋ ਤੇ ਕਪਟ ਰਹਿਤ ਹੋ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਰੋਜ਼ ਪਵਿੱਤਰ ਨਾਮ ਨਾਲ ਲਿਵ ਲਾਵੋ। ਹੇ ਬ੍ਰਾਹਮਣ! ਜੇ ਤੂੰ ਇਸ ਤਰ੍ਹਾਂ ਕੰਮ ਕਰੇਂਗਾ॥ ੩੫॥

ਦੋਨਹੁ ਲੋਕ ਬਿਖੈ ਸੁਖ ਪਾਂਹੀ। ਰਿੱਧਿ ਸਿਧਿ ਆਵਹਿਂ ਕਰ ਮਾਂਹੀ'।
ਹਾਥ ਬੰਦਿਕੈ ਪੁਨ ਦਿਜ ਭਾਖਾ। 'ਕਹਹੁ ਸੰਤ ਕਿਨ ਯਾਂ ਧਨੁ ਰਾਖਾ॥੩੬॥

ਦੋਹਾਂ ਲੋਕਾਂ ਵਿਚ ਸੁੱਖ ਪਾਵੇਂਗਾ, ਤਦ ਰਿਧੀਆਂ ਸਿਧੀਆਂ ਤੇਰੇ ਹੱਥ ਵਿਚ ਆ ਜਾਣਗੀਆਂ।" ਫਿਰ ਬ੍ਰਾਹਮਣ ਹੱਥ ਜੋੜ ਕੇ ਬੋਲਿਆ, "ਹੇ ਸੰਤ ਜੀ! ਮੈਨੂੰ ਦੱਸੋ ਏਥੇ ਧਨ ਕਿਸ ਰਖਿਆ ਹੈ?॥ ੩੬॥

ਕਿਸ ਪ੍ਰਕਾਰ ਤੁਮਨੈ ਇਹੁ ਦੇਖਾ। ਮੋਕੋ ਅਚਰਜ ਹੋਤਿ ਬਿਸ਼ੇਖਾ।
ਮੁਝਹਿ ਬ੍ਰਿਤੰਤ ਬਤਾਵਹੁ ਸਾਰਾ'। ਸੁਨਤਿ ਸ਼ਬਦ ਪਦ ਦੁਤਿਯ ਉਚਾਰਾ॥੩੭॥

ਤੁਸੀਂ ਕਿਸ ਤਰ੍ਹਾਂ ਇਸ ਨੂੰ ਵੇਖ ਲਿਆ, ਮੈਨੂੰ ਬਹੁਤ ਹੈਰਾਨੀ ਹੁੰਦੀ ਹੈ, ਮੈਨੂੰ ਸਾਰਾ ਬ੍ਰਿਤਾਂਤ ਸੁਣਾਵੋ।" ਇਹ ਸੁਣ ਕੇ ਗੁਰੂ ਜੀ ਨੇ ਉਸ ਸ਼ਬਦ ਦੇ ਦੂਸਰੇ ਪਦ ਦਾ ਉਚਾਰਣ ਕੀਤਾ॥ ੩੭॥

*ਸ੍ਰੀ ਮੁਖ ਵਾਕ॥*

*ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥*
*ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥ ੨॥ (ਪੰਨਾ ੬੬੩)*

ਆਪਣੇ ਅੰਗੂਠੇ ਤੇ ਦੋ ਉਂਗਲਾਂ ਨਾਲ ਆਪਣੇ ਨੱਕ ਨੂੰ ਫੜ ਕੇ ਉਹ ਕਹਿੰਦਾ ਹੈ, "ਮੈਂ ਤਿੰਨਾਂ ਜਹਾਨਾਂ ਨੂੰ ਵੇਖ ਲਿਆ ਹੈ। ਪਰ ਉਸ ਨੂੰ ਆਪਣੇ ਪਿਛਲੇ ਪਾਸੇ ਕੁਝ ਵੀ ਨਹੀਂ ਦਿੱਸਦਾ, ਇਹ ਅਜੀਬ ਪਦਮ ਆਸਣ ਹੈ॥ ੨॥

ਚੌਪਈ- ਸ੍ਰੀ ਪ੍ਰਭੁ ਭਨੈ 'ਬਿੱਪ੍ਰ! ਸ਼੍ਰੁਤ ਸੁਨੀਏ। ਏਤੋ ਝੂਠ ਨ ਮੁਖ ਤੇ ਭਨੀਏ।
ਮਗਰ ਪਿਛੇ ਕੀ ਸੁਧ ਨਹਿਂ ਜਾਨੀ। ਪੂਰਬ ਸੁਧ ਤ੍ਰੈਲੋਕ ਬਖਾਨੀ'॥੩੮॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ! ਕੰਨ ਲਾ ਕੇ ਸੁਣੋ, ਏਨਾ ਝੂਠ ਨਾ ਕਦੇ ਬੋਲੀਏ, ਪਿਛਲੇ ਪਾਸੇ ਦੀ ਤੂੰ ਖਬਰ ਨਹੀਂ ਜਾਣਦਾ ਤੇ ਪਹਿਲਾਂ ਕਹਿੰਦਾ ਹੈਂ ਕਿ ਮੈਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ ਹੈ"॥ ੩੮॥

ਬਿੱਪ੍ਰ ਕਹੈ 'ਹਮ ਝੂਠ ਉਚਰਿਹੀ। ਭਗਤਿ ਦੰਭ ਕੀ ਨਿਤਪ੍ਰਤਿ ਕਰਿ ਹੀ।
ਝੂਠੀ ਹੈ ਕਰਤੂਤ ਹਮਾਰੀ। ਧਨ ਆਸਾ ਕੇ ਇਹ ਬਿਵਹਾਰੀ'॥੩੯॥

ਬ੍ਰਾਹਮਣ ਨੇ ਕਿਹਾ, "ਮੈਂ ਝੂਠ ਬੋਲਿਆ ਸੀ, ਮੈਂ ਸਦਾ ਪਖੰਡ ਦੀ ਭਗਤੀ ਕਰਦਾ ਰਿਹਾ ਹਾਂ। ਮੇਰੀ ਕਰਤੂਤ ਝੂਠੀ ਹੈ, ਧਨ ਦੀ ਆਸ ਕਰਕੇ ਇਹ ਵਿਵਹਾਰ ਕਰਦਾ ਹਾਂ"॥ ੩੯॥

ਦੋਹਰਾ- 'ਸੁਨੀਏ ਦਿਜ! ਜਿਨ ਰਿਦੇ ਸਚੁ ਸੋ ਸਭਿ ਜਾਨੀ ਜਾਣ।
ਹਰਿਕੇ ਪ੍ਰੀਤਮ ਭਗਤਿ ਜੇ ਕਰਹਿਂ ਨ ਕਹੂੰ ਵਖਾਨ॥ ੪੦॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ ! ਸੁਣੋ, ਜਿਨ੍ਹਾਂ ਦੇ ਹਿਰਦੇ ਵਿਚ ਸੱਚ ਹੈ ਉਹ ਹਰ ਤਰ੍ਹਾਂ ਨਾਲ ਜਾਣੀਜਾਣ ਹੋ ਜਾਂਦੇ ਹਨ। ਪ੍ਰਭੂ ਦੀ ਜਿਹੜੇ ਵੀ ਭਗਤੀ ਕਰਦੇ ਹਨ, ਉਹ ਭਗਤ ਹਰ ਗੱਲ ਜਾਣ ਜਾਂਦੇ ਹਨ ਪਰ ਕਿਸੇ ਨੂੰ ਕਹਿੰਦੇ ਨਹੀ॥ ੪੦॥

ਚੌਪਈ- ਸਭਿ ਜਗ ਬਿਖੈ ਦਰਬ ਹੈ ਜੋਊ। ਧਰਾ ਮਾਂਹਿ ਪਹਿਚਾਨਹੁ ਸੋਊ।
ਗਾਡ ਗਾਡ ਬਹੁ ਮਰਿ ਮਰਿ ਗਏ। ਆਗੇ ਕਿਨਹੂੰ ਸੰਗ ਨ ਲਏ ॥ ੪੧ ॥

ਸਾਰੇ ਜਗਤ ਵਿਚ ਜਿੰਨਾ ਵੀ ਧਨ ਧਰਤੀ ਵਿਚ ਦੱਬਿਆ ਹੈ ਪ੍ਰਭੂ ਦੇ ਭਗਤ ਹੀ ਪਹਿਚਾਣ ਸਕਦੇ ਹਨ। ਧਨ ਦੱਬ ਦੱਬ ਕੇ ਬਹੁਤ ਮਰ ਮਰ ਕੇ ਤੁਰ ਗਏ ਹਨ। ਕੋਈ ਵੀ ਆਪਣੇ ਨਾਲ ਨਹੀਂ ਲੈ ਕੇ ਗਿਆ ਹੈ॥ ੪੧॥

ਖਾਯੋ ਕਿਨੂੰ ਨ ਆਗੈ ਗਯੋ। ਧਰਨੀ ਬਿਖੈ ਦਫਨ ਸੋ ਭਯੋ।
ਖਾਯੋ ਅੰਨ ਪੀਯੋ ਮੁਖ ਪਾਨੀ। ਚੀਰ ਹੰਢਾਏ ਔਧ ਬਿਹਾਨੀ॥ ੪੨ ॥

ਕਿਸੇ ਨੇ ਖਾਧਾ ਨਹੀਂ ਅਤੇ ਨਾ ਹੀ ਅੱਗੇ ਲੈ ਕੇ ਗਿਆ ਹੈ, ਧਰਤੀ ਹੇਠ ਹੀ ਉਹ ਦੱਬਿਆ ਪਿਆ ਹੈ। ਅੰਨ ਖਾਧਾ ਤੇ ਪਾਣੀ ਪੀਤਾ ਅਤੇ ਕਪੜੇ ਹੰਢਾ ਕੇ ਉਮਰ ਬਿਤੀਤ ਕਰ ਲਈ॥ ੪੨॥

ਸੁਇਨਾ ਖਾਇ ਨ ਚਾਂਦੀ ਖਾਈ। ਧਰਨੀ ਦਫਨ ਕੀਏ ਤਜਿ ਜਾਈ।
ਜਗ ਕੇ ਕਾਜ ਚਲਾਵਨ ਕਾਰਨ। ਧਨ ਕਿਯ ਕਰਨ ਸਰਬ ਬਿਵਹਾਰਨ ॥੪੩ ॥

ਨਾ ਸੋਨਾ ਖਾਧਾ ਹੈ ਨਾ ਚਾਂਦੀ ਖਾਧੀ ਹੈ, ਇਕੱਠਾ ਕਰਕੇ ਧਰਤੀ ਹੇਠ ਦੱਬਿਆ ਹੀ ਛੱਡ ਜਾਂਦੇ ਹਨ। ਜਗਤ ਦੇ ਕੰਮ ਚਲਾਉਣ ਖਾਤਰ ਧਨ ਨਾਲ ਹੀ ਸਾਰੇ ਵਿਹਾਰ ਕਰਦੇ ਹਨ॥ ੪੩॥

ਸੰਤ ਭਗਤਿ ਜੋ ਉਰ ਸਚਿਆਰੂ। ਗੁਪਤ ਪ੍ਰਗਟ ਸੋ ਜਾਨਨਹਾਰੂ।
ਕਿਤੇ ਅਸੰਖ ਪਦਮ ਧਨ ਜੋਊ। ਸਭਿ ਧਰਨੀ ਮਹਿਂ ਗਾਡਯੋ ਸੋਊ ॥੪੪ ॥

ਸੰਤ ਭਗਤ ਜਿਨ੍ਹਾਂ ਦੇ ਹਿਰਦੇ ਵਿਚ ਸੱਚ ਦਾ ਵਾਸਾ ਹੈ, ਉਹ ਗੁਪਤ ਪ੍ਰਗਟ ਸਭ ਨੂੰ ਜਾਣਦੇ ਹਨ। ਅਸੰਖ ਅਤੇ ਪਦਮਾਂ ਦੀ ਗਿਣਤੀ ਵਿਚ ਜੋ ਧਨ ਹੈ। ਸਾਰਾ ਧਰਤੀ ਵਿਚ ਹੀ ਗੱਡਿਆ ਹੈ॥ ੪੪॥

ਜਾਨਹਿਂ ਸੰਤ ਰਾਮ ਕੇ ਪ੍ਯਾਰੇ। ਜਿਹ ਨਿਜ ਰਿਦੈ ਸਮਾਈ ਧਾਰੇ'।
ਬਿੱਪ੍ਰ ਕਹੈ 'ਜੇਤੇ ਨਰ ਅਹੈਂ। ਸਭੈ ਪ੍ਰੀਤ ਕਰਿ ਧਨ ਕੋ ਚਹੈਂ ॥ ੪੫ ॥

ਪ੍ਰਭੂ ਦੇ ਪਿਆਰੇ ਸੰਤ ਸਭ ਜਾਣਦੇ ਹਨ, ਜਿਨ੍ਹਾਂ ਦੇ ਆਪਣੇ ਹਿਰਦਿਆਂ ਵਿਚ ਪ੍ਰਭੂ ਪ੍ਰੀਤ ਸਮਾਈ ਅਤੇ ਧਾਰਨ ਕੀਤੀ ਹੈ, ਭਾਵ ਉਨ੍ਹਾਂ ਆਪਣਾ ਆਪ ਜਣਾਇਆ ਨਹੀ।" ਬ੍ਰਾਹਮਣ ਨੇ ਕਿਹਾ, "ਜਿੰਨੇ ਵੀ ਮਨੁੱਖ ਹਨ ਸਾਰੇ ਪ੍ਰੇਮ ਕਰਕੇ ਧਨ ਨੂੰ ਚਾਹੁੰਦੇ ਹਨ॥ ੪੫॥

ਨਹਿਂ ਜਾਨਹਿਂ ਪਰਮੇਸ਼ੁਰ ਕੋਊ। ਲੋਭ ਮੋਹ ਮਹਿਂ ਫਸਿਗੇ ਸੋਊ।
ਅਪਨੇ ਧਰਮ ਬਿਖੈ ਕੋ ਨਾਂਹੀ' ॥ਸੁਨਿ ਗੁਰ ਤ੍ਰਿਤਿਯਾ ਪੌੜੀ ਪ੍ਰਾਹੀ ॥੪੬ ॥

ਪਰਮੇਸ਼ਵਰ ਨੂੰ ਕੋਈ ਨਹੀ ਜਾਣਦਾ, ਲੋਭ ਅਤੇ ਮੋਹ ਵਿਚ ਉਹ ਫਸੇ ਹੋਏ ਹਨ, ਆਪਣੇ ਧਰਮ ਵਿਚ ਕੋਈ ਨਹੀਂ ਹੈ।" ਇਹ ਸੁਣ ਕੇ ਗੁਰੂ ਜੀ ਨੇ ਤੀਸਰੇ ਪਦ ਦਾ ਉਚਾਰਨ ਕੀਤਾ॥ ੪੬॥

*ਸ੍ਰੀ ਮੁਖ ਵਾਕ॥*

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥ ੩॥* (ਪੰਨਾ ੬੬੩)

ਖਤ੍ਰੀਆਂ ਨੇ ਆਪਣਾ ਧਰਮ ਛੱਡ ਦਿਤਾ ਹੈ ਅਤੇ ਮਲੇਛ ਭਾਸ਼ਾ (ਪਰਦੇਸੀ ਬੋਲੀ) ਇਖਤਿਆਰ ਕਰ ਲਈ ਹੈ। ਸਾਰੀ ਦੁਨੀਆਂ ਹੀ ਇਕ ਜਾਤ ਦੀ ਭਾਵ ਮਾੜੀ ਹੋ ਗਈ ਹੈ ਅਤੇ ਸਚਾਈ ਦੀ ਰੀਤ ਖਤਮ ਹੋ ਗਈ ਹੈ॥ ੩॥

ਚੌਪਈ- 'ਕਲੀਕਾਲਿ ਮਹਿਂ ਛੁਟਿ ਗਯੋ ਧਰਮੁ। ਖੱਤ੍ਰੀ ਦਿਜ ਸਭਿ ਕਰਤਿ ਕੁਕਰਮ।
ਇਨ ਦੋਨੋਂ ਬਹੁ ਗਹਿ ਲਿਯ ਪਾਪਾ। ਭ੍ਰਿਸ਼ਟ ਭਏ ਛੋਡਾ ਧ੍ਰਮ ਆਪਾ॥੪੭॥

ਕਲਿਜੁਗ ਵਿਚ ਧਰਮ ਮਿਟ ਗਿਆ ਹੈ। ਖੱਤਰੀ ਬ੍ਰਾਹਮਣ ਸਾਰੇ ਕੁਕਰਮ ਕਰਦੇ ਹਨ। ਇਨ੍ਹਾਂ ਦੋਹਾਂ ਨੇ ਪਾਪਾਂ ਨੂੰ ਗ੍ਰਹਿਣ ਕਰ ਲਿਆ ਹੈ। ਸਭ ਭ੍ਰਿਸ਼ਟ ਹੋ ਗਏ ਹਨ ਅਤੇ ਆਪਣਾ ਧਰਮ ਛੱਡ ਦਿੱਤਾ ਹੈ॥ ੪੭॥

ਤਨੁਜਾ ਕੋ ਧਨ ਲੇਕਰਿ ਖਾਹੀਂ। ਪਰਤਿਯ ਸੋਂ ਬਿਭਚਾਰ ਕਮਾਹੀਂ।
ਅਪਨੋ ਪਢਨਾ ਦੀਨੋ ਤਜਾਗੇ। ਪਢਨ ਮਲੇਛਨ ਭਾਖਾ ਲਾਗੇ॥੪੮॥

ਆਪਣੀ ਪੁੱਤਰੀ ਵੇਚ ਕੇ ਉਸ ਦਾ ਧਨ ਲੈ ਕੇ ਖਾਂਦੇ ਹਨ, ਪਰਾਈ ਇਸਤਰੀ ਨਾਲ ਵਿਭਚਾਰ ਕਰਦੇ ਹਨ। ਆਪਣੀ ਬੋਲੀ ਪੜ੍ਹਨੀ ਛੱਡ ਦਿੱਤੀ ਹੈ ਅਤੇ ਮਲੇਛਾਂ ਦੀ ਵਿਦੇਸ਼ੀ ਭਾਸ਼ਾ ਪੜ੍ਹਨ ਲੱਗ ਗਏ ਹਨ॥ ੪੮॥

ਧਨ ਲਾਲਚ ਕਰਿ ਭੇ ਬਿਪਰੀਤੀ। ਨਿਜ ਬ੍ਰਿਤਿ ਤਜਾਗੀ ਚਲੈਂ ਅਨੀਤੀ।
ਪਰ ਨਿੰਦਾ ਮਿਲਿ ਸਦਾ ਅਲਾਵਹਿਂ। ਕਰਤਿ ਹਰਿ ਕਥਾ ਬਾਤ ਚਲਾਵਹਿਂ॥੪੯॥

ਧਨ ਦਾ ਲਾਲਚ ਕਰਕੇ ਪ੍ਰੀਤ ਰਹਿਤ ਹੋ ਗਏ ਹਨ, ਆਪਣੀ ਬ੍ਰਿਤੀ ਨੂੰ ਛੱਡ ਕੇ ਨੀਤੀ ਰਹਿਤ ਹੋ ਗਏ ਹਨ। ਸਦਾ ਮਿਲ ਕੇ ਦੂਸਰਿਆਂ ਦੀ ਨਿੰਦਿਆ ਕਰਦੇ ਹਨ। ਹਰੀ ਦੀ ਕਥਾ ਕਰਨ ਸਮੇਂ ਵੀ ਹੋਰ ਗੱਲਾਂ ਕਰਨ ਲੱਗ ਜਾਂਦੇ ਹਨ॥ ੪੯॥

ਸੁਨਿ ਕਰਿ ਪੁਨ ਦਿਜ ਉਚਰੇ ਬੈਨਾ। 'ਸੁਨਹੁ ਸੰਤ ਜੀ ਤੁਮ ਸੁਖਦੈਨਾ।
ਕਲਿਜੁਗ ਮਹਿਂ ਅਘ ਕੋ ਬਰਤਾਰਾ। ਕਰਤਿ ਸਰਬ ਨਰ ਬਿਨਾ ਬਿਚਾਰਾ॥੫੦॥

ਇਹ ਸੁਣ ਕੇ ਬ੍ਰਾਹਮਣ ਨੇ ਫਿਰ ਕਿਹਾ, "ਹੇ ਸੰਤ ਜੀ ਸੁਣੋ, ਤੁਸੀਂ ਬੜੇ ਸੁਖਦਾਇਕ ਹੋ। ਕਲਿਜੁਗ ਵਿਚ ਪਾਪਾਂ ਦਾ ਵਰਤਾਰਾ ਹੈ। ਸਾਰੇ ਨਰ ਕਿਸੇ ਵਿਚਾਰ ਤੋਂ ਬਿਨਾਂ ਹੀ ਕੰਮ ਕਾਜ ਕਰ ਰਹੇ ਹਨ॥ ੫੦॥

ਬਿਨਾ ਨਾਮ ਤੇ ਆਨ ਉਪਾਇ। ਜਿਉਂ ਗਤਿ ਹੋਵਹਿ ਦੇਹੁ ਬਤਾਇ।
ਤੁਮ ਸਰਬੱਗਜ ਅਹੋ ਗਤਿਦਾਈ'। ਸੁਨਿ ਸ੍ਰੀ ਗੁਰ ਪੁਨ ਗਿਰਾ ਅਲਾਈ॥੫੧॥

ਨਾਮ ਤੋਂ ਬਿਨਾਂ ਜੇ ਕੋਈ ਹੋਰ ਉਪਾਅ ਹੈ, ਜਿਸ ਨਾਲ ਮੁਕਤੀ ਪ੍ਰਾਪਤ ਹੋ ਜਾਵੇ, ਉਹ ਮੈਨੂੰ ਦੱਸ ਦੇਵੋ। ਤੁਸੀਂ ਸਰਬ ਗਿਆਤਾ ਅਤੇ ਮੁਕਤੀ ਦਾਤੇ ਹੋ"। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੫੧॥

*ਸ੍ਰੀ ਮੁਖ ਵਾਕ॥*

*ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥*
*ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥ ੪॥ ੧॥ ੬॥ ੮॥* *(ਪੰਨਾ ੬੬੩)*

ਕਈ ਅਠਾਰਾਂ ਪੁਰਾਣਾਂ ਨੂੰ ਪੜ੍ਹਦੇ ਅਤੇ ਵੇਦਾਂ ਨੂੰ ਵੀਚਾਰਦੇ ਹਨ, ਪਰ ਹੇ ਨਾਨਕ! ਹਰੀ ਦੇ ਨਾਮ ਬਗੈਰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ॥ ੪॥ ੧॥ ੬॥ ੮॥

ਚੌਪਈ- ਕਰ ਜੋਰੇ ਦਿਜ ਕੀਨੀ ਬੰਦਨ। 'ਮਮ ਗਤਿ ਕੀਜੈ ਪਾਪ ਕਿਨੰਦਨ!
ਪੂਰਨ ਪੁਰਖ ਸੰਤ ਜਗਦੀਸੂ!' ਅਸ ਕਹਿ ਚਰਨ ਕਮਲ ਧਰਿ ਸੀਸੂ॥੫੨॥

ਬ੍ਰਾਹਮਣ ਨੇ ਹੱਥ ਜੋੜ ਕੇ ਬੰਦਨਾ ਕੀਤੀ, "ਹੇ ਪਾਪਾਂ ਦਾ ਨਾਸ਼ ਕਰਨ ਵਾਲੇ ਮੇਰੀ ਗਤੀ ਕਰੋ। ਤੁਸੀਂ ਪੂਰਨ ਪੁਰਖ ਪ੍ਰਭੂ ਰੂਪੀ ਸੰਤ ਹੋ।" ਇਹ ਕਹਿ ਕੇ ਗੁਰੂ ਜੀ ਦੇ ਚਰਨਾਂ ਤੇ ਸਿਰ ਟਿਕਾ ਦਿੱਤਾ॥ ੫੨॥

ਗਰਬ ਜਾਤਿ ਕਾ ਦੀਨੋ ਤਜਾਗੀ। ਗੁਰ ਪਗ ਕੀ ਉਰ ਮਹਿਂ ਲਿਵ ਲਾਗੀ।
'ਨਿਜ ਉਪਦੇਸ਼ ਮੋਹਿ ਕੋ ਦੀਜੈ। ਸ਼ਰਨ ਪਰੇ ਕੀ ਸ਼ਰਮ ਰਖੀਜੈ' ॥੫੩॥

ਬ੍ਰਾਹਮਣ ਜਾਤੀ ਦੇ ਘੁਮੰਡ ਨੂੰ ਛੱਡ ਦਿੱਤਾ, ਗੁਰੂ ਜੀ ਦੇ ਚਰਨਾਂ ਦੀ ਲਿਵ ਦਿਲ ਵਿਚ ਲੱਗ ਗਈ। ਕਹਿਣ ਲੱਗਾ, "ਮੈਨੂੰ ਆਪਣਾ ਉਪਦੇਸ਼ ਦੇਵੋ ਅਤੇ ਸ਼ਰਨ ਪਏ ਦੀ ਲਾਜ ਰੱਖੋ"॥ ੫੩॥

ਦੋਹਰਾ-ਗੁਰ ਕਹਿ 'ਧਨ ਪ੍ਰਾਪਤਿ ਭਯੋ ਤਜਹੁ ਦੰਭ ਛਲ ਜੋਇ।
ਸ਼ੁੱਧ ਆਤਮੈ ਨਾਮ ਜਪਿ ਇਸ ਪ੍ਰਕਾਰ ਗਤਿ ਹੋਇ॥ ੫੪॥

ਗੁਰੂ ਜੀ ਨੇ ਕਿਹਾ, "ਜਿਹੜਾ ਤੁਹਾਨੂੰ ਧਨ ਪ੍ਰਾਪਤ ਹੋਇਆ ਹੈ ਅਤੇ ਜੋ ਛਲ ਕਪਟ ਕਰਦੇ ਹੋ ਉਸ ਨੂੰ ਛੱਡੋ। ਸ਼ੁਧ ਆਤਮਾ ਨਾਲ ਨਾਮ ਦਾ ਸਿਮਰਨ ਕਰੋ, ਇਸ ਪ੍ਰਕਾਰ ਤੁਹਾਡੀ ਗਤੀ ਹੋਵੇਗੀ॥ ੫੪॥

ਚੌਪਈ-ਵਾਹਿਗੁਰੂ ਜਪਿ ਵਰਤਹੁ ਦਰਬਾ। ਪਰਹਰਿ ਰਿਦੇ ਬਿਕਾਰਨ ਸਰਬਾ।
ਪਾਛਲ ਅਘ ਬਖਸ਼ੇ ਤੁਝ ਤਾਈਂ। ਬਹੁਰ ਨ ਕਰਿ ਸੁ ਅਹੈਂ ਦੁਖਦਾਈ' ॥੫੫॥

ਵਾਹਿਗੁਰੂ ਜਪ ਕੇ ਧਨ ਗ਼ਰੀਬਾਂ ਵਿਚ ਵੰਡ ਦੇਵੋ। ਹਿਰਦੇ ਦੇ ਸਾਰੇ ਵਿਕਾਰ ਦੂਰ ਕਰੋ। ਤੇਰੇ ਪਿਛਲੇ ਪਾਪ ਸਾਰੇ ਬਖਸ਼ ਦਿੱਤੇ ਹਨ, ਬਾਅਦ ਵਿਚ ਨਾ ਕਰਨਾ, ਨਹੀਂ ਤਾਂ ਬਹੁਤ ਦੁਖਦਾਈ ਹੋਣਗੇ"॥ ੫੫॥

ਸਾਲਗਰਾਮ ਦੀਨ ਪੁਨ ਤਾਂਹੀ। 'ਇਨਕੀ ਭੀਸ਼ੇ ਵਾਕ ਰਚਾਹੀ'।
ਭਯੋ ਸਿੱਖ ਸਤਿਗੁਰ ਕੋ ਦਿਜ ਬਰ। ਹਰਖਜੋ ਅਧਿਕ ਸ਼ਬਦ ਬਹੁ ਲਿਖਿ ਕਰਿ ॥੫੬॥

ਗੁਰੂ ਜੀ ਨੇ ਬ੍ਰਾਹਮਣ ਦਾ ਜਿਹੜਾ ਸਾਲਗਰਾਮ ਅਲੋਪ ਕਰ ਦਿੱਤਾ ਸੀ ਉਸ ਨੂੰ ਵਾਪਸ ਕਰਕੇ ਕਿਹਾ, "ਝੂਠੀਆਂ ਗੱਲਾਂ ਕਰਕੇ ਇਸ ਸਾਲਗਰਾਮ ਦੁਆਰਾ ਭਿਖਿਆ ਮੰਗਦਾ ਸੀ।" ਉਹ ਬ੍ਰਾਹਮਣ ਸਤਿਗੁਰੂ ਦਾ ਸਿੱਖ ਬਣਿਆ। ਗੁਰੂ ਜੀ ਦੀ ਬਾਣੀ ਦੇ ਬਹੁਤ ਸ਼ਬਦ ਲਿਖ ਕੇ ਬੜਾ ਖੁਸ਼ ਹੋਇਆ॥ ੫੬॥

ਦੋਹਰਾ-ਇਸ ਬਿਧਿ ਬਿੱਪ੍ਰ ਨਿਹਾਲ ਕਰਿ ਕੀਨੋ ਗਮਨ ਬਹੋਰ।
ਇਕ ਗ੍ਰਾਮ ਪਹੁੰਚਤਿ ਭਏ, ਮੰਦਮਤੀ ਤਿਹ ਠੌਰ॥ ੫੭॥

ਇਸ ਤਰ੍ਹਾਂ ਬ੍ਰਾਹਮਣ ਨੂੰ ਨਿਹਾਲ ਕਰਕੇ ਗੁਰੂ ਜੀ ਅੱਗੇ ਚਲ ਪਏ। ਇਕ ਪਿੰਡ ਵਿਚ ਪਹੁੰਚ ਗਏ, ਓਥੇ ਸਾਰੇ ਮੰਦੀ ਮਤ ਵਾਲੇ ਰਹਿੰਦੇ ਸਨ॥ ੫੭॥

ਚੌਪਈ- ਜਿਹ ਸਥਾਨ ਬੈਠੇ ਗੁਰ ਜਾਈ। ਹਸੀ ਕਰਹਿਂ ਤਹਿਂ ਮਾਨਵ ਆਈ।
ਦੀਨ ਉਠਾਇ ਅਵਰ ਥਲ ਗਏ। ਕਿਨਹੂੰ ਨ ਬੈਠਨ ਕਿਹਨਾਂ ਦਏ ॥੫੮॥

ਜਿਸ ਥਾਂ ਗੁਰੂ ਜੀ ਜਾ ਕੇ ਬੈਠ ਗਏ, ਪਿੰਡ ਦੇ ਲੋਕ ਉਥੇ ਆ ਕੇ ਗੁਰੂ ਜੀ ਦਾ ਹਾਸਾ ਉਡਾਉਣ ਲੱਗੇ। ਉਸ ਸਥਾਨ ਤੋਂ ਜਦ ਉਠਾ ਦਿੱਤਾ ਤਾਂ ਹੋਰ ਥਾਂ ਚਲੇ ਗਏ, ਪਰ ਉਨ੍ਹਾਂ ਨੇ ਗੁਰੂ ਜੀ ਨੂੰ ਕਿਸੇ ਥਾਂ ਵੀ ਬੈਠਣ ਨਾ ਦਿੱਤਾ॥ ੫੮॥

'ਬਸਦੇ ਰਹਹੁ ਇਸੀ ਥਲ ਮਾਂਹੀ'। ਅਸ ਕਹਿ ਗਮਨ ਕੀਨਿ ਦੁਖਦਾਹੀ।
ਆਵਾ ਪੁਨ ਆਗੈ ਇਕ ਗ੍ਰਾਮੁ ॥ਬੈਠਿ ਗਏ ਸ਼ੁਭ ਥਲ ਸੁਖਧਾਮੁ ॥੫੯॥

ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, "ਸਾਰੇ ਇਸ ਥਾਂ ਹੀ ਵੱਸਦੇ ਰਹੋ।" ਇਹ ਕਹਿ ਕੇ ਦੁੱਖਾਂ ਦਾ ਨਾਸ਼ ਕਰਨ ਵਾਲੇ ਅੱਗੇ ਚਲੇ ਗਏ। ਫਿਰ ਅੱਗੇ ਜਾ ਕੇ ਇਕ ਪਿੰਡ ਆਇਆ। ਉਸ ਪਿੰਡ ਦੇ ਬਾਹਰ ਗੁਰੂ ਜੀ ਇਕ ਸ਼ੁਭ ਥਾਂ ਵੇਖ ਕੇ ਬੈਠ ਗਏ॥ ੫੯॥

ਸੰਤ ਸਰੂਪ ਲਖਜੋ ਨਰ ਆਏ। ਚਰਨ ਕਮਲ ਪਰ ਸੀਸ ਟਿਕਾਏ।

ਅਧਿਕ ਭਾਉ ਕਰਿ ਸੇਵਾ ਕੀਨੀ। ਨਿਸ ਮਹਿਂ ਨੀਕੀ ਜਾਗੇ ਦੀਨੀ ॥੬੦॥

ਪਿੰਡ ਦੇ ਲੋਕਾਂ ਨੇ ਆ ਕੇ ਜਦ ਸੰਤ ਸਰੂਪ ਗੁਰੂ ਜੀ ਨੂੰ ਵੇਖਿਆ ਤਾਂ ਸਾਰਿਆਂ ਨੇ ਚਰਨ ਕੰਵਲਾਂ ਤੇ ਸਿਰ ਨਿਵਾਏ। ਬਹੁਤ ਪ੍ਰੇਮ ਕਰਕੇ ਸੇਵਾ ਕੀਤੀ। ਰਾਤ ਰਹਿਣ ਵਾਸਤੇ ਚੰਗਾ ਟਿਕਾਣਾ ਦਿੱਤਾ॥ ੬੦॥

ਤਬ ਸ੍ਰੀ ਨਾਨਕ ਬੈਨ ਉਚਾਰਾ। 'ਇਹੁ ਗ੍ਰਾਮ ਉਜਰੈਗੋ ਸਾਰਾ।
ਜਾਇ ਬਹੁਤ ਗ੍ਰਾਮਨ ਮੈਂ ਬਸਈ। ਇਹਾਂ ਬਾਸ ਸਭਿਹੀ ਕੋ ਨਸਈ ॥੬੧॥

ਫਿਰ ਗੁਰੂ ਜੀ ਨੇ ਬਚਨ ਕੀਤਾ, "ਇਹ ਸਾਰਾ ਪਿੰਡ ਉੱਜੜ ਜਾਵੇਗਾ। ਪਿੰਡ ਦੇ ਸਾਰੇ ਲੋਕ ਬਹੁਤ ਪਿੰਡਾਂ ਵਿਚ ਜਾ ਕੇ ਵੱਸਣਗੇ। ਏਥੇ ਵੱਸਣ ਵਾਲਿਆਂ ਦਾ ਨਾਸ਼ ਹੋਵੇਗਾ" ॥ ੬੧॥

ਮਰਦਾਨਾ ਇਸ ਬਿਧਿ ਬਚ ਸੁਨਿਕੈ। ਬੋਲਯੋ ਤਬ ਸੰਸੈ ਮਨ ਗੁਨਿਕੈ।
'ਜਹਾਂ ਨ ਹਮਕੋ ਬੈਠਨਿ ਦੀਨੋ। ਬਸਦੇ ਰਹੋ ਕਹਿਨ ਅਸ ਕੀਨੋ ॥੬੨॥

ਇਸ ਤਰ੍ਹਾਂ ਦੇ ਬਚਨ ਸੁਣ ਕੇ ਅਤੇ ਮਨ ਵਿਚ ਸ਼ੰਕਾ ਕਰਕੇ ਮਰਦਾਨਾ ਬੋਲਿਆ, "ਜਿਥੇ ਸਾਨੂੰ ਕਿਸੇ ਬੈਠਣ ਨਹੀਂ ਦਿੱਤਾ, ਉਨ੍ਹਾਂ ਨੂੰ ਕਿਹਾ ਤੁਸੀਂ ਏਥੇ ਵੱਸਦੇ ਰਹੋ॥ ੬੨॥

ਬਹੁਰੋ ਸੇਵਾ ਕੀਨੀ ਜਹਿਂਵਾ। ਉਜਰਨ ਕੋ ਸਰਾਪ ਦੇ ਤਹਿਂਵਾ।
ਇਹ ਕਹਾ ਰੀਤਿ ਆਪਨੈ ਕੀਨੀ? ਮਨ ਮੇਰੇ ਮਹਿਂ ਪਰਹਿ ਨ ਚੀਨੀ ॥੬੩॥

ਬਾਅਦ ਵਿਚ ਜਿਸ ਪਿੰਡ ਵਾਲਿਆਂ ਸਾਡੀ ਬਹੁਤ ਸੇਵਾ ਕੀਤੀ, ਉਨ੍ਹਾਂ ਨੂੰ ਉੱਜੜ ਜਾਣ ਦਾ ਸਰਾਪ ਦੇ ਦਿੱਤਾ ਹੈ। ਇਹ ਆਪ ਨੇ ਕਿਹੜੀ ਮਰਿਯਾਦਾ ਕੀਤੀ ਹੈ ? ਮੇਰੇ ਮਨ ਵਿਚ ਤਾਂ ਕੋਈ ਸਮਝ ਨਹੀਂ ਆਉਂਦੀ" ॥ ੬੩॥

ਦੋਹਰਾ- ਗੁਰ ਕਹਿਂ 'ਨਰ ਇਸ ਗ੍ਰਾਮ ਕੇ ਬਸੈਂ ਬਹੁਤ ਜੇ ਗ੍ਰਾਮ।
ਸੁਮਤਿ ਸਿਖਾਵਹਿਂ ਸਭਿਨਿ ਕੋ ਬਧਹਿ ਧਰਮ ਅਭਿਰਾਮ॥ ੬੪॥

ਗੁਰੂ ਜੀ ਨੇ ਕਿਹਾ, "ਇਸ ਪਿੰਡ ਦੇ ਮਨੁੱਖ ਜੇ ਬਹੁਤ ਪਿੰਡਾਂ ਵਿਚ ਜਾ ਕੇ ਰਹਿਣਗੇ ਤਾਂ ਉਹ ਉਸ ਪਿੰਡ ਦੇ ਸਾਰੇ ਵਾਸੀਆਂ ਨੂੰ ਚੰਗੀ ਮੱਤ ਸਿਖਾਉਣਗੇ ਅਤੇ ਸੁੰਦਰ ਧਰਮ ਦਾ ਵਾਧਾ ਹੋਵੇਗਾ॥ ੬੪॥

ਚੌਪਈ- ਤਿਸੀ ਗ੍ਰਾਮ ਕੇ ਨਰ ਜਹਿਂ ਜਾਵਹਿਂ। ਦੇਕੈ ਕੁਮਤਿ ਕੁਕਰਮ ਚਲਾਵਹਿਂ।
ਬਿਗਰੇ ਆਪਹਿਂ, ਅਪਰ ਬਿਗਾਰਹਿਂ। ਪਰਲੋਕਹਿਂ ਸੁਖ ਮੂਲ ਉਖਾਰਹਿਂ ॥੬੫॥

ਜੋ ਪਹਿਲੇ ਪਿੰਡ ਦੇ ਮਾੜੀ ਮੱਤ ਵਾਲੇ ਲੋਕ ਉੱਜੜ ਕੇ ਕਿਤੇ ਜਾਣਗੇ ਤਾਂ ਉਹ ਬੁਰੀ ਮੱਤ ਅਤੇ ਕੁਕਰਮ ਫੈਲਾਉਣਗੇ। ਆਪ ਤਾਂ ਵਿਗੜੇ ਹਨ, ਹੋਰਨਾਂ ਨੂੰ ਵੀ ਵਿਗਾੜਨਗੇ। ਪਰਲੋਕ ਦਾ ਸੁਖ ਜੜ੍ਹੋਂ ਹੀ ਉਖਾੜ ਦੇਣਗੇ॥ ੬੫॥

ਲੰਪਟ ਲੋਭ ਕੂਰ ਅਨੁਸਰਈ। ਸੰਤ ਅਤਿਥਿ ਕੀ ਸੇਵ ਨ ਕਰਿਈ।
ਨਿਸ ਦਿਨ ਬਿਖਿਯਨਿ ਬਿਖੈ ਬਿਤਾਵਹਿਂ। ਅੰਤਕ ਤੈ ਅੰਤਹਿ ਦੁਖ ਪਾਵਹਿਂ ॥੬੬॥

ਲੰਪਟ, ਲੋਭ ਅਤੇ ਕੂੜ ਦੇ ਅਨੁਸਾਰੀ ਹਨ। ਸੰਤਾਂ ਅਤੇ ਮਹਿਮਾਨਾਂ ਦੀ ਸੇਵਾ ਨਹੀਂ ਕਰਦੇ। ਦਿਨ ਰਾਤ ਵਿਸ਼ਿਆਂ ਵਿਚ ਬਿਤੀਤ ਕਰਦੇ ਹਨ। ਅੰਤ ਵਿਚ ਜਮਾਂ ਪਾਸੋਂ ਬਹੁਤ ਦੁਖ ਪਾਉਣਗੇ" ॥ ੬੬॥

ਮਰਦਾਨਾ ਕਹਿ 'ਜੇ ਤੁਧ ਭਾਵਹਿ। ਤਉ ਓਨ੍ਹਾਂ ਕੀ ਮੋਖ ਕਰਾਵਹਿ।
ਤਿਹ ਛਿਨ ਬਹੁਤੇ ਨਰਨ ਮਝਾਰਾ। ਸ੍ਰੀ ਗੁਰ ਉਚਰਯੋ ਸ਼ਬਦ ਮਲਾਰਾ ॥੬੭॥

ਮਰਦਾਨੇ ਨੇ ਕਿਹਾ, "ਜੇ ਤੁਸੀਂ ਚਾਹੋ ਤਾਂ ਉਨ੍ਹਾਂ ਦੀ ਮੁਕਤੀ ਕਰਵਾ ਸਕਦੇ ਹੋ।" ਉਸ ਸਮੇਂ ਗੁਰੂ ਜੀ ਨੇ ਬਹੁਤ ਮਨੁੱਖਾਂ ਦੇ ਵਿਚ ਰਾਗ ਮਲਾਰ ਵਿਚ ਇਕ ਸ਼ਬਦ ਉਚਾਰਨ ਕੀਤਾ॥ ੬੭॥

ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

*ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥*
*ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥ ੧ ॥*
*ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਨੀ ਪਤਿ ਸੇਤੀ ਘਰਿ ਜਾਵਹੁ ॥ ੧ ॥ ਰਹਾਉ ॥*
*ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥*
*ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ॥ ੨ ॥* (ਪੰਨਾ ੧੨੫੪)

ਵਾਹਿਗੁਰੂ ਇਕ ਹੈ, ਉਸ ਦਾ ਨਾਮ ਸੱਚਾ ਹੈ। ਉਹ ਰਚਨਹਾਰ ਹੈ। ਉਹ ਭੈ ਰਹਿਤ ਹੈ, ਵੈਰ ਰਹਿਤ ਹੈ। ਕਾਲ ਰਹਿਤ ਹੈ, ਅਨਜਮਾ ਅਤੇ ਸਵੈ ਪ੍ਰਕਾਸ਼ਵਾਨ ਹੈ, ਗੁਰੂ ਦੀ ਕਿਰਪਾ ਦੁਆਰਾ ਉਹ ਪਾਇਆ ਜਾਂਦਾ ਹੈ।

ਖਾਣ, ਪੀਣ, ਹੱਸਣ ਅਤੇ ਸੌਣ ਵਿਚ ਮਨੁੱਖ ਮੌਤ ਨੂੰ ਭੁਲਾ ਦਿੰਦਾ ਹੈ। ਆਪਣੇ ਮਾਲਕ ਨੂੰ ਭੁਲਾ ਕੇ ਪ੍ਰਾਣੀ ਨੇ ਆਪਣੇ ਆਪ ਨੂੰ ਤਬਾਹ ਕਰਕੇ ਆਪਣੀ ਜ਼ਿੰਦਗੀ ਨੂੰ ਫਿਟਕਾਰਨਯੋਗ ਬਣਾ ਲਿਆ ਹੈ। ਉਸ ਨੇ ਏਥੇ ਸਦਾ ਨਹੀ ਰਹਿਣਾ ਹੈ ॥ ੧ ॥

ਹੇ ਪ੍ਰਾਣੀ ! ਤੂੰ ਇਕ ਮਾਲਕ ਦੇ ਨਾਮ ਦਾ ਹੀ ਸਿਮਰਨ ਕਰ। ਇਸ ਤਰ੍ਹਾਂ ਤੂੰ ਇਜ਼ਤ ਨਾਲ ਆਪਣੇ ਧਾਮ ਨੂੰ ਜਾਵੇਂਗਾ ॥ ੧ ॥ ਠਹਿਰਾਉ ॥

ਜੋ ਤੇਰੇ ਨਾਮ ਦੀ ਕਮਾਈ ਕਰਦੇ ਹਨ, ਉਹ ਤੈਨੂੰ ਕੀ ਦਿੰਦੇ ਹਨ ? ਉਹ ਸਗੋਂ ਤੈਥੋਂ ਮੰਗ ਕੇ ਲੈਂਦੇ ਹਨ ਅਤੇ ਮੰਗਣ ਤੋਂ ਰੁਕਦੇ ਨਹੀ। ਤੂੰ ਸਾਰਿਆਂ ਜੀਵਾਂ ਦਾ ਦਾਤਾਰ ਹੈਂ, ਤੂੰ ਉਨ੍ਹਾਂ ਜੀਵਾਂ ਦੇ ਅੰਦਰ ਦੀ ਜਿੰਦ-ਜਾਨ ਹੈਂ ॥ ੨ ॥

**ਚੌਪਈ- ਲੋਕਨਿ ਸਰਬ ਸ਼ਬਦ ਸੁਨਿ ਕਰਿਕੈ। ਸਿੱਖ ਭਏ ਸਤਿਗੁਰੂ ਬਿਚਰਿਕੈ।**
**ਵਾਹਿਗੁਰੂ ਕੋ ਸਿਮਰਨ ਕਰਿਹੀਂ। ਰਿਦੈ ਬਿਕਾਰਨ ਕੋ ਪਰਹਰਿਹੀਂ ॥੬੮॥**

ਸਾਰੇ ਲੋਕ ਗੁਰੂ ਜੀ ਦਾ ਸ਼ਬਦ ਸੁਣ ਕੇ ਅਤੇ ਵਿਚਾਰ ਕੇ ਸਤਿਗੁਰੂ ਦੇ ਸਿੱਖ ਬਣ ਗਏ। ਵਾਹਿਗੁਰੂ ਦਾ ਸਿਮਰਨ ਕਰਨ ਲੱਗੇ ਅਤੇ ਹਿਰਦੇ ਦੇ ਵਿਕਾਰਾਂ ਨੂੰ ਦੂਰ ਕੀਤਾ ॥ ੬੮ ॥

**ਦੋਹਰਾ-ਗਮਨ ਕੀਨ ਤਹਿਂ ਤੇ ਪ੍ਰਭੂ ਜਾਨਿ ਆਨ ਅਸਥਾਨ।**
**ਗੰਜਨ ਦੰਭ, ਭੰਜਨ ਕਸ਼ਟ, ਰੰਜਨ ਜਨ ਕੇ ਪ੍ਰਾਨ ॥ ੬੯ ॥**

ਫਿਰ ਉਸ ਸਥਾਨ ਤੋਂ ਚਲ ਕੇ ਗੁਰੂ ਜੀ ਕਿਸੇ ਹੋਰ ਅਸਥਾਨ ਵਿਖੇ ਚਲੇ ਗਏ। ਗੁਰੂ ਜੀ ਪਖੰਡਾਂ ਦਾ ਨਾਸ਼ ਕਰਨ ਵਾਲੇ, ਕਸ਼ਟਾਂ ਨੂੰ ਤੋੜਨ ਵਾਲੇ ਅਤੇ ਸੇਵਕਾਂ ਦੇ ਪ੍ਰਾਣਾਂ ਨੂੰ ਪ੍ਰਸੰਨ ਕਰਨ ਵਾਲੇ ਹਨ ॥ ੬੯ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਬ੍ਰਾਹਮਨ, ਗ੍ਰਾਮਨ' ਪ੍ਰਸੰਗ ਬਰਨਨੰ ਨਾਮ ਬਾਈਸਮੋ ਅਧ੍ਯਾਯ ॥ ੨੨ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਾਈਵਾਂ ਅਧਿਆਇ, ਜਿਸ ਦਾ ਨਾਮ "ਬ੍ਰਾਹਮਣ ਉਧਾਰ ਅਤੇ ਪਿੰਡਾਂ ਦਾ ਪ੍ਰਸੰਗ" ਹੈ, ਸਮਾਪਤ ਹੋਇਆ ॥ ੨੨ ॥

□□

# ਅਧਿਆਇ ਤੇਈਵਾਂ

## ਦੁਖੀ ਸ਼ਾਹ ਦਾ ਉਧਾਰ

ਦੋਹਰਾ-ਸੁਖ ਸਾਗਰ ਨਾਗਰ ਗੁਰੂ ਜਗਤ ਉਜਾਗਰ ਰੂਪ॥
ਬੰਦੌਂ ਪਦ ਅਰਬਿੰਦ ਕੋ ਉਚਰੌਂ ਕਥਾ ਅਨੂਪ॥ ੧॥

ਗੁਰੂ ਜੀ ਸੁਖਾਂ ਦੇ ਸਮੁੰਦਰ ਹਨ ਤੇ ਹਰ ਗੁਣ ਵਿਚ ਨਿਪੁੰਨ ਹਨ। ਉਨ੍ਹਾਂ ਦਾ ਸਰੂਪ ਜਗਤ ਪ੍ਰਸਿੱਧ ਹੈ। ਉਨ੍ਹਾਂ ਦੇ ਚਰਨਾਂ ਕਮਲਾਂ ਨੂੰ ਨਮਸ਼ਕਾਰ ਕਰਕੇ ਅਗੋਂ ਹੋਰ ਅਨੁਪਮ ਕਥਾ ਉਚਾਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ! ਸੁਨਿ ਕਥਾ ਸੁਹਾਨੀ। ਗਮਨ ਕੀਨ ਆਗੇ ਗੁਨਖਾਨੀ।
ਹੁਤੇ ਸਤਿੱਘਰਾ ਏਕ ਸਥਾਨਾ। ਤਹਾਂ ਪਹੂਚੇ ਕ੍ਰਿਪਾਨਿਧਾਨਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਹਾਵਣੀ ਕਥਾ ਸੁਣੋ, ਗੁਰੂ ਜੀ ਅੱਗੇ ਚਲ ਪਏ। ਇਕ ਸਥਾਨ ਤੇ ਸਤਿਘਰਾ ਨਾਂ ਦਾ ਪਿੰਡ ਸੀ। ਕਿਰਪਾ ਨਿਧਾਨ ਓਥੇ ਪਹੁੰਚ ਗਏ॥ ੨॥

ਗਮਨੇ ਬਹੁਰ ਬਜਾਰ ਮਝਾਰਾ। ਬੈਠਿ ਗਏ ਇਕ ਹਾਟ ਉਦਾਰਾ।
ਹੁਤੇ ਧਨਾਢ ਸ਼ਾਹ ਇਕ ਭਾਰੀ। ਕਾਮੇ ਜਿਹ ਕੇ ਬਹੁਤ ਅਗਾਰੀ॥ ੩॥

ਫਿਰ ਬਾਜ਼ਾਰ ਦੇ ਵਿਚ ਚਲੇ ਗਏ ਤੇ ਗੁਰੂ ਜੀ ਇਕ ਹੱਟੀ ਦੇ ਸਾਹਮਣੇ ਜਾ ਕੇ ਬੈਠ ਗਏ। ਇਕ ਬਹੁਤ ਅਮੀਰ ਸ਼ਾਹ ਓਥੇ ਰਹਿੰਦਾ ਸੀ, ਜਿਸ ਨੇ ਅੱਗੇ ਬਹੁਤ ਕਾਮੇ ਰੱਖੇ ਹੋਏ ਸਨ॥ ੩॥

ਜਗ ਕੇ ਧੰਧ ਅਧਿਕ ਸੋ ਕਰਿਈ। ਰਿਦੇ ਨਾਮ ਹਰਿ ਕਦੇ ਨ ਧਰਿਈ।
ਕਰਤਿ ਬਨਜ ਸਭਿ ਦਿਵਸ ਬਿਤਾਵਤਿ। ਪਚੀ ਭਯੋ ਕਬਹਿ ਨ ਬਿਸਰਾਵਤਿ॥੪॥

ਉਹ ਜਗਤ ਦੇ ਬਹੁਤ ਕੰਮ ਕਰਦਾ ਸੀ, ਪਰ ਹਿਰਦੇ ਵਿਚ ਕਦੇ ਨਾਮ ਨੂੰ ਧਾਰਨ ਨਹੀਂ ਸੀ ਕਰਦਾ। ਵਪਾਰ ਕਰਦਿਆਂ ਸਾਰਾ ਦਿਨ ਬਿਤੀਤ ਕਰਦਾ ਸੀ। ਵਿਹਾਰਾਂ ਵਿਚ ਪੂਰੀ ਤਰ੍ਹਾਂ ਖੱਚਤ ਰਹਿੰਦਾ ਸੀ ਅਤੇ ਆਪਣੇ ਕੰਮ ਧੰਦਿਆਂ ਨੂੰ ਕਦੀ ਵੀ ਭੁੱਲਦਾ ਨਹੀਂ ਸੀ॥ ੪॥

ਦੋਹਰਾ-ਘਟੀ ਦੋਇ ਦਿਨ ਜਬ ਰਹਾ ਮਰਦਾਨੇ ਦ੍ਰਿਗ ਲਾਇ।
ਕਹਯੋ 'ਸੁਖੀ ਬਹੁ ਸ਼ਾਹ ਇਹੁ, ਸੁਖ ਸੋਂ ਦਿਵਸ ਬਿਤਾਇ॥ ੫॥

ਜਦ ਦੋ ਘੜੀਆਂ ਓਥੇ ਰਹੇ ਤਾਂ ਮਰਦਾਨੇ ਨੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਕਿਹਾ, 'ਇਹ ਸ਼ਾਹ ਬੜਾ ਸੁਖੀ ਹੈ ਅਤੇ ਬੜੇ ਸੁੱਖ ਦੇ ਦਿਨ ਜੀਵਨ ਬਿਤੀਤ ਕਰਦਾ ਹੈ॥ ੫॥

ਚੌਪਈ- ਕਬ ਕੇ ਤੁਮ ਬੈਠੇ ਇਸ ਥਾਈਂ। ਦ੍ਰਿਸ਼ਟਿ ਨ ਇਸਕੀ ਹਮ ਦਿਸ਼ਿ ਆਈ।
ਕਰਨ ਦਾਨ ਕੀ ਮਨ ਮਹਿਂ ਨਾਂਹੀ। ਬੇਮੁਖ ਸੰਤਨ ਤੇ ਇਹ ਆਹੀ॥੬॥

ਜਦ ਤੋਂ ਤੁਸੀਂ ਏਥੇ ਬੈਠੇ ਹੋ, ਇਸ ਸਾਡੇ ਵੱਲ ਵੇਖਿਆ ਤਕ ਨਹੀਂ, ਦਾਨ ਕਰਨ ਦੀ ਇਸ ਦੇ ਮਨ ਵਿਚ ਕੋਈ ਚਾਹ ਨਹੀਂ ਹੈ, ਇਹ ਸੰਤਾਂ ਤੋਂ ਬੇਮੁਖ ਲਗਦਾ ਹੈ॥ ੬॥

ਕਬਹਿ ਨ ਸੇਵ ਕਿਸੂ ਕੀ ਕਰਿਈ। ਭਾਉ ਭਗਤਿ ਕੋ ਰਿਦੈ ਨ ਧਰਿਈ।

ਸੁਖੀ ਰਹਿਤ, ਉਲਟੀ ਇਹ ਜਾਨੀ'। ਸੁਨਿਕੈ ਅਸ ਬੋਲੇ ਗੁਨਖਾਨੀ ॥੭॥

ਕਦੀ ਵੀ ਕਿਸੇ ਦੀ ਸੇਵਾ ਨਹੀਂ ਕਰਦਾ। ਪ੍ਰੇਮ ਭਗਤੀ ਨੂੰ ਹਿਰਦੇ ਵਿਚ ਧਾਰਨ ਨਹੀਂ ਕਰਦਾ, ਉਲਟਾ ਇਹ ਬੜਾ ਸੁਖੀ ਰਹਿੰਦਾ ਜਾਪਦਾ ਹੈ।'' ਇਹ ਸੁਣ ਕੇ ਗੁਰੂ ਜੀ ਬੋਲੇ॥ ੭॥

ਚੌਪਈ- 'ਰੀਤਿ ਕਲੁਖ ਕੀ ਦੁਖ ਕੋ ਦੇਈ। ਜਿਨਹਿਂ ਗਿਆਨ, ਸੁਖੀਆ ਹੈ ਤੇਈ।
ਬਿਨ ਸੂਰਜ ਕਬ ਨਹਿਂ ਦਿਨ ਆਹੀ। ਹੀਨ ਗਿਆਨ ਤਿਉਂ ਸੁਖ ਕਿਹ ਨਾਂਹੀ ॥੮॥

ਪਾਪਾਂ ਦੀ ਰੀਤੀ ਸਦਾ ਦੁੱਖ ਹੀ ਦਿੰਦੀ ਹੈ। ਜਿਸ ਨੂੰ ਗਿਆਨ ਪ੍ਰਾਪਤ ਹੈ ਉਹ ਹੀ ਸੁਖੀ ਰਹਿੰਦੇ ਹਨ। ਬਿਨਾਂ ਸੂਰਜ ਤੋਂ ਜਿਵੇਂ ਦਿਨ ਨਹੀਂ ਹੋ ਸਕਦਾ, ਗਿਆਨ ਤੋਂ ਬਗੈਰ ਕਿਸੇ ਨੂੰ ਵੀ ਸੁੱਖ ਨਹੀਂ ਮਿਲਦਾ ਹੈ॥ ੮॥

ਜੇਕਰਿ ਤੇਰੇ ਉਰ ਸੰਦੇਹੂ। ਸ਼ਾਹਿ ਬੁਲਾਇ ਬੂਝ ਕਿਨ ਲੇਹੂ'।
ਸੁਨਿ ਕਰਿ ਇਸ ਪ੍ਰਕਾਰ ਮਰਦਾਨੇ। ਸ਼ਾਹੁ ਸੰਗਿ ਤਬ ਬਚਨ ਬਖਾਨੇ ॥੯॥

ਹੇ ਮਰਦਾਨੇ! ਜੇ ਤੇਰੇ ਹਿਰਦੇ ਵਿਚ ਸ਼ੰਕਾ ਹੈ, ਉਸ ਨੂੰ ਬੁਲਾ ਕੇ ਪੁੱਛ ਲਵੇਂ।'' ਮਰਦਾਨੇ ਨੇ ਜਦ ਇਸ ਤਰ੍ਹਾਂ ਸੁਣਿਆ ਤਾਂ ਉਹ ਸ਼ਾਹ ਦੇ ਪਾਸ ਗਿਆ ਅਤੇ ਬੋਲਿਆ॥ ੯॥

'ਸੁਖ ਬਿਸ਼ਾਲ ਮਹਿਂ ਤੁਮ ਕੋ ਜੋਵਾ। ਕੌਨ ਪੁੰਨ ਕਿਯ? ਜਾਂਤੇ ਹੋਵਾ।
ਜਾਂਤੇ ਨਿਸ ਦਿਨ ਜਾਨਤਿ ਨਾਂਹੀ। ਮਗਨ ਰਹੋ ਅਪਨੇ ਸੁਖ ਮਾਂਹੀ' ॥੧੦॥

''ਤੁਹਾਨੂੰ ਬਹੁਤ ਸੁਖੀ ਵੇਖਿਆ ਹੈ। ਤੁਸੀਂ ਕਿਹੜੇ ਪੁੰਨ ਕੀਤੇ ਹਨ ਜਿਸ ਕਾਰਨ ਇਹ ਸੁੱਖ ਪ੍ਰਾਪਤ ਹੋਇਆ ਹੈ। ਜਿਸ ਕਰਕੇ ਤੂੰ ਦਿਨ ਰਾਤ ਜਾਣਦਾ ਹੀ ਨਹੀਂ, ਹਰ ਵੇਲੇ ਆਪਣੇ ਸੁੱਖ ਵਿਚ ਮਗਨ ਰਹਿੰਦਾ ਹੈਂ''॥ ੧੦॥

ਲਖਿ ਦਰਵੇਸ਼ ਬੇਸ਼ ਮਨ ਮਾਂਹੀ। ਬੋਲਜੋ ਸ਼ਾਹ ਅਧਿਕ ਦੁਖ ਜਾਂਹੀ।
'ਸਰਬ ਜਗਤ ਮਹਿਂ ਮੋਹਿ ਸਮਾਨਾਂ। ਔਰ ਨ ਕੋਊ ਦੁਖੀ ਮਹਾਨਾਂ ॥੧੧॥

ਸ਼ਾਹ ਨੇ ਮਰਦਾਨੇ ਨੂੰ ਫਕੀਰਾਂ ਦੇ ਭੇਸ ਵਿਚ ਵੇਖ ਕੇ ਆਪਣੇ ਅਧਿਕ ਦੁਖਾਂ ਬਾਰੇ ਕਿਹਾ, ''ਸਾਰੇ ਜੱਗ ਵਿਚ ਮੇਰੇ ਵਰਗਾ ਹੋਰ ਕੋਈ ਦੁਖੀ ਨਹੀਂ ਹੈ॥ ੧੧॥

ਗੁਹਜ ਬਹੁਤ ਸੋ ਕਹਾ ਨ ਜਾਈ। ਕੈਸੇ ਤੁਮ ਢਿਗ ਦੇਉਂ ਬਤਾਈ'।
ਕਹਿ ਮਰਦਾਨਾ 'ਸੰਤ ਮਹਾਨੇ। ਇਨ ਆਗੈ ਕਹੁ ਹ੍ਵੈ ਦੁਖ ਹਾਨੇ' ॥੧੨॥

ਬੜੀ ਗੁੱਝੀ ਗੱਲ ਹੈ ਜੋ ਦੱਸੀ ਨਹੀਂ ਜਾ ਸਕਦੀ, ਤੈਨੂੰ ਮੈਂ ਕਿਵੇਂ ਦੱਸ ਦੇਵਾਂ।'' ਮਰਦਾਨੇ ਕਿਹਾ, ''ਮੇਰੇ ਨਾਲ ਇਕ ਮਹਾਨ ਸੰਤ ਹਨ, ਉਨ੍ਹਾਂ ਨੂੰ ਸਾਰੀ ਗੱਲ ਦੱਸੋ, ਉਹ ਤੁਹਾਡੇ ਸਾਰੇ ਦੁੱਖ ਦੂਰ ਕਰ ਦੇਣਗੇ''॥ ੧੨॥

ਨਿਕਟਿ ਬੈਠਿ ਗੁਰ ਸ਼ਾਹ ਅਲਾਈ। 'ਸੁਨਹੁ ਸੰਤ! ਤੁਮ ਸਭਿ ਸੁਖਦਾਈ।
ਅੰਗਨਾ ਜੋ ਮੇਰੇ ਘਰ ਮਾਂਹੀ। ਅਧਿਕ ਸਨੇਹ ਸੰਗ ਮਮ ਤਾਂਹੀ ॥੧੩॥

ਗੁਰੂ ਜੀ ਦੇ ਪਾਸ ਬੈਠ ਕੇ ਸ਼ਾਹ ਨੇ ਕਿਹਾ, ''ਹੇ ਸੰਤ ਜੀ ! ਮੇਰੀ ਵਾਰਤਾ ਸੁਣੋ, ਤੁਸੀਂ ਹਰ ਤਰ੍ਹਾਂ ਸੁਖਾਂ ਦੇ ਦਾਤੇ ਹੋ। ਮੇਰੇ ਘਰ ਮੇਰੀ ਜੋ ਇਸਤਰੀ ਹੈ, ਉਸ ਦਾ ਮੇਰੇ ਨਾਲ ਬਹੁਤ ਪਿਆਰ ਸੀ॥ ੧੩॥

ਰਾਤ ਦਿਵਸ ਤਿਹ ਭੋਗ ਬਿਲਾਸਾ। ਕਰਤਿ ਰਹਿਤਿ ਨਹਿਂ ਛੋਡੋਂ ਪਾਸਾ।
ਏਕ ਸਮੇ ਹੋਯੋ ਤਿਹ ਰੋਗਾ। ਭੀ ਦੁਰਬਲ, ਮ੍ਰਿਤੁ ਤੇ ਭਾ ਸੋਗਾ ॥੧੪॥

ਰਾਤ ਦਿਨ ਉਸ ਨਾਲ ਭੋਗ ਬਿਲਾਸ ਕਰਦਾ ਸੀ। ਸਦਾ ਹੀ ਗਲਤਾਨ ਰਹਿੰਦਾ ਸੀ ਤੇ ਉਸ ਦਾ ਸਾਥ ਨਹੀਂ ਸੀ ਛੱਡਦਾ। ਇਕ ਸਮੇਂ ਉਹ ਬਿਮਾਰ ਹੋ ਗਈ। ਬਹੁਤ ਕਮਜ਼ੋਰ ਹੋ ਗਈ, ਮੌਤ ਦਾ ਖਿਆਲ ਕਰਕੇ ਮੈਂ ਬਹੁਤ ਦੁਖੀ ਹੋਇਆ॥ ੧੪॥

ਅਧਿਕ ਦਾਨ ਦੀਨੋ ਤਿਹ ਕਾਲਾ। ਕੀਨੋ ਬਹੁਰ ਬ੍ਰਿਲਾਪ ਬਿਸਾਲਾ।
ਰੁਦਨ ਕਰਤਿ ਬੈਠਯੋ ਤਿਹ ਪਾਸਾ। ਕਹਿਤਿ ਭਈ ਤਿਯ ਦੇਨ ਦਿਲਾਸਾ ॥੧੫॥

ਮੈਂ ਬਿਮਾਰੀ ਨੂੰ ਮੁਖ ਰੱਖ ਕੇ ਉਸ ਸਮੇਂ ਬਹੁਤ ਦਾਨ ਦਿੱਤਾ ਅਤੇ ਦੁਖੀ ਹੋ ਕੇ ਬਹੁਤ ਵਿਰਲਾਪ ਕੀਤਾ। ਇਕ ਦਿਨ ਰੋਂਦਾ ਹੋਇਆ ਉਸ ਦੇ ਪਾਸ ਬੈਠਾ ਸੀ, ਉਹ ਮੈਨੂੰ ਦਿਲਾਸਾ ਦੇਣ ਵਾਸਤੇ ਕਹਿਣ ਲੱਗੀ॥ ੧੫॥

'ਹਿਤ ਮੇਰੇ ਕਿਉਂ ਰੋਦਨ ਠਾਨੋ। ਨਿਜ ਕੋ ਬਡ ਧਨਵੰਤ ਪਛਾਨੋ।
ਮੈਂ ਮਰਿਹੋਂ ਕਰਿ ਬਜਾਹ ਬਹੋਰੀ। ਭੋਗਹੁ ਆਨਿ ਅੰਗਨਾ ਔਰੀ ॥੧੬॥

''ਮੇਰੇ ਵਾਸਤੇ ਕਿਉਂ ਰੋ ਰਹੇ ਹੋ ? ਆਪਣੇ ਆਪ ਨੂੰ ਵੱਡਾ ਧਨਵਾਨ ਜਾਣੋ। ਮੈਂ ਮਰ ਜਾਵਾਂਗੀ ਤਾਂ ਹੋਰ ਵਿਆਹ ਕਰ ਲੈਣਾ, ਹੋਰ ਇਸਤਰੀ ਘਰ ਲਿਆ ਕੇ ਭੋਗ ਵਿਲਾਸ ਕਰੋ॥ ੧੬॥

ਬਿਲਸਿ ਬਿਲਾਸਨ ਹ੍ਵੈ ਅਹਿਲਾਦੂ। ਮੁਝਹਿ ਬਿਸਾਰਹਿਂ ਕਰਹਿਂ ਨ ਯਾਦੂ।
ਮੈਂ ਭਾਖਯੋ ਸੁਨੀਐ ਪ੍ਰਿਯ ਮੋਰੀ। ਤੁਝ ਬਿਨ ਮੋਹਿ ਨ ਭਾਵੈ ਔਰੀ ॥੧੭॥

ਵਿਸ਼ੇ ਵਿਲਾਸਾਂ ਵਿਚ ਆਨੰਦ ਲਵੋਗੇ, ਮੈਨੂੰ ਵਿਸਾਰ ਦੇਵੋਗੇ, ਕਦੀ ਵੀ ਯਾਦ ਨਹੀਂ ਕਰੋਗੇ''। ਇਹ ਸੁਣ ਕੇ ਮੈਂ ਕਿਹਾ, ''ਹੇ ਮੇਰੀ ਪਿਆਰੀ ! ਸੁਣੋ, ਤੇਰੇ ਬਗੈਰ ਮੈਨੂੰ ਹੋਰ ਕੋਈ ਇਸਤਰੀ ਨਹੀ ਭਾਉਂਦੀ॥ ੧੭॥

ਤੂੰ ਜੀਵਹਿਂ ਤੋ ਕਰੌਂ ਬਿਲਾਸਾ। ਨਤੁ ਮੈਂ ਤਜੋਂ ਜਿਯਨ ਕੀ ਆਸਾ।
ਪ੍ਰਾਨ ਸਮਾਨ ਮੋਹਿ ਕੋ ਪਯਾਰੀ। ਤੁਝ ਬਿਨ ਕਸ ਬਿਲਸੌਂ ਬਿਬ ਨਾਰੀ ॥੧੮॥

ਤੂੰ ਜੀਉਂਦੀ ਰਹੇਂਗੀ ਤਾਂ ਸੁਖ ਵਿਲਾਸ ਕਰਾਂਗਾ, ਨਹੀਂ ਤਾਂ ਜੀਵਨ ਦੀ ਆਸ ਛੱਡ ਦੇਵਾਂਗਾ। ਮੇਰੇ ਪ੍ਰਾਣਾ ਸਮਾਨ ਤੂੰ ਮੈਨੂੰ ਪਿਆਰੀ ਹੈਂ, ਤੇਰੇ ਬਗੈਰ ਕੈਸੇ ਦੂਸਰੀ ਇਸਤਰੀ ਨੂੰ ਪਿਆਰ ਕਰ ਸਕਦਾ ਹਾਂ॥ ੧੮॥

ਅਹੋ ਕੰਤ! ਮੈਂ ਜੀਓਂ ਤ ਸਾਚੀ। ਮਰਿ ਜਾਵੌਂ ਇਹ ਕਹਿ ਸਭਿ ਕਾਚੀ।
ਅਸ ਕਹਿ ਮੋਹਿ ਸੁਨਾਵਤਿ ਪ੍ਰੀਤੀ। ਰਿਦੈ ਬਿਖੈ ਠਾਨਤਿ ਬਿਪਰੀਤੀ ॥੧੯॥

ਇਸਤਰੀ ਨੇ ਕਿਹਾ, ''ਹੇ ਪਤੀ ਦੇਵ ! ਮੈਂ ਜੀਵਾਂ ਤਾਂ ਇਹ ਗੱਲ ਸੱਚੀ ਮੰਨਾਂ, ਮਰ ਜਾਵਾਂ ਤਾਂ ਤੁਹਾਡੀ ਕਹਿਣੀ ਕੱਚੀ ਹੋਵੇਗੀ। ਇਸ ਤਰ੍ਹਾਂ ਕਹਿ ਕੇ ਮੈਨੂੰ ਪ੍ਰੀਤ ਸੁਣਾਉਂਦੇ ਹੋ, ਪਰ ਹਿਰਦੇ ਵਿਚ ਉਲਟੀ ਰੀਤੀ ਧਾਰਨ ਕੀਤੀ ਹੋਈ ਹੈ॥ ੧੯॥

ਤਿਯ ਕੀ ਤਰਕ ਸੁਨੀ ਮੈਂ ਜਬਹੀ। ਸਹਿ ਨ ਜਾਇ ਬਹੁ ਦੁਖ ਭਾ ਤਬਹੀ।
ਲੇਕਰਿ ਤੀਛਨ ਛੁਰੀ ਚਲਾਈ। ਲਿੰਗ ਕਾਟਿ ਨਿਜ ਦੀਨ ਬਗਾਈ ॥੨੦॥

ਇਸਤਰੀ ਦੀ ਦਲੀਲ ਜਦ ਮੈਂ ਸੁਣੀ, ਤਾਂ ਸਹਿ ਨਾ ਸਕਿਆ ਅਤੇ ਦਿਲ ਵਿਚ ਬਹੁਤ ਦੁਖੀ ਹੋਇਆ। ਮੈਂ ਇਕ ਤਿੱਖੀ ਛੁਰੀ ਲਈ ਤੇ ਆਪਣਾ ਲਿੰਗ ਕੱਟ ਕੇ ਸੁੱਟ ਦਿੱਤਾ॥ ੨੦॥

ਅਬ ਤੋ ਆਇ ਕਿ ਨਾਂਹੀ ਪ੍ਰਤੀਤੀ। ਮਾਨਤਿ ਨਹੀਂ ਸਾਚ ਮਮ ਪ੍ਰੀਤੀ।
ਸ਼ਿਸ਼ੁਨ ਕਟੇ ਤੇ ਪੀਰ ਬਿਲਾਸਾ। ਮੈਂ ਰਹਿਓ ਜੀਵਤਿ ਤਿਹਂ ਕਾਲਾ ॥੨੧॥

ਮੈਂ ਕਿਹਾ, ''ਹੁਣ ਤੈਨੂੰ ਪ੍ਰਤੀਤ ਆਈ ਹੈ ਕਿ ਨਹੀਂ, ਮੇਰੀ ਪ੍ਰੀਤ ਨੂੰ ਸੱਚੀ ਨਹੀਂ ਮੰਨਦੀ ਸੀ। ਲਿੰਗ ਕੱਟਣ ਤੇ ਬਹੁਤ ਪੀੜ ਹੋਈ, ਪਰ ਫਿਰ ਵੀ ਉਸ ਸਮੇਂ ਮੈਂ ਜੀਉਂਦਾ ਰਿਹਾ॥ ੨੧॥

ਕਿਤਿਕ ਦਿਵਸ ਬੀਤੇ ਤੇ ਨਾਰੀ। ਭਈ ਅਰੋਗ ਗਯੋ ਦੁਖ ਭਾਰੀ।
ਜਲ ਥਲ ਭਯੋ ਆਨ ਸਰਬੰਗਾ। ਬਜਾਪਯੋ ਤਿਹ ਤਨ ਬਹੁਰ ਅਨੰਗਾ ॥੨੨॥

ਜਦ ਕਈ ਦਿਨ ਬੀਤ ਗਏ, ਤਾਂ ਮੇਰੀ ਇਸਤਰੀ ਤੰਦਰੁਸਤ ਹੋ ਗਈ, ਮੈਨੂੰ ਫਿਰ ਬਹੁਤ ਦੁੱਖ ਹੋਇਆ। ਮੈਂ ਸਾਰੇ ਅੰਗਾ ਸਹਿਤ ਸੜ ਬਲ ਗਿਆ। ਉਸ ਦੇ ਸਰੀਰ ਵਿਚ ਫਿਰ ਬਹੁਤ ਕਾਮਦੇਵ ਵਿਆਪਕ ਹੋਇਆ॥ ੨੨॥

ਕਿਤਿਕ ਦਿਵਸ ਮੁਹਿ ਸੰਗ ਅਲਾਈ। ਬਿਨ ਮੈਥੁਨ ਤੇ ਰਹਜੋ ਨ ਜਾਈ।
ਹੌਂ ਲੱਜਿਤ ਹੁਇ ਕਛੂ ਨ ਬਤਾਵੌਂ। ਅਪਨ ਕਰਜੋ ਲਖਿ ਉਰ ਪਛੁਤਾਵੌਂ ॥੨੩॥

ਕਈ ਦਿਨਾਂ ਬਾਅਦ ਮੈਨੂੰ ਕਹਿਣ ਲੱਗੀ, "ਵਿਲਾਸ ਤੋਂ ਬਗੈਰ ਰਿਹਾ ਨਹੀਂ ਜਾਂਦਾ। ਮੈਂ ਸ਼ਰਮਿੰਦਾ ਹੋਇਆ ਕੁਝ ਵੀ ਕਹਿ ਨਾ ਸਕਿਆ, ਆਪਣੇ ਕੀਤੇ ਤੇ ਦਿਲ ਵਿਚ ਪਛਤਾਉਂਦਾ ਸੀ॥ ੨੩॥

ਅਬ ਪਰ ਪੁਰਖਨ ਸੌਂ ਬਿਭਚਾਰਤਿ। ਜਿਂਹ ਚਾਹੈ ਤਿਂਹ ਪਾਸ ਹਕਾਰਤਿ।
ਪਰਹਰਿ ਲਾਜ ਸਰਬ ਪਰਵਾਰਾ। ਬਹੁਤ ਨਰਨ ਸੌਂ ਕਰਤਿ ਬਿਹਾਰਾ ॥੨੪॥

ਹੁਣ ਪਰਾਏ ਮਰਦਾਂ ਨਾਲ ਵਿਭਚਾਰ ਕਰਦੀ ਹੈ, ਜਿਸ ਨੂੰ ਚਾਹੁੰਦੀ ਹੈ, ਉਸ ਨੂੰ ਹੀ ਬੁਲਾ ਲੈਂਦੀ ਹੈ , ਸਾਰੇ ਪਰਿਵਾਰ ਦੀ ਲਾਜ ਛੱਡ ਦਿੱਤੀ ਹੈ ਅਤੇ ਬਹੁਤ ਮਰਦਾਂ ਨਾਲ ਵਿਭਚਾਰ ਕਰਦੀ ਹੈ॥ ੨੪॥

ਅਸ ਕੁਕਰਮ ਨੈਨਨ ਨਿਤ ਦੇਖੌਂ। ਮੋ ਮਨ ਹੋਵਤਿ ਦਗਧ ਬਿਸ਼ੇਖੋ।
ਚਿੰਤਾਤੁਰ ਦੁਖ ਮਹਿਂ ਦਿਨ ਰੈਨਾ। ਮੋ ਸੋ ਦੁਖੀ ਅਵਰ ਕੋ ਹੈ ਨਾਂ ॥੨੫॥

ਉਸਦੇ ਐਸੇ ਕੁਕਰਮ ਨਿਤ ਅੱਖਾਂ ਨਾਲ ਵੇਖਦਾ ਹਾਂ ਅਤੇ ਮੇਰੇ ਮਨ ਵਿਚ ਬਹੁਤ ਦੁੱਖ ਹੁੰਦਾ ਹੈ। ਦਿਨ ਰਾਤ ਦੁੱਖੀ ਹੋ ਕੇ ਚਿੰਤਾ ਵਿਚ ਰਹਿੰਦਾ ਹਾਂ। ਮੇਰੇ ਵਰਗਾ ਦੁਖੀ ਹੋਰ ਕੋਈ ਨਹੀਂ ਹੈ॥ ੨੫॥

ਰਿਦੇ ਬਿਚਾਰਤਿ ਹੈ ਨ ਉਪਾਈ। ਸਭਿ ਲੋਕਨ ਤੇ ਰਹੌਂ ਲਜਾਈ'।
ਸੁਨਿਕੈ ਸ਼੍ਰੀ ਪ੍ਰਭੁ ਬੈਨ ਅਲਾਏ। 'ਪੂਰਬ ਜਨਮ ਕਰਮ ਕਰਿ ਆਏ ॥੨੬॥

ਹਿਰਦੇ ਵਿਚ ਕੋਈ ਵੀ ਉਪਾਅ ਵਿਚਾਰ ਵਿਚ ਨਹੀਂ ਆ ਰਿਹਾ ਹੈ, ਇਸ ਕਰਕੇ ਸਭ ਲੋਕਾਂ ਤੋਂ ਲਜਿਤ ਹੋ ਕੇ ਰਹਿੰਦਾ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਪਿਛਲੇ ਜਨਮ ਵਿਚ ਜਿਹੜੇ ਕਰਮ ਕਰਕੇ ਆਏ ਹੋ॥ ੨੬॥

ਦੋਹਰਾ- ਤਿਨਕੋ ਦੁਖ ਸੁਖ ਭੋਗਈ ਜੋ ਬੀਜਹਿ ਸੋ ਖਾਇ।
ਪੁੰਨ ਕਰੇ ਸੁਖ ਹੋਤਿ ਹੈਂ ਕਲਮਲ ਤੇ ਦੁਖ ਪਾਇ॥ ੨੭॥

ਤਿਨ੍ਹਾਂ ਕਰਕੇ ਦੁਖ ਸੁਖ ਭੋਗਦੇ ਹੋ, ਜੋ ਬੀਜਿਆ ਹੈ ਸੋਈ ਖਾਂਦੇ ਹੋ। ਪੁੰਨ ਕਰਨ ਨਾਲ ਸੁੱਖ ਮਿਲਦਾ ਹੈ, ਪਾਪ ਕਰਨ ਨਾਲ ਦੁਖ ਪ੍ਰਾਪਤ ਹੁੰਦਾ ਹੈ॥ ੨੭॥

ਚੌਪਈ- ਬ੍ਰਹਮਾਦਿਕ ਤੇ ਮਸ਼ਕ ਜਿ ਆਹੀ। ਭੋਗਹਿਂ ਕਰਮ ਕੀਨ ਜਸ ਜਾਂਹੀ।
ਜਿਨ ਕਿਨ ਜਸ ਕਸ ਕਰਮੈਂ ਕੀਨੋ। ਭੋਗੇ ਬਿਨਾ ਛੁਟਤਿ ਨਹਿਂ, ਚੀਨੋ ॥੨੮॥

ਬ੍ਰਹਮਾ ਆਦਿ ਤੋਂ ਲੈ ਕੇ ਮੱਛਰ ਤਕ ਜਿਹੜੇ ਜੀਵ ਹਨ, ਜਿਸ ਤਰ੍ਹਾਂ ਵੀ ਉਹ ਕਰਮ ਕਰਦੇ ਹਨ, ਉਸ ਤਰ੍ਹਾਂ ਹੀ ਉਹ ਭੋਗਦੇ ਹਨ। ਜਿਸ ਨੇ ਵੀ ਜਿਸ ਤਰ੍ਹਾਂ ਦੇ ਕਰਮ ਕੀਤੇ ਹਨ, ਉਨ੍ਹਾਂ ਨੂੰ ਭੋਗਣ ਬਗੈਰ ਛੁਟਕਾਰਾ ਨਹੀ ਮਿਲਦਾ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ॥ ੨੮॥

ਜੇ ਜਗ ਮਹਿਂ ਗ੍ਯਾਨੀ ਹੁਇ ਮਾਨਵ। ਦੇਹਿ ਅਨਿੱਤ ਸਦੀਵ ਸੁ ਜਾਨਵ।
ਦੁਖ ਸੁਖ ਭੀ ਨੱਸ੍ਵਰ ਉਰ ਜਾਨਹਿ। ਮਮਤਾ ਇਨ ਮਹਿਂ ਕਬਹਿ ਨ ਆਨਹਿ ॥੨੯॥

ਜਿਹੜੇ ਜਗਤ ਵਿਚ ਗਿਆਨੀ ਮਨੁੱਖ ਹੋਏ ਹਨ, ਉਹ ਸਦਾ ਜਾਣਦੇ ਹਨ ਕਿ ਸਰੀਰ ਨੇ ਸਦਾ ਨਹੀ ਰਹਿਣਾ ਹੈ। ਦੁੱਖ ਸੁਖ ਵੀ ਨਾਸ਼ ਹੋਣ ਵਾਲੇ ਹਨ, ਉਹ ਹਿਰਦੇ ਵਿਚ ਜਾਣਦੇ ਹਨ, ਇਨ੍ਹਾਂ ਚਤਰ ਲੋਕਾਂ ਵਿਚ ਮੋਹ ਕਦੇ ਵੀ ਵਿਆਪਦਾ ਨਹੀਂ ਹੈ॥ ੨੯॥

ਸਦਾ ਅਨੰਦ ਏਕ ਰਸ ਰਹਿਹੀ। ਹਰਖ ਸੋਗ ਦੋਊ ਨਹਿ ਲਹਿਹੀ।
ਪੁਨ ਮਾਨਵ ਜੇ ਹੈਂ ਜਗਿਆਸੀ। ਭਗਤਿ ਕਰਤਿ ਨਿਤ ਪ੍ਰਭੁ ਅਬਿਨਾਸ਼ੀ ॥੩੦॥

ਉਹ ਸਦਾ ਅਨੰਦ ਵਿਚ ਇਕ ਰਸ ਰਹਿੰਦੇ ਹਨ, ਖੁਸ਼ੀ ਗਮੀ ਦੋਹਾਂ ਨੂੰ ਇਕੋ ਜੇਹਾ ਸਮਝਦੇ ਹਨ। ਫਿਰ ਜਿਹੜੇ ਜਗਿਆਸੂ ਮਨੁੱਖ ਹਨ ਉਹ ਨਾਸ਼ ਰਹਿਤ ਪ੍ਰਭੂ ਦੀ ਭਗਤੀ ਕਰਦੇ ਹਨ॥ ੩੦॥

ਦੋਹਰਾ-ਸੋ ਜਾਨਤਿ ਇਸ ਬਿਧਿ ਰਿਦੈ ਦੁਖ ਸੁਖ ਦੇ ਕਰਤਾਰ।
ਹਮਰੋ ਪਰਮੇਸ੍ਵਰ ਮਿਤਰ ਕਰਤਿ ਭਲੀ ਸਭਿ ਕਾਰ॥ ੩੧॥

ਉਹ ਆਪਣੇ ਹਿਰਦੇ ਵਿਚ ਇਸ ਤਰ੍ਹਾਂ ਜਾਣਦੇ ਹਨ ਕਿ ਦੁੱਖ ਸੁੱਖ ਕਰਤਾਰ ਹੀ ਦਿੰਦਾ ਹੈ। ਸਾਡਾ ਪ੍ਰਮੇਸ਼ਵਰ ਮਿੱਤਰ ਸਦਾ ਹੀ ਭਲੀ ਕਾਰ ਹੀ ਕਰਦਾ ਹੈ॥ ੩੧॥

ਚੌਪਈ- ਸੰਕਟ ਪਰੈ ਆਨਿ ਜਬ ਤਾਂਹੀ। ਭਲਿ ਹ੍ਵੈ ਲਖੈ ਸੁ ਅਸ ਮਨ ਮਾਂਹੀ।
ਪਾਪ ਕਿਯੇ ਸੇ ਜਾਇ ਬਿਲਾਈ। ਇਉਂ ਮਨ ਜਾਨਿ ਪ੍ਰਸੰਨ ਰਹਾਈ ॥੩੨॥

ਜਦ ਤੁਹਾਨੂੰ ਕੋਈ ਸੰਕਟ ਆ ਪਵੇ, ਉਸ ਨੂੰ ਮਨ ਵਿਚ ਆਪਣਾ ਭਲਾ ਹੁੰਦਾ ਹੀ ਸਮਝੋ। ਜਿਹੜੇ ਪਾਪ ਕੀਤੇ ਹਨ ਉਹ ਦੂਰ ਹੋ ਜਾਣਗੇ। ਮਨ ਵਿਚ ਇਸ ਤਰ੍ਹਾਂ ਜਾਣ ਕੇ ਪ੍ਰਸੰਨ ਰਹੋ॥ ੩੨॥

ਜਿਉਂ ਰੋਗੀ ਢਿਗ ਭੇਖਕ ਆਵੈ। ਕਟੁ ਔਖਧਿ ਲੇ ਤਾਂਹਿ ਖੁਵਾਵੈ।
ਹ੍ਵੈ ਪ੍ਰਸੰਨ ਸੋ ਭੱਖਨ ਕਰਿਈ। ਜਾਨਹਿ ਰੋਗ ਸਕਲ ਮਮ ਹਰਿਈ ॥੩੩॥

ਜਦ ਰੋਗੀ ਪਾਸ ਵੈਦ ਆਉਂਦਾ ਹੈ, ਦਵਾਈ ਪੀਸ ਕੇ ਮਰੀਜ਼ ਨੂੰ ਖਵਾਉਂਦਾ ਹੈ। ਰੋਗੀ ਬੜਾ ਖੁਸ਼ ਹੋ ਕੇ ਖਾਂਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਉਸ ਦਾ ਦੁੱਖ ਦੂਰ ਹੋ ਜਾਵੇਗਾ॥ ੩੩॥

ਤਿਉਂ ਭੋਗਹਿਂ ਨਿਜ ਕਰਮਨ ਸੋਊ। ਪ੍ਰਭੁ ਕੀ ਭਗਤਿ ਰਤੇ ਹੈਂ ਜੋਊ।
ਦੁਖ ਹੋਵਹਿ ਤੇ ਪਾਪ ਮਿਟਾਈ। ਸੁਖ ਭੋਗਹਿ ਤੇ ਪੁੰਨ ਬਿਲਾਈ ॥੩੪॥

ਇਸ ਤਰ੍ਹਾਂ ਆਪਣੇ ਕਰਮਾਂ ਅਨੁਸਾਰ ਜੀਵਨ ਭੋਗਦਾ ਹੈ, ਜਿਹੜੇ ਪ੍ਰਭੂ ਦੀ ਭਗਤੀ ਵਿਚ ਲੱਗੇ ਹੋਏ ਹਨ ਉਹ ਸਮਝਦੇ ਹਨ ਦੁਖ ਹੋਣ ਨਾਲ ਪਾਪ ਮਿਟਦੇ ਹਨ ਅਤੇ ਸੁੱਖ ਭੋਗਣ ਨਾਲ ਪੁੰਨਾਂ ਦਾ ਨਾਸ਼ ਹੁੰਦਾ ਹੈ॥ ੩੪॥

ਦੋਹਰਾ- ਪੂਰਬਲੇ ਸਭਿ ਜਨਮ ਮਹਿ ਕਰਮ ਕਿਯੇ ਹੈਂ ਜੋਇ।
ਨਿਸ਼ਚੈ ਭੋਗੇ ਚਾਹੀਏ ਕਿਹ ਬਿਧਿ ਮਿਟਨ ਨ ਹੋਇ॥ ੩੫॥

ਪਿਛਲੇ ਜਨਮ ਵਿਚ ਜੋ ਵੀ ਕਰਮ ਕੀਤੇ ਸਨ, ਉਹ ਨਿਸ਼ਚੈ ਹੀ ਭੋਗਣੇ ਪੈਣੇ ਹਨ, ਕਿਸੇ ਤਰ੍ਹਾਂ ਵੀ ਉਹ ਮਿੱਟ ਨਹੀਂ ਸਕਦੇ॥ ੩੫॥

ਚੌਪਈ- ਸਤਿਸੰਗੀ ਅਸ ਕਰਹਿਂ ਬਿਚਾਰਾ। ਦੁਖ ਸੁਖ ਮਹਿਂ ਰਹਿਹੀਂ ਇਕ ਸਾਰਾ।
ਲਖੈਂ ਮੀਤ ਹਮਰਾ ਕਰਤਾਰਾ। ਜੋ ਕਿਛੁ ਕਰਹਿ ਸੁ ਨੀਕੀ ਕਾਰਾ ॥੩੬॥

ਸਤਿਸੰਗੀ ਇਸ ਤਰ੍ਹਾਂ ਵਿਚਾਰ ਕਰਦੇ ਹਨ ਅਤੇ ਦੁੱਖ ਸੁਖ ਵਿਚ ਇਕ ਰਸ ਰਹਿੰਦੇ ਹਨ। ਉਹ ਸਮਝਦੇ ਹਨ ਕਿ ਕਰਤਾਰ ਸਾਡਾ ਮਿੱਤਰ ਹੈ, ਜੋ ਕੁਝ ਉਹ ਕਰਦਾ ਹੈ, ਉਹ ਠੀਕ ਹੀ ਕਰਦਾ ਹੈ॥ ੩੬॥

ਪੁਨ ਜਗ ਮਹਿਂ ਜੇ ਨਰ ਅਗਿਆਨੀ। ਦੁਖ ਮਹਿਂ ਬਹੁ ਮਮਤਾ ਮਨੁ ਮਾਨੀ।
ਖੇਦ ਪਾਇ ਭੋਗਤਿ ਹੈਂ ਸਭਿਹੀ। ਭੋਗੈ ਬਿਨਾ ਨ ਛੂਟਹਿਂ ਕਬਹੀ ॥੩੭॥

ਫਿਰ ਜਗਤ ਵਿਚ ਜਿਹੜੇ ਅਗਿਆਨੀ ਮਨੁੱਖ ਹਨ, ਦੁੱਖ ਵਿਚ ਮਨ ਵਿਚ ਬਹੁਤ ਮਮਤਾ ਮੰਨਦੇ ਹਨ। ਦੁੱਖ ਪਾ ਕੇ ਸਾਰੇ ਹੀ ਭੋਗਦੇ ਹਨ, ਭੋਗਣ ਤੋਂ ਬਗੈਰ ਕਦੇ ਵੀ ਛੁਟਕਾਰਾ ਨਹੀਂ ਹੁੰਦਾ॥ ੩੭॥

ਇਕ ਤੋ ਤਨ ਦੁਖ ਭੋਗਹਿ ਸੋਈ॥ ਦੂਸਰ ਅਧਿਕ ਰਿਦੈ ਦੁਖ ਹੋਈ।
ਇਸ ਪ੍ਰਕਾਰ ਕਹਿ ਕ੍ਰਿਪਾਨਿਧਾਨਾ। ਸ੍ਰੀ ਮੁਖ ਏਹੁ ਸ਼ਲੋਕ ਬਖਾਨਾ॥੩੮॥

ਇਕ ਤਾਂ ਸਰੀਰ ਉਤੇ ਦੁੱਖ ਭੋਗਦੇ ਹਨ, ਦੂਸਰਾ ਹਿਰਦੇ ਵਿਚ ਬਹੁਤ ਦੁਖੀ ਹੁੰਦੇ ਹਨ। ਕ੍ਰਿਪਾਨਿਧਾਨ ਗੁਰੂ ਜੀ ਨੇ ਇਸ ਪ੍ਰਕਾਰ ਕਹਿ ਕੇ ਮੁਖ ਤੋਂ ਇਹ ਸਲੋਕ ਉਚਾਰਿਆ॥ ੩੮॥

ਸਲੋਕ ਮਹਲਾ ੧॥

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥ ਪਰਸ ਰਾਮੁ ਰੋਵੈ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥
ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥
ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥
ਰੋਵੈ ਜਨਮੇਜਾ ਖੁਇ ਗਇਆਂ॥ ਏਕੀ ਕਾਰਣਿ ਪਾਪੀ ਭਇਆ॥
ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥
ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵਹਿ ਗਿਆਨੁ ਗਵਾਇ॥
ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥
ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥ ੧॥ (ਪੰਨਾ ੯੫੩)

ਭਗ ਦੇ ਹਜ਼ਾਰ ਨਿਸ਼ਾਨਾਂ ਦੀ ਸਜ਼ਾ ਮਿਲਣ ਕਾਰਨ ਇੰਦਰ ਨੇ ਵਿਰਲਾਪ ਕੀਤਾ। ਪਰਸ ਰਾਮ ਰੋਂਦਾ ਹੋਇਆ ਆਪਣੇ ਘਰ ਨੂੰ ਮੁੜਿਆ। ਅਜੈ ਨੂੰ ਜਦ ਦਾਨ ਕੀਤਾ ਹੋਇਆ ਗੋਹਾ ਖਾਣਾ ਪਿਆ ਤਾਂ ਉਸ ਨੇ ਵਿਰਲਾਪ ਕੀਤਾ। ਅਜੇਹਾ ਦੰਡ ਰਬ ਦੇ ਦਰਬਾਰ ਵਿਚ ਮਿਲਦਾ ਹੈ। ਜਦ ਰਾਮ ਚੰਦਰ ਨੂੰ ਦੇਸ਼ ਨਿਕਾਲਾ ਮਿਲਿਆ ਅਤੇ ਸੀਤਾ ਅਤੇ ਲਛਮਣ ਉਸ ਤੋਂ ਵਿੱਛੜ ਗਏ ਤਾਂ ਉਹ ਵੀ ਰੋਇਆ। ਦਸਾਂ ਸਿਰਾਂ ਵਾਲਾ ਰਾਵਣ ਜੋ ਡਉਰੂ ਵਜਾ ਕੇ ਸੀਤਾ ਨੂੰ ਲੈ ਗਿਆ ਸੀ ਲੰਕਾ ਨੂੰ ਗਵਾ ਕੇ ਰੋਇਆ। ਪਾਂਡੋ, ਜਿਨ੍ਹਾਂ ਦਾ ਮਾਲਕ ਉਨ੍ਹਾਂ ਦੇ ਨਾਲ ਰਹਿੰਦਾ ਸੀ, ਜਦ ਮਜ਼ਦੂਰ ਬਣ ਗਏ ਤਾਂ ਉਨ੍ਹਾਂ ਵੀ ਵਿਰਲਾਪ ਕੀਤਾ। ਰਾਜਾ ਜਨਮੇਜਾ ਆਪਣੇ ਕੁਰਾਹੇ ਪੈਣ ਤੇ ਰੋਇਆ। ਇਕ ਜੁਰਮ ਦੀ ਖਾਤਰ ਉਹ ਗੁਨਾਹਗਾਰ ਬਣ ਗਿਆ। ਸ਼ੇਖ, ਅੰਤਰਜਾਮੀ ਅਤੇ ਪੀਰ ਵੀ ਵਿਰਲਾਪ ਕਰਦੇ ਹਨ ਕਿ ਕਿਤੇ ਉਨ੍ਹਾਂ ਨੂੰ ਅੰਤ ਸਮੇਂ ਕਸ਼ਟ ਨਾ ਝੱਲਣਾ ਪਵੇ। ਆਪਣੇ ਕੰਨਾਂ ਨੂੰ ਪੜਵਾ ਕੇ ਰਾਜੇ ਰੋਂਦੇ ਹਨ ਅਤੇ ਘਰ ਘਰ ਖੈਰ ਮੰਗਦੇ ਹਨ। ਜਦ ਕੰਜੂਸ ਦੀ ਇਕੱਤਰ ਕੀਤੀ ਹੋਈ ਦੌਲਤ ਖੁੱਸ ਜਾਂਦੀ ਹੈ ਤਾਂ ਉਹ ਵੀ ਰੋਂਦਾ ਹੈ। ਜਦ ਪੰਡਿਤ ਦੀ ਵਿਦਿਆ ਨਿਸ਼ਫਲ ਹੋ ਜਾਂਦੀ ਹੈ ਤਾਂ ਉਹ ਰੋਂਦਾ ਹੈ। ਮੁਟਿਆਰ ਇਸਤਰੀ ਰੋਂਦੀ ਹੈ, ਕਿਉਂਕਿ ਉਸ ਦਾ ਪਤੀ ਨਹੀਂ ਹੈ। ਹੇ ਨਾਨਕ ! ਸਾਰਾ ਸੰਸਾਰ ਹੀ ਦੁਖੀ ਹੈ। ਜੋ ਨਾਮ ਉਤੇ ਭਰੋਸਾ ਕਰਦਾ ਹੈ ਉਹ ਜਿੱਤ ਜਾਂਦਾ ਹੈ। ਹੋਰ ਕੋਈ ਅਮਲ ਕਿਸੇ ਹਿਸਾਬ ਕਿਤਾਬ ਵਿਚ ਨਹੀਂ ਹੈ॥ ੧॥

ਦੋਹਰਾ-ਮਰਦਾਨੇ ਸੁਨਿ ਸ੍ਰੌਨ ਮਹਿਂ ਕਹਜੋ ਬਚਨ ਇਹ ਭਾਇ।
'ਸਰਬ ਸ਼ਬਦ ਕੋ ਅਰਥ ਅਬ ਦੀਜੈ ਹਮੈ ਸੁਨਾਇ॥ ੩੯॥

ਮਰਦਾਨੇ ਨੇ ਇਹ ਸੁਣ ਕੇ ਗੁਰੂ ਜੀ ਨੂੰ ਕਿਹਾ, "ਸਾਰੇ ਸ਼ਬਦ ਦਾ ਹੁਣ ਸਾਨੂੰ ਅਰਥ ਵੀ ਸੁਣਾ ਦੇਵੋ॥ ੩੯॥

ਚੌਪਈ- ਸ੍ਰੀ ਨਾਨਕ ਤਬ ਅਰਥ ਬਖਾਨੇ। ਸਰਬ ਬ੍ਰਿਤੰਤ ਬਧਾਇ ਮਹਾਂਨੇ।
'ਸਤ ਅਸੁਮੇਧ ਕਰਤਿ ਹੈ ਜੋਊ। ਹੋਤਿ ਸੁਰਗ ਮਹਿਂ ਅਧਿਪਤਿ ਸੋਊ ॥੪੦ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਿਰ ਅਰਥ ਸੁਣਾਏ, ਸਾਰਾ ਬ੍ਰਿਤਾਂਤ ਬਹੁਤ ਵਧਾ ਕੇ ਬਿਆਨ ਕੀਤਾ। ਜਿਹੜਾ ਮਨੁੱਖ ਸੌ ਅਸੁਮੇਧ ਯੱਗ ਕਰਦਾ ਹੈ, ਉਹ ਸਵਰਗ ਦਾ ਸਵਾਮੀ ਬਣਦਾ ਹੈ। ਭਾਵ ਇੰਦਰ ਸੌ ਅਸਮੇਧ ਕਰਕੇ ਸਵਰਗ ਦਾ ਰਾਜਾ ਬਣਿਆ ਹੈ॥ ੪੦॥

ਸਚੀ ਹੋਤਿ ਹੈ ਮਹਿਲਾ ਤਾਂਕੀ। ਰਤਿ ਨ ਪਟੰਤਰ ਪੂਜਹਿ ਜਾਂਕੀ।
ਚੰਦ ਬਦਨ ਅਰਬਿੰਦ ਬਿਲੋਚਨ। ਚਿਤਵਨ ਬਾਨ ਕਾਮ ਮਦ ਮੋਚਨ ॥੪੧ ॥

ਸੱਚੀ ਨਾਂ ਦੀ ਇੰਦਰ ਦੀ ਇਸਤਰੀ ਹੈ। ਇੰਦਰ ਦੀ ਇਸਤਰੀ ਸੱਚੀ ਬੜੀ ਸੁੰਦਰ ਹੈ। ਕਾਮਦੇਵ ਦੀ ਇਸਤਰੀ ਰਤੀ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀ। ਉਸ ਦਾ ਚੰਦ ਵਰਗਾ ਸੁੰਦਰ ਮੁਖੜਾ ਹੈ ਤੇ ਕੰਵਲ ਵਰਗੇ ਨੈਣ ਹਨ। ਉਸ ਦੀ ਦ੍ਰਿਸ਼ਟੀ ਕਾਮ ਦੇ ਬਾਣ ਦੇ ਹੰਕਾਰ ਨੂੰ ਵੀ ਤੋੜਦੀ ਹੈ॥ ੪੧॥

ਅਪਰ ਅਪਸਰਾ ਸੁੰਦਰ ਸਾਰੀ। ਸਰਬ ਰਹਹਿਂ ਆਇਸੁ ਅਨੁਸਾਰੀ।
ਤਿਨ ਇਕ ਸਮੇਂ ਪਿਖੀ ਰਿਖਿ ਨਾਰੀ। ਤਨ ਕੀ ਸੁਧ ਬੁਧਿ ਸਕਲ ਬਿਸਾਰੀ ॥੪੨ ॥

ਜਿੰਨੀਆਂ ਵੀ ਹੋਰ ਸੁੰਦਰ ਪਰੀਆਂ ਹਨ, ਸਾਰੀਆਂ ਉਸ ਦੀ ਆਗਿਆ ਵਿਚ ਰਹਿੰਦੀਆਂ ਹਨ। ਇੰਦਰ ਨੇ ਇਕ ਵਾਰ ਗੌਤਮ ਰਿਸ਼ੀ ਦੀ ਨਾਰੀ ਵੇਖੀ। ਉਸ ਨੂੰ ਵੇਖ ਕੇ ਉਸ ਦੇ ਤਨ ਦੀ ਸਾਰੀ ਸੁੱਧ ਬੁਧ ਵਿਸਰ ਗਈ॥ ੪੨॥

ਦੋਹਰਾ- ਦਿਪਤ ਦੀਪ ਦੁਤਿ ਬਪੁ ਪਿਖੀ ਬਾਸਵ ਭਯੋ ਪਤੰਗ।
ਕਾਮ ਸਿੰਘ ਗਰਜਨ ਕਰਾ, ਧੀਰਜ ਭਯੋ ਕੁਰੰਗ॥ ੪੩ ॥

ਰਿਖੀ ਦੀ ਇਸਤਰੀ ਦੇ ਸਰੀਰ ਦੀ ਸੁੰਦਰਤਾ ਨੂੰ ਦੀਵੇ ਦੇ ਪ੍ਰਕਾਸ਼ ਵਾਂਗ ਵੇਖ ਕੇ ਇੰਦਰ ਪਤੰਗਾ ਬਣ ਗਿਆ। ਕਾਮ ਰੂਪੀ ਸ਼ੇਰ ਗੱਜਣ ਲੱਗਾ ਅਤੇ ਧੀਰਜ ਜਾਂਦਾ ਰਿਹਾ॥ ੪੩॥

ਚੌਪਈ- ਪਰਮ ਸਰੂਪ ਅਹਿੱਲਜਾ ਨਾਰੀ। ਮਨਹੁ ਨਿਪੁਨਤਾ ਦ੍ਰੂਹਨ ਦਿਖਾਰੀ।
ਜਿਹ ਬਿਲੋਕਿ ਸੁਰ ਨਰ ਭਰਮਾਏ। ਜੋਗਨਿ ਜੋਗ ਰਿਦੈ ਬਿਸਰਾਏ ॥੪੪ ॥

ਅਹਿੱਲਿਆ ਪਰਮ ਸੁੰਦਰ ਨਾਰੀ ਸੀ, ਮਾਨੋ ਉਸ ਇਸਤਰੀ ਦੇ ਸਰੂਪ ਦੀ ਰਚਨਾ ਵਿਚ ਬ੍ਰਹਮਾ ਨੇ ਬਹੁਤ ਚਤੁਰਤਾ ਵਿਖਾਈ ਸੀ। ਜਿਸ ਨੂੰ ਵੇਖ ਕੇ ਦੇਵਤੇ ਅਤੇ ਮਨੁੱਖ ਭਰਮ ਗਏ ਸਨ। ਜੋਗੀਆਂ ਨੇ ਆਪਣੇ ਜੋਗ ਹਿਰਦਿਆਂ ਵਿਚੋਂ ਵਿਸਾਰ ਦਿੱਤੇ ਸਨ॥ ੪੪॥

ਮਘਵਾ ਬਧਜੋ ਨੇਹ ਤਿਹ ਡੋਰੀ। ਕਿਯੋ ਚਹਿਤ ਰਤਿ ਗੌਤਮ ਚੋਰੀ।
ਰਹਜੋ ਦੇਖਿ ਅਵਸਰ ਨਹਿਂ ਪਾਵੈ। ਚਿਤਹਿ ਉਪਾਇ ਮਿਲਜਾ ਕਿਉਂ ਜਾਵੈ ॥੪੫ ॥

ਇੰਦਰ ਤਿਸ ਦੇ ਮੋਹ ਦੀ ਰੱਸੀ ਨਾਲ ਬੱਝ ਗਿਆ। ਉਹ ਅਹਿੱਲਿਆ ਦੇ ਪਤੀ ਗੌਤਮ ਰਿਖੀ ਤੋਂ ਚੋਰੀ ਉਸ ਨਾਲ ਰਮਨ ਕਰਨਾ ਚਾਹੁੰਦਾ ਸੀ। ਉਹ ਵੇਖਦਾ ਰਿਹਾ, ਪਰ ਮੌਕਾ ਨਹੀਂ ਸੀ ਮਿਲਦਾ। ਚਿਤ ਵਿਚ ਸੋਚਦਾ ਸੀ ਕਿ ਕਿਸ ਉਪਾਅ ਨਾਲ ਮਿਲਿਆ ਜਾਵੇ॥ ੪੫॥

ਮਿਲਿ ਮਯੰਕ ਸੰਗ ਘਾਤ ਬਿਚਾਰੀ। ਗਮਨੇ ਅਰਧ ਰਾਤ੍ਰਿ ਛਲ ਧਾਰੀ।
ਅਰੁਨ ਚੂੜ ਕੋ ਤਨੁ ਸ਼ਸ਼ਿ ਭਯੋ। ਜਾਇ ਸਮੀਪ ਸ਼ਬਦ ਨਿਜ ਕਯੋ ॥੪੬ ॥

ਚੰਦ ਨਾਲ ਮਿਲ ਕੇ ਉਨ੍ਹਾਂ ਇਕ ਦਾਅ ਸੋਚਿਆ। ਦੋਵੇਂ ਅੱਧੀ ਰਾਤ ਨੂੰ ਛੱਲ ਧਾਰ ਕੇ ਗੌਤਮ ਰਿਸ਼ੀ ਦੇ ਘਰ ਵਲ ਚਲੇ ਗਏ। ਚੰਦਰਮਾ ਕੁੱਕੜ ਬਣ ਗਿਆ। ਗੌਤਮ ਰਿਸ਼ੀ ਦੇ ਨੇੜੇ ਜਾ ਕੇ ਉਸ ਬਾਂਗ ਦੇ ਦਿੱਤੀ॥ ੪੬॥

ਗੌਤਮ ਲਖੀ ਭਈ ਅਬ ਪ੍ਰਾਤਾ। ਮੱਜਨ ਕਰਨ ਚਲਾ ਅਧਿਰਾਤਾ।
ਸੁਨਾਸੀਰ ਲਖਿ ਸ਼ੂਨ ਨਿਸ਼ੰਕਾ। ਮਿਲਜੋ ਅਹਿੱਲਜਾ ਕੋ ਭਰਿ ਅੰਕਾ॥੪੭॥

ਗੌਤਮ ਸਮਝਿਆ ਕਿ ਹੁਣ ਸਵੇਰ ਹੋ ਗਈ ਹੈ। ਅੱਧੀ ਰਾਤ ਹੀ ਇਸ਼ਨਾਨ ਕਰਨ ਚਲੇ ਗਿਆ। ਇੰਦਰ ਖਾਲੀ ਘਰ ਵੇਖ ਕੇ ਸ਼ੰਕੇ ਰਹਿਤ ਹੋ ਕੇ ਅੰਦਰ ਚਲਾ ਗਿਆ ਅਤੇ ਅਹਿੱਲਿਆ ਨੂੰ ਜਾ ਕੇ ਮਿਲ ਪਿਆ॥ ੪੭॥

ਹਰਖਜੋ ਅਧਿਕ ਕੇਲ ਕਰਿ ਲੀਨੋ। ਮਦ ਅਨੰਗ ਕੋ ਮੋਚਨ ਕੀਨੋ।
ਗੌਤਮ ਕੋ ਸੁਧਿ ਸੁਰਸਰਿ ਦੀਨੀ। ਹਟਜੋ ਤਹਾਂ ਤੇ ਰਿਸ ਬਹੁ ਕੀਨੀ॥੪੮॥

ਖੁਸ਼ ਹੋ ਕੇ ਭੋਗ ਵਿਲਾਸ ਕੀਤਾ ਅਤੇ ਕਾਮ ਦੇ ਨਸ਼ੇ ਨੂੰ ਦੂਰ ਕੀਤਾ। ਜਦ ਗੌਤਮ ਗੰਗਾ ਦੇ ਕਿਨਾਰੇ ਗਿਆ ਤਾਂ ਗੰਗਾ ਨੇ ਇੰਦਰ ਬਾਰੇ ਉਸ ਨੂੰ ਖ਼ਬਰ ਦਿੱਤੀ, ਉਹ ਵਾਪਸ ਘਰ ਮੁੜ ਆਇਆ ਅਤੇ ਬਹੁਤ ਗੁੱਸਾ ਕੀਤਾ॥ ੪੮॥

ਸਤਿਮੰਨੂ ਅਵਲੋਕਜੋ ਜਬਹੀ। ਕੋਪਿਕ ਰਿਖੀ ਸ੍ਰਾਪ ਦਿਯ ਤਬ ਹੀ।
ਇਕ ਭਗ ਕਾਰਨ ਇਹ ਠਾਂ ਆਯੋ। ਨਹੀਂ ਰਿਖਨ ਤੇ ਨੈਕੁ ਡਰਾਯੋ॥੪੯॥

ਇੰਦਰ ਨੂੰ ਜਦ ਹੀ ਵੇਖਿਆ ਤਾਂ ਰਿਖੀ ਨੇ ਗੁੱਸੇ ਵਿਚ ਆ ਕੇ ਉਸ ਨੂੰ ਸ੍ਰਾਪ ਦੇ ਦਿੱਤਾ। ਇਕ ਭਗ ਕਾਰਨ ਏਥੇ ਆਇਆ ਸੀ ਅਤੇ ਰਿਖੀ ਤੋਂ ਥੋੜ੍ਹਾ ਵੀ ਨਹੀਂ ਡਰਿਆ ਹੈਂ॥ ੪੯॥

ਭਗ ਸਹੰਸ੍ਰ ਹੋਵਹਿਂ ਤਨ ਤੇਰੇ। ਭਯੋ ਸ੍ਰਾਪ ਨਹਿਂ ਜਾਵਹਿਂ ਡੇਰੇ।
ਅਤਿ ਕਰੂਪ ਤਿਹ ਬਨਾ ਸਰੀਰਾ। ਜਸ ਅਘ ਤਸ ਫਲ ਪਾਇ ਅਧੀਰਾ॥੫੦॥

ਤੇਰੇ ਸਰੀਰ ਤੇ ਹਜ਼ਾਰ ਭਗਾਂ ਬਣ ਜਾਣਗੀਆਂ। ਸਰਾਪ ਪੂਰਾ ਹੋਇਆ ਹੁਣ ਉਹ ਵਾਪਿਸ ਆਪਣੇ ਡੇਰੇ ਨਹੀਂ ਸੀ ਜਾ ਸਕਦਾ। ਉਸ ਦਾ ਸਰੀਰ ਅਤਿ ਕਰੂਪ ਹੋ ਗਿਆ। ਜਿਸ ਤਰ੍ਹਾਂ ਦਾ ਪਾਪ ਕੀਤਾ ਸੀ, ਉਸ ਤਰ੍ਹਾਂ ਦਾ ਫਲ ਪਾ ਕੇ ਧੀਰਜ ਰਹਿਤ ਹੋ ਗਿਆ ਸੀ॥ ੫੦॥

ਸੁਰਗਾਦਿਕ ਕੀ ਤਜਿ ਰਜਧਾਨੀ। ਅਨੀ ਸੁਰਨ ਕੀ ਯੁਤ ਸੈਨਾਨੀ।
ਗਮਨਜੋ ਜਹਿਂ ਜਲ ਹੁਤੋ ਬਿਸਾਲਾ। ਕਮਲ ਨਾਲ ਮਹਿਂ ਦੁਰ ਤਤਕਾਲਾ॥੫੧॥

ਸਵਰਗ ਆਦਿ ਦੀ ਰਾਜਧਾਨੀ ਛੱਡ ਦਿੱਤੀ। ਦੇਵਤਿਆਂ ਦੀ ਫੌਜ ਸਮੇਤ ਸੈਨਾਪਤੀ ਦੀ ਪਦਵੀ ਛੱਡ ਦਿੱਤੀ। ਓਥੇ ਚਲੇ ਗਿਆ ਜਿਥੇ ਬਹੁਤ ਗਹਿਰਾ ਜਲ ਸੀ। ਕਮਲ ਦੀ ਨਾਲੀ ਵਿਚ ਲੁੱਕ ਕੇ ਬੈਠ ਗਿਆ॥ ੫੧॥

ਦੋਹਰਾ-ਲੱਜਿਤ ਹ੍ਵੈ ਰੋਯੋ ਤਬਹਿ ਭਗ ਸਹੰਸ੍ਰ ਤਨ ਪਾਇ।
ਪਰਸਰਾਮ ਕੀ ਅਬ ਕਥਾ ਦੇਇਂ ਸੁ ਤੁਮਹਿਂ ਸੁਨਾਇ॥ ੫੨॥

ਸਰੀਰ ਉੱਤੇ ਜਦ ਇਕ ਹਜ਼ਾਰ ਭਗ ਦੇ ਨਿਸ਼ਾਨ ਪੈ ਗਏ ਤਾਂ ਸ਼ਰਮਿੰਦਾ ਹੋ ਕੇ ਬਹੁਤ ਰੋਇਆ। ਹੁਣ ਤੁਹਾਨੂੰ ਪਰਸ ਰਾਮ ਦੀ ਕਥਾ ਸੁਣਾਉਂਦੇ ਹਾਂ॥ ੫੨॥

ਚੌਪਈ- ਸਹਸ੍ਰ ਬਾਹੁ ਭੂਪਤ ਇਕ ਭਯੋ। ਸਰਬ ਦਿਗਬਿਜੈ ਜਿਹ ਛਿਤ ਕਯੋ।
ਰਿਖਿ ਜਮਦਗਨਾਸ਼੍ਰਮ ਇਕ ਕਾਲਾ। ਸਿਵਰ ਕੀਨ ਸੰਗਿ ਸੈਨ ਬਿਸਾਲਾ॥੫੩॥

ਹਜ਼ਾਰ ਬਾਹਾਂ ਵਾਲਾ ਇਕ ਰਾਜਾ ਹੋਇਆ ਹੈ। ਜਿਸ ਨੇ ਧਰਤੀ ਤੇ ਸਭ ਥਾਂ ਦਿਗਬਿਜੈ ਪ੍ਰਾਪਤ ਕਰ ਲਈ ਸੀ। ਇਕ ਸਮੇਂ ਉਹ ਰਿਖੀ ਜਮਦਗਨ ਦੇ ਆਸ਼੍ਰਮ ਵਿਚ ਗਿਆ। ਬਹੁਤ ਵੱਡੀ ਸੈਨਾ ਸਮੇਤ ਓਥੇ ਡੇਰਾ ਲਾਇਆ॥ ੫੩॥

ਰਿਖਿ ਕੀਨੀ ਨ੍ਰਿਪ ਕੀ ਪਹੁ ਨਾਈ। ਕਾਮਧੇਨੁ ਤਬ ਲੀਨਿ ਮੰਗਾਈ।
ਜੋ ਕਛੁ ਚਹਾ ਸੁ ਤਿਹਤੇ ਪਾਵਾ। ਰੁਚਿ ਅਨੁਸਾਰ ਅਸਨ ਸਭਿ ਖਾਵਾ ॥੫੪॥

ਰਿਖੀ ਨੇ ਰਾਜੇ ਦੀ ਬਹੁਤ ਪ੍ਰਾਹੁਣਾਚਾਰੀ ਕੀਤੀ। ਉਸ ਕਾਮਧੇਨ ਗਾਂ ਮੰਗਵਾ ਲਈ। ਜੋ ਕੁਝ ਚਾਹਿਆ ਉਸ ਤੋਂ ਪ੍ਰਾਪਤ ਕਰ ਲਿਆ। ਰੁਚੀ ਅਨੁਸਾਰ ਸਾਰਿਆਂ ਨੇ ਭੋਜਨ ਕੀਤਾ॥ ੫੪॥

ਧੇਨੁ ਪ੍ਰਭਾਵ ਦੇਖਿ ਤਿਹ ਕਾਲਾ। ਲੇਨਿ ਕਾਮਨਾ ਕੀਨਿ ਭੁਵਾਲਾ।
ਲਖਿ ਕੁਦ੍ਰਿਸ਼ਟਿ ਤਿਹ ਛਿਨ ਮੁਨਿਰਾਈ। ਪਠਣ ਸੁਰਗ ਕੋ ਧੇਨੁ ਉਡਾਈ ॥੫੫॥

ਉਸ ਸਮੇਂ ਕਾਮਧੇਨ ਗਾਂ ਦਾ ਪ੍ਰਭਾਵ ਵੇਖ ਕੇ, ਰਾਜੇ ਨੇ ਉਸ ਗਾਂ ਨੂੰ ਲੈਣ ਦੀ ਕਾਮਨਾ ਕੀਤੀ। ਰਿਖੀ ਨੇ ਉਸ ਦੀ ਖੋਟੀ ਨੀਤੀ ਜਾਣ ਕੇ, ਕਾਮਧੇਨ ਗਾਂ ਨੂੰ ਸਵਰਗਾਂ ਵੱਲ ਉਡਾ ਦਿੱਤਾ॥ ੫੫॥

ਨ੍ਰਿਪਤਿ ਕੁਮਤਿ ਮਨ ਮੈਂ ਇਉਂ ਠਾਨਾ। ਮੁਨਿਵਰ ਕੇ ਕੀਨੇ ਹਤਿ ਪ੍ਰਾਨਾ।
ਪਤਿ ਕੋ ਦੇਖਿ ਰੇਣੁਕਾ ਨਾਰੀ। ਬਹੁਤ ਬਿਲਾਪਤਿ ਉਚ ਪੁਕਾਰੀ ॥੫੬॥

ਰਾਜੇ ਨੇ ਮਨ ਵਿਚ ਐਸੀ ਮਾੜੀ ਗੱਲ ਸੋਚੀ ਕਿ ਉਸੇ ਵੇਲੇ ਮੁਨੀ ਨੂੰ ਹੀ ਮਾਰ ਦਿੱਤਾ। ਪਤੀ ਦੀ ਹੱਤਿਆ ਨੂੰ ਵੇਖ ਕੇ ਉਸ ਦੀ ਰੇਣੁਕਾ ਨਾਮੀ ਇਸਤਰੀ ਬੜਾ ਉਚੀ-ਉਚੀ ਵਿਰਲਾਪ ਕਰਕੇ ਰੋਣ ਲੱਗ ਗਈ॥ ੫੬॥

ਸਪਤ ਤਿਹੱਥੜ ਹਨਿ ਕਰਿ ਦੇਹੀ। ਸੁਤ ਕੋ ਸਿਮਰਿ ਬੁਲਾਯੋ ਤੇਹੀ।
ਤਪ ਹਿਤ ਅਪਰ ਜੁ ਥਾਨ ਸਿਧਾਵਾ। ਤਤਛਿਨ ਮਾਤ ਨਿਕਟਿ ਚਲਿ ਆਵਾ ॥੫੭॥

ਆਪਣੇ ਸਰੀਰ ਨੂੰ ਇੱਕੀ ਵਾਰ ਹੱਥਾਂ ਨਾਲ ਪਿੱਟ ਕੇ ਪੁੱਤਰ ਨੂੰ ਯਾਦ ਕਰਕੇ ਬੁਲਾਇਆ, ਜਿਹੜਾ ਉਪਰ ਤਪ ਕਰਨ ਗਿਆ ਸੀ ਅਤੇ ਕੁਝ ਪਲਾਂ ਵਿਚ ਚਲ ਕੇ ਮਾਂ ਪਾਸ ਆ ਗਿਆ॥ ੫੭॥

ਪਿਤ ਕੋ ਮਰਨ ਦੇਖਿ ਅਕੁਲਾਯੋ। ਹੋਇ ਕ੍ਰੋਧ ਮੈਂ ਬਚਨ ਅਲਾਯੋ।
ਸੁਨਹੁ ਮਾਤ ਤੈਂ ਇਕੀਸ ਵਾਰੈ। ਪੀਰਾ ਦੀ ਤਨ ਹਾਥ ਪ੍ਰਹਾਰੇ ॥੫੮॥

ਪਿਤਾ ਨੂੰ ਮਰਿਆ ਵੇਖ ਕੇ ਉਹ ਬਹੁਤ ਵਿਆਕੁਲ ਹੋਇਆ ਅਤੇ ਗੁੱਸੇ ਵਿਚ ਆ ਕੇ ਬਚਨ ਕੀਤਾ, "ਹੇ ਮਾਤਾ ਜੀ! ਸੁਣੋ, ਤੂੰ ਇਕੀ ਵਾਰ ਹੱਥ ਮਾਰ ਕੇ ਆਪਣੇ ਸਰੀਰ ਨੂੰ ਪੀੜਤ ਕੀਤਾ ਹੈ॥ ੫੮॥

ਸੱਤਿ ਪਛਾਨ ਅਬਹਿ ਪ੍ਰਨ ਮੋਰਾ। ਛੱਤ੍ਰੀ ਛੋਡੋਂ ਨਹਿਂ ਕਿਤ ਠੋਰਾ।
ਇਕੀਸ ਬਾਰ ਨਿਛੱਤ੍ਰੀ ਧਰਨੀ। ਅਤਿ ਸੰਗ੍ਰਾਮ ਕਰੋਂ ਬਲ ਕਰਨੀ ॥੫੯॥

ਹੁਣ ਮੇਰੇ ਪ੍ਰਣ ਨੂੰ ਸੱਚਾ ਜਾਣੋ, ਮੈਂ ਕਿਤੇ ਵੀ ਖੱਤਰੀ ਨੂੰ ਜੀਉਂਦਾ ਨਹੀਂ ਛੱਡਾਂਗਾ। ਇਕੀ ਵਾਰ ਮਾਰ ਕੇ ਧਰਤੀ ਨੂੰ ਖੱਤਰੀ-ਰਹਿਤ ਕਰ ਦੇਵਾਂਗਾ। ਮੈਂ ਪੂਰਾ ਬਲ ਧਾਰਨ ਕਰਕੇ ਯੁੱਧ ਕਰਾਂਗਾ॥ ੫੯॥

ਅਸ ਕਹਿ ਕਰਿ ਸੰਭਾਰਿ ਕੁਠਾਰਾ। ਮਨਹੁ ਬੀਰ ਰਸ ਤਨ ਕੋ ਧਾਰਾ।
ਸ਼ਸਤ੍ਰ ਅਸਤ੍ਰ ਸਭਿਹੀ ਕਰ ਲੈਕੈ। ਅਰਜਨ ਕੇ ਤਬ ਸਨਮੁਖ ਹ੍ਵੈ ਕੈ ॥੬੦॥

ਇਹ ਕਹਿ ਕੇ ਉਸ ਕੁਲਹਾੜਾ ਚੁੱਕ ਲਿਆ, ਮਾਨੋਂ ਮਨ ਤੇ ਬੀਰ ਰਸ ਧਾਰਨ ਕੀਤਾ ਹੋਵੇ। ਸਾਰੇ ਸ਼ਸਤਰ ਅਸਤਰ ਹੱਥ ਵਿਚ ਲੈ ਕੇ ਸਹਸ੍ਰ ਬਾਹੂ ਰਾਜੇ ਅਰਜਨ ਦੇ ਤਦ ਸਨਮੁਖ ਹੋਇਆ॥ ੬੦॥

ਦਾਰੁਨ ਬਹੁ ਸੰਗ੍ਰਾਮ ਮਚਾਵਾ। ਮਹਾਂ ਸਾਰ ਸੋਂ ਸਾਰ ਬਜਾਵਾ।
ਹਾਥ ਕੁਠਾਰ ਸੰਭਾਰਿ ਸ ਜੋਰਾ। ਕ੍ਰੋਧ ਜੁੱਧ ਅਵਿਰੁੱਧਤਿ ਘੋਰਾ ॥੬੧॥

ਬਹੁਤ ਭਿਆਨਕ ਯੁੱਧ ਮਚਾ ਦਿੱਤਾ। ਲੋਹੇ ਨਾਲ ਲੋਹਾ ਖੜਕਾ ਦਿੱਤਾ। ਹੱਥ ਵਿਚ ਬੜੇ ਜ਼ੋਰ ਨਾਲ ਕੁਹਾੜਾ ਫੜ ਕੇ ਕ੍ਰੋਧ ਕਰਕੇ ਬੜੇ ਭਿਆਨਕ ਯੁੱਧ ਵਿਚ ਜੁੱਟ ਗਿਆ॥ ੬੧॥

ਚੌਪਈ- ਭੁਜ ਹਜ਼ਾਰ ਤਿਹ ਕਾਟਿ ਉਤਾਰੋ। ਗਿਰਯੋ ਮ੍ਰਿਤਕ ਹ੍ਵੈ ਭੂਮ ਮਝਾਰੀ।
ਸਰਬ ਧਰਾ ਮਹਿ ਤਿਹਛਿਨ ਰਾਮੂ। ਛੱਤ੍ਰੀ ਕੋ ਨਹਿੰ ਛੋਡਯੋ ਨਾਮੂ॥੬੨॥

ਸਹਸਰ ਬਾਹੂ ਰਾਜੇ ਅਰਜਨ ਦੀਆਂ ਹਜ਼ਾਰ ਬਾਹਾਂ ਕੱਟ ਦਿੱਤੀਆਂ। ਉਹ ਮੁਰਦਾ ਹੋ ਕੇ ਧਰਤੀ ਤੇ ਡਿੱਗ ਪਿਆ। ਸਾਰੀ ਧਰਤੀ ਉਤੇ ਉਸ ਵੇਲੇ ਪਰਸ ਰਾਮ ਨੇ ਖੱਤਰੀਆਂ ਦਾ ਨਾਮ ਨਿਸ਼ਾਨ ਮਿਟਾ ਦਿੱਤਾ॥ ੬੨॥

ਬੀਨ ਬੀਨ ਤਿਨ ਕੁਲ ਕਰਿ ਹਰਨੀ। ਦਈ ਦਿਜਨ ਕੋ ਸਗਰੀ ਧਰਨੀ।
ਗਮਨਯੋ ਆਪ ਬਿਪਨ ਤਪ ਕਾਰਨ। ਰਹਯੋ ਬੈਠਿ ਕਰਿ ਦੁਸ਼ਟ ਬਿਦਾਰਨ॥੬੩॥

ਚੁਣ ਚੁਣ ਕੇ ਉਸ ਕੁਲ ਖੱਤਰੀਆਂ ਦਾ ਨਾਸ਼ ਕਰ ਦਿੱਤਾ। ਸਾਰੀ ਧਰਤੀ ਬ੍ਰਾਹਮਣਾਂ ਨੂੰ ਦੇ ਦਿੱਤੀ। ਆਪ ਫਿਰ ਤਪ ਕਰਨ ਵਾਸਤੇ ਜੰਗਲ ਵਿਚ ਚਲਾ ਗਿਆ। ਦੁਸ਼ਟਾਂ ਦਾ ਨਾਸ਼ ਕਰਕੇ ਬੈਠ ਗਿਆ॥ ੬੩॥

ਛੱਤ੍ਰੀ ਬਧੇ ਬਹੁਤ ਜਬ ਕੋਟੀ। ਧਰਾ ਦਿਜਨ ਤੇ ਲੀਨਿ ਖਸੋਟੀ।
ਆਨ ਬਿਪਨ ਤੇ ਜੁੱਧ ਮਚਾਵਾ। ਛੱਤ੍ਰੀ ਏਕ ਰਹਿਨ ਨਹਿੰ ਪਾਵਾ॥੬੪॥

ਜਦ ਖੱਤਰੀ ਵੱਧ ਕੇ ਫਿਰ ਕਰੋੜਾਂ ਦੀ ਗਿਣਤੀ ਵਿਚ ਹੋ ਗਏ ਤਾਂ ਉਨ੍ਹਾਂ ਬ੍ਰਾਹਮਣਾਂ ਪਾਸੋਂ ਧਰਤੀ ਖੋਹ ਲਈ। ਪਰਸ ਰਾਮ ਨੇ ਫਿਰ ਬਣ ਵਿਚੋਂ ਆ ਕੇ ਯੁੱਧ ਮਚਾ ਦਿੱਤਾ। ਇਕ ਵੀ ਖੱਤਰੀ ਨਾ ਬਚਿਆ॥ ੬੪॥

ਜੀਤ ਧਰਾ ਬਿੱਪ੍ਰਨ ਕੋ ਦੀਨੀ। ਛੱਤ੍ਰੀ ਬਧੇ ਛੀਨ ਪੁਨ ਲੀਨੀ।
ਪਰਸਰਾਮ ਮਾਰੇ ਤਬ ਆਈ। ਧਰਨੀ ਸਕਲ ਦਿਜਨ ਪੁਨ ਪਾਈ॥੬੫॥

ਸਾਰੀ ਧਰਤੀ ਜਿੱਤ ਕੇ ਬ੍ਰਾਹਮਣਾਂ ਨੂੰ ਦਿੱਤੀ। ਖੱਤਰੀ ਫਿਰ ਵਧ ਗਏ ਤੇ ਉਨ੍ਹਾਂ ਧਰਤੀ ਬ੍ਰਾਹਮਣਾਂ ਪਾਸੋਂ ਖੋਹ ਲਈ। ਪਰਸ ਰਾਮ ਫਿਰ ਆ ਕੇ ਮਾਰ ਦਿੱਤੇ ਅਤੇ ਸਾਰੀ ਧਰਤੀ ਫਿਰ ਬ੍ਰਾਹਮਣਾਂ ਨੇ ਪ੍ਰਾਪਤ ਕਰ ਲਈ॥ ੬੫॥

ਇਸ ਬਿਧਿ ਇੱਕਿਸ ਬਾਰ ਸੰਘਾਰੇ। ਦਈ ਦਿਜਨ ਕੋ ਬਾਰੰਬਾਰੇ।
ਰਘੁਪਤਿ ਸੰਗ ਭਿੜਯੋ ਇਕਿ ਕਾਲਾ। ਹਰਯੋ ਗਯੋ ਤਿਹ ਓਜ ਬਿਸਾਲਾ॥੬੬॥

ਇਸ ਤਰ੍ਹਾਂ ਇਕੀ ਵਾਰ ਖੱਤਰੀਆਂ ਨੂੰ ਮਾਰਿਆ ਅਤੇ ਬਾਰ ਬਾਰ ਧਰਤੀ ਬ੍ਰਾਹਮਣਾਂ ਨੂੰ ਦੇ ਦਿੱਤੀ। ਇਕ ਸਮੇਂ ਪਰਸ ਰਾਮਦਾ ਸ੍ਰੀ ਰਾਮ ਚੰਦਰ ਨਾਲ ਭੇੜ ਹੋ ਗਿਆ। ਸ੍ਰੀ ਰਾਮ ਚੰਦਰ ਨੇ ਉਸ ਦਾ ਵਿਸ਼ਾਲ ਬਲ ਖੋਹ ਕੇ ਉਸ ਨੂੰ ਬਲਹੀਣ ਕਰ ਦਿੱਤਾ॥ ੬੬॥

ਲੱਜਿਤਿ ਹੋਇ ਸਦਨ ਮਹਿੰ ਆਯੋ। ਸੋ ਰੋਵਤਿ ਬਲ ਸਕਲ ਹਰਾਯੋ।
ਜਾਚਤਿ ਦਿਜ ਦੇਖਤਿ ਜਗ ਮਾਂਹੀ। ਰੋਇ ਬਿਸੂਰਤਿ ਸੁਖ ਤਿਹ ਨਾਂਹੀ॥੬੭॥

ਪਰਸ ਰਾਮ ਸ਼ਰਮਿੰਦਾ ਹੋ ਕੇ ਘਰ ਆਇਆ। ਸਾਰਾ ਬਲ ਚਲੇ ਜਾਣ ਕਰਕੇ ਰੋਇਆ। ਬ੍ਰਾਹਮਣਾਂ ਨੂੰ ਜੱਗ ਵਿਚ ਮੰਗਦਿਆਂ ਵੇਖਿਆ। ਰੋਂਦੇ ਝੁਰਦੇ ਸਨ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਸੁੱਖ ਪ੍ਰਾਪਤ ਨਹੀਂ ਸੀ॥ ੬੭॥

ਅਜ ਨ੍ਰਿਪ ਇੰਦਮਤੀ ਬ੍ਰਿਹੁ ਭਾਰੀ। ਰੋਵਤਿ ਭਿੱਖਜਾ ਖਾਇ ਅਹਾਰੀ।
ਜਗ ਮਹਿੰ ਗਯਾਨ ਦ੍ਰਿਸ਼ਟਿ ਸੁਖੁ ਹੋਈ। ਨਾਤੁਰ ਦੁਖੀ ਰਹਿਤ ਸਭਿ ਕੋਈ॥੬੮॥

ਅੱਜ ਰਾਜੇ ਦੀ ਇਸਤਰੀ ਜੋ ਵਿਦਰਭ ਦੇ ਰਾਜੇ ਦੀ ਭੈਣ ਸੀ, ਭਾਰੀ ਵਿਛੋੜੇ ਤੋਂ ਦੁਖੀ ਹੋ ਕੇ ਰੋਂਦੀ ਸੀ ਅਤੇ ਮੰਗ ਕੇ ਭੋਜਨ ਖਾਂਦੀ ਸੀ। ਜੱਗ ਵਿਚ ਗਿਆਨ ਦ੍ਰਿਸ਼ਟੀ ਕਾਰਨ ਹੀ ਸੁੱਖ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਸਾਰੇ ਦੁਖੀ ਰਹਿੰਦੇ ਹਨ॥ ੬੮॥

ਦੋਹਰਾ- **ਸੀਤਾ ਲਛਮਨ ਬਿਛੁਰਨੇ ਰੋਏ ਤਬ ਸ੍ਰੀ ਰਾਮ।**
**ਬਿਸ਼ਨੁ ਆਨਿ ਅਵਤਾਰ ਭਾ ਜਪਤ ਜਗਤ ਜਿਹ ਨਾਮ॥ ੬੯ ॥**

ਸੀਤਾ ਲਛਮਣ ਤੋਂ ਵਿਛੜ ਕੇ ਸ੍ਰੀ ਰਾਮ ਚੰਦਰ ਰੋਏ, ਜਿਹੜਾ ਰਾਮ ਵਿਸ਼ਨੂੰ ਦਾ ਅਵਤਾਰ ਸੀ ਅਤੇ ਸਾਰਾ ਜਗਤ ਉਸ ਦਾ ਨਾਮ ਜਪਦਾ ਸੀ॥ ੬੯ ॥

ਚੌਪਈ- **ਦਹਿਸਿਰ ਤੀਨ ਲੋਕ ਬਸ ਜਾਂਕੇ। ਬੰਦ ਸਾਲ ਮਹਿ ਕਾਲ ਸੁ ਤਾਂਕੇ।**
**ਕੰਚਨ ਦੇਸ਼, ਬਹੁਤ ਗ੍ਰਿਹ ਨਾਰੀ। ਤਿਨ ਚੁਰਾਇ ਲਿਯ ਜਨਕ ਕੁਮਾਰੀ ॥੭੦॥**

ਰਾਵਣ ਦੇ ਵੱਸ ਵਿਚ ਤਿੰਨ ਲੋਕ ਸਨ, ਜਿਸ ਨੇ ਕਾਲ ਨੂੰ ਪਾਵੇ ਨਾਲ ਬੰਨ੍ਹ ਕੇ ਰਖਿਆ ਸੀ, ਜਿਸ ਦਾ ਸੋਨੇ ਦਾ ਦੇਸ਼ ਸੀ ਅਤੇ ਘਰ ਵਿਚ ਬਹੁਤ ਇਸਤਰੀਆਂ ਸਨ, ਉਸ ਜਨਕ ਦੀ ਪੁੱਤਰੀ ਸੀਤਾ ਨੂੰ ਚੁਰਾ ਲਿਆ॥ ੭੦ ॥

**ਰਾਮਚੰਦ ਤਬ ਤਿਹ ਕੋ ਮਾਰਾ। ਗਿਰਯੋ ਰੋਇ ਕੈ ਜੁੱਧ ਮਝਾਰਾ।**
**ਕੰਚਨਪੁਰਿ ਕੋ ਪਤਿ ਅਸ ਰਾਵਨ। ਰੰਚਕ ਮਿਲਯੋ ਨ ਮੁਖ ਹਿਤ ਪਾਵਨ ॥੭੧॥**

ਰਾਮਚੰਦਰ ਨੇ ਫਿਰ ਉਸ ਨੂੰ ਮਾਰਿਆ ਅਤੇ ਯੁੱਧ ਵਿਚ ਰੋ ਕੇ ਡਿੱਗ ਪਿਆ। ਸੋਨੇ ਦੀ ਨਗਰੀ ਦੇ ਮਾਲਕ ਰਾਵਣ ਨੂੰ ਮੁੱਖ ਵਿਚ ਪਾਉਣ ਲਈ ਰਤਾ ਪਾਣੀ ਵੀ ਨਾ ਮਿਲਿਆ॥ ੭੧ ॥

**ਬਲੀ ਸਮਰਥ ਸਕਲ ਪਰਕਾਰਾ। ਉਪਜੇ ਇਸ ਜਗ ਬੀਚ ਅਪਾਰਾ।**
**ਬਿਨਾ ਗਯਾਨ ਦੁਖ ਪਾਇ ਘਨੇਰਾ। ਕਰਿਗੇ ਕੂਚ ਨ ਲਾਗੀ ਦੇਰਾ ॥੭੨॥**

ਸਭ ਪ੍ਰਕਾਰ ਸਮਰੱਥ ਬਲਵਾਨ, ਇਸ ਜੱਗ ਵਿਚ ਬੇਅੰਤ ਪੈਦਾ ਹੋਏ ਹਨ। ਗਿਆਨ ਤੋਂ ਬਗੈਰ ਉਹ ਬਹੁਤ ਦੁੱਖ ਪਾਉਂਦੇ ਹਨ, ਇਸ ਜੱਗ ਨੂੰ ਛੱਡ ਕੇ ਜਾਣ ਵਿਚ ਉਹ ਕੁਝ ਦੇਰ ਵੀ ਨਹੀਂ ਲਾਉਂਦੇ ਹਨ'॥ ੭੨ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਰਧੇ 'ਸਾਹ ਪ੍ਰਸੰਗ' ਬਰਨਨ ਨਾਮ ਤੇਈਸਮੋ ਅਧਯਾਯ ॥ ੨੩ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੇਈਵਾਂ ਅਧਿਆਇ ਜਿਸ ਦਾ ਨਾਮ 'ਦੁਖੀ ਸ਼ਾਹ ਦਾ ਉਧਾਰ' ਹੈ, ਸਮਾਪਤ ਹੋਇਆ॥ ੨੩॥

## ਅਧਿਆਇ ਚੌਵੀਵਾਂ

### ਪਾਂਡਵਾਂ ਦਾ ਪ੍ਰਸੰਗ

ਦੋਹਰਾ- **ਮਹਿਖਾਸੁਰ ਮਦ ਮਰਦਾਨੀ ਮਹਾਂ ਮੋਦ ਦਾ ਸ਼ੱਕ੍ਰ।**
**ਜਗਦੰਬਾ ਜੈ ਜੈ ਕਰੀ ਬੱਕ੍ਰ ਧਰੇ ਕਰ ਚੱਕ੍ਰ॥ ੧ ॥**

ਮਹਿਖਾਸੁਰ ਨਾਮੀ ਦੈਂਤ ਦਾ ਅਹੰਕਾਰ ਨਾਸ਼ ਕਰਨ ਵਾਲੀ ਤੇ ਇੰਦਰ ਨੂੰ ਬਹੁਤ ਖੁਸ਼ੀ ਦੇਣ ਵਾਲੀ ਜਗਦੰਬਾ ਮਾਤਾ ਤੂੰ ਹੱਥ ਵਿਚ ਟੇਢਾ ਚੱਕਰ ਧਾਰਨ ਕਰਕੇ ਵੈਰੀਆਂ ਤੇ ਫਤਹਿ ਪਾਉਣ ਵਾਲੀ ਹੈਂ। ਮੈਂ ਤੇਰੀ ਜੈ ਜੈ ਕਾਰ ਕਰਦਾ ਹਾਂ॥ ੧ ॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- **'ਅਬ ਸੁਨ ਪਾਂਡਵ ਕੇਰ ਕਹਾਨੀ। ਜਿਨ ਢਿਗ ਰਹਤਿ ਕ੍ਰਿਸ਼ਨ ਗੁਨਖਾਨੀ।**
**ਸਰਬ ਦਿਸ਼ਾ ਜੀਤੀ ਇਕ ਬਾਰੀ। ਰਾਜਸੂਅ ਮਖ ਕੀਨੋ ਭਾਰੀ॥ ੨ ॥**

ਭਾਈ ਬਾਲੇ ਨੇ ਕਿਹਾ- ਹੁਣ ਪਾਂਡਵਾਂ ਦੀ ਕਹਾਣੀ ਸੁਣੋ, ਜਿਨ੍ਹਾਂ ਪਾਸ ਗੁਣਾਂ ਦੀ ਖਾਣ ਕ੍ਰਿਸ਼ਨ ਰਹਿੰਦੇ ਸਨ। ਇਕ ਵਾਰ ਸਾਰੇ ਪਾਸੇ ਜਿੱਤ ਪ੍ਰਾਪਤ ਕੀਤੀ ਅਤੇ ਭਾਰੀ ਰਾਜਸੂ ਨਾਮੀ ਯੱਗ ਕੀਤਾ॥ ੨ ॥

ਅਮਿਤ ਪਦਾਰਥ ਘਰ ਮਹਿਂ ਆਏ। ਸਭਿ ਦਿਸ਼ ਕੇ ਨ੍ਰਿਪ ਪਾਇ ਲਗਾਏ।
ਦੁਰਯੋਧਨ ਕੇ ਢਿਗ ਇਕ ਕਾਲਾ। ਗਏ ਤਹਾਂ ਜਹਿਂ ਸਭਾ ਬਿਸਾਲਾ॥ ੩ ॥

ਬਹੁਤ ਪਦਾਰਥ ਘਰ ਵਿਚ ਆਏ, ਸਾਰੇ ਦੇਸ਼ਾਂ ਦੇ ਰਾਜੇ ਮਹਾਰਾਜੇ ਪੈਰੀਂ ਪੈ ਗਏ। ਇਕ ਸਮੇਂ ਦੁਰਯੋਧਨ ਦੇ ਪਾਸ ਗਏ ਜਿਥੇ ਵਿਸ਼ਾਲ ਸਭਾ ਲੱਗੀ ਹੋਈ ਸੀ॥ ੩ ॥

ਬੈਠਿ ਜੂਪ ਤਿਨ ਸੰਗਿ ਮਚਾਵਾ। ਪ੍ਰਿਥਮ ਗਲਾਹ ਦਰਬ ਕੋ ਲਾਵਾ।
ਬਹੁਰ ਮਤੰਗ, ਤੁਰੰਗ ਹਰਾਏ। ਸਜੰਦਨ ਭੂਖਨ, ਗ੍ਰਾਮ ਲਗਾਏ॥ ੪ ॥

ਉਨ੍ਹਾਂ ਨਾਲ ਬੈਠ ਕੇ ਜੂਆ ਖੇਡਿਆ, ਪਹਿਲਾ ਦਾਅ ਧਨ ਦਾ ਲਾਇਆ। ਫਿਰ ਬਹੁਤ ਹਾਥੀ ਘੋੜੇ ਹਰਾਏ ਅਤੇ ਫਿਰ ਰੱਥ, ਗਹਿਣੇ ਅਤੇ ਪਿੰਡ ਦਾਅ ਤੇ ਲਾ ਦਿੱਤੇ॥ ੪ ॥

ਨਗਰ ਦੇਸ਼ ਸਗਰੋ ਜਿਤਵਾਵਾ। ਬਿਪਨ ਜਾਵਨੋ ਪੁਨ ਠਹਿਰਾਵਾ।
ਦ੍ਰੁਪਦਸੁਤਾ ਜਬਹੀ ਦਿਯ ਹਾਰੀ। ਮੰਦਮਤੀ ਹਰਖੇ ਉਰਭਾਰੀ॥ ੫ ॥

ਨਗਰ ਦੇਸ਼ ਸਾਰਾ ਹਾਰ ਗਏ ਅਤੇ ਬਣ ਨੂੰ ਜਾਣਾ ਮੰਨ ਗਏ। ਜਦ ਦਰੋਪਤੀ ਵੀ ਹਾਰ ਦਿੱਤੀ ਤਾਂ ਖੋਟੀ ਮੱਤ ਵਾਲਾ ਦੁਰਯੋਧਨ ਬਹੁਤ ਖ਼ੁਸ਼ ਹੋਇਆ॥ ੫ ॥

ਰਿਤੁ ਯੁਤ ਹੁਤੀ ਕੇਸ ਗਹਿ ਆਨੀ। ਕਿਨਹੁ ਛੁਰਾਵਨ ਕੀ ਨ ਬਖਾਨੀ।
ਠਾਂਢੀ ਕਰਿਕੈ ਸਭਾ ਮਝਾਰੀ। ਕਹਿਨ ਲਗੇ ਦਿਹੁ ਚੀਰ ਉਤਾਰੀ॥ ੬ ॥

ਕੇਸਾਂ ਤੋਂ ਫੜ ਕੇ ਲੈ ਆਏ, ਕਿਸੇ ਨੇ ਵੀ ਇਹ ਨਾ ਕਿਹਾ ਕਿ ਦਰੋਪਤੀ ਨੂੰ ਛੱਡ ਦੇਵੋ। ਸਾਰੇ ਦਰਬਾਰ ਵਿਚ ਖੜੀ ਕਰਕੇ ਕਹਿਣ ਲੱਗੇ ਕਿ ਇਸ ਦੇ ਕਪੜੇ ਉਤਾਰ ਦੇਵੋ॥ ੬ ॥

ਲਗੇ ਉਤਾਰਨ ਰਹਿਗੇ ਹਾਰੀ। ਲਖਹਿਂ ਨ ਸਾਰੀ ਕੀ ਜਨੁ ਨਾਰੀ।
ਸਭਾ ਬਿਖੈ ਅੰਬਰ ਅੰਬਾਰੂ। ਲਗਜੋ ਮਹਾਂ ਨਹਿਂ ਪਾਯਤਿ ਪਾਰੂ॥ ੭ ॥

ਫਿਰ ਆਪ ਕਪੜੇ ਉਤਾਰਨ ਲੱਗੇ, ਪਰ ਸਾੜ੍ਹੀ ਉਤਾਰਦੇ ਹਾਰ ਗਏ, ਸਾੜੀ ਮੁਕਦੀ ਹੀ ਨਹੀਂ ਸੀ। ਇੰਝ ਲਗਦਾ ਸੀ ਜਿਵੇਂ ਇਹ ਨਾਰੀ ਸਾੜੀ ਦੀ ਹੀ ਬਣੀ ਹੁੰਦੀ ਹੈ। ਸਭਾ ਵਿਚ ਸਾੜ੍ਹੀਆਂ ਦਾ ਢੇਰ ਲੱਗ ਗਿਆ। ਏਡਾ ਵੱਡਾ ਢੇਰ ਸੀ ਕਿ ਉਸ ਦਾ ਪਾਰ ਨਹੀਂ ਸੀ ਪਾਇਆ ਜਾ ਸਕਦਾ॥ ੭॥

ਦੁਤਿਯ ਦਿਸ਼ਾ ਕੇ ਨਰ ਨ ਦਿਸਾਈ। ਅਸ ਰੱਖਜਾ ਕੀਨੀ ਜਗ ਸਾਈਂ।
ਬਹੁਰੋ ਗਮਨੇ ਬਿਪਨ ਮਝਾਰਾ। ਰਹੇ ਤਹਾਂ ਸਹਿ ਕਸ਼ਟ ਅਪਾਰਾ॥ ੮ ॥

ਏਡਾ ਉੱਚਾ ਢੇਰ ਸੀ ਕਿ ਦੂਸਰੇ ਪਾਸੇ ਦੇ ਮਰਦ ਦਿਖਾਈ ਨਹੀਂ ਸੀ ਦਿੰਦੇ, ਇਸ ਤਰ੍ਹਾਂ ਜਗਤ ਦੇ ਮਾਲਕ ਨੇ ਰੱਖਿਆ ਕੀਤੀ। ਫਿਰ ਬਣ ਵਿਚ ਚਲੇ ਗਏ, ਓਥੇ ਬਹੁਤ ਕਸ਼ਟ ਸਹਾਰਦੇ ਰਹੇ॥ ੮ ॥

ਦ੍ਵਾਦਸ਼ ਸੰਮਤ ਫਿਰਤਿ ਬਿਤਾਏ। ਤ੍ਰੋਦਸਵੇਂ ਦੁਰਨੋ ਠਹਿਰਾਏ।
ਹੁਤੇ ਬਰਾਠ ਮੱਦ੍ਰ ਅਵਨੀਪਾ। ਪਹੁੰਚੇ ਤਿਹਂ ਕੇ ਜਾਇ ਸਮੀਪਾ॥ ੯ ॥

ਬਾਰਾਂ ਸਾਲ ਜੰਗਲਾਂ ਵਿਚ ਫਿਰਦਿਆਂ ਹੀ ਗੁਜ਼ਾਰ ਦਿੱਤੇ। ਤੇਰ੍ਹਵੇਂ ਸਾਲ ਛੁਪ ਗਏ। ਵਿਰਾਟ ਨਾਮੀ ਇਕ ਮਦਰ ਦੇਸ਼ ਦਾ ਰਾਜਾ ਸੀ, ਉਸ ਦੇ ਪਾਸ ਪਹੁੰਚ ਗਏ॥ ੯ ॥

ਧਰਮਜ ਚੌਪਰ ਕੇਰ ਖਿਡਾਵਾ। ਕੰਕ ਨਾਮ ਅਪਨੋ ਧਰਿਵਾਵਾ।
ਭੀਮ ਰਸੋਈਆ ਬੱਲਭ ਨਾਮੂ। ਭੋਜਨ ਕਰਨ ਕੀਨ ਸਭਿ ਕਾਮੂ ॥੧੦॥

ਯੁਧਿਸ਼ਟਰ ਰਾਜੇ ਨਾਲ ਚੌਪੜ ਖੇਡਿਆ ਕਰਦਾ ਸੀ ਅਤੇ ਉਸ ਆਪਣਾ ਨਾਂ ਕੰਕ ਰੱਖ ਲਿਆ। ਭੀਮਸੈਨ ਰਸੋਈਆ ਬਣ ਗਿਆ ਤੇ ਉਸ ਆਪਣਾ ਨਾਂ ਬੱਲਭ ਰਖ ਲਿਆ। ਉਹ ਭੋਜਨ ਤਿਆਰ ਕਰਨ ਦਾ ਸਾਰਾ ਕੰਮ ਕਰਦਾ ਸੀ॥ ੧੦॥

ਸ਼ਸਤ੍ਰ ਅਸਤ੍ਰ ਧਰਿ ਬਾਹਰ ਸਭਿਹੀ। ਭਾ ਬਿਹੰਡੜਾ ਅਰਜਨ ਤਬਹੀ।
ਉੱਤ੍ਰੰ ਹੁਤੀ ਬਰਾਠ ਕੁਮਾਰੀ। ਲਗਜੋ ਸਿਖਾਵਨ ਤਿਹ ਨ੍ਰਿਤਕਾਰੀ ॥੧੧॥

ਸ਼ਸਤਰ ਅਸਤਰ ਸਾਰੇ ਬਾਹਰ ਹੀ ਰੱਖ ਆਏ ਸਨ ਤੇ ਅਰਜਨ ਇਸਤਰੀ ਦਾ ਵੇਸ ਧਾਰ ਕੇ ਹੀਜੜਾ ਬਣ ਗਿਆ। ਉਤਰਾ ਨਾਂ ਦੀ ਇਕ ਵਿਰਾਟ ਰਾਜੇ ਦੀ ਪੁੱਤਰੀ ਸੀ, ਉਸ ਨੂੰ ਉਹ ਨਾਚ ਸਿਖਾਉਣ ਲੱਗ ਗਿਆ॥ ੧੧॥

ਬਾਜਪਾਲ ਕੋ ਬੇਖ ਬਨਾਈ। ਰਹਜੋ ਨਕੁਲ ਨ੍ਰਿਪ ਕੇ ਢਿਗ ਜਾਈ।
ਭਾ ਗੋਪਾਲ ਤਬਹਿ ਸਹਿਦੇਵਾ। ਦੁਰਿਕੈ ਰਹੇ ਨ ਕੋ ਲਖਿ ਭੇਵਾ ॥੧੨॥

ਸਾਈਸ (ਘੋੜ ਪਾਲਕ) ਦਾ ਭੇਸ ਬਣਾ ਕੇ ਨਕੁਲ ਨੇ ਰਾਜੇ ਪਾਸ ਘੋੜਿਆਂ ਦੀ ਸੰਭਾਲ ਦੀ ਨੌਕਰੀ ਕਰ ਲਈ। ਸਹਿਦੇਵ ਨੇ ਗਵਾਲੇ ਦਾ ਭੇਸ ਬਣਾ ਲਿਆ ਤੇ ਗਊਆਂ ਪਾਲਣ ਦੀ ਸੇਵਾ ਕਰਨ ਲੱਗਾ। ਸਾਰੇ ਛੁੱਪ ਕੇ ਰਹਿਣ ਲੱਗੇ ਅਤੇ ਕੋਈ ਵੀ ਭੇਦ ਨਾ ਜਾਣ ਸਕਿਆ॥ ੧੨॥

ਦੋਹਰਾ- ਦ੍ਰੁਪਦਸੁਤਾ ਹੁਇ ਸਜੰਦਰੀ ਨ੍ਰਿਪਤ ਨਾਰਿ ਢਿਗ ਜਾਇ।
ਸੇਵ ਕਰਨ ਪਰ ਸੋ ਰਹੀ ਜਿਹ ਤਨ ਰੁਚਿਰ ਸੁਹਾਇ॥ ੧੩॥

ਰਾਜਾ ਦਰੋਪਦ ਦੀ ਪੁੱਤਰੀ ਦਰੋਪਤੀ ਰਾਜੇ ਦੀ ਰਾਣੀ ਦੀ ਦਾਸੀ ਬਣ ਗਈ। ਦਰੋਪਦੀ ਜਿਸ ਦਾ ਸਰੀਰ ਬਹੁਤ ਸੁੰਦਰ ਸੀ, ਰਾਜੇ ਦੀ ਰਾਣੀ ਦੀ ਸੇਵਾ ਕਰਦੀ ਰਹੀ॥ ੧੩॥

ਚੌਪਈ- ਨਾਗਨ ਸਮ ਲਟਕੀ ਲਟ ਜਾਂਕੀ। ਮਦਨ ਧਨੁਖ ਭ੍ਰਿਕੁਟੀ ਸੁਠ ਬਾਂਕੀ।
ਕੁੰਦ ਰਦਨ ਬਦਨ ਸਸਿ ਰਾਂਕਾ। ਉਦਰ ਸਤ੍ਰਿਵਲਿ ਮਨੋਹਰ ਜਾਂਕਾ ॥੧੪॥

ਦਰੋਪਦੀ ਦੀਆਂ ਨਾਗਨ ਵਰਗੀਆਂ ਕੇਸਾਂ ਦੀਆਂ ਲਟਾਂ ਸਨ। ਤੀਰ ਕਮਾਨ ਵਾਂਗ ਟੇਢੇ ਸੋਹਣੇ ਭਰਵੱਟੇ ਸਨ। ਮਰਤਬਾਨ ਦੇ ਫੁੱਲ ਵਾਂਗ ਦੰਦ ਸਨ ਅਤੇ ਮੁਖੜਾ ਪੂਰਨਮਾਸ਼ੀ ਦੇ ਚੰਦਰਮਾ ਵਰਗਾ ਸੀ। ਪੇਟ ਤ੍ਰਿੰਨਾਂ ਵਲਾਂ ਸਹਿਤ ਬਹੁਤ ਸੁੰਦਰ ਸੀ॥ ੧੪॥

ਰਤਿ ਰਤੀਕ ਹ੍ਵੈ ਜਿਹ ਦੁਤਿ ਦੇਖੀ। ਤੀਛਨ ਬਾਨ ਕਟਾਛ ਬਿਸ਼ੇਖੀ।
ਕੁਚਾ ਬਨੇ ਜੁਗ ਕਾਮ ਨਗਾਰੇ। ਸਭਿ ਜਗਜੀਤ ਉਲਟਿ ਜਨੁ ਡਾਰੇ ॥੧੫॥

ਕਾਮਦੇਵ ਦੀ ਇਸਤਰੀ ਰਤੀ ਵੀ ਉਸ ਦੀ ਸੁੰਦਰਤਾ ਵੇਖ ਕੇ ਆਪਣੇ ਆਪ ਨੂੰ ਤੁੱਛ ਸਮਝਦੀ ਸੀ। ਦੋਵੇਂ ਅਸਥਾਨ ਕਾਮ ਦੇ ਨਗਾਰੇ ਸਨ। ਸਭ ਜੱਗ ਜਿੱਤ ਕੇ ਮਾਨੋਂ ਉਲਟੇ ਕਰ ਦਿੱਤੇ ਸਨ॥ ੧੫॥

ਦੀਪ ਸ਼ਿਖਾ ਸੀ ਕੋਕਲ ਬੈਨੀ। ਗਜ ਗਾਮਨਿ ਮ੍ਰਿਗ ਸ਼ਾਵਕ ਨੈਨੀ।
ਜਮਨ ਭ੍ਰਮਰੀ ਨਾਭਿ ਗੰਭੀਰਾ। ਨਖਨ ਬਿਲੋਕਤਿ ਲਾਜਤਿ ਹੀਰਾ ॥੧੬॥

ਦੀਵੇ ਦੀ ਲਾਟ ਵਰਗੀ ਕੋਇਲ ਵਾਂਗ ਸੁਰੀਲੀ ਆਵਾਜ਼ ਸੀ। ਹਾਥੀ ਵਾਂਗ ਉਸ ਦੀ ਮਸਤ ਚਾਲ ਸੀ ਅਤੇ ਹਿਰਨ ਦੇ ਬੱਚੇ ਵਰਗੇ ਸੁੰਦਰ ਨੈਣ ਸਨ। ਜਮਨਾ ਦੀ ਘੁੰਮਣਘੇਰੀ ਵਾਂਗ ਗੰਭੀਰ ਨਾਭੀ ਸੀ। ਨਹੁੰਆਂ ਨੂੰ ਵੇਖ ਲਾਲ ਹੀਰਾ ਵੀ ਸ਼ਰਮਿੰਦਾ ਹੋ ਜਾਂਦਾ ਸੀ॥ ੧੬॥

ਦੋਹਰਾ-ਬਹੁਰ ਗ੍ਰੀਵ ਕੀ ਰੁਚਿਰਤਾ ਮਨਹੁ ਉਤਾਈ ਭਾਇ।
ਚਿਬੁਕ ਸਜਾਮਤਾ ਰਾਹੁ ਜਨ ਦੁਰਜੋ ਸਸੀ ਮੈਂ ਆਇ॥ ੧੭॥

ਧੌਣ ਦੀ ਸੁੰਦਰਤਾ ਅਜਿਹੀ ਹੈ ਮਾਨੋਂ ਉੱਚੀ ਉੱਠ ਰਹੀ ਅਗਨੀ ਦੀ ਲਾਟ ਹੈ। ਠੋਡੀ ਵਿਚ ਕਾਲੀ ਬਿੰਦੀ ਇੰਝ ਲਗਦੀ ਹੈ ਮਾਨੋਂ ਚੰਦਰਮਾ ਵਿਚ ਆ ਕੇ ਰਾਹੂ ਛੁਪਿਆ ਹੋਵੇ॥ ੧੭॥

ਚੌਪਈ- ਜਿਹ ਆਗੈ ਦਾਸੀ ਬਹੁ ਹੋਵਤਿ। ਸੇਵਹਿ ਕਰ ਬੰਦੇ ਮੁਖ ਜੋਵਤਿ।
ਸੋ ਬਿਰਾਟ ਨ੍ਰਿਪ ਕੀ ਰਜਧਾਨੀ। ਬਨਿ ਸਯੰਦਰੀ ਬੇਖ ਦੁਰਾਨੀ॥੧੮॥

ਜਿਹੜੀਆਂ ਪਹਿਲਾਂ ਬਹੁਤ ਦਾਸੀਆਂ ਸਨ ਉਹ ਮੁਖੜੇ ਨੂੰ ਵੇਖ ਕੇ ਹੱਥ ਜੋੜ ਕੇ ਸੇਵਾ ਕਰਦੀਆਂ ਸਨ। ਰਾਜੇ ਵਿਰਾਟ ਦੀ ਜਿਹੜੀ ਰਾਜਧਾਨੀ ਸੀ, .ਦਰੋਪਦੀ ਉੱਥੇ ਦਾਸੀ ਬਣ ਕੇ ਰਹਿ ਰਹੀ ਸੀ॥ ੧੮॥

ਰਹਤਿ ਦ੍ਰੋਪਤੀ ਬੈਨ ਉਚਾਰੇ। ਗੰਧ੍ਰਬ ਮੋਹਿ ਪੰਚ ਰਖਵਾਰੇ।
ਕਾਮ ਦ੍ਰਿਸ਼ਟਿ ਮੋਕੋ ਜੋ ਦੇਖੈ। ਮ੍ਰਿਤਕ ਕਰਤਿ ਸੋ ਬਲੀ ਬਿਸ਼ੇਖੇ॥੧੯॥

ਉਥੇ ਰਹਿੰਦਿਆਂ ਦਰੋਪਤੀ ਨੇ ਕਿਹਾ ਕਿ ਪੰਜ ਗੰਧ੍ਰਬ ਮੇਰੇ ਰਖਵਾਲੇ ਹਨ। ਜਿਹੜਾ ਵੀ ਮੇਰੇ ਵਲ ਕਾਮ ਦੀ ਦ੍ਰਿਸ਼ਟੀ ਨਾਲ ਵੇਖੇਗਾ, ਬਹੁਤ ਬਲਵਾਨ ਗੰਧ੍ਰਬ ਉਸ ਨੂੰ ਮਾਰ ਦੇਣਗੇ॥ ੧੯॥

ਸਭਿਨਿ ਸੁਨਾਇ ਦੀਨਿ ਅਸ ਬਾਨੀ। ਸੇਵ ਕਰਨ ਰਾਨੀ ਕੀ ਠਾਨੀ।
ਕਿਤਿਕ ਦਿਵਸ ਜਬ ਰਹਿਤਿ ਬਿਤਾਏ। ਛਪੇ ਰਹੇ ਕਿਨ ਜਾਨਿ ਨ ਪਾਏ॥੨੦॥

ਸਾਰਿਆਂ ਨੂੰ ਅਜਿਹੇ ਬਚਨ ਸੁਣਾ ਦਿੱਤੇ। ਫਿਰ ਰਾਣੀ ਦੀ ਸੇਵਾ ਕਰਨ ਲੱਗੀ। ਕਈ ਦਿਨ ਜਦ ਉਥੇ ਰਹਿੰਦਿਆਂ ਬੀਤ ਗਏ, ਪਾਂਡਵ ਲੁਕੇ ਰਹੇ ਅਤੇ ਕੋਈ ਜਾਣ ਨਾ ਸਕਿਆ॥ ੨੦॥

ਹੁਤੋ ਭ੍ਰਾਤ ਇਕ ਰਾਨੀ ਕੇਰਾ। ਕੀਚਕ ਆਖਯ ਬਲੀ ਬਡੇਰਾ।
ਸਹਿਜ ਸੁਭਾਇ ਸੁਸਾ ਢਿਗ ਆਵਾ। ਦ੍ਰੁਪਦਸੁਤਾ ਕੋ ਪਿਖਿ ਬਿਰਮਾਵਾ॥੨੧॥

ਰਾਣੀ ਦਾ ਇਕ ਭਰਾ ਸੀ। ਕੀਚਕ ਉਸ ਦਾ ਨਾਂ ਸੀ ਤੇ ਉਹ ਬਹੁਤ ਬਲੀ ਸੀ। ਸਹਿਜ ਸੁਭਾਅ ਇਕ ਦਿਨ ਆਪਣੀ ਭੈਣ ਪਾਸ ਆਇਆ। ਦਰੋਪਦੀ ਨੂੰ ਵੇਖ ਕੇ ਭਰਮਾ ਗਿਆ॥ ੨੧॥

ਦਸ ਸਹੰਸ੍ਰ ਗਜ ਬਲ ਜਿਸ ਮਾਂਹੀ। ਪ੍ਰਭੁਤਾ ਮਦ ਤੇ ਸੁਧ ਬੁਧਿ ਨਾਂਹੀ।
ਲਖੇ ਬਿਲੋਚਨ ਜਬ ਰਤਨਾਰੇ। ਮਨਹੁ ਸੁਭਟ ਕਿਨ ਬਾਨ ਪ੍ਰਹਾਰੇ॥ ੨੨॥

ਦਸ ਹਜ਼ਾਰ ਹਾਥੀਆਂ ਜਿੰਨਾ ਜਿਸ ਵਿਚ ਬਲ ਸੀ, ਆਪਣੀ ਤਾਕਤ ਦੇ ਨਸ਼ੇ ਵਿਚ ਉਹ ਸੁੱਧ ਬੁੱਧ ਖੋਹ ਬੈਠਾ ਸੀ। ਜਦ ਉਸ ਦਰੋਪਦੀ ਦੇ ਰਤਨਾਂ ਵਰਗੇ ਲਾਲ ਨੇਤਰ ਵੇਖੇ, ਮਾਨੋਂ ਸ੍ਰੇਸ਼ਟ ਸੂਰਮੇ ਨੇ ਤੀਰ ਮਾਰਿਆ ਹੋਵੇ॥ ੨੨॥

ਮਦਨ ਉਦਧਿ ਹ੍ਵੈ ਮਗਨ ਅਧੀਰੂ। ਪਹੁੰਚੇ ਕਜੋ ਬਿਬੇਕ ਜੋ ਤੀਰੂ।
ਘਾਇਲ ਜਜੋਂ ਤਿਹ ਛਿਨ ਤਰਫਾਵਾ। ਕਾਮਾਤੁਰ ਹ੍ਵੈ ਬਚਨ ਅਲਾਵਾ॥੨੩॥

ਕਾਮ ਦੇ ਸਾਗਰ ਵਿਚ ਧੀਰਜ ਰਹਿਤ ਹੋ ਕੇ ਡੁੱਬ ਗਿਆ। ਕਿਵੇਂ ਹੁਣ ਗਿਆਨ ਰੂਪ ਕਿਨਾਰੇ ਤੇ ਪਹੁੰਚੇ? ਘਾਇਲ ਹੋ ਕੇ ਉਸੇ ਵੇਲੇ ਤੜਫਣ ਲੱਗਾ ਅਤੇ ਕਾਮ ਤੋਂ ਆਤਰ ਹੋ ਕੇ ਬੋਲਿਆ॥ ੨੩॥

ਹੇ ਦਾਸੀ! ਤੂੰ ਲਾਗਤਿ ਪਯਾਰੀ। ਮਿਲਹੁ ਆਨਿ ਮੁਰ ਅੰਗ ਸੰਗਾਰੀ।
ਬਦਨ ਬਿਲੋਕੇ ਮਦਨ ਬਿਸਾਲਾ। ਜਾਗਜੋ ਰਿਦੇ, ਕੇਲ ਕਰਿ ਬਾਲਾ! ॥੨੪॥

ਹੇ ਦਾਸੀ! ਤੂੰ ਬਹੁਤ ਪਿਆਰੀ ਲੱਗਦੀ ਹੈਂ। ਮੇਰੇ ਅੰਗਾਂ ਨਾਲ ਆ ਕੇ ਮਿਲ ਜਾਵੇ, ਬਹੁਤ ਸੁੰਦਰ ਮੁਖੜਾ ਵੇਖ ਕੇ ਹਿਰਦਾ ਜਾਗਿਆ ਅਤੇ ਬੋਲਿਆ, 'ਹੇ ਇਸਤਰੀ ਮੇਰੇ ਨਾਲ ਰਮਨ ਕਰ'॥ ੨੪॥

ਦੋਹਰਾ- ਦ੍ਰੁਪਦਸੁਤਾ ਸੁਨਿ ਕਹਤਿ ਭੀ ਗੰਧ੍ਰਬ ਮਮ ਰਖਵਾਰ।
ਕਾਮ ਦ੍ਰਿਸ਼ਟਿ ਜੇ ਦੇਖਿਹੀਂ ਕਰਹਿਂ ਸਿ ਤੋਰਿ ਸੰਘਾਰ॥ ੨੫॥

ਦਰੋਪਦੀ ਇਹ ਸੁਣ ਕੇ ਕਹਿਣ ਲੱਗੀ, "ਪੰਜ ਗੰਧ੍ਰਬ ਮੇਰੇ ਰਾਖੇ ਹਨ, ਜੇ ਮੇਰੇ ਵਲ ਕਾਮ ਦੀ ਦ੍ਰਿਸ਼ਟੀ ਨਾਲ ਵੇਖੇਂਗਾ ਤਾਂ ਉਹ ਤੈਨੂੰ ਮਾਰ ਦੇਣਗੇ॥ ੨੫॥

ਚੌਪਈ- ਮਦਨੋਮਦ ਹੁਇ ਕਛੁ ਨ ਮਾਨਾ। ਦੌਰਯੋ ਗਹਿਨ ਪਾਨ ਮਹਿ ਪਾਨਾ।
ਕਰੇ ਤ੍ਰਾਸ ਧਾਈ ਸ਼ਸ਼ਿ ਜੈਸੇ। ਰਾਹੁ ਭੀਤ ਬਾਸਵ ਢਿਗ, ਤੈਸੇ॥ ੨੬॥

ਕਾਮ ਦੇ ਨਸ਼ੇ ਵਿਚ ਹੋਣ ਕਰਕੇ ਕੁਝ ਨਾ ਮੰਨਿਆ। ਦਰੋਪਦੀ ਦਾ ਹੱਥ ਆਪਣੇ ਹੱਥ ਵਿਚ ਫੜਨ ਵਾਸਤੇ ਦੌੜਿਆ। ਡਰਦੀ ਹੋਈ ਚੰਦ ਵਾਂਗ ਦੌੜੀ, ਜਿਵੇਂ ਉਹ ਰਾਹੁ ਤੋਂ ਡਰ ਕੇ ਇੰਦਰ ਦੇ ਪਾਸ ਜਾਂਦਾ ਹੈ॥ ੨੬॥

ਜਹਿਂ ਬਰਾਠ ਹੈ ਸਭਾ ਲਗਾਈ। ਊਚ ਪੁਕਾਰਤਿ ਦੌਰਤਿ ਆਈ।
ਧਰਮਜ, ਭੀਮ, ਨੁਕਲ, ਸਹਿਦੇਵਾ। ਬੈਠੇ ਕਰਹਿਂ ਨ੍ਰਿਪਤ ਕੀ ਸੇਵਾ॥੨੭॥

ਜਿਥੇ ਵਿਰਾਟ ਨੇ ਸਭਾ ਲਗਾਈ ਸੀ, ਉੱਚੀ-ਉੱਚੀ ਪੁਕਾਰਦੀ ਦੌੜਦੀ ਓਥੇ ਆ ਗਈ। ਸਭਾ ਵਿਚ ਜੁਧਿਸ਼ਟਰ, ਭੀਮ, ਨੁਕਲ ਅਤੇ ਸਹਿਦੇਵ ਬੈਠੇ ਰਾਜੇ ਦੀ ਸੇਵਾ ਕਰ ਰਹੇ ਸਨ॥ ੨੭॥

ਦ੍ਰੁਪਦ ਸੁਤਾ ਚਿਤ ਹ੍ਵੈ ਅਤਿ ਆਰਤ। ਗਈ ਭੂਪ ਢਿਗ ਦੁਖਿਤ ਪੁਕਾਰਤਿ।
ਸਰਬ ਲੋਕ ਅਵਲੋਕਤਿ ਲੋਚਨ। ਕਰ ਨ ਸਕਜੋ ਤਿਂਹਕੋ ਕੋ ਮੋਚਨ॥੨੮॥

ਦਰੋਪਦੀ ਚਿਤ ਵਿਚ ਬਹੁਤ ਦੁਖੀ ਹੋ ਕੇ ਰਾਜੇ ਪਾਸ ਦੁਖ ਪੁਕਾਰਣ ਗਈ। ਸਾਰੇ ਲੋਕ ਅੱਖਾਂ ਨਾਲ ਵੇਖ ਰਹੇ ਸਨ। ਉਸ ਨੂੰ ਕੋਈ ਵੀ ਛੁਡਵਾ ਨਾ ਸਕਿਆ॥ ੨੮॥

ਦੋਹਰਾ- ਕੀਚਕ ਧਾਯੋ ਸੰਗ ਤਿਹ ਪਕਰੀ ਸਭਾ ਮਝਾਰ।
ਮਹਾਂ ਬਲੀ ਤਿਹ ਜਾਨਿਕੈ ਨ੍ਰਿਪਤ ਨ ਕਿਯ ਹਟਕਾਰ॥ ੨੯॥

ਕੀਚਕ ਵੀ ਉਸ ਦੇ ਪਿੱਛੇ ਭੱਜਿਆ ਤੇ ਸਭਾ ਦੇ ਵਿਚ ਜਾ ਕੇ ਉਸ ਨੂੰ ਫੜ ਲਿਆ। ਉਸ ਨੂੰ ਮਹਾਂਬਲੀ ਜਾਣ ਕੇ ਰਾਜੇ ਨੇ ਵੀ ਉਸ ਨੂੰ ਹਟਾਇਆ ਨਹੀਂ॥ ੨੯॥

ਚੌਪਈ- ਕੁੰਜਰ ਲਤਾ ਕਰਖ ਜਿਉਂ ਲੀਨੀ। ਗਹਿ ਕੈ ਲਾਤ ਪ੍ਰਹਾਰਨ ਕੀਨੀ।
ਭੀਮ ਬਿਲੋਕਤਿ ਰਿਸ ਉਰ ਭਰਾ। ਅਰੁਨ ਬਿਲੋਚਨ ਆਨਨ ਕਰਾ॥੩੦॥

ਹਾਥੀ ਨੇ ਜਿਵੇਂ ਵੇਲ ਨੂੰ ਖਿਚ ਲਿਆ ਹੋਵੇ, ਦਰੋਪਤੀ ਨੂੰ ਫੜ ਕੇ ਕੀਚਕ ਨੇ ਲੱਤ ਮਾਰੀ। ਭੀਮ ਵੇਖ ਕੇ ਬਹੁਤ ਗੁੱਸੇ ਨਾਲ ਭਰ ਗਿਆ। ਮੁੱਖ ਅਤੇ ਅੱਖਾਂ ਲਾਲ ਕਰ ਲਈਆਂ॥ ੩੦॥

ਧਰਮਜ ਬਰਜਯੋ ਨੈਨਨ ਸੈਨਾ। ਪ੍ਰਗਟ ਹੋਨ ਡਰ ਬੋਲਿ ਨ ਬੈਨਾ।
ਮਹਾਂ ਬਲੀ ਬੈਠੇ ਪਤਿ ਪਾਸੂ। ਤਹਿਂ ਤੇ ਗਹਿਲੇ ਚਲਾ ਅਵਾਸੂ॥ ੩੧॥

ਜੁਧਿਸ਼ਟਰ ਨੇ ਅੱਖਾਂ ਦੀ ਸੈਨਿਤ ਨਾਲ ਰੋਕਿਆ, ਜ਼ਾਹਰ ਹੋਣ ਦੇ ਡਰ ਤੋਂ ਬਚਨ ਨਾ ਬੋਲਿਆ। ਮਹਾਂਬਲੀ ਪਤੀ ਕੋਲ ਹੀ ਬੈਠੇ ਸਨ। ਉਨ੍ਹਾਂ ਸਾਹਮਣੇ ਦਰੋਪਤੀ ਨੂੰ ਫੜ ਕੇ ਘਰ ਨੂੰ ਲੈ ਚਲਿਆ॥ ੩੧॥

ਰੋਏ ਪਾਂਡਵ ਮਿਲਿ ਤਿਹ ਥਾਈਂ। ਹੋਨਹਾਰ ਨਹਿਂ ਟਲੇ ਟਲਾਈ।

ਅਧਿਕ ਦੁਖੀ ਹੋਏ ਮਨ ਮਾਂਹੀ। ਬਿਨਾ ਗ੍ਯਾਨ ਕਿਹ ਕਬਿ ਸੁਖ ਨਾਂਹੀ ॥੩੨॥

ਪਾਂਡੋ ਮਿਲ ਕੇ ਉਸ ਥਾਂ ਰੋਏ, ਹੋਣਹਾਰ ਹੋਣੀ ਟਾਲਿਆਂ ਨਹੀਂ ਟਲਦੀ ਹੈ। ਮਨ ਵਿਚ ਬਹੁਤ ਦੁੱਖੀ ਹੋਏ, ਗਿਆਨ ਤੋਂ ਬਗੈਰ ਕਿਸੇ ਨੂੰ ਵੀ ਸੁੱਖ ਪ੍ਰਾਪਤ ਨਹੀਂ ਹੁੰਦਾ॥ ੩੨॥

ਦੋਹਰਾ-ਇਹ ਪ੍ਰਸੰਗ ਪੂਰਨ ਕਹੌਂ ਸੁਨਹੁ ਸੰਤ ਇਤਿਹਾਸ।
ਦ੍ਰੁਪਦਸੁਤਾ ਦੁਖ ਆਤੁਰੀ ਕਹਿਤਿ ਨ੍ਰਿਪਤਿ ਕੇ ਪਾਸ॥ ੩੩॥

ਇਹ ਪ੍ਰਸੰਗ ਪੂਰਾ ਕਹਿੰਦਾ ਹਾਂ, ਸੰਤ ਇਤਿਹਾਸ ਸੁਣੋ। ਦਰੋਪਦੀ ਦੁਖੀ ਹੋ ਕੇ ਰਾਜੇ ਨੂੰ ਕਹਿਣ ਲੱਗੀ॥ ੩੩॥

ਚੌਪਈ- ਧ੍ਰਿਗ ਭੂਪਤ! ਤੂੰ ਬਡੋ ਕੁਧਰਮੀ। ਲਖੀ ਸਭਾ ਸਭਿ ਤੋਰਿ ਕੁਕਰਮੀ।
ਬਾਮੀ ਅਘੀ ਦੁਸ਼ਟ ਮਤਿਵਾਰੋ। ਧ੍ਰਿੱਗ ਤੁਮਹਿ ਨਹਿਂ ਕਰਤਿ ਨਿਵਾਰੋ ॥੩੪॥

"ਹੇ ਰਾਜਾ! ਤੈਨੂੰ ਧਿਰਕਾਰ ਹੈ, ਤੂੰ ਵੱਡਾ ਭੈੜੇ ਧਰਮ ਵਾਲਾ ਹੈਂ, ਤੇਰੀ ਕੁਕਰਮੀ ਸਭਾ ਮੈਂ ਵੇਖ ਲਈ ਹੈ, ਤੂੰ ਟੇਢਾ, ਪਾਪੀ ਅਤੇ ਦੁਸ਼ਟ ਮੱਤ ਵਾਲਾ ਹੈਂ, ਤੈਨੂੰ ਧਿਰਕਾਰ ਹੈ ਕਿ ਤੂੰ ਕੀਚਕ ਨੂੰ ਰੋਕਦਾ ਨਹੀਂ॥ ੩੪॥

ਸਭਾ ਬਿਖੇ ਬੈਸੇ ਧ੍ਰਿਗ ਤਿਨਕੋ। ਦੇਖੋ ਛੀਨ ਭਯੋ ਬਲ ਜਿਨ ਕੋ।
ਬਹੁ ਕੁਬੋਲ ਬੋਲਤਿ ਭੀ ਬਿਹਬਲ। ਚਲਜੋ ਐਂਚ ਲੇ ਬਲ ਕਰਿ ਨਿਜ ਥਲ ॥੩੫॥

ਜਿਹੜੇ ਇਸ ਸਭਾ ਵਿਚ ਬੈਠੇ ਹਨ, ਇਨ੍ਹਾਂ ਨੂੰ ਵੀ ਧਿਰਕਾਰ ਹੈ। ਵੇਖੋ ਇਨ੍ਹਾਂ ਦਾ ਬਲ ਖਤਮ ਹੋ ਗਿਆ ਹੈ।" ਬਹੁਤ ਕੁਬੋਲ ਬੋਲ ਕੇ ਬਿਹਬਲ ਹੋ ਗਈ। ਕੀਚਕ ਉਸ ਨੂੰ ਆਪਣੀ ਤਾਕਤ ਨਾਲ ਖਿਚ ਕੇ ਆਪਣੇ ਘਰ ਲੈ ਚਲਿਆ॥ ੩੫॥

ਸਰਬ ਦਿਸ਼ਿਨ ਤੇ ਆਸ ਚੁਕਾਈ। ਛੁਟਨ ਹੇਤ ਨਿਜ ਕੀਨ ਉਪਾਈ।
ਅਰਧ ਪੰਥ ਪਹੁੰਚੀ ਜਬ ਆਈ। ਕੀਚਕ ਸੋਂ ਤਬ ਗਿਰਾ ਅਲਾਈ ॥ ੩੬॥

ਜਦ ਸਾਰਿਆਂ ਪਾਸਿਆਂ ਤੋਂ ਆਸ ਉਮੀਦ ਖਤਮ ਹੋ ਗਈ ਤਾਂ ਛੁਟਕਾਰੇ ਵਾਸਤੇ ਆਪ ਉਪਾਅ ਕੀਤਾ। ਜਦ ਅੱਧੇ ਰਾਹ ਵਿਚ ਪਹੁੰਚ ਗਈ ਤਾਂ ਕੀਚਕ ਨੂੰ ਕਹਿਣ ਲੱਗੀ॥ ੩੬॥

ਦੋਹਰਾ-ਜਬ ਜਾਮਨਿ ਹੋਵਹਿ ਤਿਮਰ ਮਿਲਿਹੋਂ ਤਬ ਤੁਮ ਆਇ।
ਤਜੀਏ ਅਬ ਮੋਕੋ ਦਿਵਸ ਨਿਜ ਸੰਕੇਤ ਬਤਾਇ॥ ੩੭॥

ਜਦ ਰਾਤ ਹਨੇਰੀ ਹੋ ਜਾਵੇਗੀ ਤਾਂ ਮੈਨੂੰ ਆ ਕੇ ਮਿਲ ਪੈਣਾ। ਹੁਣ ਮੈਨੂੰ ਛੱਡ ਦੇਵੇ, ਦਿਨ ਹੈ ਅਤੇ ਆਪਣੇ ਮਿਲਣ ਦਾ ਟਿਕਾਣਾ ਦੱਸ ਦੇਵੇ॥ ੩੭॥

ਚੌਪਈ- ਇਸ ਬਿਧਿ ਸੁਨਿ ਕੀਚਕ ਹਰਖਾਨਾ। ਬਿਗਸਿ ਬਦਨ ਤੇ ਬਚਨ ਬਖਾਨਾ।
ਨਿਸਾ ਹੋਤਿ ਸੂਨੀ ਚਟਸਾਰੂ। ਤਹਾਂ ਆਇ ਮਿਲਿ ਮੋਹਿ ਸੰਗਾਰੂ ॥੩੮॥

ਇਸ ਤਰ੍ਹਾਂ ਸੁਣ ਕੇ ਕੀਚਕ ਬਹੁਤ ਖੁਸ਼ ਹੋ ਗਿਆ, ਪ੍ਰਸੰਨ ਹੋ ਕੇ ਮੁੱਖ ਤੋਂ ਬੋਲਿਆ, ਰਾਤ ਸਮੇਂ ਚਟਸ਼ਾਲਾ ਖਾਲੀ ਹੁੰਦੀ ਹੈ, ਉਥੇ ਆ ਕੇ ਮੈਨੂੰ ਮਿਲ ਪਵੇ॥ ੩੮॥

ਜੇ ਜਾਮਨਿ ਕੋ ਨਹਿਂ ਤੁਮ ਆਈ। ਭੋਰ ਭਈ ਤੇ ਲੇਉਂ ਗਹਾਈ।
ਛੂਟੀ ਸਿੰਘ ਤੇ ਮਿਰਗੀ ਜੈਸੇ। ਗਮਨਜੋ ਸਦਨ ਬਿਖੇ ਤਜਿ ਤੈਸੇ ॥੩੯॥

ਜੇ ਰਾਤ ਨੂੰ ਤੂੰ ਨਾ ਆਈ, ਸਵੇਰ ਹੁੰਦਿਆਂ ਹੀ ਤੈਨੂੰ ਫੜ ਲਵਾਂਗਾ। ਜਿਵੇਂ ਸ਼ੇਰ ਤੋਂ ਹਿਰਨੀ ਛੁਟ ਗਈ ਹੋਵੇ, ਇਸ ਤਰ੍ਹਾਂ ਉਸ ਨੂੰ ਛੱਡ ਆਪਣੇ ਘਰ ਨੂੰ ਚਲੇ ਗਈ॥ ੩੯॥

ਬਿਥਰੇ ਬਾਰ ਬਦਨ ਕੁਮਲਾਨੋ। ਘਿਰਜੋ ਤਮੀਪਤਿ ਛਮ ਨੈ ਮਾਨੋਂ।

ਸੂਕੇ ਅਧਰ ਸਿਥਲ ਸਭਿ ਅੰਗਾ। ਲਪਟਿ ਧੂਲ ਤਨ ਭਯੋ ਕੁਰੰਗਾ॥੪੦॥

ਦਰੋਪਦੀ ਦੇ ਵਾਲ ਖਿਲਰੇ ਸਨ ਤੇ ਮੁਖੜਾ ਕੁਮਲਾ ਗਿਆ ਸੀ, ਮਾਨੋਂ ਚੰਦਰਮਾ ਨੂੰ ਹਨੇਰੇ ਨੇ (ਭਾਵ ਚਿਹਰੇ ਨੂੰ ਵਾਲਾਂ ਨੇ) ਘੇਰਿਆ ਹੈ। ਬੁਲ ਸੁੱਕ ਗਏ ਅਤੇ ਸਾਰੇ ਅੰਗ ਢਿੱਲੇ ਪੈ ਗਏ, ਧੂੜ ਨਾਲ ਲਿਬੜ ਕੇ ਸਰੀਰ ਬੇਰੰਗ ਹੋ ਗਿਆ॥ ੪੦॥

ਦੋਹਰਾ- ਭੂਪ ਉਠਾ ਸਭਿ ਸਭਾ ਸੋਂ ਹੋਤਿ ਭਈ ਜਬ ਰੈਨ।
ਉਰ ਬਿਸੂਰਿ ਪਾਂਡਵ ਗਏ ਜਹਿਂ ਜਹਿਂ ਤਿਨ ਕੇ ਐਨ॥ ੪੧॥

ਜਦ ਰਾਤ ਪੈ ਗਈ ਤਾਂ ਰਾਜਾ ਸਭਾ ਵਿਚੋਂ ਉੱਠ ਕੇ ਚਲਾ ਗਿਆ। ਦਿਲ ਵਿਚ ਝੁਰ ਕੇ ਪਾਂਡਵ ਵੀ ਚਲੇ ਗਏ, ਜਿੱਥੇ-ਜਿੱਥੇ ਉਹ ਰਹਿੰਦੇ ਸਨ॥ ੪੧॥

ਚੌਪਈ- ਭੋਜਨ ਕਰਨ ਹੁਤੀ ਜਿਹ ਥਾਈਂ। ਬੈਠਯੋ ਭੀਮ ਤਹਾਂ ਪਛੁਤਾਈ।
ਹੋਏ ਤਿਮਰ ਦ੍ਰੋਪਤੀ ਆਈ। ਰੋਇ ਭੀਮ ਕੇ ਗਰ ਲਪਟਾਈ॥ ੪੨॥

ਭੋਜਨ ਕਰਨ ਵਾਲੀ ਜਿਹੜੀ ਥਾਂ ਸੀ, ਓਥੇ ਬੈਠਾ ਭੀਮ ਪਛਤਾ ਰਿਹਾ ਸੀ। ਜਦ ਰਾਤ ਹੋਈ ਤਾਂ ਦ੍ਰੋਪਤੀ ਆ ਗਈ ਅਤੇ ਰੋ ਕੇ ਭੀਮ ਦੇ ਗਲ ਨਾਲ ਚੰਬੜ ਗਈ॥ ੪੨॥

ਤਾਰ ਬ੍ਰਿੱਖ ਜਿਉਂ ਲਤਾ ਸੁ ਲਾਗੀ॥ ਰੋਵਤਿ ਜਨੁ ਧੋਵਤਿ ਦੁਖ ਦਾਗੀ।
ਮੁਖ ਤੇ ਵਾਕ ਨ ਜਾਇ ਬਖਾਨਾ। ਗਦਗਦ ਗਿਰਾ ਪਰਮ ਡਰ ਮਾਨਾ॥੪੩॥

ਤਾੜ ਦੇ ਬ੍ਰਿਛ ਨਾਲ ਜਿਵੇਂ ਵੇਲ ਲਗਦੀ ਹੈ, ਇਸ ਤਰ੍ਹਾਂ ਰੋਂਦੀ ਸੀ ਮਾਨੋਂ ਦੁੱਖਾਂ ਦੇ ਦਾਗ ਨੂੰ ਧੋ ਰਹੀ ਹੋਵੇ। ਮੁੱਖ ਤੋਂ ਕੁਝ ਬੋਲਿਆ ਵੀ ਨਹੀਂ ਸੀ ਜਾ ਰਿਹਾ, ਕਿਉਂਕਿ ਗਲਾ ਭਰ ਆਉਣ ਨਾਲ ਆਵਾਜ਼ ਰੁਕਦੀ ਸੀ। ਬਹੁਤ ਡਰ ਜਾਣ ਕਾਰਨ ਉਸ ਦਾ ਗਲਾ ਭਰ ਆਇਆ ਸੀ॥ ੪੩॥

ਧਰਿ ਧੀਰਜ ਪੁਨ ਬੈਨ ਉਚਾਰੇ। ਪਾਂਚੋ ਪਤਿ ਤੁਮ ਮੋ ਰਖਵਾਰੇ।
ਮਹਾਂ ਸੂਰ ਅਤਿ ਬਲੀ ਧਨੁਰਧਰ। ਤੁਮ ਹੋਵਤਿ ਸਤ ਟਾਰਤਿ ਬਲ ਕਰਿ॥੪੪॥

ਫਿਰ ਧੀਰਜ ਧਾਰਨ ਕਰਕੇ ਬੋਲੀ, "ਪੰਜ ਪਤੀ ਤੁਸੀਂ ਮੇਰੇ ਰਾਖੇ ਹੋ, ਮਹਾਨ ਸੂਰਮੇ ਅਤਿ ਬਲੀ ਅਤੇ ਉੱਤਮ ਧਨੁਖਧਾਰੀ ਹੋ, ਤੁਹਾਡੇ ਹੁੰਦਿਆਂ ਤਾਕਤ ਨਾਲ ਕੀਚਕ ਮੇਰਾ ਸਤ ਭੰਗ ਕਰਨਾ ਚਾਹੁੰਦਾ ਹੈ॥ ੪੪॥

ਦੋਹਰਾ- ਕਹਾ ਮਿਲਨ ਸੰਕੇਤ ਕੋ, ਜੋ ਨ ਜਾਉਂ ਤਿਹ ਪਾਸ।
ਭੋਰ ਭਈ ਲੇ ਜਾਵਈ ਗਹਿ ਕਰਿ ਅਪਨ ਅਵਾਸ॥ ੪੫॥

ਮੈਨੂੰ ਉਸ ਨੇ ਚਟਸ਼ਾਲਾ ਵਿਚ ਮਿਲਣ ਵਾਸਤੇ ਕਿਹਾ ਹੈ, ਜੇ ਮੈਂ ਉਸ ਪਾਸ ਨਹੀਂ ਜਾਵਾਂਗੀ ਤਾਂ ਸਵੇਰ ਹੁੰਦਿਆਂ ਹੀ ਮੈਨੂੰ ਫੜ ਕੇ ਆਪਣੇ ਘਰ ਲੈ ਜਾਵੇਗਾ॥ ੪੫॥

ਸ੍ਵੈਯਾ- ਸੀਤਲ ਸ੍ਵਾਸ ਭਰੇ ਕਹਿ ਬੈਨ, ਬਿਲੋਚਨ ਤੇ ਜਲ ਨਾ ਠਹਿਰਾਈ।
ਚਿੰਤ ਬਡੀ ਸਰਿਤਾ ਮਹਿਂ ਬੂਡਿ, ਉਪਾਵ ਕਰਾਰ ਕੋਊ ਨਹਿਂ ਪਾਈ।
ਭੀਮ ਕਹਯੋ ਤਹਿਂ ਜਾਵਹੁ ਮੈਂ ਉਰ ਧੀਰ ਦਈ ਸਭਿ ਪੀਰ ਮਿਟਾਈ।
ਜਾਂਹਿ ਸੰਕੇਤ ਕਰਾ ਤਿਸਨੈ, ਸਭਿ ਰੀਤਿ ਸੋਂ ਮੋਹਿ ਕੋ ਦੇਹੁ ਬਤਾਈ॥੪੬॥

ਇਹ ਕਹਿ ਕੇ ਠੰਢੇ ਸਾਹ ਭਰੇ, ਅੱਖਾਂ ਵਿਚੋਂ ਅੱਥਰੂ ਖਲੋਂਦੇ ਨਹੀਂ ਸਨ। ਵੱਡੀ ਚਿੰਤਾ ਦੀ ਨਦੀ ਵਿਚ ਡੁੱਬ ਰਹੀ ਸੀ, ਕੋਈ ਉਪਾਅ ਰੂਪੀ ਕਿਨਾਰਾ ਨਹੀਂ ਸੀ ਪਾ ਰਹੀ। ਭੀਮ ਨੇ ਕਿਹਾ, "ਤੂੰ ਦਿਲ ਵਿਚ ਧੀਰਜ ਧਾਰਨ ਕਰਕੇ ਆਪਣੀ ਰਿਹਾਇਸ਼

ਗਾਹ ਜਾ, ਮੈਂ ਤੇਰੀ ਪੀੜ ਦੂਰ ਕਰ ਦੇਵਾਂਗਾ। ਜਿਥੇ ਮਿਲਣ ਦਾ ਕੀਚਕ ਨੇ ਸੰਕੇਤ ਕੀਤਾ ਹੈ ਉਸ ਬਾਰੇ ਮੈਨੂੰ ਚੰਗੀ ਤਰ੍ਹਾਂ ਸਮਝਾ ਦੇਵੋ॥ ੪੬॥

ਦ੍ਰੋਪਦੀ ਬੈਨ ਭਨੇ ਪਤਿ ਸੋਂ—"ਚਟਸਾਰ ਬਿਖੈ ਮੁਹਿ ਤਾਂਹਿ ਬੁਲਾਈ।
ਤਾਂ ਸਮਝਾਇ ਭਲੀ ਬਿਧਿ ਸੋਂ ਨਿਜ ਥਾਨ ਬਿਖੈ ਚਲਿਕੈ ਪੁਨ ਆਈ।
ਭੋਜਨ ਖਾਇ ਅਘਾਇ ਕੈ ਭੀਮ ਚਲਾ ਹਿਤ ਮਾਰਣ ਕੇ ਤਿਹ ਤਾਈਂ।
ਕੀਚਕ ਕੀ ਬਿਰਥਾ ਸੁਨੀਏ: ਦਿਨ ਬੀਤਤ ਨਾਂਹਿ, ਰਹਜੋ ਅਕੁਲਾਈ॥੪੭॥

ਦ੍ਰੋਪਦੀ ਨੇ ਆਪਣੇ ਪਤੀ ਨੂੰ ਕਿਹਾ, "ਮੈਨੂੰ ਪਾਠਸ਼ਾਲਾ ਵਿਚ ਬੁਲਾਇਆ ਹੈ।" ਭੀਮ ਨੂੰ ਚੰਗੀ ਤਰ੍ਹਾਂ ਸਮਝਾ ਕੇ ਆਪਣੇ ਥਾਂ ਚਲ ਕੇ ਆ ਗਈ। ਰੱਜ ਕੇ ਭੋਜਨ ਖਾ ਕੇ ਭੀਮ ਕੀਚਕ ਨੂੰ ਮਾਰਨ ਵਾਸਤੇ ਚਲ ਪਿਆ। ਕੀਚਕ ਦੀ ਕਹਾਣੀ ਸੁਣੋ, ਉਸ ਨਾਲ ਕਿਵੇਂ ਬੀਤੀ? ਦਿਨ ਬੀਤਦਾ ਨਹੀਂ ਸੀ, ਸਾਰਾ ਦਿਨ ਵਿਆਕੁਲ ਰਿਹਾ॥ ੪੭॥

ਕਬਿੱਤ-ਚਿਤ ਬਿਖੈ ਚਿਤਵਤਿ ਮਿਲੈ ਕਬ ਅੰਗ ਸੰਗ ਕਰੌਂ ਮਨ ਭਾਯੋ, ਕਬ ਦਿਵਸ ਬਿਹਾਇ ਹੈ।
ਮੀਨ ਸਮ ਤਰਫਤਿ, ਕਾਮ ਸੋਂ ਪੀੜਤਿ ਅਤਿ, ਮੋ ਕੋ ਸੁਖਦੈਨੀ ਕਬ ਦਰਸ ਦਿਖਾਇ ਹੈ।
ਚੈਨ ਨ ਪਰਤਿ, ਇਤ, ਉਤ ਹੂੰ ਕੋ ਬਿਚਰਤਿ, ਬਜੋਗ ਤੇ ਤਪਤ ਮਾਨੋ ਅਬ ਜਰ ਜਾਇ ਹੈ।
ਐਸੀ ਗਤਿ ਭਈ ਮਤਿ, ਚਿਤ ਤੇ ਬਿਸਰ ਗਈ, ਹੋਵਤਿ ਪ੍ਰਦੋਖ ਕੇ ਸੁ ਉਠਜੋ ਹਰਖਾਇ ਹੈ॥੪੮॥

ਚਿੱਤ ਵਿਚ ਇਹੋ ਹੀ ਸੋਚਦਾ ਹੈ ਕਿ ਕਦ ਮਿਲੇ ਜਦ ਆਪਣੀ ਮਨ ਭਾਉਂਦੀ ਨੂੰ ਅੰਗ ਸੰਗ ਕਰਾਂ, ਕਦ ਇਹ ਦਿਨ ਖਤਮ ਹੋਵੇਗਾ। ਮੱਛੀ ਵਾਂਗ ਤੜਫਦਾ ਹੈ, ਕਾਮ ਨਾਲ ਅਤਿ ਪੀੜਤ ਹੈ, ਸੋਚਦਾ ਹੈ ਕਿ ਮੈਨੂੰ ਸੁੱਖ ਦੇਣ ਵਾਲੀ ਕਦ ਆਪਣਾ ਮੁਖੜਾ ਵਿਖਾਵੇਗੀ। ਚੈਨ ਨਹੀਂ ਪੈਂਦਾ, ਏਧਰ ਓਧਰ ਤੁਰਿਆ ਫਿਰਦਾ ਹੈ, ਵਿਯੋਗ ਵਿਚ ਇਸ ਤਰ੍ਹਾਂ ਤਪ ਰਿਹਾ ਹੈ ਮਾਨੋ ਸੜ ਜਾਵੇਗਾ। ਐਸੀ ਹਾਲਤ ਹੋ ਗਈ ਹੈ ਕਿ ਮੱਤ ਚਿਤ ਤੋਂ ਵਿੱਸਰ ਗਈ ਹੈ। ਜਦ ਹਨੇਰਾ ਹੋਇਆ ਤਾਂ ਪ੍ਰਸੰਨ ਹੋ ਕੇ ਉਠਿਆ॥ ੪੮॥

ਪਾਂਧੇ ਸੰਗ ਚਟੀਆ ਲੇ ਗਏ ਨਿਜ ਧਾਮ ਜਬ ਆਨਿਕੈ ਪ੍ਰਜੰਕ ਸੇਤ ਸੇਜ ਕੋ ਡਸਾਯੋ ਹੈ।
ਅਤਰ ਸੁਗੰਧਿ ਅੰਗ ਅੰਗ ਮੈਂ ਲਗਾਇ ਕਰਿ ਬੈਠਜੋ ਤਬ ਆਇ ਧਜਾਨ ਤਾਂਹਿ ਦਿਸ਼ਿ ਲਾਯੋ ਹੈ।
ਫੂਲ ਮਾਲ ਗਲੇ ਡਾਰਿਰਾਖੇ ਹੈਂ ਸਵਾਰਿ ਔਰਸੁੰਦਰ ਸਮਾਜ ਕਰਿ ਦੇਹ ਲਿਸ਼ਕਾਯੋ ਹੈ।
ਲਾਈ ਬਹੁ ਦੇਰਿ ਕੈਧੋਂ ਮਤਿ ਗਈ ਫੇਰ ਬੈਠੇ ਝੁਕਿ ਝੁਕਿ ਹੇਰਿਬਡੋ ਜਹਾਂ ਤਮ ਛਾਯੋ ਹੈ॥੪੯॥

ਜਦ ਪਾਠਸ਼ਾਲਾ ਦੇ ਪਾਂਧੇ ਆਪਣਾ ਸਾਮਾਨ ਚੁਕ ਕੇ ਘਰਾਂ ਨੂੰ ਚਲੇ ਗਏ ਤਾਂ ਕੀਚਕ ਨੇ ਇਕ ਸੁੰਦਰ ਪਲੰਘ ਪਾਠਸ਼ਾਲਾ ਵਿਚ ਡੁਹਾ ਕੇ ਉਤੇ ਸਫੈਦ ਸੇਜ ਵਿਛਾ ਦਿੱਤੀ। ਅਤਰ ਦੀ ਸੁਗੰਧੀ ਅੰਗ ਅੰਗ ਨੂੰ ਲਾ ਕੇ ਆ ਕੇ ਬੈਠ ਗਿਆ ਅਤੇ ਧਿਆਨ ਬਾਹਰ ਵਾਲੇ ਪਾਸੇ ਲਾ ਲਿਆ ਹੈ। ਫੁੱਲਾਂ ਦੀ ਮਾਲਾ ਗਲ ਵਿਚ ਪਾਈ ਹੈ ਅਤੇ ਕੁਝ ਫੁੱਲ ਸਵਾਰ ਕੇ ਹੋਰ ਵੀ ਰੱਖ ਲਏ ਅਤੇ ਸਰੀਰ ਨੂੰ ਸੁੰਦਰ ਲਿਸ਼ਕਾਇਆ ਹੈ। ਕਹਿੰਦਾ ਬਹੁਤ ਦੇਰ ਲਾਈ ਹੈ, ਕਿਥੇ ਗਈ, ਬੈਠ ਕੇ ਝੁਕ ਝੁਕ ਕੇ ਵੇਖਦਾ ਹੈ, ਬਹੁਤ ਹਨੇਰਾ ਛਾਇਆ ਹੈ॥ ੪੯॥

ਸ੍ਵੈਯਾ-ਭੀਮ ਜਬ ਗਯੋ ਪਗ ਖਰਕਾ ਸੁਨੰਤਿ ਭਯੋ, ਜਾਨੀ ਸੁਖਦੈਨੀ ਅਬ ਮੇਰੇ ਢਿਗ ਆਈ ਹੈ।
ਰਿਦੈ ਹਰਖਾਇ ਨਿਜ ਅੰਗ ਮੈਂ ਨ ਮਾਇ, ਅਬ ਕਰੌਂ ਕਾਮ ਕੇਲ ਮਿਲਿ ਭਈ ਮਨ ਭਾਈ ਹੈ।
ਗਏ ਤੇ ਸਮੀਪ ਹਾਥ ਗਹਿਨ ਚਲਾਯੋ ਹਾਥ, ਤਾਂਕੋ ਗਹਿ ਲੀਨੋ, ਖੈਂਚ ਰਹਜੋ ਨ ਛੁਰਾਈ ਹੈ।
ਉਠਜੋ ਤਬ ਠਾਂਢਾ ਭਯੋ, ਕੋਰੀ ਬੀਚ ਗਹਜੋ ਲਯੋ, ਸੁਰ ਪਹਿਚਾਨਜੋ, ਲਗੇ ਕਰਨ ਲਰਾਈ ਹੈਂ॥੫੦॥

ਭੀਮ ਜਦ ਗਿਆ ਤਾਂ ਜਦ ਪੈਰ ਦਾ ਖੜਾਕ ਸੁਣਿਆ, ਸਮਝਿਆ ਸੁਖ ਦਾਤੀ ਹੁਣ ਮੇਰੇ ਪਾਸ ਆਈ ਹੈ। ਹਿਰਦੇ ਵਿਚ ਬਹੁਤ ਖੁਸ਼ ਹੋਇਆ, ਅੰਗਾਂ ਵਿਚ ਸਮਾਉਂਦਾ ਨਹੀਂ ਸੀ। ਹੁਣ ਮੈਂ ਕਾਮ ਕੇਲ ਕਰਾਂਗਾ, ਮਨ ਭਾਉਂਦੀ ਮੈਨੂੰ ਮਿਲ ਗਈ ਹੈ। ਜਦ ਪਾਸ ਗਿਆ ਅਤੇ ਹੱਥ ਫੜਨ ਲਈ ਹੱਥ ਚਲਾਇਆ ਤਾਂ ਉਸ ਨੂੰ ਕਿਸੇ ਨੇ ਸਖਤ ਹੱਥ ਨਾਲ ਫੜ ਲਿਆ, ਬਹੁਤ ਜ਼ੋਰ ਲਾਇਆ ਪਰ ਆਪਣੇ ਆਪ ਨੂੰ ਛੁਡਵਾ ਨਾ ਸਕਿਆ। ਉਠ ਕੇ ਫਿਰ ਖੜਾ ਹੋ ਗਿਆ, ਜੱਫਾ ਪਾ ਕੇ ਫੜ ਲਿਆ, ਕੋਈ ਸੂਰਮਾ ਪਹਿਚਾਣਿਆਂ ਤਾਂ ਫਿਰ ਲੜਾਈ ਹੋਣ ਲੱਗ ਗਈ॥ ੫੦॥

ਮੁਸ਼ਟਿ ਪ੍ਰਹਾਰ ਕਰੈਂ, ਲਰੈ ਘਰੀਆਰ ਮਾਨੋ ਘੜਤ ਲੁਹਾਰ, ਜਾਮੈਂ ਬਲ ਹੈ ਸਮਾਨ ਕੇ।
ਕੈਧੋਂ ਗਜ ਦੋਊ, ਸਿੰਘ ਸ਼ਾਰਦੂਲ ਸੋਊ, ਰਿਦੈ ਕ੍ਰੋਧ ਬਹੁ ਹੋਊਨਹਿੰ ਪਾਇ ਕੋਊ ਹਾਨ ਕੇ।
ਲਾਗਤਿ ਚਪੇਟ ਭਈ ਭਿੜਨੇ ਕੀ ਭੇਟਲਖਿ ਸੁਭਟ ਸਹੇਟ ਮਨ ਕਰੈਂ ਅਭਿਮਾਨ ਕੋ।
ਲਾਤਨ ਕੋ ਮਾਰੈਂ ਮੁਖ ਬਚਨ ਉਚਾਰੈ ਨਹਿ, ਦੁਰੇਈ ਲਰਤਿ ਹੈਂ, ਮਰੋਰਤ ਹੈਂ ਪਾਨ ਕੋ ॥੫੧॥

ਮੁੱਕਿਆਂ ਦੇ ਵਾਰ ਕਰਦੇ ਸਨ, ਲੋਹਾ ਘੜਨ ਵਾਲਾ ਲੁਹਾਰ ਮਾਨੋਂ ਲੋਹਾ ਘੜ ਰਿਹਾ ਹੈ, ਦੋਹਾਂ ਦਾ ਬਲ ਬਰਾਬਰ ਲੱਗਦਾ ਸੀ। ਜਿਵੇਂ ਦੋ ਹਾਥੀ ਲੜਦੇ ਹਨ ਜਾਂ ਦੋ ਸ਼ੇਰ ਭਿੜਦੇ ਹਨ, ਹਿਰਦੇ ਵਿਚ ਬਹੁਤ ਕ੍ਰੋਧ ਹੈ, ਕੋਈ ਵੀ ਹਾਰ ਮੰਨਣ ਲਈ ਤਿਆਰ ਨਹੀਂ ਸੀ। ਚਪੇੜਾਂ ਵੱਜ ਰਹੀਆਂ ਸਨ, ਭਿੜਨ ਦੀਆਂ ਇਹ ਭੇਟਾਵਾਂ ਸਨ, ਸੂਰਮੇਂ ਇਕੱਠੇ ਹੋ ਕੇ ਅਭਿਮਾਨ ਕਰਦੇ ਸਨ। ਲੱਤਾਂ ਮਾਰਦੇ ਸਨ ਅਤੇ ਮੁੱਖ ਤੋਂ ਬੋਲਦੇ ਨਹੀਂ ਸਨ, ਚੁਪ ਕੇ ਹੀ ਲੜਦੇ ਸਨ ਅਤੇ ਹੱਥਾਂ ਨੂੰ ਮਰੋੜਦੇ ਸਨ॥ ੫੧॥

ਸ੍ਵੈਯਾ- ਜਾਮ ਸੰਗ੍ਰਾਮ ਭਯੋ ਜਬ ਹੀ ਪਗ ਸੋਂ ਅਟਕਾਇਕੈ ਭੀਮ ਗਿਰਾਯੋ।
ਕੀਚਕ ਊਪਰ ਤਾਂ ਚਢਿਕੈ ਬਹੁ ਗੋਡਨ ਮਾਰ ਕੈ ਭੂਮ ਗਿਰਾਯੋ।
ਦਾਉ ਬਚਾਇ ਉਭੈ ਪਗ ਭੀਮ ਨੈ ਤਾਂ ਛਤੀਆਂ ਪਰਹਾਰ ਲਗਾਯੋ।
ਚੋਟ ਲਗੇ ਨ ਸੰਭਾਰ ਰਹੀ, ਗਿਰਗਾ ਜਨੁ ਪੌਨ ਨੇ ਰੁਖ ਗਿਰਾਯੋ॥ ੫੨॥

ਪਹਿਰ ਭਰ ਜਦ ਲੜਾਈ ਹੁੰਦੀ ਰਹੀ ਤਾਂ ਭੀਮ ਨੇ ਲੱਤ ਦਾ ਅੜਿਕਾ ਦੇ ਕੇ ਥੱਲੇ ਸੁੱਟ ਲਿਆ। ਕੀਚਕ ਦੇ ਉਪਰ ਚੜ੍ਹ ਕੇ ਭੀਮ ਨੇ ਬਹੁਤ ਗੋਡੇ ਮਾਰ ਮਾਰ ਕੇ ਧਰਤੀ ਤੇ ਡੇਗ ਦਿੱਤਾ। ਦਾਅ ਬਚਾ ਕੇ ਭੀਮ ਨੇ ਪੈਰ ਚੁੱਕੇ ਤੇ ਉਸ ਦੀ ਛਾਤੀ ਉਤੇ ਜ਼ੋਰ ਨਾਲ ਵਾਰ ਕੀਤਾ। ਸੱਟ ਲਗਣ ਨਾਲ ਸੰਭਾਲ ਨਾ ਰਹੀ, ਇਸ ਤਰ੍ਹਾਂ ਡਿਗ ਪਿਆ ਜਿਵੇਂ ਹਨੇਰੀ ਨੇ ਵੱਡਾ ਰੁੱਖ ਸੁੱਟ ਦਿੱਤਾ ਹੋਵੇ॥ ੫੨॥

ਭੀਮ ਚਢਾ ਤਿਹੰ ਊਪਰ ਕ੍ਰੋਧ ਕੈ ਹਾਥ ਗਹਜੋ ਸੁ ਮਰੋਰਿਕੈ ਡਾਰਾ।
ਹੀਨ ਭਯੋ ਬਲ, ਦੇਖਤਿ ਹੈ ਭੁਜ ਦੂਸਰ ਜੋ ਉਰ ਤੇ ਸੁ ਉਖਾਰਾ।
ਮੂੰਡ ਮਰੋਰ ਲਯੋ ਪੁਨ ਤਾਂਹਿ ਕੋ ਦੀਨ ਟਿਕਾਇ ਸੁ ਛਾਤੀ ਮਝਾਰਾ।
ਹਾਥ ਦੋਊ ਪਗ ਤੋਰ ਭਲੀ ਬਿਧਿ ਪੇਟ ਮੈਂ ਪਾਇਕੇ ਨੀਕੇ ਸਵਾਰਾ ॥੫੩॥

ਭੀਮ ਫਿਰ ਬੜੇ ਕ੍ਰੋਧ ਵਿਚ ਆ ਕੇ ਉਸ ਦੇ ਉਪਰ ਚੜ੍ਹ ਗਿਆ। ਹੱਥ ਫੜ ਕੇ ਮਰੋੜ ਦਿੱਤਾ। ਜਦ ਬਲਹੀਨ ਹੋ ਗਿਆ ਤਾਂ ਭੀਮ ਨੇ ਉਸ ਦੀ ਦੂਸਰੀ ਬਾਂਹ ਫੜੀ ਤੇ ਉਸ ਨੂੰ ਛਾਤੀ ਤੋਂ ਉਖਾੜ ਦਿੱਤਾ। ਫਿਰ ਉਸ ਦਾ ਸਿਰ ਮਰੋੜ ਲਿਆ ਤੇ ਉਸ ਨੂੰ ਛਾਤੀ ਤੇ ਟਿਕਾ ਦਿੱਤਾ। ਹੱਥ ਪੈਰ ਚੰਗੀ ਤਰ੍ਹਾਂ ਤੋੜ ਕੇ ਪੇਟ ਤੇ ਚੰਗੀ ਤਰ੍ਹਾਂ ਸਵਾਰ ਕੇ ਰੱਖ ਦਿੱਤੇ॥ ੫੩॥

ਦੋਹਰਾ- ਕਰਿ ਕੁਲਾਲ ਕੇ ਚਾਕ ਸਮ ਜੋ ਸ਼ਤੀਰ ਚਟਸਾਰ।
ਤਿਹ ਕੋ ਸਿਰੋ ਉਠਾਇਕੇ ਦੀਨ ਧਸਾਇ ਮਝਾਰ॥ ੫੪॥

ਪਾਠਸ਼ਾਲਾ ਵਿਚ ਘੁਮਿਆਰ ਦੇ ਚੱਕੇ ਵਾਂਗ ਉਸ ਦੇ ਸਰੀਰ ਨੂੰ ਗੋਲ ਕਰ ਦਿੱਤਾ ਤੇ ਉਸ ਦੇ ਸਿਰ ਨੂੰ ਵੀ ਚੁੱਕ ਕੇ ਲਾਸ਼ ਦੇ ਵਿਚਕਾਰ ਧਸਾ ਦਿੱਤਾ।

ਸ੍ਵੈਯਾ- ਚਾਰ ਘੜੀ ਜਬ ਰੈਨ ਰਹੀ ਤਬ ਭੀਮ ਗਯੋ ਅਪਨੈ ਘਰ ਮਾਂਹੀ।
ਦੇਹਿ ਭਯੋ ਸ੍ਰਮ ਸੋਇ ਰਹ੍ਯੋ, ਪੁਰਿ ਬੀਚ ਲਖੀ ਕਿਨਹੂੰ ਸੁਧ ਨਾਂਹੀ।
ਭੋਰ ਭਈ ਸਭਿ ਲੋਕ ਉਠੇ ਪਿਖਿ ਕੀ੍ਚਕ ਪਾਇ ਨ ਧਾਮ ਜਹਾਂਹੀ।
ਹੋਇ ਰਿਦੈ ਬਿਸਮੈਂ ਸਭਿਹੀ ਤਬ ਖੋਜਨ ਕੀਨ ਭਲੀ ਬਿਧਿ ਤਾਂਹੀ ॥੫੫॥

ਜਦ ਚਾਰ ਘੜੀ ਰਾਤ ਰਹੀ ਤਦ ਭੀਮ ਆਪਣੇ ਘਰ ਨੂੰ ਚਲਾ ਗਿਆ। ਸਰੀਰ ਬਹੁਤ ਥੱਕ ਗਿਆ ਸੀ, ਇਸ ਲਈ ਸੌਂ ਗਿਆ। ਨਗਰ ਵਿਚ ਇਸ ਬਾਰੇ ਕਿਸੇ ਨੂੰ ਕੋਈ ਖਬਰ ਨਹੀਂ ਸੀ। ਸਵੇਰ ਹੋਈ ਜਦ ਸਾਰੇ ਲੋਕ ਉਠੇ, ਤਾਂ ਉਨ੍ਹਾਂ ਕੀਚਕ ਨੂੰ ਆਪਣੇ ਘਰ ਵਿਚ ਨਾ ਪਾਇਆ। ਮਨ ਵਿਚ ਬਹੁਤ ਹੈਰਾਨ ਹੋਏ ਅਤੇ ਚੰਗੀ ਤਰ੍ਹਾਂ ਖੋਜ ਭਾਲ ਸ਼ੁਰੂ ਹੋ ਗਈ॥ ੫੫॥

ਰੌਰ ਪਰਾ ਸਗਰੇ ਪੁਰਿ ਮੈਂ ਨਹਿਂ ਕੀ੍ਚਕ ਪਾਵਤਿ ਹੈਂ ਕਿਹ ਥਾਈਂ।
ਦੇਖ੍ਯੋ ਤਬੈ ਚਟਸਾਰ ਮਝਾਰ ਕੁਲਾਲ ਕੇ ਚਾਕ ਸਮਾਨ ਬਨਾਈ।
ਆਨਨ ਦੇਖਿ ਪਛਾਨਤਿ ਭੇ ਸਿਰ ਤੋਰ ਜੁ ਪੇਟ ਕੇ ਮਾਂਹਿ ਟਿਕਾਈ।
ਹਾਥ ਨ ਪਾਂਵ ਨ ਪਾਵਤਿ ਹੈਂ ਬ੍ਰਿਸਮਾਦ ਭਏ ਸਭਿ ਜਾਨ੍ਯੋ ਨ ਜਾਈ ॥੫੬॥

ਸਾਰੇ ਨਗਰ ਵਿਚ ਰੋਲਾ ਪੈ ਗਿਆ, ਕਿਸੇ ਥਾਂ ਵੀ ਕੀ੍ਚਕ ਨਾ ਮਿਲਿਆ, ਫਿਰ ਪਾਠਸ਼ਾਲਾ ਵਿਚ ਜਾ ਕੇ ਵੇਖਿਆ ਤਾਂ ਘੁਮਿਆਰ ਦੇ ਚੱਕੇ ਸਮਾਨ ਬਣਿਆ ਪਿਆ ਸੀ। ਅੱਖਾਂ ਨਾਲ ਆ ਕੇ ਵੇਖਦੇ ਹਨ ਕਿ ਸਿਰ ਤੋੜ ਕੇ ਪੇਟ ਉਤੇ ਧਰਿਆ ਹੈ, ਨਾ ਹੱਥ ਸਨ, ਨਾ ਪੈਰ ਸਨ, ਸਾਰੇ ਬਹੁਤ ਹੈਰਾਨ ਹੋਏ, ਪਰ ਇਹ ਨਾ ਜਾਣ ਸਕੇ ਕਿ ਇਹ ਕਿਵੇਂ ਹੋਇਆ॥ ੫੬॥

ਕੌਨੇ ਹਤ੍ਯੋ ਯਹਿ, ਹੋਤੋ ਬਲੀ ਅਤਿ, ਆਯੁਧ ਕੋ ਛਤ ਲਾਗ੍ਯੋ ਨ ਕੋਊ।
ਫੇਰ ਬਿਚਾਰਿ ਕਿਯੋ ਸਭਿਨੈ ਕਹੀ ਸੈਰੰਧਰੀ ਬਾਨੀ ਭਈ ਸਚ ਸੋਊ।
ਗੰਧ੍ਰਬ ਤਾਂਕੇ ਹੁਤੇ ਰਖਵਾਰਿ ਅਵੱਗਜਾ ਬਿਲੋਕਿ ਕੈ ਮਾਰਿ ਦਯੋਊ।
ਜੋਧ ਲਰੈ ਤ ਲਗੈ ਅੰਗ ਆਯੁਧ ਐਸੇ ਬਨਾਇ ਕਹੈਂ ਮਿਲਿ ਸੋਊ ॥੫੭॥

ਇਸ ਨੂੰ ਕਿਸ ਨੇ ਮਾਰਿਆ ਹੈ, ਇਹ ਤਾਂ ਬਹੁਤ ਬਲਵਾਨ ਸੀ, ਇਸ ਨੂੰ ਕੋਈ ਸ਼ਸਤਰ ਦਾ ਜ਼ਖਮ ਵੀ ਨਹੀਂ ਲਗਿਆ। ਫੇਰ ਸਾਰਿਆਂ ਵਿਚਾਰ ਕੀਤੀ ਕਿ ਦਾਸੀ ਦੀ ਕਹੀ ਹੋਈ ਗੱਲ ਸੱਚੀ ਹੋਈ ਹੈ। ਉਸ ਦੇ ਗੰਧ੍ਰਬ ਰਾਖੇ ਹਨ, ਅਵੱਗਿਆ ਵੇਖ ਕੇ ਗੰਧਰਬਾਂ ਇਸ ਨੂੰ ਮਾਰ ਦਿੱਤਾ ਹੈ। ਜੋਧੇ ਲੜਨ ਤਾਂ ਸਰੀਰ ਤੇ ਸ਼ਸਤਰਾਂ ਦੇ ਜ਼ਖਮ ਲਗਦੇ ਹਨ, ਇਸ ਤਰ੍ਹਾਂ ਦਾ ਉਨ੍ਹਾਂ ਗੰਧ੍ਰਬਾਂ ਹੀ ਬਣਾਇਆ ਹੈ॥ ੫੭॥

ਦੋਹਰਾ- ਭ੍ਰਾਤ ਹੁਤੇ ਸਤ ਤਾਂਹਿ ਕੇ ਕਰਹਿਂ ਬਿਲਾਪ ਪੁਕਾਰ।
ਭੂਖਨ ਜੁਤ ਸ਼ਿੰਗਾਰ ਧ੍ਵੈ ਪੀਟਤਿ ਕਰ ਮੁਖ ਨਾਰ॥ ੫੮॥

ਉਸ ਦੇ ਸੌ ਭਰਾ ਸਨ, ਉਹ ਬਹੁਤ ਵਿਰਲਾਪ ਅਤੇ ਪੁਕਾਰ ਕਰ ਰਹੇ ਸਨ। ਗਹਿਣੇ ਅਤੇ ਸ਼ਿੰਗਾਰ ਨੂੰ ਲਾਹ ਲਾਹ ਕੇ ਉਸਦੀਆਂ ਨਾਰੀਆਂ ਮੁੱਖ ਨੂੰ ਪਿਟ ਰਹੀਆਂ ਸਨ॥ ੫੮॥

ਚੌਪਈ- ਸ਼ੋਰ ਪਰਾ ਸਗਰੇ ਪੁਰਿ ਬੀਚੂ। ਸੁਨਿ ਸੁਨਿ ਆਇ ਊਚ ਅਰ ਨੀਚੂ।
ਸੁਸਾ ਬਿਲੋਕਤਿ ਚੌਕ੍ਰਿਤ ਹੋਈ। ਗੁਨਗਨ ਬਰਨਨ ਕਰਿ ਕੈ ਰੋਈ ॥੫੯॥

ਸਾਰੇ ਨਗਰ ਵਿਚ ਸ਼ੋਰ ਮੱਚ ਗਿਆ ਅਤੇ ਸੁਣ-ਸੁਣ ਕੇ ਸਭ ਵੱਡੇ ਨਿਕੇ ਆਏ। ਭੈਣ ਵੇਖ ਕੇ ਬਹੁਤ ਹੈਰਾਨ ਹੋਈ। ਕੀਚਕ ਦੇ ਗੁਣ ਵਰਨਣ ਕਰ-ਕਰ ਬਹੁਤ ਰੋਈ॥ ੫੯॥

ਨ੍ਰਿਪ ਰੋਯੋ ਜਬ ਮਿਰਤਕ ਦੇਖਾ। ਭਯੋ ਨਾਰਿ ਕੋ ਬ੍ਰਿੰਦ ਬਿਸ਼ੇਖਾ॥
ਭ੍ਰਾਤ ਦੁਸ਼ਟ ਕੇ ਕੁਮਤਿ ਬਿਚਾਰੀ। ਕਾਰਨ ਮਰਨ ਸੁੰਦਰੀ ਨਾਰੀ॥੬੦॥

ਰਾਜੇ ਨੇ ਵੀ ਜਦ ਮਰੇ ਹੋਏ ਕੀਚਕ ਨੂੰ ਵੇਖਿਆ ਤਾਂ ਉਹ ਬਹੁਤ ਰੋਇਆ। ਇਸਤਰੀਆਂ ਬਹੁਤ ਵੱਡੀ ਗਿਣਤੀ ਵਿਚ ਇਕੱਠੀਆਂ ਹੋਈਆਂ। ਕੀਚਕ ਦੇ ਭਰਾਵਾਂ ਨੇ ਖੋਟੀ ਮੱਤ ਵਿਚਾਰੀ ਕਿ ਇਹ ਸੁੰਦਰ ਨਾਰੀ ਦੇ ਕਾਰਨ ਹੀ ਮਰਿਆ ਹੈ॥ ੬੦॥

ਤਿਹ ਕੋ ਜਾਰਹਿੰਗੇ ਇਸ ਸਾਥਾ। ਕਹਿ ਅਸ ਗਹਯੋ ਦ੍ਰੋਪਦੀ ਹਾਥਾ।
ਵਹਿਰ ਨਗਰ ਤੇ ਚਿਖਾ ਬਨਾਈ। ਬਹੁ ਨਰ ਤਿਂਹ ਕੋ ਲੀਨ ਉਚਾਈ॥੬੧॥

ਕਹਿਣ ਲੱਗੇ, 'ਉਸ ਨਾਰੀ ਨੂੰ ਵੀ ਇਸ ਦੇ ਨਾਲ ਹੀ ਸਾੜਾਂਗੇ', ਇਸ ਤਰ੍ਹਾਂ ਕਹਿ ਕੇ ਦ੍ਰੋਪਦੀ ਨੂੰ ਹੱਥਾਂ ਨਾਲ ਫੜ ਲਿਆ। ਨਗਰ ਦੇ ਬਾਹਰ ਚਿਖਾ ਬਣਾਈ ਸੀ। ਬਹੁਤ ਮਨੁੱਖਾਂ ਨੇ ਦਰੋਪਦੀ ਨੂੰ ਚੁੱਕ ਲਿਆ॥ ੬੧॥

ਬਿਨ ਰੱਖਜਕ ਗਹਿ ਕਰਿ ਤਿਹ ਹਾਥਾ। ਗਮਨੇ ਲੋਕ ਲਿਯੇ ਤਿਹ ਸਾਥਾ।
ਝੀਨ ਚੀਰ ਮੈਂ ਝਲਕੈ ਦੇਹੀ। ਦੀਪਸ਼ਿਖਾ ਮਧ ਦਰਪਨ ਜੇਹੀ॥੬੨॥

ਰਖਵਾਲਿਆਂ ਤੋਂ ਬਗੈਰ ਉਸ ਨੂੰ ਹੱਥਾਂ ਨਾਲ ਫੜ ਕੇ ਲੋਕ ਉਸ ਨੂੰ ਸਾਥ ਲੈ ਕੇ ਚੱਲ ਪਏ। ਬਾਰੀਕ ਵਸਤਰਾਂ ਵਿਚ ਦੇਹੀ ਝਲਕ ਰਹੀ ਸੀ। ਸ਼ੀਸ਼ੇ ਵਿਚ ਜਿਵੇਂ ਦੀਵੇ ਦੀ ਲਾਟ ਚਮਕਦੀ ਹੈ॥ ੬੨॥

ਨਾਭਿ ਰੁਮਾਵਲਿ ਉਪਮਾ ਭਾਰੀ। ਮਨਹੁ ਮੇਰੁ ਪਰ ਜਮਨਾ ਵਾਰੀ।
ਲੋਕ ਬਿਲੋਕਹਿਂ ਗਿਰਾ ਅਲਾਈ। ਬਿਨ ਅਪਰਾਧ ਦੇਹੁ ਛੁਰਿਵਾਈ॥੬੩॥

ਕੇਸਾਂ ਦੀਆਂ ਲਿਟਾਂ ਦੀ ਪੰਗਤੀ ਦੀ ਭਾਰੀ ਉਪਮਾ ਸੀ, ਮਾਨੋਂ ਸੁਮੇਰ ਤੋਂ ਜਮਨਾ ਵਾਰੀ ਜਾ ਰਹੀ ਸੀ। ਲੋਕ ਵੇਖ ਕੇ ਕਹਿ ਰਹੇ ਸਨ, ਬਿਨਾਂ ਅਪਰਾਧ ਦੇ ਮਾਰੀ ਜਾ ਰਹੀ ਹੈ॥ ੬੩॥

ਕੋਇ ਨ ਮਾਨਹਿ ਕਿਸਕੋ ਕਹਿਨੋ। ਕੀਚਕ ਮਰਨ ਸ਼ੋਕ ਕਿਯ ਦਹਿਨੋ।
ਬਿਲਪਹਿਂ ਬਹੁਤ ਮਿਲੇ ਨਰ ਨਾਰੀ। ਭਯੋ ਦ੍ਰੋਪਦੀ ਕੋ ਦੁਖ ਭਾਰੀ॥੬੪॥

ਲੋਕੀ ਕਹਿ ਰਹੇ ਸਨ ਕਿ ਕੋਈ ਨਹੀਂ ਮੰਨਦਾ ਕਿਸ ਨੂੰ ਕਹੀਏ, ਕੀਚਕ ਮਰਨ ਦੇ ਦੁੱਖ ਵਿਚ ਇਸ ਨੂੰ ਸਾੜ ਰਹੇ ਹਨ। ਬਹੁਤ ਨਰ ਨਾਰੀਆਂ ਮਿਲ ਕੇ ਵਿਰਲਾਪ ਕੀਤਾ ਕਿ ਦ੍ਰੋਪਤੀ ਨੂੰ ਬੜਾ ਭਾਰੀ ਦੁੱਖ ਆ ਪਿਆ ਹੈ॥ ੬੪॥

ਗਹੇ ਹਾਥ ਤੇ ਬਯਾਕੁਲ ਹੋਈ। ਰੱਖਜਕ ਦੇਖਯੋ ਨਿਕਟਿ ਨ ਕੋਈ।
ਰੋਦਨ ਕਰਤਿ ਨੈਨ ਝਲਕਾਹੀ। ਮਨਹੁ ਮੀਨ ਦੈ ਜਲ ਕੇ ਮਾਂਹੀ॥੬੫॥

ਹੱਥਾਂ ਨਾਲ ਫੜੀ ਹੋਣ ਕਰਕੇ ਦਰੋਪਦੀ ਵਿਆਕੁਲ ਹੋਈ ਸੀ। ਕੋਈ ਵੀ ਰਖਵਾਲਾ ਨੇੜੇ ਨਾ ਵੇਖਿਆ। ਰੋਂਦੀ ਦੇ ਨੈਣਾਂ ਵਿਚ ਪਾਣੀ ਝਲਕਦਾ ਸੀ, ਮਾਨੋਂ ਜਲ ਵਿਚ ਦੋ ਮੱਛੀਆਂ ਚਮਕ ਰਹੀਆਂ ਸਨ॥ ੬੫॥

ਸੂਕੇ ਅਧਰ ਬੋਲ ਨਹਿਂ ਆਵਤਿ। ਬਿਥਰੇ ਕੇਸ ਤ੍ਰਾਸ ਬਹੁ ਪਾਵਤਿ।
ਸੁਧ ਨ ਸੰਭਾਰਨ ਸੀਸ ਪਿਛੌਰੀ। ਗਮਨੇ ਸਰਬ ਭੀਮ ਗ੍ਰਿਹ ਓਰੀ॥੬੬॥

ਬੁਲ੍ਹ ਸੁੱਕੇ ਸਨ ਅਤੇ ਬੋਲਿਆ ਨਹੀਂ ਸੀ ਜਾਂਦਾ, ਖਿਲਰੇ ਵਾਲ ਬਹੁਤ ਡਰਾਉਣੇ ਲੱਗ ਰਹੇ ਸਨ। ਸਿਰ ਦੇ ਪਿਛੇ ਗੁੱਤ ਨੂੰ ਸੰਭਾਲਣ ਦੀ ਕੋਈ ਸੋਝੀ ਨਹੀਂ ਸੀ। ਸਾਰੇ ਭੀਮ ਦੇ ਘਰ ਵਲ ਗਏ॥ ੬੬॥

ਸੁਨਯੋ ਸ੍ਰੋਨ ਮਹਿਂ ਸ਼ੋਰ ਬਿਸਾਲਾ। ਉਠਯੋ ਨੀਂਦ ਤਜਿ ਕਰਿ ਤਿਹ ਕਾਲਾ।

ਦੇਖ ਪੰਚਾਲੀ ਕੋ ਅਕੁਲਾਵਾ। ਜਿਹਕੋ ਬਦਨ ਕਮਲ ਕੁਮਲਾਵਾ ॥੬੭ ॥

ਜਦ ਭੀਮ ਨੇ ਕੰਨਾਂ ਨਾਲ ਬਹੁਤ ਸ਼ੋਰ ਸੁਣਿਆਂ, ਤਾਂ ਨੀਂਦ ਛੱਡ ਕੇ ਉਠਿਆ ਫਿਰ ਓਧਰ ਗਿਆ ਜਿਥੇ ਭੀੜ ਲੱਗੀ ਹੋਈ ਸੀ। ਦਰੋਪਦੀ ਨੂੰ ਬਹੁਤ ਵਿਆਕੁਲ ਵੇਖਿਆ ਜਿਸ ਦਾ ਕਮਲ ਵਰਗਾ ਮੁਖੜਾ ਕੁਮਲਾਇਆ ਹੋਇਆ ਸੀ॥ ੬੭॥

ਨੈਨ ਸੈਨ ਦੀਨੀ ਸਮੁਝਾਈ। ਮੈਂ ਆਵੋਂ ਤਵ ਕਰੋਂ ਸਹਾਈ।
ਕੁਛਕ ਦ੍ਰੋਪਤੀ ਧੀਰਜ ਧਰਿਯੋ। ਬਹਤਿ ਨਦੀ ਜਨੁ ਹਾਥ ਪਕਰਿਯੋ ॥੬੮ ॥

ਉਸਨੇ ਦਰੋਪਦੀ ਨੂੰ ਨੈਣਾਂ ਦੀ ਸੈਨਤ ਨਾਲ ਸਮਝਾਇਆ, ਮੈਂ ਆ ਕੇ ਤੇਰੀ ਸਹਾਇਤਾ ਕਰਦਾ ਹਾਂ। ਦਰੋਪਤੀ ਨੇ ਕੁਝ ਧੀਰਜ ਧਰਿਆ। ਨਦੀ ਵਿਚ ਡੁੱਬਦੀ ਦਾ ਜਿਵੇਂ ਉਸ ਹੱਥ ਫੜ ਲਿਆ ਸੀ॥ ੬੮॥

ਚਿਤਾ ਹੁਤੀ ਜਹਿਂ ਗਮਨੇ ਸਭਿਹੀ। ਬਡੋ ਬ੍ਰਿੰਦ ਭਾ ਲੋਕਨ ਤਬਹੀ।
ਭੀਮਸੈਨ ਕਰਿ ਬੇਖ ਕੁਢਾਲੀ। ਫਾਂਧਯੋ ਕੋਟ ਮਾਰਿ ਕਰਿ ਛਾਲੀ ॥੬੯ ॥

ਜਿਥੇ ਚਿਤਾ ਬਣਾਈ ਸੀ ਸਾਰੇ ਓਥੇ ਚਲੇ ਗਏ। ਓਥੇ ਲੋਕਾਂ ਦਾ ਇਕ ਵੱਡਾ ਇਕੱਠ ਇਕੱਤਰ ਹੋਇਆ ਸੀ। ਭੀਮ ਸੈਨ ਨੇ ਆਪਣਾ ਭੇਸ ਬਦਲ ਲਿਆ ਅਤੇ ਛਾਲ ਮਾਰ ਕੇ ਕਿਲ੍ਹਾ ਟੱਪ ਗਿਆ॥ ੬੯॥

ਗਯੋ ਬਿਸਾਲ ਉਜਾਰ ਮਝਾਰਾ। ਸ਼ੁਸ਼ਕ ਬਿਰਖ ਇਕ ਹਾਥ ਉਖਾਰਾ।
ਕ੍ਰੋਧ ਧਾਰਿ ਕਰਿ ਮੁਰਯੋ ਬਹੋਰੀ। ਆਯੋ ਤੁਰਤ ਹੁਤੇ ਜਿਹ ਠੋਰੀ॥੭੦ ॥

ਵੱਡੀ ਉਜਾੜ ਦੇ ਵਿਚ ਗਿਆ, ਇਕ ਸੁੱਕਾ ਰੁੱਖ ਆਪਣੇ ਹੱਥ ਵਿਚ ਨਾਲ ਪੁੱਟ ਲਿਆ। ਕ੍ਰੋਧ ਧਾਰ ਕੇ ਫਿਰ ਵਾਪਸ ਆਇਆ, ਉਹ ਤੁਰੰਤ ਉਸ ਜਗ੍ਹਾ ਪਹੁੰਚ ਗਿਆ ਜਿਥੇ ਦਰੋਪਦੀ ਨੂੰ ਫੜਿਆ ਹੋਇਆ ਸੀ॥ ੭੦॥

ਦਾਰੁਨ ਬੇਖ ਅਰਿਨ ਕੋ ਮਾਰਨ। ਪੰਚਾਲੀ ਕੇ ਪ੍ਰਾਨ ਉਬਾਰਨ।
ਜਾਇ ਸਮੀਪੰ ਦੀਨਿ ਦਿਖਾਈ। ਦ੍ਰੁਪਦੀ ਊਚੀ ਗਿਰਾ ਅਲਾਈ॥੭੧ ॥

ਵੈਰੀਆਂ ਨੂੰ ਮਾਰਨ ਵਾਸਤੇ ਉਸ ਭਿਆਨਕ ਭੇਸ ਬਣਾਇਆ ਸੀ ਤਾਂਕਿ ਦਰੋਪਦੀ ਨੂੰ ਬਚਾਇਆ ਜਾ ਸਕੇ। ਨੇੜੇ ਜਾ ਕੇ ਦਰੋਪਦੀ ਨੂੰ ਦਿਖਾਈ ਦਿੱਤਾ। ਉਸਨੂੰ ਵੇਖ ਕੇ ਦਰੋਪਦੀ ਉੱਚੀ ਦਿੱਤੀ ਬੋਲੀ॥ ੭੧॥

ਗੰਧ੍ਰਬ ਜੋ ਮੇਰੋ ਰਖਵਾਰੀ। ਸੋ ਆਯੋਂ ਤੁਮ ਲੇਹੁ ਨਿਹਾਰੀ।
ਭਾਜਿ ਜਾਹੁ ਮੁਝਕੋ ਦਿਹੁ ਛੋਰੀ। ਨਾਤੁਰ ਹਨੈ ਸਭਿਨਿ ਇਹ ਠੋਰੀ ॥੭੨ ॥

ਗੰਧ੍ਰਬ ਜੋ ਮੇਰਾ ਰਾਖਾ ਹੈ, ਉਹ ਆ ਗਿਆ ਹੈ, ਤੁਸੀਂ ਚੰਗੀ ਤਰ੍ਹਾਂ ਵੇਖ ਲਵੋ। ਭੱਜ ਜਾਵੋ ਅਤੇ ਮੈਨੂੰ ਛੱਡ ਦੇਵੋ, ਨਹੀਂ ਤਾਂ ਇਹ ਹੁਣੇ ਤੁਹਾਨੂੰ ਮਾਰ ਦੇਵੇਗਾ॥ ੭੨॥

ਸੁਨਿ ਬਾਨੀ ਕੋ ਦੇਖਨਿ ਲਾਗੇ। ਦਾਰੁਨ ਬੇਖ ਲਖਯੋ ਸਭਿ ਭਾਗੇ।
ਕੋ ਨਹਿਂ ਕਾਹੂੰ ਸੰਗ ਬੁਲਾਏ। ਚਾਹਤਿ ਅਪਨੇ ਪ੍ਰਾਨ ਬਚਾਏ॥ ੭੩ ॥

ਦਰੋਪਦੀ ਦੀ ਗੱਲ ਸੁਣ ਕੇ ਸਾਰੇ ਵੇਖਣ ਲੱਗੇ, ਭੀਮ ਦਾ ਭਿਆਨਕ ਭੇਸ ਵੇਖ ਕੇ ਸਾਰੇ ਭੱਜ ਗਏ। ਕੋਈ ਵੀ ਕਿਸੇ ਨਾਲ ਬੋਲਦਾ ਨਹੀਂ ਸੀ, ਸਾਰੇ ਆਪਣੇ ਪ੍ਰਾਣ ਬਚਾਉਣੇ ਚਾਹੁੰਦੇ ਸਨ॥ ੭੩॥

ਧਾਯੋ ਭੀਮਸੈਨ ਰਿਸ ਭਾਰੀ। ਘੇਰੇ ਸਭਿਹੀ ਜਾਇ ਅਗਾਰੀ।
ਸਹਸ ਭ੍ਰਾਤ ਕੁਛ ਭਟਨ ਸਮੇਤਾ। ਤਬ ਸਨਮੁਖ ਆਏ ਰਣ ਹੇਤਾ ॥੭੪ ॥

ਭੀਮ ਸੈਨ ਬੜੇ ਗੁੱਸੇ ਵਿਚ ਆ ਕੇ ਅੱਗੇ ਵਧਿਆ, ਸਭ ਸੂਰਮਿਆਂ ਨੂੰ ਘੇਰ ਲਿਆ ਜਿਹੜੇ ਉਨ੍ਹਾਂ ਦੇ ਅੱਗੇ ਆਏ। ਕੀਚਕ ਦੇ ਸੌ ਭਰਾਵਾਂ ਅਤੇ ਹੋਰ ਸੂਰਮਿਆਂ ਸਮੇਤ ਸਾਰੇ ਯੋਧੇ ਭੀਮ ਸੈਨ ਦੇ ਸਾਹਮਣੇ ਮੈਦਾਨ ਵਿਚ ਨਿਤਰ ਪਏ॥ ੭੪॥

ਹੱਥਜਾਰਨ ਕੇ ਕਰਹਿਂ ਪ੍ਰਹਾਰਾ। ਮਾਰਹੁ ਮਾਰਹੁ ਸਭਿਨਿ ਪੁਕਾਰਾ।
ਰਿਸਜੋ ਬਿਸ਼ਾਲ ਲਾਲ ਕਰਿ ਨੈਨਾ। ਮਾਰਿ ਬਿਰਖ ਪਠਏ ਜਮ ਐਨਾ ॥੭੫॥

ਹਥਿਆਰਾਂ ਦੇ ਵਾਰ ਕਰਨ ਲੱਗੇ, 'ਮਾਰੋ ਮਾਰੋ' ਸਾਰੇ ਪੁਕਾਰ ਕਰਨ ਲੱਗੇ। ਅੱਖਾਂ ਲਾਲ ਕਰਕੇ ਬਹੁਤ ਗੁੱਸੇ ਵਿਚ ਆਏ, ਭੀਮਸੈਨ ਨੇ ਰੁੱਖ ਮਾਰ ਮਾਰ ਕੇ ਸਾਰਿਆਂ ਨੂੰ ਜਮਾਂ ਦੇ ਘਰ ਭੇਜ ਦਿੱਤਾ॥ ੭੫॥

ਕੀਚਕ ਭ੍ਰਾਤ ਸਰਬ ਤਹਿਂ ਮਾਰੇ। ਕੁਛਕ ਸੁਭਟ ਕੋ ਦੀਨ ਸੰਘਾਰੇ।
ਬਹੁਰੋ ਗਯੋ ਉਜਾਰ ਮਝਾਰਾ। ਅਪਨੋ ਬੇਖ ਸਰਬ ਤਨ ਧਾਰਾ॥ ੭੬॥

ਕੀਚਕ ਦੇ ਸਾਰੇ ਭਰਾ ਉਸ ਮਾਰ ਦਿੱਤੇ ਅਤੇ ਕੁਝ ਸੂਰਬੀਰ ਵੀ ਮਾਰੇ, ਫਿਰ ਉਜਾੜ ਵਿਚ ਚਲੇ ਗਿਆ। ਉਥੇ ਜਾ ਕੇ ਆਪਣਾ ਪਹਿਲਾ ਭੇਸ ਧਾਰਨ ਕਰ ਲਿਆ॥ ੭੬॥

ਦਹਿਨ ਗਏ ਇਕ ਕੀਚਕ ਹੇਤਾ। ਜਰਜੋ ਤਹਾਂ ਸਤ ਭ੍ਰਾਤ ਸਮੇਤਾ।
ਇਸ ਪ੍ਰਕਾਰ ਇਹ ਹੁਤੋ ਪ੍ਰਸੰਗਾ। ਸ੍ਰੋਤਾ ਸੁਨਹੁ ਰਿਦੈ ਸ ਉਮੰਗਾ॥੭੭॥

ਇਕ ਕੀਚਕ ਦਾ ਬਦਲਾ ਲੈਣ ਵਾਸਤੇ ਦਰੋਪਤੀ ਨੂੰ ਸਾੜਨ ਗਏ ਸਨ ਓਥੇ ਸੌ ਭਰਾਵਾਂ ਸਮੇਤ ਸਾਰੇ ਸੂਰਮੇ ਸੜ ਗਏ। ਇਸ ਪ੍ਰਕਾਰ ਇਹ ਪ੍ਰਸੰਗ ਹੋਇਆ। ਹੇ ਸ੍ਰੋਤਾ ਗਣ ਹਿਰਦੇ ਵਿਚ ਉਤਸ਼ਾਹ ਭਰ ਕੇ ਸੁਣੋ॥ ੭੭॥

ਹੁਤੇ ਸਮਰਥ ਸਰਬ ਬਿਧਿ ਜੋਈ। ਗਏ ਕੂਚ ਕਰਿ ਰਹਜੋ ਨ ਕੋਈ।
ਜਿਨ ਕੇ ਗਜਾਨ ਭਯੋ ਉਰ ਮਾਂਹੀ। ਸਦਾ ਸੁਖੀ ਤਿਨਕੋ ਦੁਖ ਨਾਂਹੀ ॥੭੮॥

ਜਿਹੜੇ ਸਭ ਤਰ੍ਹਾਂ ਨਾਲ ਸਮਰੱਥ ਸਨ ਉਹ ਸਾਰੇ ਇਸ ਦੁਨੀਆਂ ਤੋਂ ਕੂਚ ਕਰ ਗਏ ਅਤੇ ਕੋਈ ਵੀ ਨਾ ਰਿਹਾ। ਜਿਨ੍ਹਾਂ ਦੇ ਹਿਰਦੇ ਗਿਆਨ ਹੈ ਉਹ ਸਦਾ ਹੀ ਸੁਖੀ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਕਦੇ ਵੀ ਦੁੱਖ ਨਹੀ ਵਾਪਰਦਾ॥ ੭੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਪਾਂਡਵਨ ਪ੍ਰਸੰਗ ਬਰਨਨੰ ਨਾਮ ਚੌਬਿਸਮੋ ਅਧਯਾਯ॥ ੨੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚਵੀਵਾਂ ਅਧਿਆਇ, ਜਿਸ ਦਾ ਨਾਮ 'ਪਾਂਡਵਾਂ ਦਾ ਪ੍ਰਸੰਗ' ਹੈ, ਸਮਾਪਤ ਹੋਇਆ॥ ੨੪॥

## *ਅਧਿਆਇ ਪੰਝੀਵਾਂ*

### *ਦੁਖੀ ਸ਼ਾਹ ਅਤੇ ਕੋੜ੍ਹੀ ਫਕੀਰ ਦਾ ਉਧਾਰ*

ਦੋਹਰਾ- ਬ੍ਰਹਮ ਗਜਾਨ ਜਿਨਕੇ ਰਿਦੈ, ਜਾਨਜੋ ਸਹਿਜ ਸਰੂਪ।
ਤਿਨਕੇ ਪਦ ਪਰ ਬੰਦਨਾ ਉਚਰੋਂ ਕਥਾ ਅਨੂਪ॥ ੧॥

ਜਿਨ੍ਹਾਂ ਨੇ ਆਪਣੇ ਸਹਿਜ ਸਰੂਪ ਨੂੰ ਜਾਣ ਲਿਆ ਹੈ ਅਤੇ ਬ੍ਰਹਮ ਦਾ ਗਿਆਨ ਜਿਨ੍ਹਾਂ ਦੇ ਹਿਰਦਿਆਂ ਵਿਚ ਪ੍ਰਕਾਸ਼ਿਤ ਹੋ ਗਿਆ ਹੈ, ਉਨ੍ਹਾਂ ਦੇ ਚਰਨਾਂ ਵਿਚ ਮੱਥਾ ਟੇਕ ਕੇ ਇਹ ਸੁੰਦਰ ਕਥਾ ਦਾ ਉਚਾਰਣ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ! ਸੁਨਿ ਅਗਲ ਪ੍ਰਸੰਗਾ। ਗੁਰੂ ਕਹਿਨ ਲਗਿ ਪੁਨ ਤਿਹ ਸੰਗਾ।
'ਜਨਮੇਜੇ ਕੀ ਸੁਨਹੁ ਕਹਾਨੀ। ਜਿਉਂ ਦੁਖ ਪਾਯੋ ਤਿਹ ਸਭਿ ਜਾਨੀ ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਅਗਲਾ ਪ੍ਰਸੰਗ ਸੁਣੋ। ਗੁਰੂ ਜੀ ਫਿਰ ਸ਼ਾਹ ਨੂੰ ਕਹਿਣ ਲੱਗੇ, ਹੁਣ ਜਨਮੇਜੇ ਦੀ ਕਹਾਣੀ ਸੁਣੋ, ਜਿਵੇਂ ਉਸ ਨੇ ਸਭ ਕੁਝ ਜਾਣਦਿਆਂ ਵੀ ਦੁੱਖ ਪਾਇਆ॥ ੨॥

ਬੇਦ ਬਜਾਸ ਇਕ ਬਾਸੁਰ ਮਾਂਹੀ। ਬੈਠਯੋ ਹੁਤੋ ਨ੍ਰਿਪਤਿ ਕੇ ਪਾਹੀ।
ਅਪਨੇ ਪਿਤਰਨ ਕੀ ਦੁਖ ਗਾਥਾ। ਬੂਝਨ ਲਗਾ ਤਾਂਹਿ ਕੇ ਸਾਥਾ॥੩॥

ਕਵੀ ਵੇਦ ਵਿਆਸ ਇਕ ਦਿਨ ਰਾਜੇ ਜਨਮੇਜੇ ਦੇ ਪਾਸ ਬੈਠਾ ਸੀ। ਆਪਣੇ ਪਿਤਰਾਂ ਦੀ ਦੁਖੀ ਕਹਾਣੀ ਉਹ ਉਨ੍ਹਾਂ ਪਾਸੋਂ ਪੁੱਛਣ ਲੱਗਾ॥ ੩॥

ਧਰਮਜ ਜਬਹਿ ਜੂਪ ਕੋ ਖੇਲਾ। ਜਿਹਤੇ ਬੀਤਯੋ ਕਾਲ ਦੁਹੇਲਾ।
ਕਿਨਹੂੰ ਬਰਜ ਨ ਤਿਹ ਕੋ ਕੀਨੋ। ਗਹਯੋ ਕੁਕਰਮ ਜੁ ਧਰਮ ਪ੍ਰਬੀਨੋ॥੪॥

ਯੁਧਿਸ਼ਟਰ ਨੇ ਜਦ ਜੂਆ ਖੇਡਿਆ, ਜਿਸ ਕਾਰਨ ਉਨ੍ਹਾਂ ਵੱਡਾ ਦੁੱਖ ਪਾਇਆ। ਉਸ ਨੂੰ ਕਿਸੇ ਵੀ ਨਾ ਰੋਕਿਆ, ਜਿਹੜਾ ਧਰਮ ਵਿਚ ਨਿਪੁੰਨ ਸੀ ਉਹ ਕੁਕਰਮਾਂ ਵਿਚ ਫਸ ਗਿਆ॥ ੪॥

ਸੁਭ ਸੁਭਾਇ ਸਤਿਬਾਦੀ ਸੋਈ। ਐਸੀ ਬੁੱਧਿ ਕਾਸਤੇ ਹੋਈ?।
ਭਨੈ ਬਜਾਸ ਜਨਮੇਜਾ! ਸੁਨੀਐ। ਈਸ਼ੁਰ ਨੇਤ ਅਵੱਸ਼ਜ ਹ੍ਵੈ ਗੁਨੀਐ॥੫॥

ਚੰਗਾ ਸੁਭਾਅ ਅਤੇ ਸਤਵਾਦੀ ਸੀ, ਉਸ ਦੀ ਇਸ ਤਰ੍ਹਾਂ ਦੀ ਬੁੱਧੀ ਕਿਵੇਂ ਹੋ ਗਈ ? ਵੇਦ ਵਿਆਸ ਨੇ ਜਨਮੇਜੇ ਨੂੰ ਕਿਹਾ, 'ਸੁਣੋ, ਈਸ਼ਵਰ ਵਲੋਂ ਜੋ ਮਿਥਿਆ ਜਾਂਦਾ ਹੈ, ਉਹ ਅਵੱਸ਼ ਹੋ ਕੇ ਰਹਿੰਦਾ ਹੈ, ਇਸ ਤੱਥ ਨੂੰ ਸੱਚ ਮੰਨੋ॥ ੫॥

ਦੋਹਰਾ- ਕੋਟ ਉਪਾਵਨ ਕੋ ਕਰੈ, ਕੈਸੋ ਸਜਾਨਾ ਹੋਇ।
ਟਾਰੀ ਟਰਤਿ ਨ ਕਿਸੂ ਤੇ ਹੋਨਹਾਰ ਸੋ ਹੋਇ॥ ੬॥

ਭਾਵੇਂ ਕਰੋੜਾਂ ਉਪਾਅ ਕਰ ਲਈਏ, ਕਿੰਨਾ ਵੀ ਸਿਆਣਾ ਹੋਵੇ, ਕਿਸੇ ਤਰ੍ਹਾਂ ਵੀ ਟਾਲਿਆਂ ਟਲਦੀ ਨਹੀਂ, ਜੋ ਹੋਣੀ ਹੈ ਉਹ ਵਾਪਰ ਕੇ ਹੀ ਰਹਿਣੀ ਹੈ॥ ੬॥

ਚੌਪਈ- ਕਹਿ ਜਨਮੇਜਾ ਸੁਨਿ ਮੁਨ ਰਾਈ!। ਆਗੈ ਸੁਧਿ ਕੋ ਦੇਹਿ ਬਤਾਈ।
ਹੋਨਹਾਰ ਹੋਵਹਿ ਤਬ ਕੈਸੇ। ਅਨਜਾਨਤ ਹ੍ਵੈ ਜੈਸੇ ਤੈਸੇ॥ ੭॥

ਜਨਮੇਜੇ ਨੇ ਕਿਹਾ, ਹੇ ਮੁਨੀਆਂ ਦੇ ਰਾਜੇ, ਮੇਰੀ ਗੱਲ ਸੁਣੋ, ਜੋ ਕੁਝ ਮੇਰੇ ਨਾਲ ਭਵਿਸ਼ ਵਿਚ ਹੋਣਾ ਹੈ ਉਸ ਬਾਰੇ ਮੈਨੂੰ ਦੱਸ ਦੇਵੋ, ਫੇਰ ਹੋਣੀ ਕਿਵੇਂ ਹੋਣਹਾਰ ਹੋ ਜਾਵੇਗੀ, ਅਣਜਾਣੇ ਵਿਚ ਜਿਵੇਂ ਕਿਵੇਂ ਹੋ ਜਾਂਦੀ ਹੈ॥ ੭॥

ਬਜਾਸ ਕਹੈ ਤੁਮਰੀ ਸੁਧਿ ਜੋਊ। ਪੂਰਬ ਕਹੌਂ ਲੇਹੁ ਸੁਨਿ ਸੋਊ।
ਏਕ ਤੁਰੰਗਨਿ ਤੁਮ ਢਿਗ ਆਵੈ। ਲੇਹੁ ਮੋਲਿ ਨਿਜ ਧਾਮ ਰਖਾਵੈਂ॥੮॥

ਰਿਸ਼ੀ ਵੇਦ ਵਿਆਸ ਨੇ ਕਿਹਾ, ਤੇਰੇ ਨਾਲ ਕੀ ਵਾਪਰੇਗਾ, ਮੈਂ ਤੈਨੂੰ ਪਹਿਲਾਂ ਹੀ ਦੱਸ ਦਿੰਦਾ ਹਾਂ, ਉਸ ਨੂੰ ਸੁਣ ਲਵੋ। ਇਕ ਘੋੜੀ ਤੇਰੇ ਪਾਸ ਆਵੇਗੀ, ਉਸ ਨੂੰ ਤੂੰ ਖਰੀਦ ਕੇ ਆਪਣੇ ਘਰ ਲੈ ਜਾਵੇਂਗਾ॥ ੮॥

ਹ੍ਵੈ ਅਰੂਢ ਬਨ ਜਾਹਿਂ ਅਖੇਰਾ। ਦੱਖਨ ਦਿਸ਼ਾ ਕਰੈਂ ਨਿਜ ਫੇਰਾ।
ਅਧਿਕ ਸ੍ਰੰਮ ਪਾਵਹਿਂ ਤਿਸ ਬੇਰਾ। ਤਟਿ ਸਰਵਰ ਤੂੰ ਕਰਿਹੈਂ ਡੇਰਾ॥੯॥

ਉਸ ਤੇ ਸਵਾਰ ਹੋ ਕੇ ਤੂੰ ਜੰਗਲ ਵਿਚ ਸ਼ਿਕਾਰ ਖੇਡਣ ਜਾਵੇਂਗਾ, ਇਕ ਵਾਰ ਦੱਖਣ ਦਿਸ਼ਾ ਵਿਚ ਚੱਕਰ ਲਾਵੇਂਗਾ, ਉਸ ਵਾਰ ਬਹੁਤ ਥੱਕ ਜਾਵੇਂਗਾ ਅਤੇ ਇਕ ਸਰੋਵਰ ਦੇ ਕਿਨਾਰੇ ਆਪਣਾ ਡੇਰਾ ਲਾਵੇਂਗੇ॥ ੯॥

ਦੋਹਰਾ-ਇਕਲੋ ਬਨ ਮਹਿ ਸੋਵਈ, ਸਰੁਵਰ ਨਿਕਸਿ ਤੁਰੰਗ।

ਤੁਮ ਢਿਗ ਜੋ ਹੈ ਬਾਜਨੀ ਕੇਲ ਕਰੈ ਤਿਹ ਸੰਗਿ॥ ੧੦॥

ਇਕੱਲਾ ਜੰਗਲ ਵਿਚ ਸੌਵੇਂਗਾ, ਸਰੋਵਰ ਵਿਚੋਂ ਇਕ ਘੋੜਾ ਨਿਕਲੇਗਾ, ਤੁਹਾਡੇ ਪਾਸ ਜਿਹੜੀ ਘੋੜੀ ਹੋਵੇਗੀ, ਉਸ ਨਾਲ ਉਹ ਰਮਨ ਕਰੇਗਾ॥ ੧੦॥

ਚੌਪਈ- ਗਰਭ ਰਹੈ ਤਿਹ, ਦੇਇ ਬਛੇਰਾ। ਸ਼ਜਾਮ ਕਰਨ ਚੰਦਰ ਦੁਤਿ ਹੇਰਾ।
ਤਿਹਂ ਸੋ ਤਬਹੀ ਜੱਗ ਰਚਾਵਹਿਂ। ਬਹੁਤ ਬਿੱਪ੍ਰ ਤੁਮਰੇ ਢਿਗ ਆਵਹਿਂ॥੧੧॥

ਉਹ ਘੋੜੀ ਫਿਰ ਗਰਭਵਤੀ ਹੋ ਜਾਵੇਗੀ ਅਤੇ ਇਕ ਵਛੇਰੇ ਨੂੰ ਜਨਮ ਦੇਵੇਗੀ, ਜਦ ਤੂੰ ਉਸ ਦੇ ਕਾਲੇ ਕੰਨ ਅਤੇ ਚੰਦਰਮਾਂ ਵਰਗੀ ਸੁੰਦਰਤਾ ਨੂੰ ਵੇਖੇਂਗਾ। ਉਸ ਵਾਸਤੇ ਤੂੰ ਯੱਗ ਕਰੇਂਗਾ ਅਤੇ ਬਹੁਤ ਬ੍ਰਾਹਮਣ ਤੇਰੇ ਪਾਸ ਆਉਣਗੇ॥ ੧੧॥

ਤਹਾਂ ਬਿਘਨ ਕੋ ਹੋਵਹਿ ਐਸਾ। ਮਹਾਂ ਪਾਪ ਲਾਗਹਿ ਤੁਝ ਜੈਸਾ।
ਹੋਇ ਬਡੋ ਦੁਖ ਭਾਰਥ ਸੁਨਈ। ਕਿਸੂ ਥਾਵ ਤੂੰ ਬਚਨ ਨ ਮਨਈ॥੧੨॥

ਓਥੇ ਐਸਾ ਵਿਘਨ ਪੈ ਜਾਵੇਗਾ ਕਿ ਤੈਨੂੰ ਬਹੁਤ ਵੱਡਾ ਮਹਾਂ ਪਾਪ ਲਗੇਗਾ। ਵੱਡਾ ਦੁਖੀ ਹੋ ਕੇ ਤੂੰ ਮਹਾਂਭਾਰਤ ਦੀ ਸਾਰੀ ਕਥਾ ਸੁਣੇਂਗਾ। ਕਥਾ ਦੇ ਕੁਝ ਭਾਗ ਦੇ ਤੂੰ ਬਚਨ ਨਹੀਂ ਮੰਨੇਗਾ॥ ੧੨॥

ਦੁਖ ਕੁਛ ਰਹੈ ਪ੍ਰਾਨ ਹਤਿ ਹੋਈ। ਅਬ ਮੈਂ ਪ੍ਰਗਟ ਕਹੀ ਸਭਿ ਸੋਈ।
ਪੂਰਬ ਸੁਧ ਤੁਝ ਦੀਨ ਜਨਾਈ। ਨਹਿਂ ਕਰਿਯੇ ਰਾਖਹੁ ਚੁਕਸਾਈ॥੧੩॥

ਇਸ ਕਰਕੇ ਕੁਝ ਦੁੱਖ ਰਹਿ ਜਾਵੇਗਾ, ਜਿਸ ਕਾਰਨ ਤੁਹਾਡੇ ਪ੍ਰਾਣਾਂ ਦਾ ਨਾਸ਼ ਹੋਵੇਗਾ, ਹੁਣ ਮੈਂ ਸਾਰੀ ਗੱਲ ਸਪੱਸ਼ਟ ਕਹਿ ਦਿੱਤੀ ਹੈ, ਪਹਿਲਾਂ ਹੀ ਤੈਨੂੰ ਸਾਰੀ ਭਵਿਖਬਾਣੀ ਦੱਸ ਦਿੱਤੀ ਹੈ, ਹੁਣ ਤੁਹਾਨੂੰ ਖਿਆਲ ਰੱਖਣਾ ਚਾਹੀਦਾ ਹੈ ਅਤੇ ਪੂਰੀ ਖਬਰਦਾਰੀ ਰੱਖਣੀ ਚਾਹੀਦੀ ਹੈ॥ ੧੩॥

ਦੋਹਰਾ- ਸੁਨਿ ਨਰੇਸ਼ ਬਿਸਮੈ ਭਯੋ ਬਨਜ ਤਜਾਗ ਦਿਯ ਬਾਜ।
ਕਾਰਨ ਕੇ ਨਿਰਮੂਲ ਤੇ ਕੈਸੇ ਹੋਵਹਿ ਕਾਜ॥ ੧੪॥

ਇਹ ਸੁਣ ਕੇ ਰਾਜਾ ਬੜਾ ਹੈਰਾਨ ਹੋਇਆ ਤੇ ਘੋੜਿਆਂ ਨੂੰ ਖਰੀਦਣਾ ਵੇਚਣਾ ਹੀ ਛੱਡ ਦਿੱਤਾ। ਕਾਰਨ ਦਾ ਮੁੱਢ ਹੀ ਨਾ ਹੋਣ ਤੇ ਕਿਵੇਂ ਕੋਈ ਘਟਨਾ ਵਾਪਰ ਸਕਦੀ ਹੈ॥ ੧੪॥

ਚੌਪਈ- ਜੇ ਨਹਿਂ ਬੋਵਹਿ ਬੀਜ ਅਗਾਰੀ। ਕਿਉ ਕੰਟਨ ਦੁਖ ਦੇਇ ਕੰਟਾਰੀ।
ਅਸ ਹਠ ਕਰਿ ਦ੍ਰਿੜ ਕੇਤਿਕ ਕਾਲਾ। ਕਰਜੋ ਬਿਤੀਤ ਮਹਿਤ ਭੂਪਾਲਾ॥੧੫॥

ਜੇ ਕੋਈ ਬੀਜ ਹੀ ਨਹੀਂ ਬੀਜੇਗਾ ਤਾਂ ਫਿਰ ਕੰਡਿਆਂ ਨਾਲ ਕੰਡਿਆਲੀ ਨੂੰ ਕਿਉਂ ਦੁੱਖ ਹੋਵੇਗਾ। ਇਸ ਤਰ੍ਹਾਂ ਹੱਠ ਕਰਕੇ ਬਹੁਤ ਸਮੇਂ ਤਕ ਦ੍ਰਿੜ੍ਹ ਰਿਹਾ। ਰਾਜੇ ਨੇ ਕਾਫੀ ਸਮਾਂ ਇਸ ਤਰ੍ਹਾਂ ਹੀ ਬਿਤੀਤ ਕੀਤਾ॥ ੧੫॥

ਸੈਨਾ ਬੀਚ ਬਾਜ ਬਿਨਸਾਵਹਿ। ਪੁਨ ਖਰੀਦ ਨਹਿਂ ਸੰਗ ਰਲਾਵਹਿ।
ਭਈ ਅਲਪਤਾ ਜਬਹਿ ਤੁਰੰਗਾ। ਸਚਿਵ ਬੰਦਿ ਕਰ ਕਹਿ ਨ੍ਰਿਪ ਸੰਗਾ॥੧੬॥

ਜੇ ਕੋਈ ਫੌਜੀ ਘੋੜਾ ਮਰ ਜਾਂਦਾ ਸੀ ਤਾਂ ਕੋਈ ਹੋਰ ਘੋੜਾ ਖਰੀਦ ਕੇ ਨਾਲ ਨਹੀਂ ਰਲਾਉਂਦਾ ਸੀ। ਜਦ ਘੋੜਿਆਂ ਦੀ ਬਹੁਤ ਘਾਟ ਹੋ ਗਈ ਤਾਂ ਮੰਤਰੀ ਹੱਥ ਜੋੜ ਕੇ ਰਾਜੇ ਨੂੰ ਕਹਿਣ ਲੱਗਾ॥ ੧੬॥

ਇਉਂ ਭੂਪਨ ਕੋ ਸਰੈ ਨ ਕਾਜਾ। ਜਸ ਪੂਨ ਧਰਜੋ ਆਪ ਮਹਾਰਾਜਾ!।
ਬਿਨ ਤੁਰੰਗ ਤੇ ਸੈਨਾ ਕੈਸੀ। ਪਗ ਬਿਹੀਨ ਸਿੰਘਨਿ ਹੈ ਜੈਸੀ॥੧੭॥

"ਹੇ ਰਾਜਨ! ਇਸ ਤਰ੍ਹਾਂ ਕੰਮ ਨਹੀਂ ਸਰੇਗਾ, ਜਿਸ ਤਰ੍ਹਾਂ ਆਪ ਰਾਜਿਆਂ ਦੇ ਰਾਜੇ ਨੇ ਪ੍ਰਣ ਧਾਰਨ ਕੀਤਾ ਹੈ। ਘੋੜਿਆਂ ਬਗੈਰ ਫੌਜ ਕਿਸ ਕੰਮ ਹੈ, ਪੈਰਾਂ ਤੋਂ ਬਗੈਰ ਜਿਵੇਂ ਸ਼ੇਰਨੀ ਹੋਵੇ॥ ੧੭॥

ਅੱਸ੍ਰ ਖਰੀਦਹੁ ਸੈਨਾ ਹੇਤੂ। ਆਪ ਨ ਚਢਹੁ ਬਿਨੀਤ ਨਿਕੇਤੂ!।
ਦੇਸ਼ਨ ਦੇਸ਼ ਸੁਦਾਗਰ ਆਵਹਿਂ। ਨਾਮ ਸੁਜਸ ਸੁਨਿ ਤੁਮ ਢਿਗ ਲਜਾਵਹਿਂ॥੧੮॥

ਸੈਨਾਂ ਵਾਸਤੇ ਘੋੜੇ ਖਰੀਦੋ, ਹੇ ਵਿਸ਼ੇਸ਼ ਨੀਤੀ ਦੇ ਘਰ ਰਾਜਨ! ਤੁਸੀਂ ਆਪ ਘੋੜਿਆਂ ਤੇ ਨਾ ਚੜ੍ਹੋ। ਦੇਸ਼ਾਂ ਵਿਦੇਸ਼ਾਂ ਤੋਂ ਵਪਾਰੀ ਆਉਂਦੇ ਹਨ, ਤੁਹਾਡਾ ਨਾਂ ਅਤੇ ਸ੍ਰੇਸ਼ਟ ਜੱਸ ਸੁਣ ਕੇ ਤੁਹਾਡੇ ਪਾਸ ਲਿਆਉਂਦੇ ਹਨ॥ ੧੮॥

ਸੋ ਸਭਿਹੀ ਚਲਿ ਜਾਹਿਂ ਨਿਰਾਸੇ। ਨਿੰਦਹਿਂ ਮੁਖ ਤੇ ਹੀਨ ਹੁਲਾਸੇ।
ਸੁਨਿ ਮੰਤ੍ਰੀ ਕੇ ਬਚ ਰਾਜਾਨਾ। ਰਿਦੇ ਗੁਨੀ ਇਨ ਸਾਚ ਬਖਾਨਾ॥੧੯॥

ਉਹ ਸਾਰੇ ਨਿਰਾਸ਼ ਹੋ ਕੇ ਵਾਪਿਸ ਚਲੇ ਜਾਂਦੇ ਹਨ, ਖੁਸ਼ੀ ਰਹਿਤ ਹੋ ਕੇ ਉਹ ਤੁਹਾਡੀ ਨਿੰਦਿਆ ਕਰਦੇ ਹਨ। ਰਾਜੇ ਨੇ ਮੰਤਰੀ ਦੇ ਬਚਨ ਸੁਣ ਕੇ ਸਮਝ ਲਿਆ ਕਿ ਸਿਆਣੇ ਮੰਤਰੀ ਨੇ ਸੱਚ ਹੀ ਕਿਹਾ ਹੈ॥ ੧੯॥

ਹਮ ਸੇ ਭੂਪ ਨ ਲੇਹਿਂ ਤੁਰੰਗਾ। ਤੌ ਇਹ ਬਨਜ ਕਰਹਿਂ ਕਿਸ ਸੰਗਾ।
ਕਹਜੋ ਬਜਾਸ ਨਹਿਂ ਬੜਵਾ ਲੀਜੈ। ਤਿਹ ਪਰ ਚਢਿ ਕਿਤ ਗਵਨ ਨ ਕੀਜੈ॥੨੦॥

ਸਾਡੇ ਵਰਗੇ ਰਾਜੇ ਵੀ ਜੇ ਘੋੜੇ ਨਹੀਂ ਲੈਣਗੇ ਤਾਂ ਫਿਰ ਕਿਸ ਨਾਲ ਜਾ ਕੇ ਵਪਾਰ ਕਰਨਗੇ। ਵੇਦ ਵਿਆਸ ਨੇ ਕਿਹਾ ਹੈ ਕਿ ਘੋੜੀ ਨਾ ਖਰੀਦੋ ਅਤੇ ਉਸ ਉੱਤੇ ਚੜ੍ਹ ਕੇ ਕਿਤੇ ਬਾਹਰ ਫਿਰਨ ਨਾ ਜਾਉ॥ ੨੦॥

ਸੋ ਨਹਿਂ ਲੇਉਂ ਐਸ ਉਰ ਧਾਰੀ। ਅਸ੍ਵ ਖਰੀਦਨ ਬੁੱਧਿ ਬਿਚਾਰੀ।
ਬਹੁਰੋ ਲੇਵਨ ਲਗਜੋ ਤੁਰੰਗਾ। ਧਨ ਦੇਵਹਿ ਲੇ ਸਰਸ ਕੁਰੰਗਾ॥੨੧॥

ਇਸ ਲਈ ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕਰਕੇ ਘੋੜੀ ਨਹੀਂ ਖਰੀਦਾਂਗੇ, ਘੋੜੇ ਖਰੀਦਣ ਬਾਰੇ ਵਿਚਾਰ ਕੀਤਾ। ਫਿਰ ਘੋੜੇ ਖਰੀਦਣ ਲੱਗਾ, ਧਨ ਦੇ ਕੇ ਹਰਨਾਂ ਵਰਗੇ ਸੁੰਦਰ ਘੋੜੇ ਖਰੀਦ ਰਿਹਾ ਸੀ॥ ੨੧॥

ਏਕ ਸਮੈਂ ਇਕ ਆਇ ਸੁਦਾਗਰੁ। ਸੰਗਿ ਤੁਰੰਗਨਿ ਚਪਲ ਉਜਾਗਰ।
ਜਬ ਭੂਪਤਿ ਕੋ ਆਨਿ ਦਿਖਾਰੀ। ਰਹੇ ਰੀਝ ਨਰ ਲਖਿ ਗੁਨਵਾਰੀ॥੨੨॥

ਇਕ ਵਾਰ ਇਕ ਸੁਦਾਗਰ ਆਇਆ, ਉਸ ਦੇ ਪਾਸ ਇਕ ਬੜੀ ਚੰਚਲ ਘੋੜੀ ਸੀ। ਜਦ ਰਾਜੇ ਨੂੰ ਲਿਆ ਕੇ ਉਹ ਘੋੜੀ ਵਿਖਾਈ ਗਈ, ਤਾਂ ਮਨੁੱਖ ਉਸ ਦੇ ਗੁਣਾਂ ਨੂੰ ਵੇਖ ਕੇ ਰੀਝ ਪਏ॥ ੨੨॥

ਨ੍ਰਿਪਤਿ ਸਮੀਪ ਕਹਿਤਿ ਅਸ ਬੈਨਾ। ਬਾਜਨਿ ਏਹ ਉਚਿਤ ਤੁਮ ਐਨਾ।
ਲੇ ਢਿਗ ਰਾਖਹੁ ਜਨਹਿ ਬਛੇਰੇ। ਅਤਿ ਸੁੰਦਰ ਗੁਨ ਜਾਸੁ ਘਨੇਰੇ॥੨੩॥

ਰਾਜੇ ਪਾਸ ਆ ਕੇ ਇਸ ਤਰ੍ਹਾਂ ਕਹਿਣ ਲੱਗੇ, "ਇਹ ਘੋੜੀ ਤੁਹਾਡੇ ਵਾਸਤੇ ਬਹੁਤ ਢੁਕਵੀਂ ਹੈ। ਇਸ ਨੂੰ ਲੈ ਕੇ ਆਪਣੇ ਪਾਸ ਰਖੋ, ਤਾਂਕਿ ਇਹ ਵਛੇਰਿਆਂ ਨੂੰ ਜਨਮ ਦੇਵੇ, ਇਸ ਵਿਚ ਅਤਿ ਸੁੰਦਰ ਗੁਣ ਹਨ॥ ੨੩॥

ਚਢਨ ਉਚਿਤ ਸੋ ਹੋਹਿਂ ਤੁਮਾਰੇ। ਬੜਵਾ ਪੈ ਨ ਚਢਹੁ, ਮਨ ਧਾਰੇ।
ਇਸ ਪ੍ਰਕਾਰ ਸੁਨਿ ਤਿਸਕੀ ਬਾਨੀ। ਲੇਉਂ ਤੁਰੰਗਨਿ ਮਨਿ ਠਹਿਰਾਨੀ॥੨੪॥

ਜੇ ਤੁਹਾਡੇ ਵਾਸਤੇ ਇਸ ਤੇ ਚੜ੍ਹਨਾ ਹੋਵੇ ਤਾਂ ਇਹ ਮਨ ਵਿਚ ਧਾਰ ਲਵੇ ਕਿ ਘੋੜੀ ਉਤੇ ਨਾ ਚੜ੍ਹੋ। ਇਸ ਪ੍ਰਕਾਰ ਉਸ ਦੀ ਗੱਲ ਸੁਣ ਕੇ ਰਾਜੇ ਨੇ ਘੋੜੀ ਖਰੀਦਣ ਦਾ ਮਨ ਬਣਾ ਲਿਆ॥ ੨੪॥

ਸੁੰਦਰ ਦੇਖਿ ਰਿਦਾ ਲੋਭਾਯਾ। ਦਰਬ ਸੁਦਾਗਰ ਕੋ ਦੇਵਾਯਾ।
ਲੇ ਘਰ ਰਾਖੀ ਹੇਤੁ ਬਧਾਵਨ। ਗੁਨਮੰਦਰ ਸੌਂਦਰਜ ਸੁਹਾਵਨ ॥੨੫॥

ਸੁੰਦਰ ਵੇਖ ਕੇ ਹਿਰਦੇ ਵਿਚ ਲਲਚਾਇਆ ਅਤੇ ਸੁਦਾਗਰ ਨੂੰ ਧਨ ਦਿਵਾ ਦਿੱਤਾ। ਵਾਧਾ ਕਰਨ ਲਈ ਘਰ ਵਿਚ ਹੀ ਰੱਖੀ, ਗੁਣਾਂ ਦੇ ਘਰ ਦੀ ਸੁੰਦਰਤਾ ਬੜੀ ਸ਼ੋਭਾ ਪਾ ਰਹੀ ਸੀ॥ ੨੫॥

ਅੱਸ੍ਵਪਾਲ ਜੋ ਸੇਵਕ ਆਹੀ। ਚਢਿ ਕਰਿ ਫੇਰਹਿ ਅਤਿ ਜਵਿ ਜਾਹੀ।
ਕਹਹਿ ਆਨ ਸੋ ਭੂਪਤਿ ਪਾਸੂ। ਪੁਰਾ ਨ ਪਿਖਯੋ ਬੇਗ ਅਸ ਜਾਸੂ ॥੨੬॥

ਘੋੜਿਆਂ ਦਾ ਪਾਲਕ ਜਿਹੜਾ ਸੇਵਕ ਆਉਂਦਾ ਸੀ, ਉਹ ਘੋੜੀ ਤੇ ਚੜ੍ਹ ਕੇ ਬੜੀ ਤਿੱਖੀ ਚਾਲ ਤੋਰਦਾ ਸੀ। ਫਿਰ ਰਾਜੇ ਪਾਸ ਆ ਕੇ ਕਹਿੰਦਾ ਸੀ, ਪਹਿਲਾਂ ਅਜੇਹੀ ਚਾਲ ਵਾਲੀ ਕੋਈ ਘੋੜੀ ਨਹੀਂ ਵੇਖੀ ਹੈ॥ ੨੬॥

ਚਢਿਨਿ ਉਚਿਤ ਸੋ ਰਾਵਰ ਕੇਰੀ। ਚੰਚਲਤਾ ਜਿਸ ਬੀਚ ਬਡੇਰੀ।
ਸੁਨਿ ਗੁਨ ਭੂਪ ਚਢਯੋ ਇਕ ਬੇਰਾ। ਦੱਖਨ ਦਿਸ਼ ਕੋ ਗਯੋ ਅਖੇਰਾ ॥੨੭॥

ਇਹ ਆਪ ਜੀ ਦੀ ਸਵਾਰੀ ਦੇ ਹੀ ਯੋਗ ਹੈ, ਇਸ ਵਿਚ ਚੰਚਲਤਾ ਬਹੁਤ ਤੀਖਣ ਹੈ। ਉਸ ਦੇ ਗੁਣ ਸੁਣ ਕੇ ਇਕ ਵਾਰ ਰਾਜੇ ਨੇ ਉਸ ਦੀ ਸਵਾਰੀ ਕੀਤੀ ਅਤੇ ਦੱਖਣ ਦਿਸ਼ਾ ਵਲ ਸ਼ਿਕਾਰ ਖੇਡਣ ਚਲਾ ਗਿਆ॥ ੨੭॥

ਨਿਕਸਿ ਚਲਯੋ ਇਕ ਮਿਰਗ ਅਗਾਰੀ। ਦੇਖਿ ਤੁਰੰਗਨਿ ਪੀਛੇ ਡਾਰੀ।
ਭਟ ਇਕ ਸੰਗ ਪਹੂੰਚਯੋ ਨਾਂਹੀ। ਗਮਨਯੋ ਬਿਪਨ ਗਹਨ ਕੇ ਮਾਂਹੀ ॥੨੮॥

ਜੰਗਲ ਵਿਚ ਉਨ੍ਹਾਂ ਦੇ ਸਾਹਮਣੇ ਇਕ ਹਿਰਨ ਨਿਕਲ ਕੇ ਭੱਜਿਆ। ਹਿਰਨ ਨੂੰ ਵੇਖ ਕੇ ਘੋੜੀ ਉਸ ਦੇ ਮਗਰ ਲਾ ਦਿੱਤੀ। ਇਕ ਵੀ ਸੂਰਮਾ ਉਸ ਤਕ ਨਾ ਪਹੁੰਚਿਆ, ਰਾਜਾ ਉਸ ਨੂੰ ਫੜਨ ਵਾਸਤੇ ਉਸ ਦੇ ਮਗਰ ਲੱਗ ਗਿਆ॥ ੨੮॥

ਮਾਰਿ ਮਿਰਗ ਕੋ ਸ੍ਰਮ ਭਾ ਭਾਰੀ। ਬਜਾਸ ਬਖਾਨੀ ਦੀਨ ਬਿਸਾਰੀ।
ਸਰ ਤਟ ਸੋਯੋ ਪੀ ਕਰਿ ਪਾਨੀ। ਨਿਕਟਿ ਤੁਰੰਗਨਿ ਬ੍ਰਿੱਖ ਬੰਧਾਨੀ ॥੨੯॥

ਹਿਰਨ ਨੂੰ ਮਾਰ ਕੇ ਬਹੁਤ ਥੱਕ ਗਿਆ, ਵਿਆਸ ਦੀ ਕਹੀ ਹੋਈ ਗੱਲ ਨੂੰ ਬਿਲਕੁਲ ਭੁੱਲ ਗਿਆ। ਇਕ ਸਰੋਵਰ ਤੋਂ ਪਾਣੀ ਪੀ ਕੇ ਉਸ ਦੇ ਕਿਨਾਰੇ ਹੀ ਸੌਂ ਗਿਆ। ਘੋੜੀ ਲਾਗੇ ਹੀ ਇਕ ਰੁੱਖ ਨਾਲ ਬੰਨ੍ਹ ਲਈ॥ ੨੯॥

ਸਰਵਰ ਤੇ ਤਬ ਨਿਕਸਿ ਤੁਰੰਗਾ। ਮੈਥੁਨ ਕੀਨ ਬਾਜਨੀ ਸੰਗਾ।
ਬਹੁਰ ਪ੍ਰਵੇਸ਼ਯੋ ਜਲ ਕੇ ਮਾਂਹੀ। ਭੂਪਤਿ ਸੁਧ ਪਾਈ ਕੋ ਨਾਂਹੀ ॥੩੦॥

ਫਿਰ ਸਰੋਵਰ ਵਿਚੋਂ ਇਕ ਘੋੜਾ ਨਿਕਲਿਆ, ਉਸ ਨੇ ਆ ਕੇ ਘੋੜੀ ਨਾਲ ਸੰਭੋਗ ਕੀਤਾ। ਫਿਰ ਉਹ ਸਰੋਵਰ ਦੇ ਵਿਚ ਚਲਾ ਗਿਆ। ਰਾਜੇ ਨੂੰ ਇਸ ਬਾਰੇ ਕੋਈ ਪਤਾ ਨਾ ਲੱਗਾ॥ ੩੦॥

ਛੁਟੀ ਨੀਂਦ ਹ੍ਵੈ ਕਰਿ ਅਸਵਾਰਾ। ਆਨਿ ਪਹੂੰਚਯੋ ਅਪਨ ਅਗਾਰਾ।
ਧਾਰਿ ਗਰਭ ਤਿਨ ਦੀਨ ਬਛੇਰਾ। ਸ਼ਯਾਮ ਕਰਨ ਤਨ ਰੁਚਿਰ ਘਨੇਰਾ ॥੩੧॥

ਜਦ ਅੱਖ ਖੁਲ੍ਹੀ ਤਾਂ ਘੋੜੀ ਤੇ ਸਵਾਰ ਹੋ ਗਿਆ ਅਤੇ ਆਪਣੇ ਘਰ ਆ ਪਹੁੰਚਿਆ। ਘੋੜੀ ਨੇ ਗਰਭ ਧਾਰਨ ਕਰਕੇ ਇਕ ਵਿਛੇਰੇ ਨੂੰ ਜਨਮ ਦਿੱਤਾ, ਉਸ ਦੇ ਕਾਲੇ ਕੰਨ ਸਨ ਅਤੇ ਬਹੁਤ ਸੁੰਦਰ ਸੀ॥ ੩੧॥

ਜੱਗਜ ਉਚਿਤ ਅਸੁ ਮੂਰਤ ਕੀਨੀ। ਸਭਿ ਮਿਲਿ ਨ੍ਰਿਪ ਕੋ ਮਸਲਤ ਦੀਨੀ।
ਮਖ ਕੀਜੈ ਹ੍ਵੈ ਸੁਜਸ ਬਡੇਰੋ। ਜਾਂਹਿ ਪੁੰਨ ਫਲ ਹੋਤਿ ਘਨੇਰੋ ॥੩੨॥

ਸਾਰਿਆਂ ਨੇ ਰਾਜੇ ਨੂੰ ਸਲਾਹ ਦਿੱਤੀ, ਯੱਗ ਵਾਸਤੇ ਐਸਾ ਸੁੰਦਰ ਘੋੜਾ ਪੈਦਾ ਹੋਇਆ ਹੈ। ਯੱਗ ਕਰੋ, ਤੁਹਾਡਾ ਬਹੁਤ ਵੱਡਾ ਜਸ ਹੋਵੇਗਾ, ਜਿਸ ਤੋਂ ਬਹੁਤ ਵੱਡਾ ਪੁੰਨ ਫਲ ਪ੍ਰਾਪਤ ਹੋਵੇਗਾ॥ ੩੨॥

ਕਹੇ ਸਭਿਨਿ ਕੇ ਨ੍ਰਿਪ ਬਿਰਮਾਯਾ। ਬ੍ਯਾਸ ਬ੍ਰਿਤੰਤ ਰਿਦੈ ਬਿਸਰਾਯਾ।
ਮਖ ਅਰੰਭ ਕੀਨੋ ਤਿਹ ਕਾਲਾ। ਚਢਿਕੈ ਜੀਤੇ ਨ੍ਰਿਪਤਿ ਬਿਸਾਲਾ ॥੩੩॥

ਜਦ ਸਾਰਿਆਂ ਨੇ ਕਿਹਾ ਤਾਂ ਰਾਜਾ ਵੀ ਮੰਨ ਗਿਆ ਅਤੇ ਵਿਆਸ ਦੀ ਕਹੀ ਹੋਈ ਗੱਲ ਹਿਰਦੇ ਵਿਚੋਂ ਵਿੱਸਰ ਗਿਆ। ਯੱਗ ਨੂੰ ਓਸੇ ਸਮੇਂ ਆਰੰਭ ਕਰ ਦਿੱਤਾ ਅਤੇ ਚੜ੍ਹਾਈ ਕਰਕੇ ਸਭ ਰਾਜੇ ਜਿੱਤ ਲਏ॥ ੩੩॥

ਅਨਿਕ ਪ੍ਰਕਾਰ ਸਵਾਰ ਅਹਾਰਾ। ਬਿੱਪ੍ਰ ਬੁਲਾਏ ਬਹੁਤ ਅਗਾਰਾ।
ਗਮਨਯੋ ਦਾਨ ਦੇਨਿ ਕੇ ਹੇਤਾ। ਇਕ ਪਟ ਮਹਿਂ ਪਟਿਰਾਨਿ ਸਮੇਤਾ ॥੩੪॥

ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ ਅਤੇ ਬਹੁਤ ਬ੍ਰਾਹਮਣ ਬੁਲਾਏ ਗਏ। ਆਪਣੀ ਰਾਣੀ ਜਿਸ ਨੇ ਪਤਲੇ ਵਸਤਰ ਪਹਿਣੇ ਹੋਏ ਸਨ, ਸੰਗ ਲੈ ਕੇ ਬ੍ਰਾਹਮਣਾਂ ਨੂੰ ਦਾਨ ਦੇਣ ਵਾਸਤੇ ਚੱਲ ਪਿਆ॥ ੩੪॥

ਬਿੱਪ੍ਰ ਬ੍ਰਿੰਦ ਕੇ ਬੀਚ ਪਹੂਚਾ। ਭਯੋ ਪੌਨ ਤੇ ਤਿਯ ਪਟ ਊਚਾ।
ਤਿਹ ਛਿਨ ਬਿਖੈ ਬਿਲੋਕੇ ਅੰਗਾ। ਸਰਬ ਦਿਜਨ ਕਿਯ ਹਾਸ ਉਤੰਗਾ ॥੩੫॥

ਜਦ ਬ੍ਰਾਹਮਣਾਂ ਦੇ ਸਮੂਹ ਵਿਚ ਪਹੁੰਚੇ, ਹਵਾ ਵਗਣ ਕਰਕੇ ਰਾਣੀ ਦਾ ਵਸਤਰ ਉਚਾ ਹੋ ਗਿਆ ਤੇ ਉਹ ਨੰਗੀ ਹੋ ਗਈ, ਜਦ ਬ੍ਰਾਹਮਣਾਂ ਨੇ ਉਸ ਸਮੇਂ ਰਾਣੀ ਦੇ ਨੰਗੇ ਅੰਗ ਵੇਖੇ ਤਾਂ ਸਾਰੇ ਬ੍ਰਾਹਮਣ ਉੱਚੀ-ਉੱਚੀ ਹੱਸ ਪਏ॥ ੩੫॥

ਦੇਖਿ ਭੂਪ ਕ੍ਰੋਧਯੋ ਉਰ ਭਾਰਾ। ਉਚਿਤ ਅਨੁਚਿਤ ਕਛੂ ਨ ਬਿਚਾਰਾ।
ਪਕਰੇ ਨ੍ਰਿਪਤ ਬਹੁਤ ਬਿਪ ਜਾਰੇ। ਇਕ ਛਿਨ ਬਿਖੈ ਸਰਬ ਹਨਿ ਡਾਰੇ ॥੩੬॥

ਬ੍ਰਾਹਮਣਾਂ ਨੂੰ ਹੱਸਦਾ ਵੇਖ ਰਾਜਾ ਦਿਲ ਵਿਚ ਬਹੁਤ ਗੁੱਸੇ ਵਿਚ ਭਰ ਗਿਆ ਅਤੇ ਉਚਿਤ ਜਾਂ ਅਨੁਚਿਤ ਕੁਝ ਵੀ ਨਾ ਵਿਚਾਰਿਆ। ਰਾਜੇ ਨੇ ਬਹੁਤ ਬ੍ਰਾਹਮਣ ਫੜ ਕੇ ਸਾੜ ਦਿੱਤੇ ਅਤੇ ਇਕ ਪੱਲ ਵਿਚ ਹੀ ਸਾਰੇ ਮਾਰ ਦਿੱਤੇ॥ ੩੬॥

ਮਹਾਂ ਪਾਪ ਤੇ ਭਾ ਦੁਖ ਭਾਰੀ। ਬਢਯੋ ਕੁਸ਼ਟ ਤਿਹਂ ਦੇਹਿ ਮਝਾਰੀ।
ਆਨ ਬ੍ਯਾਸ ਬਹੁਰੋ ਸਮਝਾਯੋ। ਭਾਰਥ ਕੋ ਇਤਿਹਾਸ ਸੁਨਾਯੋ ॥੩੭॥

ਮਹਾਂ ਪਾਪ ਕਰਨ ਕਰਕੇ ਭਾਰੀ ਦੁੱਖ ਪਾਇਆ। ਉਸ ਦੇ ਸਾਰੇ ਸਰੀਰ ਨੂੰ ਕੋੜ੍ਹ ਦਾ ਰੋਗ ਲੱਗ ਗਿਆ। ਵੇਦ ਵਿਆਸ ਨੇ ਆ ਕੇ ਫਿਰ ਉਸ ਨੂੰ ਸਮਝਾਇਆ ਅਤੇ ਮਹਾਂਭਾਰਤ ਦਾ ਸਾਰਾ ਇਤਿਹਾਸ ਸੁਣਾਇਆ॥ ੩੭॥

ਕਹਯੋ ਭੀਮ ਕੋ ਜਬ ਇਤਿਹਾਸਾ। ਕਰੀ ਬਗਾਏ ਬੀਚ ਅਕਾਸ਼ਾ।
ਸੋ ਅਬ ਲੌ ਊਪਰ ਭਰਮਾਈ। ਬਹੁਰ ਨ ਪਰੇ ਧਰਾ ਪਰ ਆਈ ॥੩੮॥

ਜਦ ਵੇਦ ਵਿਆਸ ਨੇ ਭੀਮ ਦਾ ਇਤਿਹਾਸ ਸੁਣਾਇਆ ਕਿ ਉਸ ਹਾਥੀਆਂ ਨੂੰ ਫੜ ਫੜ ਕੇ ਉਪਰ ਆਕਾਸ਼ ਵਿਚ ਸੁੱਟ ਦਿੱਤਾ ਸੀ ਅਤੇ ਉਹ ਹਾਥੀ ਹਾਲੇ ਤੱਕ ਉਪਰ ਹੀ ਭਟਕਦੇ ਫਿਰਦੇ ਹਨ, ਫਿਰ ਦੁਬਾਰਾ ਧਰਤੀ ਤੇ ਆ ਕੇ ਨਹੀਂ ਡਿੱਗੇ॥ ੩੮॥

ਸੁਨਿਕੈ ਭੂਪ ਨ ਮਾਨੀ ਬਾਣੀ। ਨਾਕ ਐਂਠਿ ਬੈਠਯੋ ਬਿਨ ਜਾਨੀ।
ਮੰਤ੍ਰ ਸ਼ਕਤਿ ਤੇ ਬ੍ਯਾਸ ਉਤਾਰੇ। ਸਭਾ ਮਝਾਰੀ ਸਭਿਨਿ ਦਿਖਾਰੇ ॥੩੯॥

ਇਹ ਸੁਣ ਕੇ ਰਾਜੇ ਨੇ ਇਸ ਗੱਲ ਨੂੰ ਨਾ ਮੰਨਿਆ, ਜਾਣਨ ਤੋਂ ਬਗੈਰ ਨੱਕ ਚੜ੍ਹਾ ਕੇ ਬੈਠ ਗਿਆ। ਮੰਤਰਾਂ ਦੀ ਸ਼ਕਤੀ ਨਾਲ ਵੇਦ ਵਿਆਸ ਨੇ ਉਹ ਹਾਥੀ ਉਤਾਰੇ ਅਤੇ ਸਭਾ ਵਿਚ ਸਭ ਨੂੰ ਵਿਖਾਏ॥ ੩੯॥

ਕੁਸ਼ਟ ਨਾਕ ਮਹਿਂ ਰਹਯੋ ਤਦਾਈ। ਰੋਯੋ ਜਨਮੇਜਾ ਦੁਖੁ ਪਾਈ।
ਤਿਸਤੇ ਛੂਟਿ ਗਏ ਤਨ ਪ੍ਰਾਨਾ। ਕੀਨੋ ਤਬੈ ਪ੍ਰਲੋਕ ਪਯਾਨਾ॥ ੪੦॥

ਤਦ ਕੋੜ੍ਹ ਦਾ ਰੋਗ ਨੱਕ ਵਿਚ ਰਹਿ ਗਿਆ, ਜਨਮੇਜਾ ਦੁਖੀ ਹੋ ਕੇ ਬਹੁਤ ਰੋਇਆ। ਉਸ ਕਰਕੇ ਤਨ ਤੋਂ ਪ੍ਰਾਣ ਛੁੱਟ ਗਏ, ਤਦ ਉਹ ਪ੍ਰਲੋਕ ਚਲਾ ਗਿਆ॥ ੪੦॥

ਇਸ ਜਗ ਮਹਿ ਆਨੰਦਤਿ ਗਯਾਨੀ। ਅਪਰ ਸ੍ਰਿਸ਼ਟਿ ਸਭਿ ਦੁਖੀ ਮਹਾਨੀ।
ਪੀਰ ਜਿ ਸ਼ੇਖ ਮਸ਼ਾਇਕ ਜੇਤੇ। ਡਰਤਿ ਕਾਲ ਤੇ ਰੋਵਹਿਂ ਤੇਤੇ॥ ੪੧॥

ਇਸ ਜੱਗ ਵਿਚ ਕੇਵਲ ਗਿਆਨੀ ਹੀ ਅਨੰਦ ਵਿਚ ਰਹਿੰਦੇ ਹਨ, ਬਾਕੀ ਸਾਰੀ ਸ੍ਰਿਸ਼ਟੀ ਮਹਾਨ ਦੁੱਖ ਪਾਉਂਦੀ ਹੈ। ਜਿੰਨੇ ਵੀ ਪੀਰ, ਸ਼ੇਖ ਅਤੇ ਮਸਾਇਕ ਹਨ, ਕਾਲ ਤੋਂ ਡਰਦੇ ਰੋਂਦੇ ਹਨ॥ ੪੧॥

ਦੋਹਰਾ-ਗੋਪੀਚੰਦ ਨ੍ਰਿਪ ਭਰਥਰੀ ਰੋਵਹਿਂ ਕੰਨ ਪੜਾਇ।
ਘਰਿ ਤਜਿ ਬਾਹਰਿ ਨਿਕਸਿ ਕੈ ਪੁਨ ਘਰ ਮੰਗਣ ਜਾਇਂ॥ ੪੨॥

ਰਾਜਾ ਗੋਪੀ ਚੰਦ ਭਰਥਰੀ ਕੰਨ ਪੜਵਾ ਕੇ ਰੋਇਆ, ਰਾਜ ਪਾਟ ਅਤੇ ਘਰ ਨੂੰ ਛੱਡ ਕੇ ਬਾਹਰ ਨਿਕਲ ਕੇ ਫਿਰ ਲੋਕਾਂ ਦੇ ਘਰ ਮੰਗਣ ਜਾਂਦਾ ਸੀ॥ ੪੨॥

ਚੌਪਈ- ਬਹੁਤ ਜਤਨ ਕਰਿ ਦਰਬ ਕਮਾਯੋ। ਰੋਵਹਿਂ ਕਿਰਪਨਿ ਜਾਇ ਗੁਵਾਯੋ।
ਪੰਡਿਤ ਉਚਰਹਿਂ ਮੁਖ ਤੇ ਗਯਾਨਾ। ਨਹੀਂ ਕਮਾਵਹਿਂ ਜਿਉਂ ਅਗਯਾਨਾ॥੪੩॥

ਬਹੁਤ ਜਤਨ ਕਰਕੇ ਧਨ ਕਮਾਉਂਦੇ ਹਨ, ਫਿਰ ਕੰਜੂਸ ਧਨ ਗਵਾਚ ਜਾਣ ਤੇ ਬਹੁਤ ਰੋਂਦੇ ਹਨ। ਪੰਡਿਤ ਮੁੱਖ ਤੋਂ ਗਿਆਨ ਦਾ ਉਚਾਰਨ ਕਰਦਾ ਹੈ, ਅਗਿਆਨੀ ਜਿਵੇਂ ਕਮਾਈ ਨਹੀਂ ਕਰਦਾ ਹੈ॥ ੪੩॥

ਅੰਤ ਕਾਲ ਜਮ ਕੇ ਬਸ ਹੋਇ। ਦੁਖ ਪਾਵਹਿਂ ਰੋਵਹਿਂ ਤਬ ਸੋਇ।
ਭਰਤਾ ਮਿਰਤੁ ਭਏ ਤੇ ਨਾਰੀ। ਰੋਵਹਿ ਸੋ, ਗੁਨ ਕਰਤਿ ਉਚਾਰੀ'॥੪੪॥

ਅੰਤ ਕਾਲ ਸਮੇਂ ਜਮਾਂ ਦੇ ਵੱਸ ਵਿਚ ਪੈ ਜਾਂਦਾ ਹੈ, ਦੁੱਖ ਪਾ ਕੇ ਫਿਰ ਉਹ ਰੋਂਦਾ ਹੈ। ਖਸਮ ਮਰਨ ਤੇ ਜਿਵੇਂ ਨਾਰੀ ਰੋਂਦੀ ਹੈ ਅਤੇ ਉਸ ਦੇ ਗੁਣਾਂ ਦਾ ਉਚਾਰਨ ਕਰਦੀ ਹੈ"॥ ੪੪॥

ਸ੍ਰੀ ਗੁਰ ਕਹਿ 'ਮਰਦਾਨਾ! ਸੁਨੀਏ। ਸਭਿ ਸੰਸਾਰ ਦੁਖੀ ਹੀ ਗੁਨੀਏ।
ਫਸੇ ਮੋਹ ਮਹਿਂ ਰਹਿਤਿ ਦੁਖਾਰੇ। ਜਗਤ ਉਦਧਿ ਕੋ ਪਾਇਂ ਨ ਪਾਰੇ॥੪੫॥

ਸ੍ਰੀ ਗੁਰੂ ਜੀ ਨੇ ਕਿਹਾ, "ਹੇ ਮਰਦਾਨਾ! ਸੁਣੋ, ਸਾਰੇ ਸੰਸਾਰ ਨੂੰ ਦੁਖੀ ਹੀ ਸਮਝੋ। ਮੋਹ ਵਿਚ ਫਸੇ ਦੁਖੀ ਰਹਿੰਦੇ ਹਨ, ਸੰਸਾਰ ਸਾਗਰ ਨੂੰ ਪਾਰ ਨਹੀਂ ਕਰ ਸਕਦੇ॥ ੪੫॥

ਦੋਹਰਾ-ਵਾਹਿਗੁਰੂ ਸਤਿਨਾਮ ਜੋ ਮੰਨੈ ਸੋ ਜਿਣਿ ਜਾਇ।
ਔਰ ਕਰਮ ਲੇਖੈ ਬਿਖੈ ਨਹਿਂ ਕੋ ਛੁਟਨ ਉਪਾਇ॥ ੪੬॥

ਜਿਹੜੇ ਵਾਹਿਗੁਰੂ ਸਤਿਨਾਮ ਨੂੰ ਮੰਨਦੇ ਹਨ, ਉਹ ਜਿੱਤ ਜਾਂਦੇ ਹਨ। ਹੋਰ ਕਰਮ ਕਰਕੇ ਲੇਖੇ ਵਿਚੋਂ ਛੁਟਕਾਰੇ ਦਾ ਕੋਈ ਉਪਾਅ ਨਹੀਂ ਹੈ॥ ੪੬॥

ਚੌਪਈ- ਰਿਦੇ ਸੁੱਧਿ ਸੇਵਹਿਂ ਸ੍ਰੀ ਨਾਮੂ। ਨਹਿਂ ਤਿਨਕੋ ਲੇਖੈ ਸੋਂ ਕਾਮੂ।
ਧਰਮਰਾਇ ਕੋ ਕਾਗਦ ਫਾਰੈਂ। ਜਾਵਤਿ ਪੰਥ ਨ ਕੋ ਅਟਕਾਰੈ॥੪੭॥

ਹਿਰਦੇ ਨੂੰ ਸ਼ੁੱਧ ਕਰਕੇ ਜਿਹੜੇ ਨਾਮ ਦਾ ਸਿਮਰਨ ਕਰਦੇ ਹਨ ਉਨ੍ਹਾਂ ਨੂੰ ਫਿਰ ਲੇਖੇ ਨਾਲ ਕੋਈ ਕੰਮ ਨਹੀਂ ਰਹਿੰਦਾ। ਧਰਮ ਰਾਜ ਦਾ ਲੇਖੇ ਦਾ ਕਾਗਜ਼ ਹੀ ਪਾੜ ਦਿੰਦੇ ਹਨ, ਆਪਣੇ ਰਾਹ ਜਾਂਦੇ ਹਨ, ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ" ॥ ੪੭ ॥

ਇਸੀ ਪ੍ਰਕਾਰ ਸਾਰ ਸੁਨਿ ਕਰਿਕੈ। ਰਹਜੋ ਸ਼ਾਹੁ ਪਗ ਪਰ ਸਿਰ ਧਰਿਕੈ।
'ਤੁਮਰੇ ਬਚ ਸਾਬੁਨ ਸਮਸਰਹੀ। ਮਨ ਮਲੀਨ ਪਟ ਉੱਜਲ ਕਰਿਹੀਂ॥੪੮॥

ਇਸ ਤਰ੍ਹਾਂ ਦੇ ਦੁਰਲਭ ਬਚਨ ਸੁਣ ਕੇ ਸ਼ਾਹ ਨੇ ਗੁਰੂ ਜੀ ਦੇ ਪੈਰਾਂ ਤੇ ਸਿਰ ਧਰ ਦਿੱਤਾ, "ਤੁਹਾਡੇ ਬਚਨ ਸਾਬਨ ਵਰਗੇ ਹਨ, ਜਿਹੜੇ ਮਨ ਦੀ ਮੈਲ ਨੂੰ ਧੋ ਦਿੰਦੇ ਹਨ॥ ੪੮ ॥

ਚਲਹੁ ਅਬੈ ਮਮ ਸਦਨ ਬਚਿੱਤ੍ਰਾ। ਪਾਇ ਪਾਇਕੈ ਕਰਹੁ ਪਵਿੱਤ੍ਰਾ।
ਬਡੇ ਭਾਗ ਜਾਗੇ ਤੁਮ ਆਏ। ਸਰਬ ਸਾਰ ਕੇ ਬਚਨ ਸੁਨਾਏ' ॥ ੪੯ ॥

ਤੁਸੀ ਹੁਣ ਮੇਰੇ ਵਚਿੱਤਰ ਘਰ ਚਲੋ, ਆਪਣੇ ਚਰਨ ਪਾ ਕੇ ਪਵਿੱਤਰ ਕਰੋ। ਤੁਸੀਂ ਆਏ ਹੋ, ਮੇਰੇ ਵੱਡੇ ਭਾਗ ਜਾਗੇ ਹਨ। ਆਪ ਜੀ ਨੇ ਬੜੇ ਅਮੋਲਕ ਬਚਨ ਸੁਣਾਏ ਹਨ" ॥ ੪੯ ॥

ਸੁਨਿ ਕਰਿ ਬਿਨੈ ਪ੍ਰਭੁ ਸੁਖ ਕਾਰੀ। ਗਮਨੇ ਤਾਂਕੇ ਸਦਨ ਮਝਾਰੀ।
ਜਹਾਂ ਸਥਲ ਥੋ ਅਧਿਕ ਸੁਹਾਵਨ। ਤਹਿਂ ਇਕ ਕੀਨ ਪ੍ਰਜੰਕ ਡਸਾਵਨ ॥੫੦॥

ਉਸ ਦੀ ਬੇਨਤੀ ਸੁਣਕੇ ਸੁਖ ਦੇਣ ਵਾਲੇ ਗੁਰੂ ਜੀ ਉਸ ਦੇ ਘਰ ਚਲੇ ਗਏ। ਜਿਹੜਾ ਥਾਂ ਬਹੁਤ ਸੁਹਾਵਣਾ ਸੀ, ਉਥੇ ਉਸ ਇਕ ਪਲੰਘ ਡੁਹਾ ਦਿੱਤਾ॥ ੫੦॥

ਬੈਠਾਰੇ ਕਰਿ ਭਾਉ ਬਿਸਾਲਾ। ਬਹੁਰ ਪਾਇਂ ਪਾਈ ਨਿਜ ਬਾਲਾ।
ਤਿਹ ਕੋ ਸ਼ਾਂਤਿ ਦੇਨਿ ਕੇ ਹੇਤਾ। ਬੋਲੇ ਸ੍ਰੀ ਬੇਦੀ ਕੁਲਕੇਤਾ॥ ੫੧ ॥

ਬੜਾ ਪ੍ਰੇਮ ਭਾਉ ਕਰਕੇ ਉਸ ਨੇ ਗੁਰੂ ਜੀ ਨੂੰ ਬਿਠਾਇਆ, ਫਿਰ ਆਪਣੀ ਇਸਤਰੀ ਨੂੰ ਉਨ੍ਹਾਂ ਦੇ ਚਰਨਾਂ ਤੇ ਪੁਆਇਆ। ਉਸ ਨੂੰ ਸ਼ਾਂਤੀ ਦੇਣ ਵਾਸਤੇ ਗੁਰੂ ਜੀ ਬੋਲੇ॥ ੫੧॥

'ਅਬਲ ਪਿੰਗ ਕੋਰੀ ਪਤਿ ਹੋਈ। ਪ੍ਰਭੁ ਸਮਾਨ ਲਖੈ ਤਿਯ ਜੋਈ।
ਸਰਬ ਭਾਂਤਿ ਕੀ ਸੇਵਾ ਕਰਿਹੀ। ਪਰ ਪੁਰਖਨਿ ਰਤਿ ਉਰ ਨਹਿਂ ਧਰਿਹੀ ॥੫੨॥

'ਪਤੀ ਭਾਵੇਂ ਦੁਬਲਾ, ਪਿੰਗਲਾ, ਕੋੜ੍ਹੀ ਵੀ ਹੋਵੇ, ਇਸਤਰੀ ਉਸ ਨੂੰ ਪ੍ਰਭੂ ਸਮਾਨ ਹੀ ਜਾਣਦੀ ਹੈ। ਸਭ ਭਾਂਤ ਦੀ ਸੇਵਾ ਕਰਦੀ ਹੈ, ਦੂਸਰੇ ਮਨੁੱਖ ਵਾਸਤੇ ਪਿਆਰ ਰਤੀ ਭਰ ਵੀ ਹਿਰਦੇ ਵਿਚ ਨਹੀਂ ਧਾਰਨ ਕਰਦੀ ਹੈ॥ ੫੨॥

ਪਤਿ ਕੇ ਹਤਿ ਹ੍ਵੈ ਤਜਾਰੀ ਪ੍ਰਾਨਾ। ਰੰਚ ਸਮਾਨ ਨ ਤਨ ਪਹਿਚਾਨਾ।
ਜਾਹਿ ਸੁਰਗ ਸੁਖ ਪਾਹਿ ਬਡੇਰੇ। ਦੰਪਤਿ ਬਿਲਸਹਿਂ ਬਰਖ ਘਨੇਰੇ ॥੫੩॥

ਪਤੀ ਦੀ ਹੱਤਿਆ ਹੋਣ ਤੇ ਪ੍ਰਾਣ ਤਿਆਗ ਦਿੰਦੀ ਹੈ। ਰਤੀ ਭਰ ਵੀ ਆਪਣੇ ਤਨ ਨੂੰ ਨਹੀਂ ਪਹਿਚਾਣਦੀ। ਸਵਰਗ ਵਿਚ ਜਾਂਦੀ ਹੈ ਅਤੇ ਬਹੁਤ ਸੁੱਖ ਪਾਉਂਦੀ ਹੈ ਅਤੇ ਪਤੀ-ਪਤਨੀ ਸਵਰਗਾਂ ਵਿਚ ਬਹੁਤ ਸੁੱਖ ਪਾਉਂਦੇ ਹਨ॥ ੫੩॥

ਅਰ ਨਾਰੀ ਜੋ ਨਿਜ ਪਤਿ ਤਜਾਗੀ। ਪਰ ਪੁਰਖਨ ਪਿਖਿ ਕੈ ਅਨੁਰਾਗੀ।
ਹ੍ਵੈ ਕੈ ਨਿਡਰ ਤਜੀ ਜਗ ਬ੍ਰੀੜਾ। ਸਾਦ ਹੇਤ ਕਰਿਹੀ ਮਿਲਿ ਕ੍ਰੀੜਾ ॥੫੪॥

ਉਹ ਨਾਰੀ ਜਿਹੜੀ ਆਪਣੇ ਪਤੀ ਨੂੰ ਛੱਡ ਦਿੰਦੀ ਹੈ, ਦੂਸਰੇ ਮਰਦਾਂ ਨੂੰ ਵੇਖ ਕੇ ਖੁਸ਼ ਹੁੰਦੀ ਹੈ। ਬੇਖੌਫ ਹੋ ਕੇ ਜਗਤ ਦੀ ਲਾਜ ਨੂੰ ਛੱਡ ਦਿੰਦੀ ਹੈ। ਸਵਾਦ ਵਾਸਤੇ ਮਿਲ ਕੇ ਕ੍ਰੀੜਾ ਕਰਦੀ ਹੈ॥ ੫੪ ॥

ਤਿਹ ਜਮਦੂਤ ਗਹੈਂ ਜਬ ਆਈ। ਜਾਹਿਂ ਘਸੀਟਤਿ ਦੇਹਿਂ ਸਜ਼ਾਈ।
ਲੋਹਿ ਥੰਭ ਕੋ ਲਾਲ ਤਪਾਈ। ਖੈਂਚ ਤਾਂਹਿ ਕੇ ਸੰਗ ਲਗਾਈ॥ ੫੫ ॥

ਉਸ ਨੂੰ ਜਮਦੂਤ ਜਦ ਆ ਕੇ ਫੜ ਲੈਂਦੇ ਹਨ, ਘਸੀਟ ਕੇ ਲੈ ਜਾਂਦੇ ਹਨ ਤੇ ਬਹੁਤ ਸਜ਼ਾ ਦਿੰਦੇ ਹਨ। ਖੰਭੇ ਨੂੰ ਲਾਲ ਤਪਾ ਲੈਂਦੇ ਹਨ ਅਤੇ ਖਿੱਚ ਕੇ ਉਸ ਦੇ ਨਾਲ ਲਾ ਦਿੰਦੇ ਹਨ॥ ੫੫॥

ਇੱਤਜਾਦਿਕ ਦੁਖ ਦੇਹਿਂ ਘਨੇਰਾ। ਕੌਨ ਪੁਕਾਰ ਸੁਨਹਿਂ ਤਿਸ ਬੇਰਾ।
ਜਗ ਮਹਿਂ ਨਿੰਦਾ, ਕਸ਼ਟ ਅਗਾਰੀ। ਅਸ ਗਤਿ ਹੈ ਬਿਭਚਾਰਨ ਨਾਰੀ ॥੫੬ ॥

ਇਸ ਤਰ੍ਹਾਂ ਦੇ ਬਹੁਤ ਦੁੱਖ ਦਿੰਦੇ ਹਨ, ਉਸ ਦੀ ਫਿਰ ਕੌਣ ਪੁਕਾਰ ਸੁਣਦਾ ਹੈ, ਜੱਗ ਵਿਚ ਨਿੰਦਿਆ ਹੁੰਦੀ ਹੈ ਅਤੇ ਕਸ਼ਟ ਅੱਗੇ ਜਾ ਕੇ ਮਿਲਦੇ ਹਨ। ਵਿਭਚਾਰਨ ਨਾਰੀ ਦੀ ਇਹ ਹਾਲਤ ਹੁੰਦੀ ਹੈ॥ ੫੬॥

ਪਤੀਬ੍ਰਤਾ ਕੋ ਜਸੁ ਜਗ ਮਾਂਹੀ। ਆਗੈ ਅਨਿਕ ਬਿਧਿਨਿ ਸੁਖ ਪਾਹੀ।
ਦੀਰਘ ਦ੍ਰਿਸ਼ਟਿ ਦੇਖਿ ਕਰਿ ਐਸੇ। ਨਹਿਂ ਬਿਭਚਾਰ ਕਰਹੁ ਪੁਨ ਤੈਸੇ' ॥੫੭ ॥

ਪਤੀਬ੍ਰਤਾ ਨਾਰੀ ਜੱਗ ਵਿਚ ਜੱਸ ਪਾਉਂਦੀ ਹੈ ਅਤੇ ਅੱਗੇ ਜਾ ਕੇ ਸਵਰਗ ਵਿਚ ਵੀ ਅਨੇਕ ਪ੍ਰਕਾਰ ਦੇ ਸੁੱਖ ਪਾਉਂਦੀ ਹੈ। ਲੰਮੀ ਨਜ਼ਰ ਭਾਵ ਦੂਰ ਦੀ ਸੋਚ ਕੇ ਇਸ ਤਰ੍ਹਾਂ ਕਰੋ ਅਤੇ ਫਿਰ ਜ਼ਿੰਦਗੀ ਵਿਚ ਵਿਭਚਾਰ ਨਾ ਕਰੋ'' ॥ ੫੭॥

ਸ਼ਾਹੁ ਤ੍ਰਿਯਾ ਸੁਨਿ ਕਰਿ ਬਚ ਗੁਰ ਕੇ। ਪਰੀ ਪਾਇਂ ਪਰ ਜਮ ਡਰ ਕਰਿਕੈ।
'ਹੇ ਸੰਤਹੁ! ਮੈਂ ਅਘ ਕਿਯ ਭਾਰੀ। ਬਖਸ਼ਹੁ ਆਈ ਸ਼ਰਨਿ ਤੁਮਾਰੀ' ॥੫੮ ॥

ਸ਼ਾਹ ਦੀ ਇਸਤਰੀ ਅਜਿਹੇ ਬਚਨ ਸੁਣ ਕੇ, ਜਮਾਂ ਦਾ ਡਰ ਕਰਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਕਹਿਣ ਲੱਗੀ, ''ਹੇ ਸੰਤ ਜੀ! ਮੈਂ ਬਹੁਤ ਪਾਪ ਕੀਤੇ ਹਨ, ਮੈਨੂੰ ਬਖਸ਼ ਲਵੋ, ਮੈਂ ਤੁਹਾਡੀ ਸ਼ਰਨ ਆਈ ਹਾਂ॥ ੫੮॥

ਗੁਰ ਕਹਿ 'ਪਾਛਲ ਬਖਸ਼ੇ ਸੋਊ। ਬਹੁਰ ਅਗਾਰੀ ਕਰਹੁ ਨ ਕੋਊ।
ਪਤਿ ਆਇਸੁ ਕੇ ਰਹੁ ਅਨੁਸਾਰੀ। ਸਿਮਰਹੁ ਸੱਤਿਨਾਮ ਸੁਖਕਾਰੀ' ॥੫੯ ॥

ਗੁਰੂ ਜੀ ਨੇ ਕਿਹਾ, ''ਤੇਰੇ ਪਿਛਲੇ ਪਾਪ ਬਖਸ਼ ਦਿੱਤੇ ਹਨ, ਪਰ ਹੁਣ ਤੋਂ ਕੋਈ ਵੀ ਮਾੜਾ ਕੰਮ ਨਾ ਕਰੇ। ਪਤੀ ਦੀ ਆਗਿਆ ਅਨੁਸਾਰ ਰਹੋ ਅਤੇ ਸੁਖ ਦੇਣ ਵਾਲੇ ਸੱਚੇ ਨਾਮ ਦਾ ਸਿਮਰਨ ਕਰੋ''॥ ੫੯॥

ਅਸ ਉਪਦੇਸ਼ ਦੀਨ ਤਿਨ ਤਾਈਂ। ਕਰੀ ਬਿਤੀਤ ਰੈਨ ਜਗ ਸਾਈ।
ਦੰਪਤਿ ਕੇ ਉਰ ਦੇ ਕਰਿ ਸ਼ਾਂਤਾ। ਗਮਨ ਕੀਨਿ ਮਾਰਗ ਸੁਖਦਾਤਾ ॥੬੦ ॥

ਇਸ ਤਰ੍ਹਾਂ ਉਸ ਨੂੰ ਉਪਦੇਸ਼ ਦੇ ਕੇ, ਜਗਤ ਦੇ ਮਾਲਕ ਭਾਵ ਗੁਰੂ ਜੀ ਨੇ ਓਥੇ ਰਾਤ ਬਿਤੀਤ ਕੀਤੀ। ਦੰਪਤੀ ਦੇ ਦਿਲਾਂ ਨੂੰ ਸ਼ਾਂਤੀ ਦੇ ਕੇ, ਫਿਰ ਸੁਖਾਂ ਦੇ ਦਾਤੇ ਅੱਗੇ ਚਲੇ ਗਏ॥ ੬੦॥

ਇਕ ਪੁਰਿ ਆਵਾ ਬਹੁਰ ਅਗਾਰੀ। ਜਾਇ ਪਹੂਚੇ ਤਾਂਹਿ ਮਝਾਰੀ।
ਰੈਨ ਰਹਿਨ ਹਿਤ ਖੋਜਤਿ ਥਾਇਂ। ਜਿਨ ਕੀਨੇ ਬ੍ਰਹਮੰਡ ਬਨਾਇ ॥੬੧ ॥

ਅੱਗੇ ਜਾ ਕੇ ਫਿਰ ਇਕ ਨਗਰ ਆਇਆ, ਉਸ ਦੇ ਵਿਚ ਜਾ ਪਹੁੰਚੇ। ਰਾਤ ਰਹਿਣ ਵਾਸਤੇ ਥਾਂ ਲੱਭਣ ਲੱਗੇ, ਜਿਸ ਨੇ ਆਪ ਸਾਰੇ ਬ੍ਰਹਿਮੰਡ ਬਣਾਏ ਹਨ॥ ੬੧॥

ਤਹਾਂ ਬਸੇਰਾ ਦੇਤਿ ਨ ਕੋਊ। ਬੈਠੇਂ ਜਹਾਂ, ਉਠਾਵਹਿ ਸੋਊ।
ਮੰਦਮਤੀ ਪਿਖਿ ਨਰ ਤਿਹ ਥਾਏ। ਪੁਰਿ ਤੇ ਵਹਿਰ ਪ੍ਰਭੂ ਪੁਨ ਆਏ ॥੬੨ ॥

ਓਥੇ ਕੋਈ ਵੀ ਰਹਿਣ ਨਹੀਂ ਸੀ ਦਿੰਦਾ, ਜਿਥੇ ਵੀ ਬੈਠਦੇ ਸਨ ਓਥੋਂ ਹੀ ਉਠਾਲ ਦਿੰਦੇ ਸਨ। ਉਸ ਥਾਂ ਦੇ ਨਰ ਮਾੜੀ ਮੱਤ ਵਾਲੇ ਵੇਖ ਕੇ, ਪ੍ਰਭੂ ਜੀ ਨਗਰ ਤੋਂ ਬਾਹਰਵਾਰ ਆ ਗਏ॥ ੬੨॥

ਹੁਤੋ ਕੁਸ਼ਟ ਯੁਤ ਏਕ ਫਕੀਰਾ। ਨਿਸ ਬਾਸੁਰ ਬਹੁ ਪਾਵਤਿ ਪੀਰਾ।
ਦੇਖਿ ਦਯਾਨਿਧਿ ਕਰੁਣਾ ਆਈ। ਝੁੰਗੀ ਢਿਗ ਬੈਠੇ ਜਗਸਾਈਂ॥ ੬੩॥

ਬਾਹਰ ਇਕ ਫਕੀਰ ਨੂੰ ਕੋਹੜ ਹੋਇਆ ਸੀ, ਦਿਨ ਰਾਤ ਉਹ ਬਹੁਤ ਪੀੜਤ ਰਹਿੰਦਾ ਸੀ। ਉਸ ਨੂੰ ਵੇਖ ਕੇ ਗੁਰੂ ਜੀ ਨੂੰ ਦਇਆ ਆਈ। ਉਸ ਫਕੀਰ ਦੀ ਝੁਗੀ ਲਾਗੇ ਜਾ ਕੇ ਗੁਰੂ ਜੀ ਬੈਠ ਗਏ॥ ੬੩॥

ਕਹੈ ਫਕੀਰ ਬੰਦਿ ਕਰ ਦੋਊ। 'ਮੋਰ ਸਮੀਪ ਨ ਆਵਤਿ ਕੋਊ।
ਖਗ ਭਾਗੇਂ ਪਿਖਿ,ਗਿਨਤੀ ਕਯਾ ਨਰ। ਤੁਮ ਆਏ ਮੋ ਪਰ ਕਰੁਣਾ ਕਰਿ' ॥੬੪॥

ਫਕੀਰ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਮੇਰੇ ਲਾਗੇ ਤਾਂ ਕੋਈ ਨਹੀਂ ਆਉਂਦਾ, ਪੰਛੀ ਵੀ ਵੇਖ ਕੇ ਭੱਜ ਜਾਂਦੇ ਹਨ, ਮਨੁੱਖਾਂ ਦੀ ਤਾਂ ਗਿਣਤੀ ਕੀ ਕਰਨੀ ਹੈ। ਤੁਸੀਂ ਮੇਰੇ ਤੇ ਕਿਰਪਾ ਕਰਕੇ ਏਥੇ ਆਏ ਹੋ"॥ ੬੪॥

ਰੈਨ ਬਸੇਰਾ ਕਰਿ ਤਿਹ ਥਾਨਾ। ਨਹਿਂ ਪੌਢੇ ਬੈਠੇ ਗਤਿਦਾਨਾ।
ਸਭਿ ਨਿਸਿ ਕੁਸ਼ਟੀ ਸੰਕਟ ਪਾਵੈ। ਹਾਇ ਹਾਇ ਕਹਿਕੈ ਬਿਲਲਾਵੈ॥੬੫॥

ਗੁਰੂ ਜੀ ਨੇ ਉਸ ਥਾਂ ਹੀ ਰਾਤ ਰਹਿਣ ਦਾ ਮੰਨ ਬਣਾ ਲਿਆ ਤੇ ਗੁਰੂ ਜੀ ਓਥੋਂ ਅੱਗੇ ਨਾ ਗਏ ਤੇ ਉਥੇ ਹੀ ਬੈਠ ਗਏ। ਸਾਰੀ ਰਾਤ ਕੋੜ੍ਹ ਦਾ ਰੋਗੀ ਦੁੱਖ ਨਾਲ ਕੁਰਲਾਉਂਦਾ ਰਿਹਾ ਅਤੇ ਹਾਏ ਹਾਏ ਕਹਿ ਕੇ ਵਿਲਕਦਾ ਸੀ॥ ੬੫॥

ਦੋਹਰਾ-ਅਰਧ ਨਿਸਾ ਬੀਤੀ ਜਬਹਿ ਸ੍ਰੀ ਬੇਦੀ ਕੁਲਕੇਤ।
ਸ਼ਬਦ ਉਚਾਰਨ ਕੀਨ ਤਬ ਸੰਕਟ ਕਟਨੇ ਹੇਤੁ॥ ੬੬॥

ਜਦ ਅੱਧੀ ਰਾਤ ਹੋ ਗਈ ਤਾਂ ਗੁਰੂ ਜੀ ਨੇ ਉਸ ਫਕੀਰ ਦਾ ਦੁੱਖ ਕੱਟਣ ਵਾਸਤੇ ਇਕ ਸ਼ਬਦ ਦਾ ਉਚਾਰਨ ਕੀਤਾ॥ ੬੬॥

ਧਨਾਸਰੀ ਮਹਲਾ ੧॥

*ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥*
*ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥ ੧॥*
*ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥ ੧॥ ਰਹਾਉ॥*
*ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥*
*ਜਿਨਿ ਮਨੁ ਰਾਖਿਆ ਅਗਨੀ ਪਾਇ॥ ਵਾਜੈ ਪਵਣੁ ਆਖੈ ਸਭ ਜਾਇ॥ ੨॥*
*ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥*
*ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥ ੩॥*
*ਕਰਮਿ ਮਿਲੈ ਆਖਣੁ ਤੇਰਾ ਨਾਉ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥*
*ਜੇ ਕੋ ਡੂਬੈ ਫਿਰਿ ਹੋਵੈ ਸਾਰ॥ ਨਾਨਕ ਸਾਚਾ ਸਰਬ ਦਾਤਾਰ॥ ੪॥ ੩॥ ੫॥* (ਪੰਨਾ ੬੬੧)

ਮੇਰੀ ਜਿੰਦੜੀ ਮੁੜ ਮੁੜ ਕੇ ਸੜਦੀ ਹੈ, ਬਹੁਤ ਦੁਖੀ ਹੋ ਕੇ ਇਹ ਵਿਆਕੁਲ ਹੋ ਜਾਂਦੀ ਹੈ, ਜਿਸ ਸਰੀਰ ਨੂੰ ਗੁਰਬਾਣੀ ਭੁੱਲ ਜਾਂਦੀ ਹੈ, ਉਹ ਪੱਕੇ ਰੋਗੀ ਵਾਂਗ ਤੜਪਦਾ ਹੈ॥ ੧॥

ਬਹੁਤਾ ਬੋਲਣਾ ਫਜ਼ੂਲ ਹੈ। ਸਾਡੇ ਬੋਲਣ ਤੋਂ ਬਗੈਰ ਹੀ ਪ੍ਰਭੂ ਸਭ ਕੁਝ ਜਾਣਦਾ ਹੈ॥ ੧॥ ਠਹਿਰਾਉ॥

ਪ੍ਰਭੂ ਨੇ ਸਾਡੇ ਨੇਤਰ ਅਤੇ ਕੰਨ ਬਣਾਏ ਹਨ ਅਤੇ ਤੁਰਤ ਬੋਲਣ ਲਈ ਜੀਭ ਦਿੱਤੀ ਹੈ। ਜਿਸ ਨੇ ਬੱਚੇ ਨੂੰ ਗਰਭ ਦੀ ਅੱਗ ਵਿਚ ਪਾ ਕੇ ਬਚਾ ਲਿਆ ਹੈ ਅਤੇ ਜਿਸ ਦੇ ਕਹਿਣ ਤੇ ਸਵਾਸ ਚਲਦਾ ਹੈ॥ ੨॥

ਜਿੰਨਾ ਵੀ ਸੰਸਾਰੀ ਮੋਹ, ਪਰੀਤੀ ਅਤੇ ਸੁਆਦ ਹਨ, ਉਹ ਆਤਮਾ ਤੇ ਸਮੂਹ ਕਾਲੇ ਧੱਬੇ ਹਨ। ਜੋ ਆਪਣੇ ਚਿਹਰੇ ਤੇ ਪਾਪਾਂ ਦਾ ਠੱਪਾ ਲੁਆ ਕੇ ਤੁਰਦਾ ਹੈ, ਉਸ ਨੂੰ ਸੁਆਮੀ ਦੇ ਦਰਬਾਰ ਵਿਚ ਬੈਠਣ ਨੂੰ ਥਾਂ ਨਹੀਂ ਮਿਲਦੀ॥ ੩॥

ਹੇ ਪ੍ਰਭੂ! ਤੇਰੀ ਮਿਹਰ ਸਦਕਾ ਹੀ ਤੇਰੇ ਨਾਮ ਸਿਮਰਨ ਦਾ ਅਵਸਰ ਮਿਲਦਾ ਹੈ, ਜਿਸ ਨਾਲ ਜੁੜ ਕੇ ਜੀਵ ਪਾਰਉਤਾਰਾ ਕਰਦਾ ਹੈ, ਹੋਰ ਕੋਈ ਚਾਰਾ ਨਹੀਂ ਹੈ। ਜੇ ਕੋਈ ਪਾਪ ਵਿਚ ਡੁਬਿਆ ਹੋਇਆ ਵੀ ਹੋਵੇ ਤਾਂ ਵੀ ਨਾਮ ਦੇ ਸਿਮਰਨ ਰਾਹੀ ਉਹ ਬੱਚ ਸਕਦਾ ਹੈ। ਹੇ ਨਾਨਕ! ਸੱਚਾ ਸੁਆਮੀ ਸਭ ਨੂੰ ਦੇਣ ਵਾਲਾ ਹੈ॥ ੪॥ ੩॥ ੫॥

ਚੌਪਈ- ਸ੍ਰੀ ਗੁਰ ਸਰਬ ਸ਼ਬਦ ਮੁਖ ਭਨਾ। ਤੂਸ਼ਨਿ ਕਰਿ ਕੁਸ਼ਟੀ ਨੈ ਸੁਨਾ।
ਭਈ ਦੇਹਿ ਤਤਕਾਲ ਅਰੋਗੀ। ਬਿਨਸਿ ਗਏ ਮਨ ਕੇ ਸਭਿ ਸੋਗੀ॥੬੭॥

ਗੁਰੂ ਜੀ ਨੇ ਸਾਰਾ ਸ਼ਬਦ ਆਪਣੇ ਮੁੱਖ ਤੋਂ ਉਚਾਰਣ ਕੀਤਾ। ਚੁੱਪ ਰਹਿ ਕੇ ਕੋੜ੍ਹੀ ਨੇ ਵੀ ਸਾਰਾ ਸ਼ਬਦ ਸੁਣਿਆ। ਤੁਰੰਤ ਦੇਹ ਆਰੋਗ ਹੋ ਗਈ ਅਤੇ ਉਸ ਦੇ ਮਨ ਦੇ ਸਾਰੇ ਦੁੱਖ ਦੂਰ ਹੋ ਗਏ॥ ੬੭॥

ਨਿਰਮਲ ਭਈ ਮਨੀਖਾ ਤਬਹੀ। ਮਨ ਮਲੀਨਤਾ ਨਾਸੀ ਸਭਿਹੀ।
ਭਈ ਭੋਰ ਪਾਹੁਲ ਪਗ ਲੀਨੀ। ਹਿਰਦੇ ਜਾਗੀ ਭਗਤਿ ਨਵੀਨੀ॥੬੮॥

ਤਦ ਸਾਰੀ ਕਾਇਆ ਨਿਰਮਲ ਹੋ ਗਈ, ਮਨ ਦੀ ਸਾਰੀ ਮਲੀਨਤਾ ਦੂਰ ਹੋ ਗਈ, ਫਿਰ ਉਸ ਗੁਰੂ ਜੀ ਦੇ ਚਰਨ ਦੀ ਪਾਹੁਲ ਲਈ ਅਤੇ ਹਿਰਦੇ ਵਿਚ ਨਵੀਂ ਭਗਤੀ ਜਾਗ ਪਈ॥ ੬੮॥

ਪ੍ਰਗਟੀ ਨਗਰ ਬਿਖੈ ਸੁਧ ਸੋਊ। ਪਿਖਨ ਦਰਸ ਆਏ ਸਭਿ ਕੋਊ।
ਆਨਿ ਉਪਾਇਨ ਧਰੈਂ ਅਗਾਰੀ। 'ਸੰਤਹੁ! ਬਖਸ਼ਹੁ ਭੂਲ ਹਮਾਰੀ॥੬੯॥

ਸਾਰੇ ਨਗਰ ਵਿਚ ਇਹ ਖਬਰ ਫੈਲ ਗਈ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸਭ ਲੋਕ ਆਏ। ਉਨ੍ਹਾਂ ਉਪਹਾਰ ਲਿਆ ਕੇ ਅੱਗੇ ਰੱਖੇ ਅਤੇ ਕਹਿਣ ਲੱਗੇ, "ਸੰਤ ਜੀ! ਸਾਨੂੰ ਬਖਸ਼ੋ ਸਾਥੋਂ ਭੁੱਲ ਹੋ ਗਈ ਹੈ॥ ੬੯॥

ਸੇਵਕ ਕਰੀਏ, ਸ਼ਰਨ ਤੁਮਾਰੀ। ਦਰਸ ਅਮੋਘੰ ਪਰਉਪਕਾਰੀ'।
ਸੁਨਿ ਕਰਿ ਤਿਨ ਕੀ ਬਿਨੈ ਬਿਸਾਲਾ। ਸਭਿ ਕੋ ਪਾਹੁਲ ਦੇ ਤਤਕਾਲਾ॥੭੦॥

ਸਾਨੂੰ ਆਪਣੇ ਸਿੱਖ ਸੇਵਕ ਬਣਾਉ, ਅਸੀਂ ਤੁਹਾਡੀ ਸ਼ਰਨ ਆਏ ਹਾਂ। ਤੁਹਾਡੇ ਦਰਸ਼ਨ ਪਾਪਾਂ ਨੂੰ ਦੂਰ ਕਰਨ ਵਾਲੇ ਅਤੇ ਪਰਉਪਕਾਰੀ ਹਨ। ਉਨ੍ਹਾਂ ਦੀ ਇਹ ਵਿਸ਼ਾਲ ਬੇਨਤੀ ਸੁਣ ਕੇ, ਗੁਰੂ ਜੀ ਨੇ ਸਾਰਿਆਂ ਨੂੰ ਚਰਨ ਪਾਹੁਲ ਦਿੱਤੀ॥ ੭੦॥

ਸੱਤਿਨਾਮ ਕੋ ਜਾਪ ਸੁਨਾਯੋ। ਕਰਨੇ ਨਿਤ ਸਤਿਸੰਗ ਬਤਾਯੋ।
ਬਹੁਰੋ ਕੀਨੋ ਗਮਨ ਅਗਾਰੀ। ਤਿਨ ਚਰਨਨ ਪਰ ਕਵਿ ਬਲਿਹਾਰੀ॥੭੧॥

ਸਤਿਨਾਮ ਦਾ ਜਾਪ ਸੁਣਾਇਆ ਅਤੇ ਸਦਾ ਸਤਿਸੰਗ ਕਰਨ ਵਾਸਤੇ ਦੱਸਿਆ। ਫਿਰ ਗੁਰੂ ਜੀ ਅੱਗੇ ਚਲ ਪਏ, ਉਨ੍ਹਾਂ ਦੇ ਚਰਨਾਂ ਤੋਂ ਕਵੀ ਬਲਿਹਾਰ ਜਾਂਦਾ ਹੈ॥ ੭੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ਼ਾਹੁ ਕੋ ਅਰ ਕੋੜ੍ਹੀ ਫਕੀਰ ਕੋ ਪ੍ਰਸੰਗ' ਬਰਨਨੰ ਨਾਮ ਪੰਚੀਸਮੋਂ ਅਧਯਾਯ॥ ੨੫॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਚੀਵਾਂ ਅਧਿਆਇ, ਜਿਸ ਦਾ ਨਾਮ "ਦੁਖੀ ਸ਼ਾਹ ਅਤੇ ਕੋੜ੍ਹੀ ਫਕੀਰ ਦਾ ਉਧਾਰ" ਹੈ, ਸਮਾਪਤ ਹੋਇਆ॥ ੨੫॥

# ਅਧਿਆਇ ਛੱਬੀਵਾਂ

*ਸੰਤਾਂ ਦਾ ਉਧਾਰ, ਏਮਨਾਬਾਦ ਆਉਣਾ*

ਦੋਹਰਾ-ਨਾਮ ਬਿਖੈ ਜਿਨਿ ਲਿਵ ਲਗੀ ਹਉਮੈਂ ਸਰਬ ਨਸਾਇ।
ਤਿਨ ਸੰਤਨ ਬੰਦੋਂ ਚਰਨ ਉਚਰੋਂ ਕਥਾ ਬਨਾਇ॥ ੧॥

ਜਿਨ੍ਹਾਂ ਸੰਤਾਂ ਦੀ ਸਾਰੀ ਹਉਮੈਂ ਦੂਰ ਹੋਈ ਹੈ ਅਤੇ ਨਾਮ ਵਿਚ ਲਿਵ ਲੱਗੀ ਹੈ, ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕ ਕੇ ਮੈਂ ਕਥਾ ਅੱਗੋਂ ਉਚਾਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਕਹਿ ਬਾਲਾ ਸ੍ਰੀ ਅੰਗਦ! ਸੁਨੀਏ। ਰੁਚਿਰ ਕਥਾ ਗੁਨ ਗਨ ਜੁਤ ਗੁਨੀਏ।
ਮਾਰਗ ਚਲੇ ਜਾਂਹਿ ਗਤਿਦਾਈ। ਗੋਬਿੰਦ ਲੋਕ ਮਿਲੇ ਕਛੁ ਆਈ॥੨॥

ਭਾਈ ਬਾਲੇ ਨੇ ਕਿਹਾ - ਹੇ ਗੁਰੂ ਅੰਗਦ ਦੇਵ ਜੀ! ਸੁਣੋ, ਸੁੰਦਰ ਕਥਾ ਗੁਣਾਂ ਨਾਲ ਭਰਪੂਰ ਸਮਝੀਏ, ਜਿਸ ਰਸਤੇ ਗੁਰੂ ਜੀ ਜਾ ਰਹੇ ਸਨ, ਉਸ ਰਸਤੇ ਵਿਚ ਕੁਝ ਸੰਤ ਲੋਕ ਗੁਰੂ ਜੀ ਨੂੰ ਆਣ ਮਿਲੇ॥ ੨॥

ਸਭਿਨਿ ਪਦਨ ਪਰ ਬੰਦਨ ਠਾਨੀ। ਬੈਠਿ ਗਏ ਉਚਰੀ ਮੁਖ ਬਾਨੀ।
'ਰਾਵਰਿ ਸੁਜਸੁ ਸੁਨਾ ਸਭਿ ਥਾਈਂ। ਕੀਰਤਿ ਪਸਰ ਰਹੀ ਅਧਿਕਾਈ॥੩॥

ਸਾਰਿਆਂ ਨੇ ਆ ਕੇ ਚਰਨਾਂ ਤੇ ਬੰਦਨਾ ਕੀਤੀ, ਬੈਠ ਗਏ ਅਤੇ ਮੁੱਖ ਤੋਂ ਬੋਲੇ, "ਆਪ ਜੀ ਦਾ ਸ੍ਰੇਸ਼ਟ ਜੱਸ ਸਭ ਥਾਈਂ ਸੁਣਿਆ ਹੈ, ਤੁਹਾਡੀ ਬਹੁਤ ਕੀਰਤੀ ਪੱਸਰ ਰਹੀ ਹੈ॥ ੩॥

ਚਹਿਤ ਮਿਲਾਪ ਬਿਤਯੋ ਕਿਤਕਾਲਾ। ਅਕਸਮਾਤ੍ਰ ਅਬ ਮਿਲੇ ਕ੍ਰਿਪਾਲਾ।
ਕਰਨ ਸੰਭਾਖਣ ਰਾਵਰ ਸਾਥਾ। ਬੂਝਨ ਚਹੈਂ ਪ੍ਰਭੂ ਕੀ ਗਾਥਾ॥ ੪॥

ਕਾਫੀ ਸਮਾਂ ਗੁਜ਼ਰ ਗਿਆ ਹੈ, ਅਸੀਂ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਸੀ, ਹੁਣ ਅਚਾਨਕ ਕ੍ਰਿਪਾਲੂ ਜੀ ਸਾਨੂੰ ਮਿਲ ਪਏ ਹੋ, ਆਪ ਜੀ ਨਾਲ ਪ੍ਰਸ਼ਨ ਉੱਤਰ ਕਰਨ ਨਾਲ ਅਸੀਂ ਪ੍ਰਭੂ ਦੀ ਗਾਥਾ ਸੁਣਨੀ ਚਾਹੁੰਦੇ ਹਾਂ॥ ੪॥

ਜੇ ਆਇਸੁ ਤੁਮ ਦੇਹੁ ਗੁਸਾਈਂ!। ਕਰਹਿਂ ਅਪਨੋ ਪ੍ਰਸ਼ਨ ਬਨਾਈ'।
ਸੁਨਿ ਕਰਿ ਸ੍ਰੀ ਗੁਰ ਗਿਰਾ ਉਚਾਰੀ। 'ਤੁਮ ਬੂਝਨ ਪਰ ਹਉਂ ਬਲਿਹਾਰੀ॥੫॥

ਹੇ ਮਾਲਿਕ! ਜੇ ਤੁਸੀਂ ਆਗਿਆ ਬਖਸ਼ੋ, ਤਾਂ ਅਸੀਂ ਆਪਣਾ ਪ੍ਰਸ਼ਨ ਬਣਾ ਕੇ ਕਹੀਏ, ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਮੈਂ ਤੁਹਾਡੇ ਪੁੱਛਣ ਉਤੇ ਬਲਿਹਾਰ ਜਾਂਦਾ ਹਾਂ॥ ੫॥

ਜਾਂਤੇ ਭਯੋ ਪ੍ਰੇਮ ਅਭਿਰਾਮੂ। ਹਰਿ ਚਰਚਾ ਭਗਤਨ ਕੋ ਕਾਮੂ।
ਇਸ ਬਿਧਿ ਸਫਲੀ ਘੜੀ ਬਿਹਾਵਹਿ। ਗਯਾਨ ਕਥਾ ਕੋ ਸੁਨਹਿਂ ਸੁਨਾਵਹਿਂ॥੬॥

ਜਿਸ ਕਰਕੇ ਸੁੰਦਰ ਪ੍ਰੇਮ ਹੋ ਜਾਵੇ, ਪ੍ਰਭੂ ਦੀ ਚਰਚਾ ਭਗਤਾਂ ਦੇ ਕੰਮ ਆਉਂਦੀ ਹੈ। ਇਸ ਤਰ੍ਹਾਂ ਸਫਲ ਘੜੀ ਬਿਤੀਤ ਕਰੋ, ਗਿਆਨ ਕਥਾ ਨੂੰ ਸੁਣੋ ਅਤੇ ਸੁਣਾਵੋ॥ ੬॥

ਦੋਹਰਾ-ਸੰਤ ਕਹੈ 'ਕਰਤਾਰ ਜੋ ਕੈਸੇ ਤਾਂਹਿ ਬਨਾਇ।
ਰੂਪ ਰੰਗ ਜਸ ਚਿਹਨ ਹੈ ਸੋ ਤੁਮ ਦੇਹੁ ਸੁਨਾਇ॥ ੭॥

ਸੰਤਾਂ ਨੇ ਕਿਹਾ, "ਜੋ ਕਰਤਾਰ ਹੈ, ਉਸ ਦੀ ਬਨਾਵਟ ਕਿਸ ਤਰ੍ਹਾਂ ਦੀ ਹੈ। ਉਸ ਦਾ ਕਿਸ ਤਰ੍ਹਾਂ ਦਾ ਰੂਪ ਹੈ, ਕੋਈ ਚਿਹਨ ਚੱਕਰ ਹੈ, ਇਹ ਸਾਨੂੰ ਦੱਸ ਦੇਵੋ॥ ੭॥

ਚੌਪਈ- ਸਭਿ ਪਰਮਾਨ ਬਤਾਵਹੁ ਤਿਹ ਕੋ। ਸੁਰ ਨਰ ਖੋਜਤਿ ਫਿਰਿਹੀ ਜਿਹਕੋ।
ਕਿਸ ਪ੍ਰਕਾਰ ਸੇ ਉਤਪਤ ਭਯੋ?। ਕਿਧੌਂ ਆਪ ਹੀ ਤੇ ਬਨਿ ਗਯੋ ॥ ੮ ॥

ਸਭ ਪਰਮਾਣ ਦੇ ਕੇ ਉਸ ਬਾਰੇ ਸਾਨੂੰ ਸਮਝਾਉ, ਜਿਸ ਦੀ ਦੇਵਤੇ ਅਤੇ ਮਨੁੱਖ ਖੋਜ ਕਰਦੇ ਫਿਰਦੇ ਹਨ। ਉਹ ਕਿਸ ਪ੍ਰਕਾਰ ਪੈਦਾ ਹੋਇਆ ਹੈ ? ਜਾਂ ਉਹ ਆਪ ਹੀ ਤੇ ਨਹੀਂ ਬਣ ਗਿਆ ਹੈ॥ ੮॥

ਤੁਮਹੋ ਮਿਲੇ, ਭੇਵ ਸਭਿ ਜਾਨਹੁ। ਪਰਾ ਉਰਾ ਲਖਿ ਲਿਯਤਿ, ਪਛਾਨਹੁ'।
ਸੁਨਿ ਗੁਨਖਾਨੀ ਉਚਰੀ ਬਾਨੀ। 'ਅਹੋ ਸੰਤ! ਤਿਹ ਅੰਤ ਨ ਜਾਨੀ ॥ ੯ ॥

ਤੁਹਾਨੂੰ ਮਿਲ ਕੇ ਸਾਰੇ ਭੇਦ ਜਾਣਾਂਗੇ। ਆਦਿ ਅੰਤ ਉਸ ਦਾ ਆਪ ਨੇ ਵੇਖ ਲਿਆ ਹੈ, ਇਹ ਅਸੀਂ ਜਾਣਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਹੇ ਸੰਤੋ! ਉਸ ਦਾ ਕੋਈ ਅੰਤ ਨਹੀਂ ਜਾਣ ਸਕਦਾ॥ ੯॥

ਕਹਿਨ ਬਿਅੰਤ, ਅੰਤ ਇਹ ਆਹੀ। ਔਰ ਨ ਤਿਹਕੋ ਜਾਨਜੋ ਜਾਹੀ।
ਦ੍ਵਾਦਸ਼ ਮਾਸ ਬਰਖ ਹੈ ਜੋਈ। ਨਿਸਦਿਨ ਏਕ ਸੁਰਨ ਕੋ ਸੋਈ॥੧੦॥

ਉਸ ਨੂੰ ਸਭ ਬੇਅੰਤ ਕਹਿੰਦੇ ਹਨ, ਉਸ ਦਾ ਕੋਈ ਵੀ ਅੰਤ ਨਹੀਂ ਹੈ, ਹੋਰ ਇਸ ਨੂੰ ਜਾਣਿਆ ਨਹੀਂ ਜਾ ਸਕਦਾ। ਜਿਸ ਤਰ੍ਹਾਂ ਇਕ ਸਾਲ ਦੇ ਬਾਰਾਂ ਮਹੀਨੇ ਹਨ, ਉਹ ਇਕ ਦੇਵਤੇ ਵਾਸਤੇ ਇਕ ਰਾਤ ਦਿਨ ਹੈ॥ ੧੦॥

ਦ੍ਵੈ ਸਹੰਸ੍ਰ ਜੁਗ ਸੁਰ ਕੋ ਹੋਇ। ਬ੍ਰਹਮੇ ਕੋ ਨਿਸ ਦਿਨ ਹੈ ਸੋਇ।
ਅਸ ਨਿਸਦਿਨ ਕੇ ਸੰਮਤ ਸ਼ਤ ਹੈਂ। ਸੋ ਬ੍ਰਹਮੇ ਕੀ ਬੈਸ ਗਿਨਤਿ ਹੈਂ ॥੧੧॥

ਦੋ ਹਜ਼ਾਰ ਸਾਲ ਇਕ ਦੇਵਤੇ ਦੀ ਉਮਰ ਹੁੰਦੀ ਹੈ, ਬ੍ਰਹਮਾਂ ਦਾ ਉਹ ਇਕ ਦਿਨ ਹੁੰਦਾ ਹੈ। ਇਸ ਪ੍ਰਕਾਰ ਦੇ ਜਿਹੜੇ ਦਿਨ ਰਾਤ ਹਨ ਉਸ ਦੇ ਸੌ ਵਰਸ਼ ਨੂੰ ਬ੍ਰਹਮਾ ਦੀ ਉਮਰ ਗਿਣਦੇ ਹਨ॥ ੧੧॥

ਅਹੈ ਬਿਸ਼ਨੁ ਕੋ ਨਿਸਦਿਨ ਸੋਈ। ਬਰਖ ਸਹਸ ਅਸ ਜਬ ਤਿਸ ਹੋਈ।
ਤਬ ਤਨ ਤਜਨਹੁ ਬਿਸ਼ਨੁ ਪ੍ਰਮਾਨਹੁ। ਏਕ ਦਿਵਸ ਸ਼ਿਵ ਕੋ ਸੁ ਪਛਾਨਹੁ॥੧੨॥

ਬ੍ਰਹਮਾ ਦੀ ਜਿੰਨੀ ਉਮਰ ਹੈ ਉਹ ਵਿਸ਼ਨੂੰ ਦਾ ਇਕ ਦਿਨ ਹੁੰਦਾ ਹੈ, ਜਦ ਉਸ ਦਾ ਹਜ਼ਾਰ ਸਾਲ ਹੋ ਜਾਂਦਾ ਹੈ ਤਾਂ ਉਹ ਵਿਸ਼ਨੂੰ ਦੀ ਉਮਰ ਸਮਝੋ ਅਤੇ ਉਸਨੂੰ ਸ਼ਿਵਜੀ ਦਾ ਇਕ ਦਿਨ ਸਮਝੋ॥ ੧੨॥

ਐਸੇ ਹੋਇਂ ਬਰਖ ਸ਼ਤ ਜਬ ਹੀ। ਤਨ ਕੋ ਛੋਰਿ ਦੇਹਿ ਸ਼ਿਵ ਤਬ ਹੀ।
ਇਤਨੋ ਕਾਲ ਬੀਤਿਓ ਜੋਈ। ਏਕ ਨਿਮਖ ਮਾਯਾ ਕੀ ਸੋਈ॥ ੧੩॥

ਇਸ ਪ੍ਰਕਾਰ ਦਾ ਜਦ ਸੌ ਸਾਲ ਹੁੰਦਾ ਹੈ, ਸ਼ਿਵਜੀ ਆਪਣੀ ਦੇਹੀ ਛੱਡ ਦਿੰਦਾ ਹੈ। ਇੰਨਾ ਸਮਾਂ ਜਦ ਬੀਤਦਾ ਹੈ, ਤਾਂ ਉਹ ਮਾਇਆ ਦੇ ਇਕ ਨਿਮਖ ਬਰਾਬਰ ਹੈ॥ ੧੩॥

ਤਿਸ ਮਾਯਾ ਕੋ ਨਾਂਹੀ ਅੰਤਾ। ਤਿਹ ਪਤਿ ਕੋ ਕੋ ਕਹਿ ਬਿਰਤੰਤਾ।
ਅਸ ਕਹਿ ਸ਼੍ਰੀ ਗੁਰ ਪਰਮ ਉਦਾਰਾ। ਸ਼ਬਦ ਗੂਜਰੀ ਬਿਖੈ ਉਚਾਰਾ॥੧੪॥

ਉਸ ਮਾਇਆ ਦਾ ਹੀ ਜਦ ਕੋਈ ਅੰਤ ਨਹੀਂ ਹੈ, ਤਾਂ ਉਸ ਦੇ ਮਾਲਕ ਦਾ ਕੋਈ ਕੀ ਬ੍ਰਿਤਾਂਤ ਸੁਣਾਏ।" ਇਹ ਕਹਿ ਕੇ ਗੁਰੂ ਜੀ ਨੇ ਗੂਜਰੀ ਰਾਗ ਵਿਚ ਸ਼ਬਦ ਦਾ ਉਚਾਰਨ ਕੀਤਾ॥ ੧੪॥

ਗੂਜਰੀ ਮਹਲਾ ੧ ॥

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥ ੧ ॥
ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥
ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥ ੧ ॥ ਰਹਾਉ ॥ (ਪੰਨਾ ੪੮੯)

ਵਿਸ਼ਨੂੰ ਦੀ ਧੁੰਨੀ ਦੇ ਕੰਵਲ ਤੋਂ ਬ੍ਰਹਮਾ ਪੈਦਾ ਹੋਇਆ। ਲੋਕ ਆਪਣੇ ਗਲੇ ਨੂੰ ਸਵਾਰ ਕੇ ਵੇਦਾਂ ਨੂੰ ਆਪਣੇ ਮੂੰਹ ਨਾਲ ਪੜ੍ਹਦੇ ਹਨ। ਪਰ ਉਹ ਉਸ ਦਾ ਅੰਤ ਵੇਖ ਨਾ ਸਕਿਆ ਅਤੇ ਆਉਣ ਜਾਣ ਦੇ ਹਨੇਰੇ ਵਿਚ ਪਿਆ ਰਿਹਾ ॥ ੧ ॥

ਮੈਂ ਆਪਣੇ ਪ੍ਰੀਤਮ ਪ੍ਰਭੂ ਨੂੰ ਕਿਉਂ ਭੁਲਾਵਾਂ ? ਉਹ ਤਾਂ ਮੇਰੇ ਪ੍ਰਾਣਾਂ ਦਾ ਆਸਰਾ ਹੈ। ਪੂਰਨ ਪੁਰਸ਼ ਉਸ ਦੀ ਭਗਤੀ ਕਰਦੇ ਹਨ ਅਤੇ ਰਿਸ਼ੀ ਮੁਨੀ ਗੁਰਾਂ ਦੇ ਉਪਦੇਸ਼ ਅਨੁਸਾਰ ਉਸ ਦਾ ਸਿਮਰਨ ਕਰਦੇ ਹਨ ॥ ੧ ॥ ਠਹਿਰਾਉ ॥

ਦੋਹਰਾ-'ਸ੍ਰੀ ਨਾਰਾਇਣ ਨਾਭਿ ਤੇ ਉਪਜਯੋ ਕਮਲ ਅਨੂਪ।
ਤਿਸ ਮਾਂਹੀ ਬ੍ਰਹਮਾ ਭਯੋ ਚਤੁਰ ਬਦਨ ਜਿਸ ਰੂਪ ॥ ੧੫ ॥

"ਵਿਸ਼ਨੂੰ ਦੀ ਧੁੰਨੀ ਤੋਂ ਸੁੰਦਰ ਕਮਲ ਪ੍ਰਗਟ ਹੋਇਆ, ਉਸ ਕੰਵਲ ਤੋਂ ਚਾਰ ਮੂੰਹ ਵਾਲਾ ਚਤੁਰ ਬ੍ਰਹਮਾ ਪੈਦਾ ਹੋਇਆ ॥ ੧੫ ॥

ਚੌਪਈ-ਸੋ ਖੋਜਨ ਲਾਗਯੋ ਕਰਤਾਰਾ। ਨਹਿਂ ਜਾਨਯੋ ਤਿਹ ਪਾਰਾਵਾਰਾ।
ਖੋਜਤਿ ਖੋਜਤਿ ਰਹਿ ਗਯੋ ਹਾਰੂ। ਨਰ ਬਪੁਰੇ ਕੀ ਕੌਨ ਬਿਚਾਰੂ ॥੧੬॥

ਬ੍ਰਹਮਾ ਕਰਤਾਰ ਦੀ ਖੋਜ ਕਰਨ ਲੱਗਾ, ਪਰ ਉਸ ਦਾ ਅੰਤ ਨਾ ਜਾਣ ਸਕਿਆ। ਖੋਜ ਖੋਜ ਕੇ ਹਾਰ ਕੇ ਰਹਿ ਗਿਆ, ਮਨੁੱਖ ਵਿਚਾਰੇ ਨੇ ਕੀ ਵਿਚਾਰਨਾ ਅਤੇ ਸਮਝਣਾ ਹੈ" ॥ ੧੬ ॥

ਕਹੈਂ ਸੰਤ 'ਸਭਿ ਹਮਹਿਂ ਸੁਨਾਵਹੁ। ਜਿਉਂ ਖੋਜੀ ਹੈ ਆਦਿ ਬਤਾਵਹੁ।
ਕੋਇ ਨ ਤੁਮ ਤੇ ਦੁਰਯੋ ਬ੍ਰਿਤਾਂਤਾ। ਕਰ ਪਰ ਬੱਦ੍ਰ ਹ੍ਰਿਦੈ ਅਸ ਗ੍ਯਾਤਾ ॥੧੭॥

ਸੰਤ ਕਹਿਣ ਲੱਗੇ, 'ਸਾਨੂੰ ਸਭ ਕੁਝ ਸੁਣਾਵੋ, ਜਿਵੇਂ ਖੋਜੀ ਹੈ ਉਸ ਤਰ੍ਹਾਂ ਧਰਤੀ ਦੇ ਅਰੰਭ ਬਾਰੇ ਸਾਰਾ ਬ੍ਰਿਤਾਂਤ ਸੁਣਾਉ। ਤੁਹਾਡੇ ਪਾਸੋਂ ਕੋਈ ਵੀ ਵੇਰਵਾ ਲੁਕਿਆ ਹੋਇਆ ਨਹੀਂ ਹੈ। ਜਿਵੇਂ ਹੱਥ ਉਤੇ ਬੇਰ ਹੁੰਦਾ ਹੈ, ਉਸ ਤਰ੍ਹਾਂ ਸਪੱਸ਼ਟ ਤੁਹਾਡੇ ਹਿਰਦੇ ਵਿਚ ਗਿਆਨ ਹੈ ॥ ੧੭ ॥

ਸ੍ਰੀ ਗੁਰ ਭਨੈਂ 'ਸੁਨਹੁ ਹਿਤ ਸੰਗਾ। ਸ੍ਰਿਸ਼ਟਿ ਸ੍ਰਿਜਨ ਤੇ ਪ੍ਰਿਥਮ ਪ੍ਰਸੰਗਾ।
ਬ੍ਰਹਮਾ ਭਯੋ ਕਮਲ ਤੇ ਜਬਹੀ। ਉਸਤਤਿ ਠਾਨੀ ਪ੍ਰਭੁ ਕੀ ਤਬਹੀ ॥੧੮॥

ਗੁਰੂ ਜੀ ਨੇ ਬਚਨ ਕੀਤਾ, "ਪ੍ਰੇਮ ਦੇ ਨਾਲ ਸੁਣੋ, ਪ੍ਰਿਥਵੀ ਦੀ ਸਿਰਜਣਾ ਤੋਂ ਪਹਿਲੇ ਦਾ ਪ੍ਰਸੰਗ ਸੁਣੋ। ਜਦ ਬ੍ਰਹਮਾ ਵਿਸ਼ਨੂੰ ਦੀ ਨਾਭੀ ਤੋਂ ਉਪਜੇ ਕੰਵਲ ਤੋਂ ਪੈਦਾ ਹੋਇਆ, ਤਦ ਉਸ ਪ੍ਰਭੂ ਦੀ ਉਸਤਤ ਕੀਤੀ ॥ ੧੮ ॥

ਦੋਹਰਾ-ਤੱਤਗ੍ਯਾਨ ਕੇ ਜਾਨਿਬੇ ਜਗੀ ਪ੍ਰੀਤਿ ਮਨ ਮਾਂਹਿ।
ਕੈਸੋ ਕਰਤਾ ਪੁਰਖੁ ਹੈ—ਦੇਖਿਨਿ ਉਮਗੀ ਚਾਹਿ ॥ ੧੯ ॥

ਤੱਤ ਗਿਆਨ ਜਾਣਨ ਦੀ ਮਨ ਵਿਚ ਪ੍ਰੀਤ ਜਾਗੀ। ਕਰਤਾ ਪੁਰਖ ਕਿਸ ਤਰ੍ਹਾਂ ਦਾ ਹੈ, ਇਹ ਵੇਖਣ ਦੀ ਚਾਹ ਪੈਦਾ ਹੋਈ ॥ ੧੯ ॥

ਚੌਪਈ- ਰਿਚਾ ਪ੍ਰਸ਼ੰਸ਼ਾ ਕੀ ਬਹੁ ਕਰਿਹੀ। ਲਾਇ ਪ੍ਰੀਤਿ ਮੁਖ ਬਚਨ ਉਚਰਿਹੀ।
ਮਧੁਰ ਮਧੁਰ ਸੁਰ ਸਿਉਂ ਤਬ ਗਾਵਹਿ। ਅਧਿਕ ਰੀਝ ਕੈ ਹਰਖ ਬਢਾਵਹਿ॥੨੦॥

ਪ੍ਰਭੂ ਨੂੰ ਪ੍ਰਸੰਨ ਕਰਨ ਲਈ ਉਸਤਤ ਦੇ ਬਹੁਤ ਮੰਤਰ ਕਹੇ। ਪ੍ਰੀਤ ਲਾ ਕੇ ਮੁੱਖ ਤੋਂ ਬਚਨ ਉਚਾਰੇ। ਫਿਰ ਮਿੱਠੀਆ-ਮਿੱਠੀਆਂ ਸੁਰਾਂ ਵਿਚ ਉਨ੍ਹਾਂ ਦਾ ਗਾਇਣ ਕੀਤਾ। ਬਹੁਤ ਰੀਝ ਕੇ ਖੁਸ਼ੀ ਵਧਾਈ॥ ੨੦॥

ਬਧੈ ਪ੍ਰੀਤਿ ਪੁਨ ਅਵਰ ਕਰੇਈ। ਅਰਥ ਬਿਚਾਰ ਬਡੋ ਸੁਖ ਲੇਈ।
ਪ੍ਰੇਮ ਮਗਨ ਮੁਖ ਗਦਗਦ ਬਾਨੀ। ਗਾਵਹਿ ਰੀਝਹਿ ਆਨੰਦ ਮਾਨੀ॥੨੧॥

ਪ੍ਰੀਤ ਵਧਾ ਕੇ ਫਿਰ ਹੋਰ ਉਸਤਤ ਕਰਨ ਲੱਗਾ। ਅਰਥ ਵਿਚਾਰ ਕੇ ਬੜਾ ਸੁੱਖ ਲੈਣ ਲੱਗਾ। ਪ੍ਰੇਮ ਵਿਚ ਮਗਨ ਹੋ ਕੇ ਮੁੱਖ ਤੋਂ ਪ੍ਰਸੰਨ ਹੋ ਕੇ ਬਾਣੀ ਉਚਾਰੀ ਅਤੇ ਆਨੰਦ ਮਾਣ ਕੇ ਗਾ ਕੇ ਰੀਝਦਾ ਸੀ॥ ੨੧॥

ਚਤੁਰ ਬੇਦ ਤਬ ਕਰੇ ਬਿਧਾਤਾ। ਜੋ ਜਗ ਬਿਖੈ ਅਹੈਂ ਬੱਖਜਾਤਾ।
ਤਿਨਹਿ ਬਿਲੋਕਤਿ ਰਿਖੀ ਪ੍ਰਬੀਨੇ। ਸਿੰਮ੍ਰਿਤਿ ਸ਼ਾਸਤ੍ਰ ਬਹੁ ਰਚਿ ਦੀਨੇ॥੨੨॥

ਫਿਰ ਬ੍ਰਹਮਾ ਨੇ ਚਾਰ ਵੇਦਾਂ ਦੀ ਰਚਨਾ ਕੀਤੀ, ਜੋ ਜਗਤ ਵਿਚ ਬੜੇ ਮਸ਼ਹੂਰ ਹੋਏ। ਉਨ੍ਹਾਂ ਨੂੰ ਚਤੁਰ ਰਿਸ਼ੀਆਂ ਨੇ ਵੇਖਿਆ, ਫਿਰ ਬਹੁਤ ਸਿੰਮ੍ਰਿਤੀਆਂ ਅਤੇ ਸ਼ਾਸਤਰ ਰਚ ਦਿੱਤੇ॥ ੨੨॥

ਦੋਹਰਾ- ਚਤੁਰ ਬੇਦ ਅਸ ਕਰਿ ਬਹੁਰ ਉਰ ਮਹਿਂ ਕੀਨ ਬਿਚਾਰ।
ਕਿਸ ਤੇ ਮੈਂ ਉਤਪਤਿ ਭਯੋ ਕੋ ਉਪਜਾਵਨ ਹਾਰ॥ ੨੩॥

ਚਾਰ ਵੇਦਾਂ ਨੂੰ ਇਸ ਤਰ੍ਹਾਂ ਬਣਾ ਕੇ ਫਿਰ ਹਿਰਦੇ ਵਿਚ ਵਿਚਾਰ ਕੀਤੀ, ਮੈਂ ਕਿਸ ਤੋਂ ਪੈਦਾ ਹੋਇਆ ਹਾਂ ਅਤੇ ਕੌਣ ਮੈਨੂੰ ਪ੍ਰਗਟ ਕਰਨ ਵਾਲਾ ਹੈ॥ ੨੩॥

ਚੌਪਈ- ਕਰੀ ਦ੍ਰਿਸ਼ਟਿ ਦੇਖੀ ਦਿਸ਼ ਚਾਰਾ। ਜਹਿਂ ਤਹਿਂ ਜਲ ਹੈ ਅਪਰ ਅਪਾਰਾ।
ਕੈ ਮੈਹੌਂ ਕੈ ਜਲ ਹੈ ਦੂਜੋ। ਔਰ ਨ ਕਿਹ ਥਲ ਦੀਸਤਿ ਤੀਜੋ॥੨੪॥

ਦ੍ਰਿਸ਼ਟੀ ਕਰਕੇ ਚਾਰੇ ਪਾਸੇ ਵੇਖਿਆ, ਹਰ ਥਾਂ ਬੇਅੰਤ ਪਾਣੀ ਹੀ ਪਾਣੀ ਸੀ। ਵੇਖਿਆ ਕਿ ਇਕ ਮੈਂ ਹਾਂ ਅਤੇ ਦੂਜਾ ਜਲ ਹੈ ਅਤੇ ਤੀਸਰੀ ਧਰਤੀ ਕਿਤੇ ਵੀ ਦਿੱਸਦੀ ਨਹੀਂ॥ ੨੪॥

ਉਪਜਯੋ ਗਰਬ ਨ ਮੋ ਬਿਨੁ ਆਨਾ। ਮੈਂ ਕਿਹਂ ਉਸਤਤਿ ਕਰਉਂ ਬਖਾਨਾ।
ਕਰਨ ਕਰਾਵਨ ਮੈਂ ਕਰਤਾਰਾ। ਅਪਰ ਨ ਹੈ ਕੋ ਸਿਰਜਨਹਾਰਾ॥੨੫॥

ਮਨ ਵਿਚ ਬੜਾ ਹੰਕਾਰ ਹੋਇਆ ਕਿ ਮੇਰੇ ਬਗੈਰ ਹੋਰ ਦੂਸਰਾ ਕੋਈ ਨਹੀਂ ਹੈ। ਮੈਂ ਪ੍ਰਭੂ ਦੀ ਉਸਤਤ ਕੀਤੀ ਹੈ। ਕਰਨ ਕਰਾਵਣ ਵਾਲਾ ਮੈਂ ਹੀ ਕਰਤਾਰ ਹਾਂ, ਹੋਰ ਕੋਈ ਸਿਰਜਣਹਾਰਾ ਨਹੀਂ ਹੈ॥ ੨੫॥

ਜੇ ਹੋਵਤਿ ਤੋ ਦੀਸਤਿ ਮੋਹੀ। ਲਖਯੋ ਨ ਕੋ ਯਾਂਤੇ ਨਹਿਂ ਹੋਹੀ।
ਇਸ ਬਿਧਿ ਰਿਦੇ ਗਰਬ ਜਬ ਭਯੋ। ਮੈਂ ਹੋਂ ਅਪਰ ਨ ਕਰਤਾ ਬਿਯੋ॥੨੬॥

ਜੇ ਕੋਈ ਹੋਰ ਹੁੰਦਾ ਤਾਂ ਮੈਨੂੰ ਜ਼ਰੂਰ ਦਿੱਸ ਪੈਂਦਾ। ਹੋਰ ਕੋਈ ਬਣਾਉਣ ਵਾਲਾ ਮੈਂ ਵੇਖਿਆ ਨਹੀਂ। ਇਸ ਤਰ੍ਹਾਂ ਹਿਰਦੇ ਵਿਚ ਹੰਕਾਰ ਹੋ ਗਿਆ ਕਿ ਸਭ ਕੁਝ ਮੈਂ ਹੀ ਹਾਂ, ਹੋਰ ਕੋਈ ਦੂਸਰਾ ਨਹੀਂ ਹੈ॥ ੨੬॥

ਦੋਹਰਾ-ਤਬ ਗੰਭੀਰ ਧੁਨਿ ਸੋਂ ਮਧੁਰ ਬਾਨੀ ਭਈ ਅਕਾਸ਼।
ਕਿਉਂ ਗਰਬਤ ਬ੍ਰਹਮਾ ਰਿਦੈ? ਮੈਂ ਹੌਂ ਕਰਤਿ ਪ੍ਰਕਾਸ਼॥ ੨੭॥

ਫਿਰ ਗੰਭੀਰ ਸੁਰ ਵਿਚ ਅਕਾਸ਼ ਤੋਂ ਮਿੱਠੀ ਬਾਣੀ ਹੋਈ। ਹੇ ਬ੍ਰਹਮਾ ! ਹਿਰਦੇ ਵਿਚ ਕਿਉਂ ਹੰਕਾਰ ਕਰਦਾ ਹੈਂ ? ਮੈਂ ਹੀ ਪ੍ਰਕਾਸ਼ ਕਰਨ ਵਾਲਾ ਹਾਂ॥ ੨੭॥

ਚੌਪਈ- ਜਿਸਤੇ ਹੋਯੋ ਜਨਮ ਤੁਮਾਰਾ। ਤਿਹ ਕੋ ਖੋਜਹੁ ਆਦਿ ਬਿਚਾਰਾ।
ਸੁਨਿ ਕਰਿ ਬ੍ਰਹਮੇ ਬਚਨ ਉਚਾਰਾ। ਭਲੀ ਭਾਂਤਿ ਸਭਿ ਸਥਲ ਨਿਹਾਰਾ॥੨੮॥

ਜਿਸ ਤੋਂ ਤੇਰਾ ਜਨਮ ਹੋਇਆ ਹੈ, ਉਸ ਦੀ ਖੋਜ ਕਰੋ, ਤਾਂਕਿ ਤੇਰੀ ਸਮਝ ਵਿਚ ਆਵੇ।" ਇਹ ਸੁਣ ਕੇ ਬ੍ਰਹਮਾ ਨੇ ਕਿਹਾ, "ਮੈਂ ਚੰਗੀ ਤਰ੍ਹਾਂ ਸਭ ਪਾਸੇ ਵੇਖਿਆ ਹੈ॥ ੨੮॥

ਕੈ ਮੈਂ ਹੌਂ, ਕੈ ਜਲ ਹੈ ਇਹਾਂ। ਅਪਰ ਨ ਪਿਖਜੇ, ਪੇਖਿ ਬਹੁ ਰਹਾ।
ਜੇਕਰਿ ਤੀਜੋ ਹੈ ਕਿਹ ਥਾਈਂ। ਸੋ ਮੋਕੋ ਅਬ ਦੇਹੁ ਬਤਾਈ॥ ੨੯॥

ਏਥੇ ਇਕ ਮੈਂ ਹਾਂ ਅਤੇ ਦੂਸਰਾ ਜਲ ਹੈ, ਹੋਰ ਤੀਸਰਾ ਮੈਨੂੰ ਕੋਈ ਦਿਸਿਆ ਨਹੀਂ, ਮੈਂ ਸਾਰੇ ਵੇਖ ਰਿਹਾ ਹਾਂ। ਜੇ ਕੋਈ ਤੀਸਰਾ ਕਿਸੇ ਥਾਂ ਹੈ ਤਾਂ ਉਹਦੇ ਬਾਰੇ ਮੈਨੂੰ ਹੁਣ ਦੱਸ ਦੇਵੋ॥ ੨੯॥

ਤਬ ਅਕਾਸ਼ ਬਾਨੀ ਨੈ ਕਹਾ। ਜਿਸ ਪਰ ਬੈਠਿ ਪਰਮ ਸੁਖ ਲਹਾ।
ਸੋ ਅਪਨੀ ਤੂੰ ਆਦਿ ਪਛਾਨ। ਇਸਕੋ ਖੋਜ ਗਰਬ ਪੁਨ ਠਾਨਿ॥ ੩੦॥

ਤਦ ਆਕਾਸ਼ ਬਾਣੀ ਨੇ ਕਿਹਾ, "ਜਿਸ ਤੇ ਬੈਠ ਕੇ ਪਰਮ ਸੁੱਖ ਲਿਆ ਹੈ, ਉਸਨੂੰ ਤੂੰ ਆਪਣੀ ਉਤਪਤੀ ਦਾ ਕਾਰਨ ਸਮਝੋ, ਇਸ ਦੀ ਖੋਜ ਕਰਕੇ ਫਿਰ ਹੀ ਮਨ ਵਿਚ ਹੰਕਾਰ ਧਾਰਨ ਕਰਨਾ॥ ੩੦॥

ਦੇਖਿ ਕਮਲ ਬਿਧਿ ਗਿਰਾ ਉਚਾਰੀ। ਇਹ ਤੋ ਛੋਟੋ ਮੋਹਿ ਅਗਾਰੀ।
ਪਿਖੋਂ ਬਿਸ਼ਾਲ ਆਪਨੀ ਦੇਹੀ। ਅਸਮੰਜਸ ਪੁਨ ਆਇ ਨ ਕੇਹੀ॥੩੧॥

ਬ੍ਰਹਮਾ ਨੇ ਆਪਣੇ ਜਨਮ ਦਾਤੇ ਕੰਵਲ ਫੁੱਲ ਨੂੰ ਵੇਖ ਕੇ ਕਿਹਾ, "ਇਹ ਤਾਂ ਮੇਰੇ ਅੱਗੇ ਬਹੁਤ ਛੋਟਾ ਹੈ। ਮੈਂ ਤਾਂ ਆਪਣੀ ਦੇਹ ਬਹੁਤ ਵੱਡੀ ਵੇਖਦਾ ਹਾਂ। ਸੰਦੇਹ ਵਾਲੀ ਗੱਲ ਹੈ, ਕਿਸੇ ਤਰ੍ਹਾਂ ਵੀ ਇਸ ਦੀ ਚਿਤ ਵਿਚ ਸਮਝ ਨਹੀਂ ਆਉਂਦੀ॥ ੩੧॥

ਅਲਪ ਵਸਤੁ ਕਸ ਜਨਹਿ ਬਿਸਾਲਾ। ਨਭ ਮਹਿੰ ਬੋਲੇ ਬਹੁਰ ਅਕਾਲਾ।
ਜਬ ਭਲਿ ਭਾਂਤਿ ਖੋਜਨਾ ਠਾਨਹੁ। ਅਲਪ ਬਿਸਾਲ ਤਬਹਿ ਪਹਿਚਾਨਹੁ॥੩੨॥

ਏਨੀ ਛੋਟੀ ਚੀਜ਼, ਏਡੇ ਵੱਡੇ ਆਕਾਰ ਨੂੰ ਕਿਵੇਂ ਪੈਦਾ ਕਰ ਸਕਦੀ ਹੈ। ਅਕਾਸ਼ ਤੋਂ ਫਿਰ ਅਕਾਲ ਪੁਰਖ ਬੋਲੇ, "ਜੇ ਚੰਗੀ ਤਰ੍ਹਾਂ ਖੋਜ ਕਰੋਗੇ ਤਾਂ ਤੁਹਾਨੂੰ ਇਹ ਪਤਾ ਲੱਗ ਜਾਵੇਗਾ ਕਿ ਛੋਟਾ ਵੱਡਾ ਕੀ ਹੈ॥ ੩੨॥

ਸੁਨਿਕੈ ਬ੍ਰਹਮਾ ਚੌਂਕ੍ਰਿਤ ਹੋਵਾ। ਚਿੰਤਾ ਕਰਤਿ ਕਮਲ ਦਿਸ਼ਿ ਜੋਵਾ।
ਮੈਂ ਬਿਸ਼ਾਲ ਇਹੁ ਅਲਪ ਦਿਸਾਈ। ਉਤਪਤਿ ਮਮ ਕਿਸ ਬਿਧਿ ਬਨਿ ਆਈ!॥੩੩॥

ਇਹ ਸੁਣ ਕੇ ਬ੍ਰਹਮਾ ਬਹੁਤ ਹੈਰਾਨ ਹੋਇਆ ਅਤੇ ਚਿੰਤਤ ਹੋ ਕੇ ਕੰਵਲ ਵਲ ਤੱਕਿਆ। ਮੈਂ ਬਹੁਤ ਵੱਡਾ ਹਾਂ, ਇਹ ਬਹੁਤ ਛੋਟਾ ਦਿੱਸਦਾ ਹੈ। ਮੈਂ ਇਸ ਵਿਚੋਂ ਕਿਵੇਂ ਪੈਦਾ ਹੋ ਗਿਆ॥ ੩੩॥

ਬਹੁ ਚਿਤਵਤਿ ਅਸ ਰਿਦੈ ਬਿਚਾਰੀ। ਹਨੌਂ ਲਾਤ, ਜੇ ਲੇਯ ਸਹਾਰੀ।
ਤੋ ਜਾਨਹੁੰਗੋ ਇਹ ਮਮ ਆਦਿ। ਟੂਟ ਗਯੋ ਜਬ, ਸਮਝੌਂ ਬਾਦ॥ ੩੪॥

ਬਹੁਤ ਸੋਚ ਕੇ ਹਿਰਦੇ ਵਿਚ ਫਿਰ ਇਸ ਤਰ੍ਹਾਂ ਵਿਚਾਰ ਕੀਤੀ। ਇਸ ਨੂੰ ਲੱਤ ਮਾਰਦਾ ਹਾਂ, ਜੇ ਸਹਾਰ ਲਵੇਗਾ ਤਾਂ ਸਮਝਾਂਗਾ ਇਹ ਮੇਰਾ ਮੂਲ ਹੈ। ਜੇ ਟੁੱਟ ਗਿਆ ਤਾਂ ਸਮਝਾਂਗਾ ਇਹ ਵਿਅਰਥ ਗੱਲ ਹੈ॥ ੩੪॥

ਕਰਿ ਬਿਚਾਰ ਤਬ ਲਾਤ ਪ੍ਰਹਾਰੀ। ਚਲ੍ਯੋ ਨ ਕਮਲ ਦੁਤਿਯ ਤਬ ਮਾਰੀ।
ਹਨਤਿ ਪਰ੍ਯੋ ਤਿਹਕੇ ਮਧ ਜਾਈ। ਗਯੋ ਨਾਲ ਮਹਿਂ ਠੌਰ ਨ ਪਾਈ॥੩੫॥

ਇਹ ਵਿਚਾਰ ਕਰਕੇ ਜਦ ਲੱਤ ਮਾਰੀ ਤਾਂ ਕਮਲ ਹਿਲਿਆ ਨਾ, ਫਿਰ ਦੂਸਰੀ ਲੱਤ ਮਾਰੀ ਤਾਂ ਡਿੱਗ ਕੇ ਕੰਵਲ ਦੇ ਵਿਚ ਜਾ ਪਿਆ ਅਤੇ ਨਾਲੀ ਦੇ ਵਿਚ ਚਲਾ ਗਿਆ ਅਤੇ ਠਹਿਰ ਨਾ ਸਕਿਆ॥ ੩੫॥

ਦੋਹਰਾ- ਜਿਉਂ ਬਿਸ਼ਾਲ ਗੰਭੀਰ ਮਹਿਕੂਪ ਰੋਰ ਪਰ ਜਾਇ।
ਤਿਉਂ ਤਿਸ ਮੈਂ ਗਿਰ ਕੈ ਗਯੋ ਥਾਹਿ ਨ ਕਿਤਹੂੰ ਪਾਇ॥ ੩੬॥

ਜਿਵੇਂ ਬੜੇ ਡੂੰਘੇ ਖੂਹ ਵਿਚ ਰੋੜਾ ਡਿੱਗ ਪਵੇ। ਉਸ ਤਰ੍ਹਾਂ ਉਸ ਵਿਚ ਡਿੱਗ ਪਿਆ ਅਤੇ ਉਸ ਦਾ ਥਾਹ ਨਾ ਪਾ ਸਕਿਆ॥ ੩੬॥

ਚੌਪਈ- ਚਲ੍ਯੋ ਜਾਤ ਚਿਰਕਾਲ ਬਿਤਾਵਾ। ਠਹਿਰਨ ਥਾਨ ਕਹੂੰ ਨਹਿਂ ਪਾਵਾ।
ਕਬ ਸਿਰ ਊਪਰ ਕਬ ਹੀ ਨੀਚੇ। ਚਲ੍ਯੋ ਜਾਤਿ ਤਿਸ ਨਾਲੀ ਬੀਚੇ॥੩੭॥

ਨਾਲੀ ਦੇ ਹੇਠਾਂ ਵੱਲ ਜਾਂਦੇ ਬਹੁਤ ਸਮਾਂ ਬਿਤੀਤ ਕੀਤਾ, ਠਹਿਰਣ ਵਾਸਤੇ ਕਿਤੇ ਵੀ ਥਾਂ ਨਾ ਪਾਇਆ। ਕਦੀ ਸਿਰ ਉਪਰ ਵਲ ਹੁੰਦਾ ਸੀ ਅਤੇ ਕਦੀ ਹੇਠਾਂ ਵਲ ਹੁੰਦਾ ਸੀ। ਨਾਲੀ ਵਿਚ ਲਗਾਤਾਰ ਚਲਿਆ ਜਾ ਰਿਹਾ ਸੀ॥ ੩੭॥

ਬਿਹਬਲ ਹ੍ਵੈ ਅਤਿ ਹੀ ਦੁਖ ਪਾਵਾ। ਉਬਰਨ ਕੋ ਨਹਿਂ ਪਾਇ ਉਪਾਵਾ।
ਆਦਿ ਮੱਧਿ ਅੰਤ ਹੌਂ ਸਾਰੇ। ਪ੍ਰਿਥਮ ਗਰਬ ਤੇ ਬਚਨ ਉਚਾਰੇ॥੩੮॥

ਵਿਆਕੁਲ ਹੋ ਕੇ ਬਹੁਤ ਦੁੱਖ ਪਾਇਆ, ਬਾਹਰ ਨਿਕਲਣ ਦਾ ਕੋਈ ਉਪਾਅ ਨਾ ਪਾਇਆ। ਆਦਿ, ਮੱਧ ਅਤੇ ਅੰਤ ਮੈਂ ਹੀ ਹਾਂ, ਪਹਿਲਾਂ ਉਸ ਨੇ ਇਸ ਤਰ੍ਹਾਂ ਹੰਕਾਰ ਨਾਲ ਬਚਨਾਂ ਨੂੰ ਉਚਾਰਨ ਕੀਤਾ ਸੀ॥ ੩੮॥

ਸੋ ਸਭਿ ਗਰਬ ਗਯੋ ਤਿਹਂ ਉਰ ਤੇ। ਪਾਇ ਸ਼ਰਮ ਜਬ ਗਿਰਗਾ ਧੁਰ ਤੇ।
ਭਯੋ ਦੁਖਾਤੁਰ ਰੋਦਨ ਕਰਿਹੀ। ਉਸਤਤਿ ਪ੍ਰਭੁ ਕੀ ਬਹੁਰ ਉਚਰਿਹੀ॥੩੯॥

ਇਸ ਤਰ੍ਹਾਂ ਉਸ ਦੇ ਦਿਲ ਵਿਚੋਂ ਸਾਰਾ ਹੰਕਾਰ ਨਿਕਲ ਗਿਆ, ਜਦ ਧੁਰ ਜਾ ਡਿੱਗਾ ਤਾਂ ਬਹੁਤ ਥੱਕ ਗਿਆ। ਬੜਾ ਦੁੱਖੀ ਹੋ ਕੇ ਰੋਣ ਲੱਗਾ, ਫਿਰ ਪ੍ਰਭੂ ਦੀ ਉਸਤਤ ਕਰਨ ਲੱਗਾ॥ ੩੯॥

ਨਮੋ ਨਮੋ ਅਬਿਨਾਸ਼ੀ ਸ੍ਵਾਮੀ!। ਰੂਪ ਨ ਰੇਖ ਨ ਅੰਤਰਜਾਮੀ।
ਪਾਰਬ੍ਰਹਮ ਪਰਮੇਸ਼ੁਰ ਕਰਤਾ!। ਗੰਜਨ ਗਰਬ ਸਕਲ ਦੁਖ ਹਰਤਾ!॥੪੦॥

ਹੇ ਕਦੇ ਨਾਸ਼ ਨਾ ਹੋਣ ਵਾਲੇ ਸਵਾਮੀ! ਮੇਰੀ ਤੁਹਾਨੂੰ ਨਮਸ਼ਕਾਰ ਹੈ। ਹੇ ਅੰਤਰਜਾਮੀ ਤੁਹਾਡਾ ਨਾ ਰੂਪ ਹੈ, ਨਾ ਰੇਖ ਹੈ। ਤੁਸੀਂ ਪਾਰਬ੍ਰਹਮ ਪਰਮੇਸ਼ਵਰ ਕਰਤਾ ਪੁਰਖ ਹੋ, ਹੰਕਾਰ ਦਾ ਨਾਸ਼ ਕਰਨ ਵਾਲੇ ਹੋ ਅਤੇ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲੇ ਹੋ॥ ੪੦॥

ਸ਼੍ਰੀ ਅਕਾਲ ਪਿਖਿ ਦੀਨਦਯਾਲਾ। ਕਾਢਿ ਨਾਲਿ ਤੇ ਲਿਯ ਤਤਕਾਲਾ।
ਤਮ ਗੁਬਾਰ ਤੇ ਬਾਹਰ ਆਇਓ। ਬੈਠਿ ਕਮਲ ਪਰ ਬਹੁ ਸੁਖ ਪਾਯੋ॥੪੧॥

ਸ੍ਰੀ ਅਕਾਲ ਪੁਰਖ ਦੀਨ ਦਿਆਲ ਨੇ ਜਦ ਹੰਕਾਰ ਰਹਿਤ-ਹੋਇਆ ਵੇਖਿਆ ਤਾਂ ਤੁਰੰਤ ਨਾਲੀ ਵਿਚੋਂ ਕੱਢ ਲਿਆ। ਹਨੇਰੇ ਗੁਬਾਰ ਤੋਂ ਬਾਹਰ ਆ ਗਿਆ, ਫਿਰ ਕੰਵਲ ਉਤੇ ਬੈਠ ਕੇ ਬੜਾ ਸੁੱਖ ਪਾਇਆ॥ ੪੧॥

ਕਰਨ ਪ੍ਰਸ਼ੰਸਾ ਲਗ੍ਯੋ ਬਹੋਰੀ। ਬੰਦਹਿ ਬਾਰ ਬਾਰ ਕਰ ਜੋਰੀ।
ਅਗਮ, ਅਗੋਚਰ, ਅਲਖ, ਅਨੰਤਾ। ਅੱਚੁਤ, ਅਬਜ ਸ੍ਰੀ ਭਗਵੰਤਾ॥੪੨॥

ਫਿਰ ਬਹੁਤ ਪ੍ਰਸੰਸਾ ਕਰਨ ਲੱਗਾ, ਬਾਰ ਬਾਰ ਹੱਥ ਜੋੜ ਕੇ ਬੰਦਨਾ ਕਰਦਾ ਸੀ। ਹੇ ਪ੍ਰਭੂ ! ਤੁਸੀਂ ਅਗਮ, ਅਗੋਚਰ, ਅਲਖ, ਅਨੰਤ ਅਟੱਲ ਅਤੇ ਅਬਿਨਾਸ਼ੀ ਹੋ॥ ੪੨॥

ਸੱਤਿ, ਅਰੂਪ, ਅਨੂਪ ਅਲੇਖਾ। ਨਿੱਤਜ, ਅਭੂਤ ਅਛੂਤ ਅਭੇਖਾ।
ਅਕਰਮ, ਅਭਰਮ, ਅਦ੍ਵੈਤ, ਅਨਾਸ਼ਾ। ਅਭੈ ਅਨਾਦੀ ਸੁਤੇ ਪ੍ਰਕਾਸ਼ਾ ॥੪੩॥

ਸੱਤ ਸਰੂਪ, ਰੂਪ ਰਹਿਤ, ਅਨੂਪਮ, ਲੇਖਾ ਰਹਿਤ, ਅਟੱਲ, ਅਨੋਖੇ, ਪਵਿੱਤਰ, ਭੇਖ ਰਹਿਤ, ਕਰਮ ਰਹਿਤ, ਭਰਮ ਰਹਿਤ, ਦ੍ਵੈਤ ਰਹਿਤ, ਅਬਿਨਾਸ਼ੀ ਭੈ ਰਹਿਤ, ਆਦਿ ਰਹਿਤ ਅਤੇ ਆਪਣੇ ਆਪ ਤੋਂ ਪ੍ਰਕਾਸ਼ਤ ਹੋ॥ ੪੩॥

ਰੇਖ ਨ, ਰੰਗ ਨ, ਮੋਹ ਨ ਮਾਯਾ। ਅਜੈ ਅਜਨਮਾ ਅਜਰ ਅਜਾਯਾ।
ਸਭਿ ਤੈ ਦੂਰ ਸਭਿ ਨਿਅਤਿ ਪਾਸਾ। ਸਦਾ ਅਲੇਪ ਸਰਬ ਮਹਿਂ ਬਾਸਾ ॥੪੪॥

ਤੁਹਾਡੀ ਕੋਈ ਰੇਖ ਨਹੀਂ, ਰੰਗ ਨਹੀਂ, ਮੋਹ ਨਹੀਂ ਅਤੇ ਨਾ ਹੀ ਮਾਇਆ ਹੈ, ਅਜਿਤ, ਜਨਮ ਰਹਿਤ, ਕਦੇ ਨਾ ਬੁੱਢਾ ਹੋਣ ਵਾਲੇ ਅਤੇ ਇਸਤਰੀ ਰਹਿਤ ਹੋ। ਸਾਰਿਆਂ ਤੋਂ ਦੂਰ ਹੋ ਅਤੇ ਸਾਰਿਆਂ ਦੇ ਪਾਸ ਹੋ, ਸਦਾ ਅਲੇਪ ਹੋ, ਪਰ ਫਿਰ ਵੀ ਸਭ ਦੇ ਅੰਦਰ ਵੱਸਦੇ ਹੋ॥ ੪੪॥

ਨੇਤਿ, ਨੇਤਿ, ਨਿਤ ਅਪਰ ਅਪਾਰਾ। ਸਹਸ੍ਰ ਨਾਮ ਅਸ ਬਦਨ ਉਚਾਰਾ।
ਤਿਹ ਛਿਨ ਨਭ ਬਾਨੀ ਪੁਨ ਹੋਈ। ਮੇਘ ਗਰਜ ਮਧੁਰੀ ਜਿਉਂ ਸੋਈ ॥੪੫॥

ਤੁਸੀਂ ਬੇਅੰਤ ਹੋ, ਤੁਹਾਡਾ ਕੋਈ ਅੰਤ ਨਹੀਂ ਅਤੇ ਤੁਸੀਂ ਅਪਰ ਅਪਾਰ ਹੋ, ਤੁਹਾਡਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਹਜ਼ਾਰਾਂ ਨਾਵਾਂ ਦਾ ਮੁੱਖ ਤੋਂ ਉਚਾਰਨ ਕੀਤਾ। ਉਸ ਵੇਲੇ ਫਿਰ ਅਕਾਸ਼ ਬਾਣੀ ਹੋਈ। ਬੱਦਲਾਂ ਦੀ ਗਰਜ ਵਾਂਗ ਮਿੱਠੀ ਆਵਾਜ਼ ਸੀ॥ ੪੫॥

ਦੋਹਰਾ- 'ਤਪ ਕਰਿ, ਤਪ ਕਰਿ, ਤਪ ਕਰਹੁ' ਕਹਯੋ ਬਾਰ ਇਉਂ ਤੀਨ।
ਜਗ ਰਚਨੇ ਕੀ ਸ਼ਕਤਿ ਹ੍ਵੈ ਰਚਹੁ ਬਹੋਰ, ਪ੍ਰਬੀਨ! ॥ ੪੬॥

ਵਾਹਿਗੁਰੂ ਨੇ ਤਿੰਨ ਵਾਰ ਕਿਹਾ, "ਤਪ ਕਰ, ਤਪ ਕਰ, ਤਪ ਕਰੋ" ਤੁਹਾਡੇ ਵਿਚ ਜਗਤ ਰਚਨ ਦੀ ਸ਼ਕਤੀ ਆਵੇ ਤੇ ਫਿਰ ਸ੍ਰੇਸ਼ਟ ਜਗਤ ਦੀ ਰਚਨਾ ਕਰੋ॥ ੪੬॥

ਚੌਪਈ- ਬੈਠਿ ਕਿਯੋ ਤਪ ਤਬ ਚਿਰਕਾਲਾ। ਪਾਇ ਸ਼ਕਤਿ ਜਗ ਰਚਯੋ ਬਿਸ਼ਾਲਾ।
ਸ੍ਰੀਗੁਰ ਕਹੈਂ 'ਸੁਨਹੁ ਹਰਿ ਸੰਤ! ਇਸ ਬਿਧਿ ਕੇ ਸ੍ਰੀ ਕਮਲਾ ਕੰਤ ॥੪੭॥

ਓਥੇ ਬੈਠ ਕੇ ਫਿਰ ਬਹੁਤ ਲੰਮੇ ਸਮੇਂ ਤਕ ਤਪ ਕੀਤਾ, ਸ਼ਕਤੀ ਪ੍ਰਾਪਤ ਕਰਕੇ ਸ੍ਰੇਸ਼ਟ ਜਗਤ ਦੀ ਰਚਨਾ ਕੀਤੀ। ਗੁਰੂ ਜੀ ਨੇ ਕਿਹਾ, "ਹਰੀ ਦੇ ਸੰਤੋ ! ਸੁਣੋ, ਇਸ ਤਰੀਕੇ ਨਾਲ ਪ੍ਰਭੂ ਨੇ ਜਗਤ ਦੀ ਰਚਨਾ ਕੀਤੀ॥ ੪੭॥

ਦੋਹਰਾ- ਜਿਹਕੋ ਅੰਤ ਨ ਜਾਨਿਓ ਰਹਯੋ ਬਿਧਾਤਾ ਦੇਖਿ।
ਹਮ ਕਲਜੁਗ ਕੇ ਮਨੁਜ ਕਯਾ ਲਖਿ ਸਕਹੀ ਜੁ ਅਲੇਖ॥ ੪੮॥

ਜਿਸ ਦਾ ਅੰਤ ਨਾ ਜਾਣ ਸਕਿਆ, ਵਿਧਾਤਾ ਬ੍ਰਹਮਾ ਵੇਖਦਾ ਰਹਿ ਗਿਆ। ਅਸੀਂ ਕਲਿਜੁਗ ਦੇ ਮਨੁੱਖ ਕੀ ਜਾਣ ਸਕਦੇ ਹਾਂ, ਜਿਸ ਨੂੰ ਕਿ ਸਮਝਿਆ ਹੀ ਨਹੀਂ ਜਾ ਸਕਦਾ ਜਿਹੜਾ ਲੇਖਾ ਰਹਿਤ ਹੈ॥ ੪੮॥

ਚੌਪਈ- ਤਿਹ ਕੇ ਸੰਗ ਲਗੀ ਮਮ ਪ੍ਰੀਤੀ। ਉਰ ਮਹਿਂ ਬਸਯੋ ਨਿਰੰਤਰ ਨੀਤੀ।
ਕਰਹਿਂ ਸੇਵ ਜਿਹਂ ਸ਼ਿਵ ਸਨਕਾਦਿਕ। ਨੇਤਿ ਨੇਤਿ ਨਿਤ ਕਹਿਂ ਬ੍ਰਹਮਾਦਿਕ ॥੪੯॥

ਉਸ ਪਰਮੇਸ਼ੁਰ ਨਾਲ ਮੇਰੀ ਪ੍ਰੀਤ ਲੱਗੀ ਹੈ, ਉਹ ਸਦਾ ਮੇਰੇ ਹਿਰਦੇ ਵਿਚ ਵੱਸਦਾ ਹੈ। ਜਿਸ ਦੀ ਸ਼ਿਵਜੀ ਅਤੇ ਸਨਕ ਆਦਿ ਸੇਵਾ ਕਰਦੇ ਹਨ ਅਤੇ ਬ੍ਰਹਮਾ ਆਦਿ ਉਸ ਨੂੰ ਸਦਾ ਬੇਅੰਤ, ਬੇਅੰਤ ਕਹਿੰਦੇ ਹਨ॥ ੪੯॥

ਪ੍ਰਾਣ ਅਧਾਰ ਸੁ ਕਿਯ ਮਨ ਮਾਂਹੀ। ਅਸ਼ਟ ਪਹਿਰ ਮੈਂ ਬਿਸਰਤਿ ਨਾਂਹੀ'।
ਸੁਨਤਿ ਸੰਤ ਚਿਤ ਬਹੁ ਹਰਖਾਨੇ। 'ਧੰਨ ਧੰਨਾ' ਪੁਨ 'ਧੰਨਾ' ਬਖਾਨੇ॥੫੦॥

ਸ੍ਰੇਸ਼ਟ ਪ੍ਰਭੂ ਮੇਰੇ ਮਨ ਵਿਚ ਵਸਦਾ ਹੈ ਅਤੇ ਮੇਰੇ ਪ੍ਰਾਣਾਂ ਦਾ ਆਧਾਰ ਹੈ। ਅੱਠ ਪਹਿਰ ਮੈਥੋਂ ਵਿਸਰਦਾ ਨਹੀਂ।'' ਸੰਤ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਅਤੇ ਫਿਰ ਉਨ੍ਹਾਂ ਨੇ ''ਧੰਨ, ਧੰਨ, ਧੰਨ' ਕਿਹਾ॥ ੫੦॥

'ਮੁਕਤਿ ਦਾਨ ਦਾ ਬਚਨ ਤੁਮਾਰੇ। ਇਕ ਸੰਸੈ ਉਰ ਔਰ ਹਮਾਰੇ।
ਕੌਨ ਵਸਤੁ ਇਹ ਲੋਚਨ ਆਹੀ। ਦੇਖੈ ਕੌਨ ਰਹਿਤਿ ਇਨ ਮਾਂਹੀ॥੫੧॥

ਤੁਹਾਡੇ ਬਚਨ ਮੁਕਤੀਦਾਤੇ ਹਨ। ਪਰ ਸਾਡੇ ਹਿਰਦੇ ਵਿਚ ਇਕ ਹੋਰ ਸ਼ੰਕਾ ਹੈ। ਇਹ ਅੱਖਾਂ ਕੌਣ ਵਸਤੂ ਹਨ ? ਇਨ੍ਹਾਂ ਵਿਚੋਂ ਕੌਣ ਦੇਖਦਾ ਰਹਿੰਦਾ ਹੈ ?॥ ੫੧॥

ਕਿਸ ਪ੍ਰਕਾਰ ਜੋ ਸਰਬ ਪਸਾਰਾ। ਦੇਖਿ ਲੇਹਿ ਜੋ, ਕਹਉ ਬਿਚਾਰਾ।
ਤੁਮ ਸਮ ਗਜਾਤਾ ਮਿਲਹਿ ਨ ਆਨੀ। ਸੁਨਿ ਪਦ ਦੁਤਿਯ ਕਹ੍ਯੋ ਗੁਨਖਾਨੀ॥੫੨॥

ਇਹ ਸਰਬ ਪਸਾਰਾ ਕਿਸ ਤਰ੍ਹਾਂ ਦਾ ਹੈ, ਇਸ ਨੂੰ ਅਸੀਂ ਵੇਖ ਲਈਏ ਤੁਸੀਂ ਵਿਚਾਰ ਕੇ ਦੱਸੋ। ਤੁਹਾਡੇ ਵਰਗਾ ਗਿਆਨੀ ਸਾਨੂੰ ਹੋਰ ਕੋਈ ਨਹੀਂ ਮਿਲ ਸਕਦਾ। ਇਹ ਸੁਣ ਕੇ ਗੁਰੂ ਜੀ ਨੇ ਸ਼ਬਦ ਦਾ ਦੂਸਰਾ ਪਦ ਕਿਹਾ॥ ੫੨॥

*ਸ੍ਰੀ ਮੁਖਵਾਕ॥*

*ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ॥*
*ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ॥ ੨॥*

ਸੂਰਜ ਅਤੇ ਚੰਦਰਮਾ ਜਿਸ ਦੇ ਦੀਵੇ ਹਨ, ਉਸ ਸੁਆਮੀ ਦਾ ਇਕ ਨੂਰ ਹੀ ਤਿੰਨਾਂ ਜਹਾਨਾਂ ਨੂੰ ਪਰੀਪੂਰਨ ਕਰ ਰਿਹਾ ਹੈ। ਜੋ ਗੁਰਮੁਖ ਹੋ ਜਾਂਦਾ ਹੈ ਉਹ ਰਾਤ ਦਿਨ ਪਵਿੱਤਰ ਵਿਚਰਦਾ ਹੈ। ਮਨਮੁਖ ਰਾਤ ਦੇ ਹਨੇਰੇ ਵਿਚ ਘਿਰਿਆ ਹੋਇਆ ਹੈ॥ ੨॥

ਚੌਪਈ- 'ਸੁਨਹੁ ਸੰਤ!' ਸ੍ਰੀ ਨਾਨਕ ਕਹਿਹੀਂ। 'ਚੰਦ ਸੂਰਜੁ ਮਹਿਂ ਜੋਤ ਜੁ ਅਹਿਹੀ।
ਜਿਹਤੇ ਜਗ ਮਹਿਂ ਹੋਤਿ ਉਜਾਲਾ। ਸੋ ਈਸੁਰ ਕੀ ਲਖਹੁ ਬਿਸਾਲਾ॥੫੩॥

ਸ੍ਰੀ ਗੁਰੂ ਨਾਨਕ ਜੀ ਨੇ ਕਿਹਾ, ''ਹੇ ਸੰਤੋ! ਸੁਣੋ, ਚੰਦ ਸੂਰਜ ਵਿਚ ਜਿਹੜੀ ਜੋਤ ਹੈ ਉਸ ਕਾਰਨ ਜੱਗ ਵਿਚ ਚਾਨਣ ਹੁੰਦਾ ਹੈ, ਉਹ ਵਡੀ ਜੋਤ ਈਸ਼ਵਰ ਦੀ ਦਿੱਤੀ ਸਮਝੋ॥ ੫੩॥

ਦਈ ਜੋਤਿ ਦੀਪਕ ਜਗ ਕੀਨੇ। ਤਿਹ ਬਿਧਿ ਜੋਤਿ ਸਰਬ ਘਟ ਚੀਨੇ।
ਤਿਸਤੇ ਨੈਨਨ ਨਦਰੀ ਆਵੈ। ਸਭਿ ਘਟਿ ਪ੍ਰਭੁ ਕੀ ਜੋਤਿ ਰਹਾਵੈ॥ ੫੪॥

ਉਨ੍ਹਾਂ ਨੂੰ ਜੋਤੀ ਦੇ ਕੇ ਜਗਤ ਦੇ ਦੀਪਕ ਬਣਾ ਦਿੱਤਾ ਹੈ, ਉਸ ਤਰ੍ਹਾਂ ਹੀ ਇਕ ਜੋਤ ਹਰ ਇਕ ਦੇ ਅੰਦਰ ਜਗ ਰਹੀ ਹੈ। ਉਸ ਜੋਤ ਕਰਕੇ ਅੱਖਾਂ ਨਾਲ ਨਜ਼ਰ ਆਉਂਦਾ ਹੈ। ਸਭ ਦੇ ਅੰਦਰ ਪ੍ਰਭੂ ਦੀ ਜੋਤ ਰਹਿੰਦੀ ਹੈ॥ ੫੪॥

ਹੋਇ ਜਿ ਗੁਰਮੁਖਿ ਜਾਨਹਿ ਤਬਹੀ। ਰਮ ਕਰਿ ਰਹ੍ਯੋ ਰਾਮ ਘਟ ਸਭਿ ਹੀ।
ਕਬਹਿ ਨ ਮਨਮੁਖ ਮੁਗਧ ਪਛਾਨਹਿਂ। ਸੱਤਿਨਾਮ ਜੋ ਨਹੀਂ ਬਖਾਨਹਿਂ॥੫੫॥

ਜਿਹੜਾ ਗੁਰਮੁਖ ਹੋ ਜਾਂਦਾ ਹੈ ਉਹ ਸਭ ਕੁਝ ਜਾਣ ਜਾਂਦਾ ਹੈ ਕਿ ਪ੍ਰਭੂ ਹਰ ਹਿਰਦੇ ਵਿਚ ਰਮ ਰਿਹਾ ਹੈ। ਪਰ ਮਨਮੁਖ ਮੂਰਖ ਕਦੇ ਵੀ ਪਛਾਣ ਨਹੀਂ ਸਕਦਾ, ਜਿਹੜਾ ਸਤਿਨਾਮ ਦਾ ਜਾਪ ਨਹੀਂ ਕਰਦਾ॥ ੫੫॥

ਮੋਹ ਤਿਮਰ ਮਹਿਂ ਅੰਧੇ ਸੋਈ। ਪ੍ਰਭੁ ਮਾਰਗ ਨਹਿਂ ਜਾਨਹਿਂ ਓਈ'।
ਸੁਨਿ ਕਰਿ ਸੰਤ ਗਿਰਾ ਪੁਨ ਪ੍ਰਾਹੀ। 'ਅੰਧੇ ਭਏ ਨੈਨ ਜਿਨ ਨਾਂਹੀ ॥੫੬॥

ਮੋਹ ਦੇ ਹਨੇਰੇ ਵਿਚ ਉਹ ਅੰਨ੍ਹੇ ਹੋਏ ਹਨ, ਪ੍ਰਭੂ ਦਾ ਮਾਰਗ ਉਹ ਜਾਣਦੇ ਨਹੀਂ' ਇਹ ਸੁਣ ਕੇ ਸੰਤ ਨੇ ਫਿਰ ਕਿਹਾ, "ਜਿਨ੍ਹਾਂ ਦੇ ਨੈਣ ਅੰਨ੍ਹੇ ਨਹੀਂ ਹਨ॥ ੫੬॥

ਚੰਦ ਸੂਰਜ ਨਹਿਂ ਦੇਖਹਿਂ ਸੋਈ। ਚਖ ਹ੍ਵੈ ਪਿਖਹਿਂ ਭਲੇ ਸਭਿ ਕੋਈ।
ਤਿਨ ਲੋਚਨ ਕੀ ਜੋਤਿ ਜਿ ਆਹੀ। ਸੋ ਕਹੀਏ' ਸੁਨਿ ਕਰਿ ਗੁਰਪ੍ਰਾਹੀ ॥੫੭॥

ਉਹ ਚੰਦ ਸੂਰਜ ਨੂੰ ਕਿਵੇਂ ਵੇਖਦੇ ਨਹੀਂ ਹਨ। ਅੱਖਾਂ ਹੋਣ ਤੇ ਸਭ ਨੂੰ ਭਲੀ ਪ੍ਰਕਾਰ ਵੇਖਦੇ ਹਨ। ਉਨ੍ਹਾਂ ਅੱਖਾਂ ਦੀ ਜਿਹੜੀ ਜੋਤ ਆਈ ਹੈ, ਉਸ ਬਾਰੇ ਦੱਸੋ।" ਇਹ ਸੁਣ ਕੇ ਗੁਰੂ ਜੀ ਨੇ ਸ਼ਬਦ ਦਾ ਅਗਲਾ ਪਦ ਕਿਹਾ॥ ੫੭॥

*ਸ੍ਰੀ ਮੁਖਵਾਕ॥*

*ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ॥*
*ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ॥ ੩॥*

ਸਿਧ ਸਮਾਧੀ ਵਿਚ ਸਦਾ ਆਪਣੇ ਅੰਦਰ ਹੀ ਝਗੜਦੇ ਰਹਿੰਦੇ ਹਨ, ਫਿਰ ਆਪਣੀਆਂ ਦੋ ਅੱਖਾਂ ਨਾਲ ਕੀ ਵੇਖ ਸਕਦੇ ਹਨ। ਜਿਸ ਦੇ ਅੰਦਰ ਰੱਬੀ ਨੂਰ ਹੈ, ਉਹ ਨਾਮ ਦੇ ਕੀਰਤਨ ਦੁਆਰਾ ਜਾਗ ਉਠਦਾ ਹੈ ਤੇ ਸੱਚੇ ਗੁਰੂ ਉਸ ਦੇ ਬਖੇੜੇ ਦੂਰ ਕਰ ਦਿੰਦੇ ਹਨ॥ ੩॥

ਚੌਪਈ- 'ਆਗੈ ਸਦਾ ਝਗਰ ਇਹੁ ਭਯੋ। ਸਿੱਧ ਸਾਧ ਸਭਿਹਿਨਿ ਨੈ ਕਿਯੋ।
ਨੇਤ੍ਰਨ ਬਿਖੈ ਚਾਮ ਕੈ ਪਾਨੀ। ਸਭਿ ਜਾਨਤਿ ਇਹੁ ਬਾਤ ਨ ਛਾਂਨੀ ॥੫੮॥

"ਪਹਿਲਾਂ ਇਹ ਸਦਾ ਝਗੜਦੇ ਰਹਿੰਦੇ ਹਨ, ਸਿੱਧਾਂ ਅਤੇ ਸਾਧਾਂ ਸਭ ਨੇ ਆਪਣੇ ਅੰਦਰ ਹੀ ਝਗੜਾ ਕੀਤਾ ਹੈ। ਅੱਖਾਂ ਵਿਚ ਮਾਸ ਅਤੇ ਪਾਣੀ ਹੈ, ਸਾਰੇ ਜਾਣਦੇ ਹਨ, ਇਹ ਗੱਲ ਛੁਪੀ ਹੋਈ ਨਹੀਂ ਹੈ॥ ੫੮॥

ਇਨ ਮਹਿਂ ਦੇਖਤਿ ਵਸਤੁ ਸੁ ਕਯਾ ਹੈ। ਆਗੈ ਇਉਂ ਹੀ ਝਗਰ ਕਿਯਾ ਹੈ।
ਨਹਿਂ ਜਾਨਯੋ ਇਹ ਰਿਖਿਨਿ ਮੁਨੀਸ੍ਵਰ। ਸਿੱਧ ਸਾਧ ਜੇ ਬਹੁਤ ਤਪੀਸ੍ਵਰ ॥੫੯॥

ਇਨ੍ਹਾਂ ਵਿਚ ਵੇਖਣ ਵਾਲੀ ਵਸਤੂ ਕਿਹੜੀ ਹੈ। ਅੱਗੇ ਇੰਝ ਹੀ ਝਗੜਾ ਕੀਤਾ। ਇਹ ਤਾਂ ਰਿਖੀਆਂ ਮੁਨੀਆਂ ਵੀ ਅਸਲ ਤੱਥ ਨੂੰ ਨਹੀਂ ਜਾਣਿਆ ਹੈ। ਸਿਧ ਸਾਧ ਜਿਹੜੇ ਵੱਡੇ ਤਪੀਸ਼ਵਰ ਹਨ, ਉਹ ਵੀ ਨਹੀਂ ਜਾਣ ਸਕੇ ਹਨ॥ ੫੯॥

ਸਤਿਗੁਰ ਬਿਨਾ ਨ ਜਾਨਤਿ ਕੋਈ। ਅੰਤਰ ਵਸਤਿ ਪਿਖਤਿ ਹੈ ਜੋਈ।
ਅੰਤਰ ਉਰ ਕੇ ਜਾਗਤਿ ਜੋਤੀ। ਤਬਿ ਅੰਤਰਿ ਇਸਕੇ ਸੁਧ ਹੋਤੀ ॥੬੦॥

ਸਤਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ ਜਾਣਦਾ, ਕਿ ਕਿਹੜੀ ਅੰਦਰਲੀ ਵਸਤੂ ਵੇਖਦੀ ਹੈ। ਹਿਰਦੇ ਅੰਦਰ ਜਦ ਜੋਤੀ ਜਗਦੀ ਹੈ, ਤਦ ਇਸ ਦੇ ਅੰਦਰ ਸੋਝੀ ਹੁੰਦੀ ਹੈ॥ ੬੦॥

ਸਤਿਗੁਰ ਸ਼ਬਦ ਕਮਾਵਨ ਕਰਿਹੀ। ਪੁਨ ਧੁਨਿ ਸੁਨਹਿ ਦਸਵ ਜੋ ਦਰ ਹੀ।
ਸ੍ਰੀ ਸਤਿਗੁਰ ਇਹ ਝਗਰ ਨਿਬੇਰੈਂ। ਔਰ ਨ ਜਾਨਹਿ ਕੋਊ ਨ ਹੇਰੈ ॥੬੧॥

ਜਿਹੜਾ ਸਤਿਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ ਅਤੇ ਇਸ ਕਮਾਈ ਸਦਕਾ ਫਿਰ ਜਿਹੜਾ ਦਸਵੇਂ ਦੁਆਰ ਦੀ ਧੁਨੀ ਸੁਣਦਾ ਹੈ। ਸਤਿਗੁਰੂ ਜੀ ਇਸ ਝਗੜੇ ਨੂੰ ਨਿਬੇੜ ਦਿੰਦੇ ਹਨ, ਹੋਰ ਨਾ ਕੋਈ ਜਾਣਦਾ ਹੈ ਅਤੇ ਨਾ ਹੀ ਵੇਖਦਾ ਹੈ॥ ੬੧॥

ਸਭਿ ਇੰਦ੍ਰੀਆਂ ਕ੍ਰਿਆ ਜੁ ਕਰਿਹੀਂ। ਪਰਮ ਜੋਤਿ ਕੇ ਹ੍ਵੈ ਅਨੁਸਰਹੀ।
ਸੋ ਤੁਮ ਖੋਜਹੁ ਅੰਤਰ ਦੇਹੀ। ਪਾਇ ਲੇਹੁ ਗੇ ਸੁਧ ਹ੍ਵੈ ਜੇਹੀ ॥੬੨॥

ਸਾਰੀਆਂ ਆਂਤੜੀਆਂ ਜੋ ਕ੍ਰਿਆ ਕਰਦੀਆਂ ਹਨ, ਉਹ ਪਰਮ ਜੋਤ ਦੇ ਅਨੁਸਾਰ ਹੀ ਕਰਦੀਆਂ ਹਨ। ਇਸ ਲਈ ਤੁਸੀਂ ਅੰਤਰ ਦੇਹੀ ਦੀ ਖੋਜ ਕਰੋ। ਜੈਸੀ ਸੋਝੀ ਹੈ, ਉਸ ਨੂੰ ਪਾ ਲਵੋਗੇ" ॥ ੬੨ ॥

ਸੁਨਿਕੈ ਸੰਤ ਹਰਖ ਉਰ ਧਰਿਕੈ। ਪੁਨ ਬੂਝਨ ਕਿਯ ਬਚਨ ਉਚਰਿਕੈ।
'ਏਕੰਕਾਰ ਪ੍ਰਭੂ ਕਰਤਾਰਾ। ਕਿਹ ਬਿਧਿ ਮਿਲਹਿ? ਜਿ ਹ੍ਵੈ ਨਿਸਤਾਰਾ? ॥੬੩ ॥

ਇਹ ਸੁਣ ਕੇ ਸੰਤ ਹਿਰਦੇ ਵਿਚ ਬੜੇ ਪ੍ਰਸੰਨ ਹੋਏ, ਫਿਰ ਬਚਨ ਉਚਾਰ ਕੇ ਪੁੱਛਣ ਲੱਗੇ, "ਏਕੰਕਾਰ ਪ੍ਰਭੂ ਕਰਤਾਰ ਨੂੰ ਕਿਸ ਤਰ੍ਹਾਂ ਮਿਲੀਏ ? ਜਿਸ ਕਾਰਨ ਸਾਡਾ ਛੁਟਕਾਰਾ ਹੋ ਸਕੇ ॥ ੬੩ ॥

ਕਉਨ ਜਤਨ ਸੋਂ ਪਾਇਆ ਜਾਈ। ਸੋ ਸੁਧ ਦਿਹੁ ਹਮ ਕੋ ਸਮਝਾਈ'।
ਸ੍ਰੀ ਨਾਨਕ ਪੁਨ ਕੀਨ ਅਲਾਵਨ। ਪੂਰਨ ਕੀਨੋ ਸ਼ਬਦ ਸੁਹਾਵਨ ॥੬੪ ॥

ਕਿਸ ਜਤਨ ਨਾਲ ਪਾਇਆ ਜਾ ਸਕਦਾ ਹੈ, ਉਸ ਜਤਨ ਦੀ ਸੁਧ ਸਾਨੂੰ ਸਮਝਾ ਦੇਵੋ।" ਗੁਰੂ ਨਾਨਕ ਜੀ ਨੇ ਫਿਰ ਬਚਨ ਕੀਤੇ ਅਤੇ ਸੁੰਦਰ ਸ਼ਬਦ ਨੂੰ ਪੂਰਾ ਕੀਤਾ ॥ ੬੪ ॥

*ਸ੍ਰੀ ਮੁਖਵਾਕ॥*

*ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ॥*
*ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ॥ ੪ ॥ ੨ ॥* (ਪੰਨਾ ੪੮੯)

ਦੇਵਤਿਆਂ ਅਤੇ ਮਨੁੱਖਾਂ ਦਾ ਮਾਲਕ ਅਨੰਤ ਅਤੇ ਜੂਨ ਰਹਿਤ ਹੈ, ਉਸ ਦੇ ਸੱਚੇ ਮਹਿਲ ਅਪਾਰ ਹਨ। ਹੇ ਨਾਨਕ! ਪ੍ਰਭੂ ਸਹਿਜ ਸੁਭਾਅ ਮਿਲਦਾ ਹੈ ਅਤੇ ਆਪਣੀ ਦ੍ਰਿਸ਼ਟੀ ਨਾਲ ਮਨੁੱਖ ਦਾ ਨਿਸਤਾਰਾ ਕਰ ਦਿੰਦਾ ਹੈ॥ ੪ ॥ ੨ ॥

ਦੋਹਰਾ- 'ਬੇਸ਼ੁਮਾਰ ਸੁਰ ਨਰਨਪਤਿ, ਮੰਦਰ ਜਾਂਹਿ ਅਪਾਰ।
ਸਹਿਜ ਭਾਇ ਸੋ ਮਿਲਤਿ ਹੈ, ਤਿਹ ਨਦਰੀ ਨਿਸਤਾਰ' ॥ ੬੫ ॥

"ਦੇਵਤਿਆਂ ਅਤੇ ਮਨੁੱਖਾਂ ਦਾ ਰਾਜਾ ਪਰਮੇਸ਼ਵਰ ਬੇਸ਼ੁਮਾਰ ਹੈ, ਜਿਸ ਦੇ ਮਹਿਲ ਅਪਾਰ ਹਨ, ਉਹ ਸਹਿਜ ਸੁਭਾਅ ਮਿਲਦਾ ਹੈ ਤੇ ਆਪਣੀ ਦ੍ਰਿਸ਼ਟੀ ਨਾਲ ਪਾਰਉਤਾਰਾ ਕਰ ਦਿੰਦਾ ਹੈ" ॥ ੬੫ ॥

ਚੌਪਈ- ਸੰਤਨ ਸੁਨਿ ਕਰਿ ਬਚ ਇਸ ਭਾਂਤੀ। ਨਸਜੋ ਭਰਮ ਉਪਜੀ ਮਨ ਸ਼ਾਂਤੀ।
ਹਾਥ ਜੋਰਿ ਪਦ ਬੰਦਨ ਕਰਹੀਂ। ਬਾਰ ਬਾਰ ਬਹੁ ਬਿਨੈ ਉਚਰਿਹੀਂ ॥੬੬ ॥

ਸੰਤਾਂ ਨੇ ਜਦ ਇਸ ਪ੍ਰਕਾਰ ਦੇ ਬਚਨ ਸੁਣੇ ਤਾਂ ਉਨ੍ਹਾਂ ਦੇ ਭਰਮ ਦੂਰ ਹੋ ਗਏ ਅਤੇ ਮਨ ਵਿਚ ਸ਼ਾਂਤੀ ਆ ਗਈ। ਹੱਥ ਜੋੜ ਕੇ ਚਰਨਾਂ ਤੇ ਬੰਦਨਾ ਕੀਤੀ ਅਤੇ ਬਾਰ ਬਾਰ ਬੇਨਤੀਆਂ ਉਚਾਰਨ ਕੀਤੀਆਂ ॥ ੬੬ ॥

'ਤੁਮ ਪਰਮੇਸ਼ੁਰ ਕੋ ਅਵਤਾਰਾ। ਨਰਨ ਉਧਾਰਨ ਕੋ ਤਨ ਧਾਰਾ।
ਹਮ ਕੋ ਦੂਜੀ ਨਾਂਹੀ ਥਾਉਂ। ਕਰਹੁ ਮੁਕਤਿ ਦੇ ਅਪੁਨਾ ਨਾਉਂ ॥੬੭ ॥

ਉਹ ਕਹਿਣ ਲੱਗੇ, "ਤੁਸੀਂ ਪਰਮੇਸ਼ੁਰ ਦਾ ਅਵਤਾਰ ਹੋ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਸਰੀਰ ਧਾਰਨ ਕੀਤਾ ਹੈ। ਸਾਡੇ ਵਾਸਤੇ ਹੁਣ ਕੋਈ ਦੂਸਰਾ ਸਥਾਨ ਨਹੀਂ ਹੈ, ਆਪਣਾ ਨਾਂ ਦੇ ਕੇ ਸਾਨੂੰ ਮੁਕਤੀ ਬਖਸ਼ੋ ॥ ੬੭ ॥

ਬਹੁ ਦਿਨ ਹਮ ਭਰਮਤਿ ਜਗ ਫਿਰੇ। ਅਬ ਨਿਸ਼ਚੇ ਕਰਿ ਤੁਮ ਗੁਰ ਕਰੇ।
ਸ਼ਰਨ ਪਰੇ ਕੀ ਰਾਖਹੁ ਸ੍ਵਾਮੀ! ਹਮ ਸਦੀਵ ਤੁਮਰੇ ਅਨੁਗਾਮੀ' ॥੬੮ ॥

ਬਹੁਤ ਦਿਨ ਅਸੀਂ ਜਗਤ ਵਿਚ ਭਟਕਦੇ ਫਿਰਦੇ ਰਹੇ ਹਾਂ, ਹੁਣ ਨਿਸ਼ਚਾ ਕਰਕੇ ਤੁਹਾਨੂੰ ਗੁਰੂ ਧਾਰਨ ਕੀਤਾ ਹੈ। ਹੇ ਪ੍ਰਭੂ ! ਸ਼ਰਨ ਪਏ ਹਾਂ, ਇਸ ਲਈ ਲਾਜ ਰਖੋ, ਅਸੀਂ ਸਦਾ ਹੀ ਤੁਹਾਡੇ ਅਨੁਸਾਰੀ ਹਾਂ" ॥ ੬੮ ॥

ਦੋਹਰਾ-ਸ੍ਰੀ ਨਾਨਕ ਤਿਨ ਪ੍ਰਤਿ ਕਹਜੋ 'ਧਰਿ ਸ਼ਰਧਾ ਦਿਨ ਰੈਨ।
ਵਾਹਿਗੁਰੂ ਸਿਮਰਨ ਕਰਹੁ ਹੋਵਹੁ ਮੋਖ ਸੁਖੈਨ'॥ ੬੯॥

ਗੁਰੂ ਨਾਨਕ ਜੀ ਨੇ ਉਨ੍ਹਾਂ ਨੂੰ ਕਿਹਾ, "ਦਿਨ ਰਾਤ ਸ਼ਰਧਾ ਧਾਰਨ ਕਰੋ, ਵਾਹਿਗੁਰੂ ਦਾ ਸਿਮਰਨ ਕਰੋ, ਤਾਂਕਿ ਤੁਹਾਨੂੰ ਆਸਾਨ ਮੁਕਤੀ ਮਿਲ ਸਕੇ"॥ ੬੯॥

ਚੌਪਈ- ਇਸ ਪ੍ਰਕਾਰ ਤਿਨ ਦੇ ਉਪਦੇਸ਼ਾ। ਕੀਨ ਗਮਨ ਆਗੇ ਜਗਤੇਸ਼ਾ।
ਤਿਨ ਸੰਤਨ ਕਰਿ ਰਿਦੇ ਉਮੰਗਾ। ਸ੍ਰੀ ਸਤਿਗੁਰ ਕੇ ਗਮਨੇ ਸੰਗਾ॥੭੦॥

ਇਸ ਪ੍ਰਕਾਰ ਉਨ੍ਹਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅੱਗੇ ਚੱਲ ਪਏ। ਉਹ ਸੰਤ ਵੀ ਦਿਲ ਵਿਚ ਉਤਸ਼ਾਹ ਭਰ ਕੇ ਗੁਰੂ ਜੀ ਦੇ ਨਾਲ ਹੀ ਤੁਰ ਪਏ॥ ੭੦॥

ਮਾਰਗ ਬਿਖੈ ਜਾਤਿ ਗੁਨਖਾਨੀ। ਕਹਿਨ ਲਗੇ ਮੁਝ ਸੋਂ ਅਸ ਬਾਨੀ।
'ਲਾਲੋ ਹੈ ਬਹੁ ਮੀਤ ਹਮਾਰਾ। ਚਲਹੁ ਮਿਲੈਂ ਅਬ ਤਾਂਹਿ ਸੰਗਾਰਾ॥੭੧॥

ਜਦ ਗੁਰੂ ਜੀ ਰਸਤੇ ਰਸਤੇ ਜਾ ਰਹੇ ਸਨ ਤਾਂ ਮੈਨੂੰ ਇਸ ਤਰ੍ਹਾਂ ਕਹਿਣ ਲੱਗੇ, "ਭਾਈ ਲਾਲੋ ਸਾਡਾ ਚੰਗਾ ਮਿੱਤਰ ਹੈ, ਚਲੋ ਹੁਣ ਉਸ ਨੂੰ ਜਾ ਕੇ ਮਿਲਦੇ ਹਾਂ॥ ੭੧॥

ਬਹੁਤ ਦਿਵਸ ਬੀਤੇ ਤਿੰਹ ਦੇਖੇ। ਨਗਰ ਏਮਨਾਬਾਦ ਬਿਸ਼ੇਖੇ'।
ਕਹਿ ਬਚ ਗਮਨਤਿ ਗੁਰੂ ਅਗਾਰੀ। ਹਮ ਫਕੀਰ ਸਭਿ ਚਲਹਿੰ ਪਿਛਾਰੀ॥੭੨॥

ਉਸ ਨੂੰ ਵੇਖੇ ਨੂੰ ਬਹੁਤ ਦਿਨ ਬੀਤ ਗਏ ਹਨ, ਏਮਨਾਬਾਦ ਨਗਰ ਬਹੁਤ ਵੱਡਾ ਹੈ।" ਇਹ ਬਚਨ ਕਹਿ ਕੇ ਗੁਰੂ ਜੀ ਅੱਗੇ ਲੱਗ ਗਏ, ਅਸੀਂ ਸਾਰੇ ਫਕੀਰ ਉਨ੍ਹਾਂ ਦੇ ਪਿਛੇ-ਪਿਛੇ ਚੱਲ ਪਏ॥ ੭੨॥

ਮੰਦ ਮੰਦ ਗਤਿ ਸੁੰਦਰ ਭਾਰੀ। ਬਿਗਸਤਿ ਬੋਲਤਿ ਕਰਤਿ ਬਿਚਾਰੀ।
ਬਿਨ ਸ੍ਰਮ ਸਰਬ ਪੰਧ ਕੋ ਛੋਰੀ। ਦੀਨਾਨਾਥ ਗਏ ਤਿਹ ਠੌਰੀ॥ ੭੩॥

ਹੌਲੀ-ਹੌਲੀ ਸੁੰਦਰ ਤੋਰ ਉਹ ਚਲ ਰਹੇ ਸਨ। ਵਿਚਾਰ ਕਰਕੇ ਪ੍ਰਸੰਨ ਹੋ ਕੇ ਬੋਲਦੇ ਸਨ। ਕਿਸੇ ਥਕਾਵਟ ਬਗੈਰ ਸਾਰਾ ਸਫਰ ਮੁਕਾਇਆ ਅਤੇ ਗਰੀਬਾਂ ਦੇ ਸਵਾਮੀ ਉਸ ਥਾਂ ਚਲੇ ਗਏ॥ ੭੩॥

ਨਗਰ ਏਮਨਾਬਾਦ ਪਹੁੰਚੇ। ਬੈਠੇ ਵਹਿਰ ਸਥਲ ਪਿਖਿ ਊਚੇ।
ਚਹੁੰ ਦਿਸ਼ ਸੋਹਿਤਿ ਭਏ ਫਕੀਰਾ। ਬੀਚ ਬਿਰਾਜਹਿੰ ਗੁਨੀ ਗਹੀਰਾ॥੭੪॥

ਏਮਨਾਬਾਦ ਨਗਰ ਵਿਚ ਪਹੁੰਚ ਗਏ। ਇਕ ਉੱਚਾ ਸਥਾਨ ਵੇਖ ਕੇ ਬਾਹਰ ਬੈਠ ਗਏ। ਚਾਰੇ ਪਾਸੇ ਫਕੀਰ (ਸੰਤ) ਸ਼ੋਭ ਰਹੇ ਸਨ ਅਤੇ ਵਿਚਕਾਰ ਗੁਰੂ ਜੀ ਬੈਠੇ ਹੋਏ ਸਨ॥ ੭੪॥

ਰੋੜਨ ਕੋ ਚੌਤਰਾ ਬਨਾਯੋ। ਊਪਰ ਬੈਠਿ ਗਯੋ ਸੁਖਦਾਯੋ।
ਅਬ ਲੌ ਰੋੜੀ ਨਾਮ ਕਹਾਵਹਿ। ਮਨ ਬਾਂਛਤਿ ਦਰਸ਼ਨ ਫਲ ਪਾਵਹਿੰ॥੭੫॥

ਰੋੜਾਂ ਦਾ ਚਬੂਤਰਾ ਬਣਾਇਆ ਅਤੇ ਉੱਤੇ ਗੁਰੂ ਜੀ ਬੈਠ ਗਏ। ਹੁਣ ਤਕ ਉਸ ਨੂੰ ਰੋੜੀ ਨਾਂ ਨਾਲ ਜਾਣਿਆ ਜਾਂਦਾ ਹੈ, ਉਸ ਸਥਾਨ ਦੇ ਦਰਸ਼ਨ ਕਰਨ ਨਾਲ ਮਨ ਚਾਹਿਆ ਫਲ ਪ੍ਰਾਪਤ ਹੁੰਦਾ ਹੈ॥ ੭੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸੰਤਨ ਚਰਚਾ, ਏਮਨਾਬਾਦ ਪਹੁੰਚਨ' ਪ੍ਰਸੰਗ ਬਰਨਨੰ ਨਾਮ ਛੱਬੀਸਮੋ ਅਧਯਾਯ॥ ੨੬॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛੱਬੀਵਾਂ ਅਧਿਆਇ, ਜਿਸ ਦਾ ਨਾਮ 'ਸੰਤਾਂ ਦਾ ਉਧਾਰ, ਏਮਨਾਬਾਦ ਆਉਣਾ' ਹੈ, ਸਮਾਪਤ ਹੋਇਆ॥ ੨੬॥

# ਅਧਿਆਇ ਸਤਾਈਵਾਂ

### ਏਮਨਾਬਾਦ, ਬਾਬਰ ਦਾ ਹੱਲਾ

ਦੋਹਰਾ-ਗਿਰ ਹੰਕਾਰ ਤੇ ਤਰ ਉਤਰਿ ਸਰਬ ਰੇਨ ਘਰ ਛਾਇ।
ਉਸ਼ਨ ਸੀਤਾਦਿ ਬਿਕਾਰ ਜੇ, ਹੇ ਮਨ ਤਬ ਸੁਖ ਪਾਇ॥ ੧॥

ਹੇ ਮਨ! ਹੰਕਾਰ ਰੂਪੀ ਪਹਾੜ ਤੋਂ ਉਤਰ ਕੇ ਜੇ ਤੂੰ ਸਾਰਿਆਂ ਦੇ ਚਰਨਾਂ ਦੀ ਧੂੜ ਹੋ ਜਾਣ ਰੂਪੀ ਘਰ ਛਾ ਲਵੇਂ ਤਦ ਗਰਮੀ ਸਰਦੀ ਆਦਿ ਰੂਪੀ ਵਿਕਾਰਾਂ ਦੇ ਛੁਟ ਜਾਣ ਨਾਲ ਤੂੰ ਸੁੱਖ ਪਾ ਲਵੇਂਗਾ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਅੰਗਦ! ਸੁਨੀਏ ਇਤਿਹਾਸਾ। ਵਹਿਰ ਨਗਰ ਬੈਠੇ ਸੁਖਰਾਸਾ।
ਹੁਤੋ ਪਠਾਨ ਤਹਾਂ ਕੋ ਰਾਜਾ। ਘਰ ਘਰ ਬਹੁਰ ਬਜਾਵਹਿ ਬਾਜਾ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਇਤਿਹਾਸ ਸੁਣੋ। ਸੁਖਾਂ ਦੀ ਰਾਸ ਭਾਵ ਗੁਰੂ ਜੀ ਨਗਰ ਦੇ ਬਾਹਰ ਬੈਠੇ ਸਨ। ਉਸ ਨਗਰ ਦਾ ਰਾਜਾ ਇਕ ਪਠਾਣ ਸੀ। ਉਸ ਸਮੇਂ ਘਰ ਘਰ ਵਾਜੇ ਵੱਜ ਰਹੇ ਸਨ॥ ੨॥

ਅਧਿਕ ਬਜਾਹ ਤਿਸ ਦਿਨ ਪੁਰਿ ਮਾਂਹੀ। ਕਰਤਿ ਕੁਲਾਹਲ ਉਰ ਹਰਖਾਹੀਂ।
ਗਾਵਹਿਂ ਨਾਚਹਿਂ ਮਾਚਹਿਂ ਰੰਗਾ। ਅਤਿ ਉਤਸਵ ਮਹਿਂ ਰਹੇ ਉਮੰਗਾ॥੩॥

ਨਗਰ ਵਿਚ ਉਸ ਦਿਨ ਬਹੁਤ ਵਿਆਹ ਸ਼ਾਦੀਆਂ ਹੋ ਰਹੀਆਂ ਸਨ। ਹਿਰਦੇ ਵਿਚ ਪ੍ਰਸੰਨ ਹੋ ਕੇ ਬਹੁਤ ਖੁਸ਼ੀਆਂ ਮਨਾ ਰਹੇ ਸਨ। ਗਾਉਂਦੇ ਨੱਚਦੇ ਅਤੇ ਰੰਗ ਰਲੀਆਂ ਮਨਾ ਰਹੇ ਸਨ ਅਤੇ ਬੜੇ ਉਤਸ਼ਾਹ ਨਾਲ ਭਾਰੀ ਉਤਸਵ ਕਰ ਰਹੇ ਸਨ॥ ੩॥

ਭੂਖਨ ਬਸਤ੍ਰ ਨਵੀਨ ਪਹਿਰਿਕੈ। ਬਨੇ ਛੈਲ ਬਹੁ ਗਰਬ ਗਹਿਰ ਕੈ।
ਅਵਲੋਕਤਿ ਹੈਂ ਰੰਗ ਤਮਾਸ਼ੇ। ਅਨਿਕ ਪ੍ਰਕਾਰਨ ਠਾਨਹਿਂ ਹਾਸੇ॥ ੪॥

ਗਹਿਣੇ ਅਤੇ ਨਵੇਂ ਕਪੜੇ ਪਹਿਣ ਕੇ ਵੱਡਾ ਹੰਕਾਰ ਧਾਰਨ ਕਰਕੇ ਛੈਲ ਛਬੀਲੇ ਬਣੇ ਸਨ। ਰੰਗ ਤਮਾਸ਼ੇ ਵੇਖ ਰਹੇ ਸਨ ਅਤੇ ਅਨੇਕ ਪ੍ਰਕਾਰ ਦੇ ਹਾਸੇ ਪੈ ਰਹੇ ਸਨ॥ ੪॥

ਗਰੀਅਨ ਬਿਖੈ ਕੁਦਾਇ ਤੁਰੰਗਾ। ਬੈਠੇ ਮੂਛ ਬਾਮ ਸਰਬੰਗਾ।
ਸ੍ਰੀ ਕਰਤਾਰ ਦਿਸ਼ਾ ਤੇ ਭੂਲੇ। ਬਿਸ਼ੈ ਬਿਕਾਰਨ ਮਹਿਂ ਅਨਕੂਲੇ॥ ੫॥

ਗਲੀਆਂ ਵਿਚ ਘੋੜਿਆਂ ਨੂੰ ਕੁਦਾ ਰਹੇ ਸਨ, ਮੁੱਛਾਂ ਕੁੰਢੀਆਂ ਕਰਕੇ ਬੈਠੇ ਸਨ। ਸ੍ਰੀ ਪ੍ਰਭੂ ਨੂੰ ਭੁੱਲ ਗਏ ਸਨ, ਵਿਸ਼ੇ ਵਿਕਾਰਾਂ ਵਿਚ ਪੈ ਕੇ ਪ੍ਰਸੰਨ ਹੋ ਰਹੇ ਸਨ॥ ੫॥

ਸੰਤ ਅਤਿਥਿ ਕੀ ਸੇਵ ਨ ਜਾਨਹਿਂ। ਦੇਖਿ ਫਕੀਰਨ ਹਾਸੀ ਠਾਨਹਿਂ।
ਪ੍ਰਭੁਤਾ ਮਦ ਤੇ ਭਏ ਸਿ ਅੰਧੇ। ਪਰੇ ਗਰਤ ਜਗਬੰਧਨ ਬੰਧੇ॥ ੬॥

ਸੰਤ ਅਤੇ ਫਕੀਰਾਂ ਦੀ ਸੇਵਾ ਕਰਨੀ ਨਹੀਂ ਸਨ ਜਾਣਦੇ। ਉਲਟਾ ਫਕੀਰਾਂ ਨੂੰ ਵੇਖ ਕੇ ਹਾਸਾ ਉਡਾਉਂਦੇ ਸਨ। ਹੰਕਾਰ ਦੇ ਨਸ਼ੇ ਵਿਚ ਅੰਨ੍ਹੇ ਹੋਏ ਸਨ। ਜਗਤ ਦੇ ਬੰਧਨਾਂ ਵਿਚ ਬੜੇ ਟੋਇਆਂ ਵਿਚ ਪਏ ਸਨ॥ ੬॥

ਦੇਖਹਿਂ ਦੁਖੀ ਦਯਾ ਨਹਿਂ ਕਰਿਹੀਂ। ਮਹਾਂ ਮੰਦਮਤਿ ਪਰ ਤਿਯ ਹਰਿਹੀਂ।
ਪਿਯਤਿ ਸ਼ਰਾਬ ਘੂਮਤੇ ਫਿਰਿਹੀਂ। ਸ਼ਾਸਨ ਦੇਹਿਂ ਗਰੀਬਨ ਧਰਿਹੀਂ॥੭॥

ਦੁਖੀਆਂ ਨੂੰ ਵੇਖ ਕੇ ਦਇਆ ਨਹੀਂ ਸੀ ਕਰਦੇ, ਮਹਾਨ ਭੈੜੀ ਬੁਧੀ ਵਿਚ ਉਹ ਗਰਕ ਹੋ ਗਏ ਸਨ। ਸ਼ਰਾਬ ਪੀ ਕੇ ਘੁੰਮ ਫਿਰ ਰਹੇ ਸਨ ਅਤੇ ਗਰੀਬਾਂ ਨੂੰ ਫੜ ਕੇ ਮਾਰ ਰਹੇ ਸਨ॥ ੭॥

ਜਹਾਂ ਅੰਗਨਾ ਸੁੰਦਰ ਹੇਰਹਿਂ। ਬਾਰ ਬਾਰ ਬਾਜੀ ਬਰ ਫੇਰਹਿਂ।
ਬੈਠੇ ਰਹੇ ਵਹਿਰ ਜਗ ਸਾਈਂ। ਸੇਵ ਕਰੀ ਨ ਕਿਨਹੂੰ ਆਈ॥ ੮॥

ਜਿਥੇ ਵੀ ਸੁੰਦਰ ਇਸਤਰੀਆਂ ਵੇਖਦੇ ਸਨ, ਉਨ੍ਹਾਂ ਦੇ ਲਾਗੇ ਬਾਰ-ਬਾਰ ਸ੍ਰੇਸ਼ਟ ਘੋੜਿਆਂ ਨੂੰ ਫੇਰਦੇ ਸਨ। ਜਗਤ ਦੇ ਸਾਈਂ ਬਾਹਰ ਹੀ ਬੈਠੇ ਰਹੇ, ਕਿਸੇ ਨੇ ਵੀ ਆ ਕੇ ਸੇਵਾ ਨਾ ਕੀਤੀ॥ ੮॥

ਹੁਤੇ ਫਕੀਰ ਸੰਗ ਤਿਹ ਥਾਏਂ। ਭਏ ਛੁਧਾਤੁਰ ਮੁਖ ਕੁਮਲਾਏ।
ਸਗਰੋ ਦਿਵਸ ਬਿਤੀਤਾ ਜਬ ਹੀ। ਭਈ ਨਿਸਾ ਬੋਲੇ ਪ੍ਰਭੁ ਤਬ ਹੀ॥੯॥

ਗੁਰੂ ਜੀ ਦੇ ਨਾਲ ਜਿਹੜੇ ਫਕੀਰ ਸਨ, ਉਨ੍ਹਾਂ ਦੇ ਭੁੱਖ ਨਾਲ ਆਤਰ ਹੋ ਕੇ ਚਿਹਰੇ ਕੁਮਲਾ ਗਏ ਸਨ। ਜਦ ਸਾਰਾ ਦਿਨ ਬੀਤ ਗਿਆ ਅਤੇ ਰਾਤ ਪੈ ਗਈ ਤਦ ਗੁਰੂ ਜੀ ਬੋਲੇ॥ ੯॥

'ਹੇ ਸੰਤਹੁ! ਦ੍ਵੈ ਉਠਿ ਕਰਿ ਜਾਵਹੁ। ਪੁਰਿ ਤੇ ਜਾਚ ਅਸਨ ਕੋ ਖਾਵਹੁ।
ਜੇ ਬੈਠਜੋ ਦੇਵੈ ਕੋ ਨਾਂਹੀ। ਘਰ ਮਹਿਂ ਜਾਇ ਜਾਚ ਕਿਨ ਖਾਹੀ॥੧੦॥

"ਹੇ ਸੰਤੋ! ਦੋਵੇਂ ਉੱਠ ਕੇ ਜਾਵੋ ਅਤੇ ਨਗਰ ਵਿਚੋਂ ਭੋਜਨ ਮੰਗ ਕੇ ਖਾਵੋ। ਜੇ ਬੈਠਿਆਂ ਕੋਈ ਨਹੀਂ ਦਿੰਦਾ ਹੈ ਤਾਂ ਘਰ ਵਿਚ ਜਾ ਕੇ ਮੰਗ ਕੇ ਖਾ ਲਵੋ॥ ੧੦॥

ਮਰਦਾਨੇ! ਤੂੰ ਜਾਹਿ ਸੰਗਾਰੇ। ਆਵਤਿ ਲਾਲੋ ਲੇਹੁ ਹਕਾਰੇ'।
ਸ੍ਰੀ ਗੁਰ ਕੀ ਸੁਨਿਕੈ ਅਸ ਆਇਸੁ। ਮਰਦਾਨਾ ਦ੍ਵੈ ਸੰਤ ਸਿਧਾਇਸ॥੧੧॥

ਹੇ ਮਰਦਾਨੇ! ਤੂੰ ਇਨ੍ਹਾਂ ਦੇ ਨਾਲ ਜਾ ਅਤੇ ਆਉਣ ਲੱਗਾ ਭਾਈ ਲਾਲੋ ਨੂੰ ਬੁਲਾ ਲਿਆਉਣਾ।" ਗੁਰੂ ਜੀ ਦੀ ਇਸ ਤਰ੍ਹਾਂ ਦੀ ਆਗਿਆ ਸੁਣ ਕੇ ਮਰਦਾਨਾ ਦੋਵਾਂ ਸੰਤਾਂ ਦੇ ਨਾਲ ਚਲਾ ਗਿਆ॥ ੧੧॥

ਜਹਾਂ ਪਠਾਨ ਮਹਾਨ ਨਿਕੇਤਾ। ਗਏ ਤਹਾਂ ਅੰਨ ਲੇਨੇ ਹੇਤਾ।
ਜਾਚਨ ਕਰੈ ਜਾਇ ਜਿਸ ਪਾਹੀਂ। ਸੁਨਹਿ, ਬਹੁਰ ਉੱਤਰ ਦੇ ਨਾਂਹੀ॥੧੨॥

ਜਿੱਥੇ ਬਹੁਤ ਪਠਾਣਾਂ ਦੇ ਘਰ ਸਨ, ਓਥੇ ਅੰਨ ਲੈਣ ਵਾਸਤੇ ਗਏ। ਜਿਸ ਘਰ ਵੀ ਜਾ ਕੇ ਮੰਗਦੇ ਸਨ, ਉਹ ਸੁਣਦਾ ਜ਼ਰੂਰ ਸੀ ਪਰ ਉੱਤਰ ਨਹੀਂ ਸੀ ਦਿੰਦਾ॥ ੧੨॥

ਮਦ ਪਾਨੀ ਬੋਲੈਂ ਦੁਰ ਬੈਨਾ। ਜਾਚਤਿ ਫਿਰੇ ਤਹਾਂ ਬਹੁ ਐਨਾ।
ਪ੍ਰਵਿਸ਼ੇ ਇਕ ਨਿਕੇਤ ਕੇ ਮਾਂਹੀ। ਜਾਚਜੋ ਅੰਨ ਜਾਇ ਤਿਹ ਪਾਹੀ॥੧੩॥

ਸ਼ਰਾਬੀ ਹੋਏ ਭੈੜੇ ਬੋਲ ਬੋਲਦੇ ਸਨ, ਸੰਤਾਂ ਨੇ ਮੰਗਦਿਆਂ-ਮੰਗਦਿਆਂ ਉਨ੍ਹਾਂ ਬਹੁਤ ਘਰ ਫਿਰੇ। ਫਿਰ ਇਕ ਘਰ ਦੇ ਅੰਦਰ ਗਏ, ਉਸ ਘਰ ਦੇ ਮਾਲਕ ਪਾਸੋਂ ਉਨ੍ਹਾਂ ਖਾਣ ਨੂੰ ਕੁਝ ਅੰਨ ਮੰਗਿਆ॥ ੧੩॥

ਦਯੋ ਨ ਕਛੁ ਨਹਿਂ ਬੋਲਹਿ ਬਾਨੀ। ਤਿਹ ਛਿਨ ਆਵਾ ਇਕ ਮਦ ਪਾਨੀ।
ਮਰਦਾਨੇ ਕੋ ਦੀਨ ਧਕੇਲਾ। ਬਹੁ ਬਲ ਸੋਂ ਧਰਨੀ ਪੁਰ ਮੇਲਾ॥੧੪॥

ਉਸ ਘਰ ਦੇ ਮਾਲਕ ਨੇ ਕੁਝ ਵੀ ਨਾ ਦਿੱਤਾ ਅਤੇ ਨਾ ਹੀ ਕੁਝ ਬੋਲਿਆ। ਉਸ ਵੇਲੇ ਇਕ ਸ਼ਰਾਬੀ ਆਇਆ ਤੇ ਮਰਦਾਨੇ ਨੂੰ ਧੱਕਾ ਦਿੱਤਾ, ਬਹੁਤ ਜ਼ੋਰ ਨਾਲ ਧੱਕਾ ਮਾਰ ਕੇ ਮਰਦਾਨੇ ਨੂੰ ਧਰਤੀ ਤੇ ਸੁੱਟ ਦਿੱਤਾ॥ ੧੪॥

ਚੋਟ ਲਗੀ ਪਾਈ ਤਨ ਪੀਰਾ। ਪੁਰਿ ਤਜਿ ਚਲੇ ਤੁਰਤ ਪ੍ਰਭੁ ਤੀਰਾ।

ਲਾਲੋ ਕੋ ਬੁਲਾਇ ਨਿਜ ਸਾਥਾ। ਆਏ ਜਹਿਂ ਬੈਠੇ ਜਗ ਨਾਥਾ॥੧੫॥

ਸੱਟ ਲੱਗਣ ਕਾਰਨ ਮਰਦਾਨੇ ਨੂੰ ਬਹੁਤ ਪੀੜ ਹੋਈ, ਨਗਰ ਛੱਡ ਕੇ ਤੁਰਤ ਗੁਰੂ ਜੀ ਵੱਲ ਚਲ ਪਏ। ਲਾਲੋ ਨੂੰ ਬੁਲਾ ਕੇ ਨਾਲ ਲੈ ਲਿਆ ਅਤੇ ਓਥੇ ਆ ਗਏ ਜਿਥੇ ਗੁਰੂ ਜੀ ਬੈਠੇ ਸਨ॥ ੧੫॥

ਭੁਰਜੇ ਦਾਨੇ ਕਛੁਕ ਤਿਆਰੀ। ਲੇ ਸੋ ਲਾਲੋ ਧਰੇ ਅਗਾਰੀ।
ਪਾਇਨ ਪਾਸ ਉਪਾਇਨ ਕਰਿਕੈ। ਕਹਜੋ ਜੋਰਿ ਕਰ ਸਿਰ ਧਰ ਧਰਿ ਕੈ॥੧੬॥

ਕੁਝ ਭੁੱਜੇ ਦਾਣੇ ਲਾਲੋ ਆਪਣੇ ਨਾਲ ਲੈ ਕੇ ਆਇਆ ਸੀ, ਉਹ ਉਸ ਨੇ ਲਿਆ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੇ। ਚਰਨਾਂ ਪਾਸ ਭੇਟ ਰੱਖ ਕੇ, ਲਾਲੋ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੧੬॥

ਕਹਿਨ ਲਗਾ 'ਬੀਤਜੋ ਚਿਰ ਕਾਲਾ। ਰਾਵਰ ਦਰਸ਼ਨ ਦੀਨ ਦਯਾਲਾ'।
ਕੁਸ਼ਲ ਪ੍ਰਸ਼ਨ ਕਰਿ ਕੈ ਸੰਗ ਤਾਂਹੀ। ਬੈਠਾਰਜੋ ਪ੍ਰਭੁ ਆਪਨ ਪਾਹੀ॥੧੭॥

ਲਾਲੋ ਕਹਿਣ ਲੱਗਾ, "ਹੇ ਦੀਨ ਦਿਆਲ ! ਆਪ ਜੀ ਦੇ ਦਰਸ਼ਨ ਕੀਤਿਆਂ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਹੈ।" ਉਸ ਨੂੰ ਸੁਖ ਸਾਂਦ ਪੁੱਛ ਕੇ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬਿਠਾ ਲਿਆ॥ ੧੭॥

ਬਹੁਰੋ ਦੋਊ ਸੰਤ ਸੁ ਪੂਛੇ। 'ਕਿਸ ਬਿਧਿ ਹਟਿ ਆਏ ਤੁਮ ਛੂਛੇ?'।
ਸੁਨਤਿ ਫਕੀਰਨ ਸਰਬ ਬਤਾਈ। ਮਰਦਾਨੇ ਕੀ ਚੋਟ ਦਿਖਾਈ॥੧੮॥

ਫਿਰ ਦੋਵਾਂ ਸੰਤਾਂ ਨੂੰ ਪੁਛਿਆ, "ਕਿਸ ਤਰ੍ਹਾਂ ਤੁਸੀਂ ਦੋਵੇਂ ਖਾਲੀ ਹੱਥ ਵਾਪਸ ਆ ਗਏ ਹੋ?" ਇਹ ਸੁਣ ਕੇ ਸੰਤਾਂ ਨੇ ਸਭ ਕੁਝ ਦੱਸ ਦਿੱਤਾ ਅਤੇ ਮਰਦਾਨੇ ਨੂੰ ਜਿਥੇ ਸੱਟ ਲੱਗੀ ਸੀ, ਉਹ ਵਿਖਾਈ॥ ੧੮॥

'ਪਾਮਰ ਪੁਰਖ ਰਹੈਂ ਪੁਰਿ ਮਾਂਹੀ। ਹਰਿ ਸੰਤਨ ਜਹਿਂ ਆਦਰ ਨਾਂਹੀ।
ਸੇਵਾ ਕਰਨੀ ਰਹੀ ਸੁ ਰੀਤੀ। ਬੇਮੁਖ ਦਿਯ ਦੁਖ ਕਿਯ ਬਿਪਰੀਤੀ॥੧੯॥

"ਇਸ ਨਗਰ ਵਿਚ ਬੜੇ ਨੀਚ ਲੋਕ ਰਹਿੰਦੇ ਹਨ, ਹਰੀ ਦੇ ਸੰਤਾਂ ਪ੍ਰਤੀ ਇਨ੍ਹਾਂ ਦੇ ਮਨ ਵਿਚ ਰਤਾ ਵੀ ਆਦਰ ਨਹੀਂ ਹੈ। ਸੇਵਾ ਕਰਨ ਦੀ ਜੋ ਰੀਤੀ ਰਹੀ ਹੈ, ਉਸ ਤੋਂ ਬੇਮੁੱਖ ਹੋ ਕੇ ਉਲਟੀ ਰੀਤੀ ਅਨੁਸਾਰ ਸੰਤਾਂ ਨੂੰ ਸਗੋਂ ਦੁੱਖ ਦਿੰਦੇ ਹਨ"॥ ੧੯॥

ਸੁਨਤਿ ਅਵੱਗਜਾ ਸੰਤਨ ਕੇਰੀ। ਰਿਸ ਉਪਜੀ ਮਨ ਮਾਂਹਿ ਘਨੇਰੀ।
ਤਿਹ ਛਿਨ ਲਾਲੋ ਸਨਮੁਖ ਬੈਸਾ। ਤਿਹ ਸੋਂ ਕਹਜੋ ਸ਼ਬਦ ਮੁਖ ਐਸਾ॥੨੦॥

ਸੰਤਾਂ ਦੀ ਬੇਇੱਜ਼ਤੀ ਹੋਈ ਸੁਣ ਕੇ, ਗੁਰੂ ਜੀ ਦੇ ਮਨ ਵਿਚ ਰੋਸ ਪੈਦਾ ਹੋਇਆ। ਉਸ ਵੇਲੇ ਲਾਲੋ ਸਾਹਮਣੇ ਬੈਠਾ ਸੀ, ਉਸ ਨੂੰ ਆਪਣੇ ਮੁੱਖ ਨਾਲ ਇਸ ਤਰ੍ਹਾਂ ਕਿਹਾ॥ ੨੦॥

ਜਿਹਤੇ ਦੁਸ਼ਟ ਪਠਾਨ ਕੁਚਾਲੇ। ਮਰੈਂ ਪਾਇਕੈ ਕਸ਼ਟ ਬਿਸਾਲੇ।
ਤਿਨ ਕੀ ਸਫਾ ਉਠਾਵਨ ਹੇਤੂ। ਬੋਲੇ ਬਚ ਬੇਦੀ ਕੁਲਕੇਤੂ॥ ੨੧॥

"ਜਿਹੜੇ ਦੁਸ਼ਟ ਪਠਾਣਾਂ ਨੇ ਪੁੱਠੇ ਚਾਲੇ ਫੜੇ ਹੋਏ ਹਨ, ਉਹ ਬੜਾ ਦੁਖ ਪਾ ਕੇ ਮਰਨਗੇ।" ਉਨ੍ਹਾਂ ਦਾ ਅੰਤ ਕਰਨ ਵਾਸਤੇ ਗੁਰੂ ਜੀ ਨੇ ਹੇਠਾਂ ਲਿਖੇ ਸ਼ਬਦ ਦਾ ਉਚਾਰਨ ਕੀਤਾ॥ ੨੧॥

*ਤਿਲੰਗ ਮਹਲਾ ੧॥*

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।*
*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥*

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ ੧ ॥ (ਪੰਨਾ ੭੨੨)

ਹੇ ਲਾਲੋ! ਜਿਸ ਤਰ੍ਹਾਂ ਦਾ ਸਵਾਮੀ ਦਾ ਸ਼ਬਦ ਮੈਨੂੰ ਆਉਂਦਾ ਹੈ, ਉਹੋ ਜਿਹਾ ਹੀ ਮੈਂ ਉਚਾਰਨ ਕਰਦਾ ਹਾਂ। ਗੁਨਾਹ ਦੀ ਜੰਞ ਲੈ ਕੇ ਬਾਬਰ ਕਾਬਲ ਤੋਂ ਮਾਰੋ ਮਾਰ ਕਰਦਾ ਆ ਰਿਹਾ ਹੈ ਅਤੇ ਜ਼ਬਰਦਸਤੀ ਇਸ ਧਰਤੀ ਆਦਿ ਦੇ ਨਜ਼ਰਾਨੇ ਦੀ ਮੰਗ ਕਰਦਾ ਹੈ। ਸ਼ਰਮ ਤੇ ਧਰਮ ਦੋਵੇਂ ਹੀ ਅਲੋਪ ਹੋ ਗਏ ਹਨ ਅਤੇ ਝੂਠ ਆਗੂ ਹੋਇਆ ਫਿਰਦਾ ਹੈ। ਕਾਜ਼ੀਆਂ ਅਤੇ ਬ੍ਰਾਹਮਣਾਂ ਦਾ ਕੰਮ ਧੰਦਾ ਮੁੱਕ ਗਿਆ ਹੈ ਅਤੇ ਹੁਣ ਵਿਆਹ ਦੀ ਰਸਮ ਸ਼ੈਤਾਨ ਹੀ ਪੜ੍ਹਦਾ ਹੈ। ਮੁਸਲਮਾਨ ਔਰਤਾਂ ਕੁਰਾਨ ਪੜ੍ਹਦੀਆਂ ਹਨ ਅਤੇ ਦੁੱਖ ਵਿਚ ਅੱਲਾ ਅੱਲਾ ਪੁਕਾਰਦੀਆਂ ਹਨ। ਉੱਚੀ ਅਤੇ ਨੀਵੀਂ ਜਾਤੀ ਦੀਆਂ ਹਿੰਦੂ ਔਰਤਾਂ ਦਾ ਵੀ ਇਹੋ ਹਾਲ ਹੈ। ਹੇ ਨਾਨਕ! ਖ਼ੂਨ ਦੇ ਸੋਹਲੇ ਗਾਏ ਜਾਂਦੇ ਹਨ ਅਤੇ ਲਹੂ ਦਾ ਕੇਸਰ ਛਿੜਕਿਆ ਜਾਂਦਾ ਹੈ॥ ੧॥

ਚੌਪਈ- ਇਸਕੋ ਕਰਿਹੌਂ ਅਰਥ ਬਖਾਨ। ਸੁਨੀਏ ਸ੍ਰੋਤਾ ਦੇਕਰਿ ਕਾਂਨ।
ਲਾਲੋ ਸੌਂ ਗੁਰ ਗਿਰਾ ਅਲਾਇ। 'ਐਸੇ ਨਹਿਂ ਮਨ ਮਹਿਂ ਤੂੰ ਲਜਾਇ ॥੨੨ ॥

ਇਸ ਦੇ ਅਰਥ ਬਿਆਨ ਕਰਦਾ ਹਾਂ, ਹੇ ਸਰੋਤਾਗਨ ਕੰਨ ਦੇ ਕੇ ਸੁਣੋ। ਫਿਰ ਗੁਰੂ ਜੀ ਨੇ ਲਾਲੋ ਨੂੰ ਕਿਹਾ, "ਤੂੰ ਮਨ ਵਿਚ ਇਸ ਤਰ੍ਹਾਂ ਨਾ ਲਿਆ॥ ੨੨॥

ਸ੍ਰਾਪ ਦੇਤਿ ਰੋਸ ਮਨ ਕੀਨੋ। ਸਾਹਿਬ ਕੀ ਆਇਸੁ ਹੀ ਚੀਨੋ।
ਜਜੋਂ ਵਾਹਿਗੁਰੂ ਕਰਤਿ ਰਜਾਈ। ਤੈਸੇ ਹੀ ਮੈਂ ਕਹਤਿ ਬਨਾਈ ॥੨੩ ॥

ਮੈਂ ਮਨ ਵਿਚ ਗੁੱਸਾ ਕਰਕੇ ਸਰਾਪ ਨਹੀਂ ਦਿੱਤਾ। ਸਾਹਿਬ ਦੀ ਆਗਿਆ ਹੀ ਮੰਨੀ ਹੈ, ਜਿਵੇਂ ਵਾਹਿਗੁਰੂ ਹੁਕਮ ਕੀਤਾ ਹੈ, ਉਸ ਤਰ੍ਹਾਂ ਹੀ ਮੈਂ ਬਣਾ ਕੇ ਕਿਹਾ ਹੈ॥ ੨੩॥

ਲੋਕਨ ਇਹਾਂ ਪਾਪ ਜੋ ਕੀਨੋਂ। ਸੋ ਕਾਬਲ ਮਹਿਂ ਤਨ ਧਰਿ ਲੀਨੋਂ।
ਅਘ ਕੋ ਫਲ ਦੁਖ ਦੇਹਿ ਘਨੇਰਾ। ਬਿਨ ਦੀਨੇ ਨਹਿਂ ਹੋਇ ਨਿਬੇਰਾ ॥੨੪ ॥

ਲੋਕਾਂ ਨੇ ਏਥੇ ਜਿਹੜੇ ਪਾਪ ਕੀਤੇ ਹਨ, ਉਨ੍ਹਾਂ ਪਾਪਾਂ ਨੇ ਕਾਬਲ ਵਿਚ ਸਰੀਰ ਧਾਰਨ ਕਰ ਲਿਆ ਹੈ, ਪਾਪਾਂ ਦੇ ਫਲ ਸਰੂਪ ਵਾਹਿਗੁਰੂ ਬਹੁਤ ਦੁੱਖ ਦੇਵੇਗਾ, ਕਿਉਂਕਿ ਦੁੱਖ ਦੇਣ ਤੋਂ ਬਗੈਰ ਨਿਬੇੜਾ ਨਹੀਂ ਹੋਵੇਗਾ॥ ੨੪॥

ਦੋਹਰਾ-ਮੁਗ਼ਲ ਰੂਪ ਧਰਿ ਆਵਈ ਮਾਂਗਹਿ ਬਲ ਸੋਂ ਦਾਨ।
ਸਰਮ ਧਰਮ ਕਲਿ ਕਾਲ ਮਹਿਂ ਭਈ ਸਰਬ ਕੀ ਹਾਨ॥ ੨੫ ॥

ਮੁਗ਼ਲ ਰੂਪ ਧਾਰਨ ਕਰਕੇ ਆਵੇਗਾ ਅਤੇ ਤਾਕਤ ਨਾਲ ਦਾਨ ਮੰਗੇਗਾ, ਭਾਵ ਲੁਟੇਗਾ। ਕਲਿਜੁਗ ਦੇ ਸਮੇਂ ਸ਼ਰਮ ਅਤੇ ਧਰਮ ਦੋਵਾਂ ਦੀ ਹਾਨੀ ਹੋਵੇਗੀ॥ ੨੫॥

ਚੌਪਈ- ਮੰਤ੍ਰੀ ਫਿਰਹਿਂ ਕੂਰ ਅਬ ਹੋਈ। ਪੁਨ ਕਾਜ਼ੀ ਦਿਜਬਰ ਹੈਂ ਜੋਈ।
ਤਿਨ ਕੋ ਕਹਜੋ ਨ ਮਾਨੈ ਕੋਈ। ਕਰਹਿਂ ਨਿਕਾਹ ਸ਼ਤਾਨੀ ਸੋਈ ॥੨੬ ॥

ਅਮੀਰ ਵਜ਼ੀਰ ਭੱਜੇ ਫਿਰਨਗੇ ਤੇ ਹੁਣ ਕੂੜ ਦਾ ਵਰਤਾਰਾ ਹੋਵੇਗਾ, ਫਿਰ ਕਾਜ਼ੀ ਅਤੇ ਬ੍ਰਾਹਮਣ ਜਿਹੜੇ ਹਨ, ਉਨ੍ਹਾਂ ਦਾ ਕਿਹਾ ਕੋਈ ਨਹੀਂ ਮੰਨੇਗਾ, ਸ਼ੈਤਾਨ ਆ ਕੇ ਨਿਕਾਹ ਪੜ੍ਹੇਗਾ॥ ੨੬॥

ਅੰਗਨਾ ਸੁੰਦਰ ਦੇਖਿ ਲੁਭਾਈਂ। ਬਲ ਸੋਂ ਭੋਗਹਿਂ ਲੇਹਿਂ ਮੰਗਾਈ।
ਪੜ੍ਹੇ ਕਤੇਬਾਂ ਮੁੱਸਲਮਾਨੀ। ਕਹੈਂ ਖ਼ੁਦਾਇ ਸਰਬ ਮਹਿਂ ਜਾਨੀ॥ ੨੭॥

ਬਾਬਰ ਦੇ ਫੌਜਦਾਰ ਸੁੰਦਰ ਇਸਤਰੀਆਂ ਨੂੰ ਵੇਖ ਕੇ ਲਲਚਾ ਜਾਣਗੇ ਤੇ ਜ਼ਬਰਦਸਤੀ ਚੁਕ ਕੇ ਆਪਣੇ ਪਾਸ ਮੰਗਵਾ ਕੇ ਭੋਗ ਬਿਲਾਸ ਕਰਨਗੇ। ਮੁਸਲਮਾਨ ਔਰਤਾਂ ਕੁਰਾਨ ਪੜ੍ਹਨਗੀਆਂ ਅਤੇ ਸਾਰਿਆਂ ਵਿਚ ਇਕ ਖ਼ੁਦਾ ਜਾਣ ਕੇ ਅੱਲਾ ਦਾ ਨਾਂ ਲੈਣਗੀਆਂ॥ ੨੭॥

ਦੇਤਿ ਗ਼ਰੀਬਨ ਕੌ ਦੁਖ ਭਾਰੀ। ਤਿਹਂ ਕੋ ਫਲ ਹੁਇ ਕਸ਼ਟ ਅਪਾਰੀ।
ਜਬਹਿ ਮਾਰ ਪਰਿਹੈ ਤਿਨ ਤਾਈਂ। ਹੇ ਖ਼ੁਦਾਇ ਕਜਾ ਕਰਹਿਂ ਅਲਾਈ॥੨੮॥

ਉਹ ਗ਼ਰੀਬਾਂ ਨੂੰ ਬਹੁਤ ਭਾਰੀ ਦੁੱਖ ਦੇਵੇਗਾ, ਇਹ ਲੋਕ ਅਜਿਹੇ ਭੈੜੇ ਕੰਮਾਂ ਦਾ ਫਲ ਕਰਕੇ ਭਾਰੀ ਕਸ਼ਟ ਸਹਿਣਗੇ। ਜਦ ਇਨ੍ਹਾਂ ਨੂੰ ਮਾਰ ਪਵੇਗੀ, ਫਿਰ ਇਹ ਇੰਝ ਕਹਿਣਗੇ, "ਹੇ ਖ਼ੁਦਾ ਕੀ ਕਰੀਏ"॥ ੨੮॥

ਦੋਹਰਾ- ਨੀਚ ਜਾਤਿ ਪੁਨ ਹਿੰਦੁਨੀ ਗਹਿ ਮੰਗਵਾਵਹਿ ਸੋਇ।
ਗਾਇਂ ਖ਼ੂਨ ਕੇ ਸੋਹਿਲੇ ਰਤ ਕਾ ਕੁੰਗੂ ਹੋਇ॥ ੨੯॥

ਨੀਚ ਜਾਤੀ ਅਤੇ ਉਚੀ ਜਾਤੀ ਦੀਆਂ ਹਿੰਦੂ ਔਰਤਾਂ ਨੂੰ ਫੜ ਕੇ ਮੰਗਵਾਉਣਗੇ। ਖ਼ੂਨ ਦੇ ਸੋਹਲੇ ਗਾਉਣਗੇ ਅਤੇ ਲਹੂ ਦਾ ਕੇਸਰ ਛਿੜਕਿਆ ਜਾਵੇਗਾ"॥ ੨੯॥

ਚੌਪਈ- ਲਾਲੋ ਬੈਠੋ ਹੁਤੋ ਅਗਾਰੀ। ਸੁਨਿ ਬੂਝਨ ਹਿਤ ਗਿਰਾ ਉਚਾਰੀ।
'ਮੁਗ਼ਲੇ ਆਵਹਿਂ ਕਰਹਿਂ ਲਰਾਈ। ਜਾਂ ਕੀ ਬ੍ਰਿਥਾ ਕਹੋ ਜਗਰਾਈ! ॥੩੦॥

ਲਾਲੋ ਗੁਰੂ ਜੀ ਦੇ ਅੱਗੇ ਬੈਠਾ ਸੀ, ਪੁਛਣ ਵਾਸਤੇ ਉਹ ਬੋਲਿਆ, "ਮੁਗ਼ਲ ਆ ਕੇ ਲੜਾਈ ਕਰਨਗੇ, ਹੇ ਗੁਰੂ ਜੀ! ਇਸ ਬਾਰੇ ਸਾਰਾ ਬ੍ਰਿਤਾਂਤ ਸਾਨੂੰ ਸੁਣਾਉ॥ ੩੦॥

ਕਬ ਲੌ ਰਾਜ ਕਰੈਂ ਜਗ ਮਾਂਹੀ। ਪੁਨ ਧਰਨੀ ਤੇ ਸੋ ਕਬ ਜਾਹੀਂ।
ਖਾਨ ਮਹਾਂ ਮਦ ਅੰਧ ਰਹਾਵਹਿਂ। ਕਰੀ ਅਵੱਗਜਾ ਤਸ ਫਲ ਪਾਵਹਿਂ॥੩੧॥

ਉਹ ਕਦ ਤਕ ਦੇਸ਼ ਵਿਚ ਰਾਜ ਕਰਨਗੇ ਅਤੇ ਫਿਰ ਧਰਤੀ ਤੋਂ ਕਦ ਜਾਣਗੇ। ਪਠਾਣ ਜਿਹੜੇ ਹਰ ਵੇਲੇ ਸ਼ਰਾਬ ਵਿਚ ਅੰਨ੍ਹੇ ਰਹਿੰਦੇ ਹਨ, ਜਿਹੜੀ ਉਨ੍ਹਾਂ ਅਵੱਗਿਆ ਕੀਤੀ ਹੈ ਉਸ ਦਾ ਫਲ ਪਾਉਣਗੇ"॥ ੩੧॥

ਦੋਹਰਾ- ਲਾਲੋ ਤੇ ਸੁਨਿ ਸ੍ਰੌਨ ਮਹਿ ਪੁਨ ਭਾਖੇ ਬਚ ਕ੍ਰੂਰ।
ਕਹਿਤਜੋ ਜਿਨ ਕੇ ਖ਼ਾਨਕੀ ਦਈ ਸਫਾ ਕਰਿ ਦੂਰ॥ ੩੨॥

ਲਾਲੋ ਦੀ ਗੱਲ ਸੁਣ ਕੇ ਗੁਰੂ ਜੀ ਨੇ ਸਖਤ ਬਚਨ ਬੋਲੇ, ਜਿੰਨੇ ਵੀ ਦੇਖੋ ਅਮੀਰ ਪਠਾਣ ਹਨ ਸਭ ਦਾ ਸਫਾਇਆ ਕਰ ਦੇਵੇਗਾ॥ ੩੨॥

*ਸ੍ਰੀ ਮੁਖਵਾਕ॥*

*ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥*
*ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥*
*ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥*
*ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥*

*ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥*

*ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥ ੨ ॥ ੩ ॥ ੫ ॥* (ਪੰਨਾ ੭੨੩)

ਲਾਸ਼ਾਂ ਦੇ ਸ਼ਹਿਰ ਵਿਚ ਨਾਨਕ ਪ੍ਰਭੂ ਦੀਆਂ ਸਿਫਤਾਂ ਗਾਉਂਦਾ ਹੈ ਤੇ ਇਹ ਮਸਲਾ ਉਚਾਰਦਾ ਹੈ। ਜਿਸ ਨੇ ਜੀਵ ਸਾਜੇ ਹਨ ਅਤੇ ਉਨ੍ਹਾਂ ਨੂੰ ਭੋਗ ਬਿਲਾਸਾਂ ਵਿਚ ਲਾਇਆ ਹੈ, ਉਹ ਨਿਵੇਕਲਾ ਤੇ ਇਕੱਲਾ ਬੈਠਾ ਉਨ੍ਹਾਂ ਨੂੰ ਵੇਖ ਰਿਹਾ ਹੈ। ਉਹ ਸੁਆਮੀ ਸੱਚਾ ਹੈ, ਉਸ ਦਾ ਫੈਸਲਾ ਸੱਚਾ ਹੈ, ਉਹ ਸੱਚੇ ਇਨਸਾਫ ਵਾਲਾ ਹੁਕਮ ਜਾਰੀ ਕਰਦਾ ਹੈ। ਸਰੀਰ ਦੇ ਕਪੜੇ ਲੀਰੋ-ਲੀਰ ਕਰ ਦਿੱਤੇ ਜਾਣਗੇ, ਤਦ ਹਿੰਦੋਸਤਾਨ ਮੇਰੇ ਬਚਨਾਂ ਨੂੰ ਯਾਦ ਕਰੇਗਾ। ਬਾਬਰ ੧੫੭੮ ਬਿਕਰਮੀ ਵਿਚ ਆਵੇਗਾ ਅਤੇ ੧੭੯੭ ਬਿਕਰਮੀ ਵਿਚ ਮੁਗਲਾਂ ਦਾ ਰਾਜ ਖਤਮ ਹੋ ਜਾਵੇਗਾ। ਤਦ ਇਕ ਹੋਰ ਸੂਰਮੇ ਦਾ ਮੁਰੀਦ ਉਠੇਗਾ। ਨਾਨਕ ਸੱਚ ਦੇ ਬਚਨ ਉਚਾਰਨ ਕਰਦਾ ਹੈ ਅਤੇ ਠੀਕ ਵਕਤ ਉਤੇ ਸੱਚ ਸੁਣਾਉਂਦਾ ਹੈ॥ ੨॥ ੩॥ ੫॥

ਦੋਹਰਾ-ਸ੍ਰੀ ਨਾਨਕ ਪੂਰਨ ਪੁਰਖ ਸਾਹਿਬ ਕੇ ਗੁਨ ਗਾਇ।
ਦੇਹਿ ਇਨ੍ਹਾਂ ਕੀ ਜੀਅ ਜੋ ਭਿੰਨ ਭਿੰਨ ਹ੍ਵੈ ਜਾਇ॥ ੩੩ ॥

ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਪੁਰਖ ਸੁਆਮੀ ਦੇ ਗੁਣ ਗਾਉਂਦੇ ਹਨ। ਇਨ੍ਹਾਂ ਜ਼ਾਲਮ ਪਠਾਣਾਂ ਦੀ ਦੇਹ ਅਤੇ ਆਤਮਾ ਵੱਖ-ਵੱਖ ਹੋ ਜਾਵੇਗੀ ਭਾਵ ਇਹ ਮਰ ਜਾਣਗੇ॥ ੩੩॥

ਚੌਪਈ- ਮਾਸ ਪੁਰੀ ਇਹ ਥਲ ਹੁਇ ਜਾਵਹਿ। ਇਸ ਬਿਧਿ ਮਸਲਾ ਕਰ ਦਿਖਰਾਵਹਿ।
ਜਿਸਨੈ ਸਰਬ ਜਗਤ ਉਪਜਾਯੋ। ਅਨਿਕ ਪ੍ਰਕਾਸ਼ ਰੰਗ ਦਿਖਰਾਯੋ॥ ੩੪ ॥

ਇਸ ਥਲ ਉਤੇ ਮਾਸ ਹੀ ਮਾਸ ਖਿਲਰ ਜਾਵੇਗਾ, ਇਸ ਵਿਧੀ ਅਨੁਸਾਰ ਧਰਮ ਦੀ ਗੱਲ ਕਰ ਕੇ ਵਿਖਾਵੇਗਾ। ਜਿਸ ਸਵਾਮੀ ਨੇ ਸਾਰਾ ਜਗਤ ਪੈਦਾ ਕੀਤਾ ਹੈ, ਅਨੇਕ ਪ੍ਰਕਾਸ਼ ਕਰਕੇ ਕਈ ਪ੍ਰਕਾਰ ਦੇ ਰੰਗ ਵਿਖਾਏ ਹਨ॥ ੩੪॥

ਤਿਸ ਸਾਹਿਬ ਤੇ ਹੁਇ ਪ੍ਰਤਿਕੂਲੇ। ਬਿਸ਼ਿਯਨ ਮਹਿਂ ਫਸਿ ਸਭਿ ਸੁਧ ਭੂਲੇ।
ਪਿਖਹਿ ਸੁ ਨਜਾਰੇ ਹੋਇ ਤਮਾਸ਼ੇ। ਸੱਚਾ ਸਾਹਿਬ ਨਜਾਉ ਸੱਚਾ ਸੋ॥ ੩੫ ॥

ਉਹ ਸਾਹਿਬ ਦੀ ਆਗਿਆ ਦੇ ਉਲਟ ਚਲ ਰਹੇ ਹਨ, ਵਿਸ਼ੇ ਵਿਕਾਰਾਂ ਵਿਚ ਪੈ ਕੇ ਸਭ ਸੁਧ ਭੁੱਲ ਗਏ ਹਨ। ਇਹ ਨਹੀਂ ਸਮਝਦੇ ਕਿ ਪ੍ਰਭੂ ਨਿਆਰਾ ਹੋ ਕੇ ਤਮਾਸ਼ਾ ਵੇਖ ਰਿਹਾ ਹੈ। ਸੱਚਾ ਸਾਹਿਬ ਹੈ ਅਤੇ ਸੱਚਾ ਉਸ ਦਾ ਇਨਸਾਫ ਹੈ॥ ੩੫॥

ਮਸਲੇ ਮੂਜਬ ਕਰਿਹੈ ਸੋਈ। ਕਾਇਆਂ ਕੱਪੜ ਟੂਕ ਟੂਕ ਹੋਈ।
ਜਸ ਅਘ ਕਿਯ ਤਸ ਹ੍ਵੈ ਦੁਖ ਭਾਰੀ। ਸ਼੍ਰੋਨਿਤ ਪਸਰਹਿ ਧਰਨਿ ਮਝਾਰੀ॥੩੬ ॥

ਸੱਚਾ ਸਾਹਿਬ ਧਰਮ ਅਨੁਸਾਰ ਹੀ ਸਭ ਕੁਝ ਕਰ ਰਿਹਾ ਹੈ। ਸਰੀਰ ਦੇ ਕਪੜੇ ਲੀਰੋ-ਲੀਰ ਹੋ ਜਾਣਗੇ, ਜਿਸ ਤਰ੍ਹਾਂ ਕਿਸੇ ਪਾਪ ਕੀਤਾ ਹੈ, ਉਸ ਤਰ੍ਹਾਂ ਦਾ ਹੀ ਦੁੱਖ ਪਾਵੇਗਾ। ਧਰਤੀ ਉਤੇ ਸਾਰੇ ਲਹੂ ਪੱਸਰ ਜਾਵੇਗਾ॥ ੩੬॥

ਦੋਹਰਾ-ਹਿੰਦੁਸਤਾਨ ਕੋ ਬੋਲ ਜੋ ਆਨ ਸਮਾਲਹਿ ਸੋਇ।
ਪੰਦਰਹਿ ਸੈ ਪੁਨ ਅਠਤਰੇ ਆਵਨ ਤਿਨ ਕੋ ਹੋਇ॥ ੩੭ ॥

ਹਿੰਦੋਸਤਾਨ ਦਾ ਰਾਜ ਉਹ ਆ ਕੇ ਸੰਭਾਲ ਲਵੇਗਾ, ਪੰਦਰਾਂ ਸੌ ਅਠੱਤਰ ਨੂੰ ਉਹ ਹਿੰਦੋਸਤਾਨ ਵਿਚ ਆਵੇਗਾ॥ ੩੭॥

ਚੌਪਈ-ਸੱਤ੍ਰਾਂ ਸੈ ਸਤਾਨਵੇਂ ਮਾਂਹੀ। ਸਫਾ ਦੂਰ ਤਿਨ ਕੀ ਹ੍ਵੈ ਜਾਹੀ।
ਦੋਸੈ ਬਹੁਰੋ ਬਰਖ ਉਨੀਸੰ। ਕਰਹਿਂ ਰਾਜ ਹੋਵਹਿ ਅਵਨੀਸੰ॥ ੩੮ ॥

ਸਤਾਰਾਂ ਸੌ ਸਤਾਨਵੇਂ ਨੂੰ ਉਸ ਦਾ ਸਫਾਇਆ ਹੋ ਜਾਵੇਗਾ। ਦੋ ਸੌ ਉਨੀ ਵਰ੍ਹੇ ਉਹ ਰਾਜ ਕਰੇਗਾ ਅਤੇ ਕਈ ਮੁਗਲ ਬਾਦਸ਼ਾਹ ਰਾਜ ਕਰਨਗੇ॥ ੩੮॥

ਨਰ ਅਵਤਾਰ ਹਮਾਰਾ ਹੋਇ। ਚੇਲਾ ਤਾਂਹਿ ਖਾਲਸਾ ਜੋਇ।
ਦਸ ਪਤਿਸ਼ਾਹੀ ਕਰਿਹੋਂ ਜਬਹੀ। ਪੀਛੈ ਹੋਇ ਖਾਲਸਾ ਤਬਹੀ ॥ ੩੯ ॥

ਅਸੀਂ ਫਿਰ ਜਦ ਮਨੁੱਖੀ ਜਾਮੇ ਵਿਚ ਅਵਤਾਰ ਧਾਰਨ ਕਰਾਂਗੇ ਤਾਂ ਖਾਲਸਾ ਸਾਡਾ ਚੇਲਾ ਹੋਵੇਗਾ। ਜਦ ਦਸ ਪਾਤਸ਼ਾਹੀਆਂ ਹੋਣਗੀਆਂ ਤਾਂ ਪਿਛੋਂ ਖਾਲਸਾ ਹੋਵੇਗਾ॥ ੩੯ ॥

ਸਨੈ ਸਨੈ ਸੋ ਲੇਵਹਿ ਛੀਨੰ। ਤਬ ਤੁਰਕਨ ਹੋਵਹਿ ਬਲ ਹੀਨੰ।
ਕਰਹਿਂ ਪਰਸਪਰ ਮੇਲ ਜਿ ਸੋਊ। ਬਧੈ ਰਾਜ ਦੁਸ਼ਟਨ ਘਰ ਖੋਊ ॥ ੪੦ ॥

ਹੌਲੀ-ਹੌਲੀ ਜਦ ਮੁਗਲਾਂ ਨੂੰ ਲੁੱਟ ਲੈਣਗੇ ਤਾਂ ਤੁਰਕਾਂ ਦੀ ਤਾਕਤ ਕਮਜ਼ੋਰ ਹੋ ਜਾਵੇਗੀ। ਜੇ ਖਾਲਸਾ ਆਪਿਸ ਵਿਚ ਮਿਲ ਕੇ ਰਹੇਗਾ ਤਾਂ ਦੁਸ਼ਟਾਂ ਦੇ ਘਰ ਖੋਹ ਕੇ ਉਸ ਦਾ ਰਾਜ ਵਧੇਗਾ॥ ੪੦ ॥

ਆਪਸ ਮਹਿਂ ਜੇ ਕਰਹਿਂ ਲਰਾਈ। ਰਿਸ ਬਸਿ ਹੁਇ ਕੈ, ਸੋ ਦੁਖ ਪਾਈਂ।
ਨਾਨਕ ਬਾਨੀ ਸੱਚ ਵਖਾਨਹਿ। ਪਰਗਟ ਹ੍ਵੈ ਨਰ ਤਬਹੀ ਜਾਨਹਿਂ ॥ ੪੧ ॥

ਜੇ ਆਪਿਸ ਵਿਚ ਗੁੱਸੇ ਦੇ ਵੱਸ ਹੋ ਕੇ ਲੜਾਈ ਕਰਨਗੇ ਤਾਂ ਦੁੱਖ ਪਾਉਣਗੇ। ਗੁਰੂ ਨਾਨਕ ਜੀ ਨੇ ਸੱਚੀ ਬਾਣੀ ਕਹੀ ਹੈ। ਜਦ ਨਰ ਅਵਤਾਰ ਪਰਗਟ ਹੋਵੇਗਾ ਤਦ ਹੀ ਜਾਣਨਗੇ ਹੈ॥ ੪੧ ॥

ਸਰਬ ਖਾਨ ਅਬ ਹੋਇ ਨਿਦਾਨਾ। ਚਲਹਿ ਤੁਫੰਗ ਕਟਾਰ ਕ੍ਰਿਪਾਨਾ।
ਪੁਰਿ ਲੁਟਿ ਜਾਇ ਤ੍ਰਾਸ ਬਹੁ ਹੋਈ। ਨਹੀਂ ਸਬੂਤ ਬਚੈ ਅਬ ਕੋਈ ॥ ੪੨ ॥

ਸਾਰੇ ਪਠਾਣਾਂ ਦਾ ਹੁਣ ਅੰਤ ਹੋਵੇਗਾ। ਬੰਦੂਕ, ਕਟਾਰ ਅਤੇ ਕਿਰਪਾਨਾਂ ਚਲਣਗੀਆਂ। ਸਾਰਾ ਨਗਰ ਲੁਟਿਆ ਜਾਵੇਗਾ ਅਤੇ ਬਹੁਤ ਡਰ ਛਾ ਜਾਵੇਗਾ। ਹੁਣ ਕੋਈ ਵੀ ਸਬੂਤਾ ਨਹੀ ਬਚੇਗਾ॥ ੪੨ ॥

ਇਹ ਪ੍ਰਸੰਗ ਸਭਿ ਗੁਰੂ ਬਖਾਨਾ। ਸੁਨਤਿ ਹੁਤੋ ਇਕ ਦਿਜ ਮਤਿਵਾਨਾ।
ਲਖ਼ਜੋ ਕਿ ਸੰਤ ਸੰਪੂਰਨ ਕੋਈ। ਉਚਰਜੋ ਸ਼ਬਦ ਗਜ਼ਬ ਕਾ ਜੋਈ ॥ ੪੩ ॥

ਇਹ ਸਾਰਾ ਪ੍ਰਸੰਗ ਗੁਰੂ ਜੀ ਨੇ ਬਿਆਨ ਕੀਤਾ। ਇਕ ਵਿਦਵਾਨ ਬ੍ਰਾਹਮਣ ਇਹ ਗੱਲਾਂ ਸੁਣ ਰਿਹਾ ਸੀ। ਉਸ ਨੇ ਵੇਖਿਆ ਇਹ ਕੋਈ ਪੂਰਣ ਸੰਤ ਹੈ, ਜਿਸ ਨੇ ਗਜ਼ਬ ਦਾ ਸ਼ਬਦ ਉਚਾਰਨ ਕੀਤਾ ਹੈ॥ ੪੩ ॥

ਉਰ ਡਰ ਧਰਿਕੈ ਸਦਨ ਸਿਧਾਰਾ। ਆਨਜੋ ਬਹੁ ਪਕਵਾਨ ਅਹਾਰਾ।
ਹੋਇ ਦੀਨ ਧਰਿ ਦੀਨ ਅਗਾਰੀ। ਹਾਥਿ ਜੋਰਿ ਕੈ ਗਿਰਾ ਉਚਾਰੀ ॥ ੪੪ ॥

ਹਿਰਦੇ ਵਿਚ ਡਰ ਧਾਰਨ ਕਰਕੇ ਘਰ ਨੂੰ ਚਲਾ ਗਿਆ, ਘਰ ਤੋਂ ਬਹੁਤ ਪਕਵਾਨ ਤਿਆਰ ਕਰਵਾ ਕੇ ਲਿਆਇਆ। ਨਿਮਰ ਹੋ ਕੇ ਗੁਰੂ ਜੀ ਦੇ ਅੱਗੇ ਧਰ ਦਿੱਤੇ ਅਤੇ ਹੱਥ ਜੋੜ ਕੇ ਬੋਲਿਆ॥ ੪੪ ॥

'ਇਹ ਅਹਾਰੁ ਦਿਹੁ ਸੰਤਨ ਖ੍ਵਾਈ। ਤ੍ਰਿਪਤੈਂ ਸਰਬ ਛੁਧਾ ਮਿਟਿ ਜਾਈ।
ਰਾਵਰ ਸਬਦੁ ਜੁ ਭਾਖਜੋ ਕੂਰਾ। ਲੁਟਨ ਨਗਰ ਖਾਨਨ ਹਿਤ ਦੂਰਾ ॥ ੪੫ ॥

"ਇਹ ਅਹਾਰ ਸੰਤਾਂ ਨੂੰ ਖਵਾ ਦੇਵੋ, ਤਾਂਕਿ ਇਨ੍ਹਾਂ ਦੀ ਭੁੱਖ ਮਿਟ ਜਾਵੇ ਤੇ ਇਹ ਸਾਰੇ ਤ੍ਰਿਪਤ ਹੋ ਜਾਣ। ਜੋ ਆਪ ਨੇ ਸਖ਼ਤ ਸ਼ਬਦ ਕਹੇ ਹਨ ਕਿ ਨਗਰ ਲੁਟਿਆ ਜਾਵੇਗਾ ਅਤੇ ਪਠਾਣਾਂ ਦਾ ਖਾਤਮਾ ਹੋ ਜਾਵੇਗਾ॥ ੪੫ ॥

ਸੋ ਨਿਜ ਬਚਨ ਫੇਰਿ ਕਰਿ ਦੀਜੈ॥ ਮਹਾਂਪੁਰਖ ਤੁਮ ਕਰੁਨਾ ਕੀਜੈ।
ਚਲਿ ਆਯੋ ਮੈਂ ਸ਼ਰਨਿ ਤੁਮਾਰੀ। ਅਬ ਹਮਰੀ ਕੀਜੈ ਰਖਵਾਰੀ' ॥ ੪੬ ॥

ਸੋ ਆਪਣੇ ਬਚਨ ਵਾਪਸ ਮੋੜ ਲਵੋ, ਤੁਸੀਂ ਮਹਾਂਪੁਰਖ ਹੋ, ਕਿਰਪਾ ਕਰੋ। ਮੈਂ ਚੱਲ ਕੇ ਤੁਹਾਡੀ ਸ਼ਰਨ ਆਇਆ ਹਾਂ, ਹੁਣ ਸਾਡੀ ਰੱਖਿਆ ਕਰੋ॥ ੪੬॥

ਸ੍ਰੀ ਗੁਰ ਕਹੈਂ 'ਸੁਨਹੁ ਦਿਜ ਐਸੇ। ਸੰਤ ਬਚਨ ਹੈਂ ਗਜ ਰਦ ਜੈਸੇ।
ਏਕ ਬਾਰ ਜੇ ਵਹਿਰ ਨਿਕਾਸੇ। ਪੁਨ ਪ੍ਰਵਿਸ਼ੈਂ ਨਹਿਂ ਕਰੇ ਪ੍ਰਯਾਸੇ॥੪੭॥

ਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ! ਇਸ ਤਰ੍ਹਾਂ ਸੁਣੋ, ਸੰਤ ਦਾ ਬਚਨ ਹਾਥੀ ਦੇ ਦੰਦ ਵਰਗਾ ਹੁੰਦਾ ਹੈ, ਇਕ ਵਾਰ ਜੇ ਬਾਹਰ ਕੱਢੀਏ, ਫਿਰ ਇਹ ਦੁਬਾਰਾ ਮੂੰਹ ਵਿਚ ਪ੍ਰਵੇਸ਼ ਨਹੀਂ ਕਰਦਾ॥ ੪੭॥

ਦੋਹਰਾ-ਖਾਨਨ ਸਭਿ ਕੋ ਅੰਤ ਹ੍ਵੈ ਬਚੈ ਨ ਇਹ ਥਲ ਕੋਇ।
ਬਖਸ਼ਜੋ ਤੂੰ ਅਬ ਜਾਵਦੀ ਮਿਲਜੋ ਦੀਨ ਮਨ ਹੋਇ॥ ੪੮॥

ਸਾਰੇ ਪਠਾਣਾਂ ਦਾ ਅੰਤ ਹੋਵੇਗਾ ਤੇ ਇਸ ਥਾਂ ਕੋਈ ਨਹੀਂ ਬਚੇਗਾ। ਤੂੰ ਕਿਉਂਕਿ ਹੁਣ ਦੀਨ ਮਨ ਹੋ ਕੇ ਆ ਮਿਲਿਆ ਹੈਂ, ਇਸ ਲਈ ਤੈਨੂੰ ਹੁਣ ਬਖਸ਼ ਦਿੰਦੇ ਹਾਂ॥ ੪੮॥

ਚੌਪਈ- ਹੇ ਦਿਜ! ਲਾਲੋ ਮਿਲਿਕੈ, ਦੋਊ। ਕਹੈਂ ਜਿ ਬਚਨ ਕਰਹੁ ਅਬ ਸੋਊ।
ਨਿਜ ਪਰਵਾਰ ਲੇਹੁ ਸੰਗਾਰੇ। ਅਪਨੀ ਸਭਿਹੀ ਵਸਤੁ ਸੰਭਾਰੇ॥੪੯॥

ਗੁਰੂ ਜੀ ਕਿਹਾ, "ਹੇ ਬ੍ਰਾਹਮਣ! ਲਾਲੋ ਤੇ ਤੁਸੀਂ ਮਿਲ ਕੇ ਇਸ ਤਰ੍ਹਾਂ ਕਰੋ ਜਿਵੇਂ ਅਸੀਂ ਬਚਨ ਕਹਿੰਦੇ ਹਾਂ, ਆਪਣੇ ਪਰਿਵਾਰ ਨੂੰ ਨਾਲ ਲੈ ਲਵੋ ਅਤੇ ਆਪਣੇ ਘਰ ਦੀਆਂ ਸਾਰੀਆਂ ਵਸਤਾਂ ਸੰਭਾਲ ਲਵੋ॥ ੪੯॥

ਚਤਰ ਕੋਸ ਪਰ ਅਬ ਤੁਮ ਜਾਈ। ਸੁਸ਼ਕ ਤੜਾਗ ਪਿਖਹੁ ਤਿਹ ਥਾਈਂ।
ਬੈਠੇ ਰਹਿਯੋ ਸਹਿਤ ਕੁਟੰਬਾ। ਪੁਰਿ ਕੋ ਛੋਰਹੁ ਬਿਨਾ ਬਿਲੰਬਾ॥੫੦॥

ਚਾਰ ਕੋਸ ਤੇ ਹੁਣ ਤੁਸੀਂ ਜਾਵੋ, ਉਸ ਥਾਂ ਇਕ ਸੁੱਕਾ ਤਾਲਾਬ ਵੇਖੋਗੇ। ਸਾਰਾ ਕੁਟੰਬ ਲੈ ਕੇ ਉਸ ਥਾਂ ਜਾ ਕੇ ਬੈਠ ਰਹੋ, ਕਿਸੇ ਦੇਰ ਤੋਂ ਬਗੈਰ ਨਗਰ ਨੂੰ ਛੱਡ ਦੇਵੋ॥ ੫੦॥

ਭੋਰ ਹੋਤਿ ਮੁਗਲਨ ਕੀ ਸੈਨਾ। ਆਇ ਇਹਾਂ ਲੂਟਹਿ ਸਭਿ ਐਨਾ।
ਸਭਿ ਪਠਾਨ ਕੋ ਪਠਿ ਜਮ ਦ੍ਵਾਰੇ। ਤ੍ਰਿਯਨ ਬਾਂਧ ਕਰਿ ਲੇਹਿਂ ਸੰਗਾਰੇ॥੫੧॥

ਸਵੇਰ ਹੁੰਦਿਆਂ ਹੀ ਮੁਗਲਾਂ ਦੀ ਸੈਨਾ ਏਥੇ ਆ ਜਾਵੇਗੀ ਅਤੇ ਸਾਰੇ ਘਰ ਲੁੱਟ ਲਵੇਗੀ। ਸਾਰੇ ਪਠਾਣਾਂ ਨੂੰ ਯਮਾਂ ਦੇ ਦਵਾਰ ਤੇ ਭੇਜ ਦੇਣਗੇ ਅਤੇ ਇਸਤਰੀਆਂ ਨੂੰ ਬੰਨ੍ਹ ਕੇ ਨਾਲ ਲੈ ਜਾਣਗੇ'॥ ੫੧॥

ਦੋਹਰਾ-ਸੁਨਿ ਕਰਿ ਲਾਲੋ ਦਿਜ ਦੁਊ ਸੱਤਜ ਲਖੇ ਸਭਿ ਬੈਨ।
ਦ੍ਰਿੜ ਪ੍ਰਤੀਤ ਹਿਰਦੇ ਕਰੀ ਗਏ ਤੁਰਤ ਨਿਜ ਐਨ॥ ੫੨॥

ਇਹ ਸੁਣ ਕੇ ਲਾਲੋ ਅਤੇ ਬ੍ਰਾਹਮਣ ਨੇ ਗੁਰੂ ਜੀ ਦੇ ਬਚਨਾਂ ਨੂੰ ਸੱਚਾ ਜਾਣਿਆ। ਹਿਰਦੇ ਵਿਚ ਦ੍ਰਿੜ੍ਹ ਪ੍ਰਤੀਤ ਕੀਤੀ ਅਤੇ ਤੁਰਤ ਆਪਣੇ ਘਰਾਂ ਨੂੰ ਚਲੇ ਗਏ॥ ੫੨॥

ਚੌਪਈ- ਅਪਨੀ ਸਭਿ ਸੰਭਾਰ ਸੰਭਾਰੀ। ਲੀਨ ਸੰਗ ਭ੍ਰਾਤਾ ਸੁਤ ਨਾਰੀ।
ਵਹਿਰ ਨਗਰ ਤੇ ਨਿਕਸਿ ਬਹੋਰੀ। ਪਹੁੰਚੇ ਤਿਸੀ ਠੌਰ ਕੋ ਟੋਰੀ॥੫੩॥

ਆਪਣਾ ਸਾਰਾ ਸਾਮਾਨ ਉਨ੍ਹਾਂ ਸੰਭਾਲ ਲਿਆ, ਆਪਣੇ ਨਾਲ ਭਰਾਵਾਂ, ਪੁੱਤਰਾਂ ਅਤੇ ਇਸਤਰੀਆਂ ਨੂੰ ਲੈ ਲਿਆ। ਫਿਰ ਨਗਰ ਤੋਂ ਬਾਹਰ ਨਿਕਲ ਗਏ ਅਤੇ ਤੁਰ ਕੇ ਗੁਰੂ ਜੀ ਵਲੋਂ ਦੱਸੇ ਅਸਥਾਨ ਤੇ ਪਹੁੰਚ ਗਏ॥ ੫੩॥

ਸ੍ਰੀ ਅੰਗਦ ਜੀ! ਸੁਨਹੁ ਅਗਾਰੀ। ਜਸ ਬੀਤੀ ਤਸ ਕਰੌਂ ਉਚਾਰੀ।

**ਹੁਤੋ ਪਚਾਸ ਕੋਸ ਪਰ ਡੇਰਾ। ਦਲ ਬਾਬਰ ਕੇ ਸੰਗ ਘਨੇਰਾ॥ ੫੪॥**

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਅੱਗੇ ਸੁਣੋ, ਜਿਸ ਤਰ੍ਹਾਂ ਬੀਤੀ ਹੈ ਉਸ ਤਰ੍ਹਾਂ ਉਚਾਰਨ ਕਰਦਾ ਹਾਂ। ਬਾਬਰ ਨੇ ਪੰਜਾਹ ਕੋਹ ਦੂਰ ਡੇਰਾ ਲਾਇਆ ਸੀ, ਬਾਬਰ ਦੇ ਨਾਲ ਫੌਜ ਦਾ ਇਕ ਵੱਡਾ ਦਲ ਸੀ॥ ੫੪॥

**ਤੁਰਕੀ ਬਲੀ ਤੁਰੰਗ ਬਿਸਾਲਾ। ਬਹੁਤ ਦੂਰ ਗਮਨੈਂ ਤਤਕਾਲਾ।**
**ਤਿਹ ਛਿਨ ਬਾਬਰ ਕੋ ਮਨ ਫੇਰਾ। ਏਮਨਾਵਾਦ ਨਗਰ ਲਿਉਂ ਘੇਰਾ॥੫੫॥**

ਤੁਰਕ ਬਹੁਤ ਬਲਵਾਨ ਸਨ ਤੇ ਉਨ੍ਹਾਂ ਪਾਸ ਬਹੁਤ ਘੋੜੇ ਸਨ, ਉਹ ਤੁਰੰਤ ਬਹੁਤ ਦੂਰ ਤੋਂ ਚਲ ਕੇ ਆ ਗਏ। ਉਸ ਵੇਲੇ ਬਾਬਰ ਦੇ ਮਨ ਵਿਚ ਆਇਆ ਕਿ ਏਮਨਾਬਾਦ ਨਗਰ ਨੂੰ ਜਾ ਕੇ ਘੇਰਦਾ ਹਾਂ॥ ੫੫॥

**ਅਕਸਤਮਾਤ੍ਰ ਅਬ ਪਰਿਹੋਂ ਜਾਈ। ਤੂਰਨ ਤਿਨ ਕੋ ਦਿਉਂ ਖਿਚਲਾਈ।**
**ਮਾਨੀ ਆਨ ਨ ਮਾਨਹਿਂ ਮੋਰੀ। ਅਸ ਪਠਾਨ ਹਨਿ ਹੌਂ ਕਰਿ ਜੋਰੀ॥੫੬॥**

ਅਚਾਨਕ ਪਠਾਣਾਂ ਉਤੇ ਹਮਲਾ ਕਰਾਂਗਾ, ਫੌਰਨ ਉਨ੍ਹਾਂ ਨੂੰ ਚਲ ਬਿਚਲ ਕਰ ਦੇਵਾਂਗਾ। ਬਾਬਰ ਨੇ ਕਿਹਾ ਇਨ੍ਹਾਂ ਮੇਰੀ ਈਨ ਨਹੀਂ ਮੰਨੀ ਹੈ, ਇਸ ਲਈ ਸਾਰੇ ਪਠਾਣ ਜ਼ੋਰ ਨਾਲ ਮਾਰ ਦੇਵਾਂਗਾ॥ ੫੬॥

**ਸਰਬ ਸੈਨ ਕੋ ਆਇਸੁ ਦੀਨੀ। ਅਸੁ ਪਰ ਪਾਇ ਪਾਖਰੈਂ ਲੀਨੀ।**
**ਜੋਧਾ ਸਨਧਬੱਧ ਹ੍ਵੈ ਸਭਿਹੀ। ਲੀਨਿ ਤੁਫੰਗੈਂ ਕਸਿ ਕਰਿ ਤਬਹੀ॥੫੭॥**

ਸਾਰੀ ਫੌਜ ਨੂੰ ਆਗਿਆ ਦਿੱਤੀ, ਘੋੜਿਆਂ ਉਤੇ ਕਾਠੀਆਂ ਪਾਈਆਂ, ਸਾਰੇ ਜੋਧੇ ਹਥਿਆਰਬੰਧ ਹੋ ਗਏ, ਬੰਦੂਕਾਂ ਓਸੇ ਵੇਲੇ ਕੱਸ ਲਈਆਂ॥ ੫੭॥

**ਘੋਰਨ ਪਰ ਹ੍ਵੈ ਕੈ ਅਸਵਾਰਾ। ਕਰੀ ਦੇਰ ਨਹਿਂ ਲਗੀ ਅਵਾਰਾ।**
**ਮਾਰਗ ਬਿਖੈ ਆਪਗਾ ਜੇਤੀ। ਪ੍ਰਭੁ ਰੁਖ ਪਿਖੇ ਸੁਸ਼ਕ ਗਈ ਕੇਤੀ॥੫੮॥**

ਘੋੜਿਆਂ ਤੇ ਅਸਵਾਰ ਹੋ ਕੇ, ਦੌੜ ਪਏ ਅਤੇ ਥੋੜੀ ਦੇਰ ਵੀ ਨਾ ਲੱਗੀ। ਮਾਰਗ ਵਿਚ ਜਿੰਨੀਆਂ ਨਦੀਆਂ ਸਨ, ਗੁਰੂ ਜੀ ਦੀ ਮਿਹਰ ਸਦਕਾ ਸਭ ਸੁੱਕ ਗਈਆਂ॥ ੫੮॥

**ਬਡੇ ਬੇਗ ਸੋਂ ਤੁਰਗ ਚਲਾਏ। ਤੂਰਨ ਪਹੁੰਚਿ ਸਰਬ ਬਿਸਮਾਏ।**
**ਜੋ ਮਾਰਗ ਥੋ ਦੂਰ ਘਨੇਰੀ। ਕਰਜੋ ਸਮੀਪ ਪ੍ਰਭੁ ਤਿਸ ਬੇਰੀ॥ ੫੯॥**

ਘੋੜਿਆਂ ਨੂੰ ਦੁੜਾਉਂਦੇ ਮੁਗਲ ਅੱਗੇ ਵਧੇ, ਫੌਰਨ ਟਿਕਾਣੇ 'ਤੇ ਪਹੁੰਚ ਕੇ ਬਹੁਤ ਪ੍ਰਸੰਨ ਹੋਏ। ਜਿਹੜਾ ਰਸਤਾ ਬਹੁਤ ਦੂਰ ਸੀ, ਗੁਰੂ ਜੀ ਨੇ ਉਸ ਨੂੰ ਨੇੜੇ ਕਰ ਦਿੱਤਾ॥ ੫੯॥

**ਸਵਾ ਪਹਿਰ ਮਹਿਂ ਪਹੁੰਚੇ ਆਈ। ਸਰਬ ਨਗਰ ਕੋ ਭੇਰੀ ਪਾਈ।**
**ਦਿਵਸ ਚੜ੍ਹੇ ਮੰਡਜੋ ਰਣ ਭਾਰੀ। ਛੁਟਤਿ ਤੁਫੰਗ ਮਨਹੁ ਪਿਚਕਾਰੀ॥੬੦॥**

ਸਵਾ ਪਹਿਰ ਵਿਚ ਉਥੇ ਆ ਪਹੁੰਚੇ, ਸਾਰੇ ਨਗਰ ਨੂੰ ਘੇਰਾ ਪਾ ਲਿਆ। ਦਿਨ ਚੜ੍ਹਿਆ ਘਮਸਾਨ ਦੀ ਲੜਾਈ ਛਿੜ ਪਈ, ਬੰਦੂਕਾਂ ਇਸ ਤਰ੍ਹਾਂ ਚਲ ਰਹੀਆਂ ਸਨ ਮਾਨੋਂ ਪਿਚਕਾਰੀਆਂ ਚਲ ਰਹੀਆਂ ਹੋਣ॥ ੬੦॥

**ਸਾਂਗ ਪ੍ਰਹਾਰਹਿ ਮੂਠ ਗੁਲਾਲਾ। ਢਾਲੈਂ ਬਨੀ ਮਨਹੁਂ ਡਫ ਮਾਲਾ।**
**ਭਕਭਕ ਘਾਉ ਸ਼ਬਦ ਤਿਨ ਕੇਰਾ। ਨਿਕਸੀ ਮੀਝ ਅੰਬੀਰੰ ਗੇਰਾ॥੬੧॥**

ਬਰਛੀਆਂ ਮਾਰਦੇ ਹਨ, ਮਾਨੋਂ ਗੁਲਾਲ ਦੀ ਮੁੱਠ ਸੁੱਟਦੇ ਸਨ, ਢਾਲਾਂ ਵਿੱਚ ਲੱਗ ਰਹੀਆਂ ਸਨ ਮਾਨੋਂ ਵਜਾਉਣ

ਵਾਲੀਆਂ ਡੱਫਾਂ ਫੜੀਆਂ ਹੋਣ। ਜ਼ਖਮਾਂ ਦੇ ਫਟਣ ਤੇ ਲਹੂ ਜ਼ੋਰ ਨਾਲ ਚੱਲਣ ਨਾਲ ਭਕ-ਭਕ ਦੀ ਆਵਾਜ਼ ਹੁੰਦੀ ਹੈ। ਮਿਝ ਇਸ ਤਰ੍ਹਾਂ ਨਿਕਲ ਰਹੀ ਸੀ ਮਾਨੋਂ ਕੇਸਰ ਸੁਟਿਆ ਹੋਵੇ॥ ੬੧॥

ਸ਼੍ਰੋਣਤ ਬਸਤ੍ਰ ਰੰਗ ਭਏ ਲਾਲਾ। ਮਾਨਹੁ ਰੰਗ ਪਤੰਗੀ ਡਾਲਾ॥
ਕਰ ਮਹਿਂ ਚਮਕ ਰਹੀ ਕਰਵਾਰੈ। ਛਟੀ ਮਨਹੁ ਫੂਲਨ ਕੀ ਧਾਰੈਂ॥੬੨॥

ਲਹੂ ਨਾਲ ਰੰਗੇ ਬਸਤਰ ਲਾਲ ਹੋ ਗਏ ਸਨ, ਮਾਨੋਂ ਲਾਲ ਚੰਦਨ ਪਾਇਆ ਹੋਵੇ। ਹੱਥਾਂ ਵਿਚ ਫੜੀਆਂ ਤਲਵਾਰਾਂ ਇੰਝ ਚਮਕ ਰਹੀਆਂ ਸਨ ਮਾਨੋਂ ਫੂਲ ਛਟੀ ਦੀਆਂ ਧਾਰਾਂ ਸਨ॥ ੬੨॥

'ਮਾਰਿ ਮਾਰਿ', ਮੁਖ ਗਾਵਹਿਂ ਗੀਤਾ। ਖੇਲਤਿ ਫਾਗ ਮਨਹੁ ਕਰਿ ਪ੍ਰੀਤਾ।
ਭਏ ਨਿਸੰਗ ਬੀਰ ਇਕ ਬੇਰਾ। ਬਜਜੋ ਸਾਰ ਸੌਂ ਸਾਰ ਘਨੇਰਾ॥੬੩॥

'ਮਾਰ ਮਾਰ' ਕਹਿ ਕੇ ਮੁੱਖ ਤੋਂ ਗੀਤ ਗਾਉਂਦੇ ਸਨ, ਮਾਨੋਂ ਬੜੇ ਪ੍ਰੇਮ ਨਾਲ ਹੋਲੀ ਖੇਡ ਰਹੇ ਸਨ। ਨਿਸ਼ੰਗ ਹੋ ਕੇ ਸੂਰਮੇ ਸੂਰਮਿਆਂ ਨਾਲ ਲੜ ਰਹੇ ਸਨ, ਲੋਹੇ ਨਾਲ ਲੋਹਾ ਬਹੁਤ ਖੜਕਿਆ॥ ੬੩॥

ਵਹਿਰ ਦੁਰਗ ਤੇ ਨਿਕਸਿ ਪਠਾਨਾ। ਕੂਦ ਕੁਲਾਂਚਨ ਹਨਹਿਂ ਕ੍ਰਿਪਾਨਾ।
ਏਕਹਿ ਬਾਰ ਪਰੇ ਅਰਗਾਈ। ਤੀਰ ਤੁਫੰਗੈਂ ਬਹੁਤ ਚਲਾਈ॥ ੬੪॥

ਪਠਾਣਾਂ ਨੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਛਾਲਾਂ ਮਾਰ ਕੇ ਕੂਦ ਕੂਦ ਕੇ ਮੁਗਲਾਂ ਨੂੰ ਤਲਵਾਰਾਂ ਨਾਲ ਮਾਰ ਦਿੱਤਾ। ਇਕ ਵਾਰ ਲਲਕਾਰ ਕੇ ਪੈ ਗਏ ਅਤੇ ਤੀਰ ਤੇ ਬੰਦੂਕਾਂ ਚਲਾਈਆਂ॥ ੬੪॥

ਸ੍ਰੀ ਪ੍ਰਭੁ ਬਚ ਤੇ ਫੇਟੀ ਪਰਿਹੀ। ਕੋਇ ਨ ਸ਼ਸਤ੍ਰ ਕਾਜ ਕਛੁ ਕਰਿਹੀ।
ਰਹੇ ਬਹੁਤ ਚਿਰ ਅਟਕ ਅਗਾਰੀ। ਰਿਸ ਕਰਿ ਬਾਬਰ ਗਿਰਾ ਉਚਾਰੀ॥੬੫॥

ਸ੍ਰੀ ਗੁਰੂ ਜੀ ਦਾ ਬਚਨ ਠੀਕ ਸਾਬਿਤ ਹੋਇਆ: ਪਠਾਣਾਂ ਦਾ ਕੋਈ ਵੀ ਸ਼ਸਤਰ ਕੁਝ ਵੀ ਨਹੀਂ ਸੀ ਕਰ ਰਿਹਾ। ਬਹੁਤ ਦੇਰ ਅਗੇ ਅਟਕੇ ਰਹੇ, ਫਿਰ ਗੁੱਸੇ ਵਿਚ ਆ ਕੇ ਬਾਬਰ ਨੇ ਕਿਹਾ॥ ੬੫॥

'ਅਹੋ ਮੁਗਲ! ਲੇ ਧਨ ਮਮ ਪਾਸੂ। ਨਿਤਪ੍ਰਤਿ ਬਿਲਸਤਿ ਬਹੁਰ ਬਿਲਾਸੂ।
ਜਬਹਿ ਆਵਨੋ ਕਾਜ ਹਮਾਰੇ। ਕਰਿ ਰਾਖੇ ਅਬ ਪ੍ਰਾਨ ਪਿਆਰੇ!॥੬੬॥

'ਹੇ ਮੁਗਲੋ! ਮੇਰੇ ਪਾਸੋਂ ਧਨ ਲੈ ਕੇ ਨਿਤ ਐਸ਼ੋ-ਆਰਾਮ ਕਰਦੇ ਹੋ। ਜਦ ਹੁਣ ਮੇਰਾ ਕੰਮ ਆਇਆ ਹੈ, ਹੁਣ ਆਪਣੇ ਪ੍ਰਾਣ ਪਿਆਰੇ ਕਰ ਰੱਖੇ ਹਨ॥ ੬੬॥

ਕਬ ਕੇ ਅਟਕੇ ਖਾਨ ਅਗਾਰੀ। ਕਰੋ ਫਤੇ ਕਜੌਂ ਨ ਇਨ ਕੋ ਮਾਰੀ'।
ਅਸ ਕਹਿ ਭੈਰੋਂ ਢੋਲ ਬਜਾਏ। ਬਹੁਤ ਦਮਾਮੇ ਡੰਕ ਲਗਾਏ॥ ੬੭॥

ਕਦ ਦੇ ਖਾਨ (ਪਠਾਣ) ਅੱਗੇ ਅਟਕੇ ਹੋਏ ਹਨ, ਇਨ੍ਹਾਂ ਨੂੰ ਮਾਰ ਕੇ ਫਤਹਿ ਪ੍ਰਾਪਤ ਕਰੋ।'' ਇਹ ਕਹਿ ਕੇ ਭਿਆਨਕ ਢੋਲ ਵਜਾਏ ਅਤੇ ਧੌਂਸਿਆਂ ਤੇ ਬਹੁਤ ਡੰਕੇ ਲਾਏ॥ ੬੭॥

ਹੱਲਾ ਕਰਜੋ ਪਰੇ ਇਕ ਬੇਰਾ। ਮਚਜੋ ਤਬੈ ਘਮਸਾਨ ਘਨੇਰਾ।
ਠਹਾਠਹੀ ਚਲਿ ਰਹੀ ਤੁਫੰਗਾਂ। ਕਿਤਿਕ ਪਰੋਏ ਬਰਛਨ ਸੰਗਾ॥ ੬੮॥

ਹੱਲਾ ਕਰਕੇ ਇਕ ਵਾਰ ਪੈ ਗਏ, ਫਿਰ ਘਮਸਾਨ ਦਾ ਘੋਰ ਯੁੱਧ ਮੱਚ ਉਠਿਆ। ਠਾਹ ਠਾਹ ਬੰਦੂਕਾਂ ਚੱਲ ਰਹੀਆਂ ਸਨ। ਕਈ ਸੂਰਮੇ ਬਿਰਛਾਂ ਨਾਲ ਪਰੋਏ ਗਏ॥ ੬੮॥

ਖਚਾ ਖਚੀ ਕੀਨੀ ਤਲਵਾਰਨ। ਧੜ ਤੇ ਸਿਰ ਕਿਯ ਜੁਦੇ ਉਤਾਰਨ।

ਮੋਢਨ ਤੇ ਬਾਹੈਂ ਕਟਿ ਡਾਰੀ। ਲੋਥੈਂ ਬਿਥਰੀ ਧਰਾ ਮਝਾਰੀ॥ ੬੯॥

ਖਚਾ-ਖਚ ਤਲਵਾਰਾਂ ਚਲ ਰਹੀਆਂ ਸਨ। ਧੜ ਤੋਂ ਸਿਰ ਵੱਖ ਕਰ ਰਹੇ ਸਨ, ਕਈਆਂ ਦੀਆਂ ਮੋਢਿਆਂ ਤੋਂ ਬਾਹਾਂ ਕੱਟ ਦਿੱਤੀਆਂ। ਲੋਥਾਂ ਧਰਤੀ ਤੇ ਖਿਲਰੀਆਂ ਪਈਆਂ ਸਨ॥ ੬੯॥

ਮੁਗ਼ਲ ਗਏ ਕੈਸੇ ਇਕ ਬੇਰਾ। ਜਾਇ ਬਾਜ ਜਸ ਦੇਖਿ ਬਟੇਰਾ।
ਠਾਂਢੇ ਕਟੇ ਥਾਉਂ ਨਹਿ ਛੋਰੀ। ਕਾਇਰ ਭਗੇ ਲਾਜ ਕੁਲ ਤੋਰੀ॥੭੦॥

ਮੁਗਲ ਇਕ ਵਾਰ ਇਸ ਤਰ੍ਹਾਂ ਟੁੱਟ ਕੇ ਪੈ ਗਏ, ਜਿਵੇਂ ਬਾਜ ਬਟੇਰੇ ਨੂੰ ਵੇਖ ਕੇ ਝਪਟਾ ਮਾਰਦਾ ਹੈ। ਖੜੇ ਹੋਏ ਸੂਰਮੇ ਕੱਟੇ ਗਏ, ਪਰ ਉਨ੍ਹਾਂ ਆਪਣੀ ਥਾਂ ਨਾ ਛੱਡੀ। ਕਾਇਰ ਲਾਜ ਛੱਡ ਕੇ ਭੱਜ ਗਏ॥ ੭੦॥

ਮੁਗ਼ਲਨ ਦਲ ਜਨੁ ਘਟਾ ਘਮੰਡੀ। ਤਰਵਾਰੈਂ ਸਮ ਬਿੱਜੁ ਪ੍ਰਚੰਡੀ।
ਬਜਹਿਂ ਦਮਾਮੇ ਜਸ ਘਨਘੋਰੀ। ਗੁਲਕਾਂ ਬਰਖ ਰਹੀ ਬਹੁ ਓਰੀ॥੭੧॥

ਮੁਗਲਾਂ ਦੀ ਸੈਨਾਂ ਇੰਝ ਲਗਦੀ ਸੀ ਜਿਵੇਂ ਕਿ ਕੋਈ ਘਟਾ ਉਮਡ ਕੇ ਆਈ ਹੋਵੇ। ਤਲਵਾਰਾਂ ਬਿਜਲੀ ਵਾਂਗ ਚਮਕਦੀਆਂ ਸਨ, ਘਨਘੋਰ ਧੌਂਸੇ ਵੱਜ ਰਹੇ ਸਨ। ਸਾਰੇ ਪਾਸੇ ਬੰਦੂਕਾਂ ਦੀਆਂ ਗੋਲੀਆਂ ਦੀ ਵਰਖਾ ਹੋ ਰਹੀ ਸੀ॥ ੭੧॥

ਕ੍ਰਿਖਿ ਪਾਕ ਸਮ ਖਾਨ ਅਗਾਰੀ। ਨਾਸ਼ ਕੀਨਿ ਸਗਰੀ ਇਕ ਬਾਰੀ।
ਤਛਾ ਮੁੱਛ ਤਰਵਾਰਨ ਕਰਿਕੈ। ਲੂਟਨ ਲਗੇ ਨਗਰ ਮਹਿਂ ਬਰਿਕੈ॥੭੨॥

ਪੱਕੀ ਖੇਤੀ ਵਾਂਗ ਪਠਾਣ ਅੱਗੇ ਖੜੇ ਸਨ, ਸਾਰਿਆਂ ਨੂੰ ਇਕੋ ਵਾਰ ਨਾਲ ਤਬਾਹ ਕਰ ਦਿੱਤਾ। ਤਲਵਾਰਾਂ ਨਾਲ ਕਟਾ-ਵੱਢ ਕਰਕੇ, ਫਿਰ ਨਗਰ ਵਿਚ ਦਾਖਲ ਹੋ ਕੇ ਲੁੱਟਣ ਲੱਗੇ॥ ੭੨॥

ਦਰਬ, ਤੁਰੰਗ ਲਿਯੇ ਸਭਿ ਜਾਈ। ਖਾਨਨ ਸਦਨ ਬਰੇ ਪੁਨ ਧਾਈ।
ਸੁੰਦਰ ਅੰਗਨਾ ਤਬ ਗਹਿ ਲੀਨੀ। ਭੂਖਨ ਪਟ ਯੁਤ ਬੈਸ ਨਵੀਨੀ॥੭੩॥

ਧਨ ਅਤੇ ਘੋੜੇ ਸਭ ਲਈ ਜਾ ਰਹੇ ਸਨ, ਫਿਰ ਧਾ ਕੇ ਪਠਾਣਾਂ ਦੇ ਘਰਾਂ ਵਿਚ ਵੜ ਗਏ। ਸੁੰਦਰ ਨਾਰੀਆਂ ਫੜ ਲਈਆਂ, ਜਿਨ੍ਹਾਂ ਸੁੰਦਰ ਗਹਿਣੇ ਅਤੇ ਕਪੜੇ ਪਾਏ ਹੋਏ ਸਨ ਅਤੇ ਹਾਲੇ ਛੋਟੀ ਉਮਰ ਦੀਆਂ ਹੀ ਸਨ॥ ੭੩॥

ਦੋਹਰਾ- ਸਰਬ ਪਠਾਨਨ ਮਾਰਿਕੈ ਲੂਟਜੋ ਨਗਰ ਬਨਾਇ।
ਬਹੁਤ ਕੈਦ ਮਹਿਂ ਕਰਿ ਲਿਯੇ 'ਹਾਇ ਹਾਇ' ਬਿਲਲਾਇ॥ ੭੪॥

ਸਾਰੇ ਪਠਾਣਾਂ ਨੂੰ ਮਾਰ ਕੇ ਨਗਰ ਨੂੰ ਚੰਗੀ ਤਰ੍ਹਾਂ ਲੁੱਟ ਲਿਆ। ਬਹੁਤ ਲੋਕ ਕੈਦ ਕਰ ਲਏ ਜਿਹੜੇ 'ਹਾਏ ਹਾਏ' ਕਰਕੇ ਵਿਲਕਦੇ ਸਨ॥ ੭੪॥

ਚੌਪਈ- ਸ੍ਰੀ ਗੁਰ ਨੈ ਜੋ ਸਬਦ ਉਚਾਰਾ। ਬਹੁ ਖਾਨਨ ਪਰ ਕੀਨੀ ਮਾਰਾ।
ਤਿਨ ਕੇ ਪੀਰ ਫਕੀਰ ਜਿ ਸਭਿਹੀ। ਗਏ ਦਬਕ ਨਹਿਂ ਉਕਸੇ ਤਬਹੀ॥੭੫॥

ਗੁਰੂ ਜੀ ਨੇ ਜਿਹੜੇ ਸ਼ਬਦ ਦਾ ਉਚਾਰਨ ਕੀਤਾ ਸੀ, ਉਸ ਅਨੁਸਾਰ ਪਠਾਣਾਂ ਨੂੰ ਬਹੁਤ ਮਾਰ ਪਈ। ਉਨ੍ਹਾਂ ਦੇ ਸਾਰੇ ਪੀਰ ਫਕੀਰ ਡਰ ਗਏ ਅਤੇ ਕੋਈ ਵੀ ਨਾ ਬੋਲਿਆ॥ ੭੫॥

ਐਸੋ ਕੌਨ ਸ਼ਕਤਿ ਧਰਿ ਭਾਰੀ। ਜੋ ਗੁਰ ਬਚ ਕੇ ਟਿਕਹਿ ਅਗਾਰੀ।
ਜੇ ਮਿਲਿ ਕੋਟਿਕ ਹੋਹਿਂ ਟਿਨਾਨੇ। ਕਿਉਂ ਸੂਰਜ ਕੀ ਪਾਇਂ ਸਮਾਨੇ॥੭੬॥

ਐਸੀ ਕਿਹੜੀ ਭਾਰੀ ਸ਼ਕਤੀ ਹੈ ਜਿਹੜੀ ਗੁਰੂ ਜੀ ਦੇ ਬਚਨਾਂ ਅੱਗੇ ਟਿਕ ਸਕੇ ! ਜੇ ਕਰੋੜਾਂ ਜੁਗਨੂੰ ਇਕੱਠੇ ਹੋ ਜਾਣ ਤਾਂ ਉਹ ਇਕ ਸੂਰਜ ਦੇ ਬਰਾਬਰ ਨਹੀਂ ਹੋ ਸਕਦੇ॥ ੭੬॥

ਫਤੇ ਪਾਇ ਪੁਰਿ ਲੂਟਿ ਘਨੇਰਾ। ਜਾਇ ਕੋਸ ਦ੍ਵੈ ਕੀਨੋ ਡੇਰਾ।
ਹਰਖਜੋ ਬਾਬਰ ਜੀਤ ਲਰਾਈ। ਪੁਨ ਫੇਰੀ ਸਭਿ ਥਾਨ ਦੁਹਾਈ॥੭੭॥

ਜਿੱਤ ਪ੍ਰਾਪਤ ਕਰਕੇ ਨਗਰ ਨੂੰ ਬਹੁਤ ਲੁੱਟਿਆ ਅਤੇ ਦੋ ਕੋਹ ਤੇ ਜਾ ਕੇ ਡੇਰਾ ਜਮਾ ਲਿਆ। ਲੜਾਈ ਜਿੱਤ ਕੇ ਬਾਬਰ ਬਹੁਤ ਖੁਸ਼ ਹੋਇਆ, ਫਿਰ ਸਭ ਥਾਂ ਦੁਹਾਈ ਫਿਰ ਗਈ॥ ੭੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਬਾਬਰ ਕੇ ਜੁਧ ਪ੍ਰਸੰਗ' ਬਰਨਨੰ ਨਾਮ ਸਤਾਈਸਮੋ ਅਧਯਾਯ॥ ੨੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸਤਾਈਵਾਂ ਅਧਿਆਇ, ਜਿਸ ਦਾ ਨਾਮ 'ਏਮਨਾਬਾਦ, ਬਾਬਰ ਦਾ ਹੱਲਾ' ਹੈ, ਸਮਾਪਤ ਹੋਇਆ॥ ੨੭॥

## ਅਧਿਆਇ ਅਠਾਈਵਾਂ

### *ਗੁਰੂ ਜੀ ਨੇ ਬਾਬਰ ਤੋਂ ਕੈਦੀ ਛੁਡਵਾਏ*

ਦੋਹਰਾ- ਦ੍ਰਿੜ ਹਿਰਦੇ ਅੱਗਜਾਨ ਜੋ ਬਹੁ ਬਿਧਿ ਜਗਤ ਬਨਾਉ।
ਗਜਾਨ ਭਏ ਤੇ ਨਸ਼ਟ ਹ੍ਵੈ ਚਹਿਤਿ ਜਿ ਸਤਿਗੁਰ ਧਜਾਉ॥੧॥

ਹਿਰਦੇ ਵਿਚ ਦ੍ਰਿੜ੍ਹ ਅਗਿਆਨ ਦੇ ਕਾਰਨ ਜੋ ਜਗਤ ਦੀ ਬਹੁਤ ਪ੍ਰਕਾਰ ਦੀ ਬਨਾਵਟ ਬਣੀ ਦਿੱਸ ਰਹੀ ਹੈ ਉਹ ਗਿਆਨ ਹੋਣ ਤੇ ਨਾਸ਼ ਹੁੰਦੀ ਹੈ। ਹੇ ਮਨ! ਜੇ ਤੂੰ ਇਸ ਗਿਆਨ ਦੀ ਪ੍ਰਾਪਤੀ ਚਾਹੁੰਦਾ ਹੈਂ ਤਾਂ ਸਤਿਗੁਰੂ ਜੀ ਦੀ ਆਰਾਧਨਾ ਕਰ, ਕਿਉਂਕਿ ਸਤਿਗੁਰੂ ਦੀ ਆਰਾਧਨਾ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ! ਸੁਨਿ ਕਥਾ ਅਗਾਰੇ। ਸੈਨ ਦੇਖਿ ਸੇ ਸੰਤ ਸਿਧਾਰੇ।
ਸ੍ਰੀ ਗੁਰ ਬੈਸਿ ਰਹੇ ਤਿਹ ਥਾਨਾ। ਇਕ ਮੈਂ ਸੰਗ ਦੁਤਿਯ ਮਰਦਾਨਾ॥੨॥

ਭਾਈ ਬਾਲੇ ਨੇ ਕਿਹਾ-ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਅਗਲੀ ਕਥਾ ਸੁਣੋ। ਸੈਨਾ ਵੇਖ ਕੇ ਉਹ ਸੰਤ ਤਾਂ ਚਲੇ ਗਏ। ਗੁਰੂ ਜੀ ਉਸ ਥਾਂ ਹੀ ਬੈਠੇ ਰਹੇ, ਉਨ੍ਹਾਂ ਦੇ ਨਾਲ ਇਕ ਮੈਂ ਅਤੇ ਦੂਸਰਾ ਮਰਦਾਨਾ ਸੀ॥ ੨॥

ਤਿਹ ਛਿਨ ਏਕ ਮੁਗਲ ਚਲਿ ਆਯੋ। ਹਮਹਿਂ ਦੇਖਿ ਨਿਜ ਦਾਸ ਬੁਲਾਯੋ।
ਤਿਹ ਸੋਂ ਕਹਿਨ ਲਗਜੋ ਬਚ ਐਸੇ। 'ਇਹ ਮਾਨਵ ਤੀਨੋਂ ਜੋ ਬੈਸੇ॥ ੩॥

ਉਸ ਵੇਲੇ ਓਥੇ ਇਕ ਮੁਗਲ ਚਲ ਕੇ ਆਇਆ। ਸਾਨੂੰ ਵੇਖ ਕੇ ਉਸ ਆਪਣੇ ਨੋਕਰ ਨੂੰ ਬੁਲਾਇਆ। ਉਸ ਨੂੰ ਇਸ ਤਰ੍ਹਾਂ ਕਹਿਣ ਲੱਗਾ, "ਇਹ ਜੋ ਤਿੰਨ ਮਨੁੱਖ ਬੈਠੇ ਹਨ॥ ੩॥

ਸਿਰ ਬੋਝੇ ਧਰਿ ਕਰਹੁ ਨ ਦੇਰੇ। ਗਹਿ ਲੇ ਚਲਿਯੇ ਇਨ ਕੋ ਡੇਰੇ'।
ਤਿਨ ਉਠਾਇ ਕਰਿ ਲੀਨ ਅਗਾਰੀ। ਧਰੇ ਸੀਸ ਪਰ ਭਾਰ ਜਿ ਭਾਰੀ॥੪॥

ਇਨ੍ਹਾਂ ਦੇ ਸਿਰਾਂ ਤੇ ਭਾਰ ਚੁਕਾਵੇ ਅਤੇ ਕੋਈ ਦੇਰ ਨਾ ਲਾਵੇ, ਫੜ ਕੇ ਇਨ੍ਹਾਂ ਨੂੰ ਡੇਰੇ ਲੈ ਚਲੀਏ।" ਉਸ ਨੇ ਸਾਨੂੰ ਖੜੇ ਕਰਕੇ ਅੱਗੇ ਲਾ ਲਿਆ ਅਤੇ ਸਿਰਾਂ ਉਤੇ ਭਾਰੀ ਭਾਰ ਚੁਕਾ ਦਿੱਤਾ॥ ੪॥

ਮਰਦਾਨੇ ਕੋ ਅਸੁ ਪਕਰਾਵਾ। ਮੈਂ ਇਕ ਬੋਝਾ ਸੀਸ ਉਠਾਵਾ।
ਸ੍ਰੀ ਪ੍ਰਭੁ ਕੇ ਸਿਰ ਧਰਨੇ ਲਾਗੇ। ਮਹਿਮਾ ਲਖਹਿਂ ਨ ਮੂੜ ਕੁਭਾਗੇ ॥ ੫ ॥

ਮਰਦਾਨੇ ਨੂੰ ਘੋੜਾ ਫੜਾ ਦਿੱਤਾ। ਮੈਂ ਇਕ ਬੋਝ ਸਿਰ ਤੇ ਚੁੱਕ ਲਿਆ। ਫਿਰ ਗੁਰੂ ਜੀ ਦੇ ਸਿਰ ਉੱਤੇ ਭਾਰ ਰੱਖਣ ਲੱਗੇ। ਮੂਰਖ ਅਤੇ ਭੈੜੇ ਭਾਗਾਂ ਵਾਲਿਆਂ ਨੇ ਗੁਰੂ ਜੀ ਦੀ ਮਹਿਮਾ ਨਾ ਜਾਣੀ॥ ੫॥

ਦੋਹਰਾ- ਏਕ ਹਾਥ ਊਚੀ ਰਹੀ ਊਪਰ ਸੀਸ ਟਿਕੀ ਨ।
ਚਲੇ ਸੰਗ ਸਹਿਜੇ ਪ੍ਰਭੂ ਜਹਿਂ ਡੇਰਾ ਤਿਹ ਕੀਨ॥ ੬ ॥

ਉਹ ਪੰਡ ਗੁਰੂ ਜੀ ਦੇ ਸਿਰ ਤੋਂ ਇਕ ਹੱਥ ਉੱਚੀ ਰਹੀ ਅਤੇ ਗੁਰੂ ਜੀ ਦੇ ਸਿਰ ਤੇ ਨਾ ਟਿਕੀ। ਗੁਰੂ ਜੀ ਹੌਲੀ-ਹੌਲੀ ਉਸ ਪਾਸੇ ਵਲ ਚਲ ਪਏ, ਜਿਥੇ ਕਿ ਉਨ੍ਹਾਂ ਡੇਰਾ ਲਾਇਆ ਹੋਇਆ ਸੀ॥ ੬॥

ਚੌਪਈ- ਜਬ ਹੀ ਗਮਨੇ ਪੰਥ ਮਝਾਰੀ। ਹਮ ਦੋਨੋਂ ਚਲਿ ਜਾਹਿਂ ਪਿਛਾਰੀ।
ਬੋਲੇ ਬਚਨ 'ਸੁਨਹੁ ਮਰਦਾਨਾ!। ਅਬਿਹ ਰਬਾਬ ਬਜਾਉ ਸੁਹਾਨਾ' ॥ ੭ ॥

ਜਦ ਉਹ ਰਾਹੇ-ਰਾਹ ਚਲ ਰਹੇ ਸਨ ਤਾਂ ਅਸੀਂ ਦੋਵੇਂ ਪਿਛੇ-ਪਿਛੇ ਜਾ ਰਹੇ ਸੀ। ਗੁਰੂ ਜੀ ਨੇ ਬਚਨ ਕੀਤਾ, "ਹੇ ਮਰਦਾਨੇ ! ਸੁਣੋ, ਹੁਣ ਸੁੰਦਰ ਰਬਾਬ ਵਜਾਉ"॥ ੭॥

'ਪ੍ਰਭੁ ਜੀ ਕਿਸ ਬਿਧਿ ਤਾਰ ਬਜਾਵਉਂ। ਹਾਥ ਬਿਖੈ ਪਕਰੇ ਅਸੁ ਲਜਾਵਉਂ।
ਅਤਿ ਚੰਚਲ ਕੁਦਤਿ ਸੋ ਆਵਤਿ। ਮਹਾਂਬਲੀ ਕਰਿ ਜੋਰ ਥਮ੍ਾਵਤਿ ॥ ੮ ॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਕਿਸ ਤਰ੍ਹਾਂ ਰਬਾਬ ਵਜਾਵਾਂ, ਮੈਂ ਤਾਂ ਹੱਥ ਵਿਚ ਘੋੜਾ ਅਜਿਹਾ ਫੜਿਆ ਹੋਇਆ ਹੈ, ਜਿਹੜਾ ਬੜਾ ਚੰਚਲ ਹੈ ਅਤੇ ਕੁੱਦਦਾ ਆਉਂਦਾ ਹੈ, ਇਹ ਵੱਡਾ ਮਹਾਂਬਲੀ ਹੈ, ਜਿਸ ਨੂੰ ਬੜੇ ਜ਼ੋਰ ਨਾਲ ਸੰਭਾਲਿਆ ਹੋਇਆ ਹੈ॥ ੮॥

ਜੇ ਛੁਟਿ ਜਾਇ ਧਾਇ ਕਿਤ ਜਾਈ। ਮੁਗਲ ਮਾਰਿ ਹੈ ਮੇਰੇ ਤਾਈਂ'।
'ਵਾਹਿਗੁਰੂ ਮੁਖਿ ਨਾਮ ਉਚਾਰੀ। ਛੋਡਹੁ ਬਾਜ ਸੁ ਆਇ ਪਿਛਾਰੀ' ॥ ੯ ॥

ਜੇ ਛੁਟ ਗਿਆ ਤਾਂ ਇਹ ਕਿਤੇ ਦੌੜ ਜਾਵੇਗਾ ਤਾਂ ਮੁਗਲ ਮੈਨੂੰ ਮਾਰੇਗਾ।" ਗੁਰੂ ਜੀ ਨੇ ਕਿਹਾ, "ਮੁੱਖ ਤੋਂ ਵਾਹਿਗੁਰੂ ਨਾਮ ਦਾ ਉਚਾਰਨ ਕਰੋ ਅਤੇ ਘੋੜੇ ਨੂੰ ਛੱਡ ਦੇਵੋ, ਇਹ ਆਪਣੇ ਆਪ ਪਿੱਛੇ ਆਵੇਗਾ"॥ ੯॥

ਸੁਨਿ ਰਜਾਇ ਕੋ ਛੋਰਯੋ ਬਾਜਾ। ਲਗਯੋ ਬਜਾਵਨ ਆਨੋ ਬਾਜਾ।
ਤਿਹ ਛਿਨ ਸ੍ਰੀ ਪ੍ਰਭੁ ਊਚ ਉਚਾਰੀ। ਕੀਨੋ ਸ਼ਬਦ ਸੁ ਰਾਗ ਮਝਾਰੀ ॥੧੦ ॥

ਗੁਰੂ ਜੀ ਦਾ ਹੁਕਮ ਮੰਨ ਕੇ ਮਰਦਾਨੇ ਨੇ ਉਸ ਘੋੜੇ ਨੂੰ ਛੱਡ ਦਿੱਤਾ ਅਤੇ ਰਬਾਬ ਵਜਾਉਣ ਲੱਗਾ। ਫਿਰ ਗੁਰੂ ਜੀ ਨੇ ਆਸਾ ਰਾਗ ਵਿਚ ਸ਼ਬਦ ਦਾ ਉਚਾਰਨ ਕਰਕੇ ਬੜੀ ਉੱਚੀ ਆਵਾਜ਼ ਵਿਚ ਗਾਇਣ ਕੀਤਾ॥ ੧੦॥

*ਆਸਾ ਮਹਲਾ ੧ ॥*

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥*
*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ ੧ ॥*
*ਕਰਤਾ ਤੂੰ ਸਭਨਾ ਕਾ ਸੋਈ। ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥*

*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥*
*ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥*
*ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥ ੨॥*
*ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥*
*ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥*
*ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥ ੩ ॥ ੫ ॥ ੩੯ ॥* (ਪੰਨਾ ੩੬੦)

ਕਰਤਾ ਪੁਰਖ ਆਪਣੇ ਆਪ ਉੱਤੇ ਇਲਜ਼ਾਮ ਨਹੀਂ ਲੈਂਦਾ ਅਤੇ ਉਸ ਨੇ ਮੁਗਲ ਫੌਜ ਨੂੰ ਮੌਤ ਦਾ ਜਮਦੂਤ ਕਰਕੇ ਚੜ੍ਹਾਇਆ ਹੈ। ਏਨੀ ਮਾਰ ਪਈ ਕਿ ਲੋਕ ਕੁਰਲਾ ਉਠੇ। ਹੇ ਵਾਹਿਗੁਰੂ! ਕੀ ਤੈਨੂੰ ਤਰਸ ਨਾ ਆਇਆ?॥ ੧॥

ਹੇ ਕਰਤਾ ਪੁਰਖ! ਤੂੰ ਸਾਰਿਆਂ ਦਾ ਇਕੋ ਜਿਹਾ ਮਾਲਕ ਹੈਂ। ਜੇ ਇਕ ਬਲਵਾਨ ਦੂਸਰੇ ਬਲਵਾਨ ਨੂੰ ਮਾਰੇ ਤਾਂ ਮਨ ਵਿਚ ਰੋਸ ਨਹੀਂ ਆਉਂਦਾ॥ ੧॥ ਰਹਿਰਾਉ॥

ਪਰ ਜੇ ਇਕ ਜ਼ੋਰਾਵਰ ਸ਼ੇਰ ਭੇਡਾਂ ਦੇ ਵੱਗ ਨੂੰ ਪੈ ਜਾਵੇ ਅਤੇ ਉਨ੍ਹਾਂ ਨੂੰ ਮਾਰੇ ਤਦ ਕੀ ਇਸ ਦੇ ਮਾਲਕ ਪਾਸੋਂ ਪੁੱਛ-ਗਿੱਛ ਨਹੀਂ ਹੋਣੀ ਚਾਹੀਦੀ? ਕੁੱਤਿਆਂ ਨੇ ਅਮੋਲਕ ਮੁਲਕ ਨੂੰ ਖਰਾਬ ਅਤੇ ਬਰਬਾਦ ਕਰ ਦਿੱਤਾ ਹੈ। ਮੋਇਆਂ ਹੋਇਆਂ ਦੀ ਕੋਈ ਬਾਤ ਨਹੀਂ ਪੁੱਛਦਾ। ਹੇ ਵਾਹਿਗੁਰੂ! ਤੂੰ ਆਪ ਮਿਲਾਉਂਦਾ ਹੈਂ ਅਤੇ ਆਪ ਹੀ ਵਿਛੋੜਦਾ ਹੈਂ, ਵੇਖੋ, ਇਹ ਤੇਰੀ ਵਡਿਆਈ ਹੈ॥ ੨॥

ਜੇ ਕੋਈ ਆਪਣਾ ਉੱਚਾ ਨਾਮ ਰਖਵਾ ਲਵੇ ਅਤੇ ਆਪਣੇ ਮਨ-ਭਾਉਂਦੇ ਸਾਰੇ ਸੁਆਦ ਮਾਣੇ, ਸਾਰੇ ਦਾਣੇ ਚੁਣ ਕੇ ਚੁਣਦਾ ਹੋਇਆ ਉਹ ਮਾਲਕ ਦੀ ਨਜ਼ਰ ਵਿਚ ਕੇਵਲ ਇਕ ਕੀੜਾ ਹੈ। ਹੇ ਨਾਨਕ! ਜੇ ਮਨੁੱਖ ਜੀਉਂਦੇ ਜੀਅ ਹਉਮੈ ਭਾਵਨਾ ਤੋਂ ਮਰਿਆ ਰਹੇ, ਕੇਵਲ ਤਦ ਹੀ ਉਹ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਕਾਰਨ ਕੁਝ ਪ੍ਰਾਪਤ ਕਰ ਸਕਦਾ ਹੈ॥ ੩॥ ੫॥ ੩੯॥

**ਚੌਪਈ- ਇਸ ਬਿਧਿ ਗਾਵਤਿ ਮਾਰਗ ਜਾਹੀਂ। ਸਦਾ ਏਕਰਸ ਆਨੰਦ ਮਾਂਹੀ।**
**ਲੋਕ ਬਿਲੋਕਤਿ ਬਹੁ ਬਿਸਮਾਏ। 'ਇਹੁ ਅਚਰਜ ਕਛੁ ਲਖਜੇ ਨ ਜਾਏ ॥੧੧॥**

ਇਸ ਤਰ੍ਹਾਂ ਸ਼ਬਦ ਗਾਇਣ ਕਰਦੇ ਰਾਹੇ ਰਾਹ ਜਾ ਰਹੇ ਸਨ, ਜਿਹੜੇ ਗੁਰੂ ਜੀ ਸਦਾ ਇਕ ਰਸ ਆਨੰਦ ਵਿਚ ਰਹਿੰਦੇ ਹਨ। ਲੋਕ ਵੇਖ ਕੇ ਬਹੁਤ ਹੈਰਾਨ ਹੋਏ। ਕਹਿ ਰਹੇ ਸਨ, ਇਹ ਤਾਂ ਵੱਡਾ ਅਸਚਰਜ ਹੈ ਕੁਝ ਜਾਣਿਆ ਨਹੀਂ ਜਾਂਦਾ॥ ੧੧॥

**ਸਿਰ ਤੇ ਕਰ ਊਚੋ ਹੈ ਭਾਰਾ। ਬਹੁਰੋ ਚਲਿਓ ਜਾਹਿ ਸੰਗਾਰਾ।**
**ਦੂਸਰ ਕੇ ਹੈ ਤੁਰੰਗ ਪਿਛਾਰੀ। ਚਲਜੇ ਜਾਤ ਬਿਨ ਗਹੇ ਮੁਹਾਰੀ' ॥੧੨॥**

ਬੋਝ ਸਿਰ ਤੋਂ ਬਹੁਤ ਉੱਚਾ ਹੈ, ਫਿਰ ਆਪਣੇ ਸਾਥੀਆਂ ਨਾਲ ਚਲਿਆ ਜਾ ਰਿਹਾ ਹੈ। ਦੂਸਰੇ ਦੇ ਪਿਛੇ-ਪਿਛੇ ਘੋੜਾ ਆ ਰਿਹਾ ਹੈ, ਵਾਗ ਫੜਨ ਤੋਂ ਬਗੈਰ ਹੀ ਪਿੱਛਾ ਕਰ ਰਿਹਾ ਹੈ॥ ੧੨॥

**ਕੇਤਿਕ ਕਹੈਂ 'ਸੰਤ ਇਹੁ ਕੋਈ। ਕਿਧੋਂ ਖੁਦਾਇ ਆਪ ਹੀ ਹੋਈ।**
**ਅਤਿ ਸਮਰਥ ਅਜ਼ਮਤ ਮਹਿਂ ਭਾਰੀ। ਐਸੋ ਕਬਿ ਨਹਿਂ ਪਿਖਾ ਅਗਾਰੀ' ॥੧੩॥**

ਕਈ ਕਹਿੰਦੇ ਸਨ, ਇਹ ਕੋਈ ਸੰਤ ਹੈ, ਕਿਤੇ ਖੁਦਾ ਆਪ ਹੀ ਹੈ। ਇਹ ਕਰਾਮਾਤ ਕਰਨ ਦੇ ਸਮਰੱਥ ਹੈ, ਇਹੋ ਜਿਹਾ ਕਰਾਮਾਤੀ ਪੁਰਸ਼ ਪਹਿਲਾਂ ਕਿਤੇ ਨਹੀਂ ਵੇਖਿਆ'॥ ੧੩॥

**ਹਾਥ ਬੰਦਿਕੈ ਬੰਦਨ ਕਰਿਹੀ। ਚਰਨ ਕਮਲ ਮਹਿਂ ਸ਼ਰਧਾ ਧਰਿਹੀ।**
**ਇਸ ਪ੍ਰਕਾਰ ਪਹੁੰਚਜੇ ਜਬ ਡੇਰੇ। ਆਵਤਿ ਮੁਗ਼ਲ ਤਿਨਾਂ ਨੈ ਹੇਰੇ ॥੧੪॥**

ਹੱਥ ਜੋੜ ਕੇ ਬੰਦਨਾ ਕਰਦੇ ਹਨ, ਗੁਰੂ ਜੀ ਦੇ ਚਰਨ ਕਮਲਾਂ ਤੇ ਸ਼ਰਧਾ ਧਾਰਨ ਕਰਦੇ ਹਨ। ਇਸ ਤਰ੍ਹਾਂ ਜਦ ਡੇਰੇ ਪਹੁੰਚ ਗਏ ਤਾਂ ਮੁਗਲ ਆ ਕੇ ਵੇਖਦੇ ਹਨ॥ ੧੪॥

ਇਸ ਬਿਧਿ ਅਚਰਜ ਲਖ੍ਯੋ ਤਮਾਸ਼ਾ। ਗਯੋ ਦੌਰਿ ਬਾਬਰ ਕੇ ਪਾਸਾ।
ਨਿਕਟਿ ਬੈਠਿਕੈ ਗਿਰਾ ਉਚਾਰੀ। 'ਇਕ ਦ੍ਰਵੇਸ਼ ਹੈ ਬੰਦ ਮਝਾਰੀ॥੧੫॥

ਇਸ ਤਰ੍ਹਾਂ ਜਦ ਅਸਚਰਜ ਤਮਾਸ਼ਾ ਵੇਖਿਆ, ਤਾਂ ਮੁਗਲ ਦੌੜ ਕੇ ਬਾਬਰ ਪਾਸ ਗਏ। ਉਸ ਦੇ ਨੇੜੇ ਬੈਠ ਕੇ ਬੋਲੇ, "ਇਕ ਦਰਵੇਸ਼ ਬੰਦੀਖਾਨੇ ਵਿਚ ਬੰਦ ਹੈ॥ ੧੫॥

ਦੋਹਰਾ- ਅਚਰਜ ਸਭਿ ਅਵਲੋਕਿਓ ਅਤਿ ਅਜ਼ਮਤਿ ਮਹਿਂ ਪੂਰ।
ਬੋਝ ਦਿਯੋ ਸਿਰ ਤਾਂਹਿ ਕੇ ਰਹ੍ਯੋ ਏਕ ਕਰ ਦੂਰ॥ ੧੬॥

ਅਸਚਰਜ ਵੇਖਿਆ ਹੈ ਕਿ ਇਕ ਦਰਵੇਸ਼ ਕਰਾਮਾਤ ਵਿਚ ਪੂਰਾ ਹੈ, ਉਸ ਦੇ ਸਿਰ ਉਤੇ ਭਾਰ ਚੁਕਾਇਆ ਹੈ, ਪਰ ਭਾਰ ਸਿਰ ਤੋਂ ਇਕ ਹੱਥ ਉੱਚਾ ਰਹਿੰਦਾ ਹੈ॥ ੧੬॥

ਚੌਪਈ- ਏਕ ਡੂਮ ਹੈ ਜਾਂਕੇ ਸੰਗਾ। ਤਿਹਂ ਪੀਛੈ ਚਲਿ ਜਾਹਿ ਤੁਰੰਗਾ।
ਕਰਤਿ ਬੰਦਗੀ ਤਹਾਂ ਖ਼ੁਦਾਇ। ਆਪ ਬਿਲਕੋਹੁ ਚਲਿ ਤਹਿਂ ਥਾਇਂ॥੧੭॥

ਇਕ ਮਿਰਾਸੀ ਉਸ ਦੇ ਨਾਲ ਹੈ, ਉਸ ਦੇ ਪਿਛੇ ਪਿਛੇ ਘੋੜਾ ਚਲਿਆ ਆਉਂਦਾ ਹੈ। ਉਹ ਖ਼ੁਦਾ ਦੀ ਬੰਦਗੀ ਕਰਦਾ ਹੈ, ਤੁਸੀਂ ਚਲ ਕੇ ਉਸ ਥਾਂ ਆਪ ਵੇਖ ਲਵੋ"॥ ੧੭॥

ਇਹੁ ਸੁਨਿ ਬਾਬਰ ਬਚਨ ਬਖਾਨਤਿ। 'ਪੂਰਬ ਜੇ ਮੈਂ ਇਸ ਬਿਧਿ ਜਾਨਤਿ।
ਇਸ ਪੁਰਿ ਕੋ ਨਹਿਂ ਮਾਰਤਿ ਧਾਈ। ਜਿਸ ਮਹਿਂ ਅਸ ਦਰਵੇਸ਼ ਰਹਾਈ'॥੧੮॥

ਇਹ ਸੁਣ ਬਾਬਰ ਨੇ ਕਿਹਾ, "ਪਹਿਲਾਂ ਜੇ ਮੈਂ ਇਸ ਤਰ੍ਹਾਂ ਜਾਣਦਾ ਹੁੰਦਾ ਤਾਂ ਧਾਵਾ ਕਰਕੇ ਇਸ ਨਗਰ ਨੂੰ ਇਸ ਤਰ੍ਹਾਂ ਨਾ ਮਾਰਦਾ, ਜਿਸ ਨਗਰ ਵਿਚ ਅਜਿਹਾ ਦਰਵੇਸ਼ ਰਹਿੰਦਾ ਸੀ"॥ ੧੮॥

ਆਵਨ ਕੋ ਤਯਾਰ ਭਾ ਸੋਈ। ਗੁਰੂ ਕਥਾ ਸੁਨੀਏ ਜਯੋਂ ਹੋਈ।
ਦਲ ਮਹਿਂ ਬਹੁਤ ਬੰਦ ਨਰ ਨਾਰੀ। ਬਿਰਲਾਪਤਿ ਪ੍ਰਾਪਤਿ ਦੁਖ ਭਾਰੀ॥੧੯॥

ਬਾਬਰ ਆਉਣ ਵਾਸਤੇ ਤਿਆਰ ਹੋ ਗਿਆ। ਗੁਰੂ ਜੀ ਦੀ ਕਥਾ ਸੁਣੀਏ ਜਿਵੇਂ ਹੋਈ। ਸੈਨਾ ਵਿਚ ਬਹੁਤ ਨਰ ਨਾਰੀ ਬੰਦ ਸਨ, ਭਾਰੀ ਦੁੱਖ ਪਾ ਕੇ ਸਾਰੇ ਵਿਰਲਾਪ ਕਰ ਰਹੇ ਸਨ॥ ੧੯॥

ਸਰਬ ਜਾਤਿ ਦਿਜਣੀ ਹਿੰਦੁਵਾਣੀ। ਅਹੈਂ ਤੁਰਕਣੀ ਆਦਿ ਪਠਾਣੀ।
ਸਭਿ ਕੇ ਚਾਕੀ ਧਰੀ ਅਗਾਰੀ। 'ਦਾਨਾ ਦਰਿਯੋ ਬਿਨਾ ਅਵਾਰੀ'॥੨੦॥

ਸਾਰੀਆਂ ਜਾਤਾਂ ਦੇ ਬ੍ਰਾਹਮਣ ਅਤੇ ਹਿੰਦੂ ਸਨ, ਤੁਰਕ ਅਤੇ ਪਠਾਣ ਸਨ। ਸਾਰਿਆਂ ਦੇ ਅੱਗੇ ਚੱਕੀਆਂ ਧਰ ਦਿੱਤੀਆਂ ਅਤੇ ਹੁਕਮ ਕੀਤਾ, "ਕਿਸੇ ਦੇਰੀ ਬਗੈਰ ਦਾਣੇ ਪੀਸੋ"॥ ੨੦॥

ਸ੍ਰੀ ਨਾਨਕ ਜਬ ਡੇਰੇ ਆਏ। ਸਿਰ ਪੁਰ ਤੇ ਬੋਝੇ ਉਤਰਾਏ।
ਬੈਠਾਰੇ ਨਿਜ ਬੰਦ ਮਝਾਰੀ। ਦ੍ਵੈ ਚਾਕੀ ਤਬ ਆਨੀ ਭਾਰੀ॥ ੨੧॥

ਗੁਰੂ ਨਾਨਕ ਦੇਵ ਜੀ ਜਦ ਡੇਰੇ ਆਏ ਤਾਂ ਸਿਰ ਤੋਂ ਬੋਝ ਉਤਰਵਾ ਲਿਆ। ਬੰਦੀਖਾਨੇ ਵਿਚ ਬਿਠਾ ਦਿੱਤਾ। ਤਦ ਦੋ ਭਾਰੀਆਂ ਚੱਕੀਆਂ ਲਿਆਂਦੀਆਂ ਗਈਆਂ॥ ੨੧॥

ਆਗੇ ਮੇਰੇ ਅਰ ਮਰਦਾਨੇ। ਧਰੀ ਏਕ ਦੀਨੇ ਬਹੁ ਦਾਨੇ।

ਇਕ ਸ੍ਰੀ ਗੁਰੂ ਅਗਾਰੀ ਧਰਿਕੈ। ਕਹਜੋ 'ਦਰਹੁ ਦਾਨਾ ਦ੍ਰੁਤ ਕਰਿਕੈ' ॥੨੨॥

ਇਕ ਚੱਕੀ ਮੇਰੇ (ਭਾਈ ਬਾਲਾ) ਅੱਗੇ ਅਤੇ ਇਕ ਮਰਦਾਨੇ ਅੱਗੇ ਧਰ ਕੇ ਸਾਨੂੰ ਬਹੁਤ ਦਾਣੇ ਦੇ ਦਿੱਤੇ। ਇਕ ਚੱਕੀ ਗੁਰੂ ਜੀ ਦੇ ਅੱਗੇ ਰੱਖ ਕੇ ਕਿਹਾ, "ਦਾਣਿਆਂ ਨੂੰ ਛੇਤੀ-ਛੇਤੀ ਪੀਸੋ" ॥ ੨੨ ॥

ਹਮ ਮਿਲਿ ਦਰਨ ਲਗੇ ਦ੍ਰੁਤ ਦਾਨਾ। ਜਿਉਂ ਨਰ ਨਾਰਿ ਕਰਤਿ ਤਿਹ ਥਾਨਾ।
ਸ੍ਰੀ ਗੁਰ ਚਾਕੀ ਹਾਥ ਨ ਲਾਵਹਿਂ। ਨਿਜ ਕਰ ਸੋਂ ਦਾਨਾ ਮਧ ਪਾਵਹਿਂ ॥੨੩॥

ਅਸੀਂ ਮਿਲ ਕੇ ਛੇਤੀ-ਛੇਤੀ ਦਾਣੇ ਪੀਸਣ ਲੱਗੇ, ਜਿਵੇਂ ਓਥੇ ਨਰ ਨਾਰੀ ਕਰ ਰਹੇ ਸਨ। ਗੁਰੂ ਜੀ ਨੇ ਚੱਕੀ ਨੂੰ ਹੱਥ ਨਾ ਲਾਇਆ, ਆਪਣੇ ਹੱਥਾਂ ਨਾਲ ਦਾਣੇ ਚੱਕੀ ਦੇ ਗਲੇ ਵਿਚ ਪਾਈ ਜਾਂਦੇ ਸਨ ॥ ੨੩ ॥

ਸ਼ੀਘਰ ਫਿਰੈ ਆਪ ਹੀ ਸੋਈ। ਬਿਸਮ ਬਿਲੋਕਹਿਂ ਤਹਿਂ ਸਭਿ ਕੋਈ।
ਇਤਨੇ ਮਹਿਂ ਬਾਬਰ ਚਲਿ ਆਯੋ। ਚਰਨ ਕਮਲ ਪਰ ਸੀਸ ਨਿਵਾਯੋ ॥੨੪॥

ਚੱਕੀ ਆਪਣੇ ਆਪ ਘੁੰਮਣ ਲੱਗੀ। ਸਾਰੇ ਲੋਕ ਹੈਰਾਨ ਹੋ ਕੇ ਵੇਖ ਰਹੇ ਸਨ। ਇਸ ਸਮੇਂ ਦੌਰਾਨ ਬਾਬਰ ਚੱਲ ਕੇ ਆ ਗਿਆ ਅਤੇ ਗੁਰੂ ਜੀ ਦੇ ਚਰਨਾਂ ਕਮਲਾਂ ਤੇ ਸਿਰ ਨਿਵਾਇਆ ॥ ੨੪ ॥

ਦੋਹਰਾ-ਸ੍ਰੀ ਨਾਨਕ ਅਵਲੋਕਿਕੈ ਬੋਲੇ ਸ਼ਬਦ ਉਠਾਇ।
ਸਭਿ ਲੋਕਨ ਕੀ ਜਸ ਦਸ਼ਾ ਤਸ ਤਬਿ ਦੀਨਿ ਸੁਨਾਇ ॥ ੨੫ ॥

ਗੁਰੂ ਨਾਨਕ ਜੀ ਨੇ ਜਦ ਬਾਬਰ ਨੂੰ ਵੇਖਿਆ ਤਾਂ ਉੱਚੀ ਸੁਰ ਵਿਚ ਇਕ ਸ਼ਬਦ ਦਾ ਗਾਇਣ ਕਰਨ ਲੱਗੇ। ਜਿਸ ਪਾਸੇ ਸਾਰੇ ਲੋਕ ਬੈਠੇ ਸਨ, ਉਸ ਪਾਸੇ ਵੱਲ ਮੁੱਖ ਕਰਕੇ ਸੁਣਾਉਣ ਲੱਗੇ ॥ ੨੫ ॥

*ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩*

*੧ੴ ਸਤਿਗੁਰ ਪ੍ਰਸਾਦਿ ॥*

*ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥*
*ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥*
*ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥ ੧ ॥*
*ਆਦੇਸੁ ਬਾਬਾ ਆਦੇਸੁ ॥*
*ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ ੧ ॥ ਰਹਾਉ ॥*
*ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥*
*ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥*
*ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥ ੨ ॥*
*ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ ॥*
*ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥*
*ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥ ੩ ॥*
*ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥*
*ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥*

ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥ ੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥ ੫॥
ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥ ੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥
ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥ ੭॥ ੧੧॥ (ਪੰਨਾ ੪੧੭)

ਸਿਰ ਜੋ ਮੀਢੀਆਂ ਨਾਲ ਸਜੇ ਹੋਏ ਹਨ ਅਤੇ ਜਿਨ੍ਹਾਂ ਦੇ ਚੀਰ ਸੰਧੂਰ ਨਾਲ ਭਰੇ ਹੋਏ ਹਨ, ਉਹ ਸਿਰ ਕੈਂਚੀ ਨਾਲ ਮੁੰਨੇ ਜਾ ਰਹੇ ਹਨ ਅਤੇ ਨਾਰੀਆਂ ਦੇ ਗਲ ਘੱਟੇ ਨਾਲ ਭੰਦ ਹੋਏ ਹਨ। ਉਹ ਮਹਿਲ ਮਾੜੀਆਂ ਅੰਦਰ ਵੱਸਦੀਆਂ ਸਨ, ਪਰ ਹੁਣ ਉਨ੍ਹਾਂ ਨੂੰ ਮਹਿਲ ਮਾੜੀਆਂ ਦੇ ਨੇੜੇ ਵੀ ਬੈਠਣਾ ਨਹੀਂ ਮਿਲਦਾ॥ ੧॥

ਨਮਸ਼ਕਾਰ ਹੈ ਪ੍ਰਭੂ ਜੀ! ਨਮਸ਼ਕਾਰ! ਹੇ ਆਦਿ ਸੁਆਮੀ! ਤੇਰਾ ਓੜਕ ਜਾਣਿਆ ਨਹੀਂ ਜਾਂਦਾ, ਤੂੰ ਅਨੇਕਾਂ ਨਜ਼ਾਰੇ ਹਰ ਦਮ ਰਚਦਾ ਅਤੇ ਵੇਖਦਾ ਹੈਂ॥ ੧॥ ਠਹਿਰਾਉ॥

ਜਦੋਂ ਉਨ੍ਹਾਂ ਦਾ ਵਿਆਹ ਹੋਇਆ ਸੀ ਉਨ੍ਹਾਂ ਦੇ ਕੰਤ ਉਨ੍ਹਾਂ ਲਾਗੇ ਸੁੰਦਰ ਸੋਭਦੇ ਸਨ। ਉਹ ਡੋਲਿਆਂ ਵਿਚ ਬੈਠ ਕੇ ਆਈਆਂ ਸਨ, ਜੋ ਹਾਥੀ ਦੰਦ ਦੇ ਚੂੜੇ ਨਾਲ ਸਜਾਈਆਂ ਹੋਈਆਂ ਸਨ। ਉਨ੍ਹਾਂ ਦੇ ਸਿਰ ਉਪਰ ਦੀ ਜਲ ਵਾਰਿਆ ਗਿਆ ਸੀ ਤੇ ਝਿਲਮਲ ਕਰਦੇ ਪੱਖੇ ਉਨ੍ਹਾਂ ਨੂੰ ਝੱਲੇ ਗਏ ਸਨ॥ ੨॥

ਜਦ ਉਹ ਬੈਠੀਆਂ ਤਾਂ ਉਨ੍ਹਾਂ ਨੂੰ ਲੱਖਾਂ ਰੁਪਏ ਦਿੱਤੇ ਗਏ ਅਤੇ ਲੱਖਾਂ ਹੀ ਭੇਟ ਕੀਤੇ ਗਏ ਜਦ ਉਹ ਖੜੀਆਂ ਹੋਈਆਂ। ਗਿਰੀ ਛੁਹਾਰੇ ਖਾਂਦੀਆਂ ਉਹ ਸੇਜ ਦਾ ਆਨੰਦ ਲੈਂਦੀਆਂ ਸਨ। ਉਨ੍ਹਾਂ ਦੀਆਂ ਗਰਦਨਾਂ ਦੁਆਲੇ ਰੱਸੇ ਪਏ ਹੋਏ ਹਨ ਅਤੇ ਉਨ੍ਹਾਂ ਦੀਆਂ ਮੋਤੀਆਂ ਦੀਆਂ ਲੜੀਆਂ ਟੁੱਟ ਗਈਆਂ ਹਨ॥ ੩॥

ਦੋਵੇਂ ਦੌਲਤ ਅਤੇ ਜੋਬਨ ਸੁੰਦਰਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਬਹਾਰਾਂ ਲਾ ਰੱਖੀਆਂ ਸਨ, ਹੁਣ ਉਨ੍ਹਾਂ ਦੀਆਂ ਦੁਸ਼ਮਣ ਹੋ ਗਈਆਂ ਹਨ। ਦੂਤਾਂ ਨੂੰ ਹੁਕਮ ਦਿੱਤਾ ਗਿਆ ਕਿ ਇਨ੍ਹਾਂ ਨੂੰ ਬੇਇੱਜ਼ਤ ਕਰਕੇ ਲੈ ਚਲੋ। ਜੇ ਉਸ ਨੂੰ ਚੰਗਾ ਲੱਗਾ ਵਡਿਆਈ ਬਖਸ਼ਦਾ ਹੈ ਅਤੇ ਜੇ ਉਸ ਨੂੰ ਚੰਗਾ ਨਾ ਲੱਗੇ ਸਜ਼ਾ ਦਿੰਦਾ ਹੈ॥ ੪॥

ਜੇ ਪ੍ਰਾਣੀ ਪਹਿਲਾਂ ਹੀ ਪ੍ਰਭੂ ਦੇ ਨਾਂ ਦਾ ਸਿਮਰਨ ਕਰੇ ਫਿਰ ਉਸ ਨੂੰ ਸਜ਼ਾ ਕਿਉਂ ਮਿਲੇ? ਬਾਦਸ਼ਾਹ ਨੇ ਰੰਗ ਤਮਾਸ਼ਿਆਂ ਵਿਚ ਆਪਣੀ ਆਤਮਾ ਮਾਰ ਲਈ ਹੈ। ਜਦ ਬਾਬਰ ਦੇ ਰਾਜ ਦਾ ਢੰਡੋਰਾ ਪਿਟ ਗਿਆ ਤਾਂ ਕਿਸੇ ਪਠਾਣ ਨੇ ਖਾਣਾ ਨਾ ਖਾਧਾ॥ ੫॥

ਕਈਆਂ ਨੇ ਪੰਜ ਨਮਾਜ਼ਾਂ ਦੇ ਵਕਤ ਗਵਾ ਲਏ ਅਤੇ ਕਈਆਂ ਦਾ ਪੂਜਾ ਪਾਠ ਦਾ ਸਮਾਂ ਜਾਂਦਾ ਰਿਹਾ। ਚਉਕੇ ਤੋਂ ਬਗੈਰ ਹੁਣ ਹਿੰਦੂ ਔਰਤਾਂ ਕਿਸ ਤਰ੍ਹਾਂ ਨਹਾ ਕੇ ਤਿਲਕ ਲਾਉਣਗੀਆਂ। ਉਨ੍ਹਾਂ ਆਪਣੇ ਰਾਮ ਦੀ ਕਦੇ ਅਰਾਧਣਾ ਨਹੀਂ ਕੀਤੀ ਸੀ ਅਤੇ ਹੁਣ ਖੁਦਾ ਵੀ ਕਹਿਣ ਨੂੰ ਨਹੀਂ ਮਿਲਦਾ॥ ੬॥

ਕਈ ਆਪਣੇ ਘਰਾਂ ਨੂੰ ਮੁੜ ਆਉਂਦੇ ਹਨ ਅਤੇ ਕਈ ਉਨ੍ਹਾਂ ਨੂੰ ਮਿਲ ਕੇ ਸੁਖ-ਸਾਂਦ ਪੁਛਦੇ ਹਨ। ਕਈਆਂ ਦੀ ਕਿਸਮਤ ਵਿਚ ਇਹ ਲਿਖਿਆ ਹੈ ਕਿ ਦੁਖ ਵਿਚ ਬੈਠੇ ਉਹ ਰੋਂਦੇ ਰਹਿਣ। ਜੋ ਕੁਝ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ, ਉਹੀ ਕੁਝ ਹੁੰਦਾ ਹੈ, ਹੇ ਨਾਨਕ! ਆਦਮੀ ਵਿਚਾਰਾ ਕੀ ਹੈ?॥ ੭॥ ੧੧॥

ਚੌਪਈ- ਸੁਨਿ ਕਰਿ ਬਾਬਰ ਖਰਾ ਅਗਾਰੀ। ਹਾਥ ਬੰਦਿਕੈ ਗਿਰਾ ਉਚਾਰੀ।
'ਅਰਥ ਸਮੇਤ ਸੁਨਾਵਹੁ ਮੋਹੀ। ਰਾਵਰ ਕਹਿਨ ਕਾਹਿ ਪਰ ਹੋਹੀ' ॥੨੬॥

ਸ਼ਬਦ ਸੁਣ ਕੇ ਬਾਬਰ ਅੱਗੇ ਆ ਕੇ ਖਲੋ ਗਿਆ। ਹੱਥ ਜੋੜ ਕੇ ਬੋਲਿਆ, "ਮੈਨੂੰ ਅਰਥਾਂ ਸਮੇਤ ਸੁਣਾਵੋ, ਆਪ ਜੀ ਨੇ ਕਿਸ ਬਾਰੇ ਕਿਹਾ ਹੈ"॥ ੨੬॥

'ਸੁਨਿ ਬਾਬਰ! ਇਹੁ ਹਤੇ ਪਠਾਨਾਂ। ਲੂਟਜੇ ਸਗਰੋ ਨਗਰ ਮਹਾਨਾ।
ਸਭਿਹਿਨਿ ਕੀ ਨਾਰੀ ਗਹਿ ਲੀਨੀ। ਦਲ ਮਹਿਂ ਆਨਿ ਕੈਦ ਕਰਿ ਦੀਨੀ ॥੨੭॥

ਗੁਰੂ ਜੀ ਨੇ ਕਿਹਾ, "ਹੇ ਬਾਬਰ! ਸੁਣ, ਇਹ ਪਠਾਣ ਮਾਰ ਦਿੱਤੇ ਹਨ ਅਤੇ ਸਾਰਾ ਮਹਾਨ ਨਗਰ ਲੁੱਟ ਲਿਆ ਹੈ, ਸਾਰਿਆਂ ਦੀਆਂ ਇਸਤਰੀਆਂ ਫੜ ਲਈਆਂ ਹਨ ਅਤੇ ਸੈਨਾ ਵਿਚ ਲਿਆ ਕੇ ਕੈਦ ਕਰ ਦਿੱਤੀਆਂ ਹਨ॥ ੨੭॥

ਕਸ਼ਟ ਸਮਾਂ ਅਬ ਤਿਨ ਪਰ ਆਯੋ। ਦੇਖਿ ਦਸ਼ਾ ਅਸ ਸ਼ਬਦ ਅਲਾਯੋ।
ਜਿਨ ਕੈ ਸਿਰ ਪਰ ਪਾਟੀ ਸੋਹੈਂ। ਮਾਂਗ ਸੰਧੂਰ ਪਾਇ ਮਨ ਮੋਹੈਂ ॥੨੮॥

ਉਨ੍ਹਾਂ ਉੱਤੇ ਹੁਣ ਕਸ਼ਟ ਦਾ ਸਮਾਂ ਆਇਆ ਹੈ, ਉਨ੍ਹਾਂ ਦੀ ਇਹ ਹਾਲਤ ਵੇਖ ਕੇ ਇਹ ਸ਼ਬਦ ਕਿਹਾ ਹੈ। ਜਿਨ੍ਹਾਂ ਦੇ ਸਿਰਾਂ ਉੱਤੇ ਮੀਢੀਆਂ ਸ਼ੋਭ ਰਹੀਆਂ ਸਨ ਅਤੇ ਮਾਂਗ ਵਿਚ ਭਰਿਆ ਸੰਧੂਰ ਮਨ ਨੂੰ ਮੋਹ ਰਿਹਾ ਸੀ॥ ੨੮॥

ਸੋਹਤਿ ਸਿਰ ਹਿਤ ਭੂਖਨ ਰੂਰਨ। ਸੰਗ ਕਤਰਨੀ ਕਤਰਹਿਂ ਤੂਰਨ।
ਪਾਇ ਬਦਨ ਮਹਿਂ ਭਸਮ ਬਹੋਰੀ। ਕਹੈਂ ਬਤਾਵਹੁ ਮਾਯਾ ਔਰੀ ॥੨੯॥

ਸਿਰ ਉੱਤੇ ਸੁੰਦਰ ਗਹਿਣੇ ਸੁੰਦਰ ਲੱਗ ਰਹੇ ਸਨ, ਉਨ੍ਹਾਂ ਦੀਆਂ ਮੀਢੀਆਂ ਨੂੰ ਫੌਰਨ ਕੈਂਚੀ ਨਾਲ ਕੱਟ ਦਿੱਤਾ ਹੈ। ਮੂੰਹ ਤੇ ਸਵਾਹ ਤੇ ਘੱਟਾ ਮਲਿਆ ਹੈ। ਇਹ ਦੱਸੋ ਇਹ ਕੀ ਭਾਣਾ ਵਰਤਿਆ ਹੈ ?॥ ੨੯॥

ਜਿਹ ਮੁਖ ਨਾਨਾ ਬਿੰਜਨ ਖਾਯੋ। ਸ੍ਰੀ ਕਰਤਾਰ ਨ ਨਾਮ ਅਲਾਯੋ।
ਤਿਹ ਮੁਖ ਵਿਸ਼ਟਾ ਬਾਂਧਹਿ ਸੋਊ। ਕਹੈਂ ਦੇਹੁ ਧਨ ਗਾਡਜੋ ਜੋਊ ॥੩੦॥

ਜਿਸ ਮੁੱਖ ਨਾਲ ਅਨੇਕ ਪ੍ਰਕਾਰ ਦੇ ਭੋਜਨ ਖਾਂਦੇ ਹਨ, ਉਸ ਮੁੱਖ ਨਾਲ ਪ੍ਰਭੂ ਦਾ ਨਾਮ ਨਹੀਂ ਜਪਿਆ, ਮੁਗਲ ਉਨ੍ਹਾਂ ਦੇ ਮੂੰਹਾਂ ਤੇ ਮੈਲਾ ਬੰਨ੍ਹ ਰਹੇ ਹਨ, ਕਹਿ ਰਹੇ ਹਨ ਕਿ ਸਾਨੂੰ ਉਹ ਧਨ ਦੇਵੋ ਜਿਹੜਾ ਧਰਤੀ ਵਿਚ ਨੱਪਿਆ ਹੈ॥ ੩੦॥

ਮੰਦਿਰ ਸੁੰਦਰ ਮਹਿਂ ਦਿਨ ਰੈਨਾ। ਰਹਿਤਿ ਸਦਾ ਸੰਤ ਪਿਖਹਿਂ ਨ ਨੈਨਾ।
ਬੈਸਨ ਮਿਲੈ ਨ ਸੋ ਅਬ ਪਾਸੀ। ਐਸੋ ਪ੍ਰਾਪਤਿ ਭਾ ਦੁਖ ਰਾਸੀ ॥੩੧॥

ਸੁੰਦਰ ਘਰਾਂ ਵਿਚ ਸਦਾ ਦਿਨ ਰਾਤ ਰਹਿੰਦੀਆਂ ਸਨ, ਸਦਾ ਅੰਦਰ ਰਹਿੰਦੀਆਂ ਸਨ, ਤਾਂਕਿ ਕੋਈ ਸੰਤ ਵੀ ਅੱਖਾਂ ਨਾਲ ਨਾ ਵੇਖ ਲਵੇ। ਇਨ੍ਹਾਂ ਇਸਤਰੀਆਂ ਨੂੰ ਹੁਣ ਉਨ੍ਹਾਂ ਦੇ ਘਰਾਂ ਦੇ ਨੇੜੇ ਵੀ ਬੈਠਣਾ ਨਹੀਂ ਮਿਲਦਾ, ਏਨਾ ਭਾਰੀ ਦੁੱਖ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ॥ ੩੧॥

ਵਾਹਿਗੁਰੂ ਜੋ ਕਰਨੇਹਾਰਾ। ਤਿਸਕੋ ਬੰਦਨ ਬਾਰੰਬਾਰਾ।
ਸਭਿ ਕੀ ਆਦਿ ਪੁਰਖੁ ਅਬਿਨਾਸ਼ੀ। ਕਿਸ ਬਿਧਿ ਅੰਤ ਨ ਪਾਇਆ ਜਾਸੀ ॥੩੨॥

ਵਾਹਿਗੁਰੂ ਜਿਹੜਾ ਕਰਨੇਹਾਰ ਹੈ, ਉਸ ਨੂੰ ਬਾਰ-ਬਾਰ ਨਮਸਕਾਰ ਹੈ। ਆਦਿ ਪੁਰਖ ਅਬਿਨਾਸ਼ੀ ਸਭ ਕੁਝ ਜਾਣਦਾ ਹੈ, ਉਸ ਦਾ ਅੰਤ ਪਾਇਆ ਨਹੀਂ ਜਾ ਸਕਦਾ॥ ੩੨॥

ਕਰਿ ਕਰਿ ਵੇਖਹਿ ਚੋਜ ਘਨੇਰੇ। ਜਿਉਂ ਚਾਹਤਿ ਤਿਉਂ ਕਰਿ ਬਿਨ ਦੇਰੇ।
ਜਬ ਇਨ ਅੰਗਨਾ ਭਏ ਬਿਆਹ। ਸੋਹਿਤਿ ਭਰਤਾ ਬੈਠੇ ਪਾਹ ॥੩੩॥

ਉਹ ਵੱਡੇ ਚੋਜ ਕਰ-ਕਰ ਵੇਖਦਾ ਹੈ, ਜਿਵੇਂ ਚਾਹੁੰਦਾ ਹੈ, ਬਿਨੇ ਦੇਰੀ ਬਗੈਰ ਕਰ ਦਿੰਦਾ ਹੈ। ਜਦ ਇਨ੍ਹਾਂ ਇਸਤਰੀਆਂ ਦੇ ਵਿਆਹ ਹੋਏ ਸਨ ਤਾਂ ਸੁੰਦਰ ਲਾੜੇ ਉਨ੍ਹਾਂ ਨਾਲ ਬੈਠੇ ਸੋਭ ਰਹੇ ਸਨ॥ ੩੩॥

ਹਿੰਡੋਲਨ ਪਰ ਚੜ੍ਹਿ ਕਰਿ ਆਈ। ਪ੍ਰਿਥਮ ਬਦਨ ਮਹਿਂ ਪਾਇ ਮਿਠਾਈ।
ਵਾਰੈ ਵਾਰ ਵਾਰਿ ਵਰ ਵਾਰੀ। ਪੀਵਹਿਂ, ਹੋਤਿ ਹਰਖ ਉਰ ਭਾਰੀ॥੩੪॥

ਡੋਲਿਆਂ ਤੇ ਚੜ੍ਹ ਕੇ ਉਹ ਆਪਣੇ ਸਹੁਰੇ ਘਰ ਆਈਆਂ ਸਨ, ਪਹਿਲਾਂ ਮੂੰਹ ਵਿਚ ਮਠਿਆਈ ਪਾਈ,. ਬਾਰ-ਬਾਰ ਸ੍ਰੇਸ਼ਟ ਜਲ ਉਨ੍ਹਾਂ ਉਤੋਂ ਦੀ ਵਾਰਿਆ ਗਿਆ, ਜਲ ਪੀ ਕੇ ਉਹ ਬਹੁਤ ਖੁਸ਼ ਹੋਈਆਂ ਸਨ॥ ੩੪॥

ਦਾਸੀ ਬਿਜਨਾ ਫੇਰਹਿਂ ਤਾਂਹੀ। ਦਰਪਨ ਬੀਚ ਲਗੇ ਹੈਂ ਜਾਂਹੀ।
ਝਮਕਤਿ ਤੇ ਦੁਤਿ ਹੋਤਿ ਬਿਸ਼ਾਲਾ। ਬਹੁਤ ਬਿਲੋਕਹਿਂ ਮਿਲਿ ਤਿਹਂ ਕਾਲਾ॥੩੫॥

ਦਾਸੀਆਂ ਪੱਖੇ ਝੱਲਦੀਆਂ ਸਨ, ਜਿਨ੍ਹਾਂ ਪੱਖਿਆਂ ਵਿਚ ਸ਼ੀਸ਼ੇ ਲੱਗੇ ਹੋਏ ਸਨ। ਜਦ ਸ਼ੀਸ਼ੇ ਝਿਲਮਿਲ ਕਰਦੇ ਸਨ ਤਾਂ ਬਹੁਤ ਸੁੰਦਰ ਲਗਦੇ ਸਨ। ਉਸ ਸਮੇਂ ਬਹੁਤ ਲੋਕ ਮਿਲ ਕੇ ਵੇਖਦੇ ਸਨ॥ ੩੫॥

ਦੋਹਰਾ- ਖਾਵਤਿ ਖਾਰਕ ਗਰੀ ਪੁਨ ਲੇਕਰਿ ਭਰਤੇ ਪਾਸਿ।
ਸੇਜਾ ਮਾਨਹਿਂ ਭਾਵਤੀ ਬਿਲਸਤਿ ਬਹੁਤ ਬਿਲਾਸ॥ ੩੬॥

ਆਪਣੇ ਪਤੀ ਪਾਸੋਂ ਲੈ ਕੇ ਗਿਰੀ ਛੁਹਾਰੇ ਖਾਂਦੀਆਂ ਸਨ, ਮਨ ਭਾਉਂਦੀ ਸੇਜਾ ਮਾਣਦੀਆਂ ਸਨ ਅਤੇ ਭੋਗ ਵਿਲਾਸ ਕਰਦੀਆਂ ਸਨ॥ ੩੬॥

ਅਬ ਪਾਥਰ ਤਿਨਕੇ ਗਰ ਪਾਵਹਿਂ। ਮੋਤਿਨਿ ਮਾਲ ਟੂਟਿ ਕਰਿ ਜਾਵਹਿਂ।
ਜੋਬਨ ਦਰਬ ਦੁਊ ਸੁਖਦਾਈ। ਤਿਨ ਤੇ ਅਬ ਬਹੁਤੇ ਦੁਖ ਪਾਈ॥੩੭॥

ਹੁਣ ਉਨ੍ਹਾਂ ਦੇ ਗਲਾਂ ਵਿਚ ਪੱਥਰ ਪਾਏ ਹੋਏ ਹਨ ਅਤੇ ਉਨ੍ਹਾਂ ਦੇ ਗਲਾਂ ਵਿਚ ਪਈਆਂ ਮੋਤੀਆਂ ਦੀਆਂ ਮਾਲਾਵਾਂ ਟੁੱਟ ਗਈਆਂ ਹਨ। ਧਨ ਜੋਬਨ ਕਾਰਨ ਸੁਖ ਪਾ ਰਹੀਆਂ ਸਨ, ਹੁਣ ਉਸੇ ਧਨ ਅਤੇ ਜੋਬਨ ਕਰਕੇ ਦੁੱਖ ਪਾ ਰਹੀਆਂ ਹਨ॥ ੩੭॥

ਤਰੁਨ ਬੈਸ ਪੁਨ ਜੇ ਧਨਵਾਨਾਂ। ਤਿਨ ਗਹਿ ਦਯੋ ਸਾਸਨਾ ਦਾਨਾ।
ਕਹੈਂ ਔਰ ਦੇਵਹੁ ਸਭਿ ਮਾਯਾ। ਦੂਤਨਿ ਬਾਂਧੀ ਪਤਿ ਗਵਾਯਾ॥੩੮॥

ਜੋ ਇਸਤਰੀਆਂ ਜਵਾਨ ਸਨ ਅਤੇ ਧਨਵਾਨ ਸਨ, ਉਨ੍ਹਾਂ ਨੂੰ ਤੁਹਾਡੇ ਹਾਕਮ ਫੜ ਕੇ ਲੈ ਆਏ ਹਨ, ਹੁਣ ਕਹਿੰਦੇ ਹਨ ਸਾਨੂੰ ਹੋਰ ਮਾਇਆ ਦੇਵੋ, ਸਿਪਾਹੀਆਂ ਨੇ ਉਨ੍ਹਾਂ ਨੂੰ ਬੰਨ੍ਹਿਆ ਹੋਇਆ ਹੈ ਅਤੇ ਉਨ੍ਹਾਂ ਦੀ ਇੱਜ਼ਤ ਖਰਾਬ ਕੀਤੀ ਜਾ ਰਹੀ ਹੈ॥ ੩੮॥

ਜੋ ਬਿਧਿ ਵਾਹਿਗੁਰੂ ਕੋ ਭਾਈ। ਦੇਇ ਸਜਾਇ ਕਿਧੌਂ ਵਡਿਆਈ।
ਤੇੜਿ ਪਟੰਬਰ ਸਿਰ ਜ਼ਰਤਾਰੀ। ਸੂਛਮ ਉਦਰ ਪਾਨ ਅਨੁਹਾਰੀ॥੩੯॥

ਜਿਸ ਤਰ੍ਹਾਂ ਵਾਹਿਗੁਰੂ ਨੂੰ ਚੰਗਾ ਲੱਗਾ ਹੈ, ਕਿਸੇ ਨੂੰ ਸਜ਼ਾ ਦਿੰਦਾ ਹੈ ਅਤੇ ਕਿਸੇ ਨੂੰ ਵਡਿਆਈ ਬਖਸ਼ਦਾ ਹੈ। ਤੇੜ ਰੇਸ਼ਮ ਦੇ ਕਪੜੇ ਹਨ ਅਤੇ ਸਿਰ ਤੇ ਜ਼ਰੀਦਾਰ ਪੱਗੜੀ ਹੈ। ਖਾਲੀ ਪੇਟ ਹਨ ਅਤੇ ਪਾਨ ਦੇ ਪੱਤੇ ਵਾਂਗ ਕੋਮਲ ਹਨ॥੩੯॥

ਮਾਨਵ ਕੀ ਕੋ ਗਿਨਤੀ ਕਰਈ। ਸੂਰਜ ਚੰਦ੍ਰ ਦ੍ਰਿਸ਼ਟਿ ਨਹਿਂ ਪਰਈ।
ਪਗ ਸੋਂ ਮਾਰਗ ਚਲਤਿ ਨ ਜੋਊ। ਬਾਂਧਿ ਲਈ ਮੁਗਲਨ ਅਬ ਸੋਊ॥੪੦॥

ਮਨੁੱਖਤਾ ਦੀ ਦਸ਼ਾ ਦੀ ਕੋਈ ਕੀ ਗਿਣਤੀ ਕਰ ਸਕਦਾ ਹੈ, ਜਿਨ੍ਹਾਂ 'ਤੇ ਕਦੀ ਚੰਦ ਸੂਰਜ ਦੀ ਦ੍ਰਿਸ਼ਟੀ ਵੀ ਨਹੀਂ ਸੀ ਪਈ। ਜਿਨ੍ਹਾਂ ਰਾਹ ਵਿਚ ਕਦੀ ਤੁਰ ਕੇ ਵੀ ਨਹੀਂ ਸੀ ਵੇਖਿਆ ਉਨ੍ਹਾਂ ਨੂੰ ਹੁਣ ਮੁਗਲਾਂ ਬੰਨ੍ਹ ਲਿਆ ਹੈ॥ ੪੦॥

ਭਰਤੇ ਮਾਰੇ ਬੀਚ ਲਰਾਈ। ਸਾਸਨ ਦੇ ਕੈ ਬਾਂਧਿ ਚਲਾਈ।
ਲੋਚਨ ਬਹੁਤ ਬਿਮੋਚਤਿ ਬਾਰੀ। ਅੱਸ੍ਰ ਗਿਰੈਂ ਯੁਤ ਕੱਜਲ ਕਾਰੀ ॥੪੧॥

ਉਨ੍ਹਾਂ ਦੇ ਪਤੀ ਲੜਾਈ ਵਿਚ ਮਾਰੇ ਗਏ ਹਨ, ਹੁਕਮ ਕਰਕੇ ਬੰਨ੍ਹ ਲਿਆਂਦੀਆਂ ਹਨ, ਰੋ-ਰੋ ਕੇ ਅੱਖਾਂ ਵਿਚੋਂ ਬਹੁਤ ਪਾਣੀ ਵਗ ਰਿਹਾ ਹੈ ਅਤੇ ਕਾਲੇ ਕੱਜਲ ਸਮੇਤ ਹੰਝੂ ਡਿੱਗ ਰਹੇ ਹਨ॥ ੪੧॥

ਕੂਕਤਿ ਹੈਂ ਰੋਵਤਿ ਦੁਖ ਪਾਈ। ਨਹਿਂ ਕੋ ਸ਼ਕਤਿ, ਨ ਤਿਨਹਿਂ ਛੁਡਾਈ।
ਆਗੈ ਜੇ ਚੇਤਜੋ ਨਹਿਂ ਨਾਮੂ। ਤੇ ਅਬ ਸਮਾਂ ਭਯੋ ਦੁਖ ਧਾਮੂ ॥੪੨॥

ਦੁੱਖ ਪਾ ਕੇ ਕੂਕਦੀਆਂ ਹਨ ਅਤੇ ਰੋਂਦੀਆਂ ਹਨ। ਕੋਈ ਸ਼ਕਤੀ ਨਹੀ ਜਿਹੜੀ ਉਨ੍ਹਾਂ ਨੂੰ ਛੁਡਵਾ ਸਕੇ। ਪਹਿਲਾਂ ਜਿਨ੍ਹਾਂ ਕਦੇ ਪ੍ਰਭੂ ਦੇ ਨਾਮ ਦਾ ਸਿਮਰਨ ਨਹੀਂ ਸੀ ਕੀਤਾ, ਉਨ੍ਹਾਂ ਲਈ ਹੁਣ ਸਮਾਂ ਦੁੱਖਾਂ ਦਾ ਘਰ ਬਣ ਗਿਆ ਹੈ॥ ੪੨॥

ਜੇ ਸਿਮਰਹਿਂ ਅੱਗ੍ਰਜ ਕਰਤਾਰਾ। ਕਿਉਂ ਹੋਵਹਿ ਇਸ ਬਿਧਿ ਦੁਖ ਭਾਰਾ।
ਹੈ ਅਮੀਰ ਉਮਰੇ ਜਿ ਵਜ਼ੀਰੰ। ਬਿਸਰਿ ਗਏ ਪ੍ਰਭੁ ਗੁਨੀ ਗਹੀਰੰ ॥੪੩॥

ਜਿਨ੍ਹਾਂ ਨੇ ਪਹਿਲਾਂ ਕਰਤਾਰ ਦੇ ਨਾਮ ਦਾ ਸਿਮਰਨ ਕੀਤਾ ਹੈ, ਉਨ੍ਹਾਂ ਨੂੰ ਇਸ ਤਰ੍ਹਾਂ ਭਾਰੀ ਦੁੱਖ ਕਿਵੇਂ ਮਿਲ ਸਕਦਾ ਹੈ ? ਹਾਕਮ ਬਹੁਤ ਅਮੀਰ ਹੋਣ ਕਰਕੇ ਪ੍ਰਭੂ ਨੂੰ ਵਿਸਰ ਗਏ ਸਨ॥ ੪੩॥

ਚਿਤ ਮਹਿਂ ਚਾਹਤਿ ਰੰਗ ਤਮਾਸ਼ੇ। ਬਿਬਿਧਿ ਬਿਧਿਨਿ ਕੇ ਬਿਲਸ ਬਿਲਾਸੇ।
ਅਬਿ ਤਿਨਕੀ ਗਤਿ ਹੋਈ ਐਸੀ। ਜਾਇ ਬਿਲੋਕੀ ਨਾਂਹਿ ਨ ਜੈਸੀ ॥੪੪॥

ਦਿਲ ਵਿਚ ਹਰ ਵੇਲੇ ਰੰਗ ਤਮਾਸ਼ੇ ਚਾਹੁੰਦੇ ਸਨ, ਕਈ ਪ੍ਰਕਾਰ ਦੇ ਭੋਗ ਵਿਲਾਸ ਕਰਦੇ ਸਨ, ਉਨ੍ਹਾਂ ਦੀ ਹੁਣ ਐਸੀ ਗਤੀ ਹੋਈ ਹੈ ਕਿ ਜਿਸ ਨੂੰ ਵੇਖਿਆ ਨਹੀਂ ਜਾ ਸਕਦਾ॥ ੪੪॥

ਬਾਬਰ ਤੇਰੀ ਫਿਰੀ ਦੁਹਾਈ। ਤੂਰਨ ਪੂਰਬ ਸਫਾ ਉਠਾਈ।
ਤਿਨ ਕੇ ਬਡੇ ਮੁਸਾਹਿਬ ਜੋਇ। ਨਹਿਂ ਭੋਜਨ ਅਬ ਪ੍ਰਾਪਤਿ ਹੋਇ ॥੪੫॥

ਹੇ ਬਾਬਰ ! ਤੇਰੀ ਦੁਹਾਈ ਫਿਰ ਗਈ ਹੈ, ਤੂੰ ਤਾਂ ਫੌਰਨ ਇਨ੍ਹਾਂ ਦਾ ਸਫਾਇਆ ਕਰ ਦਿੱਤਾ ਹੈ। ਉਨ੍ਹਾਂ ਹਾਕਮਾਂ ਦੇ ਜਿਹੜੇ ਵੱਡੇ-ਵੱਡੇ ਮੁਸਾਹਿਬ ਸਨ, ਉਨ੍ਹਾਂ ਨੂੰ ਹੁਣ ਭੋਜਨ ਵੀ ਪ੍ਰਾਪਤ ਨਹੀਂ ਹੁੰਦਾ॥ ੪੫॥

ਪੂਜਾ ਕਰਨ ਨਿਵਾਜ ਸੁ ਜਿਨ ਕੀ। ਜਾਤ ਸਮਾ ਟਰਿ ਹੋਤਿ ਨ ਤਿਨਕੀ।
ਹਿੰਦਨੀ ਅੰਗਨਾ ਪਕਰੀ ਸੋਈ। ਮੱਜਤਿ ਤਿਲਕ ਲਗਾਵਤਿ ਜੋਈ ॥੪੬॥

ਜਿਹੜੇ ਪਹਿਲਾਂ ਪੂਜਾ ਕਰਦੇ ਸਨ ਅਤੇ ਨਿਮਾਜ ਪੜ੍ਹਦੇ ਸਨ, ਹੁਣ ਸਮਾਂ ਲੰਘ ਜਾਂਦਾ ਹੈ ਤੇ ਉਹ ਨਿਯੁਕਤ ਸਮੇਂ 'ਤੇ ਪੂਜਾ ਜਾਂ ਨਮਾਜ਼ ਵੀ ਨਹੀਂ ਪੜ੍ਹ ਸਕਦੇ। ਹਿੰਦੂ ਇਸਤਰੀਆਂ ਜਿਹੜੀਆਂ ਫੜੀਆਂ ਗਈਆਂ ਹਨ, ਉਹ ਪਹਿਲਾਂ ਇਸ਼ਨਾਨ ਕਰਕੇ ਮੱਥੇ ਤੇ ਟਿਕਾ ਲਾਉਂਦੀਆਂ ਸਨ॥ ੪੬॥

ਚੌਂਕੇ ਮਹਿਂ ਭੋਜਨ ਕੋਖਾਤੀ। ਕਰੀ ਕੈਦ ਬੈਸੀ ਇਸ ਭਾਂਤੀ।
ਹਾਥ ਨ ਆਵਤਿ ਅਬਹਿ ਅਹਾਰਾ। ਰੋਵਤਿ ਊਚੀ ਕਰਹਿਂ ਪੁਕਾਰਾ ॥੪੭॥

ਚੌਂਕੇ ਵਿਚ ਬੈਠ ਕੇ ਭੋਜਨ ਕਰਦੀਆਂ ਸਨ, ਪਰ ਕੈਦ ਕੀਤੀਆਂ ਹੁਣ ਇਸ ਪ੍ਰਕਾਰ ਬੈਠੀਆਂ ਹਨ। ਹੱਥ ਵਿਚ ਹੁਣ ਭੋਜਨ ਨਹੀਂ ਆ ਰਿਹਾ। ਉੱਚੀ-ਉੱਚੀ ਰੋ ਕੇ ਪੁਕਾਰ ਕਰ ਰਹੀਆਂ ਹਨ॥ ੪੭॥

ਰਾਮ ਨ ਸਿਮਰਜੋ ਕਬ ਮਨ ਮਾਂਹੀ। ਕਹਿਨ ਖੁਦਾਇ ਮਿਲਹਿ ਅਬ ਨਾਹੀਂ।
ਆਵਹਿ ਦੁਖ ਸੁਖ ਬੂਝਤਿ ਕੋਈ। ਕੇਤਿਕ ਮ੍ਰਿਤੁ ਭਏ ਤਿਨ ਰੋਈ ॥੪੮॥

ਕਦੀ ਵੀ ਮਨ ਵਿਚ ਰਾਮ ਨਾਮ ਨਹੀਂ ਸਿਮਰਿਆ ਸੀ, ਹੁਣ ਖੁਦਾ ਦਾ ਨਾਮ ਲੈਣਾ ਵੀ ਨਹੀਂ ਮਿਲਦਾ। ਦੁੱਖ ਸੁਖ ਕਿਸੇ ਨੂੰ ਪੁਛ ਕੇ ਨਹੀਂ ਆਉਂਦਾ, ਜਿਹੜੇ ਮਰ ਗਏ ਹਨ, ਤਿਨ੍ਹਾਂ ਨੂੰ ਰੋਂਦੀਆਂ ਹਨ॥ ੪੮॥

ਜੋ ਬਿਧਿ ਵਾਹਿਗੁਰੂ ਕੋ ਭਾਵਹਿ। ਸੋ ਤਤ ਛਿਨ ਕਰਤਾਰ ਬਨਾਵਹਿ।
ਨਹਿਂ ਮਾਨੁਖ ਕੇ ਕਛੁ ਕਰ ਮਾਂਹੀ। ਜਿਵੈਂ ਚਲਾਵੈ ਤਿਵੈਂ ਚਲਾਹੀ' ॥੪੯॥

ਜਿਸ ਤਰ੍ਹਾਂ ਵਾਹਿਗੁਰੂ ਨੂੰ ਭਾਉਂਦਾ ਹੈ, ਵਾਹਿਗੁਰੂ ਤੁਰੰਤ ਉਸ ਤਰ੍ਹਾਂ ਹੀ ਬਣਾ ਦਿੰਦਾ ਹੈ, ਮਨੁੱਖ ਦੇ ਹੱਥ ਵਿਚ ਕੁਝ ਨਹੀਂ ਹੈ, ਜਿਵੇਂ ਉਹ ਚਲਾਉਂਦਾ ਹੈ ਤਿਵੇਂ ਮਨੁੱਖ ਚਲਦਾ ਹੈ'॥ ੪੯॥

ਸੁਨਿ ਬਾਬਰ ਸ੍ਰੀ ਮੁਖ ਤੇ ਬਾਨੀ। ਸ਼ਰਧਾ ਅਧਿਕ ਰਿਦੈ ਮਹਿਂ ਠਾਨੀ।
ਕਲਾਵਾਨ ਮਨ ਲਖੇ ਬਿਸਾਲਾ। ਬੰਦਨ ਕਰਿ ਬੋਲਯੋ ਤਿਹ ਕਾਲਾ ॥੫੦॥

ਬਾਬਰ ਨੇ ਗੁਰੂ ਜੀ ਦੇ ਮੁੱਖ ਤੋਂ ਇਹ ਬਚਨ ਸੁਣ ਕੇ, ਹਿਰਦੇ ਵਿਚ ਬਹੁਤ ਸ਼ਰਧਾ ਧਾਰਨ ਕੀਤੀ। ਉਸ ਨੇ ਮਨ ਵਿਚ ਗੁਰੂ ਜੀ ਨੂੰ ਵੱਡਾ ਕਲਾਵਾਨ ਪਹਿਚਾਣਿਆ। ਨਮਸ਼ਕਾਰ ਕਰਕੇ ਉਸ ਸਮੇਂ ਬੋਲਿਆ॥ ੫੦॥

'ਕਰਾਮਾਤ ਮੁਝ ਕੋ ਦਿਖਲਾਵਉ। ਕਿਤਿਕ ਸ਼ਕਤਿ ਹੈ ਸਰਬ ਬਤਾਵਉ।
ਤੁਮ ਖੁਦਾਇ ਕੇ ਅਧਿਕ ਪਿਆਰੇ। ਕਿਧੌਂ ਖੁਦਾਇ ਆਪ ਤਨ ਧਾਰੇ ॥੫੧॥

''ਮੈਨੂੰ ਕੋਈ ਕਰਾਮਾਤ ਕਰਕੇ ਵਿਖਾਵੋ, ਕਿੰਨੀ ਸ਼ਕਤੀ ਹੈ ਸਭ ਦੱਸੋ। ਤੁਸੀਂ ਖੁਦਾ ਦੇ ਬਹੁਤ ਪਿਆਰੇ ਹੋ ਜਾਂ ਖੁਦਾ ਨੇ ਹੀ ਆਪ ਤਨ ਧਾਰਨ ਕੀਤਾ ਹੈ''॥ ੫੧॥

ਸੁਨਿ ਕਰਿ ਬੋਲੇ ਕ੍ਰਿਪਾ ਸਹਿਤ ਹੈਂ। 'ਕਰਾਮਾਤ ਕੋ ਕਹਿਰ ਕਹਿਤਿ ਹੈਂ।
ਜਾਚਿ ਲੇਹੁ ਜੋ ਹ੍ਵੈ ਚਿਤ ਚਾਹੀ। ਇਸਥਿਰ ਕਰ ਮਨ ਡੋਲਹੁ ਨਾਂਹੀ' ॥੫੨॥

ਇਹ ਸੁਣ ਕੇ ਗੁਰੂ ਜੀ ਕਿਰਪਾ ਸਹਿਤ ਬੋਲੇ, ''ਕਰਾਮਾਤ ਨੂੰ ਕਹਿਰ ਕਹਿੰਦੇ ਹਨ, ਮੰਗ ਲੈ ਜੋ ਤੂੰ ਚਾਹੁੰਦਾ ਹੈਂ, ਮਨ ਨੂੰ ਸਥਿਰ ਕਰੋ ਤਾਂਕਿ ਡੋਲੇ ਨਹੀਂ॥ ੫੨॥

ਬਾਬਰ ਕੇਰ ਹੁਤੇ ਬਡਭਾਗਾ। ਸੁਨਿਕੈ ਬਚਨੁ ਚਰਨੁ ਅਨੁਰਾਗਾ।
ਪ੍ਰੇਮ ਖੁਦਾਇ ਮਗਨ ਮਨ ਜਾਨੀ। ਜਾਂਤੇ ਭੇਟ ਭਾਂਗ ਕੀ ਆਨੀ ॥੫੩॥

ਬਾਬਰ ਦੇ ਵੱਡੇ ਭਾਗ ਸਨ। ਗੁਰੂ ਦੇ ਬਚਨ ਸੁਣ ਕੇ ਮਨ ਵਿਚ ਗੁਰ ਚਰਨਾਂ ਲਈ ਪ੍ਰੇਮ ਜਾਗਿਆ। ਗੁਰੂ ਜੀ ਨੂੰ ਖੁਦਾ ਦੇ ਪ੍ਰੇਮ ਵਿਚ ਮਗਨ ਜਾਣਿਆ, ਇਸ ਲਈ ਭੰਗ ਦੀ ਭੇਟਾ ਅੱਗੇ ਰਖੀ॥ ੫੩॥

ਬੇਪਰਵਾਹੁ ਲਖੇ ਦਰਵੇਸ਼ਾ। ਦਰਬ ਲੋਭ ਜਿਨਕੇ ਨਹਿ ਲੇਸ਼ਾ।
ਧਰੀ ਗੁਰੂ ਕੇ ਜਬਹਿ ਅਗਾਰੀ। ਤਿਹ ਬਿਲੋਕਿ ਕੈ ਗਿਰਾ ਉਚਾਰੀ ॥੫੪॥

ਗੁਰੂ ਜੀ ਨੂੰ ਬੇਪ੍ਰਵਾਹ ਦਰਵੇਸ਼ ਜਾਣਿਆ ਕਿ ਇਨ੍ਹਾਂ ਨੂੰ ਧਨ ਦਾ ਜ਼ਰਾ ਵੀ ਲੋਭ ਨਹੀਂ ਹੈ। ਜਦ ਭੰਗ ਗੁਰੂ ਜੀ ਦੇ ਅੱਗੇ ਰੱਖੀ ਤਾਂ ਉਸ ਨੂੰ ਵੇਖ ਕੇ ਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ॥ ੫੪॥

*ਤਿਲੰਗ ਮਹਲਾ ੧ ਘਰੁ ੨*
*ੴ ਸਤਿਗੁਰ ਪ੍ਰਸਾਦਿ॥*

*ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥*
*ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥ ੧॥*
*ਤਉ ਦਰਸਨ ਕੀ ਕਰਉ ਸਮਾਇ॥ ਮੈ ਦਰਿ ਮਾਗਤੁ ਭੀਖਿਆ ਪਾਇ॥ ੧॥ ਰਹਾਉ॥*

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥
ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥ ੧ ॥ ੨ ॥ (ਪੰਨਾ ੭੨੧)

ਵਾਹਿਗੁਰੂ ਇਕ ਹੈ, ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਹੇ ਵਾਹਿਗੁਰੂ ! ਤੇਰਾ ਡਰ ਮੇਰੀ ਭੰਗ ਹੈ ਅਤੇ ਮੇਰਾ ਮਨ ਭੰਗ ਨੂੰ ਸੰਭਾਲਣ ਵਾਸਤੇ ਚਮੜੇ ਦੀ ਗੁਥਲੀ ਹੈ, ਮੈਂ ਇਕ ਦੀਵਾਨਾ ਅਤੀਤ ਹੋ ਗਿਆ ਹਾਂ। ਮੇਰੇ ਹੱਥ ਵਿਚ ਪਿਆਲਾ ਹੈ ਅਤੇ ਮੈਨੂੰ ਤੇਰੇ ਦੀਦਾਰ ਦੀ ਭੁੱਖ ਹੈ। ਮੈਂ ਨਿਤ ਤੇਰੇ ਦਰ ਤੇ ਝੋਲੀ ਅੱਡਦਾ ਹਾਂ॥ ੧॥

ਤੇਰੇ ਦੀਦਾਰ ਲਈ ਮੈਂ ਮੰਗਤੇ ਵਾਂਗ ਆਵਾਜ਼ ਦਿੰਦਾ ਹਾਂ। ਹੇ ਪ੍ਰਭੂ ! ਮੈਨੂੰ ਆਪਣੇ ਦਰ ਤੇ ਖੜੇ ਭਿਖਾਰੀ ਨੂੰ ਖੈਰ ਪਾਵੋ ॥ ੧ ॥ ਰਹਿਰਾਉ ॥

ਕੇਸਰ, ਫੁਲ, ਹਿਰਨ ਦੀ ਕਸਤੂਰੀ ਅਤੇ ਸੋਨਾ ਸਾਰੀਆਂ ਦੇਹਾਂ ਉਤੇ ਸਵਾਰ ਹੁੰਦੇ ਹਨ। ਚੰਦਨ ਦੀ ਤਰ੍ਹਾਂ ਪ੍ਰਭੂ ਦੇ ਭਗਤਾਂ ਦੀ ਉਜਲ ਖੁਸ਼ਬੂ ਇਸ ਤਰ੍ਹਾਂ ਦੀ ਹੈ ਕਿ ਉਹ ਸਾਰਿਆਂ ਨੂੰ ਸੁਗੰਧਤ ਕਰ ਦਿੰਦੀ ਹੈ। ਕੋਈ ਵੀ ਘਿਉ ਅਤੇ ਰੇਸ਼ਮ ਨੂੰ ਕੁਲੰਕਤ ਨਹੀਂ ਕਹਿੰਦਾ। ਭਾਵੇਂ ਕਿਸੇ ਵੀ ਵਰਨ ਦਾ ਹੋਵੇ, ਭਗਤ ਅਜਿਹੇ ਹੁੰਦੇ ਹਨ। ਜੋ ਤੇਰੇ ਨਾਮ ਨੂੰ ਨਮਸ਼ਕਾਰ ਕਰਦੇ ਹਨ ਅਤੇ ਤੇਰੇ ਪ੍ਰੇਮ ਵਿਚ ਲੀਨ ਰਹਿੰਦੇ ਹਨ। ਹੇ ਨਾਨਕ ! ਮੈਂ ਉਨ੍ਹਾਂ ਦੇ ਦਰ ਤੇ ਖੈਰਾਤ ਦੀ ਭੀਖ ਮੰਗਦਾ ਹਾਂ ॥ ੩ ॥ ੧ ॥ ੨ ॥

ਦੋਹਰਾ- ਇਸ ਬਿਧਿ ਸੁਨਿ ਬਾਬਰ ਤਬੈ ਬੰਦਨ ਕਿਯ ਕਰ ਬੰਦਿ।
ਬੋਲਜੋ ਦੀਨ ਬਿਸਾਲ ਹ੍ਵੈ ਅਵਲੋਕਤਿ ਸੁਖਕੰਦ॥ ੫੫ ॥

ਜਦ ਇਸ ਤਰ੍ਹਾਂ ਸੁਣਿਆ ਤਾਂ ਬਾਬਰ ਨੇ ਹੱਥ ਜੋੜ ਕੇ ਬੰਦਨਾ ਕੀਤੀ। ਸੁਖਾਂ ਦੇ ਬੱਦਲ ਨੂੰ ਵੇਖ ਕੇ ਬਹੁਤ ਦੀਨ ਹੋ ਕੇ ਬੋਲਿਆ ॥ ੫੫ ॥

ਚੌਪਈ- 'ਮੈ ਜਾਨੇ ਅਬ ਨਿਸ਼ਚੈ ਕਰਿਕੈ। ਤੁਮ ਖੁਦਾਇ ਬਿਚਰਤਿ ਤਨ ਧਰਿਕੈ।
ਦੀਜੈ ਬਰ ਮੋਕੌ ਅਬ ਐਸੇ। ਜਗ ਪਤਿਸ਼ਾਹੁ ਹੁਵੌਂ ਮੈਂ ਜੈਸੇ॥ ੫੬ ॥

ਮੈਂ ਹੁਣ ਨਿਸ਼ਚੇ ਕਰਕੇ ਜਾਣ ਲਿਆ ਹੈ, ਤੁਸੀਂ ਖੁਦਾ ਹੋ, ਮਨੁੱਖ ਦਾ ਸਰੀਰ ਧਾਰਨ ਕਰਕੇ ਵਿਚਰ ਰਹੇ ਹੋ। ਮੈਨੂੰ ਹੁਣ ਐਸਾ ਵਰ ਦੇਵੋ ਕਿ ਮੈਂ ਜਗਤ ਦਾ ਬਾਦਸ਼ਾਹ ਹੋ ਜਾਵਾਂ ॥ ੫੬ ॥

ਕੁਰਸੀ ਅਪਰ ਬਕੁਰਸੀ ਤਾਈਂ। ਭੋਗਹਿੰ ਪਤਿਸ਼ਾਹੀ ਸੁਖ ਪਾਈ।
ਚਾਰ ਪਦਾਰਥ ਤੁਮ ਕਰ ਮਾਂਹੀ। ਦੇਵਹੁ ਆਪ ਦੇਰਿ ਕੁਛ ਨਾਂਹੀ ॥੫੭ ॥

ਪੁਸ਼ਤ ਦਰ ਪੁਸ਼ਤ ਅਸੀਂ ਪਾਤਸ਼ਾਹੀ ਭੋਗੀਏ ਅਤੇ ਸੁਖ ਪਾਈਏ। ਚਾਰ ਪਦਾਰਥ ਤੁਸੀਂ ਮੇਰੇ ਹੱਥ ਵਿਚ ਦੇਵੋ, ਆਪ ਦੇਵੋ ਅਤੇ ਕੁਝ ਦੇਰ ਨਾ ਕਰੋ ॥ ੫੭ ॥

ਮਹਾਂਪੁਰਖ ਹੁਇੰ ਅਧਿਕ ਉਦਾਰਾ। ਕਰਹਿੰ ਰੰਕ ਤੇ ਅਤਿ ਸਿਰਦਾਰਾ।
ਨ੍ਰਿਪ ਤੇ ਰੰਕ ਬਨਾਵਹਿੰ ਤੂਰਨ। ਇਸ ਪ੍ਰਕਾਰ ਕੇ ਤੁਮ ਪ੍ਰਭੁ ਪੂਰਨ ॥੫੮ ॥

ਮਹਾਂਪੁਰਖ ਜ਼ਿਆਦਾ ਕਿਰਪਾਲੂ ਹੁੰਦੇ ਹਨ, ਉਹ ਗ਼ਰੀਬ ਤੋਂ ਬਾਦਸ਼ਾਹ ਬਣਾ ਦਿੰਦੇ ਹਨ। ਬਾਦਸ਼ਾਹ ਤੋਂ ਝੱਟ ਗ਼ਰੀਬ ਬਣਾ ਦਿੰਦੇ ਹਨ, ਇਸ ਪ੍ਰਕਾਰ ਤੁਸੀਂ ਪੂਰਨ ਖੁਦਾ ਹੋ ॥ ੫੮ ॥

ਜੇ ਪ੍ਰਸੰਨਤਾ ਰਾਵਰ ਕੇਰੀ। ਪੂਰਨ ਚਹੋ ਕਾਮਨਾ ਮੇਰੀ।
ਜੋ ਜਾਚਜੋ ਸੋਈ ਅਬਿ ਦੀਜੈ। ਮਹਾਂਪੁਰਖ ਜੀ! ਕਰੁਨਾ ਕੀਜੈ ॥੫੯ ॥

ਜੇ ਆਪ ਜੀ ਦੀ ਪ੍ਰਸੰਨਤਾ ਹੋਵੇ, ਮੇਰੀ ਕਾਮਨਾ ਪੂਰੀ ਕਰਨੀ ਚਾਹੋ ਜੋ ਮੰਗਾਂ ਹੁਣੇ ਦੇ ਸਕਦੇ ਹੋ। ਹੇ ਮਹਾਂਪੁਰਖ ਜੀ ! ਕਿਰਪਾ ਕਰੋ'' ॥ ੫੯ ॥

ਦੋਹਰਾ-ਕ੍ਰਿਪਾਦ੍ਰਿਸ਼ਟਿ ਅਵਲੋਕਿ ਕੈ ਬੋਲਤਿ ਭੇ ਸਤਿਭਾਇ।
'ਜਗ ਪਤਿਸ਼ਾਹੀ ਭੋਗਹੋ ਜਬ ਲਗ ਕਰੋ ਨਿਆਇ॥ ੬੦ ॥

ਕ੍ਰਿਪਾ ਦ੍ਰਿਸ਼ਟੀ ਨਾਲ ਵੇਖ ਕੇ ਗੁਰੂ ਸੱਚਾ ਪ੍ਰੇਮ ਕਰਕੇ ਬੋਲੇ, "ਜੱਗ ਵਿਚ ਤਦ ਤਕ ਪਾਤਸ਼ਾਹੀ ਭੋਗੋਗੇ, ਜਦ ਤਕ ਦਿਲ ਲਾ ਕੇ ਨਿਆਂ ਕਰੋਗੇ ॥ ੬੦ ॥

ਚੌਪਈ- ਜਬ ਤੁਮਰੀ ਕੁਲ ਨਯਾਇ ਨ ਹੋਵਹਿ। ਪਤਿਸ਼ਾਹਿਤ ਸਗਰੀ ਸੋ ਖੋਵਹਿ।
ਦੇਸ਼ ਬਿਦੇਸ਼ ਜੀਤਿ ਬਹੁ ਧਰਨੀ। ਭੁੰਚਹੁ ਰਾਜ ਕਰਹੁ ਬਲ ਕਰਨੀ ॥੬੧ ॥

ਜਦ ਤੁਹਾਡੀ ਕੁਲ ਨਿਆਂ-ਰਹਿਤ ਹੋ ਜਾਵੇਗੀ, ਸਾਰੀ ਪਾਤਸ਼ਾਹੀ ਜਾਂਦੀ ਰਹੇਗੀ, ਦੇਸ਼ ਵਿਦੇਸ਼ ਦੀ ਬਹੁਤ ਧਰਤੀ ਬਲ ਨਾਲ ਜਿੱਤ ਕੇ ਰਾਜ ਭੋਗੋਗੇ'' ॥ ੬੧ ॥

ਸੁਨਿ ਬਾਬਰ ਕਰਿ ਹਰਖ ਅਪਾਰਾ। ਪਦ ਪੰਕਜ ਬੰਦਹਿ ਬਹੁ ਬਾਰਾ।
ਨਿੰਮ੍ਰਿ ਹੋਇਕੈ ਬਿਨੈ ਬਖਾਨੀ। 'ਧੰਨ ਧੰਨ ਪ੍ਰਭੁ! ਸਦ ਗੁਨ ਖਾਨੀ!' ॥੬੨ ॥

ਇਹ ਸੁਣ ਕੇ ਬਾਬਰ ਬਹੁਤ ਖੁਸ਼ ਹੋਇਆ। ਚਰਨ ਕੰਵਲਾਂ ਤੇ ਬਹੁਤ ਵਾਰ ਬੰਦਨਾ ਕੀਤੀ। ਦੀਨ ਹੋ ਕੇ ਬੇਨਤੀ ਕੀਤੀ, "ਹੇ ਪ੍ਰਭੂ ! ਤੁਸੀ ਧੰਨ ਹੋ, ਸਦਾ ਹੀ ਗੁਣਾਂ ਦੀ ਖਾਣ ਹੋ'' ॥ ੬੨ ॥

ਤਬ ਸੈਨਾ ਕੇ ਨਰ ਸਭਿ ਆਏ। ਦਰਸ ਕਰਹਿੰ ਚਰਨਨ ਲਪਟਾਏ।
ਚਹੁੰ ਦਿਸ਼ਿ ਭੀਰ ਭੂਰ ਤਬ ਹੋਈ। ਧਾਇ ਧਾਇ ਆਵਹਿ ਸਭਿ ਕੋਈ ॥੬੩ ॥

ਫਿਰ ਸੈਨਾ ਦੇ ਸਭ ਸਿਪਾਹੀ ਆਏ, ਦਰਸ਼ਨ ਕਰਕੇ ਚਰਨਾਂ ਤੇ ਮੱਥਾ ਟੇਕਦੇ ਸਨ। ਚਾਰੇ ਪਾਸੇ ਬਹੁਤ ਭੀੜ ਹੋ ਗਈ, ਦੌੜ ਦੌੜ ਕੇ ਸਭ ਆ ਰਹੇ ਸਨ ॥ ੬੩ ॥

ਦੋਹਰਾ-ਸ੍ਰੀ ਨਾਨਕ ਕੇ ਬਰ ਦਏ ਬਾਬਰ ਭਾ ਪਤਿਸ਼ਾਹੁ।
ਦਿੱਲੀ ਆਦਿਕ ਦੇਸ਼ ਲੇ ਬਿਲਸੇ ਸੁਖ ਜਗ ਮਾਂਹਿ॥ ੬੪ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਬਾਦਸ਼ਾਹਿਤ ਦਾ ਵਰ ਦਿੱਤਾ। ਦਿੱਲੀ ਆਦਿ ਦੇਸ਼ ਜਿੱਤ ਕੇ ਜਗਤ ਨੂੰ ਸੁਖੀ ਕਰੋ ॥ ੬੪ ॥

ਚੌਪਈ- ਕਰੁਨਾਨਿਧਿ ਦੇਖੇ ਬਹੁਰ ਕੈਦ ਬਿਖੈ ਨਰਨਾਰਿ।
ਦੁਖ ਪਾਵਤਿ ਕੁਰਲਾਤਿ ਹੈਂ ਜਿਉਂ ਬਨ ਕਮਲ ਤੁਖਾਰ॥ ੬੫ ॥

ਕਿਰਪਾ ਨਿਧਾਨ ਨੇ ਫਿਰ ਵੇਖਿਆ ਬਹੁਤ ਨਰ ਨਾਰੀਆਂ ਕੈਦ ਵਿਚ ਹਨ। ਦੁੱਖ ਪਾ ਕੇ ਕੁਰਲਾ ਰਹੇ ਸਨ, ਮਾਨੋਂ ਕੰਵਲਾਂ ਦੇ ਜੰਗਲ ਵਿਚ ਬਰਫ ਆ ਪਈ ਹੋਵੇ ॥ ੬੫ ॥

ਬਾਬਰ ਸੋਂ ਬੋਲੇ ਤਿਹ ਕਾਲਾ। 'ਛੋਡਹੁ ਕੈਦ ਜੁ ਗਹੀ ਬਿਸਾਲਾ।
ਸੋਜ ਖਸੋਟੀ ਜੋ ਇਨ ਕੇਰੀ। ਮਾਨਹੁ ਬਚ ਹਮਾਰ, ਦਿਹੁ ਫੇਰੀ ॥ ੬੬ ॥

ਗੁਰੂ ਜੀ ਨੇ ਫਿਰ ਬਾਬਰ ਨੂੰ ਕਿਹਾ, "ਜਿਹੜੇ ਤੁਸੀ ਬਹੁਤ ਲੋਕ ਕੈਦ ਕੀਤੇ ਹਨ, ਉਨ੍ਹਾਂ ਨੂੰ ਛੱਡ ਦੇਵੋ, ਜਿਹੜੀ ਇਨ੍ਹਾਂ ਦੀ ਸਮੱਗਰੀ ਲੁਟੀ ਹੈ, ਮੇਰੇ ਬਚਨ ਮੰਨ ਕੇ ਇਨ੍ਹਾਂ ਨੂੰ ਵਾਪਿਸ ਦੇ ਦੇਵੋ'' ॥ ੬੬ ॥

ਕਮਲ ਬਦਨ ਕੀ ਗਿਰਾ ਸੁਨੀ ਜਬਿ। ਸਪਦ ਛੁਡਾਏ ਨਰ ਨਾਰੀ ਸਭਿ।
ਅਪਨੀ ਸੌਜ ਪਛਾਨੀ ਜਾਂਹੀ। ਦਈ ਦਿਵਾਇ ਦੇਰਿ ਕਿਯ ਨਾਂਹੀ ॥੬੭॥

ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਸਾਰੇ ਨਰ ਨਾਰੀ ਛੱਡ ਦਿੱਤੇ। ਸਾਰਿਆਂ ਨੇ ਆਪਣੀ ਆਪਣੀ ਚੀਜ ਪਛਾਣ ਕੇ ਲੈ ਲਈ ਅਤੇ ਬਾਦਸ਼ਾਹ ਨੇ ਸਭ ਵਸਤਾਂ ਦਵਾਉਣ ਵਿਚ ਕੋਈ ਦੇਰ ਨਾ ਲਾਈ॥ ੬੭॥

ਆਪੋ ਅਪਨੀ ਸੋਜ ਸੰਭਾਰੀ। ਨਿਜ ਨਿਕੇਤ ਗਮਨੇ ਨਰ ਨਾਰੀ।
ਸਭਿਹਿਨਿ ਕੋ ਲੇ ਅਪਨੇ ਸਾਥਾ। ਗਏ ਨਗਰ ਮਹਿਂ ਪੁਨ ਜਗਨਾਥਾ ॥੬੮॥

ਸਾਰਿਆਂ ਨੇ ਆਪਣਾ-ਆਪਣਾ ਸਾਮਾਨ ਸੰਭਾਲ ਲਿਆ, ਸਾਰੇ ਨਰ ਨਾਰੀ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਸਾਰਿਆਂ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਫਿਰ ਏਮਨਾਬਾਦ ਨਗਰ ਨੂੰ ਚਲੇ ਗਏ॥ ੬੮॥

ਸੋਰਠਾ- ਦੇਖਯੋ ਨਗਰ ਉਜਾਰ ਨਰ ਨਾਰੀ ਜਹਿਂ ਕੋ ਨਹੀ।
ਆਸਾ ਰਾਗ ਮਝਾਰ ਸ਼ਬਦ ਉਚਾਰਯੋ ਸ੍ਰੀ ਗੁਰੂ॥ ੬੯॥

ਜਦ ਗੁਰੂ ਜੀ ਨੇ ਨਗਰ ਨੂੰ ਉਜੜਿਆ ਵੇਖਿਆ ਅਤੇ ਜਦ ਓਥੇ ਕਿਸੇ ਨਰ ਨਾਰੀ ਨੂੰ ਨਾ ਵੇਖਿਆ ਤਾਂ ਆਸਾ ਰਾਗ ਵਿਚ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੬੯॥

ਆਸਾ ਮਹਲਾ ੧ ॥

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ॥ ੧॥
ਇਹੁ ਜਗੁ ਤੇਰਾ ਤੂ ਗੋਸਾਈ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ॥ ੧ ॥ ਰਹਾਉ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥ ੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ ੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥ ੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ॥ ੫॥

*ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥*
*ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ॥*
*ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ॥ ੬ ॥*
*ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ॥*
*ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥*
*ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥ ੭॥ ੧੨॥* (ਪੰਨਾ ੪੧੭)

ਉਹ ਖੇਡਾਂ, ਤਬੇਲੇ, ਘੋੜੇ, ਭੇਰੀਆਂ ਅਤੇ ਸ਼ਹਿਨਾਈਆਂ ਕਿਥੇ ਹਨ। ਕਿਥੇ ਹਨ ਉਹ ਤਲਵਾਰਾਂ ਦੇ ਗਾਤਰੇ, ਰੱਥ ਅਤੇ ਸੂਹੇ ਰੰਗੀਆਂ ਵਰਦੀਆਂ। ਕਿੱਥੇ ਹਨ ਉਹ ਨਗਜੜਤ ਅੰਗੂਠੀਆਂ ਤੇ ਸੁੰਦਰ ਮੁੱਖੜੇ ? ਉਹ ਹੁਣ ਦੇਖੇ ਨਜ਼ਰ ਨਹੀਂ ਆ ਰਹੇ ਹਨ॥ ੧॥

ਇਹ ਜਗਤ ਤੇਰਾ ਹੈ ਅਤੇ ਤੂੰ ਹੀ ਇਸ ਦਾ ਮਾਲਕ ਹੈਂ। ਇਕ ਘੜੀ ਵਿਚ ਤੂੰ ਥਾਪ ਕੇ ਉਖੇੜ ਦਿੰਦਾ ਹੈਂ। ਜਿਸ ਤਰ੍ਹਾਂ ਤੈਨੂੰ ਚੰਗਾ ਲਗਦਾ ਹੈ, ਧਨ ਦੌਲਤ ਵੰਡ ਦਿੰਦਾ ਹੈਂ॥ ੧॥ ਠਹਿਰਾਉ॥

ਕਿੱਥੇ ਹਨ ਉਹ ਮਕਾਨ, ਮਹਿਲ ਮਾੜੀਆਂ ਅਤੇ ਮੰਦਰ ? ਕਿਥੇ ਹਨ ਉਹ ਸੁੰਦਰ ਸਰਾਵਾਂ ? ਕਿਥੇ ਹੈ ਉਹ ਸੁੰਦਰੀ ਦੀ ਆਰਾਮ ਕਰਨ ਵਾਲੀ ਸੇਜ, ਜਿਸ ਨੂੰ ਵੇਖ ਕੇ ਆਦਮੀ ਨੂੰ ਨੀਂਦ ਨਹੀ ਸੀ ਆਉਂਦੀ। ਕਿੱਥੇ ਹਨ ਪਾਨ ਦੇ ਬੀੜੇ, ਪਾਨ ਵੇਚਣ ਵਾਲੀਆਂ ਅਤੇ ਸੁੰਦਰ ਪਰੀਆਂ ? ਉਹ ਛਾਂ ਵਾਂਗ ਅਲੋਪ ਹੋ ਗਈਆਂ ਹਨ॥ ੨॥

ਇਸ ਧਨ ਦੀ ਖਾਤਰ ਬਹੁਤ ਤਬਾਹ ਹੋ ਗਏ ਹਨ। ਇਸ ਧਨ ਨੇ ਬਹੁਤਿਆਂ ਨੂੰ ਦੁਖੀ ਕੀਤਾ ਹੈ। ਪਾਪ ਬਗੈਰ ਇਹ ਧਨ ਇਕੱਠਾ ਨਹੀਂ ਹੁੰਦਾ ਅਤੇ ਮਰਿਆਂ ਦੇ ਇਹ ਨਾਲ ਨਹੀਂ ਜਾਂਦਾ। ਜਿਸ ਨੂੰ ਕਰਤਾਰ ਖੁਦ ਮਲੀਆਮੇਟ ਕਰਦਾ ਹੈ ਪਹਿਲਾਂ ਉਸ ਪਾਸੋਂ ਉਹ ਨੇਕੀ ਖੋਹ ਲੈਂਦਾ ਹੈ॥ ੩॥

ਜਦ ਉਨ੍ਹਾਂ ਬਾਦਸ਼ਾਹ ਬਾਬਰ ਦੇ ਹਮਲੇ ਬਾਰੇ ਸੁਣਿਆਂ ਤਾਂ ਕਰੋੜਾਂ ਪੀਰ ਫਕੀਰ ਬੁਲਾਏ ਗਏ। ਪਰ ਉਹ ਆਪਣੇ ਮੰਤਰਾਂ ਨਾਲ ਉਸ ਨੂੰ ਰੋਕਣ ਤੋਂ ਅਸਮਰਥ ਰਹੇ। ਉਸ ਨੇ ਘਰ, ਸਰਾਵਾਂ ਅਤੇ ਮਜ਼ਬੂਤ ਮਹਿਲ ਸਾੜ ਸੁੱਟੇ ਹਨ ਅਤੇ ਸ਼ਹਿਜ਼ਾਦਿਆਂ ਨੂੰ ਟੁਕੜੇ-ਟੁਕੜੇ ਕਰਕੇ ਘੱਟੇ ਵਿਚ ਰੋਲ ਦਿੱਤਾ ਹੈ। ਪੀਰਾਂ ਦੀਆਂ ਕਰਾਮਾਤਾਂ ਨਾਲ ਕੋਈ ਮੁਗਲ ਵੀ ਅੰਨ੍ਹਾ ਨਾ ਹੋਇਆ॥ ੪॥

ਮੁਗਲਾਂ ਅਤੇ ਪਠਾਣਾਂ ਦੇ ਵਿਚਕਾਰ ਲੜਾਈ ਹੋਈ ਅਤੇ ਜੰਗ ਦੇ ਮੈਦਾਨ ਅੰਦਰ ਤੇਗ ਚਲੀ। ਮੁਗਲਾਂ ਨੇ ਆਪਣੀਆਂ ਬੰਦੂਕਾਂ ਤਾਣ ਕੇ ਛੱਡੀਆਂ ਅਤੇ ਪਠਾਣਾਂ ਨੇ ਹਾਥੀਆਂ ਨਾਲ ਹਮਲਾ ਕੀਤਾ। ਹੇ ਮੇਰੇ ਭਾਈ ! ਜਿਨ੍ਹਾਂ ਦੀ ਚਿੱਠੀ ਦਰਗਾਹ ਵਿਚ ਫਟ ਗਈ ਹੈ, ਉਹ ਜ਼ਰੂਰ ਮਰਨਗੇ॥ ੫॥

ਹਿੰਦੂਆਂ, ਮੁਸਲਮਾਨਾਂ, ਭੱਟੀਆਂ ਅਤੇ ਰਾਜਪੂਤਾਂ ਦੀਆਂ ਇਸਤਰੀਆਂ ਸਨ। ਕਈਆਂ ਦੇ ਕਪੜੇ ਸਿਰ ਤੋਂ ਪੈਰਾਂ ਤਕ ਲੀਰੋ ਲੀਰ ਹੋਏ ਸਨ ਅਤੇ ਕਈਆਂ ਦਾ ਵਾਸਾ ਮੜ੍ਹੀਆਂ ਵਿਚ ਹੋ ਗਿਆ ਸੀ। ਜਿਨ੍ਹਾਂ ਦੇ ਸੋਹਣੇ ਖਸਮ ਘਰਾਂ ਵਿਚ ਨਹੀਂ ਆਏ ਸਨ ਉਨ੍ਹਾਂ ਦੀ ਰਾਤ ਕਿਸ ਤਰ੍ਹਾਂ ਬੀਤੀ ਹੋਵੇਗੀ ?॥ ੬॥

ਕਰਤਾ ਖੁਦ ਹੀ ਕਰਦਾ ਅਤੇ ਕਰਵਾਉਂਦਾ ਹੈ, ਅਸੀਂ ਕਿਸ ਪਾਸ ਜਾ ਕੇ ਫਰਿਆਦੀ ਹੋਈਏ ? ਦੁਖ ਸੁੱਖ ਤੇਰੀ ਰਜ਼ਾ ਅਨੁਸਾਰ ਹੈ, ਕਿਸ ਪਾਸ ਜਾ ਕੇ ਰੋਈਏ ? ਹੁਕਮ ਕਰਨ ਵਾਲਾ ਆਪਣੇ ਹੁਕਮ ਜਾਰੀ ਕਰਕੇ ਪ੍ਰਸੰਨ ਹੁੰਦਾ ਹੈ। ਹੇ ਨਾਨਕ ! ਪ੍ਰਾਣੀ ਨੂੰ ਉਹੋ ਕੁਝ ਮਿਲਦਾ ਹੈ ਜੋ ਉਸ ਲਈ ਧੁਰੋਂ ਲਿਖਿਆ ਹੁੰਦਾ ਹੈ॥ ੭॥ ੧੨॥

**ਚੌਪਈ- ਇਸ ਬਿਧਿ ਕਹਿ ਕਰਿ ਕਰੁਨਾ ਸਦਨੰ। ਬੈਠੇ ਨਿਕਟਿ ਨਗਰ ਦੁਖਕਦਨੰ।**
**ਆਵਨ ਲਗੇ ਨਗਰ ਨਰ ਨਾਰੀ। ਕਸ਼ਟ ਸਮਾਂ ਜਿਨ ਪਰ ਭਾ ਭਾਰੀ॥੭੦॥**

ਇਸ ਤਰ੍ਹਾਂ ਸ਼ਬਦ ਦਾ ਉਚਾਰਨ ਕਰਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਨਗਰ ਦੇ ਬਾਹਰ ਬੈਠ ਗਏ। ਨਗਰ ਦੇ ਨਰ ਨਾਰੀ ਉਨ੍ਹਾਂ ਪਾਸ ਆਉਣ ਲੱਗੇ, ਜਿਨ੍ਹਾਂ ਉਤੇ ਭਾਰੀ ਕਸ਼ਟਮਈ ਸਮਾਂ ਆਇਆ ਸੀ॥ ੭੦॥

ਕਟੇ ਖਾਨ ਜਹਿਂ ਮਿਰਤਕ ਪਰੇ। ਅਰੁਨ ਧਰਨਿ ਸ਼੍ਰੋਣਤ ਬਹੁ ਢਰੇ।
ਆਨਨ ਧੂਰ ਭਰੇ ਜਿਨ ਕੇਰੇ। ਆਮਿਖ ਖਾਤਿ ਗੀਧ ਰਵ ਟੇਰੇ॥ ੭੧॥

ਜਿਹੜੇ ਪਠਾਣ ਕਤਲ ਹੋਏ ਮਰੇ ਪਏ ਸਨ, ਉਨ੍ਹਾਂ ਦਾ ਧਰਤੀ ਤੇ ਬਹੁਤ ਲਹੂ ਡੁਲ੍ਹਾ ਹੈ। ਉਨ੍ਹਾਂ ਦੇ ਚਿਹਰੇ ਮਿੱਟੀ ਨਾਲ ਭਰੇ ਹੋਏ ਸਨ, ਉਨ੍ਹਾਂ ਦਾ ਮਾਸ ਖਾ ਰਹੀਆਂ ਗਿਲਝਾਂ ਚੀਕਦੀਆਂ ਸਨ॥ ੭੧॥

ਦੋਹਰਾ- ਦਾਰੁਨ ਰੂਪ ਬਿਰੂਪ ਭਾ ਦੇਖਤਿ ਹੈਂ ਨਰ ਨਾਰਿ।
ਕਰਤਿ ਚਿਨਾਰੀ ਅਪਨ ਕੀ ਦਫਨੈਂ ਧਰਨਿ ਮਝਾਰ॥ ੭੨॥

ਉਨ੍ਹਾਂ ਦਾ ਭਿਆਨਕ ਰੂਪ ਕਰੂਪ ਹੋਇਆ ਸੀ ਨਰ ਨਾਰੀਆਂ ਵੇਖਦੇ ਸੀ, ਆਪਣੇ ਆਪਣੇ ਆਦਮੀਆਂ ਦੀਆਂ ਲਾਸ਼ਾਂ ਨੂੰ ਧਰਤੀ ਵਿਚ ਦੱਬ ਰਹੇ ਸਨ॥ ੭੨॥

ਚੌਪਈ- ਤੁਰਕ ਹੁਤੇ ਸੇ ਸਭਿ ਦਫਨਾਏ। ਹਿੰਦੂ ਮਰੇ ਜਿ ਦਾਹੁ ਕਰਾਏ।
ਰੋਵਹਿਂ ਬਹੁਰ ਪਰਜੋ ਬਡ ਰੌਰਾ। ਪੀਟਤਿ ਨਾਰਿ ਮਿਲੀ ਤਿਹਂ ਠੌਰਾ॥੭੩॥

ਜਿੰਨੇ ਵੀ ਮੁਸਲਮਾਨ ਸਨ ਸਾਰੇ ਦਫਨਾ ਦਿੱਤੇ। ਜਿਹੜੇ ਹਿੰਦੂ ਮਰੇ ਸਨ ਉਨ੍ਹਾਂ ਦਾ ਦਾਹ ਸੰਸਕਾਰ ਕਰ ਦਿੱਤਾ। ਬਹੁਤ ਨਾਰੀਆਂ ਰੋ ਰਹੀਆਂ ਸਨ ਅਤੇ ਬੜਾ ਰੌਲਾ ਪੈ ਰਿਹਾ ਸੀ। ਉਸ ਥਾਂ ਇਸਤਰੀਆਂ ਮਿਲ ਕੇ ਪਿੱਟ ਰਹੀਆਂ ਸਨ॥ ੭੩॥

ਹਾਇ ਹਾਇ ਓਹੁ ਓਹੁ ਕਰਿਈ। ਮ੍ਰਿਤੁ ਭਏ ਗੁਨ ਤਿਨਹਿਂ ਉਚਰਿਈ।
ਮਿਲਿ ਇਕ ਥਲ ਬਹੁ ਰੋਵਹਿਂ ਨਾਰੀ। ਬਾਰ ਉਖਾਰਿ ਦੇਹਿਂ ਧਰ ਡਾਰੀ॥੭੪॥

ਹਾਇ ਹਾਇ ਉਹ ਕਰ ਰਹੀਆਂ ਸਨ, ਜਿਹੜੇ ਮਰ ਗਏ ਸਨ, ਉਨ੍ਹਾਂ ਦੇ ਗੁਣਾਂ ਬਾਰੇ ਦੱਸ ਰਹੀਆਂ ਸਨ। ਇਕ ਥਾਂ ਮਿਲ ਕੇ ਬਹੁਤ ਇਸਤਰੀਆਂ ਰੋ ਰਹੀਆਂ ਸਨ। ਵਾਲ ਪੁੱਟ ਪੁੱਟ ਧਰਤੀ ਤੇ ਸੁੱਟ ਰਹੀਆਂ ਸਨ॥ ੭੪॥

ਤਨ ਕੋ ਕਰਹਿਂ ਤਾੜਨਾ ਭਾਰੀ। ਊਚੀ ਬਾਹੈਂ ਕਰਹਿਂ ਪੁਕਾਰੀ।
ਬਡ ਰੌਰਾ ਸੁਨਿ ਕੈ ਤਿਹ ਥਾਨਾ। ਬਹੁਰੋ ਸ੍ਰੀ ਪ੍ਰਭੁ ਸ਼ਬਦ ਬਖਾਨਾ॥ ੭੫॥

ਉਹ ਬੜੇ ਜ਼ੋਰ ਨਾਲ ਸਰੀਰ ਨੂੰ ਪਿੱਟ ਰਹੀਆਂ ਅਤੇ ਬਾਹਾਂ ਉੱਚੀਆਂ ਕਰਕੇ ਵਿਰਲਾਪ ਕਰ ਰਹੀਆਂ ਸਨ। ਭਾਰੀ ਰੌਲਾ ਸੁਣ ਕੇ ਗੁਰੂ ਜੀ ਨੇ ਉਸ ਥਾਂ ਇਸ ਸ਼ਬਦ ਦਾ ਉਚਾਰਨ ਕੀਤਾ॥ ੭੫॥

*ੴ ਸਤਿਗੁਰ ਪ੍ਰਸਾਦਿ॥*

*ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ॥*

*ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥ ੧॥*
*ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥ ੧॥ ਰਹਾਉ॥*
*ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ॥ ੨॥*
*ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ॥ ੩॥*
*ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥ ੪॥*
*ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ॥ ੫॥ (੪੧੮)*

ਜਿਸ ਤਰ੍ਹਾਂ ਵਾਗੀ ਥੋੜ੍ਹੇ ਸਮੇਂ ਲਈ ਹੀ ਚਰਾਂਦ ਵਿਚ ਆਉਂਦਾ ਹੈ, ਇਸ ਤਰ੍ਹਾਂ ਇਹ ਸੰਸਾਰ ਹੈ। ਇਨਸਾਨ ਝੂਠ ਦੀ ਕਿਰਤ ਕਰਕੇ ਆਪਣਾ ਘਰ-ਬਾਰ ਬਣਾਉਂਦੇ ਹਨ॥ ੧॥

ਹੇ ਸੁੱਤੇ ਹੋਏ ਲੋਕੋ! ਜਾਗੋ ਜਾਗੋ ਅਤੇ ਵੇਖੋ ਆਤਮਾ ਵਣਜਾਰਨ ਜਾ ਰਹੀ ਹੈ॥ ੧॥ ਠਹਿਰਾਉ॥

ਜੇ ਤੂੰ ਸਦਾ ਏਥੇ ਰਹਿਣਾ ਹੈ ਤਾਂ ਪ੍ਰਭੂ ਦਾ ਸਿਮਰਨ ਰੂਪੀ ਮਕਾਨ ਬਣਾ। ਹਰ ਵਿਅਕਤੀ ਇਸ ਨੂੰ ਜਾਣ ਲਵੇ ਕਿ ਸਰੀਰ ਢਹਿ ਜਾਵੇਗਾ ਅਤੇ ਆਤਮਾ ਚਲੇ ਜਾਵੇਗੀ॥ ੨॥

ਤੁਸੀਂ ਹਾਏ ਹਾਏ ਕਿਉਂ ਕਰਦੀਆਂ ਹੋ। ਉਹ ਸਾਹਿਬ ਹੁਣ ਹੈ ਤੇ ਅੱਗੇ ਵੀ ਰਹੇਗਾ। ਤੂੰ ਉਸ ਖਾਤਰ ਰੋਂਦਾ ਹੈਂ, ਪਰ ਤੈਨੂੰ ਕੌਣ ਰੋਵੇਗਾ॥ ੩॥

ਹੇ ਭਾਈ! ਤੁਸੀਂ ਸੰਸਾਰਿਕ ਧੰਧਿਆਂ ਵਿਚ ਖੱਚਤ ਹੋਏ ਹੋ ਅਤੇ ਝੂਠ ਦੀ ਕਿਰਤ ਕਰਦੇ ਹੋ। ਉਹ ਮਰਿਆ ਹੋਇਆ ਬਿਲਕੁਲ ਨਹੀਂ ਸੁਣਦਾ, ਤੁਸੀਂ ਕੇਵਲ ਹੋਰ ਲੋਕਾਂ ਨੂੰ ਸੁਣਾ ਰਹੇ ਹੋ॥ ੪॥

ਹੇ ਨਾਨਕ! ਜਿਸ ਨੇ ਇਸ ਨੂੰ ਸੁਆਲਿਆ ਹੈ ਉਹੀ ਇਸ ਨੂੰ ਜਗਾਇਗਾ। ਜੇ ਆਦਮੀ ਆਪਣੇ ਅਸਲੀ ਘਰ ਨੂੰ ਸਮਝ ਲਵੇ ਤਦ ਉਹ ਨਹੀਂ ਸੌਂਦਾ॥ ੫॥

ਦੋਹਰਾ- ਇਸ ਬਿਧਿ ਸ਼ਬਦਿ ਉਚਾਰਕੈ ਬੈਠਿ ਰਹੇ ਗਤਿਦੈਨ।
ਜਿਸਕੀ ਕਰੁਨਾ ਪਾਇਕੈ ਮਨ ਧਾਵਨ ਤੇ ਚੈਨ॥ ੨੬॥

ਇਸ ਤਰ੍ਹਾਂ ਸ਼ਬਦ ਉਚਾਰ ਕੇ ਮੁਕਤੀ ਦੇਣ ਵਾਲੇ ਭਾਵ ਗੁਰੂ ਜੀ ਬੈਠੇ ਰਹੇ, ਜਿਸ ਗੁਰੂ ਜੀ ਦੀ ਕਿਰਪਾ ਪਾ ਕੇ ਮਨ ਬੇਚੈਨ ਹੋਣ ਤੋਂ ਹੱਟ ਕੇ ਸ਼ਾਂਤਮਈ ਹੋ ਕੇ ਟਿਕ ਜਾਂਦਾ ਹੈ॥ ੨੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ ਬਾਬਰ ਕੋ ਪ੍ਰਸੰਗ ਬਰਨਨੰ ਨਾਮ ਅਠਾਈਸਮੋ ਅਧਯਾਯ॥ ੨੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠਾਈਵਾਂ ਅਧਿਆਇ ਜਿਸ ਦਾ ਨਾਮ 'ਗੁਰੂ ਜੀ ਨੇ ਬਾਬਰ ਤੋਂ ਕੈਦੀ ਛੁਡਵਾਏ' ਹੈ, ਸਮਾਪਤ ਹੋਇਆ॥ ੨੮॥

## ਅਧਿਆਇ ਉਣੱਤੀਵਾਂ

*ਸਹੁਰੇ ਨਗਰ ਫੇਰਾ, ਅਜਿੱਤਾ ਉਧਾਰ*

ਦੋਹਰਾ- ਸਰਬ ਬਿਖੈ ਸਿੰਮਲ ਬ੍ਰਿੱਖ ਸ਼ੁਕ ਮਨ ਤਜਿ ਅੱਗਜਾਨ॥
ਸਤਿਗੁਰ ਚਰਨ ਰਸਾਲ ਕੋ ਸੇਵਿ ਸਦਾ ਸੁਖ ਮਾਨਿ॥ ੧॥

ਸਾਰੇ ਵਿਸ਼ੇ ਸਿੰਬਲ ਦੇ ਰੁੱਖ ਵਾਂਗ ਫਜ਼ੂਲ ਹਨ, ਹੇ ਤੋਤੇ ਰੂਪੀ ਭੁੱਲੇ ਹੋਏ ਮਨ! ਇਨ੍ਹਾਂ ਨੂੰ ਛੱਡ ਤੇ ਸਤਿਗੁਰੂ ਜੀ ਦੇ ਚਰਨਾਂ ਨੂੰ ਜੋ ਅੰਬ ਵਾਂਗ ਰਸਾਂ ਦਾ ਘਰ ਹਨ, ਦੀ ਸੇਵਾ ਕਰ ਅਤੇ ਸਦਾ ਹੀ ਸੁਖ ਪ੍ਰਾਪਤ ਕਰ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਬੈਠੇ ਹੁਤੇ ਪ੍ਰਭੁ ਗੁਨ ਖਾਨੀ। ਮਰਦਾਨਾ ਤਬ ਬੋਲਜੋ ਬਾਨੀ।
'ਆਪ ਪੁਰਾ ਪੁਰਿ ਮਹਿਂ ਜਬ ਆਏ। ਸੰਤ ਸੰਗ ਬੈਠੇ ਇਹ ਥਾਏਂ॥ ੨॥

*ਭਾਈ ਬਾਲਾ ਕਹਿੰਦੇ ਹਨ - ਗੁਣਾਂ ਦੀ ਖਾਣ ਭਾਵ ਗੁਰੂ ਜੀ ਬੈਠੇ ਹੋਏ ਸਨ, ਮਰਦਾਨੇ ਨੇ ਤਦ ਕਿਹਾ, "ਆਪ ਪਹਿਲਾਂ ਜਦ ਸ਼ਹਿਰ ਏਮਨਾਬਾਦ ਵਿਚ ਆਏ ਸੀ ਤਾਂ ਸੰਤਾਂ ਦੇ ਨਾਲ ਇਸ ਥਾਂ ਬੈਠੇ ਸੀ॥ ੨॥*

ਹਿਤ ਅਹਾਰ ਕੇ ਜਾਚਨ ਗਵਨੇ। ਫਿਰੇ ਪਠਾਨਨ ਕੇ ਤਬ ਭਵਨੇ।
ਦੇਖਿ ਛੁਧਾਤੁਰ ਕਿਨਹੁਂ ਨ ਦੀਨੋ। ਬਹੁਰੋ ਮਿਲਜੋ ਦੁਖਦ ਮਤਿ ਹੀਨੋ॥ ੩॥

ਭੋਜਨ ਪ੍ਰਾਪਤ ਕਰਨ ਲਈ ਜਦ ਉਹ ਗਏ ਤਾਂ ਉਹ ਪਠਾਣਾਂ ਦੇ ਘਰੀਂ ਫਿਰਦੇ ਰਹੇ। ਭੁੱਖੇ ਵੇਖ ਕੇ ਕਿਸੇ ਵੀ ਕੁਝ ਨਾ ਦਿੱਤਾ, ਫਿਰ ਮੰਦੀ ਮੱਤ ਵਾਲਿਆਂ ਨੂੰ ਬਹੁਤ ਦੁੱਖ ਮਿਲਿਆ॥ ੩॥

ਭਈ ਅਵੱਗਯਾ 'ਥੋਰਨ ਪਾਸੂ। ਮਿਲਯੋ ਸਰਬ ਪੁਰਿ ਕੋ ਦੁਖ ਰਾਸੂ।
ਅਸਮੰਜਸ ਮੈਂ ਲਖਿ ਮਨ ਮਾਂਹੀ। ਬੂਝਨ ਕੀਨ ਆਪਕੇ ਪਾਹੀ' ॥ ੪ ॥

ਅਵੱਗਿਆ ਤਾਂ ਬਹੁਤ ਥੋੜਿਆਂ ਪਾਸੋਂ ਹੋਈ ਸੀ, ਪਰ ਸਾਰੇ ਨਗਰ ਨੂੰ ਭਾਰੀ ਦੁੱਖ ਮਿਲਿਆ ਹੈ। ਇਸ ਤਰ੍ਹਾਂ ਮੈਂ ਮਨ ਵਿਚ ਸਮਝ ਕੇ ਆਪ ਪਾਸੋਂ ਪੁਛਿਆ ਹੈ" ॥ ੪॥

ਦੋਹਰਾ- 'ਸੁਨਿ ਮਰਦਾਨੇ! ਨਗਰ ਜਿਸ ਸੰਤ ਅਤਿਥਿ ਚਲਿ ਜਾਹਿ।
ਸੇਵਾ ਹੋਇ ਨ ਤਾਂਹਿ ਕੀ ਸਭਿਹਿਨਿ ਪਾਪ ਲਗਾਹਿ॥ ੫॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ! ਸੁਣ, ਜਿਸ ਨਗਰ ਵਿਚ ਸੰਤ ਅਤੇ ਫਕੀਰ ਚਲਾ ਜਾਵੇ ਅਤੇ ਜਦ ਉਨ੍ਹਾਂ ਦੀ ਸੇਵਾ ਨਾ ਹੋਵੇ ਤਾਂ ਸਾਰਿਆਂ ਨੂੰ ਪਾਪ ਲੱਗਦਾ ਹੈ॥ ੫॥

ਚੌਪਈ- ਜਾਨਹੁ ਗ੍ਰਿਹਸਤ ਧਰਮ ਸੁਭ ਏਹੂ। ਆਇ ਅਤਿਥਿ ਕੀ ਸੇਵ ਕਰੇਹੂ।
ਜਥਾ ਸ਼ਕਤਿ ਤਿਹ ਆਦਰ ਕਰਿਹੀ। ਦੇ ਅਹਾਰ ਮ੍ਰਿਦੁ ਬਚਨ ਉਚਰਿਹੀ॥੬॥

ਇਸ ਨੂੰ ਤੁਸੀਂ ਸੁਭ ਗ੍ਰਹਿਸਤ ਧਰਮ ਸਮਝੋ। ਜਿਹੜੇ ਆਏ ਮਹਿਮਾਨ ਦੀ ਸੇਵਾ ਕਰਦੇ ਹਨ, ਆਪਣੀ ਸਮਰੱਥਾ ਅਨੁਸਾਰ ਆਦਰ-ਮਾਣ ਕਰਦੇ ਹਨ, ਅਤੇ ਭੋਜਨ ਦੇ ਕੇ ਮਿੱਠੇ ਬਚਨਾਂ ਦਾ ਉਚਾਰਨ ਕਰਦੇ ਹਨ॥ ੬॥

ਧਰਮ ਹੀਨ ਇਹ ਖਾਨ ਦੁਸ਼ਟ ਮਤਿ। ਪ੍ਰਭੁਤਾ ਮਿਦ ਮਹਿਂ ਭਏ ਅੰਧ ਅਤਿ।
ਕਹਿਰ ਉਚਿਤ ਥੇ ਕਹਿਰ ਪਰਯੋ ਸਿਰ। ਸਦਾ ਖੁਦਾਇ ਬਿਸਾਰਿ ਰਹੇ ਉਰ' ॥੭॥

ਪਰ ਇਹ ਦੁਸ਼ਟ ਮੱਤ ਵਾਲੇ ਪਠਾਣ ਧਰਮਹੀਨ ਸਨ। ਆਪਣੀ ਚੌਧਰ ਦੇ ਨਸ਼ੇ ਵਿਚ ਅੰਨ੍ਹੇ ਹੋਏ ਸਨ। ਕਹਿਰ ਬੋਲਦੇ ਸਨ ਅਤੇ ਕਹਿਰ ਇਨ੍ਹਾਂ ਦੇ ਸਿਰ ਆ ਪਿਆ। ਇਨ੍ਹਾਂ ਨੇ ਸਦਾ ਲਈ ਖ਼ੁਦਾ ਨੂੰ ਦਿਲ ਤੋਂ ਭੁਲਾ ਦਿੱਤਾ ਸੀ॥ ੭॥

ਮਰਦਾਨੇ ਕੇ ਮਨ ਸੰਦੇਹੂ। ਕੁਛਕ ਰਹਯੋ ਪਰ ਬੋਲ ਨ ਕੇਹੂ।
ਸ੍ਰੀ ਨਾਨਕ ਤਿਹ ਉਰਕੀ ਜਾਨੀ। ਬਿਨ ਸੰਸੈ ਕਰਿਬੇ ਬਿਧਿ ਠਾਨੀ॥੮॥

ਮਰਦਾਨੇ ਦੇ ਮਨ ਵਿਚ ਕੁਝ ਸ਼ੰਕਾ ਰਹੀ, ਪਰ ਉਸ ਬੋਲ ਕੇ ਕੁਝ ਨਾ ਕਿਹਾ। ਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ, ਉਸ ਨੂੰ ਸ਼ੰਕਾ ਰਹਿਤ ਕਰਨ ਦੀ ਗੱਲ ਮਨ ਵਿਚ ਵਿਚਾਰੀ॥ ੮॥

ਕਿਤਿਕ ਸਮਾਂ ਜਬ ਬੈਠਿ ਬਿਤਾਵਾ। ਮਰਦਾਨੇ ਤਬ ਆਲਸ ਆਵਾ।
ਸੋਇ ਰਹਯੋ ਤਬ ਪਿਖਿ ਜਗ ਸਾਈਂ। ਮਧੁਰ ਬੂੰਦ ਇਕ ਉਦਰ ਪਵਾਈ॥੯॥

ਕਾਫੀ ਸਮਾਂ ਜਦ ਬੈਠਿਆਂ ਨੂੰ ਹੋ ਗਿਆ ਤਾਂ ਮਰਦਾਨਾ ਸੁਸਤ ਹੋ ਗਿਆ ਅਤੇ ਸੌਂ ਗਿਆ। ਤਦ ਗੁਰੂ ਜੀ ਨੇ ਵੇਖ ਕੇ ਇਕ ਮਿੱਠੀ ਬੂੰਦ ਉਸਦੇ ਪੇਟ ਤੇ ਪਵਾਈ॥ ੯॥

ਤਿਹ ਸੁਗੰਧਿ ਕਰਿ ਕੀਟੀ ਆਈ। ਭਈ ਬਹੁਤ ਇਕਠੀ ਤਿਹ ਠਾਈਂ।
ਇਕ ਪਪੀਲਕਾ ਕਾਟਯੋ ਜਬ ਹੀ। ਜਾਗ ਮਲੀ ਮਰਦਾਨੇ ਸਭਿਹੀ॥੧੦॥

ਉਸ ਮਿੱਠੇ ਨੂੰ ਸੁੰਘ ਕੇ ਕੀੜੀਆਂ ਆਈਆਂ ਅਤੇ ਬਹੁਤ ਸਾਰੀਆਂ ਮਿੱਠੇ ਵਾਲੀ ਥਾਂ ਇਕੱਠੀਆਂ ਹੋ ਗਈਆਂ। ਜਦ ਇਕ ਕੀੜੀ ਨੇ ਮਰਦਾਨੇ ਨੂੰ ਦੰਦੀ ਵੱਢੀ ਤਾਂ ਮਰਦਾਨੇ ਨੇ ਜਾਗ ਕੇ ਸਾਰੀਆਂ ਨੂੰ ਫੇਹ ਸੁੱਟਿਆ॥ ੧੦॥

ਮਰੀ ਸਰਬ ਪੁਨ ਲਗਜੋ ਨਿਹਾਰਨ। ਤਬ ਸ੍ਰੀ ਗੁਰ ਕਿਯ ਬਚਨ ਉਚਾਰਨ।
'ਕਾਟਜੋ ਏਕ ਬਹੁਤ ਤੈਂ ਮਾਰੀ। ਮਰਦਾਨੇ ਉਰ ਲੇਹੁ ਬਿਚਾਰੀ' ॥੧੧॥

ਸਾਰੀਆਂ ਮਰੀਆਂ ਵੇਖ ਕੇ ਫਿਰ ਵੇਖਣ ਲੱਗਾ, ਫਿਰ ਗੁਰੂ ਜੀ ਨੇ ਇਹ ਬਚਨ ਉਚਾਰਿਆ, "ਹੇ ਮਰਦਾਨੇ! ਤੈਨੂੰ ਇਕ ਕੀੜੀ ਲੜੀ ਸੀ, ਤੂੰ ਸਾਰੀਆਂ ਮਾਰ ਦਿੱਤੀਆਂ ਹਨ, ਹੇ ਮਰਦਾਨੇ! ਇਹ ਗੱਲ ਆਪਣੇ ਹਿਰਦੇ ਵਿਚ ਵਿਚਾਰ ਲਵੇ" ॥ ੧੧ ॥

ਦੋਹਰਾ-ਸਮਝਜੋ ਤਬ ਹਿਰਦੇ ਬਿਖੈ ਜੋਰਿ ਹਾਥ ਹ੍ਵੈ ਦੀਨ।
'ਮਨ ਕੀ ਬੂਝਹੁ ਸਰਬ ਗਤਿ ਕ੍ਰਿਪਾਨਿਧਾਨ ਪ੍ਰਬੀਨ!' ॥ ੧੨ ॥

ਮਰਦਾਨਾ ਫਿਰ ਅਸਲ ਗੱਲ ਨੂੰ ਆਪਣੇ ਦਿਲ ਵਿਚ ਸਮਝ ਗਿਆ ਅਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਕਿਰਪਾ ਨਿਧਾਨ ਅਤੇ ਨਿਪੁੰਨ ਪ੍ਰਭੂ! ਤੁਸੀਂ ਮਨ ਦੀ ਸਾਰੀ ਹਾਲਤ ਬੁੱਝ ਲਈ ਹੈ" ॥ ੧੨ ॥

ਚੌਪਈ- ਇਸ ਬਿਧਿ ਬੈਸੇ ਕਰਤਿ ਬਿਲਾਸੂ। ਸੱਤਿਸੰਧ ਜਗ ਭਗਤਿ ਪ੍ਰਕਾਸੂ।
ਲਾਲੋ ਦ੍ਵਿਜ ਪੁਰਿ ਮਹਿ ਤਬ ਆਏ। ਨਿਜ ਪਰਵਾਰ ਨਿਕੇਤ ਬਸਾਏ ॥੧੩॥

ਜਗਤ ਵਿਚ ਭਗਤੀ ਦਾ ਪ੍ਰਕਾਸ਼ ਕਰਨ ਵਾਲੇ ਭਾਵ ਗੁਰੂ ਜੀ ਇਸ ਪ੍ਰਕਾਰ ਬੈਠੇ ਗੱਲਾਂ-ਬਾਤਾਂ ਕਰ ਰਹੇ ਸੀ। ਭਾਈ ਲਾਲੋ ਅਤੇ ਬ੍ਰਾਹਮਣ ਨਗਰ ਵਿਚ ਆ ਗਏ ਅਤੇ ਆਪਣੇ ਪਰਿਵਾਰਾਂ ਨੂੰ ਉਨ੍ਹਾਂ ਘਰਾਂ ਵਿਚ ਵਸਾ ਦਿੱਤਾ ॥ ੧੩ ॥

ਸਰਬ ਬ੍ਰਿਤਾਂਤ ਦੇਖਿ ਪੁਰਿ ਕੇਰਾ। ਮਹਾਂ ਭਿਆਨ ਲਗਹਿ ਚਹੁੰਫੇਰਾ।
ਪੁਨ ਦੋਨੋ ਪ੍ਰਭੁ ਢਿਗ ਚਲਿ ਆਏ। ਪਦ ਪੰਕਜ ਪਰ ਪਰਿ ਲਪਟਾਏ ॥੧੪॥

ਨਗਰ ਦਾ ਸਾਰਾ ਬ੍ਰਿਤਾਂਤ ਵੇਖਿਆ, ਚਾਰ-ਚੁਫੇਰਾ ਬੜਾ ਭਿਆਨਕ ਲਗਦਾ ਸੀ। ਫਿਰ ਦੋਵੇਂ ਗੁਰੂ ਜੀ ਪਾਸ ਚਲ ਕੇ ਆਏ। ਚਰਨ ਕੰਵਲਾਂ ਤੇ ਪੈ ਕੇ ਨਾਲ ਲਿਪਟ ਗਏ ॥ ੧੪ ॥

ਭਾਨੁ ਸਮਾਨ ਸਰੂਪ ਨਿਹਾਰਾ। ਅੰਬਕ ਅੰਬੁਜ ਬਿਕਸੇ ਚਾਰਾ।
ਅਨਿਕ ਭਾਂਤਿ ਕੀ ਉਸਤਤਿ ਠਾਨੀ। ਪਰਮ ਪ੍ਰਸੀਦਤਿ ਭੇ ਗੁਨਖਾਨੀ ॥੧੫॥

ਸੂਰਜ ਵਰਗਾ ਸਰੂਪ ਵੇਖਿਆ, ਨੇਤਰ ਕੰਵਲ ਖਿੜੇ ਹੋਏ ਬੜੇ ਸੁੰਦਰ ਸਨ। ਕਈ ਪ੍ਰਕਾਰ ਦੀ ਉਸਤਤ ਕੀਤੀ। ਗੁਰੂ ਜੀ ਪਰਮ ਪ੍ਰਸੰਨ ਹੋਏ ॥ ੧੫ ॥

ਦੋਨੋਂ ਨਗਰ ਬਿਖੈ ਪੁਨ ਜਾਈ। ਅਨਿਕ ਪ੍ਰਕਾਰਨ ਮਹਿਮਾ ਗਾਈ।
ਹਿੰਦੂ ਤੁਰਕ ਹੁਤੇ ਸਭਿ ਜੇਈ। ਆਨਿ ਚਰਨ ਲਪਟਾਨੇ ਤੇਈ ॥੧੬॥

ਦੋਵੇਂ ਫਿਰ ਨਗਰ ਵਿਚ ਚਲੇ ਗਏ, ਅਨੇਕ ਪ੍ਰਕਾਰ ਦੀ ਮਹਿਮਾ ਗਾਈ। ਹਿੰਦੂ ਤੁਰਕ ਜਿਹੜੇ ਵੀ ਸਾਰੇ ਓਥੇ ਸਨ, ਉਹ ਆ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਏ ॥ ੧੬ ॥

ਭੀਰ ਭਈ ਚਹੁੰ ਦਿਸ਼ਿ ਜਗਤੇਸ਼ਾ। ਸੱਤਿਨਾਮ ਦੀਨੋ ਉਪਦੇਸ਼ਾ।
ਸੰਤ ਅਤਿਥਿ ਕੀ ਸੇਵਾ ਕਰਨੀ। ਤਿਹਂ ਕੀ ਮਹਿਮਾ ਬਹੁ ਬਿਧਿ ਬਰਨੀ ॥੧੭॥

ਗੁਰੂ ਜੀ ਦੇ ਚਾਰੇ ਪਾਸੇ ਬਹੁਤ ਭੀੜ ਹੋ ਗਈ। ਸਾਰਿਆਂ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ। ਸੰਤ ਅਤੇ ਮਹਿਮਾਨ ਦੀ ਸੇਵਾ ਕਰਨ ਲਈ ਕਿਹਾ। ਉਨ੍ਹਾਂ ਦੀ ਮਹਿਮਾ ਬਹੁਤ ਪ੍ਰਕਾਰ ਕਹੀ ॥ ੧੭ ॥

ਦ੍ਵੈ ਦਿਨ ਪੁਨ ਪ੍ਰਭੁ ਤਹਾਂ ਬਿਤਾਏ। ਗਮਨੇ ਅਪਰ ਥਾਨ ਮਨ ਭਾਏ।
ਸੰਤਨ ਚੀਰ ਸਰੀਰਹਿ ਸਾਜਹਿਂ। ਸੁਭਗ ਸਿਤਾਸਿਤ ਸ਼ਮਸੁ ਬਿਰਾਜਹਿ ॥੧੮॥

ਗੁਰੂ ਜੀ ਨੇ ਓਥੇ ਦੋ ਦਿਨ ਹੋਰ ਬਿਤਾਏ, ਫਿਰ ਆਪਣੇ ਮਨ-ਭਾਉਂਦੇ ਅਸਥਾਨ ਵਲ ਚੱਲ ਪਏ। ਸੰਤਾਂ ਵਾਲੇ ਕਪੜੇ ਸਰੀਰ ਤੇ ਪਹਿਨ ਲਏ। ਸ੍ਰੇਸ਼ਟ ਚਿੱਟਾ ਤੇ ਕਾਲਾ ਦਾਹੜਾ ਬੜਾ ਫੱਬ ਰਿਹਾ ਸੀ॥ ੧੮॥

ਤੀਨ ਲੋਕ ਕੋ ਕਰਤਾ ਜੋਊ। ਬੇਖ ਫਕੀਰੀ ਬਿਚਰਤਿ ਸੋਊ।
ਮੰਦ ਮੰਦ ਮਗ ਬਿਖੈ ਸੁਹਾਏ। ਸਸੁਰੇ ਨਗਰ ਨਿਕਟਿ ਚਲਿ ਆਏ ॥੧੯॥

ਜਿਹੜੇ ਤਿੰਨਾਂ ਲੋਕਾਂ ਦੇ ਸਿਰਜਣਹਾਰ ਸਨ, ਉਹ ਫਕੀਰੀ ਭੇਸ ਵਿਚ ਵਿਚਰ ਰਹੇ ਸਨ। ਹੌਲੀ-ਹੌਲੀ ਰਾਹ ਵਿਚ ਤੁਰੇ ਜਾਂਦੇ ਸ਼ੋਭ ਰਹੇ ਸਨ। ਸਹੁਰਿਆਂ ਦੇ ਨਗਰ ਲਾਗੇ ਚਲ ਕੇ ਆ ਗਏ॥ ੧੯॥

ਵਹਿਰ ਅਜਿੱਤੇ ਕੂਪ ਸੁਹਾਯਾ। ਹੁਤੀ ਸਘਨ ਸੁੰਦਰ ਤਿਹ ਛਾਯਾ।
ਦੇਖਿ ਥਾਨਿ ਰਮਣੀਕ ਗੁਸਾਈਂ। ਬੈਠਿ ਗਏ ਹਮ ਸੋਂ ਬਿਗਸਾਈ ॥੨੦॥

ਬਾਹਰ ਜਿਥੇ ਅਜਿੱਤੇ ਰੰਧਾਵੇ ਦਾ ਖੂਹ ਸੀ, ਓਥੇ ਸੰਘਣੀ ਅਤੇ ਸੁੰਦਰ ਛਾਂ ਸੀ। ਗੁਰੂ ਜੀ ਸੁੰਦਰ ਅਤੇ ਰਮਣੀਕ ਸਥਾਨ ਵੇਖ ਕੇ ਬੈਠ ਗਏ ਅਤੇ ਸਾਨੂੰ ਮੁਸਕਰਾ ਕੇ ਕਹਿਣ ਲੱਗੇ॥ ੨੦॥

'ਸੈਲ ਬਿਸਾਲ ਕੀਨ ਸਭਿ ਦੇਸ਼ਾ। ਹੁਤੀ ਨਿਦੇਸ਼ ਐਸ ਜਗਤੇਸ਼ਾ।
ਕਿਤਿਕ ਕਾਲ ਅਬ ਬੈਸ ਬਿਤਾਵਊਂ। ਮਗਨ ਅਨੰਦ ਪ੍ਰਭੁ ਗੁਨ ਗਾਵਊਂ' ॥੨੧॥

"ਸਭ ਦੇਸ਼ਾਂ ਦੀ ਬਹੁਤ ਸੈਲ ਕੀਤੀ ਹੈ, ਜਗਤ ਦੇ ਮਾਲਕ ਦੀ ਸਾਨੂੰ ਐਸੀ ਆਗਿਆ ਸੀ। ਕਾਫੀ ਸਮਾਂ ਹੁਣ ਬੈਠ ਕੇ ਬਿਤੀਤ ਕਰਾਂਗਾ, ਅਨੰਦ ਵਿਚ ਮਗਨ ਹੋ ਕੇ ਪ੍ਰਭੂ ਦੇ ਗੁਣ ਗਾਵਾਂਗਾ" ॥ ੨੧॥

ਮਾਨੁਖ ਏਕ ਬਿਲੋਕਤਿ ਦੌਰਾ। ਸੁਧ ਕੀਨੀ ਮੂਲਾ ਜਿਸ ਠੌਰਾ।
'ਵਹਿਰ ਜਮਾਤਾ ਆਯੋ ਤੇਰੋ। ਨਿਕਸੇ ਜਿਹ ਭਾ ਕਾਲ ਘਨੇਰੋ' ॥੨੨॥

ਇਕ ਮਨੁੱਖ ਉਨ੍ਹਾਂ ਨੂੰ ਵੇਖ ਕੇ ਦੌੜ ਕੇ ਗਿਆ ਅਤੇ ਜਿਥੇ ਮੂਲ ਚੰਦ ਰਹਿੰਦਾ ਸੀ, ਉਸ ਨੂੰ ਜਾ ਕੇ ਖਬਰ ਦਿੱਤੀ, "ਬਾਹਰ ਤੇਰਾ ਜਵਾਈ ਆਇਆ ਹੈ ਜਿਹੜੇ ਬੜੇ ਲੰਮੇ ਸਮੇਂ ਤੋਂ ਬਾਹਰ ਨਿਕਲੇ ਹੋਏ ਸਨ" ॥ ੨੨॥

ਸੁਧਿ ਸੁਨਿ ਕੈ ਤੂਰਨ ਉਠਿ ਧਾਯੋ। ਸੰਗ ਅਜਿੱਤੇ ਕੋ ਲੇ ਆਯੋ।
ਕਥਿ ਕੋ ਰਹਯੋ ਕ੍ਰੋਧ ਉਰ ਪੂਰੀ। ਬੇਖ ਫਕੀਰੀ ਦੇਖਯੋ ਦੂਰੀ॥ ੨੩॥

ਇਹ ਖਬਰ ਸੁਣ ਕੇ ਮੂਲ ਚੰਦ ਫੌਰਨ ਉਠ ਕੇ ਆ ਗਿਆ ਅਤੇ ਆਪਣੇ ਨਾਲ ਅਜਿੱਤੇ ਰੰਧਾਵੇ ਨੂੰ ਵੀ ਲੈ ਆਇਆ। ਜਦ ਦੂਰੋਂ ਹੀ ਫਕੀਰੀ ਭੇਸ ਨੂੰ ਵੇਖਿਆ ਤਾਂ ਹਿਰਦੇ ਵਿਚ ਪੂਰਨ ਕ੍ਰੋਧ ਭਰ ਗਿਆ॥ ੨੩॥

ਅਧਿਕ ਕ੍ਰੋਧ ਹਿਰਦੇ ਮਹਿਂ ਹੋਵਾ। ਗਯੋ ਸਮੀਪ ਠਾਂਢਿ ਹ੍ਵੈ ਜੋਵਾ।
ਬਹੁ ਕਠੋਰ ਮੁਖ ਬਚਨ ਅਲਾਵਾ। 'ਛਾਤੀ ਦਾਹ ਕਰਨ ਤੁਮ ਆਵਾ ॥੨੪॥

ਹਿਰਦੇ ਵਿਚ ਬਹੁਤ ਕ੍ਰੋਧ ਕੀਤਾ। ਨੇੜੇ ਜਾ ਕੇ ਖੜਾ ਹੋ ਗਿਆ। ਮੂੰਖ ਤੋਂ ਬਹੁਤ ਕਠੋਰ ਬਚਨ ਬੋਲਿਆ, "ਮੇਰੀ ਛਾਤੀ ਨੂੰ ਸਾੜਨ ਵਾਸਤੇ ਏਥੇ ਆਇਆ ਹੈਂ॥ ੨੪॥

ਪਿਖਹਿਂ ਸਹੋਦਰ ਜਬ ਇਸ ਚਾਲਾ। ਪੀੜਾ ਬਜਾਪਹਿ ਮੁਝਹਿ ਬਿਸਾਲਾ।
ਨਿਜ ਇਸਤ੍ਰੀ ਤਜਿ ਕਰਿ ਸੁਤ ਦੋਊ। ਨਹੀਂ ਆਇ ਸੁਧ ਲੀਨੀ ਕੋਊ ॥੨੫॥

ਮੇਰੇ ਭਰਾ ਜਦ ਇਸ ਹਾਲਤ ਵਿਚ ਵੇਖਣਗੇ ਤਾਂ ਮੈਨੂੰ ਬਹੁਤ ਪੀੜ ਹੋਵੇਗੀ। ਆਪਣੀ ਇਸਤਰੀ ਅਤੇ ਦੋਵੇਂ ਪੁੱਤਰ ਛੱਡ ਕੇ ਕਦੇ ਵੀ ਖ਼ਬਰ ਲੈਣ ਨਹੀ ਆਇਆ॥ ੨੫॥

ਦੋਹਰਾ-ਸਿਰੀ ਚੰਦ ਜੈਰਾਮ ਘਰ ਕੀਨੇ ਅਨੰਦ ਬਿਲਾਸ।

ਜਬ ਕੋ ਤਿਨ ਪਰਲੋਕ ਭਾ ਆਯੋ ਮੋਰ ਅਵਾਸ॥ ੨੬॥

ਸਿਰੀ ਚੰਦ, ਜੈ ਰਾਮ ਦੇ ਘਰ ਅਨੰਦ ਪ੍ਰਸੰਨ ਰਹਿੰਦਾ ਸੀ, ਪਰ ਜਦ ਦੇ ਉਹ ਪਰਲੋਕ ਸਿਧਾਰ ਗਏ ਹਨ, ਉਹ ਵੀ ਮੇਰੇ ਘਰ ਆ ਗਿਆ ਹੈ॥ ੨੬॥

ਚੌਪਈ- ਸਭਿ ਕੀ ਮੈਂ ਪ੍ਰਿਤਪਾਰਨ ਕੀਨੀ। ਨਹੀਂ ਆਇ ਇਨ ਕਬਿ ਸੁਧ ਲੀਨੀ।
ਹੋਨੋ ਹੁਤੋ ਫਕੀਰ ਜਿ ਐਸੇ। ਨਿਜ ਪਰਵਾਰ ਸਹੇਰਯੋ ਕੈਸੇ'॥ ੨੭॥

ਮੈਂ ਸਾਰਿਆਂ ਦੀ ਪਾਲਣਾ ਕੀਤੀ ਹੈ, ਇਨ੍ਹਾਂ ਦੀ ਕਦੀ ਵੀ ਖ਼ਬਰ ਲੈਣ ਨਹੀਂ ਆਏ। ਜੇ ਇਸ ਤਰ੍ਹਾਂ ਫਕੀਰ ਹੀ ਹੋਣਾ ਸੀ, ਫਿਰ ਆਪਣਾ ਪਰਿਵਾਰ ਕਿਉਂ ਸਹੇੜ ਲਿਆ ?"॥ ੨੭॥

ਸ੍ਰੀ ਨਾਨਕ ਸੁਨਤੇ ਸਭਿ ਰਹੇ। ਕੋਊ ਵਾਕ ਨ ਮੁਖ ਤੇ ਕਹੇ।
ਤਬਹਿ ਅਜਿੱਤੇ ਨੇ ਸਮਝਾਯੋ। 'ਕਹਿਨਿ ਕਠੋਰ ਨ ਤੁਮ ਬਨਿ ਆਯੋ'॥੨੮॥

ਗੁਰੂ ਨਾਨਕ ਦੇਵ ਸਭ ਕੁਝ ਸੁਣਦੇ ਰਹੇ ਅਤੇ ਮੁੱਖ ਤੋਂ ਕੋਈ ਵੀ ਵਾਕ ਨਾ ਕਿਹਾ। ਫਿਰ ਅਜਿੱਤੇ ਨੇ ਸਮਝਾਇਆ, "ਤੁਹਾਡਾ ਕਠੋਰ ਬਚਨ ਬੋਲਣਾ ਬਣਦਾ ਨਹੀਂ"॥ ੨੮॥

ਇਸ ਬਿਧਿ ਕਹਿ ਨਿਜ ਸਦਨ ਸਿਧਾਯੋ। ਬਹੁ ਉੱਤਮ ਭੋਜਨ ਬਨਿਵਾਯੋ॥
ਚਾਰੁ ਚੀਰ ਲੇ ਕਰਿ ਨਿਜ ਹਾਥਾ। ਗਮਨਯੋ ਬਹੁਰ ਨਿਕਟਿ ਜਗਨਾਥਾ॥੨੯॥

ਇਸ ਤਰ੍ਹਾਂ ਕਹਿ ਕੇ ਆਪਣੇ ਘਰ ਨੂੰ ਚਲਾ ਗਿਆ, ਬਹੁਤ ਉੱਤਮ ਭੋਜਨ ਬਣਵਾਇਆ। ਸੁੰਦਰ ਕੱਪੜੇ ਆਪਣੇ ਹੱਥ ਵਿਚ ਲੈ ਕੇ ਫਿਰ ਗੁਰੂ ਜੀ ਪਾਸ ਆ ਗਿਆ॥ ੨੯॥

ਰਿਸ ਸੋਂ ਜਰਤਿ ਜਾਸ ਕੀ ਛਾਤੀ। ਤ੍ਰਿਕਤਿ ਰੀਤਿ ਹਿਰਦੇ ਨ ਸੁਹਾਤੀ।
ਭੋਜਨ ਧਰਿ ਕੈ ਗਿਰਾ ਅਲਾਈ। 'ਖਾਵਹੁ ਤੂੰ ਨਿਤ ਕੇ ਦੁਖਦਾਈ॥੩੦॥

ਗੁੱਸੇ ਨਾਲ ਜਿਸ ਦੀ ਛਾਤੀ ਸੜ ਰਹੀ ਸੀ ਅਤੇ ਤਿਆਗ ਦੀ ਰੀਤ ਜਿਸ ਨੂੰ ਚੰਗੀ ਨਹੀਂ ਸੀ ਲੱਗਦੀ, ਭੋਜਨ ਅੱਗੇ ਰੱਖ ਕੇ ਬੋਲਿਆ, "ਸਦਾ ਦੁੱਖ ਦੇਣ ਵਾਲੇ! ਭੋਜਨ ਛਕੋ"॥ ੩੦॥

ਦੋਹਰਾ- ਭੇਖ ਫਕੀਰੀ ਤਜਹੁ ਅਬ ਪਹਿਰਹੁ ਬਸਨ ਜਿ ਚਾਰੁ।
ਹਮਰੇ ਸੋਦਰ ਬੰਧੁ ਜੇ ਤਿਨ ਮਹਿਂ ਨਹਿਂ ਕਰਿ ਖ੍ਵਾਰ'॥ ੩੧॥

ਭੇਸ ਫਕੀਰੀ ਛੱਡੋ ਅਤੇ ਹੁਣ ਸੁੰਦਰ ਕਪੜੇ ਪਾ ਲਵੋ, ਮੇਰੇ ਜਿਹੜੇ ਭਾਈ-ਬੰਧ ਹਨ, ਉਨ੍ਹਾਂ ਵਿਚ ਮੈਨੂੰ ਖਵਾਰ ਨਾ ਕਰੋ"॥ ੩੧॥

ਚੌਪਈ- ਪਹਿਰਹਿਂ ਚੀਰ ਨ ਭੋਜਨ ਖਾਂਹੀ। ਸ੍ਰੀ ਪ੍ਰਭੁ ਮੁਖ ਤੇ ਬੋਲਤਿ ਨਾਂਹੀ।
ਸਿਰੀ ਚੰਦ ਤਬ ਲਖਮੀਦਾਸਾ। ਬੰਦਨ ਕੀਨਿ ਆਨਿ ਪਿਤ ਪਾਸਾ॥੩੨॥

ਨਾ ਕਪੜੇ ਪਾਉਂਦੇ ਸਨ ਅਤੇ ਨਾ ਹੀ ਭੋਜਨ ਖਾਂਦੇ ਸਨ। ਗੁਰੂ ਜੀ ਮੂੰਹ ਤੋਂ ਵੀ ਕੁਝ ਨਹੀਂ ਬੋਲਦੇ ਸਨ। ਫਿਰ ਸਿਰੀ ਚੰਦ ਅਤੇ ਲਖਮੀ ਦਾਸ ਨੇ ਆ ਕੇ ਪਿਤਾ ਜੀ ਨੂੰ ਬੰਦਨਾ ਕੀਤੀ॥ ੩੨॥

ਬੈਠਯੋ ਪਹਿਰ ਬਿਤੀਤਯੋ ਜਬਹੀ। ਪਹਿਰਯੋ ਖਾਯੋ ਨਹਿਂ ਕਿਛੁ ਤਬਹੀ।
ਬਸ ਨ ਬਸਾਵਹਿ ਰਿਸਯੋ ਬਿਸਾਲਾ। ਉਠਿ ਆਯੋ ਮੂਲਾ ਤਿਹ ਕਾਲਾ॥੩੩॥

ਜਦ ਇਕ ਪਹਿਰ ਬੀਤ ਗਿਆ ਤਦ ਤਕ ਕੁਝ ਵੀ ਨਾ ਖਾਧਾ ਅਤੇ ਨਾਂ ਹੀ ਨਵੇਂ ਕਪੜੇ ਪਾਏ। ਮੂਲ ਚੰਦ ਦਾ ਕੁਝ ਵੀ ਵੱਸ ਨਹੀਂ ਸੀ ਚਲਦਾ, ਬਹੁਤ ਗੁੱਸੇ ਵਿਚ ਆ ਗਿਆ ਤੇ ਉਸੇ ਵਕਤ ਉਠ ਕੇ ਘਰ ਨੂੰ ਆ ਗਿਆ॥ ੩੩॥

ਸ੍ਰੀ ਪ੍ਰਭੁ ਰਹੇ ਬਿਰਾਜਤਿ ਤਾਂਹੀ। ਜਿਨ ਕੇ ਦੇਖਤਿ ਦੋਖ ਨਸਾਹੀਂ।
ਜੇ ਮਹਿਮਾ ਜਾਨਹਿਂ ਗੁਰ ਕੇਰੀ। ਸੇ ਆਵਹਿਂ ਤਹਿਂ ਦਰਸ਼ਨ ਹੇਰੀ॥ ੩੪॥

ਗੁਰੂ ਜੀ ਓਥੇ ਹੀ ਬੈਠੇ ਰਹੇ, ਜਿਨ੍ਹਾਂ ਨੂੰ ਵੇਖ ਕੇ ਦੁੱਖ ਦੂਰ ਹੋ ਜਾਂਦੇ ਹਨ। ਜੋ ਗੁਰੂ ਜੀ ਦੀ ਮਹਿਮਾ ਜਾਣਦੇ ਸੀ, ਉਹ ਗੁਰੂ ਜੀ ਦੇ ਦਰਸ਼ਨ ਕਰਨ ਆ ਰਹੇ ਸਨ॥ ੩੪॥

ਬੰਦਨ ਕਰਹਿਂ ਜਨਮ ਫਲ ਪਾਵਹਿਂ। ਰਹਹਿਂ ਨਿਕਟ ਪੁਨ ਸਦਨ ਸਿਧਾਵਹਿਂ।
ਕੋ ਆਵੈ ਕੋ ਕਰਹਿ ਪਿਆਨਾ। ਭੀਰ ਭੂਰ ਹੋਈ ਤਿਹ ਥਾਨਾ॥ ੩੫॥

ਬੰਦਨਾਂ ਕਰਕੇ ਜਨਮਾਂ ਦਾ ਫਲ ਪਾਉਂਦੇ ਸਨ, ਪਾਸ ਬੈਠ ਕੇ ਫਿਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਕੋਈ ਆਉਂਦਾ ਸੀ, ਕੋਈ ਚਲਾ ਜਾਂਦਾ ਸੀ। ਉਸ ਥਾਂ ਬਹੁਤ ਭੀੜ ਰਹਿੰਦੀ ਸੀ॥ ੩੫॥

ਲੇ ਉਪਦੇਸ਼ ਸਿੱਖ ਕੋ ਹੋਵਹਿ। ਸਿਮਰਹਿ ਨਾਮ ਸਕਲ ਅਘ ਖੋਵਹਿ।
ਇਕ ਤੇ ਦੂਸਰ ਮਹਿਮਾ ਸੁਨਿਕੈ। ਆਇ ਪਰਹਿ ਚਰਨਨ ਗੁਰ ਗੁਨਿਕੈ॥ ੩੬॥

ਉਪਦੇਸ਼ ਲੈ ਕੇ ਸਿੱਖ ਹੋ ਜਾਂਦੇ ਸਨ, ਨਾਮ ਦਾ ਸਿਮਰਨ ਕਰਕੇ ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਸਨ। ਇਕ ਦੂਸਰੇ ਤੋਂ ਮਹਿਮਾ ਸੁਣ ਕੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦੇ ਸਨ ਅਤੇ ਗੁਰੂ ਜੀ ਨੂੰ ਆਪਣਾ ਗੁਰੂ ਮੰਨਦੇ ਸਨ॥ ੩੬॥

ਕਿਤਿਕ ਕਾਮਨਾ ਧਰਿ ਕਰਿ ਸੇਵਹਿਂ। ਜੋ ਇੱਛੈਂ ਬਿਨ ਸੰਸੈ ਲੇਵਹਿਂ।
ਨਿਰਮਲ ਮਨ ਕਰਨੇ ਕੇ ਹੇਤਾ। ਰਹਹਿਂ ਕਿਤਿਕ ਢਿਗ ਪ੍ਰੀਤ ਸਮੇਤਾ॥ ੩੭॥

ਕਈ ਤਾਂ ਮਨੋ ਕਾਮਨਾ ਧਾਰਨ ਕਰਕੇ ਸਿਮਰਦੇ ਸਨ, ਜੋ ਇੱਛਾ ਕਰਦੇ ਸਨ, ਬਿਨਾਂ ਸ਼ੱਕ ਪ੍ਰਾਪਤ ਕਰਦੇ ਸਨ। ਆਪਣਾ ਮਨ ਨਿਰਮਲ ਕਰਨ ਵਾਸਤੇ ਕਈ ਪ੍ਰੀਤ ਸਮੇਤ ਉਨ੍ਹਾਂ ਦੇ ਪਾਸ ਹੀ ਰਹਿੰਦੇ ਸਨ॥ ੩੭॥

ਸਤਿਸੰਗਤ ਹੋਵਨ ਬਹੁ ਲਾਗੀ। ਕਰਹਿਂ ਕੀਰਤਨ ਸ਼ਰਧਾ ਜਾਗੀ।
ਦਰਸ਼ਨ ਕੇਰ ਪ੍ਰਤਾਪ ਬਿਸ਼ਾਲਾ। ਕਿਉਂ ਨ ਚਲਹਿਂ ਨੀਕੀ ਨਰ ਚਾਲਾ॥ ੩੮॥

ਬਹੁਤ ਸਤਿਸੰਗਤ ਹੋਣ ਲੱਗੀ, ਕੀਰਤਨ ਕਰਨ ਨਾਲ ਬੜੀ ਸ਼ਰਧਾ ਜਾਗਦੀ ਸੀ। ਦਰਸ਼ਨ ਕਰਕੇ ਬੜਾ ਪਰਤਾਪ ਵਧਦਾ ਸੀ, ਫਿਰ ਮਨੁੱਖ ਚੰਗੇ ਢੰਗ ਨਾਲ ਕਿਉਂ ਨਾ ਚਲਣ ?॥ ੩੮॥

ਦੋਹਰਾ- ਹੁਤੋ ਨਗਰ ਕੋ ਚੌਧਰੀ ਨਾਮ ਅਜਿੱਤਾ ਜਾਂਹਿ।
ਮਹਿਮਾ ਪ੍ਰਭੁ ਅਵਲੋਕਿ ਕੈ ਸਮਝਯੋ ਨਿਜ ਮਨ ਮਾਂਹਿ॥ ੩੯॥

ਉਸ ਨਗਰ ਦਾ ਜਿਹੜਾ ਚੌਧਰੀ ਸੀ ਉਸ ਦਾ ਨਾਂ ਅਜਿਤਾ ਰੰਧਾਵਾ ਸੀ। ਉਹ ਗੁਰੂ ਜੀ ਦੀ ਮਹਿਮਾ ਵੇਖ ਕੇ ਆਪਣੇ ਮਨ ਵਿਚ ਸਭ ਕੁਝ ਸਮਝ ਗਿਆ॥ ੩੯॥

ਚੌਪਈ- ਜਹਿਂ ਸੋਹਿਤਿ ਬੇਦੀ ਕੁਲਦੀਪਾ। ਗਮਨਯੋ ਤਿਨ ਕੇ ਤਬਹਿ ਸਮੀਪਾ।
ਹ੍ਵੈ ਕਰਿ ਦੀਨ ਪ੍ਰੇਮ ਉਰਭਰਿ ਕੈ। ਰਹਯੋ ਚਰਨ ਕਵਲਨ ਸਿਰ ਧਰਿਕੈ॥ ੪੦॥

ਜਿਥੇ ਗੁਰੂ ਜੀ ਮਹਾਰਾਜ ਬੈਠੇ ਹੋਏ ਸਨ, ਤਦ ਉਹ ਉਨ੍ਹਾਂ ਦੇ ਪਾਸ ਚਲੇ ਗਿਆ। ਦੀਨ ਹੋ ਕੇ ਅਤੇ ਦਿਲ ਵਿਚ ਪ੍ਰੇਮ ਭਰ ਕੇ ਚਰਨ ਕੰਵਲਾਂ ਤੇ ਸਿਰ ਧਰ ਕੇ ਟਿਕਿਆ ਰਿਹਾ॥ ੪੦॥

ਬਹੁਰ ਨ ਊਪਰ ਸੀਸ ਉਠਾਵਾ। ਸ੍ਰੀ ਨਾਨਕ ਜੀ ਕਛੁ ਨ ਅਲਾਵਾ।
ਬੈਠਿ ਰਹੇ ਤੂਸ਼ਨਿ ਕੋ ਧਾਰੀ। ਜੋ ਨਿਜ ਸੇਵਕ ਮੋਖ ਉਦਾਰੀ॥ ੪੧॥

ਫਿਰ ਸਿਰ ਉਪਰ ਨਾ ਚੁਕਿਆ। ਗੁਰੂ ਜੀ ਕੁਝ ਵੀ ਨਾ ਬੋਲੇ। ਉਹ ਚੁਪ ਕਰਕੇ ਬੈਠੇ ਰਹੇ, ਜੋ ਆਪਣੇ ਸੇਵਕਾਂ ਨੂੰ ਮੋਖ ਬਖਸ਼ਣ ਵਿਚ ਬੜੇ ਫ਼ਰਾਖ ਦਿਲ ਸਨ॥ ੪੧॥

ਨਹੀਂ ਅਜਿੱਤੇ ਸੀਸ ਉਚਾਯੋ। ਇਸ ਪ੍ਰਕਾਰ ਇਕ ਜਾਮ ਬਿਤਾਯੋ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ। ਮ੍ਰਿਦੁਲ ਮਧੁਰ ਮੁਖ ਗਿਰਾ ਅਲਾਈ ॥੪੨॥

ਅਜਿੱਤੇ ਰੰਧਾਵੇ ਨੇ ਸਿਰ ਨਾ ਚੁਕਿਆ। ਇਸ ਤਰ੍ਹਾਂ ਇਕ ਪਹਿਰ ਬੀਤ ਗਿਆ। ਮਿਹਰ ਦੀ ਨਜ਼ਰ ਨਾਲ ਦੇਖ ਕੇ ਗੁਰੂ ਜੀ ਨੇ ਮਿੱਠੀ ਅਤੇ ਪਿਆਰੀ ਆਵਾਜ਼ ਵਿਚ ਕਿਹਾ॥ ੪੨॥

'ਅਬ ਉਠਿਯੇ ਕਰਤਾਰ ਪਿਆਰੇ। ਅਪਨ ਮਨੋਰਥ ਕਰਹੁ ਉਚਾਰੇ'।
ਨਿਜ ਹਾਥਨ ਸੋ ਤਬ ਜਗਨਾਥਾ। ਬੈਠਾਰਯੋ ਉਠਾਇ ਤਿਹ ਮਾਥਾ ॥੪੩॥

"ਹੇ ਕਰਤਾਰ ਪਿਆਰੇ! ਹੁਣ ਉਠੋ, ਆਪਣਾ ਮਨੋਰਥ ਉਚਾਰਨ ਕਰੋ।" ਫਿਰ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਦਾ ਮੱਥਾ ਚੁੱਕ ਕੇ ਪਾਸ ਬੈਠਾਇਆ॥ ੪੩॥

ਹਾਥ ਜੋਰਿਕੈ ਬਿਨਤੀ ਭਾਖੀ। 'ਰਾਵਰ ਹੋ ਸਭਿ ਘਟ ਕੇ ਸਾਖੀ।
ਤੁਮ ਸਭਿ ਜਾਨਹੁ ਅੰਤਰਜਾਮੀ!। ਕਯੋਂ ਬਨਿਹੈ ਮਮ ਕਹਿਨੋਂ ਸ੍ਵਾਮੀ ॥੪੪॥

ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਸਭ ਹਿਰਦਿਆਂ ਨੂੰ ਜਾਣਨ ਵਾਲੇ ਹੋ। ਹੇ ਅੰਤਰਜਾਮੀ ! ਤੁਸੀਂ ਸਭ ਕੁਝ ਜਾਣਦੇ ਹੋ। ਮੇਰਾ ਕੀ ਬਣੇਗਾ, ਹੇ ਸਵਾਮੀ ਜੀ ਮੈਨੂੰ ਦੱਸੋ॥ ੪੪॥

ਜੋ ਨਹਿਂ ਜਾਨਹਿਂ ਤਾਂਹਿ ਅਗਾਰੀ। ਕਰੈ ਆਪਨੀ ਬ੍ਰਿਥਾ ਉਚਾਰੀ।
ਸਰਬੱਗਨ ਢਿਗ ਤੂਸ਼ਨਿ ਨੀਕੀ। ਕਰਹਿਂ ਭਲੇਰੀ ਭਾਵਤਿ ਜੀਕੀ' ॥੪੫॥

ਜਿਹੜੇ ਲੋਕ ਤੁਹਾਨੂੰ ਪਹਿਲਾਂ ਨਹੀਂ ਜਾਣਦੇ ਹਨ ਕਿ ਤੁਸੀਂ ਪ੍ਰਭੂ ਰੂਪ ਹੋ, ਉਹ ਵਿਅਰਥ ਦਾ ਉਚਾਰਨ ਕਰਦੇ ਹਨ। ਸਭ ਗਿਣਤੀਆਂ ਨਾਲੋਂ ਚੁੱਪ ਸਭ ਤੋਂ ਚੰਗੀ ਹੈ ਇਸ ਨਾਲ ਮਨ-ਭਾਉਂਦੀ ਭਲੀ ਗੱਲ ਹੁੰਦੀ ਹੈ॥ ੪੫॥

ਸੁਨਤਿ ਪ੍ਰਸੀਦੇ ਰਿਦੇ ਗੁਸਾਈਂ। ਕਰਨ ਕ੍ਰਿਤਾਰਥ ਗਿਰਾ ਅਲਾਈ।
'ਬੰਦਨ ਕਰਿ ਕਰਤਾਰ ਅਗਾਰੀ। ਪੂਜਹਿ ਮਨਕਾਮਨਾ ਤੁਮਾਰੀ' ॥੪੬॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਕ੍ਰਿਤਾਰਥ ਕਰਨ ਵਾਸਤੇ ਬਚਨ ਕਹੇ। "ਕਰਤਾਰ ਦੇ ਅੱਗੇ ਬੰਦਨਾ ਕਰੋ ਤੁਹਾਡੀ ਮਨੋਕਾਮਨਾ ਪੂਰੀ ਹੋਵੇਗੀ" ॥ ੪੬॥

ਸੁਨਿਕੈ ਬਹੁਰ ਚਰਨ ਲਪਟਾਯੋ। ਤਤਛਿਨ ਗਯਾਨ ਰਿਦੈ ਹੁਇ ਆਯੋ।
ਸ਼ਕਤਿ ਬਿਸ਼ਾਲ ਭਈ ਸਭਿ ਭਾਂਤੀ। ਪਾਈ ਏਕ ਬਾਰ ਜਨੁ ਥਾਤੀ ॥੪੭॥

ਇਹ ਸੁਣ ਕੇ ਫਿਰ ਚਰਨਾਂ ਨਾਲ ਜੁੜ ਗਿਆ, ਤੁਰੰਤ ਹਿਰਦੇ ਵਿਚ ਗਿਆਨ ਹੋ ਗਿਆ। ਸਭ ਭਾਂਤ ਵਿਸ਼ਾਲ ਸ਼ਕਤੀ ਆ ਗਈ, ਜਿਵੇਂ ਇਕ ਵਾਰ ਹੀ ਥੈਲੀ ਪ੍ਰਾਪਤ ਕਰ ਲਈ ਹੋਵੇ॥ ੪੭॥

ਸੇਵਾ ਕਰਨ ਲਗਯੋ ਯੁਤ ਪ੍ਰੀਤੀ। ਬੇਮੁਖਤਾ ਸਗਰੀ ਉਰ ਬੀਤੀ।
ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਸਿੱਖੀ ਮਗ ਮਹਿਂ ਬਹੁ ਨਰ ਪਾਏ ॥੪੮॥

ਪ੍ਰੀਤ ਨਾਲ ਸੇਵਾ ਕਰਨ ਲੱਗਾ। ਹਿਰਦੇ ਵਿਚ ਸਾਰੀ ਬੇਮੁੱਖਤਾ ਜਾਂਦੀ ਰਹੀ। ਕਈ ਦਿਨ ਇਸ ਤਰ੍ਹਾਂ ਹੀ ਬਿਤੀਤ ਕੀਤੇ। ਸਿੱਖੀ ਮਾਰਗ ਵਿਚ ਬਹੁਤ ਮਨੁੱਖਾਂ ਨੂੰ ਪਾਇਆ ॥ ੪੮॥

ਇਕ ਦਿਨ ਸਾਸੁ ਸਸੁਰ ਗੁਰ ਕੇਰੇ। ਆਏ ਨਿਕਟਿ ਕ੍ਰੋਧ ਕੇ ਪ੍ਰੇਰੇ।
ਸੰਗ ਸੁਲਖਣੀ ਚਲਿ ਕਰਿ ਆਈ। ਪਾਸ ਬੈਠਿ ਕਰਿ ਸਾਸ ਅਲਾਈ ॥੪੯॥

ਇਕ ਦਿਨ ਸੱਸ ਸਹੁਰਾ ਗੁੱਸੇ ਦੇ ਪ੍ਰੇਰੇ ਹੋਏ ਗੁਰੂ ਜੀ ਪਾਸ ਆਏ, ਨਾਲ ਮਾਤਾ ਸੁਲੱਖਣੀ ਵੀ ਚੱਲ ਕੇ ਆਈ। ਪਾਸ ਬੈਠ ਕੇ ਸੱਸ ਨੇ ਕਿਹਾ॥ ੪੯॥

'ਸੁਨਤੇ ਵੇ ਤੂੰ ਰਹਯੋ ਕੁਰਾਹੀ। ਸਦਾ ਹਮਾਰੀ ਛਾਤੀ ਦਾਹੀ।
ਪੁੱਤ੍ਰਨਿ, ਬਨਿਤਾ, ਤਜਿ ਪਰਵਾਰਾ। ਫਿਰਯੋ ਪ੍ਰਦੇਸ਼ਨ ਦ੍ਵਾਰਨ ਦ੍ਵਾਰਾ ॥੫੦॥

"ਸੁਣੋ, ਤੂੰ ਸਦਾ ਕੁਰਾਹੇ ਹੀ ਪਿਆ ਰਿਹਾ ਹੈਂ, ਸਦਾ ਸਾਡੀ ਛਾਤੀ ਨੂੰ ਸਾੜਿਆ ਹੈ, ਪੁੱਤਰ, ਪਤਨੀ ਪਰਿਵਾਰ ਛੱਡ ਕੇ ਪਰਦੇਸ਼ਾਂ ਵਿਚ ਦੌਰ ਦਰ ਤੇ ਫਿਰਿਆ ਹੈਂ॥ ੫੦॥

ਕੋ ਕਾਰਜ ਤੈਂ ਹਾਸਲ ਕੀਨਾ? ਅਪਨੋ ਦਰਬ ਲੁਟਾਇ ਸੁ ਦੀਨਾ।
ਜਗ ਕੀ ਲਾਜ ਤਜੀ ਇਕ ਬਾਰੀ। ਹਮਕੋ ਸਭਿ ਮਹਿਂ ਕੀਨ ਖੁਆਰੀ ॥੫੧॥

ਤੂੰ ਕੀ ਕਾਰਜ ਹਾਸਿਲ ਕੀਤਾ ਹੈ? ਆਪਣਾ ਧਨ ਲੁਟਾ ਦਿੱਤਾ ਹੈ। ਇਕ ਵਾਰ ਜੱਗ ਦੀ ਲਾਜ ਛੱਡ ਦਿੱਤੀ ਹੈ, ਸਾਨੂੰ ਸਾਰਿਆਂ ਵਿਚ ਖੱਜਲ ਖੁਆਰ ਕੀਤਾ ਹੈ॥ ੫੧॥

ਨਰ ਕਹਿਂ ਅਮੁਕੇ ਕੋ ਜੁ ਜਮਾਤਾ। ਭਯੋ ਫਕੀਰ ਤਜੇ ਤਿਯ ਤਾਤਾ।'
ਸ੍ਰੀ ਨਾਨਕ ਤੂਸ਼ਨਿ ਹ੍ਵੈ ਬੈਸੇ। ਸਨਮੁਖ ਬਚਨ ਭਨਯੋ ਨਹਿਂ ਕੈਸੇ ॥੫੨॥

ਲੋਕ ਕਹਿੰਦੇ ਹਨ ਤੁਹਾਡਾ ਜਿਹੜਾ ਜਵਾਈ ਹੈ, ਉਹ ਇਸਤਰੀ ਪੁੱਤਰ ਛੱਡ ਕੇ ਫਕੀਰ ਹੋ ਗਿਆ ਹੈ।'' ਗੁਰੂ ਨਾਨਕ ਦੇਵ ਜੀ ਚੁਪ ਕਰਕੇ ਬੈਠੇ ਰਹੇ। ਸਾਹਮਣੇ ਕੋਈ ਬਚਨ ਵੀ ਨਾ ਕੀਤਾ॥ ੫੨॥

ਸੁਨੀ ਅਜਿੱਤੇ ਜਬ ਅਸ ਗਾਥਾ। ਮੂਲਾ ਲਰਤਿ ਗੁਰੂ ਕੇ ਸਾਥਾ।
ਦੌਰਯੋ ਘਰ ਤੇ ਤੂਰਨ ਆਵਾ। ਤਿਨ ਸੋਂ ਅਸ ਬਿਧਿ ਬਚਨ ਅਲਾਵਾ ॥੫੩॥

ਅਜਿੱਤੇ ਰੰਧਾਵੇ ਨੇ ਜਦ ਇਹ ਗੱਲ ਸੁਣੀ ਕਿ ਮੂਲ ਚੰਦ ਗੁਰੂ ਜੀ ਨਾਲ ਲੜ ਰਿਹਾ ਹੈ, ਤਾਂ ਘਰ ਤੋਂ ਤੁਰੰਤ ਦੌੜ ਕੇ ਆਇਆ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਕਿਹਾ॥ ੫੩॥

'ਊਚੇ ਕਹਿ ਕਿਉਂ ਸੀਸ ਖਪਾਵਤਿ। ਕਿਉਂ ਤੁਮ ਦੁਖੀ ਹੋਇ ਪਛੁਤਾਵਤਿ।
ਮਹਾਂ ਪੁਰਖ ਉਰ ਮਤੋ ਉਚੇਰਾ। ਭੇਦ ਨ ਜਾਨਿ ਸਕਹੁ ਇਨ ਕੇਰਾ ॥੫੪॥

'ਉੱਚੀ-ਉੱਚੀ ਬੋਲ ਕੇ ਸਿਰ ਕਿਉਂ ਖਪਾਉਂਦੇ ਹੋ, ਤੁਸੀ ਦੁਖੀ ਹੋ ਕੇ ਕਿਉਂ ਪਛਤਾਵਾ ਕਰ ਰਹੇ ਹੋ, ਇਹ ਤਾਂ ਮਹਾਂਪੁਰਖ ਹਨ ਅਤੇ ਬੜੀ ਉੱਚੀ ਬੁੱਧੀ ਵਾਲੇ ਹਨ। ਇਨ੍ਹਾਂ ਦਾ ਕੋਈ ਵੀ ਭੇਦ ਨਹੀਂ ਜਾਣ ਸਕਦਾ॥ ੫੪॥

ਬਿਨਾ ਹੇਤੁ ਤੇ ਆਨ ਅਕਾਵਤਿ। ਇਹ ਨਹਿਂ ਤੁਮਕੋ ਕਛੂ ਦੁਖਾਵਤਿ।
ਨਹੀਂ ਬਿਗਾਰਤਿ ਕਾਰਜ ਰਾਈ। ਕਛੂ ਨ ਜਾਚਤਿ ਤੁਮ ਢਿਗ ਜਾਈ ॥੫੫॥

ਬਿਨਾਂ ਕਾਰਨ ਇਨ੍ਹਾਂ ਨੂੰ ਆ ਕੇ ਤੰਗ ਕਰ ਰਹੇ ਹੋ, ਇਸ ਨੇ ਤਾਂ ਤੁਹਾਨੂੰ ਕਦੀ ਦੁਖੀ ਨਹੀਂ ਕੀਤਾ। ਇਸ ਨੇ ਰਾਈ ਭਰ ਵੀ ਕੋਈ ਕੰਮ ਨਹੀਂ ਵਿਗਾੜਿਆ ਹੈ, ਕਦੇ ਵੀ ਤੁਹਾਡੇ ਪਾਸ ਕੁਝ ਮੰਗਣ ਨਹੀਂ ਆਇਆ ਹੈ॥ ੫੫॥

ਕਹਹੁ ਕਠੋਰ ਗਿਰਾ ਦੁਖ ਦਾਈ। ਨਾਹਕ ਰੋਸੁ ਕਰਹੁ ਅਕੁਲਾਈ।
ਭਯੋ ਫਕੀਰ ਬ੍ਰਿਕਤਿ ਮਨ ਮਾਂਹੀ। ਅਬ ਤੁਮ ਕਾਜ ਰਹਯੋ ਕੋ ਨਾਂਹੀ ॥੫੬॥

ਤੁਸੀਂ ਦੁਖਦਾਇਕ ਕਠੋਰ ਸ਼ਬਦ ਬੋਲ ਰਹੇ ਹੋ। ਐਵੇਂ ਵਿਆਕੁਲ ਹੋ ਕੇ ਗੁੱਸਾ ਕੱਢ ਰਹੇ ਹੋ। ਮਨ ਵਿਚ ਤਿਆਗੀ ਹੋ ਕੇ ਫਕੀਰ ਹੋ ਗਿਆ ਹੈ, ਹੁਣ ਤੁਹਾਡਾ ਉਸ ਨਾਲ ਕੋਈ ਕੰਮ ਨਹੀਂ ਰਿਹਾ ਹੈ॥ ੫੬॥

ਕਰਿ ਸੰਤੋਖ ਸਦਨ ਨਿਜ ਬੈਸਹੁ। ਮੁਖ ਤੇ ਬਚਨ ਕਹੋ ਨਹਿੰ ਕੈਸਹੁ।
ਬੋਲਜੋ ਮੂਲਾ 'ਤੁਮ ਹੋ ਸਜਾਨੇ। ਸੁਨਹੁ ਚੌਧਰੀ! ਸਭਿ ਬਿਧਿ ਜਾਨੇ॥ ੫੭॥

ਸੰਤੋਖ ਕਰਕੇ ਘਰ ਵਿਚ ਬੈਠੋ, ਮੁੱਖ ਤੋਂ ਕਿਸੇ ਪ੍ਰਕਾਰ ਦਾ ਵੀ ਬਚਨ ਨਾ ਕਰੋ।" ਮੂਲ ਚੰਦ ਨੇ ਕਿਹਾ, "ਤੁਸੀਂ ਸਿਆਣੇ ਹੋ, ਹੇ ਚੌਧਰੀ ਜੀ! ਸੁਣੋ, ਚੰਗੀ ਤਰ੍ਹਾਂ ਸਮਝੋ॥ ੫੭॥

ਪ੍ਰਿਥਮੈ ਇਸ ਢਿਗ ਦਰਬ ਘਨੇਰਾ। ਦਯੋ ਲੁਟਾਇ ਸਰਬ ਬਿਨ ਦੇਰਾ।
ਇਤਨੀ ਗੁਨੀ ਨ ਨਿਜ ਮਨ ਮਾਂਹੀ। ਸੁਤ ਬਨਿਤਾ ਕਿਹ ਥਲ ਤੇ ਖਾਹੀਂ॥੫੮॥

ਪਹਿਲਾਂ ਇਸ ਪਾਸ ਬਹੁਤ ਧਨ ਸੀ, ਉਹ ਸਾਰਾ ਹੀ ਕਿਸੇ ਦੇਰ ਬਗੈਰ ਲੁਟਾ ਦਿੱਤਾ। ਮਨ ਵਿਚ ਇਹ ਵੀ ਖਿਆਲ ਨਹੀਂ ਕੀਤਾ ਕਿ ਪਤਨੀ ਅਤੇ ਪੁੱਤਰ ਕਿਸ ਥਾਂ ਤੋਂ ਖਾਣਗੇ॥ ੫੮॥

ਸਭਿ ਬਿਵਹਾਰ ਦਰਬ ਤੇ ਹੋਈ। ਸੋ ਇਨ ਦੀਨ ਅਕਾਰਥ ਖੋਈ।
ਬਹੁਰੋ ਤਜੀ ਜਗਤ ਕੀ ਲਾਜਾ। ਬੇਖ ਫਕੀਰੀ ਤਨ ਮੈਂ ਸਾਜਾ॥ ੫੯॥

ਸਾਰੇ ਵਿਹਾਰ ਧਨ ਨਾਲ ਹੀ ਹੁੰਦੇ ਹਨ, ਜੋ ਇਸ ਨੇ ਫਜ਼ੂਲ ਗਵਾ ਦਿੱਤਾ ਹੈ, ਫਿਰ ਇਸ ਨੇ ਜਗਤ ਦੀ ਲਾਜ ਛੱਡ ਦਿੱਤੀ ਅਤੇ ਫਕੀਰੀ ਭੇਸ ਸਰੀਰ ਤੇ ਪਹਿਣ ਲਿਆ ਹੈ॥ ੫੯॥

ਪਰਦੇਸ਼ਨਿ ਗਮਨਜੋ ਬਹੁ ਕਾਲਾ। ਅਬਿ ਆਯੋ ਨਿਜ ਤਜਤਿ ਨ ਚਾਲਾ।
ਬੈਠਿ ਸਮੀਪ ਦਹਤਿ ਨਿਤ ਛਾਤੀ। ਇਸ ਕੀ ਚਿੰਤ ਹਮਹਿੰ ਦਿਨ ਰਾਤੀ॥੬੦॥

ਬਹੁਤ ਸਮਾਂ ਪਰਦੇਸ਼ਾਂ ਵਿਚ ਫਿਰਿਆ ਹੈ, ਹੁਣ ਆਇਆ ਹੈ, ਪਰ ਆਪਣੇ ਚਾਲੇ ਨਹੀਂ ਛੱਡੇ ਹਨ। ਕੋਲ ਬੈਠ ਕੇ ਨਿਤ ਛਾਤੀ ਸਾੜਦਾ ਹੈ, ਇਸ ਦੀ ਸਾਨੂੰ ਦਿਨ ਰਾਤ ਚਿੰਤਾ ਲੱਗੀ ਰਹਿੰਦੀ ਹੈ॥ ੬੦॥

ਜੇ ਸ਼ਰੀਕ ਸਭਿ ਹਾਂਸੀ ਉਚਾਰੈਂ। ਇਹ ਨਹਿੰ ਕਿਹ ਕੀ ਸ਼ੰਕ ਬਿਚਾਰੈ।
ਬਹੁਰ ਅਜਿੱਤਾ ਬੋਲਜੋ ਬਾਨੀ। 'ਸੁਨੋ ਚਚਾ ਤੁਮ ਕਹਤਿ ਸਿਆਨੀ॥੬੧॥

ਜਿਹੜੇ ਸਾਡੇ ਸ਼ਰੀਕ ਹਨ ਉਹ ਸਾਡਾ ਹਾਸਾ ਉਡਾਉਂਦੇ ਹਨ, ਇਹ ਕਿਸੇ ਦੀ ਸ਼ੰਕਾ ਵੀ ਨਹੀਂ ਵਿਚਾਰਦਾ।" ਫਿਰ ਅਜਿੱਤੇ ਨੇ ਕਿਹਾ, "ਹੇ ਮੂਲ ਚੰਦ! ਤੁਸੀਂ ਬੜੀ ਸਿਆਣੀ ਗੱਲ ਕੀਤੀ ਹੈ॥ ੬੧॥

ਜੋ ਪਰੰਤੁ ਹੋਵੈ ਸੰਸਾਰੀ। ਤਿਸਕੋ ਚਹਤਿ ਸੁ ਅਸ ਬਿਵਹਾਰੀ।
ਇਨ ਕੋ ਸੁਪਨੇ ਮੋਹ ਨ ਆਵੈ। ਰਹਿਤਿ ਆਪ ਤਸ ਜਸ ਮਨ ਭਾਵੈ॥੬੨॥

ਪਰ ਜਿਹੜਾ ਸੰਸਾਰੀ ਹੋਵੇ, ਉਸ ਨੂੰ ਇਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਸੁਪਨੇ ਵਿਚ ਵੀ ਮੋਹ ਨਾਲ ਕੋਈ ਲਗਾਉ ਨਹੀਂ ਹੈ, ਉਸ ਤਰ੍ਹਾਂ ਰਹਿੰਦੇ ਹਨ ਜਿਸ ਤਰ੍ਹਾਂ ਇਨ੍ਹਾਂ ਦੇ ਮਨ ਨੂੰ ਭਾਉਂਦਾ ਹੈ॥ ੬੨॥

ਇਨ ਕੇ ਆਗੈ ਤੂਸ਼ਨ ਠਾਨਹੁ। ਇਸ ਬਿਧਿ ਅਪਨਾ ਭਲਾ ਪਛਾਨਹੁ।
ਮੂਲਾ ਕਹੈ 'ਨ ਹੌਂ ਅਬ ਕਹੌਂ। ਨਿਜ ਪਰਵਾਰ ਸਮ੍ਾਰੈ ਚਹੌਂ॥ ੬੩॥

ਇਨ੍ਹਾਂ ਦੇ ਅੱਗੇ ਚੁੱਪ ਰਹੋ, ਇਸ ਤਰ੍ਹਾਂ ਆਪਣਾ ਭਲਾ ਪਛਾਣੋ।" ਮੂਲ ਚੰਦ ਕਹਿਣ ਲੱਗਾ, "ਮੈਂ ਹੁਣ ਹੋਰ ਨਹੀਂ ਕਹਾਂਗਾ। ਇਹ ਆਪਣਾ ਪਰਿਵਾਰ ਸੰਭਾਲੇ, ਇਹੋ ਮੈਂ ਚਾਹੁੰਦਾ ਹਾਂ॥ ੬੩॥

ਸਭਿ ਕੋ ਖਰਚ ਪਰਜੋ ਗਰ ਮੇਰੇ। ਇਨ ਸੁਧ ਲਈ ਨ ਕਬ ਮੁਰਿ ਹੇਰੇ।
ਸੂਧਾ ਹੋਇ ਨ ਇਹ ਮਮ ਭਾਖੇ। ਨਿਤ ਟੇਢੇ ਮਾਰਗ ਪਗ ਰਾਖੇ' ॥੬੪॥

ਸਾਰਿਆਂ ਦਾ ਖਰਚਾ ਮੇਰੇ ਗਲ ਪਿਆ ਹੈ, ਇਸ ਮੇਰੇ ਵੇਖਦਿਆਂ ਕਦੀ ਖਬਰ ਨਹੀਂ ਲਈ ਹੈ। ਮੇਰੇ ਆਖੇ ਇਹ ਸਿੱਧਾ ਨਹੀਂ ਹੁੰਦਾ। ਸਦਾ ਟੇਢੇ ਮਾਰਗ ਤੇ ਹੀ ਪੈਰ ਰੱਖਦਾ ਹੈ॥ ੬੪॥

ਦੋਹਰਾ- 'ਸੁਨਿ ਮਹਿਤਾ! ਸ੍ਰੀ ਚੰਦ ਪੁਨ ਦੂਜੋ ਲਖਮੀ ਦਾਸ।
ਤਰੁਨ ਬੈਸ ਤਿਨ ਕੀ ਭਈ ਖਾਟਹਿਂ ਅਬ ਧਨ ਰਾਸ॥ ੬੫॥

ਅਜਿੱਤੇ ਨੇ ਕਿਹਾ, "ਹੇ ਮਹਿਤਾ ਸੁਣ! ਸ੍ਰੀ ਚੰਦ ਅਤੇ ਲਖਮੀ ਦਾਸ ਦੋਵੇਂ ਜਵਾਨ ਹੋ ਗਏ ਹਨ, ਹੁਣ ਉਨ੍ਹਾਂ ਨੂੰ ਆਪ ਖੱਟੀ ਕਮਾਈ ਕਰਨੀ ਚਾਹੀਦੀ ਹੈ॥ ੬੫॥

ਚੌਪਈ- ਤਿਨ ਕੀ ਮਾਤ ਸੁਸਾ ਸਮ ਹੇਰੀ। ਹੌਂ ਕਰਿਹੋਂ ਤਿਹ ਸੇਵ ਘਨੇਰੀ।
ਪਠਹੁ ਸਦਨ ਮਮ ਬਿਲਮ ਨ ਲਾਵਹੁ। ਕਛੁ ਨਹਿਂ ਰਿਦੇ ਸੰਦੇਹ ਉਠਾਵਹੁ ॥੬੬॥

ਉਨ੍ਹਾਂ ਦੀ ਮਾਤਾ ਨੂੰ ਮੈਂ ਆਪਣੀ ਭੈਣ ਸਮਝਦਾ ਹਾਂ, ਮੈਂ ਉਸ ਦੀ ਬਹੁਤ ਸੇਵਾ ਕਰਾਂਗਾ। ਮੇਰੇ ਘਰ ਭੇਜ ਦੇਵੋ, ਕੋਈ ਦੇਰ ਨਾ ਲਾਵੋ ਅਤੇ ਹਿਰਦੇ ਵਿਚ ਕੋਈ ਸ਼ੰਕਾ ਨਾ ਕਰੋ" ॥ ੬੬॥

ਮੂਲਾ ਕਹੈ 'ਨ ਇਉਂ ਬਨਿ ਆਵੈ। ਹਮਰੀ ਨਿੰਦਾ ਜਗਤ ਅਲਾਵੈ।
ਅਪਨੀ ਤਨੁਜਾ ਹੇਤੁ ਅਹਾਰਾ। ਪਰ ਘਰ ਪਠੀ ਕਹੈ ਸੰਸਾਰਾ' ॥੬੭॥

ਮੂਲ ਚੰਦ ਕਹਿਣ ਲੱਗਾ, "ਇਸ ਤਰ੍ਹਾਂ ਗੱਲ ਨਹੀਂ ਬਣਦੀ, ਸਾਰਾ ਜਗਤ ਸਾਡੀ ਨਿੰਦਿਆ ਕਰੇਗਾ ਕਿ ਆਪਣੀ ਪੁੱਤਰੀ ਨੂੰ ਭੋਜਨ ਦੇ ਕਾਰਨ ਪਰਾਏ ਘਰ ਵਿਚ ਭੇਜਿਆ ਹੈ" ॥ ੬੭॥

ਕਹੈ ਅਜਿੱਤਾ 'ਜੇ ਅਸ ਜਾਨਹੁ। ਨਿਜ ਮੁਖ ਤੇ ਤੂਸ਼ਨਿ ਇਮ ਠਾਨਹੁ।
ਕਜਾ ਇਨ ਆਗੈ ਜਾਇ ਬਖਾਨਜੋ। ਜਿਨ ਕੋ ਭੇਦ ਸੁ ਜਾਇ ਨ ਜਾਨਜੋ ॥੬੮॥

ਅਜਿੱਤਾ ਕਹਿਣ ਲੱਗਾ, "ਜੇ ਇਸ ਤਰ੍ਹਾਂ ਜਾਣਦੇ ਹੋ ਤਾਂ ਆਪਣੇ ਮੂੰਹ ਤੋਂ ਚੁੱਪ ਹੋ ਜਾਵੋ। ਗੁਰੂ ਜੀ ਦੇ ਅੱਗੇ ਬੋਲਦੇ ਹੋ, ਜਿਨ੍ਹਾਂ ਦਾ ਕਿ ਭੇਦ ਨਹੀਂ ਜਾਣਿਆ ਜਾ ਸਕਦਾ॥ ੬੮॥

ਦੁਖ ਸੁਖ ਮਹਿਂ ਸਮਤਾ ਇਨ ਕੇਰੀ। ਸਾਧੁ ਰੂਪ ਹੈ ਬ੍ਰਿਕਤਿ ਘਨੇਰੀ'।
ਮੂਲਾ ਭਨਤਿ 'ਕਹੈਂ ਜਿਹ ਸਾਧੂ। ਇਹ ਸਮ ਕੋ ਨ ਕਰੈ ਅਪਰਾਧੂ ॥੬੯॥

ਇਨ੍ਹਾਂ ਵਾਸਤੇ ਦੁਖ ਸੁਖ ਇਕ ਸਮਾਨ ਹੈ, ਸਾਧੂ ਸਰੂਪ ਅਤੇ ਵੱਡੇ ਤਿਆਗੀ ਹਨ। ਮੂਲੇ ਕਿਹਾ, "ਜਿਸ ਨੂੰ ਤੁਸੀਂ ਸਾਧੂ ਕਹਿੰਦੇ ਹੋ, ਇਸ ਵਰਗਾ ਤਾਂ ਕੋਈ ਅਪਰਾਧ ਨਹੀਂ ਕਰਦਾ॥ ੬੯॥

ਦੋਹਰਾ- ਇਸ ਜੈਸਾ ਖੋਟਾ ਨ ਕੋ ਨਿਤ ਛਾਤੀ ਕਿਯ ਦਾਹ।
ਕੌਨ ਸੁ ਲੱਛਨ ਸਾਧ ਕੋ ਨਾਮ ਪਰਜੋ ਜਗ ਮਾਂਹਿ' ॥ ੭੦॥

ਇਸ ਵਰਗਾ ਤਾਂ ਕੋਈ ਖੋਟਾ ਨਹੀਂ, ਨਿਤ ਸਾਡੀ ਛਾਤੀ ਨੂੰ ਸਾੜਦਾ ਹੈ। ਇਸ ਵਿਚ ਸਾਧਾਂ ਵਾਲਾ ਕਿਹੜਾ ਲੱਛਣ ਹੈ, ਜਿਹੜਾ ਜੱਗ ਵਿਚ ਸਾਧੂ ਨਾਮ ਪਿਆ ਹੈ" ॥ ੭੦॥

ਚੌਪਈ- ਚੰਦੋਰਾਨੀ ਕਰਕੀ ਫੇਰ। 'ਤਪਾ ਰਖਾਯੋ ਆਖਜ ਟੇਰਿ।
ਕੀਨੋ ਵਹਿਰ ਫਕੀਰੀ ਬੇਸਾ। ਤ੍ਰਿਯ ਸੁਤਿ ਤਜਿ ਕੈ ਫਿਰਜੋ ਬਿਦੇਸ਼ਾ ॥੭੧॥

ਫਿਰ ਚੰਦੋਰਾਨੀ ਕੜਕੀ, "ਲੋਕਾਂ ਨੂੰ ਕਹਿ ਕੇ ਆਪਣਾ ਨਾਂ ਤਪਾ ਰਖਾ ਲਿਆ ਹੈ। ਬਾਹਰਲਾ ਭੇਸ ਫਕੀਰੀ ਕੀਤਾ ਹੈ, ਪਰ ਇਸਤਰੀ ਅਤੇ ਪੁੱਤਰਾਂ ਨੂੰ ਛੱਡ ਕੇ ਬਿਦੇਸ਼ਾਂ ਵਿਚ ਫਿਰਦਾ ਹੈ॥ ੭੧॥

ਕਰਿ ਅਨਾਥ ਤਿਨ ਗਯੋ ਪਲਾਈ। ਤਨਕ ਨ ਮਨ ਮਹਿ ਕਰੁਨਾ ਆਈ।
ਹੌਂ ਪਰਮੇਸ਼ੁਰ ਕੋ ਭੈ ਕਰਿਕੈ। ਇਸ ਕੋ ਕਹਿਤਿ ਨ ਕਛੁ ਬਿਚਰਿ ਕੈ॥ ੭੨॥

ਬੱਚਿਆਂ ਨੂੰ ਅਨਾਥ ਕਰਕੇ ਚਲੇ ਗਿਆ, ਮਨ ਵਿਚ ਰਤੀ ਭਰ ਵੀ ਤਰਸ ਨਹੀਂ ਆਇਆ। ਪਰਮੇਸ਼ਵਰ ਦਾ ਡਰ ਕਰਕੇ, ਇਸ ਨੇ ਕੁਝ ਵੀ ਵਿਚਾਰ ਕੇ ਨਹੀਂ ਕਿਹਾ॥ ੭੨॥

ਨਾਤੁਰ ਮੈਂ ਅਬ ਕਰੌਂ ਖੁਆਰੂ। ਪ੍ਰਗਟਾਵੌਂ ਇਹ ਸ੍ਵਾਂਗ ਕੁਚਾਰੂ।
ਸੁਨਿ ਸ਼੍ਰੀ ਗੁਰ ਤੂਸ਼ਨਿ ਹ੍ਵੈ ਰਹੇ। ਤਨਕ ਬਦਨ ਤੇ ਬਚਨ ਨ ਕਹੇ॥ ੭੩॥

ਨਹੀਂ ਤਾਂ ਹੁਣ ਮੈਂ ਇਸ ਨੂੰ ਖੁਆਰ ਕਰਾਂਗੀ ਅਤੇ ਇਸ ਦੀ ਖੋਟੀ ਚਾਲ ਵਾਲਾ ਸਵਾਂਗ ਪਰਗਟ ਕਰਾਂਗੀ।" ਇਹ ਸੁਣ ਕੇ ਗੁਰੂ ਜੀ ਚੁੱਪ ਬੈਠੇ ਰਹੇ ਅਤੇ ਮੁੱਖ ਤੋਂ ਕੋਈ ਵੀ ਬਚਨ ਨਾ ਕਿਹਾ॥ ੭੩॥

ਦੋਹਰਾ- ਬੋਲੀ ਬਹੁਰ ਸੁਲੱਖਣੀ 'ਤੁਮ ਸੰਗ ਬੋਲਨਿ ਕਾਜ।
ਏਕ ਬਾਰ ਜਗ ਲਾਜ ਤਜਿ ਕਿਉਂ ਕਰਿ ਭਯੋ ਨਿਲਾਜ॥ ੭੪॥

ਫਿਰ ਮਾਤਾ ਸੁਲੱਖਣੀ ਜੀ ਬੋਲੇ, "ਤੁਹਾਡੇ ਨਾਲ ਬੋਲਣਾ ਮੇਰਾ ਕੰਮ ਹੈ। ਇਕ ਵਾਰ ਜੱਗ ਦੀ ਲਾਜ ਛੱਡ ਕੇ, ਕਿਉਂ ਲਾਜ-ਰਹਿਤ ਹੋ ਗਏ ਹੋ॥ ੭੪॥

ਚੌਪਈ- ਕਿਉਂ ਤੁਮ ਫਿਰੇ ਮੋਹਿ ਸੰਗ ਲਾਵਨ। ਜੇ ਤਨ ਭਗਵੇ ਭੇਖ ਬਨਾਵਨ।
ਮੁਝ ਕੋ ਕਰਿ ਅਨਾਥ ਇਕ ਬਾਰੀ। ਆਇ ਨ ਕਬਹੂੰ ਸੁਰਤਿ ਸੰਭਾਰੀ॥ ੭੫॥

ਤੁਸੀਂ ਮੇਰੇ ਨਾਲ ਲਾਵਾਂ ਕਿਉਂ ਲਈਆਂ ਸਨ, ਜੇ ਤੁਸੀਂ ਸਰੀਰ ਤੇ ਭਗਵਾਂ ਭੇਸ ਹੀ ਧਾਰਨ ਕਰਨਾ ਸੀ। ਮੈਨੂੰ ਇਕ ਵਾਰ ਅਨਾਥ ਕਰਕੇ ਫਿਰ ਕਦੀ ਮੇਰੀ ਖ਼ਬਰ ਸਾਰ ਲੈਣ ਨਹੀਂ ਆਏ"॥ ੭੫॥

ਕਹਿਤ ਅਜਿੱਤਾ 'ਭਗਨੀ! ਸੁਨੀਏ। ਭਲਾ ਆਪਨਾ ਤੂਸ਼ਨਿ ਗੁਨੀਏ।
ਅਸਨ ਬਸਨ ਕੀ ਜੇ ਹ੍ਵੈ ਚਾਹੀ। ਸੇਵਾ ਕਰੌਂ, ਕਹੋ ਮੁਝ ਪਾਹੀ॥ ੭੬॥

ਅਜਿੱਤੇ ਨੇ ਕਿਹਾ, "ਹੇ ਭੈਣ! ਸੁਣੋ, ਚੁਪ ਰਹਿਣ ਵਿਚ ਹੀ ਆਪਣਾ ਭਲਾ ਸਮਝੀਏ। ਭੋਜਨ ਵਸਤਰਾਂ ਦੀ ਜੇ ਚਾਹਤ ਹੈ, ਮੈਨੂੰ ਦੱਸੋ ਮੈਂ ਪੂਰੀ ਸੇਵਾ ਕਰਾਂਗਾ॥ ੭੬॥

ਦੋਹਰਾ- ਮਾਤ ਪਿਤਾ ਤੇਰੇ ਕਹੈਂ ਕਹਿਨ ਉਚਿਤ ਤੁਝ ਨਾਂਹਿ।
ਮੁਖ ਤੇ ਭਨਤਿ ਕੁਬੋਲ ਕੋ ਹ੍ਵੈ ਬਿਰੋਧ ਤੁਮ ਮਾਂਹਿ॥ ੭੭॥

ਤੇਰੇ ਮਾਤਾ ਪਿਤਾ ਕਹਿ ਰਹੇ ਹਨ, ਤੇਰਾ ਕਹਿਣਾ ਉਚਿਤ ਨਹੀਂ ਹੈ। ਮੁੱਖ ਤੋਂ ਕੋਈ ਕਬੋਲ ਬੋਲ ਕੇ ਤੇਰੇ ਵਿਚ ਵਿਰੋਧ ਹੀ ਪੈਦਾ ਹੋਵੇਗਾ॥ ੭੭॥

ਚੌਪਈ- ਹੈ ਇਨਕੇ ਸੰਗ ਤੁਮਰੋ ਕਾਜਾ। ਇਨਹੀ ਸੌਂ ਸਭਿ ਬਿਧਿ ਸੁਖਸਾਜਾ'।
ਕਹੈ ਸੁਲਖਨੀ 'ਸੁਨਿ ਮਮ ਭਾਈ! ਹੋ ਕਿਹ ਕੇ ਅਵਲੰਬ ਰਹਾਈਂ॥ ੭੮॥

ਤੈਨੂੰ ਇਨ੍ਹਾਂ ਨਾਲ ਕੰਮ ਹੈ, ਇਨ੍ਹਾਂ ਪਾਸੋਂ ਹੀ ਸਭ ਤਰ੍ਹਾਂ ਨਾਲ ਸੁਖ ਪ੍ਰਾਪਤ ਹੋਵੇਗਾ।" ਇਹ ਸੁਣ ਕੇ ਮਾਤਾ ਸੁਲੱਖਣੀ ਜੀ ਨੇ ਕਿਹਾ, "ਮੇਰੇ ਭਾਈ! ਸੁਣੋ, ਮੈਂ ਕਿਸ ਦੇ ਆਸਰੇ ਗੁਜ਼ਾਰਾ ਕਰਾਂ?॥ ੭੮॥

ਮਾਤ ਪਿਤਾ ਦੇਵਤਿ ਹੈਂ ਗਾਰੀ। ਅਪਨ ਗਰੇ ਤੇ ਚਹਿਤ ਉਤਾਰੀ।

ਬੋਲ ਕੁਬੋਲ ਦੇਤਿ ਹੈਂ ਤਾਨੇ। ਤੂੰ ਭੀ ਕਰਹੁ ਫਕੀਰੀ ਬਾਨੇ॥ ੭੯॥

ਮਾਤਾ ਪਿਤਾ ਗਾਲ੍ਹਾਂ ਦਿੰਦੇ ਹਨ ਅਤੇ ਆਪਣੇ ਗਲ ਤੋਂ ਲਾਹੁਣਾ ਚਾਹੁੰਦੇ ਹਨ। ਬੋਲ ਕਬੋਲ ਕਰਕੇ ਮੈਨੂੰ ਤਾਹਨੇ ਮਿਹਣੇ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਤੂੰ ਵੀ ਫਕੀਰੀ ਬਾਣਾ ਪਾ ਲੈ॥ ੭੯॥

ਜਾਇ ਬੈਠਿ ਪਤਿ ਕੇ ਪਾਸੂ। ਸਾਧੂ ਭੇਖ ਕਰਹੁ ਜਸ ਤਾਸੂ।
ਪਰੀ ਗਰੇ ਤੂੰ ਸਦਾ ਹਮਾਰੇ। ਸੋ ਸਭਿ ਸਾਚੀ ਕਰਤਿ ਉਚਾਰੇ॥ ੮੦॥

ਪਤੀ ਦੇ ਪਾਸ ਜਾ ਕੇ ਬੈਠ ਜਾ ਅਤੇ ਉਸ ਵਾਂਗ ਸਾਧੂ ਭੇਸ ਕਰ ਲੈ, ਤੂੰ ਸਦਾ ਲਈ ਸਾਡੇ ਗਲ ਪੈ ਗਈ ਹੈਂ। ਉਹ ਸਾਰੀਆਂ ਸੱਚੀਆਂ ਗੱਲਾਂ ਕਹਿੰਦੇ ਹਨ॥ ੮੦॥

ਦੋਹਰਾ-ਮੁਰ ਨਿਣਾਨ ਜੋ ਨਾਨਕੀ ਜਬ ਜੀਵਤਿ ਸੁਖਦਾਇ।
ਸਿਰੀ ਚੰਦ ਤਿਹ ਸਦਨ ਮਹਿਂ ਸਭਿ ਕੁਛ ਪਹਿਰਤਿ ਖਾਇ॥ ੮੧॥

ਮੇਰੀ ਨਿਣਾਨ ਬੇਬੇ ਨਾਨਕੀ ਜਦ ਜੀਉਂਦੀ ਸੀ ਤਾਂ ਸਭ ਸੁੱਖ ਸੀ, ਸਿਰੀ ਚੰਦ ਉਸ ਦੇ ਘਰ ਰਹਿ ਕੇ ਹਰ ਪ੍ਰਕਾਰ ਦਾ ਖਾਂਦਾ ਪਹਿਣਦਾ ਸੀ॥ ੮੧॥

ਚੌਪਈ- ਮਨ ਭਾਵਤਿ ਜੋ ਕਰਤਿ ਬਿਲਾਸੂ। ਨਹਿਂ ਚਿੰਤਾ ਕਾਹੂ ਕੀ ਤਾਸੂ।
ਜਬ ਕਾ ਭਾ ਤਿਨ ਕੋ ਪਰਲੋਕੂ। ਹਮ ਕੋ ਭਯੋ ਸਭੈ ਬਿਧਿ ਸ਼ੋਕੂ॥ ੮੨॥

ਮਨ ਭਾਉਂਦਾ ਉਹ ਮੌਜ ਮੇਲਾ ਕਰਦਾ ਸੀ, ਉਸ ਨੂੰ ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਸੀ। ਜਦ ਤੋਂ ਉਹ ਪਰਲੋਕ ਸਿਧਾਰ ਗਏ ਹਨ, ਸਾਨੂੰ ਸਭ ਪ੍ਰਕਾਰ ਦੇ ਦੁੱਖਾਂ ਨੇ ਘੇਰ ਲਿਆ ਹੈ॥ ੮੨॥

ਦਸ ਦਿਸ਼ਿ ਤੇ ਮੁਝ ਬਨਜੋ ਕੁਫੇਰਾ। ਕਿਸ ਪ੍ਰਕਾਰ ਹੈ ਜੀਵਨ ਮੇਰਾ?'।
ਅਸ ਕਹਿ ਆਂਖਨ ਆਂਸੂ ਗੇਰਤਿ। ਊਚ ਸ੍ਵਾਸ ਲੈ ਧਰਨੀ ਹੇਰਤਿ॥ ੮੩॥

ਦਸਾਂ ਪਾਸਿਆਂ ਤੋਂ ਮੇਰਾ ਖੋਟਾ ਫੇਰ ਚਲ ਰਿਹਾ ਹੈ, ਕਿਸ ਪ੍ਰਕਾਰ ਦਾ ਮੇਰਾ ਜੀਵਨ ਹੈ ? ਇਸ ਤਰ੍ਹਾਂ ਕਹਿ ਕੇ ਹੰਝੂ ਕੇਰਨ ਲੱਗੀ, ਲੰਮੇ ਲੰਮੇ ਸਾਹ ਲੈ ਕੇ ਧਰਤੀ ਵਲ ਵੇਖ ਰਹੀ ਸੀ॥ ੮੩॥

ਸ੍ਰੀ ਨਾਨਕ ਪਿਖਿ ਸੁਨਿ ਕੈ ਬਾਨੀ। ਰਿਦੈ ਬਿਖੈ ਕਰੁਨਾ ਬਹੁ ਠਾਨੀ।
ਕਹਿਤਿ ਭਏ 'ਸੁਨ ਚੋਣੀ! ਕਾਨਾ। ਦੁਖ ਪੁਨ ਭੂਖ ਜਿ ਕਰਹੁ ਪ੍ਰਵਾਨਾ॥੮੪॥

ਗੁਰੂ ਨਾਨਕ ਦੇਵ ਜੀ ਨੇ ਅਜਿਹੀ ਸਥਿਤੀ ਵੇਖ ਕੇ ਅਤੇ ਬਚਨ ਸੁਣ ਕੇ, ਹਿਰਦੇ ਵਿਚ ਬਹੁਤ ਕਿਰਪਾ ਧਾਰਨ ਕੀਤੀ। ਕਹਿਣ ਲੱਗੇ, "ਹੇ ਚੋਣੀ! ਸੁਣੋ, ਦੁੱਖ ਭੁਖ ਜੇ ਪ੍ਰਵਾਨ ਕਰੋ॥ ੮੪॥

ਨੋਟ:-ਮਾਤਾ ਸੁੱਲਖਣੀ ਜੀ ਦੀ ਪੇਕੇ ਜਾਤ ਦੀ ਗੋਤ ਚੋਣੀ ਸੀ, ਇਸ ਲਈ ਗੁਰੂ ਜੀ ਨੇ ਉਸ ਨੂੰ ਚੋਣੀ ਕਿਹਾ ਹੈ।

ਰਹਹੁ ਨਿਕਟਿ ਹਠ ਕਰਹੁ ਘਨੇਰਾ। ਜੋ ਹਮ ਹਾਲ ਸੁ ਹੋਵਹਿ ਤੇਰਾ।
ਭਨੈਂ ਸੁਲਖਨੀ 'ਸੁਨਿ ਬਚ ਮੋਰੇ। ਨਹਿ ਭੂਖਨ ਜਾਚੋਂ ਢਿਗ ਤੋਰੇ॥੮੫॥

ਬਹੁਤ ਹੱਠ ਕਰਕੇ ਮੇਰੇ ਪਾਸ ਰਹੋ, ਜੋ ਮੇਰਾ ਹਾਲ ਹੈ, ਵੈਸਾ ਹੀ ਤੇਰਾ ਹਾਲ ਹੋਵੇਗਾ। ਇਹ ਸੁਣ ਕੇ ਸੁਲੱਖਣੀ ਬੋਲੀ, "ਮੇਰਾ ਬਚਨ ਸੁਣੋ, ਮੈਂ ਤੁਹਾਥੋਂ ਗਹਿਣੇ ਨਹੀਂ ਮੰਗਦੀ॥ ੮੫॥

ਰਿਦੈ ਬਿਖੈ ਚਾਹੋਂ ਨਿਤ ਐਸੇ। ਤੁਮ ਜਿਉਂ ਹਾਲ ਹੋਇ ਮਮ ਤੈਸੇ।
ਦੁਖ ਭੁਖ ਸਹਿ ਕੈ ਅਪਨ ਸਰੀਰਾ। ਰਹੋਂ ਸਦੀਵ ਤੁਮਾਰੇ ਤੀਰਾ॥੮੬॥

ਹਿਰਦੇ ਵਿਚ ਮੈਂ ਸਦਾ ਇਹ ਚਾਹੁੰਦੀ ਹਾਂ ਕਿ ਜੋ ਤੁਹਾਡਾ ਹਾਲ ਹੈ, ਉਹੋ ਹਾਲ ਮੇਰਾ ਹੋਵੇ। ਆਪਣੇ ਸਰੀਰ ਤੇ ਦੁੱਖ ਸੁੱਖ ਸਹਿ ਕੇ ਸਦਾ ਹੀ ਤੁਹਾਡੇ ਪਾਸ ਰਹਾਂ" ॥ ੮੬ ॥

ਪ੍ਰਭੁ ਬੋਲੇ 'ਜੇ ਅਸ ਮਨ ਤੇਰੇ। ਆਨਹੁ ਸੁਤ ਅਬ ਕਰਹੁ ਨ ਦੇਰੇ।
ਸਭਿ ਕਰਤਾਰ ਕਰਹਿਗੋ ਨੀਕੀ। ਜੇ ਸ਼ਰਧਾ ਐਸੀ ਦ੍ਰਿਢ ਜੀ ਕੀ ॥ ੮੭ ॥

ਗੁਰੂ ਜੀ ਨੇ ਕਿਹਾ, "ਜੇ ਤੇਰਾ ਮਨ ਇਸ ਤਰ੍ਹਾਂ ਦਾ ਹੈ, ਪੁੱਤਰਾਂ ਨੂੰ ਲਿਆਵੇ ਤੇ ਹੁਣ ਹੋਰ ਦੇਰ ਨਾ ਕਰੇ। ਪ੍ਰਭੂ ਚੰਗਾ ਹੀ ਕਰੇਗਾ, ਜੇ ਤੇਰੇ ਦਿਲ ਵਿਚ ਏਨੀ ਦ੍ਰਿੜ ਸ਼ਰਧਾ ਹੈ" ॥ ੮੭ ॥

ਸੁਨੇ ਸੁਲਖਨੀ ਅਸ ਬਚ ਜਬ ਹੀ। ਤੂਰਨ ਗਈ ਸਦਨ ਕੋ ਤਬਹੀ।
ਦੋਨੋ ਸੁਤ ਲੇਕਰਿ ਨਿਜ ਸੰਗਾ। ਹਰਖਤਿ ਆਈ ਕਰਤਿ ਉਮੰਗਾ ॥ ੮੮ ॥

ਮਾਤਾ ਸੁਲਖਣੀ ਨੇ ਜਦ ਅਜੇਹੇ ਬਚਨ ਸੁਣੇ ਤਾਂ ਤੁਰੰਤ ਘਰ ਨੂੰ ਚਲੇ ਗਈ। ਦੋਵੇਂ ਪੁੱਤਰ ਨਾਲ ਲੈ ਕੇ ਬੜੇ ਉਤਸ਼ਾਹ ਨਾਲ ਖੁਸ਼ ਹੋ ਕੇ ਆ ਗਈ ॥ ੮੮ ॥

ਮੂਲ ਚੰਦ ਪੁਨ ਚੰਦੋਰਾਣੀ। ਘਰ ਗਮਨੀ ਮਨ ਬਹੁ ਮੁਰਝਾਣੀ।
ਬਹੁਰੋ ਬੋਲ ਨ ਕੋਊ ਆਵਤਿ। ਹ੍ਵੈ ਤੂਸ਼ਨਿ ਹਿਰਦੇ ਪਛੁਤਾਵਤਿ ॥ ੮੯ ॥

ਮੂਲ ਚੰਦ ਅਤੇ ਚੰਦੋਰਾਣੀ, ਫਿਰ ਮਨ ਵਿਚ ਬੜੇ ਦੁਖੀ ਹੋ ਕੇ ਘਰ ਨੂੰ ਚਲੇ ਗਏ। ਫਿਰ ਕੋਈ ਗੱਲ ਨਹੀਂ ਸੀ ਆ ਰਹੀ। ਚੁੱਪ ਹੋ ਕੇ ਹਿਰਦੇ ਵਿਚ ਪਛਤਾਉਂਦੇ ਸਨ ॥ ੮੯ ॥

ਦੋਹਰਾ- ਸਿਰੀਚੰਦ ਕੋ ਸੰਗ ਲੇ ਦੂਸਰ ਲਖਮੀ ਦਾਸ।
ਆਇ ਸੁਲਖਨੀ ਬੈਠਿਗੀ ਪਾਇ ਹਰਖ ਸੁਖਰਾਸ ॥ ੯੦ ॥

ਸਿਰੀ ਚੰਦ ਅਤੇ ਲਖਮੀ ਦਾਸ ਨੂੰ ਨਾਲ ਲੈ ਕੇ ਮਾਤਾ ਸੁਲੱਖਣੀ ਸੁਖ ਪਾ ਕੇ ਖੁਸ਼ ਹੋ ਕੇ ਗੁਰੂ ਜੀ ਪਾਸ ਬੈਠ ਗਈ ॥ ੯੦ ॥

ਚੌਪਈ- ਜਹਿਂ ਬੈਠੇ ਅਘ ਓਘ ਨਿਕੰਦਨ। ਦ੍ਵੈ ਸੁਤ ਕੀਨ ਚਰਨ ਪਰ ਬੰਦਨ।
ਰਹਿਨ ਲਗੇ ਨਿਜ ਪਿਤ ਕੇ ਪਾਸੂ। ਚਿੰਤਾ ਸਗਰੀ ਕੀਨ ਬਿਨਾਸੂ ॥ ੯੧ ॥

ਜਿਥੇ ਸਾਰੇ ਪਾਪਾਂ ਦੇ ਕੱਟਣ ਵਾਲੇ ਬੈਠੇ ਸਨ ਓਥੇ ਆ ਕੇ ਦੋਵਾਂ ਪੁੱਤਰਾਂ ਨੇ ਚਰਨਾਂ ਤੇ ਬੰਦਨਾ ਕੀਤੀ। ਆਪਣੇ ਪਿਤਾ ਜੀ ਪਾਸ ਰਹਿਣ ਲੱਗੇ, ਸਾਰੀ ਚਿੰਤਾ ਦੂਰ ਹੋ ਗਈ ॥ ੯੧ ॥

ਸਰਬ ਪ੍ਰਕਾਰਨ ਸੇਵਾ ਜੋਊ। ਕਰਹਿ ਅਜਿੱਤਾ ਹਿਤ ਧਰਿ ਸੋਊ।
ਅਤਿ ਅਜ਼ਮਤ ਮਹਿਂ ਪੂਰਨ ਹੋਯੋ। ਜਨਮ ਮਰਨ ਕੋ ਸੰਸਾ ਖੋਯੋ ॥ ੯੨ ॥

ਅਜਿੱਤਾ ਰੰਧਾਵਾ ਪ੍ਰੇਮ ਧਾਰਨ ਕਰਕੇ ਸਰਬ ਪ੍ਰਕਾਰ ਦੀ ਸੇਵਾ ਕਰਦਾ ਸੀ। ਉਹ ਅਜ਼ਮਤ ਵਿਚ ਪੂਰਨ ਹੋਇਆ ਅਤੇ ਉਸਦਾ ਜਨਮ ਮਰਨ ਦਾ ਸੰਸਾ ਦੂਰ ਹੋਇਆ ॥ ੯੨ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਮੂਲੇ ਕੋ ਪ੍ਰਸੰਗ ਬਰਨਨੰ ਨਾਮ ਉਣੱਤੀਸਮੋ ਅਧਯਾਯ ॥ ੨੯ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਣੱਤੀਵਾਂ ਅਧਿਆਇ, ਜਿਸ ਦਾ ਨਾਮ 'ਸਹੁਰੇ ਨਗਰ ਫੇਰਾ, ਅਜਿੱਤਾ ਉਧਾਰ' ਹੈ, ਸਮਾਪਤ ਹੋਇਆ ॥ ੨੯ ॥

# ਅਧਿਆਇ ਤੀਹਵਾਂ

## ਕਰਤਾਰ ਪੁਰ ਵਸਨਾ, ਬ੍ਰਾਹਮਣ ਦੀ ਰਸੋਈ ਦੀ ਸੁਚ

ਦੋਹਰਾ- ਬਿਸ਼ਿਜਨ ਤੇ ਬੈਰਾਗਿ ਹ੍ਵੈ ਕਰਿ ਗੁਰ ਪਗ ਅਨੁਰਾਗ।
ਲਿਵ ਲਗਾਇ ਜਾਗਤਿ ਰਹਹੁ ਸਿਮਰ ਨਾਮ ਵਡਭਾਗ॥ ੧॥

ਹੇ ਮੇਰੇ ਮਨ ! ਵਿਸ਼ਿਆਂ ਤੋਂ ਵੈਰਾਗੀ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਕਰ ਤੇ ਵਾਹਿਗੁਰੂ ਦਾ ਨਾਮ ਸਿਮਰ, ਸਿਮਰਨ ਵਿਚ ਲਿਵ ਲਾਈ ਰੱਖ ਕੇ ਅੰਤਰਮੁੱਖ ਹੋ ਕੇ ਜਾਗਦਾ ਰਹੋ ਅਤੇ ਵਡਭਾਗੀ ਬਣੋ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਕਿਤਿਕ ਦਿਵਸ ਜਬ ਰਹਤਿ ਬਿਤਾਏ। ਦਿਨ ਪ੍ਰਤਿ ਮਹਿਮਾ ਹੁਇ ਅਧਿਕਾਏ।
ਅਵਲੋਕਤਿ ਸਮਝ੍ਯੋ ਤਬ ਮੂਲਾ। ਭਾ ਸ੍ਰੀ ਨਾਨਕ ਜਸ ਅਨਕੂਲਾ॥ ੨॥

ਭਾਈ ਬਾਲੇ ਨੇ ਕਿਹਾ- ਕਈ ਦਿਨ ਜਦ ਓਥੇ ਰਹਿ ਕੇ ਬਿਤੀਤ ਕੀਤੇ ਤਾਂ ਦਿਨ ਪ੍ਰਤਿ ਦਿਨ ਮਹਿਮਾ ਵਧਦੀ ਜਾ ਰਹੀ ਸੀ। ਇਹ ਵੇਖ ਕੇ ਮੂਲ ਚੰਦ ਸਮਝਿਆ ਕਿ ਗੁਰੂ ਨਾਨਕ ਦੇਵ ਜੀ ਜਸ ਦੇ ਲਾਇਕ ਸਨ॥ ੨॥

ਆਯੋ ਅਪਰ ਤਜੀ ਸਭਿ ਗਿਨਤੀ। ਹਾਥ ਜੋਰਿ ਕੈ ਕੀਨੀ ਬਿਨਤੀ।
'ਤੁਮ ਤੌਂ ਮਹਾਂ ਪੁਰਖ ਹੋ ਪੂਰੇ। ਹਮ ਨਹਿਂ ਚਲਿਤ ਲਖੇ ਜੋ ਰੂਰੇ॥ ੩॥

ਫਿਰ ਸਾਰੀਆਂ ਗਿਣਤੀਆਂ ਛੱਡ ਕੇ ਗੁਰੂ ਜੀ ਪਾਸ ਆਇਆ। ਹੱਥ ਜੋੜ ਕੇ ਬੇਨਤੀ ਕੀਤੀ। ''ਤੁਸੀ ਤਾਂ ਪੂਰਨ ਮਹਾਂ ਪੁਰਖ ਹੋ। ਸਾਥੋਂ ਤੁਹਾਡਾ ਸੁੰਦਰ ਚਰਿੱਤਰ ਪਹਿਚਾਣਿਆ ਨਹੀਂ ਗਿਆ॥ ੩॥

ਨਿਸ ਦਿਨ ਨਿੰਦਤਿ ਰਹੇ ਬਿਸਾਲਾ। ਪਚੀ ਭਏ ਨਿਤ ਜਗਤ ਜੰਜਾਲਾ।
ਅਵਗੁਨ ਕਰੇ ਬਖਸ਼ੀਏ ਮੋਹੀ। ਅਹੈ ਹਮਾਰੀ ਲੱਜਜਾ ਤੋਹੀ'॥ ੪॥

ਦਿਨ ਰਾਤ ਤੁਹਾਡੀ ਬਹੁਤ ਨਿੰਦਿਆ ਕਰਦੇ ਰਹੇ ਹਾਂ ਅਤੇ ਜਗਤ ਦੇ ਜੰਜਾਲਾਂ ਵਿਚ ਖਚਤ ਹੋਏ ਰਹੇ। ਜੋ ਮੈਂ ਔਗੁਣ ਕੀਤੇ ਹਨ, ਉਹ ਕਿਰਪਾ ਕਰਕੇ ਬਖਸ਼ ਦੇਵੋ, ਤੁਸੀ ਹੀ ਸਾਡੀ ਲਾਜ ਰੱਖਣੀ ਹੈ॥ ੪॥

ਦੀਨ ਭਏ ਕੋ ਦੇਖਿ ਦਯਾਲਾ। ਕਹੇ ਬਚਨ ਕਰਿ ਕ੍ਰਿਪਾ ਬਿਸਾਲਾ।
'ਸਿਮਰਹੁ ਸਤਿਨਾਮ ਗਤਿਦਾਈ। ਸਤਿਸੰਗਤ ਮਹਿਂ ਮਿਲਿ ਸੁਖ ਪਾਈ॥ ੫॥

ਜਦ ਦਿਆਲੂ ਗੁਰੂ ਜੀ ਨੇ ਦੀਨ ਹੋਇਆ ਵੇਖਿਆ ਤਾਂ ਬਹੁਤ ਕਿਰਪਾ ਕਰਕੇ ਬਚਨ ਕਹੇ। ''ਸਦਾ ਮੁਕਤੀ ਦਾਤੇ ਸਤਿਨਾਮ ਦਾ ਸਿਮਰਨ ਕਰੋ ਅਤੇ ਸਤਿਸੰਗਤ ਵਿਚ ਮਿਲ ਕੇ ਸੁਖ ਪਾਉ॥ ੫॥

ਕਰਿ ਬੰਦਨ ਕਰਤਾਰ ਅਗਾਰੀ। ਪਾਵਹੁ ਗੇ ਅਪਵਰਗ ਸੁਖਾਰੀ'।
ਇਸ ਬਿਧਿ ਸੁਨਿਕੈ ਸੀਸ ਨਿਵਾਯੋ। ਮੋਹ ਪਟਲ ਤਤਛਿਨ ਬਿਲਗਾਯੋ॥ ੬॥

ਕਰਤਾਰ ਦੇ ਅੱਗੇ ਬੰਦਨਾ ਕਰਕੇ ਮੁਕਤੀ ਸੋਖੀ ਪਾਵੋਗੇ। ਇਸ ਤਰ੍ਹਾਂ ਸੁਣ ਕੇ ਮੂਲ ਚੰਦ ਸਿਰ ਨਿਵਾਇਆ ਅਤੇ ਉਸਦੇ ਮਨ ਦੇ ਮੋਹ ਦਾ ਪੜਦਾ ਝੱਟ ਦੂਰ ਹੋ ਗਿਆ॥ ੬॥

ਸਿਮਰਨ ਮਹਿਂ ਲਿਵ ਲਗੀ ਸੁਹੇਲੀ। ਤਜੀ ਪਹਿਲ ਕੀ ਦ੍ਵੈਤ ਦੁਹੇਲੀ।
ਆਨਿ ਸਦਨ ਨਿਜ ਤ੍ਰਿਯ ਸਮਝਾਈ। ਪਾਛਲ ਬਾਤਨ ਤੇ ਪਛੁਤਾਈ॥ ੭॥

ਸਿਮਰਨ ਵਿਚ ਚੰਗੀ ਲਿਵ ਲੱਗ ਗਈ ਅਤੇ ਪਹਿਲਾਂ ਵਾਲੀ ਦੁਖਦਾਇਕ ਦ੍ਵੈਤ ਭਾਵਨਾ ਛੱਡ ਦਿੱਤੀ। ਘਰ ਵਿਚ ਆ ਕੇ ਆਪਣੀ ਇਸਤਰੀ ਨੂੰ ਸਮਝਾਇਆ, ਇਹ ਸੁਣਕੇ ਉਹ ਪਿਛਲੀਆਂ ਗੱਲਾਂ 'ਤੇ ਬਹੁਤ ਪਛਤਾਈ॥ ੭॥

ਕਿਤਿਕ ਕਾਲ ਕੀਨੋ ਸਤਿਸੰਗਾ। ਹਰਿ ਚਰਨਨ ਮਹਿਂ ਪ੍ਰੇਮ ਉਮੰਗਾ।
ਭਏ ਬਿਬੇਕੀ ਥੋਰਨ ਦਿਨ ਮੈਂ। ਸੌਂਤ ਅਸੌਂਤ ਲਖ੍ਯੋ ਸਭਿ ਮਨ ਮੈਂ ॥੮॥

ਕੁਝ ਸਮੇਂ ਤਕ ਓਥੇ ਸਤਿਸੰਗ ਕੀਤਾ। ਹਰੀ ਦੇ ਚਰਨਾਂ ਨਾਲ ਪ੍ਰੇਮ ਪੈ ਗਿਆ। ਥੋੜੇ ਦਿਨਾਂ ਵਿਚ ਹੀ ਗਿਆਨ ਹੋ ਗਿਆ ਅਤੇ ਮਨ ਵਿਚ ਹਰ ਪ੍ਰਕਾਰ ਦੇ ਸੱਚ ਝੂਠ ਨੂੰ ਪਹਿਚਾਣ ਲਿਆ॥ ੮॥

ਆਰਬਲਾ ਪੂਰਨ ਪੁਨ ਹੋਈ। ਸੁਖ ਸੋ ਤਨ ਤਜਿਗੇ ਤਬ ਦੋਈ।
ਗਵਨੇ ਪ੍ਰਭੁ ਕੇ ਭਵਨ ਸੁਹਾਵਨ। ਪਹੁਚੇ ਜਹਾਂ ਭਗਤ ਮਨ ਪਾਵਨ ॥੯॥

ਉਮਰ ਫਿਰ ਪੂਰੀ ਹੋ ਗਈ। ਬੜੇ ਆਰਾਮ ਨਾਲ ਸਰੀਰ ਛੱਡ ਗਏ। ਪ੍ਰਭੂ ਦੇ ਭਵਨਾਂ ਭਾਵ ਸਵਰਗਾਂ ਵਿਚ ਚਲੇ ਗਏ ਉਸ ਸਥਾਨ ਤੇ ਪਹੁੰਚ ਗਏ ਜਿਥੇ ਪਵਿਤਰ ਮਨ ਵਾਲੇ ਭਗਤ ਰਹਿੰਦੇ ਸਨ॥ ੯॥

ਸ੍ਰੀ ਨਾਨਕ ਤਿਨ ਕੀ ਗਤਿ ਕਰਿਕੈ। ਰਹੇ ਤਹਾਂ ਸਿਖ ਪ੍ਰੇਮ ਬਿਚਰਿਕੈ।
ਕਿਤਿਕ ਦਿਨਨ ਪੁਨ ਕੀਨ ਤਿਆਰੀ। ਸਭਿ ਕੋ ਦਈ ਧੀਰ ਕਹਿ ਭਾਰੀ ॥੧੦॥

ਗੁਰੂ ਨਾਨਕ ਦੇਵ ਜੀ ਉਨ੍ਹਾਂ ਦੀ ਗਤੀ ਕਰਕੇ, ਸਿੱਖਾਂ ਦਾ ਪ੍ਰੇਮ ਵੇਖ ਕੇ ਕੁਝ ਦਿਨ ਓਥੇ ਰਹੇ। ਕਾਫੀ ਦਿਨਾਂ ਬਾਅਦ ਫਿਰ ਤਿਆਰੀ ਕਰ ਲਈ। ਤੁਰਨ ਲੱਗਿਆਂ ਸਾਰਿਆਂ ਨੂੰ ਬਹੁਤ ਧੀਰਜ ਦਿੱਤਾ॥ ੧੦॥

ਰਾਵੀ ਤਟ ਪਰ ਕੀਨ ਪਯਾਨਾ। ਪਾਛੇ ਗਮਨਤਿ ਮੈਂ ਮਰਦਾਨਾ।
ਸੁੰਦਰ ਤੀਰ ਦੇਖਿ ਇਕ ਥਾਈਂ। ਬੈਠਿ ਗਏ ਤਹਿਂ ਸ੍ਰੀ ਜਗਸਾਈਂ ॥੧੧॥

ਗੁਰੂ ਜੀ ਰਾਵੀ ਦਰਿਆ ਦੇ ਕਿਨਾਰੇ-ਕਿਨਾਰੇ ਚੱਲ ਪਏ ਅਤੇ ਪਿੱਛੇ-ਪਿੱਛੇ ਮੈਂ ਤੇ ਮਰਦਾਨਾ ਜਾ ਰਹੇ ਸੀ। ਇਕ ਥਾਂ ਸੁੰਦਰ ਕਿਨਾਰਾ ਵੇਖ ਕੇ ਗੁਰੂ ਜੀ ਉਸ ਥਾਂ ਬੈਠ ਗਏ॥ ੧੧॥

ਹੋਇ ਰਹੇ ਤਬ ਪੌਨ ਅਹਾਰੀ। ਜਿਉਂ ਤਪੀਸ਼ ਤਪ ਤਾਪਹਿਂ ਭਾਰੀ।
ਸੁਨਿ ਸੁਨਿ ਲੋਕ ਤਹਾਂ ਚਲਿ ਆਏ। ਹਿਤ ਕਰਿ ਪਦ ਪੰਕਜ ਲਪਟਾਏ ॥੧੨॥

ਉਸ ਸਮੇਂ ਪੌਣ ਅਹਾਰੀ ਹੋਏ ਰਹੇ, ਜਿਵੇਂ ਕਿਸੇ ਤਪੀਸ਼ਵਰ ਨੇ ਭਾਰੀ ਤੱਪ ਤਾਪਿਆ ਹੋਵੇ। ਸੁਣ ਸੁਣ ਕੇ ਲੋਕ ਓਥੇ ਚਲ ਕੇ ਆਉਂਦੇ ਸਨ, ਪ੍ਰੇਮ ਕਰਕੇ ਚਰਨ ਕੰਵਲਾਂ ਨਾਲ ਜੁੜ ਜਾਂਦੇ ਸਨ॥ ੧੨॥

ਲੇ ਉਪਦੇਸ਼ ਸਿੱਖ ਬਹੁ ਹੋਵਹਿਂ। ਸੇਵਹਿਂ ਸਗਰੇ ਦੋਖਨ ਖੋਵਹਿਂ।
ਇਕ ਤੇ ਜਸ ਦੂਸਰ ਸੁਨਿ ਕਾਨਾਂ। ਆਵਹਿ ਦਰਸ਼ਨ ਹਿਤ ਤਿਹਂ ਥਾਨਾ ॥੧੩॥

ਉਪਦੇਸ਼ ਲੈ ਕੇ ਬਹੁਤ ਲੋਕ ਸਿੱਖ ਬਣੇ, ਪ੍ਰਭੂ ਦਾ ਸਿਮਰਨ ਕਰਕੇ ਸਾਰੇ ਦੁੱਖ ਦੂਰ ਕਰ ਲੈਂਦੇ ਸਨ। ਇਕ ਪਾਸੋਂ ਜਦ ਦੂਸਰਾ ਆਪਣੇ ਕੰਨਾਂ ਨਾਲ ਜਸ ਸੁਣਦਾ ਸੀ ਤਾਂ ਉਹ ਝਟ ਦਰਸ਼ਨ ਕਰਨ ਲਈ ਉਸ ਥਾਂ ਆਉਂਦਾ ਸੀ॥ ੧੩॥

ਗ੍ਰਾਮ ਨਗਰ ਤਹਿਂ ਨਿਕਟਿ ਜੁ ਅਹਿਹੀਂ। ਮਿਲਹਿਂ ਪਰਸਪਰ ਉਸਤਤਿ ਕਹਿਹੀਂ।
'ਪੂਰਨ ਪੁਰਖ ਬਡਾ ਇਹ ਸਾਧੂ। ਜਿਸ ਦਰਸ਼ਨ ਨਾਸਹਿਂ ਅਪਰਾਧੂ ॥੧੪॥

ਜਿਹੜੇ ਵੀ ਪਿੰਡ ਨਗਰ ਨੇੜੇ ਸਨ ਉਹ ਰੋਜ਼ ਮਿਲਦੇ ਸਨ ਅਤੇ ਉਸਤਤਿ ਕਰਦੇ ਸਨ। ਕਹਿੰਦੇ ਸਨ, "ਇਹ ਪੂਰਨ ਪੁਰਖ ਵੱਡਾ ਸਾਧੂ ਹੈ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਅਪਰਾਧਾਂ ਦਾ ਨਾਸ ਹੋ ਜਾਂਦਾ ਹੈ॥ ੧੪॥

ਕਲਾਵਾਨ ਗੁਨਵਾਨ ਮਹਾਨਾ। ਹੋਵਤਿ ਸਾਚ ਜੁ ਕਰਹਿ ਬਖਾਨਾ।
ਨਿਤ ਸਾਹਿਬ ਮੈਂ ਜਿਸਕੀ ਪ੍ਰੀਤਾ। ਸ਼ਾਂਤਿ ਰੂਪ ਨਹਿਂ ਡੋਲੈ ਚੀਤਾ॥ ੧੫॥

ਇਹ ਮਹਾਨ ਕਲਾਵਾਨ ਅਤੇ ਗੁਣਵਾਨ ਹਨ, ਜੋ ਵੀ ਕਹਿੰਦੇ ਹਨ, ਉਹ ਸੱਚ ਹੁੰਦਾ ਹੈ। ਉਨ੍ਹਾਂ ਦੀ ਸਦਾ ਪ੍ਰਭੂ ਨਾਲ ਪ੍ਰੀਤ ਲੱਗੀ ਰਹਿੰਦੀ ਹੈ ਸ਼ਾਂਤ ਰੂਪ ਹਨ ਅਤੇ ਉਨ੍ਹਾਂ ਦਾ ਚਿੱਤ ਕਦੇ ਵੀ ਨਹੀਂ ਡੋਲਦਾ॥ ੧੫॥

ਇਹ ਦਰਵੇਸ਼ ਖੁਦਾਇ ਪਿਆਰਾ। ਕਿਧੌਂ ਖੁਦਾਇ ਆਪ ਤਨ ਧਾਰਾ।
ਬਹੁ ਨਰ ਆਨਿ ਬੂਝਨਾ ਕਰਿਹੀਂ। ਤੂਰਨ ਸਭਿ ਕੇ ਪ੍ਰਸ਼ਨ ਉਚਰਿਹੀਂ॥੧੬॥

ਇਹ ਦਰਵੇਸ਼ ਖ਼ੁਦਾ ਨੂੰ ਪਿਆਰਾ ਹੈ, ਜਿਵੇਂ ਖ਼ੁਦਾ ਨੇ ਆਪ ਸਰੀਰ ਧਾਰਨ ਕੀਤਾ ਹੋਵੇ। ਬਹੁਤ ਲੋਕ ਆ ਕੇ ਕਈ ਪ੍ਰਕਾਰ ਦੇ ਸਵਾਲ ਪੁੱਛਦੇ ਸਨ ਗੁਰੂ ਜੀ ਤੁਰੰਤ ਸਾਰਿਆਂ ਦੇ ਸਵਾਲਾਂ ਦਾ ਜਵਾਬ ਦਿੰਦੇ ਸਨ॥ ੧੬॥

ਸੰਨਯਾਸੀ, ਬ੍ਰਹਮਚਾਰੀ, ਗ੍ਰਿਹਸਤੀ। ਤਪੀ, ਬੈਰਾਗੀ, ਬਾਨ ਜਿ ਪ੍ਰਸਤੀ।
ਜੋਗੀ, ਬਹੁਰ ਬੈਸ਼ਨੋ ਜੋਊ। ਹਿੰਦੂ, ਮੁਸਲਮਾਨ ਸਭਿ ਕੋਊ॥ ੧੭॥

ਸੰਨਿਆਸੀ, ਬ੍ਰਹਮਚਾਰੀ, ਗ੍ਰਹਿਸਤੀ, ਤਪੀ, ਬੈਰਾਗੀ, ਬਾਨਪ੍ਰਸਤੀ ਜੋਗੀ ਅਤੇ ਜਿਹੜੇ ਵੈਸ਼ਨੋ ਹਨ। ਹਿੰਦੀ ਮੁਸਲਮਾਨ ਸਭ ਕੋਈ॥ ੧੭॥

ਆਇ ਜਿ ਸੰਸੈ ਕੋਊ ਕਰਿਹੀ। ਤਤਛਿਨ ਉੱਤਰ ਪ੍ਰਭੂ ਉਚਰਿਹੀਂ।
ਸੁਨਿ ਸੁਨਿ,ਸ਼ਰਧਾ ਉਰ ਮਹਿਂਧਰਿਹੀਂ। ਸ਼ਬਦ ਲਿਖਹਿਂ ਪੁਨ ਬਹੁਰ ਬਿਚਰਿਹੀਂ॥੧੮॥

ਉਨ੍ਹਾਂ ਪਾਸ ਆ ਕੇ ਜੇ ਕੋਈ ਸੰਸਾ ਕਰਦਾ ਸੀ ਤਾਂ ਗੁਰੂ ਜੀ ਤੁਰੰਤ ਉੱਤਰ ਦਿੰਦੇ ਸਨ ਅਤੇ ਉਨ੍ਹਾਂ ਦੇ ਸੰਸੇ ਦੂਰ ਕਰਦੇ ਸਨ। ਫਿਰ ਉੱਤਰ ਸੁਣ ਕੇ ਦਿਲ ਵਿਚ ਸ਼ਰਧਾ ਧਾਰਨ ਕਰਦੇ ਸਨ। ਸ਼ਬਦ ਲਿਖ ਕੇ ਫਿਰ ਉਸ ਤੇ ਵਿਚਾਰ ਕਰਦੇ ਸਨ॥ ੧੮॥

ਦੋਹਰਾ-ਪੁਰਿ ਲਹੌਰ ਕੇ ਮਨੁਜ ਬਹੁ ਹੋਏ ਸੇਵਕ ਆਇ।
ਨਾਮ ਦਾਨ ਇਸ਼ਨਾਨ ਦਿੜ ਸਿਖਹਿਂ ਕੀਰਤਨ ਗਾਇ॥੧੯॥

ਲਾਹੌਰ ਸ਼ਹਿਰ ਦੇ ਬਹੁਤ ਮਨੁੱਖ ਆ ਕੇ ਆਪ ਦੇ ਸੇਵਕ ਹੋਏ, ਉਨ੍ਹਾਂ ਨੂੰ ਨਾਮ, ਦਾਨ ਅਤੇ ਇਸ਼ਨਾਨ ਵਿਚ ਦ੍ਰਿੜ੍ਹ ਕਰਵਾਉਂਦੇ ਸਨ। ਉਹ ਲੋਕ ਕੀਰਤਨ ਕਰਨਾ ਸਿੱਖਦੇ ਸਨ ਅਤੇ ਫਿਰ ਸ਼ਬਦ ਦਾ ਗਾਇਨ ਕਰਦੇ ਸਨ॥ ੧੯॥

ਚੌਪਈ- ਇਕ ਕਰੋੜੀਆ ਖੱਤ੍ਰੀ ਪੁਰਿ ਮੈਂ। ਉਸਤਤਿ ਸੁਨਤਿ ਰਿਸਤ ਅਤਿ ਉਰ ਮੈਂ।
ਕਰਿਕੈ ਡਰ ਕੋ ਤਾਂਹਿ ਅਗਾਰੀ। ਗੁਰ ਕੋ ਸੁਜਸੁ ਨ ਕਰਤਿ ਉਚਾਰੀ॥੨੦॥

ਲਾਹੌਰ ਸ਼ਹਿਰ ਵਿਚ ਇਕ ਕਰੋੜਪਤੀ ਖੱਤਰੀ ਰਹਿੰਦਾ ਸੀ। ਉਹ ਗੁਰੂ ਜੀ ਦੀ ਉਸਤਤ ਸੁਣ ਕੇ ਦਿਲ ਵਿਚ ਬਹੁਤ ਕ੍ਰੋਧ ਕਰਦਾ ਸੀ। ਆਪਣੇ ਅੱਗੇ ਕੋਈ ਡਰ ਅਨੁਭਵ ਕਰਕੇ, ਗੁਰੂ ਜੀ ਦਾ ਸ੍ਰੇਸ਼ਟ ਜਸ ਉਚਾਰਨ ਨਹੀਂ ਸੀ ਕਰਦਾ॥ ੨੦॥

ਰਘੁਬਰਸੁਤਪੁਰਿ ਕੀ ਰਜਧਾਨੀ। ਬਹੁ ਲੋਕਨ ਮੈਂ ਥਾ ਪਰਧਾਨੀ।
ਕਰਤਿ ਹਕੂਮਤ ਸਠ ਤਿਨ ਬੀਚੂ। ਜਗਤੇਸ਼ੁਰ ਉਪ ਉਰ ਨ ਸਹੀਚੂ॥੨੧॥

ਰਾਮਚੰਦਰ ਦੇ ਵੱਡੇ ਪੁੱਤਰ ਲਵ ਦੀ ਰਾਜਧਾਨੀ ਭਾਵ ਲਾਹੌਰ ਵਿਚ ਉਹ ਬਹੁਤ ਵੱਡੇ ਖੇਤਰ ਦਾ ਮਾਲਕ ਸੀ। ਮੂਰਖ ਕਰੋੜੀਆ ਉਨ੍ਹਾਂ ਲੋਕਾਂ 'ਤੇ ਹਕੂਮਤ ਕਰਦਾ ਸੀ ਪਰ ਗੁਰੂ ਜੀ ਦੀ ਉਪਮਾ ਹਿਰਦੇ ਵਿਚ ਸਹਾਰਦਾ ਨਹੀਂ ਸੀ॥ ੨੧॥

ਇਕ ਦਿਨ ਜੋਗੀ ਜਾਚਤਿ ਫਿਰਤੇ। ਗੁਰੂ ਸ਼ਬਦ ਕੋ ਗਾਵਨ ਕਰਿਤੇ।
ਹਾਥ ਬਿਖੈ ਕਿੰਗੁਰੀ ਕੋ ਲੀਨੇ। ਰੀਝ ਬਜਾਵਹਿਂ ਪ੍ਰੇਮਹਿਂ ਭੀਨੇ॥੨੨॥

ਇਕ ਦਿਨ ਕੁਝ ਜੋਗੀ ਮੰਗਦੇ ਫਿਰਦੇ ਸਨ, ਗੁਰੂ ਜੀ ਦੇ ਸ਼ਬਦ ਦਾ ਉਹ ਗਾਇਨ ਕਰ ਰਹੇ ਸਨ। ਹੱਥ ਵਿਚ ਉਨ੍ਹਾਂ ਕਿੰਗਰੀ ਫੜੀ ਹੋਈ ਸੀ। ਬੜੇ ਪ੍ਰੇਮ ਵਿਚ ਰੀਝ ਕੇ ਕਿੰਗਰੀ ਵਜਾ ਕੇ ਗਾ ਰਹੇ ਸਨ॥ ੨੨॥

ਫਿਰਤਿ ਫਿਰਤਿ ਪਹੁੰਚੇ ਤਿਹ ਥਾਨੀ। ਬੈਠਜੋ ਜਹਾਂ ਮੰਦਮਤਿ ਮਾਨੀ।
ਸ਼ਬਦ ਸੁਨਤ ਮਤਸਰ ਬਹੁ ਧਾਰੀ। ਜਨੁ ਬਿਖੁ ਦੇਤਿ ਹੋਤਿ ਦੁਖ ਭਾਰੀ ॥੨੩॥

ਫਿਰਦੇ ਫਿਰਦੇ ਉਹ ਓਥੇ ਪਹੁੰਚੇ, ਜਿਥੇ ਭੈੜੀ ਮੱਤ ਵਾਲਾ ਹੰਕਾਰੀ ਕਰੋੜੀਆਂ ਬੈਠਾ ਸੀ। ਸ਼ਬਦ ਸੁਣ ਕੇ ਬਹੁਤ ਈਰਖਾ ਧਾਰਨ ਕੀਤੀ। ਗਰੀਬਾਂ ਨੂੰ ਭਿਖਿਆ ਦੇ ਕੇ ਉਸ ਨੂੰ ਬਹੁਤ ਦੁੱਖ ਹੁੰਦਾ ਸੀ॥ ੨੩॥

ਪ੍ਰਭੁਤਾ ਮਦ ਅੰਧਾ ਅੱਗਜਾਨੀ। ਸੰਤਨ ਤੇ ਬੇਮੁਖ ਸੁਖ ਹਾਨੀ।
ਛਾਤੀ ਜਰਤਿ ਮਹਾਂ ਦੁਖ ਪਾਵਤਿ। ਤਬ ਜੋਗੀ ਇਹ ਤੁਕ ਬੇ ਗਾਵਤਿ ॥੨੪॥

ਵਡਿਆਈ ਦੇ ਹੰਕਾਰ ਵਿਚ ਅੰਨ੍ਹਾ ਅਗਿਆਨੀ ਸੀ, ਸੰਤਾਂ ਤੋਂ ਬੇਮੁੱਖ ਹੋ ਕੇ ਸੁੱਖਾਂ ਦਾ ਨਾਸ਼ ਕਰ ਰਿਹਾ ਸੀ। ਛਾਤੀ ਸੜਦੀ ਸੀ ਅਤੇ ਬੜਾ ਦੁੱਖ ਪਾਉਂਦਾ ਸੀ। ਜੋਗੀ ਉਸ ਵੇਲੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਇਸ ਸ਼ਬਦ ਦਾ ਗਾਇਨ ਕਰ ਰਹੇ ਸਨ॥ ੨੪॥

*ਸ੍ਰੀ ਮੁਖਵਾਕ ਮ: ੧ ॥*

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥* (ਪੰਨਾ ੯੫੩)

ਗੁਰੂ ਨਾਨਕ ਜੀ ਫਰਮਾਉਂਦੇ ਹਨ, ਹੇ ਇਨਸਾਨ ! ਤੂੰ ਸਚੀ ਸਿਖਿਆ ਸ੍ਰਵਣ ਕਰ। ਆਪਣਾ ਵਹੀ ਖਾਤਾ ਕੱਢ, ਨਿਆਂ ਕਰਨ ਬੈਠਾ ਵਾਹਿਗੁਰੂ ਤੇਰੇ ਪਾਸੋਂ ਤੇਰਾ ਹਿਸਾਬ ਕਿਤਾਬ ਪੁਛੇਗਾ। ਸਾਹਿਬ ਤੋਂ ਆਕੀ, ਜਿਨ੍ਹਾਂ ਦੇ ਜ਼ਿਮੇਂ ਬਕਾਇਆ ਹੈ, ਉਹ ਬੁਲਾਏ ਜਾਣਗੇ। ਮੌਤ ਦਾ ਦੂਤ ਉਨ੍ਹਾਂ ਨੂੰ ਸਜ਼ਾ ਦੇਣ ਲਈ ਨਿਯੁਕਤ ਕੀਤਾ ਜਾਵੇਗਾ। ਭੀੜੀ ਗਲੀ ਵਿਚ ਫਸਿਆਂ ਨੂੰ ਕੋਈ ਰਸਤਾ ਬਚਾਅ ਜਾਂ ਆਉਣ ਤੇ ਜਾਣ ਦਾ ਨਹੀਂ ਲਭਣਾ, ਝੂਠ ਦਾ ਖਾਤਮਾ ਹੋ ਜਾਵੇਗਾ ਤੇ ਹੇ ਨਾਨਕ ! ਅਖੀਰ ਸੱਚ ਹੀ ਭਾਰੂ ਰਹੇਗਾ॥ ੨ ॥

ਦੋਹਰਾ- ਸੁਨਿਕੈ ਰਿਸ ਭਰਿ ਕਹਿਤ ਭਾ 'ਹਿੰਦੂ ਕਿਏ ਖੁਆਰ।
ਤੁਰਕਨ ਕੇਰ ਈਮਾਨ ਗਾ, ਉਸਤਤਿ ਕਰਤਿ ਉਚਾਰ! ॥ ੨੫॥

ਗੁਰੂ ਜੀ ਦਾ ਸ਼ਬਦ ਸੁਣ ਕੇ ਕ੍ਰੋਧ ਕਰਕੇ ਖੱਤਰੀ ਕਹਿਣ ਲੱਗਾ, "ਇਸ ਨੇ ਹਿੰਦੂਆਂ ਨੂੰ ਖੁਆਰ ਕੀਤਾ ਹੈ। ਤੁਰਕਾਂ ਦਾ ਵੀ ਈਮਾਨ ਜਾਂਦਾ ਰਿਹਾ ਹੈ। ਇਹ ਅਸਚਰਜ ਵੇਖੋ ਕਿ ਇਹ ਲੋਕ ਉਸਦੀ ਉਸਤਤਿ ਉਚਾਰਨ ਕਰਦੇ ਹਨ॥ ੨੫॥

ਚੌਪਈ- ਕੋ ਨਾਨਕ? ਮੈਂ ਪਿਖਜੋ ਨ ਜਾਨਾ। ਜਿਸ ਜਸ ਕਹਿਂ ਹਿੰਦੂ ਤੁਰਕਾਨਾ।
ਜਹਿਂ ਤਹਿਂ ਕੀਰਤਿ ਹੋਤਿ ਘਨੇਰੀ। ਸਮਝ ਬਿਖੈ ਕੁਛ ਆਇ ਨ ਮੇਰੀ ॥੨੬॥

ਨਾਨਕ ਕੌਣ ਹੈ ? ਨਾ ਮੈਂ ਵੇਖਿਆ ਹੈ ਅਤੇ ਨਾ ਮੈਂ ਜਾਣਦਾ ਹਾਂ, ਜਿਸ ਦਾ ਹਿੰਦੂ ਅਤੇ ਤੁਰਕ ਜਸ ਕਰਦੇ ਹਨ, ਥਾਂ ਥਾਂ ਤੇ ਉਸਦੀ ਬਹੁਤ ਕੀਰਤੀ ਹੋ ਰਹੀ ਹੈ, ਮੇਰੇ ਤਾਂ ਇਹ ਕੁਝ ਸਮਝ ਨਹੀਂ ਆਉਂਦਾ॥ ੨੬॥

ਕੋ ਐਸਾ ਕਲਿ ਕਾਲ ਮਝਾਰੀ। ਸਰਬ ਭਏ ਜਿਨ ਕੇ ਅਨੁਸਾਰੀ।
ਮੈਂ ਕੀਨੀ ਇਹ ਰੀਤਿ ਪਰੇਖੀ। ਭੇ ਸੇਵਕ ਸਭਿ ਦੇਖਾ ਦੇਖੀ ॥੨੭॥

ਕਲਿਜੁਗ ਵਿਚ ਕਿਹੜਾ ਐਸਾ ਹੈ, ਜਿਸ ਦੇ ਸਾਰੇ ਲੋਕ ਅਨੁਸਾਰੀ ਹੋ ਗਏ ਹਨ। ਮੈਂ ਇਸ ਰੀਤੀ ਨੂੰ ਪਰਖਣਾ ਹੈ, ਸਾਰੇ ਦੇਖਾ-ਵੇਖੀ ਸੇਵਕ ਹੋ ਗਏ ਜਾਪਦੇ ਹਨ॥ ੨੭॥

ਚਲੇ ਕੁਚਾਲ ਚਾਲ ਨਿਜ ਤਜਾਗੀ। ਇਹ ਬਿਧਿ ਮੋਹਿ ਭਲੀ ਨਹਿਂ ਲਾਗੀ।
ਔਰਨ ਕੋ ਕਜਾ ਦੋਸ਼ ਅਲਾਵੋਂ। ਜਿਨਹਿ ਚਲਾਏ ਤਿਨ ਗਹਿ ਲਜਾਵੋਂ ॥੨੮॥

ਆਪਣੇ ਆਪ ਨੂੰ ਤਿਆਗ ਕੇ ਪੁੱਠੀ ਚਾਲ ਚਲ ਰਹੇ ਹਨ। ਇਹ ਵਿਧੀ ਮੈਨੂੰ ਚੰਗੀ ਨਹੀਂ ਲੱਗਦੀ ਹੈ। ਦੂਸਰਿਆਂ ਨੂੰ ਕਿਉਂ ਦੋਸ਼ੀ ਆਖਾਂ, ਜਿਸ ਨੇ ਇਹ ਰੀਤ ਚਲਾਈ ਹੈ ਉਸ ਨੂੰ ਹੀ ਫੜ ਲਿਆਉਂਦਾ ਹਾਂ॥ ੨੮॥

ਕਰਿਕੈ ਕੈਦ ਸੀਖ ਸ਼ੁਭ ਦੇਊਂ। ਤਿਹ ਮਨ ਮਤੇ ਸਰਬ ਬਰਜੇਊਂ।
ਅਸ ਕਹਿ ਅਪਨੀ ਸਭਾ ਮਝਾਰੀ। ਨਿਜ ਸੇਵਕ ਤਬ ਲੀਨ ਹਕਾਰੀ ॥੨੯॥

ਮੈਂ ਉਸਨੂੰ ਕੈਦ ਕਰਕੇ ਚੰਗੀ ਸਿਖਿਆ ਦੇਵਾਂਗਾ। ਸਾਰੇ ਮਨਮਤੀਆਂ ਨੂੰ ਰੋਕਾਂਗਾ। ਆਪਣੀ ਸਭਾ ਵਿਚ ਇਸ ਤਰ੍ਹਾਂ ਕਹਿ ਕੇ ਆਪਣੇ ਸੇਵਕਾਂ ਨੂੰ ਤਦ ਬੁਲਾ ਲਿਆ॥ ੨੯॥

ਕਹਜੋ 'ਤੁਰੰਗਨ ਪਰ, ਅਬ ਜਾਈ। ਪਾਇ ਜ਼ੀਨ, ਆਨਹੁ ਇਹ ਥਾਈਂ'।
ਸੁਨਤਿ ਦਾਸ ਲਜਾਯੋ ਤਤਕਾਲਾ। ਲਗਜੋ ਚੜ੍ਹਨ ਜਿਸ ਦਰਪ ਬਿਸਾਲਾ ॥੩੦॥

ਉਨ੍ਹਾਂ ਨੂੰ ਕਿਹਾ, "ਹੁਣੇ ਘੋੜਿਆਂ ਉਤੇ ਜਾਵਾਂਗੇ, ਕਾਠੀਆਂ ਪਾ ਕੇ ਏਥੇ ਲੈ ਆਵੋ।" ਇਹ ਸੁਣ ਕੇ ਸੇਵਕ ਝਟ ਘੋੜੀ ਕੱਸ ਕੇ ਲੈ ਆਏ, ਜਦ ਬਹੁਤ ਹੰਕਾਰ ਕਰਕੇ ਘੋੜੀ ਤੇ ਚੜ੍ਹਨ ਲਗਾ॥ ੩੦॥

ਦਿਯੋ ਰਕਾਬ ਬਿਖੈ ਪਗ ਜਬਹੀ। ਸਬਲ ਤੁਰੰਗਨਿ ਫਰਕੀ ਤਬਹੀ।
ਨਹੀਂ ਸਮ੍ਹਾਰਜੋ ਤਿਹ ਛਿਨ ਖੱਤਰੀ। ਗਿਰਜੋ ਧਰਨਿ ਪਰ ਪਗਿਯਾ ਉਤਰੀ ॥੩੧॥

ਘੋੜੀ ਤੇ ਚੜ੍ਹਨ ਵਾਸਤੇ ਰਕਾਬ ਵਿਚ ਜਦ ਪੈਰ ਰਖਿਆ ਤਦ ਤਾਕਤਵਰ ਘੋੜੀ ਉਸੇ ਵੇਲੇ ਕੁੱਦ ਪਈ। ਖੱਤਰੀ ਪਾਸੋਂ ਉਸ ਵੇਲੇ ਸੰਭਲਿਆ ਨਾ ਗਿਆ ਤੇ ਧਰਤੀ ਉਤੇ ਡਿੱਗ ਪਿਆ ਅਤੇ ਪੱਗੜੀ ਲੱਥ ਗਈ॥ ੩੧॥

ਲਖਜੋ ਕੁਸੌਂਨ ਰਿਦੇ ਮਹਿਂ ਤਾਹੂ। ਬਹੁਰ ਨ ਚਢਜੋ ਰਹਜੋ ਘਰ ਮਾਂਹੂ।
ਨਿਕਟਿ ਜਿ ਨਰ ਸਮਝਾਵਨ ਕੀਨੋ। 'ਮਹਾਂ ਪੁਰਖੁ ਸ੍ਰੀ ਨਾਨਕ ਚੀਨੋ ॥੩੨॥

ਉਸ ਵੇਲੇ ਹਿਰਦੇ ਵਿਚ ਕੁਸ਼ਗਨ ਸਮਝਿਆ, ਫਿਰ ਨਾ ਚੜ੍ਹਿਆ ਤੇ ਘਰ ਵਿਚ ਹੀ ਰਹਿ ਗਿਆ। ਜਿਹੜੇ ਨੇੜੇ ਮਨੁੱਖ ਰਹਿੰਦੇ ਸਨ ਉਨ੍ਹਾਂ ਨੇ ਸਮਝਾਇਆ, "ਗੁਰੂ ਨਾਨਕ ਜੀ ਨੂੰ ਮਹਾਂਪੁਰਖ ਸਮਝੋ॥ ੩੨॥

ਕਰਜੋ ਨਿਰਾਦਰ' ਸੁਨਤਿ ਨ ਕਾਈ। ਕਹੈ 'ਕਿ ਗਹੋਂ ਭੋਰ ਕੋ ਜਾਈ'।
ਰਜਨੀ ਕਰਿ ਬਿਤੀਤ ਸੋ ਮੂਢਾ। ਅਗਲੇ ਦਿਨ ਮਹਿਂ ਭਯੋ ਅਰੂਢਾ ॥੩੩॥

ਤੁਸੀਂ ਉਨ੍ਹਾਂ ਦਾ ਨਿਰਾਦਰ ਕੀਤਾ ਹੈ। ਪਰ ਕਿਸੇ ਦੀ ਗੱਲ ਨਹੀਂ ਸੁਣੀ ਹੈ। ਖੱਤਰੀ ਨੇ ਕਿਹਾ, "ਮੈਂ ਸਵੇਰੇ ਜਾ ਕੇ ਫੜ ਲਵਾਂਗਾ।" ਰਾਤ ਗੁਜ਼ਾਰ ਕੇ ਮੂਰਖ ਅਗਲੇ ਦਿਨ ਚਲੇ ਗਿਆ॥ ੩੩॥

ਗਮਨੇ ਬ੍ਰਿੰਦ ਸੰਗਿ ਨਰ ਤਾਂਹੀ। ਆਵਤਿ ਭਏ ਸਰਬ ਮਗ ਮਾਂਹੀ।
ਸ੍ਰੀ ਪ੍ਰਭੁ ਰਹੇ ਕਿਤਿਕ ਜਬ ਦੂਰੀ। ਭਯੋ ਅੰਧ ਨਹਿਂ ਪਿਖਤਿ ਹਦੂਰੀ ॥੩੪॥

ਵੱਡੀ ਗਿਣਤੀ ਵਿਚ ਹੋਰ ਮਨੁੱਖ ਵੀ ਉਸ ਦੇ ਨਾਲ ਗਏ। ਸਾਰੇ ਰਾਹੇ ਰਾਹ ਜਾ ਰਹੇ ਸਨ। ਜਦ ਗੁਰੂ ਜੀ ਤੋਂ ਥੋੜ੍ਹੀ ਦੂਰ ਰਹਿ ਗਏ, ਸਾਰੇ ਅੰਨ੍ਹੇ ਹੋ ਗਏ, ਕੁਝ ਵੀ ਦਿੱਸਦਾ ਨਹੀ ਸੀ॥ ੩੪॥

ਗਰਬ ਹਾਨਿ ਭਾ, ਪੀੜਾ ਬਜਾਪੀ। ਬੋਲਿ ਨ ਸਕਹਿ ਨਿੰਦ ਕਰਿ ਪਾਪੀ।
ਤਬ ਸਮਝਜੋ ਮਨ ਮੂਰਖ ਮਾਨੀ। ਦੀਰਘ ਕਲਾਵਾਨ ਗੁਨਖਾਨੀ ॥੩੫॥

ਘੁਮੰਡ ਦਾ ਨਾਸ਼ ਹੋਇਆ ਅਤੇ ਪੀੜ ਹੋਣ ਲੱਗ ਗਈ। ਪਾਪੀ ਨਿੰਦਿਆ ਕਰਕੇ ਬੋਲ ਨਾ ਸਕਿਆ। ਤਦ ਮੂਰਖ ਆਪਣੇ ਮਨ ਵਿਚ ਸਮਝ ਗਿਆ ਕਿ ਗੁਰੂ ਜੀ ਬਹੁਤ ਕਲਾਵਾਨ ਅਤੇ ਗੁਣਾਂ ਦੀ ਖਾਣ ਹਨ॥ ੩੫॥

ਲੋਕ ਬਹੋਰਿ ਰਹੇ ਮੁਝ ਤਾਈਂ। ਮਾਨੀ ਮੈਂ ਨ ਕਰੀ ਦੁਸ਼ਟਾਈ।
ਬਹੁ ਨਰ ਕੋ ਜਿਹਂ ਕਹਜੋ ਨ ਭਾਵਤਿ। ਮਮ ਸਮਾਨ ਦੁਖਿ ਹ੍ਵੈ ਪਛੁਤਾਵਤਿ॥੩੬॥

ਲੋਕ ਮੈਨੂੰ ਰੋਕ ਰਹੇ ਸਨ, ਪਰ ਮੈਂ ਕਿਸੇ ਦੀ ਗੱਲ ਨਾ ਮੰਨੀ ਅਤੇ ਦੁਸ਼ਟਤਾ ਕੀਤੀ। ਉਨ੍ਹਾਂ ਸਾਰੇ ਲੋਕਾਂ ਨੂੰ ਜਿਨ੍ਹਾਂ ਨੂੰ ਗੁਰੂ ਜੀ ਦਾ ਕਿਹਾ ਚੰਗਾ ਨਹੀਂ ਲੱਗਦਾ ਮੇਰੇ ਵਾਂਗ ਬਾਅਦ ਵਿਚ ਦੁਖੀ ਹੋ ਕੇ ਪਛਤਾਉਂਦੇ ਹਨ॥ ੩੬॥

ਗੁਨਤਿ ਬਿਸੂਰਤਿ ਗਮਨਤਿ ਜਬਹੀ। ਨਿਰਖੀ ਨਰਨ ਨੈਨ ਗਤਿ ਤਬ ਹੀ।
ਭਯੋ ਦੀਨ ਬੋਲਜੋ ਪਛੁਤਾਈ। 'ਅਬ ਤਿਨਕੀ ਮੈਂ ਮਹਿਮਾ ਪਾਈ॥ ੩੭॥

ਜਦ ਗੁਰੂ ਜੀ ਨੂੰ ਗੁਣੀ ਮੰਨ ਕੇ ਸੋਚਣ ਅਤੇ ਪਛਤਾਉਣ ਲੱਗਾ ਤਾਂ ਸਾਰੇ ਮਨੁੱਖਾਂ ਨੂੰ ਗੁਰੂ ਜੀ ਅੱਖਾਂ ਨਾਲ ਦਿਸਣ ਲੱਗ ਪਏ। ਦੀਨ ਹੋ ਕੇ ਪਛਤਾਅ ਕੇ ਬੋਲਿਆ, "ਮੈਂ ਹੁਣ ਉਨ੍ਹਾਂ ਦੀ ਮਹਿਮਾ ਪਾਈ ਹੈ॥ ੩੭॥

ਜਸ ਤੁਮ ਕਹਤਿ ਹੁਤੇ ਤਸ ਦੇਖਾ। ਭਯੋ ਅੰਧ ਮੈਂ ਕੀਨ ਪਰੇਖਾ।
ਮਹਾਂ ਪੁਰਖ ਸੋਂ ਮਤਸਰ ਧਾਰੀ। ਤਿਹ ਕੋ ਫਲ ਪ੍ਰਾਪਤਿ ਦੁਖ ਭਾਰੀ॥੩੮॥

ਜਿਸ ਤਰ੍ਹਾਂ ਤੁਹਾਡੇ ਬਾਰੇ ਕਿਹਾ ਜਾਂਦਾ ਸੀ, ਉਸ ਤਰ੍ਹਾਂ ਦਾ ਹੀ ਆਪ ਨੂੰ ਵੇਖਿਆ ਹੈ। ਮੈਂ ਅੰਨ੍ਹਾਂ ਹੋ ਗਿਆ ਸੀ ਇਹ ਵੇਖ ਕੇ ਮੈਂ ਅਸਲ ਨੂੰ ਪਰਖ ਲਿਆ ਹੈ। ਮਹਾਂਪੁਰਖ ਨਾਲ ਮੈਂ ਈਰਖਾ ਕੀਤੀ, ਉਸ ਫਲ ਵਜੋਂ ਮੈਂ ਭਾਰੀ ਦੁਖ ਪ੍ਰਾਪਤ ਕੀਤਾ ਹੈ॥ ੩੮॥

ਚਲਿ ਸਮੀਪ ਅਬ ਮੁਝ ਬਖਸ਼ਾਵਹੁ। ਕਹੇ ਕੁਬੋਲ ਸੁ ਛਿਮਾ ਕਰਾਵਹੁ।
ਮੈਂ ਅਬ ਦਾਸ, ਪਰੋਂ ਤਿਨ ਪਾਈ। ਹੋਵੋਂ ਸਿੱਖ, ਰਖੈਂ ਸ਼ਰਣਾਈ' ॥੩੯॥

ਮੈਂ ਹੁਣ ਚਲ ਕੇ ਨੇੜੇ ਜਾਂਦਾ ਹਾਂ ਮੈਨੂੰ ਬਖਸ਼ ਦੇਵੇ, ਜਿਹੜੇ ਮੈਂ ਮਾੜੇ ਬਚਨ ਬੋਲੇ ਹਨ ਉਸ ਤੋਂ ਮੁਆਫੀ ਦਿਵਾ ਦੇਵੋ। ਮੈਂ ਹੁਣ ਉਨ੍ਹਾਂ ਦਾ ਦਾਸ ਹੋ ਗਿਆ ਹਾਂ, ਮੈਂ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਾਂਗਾ। ਉਨ੍ਹਾਂ ਦਾ ਸਿੱਖ ਹੋਵਾਂਗਾ, ਉਹ ਮੈਨੂੰ ਆਪਣੀ ਸ਼ਰਨ ਵਿਚ ਲੈ ਲੈਣ"॥ ੩੯॥

ਸੁਨਿਕੈ ਨਰਨ ਸਰਬ ਸਮਝਾਯੋ। 'ਅਬ ਤੋ ਪਤਾ ਆਪ ਨੈ ਪਾਯੋ।
ਉਤਰਿ ਤੁਰੰਗਨ ਤੇ ਇਹ ਥਾਈਂ। ਬੰਦਨ ਕਰਹੁ ਧਰਨਿ ਸਿਰ ਲਾਈ॥੪੦॥

ਇਹ ਸੁਣ ਕੇ ਸਾਰੇ ਮਨੁੱਖਾਂ ਨੇ ਉਸ ਨੂੰ ਸਮਝਾਇਆ, "ਹੁਣ ਤਾਂ ਆਪ ਨੂੰ ਪਤਾ ਲੱਗ ਹੀ ਗਿਆ ਹੈ। ਇਸ ਥਾਂ ਘੋੜੀ ਤੋਂ ਉਤਰ ਜਾਵੋ, ਧਰਤੀ ਤੇ ਸਿਰ ਰੱਖ ਕੇ ਬੰਦਨਾ ਕਰੋ॥ ੪੦॥

ਧਰਿ ਸ਼ਰਧਾ ਤੁਮ ਚਲਹੁ ਅਗਾਰੀ। ਪਰਹੁ ਜਾਇਕੈ ਚਰਨ ਮਝਾਰੀ।
ਬਖਸ਼ਹਿੰਗੇ ਤੁਝ ਦੀਨ ਦਯਾਲਾ। ਭਗਤਿ ਵਛਲ ਜਿਨਿ ਬਿਰਦ ਬਿਸਲਾ॥੪੧॥

ਸ਼ਰਧਾ ਧਾਰਨ ਕਰਕੇ ਤੁਸੀਂ ਅੱਗੇ ਚਲੋ, ਜਾਕੇ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕੋ। ਦੀਨ ਦਿਆਲ ਗੁਰੂ ਜੀ ਤੈਨੂੰ ਬਖਸ਼ ਦੇਣਗੇ। ਆਪਣੇ ਭਗਤਾਂ ਦੀ ਪਾਲਣਾ ਕਰਨਾ ਉਨ੍ਹਾਂ ਦਾ ਸੁਭਾਅ ਹੈ"॥ ੪੧॥

ਤਿਨ ਕੀ ਭਨੀ ਮਾਨਿ ਹਰਿ ਮਾਨਾ। ਉਤਰਜੋ, ਮਾਰਗ ਚਰਨ ਚਲਾਨਾ।
ਨਮੋ ਕਰਹਿ ਪਗ ਪਗ, ਹ੍ਵੈ ਦੀਨਾ। ਅਨਿਕ ਭਾਂਤਿ ਜਸੁ ਬਰਨਨ ਕੀਨਾ॥੪੨॥

ਉਨ੍ਹਾਂ ਦਾ ਕਿਹਾ ਮੰਨ ਕੇ ਤੇ ਹੰਕਾਰ ਨੂੰ ਨਾਸ਼ ਕਰਕੇ, ਘੋੜੀ ਤੋਂ ਉਤਰ ਗਿਆ ਅਤੇ ਪੈਦਲ ਚੱਲਣ ਲੱਗਾ। ਕਦਮ ਕਦਮ ਚਲ ਰਿਹਾ ਦੀਨ ਹੋ ਕੇ ਨਮਸ਼ਕਾਰ ਕਰ ਰਿਹਾ ਸੀ ਅਤੇ ਅਨੇਕ ਤਰ੍ਹਾਂ ਨਾਲ ਜਸ ਵਰਣਨ ਕਰ ਰਿਹਾ ਸੀ॥ ੪੨॥

ਕਿਤਿਕ ਦੂਰ ਤੇ ਊਚ ਪੁਕਾਰਾ। 'ਛਿਮਹੁ ਛਿਮਹੁ ਮੈਂ ਦਾਸ ਤੁਮਾਰਾ।
ਮਸ਼ਕ ਗਰਬ ਖਗਪਤਿ ਸੋਂ ਧਰਿਈ। ਰੰਚ ਮੇਰੁ ਕੀ ਸਮਤਾ ਕਰਿਈ॥ ੪੩॥

ਬੜੀ ਦੂਰ ਤੋਂ ਹੀ ਉੱਚੀ ਦਿੱਤੀ ਬੋਲਿਆ, "ਮੈਨੂੰ ਮੁਆਫ ਕਰੋ, ਮੈਨੂੰ ਮੁਆਫ ਕਰੋ, ਮੈਂ ਤੁਹਾਡਾ ਦਾਸ ਹਾਂ। ਮੱਛਰ ਨੇ ਗਰੜ ਸਾਹਮਣੇ ਹੰਕਾਰ ਧਾਰਨ ਕੀਤਾ ਸੀ। ਇਕ ਕਿਣਕਾ ਸੁਮੇਰ ਪਰਬਤ ਦੀ ਕੀ ਬਰਾਬਰੀ ਕਰ ਸਕਦਾ ਹੈ॥ ੪੩॥

ਅਪਨੇ ਤੇਜ ਦਿਖਾਇ ਟਨਾਨੋ। ਰਵਿ ਕੀ ਪ੍ਰਭੁਤਾ ਕਰਹਿ ਪਛਾਨੋਂ।
ਤਿਉਂ ਮਤਿਮੰਦ ਲਾਲਸਾ ਮੇਰੀ। ਮੁਖ ਤੇ ਨਿੰਦਾ ਕੀਨਿ ਘਨੇਰੀ॥ ੪੪॥

ਜੇ ਜੁਗਨੂੰ ਜਿੰਨਾ ਮਰਜ਼ੀ ਆਪਣਾ ਤੇਜ਼ ਵਧਾ ਲਵੇ ਤਾਂ ਉਹ ਸੂਰਜ ਨੂੰ ਵੇਖ ਕੇ ਉਸ ਦੀ ਵਡਿਆਈ ਕਰੇਗਾ। ਇਸ ਤਰ੍ਹਾਂ ਮੇਰੀ ਭੈੜੀ ਮਤ ਵਾਲੇ ਦੀ ਇਹ ਭੈੜੀ ਲਾਲਸਾ ਸੀ, ਮੈਂ ਆਪਣੇ ਮੁੱਖ ਤੋਂ ਬਹੁਤ ਨਿੰਦਿਆ ਕੀਤੀ॥ ੪੪॥

ਅਪਰਾਧੀ ਮੈਂ ਪ੍ਰਭੁ! ਤੁਮਾਰਾ। ਬਖਸ਼ ਲੇਹੁ ਅਬ ਦੀਨ ਦਯਾਰਾ!'।
ਰਿਦੇ ਬਿਸੂਰਤਿ ਅਸ ਮੁਖ ਬੋਲਹਿ। ਡਗਮਗ ਪਗ ਮਗ ਚਲਤਜੇ ਡੋਲਹਿ॥ ੪੫॥

ਹੇ ਪ੍ਰਭੂ ਜੀ! ਮੈਂ ਤੁਹਾਡਾ ਅਪਰਾਧੀ ਹਾਂ, ਹੇ ਦੀਨ ਦਿਆਲ ਹੁਣ ਬਖਸ਼ ਦੇਵੋ"। ਹਿਰਦਾ ਨਰਮ ਕਰਕੇ ਜਦ ਅਜੇਹੇ ਸ਼ਬਦ ਮੁਖ ਤੋਂ ਬੋਲਿਆ ਤਾਂ ਪੈਰ ਲੜਖੜਾਉਂਦੇ ਸਨ ਅਤੇ ਚਲਦਿਆਂ ਡੋਲਦਾ ਸੀ॥ ੪੫॥

ਇਕ ਨਰ ਗਹਿ ਕਰਿ ਤਿਹ ਕੋ ਹਾਥਾ। ਲੈ ਡਾਰਜੋ ਪਗ ਪਰ ਜਗਨਾਥਾ।
'ਸ਼ਰਨ ਸ਼ਰਨ ਮੈਂ' ਗਿਰਾ ਉਚਾਰੀ। ਪਰਜੋ ਰਹਜੋ ਸਮ ਦੰਡ ਅਗਾਰੀ॥ ੪੬॥

ਇਕ ਮਨੁੱਖ ਨੇ ਉਸ ਦਾ ਹੱਥ ਫੜਿਆ ਅਤੇ ਲੈ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟਿਕਵਾ ਦਿੱਤਾ "ਸ਼ਰਨ ਸ਼ਰਨ ਮੈਂ" ਉਹ ਮੁਖ ਤੋਂ ਬੋਲਿਆ ਅਤੇ ਡੰਡੌਤ ਭਾਵ ਚੁਫਾਲ ਅੱਗੇ ਪਿਆ ਰਿਹਾ॥ ੪੬॥

ਕਰਿ ਬਿਨਤੀ ਬਹੁਤੋ ਘਿਘਿਆਯੋ। ਬਹੁਰ ਨ ਊਪਰ ਸੀਸ ਉਠਾਯੋ।
ਕ੍ਰਿਪਾਨਿਧਾਨ ਤਾਸ ਗਤਿ ਦੇਖੀ। ਕਰੁਨਾ ਉਪਜੀ ਰਿਦੇ ਬਿਸ਼ੇਖੀ॥ ੪੭॥

ਬੇਨਤੀਆਂ ਕਰ ਕਰ ਬਹੁਤ ਤਰਲੇ ਕੱਢੇ। ਫਿਰ ਦੁਬਾਰਾ ਸਿਰ ਉਪਰ ਨਾ ਉਠਾਇਆ। ਕਿਰਪਾ ਨਿਧਾਨ ਗੁਰੂ ਜੀ ਨੇ ਜਦ ਇਹ ਹਾਲਤ ਵੇਖੀ, ਤਾਂ ਉਨ੍ਹਾਂ ਦੇ ਹਿਰਦੇ ਵਿਚ ਬੜੀ ਦਇਆ ਆਈ॥ ੪੭॥

ਕਹਜੋ 'ਉਠਹੁ ਖੋਲਹੁ ਨਿਜ ਲੋਚਨ। ਮਨ ਸੋਚਨ ਸਭਿ ਕਰਹੁ ਬਿਮੋਚਨ।
ਕ੍ਰਿਪਾ ਯੁਕਤਿ ਬਾਨੀ ਕੋ ਸੁਨਿਕੈ। ਉਠਿ ਬੈਠਜੋ ਬਖਸ਼ਜੋ ਨਿਜ ਗੁਨਿ ਕੈ॥ ੪੮॥

ਗੁਰੂ ਜੀ ਨੇ ਕਿਹਾ, "ਉਠੋ ਅਤੇ ਆਪਣੀਆਂ ਅੱਖਾਂ ਖੋਲ੍ਹੋ, ਮਨ ਦੀਆਂ ਸਾਰੀਆਂ ਸੋਚਾਂ ਨੂੰ ਦੂਰ ਕਰੋ। ਕਿਰਪਾ ਭਰੇ ਬਚਨ ਸੁਣ ਕੇ ਉਠ ਬੈਠਿਆ ਤੇ ਗੁਰੂ ਜੀ ਨੇ ਆਪਣਾ ਜਾਣ ਕੇ ਬਖਸ਼ ਦਿੱਤਾ॥ ੪੮॥

ਨੀਕੇ ਲਗਜੋ ਬਿਲੋਕਨ ਤੈਸੇ। ਹੁਤੀ ਅਗਾਰੀ ਦ੍ਰਿਸ਼ਟਿ ਸੁ ਜੈਸੇ।
ਹਾਥ ਬੰਦਿ ਦ੍ਵੈ ਹ੍ਵੈ ਕਰਿ ਠਾਂਢੇ। ਬੋਲਜੋ ਰਿਦੇ ਪ੍ਰੇਮ ਬਹੁ ਬਾਢੇ॥ ੪੯॥

ਫਿਰ ਚੰਗੀ ਤਰ੍ਹਾਂ ਵੇਖਣ ਲੱਗ ਗਿਆ, ਪਹਿਲਾਂ ਵਰਗੀ ਨਜ਼ਰ ਹੋ ਗਈ। ਦੋਵੇਂ ਹੱਥ ਜੋੜ ਕੇ ਖੜਾ ਹੋ ਗਿਆ ਅਤੇ ਹਿਰਦੇ ਵਿਚ ਬਹੁਤ ਪ੍ਰੇਮ ਵਧਾ ਕੇ ਬੋਲਿਆ॥ ੪੯॥

'ਕ੍ਰਿਪਾ ਧਾਰਿ ਢਿਗ ਅਪਨੇ ਪਾਇਨ। ਪ੍ਰਭੁ ਜੀ ਲੀਜੈ ਮੋਰ ਉਪਾਇਨ।
ਜਹਿਂ ਬੈਠੇ ਇਹੁ ਸੁੰਦਰ ਅਵਨੀ। ਲੇ ਧ੍ਰਮਸਾਲਾ ਕੀਜੈ ਰਵਨੀ॥ ੫੦॥

"ਕਿਰਪਾ ਕਰਕੇ ਮੈਨੂੰ ਆਪਣੇ ਚਰਨਾਂ ਵਿਚ ਥਾਂ ਬਖਸ਼ੋ। ਹੇ ਗੁਰੂ ਜੀ ! ਮੇਰਾ ਇਕ ਉਪਹਾਰ ਪ੍ਰਵਾਨ ਕਰੋ। ਜਿਸ, ਇਸ ਸੁੰਦਰ ਧਰਤੀ ਤੇ ਬੈਠੇ ਹੋ ਏਥੇ ਇਕ ਧਰਮਸਾਲਾ ਬਣਾ ਲਵੋ॥ ੫੦॥

ਅਪਨੋ ਗ੍ਰਾਮ ਬਸਾਇ ਨਿਰਾਰਾ। ਸਿਖ ਸੰਤਨ ਕੋ ਦੇਹੁ ਅਹਾਰਾ।
ਅਪਨ ਨਾਮ ਪਰ ਨਾਮ ਧਰੀਜੈ। ਭੇਟ ਲੇਹੁ ਕਿਰਤਾਰਥ ਕੀਜੈ॥ ੫੧ ॥

ਆਪਣਾ ਇਕ ਨਿਆਰਾ ਗ੍ਰਾਮ ਬਣਾਉ ਅਤੇ ਸਿੱਖ ਸੰਤਾਂ ਨੂੰ ਭੋਜਨ ਦੇਵੋ। ਆਪਣੇ ਨਾਂ ਤੇ ਪਿੰਡ ਦਾ ਨਾਂ ਰਖੋ, ਇਹ ਭੇਟ ਲੈ ਕੇ ਮੈਨੂੰ ਕਿਰਤਾਰਥ ਕਰੋ॥ ੫੧॥

ਗੁਰ ਕਹਿ 'ਜੇ ਤਵੇ ਅਸ ਮਨ ਮਾਂਹੀ। ਕਰਹੁ ਸੇਵ ਬਰਜਤਿ ਕੋ ਨਾਹੀ।
ਸਤਿ ਸੰਗਤਿ ਕੋ ਹ੍ਵੈ ਬਿਸਰਾਮਾ। ਮਿਲਿ ਕਰਿ ਸਿਮਰਹਿਂਗੇ ਹਰਿ ਨਾਮਾ ॥੫੨ ॥

ਗੁਰੂ ਜੀ ਨੇ ਕਿਹਾ, "ਜੇ ਤੇਰੇ ਮਨ ਵਿਚ ਇਸ ਤਰ੍ਹਾਂ ਹੈ ਤਾਂ ਸੇਵਾ ਕਰੋ ਤੁਹਾਨੂੰ ਕੋਈ ਰੋਕੇਗਾ ਨਹੀਂ। ਸਤਿਸੰਗਤ ਦਾ ਇਹ ਵਿਸਰਾਮ ਘਰ ਹੋਵੇਗਾ ਅਤੇ ਸਾਰੇ ਮਿਲ ਕੇ ਹਰੀ ਦੇ ਨਾਮ ਦਾ ਸਿਮਰਨ ਕਰਨਗੇ॥ ੫੨॥

ਤਬ ਖੱਤ੍ਰੀ ਨਿਜ ਮਨੁਜ ਪਠਾਏ। ਘਰ ਕੇ ਕਰਨਹਾਰ ਬੁਲਵਾਏ।
ਤਿਹ ਠਾਂ ਤੂਰਨ ਕੀਨਿ ਤਯਾਰੀ। ਆਨਿ ਬਸਾਏ ਬਹੁ ਨਰ ਨਾਰੀ॥੫੩ ॥

ਤਦ ਖੱਤਰੀ ਨੇ ਆਪਣੇ ਆਦਮੀਆਂ ਨੂੰ ਭੇਜਿਆ ਅਤੇ ਮਕਾਨ ਬਣਾਉਣ ਵਾਲੇ ਕਾਰੀਗਰਾਂ ਨੂੰ ਬੁਲਾਇਆ। ਉਸ ਸਥਾਨ ਤੇ ਥੋੜ੍ਹੇ ਸਮੇਂ ਵਿਚ ਹੀ ਬਹੁਤ ਮਕਾਨ ਤਿਆਰ ਕਰਵਾ ਕੇ, ਬਹੁਤ ਨਰ ਨਾਰੀਆਂ ਨੂੰ ਲਿਆ ਕੇ ਵਿਚ ਵਸਾ ਦਿੱਤਾ॥ ੫੩॥

ਸ੍ਰੀ 'ਕਰਤਾਰਪੁਰਾ' ਧਰਿ ਨਾਮੂ। ਧਰਮਸਾਲ ਇਕਿ ਰਚਿ ਅਭਿਰਾਮੂ।
ਕਰਿ ਬਿਨਤੀ ਸਤਿਗੁਰੂ ਅਗਾਰੀ। ਲੇਕਰਿ ਗਮਨਜੋ ਤਾਂਹਿ ਮਝਾਰੀ॥ ੫੪ ॥

ਨਵੇਂ ਪਿੰਡ ਦਾ ਨਾਂ ਕਰਤਾਰਪੁਰ ਰਖਿਆ ਗਿਆ। ਗ੍ਰਾਮ ਵਿਚ ਇਕ ਸੁੰਦਰ ਧਰਮਸਾਲਾ ਬਣਾ ਦਿੱਤੀ। ਸਤਿਗੁਰੂ ਅੱਗੇ ਬੇਨਤੀ ਕਰਕੇ ਉਸ ਪਿੰਡ ਵਿਚ ਲੈ ਕੇ ਚਲੇ ਗਿਆ॥ ੫੪॥

ਬਹੁ ਸੁੰਦਰ ਪਰਯੰਕ ਡਸਾਯੋ। ਊਪਰ ਰੁਚਿਰ ਬਿਛੌਨਾ ਛਾਯੋ।
ਤਹਾਂ ਬਿਠਾਇ ਭਾਉ ਕਰਿ ਭਾਰੀ। ਦੀਪ ਜਗਾਇ ਆਰਤੀ ਉਤਾਰੀ॥੫੫ ॥

ਧਰਮਸਾਲਾ ਵਿਚ ਬਹੁਤ ਸੁੰਦਰ ਪਲੰਘ ਡਾਹਿਆ, ਉਤੇ ਸੁੰਦਰ ਵਿਛਾਉਣਾ ਵਿਛਾਇਆ, ਉਸ ਉਪਰ ਗੁਰੂ ਜੀ ਨੂੰ ਬਹੁਤ ਪਿਆਰ ਕਰਕੇ ਬਿਠਾਇਆ। ਦੀਪ ਜਗਾਏ ਅਤੇ ਫਿਰ ਆਰਤੀ ਉਤਾਰੀ॥ ੫੫॥

'ਜੈ ਜੈ ਗੁਰ! ਭਗਤਨ ਸੁਖਕਾਰੀ। ਅਸੁਰ ਸੰਘਾਰਨ, ਬੇਦ ਉਬਾਰੀ।
ਰਾਵਨ ਮਰਦਨ ਕੰਸ ਕੁ ਛੇਦਨ। ਤੂੰ ਨਰਸਿੰਘ, ਬਾਲੀ ਉਰ ਭੇਦਨ॥ ੫੬ ॥

'ਜੈ ਜੈ ਗੁਰ ! ਜਿਹੜੇ ਭਗਤਾਂ ਨੂੰ ਸੁਖ ਦੇਣ ਵਾਲੇ ਹਨ। ਦੈਂਤਾਂ ਨੂੰ ਮਾਰਨ ਵਾਲੇ ਅਤੇ ਵੇਦਾਂ ਨੂੰ ਬਚਾਉਣ ਵਾਲੇ ਹਨ। ਤੁਸੀਂ ਰਾਵਨ ਨੂੰ ਮਾਰਨ ਵਾਲੇ ਰਾਮ ਹੋ ਅਤੇ ਕੰਸ ਨੂੰ ਮਾਰਨ ਵਾਲੇ ਕ੍ਰਿਸ਼ਨ ਹੋ। ਤੁਸੀਂ ਨਰਸਿੰਘ ਅਵਤਾਰ ਹੋ ਅਤੇ ਬਾਲੀ ਦੀ ਛਾਤੀ ਵਿੰਨ੍ਹਣ ਵਾਲੇ ਰਾਮ ਹੋ॥ ੫੬॥

ਮੈਂ ਖਲ ਬਹੁਤ ਖਤਾ ਤੁਮ ਕੀਨੀ। ਤ੍ਰਾਹਿ ਤ੍ਰਾਹਿ ਬਖਸ਼ਹੁ ਵਰ ਦੀਨੀ।
ਅਘ ਤਮ ਹਰਨ ਭਾਨੁ,ਗੁਰ! ਜਨ ਲਖਿ। ਨਾਮ ਸਲਲ ਤਿਨ ਕਹਿ ਕਰਿ ਮਨ ਝਖ ॥੫੭॥

ਮੈਂ ਮੂਰਖ ਹਾਂ ਅਤੇ ਬਹੁਤ ਗਲਤ ਵਿਹਾਰ ਕਰਦਾ ਰਿਹਾ ਹਾਂ, ਮੇਰੀ ਰਖਿਆ ਕਰੋ ਅਤੇ ਵਰ ਦੇ ਕੇ ਬਖਸ਼ੋ। ਤੁਸੀਂ ਪਾਪਾਂ ਰੂਪੀ ਹਨੇਰ ਨੂੰ ਦੂਰ ਕਰਨ ਵਾਲੇ ਸੂਰਜ ਹੋ। ਗੁਰੂ ਜੀ ਨੂੰ ਭਗਤਾਂ ਨੇ ਜਾਣਿਆ ਹੈ, ਉਨ੍ਹਾਂ ਨੇ ਨਾਮ ਰੂਪੀ ਜਲ ਵਿਚ ਮਨ ਨੂੰ ਮੱਛ ਬਣਾਇਆ ਹੈ॥ ੫੭॥

ਜਗ ਗੁਰ ਬਚਨ ਸੁਨੇ ਜਬ ਐਸੇ। ਗਏ ਕਪਾਟ ਖੂਲ ਦਰ ਜੈਸੇ।
ਭਗਤਿ ਦਾਨ ਕਹਿ ਦੇ ਗੁਰ ਦੀਨੀ। ਲੈ ਵਰ ਉਮਗਿ ਸੇਵ ਬਹੁ ਕੀਨੀ ॥੫੮॥

ਜਦ ਗੁਰੂ ਜੀ ਨੇ ਅਜੇਹੇ ਬਚਨ ਸੁਣੇ ਤਾਂ ਖੱਤਰੀ ਦੇ ਕਪਾਟ ਇਸ ਤਰ੍ਹਾਂ ਖੁਲ੍ਹ ਗਏ ਜਿਵੇਂ ਦਰਵਾਜ਼ਾ ਖੁਲ੍ਹਦਾ ਹੈ। ਭਗਤੀ ਦਾਨ ਦਾ ਵਰ ਕਹਿ ਕੇ ਗੁਰੂ ਜੀ ਨੇ ਦਿੱਤਾ। ਵਰ ਪ੍ਰਾਪਤ ਕਰਕੇ ਬੜੇ ਉਤਸ਼ਾਹ ਨਾਲ ਬਹੁਤ ਸੇਵਾ ਕੀਤੀ॥ ੫੮॥

ਇਸ ਪ੍ਰਕਾਰ ਕੀ ਸੇਵਾ ਕਰਿਕੈ। ਰਹਯੋ ਕਿਤਿਕ ਦਿਨ ਪ੍ਰੇਮ ਸੁ ਧਰਿਕੈ।
ਲੇ ਰਜਾਇ ਪੁਨ ਗਯੋ ਲਹੌਰਾ। ਪਸਰਯੋ ਜਸੁ ਬਿਸਾਲ ਚਹੁੰ ਓਰਾ ॥੫੯॥

ਇਸ ਪ੍ਰਕਾਰ ਦੀ ਸੇਵਾ ਕਰਕੇ, ਪ੍ਰੇਮ ਧਾਰਨ ਕਰਕੇ ਓਥੇ ਕਈ ਦਿਨ ਰਿਹਾ। ਫਿਰ ਆਗਿਆ ਪ੍ਰਾਪਤ ਕਰਕੇ ਲਾਹੌਰ ਵਾਪਸ ਚਲਾ ਗਿਆ, ਗੁਰੂ ਜੀ ਦਾ ਚਾਰੇ ਤਰਫ ਵਿਸ਼ਾਲ ਜਸ ਪਸਰ ਗਿਆ॥ ੫੯॥

ਜਹਿਂ ਜਹਿਂ ਸੁਨਹਿਂ ਸਿੱਖ ਸਭਿ ਆਵਹਿਂ। ਰਹਹਿਂ ਨਿਕਟ ਸੇਵਹਿਂ ਸੁਖ ਪਾਵਹਿਂ।
ਬਹੁਰ ਸੁਲਖਣੀ ਸਭਿ ਸੁਖ ਸਾਨੀ। ਆਇਸੁ ਪਤਿ ਕੀ ਪਾਇ ਸਯਾਨੀ ॥੬੦॥

ਜਿਥੇ ਜਿਥੇ ਵੀ ਸਿੱਖ ਸੁਣਦੇ ਸਨ, ਉਹ ਸਭ ਬੜੀ ਸ਼ਰਧਾਂ ਨਾਲ ਗੁਰੂ ਦਰਸ਼ਨਾਂ ਲਈ ਆ ਰਹੇ ਸਨ, ਗੁਰੂ ਜੀ ਦੇ ਪਾਸ ਰਹਿ ਕੇ ਸੇਵਾ ਕਰਕੇ ਸੁਖ ਪਾਉਂਦੇ ਸਨ। ਫਿਰ ਮਾਤਾ ਸੁਲੱਖਣੀ ਜੀ, ਜਿਹੜੇ ਸਾਰੇ ਸੁੱਖਾਂ ਨਾਲ ਭਰਪੂਰ ਹੋਏ ਸਨ ਅਤੇ ਬੜੇ ਸਿਆਣੇ ਅਤੇ ਗੁਣਵਾਨ ਸਨ, ਨੇ ਗੁਰੂ ਜੀ ਦੀ ਆਗਿਆ ਪ੍ਰਾਪਤ ਕਰ ਲਈ॥ ੬੦॥

ਦੋਨੋ ਸੁਤ ਲੇਕਰਿ ਨਿਜ ਸਾਥਾ! ਆਈ ਚਲਿ ਸਮੀਪ ਜਗਨਾਥਾ।
ਸੁੰਦਰ ਸਦਨ ਤਹਾਂ ਬਨਿਵਾਏ। ਰਹਿਨ ਲਗੇ ਸੁਖ ਭੇ ਮਨ ਭਾਏ ॥੬੧॥

ਉਹ ਦੋਵੇਂ ਪੁੱਤਰ ਆਪਣੇ ਨਾਲ ਲੈ ਕੇ, ਗੁਰੂ ਜੀ ਦੇ ਪਾਸ ਆ ਗਈ। ਸੁੰਦਰ ਘਰ ਓਥੇ ਬਣਵਾਇਆ ਗਿਆ ਅਤੇ ਸਾਰੇ ਓਥੇ ਸੁੱਖ ਦੇ ਨਾਲ ਮਨ ਭਾਉਂਦੇ ਢੰਗ ਨਾਲ ਰਹਿਣ ਲੱਗੇ॥ ੬੧॥

ਬਨੀ ਬਹੁਤ ਨੀਕੀ ਧ੍ਰਮਸਾਲਾ। ਬੈਠਹਿਂ ਤਿਹ ਕੇ ਬੀਚ ਕ੍ਰਿਪਾਲਾ।
ਨਿਸ ਬਾਸੁਰ ਹ੍ਵੈ ਕਿਰਤਨ ਭਾਰੀ। ਪਢਹਿਂ ਸ਼ਬਦ ਪੁਨ ਕਰਹਿਂ ਬਿਚਾਰੀ ॥੬੨॥

ਜਿਹੜੀ ਬੜੀ ਸੁੰਦਰ ਧਰਮਸਾਲਾ ਬਣੀ ਸੀ, ਉਸ ਦੇ ਵਿਚ ਗੁਰੂ ਜੀ ਬੈਠਦੇ ਸਨ। ਦਿਨ ਰਾਤ ਓਥੇ ਭਾਰੀ ਕੀਰਤਨ ਹੁੰਦਾ ਸੀ। ਸ਼ਬਦ ਪੜ੍ਹ ਕੇ ਫਿਰ ਉਸ ਤੇ ਵਿਚਾਰ ਕਰਦੇ ਸਨ॥ ੬੨॥

ਬੋਵਹਿਂ ਬਹੁਤ ਅੰਨ ਕ੍ਰਿਸ਼ਿ ਕਾਰੀ। ਪਾਕੇ ਤੇ ਜਬ ਹੋਇ ਤਯਾਰੀ।
ਆਨਹਿਂ ਸਤਿਗੁਰ ਕੇਰ ਅਗਾਰੀ। ਦੇਗ ਚਲਾਵਹਿਂ ਤਿਹਠਾਂ ਭਾਰੀ ॥੬੩॥

ਗੁਰੂ ਜੀ ਉਥੇ ਖੇਤੀ ਵੀ ਕਰਨ ਲੱਗ ਗਏ, ਬਹੁਤ ਅੰਨ ਬੀਜਦੇ ਸਨ, ਖੇਤ ਜਦ ਪੱਕ ਕੇ ਤਿਆਰ ਹੋ ਜਾਂਦੇ ਸਨ ਤਾਂ ਸ਼ਰਧਾਲੂ ਸਾਰਾ ਅੰਨ ਲਿਆ ਕੇ ਸਤਿਗੁਰੂ ਦੇ ਅੱਗੇ ਰੱਖ ਦਿੰਦੇ ਸਨ, ਗੁਰੂ ਜੀ ਉਸ ਅੰਨ ਨਾਲ ਭਾਰੀ ਲੰਗਰ ਚਲਾਉਂਦੇ ਸਨ॥ ੬੩॥

ਭੂਖਾ ਰਹਿਨ ਨ ਪਾਵੈ ਕੋਈ। ਸਰਬ ਕਾਲ ਮਹਿਂ ਭੋਜਨ ਹੋਈ।
ਇਕਠੇ ਭਏ ਲੋਗ ਬਹੁ ਆਈ। ਦਰਸ਼ਨ ਕਰਹਿਂ ਜਨਮ ਫਲ ਪਾਈ ॥੬੪॥

ਕੋਈ ਵੀ ਭੁੱਖਾ ਨਹੀਂ ਸੀ ਰਹਿੰਦਾ, ਹਰ ਸਮੇਂ ਭੋਜਨ ਮਿਲਦਾ ਸੀ। ਬਹੁਤ ਲੋਕ ਇਕੱਠੇ ਹੋ ਕੇ ਆਉਂਦੇ ਸਨ, ਦਰਸ਼ਨ ਕਰਕੇ ਜਨਮ ਸਫਲ ਕਰਦੇ ਸਨ॥ ੬੪॥

ਹੁਤੇ ਕਰਮ ਕਾਂਡੀ ਇਕ ਦਿਜਬਰ। ਸਤਿਗੁਰ ਢਿਗ ਆਯੋ ਤਬ ਚਲਿ ਕਰਿ।
ਆਨਿ ਅਸ਼ੀਰਬਾਦ ਕੋ ਕੀਨੋ। ਭੂਖ ਬਿਖੈ ਸੋ ਹੁਤੇ ਅਧੀਨੋ॥ ੬੫॥

ਇਕ ਕਰਮ ਕਾਂਡੀ ਬ੍ਰਾਹਮਣ ਰਹਿੰਦਾ ਸੀ, ਉਹ ਇਕ ਵਾਰ ਸਤਿਗੁਰੂ ਜੀ ਪਾਸ ਚਲ ਕੇ ਆਇਆ। ਆ ਕੇ ਉਸ ਅਸ਼ੀਰਬਾਦ ਕੀਤੀ। ਭੁੱਖ ਨਾਲ ਉਹ ਬਹੁਤ ਆਤਰ ਹੋਇਆ ਸੀ॥ ੬੫॥

ਤਿਹ ਛਿਨ ਦੇਖਿ ਰਸੋਈ ਤਯਾਰੀ। ਦਿਜ ਸੋਂ ਸ੍ਰੀ ਗੁਰ ਗਿਰਾ ਉਚਾਰੀ।
'ਛੁਧਾ ਅਹੈ ਜੇ ਉਦਰ ਮਝਾਰਾ। ਅਚੋ ਅਹਾਰ ਬਨਯੋ ਅਬ ਤਯਾਰਾ ॥੬੬॥

ਉਸ ਸਮੇਂ ਲੰਗਰ ਤਿਆਰ ਵੇਖ ਕੇ ਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਜੇ ਤੁਹਾਨੂੰ ਭੁੱਖ ਲੱਗੀ ਹੋਈ ਹੈ, ਭੋਜਨ ਛਕੋ, ਸਭ ਕੁਝ ਤਿਆਰ ਹੈ॥ ੬੬॥

ਦਿਜ ਬੋਲਯੋ 'ਹੌਂ ਖਾਤ ਨ ਐਸੇ। ਬਿਨ ਸੰਜਮ ਭਾ ਭੋਜਨ ਜੈਸੇ।
ਕਰਮ ਕਾਂਡ ਕੇ ਮੈਂ ਅਨੁਸਾਰਾ। ਅਤਿ ਸੁਚ ਸੋਂ ਨਿਤ ਕਰੋਂ ਅਹਾਰਾ ॥੬੭॥

ਬ੍ਰਾਹਮਣ ਨੇ ਕਿਹਾ, "ਮੈਂ ਇਸ ਤਰ੍ਹਾਂ ਨਹੀਂ ਖਾਵਾਂਗਾ, ਇਹ ਮਰਯਾਦਾ ਰਹਿਤ ਭੋਜਨ ਹੈ। ਮੈਂ ਕਰਮ ਕਾਂਡ ਅਨੁਸਾਰ ਅਤਿ ਸੁਚਮ ਨਾਲ ਭੋਜਨ ਕਰਦਾ ਹਾਂ॥ ੬੭॥

ਧਰਨੀ ਕਉ ਖੁਨਿ ਕੈ ਇਕ ਹਾਥਾ। ਚੌਂਕਾ ਦੇਵਉਂ ਗੋਬਰ ਸਾਥਾ।
ਆਨੌਂ ਅਪਨੇ ਕਰ ਸੋਂ ਬਾਰੀ। ਸਭਿ ਸਮਾਧਾ ਸੋ ਲੇਉਂ ਪਖਾਰੀ ॥੬੮॥

ਇਕ ਹੱਥ ਧਰਤੀ ਪੁੱਟ ਕੇ ਉਸ ਉਤੇ ਗਊ ਦੇ ਗੋਬਰ ਦਾ ਪੋਚਾ ਦੇਵਾਂਗਾ। ਆਪਣੇ ਹੱਥਾਂ ਨਾਲ ਜਲ ਲਿਆਵਾਂਗਾ। ਪਹਿਲਾਂ ਸਾਰੇ ਬਾਲਣ ਨੂੰ ਧੋਵਾਂਗਾ॥ ੬੮॥

ਸਰਬ ਅੰਨ ਚੁਨਿ ਕਰੋਂ ਸਵਾਰੀ। ਨਿਜ ਕਰ ਸੰਗਿ ਅਹਾਰ ਤਯਾਰੀ।
ਉਚਿਤ ਅਚਨ ਕੇ ਹੋਵਹਿ ਤਬਹੀ। ਕਰੀ ਜਿ ਬਿਧਿ ਬਨ ਆਵਹਿ ਸਭਿਹੀ ॥੬੯॥

ਸਾਰਾ ਅੰਨ ਚੁਣ ਕੇ ਸਵਾਰਾਂਗਾ, ਆਪਣੇ ਹੱਥਾਂ ਨਾਲ ਭੋਜਨ ਤਿਆਰ ਕਰਾਂਗਾ। ਛਕਣ ਦੇ ਫਿਰ ਹੀ ਉਹ ਲਾਇਕ ਹੋਵੇਗਾ। ਜੇ ਇਹ ਵਿਧੀ ਕਰਾਂ ਤਾਂ ਫਿਰ ਭੋਜਨ ਤਿਆਰ ਹੋ ਜਾਵੇਗਾ॥ ੬੯॥

ਤੁਮਰੀ ਕਰੀ ਨ ਹਮਰੇ ਕਾਜੂ। ਸੁਨਿ ਕਰਿ ਭਨਯੋ ਗਰੀਬ ਨਿਵਾਜੂ।
'ਸੁਸ਼ਕ ਅੰਨ ਅਬ ਹੇ ਦਿਜ! ਲੀਜੈ। ਨਿਜ ਕਰ ਸੋਂ ਕਰਿ ਅਚਵਨ ਕੀਜੈ' ॥੭੦॥

ਤੁਹਾਡਾ ਤਿਆਰ ਕੀਤਾ ਹੋਇਆ ਭੋਜਨ ਸਾਡੇ ਕਿਸੇ ਕੰਮ ਨਹੀਂ।" ਇਹ ਸੁਣ ਕੇ ਗਰੀਬ-ਨਿਵਾਜ ਗੁਰੂ ਜੀ ਬੋਲੇ, "ਹੇ ਬ੍ਰਾਹਮਣ! ਸਾਡੇ ਪਾਸੋਂ ਸੁਕੀ ਰਸਦ ਲੈ ਲਵੋ, ਆਪਣੀ ਨਿਜੀ ਹੱਥਾਂ ਨਾਲ ਤਿਆਰ ਕਰਕੇ ਛਕੋ"॥ ੭੦॥

ਲੀਨੋ ਸੀਧਾ ਤਬ ਦਿਜਬਰ ਸੋ। ਖੋਦਨ ਲਗਾ ਧਰਨਿ ਨਿਜ ਕਰ ਸੋਂ।
ਨਿਕਸੇ ਅਸਤਿ ਛੋਰਿ ਤਿਸ ਥਾਈਂ। ਖੋਦਨ ਲਗਯੋ ਅਪਰ ਥਲ ਜਾਈ ॥੭੧॥

ਉਸ ਬ੍ਰਾਹਮਣੇ ਨੇ ਸੁਕੀ ਰਸਦ ਲੈ ਲਈ, ਫਿਰ ਆਪਣੇ ਹੱਥਾਂ ਨਾਲ ਧਰਤੀ ਪੁੱਟਣ ਲੱਗਾ, ਉਸ ਥਾਂ ਧਰਤੀ ਹੇਠੋਂ ਹੱਡੀਆਂ ਨਿਕਲੀਆਂ। ਫਿਰ ਕਿਸੇ ਹੋਰ ਥਾਂ ਜਾ ਕੇ ਪੁੱਟਣ ਲੱਗਾ॥ ੭੧॥

ਨਿਕਸੇ ਅਸਤਿ, ਸੁ ਜਾਨ ਅਪਾਵਨ। ਤਿਹ ਗਯੋ ਔਰ ਹੀ ਥਾਵਨ।

ਜਹਾਂ ਖੁਨਹਿ ਤਹਿਂ ਅਸਤੀ ਨਿਕਸੈਂ। ਹੇਰਿ ਹੇਰਿ ਨਰ ਤਿਹ ਕੋ ਬਿਕਸੈਂ ॥੭੨ ॥

ਉਸ ਥਾਂ ਵੀ ਹੱਡੀਆਂ ਨਿਕਲੀਆਂ, ਉਸ ਥਾਂ ਵੀ ਅਪਵਿੱਤਰ ਜਾਣ ਕੇ, ਫਿਰ ਕਿਸੇ ਹੋਰ ਥਾਂ ਚਲਾ ਗਿਆ। ਜਿਥੇ ਵੀ ਜਾ ਕੇ ਧਰਤੀ ਪੁੱਟਦਾ ਸੀ, ਓਥੇ ਹੱਡੀਆਂ ਹੀ ਨਿਕਲਦੀਆਂ ਸਨ, ਵੇਖ ਵੇਖ ਕੇ ਮਨੁੱਖ ਹੈਰਾਨ ਹੋ ਰਹੇ ਸਨ॥ ੭੨ ॥

ਸਰਬ ਦਿਵਸ ਸੋ ਖੋਦਤਿ ਰਹਜੋ। ਏਕ ਛੁਧਾ ਦੂਜੋ ਸ਼੍ਰਮ ਲਹਜੋ।
ਭਯੋ ਬਿਕੁਲ ਆਯੋ ਪ੍ਰਭੁ ਪਾਸਾ। ਬੰਦਿ ਹਾਥ ਕੀਨੀ ਅਰਦਾਸਾ ॥੭੩ ॥

ਸਾਰਾ ਦਿਨ ਉਹ ਧਰਤੀ ਪੁੱਟਦਾ ਰਿਹਾ, ਇਕ ਭੁੱਖ, ਦੂਜੀ ਥਕਾਵਟ ਕਾਰਨ ਵਿਆਕੁਲ ਹੋ ਕੇ ਪ੍ਰਭੂ ਪਾਸ ਆਇਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ॥ ੭੩ ॥

'ਜਹਾਂ ਅਹਾਰ ਤੁਮਾਰੋ ਹੋਇ। ਦੀਜੈ ਮੋਹਿ ਖਾਇ ਹੌਂ ਸੋਇ।
ਰਾਵਰ ਮਹਾਂ ਪੁਰਖ ਗੁਨਖਾਨੀ। ਮੈਂ ਤੁਮਰੀ ਆਇਸੁ ਨਹਿਂ ਮਾਨੀ ॥੭੪ ॥

"ਜਿਥੇ ਤੁਹਾਡਾ ਭੋਜਨ ਹੈ, ਉਹ ਮੈਨੂੰ ਦੇ ਦੇਵੋ, ਮੈਂ ਉਹ ਹੀ ਖਾ ਲਵਾਂਗਾ। ਆਪ ਤਾਂ ਮਹਾਂਪੁਰਖ ਗੁਣਾਂ ਦੀ ਖਾਣ ਹੋ, ਮੈਂ ਤੁਹਾਡੀ ਆਗਿਆ ਨਹੀਂ ਸੀ ਮੰਨੀ॥ ੭੪ ॥

ਯਾਂ ਤੇ ਖੇਦ ਭਯੋ ਤਨ ਭਾਰੀ। ਅਬ ਮੈਂ ਹੌਂ ਤੁਮਰੇ ਅਨੁਸਾਰੀ'।
ਸੁਨਿਕੈ ਬੋਲੇ ਬਚਨ ਕ੍ਰਿਪਾਲਾ। 'ਦਿਜ ਜੂ! ਬੀਤ ਗਯੋ ਸੋ ਕਾਲਾ ॥੭੫ ॥

ਇਸ ਕਰਕੇ ਸਰੀਰ ਨੂੰ ਬਹੁਤ ਭਾਰੀ ਦੁਖ ਹੋਇਆ ਹੈ। ਹੁਣ ਮੈਂ ਤੁਹਾਡੀ ਆਗਿਆ ਦਾ ਅਨੁਸਾਰੀ ਹੋ ਗਿਆ ਹਾਂ।" ਇਹ ਸੁਣ ਕੇ ਕਿਰਪਾਲੂ ਗੁਰੂ ਜੀ ਨੇ ਬਚਨ ਕੀਤੇ, "ਹੇ ਬ੍ਰਾਹਮਣ ! ਉਹ ਸਮਾਂ ਹੁਣ ਬੀਤ ਗਿਆ ਹੈ॥ ੭੫ ॥

ਅਬ ਮੁਖ ਵਾਹਿਗੁਰੂ ਕਹਿ ਲੀਜੈ। ਅਵਨੀ ਕੋ ਪਾਵਨ ਇਉਂ ਕੀਜੈ।
ਸਾਜਿ ਰਸੋਈ ਭੋਜਨ ਕਰੀਏ। ਸਭਿਹੀ ਰਿਦੇ ਭਰਮ ਪਰਹਰੀਏ' ॥੭੬ ॥

ਹੁਣ ਮੁੱਖ ਤੋਂ 'ਵਾਹਿਗੁਰੂ' ਕਹਿ ਲਵੋ, ਧਰਤੀ ਨੂੰ ਇਸ ਤਰ੍ਹਾਂ ਪਵਿੱਤਰ ਕਰ ਲਵੋ। ਰਸੋਈ ਸਾਜ ਕੇ ਭੋਜਨ ਕਰੋ ਅਤੇ ਹਿਰਦੇ ਦੇ ਸਾਰੇ ਭਰਮ ਦੂਰ ਕਰੋ" ॥ ੭੬ ॥

ਤਬਹੀ ਦਿਜ ਨੈ ਆਇਸੁ ਮਾਨੀ। ਕੀਨ ਰਸੋਈ ਭ੍ਰਮ ਕਰਿ ਹਾਨੀ।
ਕਰਿ ਭੋਜਨ ਕੋ ਜਬ ਢਿਗ ਆਯੋ। ਸ੍ਰੀ ਗੁਰ ਤਬ ਇਕ ਸ਼ਬਦ ਅਲਾਯੋ ॥੭੭ ॥

ਤਦ ਬ੍ਰਾਹਮਣ ਨੇ ਆਗਿਆ ਮੰਨੀ, ਭਰਮ ਨੂੰ ਦੂਰ ਕਰਕੇ ਭੋਜਨ ਛਕਿਆ। ਜਦ ਭੋਜਨ ਕਰਕੇ ਫਿਰ ਗੁਰੂ ਜੀ ਪਾਸ ਆਇਆ ਤਾਂ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੭੭ ॥

*ਬਸੰਤੁ ਮਹਲਾ ੧ ॥*

*ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥*
*ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦੁਧ ਸਿਉ ਗਾਡਿ॥ ੧॥*
*ਰੇ ਮਨ ਲੇਖੈ ਕਬਹੂ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ॥ ੧॥ ਰਹਾਉ॥*
*ਦਸ ਅਠ ਲੀਖੇ ਹੋਵਹਿ ਪਾਸਿ॥ ਚਾਰੇ ਬੇਦ ਮੁਖਾਗਰ ਪਾਠਿ॥*
*ਪੁਰਬੀ ਨਾਵੈ ਵਰਨਾਂ ਕੀ ਦਾਤਿ। ਵਰਤ ਨੇਮ ਕਰੇ ਦਿਨ ਰਾਤਿ॥ ੨॥*
*ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥*
*ਕੋ ਗਿਰਹੀ ਕਰਮਾਂ ਕੀ ਸੰਧਿ॥ ਬਿਨੁ ਬੂਝੇ ਸਭ ਖੜੀਅਸਿ ਬੰਧਿ॥ ੩॥*

*ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ॥*

*ਹੁਕਮੁ ਕਰਹਿ ਮੂਰਖ ਗਾਵਾਰ॥ ਨਾਨਕ ਸਾਚੇ ਕੇ ਸਿਫਤਿ ਭੰਡਾਰ॥ ੪॥ ੩॥ (ਪੰਨਾ ੧੧੯੯)*

ਸੋਨੇ ਦਾ ਚੌਕਾ ਹੋ ਅਤੇ ਸੋਨੇ ਦੇ ਹੀ ਬਰਤਨ ਹਨ। ਵਲਗਣ ਦੀਆਂ ਚਾਂਦੀ ਦੀਆਂ ਲਕੀਰਾਂ ਦੂਰ ਤਕ ਫੈਲੀਆਂ ਹੋਈਆਂ ਹਨ। ਗੰਗਾ ਦਾ ਪਾਣੀ ਹੈ ਅਤੇ ਅੱਗ ਯਜਨਾ ਰੁੱਖ ਦੀ ਲਕੜ ਦੀ ਹੈ। ਖਾਣਾ ਦੁੱਧ ਵਿਚ ਉਬਲੇ ਹੋਏ ਵਧੀਆ ਚੌਲਾਂ ਦਾ ਹੈ॥ ੧॥

ਹੇ ਮੇਰੇ ਮਨ ! ਇਹ ਕਦੀ ਵੀ ਕਿਸੇ ਹਿਸਾਬ ਵਿਚ ਨਹੀਂ, ਜਦ ਤਕ ਤੂੰ ਸੱਚੇ ਨਾਮ ਅੰਦਰ ਨਹੀਂ ਭਿਜਦਾ॥ ੧॥ ਠਹਿਰਾਉ॥

ਭਾਵੇਂ ਮਨੁੱਖ ਪਾਸ ਆਪਣੇ ਹੱਥ ਨਾਲ ਲਿਖੇ ਹੋਏ ਅਠਾਰਾਂ ਪੁਰਾਣ ਹੋਣ। ਭਾਵੇਂ ਉਹ ਚਾਰੇ ਵੇਦ ਮੂੰਹ ਜ਼ਬਾਨੀ ਪੜ੍ਹਦਾ ਹੋਵੇ, ਭਾਵੇਂ ਤਿਉਹਾਰਾਂ ਤੇ ਇਸ਼ਨਾਨ ਕਰਦਾ ਹੋਵੇ ਅਤੇ ਜਾਤ ਅਨੁਸਾਰ ਪੁੰਨ ਦਾਨ ਕਰਦਾ ਹੋਵੇ, ਭਾਵੇਂ ਉਹ ਵਰਤ ਨੇਮ ਦਿਨ ਰਾਤ ਕਰਦਾ ਹੋਵੇ॥ ੨॥

ਭਾਵੇਂ ਉਹ ਕਾਜ਼ੀ ਮੁਲਾਂ ਜਾਂ ਸ਼ੇਖ ਹੋਵੇ। ਭਾਵੇਂ ਉਹ ਜੋਗੀ ਜੰਗਮ ਜਾਂ ਭਗਵੇਂ ਕਪੜਿਆਂ ਵਾਲਾ ਸਾਧੂ ਹੋਵੇ। ਭਾਵੇਂ ਉਹ ਗ੍ਰਹਿਸਤੀ ਹੋ ਕੇ ਧਾਰਮਿਕ ਕਰਮ ਕਾਂਡ ਕਰਨ ਵਾਲਾ ਹੋਵੇ। ਪਰ ਪ੍ਰਭੂ ਨੂੰ ਜਾਣਨ ਤੋਂ ਬਗੈਰ ਸਾਰਿਆਂ ਨੂੰ ਯਮ ਬੰਨ੍ਹ ਕੇ ਲੈ ਜਾਂਦਾ ਹੈ॥ ੩॥

ਜਿੰਨੇ ਵੀ ਜੀਅ ਹਨ, ਉਨ੍ਹਾਂ ਸਾਰਿਆਂ ਦੇ ਮੱਥੇ ਉਤੇ ਕਾਰ ਵਿਹਾਰ ਲਿਖੇ ਹੋਏ ਹਨ। ਉਹਨਾਂ ਦੇ ਅਮਲਾਂ ਅਨੁਸਾਰ ਉਨ੍ਹਾਂ ਦਾ ਫੈਸਲਾ ਹੋਵੇਗਾ। ਮੂਰਖ ਗਵਾਰ ਹੁਕਮ ਕਰਦੇ ਹਨ। ਹੇ ਨਾਨਕ ! ਸੱਚਾ ਮਨੁਖ ਸਿਫ਼ਤ ਸ਼ਲਾਘਾ ਦੇ ਭੰਡਾਰਾਂ ਦਾ ਮਾਲਕ ਹੈ॥ ੪॥

**ਦੋਹਰਾ- ਸੁਨਿ ਕਰਿ ਦਿਜਬਰ ਬੰਦਿ ਕਰ ਧਰਜੋ ਚਰਨ ਪੁਰ ਸੀਸ।**
**ਭਯੋ ਸਿੱਖ ਸਤਿਗੁਰੂ ਕੋ ਨਾਮ ਜਪਤਿ ਜਗਦੀਸ਼॥ ੨੮॥**

ਇਹ ਸੁਣ ਕੇ ਬ੍ਰਾਹਮਣ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਸੀਸ ਰੱਖਿਆ। ਗੁਰੂ ਜੀ ਦਾ ਸਿੱਖ ਹੋਇਆ ਅਤੇ ਵਾਹਿਗੁਰੂ ਦਾ ਨਾਮ ਜਪਣ ਲੱਗਾ॥ ੨੮॥

**ਚੌਪਈ- ਭਾਉ ਭਗਤਿ ਕੀ ਉਰ ਲਿਵ ਲਾਗੀ। ਸਤਿਨਾਮ ਸਿਮਰਨ ਰਤਿ ਜਾਗੀ।**
**ਗੁਰ ਕਰੁਨਾ ਕੋ ਪਾਇ ਬਿਸਾਲਾ। ਭਰਮ ਸਰਬ ਨਾਸ਼ਜੋ ਤਤਕਾਲਾ॥੨੯॥**

ਹਿਰਦੇ ਵਿਚ ਭਗਤੀ ਪ੍ਰੇਮ ਦੀ ਲਿਵ ਲੱਗ ਗਈ ਅਤੇ ਸਤਿਨਾਮ ਸਿਮਰਨ ਦੀ ਪ੍ਰੀਤ ਲੱਗ ਗਈ। ਗੁਰੂ ਜੀ ਦੀ ਵਿਸ਼ਾਲ ਕਿਰਪਾ ਪਾ ਕੇ ਸਾਰੇ ਭਰਮ ਤੁਰਤ ਨਾਸ ਹੋ ਗਏ॥ ੨੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕਰਤਾਰ ਪੁਰ ਬਸਾਵਨ, ਦਿਜ ਪ੍ਰਸੰਗ' ਬਰਨਨੰ ਨਾਮ ਤ੍ਰਿੰਸਮੋ ਅਧਯਾਯ॥ ੩੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੀਹਵਾਂ ਅਧਿਆਇ, ਜਿਸ ਦਾ ਨਾਮ 'ਕਰਤਾਰ ਪੁਰ ਵਸਨਾ, ਬ੍ਰਾਹਮਣ ਦੀ ਰਸੋਈ ਦੀ ਸੁਚ' ਹੈ, ਸਮਾਪਤ ਹੋਇਆ॥ ੩੦॥

# ਅਧਿਆਇ ਇਕੱਤੀਵਾਂ

*ਸਹੁ ਸੁਹਾਗਣ, ਮੂਲਾ, ਪੀਰ ਜਲਾਲ*

ਦੋਹਰਾ-ਕਰਮਹੀਣ ਕੁੜਿਆਰ ਮੈਂ ਲੋਭੀ, ਕਾਮੀ, ਬਾਮ।
ਲਾਜ ਰਖਹੁ ਨਿਜ ਬਿਰਦ ਕੀ ਜਗਤ ਕਹੈ 'ਸਿੱਖ' ਨਾਮ॥ ੧॥

ਮੈਂ ਕਰਮਾਂ ਦਾ ਹੀਣਾ ਅਤੇ ਕੁੜਿਆਰ ਹਾਂ, ਲੋਭੀ, ਕਾਮੀ ਤੇ ਹਰ ਤਰ੍ਹਾਂ ਮਾੜਾ ਹਾਂ। ਹੇ ਮੇਰੇ ਗੁਰੂ ਜੀ ! ਆਪਣੇ ਬਿਰਦ ਦੀ ਲਾਜ ਰੱਖੋ, ਜਗਤ ਮੇਰਾ ਨਾਂ 'ਸਿੱਖ' ਕਰਕੇ ਲੈਂਦਾ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ-ਸੁਨਿ ਸ੍ਰੀ ਅੰਗਦ! ਸੁਜਸ ਸੁਹਾਵਨ। ਆਗੇ ਕਥਾ ਭਈ ਜਿਮ ਪਾਵਨ।
ਕਰੀ ਕੀਰਤਨ ਕੀ ਸ਼ੁਭ ਰੀਤਾ। ਸਵਾਜਾਮ ਨਿਸ ਤੇ ਹ੍ਵੈ ਨੀਤਾ॥ ੨॥

ਭਾਈ ਬਾਲੇ ਨੇ ਕਿਹਾ-ਹੇ ਸ੍ਰੇਸ਼ਟ ਜੱਸ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਜਿਵੇਂ ਅੱਗੇ ਪਵਿਤਰ ਕਥਾ ਹੋਈ। ਗੁਰੂ ਜੀ ਨੇ ਕੀਰਤਨ ਦੀ ਸ਼ੁਭ ਰੀਤ ਚਲਾਈ। ਸਵਾ ਪਹਿਰ ਰਾਤ ਰਹਿੰਦੀ ਤੇ ਹਮੇਸ਼ਾ ਉੱਠ ਪੈਂਦੇ ਸਨ॥ ੨॥

ਸੇਵਕ ਸਿੱਖ ਅਨਿਕ ਚਲਿ ਆਵਹਿਂ। ਦਰਸ਼ਨ ਕਰਿ ਅਭਿਮਤ ਫਲ ਪਾਵਹਿਂ।
ਕਿਤਿਕ ਰਹਹਿਂ ਸੇਵਾ ਉਰ ਧਾਰਹਿਂ। ਕਿਤਿਕ ਬਚਨ ਸੁਨਿ ਸਦਨ ਸਿਧਾਰਹਿਂ॥੩॥

ਅਨੇਕਾਂ ਸੇਵਕ ਸਿੱਖ ਚਲ ਕੇ ਆਉਂਦੇ ਸਨ, ਦਰਸ਼ਨ ਕਰਕੇ ਮਨ ਵਾਂਛਤ ਫਲ ਪ੍ਰਾਪਤ ਕਰਦੇ ਸਨ। ਕਈ ਦਿਲ ਵਿਚ ਸੇਵਾ ਧਾਰਨ ਕਰਕੇ ਓਥੇ ਰਹਿੰਦੇ ਸਨ। ਕਈ ਗੁਰੂ ਜੀ ਦੇ ਬਚਨ ਸੁਣ ਕੇ ਘਰਾਂ ਨੂੰ ਚਲੇ ਜਾਂਦੇ ਸਨ॥ ੩॥

ਦੇਗ ਚਲਹਿ ਸਭਿ ਕਾਲ ਬਿਸ਼ਾਲਾ। ਐਸੀ ਬਾਂਧੀ ਰੀਤਿ ਕ੍ਰਿਪਾਲਾ।
ਪੁਨ ਪਸ਼ਚਮ ਦਿਸ਼ ਜਾਵਨ ਹੇਤੂ। ਭੇ ਤਿਆਰ ਬੇਦੀ ਕੁਲਕੇਤੂ॥ ੪॥

ਹਰ ਸਮੇਂ ਲੰਗਰ ਚਲਦਾ ਸੀ, ਕਿਰਪਾਲੂ ਗੁਰੂ ਜੀ ਨੇ ਐਸੀ ਰੀਤ ਚਲਾਈ ਸੀ। ਫਿਰ ਗੁਰੂ ਜੀ ਪਛਮ ਦਿਸ਼ਾ ਵਲ ਜਾਣ ਲਈ ਤਿਆਰ ਹੋ ਗਏ॥ ੪॥

ਧਰਮਸਾਲ ਜੋ ਅਧਿਕ ਸੁਹਾਵਨ। ਤਿਸ ਮਹਿਂ ਕਿਯ ਸਤਿਸੰਗ ਟਿਕਾਵਨ।
ਇਕ ਮੋਕੋ ਦੂਸਰ ਮਰਦਾਨਾ। ਸੰਗ ਲਏ ਕੀਨੋ ਪ੍ਰਸਥਾਨਾ॥ ੫॥

ਧਰਮਸਾਲ ਜੋ ਬਹੁਤ ਸੁੰਦਰ ਸੀ, ਉਸ ਵਿਚ ਬੈਠ ਕੇ ਸਤਿਸੰਗ ਕਰਦੇ ਸਨ। ਕੁਝ ਦਿਨ ਬਾਅਦ ਇਕ ਮੈਨੂੰ ਅਤੇ ਦੂਸਰੇ ਮਰਦਾਨੇ ਨੂੰ ਲੈ ਕੇ ਕਿਸੇ ਹੋਰ ਸਥਾਨ ਵੱਲ ਚੱਲ ਪਏ॥ ੫॥

ਪ੍ਰੇਮ ਕਿਯੋ ਮਿਲਿ ਸੰਗਤਿ ਸਭਿ ਹੀ। ਸਤਿਗੁਰ ਦਈ ਧੀਰ ਕਹਿ ਤਬਿਹੀ।
'ਕਿਤਿਕ ਦਿਵਸ ਮਹਿਂ ਮਿਲਹਿਂ ਬਹੋਰੀ। ਕਰਹੁ ਕੀਰਤਨ ਸਭਿ ਇਸ ਠੌਰੀ' ॥੬॥

ਸਾਰੀ ਸੰਗਤ ਨੇ ਮਿਲ ਕੇ ਬੜਾ ਪ੍ਰੇਮ ਕੀਤਾ। ਸਤਿਗੁਰੂ ਜੀ ਨੇ ਤਦ ਸਭ ਨੂੰ ਧੀਰਜ ਦਿੱਤਾ ਅਤੇ ਕਿਹਾ, "ਕੁਝ ਦਿਨਾਂ ਬਾਅਦ ਫਿਰ ਮਿਲਾਂਗਾ। ਇਸ ਥਾਂ ਬੈਠ ਕੇ ਸਭ ਕੀਰਤਨ ਕਰੋ" ॥ ੬॥

ਮੰਦ ਮੰਦ ਗਮਨੇ ਜਗਸਾਈਂ। ਮੈਂ ਮਰਦਾਨਾ ਪਾਛੇ ਜਾਈਂ।
ਪੁਰਿ ਸਲਕੋਟ ਨਾਮ ਜਿਸ ਕੇਰਾ। ਜਾਇ ਵਹਿਰ ਤਹਿਂ ਕੀਨੋ ਡੇਰਾ॥੭॥

ਜਗਤ ਦੇ ਮਾਲਕ ਹੌਲੀ ਹੌਲੀ ਚਲ ਪਏ, ਮੈਂ ਅਤੇ ਮਰਦਾਨਾ ਪਿੱਛੇ ਪਿੱਛੇ ਤੁਰ ਪਏ। ਜਿਸ ਨਗਰ ਦਾ ਨਾਂ ਸਿਆਲਕੋਟ ਹੈ, ਉਸ ਸ਼ਹਿਰ ਦੇ ਬਾਹਰ ਜਾ ਕੇ ਡੇਰਾ ਲਾ ਲਿਆ॥ ੭॥

ਕਿਤਿਕ ਕਾਲ ਜਬ ਬੈਸਿ ਬਿਤਾਯੋ। ਮਰਦਾਨੇ ਸੋਂ ਬਚਨ ਅਲਾਯੋ।
'ਹੇਮ ਟਕਾ ਪੁਰਿ ਮਹਿਂ ਲੇ ਜਾਵਹੁ। ਸਾਚ ਝੂਠ ਮੁਲ ਤਹਿਂ ਤੇ ਲਜਾਵਹੁ' ॥੮॥

ਜਦ ਕਾਫੀ ਸਮਾਂ ਬੈਠ ਕੇ ਬਿਤਾਇਆ ਤਾਂ ਗੁਰੂ ਜੀ ਨੇ ਮਰਦਾਨੇ ਨੂੰ ਇਸ ਤਰ੍ਹਾਂ ਬਚਨ ਕੀਤਾ, "ਸੋਨੇ ਦਾ ਟਕਾ ਨਗਰ ਵਿਚ ਲੈ ਕੇ ਜਾਵੋ ਅਤੇ ਸੱਚ ਅਤੇ ਝੂਠ ਮੁੱਲ ਲੈ ਕੇ ਆਵੋ॥ ੮॥

ਆਇਸੁ ਮਾਨਿ ਲੀਨਿ ਮਰਦਾਨੇ। ਗਮਨਜੋ ਪੁਰਿ ਬਜਾਰ ਜਿਹ ਥਾਨੇ।
ਬੂਝਨ ਲਗਾ ਹਾਟ ਪਰ ਸੋਈ। 'ਤੁਮ ਢਿਗ ਸਾਚ ਝੂਠ ਜੇ ਹੋਈ॥ ੯॥

ਆਗਿਆ ਮੰਨ ਕੇ ਮਰਦਾਨੇ ਨੇ ਸੋਨੇ ਦਾ ਟਕਾ ਲੈ ਲਿਆ ਤੇ ਨਗਰ ਵਿਚ ਓਥੇ ਚਲੇ ਗਿਆ ਜਿਥੇ ਬਜ਼ਾਰ ਸੀ ਅਤੇ ਇਕ ਦੁਕਾਨ ਤੇ ਜਾ ਕੇ ਪੁਛਣ ਲੱਗਾ, "ਤੁਹਾਡੇ ਪਾਸ ਜੇ ਸੱਚ ਝੂਠ ਹੈ॥ ੯॥

ਏਕ ਟਕਾ ਕੰਚਨ ਕੋ ਲੀਜੇ। ਤਿਸ ਕੋ ਸਾਚ ਝੂਠ ਮੁਝ ਦੀਜੈ'।
ਸਭਿ ਬਜਾਰ ਬੂਝਜੋ ਫਿਰਿ ਸੋਊ। ਸੁਨਿ ਬਿਸਮਹਿਂ ਨਹਿਂ ਮਾਨਹਿਂ ਕੋਊ ॥੧੦॥

ਤਾਂ ਸੋਨੇ ਦਾ ਇਕ ਟਕਾ ਲਵੋ ਤੇ ਉਸ ਦੇ ਬਦਲੇ ਮੈਨੂੰ 'ਸੱਚ ਅਤੇ ਝੂਠ' ਦੇ ਦੇਵੋ।" ਉਹ ਸਾਰੇ ਬਜ਼ਾਰ ਪੁੱਛਦਾ ਫਿਰਿਆ। ਸਾਰੇ ਸੁਣ ਕੇ ਹੈਰਾਨ ਹੁੰਦੇ ਸਨ, ਪਰ 'ਸੱਚ ਝੂਠ' ਦੇਣਾ ਕੋਈ ਨਹੀਂ ਸੀ ਮੰਨਦਾ॥ ੧੦॥

ਇਕ ਬਨੀਯਾ ਪੁਨ ਬੂਝਜੋ ਜਬ ਹੀ। ਤਿਸਨੇ ਟਕਾ ਲੀਨ ਕਰ ਤਬ ਹੀ।
ਕਾਗਦ ਪਰ ਲਿਖਿ ਦੀਨੋ ਤਾਂਹੀ। 'ਜੀਵਨ ਝੂਠ, ਮਰਨ ਸਚੁ ਆਹੀ' ॥੧੧॥

ਇਕ ਬਾਣੀਏ ਨੂੰ ਜਦ ਜਾ ਕੇ ਪੁਛਿਆ, ਉਸ ਸੋਨੇ ਦਾ ਟਕਾ ਆਪਣੇ ਹੱਥ ਵਿਚ ਲੈ ਲਿਆ ਅਤੇ ਇਕ ਕਾਗਜ਼ ਉਤੇ ਲਿਖ ਦਿੱਤਾ। "ਜੀਉਣਾ ਝੂਠ ਹੈ ਅਤੇ ਮਰਨਾ ਸੱਚ ਹੈ"॥ ੧੧॥

ਲੇ ਮਰਦਾਨਾ ਮੁਰਜੋ ਬਹੋਰੀ। ਆਯੋ ਹੁਤੇ ਪ੍ਰਭੁ ਜਿਹ ਠੋਰੀ।
ਕਹਿਨ ਲਗਜੋ 'ਮੈਂ ਫਿਰਜੋ ਘਨੇਰਾ। ਕਿਸ ਕੇ ਪਾਸ ਨ ਸੌਦਾ ਹੇਰਾ ॥੧੨॥

ਉਹ ਕਾਗਜ਼ ਲੈ ਕੇ ਮਰਦਾਨਾ ਵਾਪਿਸ ਆ ਗਿਆ ਅਤੇ ਓਥੇ ਪਹੁੰਚ ਗਿਆ ਜਿੱਥੇ ਗੁਰੂ ਜੀ ਬੈਠੇ ਸਨ, ਕਹਿਣ ਲੱਗਾ, "ਮੈਂ ਬਹੁਤ ਫਿਰਿਆ ਹਾਂ, ਕਿਸੇ ਦੇ ਪਾਸ ਵੀ ਇਹ ਸੌਦਾ ਨਹੀਂ ਵੇਖਿਆ॥ ੧੨॥

ਸੁਨਿ ਇਕ ਬਨੀਏ ਮੁਝ ਕੋ ਦੀਨੋ। ਇਹ ਕਾਗਜ਼ ਪਢਿ ਕੈ ਲਿਹੁ ਚੀਨੋ'।
ਪਿਖਿ ਬੋਲੇ ਬੇਦੀ ਕੁਲ ਟੀਕਾ। 'ਨਿਸ਼ਚੈ ਆਨਜੋ ਸੌਦਾ ਨੀਕਾ ॥੧੩॥

ਇਹ ਸੁਣ ਕੇ ਇਕ ਬਾਣੀਏ ਨੇ ਮੈਨੂੰ ਇਕ ਕਾਗਜ਼ ਦਿੱਤਾ। ਇਸ ਕਾਗਜ਼ ਤੇ ਕੀ ਲਿਖਿਆ ਹੈ ਪੜ੍ਹ ਕੇ ਜਾਣ ਲਵੋ।" ਕਾਗਜ਼ ਵੇਖ ਕੇ ਗੁਰੂ ਜੀ ਬੋਲੇ, "ਠੀਕ ਹੀ ਤੂੰ ਚੰਗਾ ਸੌਦਾ ਲਿਆਂਦਾ ਹੈ॥ ੧੩॥

ਜੋ ਪਰੰਤੁ ਹੈ ਬੇਚਨ ਹਾਰੋ। ਤਿਹ ਕੋ ਹਮਰੇ ਨਿਕਟਿ ਹਕਾਰੋ'।
ਗਮਨਜੋ ਤਹਾਂ ਬਹੁਰ ਮਰਦਾਨਾ। ਜਾਇ ਬਨਕ ਸੋਂ ਬਚਨ ਬਖਾਨਾ ॥੧੪॥

ਜਿਸ ਵਿਅਕਤੀ ਇਹ ਸੌਦਾ ਵੇਚਿਆ ਹੈ, ਉਸ ਨੂੰ ਮੇਰੇ ਪਾਸ ਬੁਲਾ ਕੇ ਲਿਆਵੋ।" ਮਰਦਾਨਾ ਫਿਰ ਉਸ ਬਾਣੀਏ ਪਾਸ ਗਿਆ ਅਤੇ ਬਾਣੀਏਂ ਨੂੰ ਜਾ ਕੇ ਕਿਹਾ॥ ੧੪॥

'ਸੌਦਾ ਤੁਮ ਨੈ ਦੀਨੋ ਜਾਂਹੂ। ਪਰਖਯੋ ਖਰਾ ਸਰਾਹਯੋ ਤਾਂਹੂ।
ਵਹਿਰ ਨਗਰ ਬੈਠਯੋ ਇਕ ਥਾਵਾ। ਤੁਝਕੋ ਅਪਨੇ ਨਿਕਟਿ ਬੁਲਾਵਾ ॥੧੫॥

"ਤੁਸੀਂ ਜਿਹੜਾ ਸੌਦਾ ਦਿੱਤਾ ਸੀ, ਸਾਡੇ ਮਾਲਕ ਨੇ ਉਹ ਪਰਖ ਕੇ ਖਰਾ ਵੇਖਿਆ ਹੈ ਅਤੇ ਉਨ੍ਹਾਂ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ ਹੈ। ਉਹ ਨਗਰ ਦੇ ਬਾਹਰ ਇਕ ਥਾਂ ਬੈਠੇ ਹਨ ਅਤੇ ਉਨ੍ਹਾਂ ਨੇ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ ॥ ੧੫ ॥

ਏਕ ਬਾਰ ਚਲਿਕੈ ਮਿਲਿ ਲੀਜੈ। ਪੁਨ ਨਿਜ ਹਾਟ ਆਵਨੋਂ ਕੀਜੈ'।
ਸੁਨਿਕੈ ਸ਼੍ਰੋਨ ਚਲਯੋ ਤਿਹ ਥਾਈਂ। ਜਹਾਂ ਬਿਰਾਜਹਿਂ ਸ੍ਰੀ ਜਗਸਾਈਂ ॥੧੬॥

ਇਕ ਵਾਰ ਚਲ ਕੇ ਉਨ੍ਹਾਂ ਨੂੰ ਮਿਲ ਲਵੋ, ਫਿਰ ਵਾਪਿਸ ਆਪਣੀ ਦੁਕਾਨ ਤੇ ਆ ਜਾਣਾ।" ਬਾਣੀਆਂ, ਕੰਨਾਂ ਨਾਲ ਇਹ ਗੱਲ ਸੁਣ ਕੇ, ਉਸ ਸਥਾਨ ਵਲ ਚਲ ਪਿਆ ਜਿਥੇ ਗੁਰੂ ਜੀ ਬਿਰਾਜ ਰਹੇ ਸਨ ॥ ੧੬ ॥

ਦੇਖਿ ਫਕੀਰ ਬੇਖ ਦੁਖ ਕੰਦਨ। ਕਰੀ ਚਰਨ ਕਮਲਨ ਪਰ ਬੰਦਨ।
ਭਾਉ ਧਰੇ ਗਾ ਬੈਠਿ ਸਮੀਪਾ। ਪਿਖਿ ਬੋਲੇ ਬੇਦੀ ਕੁਲਦੀਪਾ ॥੧੭॥

ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਦਾ ਫਕੀਰੀ ਭੇਸ ਵੇਖ ਕੇ ਚਰਨ ਕਮਲਾਂ ਤੇ ਬੰਦਨਾ ਕੀਤੀ। ਪ੍ਰੇਮ ਧਾਰਨ ਕਰਕੇ ਨੇੜੇ ਬੈਠ ਗਿਆ। ਉਸ ਨੂੰ ਵੇਖ ਕੇ ਗੁਰੂ ਜੀ ਬੋਲੇ ॥ ੧੭ ॥

'ਕਹਹੁ ਸ਼ਾਹੁ! ਕੋ ਨਾਮ ਤੁਮਾਰਾ?। ਕਿਹ ਉਪਦੇਸ਼ ਰਿਦੇ ਮਹਿਂ ਧਾਰਾ?।
ਜੀਵਣ ਝੂਠ ਮਰਣ ਸਚੁ ਜਾਤਾ। ਕਿਧੌਂ ਬਨਾਇ ਲਿਖੀ ਇਹ ਬਾਤਾ ॥੧੮॥

ਹੇ ਸ਼ਾਹ ਜੀ! ਦੱਸੋ ਤੁਹਾਡਾ ਕੀ ਨਾਂ ਹੈ, ਕਿਸ ਦਾ ਉਪਦੇਸ਼ ਹਿਰਦੇ ਵਿਚ ਧਾਰਨ ਕੀਤਾ ਹੈ ? ਜੀਵਣ ਝੂਠ ਅਤੇ ਮਰਨਾ ਸੱਚ ਜਾਣਿਆ ਹੈ, ਕਿਵੇਂ ਬਣਾ ਕੇ ਇਹ ਗੱਲ ਲਿਖੀ ਹੈ ॥ ੧੮ ॥

ਬੋਲਯੋ ਬਨੀਯੋ ਦ੍ਵੈ ਕਰ ਬੰਦੇ। 'ਕਹੌਂ ਸਾਚ ਸੁਨਿ ਸੰਤ ਮੁਕੰਦੇ!।
ਮੇਰੋ ਨਾਮ ਭਨੈ ਜਗ ਮੂਲਾ। ਗਯਾਨ ਜੁ ਅਸ ਰਾਵਰਿ ਅਨਕੂਲਾ ॥੧੯॥

ਬਾਣੀਆਂ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਮੁਕਤੀਦਾਤੇ ਸੰਤ ਜੀ ! ਮੈਂ ਸੱਚ ਕਹਿੰਦਾ ਹਾਂ। ਜੱਗ ਵਾਲੇ ਮੈਨੂੰ ਮੂਲਾ ਨਾਮ ਨਾਲ ਬੁਲਾਉਂਦੇ ਹਨ। ਜਿਹੜਾ ਇਸ ਤਰ੍ਹਾਂ ਦਾ ਗਿਆਨ ਹੈ ਉਹ ਆਪ ਜੀ ਦੇ ਅਨੁਸਾਰ ਹੈ ॥ ੧੯ ॥

ਜਿਸ ਕੋ ਚਾਹਹੁ ਤਿਸੈ ਜਨਾਵਹੁ। ਸਾਚ ਝੂਠ ਸਭਿ ਰਿਦੈ ਦ੍ਰਿੜਾਵਹੁ।
ਦਰਬ ਲੋਭ ਹਿਰਦੇ ਮੁਝ ਭਾਰੀ। ਕਾਗਦ ਪੁਰ ਲਿਖ ਦੀਨ ਸਵਾਰੀ ॥੨੦॥

ਜਿਸ ਨੂੰ ਚਾਹੁੰਦੇ ਹੋ ਉਸ ਨੂੰ ਗਿਆਨ ਦੇ ਦਿੰਦੇ ਹੋ, ਸੱਚ ਝੂਠ ਸਭ ਹਿਰਦੇ ਵਿਚ ਦ੍ਰਿੜ ਕਰਵਾਉਂਦੇ ਹੋ। ਮੇਰੇ ਹਿਰਦੇ ਵਿਚ ਧਨ ਦਾ ਬਹੁਤ ਲੋਭ ਹੈ, ਇਸ ਲਈ ਕਾਗਜ਼ ਉਤੇ ਸਵਾਰ ਕੇ ਲਿਖ ਦਿੱਤਾ ॥ ੨੦ ॥

ਰਿਦੈ ਸਦਾ ਚਾਹਤਿ ਹੌਂ ਐਸੇ। ਕਾਗਦ ਪਰ ਲਿਖਿ ਭੇਜੀ ਜੈਸੇ।
ਦ੍ਰਿੜ ਅੱਭਯਾਸ ਨ ਮਨ ਮੈਂ ਹੋਊ। ਜਬ ਲੌ ਮਿਲੇ ਸੰਤ ਨਹਿਂ ਕੋਊ' ॥੨੧॥

ਹਿਰਦੇ ਵਿਚ ਸਦਾ ਇਸ ਤਰ੍ਹਾਂ ਚਾਹੁੰਦਾ ਹਾਂ, ਜਿਸ ਤਰ੍ਹਾਂ ਮੈਂ ਕਾਗਜ਼ ਤੇ ਲਿਖ ਕੇ ਭੇਜਿਆ ਹੈ, ਜਦ ਤਕ ਕੋਈ ਪੂਰਾ ਸੰਤ ਨਹੀਂ ਮਿਲਦਾ ਤਦ ਤਕ ਮਨ ਵਿਚ ਪੂਰਨ ਅਭਿਆਸ ਨਹੀਂ ਹੁੰਦਾ" ॥ ੨੧ ॥

ਸੁਨਿਕੈ ਸ੍ਰੀ ਗੁਰ ਤਿਹ ਸੋਂ ਭਾਖਾ। 'ਉਰ ਮਹਿਂ ਲਖਹੁ ਜਿ ਅਸ ਅਭਿਲਾਖਾ।
ਤੌ ਤੁਮ ਰਹਹੁ ਹਮਾਰੇ ਸਾਥਾ। ਇੱਛਾ ਪੂਰਹਿਂ ਸ੍ਰੀ ਜਗਨਾਥਾ' ॥੨੨॥

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ, "ਆਪਣੇ ਹਿਰਦੇ ਵਿਚ ਜੇ ਅਜਿਹੀ ਅਭਿਲਾਸ਼ਾ ਰੱਖਦੇ ਹੋ ਤਾਂ ਤੁਸੀਂ ਸਾਡੇ ਨਾਲ ਰਹੋ, ਵਾਹਿਗੁਰੂ ਤੁਹਾਡੀ ਇੱਛਾ ਪੂਰੀ ਕਰੇਗਾ" ॥ ੨੨ ॥

ਬਚਨ ਮਾਨਿਕੈ ਤਬਹੀ ਮੂਲਾ। ਚਲਜੋ ਸੰਗਿ ਲਖਿ ਗੁਰ ਅਨਕੂਲਾ।
ਗਮਨੇ ਆਨ ਥਾਨ ਜਗ ਸਾਈਂ। ਸਿੱਛਜਾ ਦੇਨਿ ਜਿ ਨਰ ਦੁਖ ਪਾਈ ॥੨੩ ॥

ਮੂਲੇ ਨੇ ਗੁਰੂ ਜੀ ਦੇ ਬਚਨ ਮੰਨ ਕੇ ਅਤੇ ਉਨ੍ਹਾਂ ਨੂੰ ਸਚੇ ਗੁਰੂ ਮੰਨ ਕੇ ਉਨ੍ਹਾਂ ਦੇ ਨਾਲ ਚਲ ਪਿਆ। ਗੁਰੂ ਜੀ ਹੋਰ ਥਾਂ ਚਲੇ ਗਏ। ਦੁਖੀ ਮਨੁੱਖਾਂ ਨੂੰ ਸਿਖਿਆ ਦੇਣਾ ਹੀ ਗੁਰੂ ਜੀ ਦਾ ਮਨੋਰਥ ਹੈ॥ ੨੩ ॥

ਏਕ ਨਗਰ ਮਹਿਂ ਬੈਸੇ ਜਾਈ। ਜਹਾਂ ਘਨੇਰੇ ਤੁਰਕ ਰਹਾਈਂ।
ਚੰਦਰਾਤ ਥੀ ਤਿਸ ਦਿਨ ਮਾਂਹੀ। ਬਹੁ ਨਰ ਕੋ ਭਾ ਮੇਲ ਤਹਾਂ ਹੀ ॥੨੪ ॥

ਇਕ ਨਗਰ ਵਿਚ ਜਾ ਕੇ ਬੈਠ ਗਏ, ਜਿਥੇ ਬਹੁਤ ਤੁਰਕ ਰਹਿੰਦੇ ਸਨ, ਉਸ ਦਿਨ ਚੰਦਰਮਾਂ ਸੁਦੀ ਦੂਜ ਦੀ ਰਾਤ ਸੀ ਭਾਵ ਉਸ ਦਿਨ ਚੰਦਰਮਾਂ ਦਿਖਾਈ ਦਿੱਤਾ ਸੀ। ਬਹੁਤ ਲੋਕ ਓਥੇ ਇਕੱਠੇ ਹੋਏ ਸਨ॥ ੨੪ ॥

ਭੀਰ ਬਿਸ਼ਾਲ ਭਈ ਇਕ ਥਾਈਂ। ਲੇਯ ਸ਼ੀਰਨੀ ਮਨੁਜ ਚਢਾਈ।
ਇਕ ਫਕੀਰ ਦੰਭੀ ਤਹਿਂ ਰਹਿਹੀ। ਸਭਿ ਲੋਕਨ ਸੋਂ ਇਸ ਬਿਧਿ ਕਹਿਹੀ ॥੨੫ ॥

ਇਕ ਥਾਂ ਬਹੁਤ ਭੀੜ ਲੱਗੀ ਹੋਈ ਸੀ। ਮਨੁੱਖ ਸੀਰਨੀ ਲਿਆ ਕੇ ਚੜ੍ਹਾ ਰਹੇ ਸਨ। ਓਥੇ ਇਕ ਪਖੰਡੀ ਫਕੀਰ ਰਹਿੰਦਾ ਸੀ। ਸਾਰੇ ਲੋਕਾਂ ਨੂੰ ਉਹ ਇਸ ਤਰ੍ਹਾਂ ਕਹਿੰਦਾ ਸੀ॥ ੨੫ ॥

ਦੋਹਰਾ-'ਦੂਜ ਚਾਂਦ ਕੀ ਰਾਤਿ ਕੋ ਸ਼ਹੁ ਆਵੈ ਮੁਝ ਪਾਸ'।
ਤਿਹ ਦਰ ਦੁੰਦਭਿ ਨੌਬਤਾਂ ਬਾਜਤਿ ਹੋਤਿ ਹੁਲਾਸ॥ ੨੬ ॥

"ਦੂਜ ਦੇ ਚੰਦ ਦੀ ਰਾਤ ਨੂੰ (ਸ਼ਹੁ) ਪ੍ਰਭੂ ਮੇਰੇ ਪਾਸ ਆਉਂਦਾ ਹੈ।" ਉਸ ਦੇ ਦਰਵਾਜ਼ੇ ਤੇ ਨਗਾਰੇ ਅਤੇ ਭੇਰੀਆਂ ਵੱਜ ਰਹੀਆਂ ਸਨ ਅਤੇ ਬੜਾ ਅਨੰਦ ਹੋ ਰਿਹਾ ਸੀ॥ ੨੬ ॥

ਚੌਪਈ- ਰੁਚਿਰ ਪੁਸ਼ਪ ਕੀ ਸੇਜ ਬਿਛਾਵੈ। ਨਿਜ ਅਵਾਸ ਬਹੁ ਦੀਪ ਜਗਾਵੈ।
ਸ਼ਹੁ ਸੋਹਾਗਣਿ ਨਾਮ ਧਰਾਜੋ। ਸਭਿ ਲੋਕਨ ਮਹਿਂ ਮਾਨ ਬਧਾਯੋ ॥੨੭ ॥

ਸੁੰਦਰ ਫੁੱਲਾਂ ਦੀ ਸੇਜ ਵਿਛਾਉਂਦਾ ਸੀ ਅਤੇ ਆਪਣੇ ਘਰ ਬਹੁਤ ਦੀਵੇ ਜਗਾਉਂਦਾ ਸੀ। ਸ਼ਹੁ ਸੋਹਾਗਣੀ ਆਪਣਾ ਨਾਂ ਰਖਿਆ ਸੀ ਅਤੇ ਸਾਰੇ ਲੋਕਾਂ ਵਿਚ ਆਪਣਾ ਬੜਾ ਮਾਣ ਵਧਾਇਆ ਸੀ॥ ੨੭ ॥

ਮਨੁਜ ਸ਼ੀਰਨੀ ਤਿਸ ਦਿਨ ਲਜਾਵੈਂ। ਹੋਇ ਦੀਨ ਮਨ ਸੀਸ ਨਿਵਾਵੈਂ।
ਅੰਤਰ ਜਾਨਿ ਦੇਯ ਨਹਿਂ ਕਿਸ ਕੋ। ਦਰ ਪਰ ਬੰਦਨ ਕਰਿਹੀਂ ਤਿਸਕੋ ॥੨੮ ॥

ਮਨੁੱਖ ਉਸ ਦਿਨ ਮਿਠਾਈ ਲੈ ਕੇ ਆਉਂਦੇ ਸਨ, ਦੀਨ ਹੋ ਕੇ ਸਿਰ ਨਵਾਉਂਦੇ ਸਨ। ਉਹ ਅੰਦਰ ਕਿਸੇ ਨੂੰ ਜਾਣ ਨਹੀਂ ਸੀ ਦਿੰਦਾ, ਬਾਹਰ ਦਰਵਾਜ਼ੇ ਉਤੇ ਹੀ ਸਾਰੇ ਬੰਦਨਾ ਕਰਦੇ ਸਨ॥ ੨੮ ॥

ਬਡੇ ਨਿਸ਼ਾਨ ਗਡੇ ਦਰ ਨੇਰੇ। ਜਹਿਂ ਕਹਿਂ ਹੋਤਿ ਉਛਾਹ ਬਧੇਰੇ।
ਅੰਗਨਾ ਕੇ ਸ਼ਿੰਗਾਰ ਕਰਿ ਸਾਰੇ। ਬੈਠਹਿ ਦੁਰਿਕੈ ਤੂਸ਼ਨਿ ਧਾਰੇ॥ ੨੯ ॥

ਦਰਵਾਜ਼ੇ ਨੇੜੇ ਵੱਡੇ-ਵੱਡੇ ਝੰਡੇ ਗੱਡੇ ਸਨ। ਜਿਥੇ ਕਿਥੇ ਹਰ ਥਾਂ ਬਹੁਤ ਉਤਸ਼ਾਹ ਵਧਿਆ ਸੀ। ਸਾਰੇ ਮਨੁੱਖ ਆਪਣੀਆਂ ਇਸਤਰੀਆਂ ਸ਼ਿੰਗਾਰ ਸਵਾਰ ਕੇ ਉਨ੍ਹਾਂ ਲਾਗੇ ਲੁਕ ਕੇ ਮੋਨ ਧਾਰ ਕੇ ਬੈਠੇ ਹੋਏ ਸਨ॥ ੨੯ ॥

ਦੋਹਰਾ-ਪੁੰਜ ਮਨੁਜ ਹੋਏ ਤਹਾਂ, ਬਾਜੇ ਬਜਹਿਂ ਅਪਾਰ।

ਡੇਰਾ ਕੀਨਾ ਪ੍ਰਭੂ ਤਬ ਇਕ ਤਿਯ ਬ੍ਰਿੱਧ ਅਗਾਰ॥ ੩੦॥

ਬਹੁਤ ਮਨੁੱਖ ਓਥੇ ਇਕੱਠੇ ਹੋਏ ਸਨ ਅਤੇ ਅਪਾਰ ਵਾਜੇ ਵੱਜ ਰਹੇ ਸਨ। ਗੁਰੂ ਜੀ ਨੇ ਉਸ ਨਗਰ ਵਿਚ ਇਕ ਬ੍ਰਿਧ ਇਸਤਰੀ ਦੇ ਘਰ ਦੇ ਅੱਗੇ ਡੇਰਾ ਲਾ ਲਿਆ॥ ੩੦॥

ਚੌਪਈ- ਅੰਤਰਜਾਮੀ ਸਭਿ ਬਿਧਿ ਜਾਨੀ। ਤਿਹਂ ਤਿਯ ਸੋਂ ਬੋਲੇ ਅਸ ਬਾਨੀ।
'ਪੁਰਿਕੇ ਬਿਖੈ ਹੋਤਿ ਕਸ ਸ਼ੋਰਾ? ਬ੍ਰਿੰਦ ਮਨੁਜ ਹੋਏ ਇਕ ਠੌਰਾ' ॥੩੧॥

ਅੰਤਰਜਾਮੀ ਗੁਰੂ ਜੀ ਸਭ ਤਰ੍ਹਾਂ ਜਾਣਦੇ ਸਨ, ਉਸ ਇਸਤਰੀ ਨੂੰ ਇਸ ਤਰ੍ਹਾਂ ਕਹਿਣ ਲੱਗੇ, "ਨਗਰ ਵਿਚ ਇਹ ਸ਼ੋਰ ਸ਼ਰਾਬਾ ਕੈਸਾ ਹੈ। ਬਹੁਤ ਮਨੁੱਖ ਇਕ ਥਾਂ ਇਕੱਠੇ ਹੋਏ ਹਨ॥ ੩੧॥

ਕਹੈ ਤੀਯ 'ਇਕ ਰਹੈ ਫਕੀਰ। ਤਿਹ ਦਰ ਮਾਨਵ ਕੀ ਬਹੁ ਭੀਰ।
ਆਜ ਅਨੰਦ ਅਧਿਕ ਤਿਹ ਧਾਮੂ। ਸ਼ਹੁ ਸੋਹਾਗਣਿ ਜਿਸਕੋ ਨਾਮੂ' ॥੩੨॥

ਇਸਤਰੀ ਨੇ ਕਿਹਾ, "ਏਥੇ ਇਕ ਫਕੀਰ ਰਹਿੰਦਾ ਹੈ, ਉਸ ਦੇ ਦਰਵਾਜ਼ੇ ਤੇ ਮਨੁੱਖਾਂ ਦੀ ਭੀੜ ਲੱਗੀ ਹੋਈ ਹੈ। ਅਜ ਉਸ ਦੇ ਘਰ ਬਹੁਤ ਅਨੰਦ ਹੈ, ਸ਼ਹੁ ਸੋਹਾਗਣੀ ਜਿਸ ਫਕੀਰ ਦਾ ਨਾਂ ਹੈ॥ ੩੩॥

ਸ੍ਰੀ ਨਾਨਕ ਸੁਨਿਕੈ ਮੁਸ਼ਕਾਨੇ। ਕਹੈਂ 'ਚਲਹੁ ਦੇਖਹਿਂ ਮਰਦਾਨੇ'।
ਹਮ ਕੌ ਸੰਗਿ ਲੀਨ ਜਗਸਾਈਂ। ਪਹੁੰਚਤਿ ਭਏ ਜਾਇ ਤਿਹਂ ਥਾਈਂ ॥੩੩॥

ਗੁਰੂ ਨਾਨਕ ਜੀ ਸੁਣਕੇ ਮੁਸਕਰਾਏ। ਕਹਿਣ ਲੱਗੇ, "ਹੇ ਮਰਦਾਨੇ! ਚਲੋ ਚਲ ਕੇ ਵੇਖੀਏ" ਗੁਰੂ ਜੀ ਸਾਨੂੰ ਆਪਣੇ ਨਾਲ ਲੈ ਕੇ ਉਸ ਥਾਂ ਪਹੁੰਚ ਗਏ॥ ੩੩॥

ਦੋਹਰਾ- ਦਰ ਆਗੈ ਹ੍ਵੈ ਠਾਂਢਿ ਤਬ ਦੇਖੀ ਭੀਰ ਅਪਾਰ।
ਅੰਤਰ ਪ੍ਰਵਿਸ਼ੈ ਕੋ ਨਹੀਂ, ਕਰੈਂ ਤਹਾਂ ਨਮਸਕਾਰ॥ ੩੪॥

ਦਰਵਾਜ਼ੇ ਤੇ ਖੜੇ ਹੋ ਕੇ ਅਪਾਰ ਭੀੜ ਵੇਖੀ। ਅੰਦਰ ਜਾਣ ਦੀ ਮਨਾਹੀ ਸੀ, ਇਸ ਲਈ ਬਾਹਰੋਂ ਹੀ ਸਾਰੇ ਨਮਸ਼ਕਾਰ ਕਰ ਰਹੇ ਸਨ॥ ੩੪॥

ਚੌਪਈ- ਅੰਤਰ ਜਾਨਿ ਲਗੇ ਸ੍ਰੀ ਪ੍ਰਭੁ ਜਬਿ। ਜੋ ਦਰਵਾਨ ਕਹੇ ਬਚ ਤਿਨ ਤਬਿ।
'ਅੰਤਰ ਹੁਕਮ ਜਾਨਿ ਕੋ ਨਾਂਹੀ। ਦਰ ਪੁਰ ਜ਼ਾਰਤ ਕਰਿ ਮੁਰਿ ਜਾਹੀ' ॥੩੫॥

ਜਦ ਗੁਰੂ ਜੀ ਅੰਦਰ ਜਾਣ ਲੱਗੇ ਤਾਂ ਜਿਹੜਾ ਦਰਵਾਜ਼ੇ ਤੇ ਪਹਿਰੇਦਾਰ ਖੜਾ ਸੀ ਉਸ ਨੇ ਗੁਰੂ ਜੀ ਨੂੰ ਇਸ ਤਰ੍ਹਾਂ ਕਿਹਾ, "ਅੰਦਰ ਜਾਣ ਦਾ ਹੁਕਮ ਨਹੀਂ ਹੈ, ਦਰਵਾਜ਼ੇ ਤੇ ਹੀ ਯਾਤਰਾ ਕਰਕੇ ਮੁੜ ਜਾਵੋ" ॥ ੩੫॥

ਗੁਰੂ ਕਹੈਂ 'ਤਿਹ ਕੋ ਸੁਧਿ ਦੀਜੈ। ਦਰ ਠਾਂਢੇ ਦਰਵੇਸ਼ ਲਖੀਜੈ।
ਤੁਮ ਦਰਸ਼ਨ ਕੀ ਹੈ ਚਿਤ ਚਾਹੀ। ਆਇਸੁ ਹੋਇ ਤ ਆਵਹਿਂ ਪਾਹੀ' ॥੩੬॥

ਗੁਰੂ ਜੀ ਨੇ ਕਿਹਾ-"ਉਸ ਫਕੀਰ ਨੂੰ ਖਬਰ ਕਰੋ ਕਿ ਤੁਹਾਡੇ ਦਰਵਾਜ਼ੇ ਤੇ ਇਕ ਫਕੀਰ ਖੜਾ ਹੈ। ਤੁਹਾਡੇ ਦਰਸ਼ਨਾ ਦੀ ਚਿੱਤ ਵਿਚ ਚਾਹਤ ਹੈ, ਆਗਿਆ ਹੋਵੇ ਤਾਂ ਅੰਦਰ ਆਉਣ" ॥ ੩੬॥

ਠਾਂਢੇ ਹੋਇ ਦੂਰ ਦਰਵਾਨਾ। ਜਾਇ ਤਾਂਹਿ ਸੋਂ ਬਚਨ ਬਖਾਨਾ।
'ਦਰ ਦਰਵੇਸ਼ ਤੁਮਾਰੇ ਆਏ। ਮਿਲਨ ਚਾਹਿ ਰਾਵਰਿ ਅਧਿਕਾਏ ॥੩੭॥

ਪਹਿਰੇਦਾਰ ਨੇ ਕੁਝ ਦੂਰ ਖੜਾ ਹੋ ਕੇ, ਉਸ ਫਕੀਰ ਨੂੰ ਕਿਹਾ, "ਤੁਹਾਡੇ ਦਰਵਾਜ਼ੇ ਤੇ ਦਰਵੇਸ਼ ਆਏ ਹਨ, ਆਪ ਜੀ ਨੂੰ ਮਿਲਣ ਦੀ ਉਨ੍ਹਾਂ ਵਿਚ ਬੜੀ ਚਾਹ ਹੈ॥ ੩੭॥

ਜੌ ਅਬ ਆਇਸੁ ਹੋਇ ਤੁਮਾਰੀ। ਕਰਿ ਹੈਂ ਜਾਰਤ ਆਇ ਅਗਾਰੀ'।
ਉੱਤਰ ਦੀਨ ਪਖੰਡੀ ਗਾਢੇ। 'ਬਰਜਹੁ ਦਰ ਪਰ ਰਾਖਹੁ ਠਾਂਢੇ॥ ੩੮ ॥

ਜੇ ਹੁਣ ਤੁਹਾਡੀ ਆਗਿਆ ਹੋਵੇ, ਤਾਂ ਤੁਹਾਡੇ ਦਰਸ਼ਨ ਕਰਨ ਵਾਸਤੇ ਅੱਗੇ ਆ ਜਾਣ। ਵੱਡੇ ਪਖੰਡੀ ਫਕੀਰ ਨੇ ਉੱਤਰ ਦਿੱਤਾ, "ਉਨ੍ਹਾਂ ਨੂੰ ਰੋਕੋ ਅਤੇ ਦਰਵਾਜ਼ੇ ਤੇ ਹੀ ਖੜੇ ਰੱਖੋ।

ਆਜ ਹੋਤਿ ਮੁਝ ਸ਼ਹੁ ਕੋ ਦਰਸ਼ਨ। ਨਹਿਂ ਅਵਲੋਕੋਂ ਕਿਸ, ਇਕ ਤਿਸ ਬਿਨ'।
ਸੁਨਿ ਦਰਵਾਨ ਸੁ ਆਇ ਬਖਾਨੀ। ਬਿਗਸੇ ਪ੍ਰਭੁ ਤਬ ਦੰਭਨ ਹਾਨੀ॥ ੩੯ ॥

ਅੱਜ ਮੈਨੂੰ ਮਾਲਕ ਦੇ ਦਰਸ਼ਨ ਹੋਣੇ ਹਨ, ਉਸ ਤੋਂ ਬਗੈਰ ਮੈਂ ਕਿਸੇ ਹੋਰ ਨੂੰ ਨਹੀਂ ਵੇਖਾਂਗਾ।" ਇਹ ਗੱਲ ਸੁਣ ਕੇ ਪਹਿਰੇਦਾਰ ਨੇ ਗੁਰੂ ਜੀ ਨੂੰ ਆ ਕੇ ਸਭ ਕੁਝ ਦੱਸਿਆ। ਪਖੰਡਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਇਹ ਸੁਣ ਕੇ ਮੁਸਕਰਾਏ॥ ੩੯ ॥

'ਕਛੁ ਨ ਇਹਾਂ, ਚਲਹੁ ਮਰਦਾਨਾ!। ਕੂਰ ਅਡੰਬਰ ਸਭਿ ਪਹਿਚਾਨਾ।
ਹੋਇ ਨਸ਼ਟ ਇਨ ਕਪਟ ਜੁ ਕੀਨੋ'। ਕਹਿ ਇਉਂ ਗਮਨੇ ਪਾਛਾ ਦੀਨੋ॥੪੦ ॥

"ਏਥੇ ਕੁਝ ਨਹੀਂ, ਮਰਦਾਨੇ ਅੱਗੇ ਚਲੋ, ਇਹ ਸਾਰਾ ਝੂਠਾ ਅਡੰਬਰ ਮੈਂ ਪਹਿਚਾਣ ਲਿਆ ਹੈ, ਇਸ ਨੇ ਜੋ ਕਪਟ ਕੀਤਾ ਹੈ, ਇਸ ਦਾ ਨਾਸ਼ ਹੋ ਜਾਵੇਗਾ" ਇਹ ਕਹਿ ਕੇ ਪਿਛਲੇ ਪਾਸੇ ਵਲ ਚਲੇ ਗਏ॥ ੪੦ ॥

ਤਿਹ ਛਿਨ ਮੇਲੇ ਬੀਚ ਬਿਸਾਲਾ। ਪਰੀ ਲਰਾਈ ਮਹਾਂ ਕਰਾਲਾ।
ਚਹੁੰਦਿਸ਼ਿ ਮਹਿਂ ਚਮਕਹਿਂ ਸ਼ਮਸ਼ੇਰਾ। ਧਰ ਪਰਸ਼੍ਰੋਣਤ ਗਿਰੇ ਘਨੇਰਾ॥ ੪੧ ॥

ਉਸੇ ਪੱਲ ਮੇਲੇ ਵਿਚ ਬੜੀ ਵਿਕਰਾਲ ਲੜਾਈ ਮੱਚ ਗਈ। ਚਾਰੇ ਪਾਸੇ ਤਲਵਾਰਾਂ ਚਮਕਣ ਲੱਗੀਆਂ, ਧਰਤੀ ਉਤੇ ਬਹੁਤ ਲਹੂ ਡਿਗਣ ਲੱਗਾ॥ ੪੧ ॥

ਕਟੇ ਕਿਤਿਕ ਹ੍ਵੈ ਮਿਰਤਕ ਪਰਿਹੀਂ। ਕੇਤਿਕ ਘਾਇਲ ਘੂਮਤ ਫਿਰਿਹੀਂ।
ਬਹੁਰੋ ਲੂਟਿ ਪਰੀ ਤਿਹ ਥਾਈਂ। ਬਲੀ ਖਸੋਟਹਿਂ ਵਸਤੂ ਪਰਾਈ॥ ੪੨ ॥

ਕਈ ਕੱਟ ਕੇ ਮੁਰਦਾ ਹੋ ਕੇ ਪੈ ਗਏ। ਕਈ ਘਾਇਲ ਹੋ ਕੇ ਫਿਰ ਰਹੇ ਸਨ। ਫਿਰ ਉਸ ਥਾਂ ਲੁੱਟ ਮੱਚ ਗਈ, ਬਲਵਾਨ ਮਾੜਿਆਂ ਪਾਸੋਂ ਵਸਤਾਂ ਖੋਹ ਰਹੇ ਸਨ॥ ੪੨ ॥

ਜਹਿਂ ਦੰਭੀ ਕੋ ਸਦਨ ਸੁਹਾਵਨ। ਨਰ ਪਹੁੰਚੇ ਤਹਿਂ ਵਸਤੁ ਲਿਆਵਨ।
ਸਰਬ ਸਮਾਜ ਹੁਤੋ ਤਿਸ ਕੇਰਾ। ਲੂਟਿ ਲੀਨ ਤਬਹੀ ਬਿਨ ਦੇਰਾ॥੪੩ ॥

ਜਿਥੇ ਪਖੰਡੀ ਦਾ ਸੋਹਣਾ ਘਰ ਸੀ, ਮਨੁੱਖ ਉਥੇ ਚੀਜ਼ਾਂ ਲੁੱਟਣ ਵਾਸਤੇ ਪਹੁੰਚ ਗਏ। ਬਹੁਤ ਲੋਕ ਉਥੇ ਪਹੁੰਚ ਗਏ ਤੇ ਕੁਝ ਸਮੇਂ ਵਿਚ ਹੀ ਸਾਰਾ ਕੁਝ ਲੁੱਟ ਲਿਆ॥ ੪੩ ॥

ਧਕਤਿ ਧਸੇ ਨਰ ਪੌਰ ਅੰਦਾਰੀ। ਮਚੰ ਪਰ ਬਾਲਾ ਏਕ ਸੁੰਦਾਰੀ।
ਸਠ ਤਿਹ ਸਾਥ ਕੇਲ ਕਰਿ ਐਸੇ। ਬਹੁ ਕਾਮੀ ਨਰ ਕਰਤਿ ਸੁ ਜੈਸੇ॥੪੪ ॥

ਦਰਵਾਜ਼ੇ ਨੂੰ ਧੱਕੇ ਮਾਰ ਕੇ ਸਾਰੇ ਆਦਮੀ ਅੰਦਰ ਜਾ ਦਾਖਲ ਹੋਏ, ਪਲੰਘ ਉਤੇ ਇਕ ਸੁੰਦਰ ਇਸਤਰੀ ਪਈ ਸੀ। ਫਕੀਰ ਉਸ ਨਾਲ ਇਸ ਤਰ੍ਹਾਂ ਭੋਗ ਬਿਲਾਸ ਕਰ ਰਿਹਾ ਸੀ ਜਿਵੇਂ ਬਹੁਤ ਕਾਮੀ ਮਰਦ ਕਰਦੇ ਹਨ॥ ੪੪ ॥

ਨਰ ਦੇਖਤਿ ਤਹਿਂ ਕੁਪਿਤ ਬਿਸ਼ੇਖਾ। 'ਮਾਰੋ ਮਾਰ ਪਾਜ ਇਸ ਭੇਖਾ'।
ਲਸ਼ਟਕ ਮਾਰ ਗਲੰਥ ਨਿਕਾਰਾ। 'ਲੂਟ ਲੇਹੁ' ਕਹਿਂ 'ਜਿਤਿਕ ਪਸਾਰਾ ॥੪੫ ॥

ਮਨੁੱਖ ਦੇਖ ਕੇ ਬਹੁਤ ਕ੍ਰੋਧਵਾਨ ਹੋਏ, ਕਹਿਣ ਲੱਗੇ, "ਮਾਰੋ ਮਾਰੋ ਇਸ ਪਖੰਡੀ ਦਾ ਪਾਜ ਖੁਲ੍ਹ ਗਿਆ ਹੈ। ਲਾਠੀਆਂ ਮਾਰ-ਮਾਰ ਗਲੇ ਤੋਂ ਫੜ ਕੇ ਬਾਹਰ ਕਢਿਆ। 'ਲੁਟ ਲਵੋ' ਇਸ ਦਾ ਜਿੰਨਾ ਵੀ ਸਾਮਾਨ ਹੈ॥ ੪੫॥

ਦੋਹਰਾ- ਜੜ੍ਹ ਚੇਤਨ ਜਗ ਈਸ਼ ਕੀ ਕਰੀ ਅਵੱਗਜਾ ਜਾਂਹਿ।
ਹਾਲ ਬੁਰਾ ਤਿਹ ਹੋਤਿ ਭਾ ਅਚਰਜ ਮਾਨੋ ਨਾਂਹਿ॥ ੪੬॥

ਜੜ੍ਹ ਚੇਤਨ ਰੂਪ ਜਗਤ ਦੇ ਮਾਲਕ ਭਾਵ ਗੁਰੂ ਜੀ ਦੀ ਜਿਸ ਨੇ ਵੀ ਅਵੱਗਿਆ ਕੀਤੀ ਹੋਵੇ, ਉਸ ਦਾ ਬਹੁਤ ਬੁਰਾ ਹਾਲ ਹੁੰਦਾ ਹੈ, ਇਸ ਗੱਲ ਨੂੰ ਅਚਰਜ ਨਾ ਮੰਨੋ॥ ੪੬॥

ਚੌਪਈ- ਝੰਡੇ ਕੋ ਨਿਸ਼ਾਨ ਲੈ ਗਯੋ। ਕੋਊ ਚਰ੍ਹਾਵਾ ਲੂਟਤਿ ਭਯੋ।
ਤਿਹਕੋ ਕਿਨਹੂੰ ਲੀਨ ਪ੍ਰਯੰਕਾ। ਨਰ ਭਾਜੇ ਮਨ ਮਾਨਿ ਅਤੰਕਾ॥੪੭॥

ਝੰਡੇ ਦੇ ਨਿਸ਼ਾਨ ਨੂੰ ਵੀ ਚੁੱਕ ਕੇ ਲੈ ਗਏ। ਕੋਈ ਚੜ੍ਹਾਵਾ ਲੁੱਟ ਰਿਹਾ ਸੀ ਕਿਸੇ ਨੇ ਉਸ ਦਾ ਪਲੰਘ ਚੁਕ ਲਿਆ। ਫਕੀਰ ਦੇ ਆਪਣੇ ਆਦਮੀ ਵੀ ਡਰਦੇ ਭੱਜ ਗਏ॥ ੪੭॥

ਭੂਖਨ ਬਸਤ੍ਰਾਦਿਕ ਥੇ ਜੋਊ। ਤਿਹ ਛਿਨ ਸਰਬ ਖਸੋਟੇ ਸੋਊ।
ਕਹਿਨ ਲਗੇ 'ਇਹੁ ਹੁਤੋ ਪਖੰਡੀ। ਨਾਉਂ ਸੁਹਾਗਣ ਹੈ ਇਹੁ ਰੰਡੀ॥੪੮॥

ਜਿਹੜੇ ਵੀ ਗਹਿਣੇ ਕਪੜੇ ਆਦਿ ਸਨ, ਉਸੇ ਵੇਲੇ ਸਾਰੇ ਲੁੱਟ ਲਏ। ਕਹਿਣ ਲੱਗੇ, "ਇਹ ਬੜਾ ਪਖੰਡੀ ਫਕੀਰ ਸੀ। ਨਾਂ ਇਸ ਦਾ ਸੋਹਾਗਣ ਸੀ ਪਰ ਹੈ ਇਹ ਰੰਡੀ ਸੀ॥ ੪੮॥

ਕਰਜੋ ਕੂਰ ਕੋ ਸਰਬ ਸਮਾਜਾ। ਉਘਰ ਗਯੋ ਅਬ ਜਾਂਕੋ ਪਾਜਾ।
ਕਰਹਿਂ ਨਿਰਾਦਰ ਸਭਿ ਨਰਤਹਿਂ ਕੋ। ਬੰਦਨ ਕਰਤਿ ਪ੍ਰੀਤਿ ਕਰਿ ਜਿਹਕੋ॥੪੯॥

ਜਿਸ ਨੇ ਸਭ ਲੋਕਾਂ ਸਾਹਮਣੇ ਝੂਠਾ ਪਖੰਡ ਕੀਤਾ, ਉਸ ਦਾ ਹੁਣ ਪਾਜ ਖੁਲ੍ਹ ਗਿਆ ਸੀ। ਸਾਰੇ ਮਨੁੱਖਾਂ ਦਾ ਨਿਰਾਦਰ ਕਰਦਾ ਸੀ, ਜਿਹੜੇ ਉਸ ਨੂੰ ਪ੍ਰੇਮ ਕਰਕੇ ਬੰਦਨਾ ਕਰਦੇ ਸਨ॥ ੪੯॥

ਮੰਦਮਤੀ ਤਬ ਮਨ ਮਹਿਂ ਜਾਨੇ। ਵਹਿਰ ਹੁਤੇ ਕੋ ਸੰਤ ਮਹਾਨੇ।
ਕੀਨ ਨਿਰਾਦਰ ਮੈਂ ਤਿਨ ਕੇਰਾ॥ਆਦਰ ਸਰਬ ਗਯੋ ਤਬ ਮੇਰਾ॥੫੦॥

ਮਾੜੀ ਮੱਤ ਵਾਲੇ ਨੂੰ ਉਸ ਵੇਲੇ ਇਹ ਸਮਝ ਆਈ ਕਿ ਬਾਹਰ ਕੋਈ ਮਹਾਨ ਸੰਤ ਆਏ ਸਨ ਜਦ ਮੈਂ ਉਨ੍ਹਾਂ ਦਾ ਨਿਰਾਦਰ ਕੀਤਾ ਤਦ ਮੇਰਾ ਸਾਰਾ ਆਦਰ ਜਾਂਦਾ ਰਿਹਾ॥ ੫੦॥

ਲੱਜਿਤ ਹੋਯੋ ਫਿਰਤਿ ਨਗਰ ਮੈਂ। ਕੋ ਨਹਿਂ ਜਾਵਨ ਦੇ ਨਿਜ ਘਰ ਮੈਂ।
ਇਕ ਨਿਸਾ ਬਸਿ ਕਰਿ ਤਿਹਂ ਥਾਈਂ। ਅੱਗ੍ਰਜ ਕੀਨੋ ਗਮਨ ਗੁਸਾਈਂ॥੫੧॥

ਸ਼ਰਮਿੰਦਾ ਹੋ ਕੇ ਨਗਰ ਵਿਚ ਫਿਰਦਾ ਸੀ। ਕੋਈ ਵੀ ਉਸ ਨੂੰ ਆਪਣੇ ਘਰ ਵਿਚ ਨਹੀਂ ਸੀ ਜਾਣ ਦਿੰਦਾ। ਗੁਰੂ ਜੀ ਇਕ ਰਾਤ ਓਥੇ ਰਹਿ ਕੇ ਅੱਗੇ ਚਲੇ ਗਏ॥ ੫੧॥

ਮੂਲਾ ਮਰਦਾਨਾ ਮੈਂ ਸੰਗਾ। ਪੀਛੇ ਪ੍ਰਸਥਾਨੇ ਸ ਉਮੰਗਾ।
ਉੱਚ ਜਹਾਂ ਸੱਜਦ ਬਹੁ ਬਾਸੀ। ਤਹਿਂ ਪਹੁਚੇ ਸਤਿਗੁਰ ਅਬਿਨਾਸ਼ੀ॥੫੨॥

ਮੂਲਾ, ਮਰਦਾਨਾ ਅਤੇ ਮੈਂ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਪਿਛੇ ਪਿਛੇ ਚਲ ਪਏ। ਉੱਚੀ ਜਾਤੀ ਦੇ ਜਿੱਥੇ ਬਹੁਤ ਸੱਜਦ ਵਸਦੇ ਸਨ, ਉਸ ਥਾਂ ਸਤਿਗੁਰੂ ਅਬਿਨਾਸ਼ੀ ਪਹੁੰਚ ਗਏ॥ ੫੨॥

ਵਹਿਰ ਨਗਰ ਤੇ ਆਸ਼੍ਰਮ ਲਾਈ। ਬੈਠਿ ਗਏ ਪੁਨ ਨਿਸ ਹ੍ਵੈ ਆਈ।

ਬਡੀ ਭੋਰ ਤੇ ਕਰਿ ਇਸ਼ਨਾਨਾ। ਭਨੈ ਗਿਰਾ ਊਚੀ ਧੁਨਿ ਕਾਨਾ ॥੫੩॥

ਨਗਰ ਦੇ ਬਾਹਰ ਡੇਰਾ ਲਾ ਲਿਆ। ਜਦ ਓਥੇ ਬੈਠ ਗਏ ਤਾਂ ਰਾਤ ਪੈ ਗਈ। ਸਵੇਰੇ ਸਵੱਖਤੇ ਉੱਠਕੇ ਗੁਰੂ ਜੀ ਨੇ ਇਸਨਾਨ ਕੀਤਾ ਅਤੇ ਫਿਰ ਬੜੀ ਉੱਚੀ ਧੁਨੀ ਵਿਚ ਪਾਠ ਕਰਨ ਲੱਗੇ॥ ੫੩॥

ਤਬ ਇਕ ਸਿੰਧੀ ਤਿਹ ਥਲ ਆਯੋ। ਸੁਨਿਨਿ ਹੇਤੁ ਠਹਿਰਯੋ ਹਿਤ ਲਾਯੋ।
ਬਚਨ ਸੁਨਤਿ ਸਮਝਤਿ ਭਲਿ ਰੀਤੀ। ਰਹਯੋ ਠਾਂਢਿ ਹ੍ਵੈ ਉਰ ਧਰਿ ਪ੍ਰੀਤੀ ॥੫੪॥

ਤਦ ਇਕ ਸਿੰਧੀ ਉਸ ਥਾਂ ਆਇਆ ਬਚਨ ਸੁਣਨ ਵਾਸਤੇ ਉਹ ਪ੍ਰੇਮ ਲਾ ਕੇ ਠਹਿਰ ਗਿਆ। ਬਚਨ ਸੁਣ ਰਿਹਾ ਸੀ ਤੇ ਉਨ੍ਹਾਂ ਦੇ ਅਰਥ ਚੰਗੀ ਤਰ੍ਹਾਂ ਸਮਝ ਰਿਹਾ ਸੀ ਬੜੀ ਪ੍ਰੀਤ ਲਾ ਕੇ ਓਥੇ ਖੜਾ ਰਿਹਾ॥ ੫੪॥

'ਗੁਰਮੁਖਿ ਨਾਦੰ ਗੁਰਮੁਖਿ ਵੇਦੰ'। ਜਬ ਇਹੁ ਉਚਰਯੋ ਪ੍ਰਭੁ ਅਭੇਦੰ।
ਅਰਥ ਨ ਸਮਝ ਸਕਯੋ ਕਛੁ ਤਾਂਹੀ। ਰਹਯੋ ਬਿਚਾਰਿ ਬਹੁਤ ਮਨ ਮਾਂਹੀ ॥੫੫॥

ਜਦ ਭੇਦ ਤੋਂ ਰਹਿਤ ਗੁਰੂ ਜੀ ਨੇ ਇਹ ਉਚਾਰਨ ਕੀਤਾ, "ਗੁਰਮੁਖ ਨਾਦੰ ਗੁਰਮੁਖ ਵੇਦੰ" ਤਾਂ ਸਿੰਧੀ ਕੁਝ ਅਰਥ ਨਾ ਸਮਝ ਸਕਿਆ, ਮਨ ਵਿਚ ਬਹੁਤ ਵਿਚਾਰ ਕਰਦਾ ਰਿਹਾ ॥ ੫੫॥

ਸੁਨਿ ਸਭਿ ਬਾਨੀ ਗਯੋ ਬਹੋਰੀ। ਤਾਂਕੋ ਪੀਰ ਹੁਤੇ ਜਿਸ ਠੋਰੀ।
ਤਿਸ ਪਦ ਕੋ ਕਰਿ ਕੰਠ ਬਿਚਾਰਤਿ। ਸੰਸੈ ਬਿਖੈ ਹੋਤਿ ਅਤਿ ਆਰਤ ॥੫੬॥

ਸਾਰੀ ਬਾਣੀ ਸੁਣ ਕੇ ਫਿਰ ਓਥੇ ਚਲਾ ਗਿਆ ਜਿਥੇ ਉਸ ਦਾ ਪੀਰ ਰਹਿੰਦਾ ਸੀ। ਗੁਰੂ ਜੀ ਦੇ ਉਸ ਪਦ ਨੂੰ ਕੰਠ ਕਰਕੇ ਉਹ ਵਿਚਾਰ ਰਿਹਾ ਸੀ। ਸੰਸੇ ਵਿਚ ਹੋਣ ਕਰਕੇ ਬੜਾ ਆਤਰ ਹੋਇਆ॥ ੫੬॥

ਬੂਝਤਿ ਪੀਰ 'ਬਿਲਮ ਕਿਉਂ ਲਾਈ?। ਕੌਨ ਮਿਲਯੋ ਕਹਿਂ ਬੈਸਾ ਜਾਈ'।
ਸਿੰਧੀ ਭਾਖੈ ਤਿਹਕੇ ਤੀਰ। 'ਦੇਖਯੋ ਹਿੰਦੂ ਏਕ ਫਕੀਰ॥ ੫੭॥

ਪੀਰ ਨੇ ਪੁਛਿਆ, "ਏਨੀ ਦੇਰ ਕਿਉਂ ਕੀਤੀ ਹੈ, ਕੌਣ ਮਿਲਿਆ ਸੀ ਅਤੇ ਕਿਥੇ ਜਾਕੇ ਬੈਠ ਗਿਆ ਸੀ। ਸਿੰਧੀ ਉਸ ਨੂੰ ਕਹਿਣ ਲੱਗਾ, "ਮੈਂ ਇਕ ਹਿੰਦੂ ਫਕੀਰ ਵੇਖਿਆ ਹੈ॥ ੫੭॥

ਤਿਹ ਕੀ ਸੁਨਤਿ ਰਹਯੋਂ ਮੈਂ ਬਾਨੀ। ਮੁਕਤਿ ਦੇਨਹਾਰੀ ਗੁਨ ਖਾਨੀ।
ਇਕ ਪਦ ਕੋ ਨ ਮਾਇਨਾ ਆਯੋ। ਭਲੇ ਬਿਚਾਰਯੋ ਭੇਦ ਨ ਪਾਯੋ ॥੫੮॥

ਉਸ ਦੀ ਬਾਣੀ ਮੈਂ ਸੁਣਦਾ ਰਿਹਾ ਹਾਂ, ਗੁਣਾਂ ਦੀ ਖਾਣ ਉਹ ਬਾਣੀ ਮੁਕਤੀ ਦੇਣ ਵਾਲੀ ਹੈ। ਇਕ ਪਦ ਦੇ ਮੈਨੂੰ ਅਰਥ ਸਮਝ ਨਹੀਂ ਆਏ, ਬਹੁਤ ਵਿਚਾਰਿਆ ਹੈ, ਪਰ ਭੇਦ ਨਹੀਂ ਪਾ ਸਕਿਆ" ॥ ੫੮॥

ਅਸ ਕਹਿ ਪੁਨ ਤੁਕ ਦੀਨਿ ਬਤਾਈ। ਸੁਨਤਿ ਪੀਰ ਨੈ ਗਿਰਾ ਅਲਾਈ।
'ਬਿਨਯ ਕਰਹੁ ਇਕ ਬਾਰ ਲਿਆਵਹੁ। ਤਿਹ ਕੋ ਦਰਸ਼ਨ ਮੋਹਿ ਕਰਾਵਹੁ ॥੫੯॥

ਇਹ ਕਹਿ ਕੇ ਪੀਰ ਨੂੰ ਤੁਕ ਦੱਸ ਦਿੱਤੀ। ਇਹ ਸੁਣ ਕੇ ਪੀਰ ਨੇ ਕਿਹਾ, "ਉਨ੍ਹਾਂ ਨੂੰ ਬੇਨਤੀ ਕਰਕੇ ਇਕ ਵਾਰ ਮੇਰੇ ਪਾਸ ਲਿਆਵੋ, ਉਨ੍ਹਾਂ ਦੇ ਮੈਨੂੰ ਦਰਸ਼ਨ ਕਰਾਉ" ॥ ੫੯॥

ਸੁਨਿਕੈ ਸਿੰਧੀ ਗਯੋ ਬਹੋਰੀ। ਨਮੋ ਕਰੀ ਪ੍ਰਭੁ ਕੋ ਕਰ ਜੋਰੀ।
ਠਾਂਢੋ ਭਯੋ ਦੀਨ ਮਨ ਹੋਯੋ। ਇਸ ਪ੍ਰਕਾਰ ਕੋ ਬਚਨ ਬੁਗੋਯੋ ॥੬੦॥

ਇਹ ਸੁਣਕੇ ਸਿੰਧੀ ਝਟ ਗਿਆ ਅਤੇ ਗੁਰੂ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ, ਮਨ ਵਿਚ ਦੀਨ ਹੋ ਕੇ ਖੜਾ ਰਿਹਾ ਫਿਰ ਇਸ ਪ੍ਰਕਾਰ ਬਚਨ ਕੀਤਾ॥ ੬੦॥

'ਮੈਂਡਾ ਪੀਰ ਸਦੇਂਦਾ ਤੋਕੋ। ਬਾਤ ਬੁਝੇਂਦਾ ਭੇਜਾ ਮੋਕੋ।
ਵਤ ਘਿੰਨਣ ਮੈਂ ਆਯੋ ਧਾਈ। ਜੁਲ ਦਰਵੇਸ਼! ਪੀਰ ਜਿਹਂ ਥਾਈ' ॥੬੧॥

"ਮੇਰਾ ਪੀਰ ਤੁਹਾਨੂੰ ਬੁਲਾਉਂਦਾ ਹੈ। ਗੱਲ ਪੁਛਣਾ ਚਾਹੁੰਦਾ ਹੈ, ਇਸ ਲਈ ਮੈਨੂੰ ਦੇਕੇ ਭੇਜਿਆ ਹੈ। ਤੁਹਾਨੂੰ ਲੈ ਜਾਣ ਵਾਸਤੇ ਮੈਂ ਮੁੜ ਕੇ ਦੌੜ ਕੇ ਆਇਆ ਹਾਂ। ਹੇ ਦਰਵੇਸ਼ ਜੀ, ਚਲੋ ਜਿਥੇ ਮੇਰਾ ਪੀਰ ਰਹਿੰਦਾ ਹੈ" ॥ ੬੧ ॥

ਸੁਨਿਕੈ ਗਮਨ ਕੀਨ ਤਿਨ ਸਾਥਾ। ਪਹੁੰਚੇ ਤਹਾਂ ਜਾਇ ਜਗਨਾਥਾ।
ਲਈ ਦਸਤਬੋਸੀ ਉਠਿ ਪੀਰ। 'ਲੇਹੁ ਸਲਾਮਾਲੇਕ ਫਕੀਰ!' ॥੬੨॥

ਇਹ ਸੁਣ ਕੇ ਗੁਰੂ ਜੀ ਸਿੰਧੀ ਦੇ ਨਾਲ ਚਲ ਪਏ। ਜਗਤ ਦੇ ਸਵਾਮੀ ਭਾਵ ਗੁਰੂ ਜੀ ਓਥੇ ਪਹੁੰਚ ਗਏ। ਪੀਰ ਨੇ ਉੱਠ ਕੇ ਹੱਥਾਂ ਨੂੰ ਚੁੰਮਿਆ ਅਤੇ ਕਿਹਾ, ਹੇ ਫਕੀਰ! ਮੈਂ ਤੁਹਾਨੂੰ ਸਲਾਮ ਕਰਦਾ ਹਾਂ" ॥ ੬੨ ॥

ਸਾਦਰ ਸੋ ਮਿਲਿਕੈ ਦਿਸ ਦੂਓ। ਬੈਠੇ ਬਹੁਰ ਰਿਦੈ ਹਿਤ ਹੂਓ।
ਨਿਜ ਸੰਸਾ ਖੋਵਨ ਕੇ ਕਾਰਨ। ਕਰੇ ਪੀਰ ਨੇ ਬਚਨ ਉਚਾਰਨ ॥੬੩॥

ਆਦਰ ਨਾਲ ਮਿਲ ਕੇ ਦੋਵੀਂ ਪਾਸੀਂ ਬੈਠ ਗਏ ਅਤੇ ਹਿਰਦੇ ਵਿਚ ਬਹੁਤ ਪ੍ਰੇਮ ਹੋਇਆ। ਆਪਣਾ ਸੰਸਾ ਦੂਰ ਕਰਨ ਲਈ ਪੀਰ ਨੇ ਇਸ ਤਰ੍ਹਾਂ ਬਚਨਾਂ ਦਾ ਉਚਾਰਨ ਕੀਤਾ ॥ ੬੩ ॥

ਸਾਚ ਚਵੋ ਤੁਮ ਬਰਾਖੁਦਾਈ। ਦਰਗਹਿ ਮਹਿਂ ਕਸ ਹਾਲ ਬਿਹਾਈ।
ਜਗਤ ਪ੍ਰਵਾਹਿ ਜਹਾਂ ਸਭਿ ਜਾਂਵਹਿ। ਨਹੀ ਸਥਿਰ ਹੋ ਹੋਵਨ ਪਾਵਹਿ ॥੬੪॥

ਖੁਦਾ ਦੇ ਵਾਸਤੇ ਸੱਚ ਉਚਾਰੋ, ਪਰਲੋਕ ਵਿਚ ਕੈਸੇ ਬੀਤਦੀ ਹੈ। ਜਗਤ ਦੇ ਸਾਰੇ ਲੋਕ ਜਿਥੇ ਜਾਂਦੇ ਹਨ, ਉਹ ਕਦੀ ਵੀ ਸਥਿਰ ਨਹੀਂ ਹੁੰਦੇ" ॥ ੬੪ ॥

ਸਤਿਗੁਰ ਭਨਯੋ 'ਪੀਰ ਸੁਨਿ ਲੀਜੈ। ਨਿਸ਼ਚੈ ਯਹੀ ਰਿਦੈ ਦ੍ਰਿੜ ਕੀਜੈ।
ਤਨ ਮਨ ਸੰਗ ਰਹਤਿ ਜੋ ਸਾਚੇ। ਜਗਤ ਗਰਤ ਤੇ ਸੋਊ ਬਾਚੇ ॥੬੫॥

ਸਤਿਗੁਰੂ ਜੀ ਨੇ ਬਚਨ ਕੀਤੇ, "ਹੇ ਪੀਰ ਜੀ! ਸੁਣੋ, ਹਿਰਦੇ ਵਿਚ ਇਹ ਗੱਲ ਦ੍ਰਿੜ੍ਹ ਕਰ ਲਵੋ, ਤਨ ਮਨ ਨਾਲ ਜੋ ਸੱਚੇ ਵਾਹਿਗੁਰੂ ਦੇ ਨਾਲ ਰਹਿੰਦੇ ਹਨ, ਜਗਤ ਦੇ ਟੋਏ ਤੋਂ ਉਹੀ ਬਚਦੇ ਹਨ ॥ ੬੫ ॥

ਸਾਚੇ ਸੰਗਿ ਰਤੇ ਚਿਤ ਜਾਂਹੀ। ਬਿਸ਼ਿਯਨ ਬਿਖੈ ਲਿਪਾਇ ਜਿ ਨਾਂਹੀ।
ਸ਼ੋਭਾ ਕੇ ਸਮੇਤ ਸੋ ਜਾਈਂ। ਦਰਗਹਿ ਮਹਿਂ ਬਹੁ ਆਦਰ ਪਾਈਂ ॥੬੬॥

ਜਿਨ੍ਹਾਂ ਦਾ ਸੱਚੇ ਪ੍ਰਭੂ ਦੇ ਨਾਲ ਚਿੱਤ ਰੰਗਿਆ ਜਾਂਦਾ ਹੈ। ਵਿਸ਼ਿਆਂ ਵਿਚ ਜਿਹੜੇ ਨਹੀਂ ਪੈਂਦੇ ਉਹ ਬੜੀ ਸ਼ੋਭਾ ਸਮੇਤ ਪ੍ਰਭੂ ਦੀ ਦਰਗਾਹ ਵਿਚ ਜਾਂਦੇ ਹਨ ਅਤੇ ਜਾ ਕੇ ਬੜਾ ਆਦਰ ਪਾਉਂਦੇ ਹਨ ॥ ੬੬ ॥

ਤਨ ਮਹਿਂ ਪਹਿਰ ਬੇਖ ਧਰਿ ਕੂੜੇ। ਮਨ ਕੇ ਮੂੜ ਮੰਦ ਮਤਿ ਮੂੜੇ।
ਕਾਮ, ਕ੍ਰੋਧ, ਲੋਭੁ, ਮੋਹੁ, ਹੰਕਾਰਾ। ਪੰਚ ਦੁਸ਼ਟ ਕੇ ਨਿਤ ਅਨੁਸਾਰਾ ॥੬੭॥

ਜਿਹੜੇ ਤਨ ਤੇ ਭੇਸ ਧਾਰਨ ਕਰਕੇ ਮਨ ਵਿਚ ਕੂੜ ਧਾਰਨ ਕਰਦੇ ਹਨ ਉਹ ਮਨ ਦੇ ਮੂਰਖ, ਮੰਦੀ ਮੱਤ ਵਾਲੇ ਗਵਾਰ ਹਨ। ਕਾਮ ਕ੍ਰੋਧ, ਲੋਭ, ਮੋਹ ਅਤੇ ਹੰਕਾਰ, ਉਹ ਸਦਾ ਇਨ੍ਹਾਂ ਪੰਜਾਂ ਦੁਸ਼ਟਾਂ ਦੇ ਅਨੁਸਾਰ ਰਹਿੰਦੇ ਹਨ ॥ ੬੭ ॥

ਤਿਨ ਕੋ ਦਰਗਹਿ ਥਾਉਂ ਨ ਕਾਈ। ਆਵਾਗੌਨ ਬਿਖੈ ਭਰਮਾਈਂ।
ਲਖਿ ਚਉਰਾਸੀਹ ਜੋਨਿ ਮਝਾਰੀ। ਆਇ ਜਾਇ ਦੁਖ ਪਾਵਹਿਂ ਭਾਰੀ ॥੬੮॥

ਉਨ੍ਹਾਂ ਨੂੰ ਦਰਗਾਹ ਵਿਚ ਥਾਂ ਨਸੀਬ ਨਹੀਂ ਹੁੰਦੀ, ਦੁਨੀਆਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ। ਚਰਾਸੀ ਲੱਖ ਜੂਨਾਂ ਵਿਚ ਜੰਮਦੇ ਮਰਦੇ ਰਹਿੰਦੇ ਹਨ ਅਤੇ ਭਾਰੀ ਦੁਖ ਪਾਉਂਦੇ ਹਨ'' ॥ ੬੮ ॥

ਤਬ ਸਿੰਧੀ ਬੋਲਯੋ ਯੁਤ ਪ੍ਰੀਤੀ। 'ਤੁਮ ਪਰਚੇ ਮਿਲਿਕੈ ਭਲਿ ਰੀਤੀ।
ਮਖਸਦ ਮੋਰੋ ਨ ਹਾਸਲ ਹੋਯਾ। ਆਇ ਪ੍ਰਿਥਮ ਜੋ ਬਚਨ ਬੁਗੋਯਾ ॥੬੯ ॥

ਤਦ ਸਿੰਧੀ ਬੜੇ ਪ੍ਰੇਮ ਨਾਲ ਬੋਲਿਆ, ''ਤੁਸੀਂ ਭਲੀ ਰੀਤੀ ਮਿਲ ਕੇ ਗਿਆਨ ਦਿੱਤਾ ਹੈ, ਪਰ ਮੇਰਾ ਮਕਸਦ ਪੂਰਾ ਨਹੀਂ ਹੋਇਆ ਹੈ। ਏਥੇ ਆ ਕੇ ਜਿਹੜਾ ਤੁਸੀਂ ਪਹਿਲਾਂ ਬਚਨ ਕੀਤਾ ਸੀ'' ॥ ੬੯ ॥

ਸੁਨਤਿ ਪੀਰ ਨੇ ਗਿਰਾ ਬਖਾਨੀ। 'ਤੁਮ ਜਾਨੇ ਮੈਂ ਸਭਿ ਗੁਨ ਖਾਨੀ।
ਸਿੰਧੀ ਏਕ ਮਾਇਨੈ ਹੇਤੂ। ਬਾਰ ਬਾਰ ਪੂਛਿ ਪ੍ਰੀਤਿ ਸਮੇਤੂ ॥ ੭੦ ॥

ਇਹ ਸੁਣ ਕੇ ਪੀਰ ਨੇ ਕਿਹਾ, ''ਮੈਂ ਤੁਹਾਨੂੰ ਸਾਰੇ ਗੁਣਾਂ ਦੀ ਖਾਣ ਜਾਣਿਆ ਹੈ। ਸਿੰਧੀ ਇਕ ਸ਼ਬਦ ਅਰਥ ਜਾਣਨ ਵਾਸਤੇ ਬਾਰ ਬਾਰ ਪ੍ਰੀਤ ਸਹਿਤ ਪੁੱਛ ਰਿਹਾ ਹੈ ॥ ੭੦ ॥

ਸੋ ਬਤਾਇ ਇਸ ਨਾਸਹੁ ਸੰਸਾ। ਰਾਵਰ ਕੀ ਇਨ ਕੀਨ ਪ੍ਰਸ਼ੰਸਾ।
ਜਾਂਤੇ ਦਰਸ਼ਨ ਭਯੋ ਤੁਮਾਰਾ। ਸਫਲ ਜਨਮ ਹੋਯੋ ਸੁਖ ਭਾਰਾ' ॥ ੭੧ ॥

ਇਸ ਲਈ ਉਹ ਅਰਥ ਇਸ ਨੂੰ ਸਮਝਾ ਦੇਵੋ ਤਾਂਕਿ ਇਸ ਦਾ ਸੰਸਾ ਦੂਰ ਹੋਵੇ। ਇਸ ਨੇ ਆਪ ਦੀ ਬਹੁਤ ਪ੍ਰਸੰਸਾ ਕੀਤੀ ਹੈ। ਜਦ ਇਸ ਨੇ ਤੁਹਾਡੇ ਦਰਸ਼ਨ ਕੀਤੇ ਹਨ ਤਾਂ ਜਨੰਮ ਸਫਲ ਹੋਇਆ ਹੈ ਅਤੇ ਅਸੀਂ ਭਾਰੀ ਸੁਖ ਪਾਇਆ ਹੈ ॥ ੭੧ ॥

ਮ੍ਰਿਦੁਲ ਮਧੁਰ ਮੁਖ ਗਿਰਾ ਉਚਾਰੀ। 'ਸੁਨਿ ਜਲਾਲ! ਇਕ ਰੀਤਿ ਸੁਖਾਰੀ।
ਜਾਂਹਿ ਕੁਲਫ ਕੀ ਜੋ ਹੈ ਕੁੰਜੀ। ਤਿਸ ਬਿਨੁ ਖੋਲ ਸਕਹਿ ਨਹਿਂ ਦੂਜੀ ॥੭੨ ॥

ਗੁਰੂ ਜੀ ਨੇ ਕੋਮਲ ਅਤੇ ਮਿਠੇ ਬਚਨ ਕਹੇ, ''ਹੇ ਜਲਾਲ ! ਸੁਣ, ਇਕ ਸੌਖੀ ਰੀਤੀ ਹੈ, ਜਿਸ ਜੰਦਰੇ ਦੀ ਜੋ ਕੁੰਜੀ ਹੁੰਦੀ ਹੈ, ਤਿਸ ਬਗੈਰ ਦੂਸਰੀ ਕੁੰਜੀ ਉਸ ਜੰਦਰੇ ਨੂੰ ਨਹੀ ਖੋਲ੍ਹ ਸਕਦੀ ॥ ੭੨ ॥

ਤੁਮ ਤੇ ਸੁਨਹਿ ਮਾਇਨਾ ਜਬਹੀ। ਖਾਤਰਜਮਾ ਹੋਇ ਉਰ ਤਬਹੀ।
ਜੇ ਤੁਮ ਕਹਉ ਨ ਹਮ ਤੇ ਆਵਹਿ। ਕਰਹੁ ਰੀਤਿ ਅਸ ਜੈਸ ਬਤਾਵਹਿਂ ॥੭੩ ॥

ਤੁਹਾਡੇ ਪਾਸੋਂ ਜਦ ਅਰਥ ਸੁਣਾਂਗਾ ਤਦ ਹੀ ਦਿਲ ਵਿਚ ਤਸੱਲੀ ਹੋਵੇਗੀ। ਜੇ ਤੂੰ ਕਹਿੰਦਾ ਹੈਂ ਕਿ ਮੈਨੂੰ ਅਰਥ ਨਹੀ ਆਉਂਦੇ ਤਾਂ ਜਿਸ ਤਰ੍ਹਾਂ ਅਸੀਂ ਦੱਸੀਏ ਉਸ ਤਰ੍ਹਾਂ ਕਰੋ ॥ ੭੩ ॥

ਚਲਿਕੇ ਮੱਕੇ ਪਹੁੰਚਹੁ ਜਬਿਹੀ। ਤੁਮਰੀ ਨਿਸ਼ਾ ਹੋਇ ਹੈ ਤਬਿਹੀ।
ਲਖਨ ਮਾਇਨੇ ਜੇ ਚਿਤ ਚਾਹੀ। ਗਮਨਹੁ ਅਬ ਬਿਲੰਬ ਕਰਿ ਨਾਂਹੀ' ॥੭੪ ॥

ਚੱਲ ਕੇ ਜਦ ਮੱਕੇ ਪਹੁੰਚੋਗੇ, ਫਿਰ ਤੁਹਾਡੀ ਤਸੱਲੀ ਹੋ ਜਾਵੇਗੀ। ਜੇ ਅਰਥ ਜਾਨਣਾ ਚਾਹੁੰਦੇ ਹੋ ਤਾਂ ਫਿਰ ਹੁਣੇ ਮੱਕੇ ਚਲੇ ਜਾਵੋ, ਦੇਰ ਨਾ ਲਾਵੋ'' ॥ ੭੪ ॥

ਸੁਨਿ ਜਲਾਲ ਬੋਲਯੋ ਧਰਿ ਭਾਊ। 'ਆਪ ਰਹੋ ਤਬ ਲੌ ਇਸ ਥਾਊਂ।
ਤਬ ਮੈਂ ਜਾਇ ਮਾਯਨਾ ਪੂਰਨ। ਸੁਨਿ ਕਰਿ ਬਹੁਰ ਆਇ ਹੌਂ ਤੂਰਨ ॥੭੫ ॥

ਇਹ ਸੁਣ ਕੇ ਜਲਾਲ ਪ੍ਰੇਮ ਧਾਰਨ ਕਰਕੇ ਬੋਲਿਆ, ''ਆਪ ਤਦ ਤਕ ਏਥੇ ਰਹੋ, ਮੈਂ ਜਾ ਕੇ ਪੂਰੇ ਅਰਥ ਪੁਛਾਂਗਾ ਅਤੇ ਅਰਥ ਸੁਣ ਕੇ ਤੁਰੰਤ ਵਾਪਸ ਆ ਜਾਵਾਂਗਾ'' ॥ ੭੫ ॥

ਗੁਰੂ ਕਹੈਂ 'ਹਮ ਇਹ ਥਲ ਬੈਸੇ। ਆਵਹੁ ਬੂਝ, ਨ ਬਿਲਮਹੁ ਕੈਸੇ।
ਤਬ ਜਲਾਲ ਨੈ ਆਇਸੁ ਮਾਨੀ। ਨਿਜ ਮੁਰੀਦ ਬੁਲਵਾਇ ਬਖਾਨੀ ॥੭੬॥

ਗੁਰੂ ਜੀ ਨੇ ਕਿਹਾ, "ਅਸੀਂ ਇਸ ਥਾਂ ਬੈਠੇ ਹਾਂ, ਪੁੱਛ ਕੇ ਆ ਜਾਵੋ ਦੇਰ ਨਾ ਕਰੋ।" ਤਦ ਜਲਾਲ ਨੇ ਆਗਿਆ ਮੰਨ ਲਈ, ਆਪਣੇ ਸੇਵਕ ਨੂੰ ਬੁਲਾ ਕੇ ਕਿਹਾ॥ ੭੬॥

'ਇਨ ਦਰਵੇਸ਼ਨ ਸੋਂ ਧਰਿ ਭਾਉ। ਸੇਵ ਕਰੋ ਜਬ ਲੌ ਨਹਿਂ ਆਊਂ'।
ਚਰਨਬੰਦਿ ਕੈ ਗਯੋ ਬਹੋਰੀ। ਪ੍ਰਭੁ ਜੀ ਰਹੇ ਆਪੁ ਤਿਸੁ ਠੋਰੀ॥ ੭੭॥

"ਇਨ੍ਹਾਂ ਦਰਵੇਸ਼ਾਂ ਦੀ ਪ੍ਰੇਮ ਧਾਰ ਕੇ ਸੇਵਾ ਕਰੋ, ਜਦ ਤਕ ਮੈਂ ਵਾਪਸ ਨਹੀਂ ਆਉਂਦਾ।" ਫਿਰ ਚਰਨ ਬੰਦਨਾ ਕਰਕੇ ਤੁਰੰਤ ਚਲਾ ਗਿਆ। ਗੁਰੂ ਜੀ ਆਪ ਉਸ ਥਾਂ ਬੈਠੇ ਰਹੇ॥ ੭੭॥

ਕਿਤਿਕ ਦਿਵਸ ਜਬ ਰਹਤਿ ਬਿਤਾਏ। ਮੂਲੇ ਸੌਂ ਗੁਰ ਬਚਨ ਅਲਾਏ।
'ਕਰੈ ਬਿਰੋਧ ਜੁ ਤਵ ਸੰਗ ਇਕ ਨਰ। ਆਜ ਗਯੋ ਸੋ ਚਲਿ ਤੁਮਰੇ ਘਰ ॥੭੮॥

ਕਈ ਦਿਨ ਜਦ ਰਹਿੰਦਿਆਂ ਬੀਤ ਗਏ ਤਾਂ ਗੁਰੂ ਜੀ ਨੇ ਮੂਲੇ ਨੂੰ ਇਹ ਬਚਨ ਕਹੇ, "ਜਿਹੜਾ ਇਕ ਆਦਮੀ ਤੁਹਾਡੀ ਵਿਰੋਧਤਾ ਕਰਦਾ ਸੀ, ਅੱਜ ਉਹ ਚਲ ਕੇ ਤੁਹਾਡੇ ਘਰ ਗਿਆ ਹੈ॥ ੭੮॥

ਕਰਤਿ ਈਰਖਾ ਕੂਰ ਬਖਾਨਾ। ਇਕ ਨਰ ਤੇ ਮੈਂ ਸੁਨਾਈ ਕਾਨਾ।
ਮੂਲਾ ਗਯੋ ਜੁ ਸੰਗ ਫਕੀਰੰ। ਜਾਤਿ ਅਚਾਨਕ ਤਜਯੋ ਸਰੀਰੰ॥ ੭੯॥

ਈਰਖਾ ਕਾਰਨ ਉਸ ਝੂਠ ਬੋਲਿਆ ਹੈ। ਉਸ ਨੇ ਤੁਹਾਡੇ ਘਰ ਜਾ ਕੇ ਕਿਹਾ ਹੈ ਕਿ ਉਸ ਇਕ ਆਦਮੀ ਪਾਸੋਂ ਸੁਣਿਆ ਹੈ ਕਿ ਮੂਲਾ ਜੋ ਫਕੀਰਾਂ ਦੇ ਨਾਲ ਚਲੇ ਗਿਆ ਸੀ, ਅਚਾਨਕ ਸਰੀਰ ਛੱਡ ਗਿਆ ਹੈ॥ ੭੯॥

ਇਵ ਸੁਨਿਕੈ ਤਵ ਤ੍ਰਿਯ ਤਿਹ ਠੋਰਾ। ਜਰਨ ਹੇਤੁ ਕਰ ਲੀਨ ਸਿਧਉਰਾ।
ਸਭਿ ਸਮਾਜ ਕੋ ਕੀਨਿ ਤਯਾਰੀ। ਸਤੀ ਹੋਨ ਲਾਗੀ ਹਿਤਕਾਰੀ॥੮੦॥

ਇਹ ਸੁਣ ਕੇ ਤੁਹਾਡੀ ਪਤਨੀ ਨੇ ਉਸ ਥਾਂ ਸੜਨ ਵਾਸਤੇ ਹੱਥ ਤੇ ਨਾਰੀਅਲ (ਜੋ ਸਤੀ ਹੋਣ ਵਾਲੀ ਇਸਤਰੀ ਹੱਥ ਵਿਚ ਲੈ ਕੇ ਸਤੀ ਹੁੰਦੀ ਹੈ) ਧਰ ਲਿਆ ਹੈ। ਸਾਰੇ ਲੋਕਾਂ ਨੂੰ ਤਿਆਰ ਕਰ ਲਿਆ ਹੈ, ਤੁਹਾਡੇ ਪਿਆਰ ਵਿਚ ਸਤੀ ਹੋਣ ਲੱਗੀ ਹੈ॥ ੮੦॥

ਅਬ ਸਮੀਪ ਜੇ ਪਹੁੰਚਹਿਂ ਜਾਈ। ਬਚਹਿ ਤੀਯ, ਤਵ ਸਦਨ ਬਸਾਈ।
ਨਾਤੁਰ ਜੇ ਬਿਰਾਗ ਦ੍ਰਿਢ ਧਾਰਾ। ਤਜਹੁ ਮੋਹ ਕੋ ਕਰਹੁ ਸੰਗਾਰਾ' ॥ ੮੧॥

ਹੁਣ ਜੇ ਤੂੰ ਉਸ ਦੇ ਪਾਸ ਜਾਵੇਂਗਾ ਤਦ ਹੀ ਇਸ ਤਰ੍ਹਾਂ ਬਚੇਗੀ ਤੇ ਤੇਰਾ ਘਰ ਵੱਸਦਾ ਰਹੇਗਾ। ਨਹੀਂ ਤਾਂ ਜੇ ਤੁਸੀਂ ਦ੍ਰਿੜ੍ਹ ਵਿਰਾਗ ਧਾਰਨ ਕੀਤਾ ਹੈ ਤਾਂ ਮੋਹ ਨੂੰ ਛੱਡੋ, ਸਾਡਾ ਸੰਗ ਕਰੋ' ॥ ੮੧॥

ਸੁਨਿ ਤਹਿਂ ਭਯੋ ਛੋਭ ਮਨ ਮਾਂਹੀ। ਬਹਯੋ ਮੋਹ ਮਹਿਂ ਧੀਰਜ ਨਾਂਹੀ॥
ਕਹਿਨ ਲਗਯੋ 'ਮਮ ਦੂਰ ਅਵਾਸਾ। ਕਿਸ ਪ੍ਰਕਾਰ ਪਹੁੰਚੋਂ ਤਿਸ ਪਾਸਾ॥੮੨॥

ਇਹ ਸੁਣ ਕੇ ਮੂਲਾ ਮਨ ਵਿਚ ਬਹੁਤ ਦੁਖੀ ਹੋਇਆ, ਮੋਹ ਵਿਚ ਬਹਿ ਗਿਆ ਅਤੇ ਧੀਰਜ ਖੋਹ ਬੈਠਾ, ਕਹਿਣ ਲੱਗਾ, "ਮੇਰਾ ਘਰ ਬਹੁਤ ਦੂਰ ਹੈ, ਕਿਸ ਤਰ੍ਹਾਂ ਉਸ ਪਾਸ ਪਹੁੰਚ ਸਕਦਾ ਹਾਂ॥ ੮੨॥

ਬਹੁਤ ਦਿਵਸ ਕੋ ਪੰਥ ਮਝਾਰਾ। ਸੋ ਜਾਮਿਕ ਮੈਂ ਜਰਿ ਹ੍ਵੈ ਛਾਰਾ।
ਕੈਸੇ ਉਬਰੈ ਅਬ ਮਮ ਨਾਰੀ। ਸ਼ਰਮ ਰਖਹੁ ਮੈਂ ਸ਼ਰਨਿ ਤੁਮਾਰੀ॥੮੩॥

ਕਈਆਂ ਦਿਨਾਂ ਦਾ ਸਫ਼ਰ ਹੈ, ਉਹ ਤਾਂ ਇਕ ਪਹਿਰ ਭਰ ਵਿਚ ਸੜ ਕੇ ਮਰ ਜਾਵੇਗੀ। ਮੇਰੀ ਨਾਰੀ ਹੁਣ ਕਿਵੇਂ ਬਚ ਸਕਦੀ ਹੈ, ਹੇ ਗੁਰੂ ਜੀ ਮੇਰੀ ਲਾਜ ਰਖੋ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ॥ ੮੩॥

ਤੁਮ ਜੇ ਕਰਹੁ ਪੁਚਾਵਨ ਮੋਹੀ। ਤ੍ਰਿਯ ਤਨ ਤਬਹਿ ਬਚਾਵਨ ਹੋਹੀ।
ਆਪ ਸਮ੍ਰੱਥ ਸਰਬ ਪਰਕਾਰਾ। ਤੁਮ ਬਿਨ ਮੋਰ ਨ ਅਨਤ ਅਧਾਰਾ ॥੮੪॥

ਤੁਸੀਂ ਜੇ ਮੈਨੂੰ ਓਥੇ ਪਹੁੰਚਾ ਦੇਵੋ, ਮੇਰੀ ਇਸਤਰੀ ਦਾ ਸਰੀਰ ਫਿਰ ਬਚ ਸਕਦਾ ਹੈ, ਆਪ ਸਭ ਪ੍ਰਕਾਰ ਸਮਰੱਥ ਹੋ। ਤੁਹਾਡੇ ਬਗੈਰ ਮੇਰਾ ਹੋਰ ਕੋਈ ਆਧਾਰ ਨਹੀਂ ਹੈ"॥ ੮੪॥

ਮੁਸਕਾਨੇ ਸੁਨਿਕੈ ਗੁਨ ਖਾਨੀ। ਕਹਤੋ 'ਕਿ ਜੇ ਤੈਂ ਅਸ ਮਨ ਮਾਨੀ।
ਦੋਨਹੁ ਅਪੁਨੇ ਮੂੰਦਹੁ ਲੋਚਨ। ਜਾਇ ਮਿਲਹੁ ਕਰਿ ਸੋਚ ਬਿਮੋਚਨ ॥੮੫॥

ਗੁਰੂ ਜੀ ਇਹ ਸੁਣ ਕੇ ਮੁਸਕਰਾਏ ਅਤੇ ਕਿਹਾ, "ਜੇ ਤੂੰ ਮਨ ਵਿਚ ਇਸ ਤਰ੍ਹਾਂ ਮੰਨ ਲਈ ਹੈ ਤਾਂ ਆਪਣੀਆਂ ਦੋਵੇਂ ਅੱਖਾਂ ਬੰਦ ਕਰੋ ਅਤੇ ਸੋਚਾਂ ਤਿਆਗ ਕੇ ਆਪਣੀ ਇਸਤਰੀ ਨੂੰ ਜਾ ਮਿਲੋ"॥ ੮੫॥

ਆਇਸੁ ਮਾਨਿ ਕੀਨ ਜਬ ਐਸੇ। ਖੋਲਿ ਬਿਲੋਕਯੋ ਨਿਜ ਘਰ ਬੈਸੇ।
ਜਰਤਿ ਆਪਨੀ ਤੀਯ ਉਬਾਰੀ। ਲਗਯੋ ਕਰਨ ਪੂਰਬ ਸਮ ਕਾਰੀ॥ ੮੬॥

ਗੁਰੂ ਜੀ ਦੀ ਆਗਿਆ ਮੰਨ ਕੇ ਜਦ ਉਸ ਤਰ੍ਹਾਂ ਕੀਤਾ ਅਤੇ ਜਦ ਅੱਖਾਂ ਖੋਲ ਕੇ ਵੇਖਿਆ ਤਾਂ ਆਪਣੇ ਆਪ ਨੂੰ ਆਪਣੇ ਘਰ ਵਿਚ ਬੈਠਾ ਪਾਇਆ। ਸੜਨ ਤੋਂ ਆਪਣੀ ਇਸਤਰੀ ਬਚਾਈ ਅਤੇ ਪਹਿਲਾਂ ਵਾਂਗ ਆਪਣਾ ਕੰਮ ਕਾਜ ਕਰਨ ਲੱਗਾ॥ ੮੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਮੂਲੇ ਕੋ, ਜਲਾਲ ਕੋ ਪ੍ਰਸੰਗ ਬਰਨਨੰ ਨਾਮ ਇਕਤ੍ਰਿੰਸਮੋ ਅਧ੍ਯਾਯ॥ ੩੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇਕੱਤੀਵਾਂ ਅਧਿਆਇ, ਜਿਸ ਦਾ ਨਾਮ 'ਸ਼ਾਹੁ ਸੁਹਾਗਣ, ਮੂਲਾ, ਪੀਰ ਜਲਾਲ' ਹੈ, ਸਮਾਪਤ ਹੋਇਆ॥ ੩੧॥

## *ਅਧਿਆਇ ਬੱਤੀਵਾਂ*

*ਪੀਰ ਜਲਾਲ ਨੂੰ ਗੁਰਮੁਖ ਦੇ ਅਰਥ ਸਮਝਾਉਣੇ*

ਦੋਹਰਾ- ਕੂਰ ਆਸਰੇ ਅਪਰ ਤਜਿ ਗਹੁ ਸਤਿਗੁਰ ਕੀ ਸ਼ਰਨ।
ਮਲ ਉਤਾਰਿ ਬਹੁ ਬਿਸ਼ਯ ਕੀ ਹਰਹੁ ਜਨਮ ਪੁਨ ਮਰਨ॥ ੧॥

ਹੋਰ ਝੂਠੇ ਆਸਰੇ ਛੱਡ ਕੇ ਸਤਿਗੁਰੂ ਦੀ ਸ਼ਰਨ ਫੜੋ, ਵਿਸ਼ਿਆਂ ਦੀ ਮੈਲ ਨੂੰ ਉਤਾਰ ਕੇ ਆਪਣਾ ਜਨਮ ਮਰਨ ਦੂਰ ਕਰ ਲਵੋ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਅਬ ਜਲਾਲ ਕੋ ਸੁਨਹੁ ਬ੍ਰਿਤੰਤੇ। ਸ੍ਰੀ ਅੰਗਦ ਜੀ! ਗੁਨ ਗੁਨਵੰਤੇ।
ਸ੍ਰੀ ਗੁਰ ਕੋ ਬਸਾਇ ਨਿਜ ਥਾਈਂ। ਤੂਰਨ ਮਾਰਗ ਆਯੋ ਧਾਈ॥ ੨॥

*ਭਾਈ ਬਾਲੇ ਨੇ ਕਿਹਾ-* ਹੇ ਗੁਣਾਂ ਦੇ ਗੁਣਵੰਤ ਸ੍ਰੀ ਗੁਰੂ ਅੰਗਦ ਦੇਵ ਜੀ! ਹੁਣ ਜਲਾਲ ਦਾ ਬ੍ਰਿਤਾਂਤ ਸੁਣੋ। ਸ੍ਰੀ ਗੁਰੂ ਜੀ ਨੂੰ ਆਪਣੇ ਥਾਂ ਵਸਾ ਕੇ, ਪੀਰ ਜਲਾਲ ਤੁਰੰਤ ਮੱਕੇ ਦੇ ਰਾਹ ਚਲ ਪਿਆ॥ ੨॥

ਦੋਹਰਾ-ਗਯੋ ਤਹਾਂ ਬਿਨ ਬਿਲਮ ਤੇ ਜਹਿਂ ਸਾਗਰ ਕੋ ਤੀਰ।
ਇਕ ਜਹਾਜ ਆਯੋ ਤਬਹਿ ਚਢਿ ਬੈਠਯੋ ਪਿਖਿ ਪੀਰ॥ ੩॥

ਕਿਸੇ ਦੇਰ ਤੋਂ ਬਗੈਰ ਸਾਗਰ ਦੇ ਕੰਢੇ ਪਹੁੰਚ ਗਿਆ, ਇਕ ਜਹਾਜ਼ ਆਇਆ, ਪੀਰ ਉਸ ਨੂੰ ਵੇਖ ਕੇ ਉਸ ਵਿਚ ਚੜ੍ਹ ਗਿਆ॥ ੩॥

ਚੌਪਈ- ਚਲਯੋ ਜਹਾਜ ਸੁ ਉਦਧਿ ਮਝਾਰੇ। ਲਗਯੋ ਜਾਇ ਗਿਰ ਏਕ ਕਿਨਾਰੇ।
ਉਤਰਯੋ ਤਬ ਜਹਾਜ ਤੇ ਗਯੋ। ਗਿਰ ਦੇਖਿਨ ਕੇ ਹਿਤ ਹੁਲਸਯੋ॥ ੪॥

ਜਹਾਜ਼ ਸਮੁੰਦਰ ਵਿਚ ਚਲ ਪਿਆ ਅਤੇ ਜਾ ਕੇ ਇਕ ਪਹਾੜ ਕੰਢੇ ਲੱਗ ਗਿਆ, ਫਿਰ ਉਹ ਜਹਾਜ਼ ਤੋਂ ਹੇਠਾਂ ਉੱਤਰ ਗਿਆ। ਪਹਾੜ ਵੇਖਣ ਵਾਸਤੇ ਉਹ ਬੜਾ ਉਤਸ਼ਾਹਤ ਹੋਇਆ॥ ੪॥

ਅਤਿ ਸੁੰਦਰ ਮੰਦਿਰ ਬਹੁ ਦੇਖੇ। ਜਿਨ ਮਹਿਂ ਸਿਹਜਾ ਰੁਚਿਰ ਬਿਸ਼ੇਖੇ।
ਮਾਨਵ ਕੋ ਨਹਿਂ ਦੇਖਯੋ ਤਹਿਂਵਾ। ਚਿਤ ਮਹਿਂ ਅਤਿ ਚੌਂਕ੍ਰਿਤ ਹ੍ਵੈ ਰਹਿਵਾ॥੫॥

ਉਸ ਅਤਿ ਸੁੰਦਰ ਮਹਿਲ ਬਹੁਤ ਵੇਖੇ, ਜਿਨ੍ਹਾਂ ਦੀ ਬੜੀ ਸੁੰਦਰ ਸਿਰਜਣਾ ਹੋਈ ਸੀ। ਪਰ ਉਸ ਥਾਂ ਕਿਸੇ ਵੀ ਮਨੁੱਖ ਨੂੰ ਨਾ ਵੇਖਿਆ। ਚਿੱਤ ਵਿਚ ਬਹੁਤ ਹੈਰਾਨ ਹੋਇਆ॥ ੫॥

ਕਰੈ ਬਿਚਾਰ, ਪਿਖੋਂ ਪਰਦੋਖੁ। ਨਿਸ ਰਹਿ ਅੰਨ ਉਦਰ ਨਿਜ ਪੋਖੁ।
ਸਿੰਧੁ ਕਿਨਾਰ ਆਇ ਸੋ ਬੈਸਾ। ਕੌਤਕ ਤਹਾਂ ਬਿਲੋਕਯੋ ਐਸਾ॥ ੬॥

ਉਸ ਵਿਚਾਰ ਕੀਤੀ ਕਿ ਸ਼ਾਮ ਨੂੰ ਵੇਖਾਂਗਾ। ਰਾਤ ਨੂੰ ਰਹਿ ਕੇ ਆਪਣਾ ਪੇਟ ਅੰਨ ਨਾਲ ਭਰਾਂਗਾ। ਸਮੁੰਦਰ ਦੇ ਕੰਢੇ ਆ ਕੇ ਬੈਠ ਗਿਆ, ਓਥੇ ਇਕ ਐਸਾ ਕੌਤਕ ਵੇਖਿਆ॥ ੬॥

ਦੋਹਰਾ-ਇਕ ਜਹਾਜ ਬੂਡਨ ਲਗਾ ਰੌਰ ਪਰਯੋ ਤਿਸੁ ਮਾਂਹਿ।
ਪੀਰ ਤੀਰ ਬੈਸਯੋ ਸੁਨਯੋ ਬਹੁਤ ਲੋਕ ਬਿਲਲਾਹਿਂ॥ ੭॥

ਇਕ ਜਹਾਜ਼ ਡੁਬਣ ਲੱਗਾ, ਉਸ ਵਿਚ ਬਹੁਤ ਰੌਲਾ ਪਿਆ। ਪੀਰ ਨੇ ਕਿਨਾਰੇ ਬੈਠੇ ਨੇ ਸੁਣਿਆ ਕਿ ਬਹੁਤ ਲੋਕ ਵਿਰਲਾਪ ਕਰ ਰਹੇ ਸਨ॥ ੭॥

ਚੌਪਈ- ਤਬਹਿ ਜਲਾਲ ਖੁਦਾਇ ਅਗਾਰੀ। ਹਾਥ ਬੰਦਿਕੈ ਬਿਨੈ ਉਚਾਰੀ।
'ਦੇਸ਼ ਬਿਦੇਸ਼ ਲੋਕ ਇਸ ਮਾਂਹੀ। ਸੁਤ ਬਨਿਤਾ ਤਜਿ ਬਨਜ ਕਰਾਹੀਂ॥੮॥

ਤਦ ਜਲਾਲ ਨੇ ਖੁਦਾ ਦੇ ਅੱਗੇ ਹੱਥ ਬੰਨ੍ਹ ਕੇ ਬੇਨਤੀ ਉਚਾਰੀ, "ਇਸ ਵਿਚ ਦੇਸ਼ਾਂ ਵਿਦੇਸ਼ਾਂ ਦੇ ਲੋਕ ਹਨ, ਪੁੱਤਰ ਇਸਤਰੀ ਛੱਡ ਕੇ ਵਪਾਰ ਕਰਦੇ ਹਨ॥ ੮॥

ਯਾ ਖੁਦਾਇ! ਕਿਉਂ ਇਨਹਿਂ ਡੁਬਾਵੈਂ। ਸਨਬੰਧੀ ਸੰਗਿ ਸਭਿ ਮਰਿ ਜਾਵੈਂ।
ਐਸੇ ਜਬੈ ਪੀਰਨੈ ਕਹਯੋ। ਡੂਬਨ ਤੇ ਜਹਾਜ ਬਚ ਰਹਯੋ॥ ੯॥

ਹੇ ਖੁਦਾ! ਇਨ੍ਹਾਂ ਨੂੰ ਕਿਉਂ ਡੋਬਣ ਲੱਗਾ ਹੈਂ, ਆਪਣੇ ਸਾਕ ਸੰਬੰਧੀਆਂ ਨਾਲ ਸਾਰੇ ਮਰ ਜਾਣਗੇ।" ਇਸ ਤਰ੍ਹਾਂ ਜਦ ਪੀਰ ਨੇ ਕਿਹਾ, ਜਹਾਜ਼ ਡੁਬਣ ਤੋਂ ਬੱਚ ਗਿਆ॥ ੯॥

ਦਿਵਸ ਬਿਤੀਤੇ ਪੀਰ ਬਿਚਾਰੀ। ਚਲੋਂ ਅਬਹਿ ਜਹਿਂ ਸਿਹਜਾ ਚਾਰੀ।
ਸੋਵਨ ਹਾਰ ਸੁ ਕਿਤ ਤੇ ਆਵਹਿਂ। ਸੁਭ ਸਿਹਜਾ ਪਰ ਰੈਨ ਬਿਤਾਵਹਿਂ॥੧੦॥

ਦਿਨ ਬੀਤਣ ਤੇ ਪੀਰ ਨੇ ਵਿਚਾਰ ਕੀਤੀ, ਕਿ ਚਲੋ ਹੁਣ ਸੁੰਦਰ ਸੇਜ ਪਾਸ ਚਲਦੇ ਹਾਂ। ਸੌਣ ਵਾਲੇ ਭਾਵੇਂ ਕਿਸੇ ਸਥਾਨ ਤੋਂ ਵੀ ਆਉਣ, ਸ਼ੁਭ ਸੇਜ ਤੇ ਰਾਤ ਬਿਤਾਉਂਦੇ ਸਨ॥ ੧੦॥

ਦੋਹਰਾ- ਗਯੋ ਪੀਰ ਦੇਖੈ ਕਹਾਂ, ਅੱਗ੍ਰਜ ਬੈਠੇ ਸੋਇ।
ਏਕ ਸੰਤ ਕੇ ਨਿਕਟਿ ਤਬ ਬੈਠਯੋ ਦੀਨ ਸੁ ਹੋਇ॥ ੧੧॥

ਪੀਰ ਓਥੇ ਜਾ ਕੇ ਵੇਖਿਆ ਕਿ ਉਹ ਸੰਤ ਪਹਿਲਾਂ ਹੀ ਓਥੇ ਬੈਠੇ ਹਨ। ਇਕ ਸੰਤ ਦੇ ਪਾਸ ਫਿਰ ਦੀਨ ਹੋ ਕੇ ਬੈਠ ਗਿਆ॥ ੧੧॥

ਚੌਪਈ- ਕੁਦਰਤ ਕੋ ਅਹਾਰ ਤਿਨ ਆਯੋ। ਮਧੁਰ ਸਾਦੁ ਮਧੁ ਸਮ ਮਨ ਭਾਯੋ।
ਬਿਨ ਭੋਜਨ ਇਹ ਬੈਸੋ ਜਹਾਂ। ਤਹਿਂ ਜੁ ਸੰਤ ਤਿਹ ਐਸੋ ਕਹਾ॥੧੨॥

ਕੁਦਰਤ ਦੀ ਕਿਰਪਾ ਨਾਲ ਭੋਜਨ ਪ੍ਰਾਪਤ ਹੋਇਆ। ਮਿੱਠਾ ਸਵਾਦੀ ਸ਼ਹਿਦ ਵਰਗਾ ਸੀ ਜਿਹੜਾ ਮਨ ਨੂੰ ਬਹੁਤ ਚੰਗਾ ਲੱਗਾ। ਪੀਰ ਭੋਜਨ ਛਕਣ ਤੋਂ ਬਗੈਰ ਜਿਥੇ ਬੈਠੇ ਸੀ, ਉਸ ਸੰਤ ਨੇ ਉਸ ਨੂੰ ਇਸ ਤਰ੍ਹਾਂ ਕਿਹਾ॥ ੧੨॥

"ਤੁਮਕੋ ਭੋਜਨ ਕਿਉਂ ਨਹਿਂ ਆਯੋ?" ਇਉਂ ਕਹਿ ਢਿਗ ਸੁ ਮਹਤੰ ਸਿਧਾਯੋ।
ਕਹਯੋ ਜਾਇ ਤਿਨ 'ਹਮਾਰੇ ਤੀਰ। ਬੈਠਯੋ ਆਇ ਸੁ ਏਕ ਫਕੀਰ॥੧੩॥

"ਹੇ ਪੀਰ! ਤੁਹਾਡਾ ਭੋਜਨ ਕਿਉਂ ਨਹੀਂ ਆਇਆ ਹੈ?" ਇਸ ਤਰ੍ਹਾਂ ਕਹਿ ਕੇ ਉਹ ਸ੍ਰੇਸ਼ਟ ਮਹੰਤ ਦੇ ਪਾਸ ਚਲਾ ਗਿਆ। ਉਸ ਨੂੰ ਜਾ ਕੇ ਕਿਹਾ ਕਿ "ਮੇਰੇ ਪਾਸ ਇਕ ਫਕੀਰ ਬੈਠਾ ਹੈ॥ ੧੩॥

ਤਿਹ ਅਹਾਰ ਨਹਿਂ ਆਯੋ ਸ੍ਵਾਮੀ। ਤਿਸ ਬਿਨ ਹਮ ਕੋ ਖਾਵਨ ਖਾਮੀ।
ਜਿਨ ਆਇਸੁ ਕੋ ਅਬ ਫੁਰਮਾਵਉ। ਖਾਨ ਹੇਤੁ ਤਿਹਂ ਅਸਨ ਪੁਚਾਵਉ'॥੧੪॥

ਹੇ ਸਵਾਮੀ! ਉਸ ਦਾ ਭੋਜਨ ਨਹੀਂ ਆਇਆ ਹੈ, ਉਸ ਬਗੈਰ ਸਾਡਾ ਖਾਣਾ ਠੀਕ ਨਹੀਂ। ਆਪਣੀ ਆਗਿਆ ਦੇ ਕੇ ਹੁਣ ਫੁਰਮਾਉ ਤੇ ਉਸ ਦੇ ਖਾਣ ਵਾਸਤੇ ਭੋਜਨ ਪਹੁੰਚਾਵੋ"॥ ੧੪॥

ਦੋਹਰਾ- ਸੁਨਿ ਮਹੰਤ ਬੋਲਯੋ ਤਬੈ 'ਜੀਵ ਚਰਾਚਰ ਝਾਰ।
ਸਭਿ ਕੋ ਪਤਿ ਕਰਤਾਰ ਹੈ ਦੇਤਿ ਸਗਲ ਆਹਾਰ॥ ੧੫॥

ਤਦ ਮਹੰਤ ਸੁਣ ਕੇ ਬੋਲਿਆ, "ਸਾਰੇ ਜੀਵ ਚੇਤਨ ਅਤੇ ਜੜ ਹਨ। ਸਾਰਿਆਂ ਦਾ ਮਾਲਕ ਕਰਤਾਰ ਹੈ, ਉਹ ਹੀ ਸਭ ਨੂੰ ਆਹਾਰ ਦਿੰਦਾ ਹੈ॥ ੧੫॥

ਚੌਪਈ- ਸਦਾ ਅਭੂਲ ਜਾਨਿਯੇ ਸੋਊ। ਇਸਕੇ ਬਿਖੇ ਅਵੱਗਜਾ ਕੋਊ।
ਕਿਉਂ ਚਿੰਤਾ ਤੂੰ ਮਨ ਮਹਿਂ ਠਾਨੇ। ਦੇਨਹਾਰ ਤੇ ਨਹਿਂ ਅਨਜਾਨੇ॥੧੬॥

ਉਸ ਨੂੰ ਸਦਾ ਅਭੁੱਲ ਜਾਣੋ, ਉਸ ਪਾਸੋਂ ਕਦੀ ਭੁੱਲ ਨਹੀਂ ਹੁੰਦੀ। ਤੂੰ ਮਨ ਵਿਚ ਕਿਉਂ ਚਿੰਤਾ ਕੀਤੀ ਹੈ, ਦੇਣਹਾਰ ਅਣਜਾਣ ਨਹੀਂ ਹੈ॥ ੧੬॥

ਤੁਮ ਢਿਗ ਆਯੋ, ਖੱਯੇ ਜਾਇ। ਤਿਹ ਪਹਿ ਆਵਹਿ ਅਸਨ ਸੁ ਖਾਇ।
ਸੁਨਿ ਮਹੰਤ ਤੇ ਚਲਿ ਪੁਨ ਆਯੋ। ਬੈਠਯੋ ਨਿਜ ਭੋਜਨ ਕੋ ਖਾਯੋ॥੧੭॥

ਤੁਹਾਡੇ ਪਾਸ ਭੋਜਨ ਆਇਆ ਹੈ, ਜਾ ਕੇ ਖਾਵੋ, ਉਸ ਪਾਸ ਆਵੇਗਾ ਤਾਂ ਉਹ ਖਾਵੇਗਾ।" ਇਹ ਸੁਣ ਕੇ ਮਹੰਤ ਪਾਸੋਂ ਫਿਰ ਚਲ ਕੇ ਆ ਗਿਆ, ਬੈਠ ਕੇ ਆਪਣੇ ਭੋਜਨ ਨੂੰ ਖਾਧਾ॥ ੧੭॥

ਦੋਹਰਾ- ਨਿਸ ਜਲਾਲ ਭੂਖਾ ਰਹਯੋ ਮਨ ਮਹਿਂ ਕਰਤਿ ਬਿਚਾਰ।

ਆਵਤਿ ਏ ਦੇਖੇ ਨਹੀਂ ਜਾਵਤਿ ਲੇਉਂ ਨਿਹਾਰ॥ ੧੮॥

ਸਾਰੀ ਰਾਤ ਜਲਾਲ ਭੁਖਾ ਰਿਹਾ ਅਤੇ ਮਨ ਵਿਚ ਵਿਚਾਰ ਕਰਦਾ ਹੈ, ਇਨ੍ਹਾਂ ਸੰਤਾਂ ਨੂੰ ਆਉਂਦਿਆਂ ਤਾਂ ਵੇਖਿਆ ਨਹੀਂ ਜਾਂਦਿਆਂ ਨੂੰ ਵੇਖ ਲਵਾਂਗਾ॥ ੧੮॥

ਚੌਪਈ- ਕਿਹ ਮਗ ਜਾਵਹਿ? ਕਰਤਿ ਬਿਚਾਰੇ। ਜਾਗ੍ਯੋ ਜਾਮਨਿ ਨੈਨ ਪਸਾਰੇ।
ਹੋਵਨ ਲਗੀ ਜਬਹਿ ਪੁਨ ਭੋਰ। ਕੀਨੋ ਆਨ ਗੁੜਾਕਾ ਜੋਰ॥ ੧੯॥

ਕਿਸ ਰਸਤੇ ਜਾਣਗੇ ? ਵਿਚਾਰ ਕਰਦਾ ਹੈ। ਪਹਿਰ ਰਾਤ ਰਹਿੰਦਿਆਂ ਜਾਗਿਆ ਤਾਂ ਅੱਖਾਂ ਖੋਲ੍ਹ ਕੇ ਵੇਖਣ ਲੱਗਾ, ਫਿਰ ਜਦ ਸਵੇਰ ਹੋਣ ਲੱਗੀ ਤਾਂ ਨੀਂਦ ਨੇ ਬਹੁਤ ਜ਼ੋਰ ਪਾ ਲਿਆ॥ ੧੯॥

ਗਏ ਸੰਤ ਸੁਧ ਭਈ ਨ ਕੋਊ। ਪਾਛੇ ਤੇ ਬਿਸਮਾਦ੍ਯੋ ਸੋਊ।
ਦਿਵਸ ਚਢੇ ਸਾਗਰ ਕੇ ਤੀਰ। ਬੈਠ੍ਯੋ ਪਿਖੈ ਤਮਾਸ਼ੇ ਪੀਰ॥ ੨੦॥

ਸੰਤ ਚਲੇ ਗਏ, ਉਸ ਨੂੰ ਕੁਝ ਸੋਝੀ ਨਾ ਰਹੀ। ਉਸ ਪਿਛੋਂ ਉਹ ਵੀ ਜਾਗ ਪਿਆ। ਦਿਨ ਚੜ੍ਹੇ ਸਾਗਰ ਦੇ ਕਿਨਾਰੇ ਬੈਠ ਕੇ ਪੀਰ ਤਮਾਸ਼ਾ ਵੇਖ ਰਿਹਾ ਸੀ॥ ੨੦॥

ਹੋਵਤਿ ਬਰਖਾ ਸਾਗਰ ਮਾਂਹੀ। ਅਨਤ ਥਾਨ ਦੇਖੇ ਤਬ ਨਾਂਹੀ।
ਸੱਯਦ ਗੁਨਿਕੈ ਗਿਰਾ ਉਚਾਰੀ। 'ਜਹਾਂ ਨ ਚਹਿਯਤਿ ਬਰਖਤਿ ਬਾਰੀ॥੨੧॥

ਸਾਗਰ ਵਿਚ ਬਹੁਤ ਵਰਖਾ ਹੋ ਰਹੀ ਸੀ, ਹੋਰ ਕਿਸੇ ਥਾਂ ਵਰਖਾ ਨਹੀਂ ਸੀ ਹੋ ਰਹੀ। ਆਪਣੇ ਆਪ ਨੂੰ ਸੱਯਦ ਸਮਝ ਕੇ ਬੋਲਿਆ, "ਜਿੱਥੇ ਵਰਖਾ ਦੀ ਲੋੜ ਨਹੀਂ ਓਥੇ ਜਲ ਵੱਸਦਾ ਹੈ॥ ੨੧॥

ਜਾਚਤਿ ਹੈਂ ਨਰ ਜਹਿਂ ਯੁਤ ਪ੍ਰੀਤੀ। ਤਹਾਂ ਨ ਬਰਖਤਿ, ਕਜਾ ਇਹ ਰੀਤੀ'।
ਅਸ ਕਹਿਤ੍ਯੋ ਬਰਖਾ ਹਟਿ ਗਈ। ਮਨ ਮਹਿਂ ਗੁਨਹਿ ਭਈ ਜਿਉਂ ਠਈ॥੨੨॥

ਜਿਥੇ ਮਨੁੱਖ ਇਸ ਨੂੰ ਬੜੀ ਪ੍ਰੀਤ ਨਾਲ ਮੰਗਦੇ ਹਨ, ਓਥੇ ਇਹ ਪੈਂਦਾ ਨਹੀਂ, ਇਹ ਕੀ ਰੀਤੀ ਹੈ" ਇਸ ਤਰ੍ਹਾਂ ਕਹਿਣ ਨਾਲ ਵਰਸ਼ਾ ਬੰਦ ਹੋ ਗਈ। ਮਨ ਵਿਚ ਸਮਝਿਆ ਕਿ ਜਿਵੇਂ ਸੋਚੀ ਸੀ ਤਿਵੇਂ ਹੋ ਗਈ ਹੈ॥ ੨੨॥

ਸੰਝ ਭਈ ਤਬ ਰਿਦੇ ਬਿਚਾਰੇ। ਆਵਤਿ ਸੰਤਨ ਲੇਉਂ ਨਿਹਾਰੇ।
ਜਾਤੇ ਤੌ ਦੇਖੇ ਨਹਿਂ ਭੋਰਾ। ਸਮੌਂ ਜਾਨਿ ਗਮਨ੍ਯੋ ਤਿਹ ਠੌਰਾ॥੨੩॥

ਸ਼ਾਮ ਹੋਈ ਤਾਂ ਹਿਰਦੇ ਵਿਚ ਵਿਚਾਰ ਕੀਤੀ, ਮੈਂ ਹੁਣ ਸੰਤਾਂ ਨੂੰ ਆਉਂਦਿਆਂ ਨੂੰ ਵੇਖ ਲਵਾਂਗਾ। ਸਵੇਰੇ ਜਾਂਦੇ ਤਾਂ ਵੇਖੇ ਨਹੀਂ ਗਏ। ਸਮਾਂ ਹੋ ਗਿਆ ਸਮਝ ਕੇ ਉਸ ਥਾਂ ਚਲੇ ਗਿਆ॥ ੨੩॥

ਜਬਹਿ ਜਾਇਕੈ ਮੰਦਰ ਦੇਖੇ। ਆਗੇ ਆਏ ਸੰਤ ਬਿਸ਼ੇਖੇ।
ਤੇਜ ਤਿਨਹਿਂ ਕੋ ਸਹਿ ਨ ਸਕਾਈ। ਬੈਠਿ ਗਯੋ ਪਿਖਿ ਪੂਰਬ ਥਾਈਂ॥੨੪॥

ਜਦ ਜਾ ਕੇ ਮੰਦਰ ਵਿਚ ਵੇਖਿਆ ਤਾਂ ਸੰਤ ਓਥੇ ਪਹਿਲਾਂ ਹੀ ਆਏ ਹੋਏ ਸਨ। ਉਨ੍ਹਾਂ ਦੇ ਤੇਜ ਨੂੰ ਸਹਿ ਨਹੀਂ ਸੀ ਸਕਦਾ, ਪਹਿਲੀ ਥਾਂ ਵੇਖ ਕੇ ਬੈਠ ਗਿਆ॥ ੨੪॥

ਤਿਨ ਕੋ ਉਤਰ੍ਯੋ ਤਬਹਿ ਅਹਾਰੇ। ਇਹ ਭੂਖੇ ਬਹੁ, ਬਦਨ ਨਿਹਾਰੇ।
ਜਿਹ ਢਿਗ ਬੈਠ੍ਯੋ ਹੈ ਛੁਧਿਵੰਤਾ। ਤਿਸਕੋ ਪਿਖਿ ਬਯਾਪੀ ਤਿਹ ਚਿੰਤਾ॥੨੫॥

ਸੰਤ ਵਾਸਤੇ ਫਿਰ ਭੋਜਨ ਉਤਰਿਆ। ਇਹ ਬਹੁਤ ਭੁੱਖਾ ਹੈ ਸੰਤ ਨੇ ਮੁੱਖ ਵਲ ਵੇਖਿਆ। ਸੰਤ ਨੇ ਸੋਚਿਆ ਜਿਸ ਪਾਸ ਬੈਠਾ ਹਾਂ ਇਹ ਬਹੁਤ ਭੁੱਖਾ ਹੈ, ਉਸ ਨੂੰ ਵੇਖ ਕੇ ਉਸ ਨੂੰ ਬਹੁਤ ਚਿੰਤਾ ਹੋਈ॥ ੨੫॥

'ਅਹੈ ਕਾਲ ਕੋ ਭੂਖਾ ਏਹੀ। ਅਸਨ ਨ ਆਯੋ, ਭੀ ਗਤਿ ਕੇਹੀ'।
ਨਿਜ ਮਹੰਤ ਢਿਗ ਚਲਿਕਰਿ ਗਯੋ। ਸਰਬ ਬ੍ਰਿਤਾਂਤ ਸੁਨਾਵਤਿ ਭਯੋ ॥੨੬॥

"ਕਲ੍ਹ ਦਾ ਇਹ ਭੁੱਖਾ ਹੈ, ਜੇ ਹੁਣ ਵੀ ਭੋਜਨ ਨਾ ਆਇਆ ਤਾਂ ਇਸ ਦੀ ਕੀ ਹਾਲਤ ਹੋਵੇਗੀ ?" ਸੰਤ ਆਪ ਮਹੰਤ ਪਾਸ ਚਲ ਕੇ ਗਿਆ। ਸਾਰਾ ਬ੍ਰਿਤਾਂਤ ਉਸ ਨੂੰ ਸੁਣਾਇਆ॥ ੨੬॥

ਰਿਖੀਕੇਸ਼ ਤਬ ਬਚਨ ਉਚਾਰੇ। 'ਮੋ ਢਿਗ ਤਾਂਕੋ ਆਨਿ ਹਕਾਰੇ'।
ਸੰਤ ਜਲਾਲ ਪਾਸ ਚਲਿ ਆਯੋ। ਨਿਜ ਮਹੰਤ ਆਗੇ ਪਹੁੰਚਾਯੋ॥ ੨੭॥

ਰਿਸ਼ੀਆਂ ਦੇ ਸਵਾਮੀ ਭਾਵ ਮਹੰਤ ਜੀ ਨੇ ਫਿਰ ਬਚਨ ਉਚਾਰੇ, "ਮੇਰੇ ਪਾਸ ਉਸ ਨੂੰ ਬੁਲਾ ਕੇ ਲਿਆਉ।" ਸੰਤ ਜਲਾਲ ਪਾਸ ਚਲ ਕੇ ਆਇਆ ਅਤੇ ਆਪ ਉਸ ਨੂੰ ਮਹੰਤ ਦੇ ਅੱਗੇ ਪਹੁੰਚਾਇਆ॥ ੨੭॥

ਢਿਗ ਬਿਠਾਇ ਕੈ ਗਿਰਾ ਅਲਾਈ। 'ਕਿਤ ਤੇ ਆਯੋ ਕਿਤ ਤੂੰ ਜਾਈ?।
ਕੋ ਅਪਰਾਧ ਕੀਨ ਤੈਂ ਭਾਰਾ?। ਬੀਤੇ ਦ੍ਵੈ ਦਿਨ ਬਿਨਾ ਅਹਾਰਾ।'॥੨੮॥

ਕੋਲ ਬਿਠਾ ਕੇ ਮਹੰਤ ਨੇ ਜਲਾਲ ਨੂੰ ਕਿਹਾ, "ਤੂੰ ਕਿਥੋਂ ਆਇਆ ਹੈਂ ਅਤੇ ਕਿਥੇ ਜਾਣਾ ਹੈ। ਕੀ ਤੂੰ ਭਾਰੀ ਅਪਰਾਧ ਕੀਤਾ ਹੈ ? ਬਿਨਾਂ ਭੋਜਨ ਦੇ ਤੂੰ ਦੋ ਦਿਨ ਬਿਤਾ ਦਿੱਤੇ ਹਨ"॥ ੨੮॥

ਦੋਹਰਾ- ਸੁਨਿ ਜਲਾਲ ਬੋਲਯੋ ਤਬੈ 'ਦੂਰ ਦੇਸ਼ ਤੇ ਆਇ।
ਕਛੂ ਖਤਾ ਨਹਿਂ ਮੈਂ ਕਰੀ, ਕਰਤਿ ਜਿ, ਦੇਤਿ ਬਤਾਇ'॥ ੨੯॥

ਇਹ ਸੁਣ ਕੇ ਜਲਾਲ ਬੋਲਿਆ, ਬੜੇ ਦੂਰ ਦੇਸ਼ ਤੋਂ ਆਇਆ ਹਾਂ। ਮੈਂ ਕੋਈ ਪਾਪ ਨਹੀਂ ਕੀਤਾ ਹੈ, ਜੇ ਕੋਈ ਕੀਤਾ ਹੈ ਤਾਂ ਮੈਨੂੰ ਦੱਸ ਦੇਵੋ"॥ ੨੯॥

ਚੌਪਈ- ਕਹਯੋ ਮਹੰਤ 'ਸੁ ਬਡ ਕਰਤਾਰਾ। ਤਾਂਕੋ ਦੋਸ਼ ਨ ਬਨਹਿ ਉਚਾਰਾ।
ਭਾ ਅਪਰਾਧ ਤੋਹਿ ਮੈਂ ਕੋਈ। ਭੋਜਨ ਬਿਨ ਬੀਤੇ ਦਿਨ ਦੋਈ॥ ੩੦॥

ਮਹੰਤ ਨੇ ਕਿਹਾ, "ਜੋ ਵੱਡਾ ਕਰਤਾਰ ਹੈ, ਉਸ ਨੂੰ ਦੋਸ਼ ਦੇਣਾ ਬਣਦਾ ਨਹੀਂ ਹੈ, ਤੂੰ ਜ਼ਰੂਰ ਕੋਈ ਅਪਰਾਧ ਕੀਤਾ ਹੈ, ਭੋਜਨ ਬਗੈਰ ਦੋ ਦਿਨ ਬੀਤ ਗਏ ਹਨ॥ ੩੦॥

ਆਗੇ ਭੂਖਾ ਰਹਯੋ ਕਿ ਨਾਂਹੀ?। ਪਾਛਲ ਬਿਤੀ ਬੈਸ ਕੇ ਮਾਂਹੀ?'।
ਸੁਨਿ ਜਲਾਲ ਬੋਲਯੋ 'ਹੌਂ ਕੈਸੇ। ਭੂਖਾ ਰਹਯੋ ਨ ਮੈਂ ਕਬਿ ਐਸੇ॥ ੩੧॥

ਪਹਿਲਾਂ ਭੁੱਖਾ ਰਿਹਾ ਕਿ ਨਹੀਂ ? ਪਿਛਲੀ ਤਾਂ ਮੇਰੇ ਪਾਸ ਬੈਠ ਕੇ ਬੀਤੀ ਹੈ।" ਜਲਾਲ ਸੁਣ ਕੇ ਬੋਲਿਆ, "ਉਹ ਕਿਸ ਤਰ੍ਹਾਂ, ਪਿਛੇ ਤਾਂ ਮੈਂ ਕਦੇ ਵੀ ਭੁੱਖਾ ਨਹੀਂ ਰਿਹਾ॥ ੩੧॥

ਕਾਲ ਤੀਰ ਸਾਗਰ ਕੇ ਬੈਸਾ। ਕੌਤਕ ਤਹਾਂ ਬਿਲੋਕਯੋ ਐਸਾ।
ਇਕ ਜਹਾਜ ਬੂਡਨ ਲਗ ਭਾਰਾ। ਨਰਨ ਕਰੀ ਬਹੁ ਬੀਚ ਪੁਕਾਰਾ ॥੩੨॥

ਕਲ੍ਹ ਮੈਂ ਇਕ ਸਮੇਂ ਸਾਗਰ ਦੇ ਕਿਨਾਰੇ ਬੈਠਾ ਸੀ, ਓਥੇ ਮੈਂ ਅਜੀਬ ਕੌਤਕ ਵੇਖਿਆ। ਇਕ ਜਹਾਜ਼ ਡੁੱਬਣ ਲੱਗਾ ਸੀ, ਸਵਾਰੀਆਂ ਨੇ ਬਹੁਤ ਚੀਖ ਪੁਕਾਰ ਕੀਤੀ॥ ੩੨॥

ਦੋਹਰਾ- ਮੈਂ ਬਿਲੋਕਿ ਕੈ ਅਸ ਕਹੀ ਕਜਾ ਤੁਮ ਕਰਤਿ ਖੁਦਾਇ!।
ਸਨਬੰਧੀ ਯੁਤ ਸਭਿ ਮਰਹਿ ਲੇਵਹੁ ਇਨਹਿਂ ਬਚਾਇ॥ ੩੩॥

ਮੈਂ ਵੇਖ ਕੇ ਇਹ ਕਿਹਾ ਕਿ ਹੇ ਖੁਦਾ ਤੂੰ ਕੀ ਕਰਨ ਲੱਗਾ ਹੈਂ ? ਇਹ ਸਾਰੇ ਵਿਅਕਤੀ ਸਾਕ ਸੰਬੰਧੀਆਂ ਸਮੇਤ ਮਰ ਜਾਣਗੇ, ਇਨ੍ਹਾਂ ਨੂੰ ਬਚਾ ਲਵੋ॥ ੩੩॥

ਚੌਪਈ- ਤਬ ਨਹਿ ਬੂਡਯੋ ਕਲ ਅਸ ਭਈ। ਆਜ ਬਿਲੋਕੀ ਬਿਧਿ ਮੈਂ ਨਈ।
ਸਿੰਧੁ ਬਿਖੈ ਬਰਖਾ ਬਹੁ ਹੋਈ। ਛਿਤ ਪਰ ਪਰੈ ਬਾਰਿ ਨਹਿਂ ਕੋਈ॥੩੪॥

ਫਿਰ ਜਹਾਜ਼ ਨਾ ਡੁਬਿਆ। ਇਸ ਤਰ੍ਹਾਂ ਕਲ੍ਹ ਅਜਿਹਾ ਭਾਣਾ ਵਰਤਿਆ ਹੈ। ਅੱਜ ਮੈਂ ਇਕ ਨਵੀਂ ਘਟਨਾ ਵੇਖੀ ਹੈ। ਸਮੁੰਦਰ ਵਿਚ ਬਹੁਤ ਬਾਰਸ਼ ਹੋ ਰਹੀ ਸੀ। ਧਰਤੀ ਉਤੇ ਕਿਤੇ ਮੀਂਹ ਨਹੀਂ ਸੀ ਪੈ ਰਿਹਾ॥ ੩੪॥

ਤਿਹ ਬਿਲੋਕਿ ਕੈ ਮੈਂ ਅਸ ਭਾਖਾ। ਤਹਾਂ ਨ ਬਰਖੈ ਜਹਿਂ ਅਭਿਲਾਖਾ।
ਬਿਨਾਂ ਚਾਹਿ ਸਾਗਰ ਕੇ ਮਾਂਹੀ। ਬਰਖੈ ਬਾਦ ਚਾਹਿ ਕਛੁ ਨਾਂਹੀ॥੩੫॥

ਬਾਰਸ਼ ਨੂੰ ਵੇਖ ਕੇ ਮੈਂ ਇਸ ਤਰ੍ਹਾਂ ਕਿਹਾ, "ਓਥੇ ਬਾਰਸ਼ ਹੁੰਦੀ ਨਹੀਂ ਜਿਥੇ ਇਸ ਦੀ ਅਭਿਲਾਸ਼ਾ ਹੈ, ਬਿਨਾਂ ਚਾਹੇ ਸਾਗਰ ਵਿਚ ਪੈ ਰਹੀ ਹੈ, ਸਾਗਰ ਵਿਚ ਵਰਖਾ ਦੀ ਲੋੜ ਨਹੀਂ ਹੈ॥ ੩੫॥

ਕਜਾ ਖੁਦਾਇ! ਇਹ ਰੀਤਿ ਸੁ ਕਈ। ਅਸ ਕਹਿਤਜੋ ਬਰਖਾ ਹਟਿ ਗਈ।
ਅਸਮੰਜਸ ਮੈ ਦ੍ਵੈ ਬਿਧਿ ਜਾਨੀ। ਸੋ ਨਿਰਵਾਰ ਦੀਨਿ ਕਹਿ ਬਾਨੀ'॥੩੬॥

"ਹੇ ਖੁਦਾ! ਤੇਰੀ ਇਹ ਕੀ ਰੀਤੀ ਹੈ।" ਮੇਰੇ ਇਸ ਤਰ੍ਹਾਂ ਕਹਿੰਦਿਆਂ ਹੀ ਬਾਰਸ਼ ਬੰਦ ਹੋ ਗਈ। ਇਸ ਤਰ੍ਹਾਂ ਮੈਂ ਦੋ ਵਿਧੀਆਂ ਜਾਣੀਆਂ ਹਨ (ਜਹਾਜ਼ ਦਾ ਡੁੱਬਣਾ ਅਤੇ ਵਰਖਾਂ ਦਾ ਸਮੁੰਦਰ ਵਿਚ ਹੋਣਾ)। ਮੇਰੇ ਕਹਿਣ ਨਾਲ ਇਹ ਦੋਵੇਂ ਵਿਧੀਆਂ ਹਟ ਗਈਆਂ॥ ੩੬॥

ਸੁਨਿ ਮਹੰਤ ਬੋਲਯੋ ਤਿਹਕਾਲਾ। 'ਤੂੰ ਤੋ ਬੇਮੁਖ ਅਹੈਂ ਬਿਸਾਲਾ।
ਇਹਾਂ ਨ ਥਾਨ ਰਹਿਨ ਕੋ ਤੇਰਾ। ਅਬ ਚਲਿ ਜਾਹੁ ਨਿਕਲ ਬਿਨ ਦੇਰਾ॥੩੭॥

ਇਹ ਸੁਣ ਕੇ ਮਹੰਤ ਉਸ ਸਮੇਂ ਬੋਲਿਆ, "ਤੂੰ ਤਾਂ ਬਹੁਤ ਬੇਮੁੱਖ ਹੈਂ। ਇਹ ਥਾਂ ਤੇਰੇ ਰਹਿਣ ਵਾਲਾ ਨਹੀਂ, ਹੁਣ ਕਿਸੇ ਦੇਰ ਤੋਂ ਬਗੈਰ ਏਥੋਂ ਨਿਕਲ ਜਾ॥ ੩੭॥

ਦੁਰਮਤਿ ਬਿਖੈ ਤੋਹਿ ਮਨ ਭੀਨਾ। ਅਪਨੋ ਜਨਮ ਅਕਾਰਥ ਕੀਨਾ।
ਕੰਪ ਉਠਯੋ ਸੁਨਿ ਤਬਹਿ ਜਲਾਲ। ਬੋਲਯੋ ਹਾਥ ਬੰਦਿ ਤਿਹ ਕਾਲ॥੩੮॥

ਭੈੜੀ ਮੱਤ ਵਿਚ ਤੇਰਾ ਮਨ ਭਿੱਜਿਆ ਹੋਇਆ ਹੈ, ਤੂੰ ਆਪਣਾ ਜਨਮ ਅਕਾਰਥ ਕਰ ਲਿਆ ਹੈ।" ਇਹ ਸੁਣ ਕੇ ਜਲਾਲ ਕੰਬ ਉਠਿਆ, ਫਿਰ ਹੱਥ ਜੋੜ ਕੇ ਬੋਲਿਆ॥ ੩੮॥

'ਕੌਨ ਅਵੱਗਯਾ ਮੋ ਤੇ ਹੋਈ?। ਦੇਉ ਬਤਾਇ ਸੰਤ ਜੀ! ਸੋਈ'।
ਤਬ ਮਹੰਤ ਅਸ ਵਾਕ ਉਚਰਿਈ। 'ਪਰਮੇਸ਼ੁਰ ਨਿਜ ਭਾਣਾ ਕਰਿਈ॥੩੯॥

"ਮੈਥੋਂ ਕੀ ਗ਼ਲਤੀ ਹੋਈ ਹੈ? ਹੇ ਸੰਤ ਜੀ ਮੈਨੂੰ ਸੋਈ ਦੱਸ ਦੇਵੋ।" ਤਾਂ ਮਹੰਤ ਨੇ ਇਸ ਤਰ੍ਹਾਂ ਕਿਹਾ, "ਪਰਮੇਸ਼ਰ ਆਪਣਾ ਭਾਣਾ ਵਰਤਾਉਂਦਾ ਹੈ॥ ੩੯॥

ਦੋਹਰਾ- ਤੈਂ ਜੁ ਹਟਾਯੋ ਤਾਂਹਿ ਕੋ ਪੁਨ ਮਨ ਮਹਿਂ ਹਰਖਾਇ।
ਕਹਯੋ ਹਮਾਰੋ ਅਬ ਚਲੈ ਰਿਦੈ ਰਹਯੋ ਗਰਬਾਇ॥ ੪੦॥

ਤੂੰ ਉਸ ਨੂੰ ਹਟਾ ਕੇ ਫਿਰ ਮਨ ਵਿਚ ਖੁਸ਼ ਹੋਇਆ ਹੈਂ। ਤੂੰ ਸੋਚਿਆ ਕਿ ਮੇਰਾ ਕਿਹਾ ਹੀ ਚਲਦਾ ਹੈ, ਤੇ ਹਿਰਦੇ ਵਿਚ ਘੁਮੰਡ ਕੀਤਾ ਹੈ॥ ੪੦॥

ਚੌਪਈ- ਤਿਹ ਕੋ ਕਰਯੋ ਮਿਟਾਵਨ ਲਾਗਾ। ਭਾ ਸ਼ਰੀਕ ਤੂੰ ਤਾਂਹਿ ਕੁਭਾਗਾ!।
ਕੇਤਿਕ ਜੀਵਨ ਪਾਪ ਜਿ ਕੀਨੇ। ਤਿਨ ਕੋ ਦੁਖ ਤੈਂ ਦੇਨਿ ਨ ਦੀਨੇ ॥੪੧॥

ਪ੍ਰਭੂ ਦੇ ਕੀਤੇ ਨੂੰ ਤੂੰ ਮਿਟਾਉਣ ਲੱਗਾ ਹੈਂ, ਉਸ ਰਬ ਦਾ ਤੂੰ ਸ਼ਰੀਕ ਬਣ ਗਿਆ ਹੈਂ। ਉਨ੍ਹਾਂ ਲੋਕਾਂ ਨੇ ਜੀਵਨ ਵਿਚ ਜਿੰਨੇ ਵੀ ਪਾਪ ਕੀਤੇ ਹਨ, ਤਿੰਨਾਂ ਲੋਕਾਂ ਨੂੰ ਤੂੰ ਉਨ੍ਹਾਂ ਦੇ ਪਾਪਾਂ ਦਾ ਦੰਡ ਨਹੀਂ ਦੇਣ ਦਿੱਤਾ॥ ੪੧॥

ਕਿਤਿਕ ਸਿੰਧੁ ਮਹਿਂ ਜੀਵ ਜਿ ਜੀਵਤਿ। ਸੋ ਸਾਗਰ ਜਲ ਖਾਰ ਨ ਪੀਵਤਿ।
ਤਿਨਕੇ ਹੇਤੁ ਪਰਤਿ ਜੋ ਬਾਰਾ। ਸੋ ਕਹਿ ਤੈਂ ਦੀਨੋ ਨਿਰਵਾਰਾ ॥੪੨॥

ਸਾਗਰ ਵਿਚ ਕਿੰਨੇ ਜੀਵ ਜੀਉਂਦੇ ਹਨ, ਉਨ੍ਹਾਂ ਵਿਚੋਂ ਕਈ ਸਾਗਰ ਦਾ ਖਾਰਾ ਪਾਣੀ ਨਹੀ ਪੀ ਸਕਦੇ। ਉਨ੍ਹਾਂ ਵਾਸਤੇ ਜੋ ਬਾਰਸ਼ ਦਾ ਪਾਣੀ ਪੈਂਦਾ ਹੈ, ਤੂੰ ਕਹਿ ਕੇ ਹਟਾ ਦਿੱਤਾ॥ ੪੨॥

ਤਿਨ ਕੇ ਪਾਪਨ ਦੁਖ ਫਲ ਜੋਊ। ਪੁਨ ਜੋ ਤਿਖਤ ਜੀਵ ਹੈਂ ਸੋਊ।
ਸਭਿ ਕੋ ਭਾਰ ਪਰਯੋ ਗਰ ਤੇਰੇ। ਭੋਗਹੁ ਗੇ ਦੁਖ ਨਰਕ ਘਨੇਰੇ ॥੪੩॥

ਜਹਾਜ਼ ਦੀਆਂ ਸਵਾਰੀਆਂ ਦੇ ਪਾਪਾਂ ਦਾ ਜੋ ਫਲ ਹੈ ਅਤੇ ਫਿਰ ਜਿਹੜੇ ਜੀਵ ਤਿਹਾਏ ਰਹਿ ਗਏ ਹਨ, ਸਾਰਿਆਂ ਦਾ ਭਾਰ ਤੇਰੇ ਸਿਰ ਪਿਆ ਹੈ। ਤੁਸੀਂ ਨਰਕਾਂ ਵਿਚ ਜਾ ਕੇ ਬਹੁਤ ਦੁੱਖ ਭੋਗੋਗੇ॥ ੪੩॥

ਪਰਮੇਸ਼ੁਰ ਕੋ ਲਖਯੋ ਅਜਾਨਾ। ਆਪਨ ਜਾਨਯੋ ਪਰਮ ਸਿਯਾਨਾਂ।
ਬੇਮੁਖ! ਅਬ ਤੂਰਨ ਉਠ ਜੱਯੈ। ਇਹਾਂ ਰਹਿਨ ਤਵ ਥਾਨ ਨ ਹੱਯੈ ॥੪੪॥

ਤੁਸੀਂ ਪਰਮੇਸ਼ਰ ਨੂੰ ਮੂਰਖ ਸਮਝਿਆ ਹੈ ਅਤੇ ਆਪਣੇ ਆਪ ਨੂੰ ਪਰਮ ਸਿਆਣਾ ਜਾਣਿਆ ਹੈ। ਹੇ ਬੇਮੁੱਖ ! ਹੁਣ ਤੁਰਤ ਉੱਠ ਕੇ ਚਲੇ ਜਾਉ। ਇਥੇ ਤੇਰੇ ਰਹਿਣ ਵਾਸਤੇ ਕੋਈ ਥਾਂ ਨਹੀਂ'॥ ੪੪॥

ਚੌਪਈ- ਸੁਨਯੋ ਜਲਾਲ ਸਮਝ ਤਬ ਆਈ। ਬੋਲਯੋ ਬਹੁਰ ਰਿਦੇ ਪਛੁਤਾਈ।
'ਜੋ ਭਾਣਾ ਮਨਾਹਿਂ ਸੋ ਕੈਸੇ?। ਉੱਤਰ ਮੋਹਿ ਬਤਾਵਹੁ ਐਸੇ' ॥੪੫॥

ਜਦ ਇਹ ਗੱਲ ਜਲਾਲ ਨੇ ਸੁਣੀ ਤਾਂ ਉਸ ਨੂੰ ਸਮਝ ਆ ਗਈ। ਫਿਰ ਹਿਰਦੇ ਵਿਚ ਪਛਤਾ ਕੇ ਬੋਲਿਆ, "ਮੈਂ ਕਿਸ ਤਰ੍ਹਾਂ ਰੱਬ ਦਾ ਭਾਣਾ ਮੰਨਾਂ ? ਉੱਤਰ ਦੇ ਕੇ ਮੈਨੂੰ ਇਹ ਸਮਝਾਵੋ"॥ ੪੫॥

ਕਹੈ ਮਹੰਤ 'ਜਿ ਭਾਣਾ ਮਾਨੇਂ। ਸੋ ਗੁਰਮੁਖ ਹੈਂ ਮਨੁਜ ਸੁਜਾਨੇ।
ਜੋ ਭਾਣਾ ਮੇਟਹਿ ਕਰਤਾਰਾ। ਸੋ ਬੇਮੁਖ ਦੁਖ ਪਾਵਹਿ ਭਾਰਾ' ॥੪੬॥

ਮਹੰਤ ਨੇ ਕਿਹਾ, "ਜਿਹੜੇ ਭਾਣਾ ਮੰਨਦੇ ਹਨ ਉਹ ਚਤਰ ਮਨੁੱਖ ਗੁਰਮੁਖ ਕਹਾਉਂਦੇ ਹਨ। ਜਿਹੜੇ ਕਰਤਾਰ ਦਾ ਭਾਣਾ ਮੇਟਦੇ ਹਨ ਉਹ ਸਾਰੇ ਮਨੁੱਖ ਬੇਮੁਖ ਜਾਂ ਮਨਮੁਖ ਹੋ ਕੇ ਭਾਰੀ ਦੁੱਖ ਪਾਉਂਦੇ ਹਨ"॥ ੪੬॥

ਦੋਹਰਾ- ਤਬ ਜਲਾਲ ਬੋਲਯੋ ਬਚਨ 'ਭਲੋ ਮਾਇਨਾ ਪਾਇ।
ਮੱਕੇ ਜਾਵਨ ਤੇ ਬਚਯੋ ਨਿਸ਼ਾ ਭਈ ਮਨ ਆਇ॥ ੪੭॥

ਤਦ ਜਲਾਲ ਨੇ ਕਿਹਾ, "ਮੈਂ ਚੰਗਾ ਅਰਥ ਪਾਇਆ ਹੈ, ਮੱਕੇ ਜਾਣ ਤੋਂ ਬਚਿਆ ਹਾਂ, ਮੇਰੇ ਮਨ ਦੀ ਏਥੇ ਹੀ ਤਸੱਲੀ ਹੋ ਗਈ ਹੈ॥ ੪੭॥

ਚੌਪਈ- ਇਕ ਦਰਵੇਸ਼ ਮਿਲਯੋ ਮੁਝ ਆਈ। ਗੁਰਮੁਖ ਕੀ ਤਿਨ ਗਿਰਾ ਅਲਾਈ।
ਲੇਨਿ ਮਾਯਨਾ ਮੈਂ ਚਲਿ ਆਯੋ। ਸੋ ਤੁਮ ਤੇ ਨੀਕੀ ਬਿਧਿ ਪਾਯੋ ॥੪੮॥

ਇਕ ਦਰਵੇਸ਼ ਮੈਨੂੰ ਆ ਕੇ ਮਿਲਿਆ ਸੀ। ਗੁਰਮੁਖ ਦੀ ਉਸ ਗੱਲ ਕੀਤੀ ਸੀ। ਅਰਥ ਪੁਛਣ ਵਾਸਤੇ ਮੈਂ ਚਲ ਕੇ ਆਇਆ ਸੀ। ਉਹ ਅਰਥ ਮੈਂ ਤੁਹਾਥੋਂ ਚੰਗੀ ਤਰ੍ਹਾਂ ਜਾਣ ਲਿਆ ਹੈ'॥ ੪੮॥

ਕਹੈ ਮਹੰਤ 'ਸੋ ਜੁ ਦਰਵੇਸ਼ਾ। ਪੂਰਨ ਪੁਰਖੁ ਲਖਹੁ ਜਗਤੇਸ਼ਾ।
ਹੈ ਸਰਬੱਗ ਲਖਹੁ ਗੁਨਖਾਨੀ। ਜਾਇ ਸ਼ਰਨ ਗਹੀਏ ਮਨ ਬਾਨੀ ॥੪੯॥

ਮਹੰਤ ਨੇ ਕਿਹਾ, "ਉਹ ਜਿਹੜਾ ਦਰਵੇਸ਼ ਹੈ, ਉਸ ਨੂੰ ਪੂਰਨ ਪੁਰਖ ਜਗਤ ਦਾ ਈਸ਼ਵਰ ਸਮਝੋ। ਉਸ ਨੂੰ ਹਰ ਤਰ੍ਹਾਂ ਨਾਲ ਗੁਣਾਂ ਦੀ ਖਾਣ ਸਮਝੋ, ਮਨ ਬਾਣੀ ਕਰਕੇ ਉਸ ਦੀ ਸ਼ਰਨ ਫੜੋ"॥ ੪੯॥

ਸੁਨਜੋ ਜਲਾਲ ਭੇਦ ਭਲ ਪਾਇ। ਸ੍ਰੀ ਨਾਨਕ ਕੋ ਲਖਜੋ ਖ਼ੁਦਾਇ।
ਤਬ ਅਹਾਰ ਉਤਰਜੋ ਲਿਯ ਖਾਈ। ਸੁਖ ਸੌਂ ਸਗਰੀ ਰੈਨ ਬਿਤਾਈ ॥੫੦॥

ਇਹ ਸੁਣ ਕੇ ਜਲਾਲ ਨੇ ਭਲਾ ਭੇਦ ਪਾ ਲਿਆ ਅਤੇ ਗੁਰੂ ਨਾਨਕ ਜੀ ਨੂੰ ਖੁਦਾ ਸਮਝਿਆ। ਫਿਰ ਭੋਜਨ ਦੀ ਉੱਤਰ ਕੇ ਆ ਗਿਆ, ਜਿਸ ਨੂੰ ਲੈ ਕੇ ਖਾਧਾ। ਬੜੇ ਸੁੱਖ ਨਾਲ ਫਿਰ ਸਾਰੀ ਰਾਤ ਬਿਤਾਈ॥ ੫੦॥

ਦੋਹਰਾ- ਭੋਰ ਭਈ ਇੱਛਾ ਕਰੀ ਜਾਉਂ ਸਿੰਧੁ ਕੇ ਪਾਰ।
ਆਯੋ ਤਬਹਿ ਜਹਾਜ ਢਿਗ ਚਢਜੋ ਚਲਨ ਹਿਤ ਧਾਰਿ॥ ੫੧॥

ਸਵੇਰ ਹੋਈ ਤਾਂ ਇੱਛਾ ਕੀਤੀ ਕਿ ਸਮੁੰਦਰ ਦੇ ਪਾਰ ਜਾਂਦਾ ਹਾਂ। ਫਿਰ ਜਹਾਜ ਦੇ ਨੇੜੇ ਆਇਆ ਅਤੇ ਵਾਪਿਸ ਚਲਣ ਵਾਸਤੇ ਇਕ ਜਹਾਜ ਤੇ ਚੜ੍ਹ ਗਿਆ॥ ੫੧॥

ਚੌਪਈ- ਸਿੰਧੁ ਉਰਾਰ ਆਇ ਕਰਿ ਤੂਰਨ। ਪਹੁੰਚਜੋ ਜਹਿਂ ਸ੍ਰੀ ਨਾਨਕ ਪੂਰਨ।
ਪਦ ਪੰਕਜ ਲਪਟਜੋ ਹ੍ਵੈ ਦੀਨਾ। 'ਤੁਮ ਖ਼ੁਦਾਇ ਹੋ ਸਰਬ ਪ੍ਰਬੀਨਾ' ॥੫੨॥

ਛੇਤੀ ਹੀ ਸਮੁੰਦਰ ਦੇ ਉਰਲੇ ਪਾਸੇ ਆ ਗਿਆ ਅਤੇ ਗੁਰੂ ਨਾਨਕ ਜੀ ਪਾਸ ਪਹੁੰਚ ਗਿਆ। ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨੂੰ ਫੜ ਲਿਆ ਅਤੇ ਕਹਿਣ ਲੱਗਾ, "ਤੁਸੀਂ ਹਰ ਪਾਸਿਉਂ ਨਿਪੁੰਨ ਹੋ, ਆਪ ਹੀ ਖੁਦਾ ਹੋ"॥ ੫੨॥

ਕਰਿ ਉਸਤਤਿ ਬਹੁ ਬੈਠਜੋ ਪਾਸੂ। ਬੋਲੇ ਬਚਨ ਸਕਲ ਸੁਖਰਾਸੂ।
'ਜੋ ਕਛੁ ਅਰਥ ਸੁਨਜੋ ਤੈਂ ਜਾਈ। ਸੋ ਜਲਾਲ ਤੁਮ ਦੇਹੁ ਬਤਾਈ' ॥੫੩॥

ਬਹੁਤ ਉਸਤਤਿ ਕਰਕੇ ਪਾਸ ਬੈਠ ਗਿਆ। ਗੁਰੂ ਜੀ ਨੇ ਫਿਰ ਬਚਨ ਕੀਤੇ, "ਓਥੇ ਜਾ ਕੇ ਜੋ ਅਰਥ ਤੂੰ ਸੁਣਿਆ ਹੈ, ਹੇ ਜਲਾਲ! ਉਹ ਸਾਨੂੰ ਦੱਸ ਦੇਵੋ"॥ ੫੩॥

ਤਬ ਹੀ ਪੀਰ ਜੋਰਿ ਕਰ ਕਹਿਹੀ। 'ਤੁਮ ਕਉ ਸਭਿ ਕਿਛੁ ਰੌਸ਼ਨ ਅਹਿਹੀ।
ਨਹਿਂ ਜਾਨਹੁ ਤੌ ਬੂਝਹੁ ਮੋਕੋ। ਸਭਿ ਘਟਿ ਘਟਿ ਕੀ ਸੁਧ ਹੈ ਤੋਕੋ' ॥੫੪॥

ਤਬ ਪੀਰ ਹੱਥ ਜੋੜ ਕੇ ਕਹਿਣ ਲੱਗਾ, "ਤੁਹਾਨੂੰ ਸਭ ਕੁਝ ਪਤਾ ਹੈ। ਨਾ ਜਾਣੋ ਤਦ ਮੈਥੋਂ ਪੁਛੋ, ਸਭ ਦੇ ਦਿਲਾਂ ਦੀ ਤੁਹਾਨੂੰ ਸੋਝੀ ਹੈ"॥ ੫੪॥

ਦੋਹਰਾ- ਸ੍ਰੀ ਗੁਰ ਉਚਰਜੋ 'ਕਹੋ ਅਬ ਜਿਸ ਬਿਧਿ ਭਯੋ ਬ੍ਰਿਤਾਂਤ'।
ਤਬ ਜਲਾਲ ਬਚ ਮਾਨਿਕੈ ਭਨੀ ਸਰਬ ਨਿਜ ਬਾਤ॥ ੫੫॥

ਸ੍ਰੀ ਗੁਰੂ ਜੀ ਨੇ ਕਿਹਾ, "ਜਿਸ ਤਰ੍ਹਾਂ ਬ੍ਰਿਤਾਂਤ ਹੋਇਆ ਹੈ, ਉਸ ਤਰ੍ਹਾਂ ਮੈਨੂੰ ਸੁਣਾਵੋ।" ਤਦ ਜਲਾਲ ਨੇ ਬਚਨ ਮੰਨ ਕੇ ਆਪਣੀ ਸਾਰੀ ਕਹਾਣੀ ਸੁਣਾਈ॥ ੫੫॥

ਚੌਪਈ- 'ਭਾਣਾ ਮਾਨਹਿ ਗੁਰਮੁਖ ਸੋਈ। ਆਇਸੁ ਮੇਟਹਿ ਬੇਮੁਖ ਹੋਈ।

ਪ੍ਰਿਥਮੇ ਇਸ ਬਿਧਿ ਥੋ ਅੱਗਜਾਤਾ। ਤੁਮ ਮਿਲਨੇ ਤੇ ਭਾ ਸੱਗਜਾਤਾ" ॥੫੬॥

ਜਿਹੜੇ ਮਨੁੱਖ ਭਾਣਾ ਮੰਨਦੇ ਹਨ ਉਹੀ ਗੁਰਮੁਖ ਹੁੰਦੇ ਹਨ, ਜਿਹੜੇ ਪ੍ਰਭੂ ਦੀ ਆਗਿਆ ਨੂੰ ਮੋੜਦੇ ਹਨ ਉਹ ਬੇਮੁਖ ਹੁੰਦੇ ਹਨ। ਪਹਿਲਾਂ ਮੈਂ ਇਸ ਵਿਧੀ ਤੋਂ ਅਣਜਾਣ ਸੀ, ਤੁਹਾਨੂੰ ਮਿਲਣ ਨਾਲ ਜਾਣ ਗਿਆ ਹਾਂ॥ ੫੬॥

ਇਸ ਪ੍ਰਕਾਰ ਤਿਹ ਦੇ ਉਪਦੇਸ਼ਾ। ਚਲਨੇ ਤਯਾਰ ਭਏ ਜਗਤੇਸ਼ਾ।
ਕਰਿਕੈ ਬੰਦਨ ਬਿਨੈ ਬਖਾਨੀ। 'ਸੇਵਕ ਭਯੋ ਕਰਮ ਮਨ ਬਾਨੀ' ॥੫੭॥

ਇਸ ਪ੍ਰਕਾਰ ਪੀਰ ਨੂੰ ਉਪਦੇਸ਼ ਦੇ ਕੇ, ਗੁਰੂ ਜੀ ਚਲਣ ਲਈ ਤਿਆਰ ਹੋ ਗਏ। ਪੀਰ ਨੇ ਬੰਦਨਾ ਕਰਕੇ ਬੇਨਤੀ ਕੀਤੀ, "ਮੈਂ ਕਰਮ, ਮਨ ਅਤੇ ਬਚਨ ਕਰਕੇ ਤੁਹਾਡਾ ਸੇਵਕ ਹੋਇਆ ਹਾਂ"॥ ੫੭॥

ਸ੍ਰੀ ਗੁਰ ਤਿਹ ਕੋ ਧੀਰ ਦੀਨਾ। ਬਹੁਰੋ ਆਪ ਪਯਾਨਾ ਕੀਨਾ।
ਕੇਵਲ ਕਾਰਜ ਨਰਨ ਉਧਾਰਨ। ਭਗਤਿ,ਗਯਾਨ ਕੀ ਸੁਮਤਿ ਸਿਖਾਰਨ॥੫੮॥

ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ, ਫਿਰ ਆਪ ਚਲੇ ਗਏ। ਗੁਰੂ ਜੀ ਦਾ ਇਹੋ ਵੱਡਾ ਕਾਰਜ ਹੈ, ਮਨੁੱਖਾਂ ਦਾ ਉਧਾਰ ਕਰਨ ਅਤੇ ਭਗਤੀ ਗਿਆਨ ਦੇ ਸ੍ਰੇਸ਼ਟ ਮੱਤ ਦੀ ਸਿਖਿਆ ਦੇਣੀ॥ ੫੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਜਲਾਲ ਕੋ ਪ੍ਰਸੰਗ' ਬਰਨਨੰ ਨਾਮ ਬੱਤੀਸਮੋ ਅਧਯਾਯ॥ ੩੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬੱਤੀਵਾਂ ਅਧਿਆਇ, ਜਿੰਸ ਦਾ ਨਾਮ "ਪੀਰ ਜਲਾਲ ਨੂੰ ਗੁਰਮੁਖ ਦੇ ਅਰਥ ਸਮਝਾਉਣੇ" ਹੈ, ਸਮਾਪਤ ਹੋਇਆ॥ ੩੨॥

## ਅਧਿਆਇ ਤੇਤੀਵਾਂ

### *ਸ਼ੇਖ ਬ੍ਰਹਮ ਫਰੀਦ ਸਾਨੀ ਗੋਸਟ*

ਦੋਹਰਾ- ਸਿਮਰਿ ਨਾਮ ਸਭਿ ਕਾਮ ਹੈਂ ਪੁਨ ਨ ਜਾਇਂ ਜਮ ਧਾਮ।
ਅਪਨ ਸਰੂਪ ਅਨੂਪ ਕੋ ਜਾਨਿ ਲੇਤਿ ਅਭਿਰਾਮ॥ ੧॥

ਵਾਹਿਗੁਰੂ ਦਾ ਨਾਮ ਸਿਮਰ ਤਾਂਕਿ ਤੇਰੇ ਸਾਰੇ ਕੰਮ ਪੂਰੇ ਹੋ ਜਾਣ ਤੇ ਫਿਰ ਤੂੰ ਯਮਾਂ ਦੇ ਘਰ ਨੂੰ ਵੀ ਨਾ ਜਾਵੇਂ ਅਤੇ ਆਪਣੇ ਸੁੰਦਰ ਸਰੂਪ ਨੂੰ ਜਿਸ ਦੀ ਉਪਮਾ ਨਹੀਂ ਹੋ ਸਕਦੀ, ਨੂੰ ਵੀ ਪਛਾਣ ਲਵੇਂ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਅੰਗਦ! ਸੁਨੀਏ ਇਤਿਹਾਸਾ। ਆਗੇ ਗਮਨ ਕੀਨ ਸੁਖਰਾਸਾ।
ਸ਼ੇਖ ਫਰੀਦ ਪਟਣ ਹੈ ਜਹਿਂਵਾ। ਸ਼ੇਖ ਬ੍ਰਹਮ ਤਬਿ ਬਸਿਈ ਤਹਿਂਵਾ॥੨॥

*ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਗੁਰ ਇਤਹਾਸ ਸੁਣੋ,* ਗੁਰੂ ਜੀ ਉਸ ਸਥਾਨ ਤੋਂ ਅੱਗੇ ਚੱਲ ਪਏ। ਜਿਥੇ ਸ਼ੇਖ ਫਰੀਦ ਦਾ ਪਾਕਪਟਣ ਸ਼ਹਿਰ ਹੈ, ਉਥੇ ਉਸ ਵੇਲੇ ਬਾਬੇ ਫਰੀਦ ਦਾ ਗੱਦੀ-ਨਸ਼ੀਨ ਸ਼ੇਖ ਬ੍ਰਹਮ ਰਹਿੰਦਾ ਸੀ॥ ੨॥

ਤਿਹ ਕੇ ਮਿਲਿਨਿ ਹੇਤਿ ਗਤਿਦਾਈ। ਦੋਇ ਕੋਸ ਪਰ ਬੈਠੇ ਜਾਈ।
ਸ਼ੇਖਬ੍ਰਹਮ ਕਾ ਇਕ ਮੁਰੀਦ ਤਹਿਂ। ਆਯੋ ਈਂਧਨ ਚੁਨਿਨਿ, ਗੁਰੂ ਜਹਿਂ॥੩॥

ਮੁਕਤੀਦਾਤੇ ਭਾਵ ਗੁਰੂ ਜੀ ਉਸ ਨੂੰ ਮਿਲਣ ਵਾਸਤੇ ਗਏ, ਦੋ ਕੋਹ ਤੇ ਉਹ ਜਾ ਕੇ ਬੈਠ ਗਏ। ਸ਼ੇਖ ਬ੍ਰਹਮ ਦਾ ਇਕ ਚੇਲਾ, ਜਿਥੇ ਗੁਰੂ ਜੀ ਬਿਰਾਜਮਾਨ ਸਨ, ਉਨ੍ਹਾਂ ਦੇ ਪਾਸ ਬਾਲਣ ਚੁੱਗਣ ਵਾਸਤੇ ਆਇਆ॥ ੩॥

ਸੋ ਦਰਵੇਸ਼ ਖ਼ੁਦਾਇ ਪਿਆਰਾ। ਰਿਦੇ ਬੰਦਗੀ ਕੇਰ ਅਧਾਰਾ।<br>
ਇਕ ਸ਼ਲੋਕ ਤਬ ਪ੍ਰਭੁ ਬਖਾਨਾ। ਊਚੀ ਧੁਨਿ ਸੋਂ ਕੀਨੋ ਗਾਨਾ॥ ੪॥

ਉਹ ਦਰਵੇਸ਼ ਖ਼ੁਦਾ ਦਾ ਪਿਆਰਾ ਸੀ, ਹਿਰਦੇ ਵਿਚ ਬੰਦਗੀ ਦਾ ਆਧਾਰ ਸੀ। ਪ੍ਰਭੂ ਜੀ ਨੇ ਇਕ ਸਲੋਕ ਦਾ ਉਚਾਰਣ ਕੀਤਾ ਅਤੇ ਬੜੀ ਉੱਚੀ ਸੁਰ ਵਿਚ ਗਾਇਆ॥ ੪॥

*ਮ: ੧॥*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*<br>
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ੨॥* (ਪੰਨਾ ੧੨੯੧)

ਹੇ ਖ਼ੁਦਾ! ਤੂੰ ਖ਼ੁਦ ਹੀ ਤਖ਼ਤੀ ਹੈਂ, ਖ਼ੁਦ ਹੀ ਲੇਖਣੀ ਹੈਂ ਅਤੇ ਉਸ ਉਤੇ ਲਿਖਤ ਵੀ ਤੂੰ ਹੀ ਹੈ। ਹੇ ਨਾਨਕ! ਤੂੰ ਇਕ ਮਾਲਕ ਦਾ ਹੀ ਵਰਣਨ ਕਰ ਦੂਸਰਾ ਕੋਈ ਕਿਉਂ ਹੋਵੇ?॥ ੨॥

ਚੌਪਈ- ਸੁਨਤਿ ਮੁਰੀਦ ਗੁਰੂ ਢਿਗ ਆਯੋ। ਕਰਿ ਸਲਾਮ ਅਸ ਬਚਨ ਅਲਾਯੋ।<br>
'ਏਹ ਬੈਤ ਵਤ ਮੋਹਿ ਸੁਨਾਇ। ਤੁਮ ਦਰਵੇਸ਼ ਭਿ ਲਖ੍ਯੋ ਖ਼ੁਦਾਇ' ॥੫॥

ਇਹ ਸੁਣ ਕੇ ਮੁਰੀਦ ਗੁਰੂ ਜੀ ਪਾਸ ਆਇਆ ਸਲਾਮ ਕਰਕੇ ਇਸ ਤਰ੍ਹਾਂ ਬਚਨ ਕੀਤਾ, "ਇਹ ਬੈਂਤ ਮੈਨੂੰ ਫਿਰ ਸੁਣਾਓ। ਆਪ ਦਰਵੇਸ਼ ਹੋ, ਮੈਂ ਤੁਹਾਨੂੰ ਖ਼ੁਦਾ ਜਾਣਿਆ ਹੈ"॥ ੫॥

ਸ੍ਰੀ ਨਾਨਕ ਤਬ ਬੈਨ ਅਲਾਏ। ਤਿਹ ਸ਼ਲੋਕ ਕੇ ਅਰਥ ਸੁਨਾਏ।<br>
'ਆਪੇ ਪੱਟੀਹ ਕਲਮ ਸੁ ਆਪੇ। ਲਿਖਣਹਾਰ ਸੋ ਦੁਤੀ ਨ ਜਾਪੇ॥ ੬॥

ਗੁਰੂ ਨਾਨਕ ਜੀ ਨੇ ਫਿਰ ਬਚਨ ਕਹੇ, ਅਤੇ ਉਸ ਸਲੋਕ ਦੇ ਅਰਥ ਸੁਣਾਏ, "ਖ਼ੁਦਾ ਹੀ ਤਖ਼ਤੀ ਹੈ, ਖ਼ੁਦਾ ਹੀ ਕਲਮ ਹੈ ਅਤੇ ਲਿਖਣ ਵਾਲਾ ਵੀ ਕੋਈ ਦੂਸਰਾ ਨਹੀਂ ਜਾਪਦਾ ਹੈ॥ ੬॥

ਸਭਿ ਮਹਿਂ ਰਵਿਓ ਏਕ ਖ਼ੁਦਾਇ। ਛੂਛੀ ਕਹੂੰ ਨ ਤਿਸ ਬਿਨ ਥਾਇ।<br>
ਦੂਜਾ ਦੇਖ੍ਯੋ ਸੁਨ੍ਯੋ ਨ ਕੋਈ। ਜਪਹਿ ਜਿ ਏਕ ਤਰਹਿ ਭਵ ਸੋਈ॥ ੭॥

ਸਭ ਵਿਚ ਇਕ ਖ਼ੁਦਾ ਹੀ ਵੱਸਦਾ ਹੈ, ਉਸ ਤੋਂ ਬਗੈਰ ਕੋਈ ਥਾਂ ਖਾਲੀ ਨਹੀਂ ਹੈ। ਦੂਸਰਾ ਕੋਈ ਵੇਖਿਆ ਸੁਣਿਆ ਨਹੀਂ ਹੈ, ਜਿਹੜਾ ਇਕ ਨੂੰ ਸਿਮਰਦਾ ਹੈ ਉਹ ਭਵਸਾਗਰ ਤਰ ਕੇ ਪਾਰ ਹੋ ਜਾਂਦਾ ਹੈ"॥ ੭॥

ਦੋਹਰਾ-ਸੁਨਤਿ ਸ਼ੇਖ ਹਰਖਾਇ ਉਰ ਗਯੋ ਨਿਕਟਿ ਨਿਜ ਪੀਰ।<br>
ਕਹ੍ਯੋ ਜਾਇ ਮੈਂ ਦੇਖਿਓ ਆਜ ਖ਼ੁਦਾਇ ਸਰੀਰ॥ ੮॥

ਸ਼ੇਖ ਬ੍ਰਹਮ ਦਾ ਮੁਰੀਦ, ਗੁਰੂ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਆਪਣੇ ਪੀਰ ਪਾਸ ਚਲੇ ਗਿਆ। ਪੀਰ ਪਾਸ ਜਾਕੇ ਕਿਹਾ, ਮੈਂ ਅਜ ਖ਼ੁਦਾ ਨੂੰ ਮਨੁੱਖੀ ਸਰੀਰ ਵਿਚ ਵੇਖਿਆ ਹੈ॥ ੮॥

ਚੌਪਈ- ਹਿੰਦੁ ਜਨਮ ਸ੍ਰੀ ਨਾਨਕ ਵੇਦੀ। ਦੇਤਿ ਅਲਹ ਸੁਧ ਦ੍ਵੈਤਹਿਂ ਛੇਦੀ।<br>
ਸੁਨਤਿ ਪੀਰ ਨੈ ਬਚਨ ਉਚਾਰੇ। 'ਹਿੰਦੂ, ਬਹੁਰ ਖ਼ੁਦਾਇ ਕਿਆ ਰੇ!' ॥੯॥

ਉਸ ਦਾ ਨਾਂ ਸ੍ਰੀ ਨਾਨਕ ਜੀ ਹੈ ਅਤੇ ਉਹ ਹਿੰਦੂਆਂ ਦੇ ਘਰ ਬੇਦੀ ਕੁਲ ਵਿਚ ਪੈਦਾ ਹੋਇਆ ਹੈ, ਦ੍ਵੈਤ ਨੂੰ ਨਾਸ਼ ਕਰਨ

ਵਾਲੇ ਉਹ ਅੱਲਾ ਦੀ ਖਬਰ ਦਿੰਦੇ ਹਨ।" ਇਹ ਸੁਣ ਕੇ ਪੀਰ ਨੇ ਕਿਹਾ, "ਹਿੰਦੂ ਹੋ ਕੇ ਖ਼ੁਦਾ ਨੂੰ ਪਿਆਰ ਕਰਦਾ ਹੋਵੇ ਇਹ ਕਿਵੇਂ ਹੈ? ॥ ੯ ॥

ਫੇਰ ਮੁਰੀਦ ਜੋਰਿ ਕਰ ਕਹਿਈ। 'ਸੋ ਖੁਦਾਇ ਕੀ ਸੂਰਤ ਅਹਿਈ।
ਕਹੋਂ ਕੂਰ ਨਹਿਂ, ਸਾਚ ਪਛਾਨੋਂ। ਦੇਖਹੁਗੇ ਤੁਮ ਤਬਿ ਹੀ ਮਾਨੋਂ ॥੧੦॥

ਫੇਰ ਮੁਰੀਦ ਨੇ ਜ਼ੋਰ ਦੇ ਕੇ ਕਿਹਾ, "ਉਸ ਦੀ ਖ਼ੁਦਾਈ ਸੂਰਤ ਹੈ, ਮੈਂ ਝੂਠ ਨਹੀਂ ਕਹਿੰਦਾ ਤੁਸੀਂ ਸੱਚ ਜਾਣੋ, ਜਦ ਤੁਸੀਂ ਉਨ੍ਹਾਂ ਨੂੰ ਵੇਖੋਗੇ ਤਦ ਹੀ ਮੰਨੋਗੇ॥ ੧੦॥

ਬਿਨ ਦੇਖੇ ਨਹਿਂ ਆਇ ਪ੍ਰਤੀਤੀ। ਮਿਲਿਨੇ ਤੇ ਬਿਸਾਲ ਹ੍ਵੈ ਪ੍ਰੀਤੀ'।
ਸੁਨਿ ਪੁਨ ਬਾਨੀ ਪੀਰ ਅਲਾਈ। 'ਮੈਂਡਾ ਬੈਂਤ ਲਿਜਾਇ ਸੁਨਾਈ ॥੧੧॥

ਵੇਖਣ ਤੋਂ ਬਗੈਰ ਪ੍ਰਤੀਤ ਨਹੀਂ ਆਉਂਦੀ, ਮਿਲਣ ਤੇ ਬਹੁਤ ਪ੍ਰੇਮ ਹੋ ਜਾਵੇਗਾ।" ਇਹ ਸੁਣ ਕੇ ਪੀਰ ਨੇ ਫਿਰ ਕਿਹਾ, "ਮੇਰਾ ਬੈਂਤ ਲੈ ਜਾਕੇ ਉਨ੍ਹਾਂ ਨੂੰ ਸੁਣਾਉਣਾ॥ ੧੧॥

ਦੋਹਰਾ- ਘਿੰਨਹੁ, ਵੱਤ ਗਲਾਈਦੇ ਜੋ ਮੈਂ ਤੋਕੋ ਬੱਦ।
ਇਕ ਸਾਹਿਬ ਦੋ ਹੱਦ ਹੈਂ, ਕੋ ਸੇਵੀ ਕੋ ਰੱਦ?' ॥ ੧੨ ॥

ਜੋ ਮੈਂ ਤੁਹਾਨੂੰ ਕਹਿੰਦਾ ਹਾਂ ਪਹਿਲਾਂ ਉਸ ਨੂੰ ਜਾਣ ਲਵੋ ਫਿਰ ਉਸ ਦਾ ਉਤਰ ਕਹੋ, ਸਾਹਿਬ ਇਕ ਹੈ, ਪਰ ਹੱਦਾਂ ਦੋ ਹਨ, ਕਿਸ ਨੂੰ ਸਿਮਰੀਏ ਅਤੇ ਕਿਸ ਨੂੰ ਰੱਦ ਕਰੀਏ' ॥ ੧੨ ॥

ਚੌਪਈ- ਸੁਨਿ ਮੁਰੀਦ ਤਬ, ਸ੍ਰੀ ਗੁਰ ਪਾਸਾ। ਜੁਲ ਕਰਿ ਆਇ ਕਰੀ ਅਰਦਾਸਾ।
'ਜਬ ਹੀ ਪਢਜੋ ਬੈਂਤ ਮੈਂ ਤੈਂਡਾ। ਬੈਤ ਕਹਜੋ ਤਬ ਪੀਰ ਇਕ ਮੈਂਡਾ ॥੧੩ ॥

ਇਹ ਸੁਣ ਕੇ ਮੁਰੀਦ ਗੁਰੂ ਜੀ ਪਾਸ ਗਿਆ। ਕੋਲ ਪਹੁੰਚ ਕੇ ਉਸ ਬੇਨਤੀ ਕੀਤੀ। "ਜਦ ਮੈਂ ਤੁਹਾਡਾ ਬੈਂਤ ਪੜ੍ਹਿਆ, ਤਦ ਪੀਰ ਜੀ ਨੇ ਇਕ ਬੈਂਤ ਮੈਨੂੰ ਸੁਣਾਇਆ॥ ੧੩॥

ਤਿਹ ਕੋ ਉੱਤਰ ਦੀਜਹੁ ਮੋਕੋ। ਸੁਨਹੁ, ਸੁਨਾਵਤਿ ਹੌਂ ਮੈਂ ਤੋ ਕੋ।
ਸਾਹਿਬ ਏਕੋ ਦੋ ਕਿਯ ਹੱਦ। ਕਿਹ ਕੋ ਸੇਵੀ ਕਿਹਕੋ ਰੱਦ? ॥੧੪॥

ਪੀਰ ਦੇ ਬੈਂਤ ਦਾ ਮੈਨੂੰ ਉੱਤਰ ਦੇਵੋ, ਸੁਣੋ ਤੁਹਾਨੂੰ ਮੈਂ ਉਹ ਬੈਂਤ ਸੁਣਾਉਂਦਾ ਹਾਂ, ਸਾਹਿਬ ਇਕ ਹੈ ਪਰ ਉਸ ਦੀਆਂ ਹੱਦਾਂ ਦੋ ਹਨ, ਕਿਸ ਨੂੰ ਸਿਮਰੀਏ ਅਤੇ ਕਿਸ ਨੂੰ ਰਦ ਕਰੀਏ ? ॥ ੧੪ ॥

ਜੋ ਤੁਮਰੇ ਮਤ ਮਾਂਹੀ ਸਾਚੋ। ਕ੍ਰਿਪਾ ਧਾਰਿ ਮੁਝ ਸੰਗਿ ਉਬਾਚੋ'।
ਇਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਕਹਜੋ ਸਲੋਕ ਸਰਬ ਸੁਖਦੈਨਾਂ ॥੧੫॥

ਜੋ ਤੁਹਾਡੇ ਮਨ ਵਿਚ ਸੱਚਾ ਹੈ, ਕਿਰਪਾ ਕਰਕੇ ਮੈਨੂੰ ਕਹੋ।" ਇਸ ਪ੍ਰਕਾਰ ਦੇ ਬਚਨ ਸੁਣ ਕੇ ਗੁਰੂ ਜੀ ਨੇ ਇਕ ਸਲੋਕ ਕਿਹਾ॥ ੧੫॥

*ਸਲੋਕੁ॥*

*ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ॥*
*ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ॥ ੧॥*

ਦੂਜੇ ਨੂੰ ਕਿਉਂ ਸਿਮਰੀਏ ਜੋ ਜੰਮੇ ਤੇ ਫਿਰ ਮਰ ਜਾਵੇ। ਹੇ ਨਾਨਕ ! ਇਕੋ ਨੂੰ ਹੀ ਸਿਮਰੀਏ ਜਿਹੜਾ ਜਲ ਅਤੇ ਥਲ ਵਿਚ ਸਮਾ ਰਿਹਾ ਹੈ॥ ੧ ॥

ਦੋਹਰਾ- 'ਸੁਨਹੁ! ਤੁਮਾਰੋ ਪੀਰ ਜੋ ਅਬ ਲਗ ਦੂਜੋ ਚੀਨ।
ਨਹੀਂ ਖ਼ੁਦਾਇ ਪਛਾਨ ਤਿੰਹ ਮਾਰਗ ਮਿਲਿਨਿ ਨ ਲੀਨ॥ ੧੬ ॥

ਗੁਰੂ ਜੀ ਕਿਹਾ, ''ਸੁਣੋ! ਤੁਹਾਡੇ ਪੀਰ ਨੇ ਹੁਣ ਤਕ ਦੂਜੇ ਨੂੰ ਹੀ ਜਾਣਿਆ ਹੈ। ਉਸ ਖ਼ੁਦਾ ਨੂੰ ਪਛਾਣਿਆ ਨਹੀਂ ਹੈ ਅਤੇ ਉਸ ਨੂੰ ਮਿਲਣ ਦਾ ਹਾਲੇ ਰਾਹ ਨਹੀਂ ਫੜਿਆ ਹੈ॥ ੧੬ ॥

ਚੌਪਈ- ਸੇਵਹੁ ਏਕ ਹਦ ਦ੍ਵੈ ਖੋਇ। ਸਭਿ ਕੋ ਕਰਨਹਾਰ ਹੈ ਜੋਇ।
ਏਕ ਖ਼ੁਦਾਇ ਰਵਯੋ ਸਭਿ ਮਾਂਹੀ। ਇਉਂ ਜਾਨੇ ਬਿਨ ਮਿਲਨ ਦੁਰਾਹੀ ॥੧੭ ॥

ਦੂਸਰੀ ਹੱਦ ਨੂੰ ਨਾਸ਼ ਕਰਕੇ ਕੇਵਲ ਇਕ ਦਾ ਸਿਮਰਨ ਕਰੋ, ਜੋ ਸਭ ਦਾ ਕਰਨਹਾਰ ਹੈ। ਇਕ ਖ਼ੁਦਾ ਸਭ ਵਿਚ ਰਮ ਰਿਹਾ ਹੈ, ਇਹ ਜਾਨਣ ਤੋਂ ਬਗ਼ੈਰ ਉਸਦਾ ਮਿਲਣਾ ਮੁਸ਼ਕਲ ਹੈ॥ ੧੭ ॥

ਮੁੱਸਲਮਾਨ ਨ ਹਿੰਦੂ ਕੋਊ। ਕਰਨਹਾਰ ਸਭਿ ਕੋ ਇਕ ਹੋਊ।
ਪੱਖਜਬਾਦ ਮੈਂ ਉਰਝੇ ਜੋਈ। ਹੱਦਾਂ ਦੋਇ ਜਾਨਿ ਹੈਂ ਸੋਈ ॥ ੧੮ ॥

ਨਾ ਕੋਈ ਮੁਸਲਮਾਨ ਹੈ ਅਤੇ ਨਾ ਕੋਈ ਹਿੰਦੂ ਹੈ ਸਾਰਿਆਂ ਦਾ ਰਚਣਹਾਰਾ ਕੇਵਲ ਇਕ ਹੀ ਹੈ। ਜਿਹੜੇ ਪਖਪਾਤ ਵਿਚ ਉਲਝੇ ਹੋਏ ਹਨ, ਉਹ ਦੋ ਹੱਦਾਂ ਜਾਣਦੇ ਹਨ'' ॥ ੧੮ ॥

ਐਸੇ ਬਚਨ ਸੁਨੇ ਗੁਰ ਤੀਰ। ਗਮਨਯੋ ਤਬ ਸਮੀਪ ਨਿਜ ਪੀਰ।
ਸਰਬ ਜਵਾਬ ਸੁਨਾਯੋ ਜਬਹੀ। ਬੋਲਯੋ ਪੀਰ ਤਾਂਹਿ ਸੋਂ ਤਬ ਹੀ ॥੧੯ ॥

ਜਦ ਮੁਰੀਦ ਨੇ ਗੁਰੂ ਜੀ ਪਾਸੋਂ ਇਹ ਬਚਨ ਸੁਣੇ ਤਾਂ ਆਪਣੇ ਪੀਰ ਦੇ ਪਾਸ ਚਲਾ ਗਿਆ। ਸਾਰਾ ਜਵਾਬ ਜਦ ਆਪਣੇ ਪੀਰ ਨੂੰ ਸੁਣਾਇਆ ਤਾਂ ਪੀਰ ਨੇ ਉਸ ਨੂੰ ਕਿਹਾ॥ ੧੯ ॥

ਦੋਹਰਾ- 'ਤਾਤ! ਬਾਤ ਕੋ ਮਰਮ ਜੋ ਤੈਂ ਜਾਨਯੋ ਕੈ ਨਾਂਹਿ।
ਅਜ਼ਮਤ ਇਸ ਮਹਿਂ ਅਧਿਕ ਹੈ ਸੁਨਹੁ ਸਮਝ ਮਨਮਾਂਹਿ ॥ ੨੦ ॥

''ਹੇ ਪੁੱਤਰ! ਇਸ ਗੱਲ ਦਾ ਜੋ ਮਤਲਬ ਹੈ ਉਸ ਨੂੰ ਤੂੰ ਸਮਝਿਆ ਕਿ ਨਹੀਂ। ਇਸ ਵਿਚ ਅਧਿਕ ਅਜ਼ਮਤ ਹੈ, ਮਨ ਵਿਚ ਸਮਝ ਕੇ ਸੁਣੋ॥ ੨੦ ॥

ਚੌਪਈ- ਦ੍ਵੈਤ ਖੋਇ ਜਿਨਿ ਏਕ ਪਛਾਨਾ। ਮਿਲਹਿ ਖ਼ੁਦਾਇ ਸਿ ਮਨੁਜ ਸੁਜਾਨਾ।
ਮੈਕੂੰ ਘਿੰਨਉ ਵੰਞ ਉਥਾਊਂ। ਤਿਹ ਦਿਦਾਰ ਕਰਿ ਉਰ ਸੁਖ ਪਾਊਂ' ॥੨੧ ॥

ਦ੍ਵੈਤ ਭਾਵਨਾਂ ਨੂੰ ਗਵਾ ਕੇ ਜਿਸ ਇਕ ਨੂੰ ਪਹਿਚਾਣ ਲਿਆ ਹੈ, ਉਸ ਚਤੁਰ ਮਨੁੱਖ ਨੂੰ ਖ਼ੁਦਾ ਪ੍ਰਾਪਤ ਹੋ ਜਾਂਦਾ ਹੈ। ਮੈਨੂੰ ਓਥੇ ਲੈ ਕੇ ਚਲ, ਉਨ੍ਹਾਂ ਦਾ ਦੀਦਾਰ ਕਰਕੇ ਮਨ ਵਿਚ ਸੁੱਖ ਪ੍ਰਾਪਤ ਕਰਾਂ॥ ੨੧ ॥

ਕਰਿ ਮੁਰੀਦ ਆਗੈ ਤਿਹਕਾਲਾ। ਚਢਯ ਪੀਰ ਸਿਵਕਾ ਪਰ ਚਾਲਾ।
ਸ੍ਰੀ ਗੁਰ ਨਦਰ ਪਰੇ ਤਿਹ ਜਬਹੀ। ਉਤਰ ਚਲਯੋ ਪੈਰਨ ਸੋਂ ਤਬਿਹੀ ॥੨੨ ॥

ਓਸੇ ਵੇਲੇ ਆਪਣੇ ਮੁਰੀਦ ਨੂੰ ਅੱਗੇ ਲਾ ਕੇ, ਪੀਰ ਇਕ ਪਾਲਕੀ ਵਿਚ ਬੈਠ ਕੇ ਗੁਰੂ ਜੀ ਵਲ ਚਲ ਪਿਆ। ਜਦ ਉਸਦੀ ਨਜ਼ਰ ਗੁਰੂ ਜੀ ਤੇ ਪਈ ਤਾਂ ਪਾਲਕੀ ਵਿਚੋਂ ਉੱਤਰ ਕੇ ਪੈਦਲ ਹੀ ਚਲ ਪਿਆ॥ ੨੨ ॥

ਆਇ 'ਸਲਾਮਾਲੇਕਮ' ਕਰਿਕੈ। ਬੈਠਯੋ ਨਿਕਟਿ ਭਾਉ ਉਰ ਧਰਿਕੈ।
ਬੂਝਨ ਲਾਗਯੋ 'ਦੇਹੁ ਬਤਾਈ। ਆਗੈ ਕੈਸੋ ਹਾਲ ਬਿਹਾਈ?' ॥੨੩ ॥

ਆ ਕੇ ਸਲਾਮਾਲੇਕਮ ਕਰਕੇ, ਗੁਰੂ ਜੀ ਦੇ ਨੇੜੇ ਬੜਾ ਪ੍ਰੇਮ ਧਾਰਨ ਕਰਕੇ ਬੈਠ ਗਿਆ। ਪੁੱਛਣ ਲੱਗਾ, "ਅੱਗੇ ਪਰਲੋਕ ਵਿਚ ਕਿਸ ਤਰ੍ਹਾਂ ਬੀਤਦਾ ਹੈ?" ॥ ੨੩ ॥

ਦੋਹਰਾ- ਗੁਰੂ ਭਨੈਂ 'ਦਰਗਾਹ ਮਹਿਂ ਸਾਚੇ ਪਾਵਹਿਂ ਮਾਨ।
ਕੂੜੀ ਕੂੜੇ ਬੇਖ ਕੀ ਤਿਨਕੋ ਤਹਿਂ ਨਹਿਂ ਥਾਨ॥ ੨੪ ॥

ਗੁਰੂ ਜੀ ਨੇ ਕਿਹਾ, "ਦਰਗਾਹ ਵਿਚ ਕੇਵਲ ਸੱਚਾ ਮਨੁੱਖ ਮਾਨ ਪ੍ਰਾਪਤ ਕਰਦਾ ਹੈ, ਝੂਠੇ ਅਤੇ ਕੂੜੇ ਭੇਸ ਵਾਲਿਆਂ ਲਈ ਓਥੇ ਕੋਈ ਥਾਂ ਨਹੀਂ ਹੈ॥ ੨੪ ॥

ਚੌਪਈ- ਜਨਮਤਿ ਮਰਤਿ ਪਵਹਿਂ ਚਉਰਾਸੀ। ਸਦਾ ਰਹਤਿ ਤਿਨ ਗਰ ਜਮ ਫਾਸੀ'।
ਸਨਮੁਖ ਬੈਠੇ ਸ੍ਰੀ ਗੁਨਖਾਨੀ। ਪੀਰ ਰਿਦੇ ਕੀ ਸਭਿ ਬਿਧਿ ਜਾਨੀ ॥੨੫ ॥

ਉਹ ਚੁਰਾਸੀ ਲੱਖ ਜੂਨਾਂ ਵਿਚ ਜੰਮਦੇ ਮਰਦੇ ਰਹਿੰਦੇ ਹਨ, ਸਦਾ ਹੀ ਜਮਾਂ ਦੀ ਫਾਹੀ ਉਨ੍ਹਾਂ ਦੇ ਗਲ ਪਈ ਰਹਿੰਦੀ ਹੈ।" ਗੁਰੂ ਜੀ, ਸਾਹਮਣੇ ਬੈਠੇ ਪੀਰ ਦੇ ਹਿਰਦੇ ਦੀ ਸਾਰੀ ਗੱਲ ਜਾਣਦੇ ਸਨ॥ ੨੫ ॥

ਕਾਬੇ ਦਿਸ਼ਾ ਹੁਤੋਂ ਤਿਹ ਬਦਨਾ। ਪ੍ਰਾਚੀ ਦਿਸ਼ ਮੁਖ ਸ੍ਰੀ ਸੁਖ ਸਦਨਾ।
ਸ਼ੁਭ ਉਪਦੇਸ਼ ਦੇਨਿ ਤਿਹ ਤਾਈਂ। ਬਚਨ ਬਖਾਨੇ ਪੁਨ ਜਗ ਸਾਈ ॥੨੬ ॥

ਪੀਰ ਦਾ ਮੂੰਹ ਕਾਬੇ ਵੱਲ ਸੀ ਅਤੇ ਸੁਖਾਂ ਦੇ ਘਰ ਗੁਰੂ ਜੀ ਦਾ ਮੂੰਹ ਪੂਰਬ ਵਲ ਸੀ। ਉਸ ਨੂੰ ਸ਼ੁਭ ਉਪਦੇਸ਼ ਦੇਣ ਖਾਤਰ ਗੁਰੂ ਜੀ ਨੇ ਫਿਰ ਬਚਨ ਕਹੇ॥ ੨੬ ॥

'ਜਾਨਜੋ ਕਾਬੇ ਬੀਚ ਖੁਦਾਇ। ਤੁਮ ਜਾਨਤਿ ਹੋ ਔਰ ਨ ਜਾਇ।
ਇਸ ਪ੍ਰਕਾਰ ਤੁਮ ਖੋਜਤਿ ਤਾਂਹੀ। ਜਿਉਂ ਕੋ ਵਸਤੁ ਹੋਇ ਜਲ ਮਾਂਹੀ ॥੨੭ ॥

"ਤੁਸੀਂ ਇਹੋ ਜਾਣਦੇ ਹੋ ਕਿ ਖ਼ੁਦਾ ਕੇਵਲ ਕਾਬੇ ਵਿਚ ਹੈ, ਇਸ ਕਰਕੇ ਇਹ ਸਮਝਦੇ ਹੋ ਕਿ ਉਹ ਹੋਰ ਕਿਸੇ ਥਾਂ ਨਹੀਂ ਹੈ। ਇਸ ਪ੍ਰਕਾਰ ਤੁਸੀਂ ਉਸ ਨੂੰ ਖੋਜ ਰਹੇ ਹੋ ਜਿਵੇਂ ਕੋਈ ਵਸਤੂ ਜਲ ਵਿਚ ਪਈ ਹੁੰਦੀ ਹੈ॥ ੨੭ ॥

ਇਉਂ ਨਹਿਂ ਪਾਇ ਸਕਹੁ ਗੇ ਕਬਹੀ। ਕੋਟ ਜਨਮ ਧਰਿ ਖੋਜਹੁ ਜਬ ਹੀ'।
ਪੀਰ ਕਹੈ: 'ਸੁਨਿ ਨਾਨਕ ਤਪਾ!। ਤੁਰਕ ਦੀਨ ਕੋ ਕਾਬਾ ਥਪਾ ॥੨੮ ॥

ਉਸ ਖ਼ੁਦਾ ਨੂੰ ਇਸ ਤਰ੍ਹਾਂ ਕਦੀ ਵੀ ਪਾ ਨਹੀਂ ਸਕੋਗੇ, ਕਰੋੜਾਂ ਜਨਮ ਧਾਰਨ ਕਰਕੇ ਭਾਵੇਂ ਉਸ ਨੂੰ ਖੋਜਦੇ ਰਹੋ।" ਪੀਰ ਨੇ ਕਿਹਾ, "ਹੇ ਨਾਨਕ ਤਪਾ ਜੀ! ਸੁਣੋ, ਤੁਰਕ ਮਜ਼੍ਹਬ ਦਾ ਕਾਬਾ ਥਾਪਿਆ ਹੋਇਆ ਹੈ॥ ੨੮ ॥

ਤਾਂਹੀ ਮੈਂ ਸ਼ਰਧਾ ਧਰਿ ਭੂਰੀ। ਮੈਂ ਖੁਦਾਇ ਕੋ ਪਾਉਂ ਹਦੂਰੀ'।
ਗੁਰੂ ਭਨੈਂ 'ਜੇ ਅਸ ਮਨ ਜਾਨੋ। ਸੋ ਖੁਦਾਇ ਤੇ ਭੁਲਵਨ ਮਾਨੋ ॥੨੯ ॥

ਉਸ ਵਿਚ ਬਹੁਤ ਸ਼ਰਧਾ ਧਾਰਨ ਕਰਕੇ, ਮੈਂ ਖ਼ੁਦਾ ਦੀ ਹਜ਼ੂਰੀ ਵਿਚ ਜਾਵਾਂਗਾ।" ਗੁਰੂ ਜੀ ਨੇ ਕਿਹਾ, "ਜੇ ਮਨ ਵਿਚ ਇਸ ਤਰ੍ਹਾਂ ਜਾਣਦੇ ਹੋ ਤਾਂ ਖ਼ੁਦਾ ਨੂੰ ਭੁੱਲ ਗਏ ਮੰਨੋ॥ ੨੯ ॥

ਕਰ ਕੇ ਬੀਚ ਨ ਆਵਹਿ ਐਸੇ। ਹੋਇ ਬਿਅਰਥ, ਮਥਨ ਜਲ ਜੈਸੇ'।
ਕਹੈ ਪੀਰ 'ਸੁਨਿ ਨਾਨਕ, ਤੈਂਡਾ। ਬੈਤ ਸੁਨਜੋ, ਹਰਖਜੋ ਮਨ ਮੈਂਡਾ ॥੩੦ ॥

ਇਸ ਤਰ੍ਹਾਂ ਖ਼ੁਦਾ ਹੱਥ ਵਿਚ ਨਹੀਂ ਆਉਂਦਾ। ਸਾਰੇ ਯਤਨ ਵਿਅਰਥ ਜਾਂਦੇ ਹਨ ਜਿਵੇਂ ਕਿ ਜਲ ਨੂੰ ਰਿੜਕਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ।" ਪੀਰ ਨੇ ਕਿਹਾ, "ਹੇ ਨਾਨਕ ਜੀ! ਤੁਹਾਡਾ ਬੈਂਤ ਸੁਣਕੇ ਮੇਰੇ ਮਨ ਨੂੰ ਬਹੁਤ ਅਨੰਦ ਆਇਆ ਸੀ॥ ੩੦ ॥

ਦੋਹਰਾ- ਉਰ ਬਿਚਾਰਿ ਮੈਂ ਤਬ ਕਰਜੋ ਜਿਨ ਅਸ ਬੈਤ ਬਨਾਇ।
ਤਿਨ ਕੋ ਦਰਸ਼ਨ ਕੀਜਿਯੇ ਆਯੋ ਤੁਰਤ ਇਥਾਇ॥ ੩੧॥

ਦਿਲ ਵਿਚ ਉਸ ਸਮੇਂ ਵਿਚਾਰ ਕੀਤਾ ਸੀ ਕਿ ਜਿਸ ਨੇ ਐਸਾ ਬੈਂਤ ਬਣਾਇਆ ਹੈ, ਉਨ੍ਹਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ, ਇਸ ਲਈ ਮੈਂ ਤੁਰੰਤ ਏਥੇ ਆ ਗਿਆ ਹਾਂ॥ ੩੧॥

ਚੌਪਈ- ਦੋ ਹੱਦਨ ਮਹਿਂ ਏਕ ਬਤਾਯੋ। ਤਾਂਕੋ ਸੇਵਨ ਹੈ ਫੁਰਮਾਯੋ।
ਤੁਮ ਤੇ ਨਿਸ਼ਾ ਹਮਾਰੀ ਹੋਵਹਿ। ਸਭਿ ਸੰਦੇਹ ਰਿਦੇ ਤੇ ਖੋਵਹਿ॥੩੨॥

ਦੋ ਹਦਾਂ ਵਿਚ ਤੁਸੀਂ ਇਕ ਦੱਸਿਆ ਅਤੇ ਉਸ ਇਕ ਖ਼ੁਦਾ ਦੀ ਇਬਾਦਤ ਕਰਨ ਨੂੰ ਕਿਹਾ ਹੈ। ਤੁਹਾਡੇ ਪਾਸੋਂ ਜਿਵੇਂ ਮੇਰੀ ਤਸੱਲੀ ਹੋ ਜਾਵੇ ਉਸ ਤਰ੍ਹਾਂ ਇਸ ਲਈ ਮੇਰੇ ਹਿਰਦੇ ਦੇ ਸਾਰੇ ਸ਼ੰਕਿਆਂ ਨੂੰ ਦੂਰ ਕਰ ਦੇਵੋ॥ ੩੨॥

ਜਿਉਂ ਜਿਉਂ ਬਚਨ ਸੁਨੋਂ ਨਿਜ ਕਾਨੇ। ਤਿਉਂ ਤਿਉਂ ਸ਼ਾਂਤਿ ਹੋਤਿ ਭ੍ਰਮ ਹਾਨੇ।
ਸੇਤੁ ਉਦਧਿ ਭਵ ਬਚਨ ਤੁਮਾਰੇ। ਜਿਸ ਤੇ ਦ੍ਵੈਤਹਿ ਮਿਟਤਿ ਹਮਾਰੇ॥੩੩॥

ਜਿਵੇਂ ਜਿਵੇਂ ਤੁਹਾਡੇ ਬਚਨ ਸੁਣ ਰਿਹਾ ਹਾਂ, ਤਿਵੇਂ ਤਿਵੇਂ ਮੈਨੂੰ ਸ਼ਾਂਤੀ ਪ੍ਰਾਪਤ ਹੋ ਰਹੀ ਹੈ ਅਤੇ ਭਰਮਾਂ ਦਾ ਨਾਸ਼ ਹੋ ਰਿਹਾ ਹੈ। ਸੰਸਾਰ ਰੂਪ ਸਮੁੰਦਰ ਤੇ ਤਰਨ ਲਈ, ਤੁਹਾਡੇ ਬਚਨ ਇਕ ਪੁਲ ਵਾਂਗ ਹਨ। ਜਿਸ ਕਾਰਨ ਮੇਰਾ ਦੂਈ ਵਿਚ ਭਰੋਸਾ ਖਤਮ ਹੋ ਰਿਹਾ ਹੈ॥ ੩੩॥

ਬਾਨ ਸਮਾਨ ਅਗਜਾਨ ਨਿਸ਼ਾਨਾ। ਨੀਕੇ ਹਨਹਿਂ ਕਰਤਿ ਸਭਿ ਹਾਨਾ।
ਬੂਝਹੁਂ ਇਕ ਸੁਆਲ ਸੋ ਕਹੀਏ। ਮੇਰੋ ਭਰਮ ਸਰਬ ਅਬ ਦਹੀਏ॥੩੪॥

ਆਪ ਦੇ ਬਚਨ ਤੀਰ ਸਮਾਨ ਹਨ ਅਤੇ ਅਗਿਆਨਤਾ ਇਨ੍ਹਾਂ ਤੀਰਾਂ ਦਾ ਨਿਸ਼ਾਨਾ ਹੈ। ਚੰਗੀ ਤਰ੍ਹਾਂ ਮਾਰ ਕੇ ਸਭ ਦਾ ਨਾਸ਼ ਕਰ ਦਿੰਦੇ ਹੋ। ਮੈਂ ਇਕ ਸਵਾਲ ਪੁਛਦਾ ਹਾਂ ਉਸ ਬਾਰੇ ਦੱਸੋ। ਮੇਰੇ ਸਾਰੇ ਭਰਮਾਂ ਦਾ ਨਾਸ਼ ਕਰੋ॥ ੩੪॥

*ਸਲੋਕ ਫਰੀਦ॥*

*ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥*
*ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥ ੧੦੩॥* (ਪੰਨਾ ੧੩੮੩)

ਹੇ ਫਰੀਦ! ਆਪਣੀਆਂ ਸਾਰੀਆਂ ਪੁਸ਼ਾਕਾਂ ਨੂੰ ਪਾੜ ਕੇ ਅਤੇ ਲੀਰੋ ਲੀਰ ਕਰਕੇ ਮੈਂ ਕੇਵਲ ਕੰਬਲੀ ਪਾਈ ਹੋਈ ਹੈ। ਜਿਹੜੀ ਪੁਸ਼ਾਕ ਨਾਲ ਮੇਰਾ ਪਤੀ ਮਿਲਦਾ ਹੈ, ਉਹੀ ਪੁਸ਼ਾਕ ਮੈਂ ਪਹਿਨਦੀ ਹਾਂ॥ ੧੦੩॥

ਦੋਹਰਾ- ਇਕ ਖ਼ੁਦਾਇ ਜੋ ਤੁਮ ਕਹਜੋ ਕੈਸੇ ਪਾਵਉਂ ਸੋਇ।
ਪਟ ਉਤਾਰ ਬਨ ਜਾਇ ਹੌਂ ਮੋਹ ਕੁਟੰਬ ਕੋ ਖੋਇ॥ ੩੫॥

ਇਕ ਖ਼ੁਦਾ ਜੋ ਤੁਸੀਂ ਕਹਿੰਦੇ ਹੋ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ, ਆਪਣੇ ਸਾਰੇ ਪਰਿਵਾਰ ਦਾ ਮੋਹ ਛੱਡ ਕੇ ਕਪੜੇ ਉਤਾਰ ਕੇ ਜੰਗਲ ਵਿਖੇ ਚਲੇ ਜਾਵਾਂਗਾ॥ ੩੫॥

ਚੌਪਈ- ਖਿੰਥਾ ਕਮਰੀ ਕੀ ਗਰ ਪਾਵੋਂ। ਸੁਤ ਬਨਿਤਾ ਕੋ ਮੁਖ ਨ ਦਿਖਾਵੋਂ।
ਜਿਸ ਬਿਧਿ ਪਜਾਰੇ ਕੋ ਹੁਇ ਮੇਲਾ। ਸੋਈ ਕਹਉ ਅਨਤ ਕਉ ਪੇਲਾ॥੩੬॥

ਕੰਬਲੀ ਦੀ ਗੋਦੜੀ ਗਲ ਵਿਚ ਪਾ ਲਵਾਂਗਾ, ਪੁੱਤਰਾਂ ਇਸਤਰੀ ਨੂੰ ਮੁੱਖ ਨਹੀਂ ਵਿਖਾਵਾਂਗਾ, ਜਿਸ ਤਰ੍ਹਾਂ ਵੀ ਪਿਆਰੇ ਖ਼ੁਦਾ ਦਾ ਮੇਲ ਹੋਵੇ। ਹੋਰ ਸਾਰੀਆਂ ਵਿਧੀਆਂ ਤੇ ਸਾਧਨ ਛੱਡ ਕੇ ਉਹੋ ਕਰਾਂ ਜੋ ਮੇਰੇ ਪਿਆਰੇ ਨੂੰ ਚੰਗਾ ਲੱਗੇ॥ ੩੬॥

ਕਿਸ ਬਿਧਿ ਕਰੋਂ ਸੇਵ ਮੈਂ ਤਾਂਕੀ। ਜਿਸਤੇ ਛੂਟਹਿ ਜਮਕੀ ਬਾਕੀ।

ਬਚਨ ਪੀਰ ਕੇ ਸੁਨਿ ਸੁਖ ਸਦਨੰ। ਕਹਜੋ ਸ਼ਲੋਕ ਆਪ ਸ੍ਰੀ ਬਦਨੰ ॥੩੭॥

ਕਿਸ ਤਰ੍ਹਾਂ ਮੈਂ ਪਿਆਰੇ ਦੀ ਸੇਵ ਕਰਾਂ, ਜਿਸ ਕਰਕੇ ਜਮਾਂ ਦੀ ਫਾਹੀ ਤੋਂ ਛੁਟਕਾਰਾ ਹੋ ਸਕੇ। ਗੁਰੂ ਜੀ ਨੇ ਪੀਰ ਦੇ ਬਚਨ ਸੁਣ ਕੇ ਆਪਣੇ ਮੁੱਖ ਤੋਂ ਇਕ ਸਲੋਕ ਉਚਾਰਨ ਕੀਤਾ॥ ੩੭॥

*ਸਲੋਕ ਮ: ੧॥*

*ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥*
*ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥ ੧॥* *(ਪੰਨਾ ੫੯੪)*

ਪਤਨੀ ਘਰ ਵਿਚ ਹੈ, ਉਸ ਦਾ ਪਤੀ ਪ੍ਰਦੇਸ਼ ਰਹਿ ਰਿਹਾ ਹੈ। ਉਹ ਸਦਾ ਉਸ ਨੂੰ ਯਾਦ ਕਰਦੀ ਹੈ ਅਤੇ ਸੁਕਦੀ ਜਾਂਦੀ ਹੈ। ਉਸ ਨੂੰ ਆਪਣੇ ਪਤੀ ਨੂੰ ਮਿਲਦਿਆਂ ਚਿਰ ਨਹੀਂ ਲਗਦਾ, ਜੇ ਉਹ ਆਪਣੇ ਮਨ ਦਾ ਦ੍ਵੈਤ ਭਾਵ ਗਵਾ ਕੇ ਸੱਚੇ ਰਸਤੇ ਪਾ ਲਵੇ॥ ੧॥

ਦੋਹਰਾ- ਕਿਹ ਕਾਰਨ ਪਟ ਛੋਡ ਹੀ ਕਾਹੇ ਤਜਹੁ ਅਵਾਸ।
ਮਿਲਹਿ ਆਨਿ ਘਰ ਕੇ ਬਿਖੈ ਹੋਇ ਸਿਦਕ ਜੇ ਰਾਸ॥ ੩੮॥

ਗੁਰੂ ਜੀ ਨੇ ਕਿਹਾ, "ਕਿਸ ਕਾਰਨ ਕੱਪੜੇ ਉਤਾਰਨੇ ਹਨ ਅਤੇ ਘਰ ਨੂੰ ਕਿਉਂ ਛੱਡਣਾ ਹੈ, ਉਹ ਘਰ ਬੈਠਿਆਂ ਹੀ ਆ ਮਿਲਦਾ ਹੈ ਜੇ ਸਿਦਕ ਠੀਕ ਹੋਵੇ॥ ੩੮॥

ਚੌਪਈ- ਸੁਨਹੁ ਸ਼ੇਖ ਅਉਰਤ ਘਰ ਹੋਇ। ਗਯੋ ਬਿਦੇਸ਼ ਕੰਤ ਹੈ ਜੋਇ।
ਤੈ ਨਿਤ ਕਰਤਿ ਕੰਤ ਚਿਤ ਚਾਹੀ। ਰਾਖਹਿ ਸਿਦਕ ਜਿ ਡੋਲਹਿ ਨਾਂਹੀ॥੩੯॥

ਹੇ ਪੀਰ ਜੀ ਸੁਣੋ, "ਔਰਤ ਘਰ ਰਹਿੰਦੀ ਹੈ, ਉਸ ਦਾ ਪਤੀ ਵਿਦੇਸ਼ ਗਿਆ ਹੋਵੇ, ਉਹ ਸਦਾ ਆਪਣੇ ਪਤੀ ਨੂੰ ਯਾਦ ਕਰਦੀ ਹੈ, ਜੇ ਉਹ ਪਤਨੀ ਸਿਦਕ ਰੱਖੇ ਅਤੇ ਡੋਲੇ ਨਹੀਂ॥ ੩੯॥

ਆਨਿ ਮਿਲਹਿ ਤਿਹ ਕੰਤ ਅਵਾਸਾ। ਪ੍ਰੀਤ ਕਰਤਿ ਨਿਤ ਰਹਿਹੈ ਪਾਸਾ।
ਜੇ ਅਉਰਤ ਹੋਵੈ ਬਦਰਾਹ। ਗ਼ਾਫਲ ਭਈ ਅਵਰ ਚਿਤ ਚਾਹਿ॥੪੦॥

ਤਾਂ ਉਸ ਦਾ ਪਤੀ ਉਸ ਨੂੰ ਘਰ ਹੀ ਆ ਮਿਲਦਾ ਹੈ, ਪ੍ਰੀਤ ਕਰਦਾ ਹੈ ਅਤੇ ਸਦਾ ਪਾਸ ਹੀ ਰਹਿੰਦਾ ਹੈ। ਜਿਹੜੀ ਇਸਤਰੀ ਮਾੜੇ ਰਸਤੇ ਤੁਰਨ ਵਾਲੀ ਹੋਵੇ, ਆਪਣੇ ਪਤੀ ਨੂੰ ਭੁਲ ਗਈ ਹੋਵੇ ਅਤੇ ਹੋਰਨਾਂ ਨੂੰ ਚਿੱਤ ਵਿਚ ਚਾਹੁੰਦੀ ਹੋਵੇ॥ ੪੦॥

ਤਿਹ ਕੋ ਕੰਤ ਭੁਲਾਵਹਿ ਮਨ ਤੇ। ਦੁਖੀ ਦੁਹਾਗਣ ਫਿਰਹਿ ਜੁ ਅਨਤੇ।
ਸੁਨਿ ਅਸ ਬਚਨ ਸ਼ੇਖ ਸੁਖ ਪਾਹਿ। ਬੂਝੀ ਬਹੁਰੋ ਖ਼ਬਰ ਖ਼ੁਦਾਇ॥੪੧॥

ਅਜਿਹੀ ਇਸਤਰੀ ਨੂੰ ਪਤੀ ਮਨ ਤੋਂ ਭੁਲਾ ਦਿੰਦਾ ਹੈ, ਦੁਖੀ ਦੁਹਾਗਣ ਹੋ ਕੇ ਉਹ ਹੋਰ ਥਾਂ ਫਿਰਦੀ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਪੀਰ ਨੇ ਸੁੱਖ ਪਾਇਆ। ਫਿਰ ਖ਼ੁਦਾ ਦੀ ਖ਼ਬਰ ਪੁਛੀ॥ ੪੧॥

*ਸਲੋਕ ਫਰੀਦ॥*

*ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥*
*ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥ ੫੪॥* *(ਪੰਨਾ ੧੩੮੦)*

ਹੇ ਫਰੀਦਾ! ਜਦ ਇਸਤਰੀ ਜਵਾਨ ਹੁੰਦੀ ਹੈ ਤਾਂ ਉਹ ਆਪਣੇ ਪਤੀ ਨੂੰ ਮਾਣਦੀ ਨਹੀਂ, ਜਦ ਉਹ ਬੁੱਢੀ ਹੋ ਜਾਂਦੀ ਹੈ ਤਾਂ ਮਰ ਜਾਂਦੀ ਹੈ ਤਾਂ ਕਬਰ ਵਿਚ ਪਈ ਹੋਈ ਪਤਨੀ ਪੁਕਾਰਦੀ ਹੈ, "ਹੇ ਮੇਰੇ ਪਤੀ! ਮੈਂ ਤੈਨੂੰ ਮਿਲ ਨਾ ਸਕੀ" ॥ ੫੪॥

ਚੌਪਈ- 'ਤਰੁਨ ਬੈਸ ਨਹਿਂ ਚੇਤਨ ਕੀਨੋ। ਬ੍ਰਿੱਧ ਭਯੋ ਇੰਦ੍ਰੀ ਬਲ ਖੀਨੋ।
ਗੋਰ ਬਿਖੈ ਹੈ ਚਲਨ ਤਿਆਰੀ। ਅਬ ਸਾਹਿਬ ਸੋਂ ਮਿਲਨਾ ਭਾਰੀ ॥੪੨॥

ਜਵਾਨ ਉਮਰ ਵਿਚ ਯਾਦ ਨਹੀਂ ਕੀਤਾ, ਬਿਰਧ ਹੋ ਗਈ ਤਾਂ ਇੰਦ੍ਰੀਆਂ ਦਾ ਬਲ ਨਾਸ ਹੋ ਗਿਆ। ਕਬਰ ਵਿਚ ਜਾਣ ਦੀ ਤਿਆਰੀ ਹੈ, ਹੁਣ ਸਾਹਿਬ ਨਾਲ ਮਿਲਣਾ ਬਹੁਤ ਔਖਾ ਹੈ॥ ੪੨ ॥

ਪੂਰਬ ਖਿਜਮਤਿ ਕੰਤ ਨ ਹੋਈ। ਕਿਉਂ ਅਬ ਨਾਰਿ ਮਿਲੈ ਹੈ ਸੋਈ।
ਸ਼ੇਖ ਬਚਨ ਸੁਨਿ ਗਯਾਨ ਉਦਾਰਾ। ਤਿਹ ਸੋਂ ਬਹੁਰ ਸ਼ਲੋਕ ਉਚਾਰਾ ॥੪੩॥

ਜਿਹੜੀ ਪਤਨੀ ਪਹਿਲਾਂ ਪਤੀ ਦੀ ਸੇਵਾ ਨਾ ਕਰ ਸਕੀ, ਉਸ ਨਾਰ ਨੂੰ ਹੁਣ ਪਤੀ ਕਿਉਂ ਮਿਲੇ ? ਪੀਰ ਦੇ ਬਚਨ ਸੁਣ ਕੇ ਗੁਰੂ ਜੀ ਨੇ ਉਸ ਵਾਸਤੇ ਇਕ ਸਲੋਕ ਦਾ ਉਚਾਰਨ ਕੀਤਾ ॥ ੪੩ ॥

*ਸਲੋਕੁ ਮ: ੧ ॥*

*ਮਹਲੁ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥*
*ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥ ੧ ॥ (ਪੰਨਾ ੧੦੮੮)*

ਬੇਸਮਝ ਰੂਹ ਰੂਪੀ ਪਤਨੀ, ਦੇਹ ਦੀ ਮੜੀ ਵਿਚ ਖੱਚਤ ਹੋਈ ਹੈ। ਉਹ ਕਾਲੇ ਅਤੇ ਅਪਵਿਤਰ ਮਨ ਵਾਲੀ ਹੈ। ਜੇ ਉਸ ਵਿਚ ਨੇਕੀਆਂ ਹੋਣ, ਕੇਵਲ ਤਦ ਹੀ ਉਹ ਆਪਣੇ ਪਤੀ ਨੂੰ ਮਾਣ ਸਕਦੀ ਹੈ, ਹੇ ਨਾਨਕ ! ਨਹੀਂ ਤਾਂ ਉਹ ਪਤਨੀ ਬਦੀਆਂ ਨਾਲ ਭਰਪੂਰ ਹੈ॥ ੧ ॥

ਦੋਹਰਾ- 'ਮਹਿਲ ਕੁਚੱਜੀ, ਬਿਸ਼ੈ ਰਤਿ, ਕਾਲੀ, ਕਲਿਮਲ ਸੰਗ।
ਦ੍ਵੈਤ ਰਿਦੈ ਬਦਬੋਇ ਅਤਿ ਕਿਉਂ ਮਾਣੈ ਪਿਰੁ ਰੰਗ ॥ ੪੪ ॥

ਗੁਰੂ ਜੀ ਨੇ ਕਿਹਾ, "ਕੁਚੱਜੀ ਕਾਲੀ ਇਸਤਰੀ ਨੇ ਪਾਪਾਂ ਅਤੇ ਵਿਸ਼ਿਆਂ ਨਾਲ ਪ੍ਰੀਤ ਲਾਈ ਹੈ। ਹਿਰਦੇ ਵਿਚ ਦ੍ਵੈਤ ਅਤੇ ਮੰਦੀ ਵਾਸ਼ਨਾ ਹੈ, ਅਜੇਹੀ ਇਸਤਰੀ ਆਪਣੇ ਪ੍ਰੀਤਮ ਨਾਲ ਰੰਗ ਰਲੀਆਂ ਕਿਵੇਂ ਮਾਣ ਸਕਦੀ ਹੈ? ॥ ੪੪ ॥

ਚੌਪਈ- ਕੰਤ ਸੁਘੜ ਉਸ਼ਨਾਕ ਮਨੋਗ। ਜਾਨਤਿ ਧਨ ਨਹਿਂ ਰਾਵਣ ਜੋਗ।
ਤਜਿ ਤਿਹ ਨਾਰ, ਸੁਚੱਜੀ ਜੋਊ। ਸਤਿ ਸ਼ਿੰਗਾਰ ਜਿਹਂ, ਰਵਿ ਹੈ ਸੋਊ ॥੪੫॥

ਪਤੀ ਪਰਮੇਸ਼ਵਰ ਸਿਆਣਾ, ਬਾਂਕਾ ਅਤੇ ਸੁੰਦਰ ਹੈ, ਜਿਸ ਇਸਤਰੀ ਨੂੰ ਉਹ ਰਮਣ ਜੋਗ ਨਹੀਂ ਜਾਣਦਾ, ਉਸ ਇਸਤਰੀ ਨੂੰ ਛੱਡ ਦਿੰਦਾ ਹੈ। ਜਿਹੜੀ ਸੁਚੱਜੀ ਨਾਰ ਹੈ ਸੱਤ ਆਦਿ ਜਿਸ ਦੇ ਸ਼ਿੰਗਾਰ ਹਨ, ਪਤੀ ਪਰਮੇਸ਼ਵਰ ਓਸੇ ਨੂੰ ਪਿਆਰ ਕਰਦਾ ਹੈ॥ ੪੫ ॥

ਕਾਮ, ਕ੍ਰੋਧ, ਲੋਭ, ਅਹੰ, ਕੂਰ। ਮਲ ਕੁਚਾਲ ਕੀ ਕੀਨਿ ਜਿ ਦੂਰ।
ਤਿਹ ਸੋਂ ਰਾਵਹਿ ਕਰਿ ਹੀ ਪਜਾਰਾ। ਬਿਨ ਸ਼ਿੰਗਾਰ ਧਨ ਸਦਾ ਖੁਆਰਾ ॥੪੬॥

ਜੋ ਇਸਤਰੀ ਕਾਮ, ਕ੍ਰੋਧ, ਲੋਭ, ਹੰਕਾਰ, ਝੂਠ ਅਤੇ ਭੈੜੇ ਚਾਲਿਆਂ ਦੀ ਮੈਲ ਨੂੰ ਦੂਰ ਕਰਦੀ ਹੈ, ਪਤੀ ਪਰਮੇਸ਼ਵਰ ਉਸ ਨਾਲ ਬੜੇ ਪਿਆਰ ਨਾਲ ਰਮਨ ਕਰਦਾ ਹੈ। ਪ੍ਰਭੂ ਦੇ ਸ਼ਿੰਗਾਰ ਬਗੈਰ ਇਸਤਰੀ ਸਦਾ ਖੁਆਰ ਹੁੰਦੀ ਹੈ॥ ੪੬ ॥

ਕੰਤ ਬਿਖੈ ਲਖਿ ਦੋਸ਼ ਨ ਕੋਊ। ਕਰਤਿ ਅਵੱਗਯਾ ਧਨ ਹਿਤ ਖੋਊ।
ਤਿਹ ਕੋ ਤਯਾਗਿ ਬਿਖੈ ਸੰਗ ਰਾਚੀ। ਸੁਨਤਿ ਸ਼ੇਖ ਪੁਨ ਗਿਰਾ ਉਬਾਚੀ ॥੪੭॥

ਪਤੀ ਪਰਮੇਸ਼ਵਰ ਵਿਚ ਕੋਈ ਦੋਸ਼ ਨਾ ਵੇਖਕੇ, ਜਿਹੜੀ ਇਸਤਰੀ ਐਸੇ ਕੰਤ ਨੂੰ ਛੱਡ ਕੇ ਵਿਸ਼ਿਆਂ ਨਾਲ ਰਚੀ ਹੈ, ਸੋ ਇਸਤਰੀ ਆਪਣੇ ਪਿਆਰੇ ਨੂੰ ਗੁਆ ਕੇ ਅਵੱਗਿਆ ਕਰ ਰਹੀ ਹੈ।" ਇਹ ਸੁਣ ਕੇ ਪੀਰ ਨੇ ਕਿਹਾ।॥ ੪੭ ॥

ਸਲੋਕ ਫਰੀਦ॥

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥ ੧੨੬॥ (ਪੰਨਾ ੧੩੮੪)

ਕਿਹੜਾ ਉਹ ਸ਼ਬਦ, ਕਿਹੜੀ ਉਹ ਨੇਕੀ, ਕਿਹੜਾ ਉਹ ਜਵਾਹਰਾਤ ਕਿਹੜਾ ਉਹ ਜਾਦੂ ਟੂਣਾ ਹੈ ? ਉਹ ਕਿਹੜੀ ਪੁਸ਼ਾਕ ਹੈ ਜਿਸ ਨੂੰ ਮੈਂ ਧਾਰਨ ਕਰਾਂ, ਜਿਸ ਦੁਆਰਾ ਮੇਰਾ ਪਤੀ ਮੇਰੇ ਵਸ ਵਿਚ ਆ ਜਾਵੇ॥ ੧੨੬॥

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ ੧੨੭॥ (ਪੰਨਾ ੧੩੮੪)

ਨਿੰਮਰਤਾ ਉਹ ਸ਼ਬਦ ਹੈ, ਖਿਮਾ ਉਹ ਨੇਕੀ ਹੈ ਅਤੇ ਜ਼ਬਾਨ ਦੀ ਮਿਠਾਸ ਉਹ ਹੀਰੇ ਜਵਾਹਰਾਤ ਵਰਗਾ ਜਾਦੂ ਮੰਤਰ ਹੈ, ਹੇ ਮੇਰੀ ਭੈਣ! ਤੂੰ ਇਹ ਤਿੰਨੇ ਪੁਸ਼ਾਕਾਂ ਧਾਰਨ ਕਰ, ਕੇਵਲ ਤਦ ਹੀ ਤੇਰਾ ਪਤੀ ਤੇਰੇ ਵੱਸ ਵਿਚ ਹੋ ਜਾਵੇਗਾ॥ ੧੨੭॥

ਚੌਪਈ- 'ਸੁਣਹੁ ਸ਼ੇਖ ਨਿਵਣਾ ਸਭਿ ਆਗੇ। ਅੱਖਰ ਇਹ, ਸ਼ੁਭ ਮਾਰਗ ਲਾਗੇ।
ਪਰਮੇਸ਼ੁਰ ਦੁਖ ਸੁਖ ਜੋ ਦੇਵੈ। ਇਹ ਗੁਣ ਲਖਹੁ ਦੁਊ ਸਮ ਖੇਵੈ ॥੪੮ ॥

ਗੁਰੂ ਜੀ ਨੇ ਕਿਹਾ, 'ਹੇ ਪੀਰ ਜੀ ! ਸੁਣੋ, ਸਾਰਿਆਂ ਅੱਗੇ ਨਿਉਣਾ ਸ਼ਬਦ ਵਰਤ ਕੇ ਮਨੁੱਖ ਚੰਗੇ ਮਾਰਗ ਲੱਗਦਾ ਹੈ। ਪਰਮੇਸ਼ਰ ਜਿਹੜੇ ਵੀ ਦੁੱਖ ਸੁੱਖ ਦਿੰਦਾ ਹੈ, ਇਸ ਗੱਲ ਨੂੰ ਗੁਣ ਸਮਝ ਕੇ ਦੋਵੇਂ ਦੁੱਖ ਤੇ ਸੁੱਖ ਇਕੋ ਜੇਹੇ ਜਾਣਕੇ ਸਹਾਰੇ॥ ੪੮॥

ਰਸਨਾ ਸਿਫਤ ਬਿਖੈ ਕਰਤਾਰਾ। ਮਣੀਆਂ ਮੰਤ ਜਾਨੀਏ ਚਾਰਾ।
ਇਸ ਬਿਧਿ ਕਰੈ,ਹੋਇ ਵਸਿ ਕੰਤਾ। ਬਹੁਰੋ ਨਦਰ ਧਰੈ ਭਗਵੰਤਾ ॥੪੯ ॥

ਪ੍ਰਭੂ ਦੀ ਸਿਫਤ ਕਰਨ ਵਿਚ ਹੀਰੇ ਜਵਾਹਰਾਤ ਵਰਗਾ ਸੁੰਦਰ ਜਾਦੂ ਮੰਤਰ ਜਾਣੋ। ਇਹ ਵਿਧੀ ਕਰਨ ਨਾਲ ਕੰਤ ਵੱਸ ਵਿਚ ਹੋ ਜਾਂਦਾ ਹੈ, ਫਿਰ ਉਸ ਉੱਤੇ ਮਿਹਰ ਦੀ ਦ੍ਰਿਸ਼ਟੀ ਧਾਰਨ ਕਰਦਾ ਹੈ॥ ੪੯॥

ਚੌਪਈ- ਕਹੈ ਸ਼ੇਖ 'ਕਰਿਕੈ ਸੁ ਨਿਬੇਰਾ। ਬਹੁਰ ਰਲਾਯੋ ਸਗਰੋ ਝੇਰਾ।
ਸੇਵਾ ਤੇ ਹੈ ਨਦਰਿ ਅਭੇਵਾ?। ਕਿਧੌਂ ਨਦਰ ਤੇ ਹੋਵੈ ਸੇਵਾ? ॥ ੫੦ ॥

ਪੀਰ ਨੇ ਕਿਹਾ, "ਇਸ ਤਰ੍ਹਾਂ ਨਿਬੇੜਾ ਕਰਕੇ ਫਿਰ ਝੇਰਾ ਅੱਗੇ ਦਿੱਸਦਾ ਹੈ। ਸੇਵਾ ਕਰਨ ਨਾਲ ਪ੍ਰਭੂ ਦੀ ਨਜ਼ਰ ਭੇਦ ਰਹਿਤ ਹੁੰਦੀ ਹੈ। ਜਾਂ ਉਸ ਪ੍ਰਭੂ ਦੀ ਦ੍ਰਿਸ਼ਟੀ ਹੋਵੇ ਤਾਂ ਸੇਵਾ ਹੁੰਦੀ ਹੈ? ॥ ੫੦॥

ਇਹ ਨਿਰਨੈ ਕਰਿ ਮੋਹਿ ਬਤਾਵਹੁ। ਹਿਰਦੇ ਤੇ ਸਭਿ ਭਰਮ ਮਿਟਾਵਹੁ'।
ਸ਼ੇਖ ਬਚਨ ਕੋ ਸੁਨਿ ਜਗਨਾਥਾ। ਕਹਜੋ ਸ਼ਲੋਕ ਬਹੁਰ ਤਿਨ ਸਾਥਾ ॥੫੧ ॥

ਇਹ ਨਿਰਣਾ ਕਰਕੇ ਮੈਨੂੰ ਦੱਸੋ ਅਤੇ ਮੇਰੇ ਹਿਰਦੇ ਦੇ ਸਾਰੇ ਭਰਮ ਮਿਟਾਵੋ" ਪੀਰ ਦੇ ਇਸ ਬਚਨ ਨੂੰ ਸੁਣ ਕੇ ਗੁਰੂ ਜੀ ਨੇ ਇਕ ਸਲੋਕ ਦਾ ਉਚਾਰਨ ਕੀਤਾ॥ ੫੧॥

ਸਲੋਕ ਮ: ੧॥

ਸੇਵਾ ਕਰੇ ਜੁ ਕੰਤ ਕੀ ਕੰਤ ਤਿਸੀ ਕਾ ਹੋਇ॥
ਗਰਬੀ ਕੰਤ ਨ ਪਾਈਐ ਭਾਵੇਂ ਖਰੀ ਸੁਆਲਿਉ ਹੋਇ॥ ੯॥

ਜਿਹੜੀ ਇਸਤਰੀ ਆਪਣੇ ਕੰਤ ਦੀ ਸੇਵਾ ਕਰਦੀ ਹੈ, ਕੰਤ ਫਿਰ ਉਸ ਦਾ ਹੀ ਹੋ ਜਾਂਦਾ ਹੈ, ਅਹੰਕਾਰ ਕਰਨ ਨਾਲ ਕੰਤ ਨਹੀਂ ਪਾਇਆ ਜਾ ਸਕਦਾ ਭਾਵੇਂ ਇਸਤਰੀ ਕਿੰਨੀ ਵੀ ਸੁੰਦਰ ਹੋਵੇ॥ ੯॥

ਚੌਪਈ- 'ਸੁਨਹੁ ਸੇਖ ਨਿਸ਼ਚੈ ਮਨ ਜਾਨਹੁ। ਸੇਵਾ ਮੂਲ ਸਭਿਨਿ ਕੀ ਮਾਨਹੁ।
ਘਾਲਹਿ ਘਾਲ ਹਾਨਿ ਕਰਿ ਗਰਬਾ। ਤਨ ਮਨ ਕਰਹਿ ਨਿਵੇਦਨ ਸਰਬਾ ॥੫੨ ॥

ਹੇ ਸ਼ੇਖ ! ਸੁਣੋ, ਇਹ ਗੱਲ ਨਿਸਚੇ ਕਰਕੇ ਆਪਣੇ ਮਨ ਵਿਚ ਜਾਣੋ। ਸੇਵਾ ਸਭ ਦਾ ਮੂਲ ਮੰਨੋ। ਅਹੰਕਾਰ ਦਾ ਨਾਸ਼ ਕਰਕੇ ਸੇਵਾ ਰੂਪੀ ਘਾਲ ਕਮਾਈ ਕਰੇ ਅਤੇ ਤਨ ਮਨ ਸਾਰਾ ਖ਼ੁਦਾ ਨੂੰ ਅਰਪਣ ਕਰ ਦੇਵੇ॥ ੫੨ ॥

ਤਬਹੀ ਨਦਰਿ ਪ੍ਰਮੇਸ਼੍ਵਰ ਹੋਇ। ਮਹਿਲ ਹਦੂਰ ਬੁਲਾਈਐ ਸੋਇ।
ਗਰਬ ਕਰਹਿ ਜੋ, ਸੇਵਹਿ ਨਾਂਹੀ। ਸੁੰਦਰ ਬਹੁ ਸਰੂਪ ਤਨ ਆਹੀ ॥੫੩ ॥

ਤਦ ਹੀ ਪ੍ਰਮੇਸ਼ਵਰ ਦੀ ਨਜ਼ਰ ਉਸ ਉਤੇ ਹੁੰਦੀ ਹੈ, ਫਿਰ ਹਜ਼ੂਰ ਦੇ ਮਹਿਲਾਂ ਵਿਚ ਉਸ ਨੂੰ ਬੁਲਾਇਆ ਜਾਂਦਾ ਹੈ। ਜੋ ਹੰਕਾਰ ਕਰਦਾ ਹੈ ਅਤੇ ਸਿਮਰਨ ਨਹੀਂ ਕਰਦਾ, ਬੇਸ਼ਕ ਉਸ ਦਾ ਕਿੰਨਾ ਵੀ ਸੁੰਦਰ ਰੂਪ ਹੋਵੇ ਖ਼ੁਦਾ ਦੀ ਨਜ਼ਰ ਉਸ ਉਤੇ ਕਦੇ ਸਵੱਲੀ ਨਹੀਂ ਹੁੰਦੀ॥ ੫੩ ॥

ਤਿਹ ਸਮੀਪ ਕੰਤ ਨਹੀਂ ਆਵਹਿ। ਗਰਬ ਯੁਕਤ ਨਹਿਂ ਤਿਹਂ ਕੋ ਭਾਵਹਿ ।
ਛੁੱਟੜਿ ਮਹਲਾ ਹ੍ਵੈ ਸੁ ਦੁਹਾਗਣਿ ਨਿਰਹੰਕਾਰ ਸਦੀਵ ਸੁਹਾਗਣਿ ॥੫੪ ॥

ਪ੍ਰਭੂ ਰੂਪੀ ਕੰਤ ਉਸ ਦੇ ਪਾਸ ਨਹੀਂ ਆਉਂਦਾ। ਹੰਕਾਰ ਕਰਨ ਕਰਕੇ ਉਹ ਪ੍ਰਭੂ ਨੂੰ ਚੰਗੀ ਨਹੀਂ ਲੱਗਦੀ, ਛੁਟੜ ਇਸਤਰੀ ਹੋ ਕੇ ਬੜਾ ਦੁੱਖ ਪਾਉਂਦੀ ਹੈ। ਹੰਕਾਰ ਰਹਿਤ ਇਸਤਰੀ ਸਦਾ ਹੀ ਸੁਹਾਗਣ ਰਹਿੰਦੀ ਹੈ। ਭਾਵ ਉਹ ਸਦਾ ਪ੍ਰਭੂ ਨਾਲ ਜੁੜੀ ਰਹਿੰਦੀ ਹੈ॥ ੫੪ ॥

ਦੋਹਰਾ-ਸੇਵਾ ਤੇ ਸਾਹਿਬ ਬਸੀ, ਦੇਖਹਿ ਕਰੁਨਾ ਡੀਠ।
ਸੁਖ ਸੁਹਾਗ ਮਾਣਹਿ ਸਦਾ ਮਿਲਤਿ ਆਪਨੇ ਈਠ ॥ ੫੫ ॥

ਸੇਵਾ ਕਰਕੇ ਸਾਹਿਬ ਵੱਸ ਵਿਚ ਹੁੰਦਾ ਹੈ ਅਤੇ ਕਿਰਪਾ ਦੀ ਨਜ਼ਰ ਨਾਲ ਵੇਖਦਾ ਹੈ। ਉਹ ਇਸਤਰੀ ਸਦਾ ਸੁੱਖ ਨਾਲ ਸੁਹਾਗ ਮਾਣਦੀ ਹੈ ਅਤੇ ਆਪਣੇ ਪਿਆਰੇ ਪ੍ਰਭੂ ਨੂੰ ਮਿਲਦੀ ਹੈ॥ ੫੫ ॥

ਚੌਪਈ- ਸੁਨੇ ਬਚਨ ਸ੍ਰੀ ਗੁਰ ਕੇ ਜਬਿਹੀ। ਕਰ ਦ੍ਵੈ ਪਦ ਪਰ ਲਾਏ ਤਬਹੀ॥
ਪੁਨ ਸਿਰ ਮਸਤਕ ਮੁਖ ਪਰ ਫੇਰੇ। ਧੰਨ ਭਾਗ ਅਪਨੇ ਬਡ ਹੇਰੇ ॥੫੬ ॥

ਪੀਰ ਨੇ ਗੁਰੂ ਜੀ ਦੇ ਜਦ ਇਹ ਬਚਨ ਸੁਣੇ ਤਾਂ ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਫਿਰ ਓਹੋ ਹੱਥ ਆਪਣੇ ਸਿਰ, ਮੱਥੇ ਅਤੇ ਮੁਖ ਨੂੰ ਲਾਏ ਅਤੇ ਕਿਹਾ, "ਮੈਂ ਆਪਣੇ ਵੱਡੇ ਭਾਗ ਵੇਖੇ ਹਨ॥ ੫੬ ॥

ਮਿਲਯੋ ਖ਼ੁਦਾਇ ਨ ਸੰਸਾ ਕੋਈ। ਬੋਲਯੋ 'ਬਹੁਤ ਖ਼ਤਾ ਮੁਰ ਹੋਈ।
ਬਖ਼ਸ਼ਹੁ ਅਬ ਕਰੁਨਾ ਕਰਿ ਸੋਊ। ਤੁਮ ਤੇ ਊਪਰ ਅਪਰ ਨ ਕੋਊ' ॥੫੭ ॥

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਨੂੰ ਖ਼ੁਦਾ ਆਪ ਮਿਲਿਆ ਹੈ। ਫਿਰ ਕਹਿਣ ਲੱਗਾ, "ਮੈਥੋਂ ਬਹੁਤ ਗ਼ਲਤੀ ਹੋ ਗਈ, ਹੁਣ ਕਿਰਪਾ ਕਰਕੇ ਮੈਨੂੰ ਬਖਸ਼ ਦੇਵੋ, ਤੁਹਾਡੇ ਤੋਂ ਵੱਡਾ ਹੋਰ ਕੋਈ ਨਹੀਂ ਹੈ" ॥ ੫੭॥

ਸਨਮੁਖ ਉਚਰੇ ਬਚਨ ਘਨੇਰੇ। 'ਅਬ ਮੁਝ ਜਾਨਹੁ ਸਮ ਨਿਜ ਚੇਰੇ'।
ਸ਼ੇਖ ਨਿਕਟਿ ਤੇ ਸੁਨਿ ਕਰਿ ਬਾਨੀ। ਇਕ ਸ਼ਲੋਕ ਉਚਰਯੋ ਗੁਨ ਖਾਨੀ ॥੫੮ ॥

ਸਨਮੁੱਖ ਹੋ ਕੇ ਬਹੁਤ ਚੰਗੇ ਬਚਨ ਕਹੇ, "ਹੁਣ ਮੈਨੂੰ ਆਪਣੇ ਸੇਵਕ ਵਾਂਗ ਜਾਣੋ।" ਪੀਰ ਪਾਸੋਂ ਇਹ ਬਚਨ ਸੁਣ ਕੇ ਗੁਰੂ ਜੀ ਨੇ ਇਕ ਸਲੋਕ ਦਾ ਉਚਾਰਨ ਕੀਤਾ॥ ੫੮ ॥

*ਸਲੋਕ ਮ: ੧ ॥*

*ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥*
*ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥ ੧ ॥* (ਪੰਨਾ ੧੨੮੮)

ਸੁੰਦਰਤਾ ਅਤੇ ਕਾਮਚੇਸ਼ਟਾ ਦੇ ਨਾਲ ਦੋਸਤੀ ਹੈ ਅਤੇ ਭੁੱਖ ਅਤੇ ਸੁਆਦਲੇ ਪਦਾਰਥ ਨਾਲ ਵੀ ਗਠਜੋੜ ਹੈ। ਲਾਲਚੀ ਆਦਮੀ ਦੌਲਤ ਨੂੰ ਪਾ ਕੇ ਇਸ ਨਾਲ ਘੁਲਮਿਲ ਜਾਂਦਾ ਹੈ ਅਤੇ ਨੀਂਦਰੇ ਵਾਲਾ ਮਨੁੱਖ ਤੰਗ ਥਾਂ ਨੂੰ ਵੀ ਪਲੰਘ ਸਮਝਦਾ ਹੈ। ਕ੍ਰੋਧਵਾਨ ਪੁਰਸ਼ ਭਉਂਕਦਾ ਅਤੇ ਤਬਾਹ ਹੁੰਦਾ ਹੈ। ਅੰਨਾ ਇਨਸਾਨ ਵਿਅਰਥ ਕੰਮਾਂ ਵਿਚ ਮੱਥਾ ਮਾਰਦਾ ਹੈ। ਹੇ ਨਾਨਕ ! ਚੁੱਪ ਵਿਚ ਹੀ ਭਲਾ ਹੈ। ਨਾਮ ਤੋਂ ਬਗੈਰ ਜੋ ਕੁਝ ਵੀ ਬੋਲਦੇ ਹਾਂ, ਬਿਲਕੁਲ ਗੰਦ ਹੈ॥ ੧॥

ਦੋਹਰਾ- 'ਰੂਪ ਕਾਮਿ, ਲਬਿ ਮਾਲ ਕੀ ਰਤਿ, ਜਿਉਂ ਨੀਂਦਿ ਪਲੰਘ।
ਤਿਉਂ ਭਗਤਨ ਕੀ ਹੈ ਸਦਾ ਹਰਿ ਚਰਚਾ ਕੇ ਸੰਗਿ॥ ੫੯॥

ਗੁਰੂ ਜੀ ਨੇ ਕਿਹਾ, "ਕਾਮੀ ਦਾ ਰੂਪ ਨਾਲ, ਭੁੱਖੇ ਦਾ ਸਵਾਦੀ ਪਦਾਰਥ ਨਾਲ, ਲਾਲਚੀ ਦਾ ਮਾਲ ਨਾਲ ਅਤੇ ਨਿੰਦਰਾਵਲੇ ਮਨੁੱਖ ਦੀ ਜਿਵੇਂ ਪਲੰਘ ਨਾਲ ਲਗਨ ਹੈ, ਇਸ ਤਰ੍ਹਾਂ ਹੀ ਭਗਤ ਸਦਾ ਹਰੀ ਦੀ ਚਰਚਾ ਦੇ ਸੰਗ ਰਹਿੰਦੇ ਹਨ॥ ੫੯॥

ਚੌਪਈ- ਤੁਮਰੇ ਬਚਨ ਮੋਹਿ ਮਨ ਭਾਵਹਿਂ॥ ਚਾਹਿ ਸੁ ਬੂਝਹੁ ਬਹੁਰ ਬਤਾਵਹਿਂ।'
ਸੁਨਿ ਇਉਂ ਸ਼ੇਖ ਬਹੁਰ ਹਰਿ ਗਾਥਾ। ਕਰਤਿ ਭਯੋ ਸ਼੍ਰੀ ਨਾਨਕ ਸਾਥਾ ॥੬੦॥

ਤੁਹਾਡੇ ਬਚਨ ਮੇਰੇ ਮਨ ਨੂੰ ਬਹੁਤ ਚੰਗੇ ਲੱਗੇ ਹਨ, ਜੋ ਪੁਛਣਾ ਚਾਹੁੰਦੇ ਹੋ ਪੁਛੋ, ਮੈਂ ਦਸਾਂਗਾ।" ਇਹ ਸੁਣ ਕੇ ਪੀਰ ਫਿਰ ਹਰੀ ਦੀ ਕਥਾ ਗੁਰੂ ਜੀ ਨਾਲ ਕਰਨ ਲੱਗਾ॥ ੬੦॥

ਅਹੈਂ ਸ਼ਲੋਕੁ ਗ੍ਰੰਥ ਜੀ ਮਾਂਹੀ। ਕਥਾ ਬਢਨ ਤੇ ਬਰਨੇ ਨਾਂਹੀ।
ਆਸਾ ਵਾਰੁ ਕਛੁਕ ਤਹਿਂ ਕੀਨੀ। ਅਤਿ ਊੱਤਮ ਪਦਵੀ ਤਿਹ ਦੀਨੀ ॥੬੧॥

ਅਜੇਹੇ ਸਲੋਕਾਂ ਦਾ ਇਸ ਗ੍ਰੰਥ ਵਿਚ ਇਸ ਕਰਕੇ ਵਰਣਨ ਨਹੀਂ ਕੀਤਾ ਤਾਂਕਿ ਗ੍ਰੰਥ ਬਹੁਤ ਵੱਡਾ ਨਾ ਹੋ ਜਾਵੇ ਆਸਾ ਦੀ ਵਾਰ ਦੀਆਂ ਕੁਝ ਪਉੜੀਆਂ ਦਾ ਉਚਾਰਨ ਕੀਤਾ ਅਤੇ ਪੀਰ ਨੂੰ ਉੱਤਮ ਪਦਵੀ ਬਖਸ਼ੀ॥ ੬੧॥

ਭਯੋ ਮੁਰੀਦ ਸ਼ੇਖ ਤਬ ਗੁਰ ਕੋ। ਬੰਦੇ ਚਰਨ ਪ੍ਰੇਮ ਕਰਿ ਉਰ ਕੋ।
ਕਿਤਿਕ ਦਿਵਸ ਤਿਨ ਰਾਖ੍ਯੋ ਡੇਰਾ। ਨਿਤ ਪ੍ਰਤਿ ਕਰਿਹੀ ਭਾਉ ਘਨੇਰਾ ॥੬੨॥

ਫਿਰ ਸ਼ੇਖ ਗੁਰੂ ਜੀ ਦਾ ਮੁਰੀਦ ਹੋ ਗਿਆ। ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਚਰਨਾਂ ਤੇ ਬੰਦਨਾ ਕੀਤੀ। ਕਈ ਦਿਨ ਓਥੇ ਡੇਰਾ ਰਖਿਆ। ਨਿਤਾਪ੍ਰਤਿ ਬਹੁਤ ਪ੍ਰੇਮ ਕਰਦੇ ਸਨ॥ ੬੨॥

ਬਹੁਰੋ ਬਿਦਾ ਹੋਇ ਬਰਿਆਈ। ਕੀਨ ਪਯਾਨ ਸ਼੍ਰੀ ਜਗ ਸਾਈਂ।
ਅਬ ਜੋ ਹੋਵਹਿ ਕਥਾ ਅਗਾਰੀ। ਭਾਖੋਂ ਅਗਲੇ ਧਯਾਉ ਮਝਾਰੀ ॥੬੩॥

ਪੀਰ ਆਪਣੇ ਪਾਸੋਂ ਜਾਣ ਨਹੀ ਸੀ ਦਿੰਦਾ ਬੜੇ ਜ਼ੋਰ ਨਾਲ ਵਿਦਾ ਲਈ ਅਤੇ ਗੁਰੂ ਜੀ ਅੱਗੇ ਚਲ ਪਏ। ਹੁਣ ਜਿਹੜੀ ਅਗਲੀ ਕਥਾ ਹੋਵੇਗੀ ਉਹ ਮੈਂ ਅਗਲੇ ਅਧਿਆਇ ਵਿਚ ਕਹਾਂਗਾ॥ ੬੩॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ਼ੇਖ ਬ੍ਰਹਮ ਕੋ ਪ੍ਰਸੰਗ' ਬਰਨਨੰ ਨਾਮ ਤ੍ਰੈਤ੍ਰਿੰਸਮੋ ਅਧ੍ਯਾਯ ॥ ੩੩ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤੇਤੀਵਾਂ ਅਧਿਆਇ, ਜਿਸ ਦਾ ਨਾਮ "ਸ਼ੇਖ ਬ੍ਰਹਮ ਫਰੀਦ ਸਾਨੀ ਗੋਸ਼ਟ" ਹੈ, ਸਮਾਪਤ ਹੋਇਆ॥ ੩੩॥

# ਅਧਿਆਇ ਚੌਂਤੀਵਾਂ

## ਬਗਦਾਦ, ਦਸਤਗੀਰ ਪੀਰ-ਉਧਾਰ

ਦੋਹਰਾ- ਸਰਬ ਰਸਨ ਤੇ ਰਸ ਭਲਾ ਸਾਦ ਲੇਇ ਜੋ ਕੋਇ॥
ਸ੍ਰੀ ਗੁਰਮੁਖ ਤੇ ਨਾਮ ਸੁਨਿ ਜਪਹਿ ਸਦਾ ਸੁਖ ਹੋਇ॥ ੧॥

ਜੇ ਕਿਸੇ ਨੂੰ ਸੁਆਦ ਲੈਣ ਦਾ ਚਸਕਾ ਹੋਵੇ ਤਾਂ ਸਾਰਿਆਂ ਰਸਾਂ ਤੋਂ ਭਲਾ ਰਸ ਇਹ ਹੈ ਕਿ ਗੁਰਮੁਖ ਤੋਂ ਵਾਹਿਗੁਰੂ ਜੀ ਦਾ ਨਾਮ ਸੁਣਕੇ ਸਦਾ ਜਪੇ ਤਾਂ ਸੁਆਦ ਦੇ ਨਾਲ ਸੁਖ ਵੀ ਪ੍ਰਾਪਤ ਹੁੰਦਾ ਹੈ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਸ੍ਰੀ ਅੰਗਦ ਸੁਨਿ ਕਥਾ ਰਸਾਲਾ। ਜਿਸ ਮਹਿਂ ਮਾਰਗ ਮੁਕਤਿ ਬਿਸਾਲਾ।
ਦੀਨ ਬੰਧੁ ਕੀਨੋ ਪ੍ਰਸਥਾਨਾ। ਜਹਾਂ ਦੇਸ਼ ਬਗਦਾਦ ਮਹਾਨਾ॥ ੨॥

ਭਾਈ ਬਾਲੇ ਜੀ ਨੇ ਕਿਹਾ-ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁੰਦਰ ਰਸੀਲੀ ਕਥਾ ਸੁਣੋ, ਜਿਸ ਵਿਚ ਵਿਸ਼ਾਲ ਮੁਕਤੀ ਦਾ ਮਾਰਗ ਹੈ। ਗੁਰੂ ਜੀ ਉਸ ਸਥਾਨ ਤੇ ਚਲੇ ਗਏ, ਜਿਥੇ ਕਿ ਮਹਾਨ ਬਗਦਾਦ ਦੇਸ਼ ਸੀ॥ ੨॥

ਦਸਤਗੀਰ ਤਹਿਂ ਪੀਰ ਰਹੇਹੀਂ। ਸਭਿ ਨਰ ਤਿਹ ਕੀ ਸੇਵ ਕਰੇਹੀਂ।
ਆਇਸੁ ਬਿਖੈ ਰਹਿਤਿ ਦਿਨ ਰਾਤੀ। ਤਿਸ ਮਹਿਂ ਅਜ਼ਮਤ ਬਡ ਬੱਖ਼ਜਾਤੀ॥ ੩॥

ਓਥੇ ਦਸਤਗੀਰ ਨਾਮੀਂ ਪੀਰ ਰਹਿੰਦਾ ਸੀ, ਸਾਰੇ ਮਨੁੱਖ ਉਸ ਦੀ ਸੇਵਾ ਕਰਦੇ ਸਨ। ਸਾਰੇ ਲੋਕ ਦਿਨ ਰਾਤ ਉਸ ਦੀ ਆਗਿਆ ਵਿਚ ਰਹਿੰਦੇ ਸਨ। ਉਸ ਨੂੰ ਵੱਡਾ ਕਰਾਮਾਤੀ ਸਮਝਿਆ ਜਾਂਦਾ ਸੀ॥ ੩॥

ਜਸ ਉਪਦੇਸ਼ ਦੇਤਿ ਤਿਸ ਦੇਸ਼ਾ। ਤਸ ਕਰਿਹੀ ਸਭਿ ਸਹਿਤ ਨਰੇਸ਼ਾ।
ਜਾਂਕੇ ਬਹੁਤ ਮੁਰੀਦ ਅਗਾਰੀ। ਸੇਵਹਿਂ ਸਦ ਆਇਸੁ ਅਨੁਸਾਰੀ॥ ੪॥

ਜਿਸ ਤਰ੍ਹਾਂ ਉਹ ਦੇਸ਼ ਨੂੰ ਉਪਦੇਸ਼ ਦਿੰਦੇ ਸਨ, ਉਸ ਤਰ੍ਹਾਂ ਹੀ ਸਾਰੇ ਬਾਦਸ਼ਾਹ ਸਹਿਤ ਕਰਦੇ ਸਨ। ਉਸ ਦੇ ਅੱਗੇ ਬਹੁਤ ਮੁਰੀਦ ਸਨ, ਉਹ ਸਦਾ ਆਗਿਆ ਅਨੁਸਾਰ ਸੇਵਾ ਕਰਦੇ ਸਨ॥ ੪॥

ਤਿਹ ਕੋ ਮਾਨ ਹਰਨ ਗੁਨ ਖਾਂਨੀ। ਪ੍ਰਾਪਤ ਭਏ ਜਹਾਂ ਰਜਧਾਨੀ।
ਪੁਰਿ ਤੇ ਵਹਿਰ ਰੁਚਿਰ ਜਲ ਹੇਰਾ। ਬੈਠਿ ਗਏ ਤਹਿਂ ਕਰਿਕੈ ਡੇਰਾ॥ ੫॥

ਉਸ ਪੀਰ ਦਾ ਹੰਕਾਰ ਨਾਸ ਕਰਨ ਵਾਸਤੇ ਗੁਰੂ ਜੀ ਰਾਜਧਾਨੀ ਬਗਦਾਦ ਵਿਖੇ ਪਹੁੰਚ ਗਏ। ਸ਼ਹਿਰ ਦੇ ਬਾਹਰ ਸੁੰਦਰ ਜਲ ਵੇਖਿਆ, ਓਥੇ ਡੇਰਾ ਲਾ ਕੇ ਬੈਠ ਗਏ॥ ੫॥

ਜਬ ਇਕ ਰਜਨੀ ਸਕਲ ਬਿਤਾਈ। ਜਾਗੇ ਪ੍ਰਭੂ ਭੋਰ ਹ੍ਵੈ ਆਈ।
ਕਰਿ ਇਸ਼ਨਾਨ ਪਢੀ ਮੁਖ ਬਾਨੀ। ਸ੍ਰੀ ਕਰਤਾਰ ਸਿਫਤ ਮਹਿਂ ਸਾਂਨੀ॥ ੬॥

ਜਦ ਇਕ ਰਾਤ ਬੀਤ ਗਈ ਅਤੇ ਸਵੇਰ ਹੋਈ ਤਾਂ ਪ੍ਰਭੂ ਜੀ ਜਾਗ ਪਏ। ਇਸ਼ਨਾਨ ਕਰਕੇ ਬਾਣੀ ਦਾ ਪਾਠ ਕੀਤਾ। ਸ੍ਰੀ ਕਰਤਾਰ ਦੀ ਸਿਫਤ ਉਚਾਰੀ ਜਿਸ ਕਰਤਾਰ ਦਾ ਕੋਈ ਸਾਨੀ ਨਹੀਂ ਹੈ॥ ੬॥

'ਲਖ ਪਾਤਾਲ ਲੱਖ ਆਕਾਸ਼'। ਇਹ ਜਬ ਸ਼ਬਦ ਪਢਜੋ ਸੁਖਰਾਸ।
ਏਕ ਮੁਰੀਦ ਪੀਰ ਕੋ ਆਯੋ। ਹਿਤ ਮੱਜਨ ਕੇ ਜਲ ਜਿਹ ਥਾਯੋ॥ ੭॥

'ਲੱਖ ਪਾਤਾਲ ਲੱਖ ਆਕਾਸ਼' ਜਦ ਗੁਰੂ ਜੀ ਨੇ ਇਹ ਸ਼ਬਦ ਪੜ੍ਹਿਆ ਪੀਰ ਦਾ ਇਕ ਮੁਰੀਦ, ਜਲ ਵਿਚ ਇਸ਼ਨਾਨ ਕਰਨ ਵਾਸਤੇ ਉਸ ਥਾਂ ਆਇਆ॥ ੭॥

ਸੁਨਯੋ ਸ਼੍ਰੋਨ ਮਹਿਂ ਇਹ ਪਦ ਤਾਂਹੀ। ਬਿਸਮ ਰਹਯੋ ਅਪਨੇ ਮਨ ਮਾਂਹੀ।
ਇਹੁ ਕਜਾ ਕੁਫਰ ਬਕਤਿ ਹੈ ਕੋਈ। ਕਹਯੋ ਕੁਰਾਨ ਕਿਤਾਬ ਨ ਸੋਈ॥੮॥

ਜਦ ਉਸ ਕੰਨਾਂ ਨਾਲ ਇਹ ਪਦ ਸੁਣਿਆ ਤਾਂ ਆਪਣੇ ਮਨ ਵਿਚ ਬੜਾ ਹੈਰਾਨ ਹੋਇਆ। ਇਹ ਕੌਣ ਝੂਠ ਬੋਲ ਰਿਹਾ ਹੈ, ਕੁਰਾਨ ਦੀ ਕਿਤਾਬ ਵਿਚ ਤਾਂ ਇਹ ਨਹੀਂ ਕਹਿੰਦੀ ਹੈ॥ ੮॥

ਤਰਕ ਕਰਤਿ ਅਸ ਗਯੋ ਸਮੀਪਾ। ਜਹਿਂ ਬੈਠੇ ਬੇਦੀ ਕੁਲਦੀਪਾ।
ਤਿਹ ਛਿਨ ਗਾਨ ਲਗਯੋ ਮਰਦਾਨਾ। ਵਾਇ ਰਬਾਬ,ਸਿਫਤ ਭਗਵਾਨਾ॥੯॥

ਚਰਚਾ ਕਰਨ ਹਿਤ ਉਹ ਨੇੜੇ ਗਿਆ ਜਿਥੇ ਗੁਰੂ ਜੀ ਬਿਰਾਜ ਰਹੇ ਸਨ। ਉਸ ਵੇਲੇ ਮਰਦਾਨਾ ਗਾਇਨ ਕਰਨ ਲੱਗਾ, ਰਬਾਬ ਵਜਾ ਕੇ ਭਗਵਾਨ ਦੀ ਸਿਫਤ ਕਰ ਰਿਹਾ ਸੀ॥ ੯॥

ਖਰੋ ਹੋਇ ਸੁਨਿ ਕੈ ਚਿਰ ਤਾਈਂ। ਗ਼ਮਨਯੋ ਬਹੁਰ ਪੀਰ ਨਿਜ ਥਾਈਂ।
ਅਵਸਰ ਪਾਇ ਸੁ ਬੂਝਲ ਕੀਨਾ। 'ਹਜ਼ਰਤ ! ਸੁਨਹੁ ਕੁਫਰ ਇਕ ਪੀਨਾ॥੧੦॥

ਪੀਰ ਦਾ ਮੁਰੀਦ ਖੜਾ ਹੋ ਕੇ ਕਾਫੀ ਦੇਰ ਤਕ ਸੁਣਦਾ ਰਿਹਾ, ਫਿਰ ਪੀਰ ਦੇ ਪਾਸ ਪਹੁੰਚ ਗਿਆ। ਮੌਕਾ ਪਾ ਕੇ ਪੁੱਛਣ ਲੱਗਾ, "ਹੇ ਹਜ਼ਰਤ ਜੀ ! ਇਕ ਵੱਡਾ ਕੁਫਰ ਸੁਣੋ॥ ੧੦॥

ਹਿੰਦੂ ਫਕੀਰ ਵਹਿਰ ਹੈ ਬੈਸਾ। ਬਕਯੋ ਬਕਾਊ ਕੁਫਰ ਤਿਨ ਐਸਾ।
ਚੌਦਾਂ ਤਬਕ ਕੁਰਾਨ ਬਤਾਏ। ਏਤੇ ਹੀ ਤੁਮ ਆਪ ਸੁਨਾਏ॥ ੧੧॥

ਇਕ ਹਿੰਦੂ ਫਕੀਰ ਬਾਹਰ ਬੈਠਾ ਹੈ, ਉਸ ਨੇ ਇਸ ਤਰ੍ਹਾਂ ਦਾ ਕੁਫਰ ਬੋਲਿਆ ਹੈ। ਕੁਰਾਨ ਨੇ ਚੌਦਾਂ ਜਹਾਨ ਦੱਸੇ ਹਨ, ਏਨੇ ਹੀ ਤੁਸੀਂ ਆਪ ਸੁਣਾਏ ਹਨ॥ ੧੧॥

ਤਿਸਨੈ ਲੱਖ ਅਕਾਸ਼ ਪਤਾਲੇ। ਬਹੁਰ ਨ ਓਰਕ ਥਕ ਰਹਿ ਭਾਲੇ।
ਸੁਨਿਕੈ ਅਚਰਜ ਮੁਝ ਮਨ ਆਵਾ। ਸਹਯੋ ਨ ਜਾਇ ਜੁ ਤਾਂਹਿ ਸੁਨਾਵਾ॥੧੨॥

ਉਸ ਨੇ ਲਖਾਂ ਅਕਾਸ਼ ਪਤਾਲ ਕਹੇ ਹਨ, ਫਿਰ ਉਨ੍ਹਾਂ ਦਾ ਕੋਈ ਓੜਕ ਨਹੀਂ, ਲੱਭ ਲੱਭ ਕੇ ਥੱਕ ਗਏ ਹਨ। ਇਹ ਸੁਣਕੇ ਮੇਰੇ ਮਨ ਵਿਚ ਬੜੀ ਹੈਰਾਨੀ ਹੋਈ, ਇਹ ਕੁਝ ਬਰਦਾਸ਼ਤ ਨਹੀਂ ਹੁੰਦਾ ਜੋ ਕੁਝ ਉਸ ਕਿਹਾ ਹੈ॥ ੧੨॥

ਲਿਖਯੋ ਖ਼ਿਲਾਫ਼ ਕੁਰਾਨ ਦਰਮਯਾਨ। ਕੂਰੋ ਕਿਧੌਂ ਫਕੀਰ ਅਜਾਨ।
ਇਕ ਤੋ ਇਹ ਤਿਨ ਕਹਯੋ ਅਚੰਭਾ। ਦੂਸਰ ਕੀਨ ਰਾਗ ਪ੍ਰਾਰੰਭਾ॥੧੩॥

ਕੁਰਾਨ ਦੇ ਵਿਚ ਜੋ ਲਿਖਿਆ ਹੈ, ਉਸ ਦੇ ਉਹ ਉਲਟ ਕਹਿੰਦਾ ਹੈ ਇਹ ਝੂਠ ਬੋਲਦਾ ਹੈ ਜਾਂ ਫਕੀਰ ਹੀ ਅਣਜਾਨ ਹੈ। ਇਕ ਤਾਂ ਉਸ ਹੈਰਾਨਜਨਕ ਗੱਲ ਕਹੀ ਹੈ, ਦੂਸਰਾ ਰਾਗ ਗਾਉਣਾ ਆਰੰਭ ਕਰ ਦਿੱਤਾ ਹੈ॥ ੧੩॥

ਤੁਮਨੇ ਸਗਰੇ ਦੇਸ਼ ਮਝਾਰੀ। ਕਰਨ ਸਰੋਦ ਕੀਨ ਹਟਕਾਰੀ।
ਜੇ ਸਮੀਪ ਹੁਇ ਆਇਸੁ ਭੰਗਾ। ਅਹੈ ਦੂਰ ਸੋ ਕਰੈਂ ਨਿਸ਼ੰਗਾ॥ ੧੪॥

ਤੁਸੀ ਸਾਰੇ ਦੇਸ਼ਾਂ ਵਿਚ ਰਾਗ ਗਾਉਣ ਦੀ ਮਨਾਹੀ ਕੀਤੀ ਹੈ। ਜੇ ਉਹ ਨੇੜੇ ਹੋ ਕੇ ਆਗਿਆ ਭੰਗ ਕਰਦਾ ਹੈ, ਉਸ ਨੂੰ ਨਿਸ਼ੰਗ ਦੂਰ ਕਰਨਾ ਚਾਹੀਦਾ ਹੈ॥ ੧੪॥

ਦਿਨਪ੍ਰਤਿ ਤੇਜ ਹੋਇ ਲਘੁਜਾਈ। ਜੇ ਨ ਤਿਦਾਰਕ ਦਿਹੁ ਤਿਸ ਤਾਈ।

ਇਸ ਫਕੀਰ ਨੇ ਕੁਫਰ ਉਚਾਰਾ। ਲਾਇਕ ਹੈ ਸਜ਼ਾਇ ਇਹੁ ਭਾਰਾ ॥੧੫॥

ਤੁਹਾਡਾ ਦਿਨ ਪ੍ਰਤਿ ਤੇਜ ਘਟ ਜਾਵੇਗਾ ਜੇ ਉਸ ਨੂੰ ਰੋਕਣ ਦਾ ਪ੍ਰਬੰਧ ਨਾ ਕੀਤਾ ਗਿਆ। ਇਸ ਫਕੀਰ ਨੇ ਕੁਫਰ ਬੋਲਿਆ ਹੈ, ਇਹ ਭਾਰੀ ਸਜ਼ਾ ਦੇਣ ਦੇ ਲਾਇਕ ਹੈ॥ ੧੫॥

ਜੋ ਇਸ ਕੋ ਬਰਜਹੁ ਨਹਿਂ ਅਬਹੀ। ਮੁਸਲਮਾਨ ਕਾਫਰ ਹ੍ਵੈਂ ਸਭਿਹੀ'।
ਦਸਤਗੀਰ ਸੁਨਿ ਕੈ ਅਸ ਝੇਰਾ। ਮਨ ਮੈਂ ਕੀਨੋ ਕ੍ਰੋਧ ਘਨੇਰਾ ॥੧੬॥

ਜੇ ਇਸ ਨੂੰ ਹੁਣੇ ਨਾ ਰੋਕੋਗੇ ਤਾਂ ਸਾਰੇ ਮੁਸਲਮਾਨ ਕਾਫਰ ਹੋ ਜਾਣਗੇ। ਪੀਰ ਦਸਤਗੀਰ ਨੇ ਅਜੇਹਾ ਝਗੜਾ ਸੁਣ ਕੇ ਮਨ ਵਿਚ ਬਹੁਤ ਕ੍ਰੋਧ ਕੀਤਾ॥ ੧੬॥

•ਆਇਸੁ ਸਗਰੇ ਨਗਰ ਪਠਾਈ। 'ਸੰਗਸਾਰ ਤਿਸ ਕਰੀਏ ਜਾਈ।
ਸਭਿ ਚਲਿ ਜਹੁ ਨ ਲਾਵਹੁ ਦੇਰਾ। ਹੁਕਮ ਭੰਗ ਕੀਨੋ ਤਿਨ ਮੇਰਾ ॥੧੭॥

ਪੀਰ ਦਸਤਗੀਰ ਨੇ ਸਾਰੇ ਨਗਰ ਨੂੰ ਇਹ ਹੁਕਮ ਕਰ ਦਿੱਤਾ ਕਿ ਸਾਰੇ ਜਾ ਕੇ ਉਸ ਫਕੀਰ ਨੂੰ ਵੱਟੇ ਮਾਰ-ਮਾਰ ਕੇ ਜਾਨ ਤੋਂ ਮਾਰ ਦੇਣ। ਸਾਰੇ ਚਲ ਕੇ ਜਾਵੋ ਅਤੇ ਦੇਰ ਨਾ ਕਰੋ, ਉਸ ਨੇ ਮੇਰੇ ਹੁਕਮ ਨੂੰ ਭੰਗ ਕੀਤਾ ਹੈ॥ ੧੭॥

ਹ੍ਵੈ ਹਦੂਰ ਜਿਨਿ ਕੀਨ ਢਿਠਾਈ। ਦੂਰ ਭਏ ਤੇ ਕਸ ਡਰਪਾਈ।
ਇਹ ਬਗ਼ਦਾਦ ਜੁ ਥਾਨ ਮਹਾਨਾ। ਤੁਰਕਾਨੇ ਕੋ ਬਡੋ ਟਿਕਾਨਾ ॥੧੮॥

ਮੇਰੇ ਨੇੜੇ ਆ ਕੇ ਜਿਸ ਢੀਠਤਾ ਕੀਤੀ ਹੈ, ਦੂਰ ਹੋਣ ਤੇ ਉਸ ਨੂੰ ਕਿਸ ਤਰ੍ਹਾਂ ਡਰ ਪਾਵਾਂਗੇ। ਇਹ ਬਗ਼ਦਾਦ ਜੋ ਮਹਾਨ ਅਸਥਾਨ ਹੈ ਤੁਰਕਾਂ ਲਈ ਇਕ ਵੱਡਾ ਟਿਕਾਣਾ ਹੈ॥ ੧੮॥

ਜੇਕਰਿ ਇਹਾਂ ਅਵੱਗਜਾ ਹੋਈ। ਪੁਨ ਮਿਰਯਾਦ ਰਖੈ ਨਹਿਂ ਕੋਈ'।
ਦਸਤਗੀਰ ਕੀ ਆਇਸੁ ਪਾਏ। ਬਾਲਕ ਬੂਢੇ ਤਰੁਨੇ ਧਾਏ॥ ੧੯॥

ਜੇ ਏਥੇ ਹੀ ਅਵੱਗਿਆ ਹੋਵੇਗੀ, ਫਿਰ ਕੋਈ ਵੀ ਮਰਯਾਦਾ ਨਹੀਂ ਰਖੇਗਾ। ਦਸਤਗੀਰ ਦੀ ਆਗਿਆ ਪਾ ਕੇ, ਬਾਲਕ, ਬੁਢੇ ਅਤੇ ਜਵਾਨ ਸਭ ਉਸ ਪਾਸੇ ਵੱਲ ਦੌੜ ਪਏ॥ ੧੯॥

ਇਕ ਇਕ ਪਾਹਨ ਸਭਿ ਕਰ ਲੀਨਾ। ਚਲਿਨ ਲਗੇ ਬਡ ਰੌਰਾ ਕੀਨਾ।
ਸ੍ਰੀ ਨਾਨਕ ਸੁਨਿਕੈ ਤਿਹ ਕਾਲਾ। ਊਚੀ ਦੀਨੀ ਬਾਂਗ ਬਿਸਾਲਾ ॥੨੦॥

ਇਕ-ਇਕ ਪੱਥਰ ਸਭ ਨੇ ਹੱਥ ਵਿਚ ਫੜ ਲਿਆ, ਚੱਲਣ ਲਗਿਆਂ ਬੜਾ ਰੌਲਾ ਪਾਇਆ। ਗੁਰੂ ਨਾਨਕ ਜੀ ਨੇ ਉਸ ਸਮੇਂ ਰੌਲਾ ਸੁਣ ਕੇ, ਬੜੀ ਉੱਚੀ ਆਵਾਜ਼ ਵਿਚ ਇਸ ਪ੍ਰਕਾਰ ਬਾਂਗ ਦਿੱਤੀ॥ ੨੦॥

'ਨਿਰੰਕਾਰ ਸਤਿ ਸ੍ਰੀ ਅਕਾਲਾ। ਗੁਰਬਰ ਏਕੰਕਾਰ ਕ੍ਰਿਪਾਲਾ'।
ਸੁਨਿ ਕਰਿ ਬਾਂਗ ਸਰਬ ਨਰ ਨਾਰੀ। ਸੁੰਨਮੁੰਨ ਹੋਏ ਇਕ ਵਾਰੀ ॥੨੧॥

ਬਾਂਗ ਵਿਚ ਉਨ੍ਹਾਂ ਨੇ ਕਿਹਾ, "ਨਿਰੰਕਾਰ ਸ੍ਰੀ ਅਕਾਲ ਸੱਚ ਹੈ, ਗੁਰਬਰ ਏਕੰਕਾਰ ਕ੍ਰਿਪਾਲੂ ਹੈ" ਇਹ ਬਾਂਗ ਸੁਣ ਕੇ ਸਾਰੇ ਨਰ ਨਾਰੀਆਂ ਇਕ ਵਾਰੀ ਤਾਂ ਮੂਰਛਿਤ ਹੋ ਗਏ॥ ੨੧॥

ਜਬਹਿ ਬਿਲੋਕੀ ਅਜ਼ਮਤ ਪੀਨਾ। ਆਪਹਿ ਪੀਰ ਪਯਾਨੋ ਕੀਨਾ।
ਮਾਨਵ ਬ੍ਰਿੰਦ ਲਿਏ ਨਿਜ ਸੰਗਾ। ਜੀਤਨ ਆਯੋ ਰਿਦੈ ਉਮੰਗਾ ॥੨੨॥

ਜਦ ਵੱਡੀ ਕਰਾਮਾਤ ਵੇਖੀ ਤਾਂ ਪੀਰ ਦਸਤਗੀਰ ਉਸ ਤਰਫ ਵਲ ਆਪ ਚਲ ਪਿਆ। ਆਪਣੇ ਨਾਲ ਬਹੁਤ ਮਨੁੱਖ ਲਏ ਅਤੇ ਹਿਰਦੇ ਵਿਚ ਉਤਸ਼ਾਹ ਭਰ ਕੇ ਗੁਰੂ ਜੀ ਨੂੰ ਜਿੱਤਣ ਆਇਆ॥ ੨੨॥

ਨਿਜ ਅਜ਼ਮਤ ਜੜਤਾ ਸਭਿ ਕੇਰੀ। ਦਸਤਗੀਰ ਹਰਿ ਦੀ ਬਿਨ ਦੇਰੀ।
ਗਰਬ ਚਲਾ ਜਹਿਂ ਸੁਮਤਿ ਨਿਕੇਤੂ। ਭਾਨੁ ਤੇਜ ਹਰਿ ਚਹਿ ਖੱਦਜੋਤੂ ॥੨੩ ॥

ਦਸਤਗੀਰ ਨੇ ਆਪਣੀ ਕਰਾਮਾਤ ਨਾਲ ਸਾਰਿਆਂ ਮਨੁੱਖਾਂ ਦੀ ਮੂਰਛਤਾ ਬਗ਼ੈਰ ਦੇਰ ਦੇ ਦੂਰ ਕਰ ਦਿੱਤੀ। ਜਿਥੇ ਸ੍ਰੇਸ਼ਟ ਮੱਤ ਦੇ ਘਰ ਭਾਵ ਗੁਰੂ ਜੀ ਬੈਠੇ ਸਨ, ਬੜੇ ਹੰਕਾਰ ਨਾਲ ਓਧਰ ਚਲ ਪਿਆ। ਜਿਵੇਂ ਜੁਗਨੂੰ ਸੂਰਜ ਦੇ ਤੇਜ ਨੂੰ ਦੂਰ ਕਰਨਾ ਚਾਹੁੰਦਾ ਹੋਵੇ॥ ੨੩॥

ਸਭਿ ਇਕਬਾਰ ਅਏ ਚਉਫੇਰੇ। ਹਿਤ ਮਾਰਨ ਕਿਯ ਭੁਜਾ ਉਚੇਰੇ।
ਇਕ ਇਕ ਪਾਹਨ ਸਭਿ ਕਰ ਮਾਂਹੀ। ਅਨ ਗਨ ਮਾਨਵ ਗਿਨਤੀ ਨਾਂਹੀ ॥੨੪ ॥

ਸਾਰੇ ਇਕ ਵਾਰ ਚੌਫੇਰੇ ਆ ਗਏ ਅਤੇ ਪੱਥਰ ਮਾਰਨ ਹਿਤ ਆਪਣੀਆਂ ਬਾਹਾਂ ਉੱਚੀਆਂ ਕੀਤੀਆਂ। ਇਕ-ਇਕ ਪੱਥਰ ਸਾਰਿਆਂ ਦੇ ਹੱਥ ਵਿਚ ਸੀ। ਅਣਗਿਣਤ ਮਨੁੱਖ ਸਨ ਤੇ ਉਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ॥ ੨੪॥

ਜਬ ਮਨ ਬਿਖੈ ਚਹਿਤ ਸਭਿ ਮਾਰਾ। ਤਿਹ ਛਿਨ ਸ੍ਰੀ ਪ੍ਰਭੁ ਕੀਨ ਹੁੰਕਾਰਾ।
ਠਾਂਢੀ ਰਹੀ ਉਚੇਰੀ ਬਾਹੈਂ। ਉਤਰਹਿਂ ਤਰ ਨ, ਉਤਾਰਜੋ ਚਾਹੇਂ ॥੨੫ ॥

ਜਦ ਮਨ ਵਿਚ ਸਾਰਿਆਂ ਨੇ ਪੱਥਰ ਮਾਰਨੇ ਚਾਹੇ, ਤਦ ਗੁਰੂ ਜੀ ਨੇ ਹੁੰਗਾਰਾ ਮਾਰਿਆ। ਜਿਥੇ ਬਾਹਾਂ ਉੱਚੀਆਂ ਕੀਤੀਆਂ ਸਨ, ਓਥੇ ਹੀ ਖੜੀਆਂ ਰਹਿ ਗਈਆਂ। ਉਹ ਹੇਠਾਂ ਉਤਾਰਨੀਆਂ ਚਾਹੁੰਦੇ ਸਨ, ਪਰ ਹੇਠਾਂ ਉਤਰਦੀਆਂ ਨਹੀਂ ਸਨ॥ ੨੫॥

ਕਾਸ਼ਟ ਕੇ ਸਮਾਨ ਸੋ ਗਾਢੀ। ਬਿਸਮ ਰਹੇ ਸਭਿ, ਪੀਰਾ ਬਾਢੀ।
ਦਸਤਗੀਰ ਅਪਨੀ ਤਿਹ ਕਾਲਾ। ਕਰਾਮਾਤ ਕਰਿ ਰਹਜੋ ਬਿਸਾਲਾ ॥੨੬ ॥

ਲੱਕੜ ਵਾਂਗ ਉਹ ਗੱਡੀਆਂ ਗਈਆਂ, ਸਭ ਹੈਰਾਨ ਹੋਏ ਅਤੇ ਪੀੜ ਵਧੀ। ਪੀਰ ਦਸਤਗੀਰ ਉਸ ਸਮੇਂ ਬਹੁਤ ਕਰਾਮਾਤਾਂ ਕਰਦਾ ਰਿਹਾ॥ ੨੬॥

ਕਛੂ ਨ ਲਗੀ ਰਹਜੋ ਪਚਿਹਾਰੀ। ਮਨ ਜਾਨੇ ਅਪਨੇ ਤੇ ਭਾਰੀ।
ਜਿਉਂ ਉਡ ਅਲਪ ਸੁ ਕਰੈ ਮਜੇਜਾ। ਸਵਿਤਾ ਕੋ ਦਬਾਇ ਦਿਉਂ ਤੇਜਾ ॥੨੭ ॥

ਪਰ ਕੋਈ ਵੀ ਕਰਾਮਾਤ ਨਾ ਚੱਲੀ, ਥੱਕ ਕੇ ਹਾਰ ਗਿਆ, ਮਨ ਵਿਚ ਆਪਣੇ ਨਾਲੋਂ ਵੱਡਾ ਸਮਝਿਆ। ਜਿਵੇਂ ਤੁੱਛ ਤਾਰਾ ਅਹੰਕਾਰ ਕਰੇ, ਤਾਰੇ ਦਾ ਤੇਜ ਸੂਰਜ ਦੇ ਤੇਜ ਨੂੰ ਕਿਵੇਂ ਦਬਾ ਸਕਦਾ ਹੈ॥ ੨੭॥

ਤਨਕ ਬਘੂਰਾ ਉਰ ਗਰਬਾਯੋ। ਸਬਲ ਅੰਧੇਰੀ ਸਨਮੁਖ ਜਾਯੋ।
ਤਿਉਂ ਕਰਿ ਗੁਨਹਿ ਨ ਜੀਤਜੋ ਜਾਈ। ਅਬ ਬੋਲਨ ਮਹਿਂ ਦੇਉਂ ਹਰਾਈ ॥੨੮ ॥

ਜਿਵੇਂ ਛੋਟਾ ਜੇਹਾ ਵਾ-ਵਰੋਲਾ, ਬਲਵਾਨ ਹਨੇਰੀ ਦੇ ਸਾਹਮਣੇ ਜਾ ਕੇ ਹੰਕਾਰ ਕਰੇ, ਇਸ ਤਰ੍ਹਾਂ ਦਿਲ ਵਿਚ ਸੋਚਦਾ ਹੈ ਕਿ ਗੁਰੂ ਜੀ ਨੂੰ ਜਿਤਿਆ ਨਹੀਂ ਜਾ ਸਕਦਾ। ਹੁਣ ਮੈਂ ਗੱਲਬਾਤ ਰਾਹੀਂ ਇਸ ਨੂੰ ਹਰਾਵਾਂਗਾ॥ ੨੮॥

ਅਸ ਬਿਚਾਰਿ ਕੈ ਗਯੋ ਸਮੀਪਾ। ਬੈਠਜੋ ਜਹਿਂ ਬੇਦੀ ਕੁਲਦੀਪਾ।
ਕਹਿਤਿ ਭਯੋ 'ਤੂੰ ਕੁਫਰ ਅਲਾਵਾ। ਕੋ ਹੈਂ ਤੂੰ ਕਿਹ ਤੇ ਚਲਿ ਆਵਾ? ॥੨੯ ॥

ਇਸ ਤਰ੍ਹਾਂ ਵਿਚਾਰ ਕੇ ਪਾਸ ਗਿਆ, ਜਿਥੇ ਗੁਰੂ ਜੀ ਬਿਰਾਜਮਾਨ ਸਨ। ਕਹਿਣ ਲੱਗਾ, "ਤੂੰ ਕੁਫਰ ਬੋਲਿਆ ਹੈ, ਤੂੰ ਕੌਣ ਹੈਂ ਅਤੇ ਕਿਥੋਂ ਚਲ ਕੇ ਆਇਆ ਹੈਂ ?॥ ੨੯॥

ਕਰਾਮਾਤ ਕਰਿ ਬਡੀ ਦਿਖਾਈ। ਲਖ ਪਤਾਲ ਨਭ ਖ਼ਬਰ ਸੁਨਾਈ।
ਪੁਨ ਸਰੋਦ ਮਨ ਚੰਚਲ ਕਰਹੀ। ਸੋ ਗਾਵਨ ਕੇ ਕਿਉਂ ਅਨੁਸਰਈ? ॥੩੦ ॥

ਵੱਡੀ ਕਰਾਮਾਤ ਕਰ ਕੇ ਵਿਖਾਈ ਹੈ, ਲੱਖਾਂ ਪਾਤਾਲਾਂ ਆਕਾਸ਼ਾਂ ਦੀ ਖ਼ਬਰ ਸੁਣਾਈ ਹੈ। ਜਿਹੜਾ ਰਾਗ ਮਨ ਨੂੰ ਚੰਚਲ ਕਰਦਾ ਹੈ ਤੂੰ ਉਸ ਨੂੰ ਗਾਇਆ ਹੈ। ਤੂੰ ਗਾਇਣ ਦੇ ਹੱਕ ਵਿਚ ਕਿਉਂ ਹੈਂ ?॥ ੩੦॥

ਬੇਮਿਰਜਾਦ ਦੁਊ ਤੈ ਕੀਨਾ। ਯਾਂਤੇ ਹਮ ਦਰਵੇਸ਼ ਨ ਚੀਨਾ।
ਇਨ ਕੇ ਉੱਤਰ ਆਪ ਉਚਾਰਹੁ। ਨਤੁਰ ਦੇਸ਼ ਤੇ ਵਹਿਰ ਸਿਧਾਰਹੁ ॥੩੧॥

ਦੋਵੇਂ ਕੰਮ ਤੂੰ ਮਰਯਾਦਾ ਦੇ ਉਲਟ ਕੀਤੇ ਹਨ, ਅਜੇਹਾ ਅਸੀਂ ਕੋਈ ਦਰਵੇਸ਼ ਨਹੀ ਵੇਖਿਆ। ਸਾਨੂੰ ਇਨ੍ਹਾਂ ਗੱਲਾਂ ਦਾ ਉੱਤਰ ਦੇਵੇ, ਨਹੀਂ ਤਾਂ ਦੇਸ਼ ਵਿਚੋਂ ਬਾਹਰ ਨਿਕਲ ਜਾਵੇ॥ ੩੧॥

ਗੰਜਨ ਗਰਬ ਗੁਰੂ ਗੁਨਖਾਨੀ। ਦਸਤਗੀਰ ਸੰਗ ਭਾਖੀ ਬਾਨੀ।
'ਜਿਹ ਸਰੋਦ ਕੀ ਨਿੰਦ ਉਚਾਰੀ। ਤਿਹ ਕੀ ਰੀਤਿ ਸੁਨੋ ਸੁਖਕਾਰੀ॥੩੨॥

ਹੰਕਾਰ ਦਾ ਨਾਸ਼ ਕਰਨ ਵਾਲੇ, ਗੁਣਾਂ ਦੀ ਖਾਨ ਭਾਵ ਗੁਰੂ ਜੀ ਦਸਤਗੀਰ ਨਾਲ ਇਸ ਤਰ੍ਹਾਂ ਬੋਲੇ, 'ਜਿਸ ਰਾਗ ਦੀ ਤੁਸੀਂ ਨਿੰਦਿਆ ਕਰਦੇ ਹੋ ਤਿਸ ਦੀ ਸੁਖਦਾਇਕ ਰੀਤੀ ਸੁਣੋ॥ ੩੨॥

ਸ੍ਰੀ ਕਰਤਾਰ ਸਿਫਤ ਮਹਿ ਗਾਵੈਂ। ਬਸ ਜੈਹੈ ਮਨ ਬਹੁਰ ਕਮਾਵੈਂ।
ਸੁਨਹਿ ਰਾਗ ਰਸ ਲੇਵਨ ਕਾਰਨ। ਹੈ ਤਿਸ ਮਹਿ ਹਰਿ ਨਾਮ ਉਚਾਰਨ॥੩੩॥

ਅਸੀਂ ਸ੍ਰੀ ਕਰਤਾਰ ਦੀਆਂ ਸਿਫਤਾਂ ਗਾਉਂਦੇ ਹਾਂ, ਜਿਵੇਂ ਮਨ ਵਿਚ ਵੱਸਦਾ ਹੈ, ਉਸ ਦੀ ਫਿਰ ਕਮਾਈ ਕਰਦੇ ਹਾਂ। ਰਸ ਲੈਣ ਕਾਰਨ ਰਾਗ ਸੁਣਦੇ ਹਾਂ, ਉਸ ਵਿਚ ਲੀਨ ਹੋ ਕੇ ਹਰੀ ਦੇ ਨਾਮ ਦਾ ਉਚਾਰਨ ਕਰਦੇ ਹਾਂ॥ ੩੩॥

ਹਿਰਦੇ ਹੁਲਸਾਵਹਿ ਜੱਗਜਾਮੀ। ਰਚਹਿ ਸੰਗ ਸ੍ਰੀ ਪ੍ਰਭੁ ਅਬਿਨਾਸ਼ੀ।
ਕਲਿ ਮਹਿ ਹੋਤਿ ਉਪਾਇ ਨ ਔਰੇ। ਕੀਰਤਿ ਕਰਿ ਇਉਂ ਤਰਹਿ ਕਰੋਰੇ॥੩੪॥

ਰਾਗ ਸੁਣ ਕੇ ਜਗਿਆਸੂ ਹਿਰਦੇ ਵਿਚ ਅਨੰਦਿਤ ਹੁੰਦੇ ਹਨ ਤੇ ਸ੍ਰੀ ਪ੍ਰਭੂ ਅਬਿਨਾਸ਼ੀ ਦੇ ਨਾਲ ਰਹਿੰਦੇ ਹਨ। ਕਲਿਜੁਗ ਵਿਚ ਪ੍ਰਭੂ ਨੂੰ ਮਿਲਣ ਦਾ ਹੋਰ ਕੋਈ ਉਪਾਅ ਨਹੀ ਹੈ। ਕੀਰਤਨ ਕਰਨ ਨਾਲ ਕਰੋੜਾਂ ਤਰ ਗਏ ਹਨ॥ ੩੪॥

ਯਾਂਤੇ ਰਾਗ ਰੀਤਿ ਹਮ ਕੀਨੀ। ਰਸ ਹਿਤ, ਸਿਫਤ ਜਾਇ ਮਤਿ ਭੀਨੀ।
ਕਹਜੋ ਜੁ ਤੁਮ ਚੰਚਲ ਮਤਿ ਕਰਿਹੀ। ਬਿਸ਼ੈ ਬਿਖੈ ਮਨ ਕੋ ਸੰਚਰਿਹੀ॥੩੫॥

ਇਸ ਕਰਕੇ ਅਸੀ ਰਾਗ ਰੀਤੀ ਚਲਾਈ ਹੈ, ਰਸ ਹਿਤ, ਬੁੱਧੀ ਪ੍ਰਭੂ ਦੀਆਂ ਸਿਫਤਾਂ ਵਿਚ ਭਿੱਜ ਜਾਂਦੀ ਹੈ। ਤੁਸੀ ਜਿਹੜਾ ਕਹਿੰਦੇ ਹੋ ਕਿ ਰਾਗ ਮੱਤ ਨੂੰ ਚੰਚਲ ਕਰਦਾ ਹੈ ਅਤੇ ਮਨ ਨੂੰ ਵਿਸ਼ੇ ਵਿਕਾਰਾਂ ਵਿਚ ਲਗਾਉਂਦਾ ਹੈ॥ ੩੫॥

ਸੋ ਤੋ ਕਾਮਚੇਸ਼ਟਾ ਮਾਂਹੀ। ਕਰਹਿ ਸਰੋਦ ਸਿ ਨਰਕ ਸਿਧਾਹੀਂ।
ਅਬ ਦੂਸਰ ਉੱਤਰ ਸੁਨਿ ਕਾਨੇ। ਚੌਦਹਿ ਤਬਕ ਕੁਰਾਨ ਬਖਾਨੇ॥੩੬॥

ਜਿਹੜੇ ਕਾਮ ਚੇਸ਼ਟਾ ਉੱਤੇਜਤ ਕਰਨ ਲਈ ਰਾਗ ਗਾਉਂਦੇ ਹਨ, ਉਹ ਨਰਕਾਂ ਨੂੰ ਜਾਂਦੇ ਹਨ। ਹੁਣ ਦੂਸਰਾ ਉਤਰ ਕੰਨ ਲਾ ਕੇ ਸੁਣੋ। ਕੁਰਾਨ ਨੇ ਚੋਦਾਂ ਤਬਕਾਂ ਬਾਰੇ ਕਿਹਾ ਹੈ॥ ੩੬॥

ਤਿਸ ਕੋ ਕਰਨਹਾਰ ਹੈ ਜੋਊ। ਤਾਂਕੋ ਚੌਦਹਿ ਕੀ ਸੁਧ ਹੋਊ।
ਲਾਖਨ ਕੀ ਸੁਧ ਜਿਨ ਕਉ ਹੋਈ। ਤੇਤੀ ਭਨੈਂ, ਨ ਝੂਠ ਬਗੋਈ॥੩੭॥

ਜਿਹੜਾ ਇਨ੍ਹਾਂ ਤਬਕਾਂ ਨੂੰ ਪੈਦਾ ਕਰਨ ਵਾਲਾ ਹੈ, ਉਹੀ ਚੋਦਾਂ ਤਬਕਾਂ ਦੀ ਸੋਝੀ ਰੱਖਦਾ ਹੈ। ਜਿਨ੍ਹਾਂ ਨੂੰ ਲੱਖਾਂ ਦੀ ਸੋਝੀ ਹੈ, ਉਹ ਠੀਕ ਕਹਿੰਦੇ ਹਨ, ਝੂਠ ਨਹੀ ਬੋਲਦੇ॥ ੩੭॥

ਲਾਖਨ ਪਰੈ, ਨ ਓਰਕ ਕੋਈ। ਬੇਸ਼ੁਮਾਰ ਸਾਹਿਬ ਹੈ ਸੋਈ।

ਦਸਤਗੀਰ ਸੁਨਿ ਸਾਚ ਨ ਮਾਨੀ। ਹੇਤੁ ਬਿਲੋਕਨ ਬੋਲ੍ਯੋ ਬਾਨੀ ॥੩੮॥

ਲੱਖਾਂ ਤੋਂ ਵੀ ਪਰ੍ਹੇ ਹਨ, ਉਨ੍ਹਾਂ ਦਾ ਕੋਈ ਅੰਤ ਨਹੀਂ, ਉਹ ਸਾਹਿਬ ਬੇਅੰਤ ਹੈ।" ਪੀਰ ਦਸਤਗੀਰ ਨੇ ਇਹ ਸੁਣ ਕੇ ਸੱਚ ਨਾ ਮੰਨਿਆ, ਲੱਖਾਂ ਤਬਕਾਂ ਨੂੰ ਵੇਖਣ ਖਾਤਰ ਬੋਲਿਆ ॥ ੩੮॥

'ਕਹੇ ਪ੍ਰਤੀਤ ਨ ਆਵਹਿ ਮੋਕਉ। ਦਿਹੁ ਦਿਖਾਇ ਜੇ ਹੈ ਸੁਧ ਤੋਕਉ।
ਸੁਤ ਮੇਰੇ ਕੋ ਸੰਗ ਲਿਜਾਵਹਿ। ਜਿਤੀ ਪਹੁੰਚ ਹੈ ਤਿਤੇ ਦਿਖਾਵਹੁ ॥੩੯॥

"ਮੈਨੂੰ ਤਾਂ ਪ੍ਰਤੀਤ ਨਹੀਂ ਆਉਂਦੀ, ਜੇ ਤੁਹਾਨੂੰ ਸੁਧ ਹੈ ਤਾਂ ਮੈਨੂੰ ਵਿਖਾ ਦੇਵੋ। ਮੇਰੇ ਪੁੱਤਰ ਨੂੰ ਨਾਲ ਲੈ ਜਾਵੇ, ਜਿੰਨੀ ਪਹੁੰਚ ਹੈ, ਉਤਨੇ ਹੀ ਵਿਖਾ ਦੇਵੋ" ॥ ੩੯॥

ਸੁਨਿਕੈ ਤਿਹ ਛਿਨ ਸ੍ਰੀ ਜਗਨਾਥਾ। ਤਿਹ ਕੋ ਗਹ੍ਯੋ ਹਾਥ ਮਹਿਂ ਹਾਥਾ।
ਕਹ੍ਯੋ ਕਿ 'ਲੋਚਨ ਮੂੰਦਹੁ ਦੋਈ। ਚਹਉ ਜੁ ਦੇਖਿ ਲੇਉ ਅਬ ਸੋਈ' ॥੪੦॥

ਇਹ ਸੁਣ ਕੇ ਗੁਰੂ ਜੀ ਨੇ ਓਸੇ ਵੇਲੇ ਉਸ ਦੇ ਪੁੱਤਰ ਨੂੰ ਹੱਥਾਂ ਵਿਚ ਹੱਥ ਪਾ ਕੇ ਫੜ ਲਿਆ ਅਤੇ ਕਿਹਾ, "ਦੋਵੇਂ ਅੱਖਾਂ ਬੰਦ ਕਰੋ, ਜੋ ਚਾਹੁੰਦੇ ਹੋ ਹੁਣ ਵੇਖ ਲਵੋ" ॥ ੪੦॥

ਮੁੰਦ੍ਰਿਤ ਨੈਨ ਕਿਯੇ ਤਿਨ ਜਬਹੀ। ਅਪਰ ਅਕਾਸ਼ ਦਿਖਾਯੋ ਤਬਹੀ।
ਕਿਤਿਕ ਦਿਵਸ ਤਿਹ ਬੀਚ ਬਿਹਾਰੇ। ਬਹੁਰ ਔਰ ਨਭ ਮਾਂਹਿ ਪਧਾਰੇ ॥੪੧॥

ਜਦ ਉਸ ਅੱਖਾਂ ਬੰਦ ਕੀਤੀਆਂ, ਤਦ ਸਾਰੇ ਆਕਾਸ਼ ਉਸ ਨੂੰ ਓਸੇ ਵੇਲੇ ਵਿਖਾ ਦਿੱਤੇ। ਕਈ ਦਿਨ ਉਨ੍ਹਾਂ ਭਵਨਾਂ ਵਿਚ ਫਿਰਦੇ ਰਹੇ ਫਿਰ ਹੋਰ ਧਰਤੀਆਂ ਤੇ ਚਲੇ ਗਏ ॥ ੪੧॥

ਤਿਹ ਕੋ ਦੇਖਿ ਕਿਤਿਕ ਦਿਨ ਮਾਂਹੀ। ਆਨਿ ਅਕਾਸ਼ ਪਿਖਾ ਪੁਨ ਜਾਹੀ।
ਇਸ ਬਿਧਿ ਸੋਂ ਬਹੁ ਬਰਖ ਬਿਤਾਏ। ਲਾਖ ਅਕਾਸ਼ ਤਾਂਹਿ ਦਿਖਰਾਏ ॥੪੨॥

ਕਈ ਦਿਨ ਉਨ੍ਹਾਂ ਨੂੰ ਵੇਖ ਕੇ ਫਿਰ ਹੋਰ ਆਕਾਸ਼ ਜਾ ਕੇ ਵੇਖੇ। ਇਸ ਵਿਧੀ ਅਨੁਸਾਰ ਬਹੁਤ ਸਾਲ ਬਿਤਾਏ, ਲੱਖ ਆਕਾਸ਼ ਉਸ ਨੂੰ ਵਿਖਾ ਦਿੱਤੇ ॥ ੪੨॥

ਬਹੁਰੋ ਗਏ ਪਤਾਲਨ ਮਾਂਹੀ। ਪ੍ਰਿਥਮੇ ਏਕ ਦਿਖਾਵਾ ਤਾਂਹੀ।
ਕਿਤਿਕ ਦਿਨਨ ਲੌ ਫਿਰ ਕਰਿ ਸਾਰੇ। ਬਹੁਰੋ ਦੁਤਿਜ ਪਤਾਲ ਪਧਾਰੇ ॥੪੩॥

ਫਿਰ ਉਹ ਪਾਤਾਲਾਂ ਵਿਚ ਚਲੇ ਗਏ। ਪਹਿਲਾਂ ਉਸ ਨੂੰ ਇਕ ਪਾਤਾਲ ਕਈ ਦਿਨ ਸਾਰੇ ਫਿਰ ਕੇ ਵਿਖਾਇਆ ਫਿਰ ਦੂਸਰੇ ਪਾਤਾਲ ਵਿਚ ਚਲੇ ਗਏ ॥ ੪੩॥

ਸੋ ਨੀਕੀ ਬਿਧਿ ਦੀਨ ਦਿਖਾਈ। ਪੁਨ ਤੀਜੇ ਮਹਿਂ ਗੇ ਜਗ ਸਾਈਂ।
ਇਸ ਬਿਧਿ ਸੋਂ ਜੇ ਲਾਖ ਪਤਾਲਾ। ਸਰਬ ਦਿਖਾਏ ਤਾਂਹਿ ਕ੍ਰਿਪਾਲਾ ॥੪੪॥

ਚੰਗੀ ਵਿਧੀ ਅਨੁਸਾਰ ਸਾਰੇ ਆਕਾਸ਼ ਪਾਤਾਲ ਵਿਖਾ ਦਿੱਤੇ, ਫਿਰ ਜਗਤ ਦੇ ਮਾਲਕ ਤੀਜੇ ਪਾਤਾਲ ਵਿਚ ਚਲੇ ਗਏ। ਇਸ ਤਰ੍ਹਾਂ ਜਿਹੜੇ ਲੱਖਾਂ ਪਾਤਾਲ ਸਨ ਸਾਰੇ ਕਿਰਪਾਲੂ ਗੁਰੂ ਜੀ ਨੇ ਦਸਤਗੀਰ ਦੇ ਪੁੱਤਰ ਨੂੰ ਵਿਖਾ ਦਿੱਤੇ ॥ ੪੪॥

ਬਹੁਤ ਬਰਖ ਲਗ ਕਾਲ ਬਿਤਾਯੋ। ਬਿਚਰਤਿ ਪੀਰ ਤਾਤ ਅਕੁਲਾਯੋ।
ਹਾਥ ਬੰਦਿਕੈ ਗੁਰੂ ਅਗਾਰੀ। ਹੁਇ ਅਧੀਨ ਬਹੁ ਬਿਨੈ ਉਚਾਰੀ ॥੪੫॥

ਬਹੁਤ ਸਾਲਾਂ ਦਾ ਸਮਾਂ ਬਿਤਾਇਆ, ਫਿਰਦਾ ਫਿਰਦਾ ਪੀਰ ਦਾ ਪੁੱਤਰ ਵਿਆਕੁਲ ਹੋ ਗਿਆ। ਹੱਥ ਬੰਨ੍ਹ ਕੇ ਅਤੇ ਦੀਨ ਹੋ ਕੇ ਉਸ ਗੁਰੂ ਜੀ ਅੱਗੇ ਬੇਨਤੀ ਕੀਤੀ ॥ ੪੫॥

'ਅੰਤ ਨ ਆਵਤਿ ਗੈਨ ਪਤਾਲਾ। ਬਿਚਰਤਿ ਬੀਤ ਗਯੋ ਚਿਰਕਾਲਾ।
ਚਲਊ ਆਪਨੇ ਅਬ ਅਸਥਾਨਾ। ਤੁਮ ਖੁਦਾਇ, ਹੌਂ ਲਖਹੁਂ ਨ ਆਨਾ' ॥੪੬॥

''ਆਕਾਸ਼ਾਂ ਅਤੇ ਪਾਤਾਲਾਂ ਦਾ ਤੇ ਅੰਤ ਨਹੀਂ ਪਾਇਆ ਜਾ ਸਕਦਾ, ਫਿਰਦਿਆਂ-ਫਿਰਦਿਆਂ ਬਹੁਤ ਸਮਾਂ ਬੀਤ ਗਿਆ ਹੈ। ਹੁਣ ਆਪਣੇ ਅਸਥਾਨ ਤੇ ਚਲੋ। ਤੁਸੀਂ ਹੀ ਖੁਦਾ ਹੋ, ਮੈਂ ਕਿਸੇ ਹੋਰ ਨੂੰ ਨਹੀਂ ਜਾਣਦਾ'' ॥ ੪੬ ॥

ਸੁਨਿਕੈ ਸ੍ਰੀ ਗੁਰ ਗਿਰਾ ਉਚਾਰੀ। 'ਜਿ ਕਿਛੁ ਚਾਹੁ ਹ੍ਵੈ ਰਿਦੈ ਮਝਾਰੀ।
ਦੇਖਹੁ ਔਰ ਅਕਾਸ਼ ਪਤਾਲਾ। ਅੰਤ ਨਹੀਂ ਕਛੁ, ਰਹੇ ਬਿਸ਼ਾਲਾ ॥੪੭॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਜੇ ਤੇਰੇ ਹਿਰਦੇ ਵਿਚ ਕੁਝ ਚਾਹ ਹੈ ਤਾਂ ਹੋਰ ਆਕਾਸ਼ ਪਾਤਾਲ ਵੀ ਵੇਖੋ, ਕੋਈ ਅੰਤ ਨਹੀਂ ਹੈ, ਬੇਅੰਤ ਹਨ॥ ੪੭॥

ਜੇਕਰਿ ਅਕੁਲਾਵਾ ਚਿਤ ਤੋਰਾ। ਚਲਯੋ ਚਹਤਿ ਹੈਂ ਅਪਨੇ ਠੌਰਾ।
ਤਵ ਪਿਤ ਨਿਸ਼ਚਾ ਆਵਹਿ ਜੈਸੇ। ਕਾਰਜ ਕਰਹੁ ਆਪ ਅਬ ਤੈਸੇ ॥੪੮॥

ਜੇ ਤੇਰਾ ਚਿੱਤ ਵਿਆਕੁਲ ਹੋ ਗਿਆ ਹੈ ਅਤੇ ਆਪਣੇ ਅਸਥਾਨ ਤੇ ਜਾਣਾ ਚਾਹੁੰਦੇ ਹੋ ਤਾਂ ਜਿਸ ਤਰ੍ਹਾਂ ਤੇਰੇ ਪਿਤਾ ਨੂੰ ਵਿਸ਼ਵਾਸ਼ ਹੋ ਜਾਵੇ ਹੁਣ ਉਸ ਤਰ੍ਹਾਂ ਕਾਰਜ ਕਰੋ॥ ੪੮॥

ਸੰਗਤ ਮਹਿਂ ਪੰਚਾਂਮ੍ਰਿਤ ਹੋਈ। ਤਹਿਂ ਤੇ ਲੇਕਰਿ ਚਲੀਏ ਸੋਈ।
ਅਸ ਕਹਿ ਗਏ ਜਹਾਂ ਸਤਿ ਸੰਗਤਿ। ਬੈਠੀ ਸੰਤਨ ਕੀ ਸ਼ੁਭ ਪੰਗਤਿ ॥੪੯॥

ਸੰਗਤ ਵਿਚ ਕੜਾਹ ਪ੍ਰਸ਼ਾਦ ਤਿਆਰ ਹੋਇਆ ਹੈ, ਉਸ ਨੂੰ ਲੈ ਕੇ ਚਲੀਏ। ਇਹ ਕਹਿ ਕੇ ਉਸ ਥਾਂ ਚਲੇ ਗਏ ਜਿਥੇ ਸਤਿਸੰਗਤ ਹੋ ਰਹੀ ਸੀ। ਸੰਤਾਂ ਦੀ ਸ਼ੁਭ ਪੰਗਤੀ ਬੈਠੀ ਹੋਈ ਸੀ॥ ੪੯॥

ਸ੍ਰੀ ਗੁਰ ਕੋ ਅਵਲੋਕਾ ਜਬਿਹੀ। ਉਰ ਭਰਿ ਹਰਖ ਉਠੇ ਸਭਿ ਤਬਹੀ।
ਪਦਪੰਕਜ ਪਰ ਬੰਦਨ ਧਾਰੀ। ਬੈਠਾਰੇ ਪੁਨ ਸਭਾ ਮਝਾਰੀ ॥ ੫੦ ॥

ਗੁਰੂ ਜੀ ਨੂੰ ਜਦ ਉਨ੍ਹਾਂ ਨੇ ਵੇਖਿਆ, ਸਾਰੇ ਤਦ ਦਿਲਾਂ ਵਿਚ ਖੁਸ਼ ਹੋ ਕੇ ਉੱਠ ਖਲੋਤੇ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਫਿਰ ਸਭਾ ਦੇ ਵਿਚ ਬਿਠਾ ਲਏ॥ ੫੦॥

ਦੀਪ ਬਾਰਿ ਆਰਤੀ ਉਤਾਰੀ। ਪੂਜਨ ਕੀਨ ਪ੍ਰਸ਼ੰਸ਼ ਉਚਾਰੀ।
ਕਰਿ ਪੰਚਾਂਮ੍ਰਿਤ ਕੋ ਭਲਿ ਰੀਤੀ। ਕਿਯ ਅਰਦਾਸ ਖਰੇ ਜੁਤ ਪ੍ਰੀਤੀ ॥੫੧॥

ਦੀਪਕ ਬਾਲ ਕੇ ਆਰਤੀ ਉਤਾਰੀ, ਪੂਜਾ ਕਰਕੇ ਪ੍ਰਸ਼ੰਸਾ ਕੀਤੀ। ਭਲੀ ਰੀਤੀ ਨਾਲ ਕੜਾਹ ਪ੍ਰਸ਼ਾਦ ਤਿਆਰ ਕਰਕੇ, ਖੜੇ ਹੋ ਕੇ ਬੜੇ ਪ੍ਰੇਮ ਨਾਲ ਅਰਦਾਸ ਕੀਤੀ ॥ ੫੧॥

ਬਹੁਰੋ ਬਾਂਟਿ ਦੀਨ ਸਭਿ ਤਾਈਂ। ਲੀਨ ਪੀਰ ਸੁਤ ਹਰਖ ਬਢਾਈ।
ਇਸ ਬਿਧਿ ਬਹੁ ਸੰਗਤਿ ਕੇ ਮਾਂਹੀ। ਫਿਰੇ ਪ੍ਰਭੁ ਦਿਖਰਾਈ ਤਾਂਹੀ ॥੫੨॥

ਫਿਰ ਪ੍ਰਸ਼ਾਦ ਸਾਰਿਆਂ ਵਿਚ ਵੰਡ ਦਿੱਤਾ, ਪੀਰ ਦੇ ਪੁੱਤਰ ਨੇ ਵੀ ਖੁਸ਼ ਹੋ ਕੇ ਪ੍ਰਸ਼ਾਦ ਲੈ ਲਿਆ। ਇਸ ਤਰ੍ਹਾਂ ਗੁਰੂ ਜੀ ਬਹੁਤ ਸੰਗਤ ਵਿਚ ਫਿਰੇ ਅਤੇ ਬਹੁਤ ਕੁਝ ਪੀਰ ਦੇ ਪੁੱਤਰ ਨੂੰ ਵਿਖਾਇਆ॥ ੫੨॥

ਜਬ ਕਚਕੌਲ ਪੂਰ ਤਿਹ ਲੀਨਾ। ਸ੍ਰੀ ਗੁਰ ਬਹੁਰ ਪਯਾਨੋ ਕੀਨਾ।
ਤਬ ਬਗ਼ਦਾਦ ਦੇਸ਼ ਮਹਿਂ ਆਏ। ਹੁਤੋ ਪੀਰ ਬੈਠਯੋ ਜਿਹ ਥਾਏਂ ॥੫੩॥

ਜਦ ਕੜਾਹ ਪ੍ਰਸ਼ਾਦ ਦਾ ਠੂਠਾ ਪੀਰ ਦੇ ਪੁੱਤਰ ਨੇ ਲੈ ਲਿਆ, ਸ੍ਰੀ ਗੁਰੂ ਜੀ ਫਿਰ ਧਰਤੀ ਵਲ ਚਲ ਪਏ। ਤਦ ਬਗਦਾਦ ਦੇਸ਼ ਵਿਚ ਆਏ, ਜਿਸ ਥਾਂ ਪੀਰ ਬੈਠਿਆ ਹੋਇਆ ਸੀ॥ ੫੩ ॥

ਬੂਝਨ ਕੀਨ ਪੀਰ ਸੁਤ ਤਾਈਂ। 'ਲਖ ਪਤਾਲ ਨਭ ਦੇਖੇ ਜਾਈ?।
ਕੈ ਫਕੀਰ ਨੈ ਝੂਠ ਅਲਾਏ। ਹਟਿ ਕੈ ਤੂਰਨ ਤੁਮ ਚਲਿ ਆਏ' ॥੫੪॥

ਪੀਰ ਨੇ ਆਪਣੇ ਪੁੱਤਰ ਨੂੰ ਪੁਛਿਆ, "ਕੀ ਤੂੰ ਜਾ ਕੇ ਲੱਖਾਂ ਆਕਾਸ਼ ਪਾਤਾਲ ਵੇਖੇ ਹਨ ? ਕੀ ਫਕੀਰ ਨੇ ਝੂਠ ਬੋਲਿਆ ਹੈ, ਤੁਸੀਂ ਤੁਰੰਤ ਹੀ ਵਾਪਸ ਆ ਗਏ ਹੋ" ॥ ੫੪ ॥

ਬਿਸਮਯੋ ਦਸਤਗੀਰ ਸੁਤ ਸੁਨਿਕੈ। ਅਤਿਸ਼ੈ ਅਚਰਜ ਕੋ ਮਨ ਗੁਨਿਕੈ॥
ਕਹਿਨ ਲਗਯੋ 'ਹੇ ਪਿਤਾ! ਸੁਨੀਜੈ। ਇਹੁ ਦਰਵੇਸ਼ ਖ਼ੁਦਾਇ ਲਖੀਜੈ॥੫੫॥

ਪੀਰ ਦਸਤਗੀਰ ਦਾ ਪੁੱਤਰ ਸੁਣ ਕੇ ਬਹੁਤ ਹੈਰਾਨ ਹੋਇਆ, ਅਜਿਹੀ ਅਚਰਜ ਘਟਨਾ ਨੂੰ ਮਨ ਵਿਚ ਵਿਚਾਰ ਕੇ ਕਹਿਣ ਲੱਗਾ "ਹੇ ਪਿਤਾ ਜੀ ! ਸੁਣੋ, ਇਸ ਦਰਵੇਸ਼ ਨੂੰ ਖ਼ੁਦਾ ਪਹਿਚਾਣੋ॥ ੫੫ ॥

ਤੁਮ ਤੌ ਕਹਯੋ ਕਿ ਤੂਰਨ ਆਏ। ਕਿਤੇ ਸਹਸ ਹਮ ਬਰਖ ਬਿਤਾਏ।
ਲੱਖ ਪਤਾਲ ਅਕਾਸ਼ ਦਿਖਾਏ। ਬਹੁਰੋ ਓਰਕ ਹਾਥ ਨ ਆਏ॥੫੬॥

ਤੁਸੀਂ ਤੇ ਕਹਿੰਦੇ ਹੋ ਛੇਤੀ ਆ ਗਏ ਹੋ, ਅਸੀਂ ਤਾਂ ਓਥੇ ਕਈ ਸੋ ਸਾਲ ਬਤੀਤ ਕੀਤੇ ਹਨ। ਲੱਖਾਂ ਆਕਾਸ਼ ਤੇ ਪਾਤਾਲ ਵਿਖਾਏ ਹਨ, ਉਨ੍ਹਾਂ ਦੀ ਓੜਕ ਹੱਥ ਨਹੀਂ ਸੀ ਆਉਂਦੀ ॥ ੫੬ ॥

ਗਯੋ ਹਾਰ ਅਵਲੋਕਯੋ ਜਬਹੀ। ਕਹਿ ਕਰਿ ਮੈਂ ਹਟਿ ਆਵਾ ਤਬਹੀ।
ਜਹਿਂ ਕਹਿਂ ਸੰਗਤਿ ਇਨਕੀ ਦੇਖੀ। ਪਦ ਪੂਜਹਿਂ ਕਰਿ ਪ੍ਰੀਤਿ ਵਿਸ਼ੇਖੀ' ॥੫੭॥

ਜਦ ਮੈਂ ਸਭ ਕੁਝ ਵੇਖਿਆ ਤਾਂ ਹਾਰ ਗਿਆ, ਇਨ੍ਹਾਂ ਨੂੰ ਕਹਿ ਕੇ ਮੈਂ ਵਾਪਿਸ ਆ ਗਿਆ ਹਾਂ, ਜਿਥੇ ਕਿਤੇ ਵੀ ਇਨ੍ਹਾਂ ਦੀ ਸੰਗਤ ਵੇਖੀ, ਉਹ ਲੋਕ ਬਹੁਤ ਪ੍ਰੇਮ ਕਰਕੇ ਇਨ੍ਹਾਂ ਦੇ ਚਰਨਾਂ ਦੀ ਪੂਜਾ ਕਰਦੇ ਸਨ" ॥ ੫੭॥

ਦਸਤਗੀਰ ਸੁਨਿ ਅਦਭੁਤ ਬਾਨੀ। ਬਿਸਮ ਰਹਯੋ ਕਛੁ ਜਾਤਿ ਨ ਜਾਨੀ।
ਇਹ ਠਾਂ ਘਟਿਕਾ ਬੀਤੀ ਦੋਊ। ਬੈਠੇ ਰਹੇ ਉਠੇ ਨਹਿਂ ਕੋਊ॥੫੮॥

ਦਸਤਗੀਰ ਇਹ ਅਦਭੁਤ ਗੱਲ ਸੁਣ ਕੇ ਹੈਰਾਨ ਹੋਇਆ ਅਤੇ ਕਿਹਾ, "ਕੁਝ ਜਾਣਿਆਂ ਨਹੀਂ ਜਾ ਸਕਦਾ। ਇਸ ਥਾਂ ਦੋ ਘੜੀਆਂ ਬੀਤੀਆਂ ਹਨ। ਸਾਰੇ ਬੈਠੇ ਰਹੇ ਹਨ, ਕੋਈ ਵੀ ਉਠਿਆ ਨਹੀਂ॥ ੫੮ ॥

ਬਰਖ ਅਗਨ ਇਹ ਕਹਿਤਿ ਬਿਤਾਏ। ਲਾਖ ਪਤਾਲ ਅਕਾਸ਼ ਦਿਖਾਏ।
ਸਭਿ ਬਿਧਿ ਲਖਿਕੈ ਬਾਤ ਅਸ਼ੰਭਾ। ਮਾਨਿ ਰਹਯੋ ਮਨ ਪੀਰ ਅਚੰਭਾ॥੫੯॥

ਅਣਗਿਣਤ ਸਾਲ ਇਸ ਕਹਿ ਕੇ ਦੱਸੇ ਹਨ, ਲੱਖਾਂ ਆਕਾਸ਼ ਅਤੇ ਪਾਤਾਲ ਵਿਖਾਏ ਹਨ। ਸਭ ਤਰ੍ਹਾਂ ਨਾਲ ਵੇਖ ਕੇ ਇਹ ਗੱਲ ਅਸੰਭਵ ਲੱਗਦੀ ਹੈ। ਪੀਰ ਆਪਣੇ ਮਨ ਵਿਚ ਅਚੰਭਾ ਮਨ ਰਿਹਾ ਸੀ॥ ੫੯ ॥

ਰਿਦੈ ਬਿਚਾਰ ਕੀਨ ਚਿਰ ਤਾਈਂ। ਸਭਿ ਪੀਰਨ ਮਹਿਂ ਮੋਰ ਬਡਾਈ।
ਅਜ਼ਮਤ ਮਾਂਹੀ ਮੋਹਿ ਸਮਾਨਾ। ਜਗਤ ਬਿਖੇ ਕੋ ਪਿਖੋਂ ਨ ਆਨਾ॥੬੦॥

ਪੀਰ ਦਸਤਗੀਰ ਨੇ ਆਪਣੇ ਹਿਰਦੇ ਵਿਚ ਕਾਫੀ ਸਮੇਂ ਤਕ ਵਿਚਾਰ ਕੀਤੀ, ਸਭ ਪੀਰਾਂ ਵਿਚ ਮੇਰੀ ਵਡਿਆਈ ਹੈ, ਮੇਰੇ ਵਰਗਾ ਕਰਾਮਾਤੀ ਜਗਤ ਵਿਚ ਕੋਈ ਦੂਸਰਾ ਨਹੀਂ ਵੇਖਿਆ ਹੈ॥ ੬੦ ॥

ਸਭਿ ਹੀ ਆਨ ਮਾਨਿਹੈਂ ਮੋਰੀ। ਦੇਸ਼ ਨਿਵਾਏ ਪਗ ਕਰਿ ਜੋਰੀ।
ਮਮ ਅਜ਼ਮਤ ਲੇਸ਼ ਨ ਇਸ ਆਗੈ। ਮੇਰੁ ਨਿਕਟਿ ਜਿਉਂ ਰੰਚਕ ਲਾਗੇ ॥੬੧॥

ਸਾਰੇ ਹੀ ਮੇਰੀ ਦੀਨ ਮੰਨਦੇ ਹਨ, ਸਾਰੇ ਦੇਸ਼ ਹਥ ਜੁੜਵਾ ਕੇ ਪੈਰਾਂ ਤੇ ਪਵਾਏ ਹਨ। ਮੇਰੀ ਕਰਾਮਾਤ ਤਾਂ ਇਸ ਅੱਗੇ ਰਤਾ ਵੀ ਨਹੀਂ। ਸੁਮੇਰ ਪਰਬਤ ਲਾਗੇ ਜਿਵੇਂ ਰੇਤ ਦਾ ਕਿਣਕਾ ਹੁੰਦਾ ਹੈ॥ ੬੧॥

ਇਹੁ ਤੋ ਮਾਨੁਖ ਤਨੁ ਨਹਿ ਹੋਈ। ਅਹੈ ਖ਼ੁਦਾਇ ਧਰਯੋ ਤਨ ਸੋਈ।
ਇਸ ਕੀ ਸਰਬਰ ਹੋਇ ਨ ਕੋਊ। ਬੰਦਨ ਬਨੈ ਬੰਦਿ ਕਰ ਦੋਊ ॥੬੨॥

ਇਹ ਮਨੁੱਖ ਦਾ ਤਨ ਨਹੀਂ ਹੈ। ਇਹ ਤਾਂ ਖ਼ੁਦਾ ਨੇ ਤਨ ਧਾਰਨ ਕੀਤਾ ਹੈ। ਇਸ ਦੇ ਬਰਾਬਰ ਕੋਈ ਨਹੀਂ ਹੋ ਸਕਦਾ, ਦੋਵੇਂ ਹੱਥ ਜੋੜਕੇ ਨਮਸ਼ਕਾਰ ਕਰਨੀ ਬਣਦੀ ਹੈ॥ ੬੨॥

ਅਸ ਬਿਚਾਰਿਕੈ ਪਾਇਨ ਪਰਿਓ। ਉਰਕੋ ਸਕਲ ਗਰਬ ਪਰਹਰਿਓ।
ਸਭਿ ਮੁਰੀਦ ਕੋ ਗਿਰਾ ਅਲਾਈ। 'ਪਗ ਲਗ ਲੇਹੁ ਖ਼ਤਾ ਬਖ਼ਸ਼ਾਈ ॥੬੩॥

ਇਹ ਵਿਚਾਰ ਕੇ ਪੈਰੀ ਪੈ ਗਿਆ। ਹਿਰਦੇ ਦੇ ਸਾਰੇ ਅਹੰਕਾਰ ਨੂੰ ਦੂਰ ਕੀਤਾ। ਸਾਰੇ ਮੁਰੀਦਾਂ ਨੂੰ ਕਿਹਾ, "ਇਨ੍ਹਾਂ ਦੇ ਚਰਨਾਂ ਤੇ ਮੱਥਾ ਟੇਕੋ ਅਤੇ ਗੁਨਾਹ ਬਖਸ਼ਾ ਲਵੋ॥ ੬੩॥

ਇਸ ਕੋ ਮਾਨੁਖ ਤਨ ਨਹਿੰ ਜਾਨੋ। ਅਲਹਿ ਖ਼ੁਦਾਇ ਸਰੂਪ ਪਛਾਨੋ।
ਲੋਗਨ ਸੁਨਿ ਨਿਯੋਗ ਨਿਜ ਪੀਰਾ। ਨਿਸ਼ਚੈ ਜਾਨਯੋ ਗੁਨੀ ਗਹੀਰਾ ॥੬੪॥

ਇਨ੍ਹਾਂ ਨੂੰ ਮਨੁੱਖਾ ਸਰੀਰ ਨਾ ਜਾਣੋ, ਅੱਲਾਹ, ਖ਼ੁਦਾ ਸਰੂਪ ਪਛਾਣੋ।" ਲੋਕਾਂ ਨੇ ਪੀਰ ਦੀ ਆਗਿਆ ਸੁਣ ਕੇ ਗੁਰੂ ਜੀ ਨੂੰ ਨਿਸ਼ਚੈ ਹੀ ਗੁਣਾਂ ਦਾ ਸਾਗਰ ਜਾਣਿਆ॥ ੬੪॥

ਪਾਇਨ ਆਇ ਉਤਾਇਲ ਪਰੇ। ਨਾਨਾ ਬਿਧਿਨਿ ਉਪਾਇਨ ਧਰੇ।
ਉਤਰੀ ਅਧੋ ਭੁਜਾ ਸਭਿ ਹੀ ਕੀ। ਭਈ ਅਗਾਰੀ ਬਿਧਿ ਜਿਉਂ ਨੀਕੀ ॥੬੫॥

ਬੜੇ ਉਤਾਵਲੇ ਹੋ ਕੇ ਪੈਰਾਂ ਤੇ ਪੈ ਗਏ ਅਤੇ ਕਈ ਪ੍ਰਕਾਰ ਦੇ ਉਪਹਾਰ ਅੱਗੇ ਧਰੇ। ਸਾਰਿਆਂ ਦੀਆਂ ਖੜੀਆਂ ਬਾਹਾਂ ਥਲੇ ਹੋ ਗਈਆਂ। ਭਲੀ ਵਿਧੀ ਅਨੁਸਾਰ ਅੱਗੇ ਆ ਗਈਆਂ॥ ੬੫॥

ਤਿਹ ਛਿਨ ਸ਼ਰਧਾ ਬਧੀ ਮਹਾਨਾ। ਪੂਜਨ ਲਗਯੋ ਸਰਬ ਤੁਰਕਾਨਾ।
ਪ੍ਰਭੁ ਸਭਿ ਕੋ ਦੀਨੋ ਉਪਦੇਸ਼ਾ। 'ਸਤਿਨਾਮ ਸਿਮਰਹੁ ਜਗਤੇਸ਼ਾ ॥੬੬॥

ਉਸੇ ਵੇਲੇ ਮਹਾਨ ਸ਼ਰਧਾ ਵਧੀ, ਸਾਰੇ ਤੁਰਕ ਗੁਰੂ ਜੀ ਨੂੰ ਪੂਜਣ ਲੱਗੇ। ਗੁਰੂ ਜੀ ਨੇ ਸਾਰਿਆਂ ਨੂੰ ਉਪਦੇਸ਼ ਦਿੱਤਾ ਅਤੇ ਕਿਹਾ, "ਜਗਤ ਦੇ ਮਾਲਕ ਦੇ ਸੱਚੇ ਨਾਮ ਦਾ ਸਿਮਰਨ ਕਰੋ॥ ੬੬॥

ਪੱਖ ਬਾਦ ਕੋ ਭੂਲ ਨ ਕਰੀਏ। ਇਕ ਖ਼ੁਦਾਇ ਸਭਿ ਬਿਖੈ ਨਿਹਰੀਏ।
ਕਰਹੁ ਜਿ ਦ੍ਰਿੜ ਅਸ ਬਿਧਿ ਅਭ੍ਯਾਸਾ। ਪ੍ਰਾਪਤਿ ਹੋਇ ਮੁਕਤਿ ਸੁਖ ਰਾਸਾ ॥੬੭॥

ਪੱਖਪਾਤ ਦੀ ਭੁਲ ਨਾ ਕਰੋ ਅਤੇ ਖੁਦਾ ਨੂੰ ਸਭ ਵਿਚ ਵੇਖੋ। ਜੇ ਇਸ ਤਰ੍ਹਾਂ ਦ੍ਰਿੜ੍ਹ ਅਭਿਆਸ ਕਰੋਗੇ ਤਾਂ ਸੁਖਾਂ ਦੀ ਰਾਸ ਭਾਵ ਮੁਕਤੀ ਪ੍ਰਾਪਤ ਹੋਵੇਗੀ॥ ੬੭॥

ਕਿਤਿਕ ਦਿਵਸ ਗੁਰ ਤਹਾਂ ਗੁਜ਼ਾਰੇ। ਦੇ ਉਪਦੇਸ਼ ਅਧਿਕ ਨਰ ਤਾਰੇ।
ਬਹੁਰ ਗਵਨ ਕੀ ਕੀਨੀ ਤਯਾਰੀ। ਨਮਸਕਾਰ ਤਿਹ ਚਰਨ ਹਮਾਰੀ ॥੬੮॥

ਗੁਰੂ ਜੀ ਨੇ ਓਥੇ ਕਈ ਦਿਨ ਗੁਜ਼ਾਰੇ ਅਤੇ ਉਪਦੇਸ਼ ਦੇ ਕੇ ਬਹੁਤ ਮਨੁੱਖਾਂ ਨੂੰ ਤਾਰਿਆ। ਫਿਰ ਅੱਗੇ ਚਲਣ ਦੀ ਤਿਆਰੀ ਕਰ ਲਈ। ਮੇਰੀ ਉਸ ਸਤਿਗੁਰੂ ਜੀ ਨੂੰ ਨਮਸ਼ਕਾਰ ਹੈ॥ ੬੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਬਗਦਾਦ ਕੋ ਪ੍ਰਸੰਗ' ਬਰਨਨੰ ਨਾਮ ਚੌਤਿਸਮੋ ਅਧਯਾਯ॥ ੩੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੌਤੀਵਾਂ ਅਧਿਆਇ, ਜਿਸ ਦਾ ਨਾਮ ''ਬਗਦਾਦ, ਦਸਤਗੀਰ ਪੀਰ-ਉਧਾਰ' ਹੈ, ਸਮਾਪਤ ਹੋਇਆ॥ ੩੪॥

# ਅਧਿਆਇ ਪੈਂਤੀਵਾਂ

*ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ ਠੱਗ, ਸ਼ਹਿਜ਼ਾਦਾ*

ਦੋਹਰਾ- ਸ੍ਰੀ ਗੁਰ ਜਸ ਕਮਲਨ ਬਨੀ ਮਨ ਕਰਿ ਭੌਰ ਲੁਭਾਇ।
ਨਿਸ ਦਿਨ ਬਿਚਰਹੁ ਤਾਸ ਮਹਿਂ ਗਤਿ ਸੁਗੰਧਿ ਸ਼ੁਭ ਪਾਇ॥ ੧॥

ਸ੍ਰੀ ਗੁਰੂ ਜੀ ਦਾ ਜਸ ਕੰਵਲਾਂ ਦੀ ਵਾੜੀ ਹੈ, ਉਸ ਉਤੇ ਮਨ ਨੂੰ ਭੌਰੇ ਵਾਂਗ ਲਭਾਇਮਾਨ ਕਰਕੇ ਦਿਨ ਰਾਤ ਉਸ ਵਾੜੀ ਵਿਚ ਵਿਚਰੋ, ਤਾਂ ਮੁਕਤੀ ਰੂਪੀ ਸੋਹਣੀ ਸੁਗੰਧੀ ਪ੍ਰਾਪਤ ਹੋ ਜਾਂਦੀ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ! ਸੁਨਿ ਕਥਾ ਮਹਾਨਾਂ। ਸ੍ਰੀ ਗੁਰ ਸੋਂ ਬੋਲਜੋ ਮਰਦਾਨਾ।
'ਅਬ ਤੇ ਕੀਨੀ ਸੈਲ ਘਨੇਰੀ। ਫਿਰੇ ਜਹਾਂ ਤਹਿਂ ਛਿਤ ਬਹੁ ਹੇਰੀ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਇਹ ਮਹਾਨ ਗੁਰ ਕਥਾ ਸੁਣੋ। ਗੁਰੂ ਜੀ ਨੂੰ ਮਰਦਾਨੇ ਨੇ ਕਿਹਾ, ''ਹੁਣ ਤਾਂ ਬਹੁਤ ਸੈਰ ਕਰ ਲਈ, ਜਿੱਥੇ ਕਿੱਥੇ ਫਿਰ ਕੇ ਬਹੁਤ ਧਰਤੀ ਵੇਖੀ ਹੈ॥ ੨॥

ਗਮਨ ਕਰਹੁ ਅਬਿ ਅਪਨਿ ਨਿਕੇਤਾ'। ਸੁਨਿ ਬੋਲੇ ਬੇਦੀ ਕੁਲਕੇਤਾ।
'ਮਰਦਾਨੇ! ਘਰ ਯਾਦ ਤੁਮਾਰੇ। ਰਹਿਤਿ ਸਦਾ, ਨਹਿਂ ਕਰਹੁ ਬਿਸਾਰੇ॥੩॥

ਹੁਣ ਆਪਣੇ ਘਰ ਚਲੋ।'' ਇਹ ਸੁਣ ਕੇ ਗੁਰੂ ਜੀ ਬੋਲੇ, ''ਹੇ ਮਰਦਾਨੇ! ਤੈਨੂੰ ਘਰ ਸਦਾ ਯਾਦ ਰਹਿੰਦਾ ਹੈ, ਕਦੇ ਵੀ ਮਨ ਵਿਚੋਂ ਵਿਸਾਰਦਾ ਨਹੀਂ॥ ੩॥

ਜਾਵਨ ਕੀ ਅਤਿ ਚਾਹਿ ਜਿ ਹੋਹੀ। ਦੇਹਿਂ ਪੁਚਾਇ ਬਿਲਮ ਬਿਨੁ ਤੋਹੀ।
ਜਾਇ ਮਿਲਹੁ ਅਪਨੇ ਪਰਵਾਰਾ। ਬਨਿਤਾ ਸੁਤ ਸੋਂ ਕਰਹੁ ਪਯਾਰਾ'॥੪॥

ਜੇ ਜਾਣ ਦੀ ਤੇਰੀ ਅਤਿ ਚਾਹ ਹੈ, ਤੈਨੂੰ ਕਿਸੇ ਦੇਰ ਤੋਂ ਬਗੈਰ ਝਟ ਪਹੁੰਚਾ ਦਿੰਦੇ ਹਾਂ। ਜਾ ਕੇ ਆਪਣੇ ਪਰਿਵਾਰ ਨੂੰ ਮਿਲ ਲਵੋ, ਪੁੱਤਰਾਂ ਅਤੇ ਇਸਤਰੀ ਨਾਲ ਪਿਆਰ ਕਰੋ॥ ੪॥

ਕਹਿ ਮਰਦਾਨਾ, 'ਸਹਿਜ ਸੁਭਾਇਕ। ਮੈਂ ਬੂਝੇ, ਸੁਨੀਏ ਸੁਖਦਾਇਕ!
ਪ੍ਰਥਮੇ ਜਾਉਂ ਨ ਸਦਨ ਮਝਾਰੇ। ਆਪ ਚਲਹੁ ਤੌ ਜਾਇਂ ਸੰਗਾਰੇ'॥੫॥

ਮਰਦਾਨੇ ਨੇ ਕਿਹਾ, ''ਹੇ ਸੁਖਾਂ ਦੇ ਦਾਤੇ, ਪ੍ਰਭੂ ਜੀ, ''ਮੈਂ ਤਾਂ ਸਹਿਜ ਸੁਭਾਅ ਹੀ ਪੁਛਿਆ ਸੀ। ਮੈਂ ਪਹਿਲਾਂ ਆਪਣੇ ਘਰ ਨਹੀਂ ਜਾਵਾਂਗਾ, ਆਪ ਚਲੋਗੇ ਤਾਂ ਤੁਹਾਡੇ ਨਾਲ ਜਾਵਾਂਗਾ॥ ੫॥

ਸ੍ਰੀ ਗੁਰ ਬੋਲੇ ਸਹਿਜ ਸੁਭਾਇ। 'ਤੂੰ ਹਮ ਤੇ ਪਹਿਲੇ ਹੀ ਜਾਇ।
ਇਸਥਿਰ ਆਲਯ ਲੇਹਿਂ ਸੰਭਾਰੂ। ਭਵ ਬੰਧਨ ਤੇ ਹ੍ਵੈ ਛੁਟਕਾਰੂ ॥ ੬ ॥

ਸ੍ਰੀ ਗੁਰੂ ਜੀ ਸਹਿਜ ਸੁਭਾ ਬੋਲੇ, "ਤੂੰ ਸਾਥੋਂ ਪਹਿਲਾਂ ਹੀ ਜਾਵੇਂਗਾ, ਪਰਲੋਕ ਨੂੰ ਸੰਭਾਲ ਲਵੇ ਅਤੇ ਤੁਹਾਡਾ ਸੰਸਾਰੀ ਬੰਧਨਾਂ ਤੋਂ ਛੁਟਕਾਰਾ ਹੋ ਜਾਵੇਗਾ॥ ੬ ॥

ਜਗ ਮਹਿ ਹੋਵਹਿ ਫੇਰ ਨ ਫੇਰਾ। ਜਨਮ ਮਰਨ ਦੁਖ ਮਿਟਿਗਾ ਤੇਰਾ'।
ਜਾਨਜੋ ਸਾਚ ਬਚਨ ਪ੍ਰਭੁ ਹੋਹੀਂ। ਬੋਲਜੋ ਮਰਦਾਨਾ ਹਨਿ ਮੋਹੀਂ ॥ ੭ ॥

ਜਗਤ ਵਿਚ ਤੇਰਾ ਦੁਬਾਰਾ ਫੇਰਾ ਨਹੀਂ ਹੋਵੇਗਾ, ਜਨਮ ਮਰਨ ਦਾ ਤੇਰਾ ਦੁੱਖ ਮਿਟ ਜਾਵੇਗਾ।" ਮਰਦਾਨੇ ਜਾਣਿਆ ਕਿ ਗੁਰੂ ਜੀ ਦਾ ਬਚਨ ਸੱਚਾ ਹੋਵੇਗਾ, ਮਰਦਾਨਾ ਮੋਹ ਨੂੰ ਨਾਸ਼ ਕਰਕੇ ਬੋਲਿਆ॥ ੭॥

'ਜਹਿਂ ਤਨ ਛੁਟੈ ਕੌਨ ਥਲ ਹੋਹੀ। ਰਹੀ ਆਰਬਲ ਕਿਤਨਿਕੁ ਮੋਹੀ?
ਰਾਵਰ ਕੇ ਹਿਰਦੇ ਸਭਿ ਗਜਾਤਾ। ਇਹੁ ਬਿਤਾਇ ਦੀਜੈ, ਸੁਖਦਾਤਾ!' ॥ ੮ ॥

ਮੇਰਾ ਤਨ ਤੋਂ ਛੁਟਕਾਰਾ ਕਿਸ ਥਾਂ ਹੋਵੇਗਾ, ਹੁਣ ਮੇਰੀ ਕਿੰਨੀ ਉਮਰ ਬਾਕੀ ਹੈ? ਆਪ ਜੀ ਤਾਂ ਸਭ ਕੁਝ ਜਾਣਦੇ ਹੋ, ਹੇ ਸੁਖ ਦਾਤਾ ਇਹ ਤਬ ਮੈਨੂੰ ਦੱਸ ਦੇਵੋ॥ ੮॥

'ਭਲੋ ਸਥਲ ਜਾਨਹੁ, ਮਰਦਾਨਾ!। ਜਹਾਂ ਹੋਇਗੋ ਤੋਰ ਚਲਾਨਾ।
ਪੰਚ ਦਿਵਸ ਲੌ ਆਯੁਰ ਤੇਰੀ। ਤੀਨ ਘਟੀ ਦਿਨ ਰਹਿ ਤਿਹ ਬੇਰੀ ॥੯ ॥

ਗੁਰੂ ਜੀ ਕਿਹਾ, "ਹੇ ਮਰਦਾਨੇ ! ਉਹ ਭਲਾ ਸਥਾਨ ਹੀ ਜਾਣੋ ਜਿਥੇ ਤੇਰਾ ਚਲਾਣਾ ਹੋਵੇਗਾ। ਪੰਜ ਦਿਨ ਤੇਰੀ ਉਮਰ ਰਹਿੰਦੀ ਹੈ ਜਦ ਤਿੰਨ ਘੜੀ ਦਿਨ ਰਹੇਗਾ॥ ੯ ॥

ਪੰਚ ਭੂਤਕ ਤਨ ਕੋ ਤਬ ਛੋਰਿ। ਪਹੁੰਚੋ ਜਾਇ ਅਚਲ ਜਹਿਂ ਠੌਰ'।
ਬੂਝਨ ਲਗਾ ਬਹੁਰ ਮਰਦਾਨਾ। 'ਹੋਵਹਿ ਜਬ ਹੀ ਮੋਰ ਚਲਾਨਾ ॥੧੦ ॥

ਪੰਚ ਭੂਤਕ ਸਰੀਰ ਨੂੰ ਫਿਰ ਛੱਡਕੇ, ਉਸ ਥਾਂ ਪਹੁੰਚ ਜਾਵੇਂਗਾ ਜਿਹੜਾ ਤੇਰਾ ਪਕਾ ਥਾਂ ਹੈ।" ਮਰਦਾਨਾ ਫਿਰ ਪੁੱਛਣ ਲੱਗਾ, "ਜਦ ਮੇਰਾ ਚਲਾਣਾ ਹੋਵੇਗਾ॥ ੧੦॥

ਆਪ ਨਿਕਟ ਤੁਮ ਹੋਹੁ ਕਿ ਨਾਂਹੀ?। ਇਹ ਜਾਨਨਿ ਕੀ ਮਮ ਚਿਤ ਚਾਹੀ!।'
ਸੁਨਿ ਬੋਲੇ ਬੇਦੀ ਕੁਲ ਦੀਪਾ। 'ਹਮ ਤਬ ਤੇਰੇ ਰਹੈਂ ਸਮੀਪਾ ॥ ੧੧ ॥

ਤੁਸੀਂ ਮੇਰੇ ਪਾਸ ਹੋਵੋਗੇ ਕਿ ਨਹੀਂ ? ਮੇਰਾ ਚਿੱਤ ਇਹ ਜਾਨਣਾ ਚਾਹੁੰਦਾ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ, "ਅਸੀਂ ਉਸ ਵੇਲੇ ਤੇਰੇ ਪਾਸ ਰਹਾਂਗੇ॥ ੧੧ ॥

ਕਰਿ ਕੈ ਸਭਿ ਪ੍ਰਕਾਰ ਬਿਧਿ ਆਛੇ। ਅਪਰ ਥਾਨ ਗਮਨੈਂ ਤਬ ਪਾਛੇ'।
ਸਭਿ ਬਿਧਿ ਸੋਂ ਕਹਿਕੈ ਜਗਸਾਈਂ। ਬਿਦਾ ਪੀਰ ਤੇ ਹ੍ਵੈ ਬਰਿਆਈ ॥ ੧੨ ॥

ਸਭ ਪ੍ਰਕਾਰ ਚੰਗੀ ਵਿਧੀ ਕਰਕੇ ਫਿਰ ਪਿਛੋਂ ਅਸੀਂ ਕਿਸੇ ਹੋਰ ਥਾਂ ਜਾਵਾਂਗੇ।" ਗੁਰੂ ਜੀ ਨੇ ਦਸਤਗੀਰ ਪੀਰ ਨੂੰ ਸਭ ਤਰ੍ਹਾਂ ਕਹਿ ਕੇ ਜ਼ੋਰਾ ਜ਼ੋਰੀ ਵਿਦਾ ਲਈ ॥ ੧੨ ॥

ਮੰਦ ਮੰਦ ਮਗ ਮੇਂ ਪ੍ਰਸਥਾਨੇ। ਚਾਰ ਦਿਵਸ ਬੀਤੇ ਜਬ ਜਾਨੇ।
ਸੁਪਨਾ ਇਕ ਬਿਲੋਕਿ ਮਰਦਾਨਾ। ਗਤਿਦਾਨੀ ਸੋਂ ਬਚਨ ਬਖਾਨਾ ॥੧੩ ॥

ਹੌਲੀ ਹੌਲੀ ਕਿਸੇ ਹੋਰ ਥਾਂ ਪਹੁੰਚਣ ਲਈ ਤੁਰੇ ਜਾ ਰਹੇ ਸਨ। ਜਦ ਚਾਰ ਦਿਨ ਬੀਤ ਗਏ ਤਾਂ ਮਰਦਾਨੇ ਨੂੰ ਇਕ ਸੁਪਨਾ ਆਇਆ ਅਤੇ ਮੁਕਤੀ ਦਾਤੇ ਨਾਲ ਉਸ ਬਚਨ ਕੀਤਾ॥ ੧੩॥

'ਮੋਕਉ ਪ੍ਰਗਟ ਸੁਪਨ ਹੈ ਆਯੋ। ਜਾਰਹਿਂ ਪੁਨ ਜੋ ਧਰਨਿ ਦਬਾਯੋ।
ਆਗੇ ਜਾਰਨ ਤੇ ਇਹ ਥਾਈਂ। ਮੁਝ ਦਿਹੁ ਦਾਹੁ ਅਗਨਿ ਜਗਸਾਈਂ॥੧੪॥

''ਮੈਨੂੰ ਇਕ ਸਪੱਸ਼ਟ ਸੁਪਨਾ ਆਇਆ ਹੈ। ਜੋ ਲੋਕ ਧਰਤੀ ਵਿਚ ਦੱਬੇ ਜਾਂਦੇ ਹਨ, ਉਨ੍ਹਾਂ ਨੂੰ ਮੁੜ ਕੇ ਸਾੜਦੇ ਹਨ, ਮੁੜ ਕੇ ਸੜਨ ਨਾਲੋਂ ਮੇਰਾ ਇਸ ਥਾਂ ਅੱਗ ਨਾਲ ਦਾਹ ਸੰਸਕਾਰ ਕਰ ਦੇਣਾ॥ ੧੪॥

ਧਰਨਿ ਬਿਖੈ ਦਫਨਾਵਹੁ ਨਾਂਹੀ। ਰਹਿਤਿ ਨਪਾਕ ਲਖਯੋ ਮਨ ਮਾਂਹੀ'।
ਗੁਰੂ ਭਨਯੋ 'ਹਮਰੇ ਸਿਰ ਭਾਰੰ। ਨਹਿਂ ਦਫਨੈਂ ਦੇਵਹਿਂ ਤੁਹਿ ਜਾਰੰ॥੧੫॥

ਧਰਤੀ ਵਿਚ ਦਫਨ ਨਾ ਕਰਨਾ, ਮੈਂ ਮਨ ਵਿਚ ਅਪਵਿਤਰ ਜਾਣਿਆ ਹੈ।'' ਗੁਰੂ ਜੀ ਨੇ ਕਿਹਾ, ''ਇਹ ਸਾਡਾ ਜ਼ਿੰਮਾ ਰਿਹਾ, ਤੈਨੂੰ ਦਫਨ ਨਹੀਂ ਕਰਾਂਗੇ, ਅੱਗ ਵਿਚ ਸਾੜਾਂਗੇ॥ ੧੫॥

ਤੇਰੋ ਕਹਯੋ ਕਰੈਂ ਬਿਧਿ ਨੀਕੀ। ਭਈ ਭਾਵਨੀ ਜਿਉਂ ਤੁਝ ਜੀਕੀ।
ਅਬ ਚਲਿ ਖਰਮੇ ਨਗਰ ਮਝਾਰਾ। ਤਹਿਂ ਤਵ ਖਾਨੋ ਰਹਯੋ ਅਹਾਰਾ॥੧੬॥

ਤੇਰੇ ਕਹੇ ਮੁਤਾਬਕ ਚੰਗੀ ਵਿਧੀ ਨਾਲ ਤੇਰੇ ਮਨ ਦੀ ਭਾਵਨਾ ਅਨੁਸਾਰ ਹੀ ਕਰਾਂਗੇ। ਹੁਣ ਖੁਰਮੇ ਨਗਰ ਵਿਚ ਚਲੋ, ਓਥੇ ਤੁਹਾਡੇ ਖਾਣ ਵਾਸਤੇ ਭੋਜਨ ਹੈ॥ ੧੬॥

ਤਜਹੁ ਸਰੀਰ ਜਹਾਂ ਮਰਦਾਨੇ। ਸੰਤਤਿ ਤੋਰ ਰਹੈ ਤਿਹ ਥਾਨੇ'।
ਅਸ ਕਹਿ ਖੁਰਮੇ ਪੁਰਿ ਮੈਂ ਗਏ। ਸੁੰਦਰ ਰਚਨਾ ਦੇਖਤਿ ਭਏ॥੧੭॥

ਓਥੇ ਜਾ ਕੇ ਆਪਣਾ ਸਰੀਰ ਛੱਡੋ, ਉਸ ਥਾਂ ਤੇਰੀ ਸੰਤਾਨ ਰਹੇਗੀ। ਇਸ ਤਰ੍ਹਾਂ ਕਹਿ ਕੇ ਖੁਰਮੇਪੁਰ ਵਿਚ ਗਏ। ਸੁੰਦਰ ਬਣੇ ਸ਼ਹਿਰ ਨੂੰ ਵੇਖਿਆ॥ ੧੭॥

ਬੀਚ ਬਜਾਰ ਗਏ ਜਗ ਸਾਈਂ। ਮਰਦਾਨੇ ਸੋਂ ਗਿਰਾ ਅਲਾਈ।
'ਤੇਰੋ ਬਾਕੀ ਰਹਯੋ ਅਹਾਰਾ। ਖਾਵਨ ਕਰਹੁ ਅੰਤ ਕੀ ਬਾਰਾ'॥੧੮॥

ਗੁਰੂ ਜੀ ਬਾਜ਼ਾਰ ਦੇ ਵਿਚ ਚਲੇ ਗਏ ਅਤੇ ਮਰਦਾਨੇ ਨੂੰ ਕਿਹਾ। ਤੇਰਾ ਭੋਜਨ ਬਾਕੀ ਰਹਿੰਦਾ ਹੈ। ਆਖਰੀ ਵਾਰ ਦਾ ਖਾਣਾ ਖਾ ਲਵੋ॥ ੧੮॥

ਮਾਨਿ ਬਚਨ ਤਿਨ ਲੇ ਕਰਿ ਖਾਯੋ। ਤ੍ਰੈ ਘਟਿਕਾ ਦਿਨ ਸਮਾਂ ਸੁ ਆਯੋ।
ਪੁਰਿ ਤੇ ਵਹਿਰ ਰੁਚਿਰ ਥਲ ਪਿਖਿਕੈ। ਬੈਠੇ ਜਾਇ ਤਹਾਂ ਜਨ ਲਖਿਕੈ॥੧੯॥

ਗੁਰੂ ਜੀ ਦੇ ਬਚਨ ਮੰਨ ਕੇ ਮਰਦਾਨੇ ਨੇ ਭੋਜਨ ਖਾਧਾ। ਤਿੰਨ ਘੜੀ ਦਾ ਸਮਾਂ ਜਦ ਆਇਆ, ਸ਼ਹਿਰ ਦੇ ਬਾਹਰ ਇਕ ਸੁੰਦਰ ਥਾਂ ਵੇਖ ਕੇ ਮਰਦਾਨੇ ਨੂੰ ਆਪਣਾ ਭਗਤ ਜਾਣ ਕੇ ਬੈਠ ਗਏ॥ ੧੯॥

ਗੁਰ ਬੂਝਯੋ 'ਕਯਾ ਸੁਧ ਮਰਦਾਨਾ?'। 'ਭੀ ਤਯਾਰੀ' ਤਿਨ ਬਚਨ ਬਖਾਨਾ।
'ਕਛੁ ਨ ਬਿਲੰਬ ਰਹੀ ਅਬ ਮੋਰੀ'। ਅਸ ਕਹਿ ਪੁਨ ਦੋਊ ਕਰ ਜੋਰੀ॥੨੦॥

ਗੁਰੂ ਜੀ ਨੇ ਪੁਛਿਆ, ''ਮਰਦਾਨੇ ਤੇਰਾ ਕੀ ਹਾਲ ਹੈ?'' ਮਰਦਾਨੇ ਨੇ ਕਿਹਾ, ''ਤਿਆਰੀ ਹੈ।'' ਮੇਰੀ ਹੁਣ ਕੋਈ ਖਾਹਿਸ਼ ਬਾਕੀ ਨਹੀਂ ਰਹੀ, ਇਸ ਤਰ੍ਹਾਂ ਕਹਿ ਕੇ ਦੋਵੇਂ ਹੱਥ ਜੋੜੇ॥ ੨੦॥

ਗੁਰ ਕੇ ਪਦ ਪੰਕਜ ਸਿਰ ਧਰਿ ਕੈ। ਭਯੋ ਅਮੋਹ ਸਥਿਤ ਮਨ ਕਰਿਕੈ।
ਬੂਝਨ ਲਗੇ 'ਚਲਨ ਸੁਧ ਤੋਹੀ। ਕਿਸ ਪ੍ਰਕਾਰ ਹਿਰਦੇ ਮਹਿਂ ਹੋਹੀ?' ॥੨੧॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਧਰ ਕੇ, ਮਨ ਕਰਕੇ ਮੋਹ ਰਹਿਤ ਸਥਿਤੀ ਵਿਚ ਚਲਾ ਗਿਆ। ਗੁਰੂ ਜੀ ਪੁੱਛਣ ਲੱਗੇ, "ਚਲਣ ਦੀ ਸੋਝੀ, ਤੈਨੂੰ ਕਿਸ ਪ੍ਰਕਾਰ ਹਿਰਦੇ ਵਿਚ ਹੋਈ ਹੈ?॥ ੨੧॥

ਦੋਹਰਾ- 'ਸੁਧ ਮੋਕੋ ਤੁਮ ਸੰਗ ਤੇ ਪ੍ਰਾਪਤਿ ਸੁਨਹੁ ਕ੍ਰਿਪਾਲ!।
ਨਾਭੀ ਮਹਿਂ ਜੋ ਪੌਨ ਕੀ ਗੰਠ ਖੁਲੀ ਇਹ ਕਾਲ॥ ੨੨॥

ਮਰਦਾਨੇ ਕਿਹਾ, "ਹੇ ਕਿਰਪਾਲੂ ਗੁਰੂ ਜੀ! ਸੁਣੋ, ਸੋਝੀ ਮੈਨੂੰ ਤੁਹਾਡਾ ਸੰਗ ਕਰਕੇ ਪ੍ਰਾਪਤ ਹੋਈ ਹੈ। ਨਾਭੀ ਵਿਚ ਜਿਹੜੀ ਪੌਣ ਦੀ ਗੰਢ ਹੈ, ਉਹ ਇਸ ਸਮੇਂ ਖੁਲ੍ਹ ਗਈ ਹੈ॥ ੨੨॥

ਚੌਪਈ- ਨੌ ਅਬ ਸ੍ਵਾਸ ਆਵਨੇ ਰਹੇ। ਗਿਨ ਦੇਖਹੁ ਮੈਂ ਕੂਰ ਨ ਕਹੇ'।
ਸ੍ਰੀ ਅੰਗਦ ਸੁਨਿ! ਤਬਹਿ ਕ੍ਰਿਪਾਲਾ। ਮੁਝ ਸੋਂ ਕਹ੍ਯੋ ਕਿ 'ਗਿਨੀਏ ਬਾਲਾ!' ॥੨੩॥

ਨੌਂ ਸਵਾਸ ਆਉਣੇ ਹੁਣ ਬਾਕੀ ਹਨ, ਗਿਣ ਕੇ ਵੇਖ ਲੈਣਾ ਮੈਂ ਝੂਠ ਨਹੀਂ ਕਹੇ ਹਨ।" ਹੇ ਗੁਰੂ ਅੰਗਦ ਦੇਵ ਜੀ! ਸੁਣੋ ਤਦ ਗੁਰੂ ਜੀ ਨੇ ਮੈਨੂੰ ਕਿਹਾ ਕਿ ਬਾਲੇ! ਸਵਾਸ ਗਿਣੋ॥ ੨੩॥

ਲਾਗ੍ਯੋ ਗਿਨਨੇ ਮੈਂ ਜਬ ਤਾਂਕੇ। ਨੌ ਸੁਆਸ ਆਏ ਤਬ ਜਾਂਕੇ।
ਬਹੁਰੋ ਮੈਂ ਤਨ ਸੋਂ ਕਰ ਲਾਯੋ। ਤਿਹ ਕੇ ਪਾਛੇ ਸ੍ਵਾਸ ਨ ਆਯੋ॥੨੪॥

ਜਦ ਮੈਂ ਉਸ ਦੇ ਸਵਾਸ ਗਿਣਨ ਲੱਗਾ, ਨੌਂ ਸਵਾਸ ਜਦ ਉਸ ਲਏ ਤਾਂ ਮੈਂ ਫਿਰ ਮਰਦਾਨੇ ਦੇ ਸਰੀਰ ਨੂੰ ਹੱਥ ਲਾਇਆ। ਉਸ ਦੇ ਪਿਛੋਂ ਕੋਈ ਸਵਾਸ ਨਾ ਆਇਆ॥ ੨੪॥

'ਭਾ ਪੂਰਾ' ਪ੍ਰਭੁ ਸੰਗ ਬਖਾਨਾ। 'ਰਾਵਰਿ ਬਿਖੈ ਲੀਨ ਮੈਂ ਜਾਨਾ।
ਸੁਗਮ ਮ੍ਰਿਤੁ ਉੱਤਮ ਗਤਿ ਪਾਈ। ਜਯੋਂ ਹੁਇ ਜੋਗੀ ਜੋਗ ਕਮਾਈ॥੨੫॥

"ਪੂਰਾ ਹੋ ਗਿਆ ਹੈ" ਮੈਂ ਗੁਰੂ ਜੀ ਨੂੰ ਕਿਹਾ, "ਮੈਂ ਜਾਣਿਆ ਹੈ ਕਿ ਉਹ ਆਪ ਜੀ ਵਿਚ ਹੀ ਲੀਨ ਹੋ ਗਿਆ ਹੈ। ਸੌਖੀ ਮੌਤ ਹੋਈ ਹੈ ਅਤੇ ਉੱਤਮ ਗਤੀ ਪਾਈ ਹੈ। ਜਿਵੇਂ ਕੋਈ ਜੋਗੀ ਹੋ ਕੇ ਜੋਗ ਕਮਾਉਂਦਾ ਹੈ॥ ੨੫॥

ਹੋਇ ਆਪ ਕੀ ਕਰੁਨਾ ਜਾਂਹੀ। ਪ੍ਰਾਪਤਿ ਮ੍ਰਿਤੁ ਸੁ ਅਸ ਨਰ ਤਾਂਹੀ।
ਜਿਉਂ ਗਜ ਫੂਲ ਮਾਲ ਕੋ ਡਾਰਹਿ। ਤਿਉਂ ਕਛੁ ਖੇਦ ਨ ਮਨ ਮਹਿਂ ਧਾਰਹਿ' ॥੨੬॥

ਆਪ ਜੀ ਦੀ ਜਿਸ ਤੇ ਵੀ ਕਿਰਪਾ ਹੋਵੇ, ਉਹ ਮਨੁੱਖ ਇਸ ਤਰ੍ਹਾਂ ਦੀ ਮਿਰਤੂ ਪ੍ਰਾਪਤ ਕਰਦਾ ਹੈ ਜਿਵੇਂ ਹਾਥੀ ਫੁੱਲਾਂ ਦੀ ਮਾਲਾ ਪਾਉਂਦਾ ਹੈ, ਇਸ ਤਰ੍ਹਾਂ ਮਨ ਵਿਚ ਕੋਈ ਵੀ ਅਫਸੋਸ ਧਾਰਨ ਨਹੀਂ ਕਰਦਾ" ॥ ੨੬॥

ਸ੍ਰੀ ਗੁਰ ਕਹ੍ਯੋ 'ਸੁਨਹੁ ਅਬ ਬਾਲਾ!। ਇਹ ਕੋ ਜਾਰਿ ਦੇਹੁ ਤਤਕਾਲਾ'।
ਨਿਜ ਪਰ ਤੇ ਪਟ ਇਕ ਗੁਰ ਦੀਨੋ। ਤਬ ਮੈਂ ਏਕ ਆਪਨੋ ਲੀਨੋ॥੨੭॥

ਗੁਰੂ ਜੀ ਨੇ ਕਿਹਾ, "ਹੇ ਬਾਲਾ! ਹੁਣ ਸੁਣੋ, ਇਸ ਦਾ ਦਾਹ ਸੰਸਕਾਰ ਤੁਰੰਤ ਕਰ ਦੇਵੋ। ਆਪਣੇ ਉਪਰੋਂ ਇਕ ਬਸਤਰ ਉਤਾਰ ਕੇ ਗੁਰੂ ਜੀ ਨੇ ਦਿੱਤਾ, ਤਦ ਇਕ ਬਸਤਰ ਮੈਂ ਆਪਣਾ ਲਿਆ॥ ੨੭॥

ਦੋਨੋ ਨੀਕੀ ਬਿਧਿ ਸੋਂ ਪਾਇ। ਬਹੁਤ ਕਾਸ਼ਟ ਕੀਨੋ ਇਕ ਥਾਇਂ।
ਤਾਂ ਪਰ ਧਰਿ ਕੈ ਪਾਵਕ ਜਾਰੀ। ਤਤਛਿਨ ਦੇਹ ਭਸਮ ਕਰਿ ਡਾਰੀ॥੨੮॥

ਦੋਵੇਂ ਚੰਗੀ ਵਿਧੀ ਨਾਲ ਮਰਦਾਨੇ ਦੇ ਸਰੀਰ ਤੇ ਪਾ ਦਿੱਤੇ ਅਤੇ ਇਕ ਥਾਂ ਬਹੁਤ ਲਕੜੀਆਂ ਇਕੱਠੀਆਂ ਕੀਤੀਆਂ, ਉਨ੍ਹਾਂ ਲੱਕੜਾਂ ਉਤੇ ਮਰਦਾਨੇ ਦਾ ਸਰੀਰ ਰੱਖ ਕੇ ਅੱਗ ਬਾਲ ਦਿੱਤੀ ਅਤੇ ਕੁਝ ਪਲਾਂ ਵਿਚ ਹੀ ਦੇਹ ਭਸਮ ਕਰ ਦਿੱਤੀ॥ ੨੮॥

ਏਕ ਨਿਸਾ ਖ਼ੁਰਮੇ ਪੁਰਿ ਮਾਂਹੀ। ਰਹੇ ਪ੍ਰਭੂ, ਜਿਹ ਪਿਖਿ ਦੁਖ ਜਾਹੀਂ।
ਭਏ ਤਯਾਰ ਚਲਿਨੇ ਕੋ ਜਬ ਹੀ। ਗੋਰਖ ਦਈ ਦਿਖਾਈ ਤਬ ਹੀ॥੨੯॥

ਇਕ ਰਾਤ ਖ਼ੁਰਮੇਪੁਰ ਵਿਚ ਰਹੇ। ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ, ਜਦ ਅੱਗੇ ਚਲਣ ਦੀ ਤਿਆਰੀ ਕੀਤੀ ਤਦ ਸਿੱਧ ਗੋਰਖ ਨੇ ਵਿਖਾਲੀ ਦਿੱਤੀ॥ ੨੯॥

ਦੋਹਰਾ- ਕਛੁਕ ਸਿੱਧ ਜਿਹ ਸੰਗ ਹੈਂ ਕਹੀ 'ਅਦੇਸ਼ ਅਦੇਸ਼'।
'ਏਕੰਕਾਰ ਅਦੇਸ਼ ਹੈ' ਬੋਲੇ ਸ੍ਰੀ ਜਗਤੇਸ਼॥ ੩੦॥

ਉਨ੍ਹਾਂ ਦੇ ਨਾਲ ਕੁਝ ਹੋਰ ਸਿੱਧ ਵੀ ਸਨ, ਉਸ ਆ ਕੇ 'ਅਦੇਸ਼ ਅਦੇਸ਼' ਕਿਹਾ। ਗੁਰੂ ਜੀ ਨੇ ਉੱਤਰ ਵਿਚ ਕਿਹਾ, 'ਏਕੰਕਾਰ ਅਦੇਸ਼ ਹੈ'॥ ੩੦॥

ਚੌਪਈ- ਸਿਧ ਸਭਿ ਬੈਠੇ ਬਚਨ ਅਲਾਏ। 'ਕੈਸੇ ਦੁਰਮਤਿ ਤਜਾਗੀ ਜਾਏ?।
ਕਿਹ ਬਿਧਿ ਦੁਨੀਆਂ ਦੁੱਤਰ ਤਰੈ?। ਕਿਉਂ ਕਰਿ ਜੀਵਤਿ ਜਗ ਮਹਿਂ ਮਰੈ? ॥੩੧॥

ਸਾਰੇ ਸਿਧ ਬੈਠ ਗਏ ਅਤੇ ਬੋਲੇ, "ਦੁਰਮਤ ਕਿਸ ਤਰ੍ਹਾਂ ਤਿਆਗੀ ਜਾਏ ? ਕਿਸ ਤਰ੍ਹਾਂ ਇਸ ਦੁਨੀਆਂ ਨੂੰ ਜਿਸ ਨੂੰ ਪਾਰ ਕਰਨਾ ਬੜਾ ਕਠਿਨ ਹੈ, ਤਰ ਕੇ ਪਾਰ ਕਰੀਏ? ਕਿਸ ਤਰ੍ਹਾਂ ਜੱਗ ਵਿਚ ਜੀਉਂਦਿਆਂ ਹੀ ਮਰ ਰਹੀਏ ?॥ ੩੧॥

ਕੈਸੇ ਸਚ ਸੋਂ ਹੋਇ ਪਛਾਨੇ?। ਕਿਸ ਪ੍ਰਕਾਰ ਮਗ ਲੇਵਹਿ ਜਾਨੇ?।
ਹੋਤਿ ਰਿਖੀਕ ਬਸੀ ਕਿਹ ਭਾਂਤੀ?। ਕਿਹ ਤੇ ਮਨ ਮਾਨਹਿ ਹੈ ਸ਼ਾਂਤੀ? ॥੩੨॥

ਕਿਸ ਤਰ੍ਹਾਂ ਸੱਚ ਦੀ ਪਛਾਣ ਹੋਵੇ ? ਕਿਸ ਪ੍ਰਕਾਰ ਮਾਰਗ ਪਾ ਲਿਆ ਜਾਣੀਦੇ ? ਕਿਸ ਤਰ੍ਹਾਂ ਇੰਦਰੀਆਂ ਵਸ ਵਿਚ ਹੋ ਸਕਦੀਆਂ ਹਨ ? ਕਿਸ ਤਰ੍ਹਾਂ ਮਨ ਮੰਨ ਲਵੇ ਕਿ ਸਾਂਤੀ ਪ੍ਰਾਪਤ ਹੋ ਗਈ ਹੈ ?॥ ੩੨॥

ਕੈਸੇ ਰੂਪ ਕਿਤੋ ਬਿਸਤਾਰੂ?। ਕਰਿਬੇ ਜੋਗ ਸੁ ਕੋਨ ਅਚਾਰੂ।
ਕਿਹ ਤੇ ਆਵਹਿ ਕਿਸ ਮਹਿਂ ਜਾਈ?। ਕਹਾਂ ਸਮਾਵਹਿ, ਦੇਹੁ ਬਤਾਈ?' ॥੩੩॥

ਕਿਸ ਤਰ੍ਹਾਂ ਰੂਪ ਦਾ ਵਿਸਤਾਰ ਕੀਤਾ ਹੈ ? ਜੋਗ ਕਮਾਉਣ ਦਾ ਕੀ ਕਰਤਵ ਹੈ। ਮਨੁੱਖ ਕਿਥੋਂ ਆਉਂਦਾ ਹੈ ਅਤੇ ਕਿਥੇ ਜਾਂਦਾ ਹੈ ਕਿਥੇ ਸਮਾਉਂਦਾ ਹੈ, ਇਹ ਸਾਨੂੰ ਦੱਸੋ ?"॥ ੩੩॥

ਸੁਨਿ ਕਰਿ ਸਿੱਧਨ ਕੀ ਅਸ ਬਾਨੀ। ਉੱਤਰ ਕਹਜੋ ਤੁਰਤ ਗੁਨਖਾਨੀ।
'ਗੁਰਮਤਿ ਲੇ ਦੁਰਮਤਿ ਤਬ ਦੀਨੀ। ਦੁਸ਼ਤਰ ਤਰੇ ਨਾਮ ਮਤਿ ਭੀਨੀ॥੩੪॥

ਸਿੱਧਾਂ ਦੀ ਇਸ ਤਰ੍ਹਾਂ ਦੀ ਗੱਲ ਬਾਤ ਸੁਣ ਕੇ ਗੁਰੂ ਜੀ ਨੇ ਤੁਰੰਤ ਉੱਤਰ ਦਿੱਤਾ। ਜਿਹੜਾ ਗੁਰਮਤਿ ਲੈਂਦਾ ਹੈ ਉਹ ਦੁਰਮਤਿ ਤਿਆਗ ਦਿੰਦਾ ਹੈ। ਜਿਨ੍ਹਾਂ ਦੇ ਮਨ ਨਾਮ ਵਿਚ ਭਿੱਜੇ ਹਨ ਉਹ ਕਠਨ ਤੋਂ ਕਠਨ ਸੰਸਾਰ ਸਾਗਰ ਨੂੰ ਤਰ ਕੇ ਪਾਰ ਕਰ ਸਕਦੇ ਹਨ॥ ੩੪॥

ਗੁਰ ਕਾ ਸ਼ਬਦ ਰਿਦੇ ਮਹਿਂ ਧਰਿਆ। ਜੀਵਤ ਮ੍ਰਿੱਤਕ ਬਹੁਰ ਨ ਮਰਿਆ।
ਗੁਰਮੁਖ ਲੇਵਹਿ ਸਾਚ ਪਛਾਨੇ। ਗੁਰਮੁਖ ਖੋਜਤਿ ਮਗ ਕੋ ਜਾਨੇ॥੩੫॥

ਜਿਨ੍ਹਾਂ ਨੇ ਗੁਰੂ ਦਾ ਸ਼ਬਦ ਹਿਰਦੇ ਵਿਚ ਧਾਰਨ ਕੀਤਾ ਹੈ। ਉਹ ਜੀਉਂਦੇ ਹੀ ਮਰੇ ਹੁੰਦੇ ਹਨ ਅਤੇ ਫਿਰ ਦੁਬਾਰਾ ਨਹੀਂ ਮਰਦੇ। ਗੁਰਮੁਖ ਸੱਚ ਨੂੰ ਪਛਾਣ ਲੈਂਦੇ ਹਨ। ਗੁਰਮੁਖ ਖੋਜ ਕੇ ਰਸਤੇ ਨੂੰ ਜਾਣ ਲੈਂਦਾ ਹੈ॥ ੩੫॥

ਮਨ ਮਾਰੇ ਇੰਦ੍ਰੀ ਬਸਿ ਹੋਈ। ਮਨ ਤੇ ਮਨ ਮਾਨਤਿ ਹੈ ਸੋਈ।
ਕਥਨੇ ਤੇ ਅਕੱਥ ਤਿਹ ਰੂਪਾ। ਨਿਰੰਕਾਰ ਜਿਹ ਚਰਿਤ ਅਨੂਪਾ॥ ੩੬॥

ਜਿਹੜਾ ਮਨ ਨੂੰ ਮਾਰਦਾ ਹੈ, ਉਸ ਦੀਆਂ ਇੰਦਰੀਆਂ ਵਸ ਵਿਚ ਹੋ ਜਾਂਦੀਆਂ ਹਨ ਤੇ ਉਸ ਦਾ ਰੂਪ ਕਥਨ ਨਹੀਂ ਕੀਤਾ ਜਾ ਸਕਦਾ। ਨਿਰੰਕਾਰ ਵਾਂਗ ਉਸ ਦਾ ਅਨੂਪਮ ਚਰਿੱਤਰ ਹੋ ਜਾਂਦਾ ਹੈ॥ ੩੬॥

ਦੋਹਰਾ- ਨਿਸਦਿਨ ਜਪ ਨਿਰੰਕਾਰ ਕੋ ਇਸ ਤੇ ਪਰੇ ਨ ਕਾਰ।
ਹੁਕਮੇ ਆਵਹਿ ਜਾਵਈ ਹੁਕਮ ਸਮਾਇ ਵਿਚਾਰ॥ ੩੭॥

ਦਿਨ ਰਾਤ ਨਿਰੰਕਾਰ ਦਾ ਜਾਪ ਕਰੋ, ਇਸ ਤੋਂ ਪਰੇ ਕੋਈ ਕਾਰ ਨਹੀਂ ਹੈ। ਮਨੁੱਖ ਪ੍ਰਭੂ ਦੇ ਹੁਕਮ ਵਿਚ ਹੀ ਆਉਂਦਾ ਜਾਂਦਾ ਹੈ ਅਤੇ ਹੁਕਮ ਅਨੁਸਾਰ ਹੀ ਵਿਚਰ ਕੇ ਸਮਾ ਜਾਂਦਾ ਹੈ॥ ੩੭॥

ਚੌਪਈ- ਸੁਨਿ ਗੋਰਖ ਪੁਨ ਬਚਨ ਉਚਾਰੇ। 'ਮੇਲੇ ਅੱਚਲ ਚਲਹੁ ਸੰਗਾਰੇ'।
ਬੂਝਜੋ ਗੁਰੂ 'ਕਿਤਿਕ ਸੋ ਦੂਰੰ। ਕਬਕੋ ਮੇਲਾ ਹੋਵਹਿ ਪੂਰੰ?'॥ ੩੮॥

ਇਹ ਸੁਣ ਕੇ ਫਿਰ ਗੋਰਖ ਨੇ ਬਚਨ ਉਚਾਰੇ, "ਅੱਚਲ ਵਟਾਲੇ ਦਾ ਮੇਲਾ ਆਇਆ ਹੈ, ਓਥੇ ਸਾਡੇ ਨਾਲ ਚਲੋ।" ਗੁਰੂ ਜੀ ਪੁਛਿਆ, "ਅੱਚਲ ਕਿੰਨੀ ਦੂਰ ਹੈ ਅਤੇ ਕਦ ਮੇਲਾ ਸਮਾਪਤ ਹੁੰਦਾ ਹੈ ?"॥ ੩੮॥

'ਖਸ਼ਟ ਸਹਸ ਹੈ ਪੰਥ ਦੁਹੇਲਾ। ਕਲ ਕੋ ਮੇਲਾ ਹੋਇ ਸਕੇਲਾ'।
'ਸੁਨਿ ਗੋਰਖ ਤੁਮ ਅਜ਼ਮਤਵਾਨਾ। ਉਡਿ ਕਰਿ ਜਾਹਿਂ ਬੇਗ ਤਹਿਂ ਥਾਨਾ॥੩੯॥

ਗੋਰਖ ਨੇ ਕਿਹਾ, "ਛੇ ਸੌ ਕੋਸ ਮੁਸ਼ਕਲ ਪੈਂਡਾ ਹੈ, ਕਲ੍ਹ ਨੂੰ ਮੇਲਾ ਇਕੱਠਾ ਹੋਵੇਗਾ। ਗੁਰੂ ਜੀ ਨੇ ਕਿਹਾ, "ਹੇ ਗੋਰਖ ! ਸੁਣੋ, ਤੁਸੀਂ ਕਰਾਮਾਤੀ ਹੋ: ਝਟ ਹੀ ਉੱਡ ਕੇ ਓਥੇ ਚਲੇ ਜਾਵੋਗੇ॥ ੩੯॥

ਹਮ ਤੋ ਮੰਦ ਮੰਦ ਤਹਿਂ ਆਵੈਂ। ਜਾਇ ਕਾਲ ਸੋ ਉਡਿਕੈ ਜਾਵੈ।
ਹਮਰੋ ਤੁਮਰੋ ਸੰਗ ਨ ਹੋਈ। ਸ਼ਕਤਿ ਅਸ਼ਕਤਿ ਮੇਲ ਨਹਿਂ ਕੋਈ॥੪੦॥

ਅਸੀਂ ਤਾਂ ਹੌਲੀ ਹੌਲੀ ਤੁਰਕੇ ਓਥੇ ਆਵਾਂਗੇ, ਜੋ ਕਲ ਜਾਣਾ ਚਾਹੇ ਉਹ ਉੱਡ ਕੇ ਜਾ ਸਕਦਾ ਹੈ। ਸਾਡਾ ਤੁਹਾਡਾ ਕੋਈ ਸੰਗ ਨਹੀਂ ਹੈ। ਸ਼ਕਤੀ ਅਤੇ ਸ਼ਕਤੀ ਰਹਿਤ ਦਾ ਕੋਈ ਮੇਲ ਨਹੀਂ ਹੈ॥ ੪੦॥

ਦੋਹਰਾ- 'ਤੁਮ ਜਬ ਗਏ ਸੁਮੇਰੁ ਪਰ ਕੌਂਸ ਉਡਾਈ ਜ਼ੋਰ।
ਸ਼ਕਤਿ ਦਿਖਾਈ ਸਭਿਨਿ ਕੋ, ਕਹਾਂ ਗਯੋ ਬਲ ਤੋਰ?॥ ੪੧॥

ਗੋਰਖ ਨੇ ਕਿਹਾ, "ਤੁਸੀਂ ਜਦ ਸੁਮੇਰ ਪਰਬਤ ਤੇ ਗਏ ਸੀ ਉਸ ਵੇਲੇ ਕਿਸ ਦੇ ਜ਼ੋਰ ਨਾਲ ਖੜਾਂ ਉਡਾਈ ਸੀ। ਸਾਰਿਆਂ ਨੂੰ ਆਪਣੀ ਸ਼ਕਤੀ ਵਿਖਾਈ ਸੀ, ਉਹ ਸ਼ਕਤੀ ਤੁਹਾਡੀ ਕਿਥੇ ਗਈ ?॥ ੪੧॥

ਚੌਪਈ- ਹਰੀ ਗਈ ਕਿਉਂ ਸ਼ਕਤਿ ਤੁਮਾਰੀ?। ਕਰਿਕੈ ਬਾਦ ਕਾਹਿ ਢਿਗ ਹਾਰੀ?'।
ਸ੍ਰੀ ਗੁਰ ਕਹੈਂ 'ਨ ਮੋਹਿ ਉਡਾਈ। ਸ੍ਰੀ ਪਰਮੇਸੁਰ ਤਬਹਿ ਚਲਾਈ॥੪੨॥

ਤੁਹਾਡੀ ਸ਼ਕਤੀ ਕਿਉਂ ਖਤਮ ਹੋ ਗਈ ਹੈ। ਕਿਸ ਨਾਲ ਚਰਚਾ ਕਰਕੇ ਸ਼ਕਤੀ ਹਾਰ ਦਿੱਤੀ ਹੈ। ਗੁਰੂ ਜੀ ਨੇ ਕਿਹਾ, "ਖੜਾਂ ਮੈਂ ਨਹੀਂ ਸੀ ਉਡਾਈ, ਉਸ ਸਮੇਂ ਉਸ ਨੂੰ ਵਾਹਿਗੁਰੂ ਨੇ ਹੀ ਉਡਾਇਆ ਸੀ॥ ੪੨॥

ਨਰ ਮਹਿਂ ਸ਼ਕਤਿ ਨ ਕੈਸੇ ਹੋਈ। ਏਕ ਨਿਰੰਜਨ ਸਭਿ ਕੋ ਜੋਈ।
ਸੋਈ ਹਮ ਕੋ ਜਬੈ ਉਡਾਵੈ। ਚਲੀਏ ਤੁਮ ਪੀਛੇ ਹਮ ਆਵੈਂ॥੪੩॥

ਮਨੁੱਖ ਵਿਚ ਕੋਈ ਸ਼ਕਤੀ ਨਹੀਂ ਹੁੰਦੀ। ਇਹ ਪ੍ਰਭੂ ਹੀ ਹੈ ਜੋ ਸਭ ਦਾ ਹੈ, ਉਹ ਹੀ ਸਾਨੂੰ ਜਦ ਉਡਾਉਂਦਾ ਹੈ ਤਾਂ ਉੱਡਦੇ ਹਾਂ ਤੁਸੀਂ ਚਲੋ ਅਸੀਂ ਪਿੱਛੇ ਪਿੱਛੇ ਆਉਂਦੇ ਹਾਂ॥ ੪੩॥

ਸੁਨਿ ਸਿੱਧਨ ਸਭਿ ਲੀਨਿ ਉਡਾਰੀ। ਗਮਨੇ ਤੂਰਨ ਇੱਛਾਚਾਰੀ।
ਕਿਤਿਕ ਕਾਲ ਪੀਛੇ ਜਗਸਾਈਂ। ਪਹੁਚੇ ਪੁਰਾ ਜਾਇ ਤਿਸ ਥਾਈਂ ॥੪੪॥

ਇਹ ਸੁਣ ਕੇ ਸਭ ਸਿੱਧਾਂ ਨੇ ਉਡਾਰੀ ਮਾਰੀ। ਤੁਰੰਤ ਇੱਛਾ ਅਨੁਸਾਰ ਚਲੇ ਗਏ। ਕਾਫੀ ਸਮੇਂ ਬਾਅਦ ਗੁਰੂ ਜੀ ਉਸ ਥਾਂ ਜਾ ਕੇ ਪਹੁੰਚੇ॥ ੪੪॥

ਊਚੇ ਥਲ ਇਕ ਅਚਲ ਮਝਾਰੀ। ਤਿਹਪਰ ਬੈਠਿ ਸੁਹਾਵਤਿ ਭਾਰੀ।
ਪੀਛੇ ਸਿੱਧ ਤਹਾਂ ਸਭਿ ਆਏ। ਦੇਖਿ 'ਅਦੇਸ਼ ਅਦੇਸ਼' ਅਲਾਏ॥੪੫॥

ਅੱਚਲ ਵਿਚ ਪਹੁੰਚ ਕੇ ਉਥੇ ਇਕ ਉੱਚਾ ਥਾਂ ਵੇਖਿਆ। ਗੁਰੂ ਜੀ ਓਥੇ ਬੈਠੇ ਬੜੇ ਸੁਹਾਵਣੇ ਲੱਗ ਰਹੇ ਸਨ। ਸਾਰੇ ਸਿੱਧ ਓਥੇ ਬਾਅਦ ਵਿਚ ਆਏ। ਉਨ੍ਹਾਂ ਗੁਰੂ ਜੀ ਨੂੰ ਵੇਖ ਕੇ 'ਅਦੇਸ਼ ਅਦੇਸ਼' ਕਹੀ॥ ੪੫॥

ਦੋਹਰਾ- ਕਹਯੋ ਕਿ 'ਇਸ਼ਟੀ ਤੂੰ ਬਡਾ ਟਾਮਨ ਕਰਤਿ ਬਨਾਇ।
ਹੁਤੋ ਪਿਛੇਰੋ ਸਭਿਨਿ ਤੇ ਪੂਰਬ ਪਹੁੰਚੇ ਧਾਇ'॥ ੪੬॥

ਸਿੱਧਾਂ ਆ ਕੇ ਕਿਹਾ, "ਤੁਸੀਂ ਬੜੇ ਚੇਟਕੀ ਹੋ, ਚੰਗੀ ਤਰ੍ਹਾਂ ਬਣਾ ਕੇ ਟੂਣਾ ਕੀਤਾ ਹੈ, ਤੁਸੀਂ ਸਾਰਿਆਂ ਦੇ ਪਿਛੇ ਸੀ ਤੇ ਸਾਰਿਆਂ ਤੋਂ ਪਹਿਲਾਂ ਆ ਪਹੁੰਚੇ ਹੋ॥ ੪੬॥

ਚੌਪਈ- 'ਇਸ਼ਟ ਹਮਾਰਾ ਏਕੰਕਾਰਾ। ਗੁਰ ਕੇ ਸ਼ਬਦ ਕਰਯੋ ਨਿਸਤਾਰਾ।
ਸ਼ੰਭੂ ਨਾਥ ਹੈ ਦੁਰਮਤਿ ਭੀਨਾ। ਬਿਨ ਕਰਤਾਰ ਆਨ ਮਤਿ ਲੀਨਾ' ॥੪੭॥

ਗੁਰੂ ਜੀ ਕਿਹਾ, "ਸਾਡਾ ਇਸ਼ਟ ਏਕੰਕਾਰ ਹੈ, ਗੁਰੂ ਦੇ ਸ਼ਬਦ ਨੇ ਨਿਸਤਾਰਾ ਕੀਤਾ ਹੈ। ਸ਼ੰਭੂ ਨਾਥ ਦੁਰਮਤਿ ਵਿਚ ਭਿਜਿਆ ਹੈ ਉਸ ਕਰਤਾਰ ਨੂੰ ਛੱਡ ਕੇ ਹੋਰ ਮਤ ਧਾਰਨ ਕੀਤਾ ਹੈ"॥ ੪੭॥

ਸਭਿ ਸਿੱਧਨ ਨਿਜ ਆਸਨ ਲਾਏ। ਲੋਕਨ ਤੇ ਬਹੁ ਪੂਜ ਕਰਾਏ।
ਸ੍ਰੀ ਗੁਰ ਕੀ ਮਨਤਾ ਬਹੁ ਹੋਈ। ਸਿੱਧ ਬਿਲੋਕਿ ਗਏ ਜਰਿ ਸੋਈ॥੪੮॥

ਸਾਰੇ ਸਿੱਧਾਂ ਨੇ ਆਪਣੇ ਆਸਣ ਲਾ ਲਏ ਅਤੇ ਲੋਕਾਂ ਪਾਸੋਂ ਬਹੁਤ ਪੂਜਾ ਕਰਵਾਈ। ਪਰ ਗੁਰੂ ਜੀ ਦੀ ਓਥੇ ਬਹੁਤ ਮਾਨਤਾ ਹੋਈ। ਸਿੱਧ ਵੇਖ ਕੇ ਸੜ ਬਲ ਗਏ॥ ੪੮॥

ਮੇਲਾ ਬਿਛੁਰਿ ਗਯੋ ਜਿਸ ਬੇਰੇ। ਸਿੱਧ ਗਏ ਸਭਿ ਅਪਨੇ ਡੇਰੇ।
ਮੁਝ ਬੂਝਯੋ ਗੁਰ ਚਲਿਬੇ ਹਿਤ ਕੋ। ਲੇਨੋ ਸੰਗ ਮਰਦਾਨੇ ਸੁਤ ਕੋ॥੪੯॥

ਜਦ ਮੇਲਾ ਵਿਛੜ ਗਿਆ, ਸਾਰੇ ਸਿੱਧ ਆਪਣੇ ਡੇਰੇ ਚਲੇ ਗਏ, ਗੁਰੂ ਜੀ ਨੇ ਮੈਨੂੰ ਮਰਦਾਨੇ ਦੇ ਪੁੱਤਰ ਨੂੰ ਲਿਆਉਣ ਵਾਸਤੇ ਚਲਣ ਲਈ ਪੁਛਿਆ॥ ੪੯॥

'ਚਲਹੁ ਅਬੈ ਤਲਵੰਡੀ ਮਾਂਹੀ। ਖੁਰਮੇ ਨਗਰ ਪੁਚਾਵਹਿੰ ਤਾਂਹੀ।
ਦੈ ਸਿਰੁਪਾਉ ਬਿਠਾਇੰ ਭਲੇਰੇ। ਇਸ ਬਿਧਿ ਕਰਨ ਭਾਰ ਸਿਰ ਮੇਰੇ' ॥੫੦॥

ਗੁਰੂ ਜੀ ਨੇ ਕਿਹਾ, "ਹੁਣੇ ਤਲਵੰਡੀ ਵਿਚ ਜਾਂਦੇ ਹਾਂ ਅਤੇ ਮਰਦਾਨੇ ਦੇ ਪੁੱਤਰ ਨੂੰ ਲਿਆ ਕੇ ਉਸ ਨੂੰ ਖੁਰਮੇ ਨਗਰ ਪਹੁੰਚਾਉਂਦੇ ਹਾਂ। ਸਿਰੋਪਾ ਦੇ ਕੇ ਚੰਗੀ ਤਰ੍ਹਾਂ ਓਥੇ ਬਿਠਾਉਂਦੇ ਹਾਂ, ਇਸ ਵਿਧੀ ਕਾਰਜ ਕਰਨਾ ਮੇਰੇ ਸਿਰ ਭਾਰ ਹੈ" ॥ ੫੦॥

ਅਸ ਕਹਿ ਕੀਨ ਪਯਾਨੋ ਤੂਰਨ। ਪਹੁਚੇ ਤਲਵੰਡੀ ਗੁਰ ਪੂਰਨ।

ਏਕ ਕੂਪ ਊਪਰ ਤਹਿਂ ਜਾਈ। ਬੈਠਿ ਗਏ ਪੁਨ ਗਿਰਾ ਅਲਾਈ ॥੫੧॥

ਇਹ ਕਹਿ ਕੇ ਤੁਰੰਤ ਤਲਵੰਡੀ ਵਲ ਚਲ ਪਏ। ਪੂਰਨ ਗੁਰੂ ਜੀ ਤੁਰੰਤ ਤਲਵੰਡੀ ਪਹੁੰਚ ਗਏ। ਇਕ ਖੂਹ ਉੱਤੇ ਜਾ ਕੇ ਬੈਠ ਗਏ ਅਤੇ ਬਚਨ ਕੀਤੇ॥ ੫੧॥

'ਹਿਤੂ ਮਾਤ ਪਿਤ ਰਾਇ ਪਛਾਨੋ। ਭਾ ਪਰਲੋਕ ਸਭਿਨਿ ਕੋ ਜਾਨੋ।
ਚਾਚਾ ਲਾਲੂ ਜੀਵਤਿ ਅਬਹੀ। ਸੋ ਹਮ ਕੋ ਦੇਖਹਿਗੋ ਜਬਹੀ ॥੫੨॥

ਸਾਡੇ ਹਿਤੂ ਮਾਤਾ, ਪਿਤਾ ਅਤੇ ਰਾਇ ਬੁਲਾਰ ਨੂੰ ਪਛਾਣੋ, ਹੁਣ ਸਾਰੇ ਹੀ ਪਰਲੋਕ ਚਲੇ ਗਏ ਹਨ। ਚਾਚਾ ਲਾਲੂ ਹਾਲੇ ਜੀਉਂਦਾ ਹੈ ਉਹ ਜਦ ਸਾਨੂੰ ਵੇਖੇਗਾ॥ ੫੨॥

ਬਹੁ ਹਿਤ ਕਰੈ ਨ ਜਾਵਨ ਦੇਹੀ। ਗਰ ਲਗਾਇ ਕੈ ਰੁਦਨ ਕਰੇਹੀ।
ਤਿਮਰ ਭਏ ਜਾਵਹੁ ਪੁਰਿ ਮਾਂਹੀ। ਤੂਸ਼ਨਿ ਧਾਰਿ ਆਨੀਏ ਤਾਂਹੀ ॥੫੩॥

ਬਹੁਤ ਪਿਆਰ ਕਰੇਗਾ ਤੇ ਜਾਣ ਨਹੀਂ ਦੇਵੇਗਾ, ਗਲ ਨਾਲ ਲਾ ਕੇ ਰੋਵੇਗਾ। ਇਸ ਲਈ ਹਨੇਰਾ ਹੋਣ ਤੇ ਨਗਰ ਵਿਚ ਜਾਵੋ। ਚੁਪ ਧਾਰ ਕੇ ਮਰਦਾਨੇ ਦੇ ਪੁੱਤਰ ਨੂੰ ਲੈ ਆਵੋ॥ ੫੩॥

ਹਮ ਨਹਿਂ ਨਗਰ ਮਝਾਰ ਪਧਾਰੈਂ। ਲੇਇ ਵਹਿਰ ਤੇ ਤਹਾਂ ਸਿਧਾਰੈਂ'।
ਆਇਸੁ ਪਾਇ ਤਬਹਿ ਮੈਂ ਗਯੋ। ਕੋਇ ਨ ਪੁਰਿ ਮਹਿਂ ਜਾਨਤਿ ਭਯੋ ॥੫੪॥

ਅਸੀਂ ਨਗਰ ਵਿਚ ਨਹੀਂ ਜਾਵਾਂਗੇ, ਬਾਹਰ ਹੀ ਲੈ ਕੇ ਚਲੇ ਜਾਵਾਂਗੇ।" ਆਗਿਆ ਪਾ ਕੇ ਮੈਂ ਨਗਰ ਵਿਚ ਗਿਆ। ਨਗਰ ਵਿਚ ਮੈਨੂੰ ਕੋਈ ਵੀ ਜਾਣਦਾ ਨਹੀਂ ਸੀ॥ ੫੪॥

ਦਰ ਠਾਂਢੇ ਹ੍ਵੈ ਸਹਿਜ ਬੁਲਾਯੋ। ਸੁਨਿ ਸ਼ਹਿਜ਼ਾਦਾ ਬਾਹਰ ਆਯੋ।
ਮੋਕੋ ਦੇਖਤਿ ਹਰਖਯੋ ਤਬਹੀ। ਲਖਯੋ ਕਿ ਮਮ ਪਿਤ ਆਵਹਿ ਅਬਹੀ ॥੫੫॥

ਦਰਵਾਜ਼ੇ ਤੇ ਖੜੇ ਹੋ ਕੇ ਸਹਿਜ ਨਾਲ ਮਰਦਾਨੇ ਦੇ ਪੁੱਤਰ ਨੂੰ ਬੁਲਾਇਆ। ਮਰਦਾਨੇ ਦਾ ਪੁੱਤਰ ਜਿਸ ਦਾ ਨਾਂ ਸ਼ਹਿਜ਼ਾਦਾ ਸੀ ਸੁਣ ਕੇ ਬਾਹਰ ਆਇਆ। ਮੈਨੂੰ ਵੇਖ ਕੇ ਖ਼ੁਸ਼ ਹੋਇਆ, ਇਹ ਸਮਝਿਆ ਕਿ ਮੇਰੇ ਪਿਤਾ ਜੀ ਵੀ ਹੁਣੇ ਆ ਜਾਣਗੇ॥ ੫੫॥

ਹਿਤ ਕਰਿ ਉਰ ਮਹਿਂ ਪਗ ਲਪਟਾਵਾ। ਦੇ ਅਸੀਸ ਮੈਂ ਬਚਨ ਅਲਾਵਾ।
'ਸ੍ਰੀ ਗੁਰ ਵਹਿਰ ਹਕਾਰਤਿ ਤੋਹੀ। ਲੇਨੇ ਹੇਤੁ ਪਠਾਯੋ ਮੋਹੀ' ॥੫੬॥

ਹਿਰਦੇ ਵਿਚ ਪ੍ਰੇਮ ਕਰਕੇ ਚਰਨਾਂ ਨਾਲ ਲੱਗ ਗਿਆ। ਅਸੀਸ ਦੇ ਕੇ ਮੈਂ ਕਿਹਾ, "ਗੁਰੂ ਜੀ ਤੁਹਾਨੂੰ ਬਾਹਰ ਬੁਲਾਉਂਦੇ ਹਨ, ਤੁਹਾਨੂੰ ਲੈਣ ਵਾਸਤੇ ਮੈਨੂੰ ਭੇਜਿਆ ਹੈ॥ ੫੬॥

ਦੋਹਰਾ- 'ਮਮ ਪਿਤ ਕੋ ਛੋਡਯੋ ਕਹਾਂ ਕਯੋਂ ਨਹਿਂ ਆਯੋ ਧਾਮ।
ਪ੍ਰਭੁ ਕਿਉਂ ਬੈਠੇ ਵਹਿਰ ਤਹਿਂ ਤਜਿ ਤਲਵੰਡੀ ਗ੍ਰਾਮ?' ॥੫੭॥

ਸ਼ਹਿਜ਼ਾਦਾ ਬੋਲਿਆ, "ਮੇਰੇ ਪਿਤਾ ਜੀ ਨੂੰ ਕਿਥੇ ਛੱਡ ਆਏ ਹੋ, ਉਹ ਘਰ ਨਹੀਂ ਆਏ ਹਨ। ਗੁਰੂ ਜੀ ਵੀ ਤਲਵੰਡੀ ਨਗਰ ਛੱਡ ਕੇ ਬਾਹਰ ਕਿਉਂ ਬੈਠੇ ਹਨ?॥ ੫੭॥

ਚੌਪਈ- 'ਗੁਰ ਢਿਗ ਚਲਹੁ ਅਵਾਰ ਨ ਲਾਵਹੁ। ਸਭਿ ਹੀ ਉੱਤਰ ਤਿਨ ਤੇ ਪਾਵਹੁ'।
ਸ਼ਹਿਜ਼ਾਦੇ ਕੇ ਭਾਗ ਬਡੇਰੇ। ਚਲਯੋ ਸੰਗ ਨਹਿਂ ਲਾਈ ਦੇਰੇ॥ ੫੮॥

ਮੈਂ ਕਿਹਾ, "ਗੁਰੂ ਜੀ ਪਾਸ ਚਲੋ ਦੇਰ ਨਾ ਲਾਵੋ, ਸਾਰੇ ਉੱਤਰ ਉਨ੍ਹਾਂ ਤੋਂ ਪਾਵੋ।" ਸ਼ਹਿਜ਼ਾਦੇ ਦੇ ਵੱਡੇ ਭਾਗ ਸਨ, ਕੋਈ ਦੇਰ ਕਰਨ ਤੋਂ ਬਗੈਰ ਉਹ ਮੇਰੇ ਨਾਲ ਚੱਲ ਪਿਆ॥ ੫੮॥

ਜਾਇ ਜਬਹਿ ਦਰਸ਼ਨ ਕੋ ਕੀਨੋ। ਚਰਨਾਂਬੁਜ ਮਹਿ ਸਿਰ ਧਰਿ ਦੀਨੋ।
ਸ੍ਰੀ ਗੁਰ ਤਿਹ ਸੋਂ ਗਿਰਾ ਅਲਾਈ। 'ਤੋਹਿ ਤਾਤ ਕੀ ਬੈਸ ਬਿਹਾਈ॥ ੫੯॥

ਜਾ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ, ਤਾਂ ਚਰਨਾਂ ਤੇ ਸਿਰ ਧਰ ਦਿੱਤਾ। ਗੁਰੂ ਜੀ ਨੇ ਫਿਰ ਬਚਨ ਕੀਤੇ, "ਤੁਹਾਡੇ ਪਿਤਾ ਜੀ ਦੀ ਉਮਰ ਬੀਤ ਗਈ ਹੈ॥ ੫੯॥

ਭਯੋ ਕਾਲਬਸਿ ਤਿਹ ਕੋ ਜਾਨਿ। ਜਹਿਂ ਖੁਰਮਾਪੁਰਿ ਅਹੈ ਮਹਾਨ।
ਤਹਿਂ ਲੇ ਚਲਨੋ ਅਬ ਤੁਝ ਤਾਈਂ। ਸੰਗ ਲੇਨਿ ਕੋ ਲੀਨ ਬੁਲਾਈ॥ ੬੦॥

ਉਨ੍ਹਾਂ ਨੂੰ ਕਾਲ ਵੱਸ ਹੋਇਆ ਜਾਣੋ। ਜਿਥੇ ਮਹਾਨ ਖੁਰਮਾਪੁਰ ਹੈ ਓਥੇ ਹੁਣ ਤੈਨੂੰ ਲੈ ਕੇ ਜਾਣਾ ਹੈ, ਨਾਲ ਖੜਨ ਵਾਸਤੇ ਤੈਨੂੰ ਬੁਲਾਇਆ ਹੈ॥ ੬੦॥

ਦੋਹਰਾ- ਦੇਨੋ ਹਮਕੋ ਉਚਿਤ ਹੈ ਤੋਕੋ ਅਬ ਸਿਰੁਪਾਉ।
ਲੇਨੋ ਤੈਂ ਕਿਸ ਰੀਤਿ ਕੋ ਤੈਸੋ ਬਚਨ ਬਤਾਉ'॥ ੬੧॥

ਸਾਡੇ ਵਲੋਂ ਹੁਣ ਤੈਨੂੰ ਸਿਰੋਪਾ ਦੇਣਾ ਉਚਿਤ ਹੈ ਤੂੰ ਕਿਸ ਰੀਤੀ ਨਾਲ ਲੈਣਾ ਹੈ, ਤੈਸੀ ਗੱਲ ਦੱਸ'॥ ੬੧॥

ਚੌਪਈ- ਸੁਨਿ ਸ਼ਹਿਜਾਦੇ ਰਿਦੇ ਬਿਚਾਰੀ। ਸ੍ਰੀ ਪ੍ਰਭੁ ਸੋਂ ਪੁਨ ਗਿਰਾ ਉਚਾਰੀ।
'ਪਿਤ ਮੇਰੇ ਕੋ ਦੀਨੋ ਜੈਸੇ। ਕ੍ਰਿਪਾ ਧਾਰਿ ਦੀਜੈ ਮੁਝ ਤੈਸੇ'॥ ੬੨॥

ਇਹ ਸੁਣ ਕੇ ਸਹਿਜ਼ਾਦੇ ਨੇ ਹਿਰਦੇ ਵਿਚ ਵਿਚਾਰ ਕੀਤੀ ਅਤੇ ਫਿਰ ਗੁਰੂ ਜੀ ਨੂੰ ਕਿਹਾ, "ਮੇਰੇ ਪਿਤਾ ਜੀ ਨੂੰ ਜਿਸ ਤਰ੍ਹਾਂ ਦਿੱਤਾ ਸੀ, ਕਿਰਪਾ ਕਰਕੇ ਮੈਨੂੰ ਵੀ ਉਸ ਤਰ੍ਹਾਂ ਹੀ ਦੇ ਦੇਵੋ॥ ੬੨॥

'ਤੇਰੇ ਪਿਤਾ ਜਾਚਿਕੈ ਲੀਨੋ। ਅਗਨਿ ਦਾਹ ਤਿਹ ਕੋ ਹਮ ਦੀਨੋ।
ਤੂੰ ਅਬ ਚਲਿ ਰਹਿਯੋ ਤਿਹ ਥਾਨਾਂ। ਮਰਦਾਨੇ ਕੇ ਹੋਇ ਸਮਾਨਾ॥ ੬੩॥

ਗੁਰੂ ਜੀ ਨੇ ਕਿਹਾ, "ਤੇਰੇ ਪਿਤਾ ਜੀ ਨੇ ਮੰਗ ਕੇ ਲਿਆ ਸੀ। ਉਸ ਨੂੰ ਅਸੀਂ ਅਗਨੀ ਨਾਲ ਦਾਹ ਦਿੱਤਾ ਹੈ। ਤੂੰ ਹੁਣ ਚੱਲ ਕੇ ਉਸ ਥਾਂ ਰਹੋ ਅਤੇ ਮਰਦਾਨੇ ਦੇ ਸਮਾਨ ਹੋ ਜਾ॥ ੬੩॥

ਹੋਵਹਿ ਤਹਾਂ ਮਹਾਨ ਪ੍ਰਕਾਸ਼ਾ। ਬਸਹੁ ਸਦਾ ਕਰਿ ਅਪਨ ਅਵਾਸਾ।
ਪੁਨ ਜਯੋਂ ਮਨ ਹ੍ਵੈ ਕਰੀਅਹੁ ਤੈਸੇ। ਹਮਰੇ ਰਿਦੇ ਬਿਖੈ ਹੈ ਐਸੇ॥ ੬੪॥

ਓਥੇ ਮਹਾਨ ਪ੍ਰਕਾਸ਼ ਹੋਵੇਗਾ ਅਤੇ ਸਦਾ ਲਈ ਓਥੇ ਆਪਣਾ ਵਾਸਾ ਕਰ ਲਵੋ, ਫਿਰ ਜਿਵੇਂ ਮਨ ਹੋਵੇ ਵੈਸੇ ਕਰੋ, ਸਾਡੇ ਦਿਲ ਵਿਚ ਤਾਂ ਇਸ ਤਰ੍ਹਾਂ ਹੈ"॥ ੬੪॥

ਹਾਥ ਜੋਰਿ ਤਿਨ ਬਿਨੈ ਉਚਾਰੀ। 'ਮੈਂ ਰਾਵਰ ਕੇ ਨਿਤ ਅਨੁਸਾਰੀ।
ਜੈਸੋ ਪਿਤਾ ਤੁਮਾਰੋ ਦਾਸੂ। ਤੈਸੇ ਮੁਝ ਜਾਨਹੁ ਸੁਖਰਾਸੂ!'॥ ੬੫॥

ਹੱਥ ਜੋੜ ਕੇ ਸ਼ਹਿਜ਼ਾਦੇ ਬੇਨਤੀ ਕੀਤੀ, "ਮੈਂ ਆਪ ਜੀ ਦਾ ਸਦਾ ਹੀ ਅਨੁਸਾਰੀ ਹਾਂ। ਜਿਵੇਂ ਮੇਰੇ ਪਿਤਾ ਜੀ ਤੁਹਾਡੇ ਸੇਵਕ ਸਨ, ਹੇ ਗੁਰੂ ਜੀ! ਮੈਨੂੰ ਵੀ ਵੈਸਾ ਹੀ ਜਾਣੋ"॥ ੬੫॥

ਤਬ ਪ੍ਰਭੁ ਚਲੇ ਸੰਗ ਲੇ ਤਾਂਹੀ। ਪਹੁਚੇ ਨਗਰ ਤੁਲੰਭੇ ਮਾਂਹੀ।
ਰਹੈ ਤਹਾਂ ਇਕ ਸੱਜਨ ਬੰਚਕ। ਬੇਖ ਬੈ ਸਨੇਦਯਾ ਨ ਰੰਚਕ॥ ੬੬॥

ਤਦ ਗੁਰੂ ਜੀ ਉਸ ਨੂੰ ਨਾਲ ਲੈ ਕੇ ਚਲ ਪਏ ਅਤੇ ਤੁਲੰਭੇ ਨਾਮੀ ਨਗਰ ਵਿਚ ਪੁੱਜੇ। ਉਥੇ ਇਕ ਸੱਜਣ ਨਾਮੀ ਠੱਗ ਰਹਿੰਦਾ ਸੀ। ਉਸ ਦਾ ਭੇਸ ਵੈਸ਼ਨੂੰਆਂ ਵਾਲਾ ਸੀ, ਪਰ ਉਸ ਦੇ ਮਨ ਵਿਚ ਰਤਾ ਵੀ ਦਇਆ ਨਹੀਂ ਸੀ॥ ੬੬॥

ਬਹੁਮੋਲੇ ਤਨੁ ਚੀਰ ਹੰਢਾਈ। ਪੁਰਿ ਢਿਗ ਬੈਠਿ ਗਏ ਜਗ ਸਾਈਂ।
ਸ਼ਹਿਜ਼ਾਦਾ ਲੇ ਆਇਸੁ ਪੁਰਿ ਮੈਂ। ਗਮਨਜੋ ਲਾਗੀ ਛੁਧਾ ਉਦਰ ਮੈਂ ॥੬੭॥

ਸਰੀਰ ਉਤੇ ਬਹੁਮੁੱਲੇ ਕੱਪੜੇ ਹੰਢਾਉਂਦਾ ਸੀ, ਉਸ ਨਗਰ ਦੇ ਨੇੜੇ ਜਾ ਕੇ ਗੁਰੂ ਜੀ ਬੈਠ ਗਏ। ਸ਼ਹਿਜ਼ਾਦਾ ਆਗਿਆ ਲੈ ਕੇ ਪਿੰਡ ਨੂੰ ਚਲਾ ਗਿਆ, ਕਿਉਂਕਿ ਉਸ ਨੂੰ ਭੁੱਖ ਲੱਗੀ ਸੀ॥ ੬੭॥

ਜਾਇ ਤਹਾਂ ਧਰਮਸਾਲਾ ਦੇਖੀ। ਸੱਜਣ ਜਿਸ ਮਹਿਂ ਅਘੀ ਵਿਸ਼ੇਖੀ।
ਨੀਕੀ ਬਿਧਿ ਸੋਂ ਕੀਨ ਦੁਆਇ। ਸ਼ਹਿਜ਼ਾਦਾ ਬੈਠਜੋ ਢਿਗ ਜਾਇ ॥੬੮॥

ਉਥੇ ਜਾ ਕੇ ਇਕ ਧਰਮਸ਼ਾਲਾ ਵੇਖੀ, ਸੱਜਣ ਠੱਗ ਜਿਸ ਵਿਚ ਬਹੁਤ ਪਾਪ ਕਰਦਾ ਸੀ। ਚੰਗੀ ਨੀਤੀ ਅਨੁਸਾਰ ਉਸ ਬੇਨਤੀ ਕੀਤੀ ਅਤੇ ਸੱਜਣ ਦੇ ਪਾਸ ਜਾ ਕੇ ਬੈਠ ਗਿਆ॥ ੬੮॥

ਸਾਦਰ ਸੋਂ ਸੱਜਣ ਬਚ ਕਹਿਈ। 'ਆਵਹੁ ਭਾਈ! ਕਹਿਂ ਤੈਂ ਰਹਿਈ?।
ਕੋ ਹੈ ਤੇਰੋ ਬਰਨ ਬਤਾਵਹੁ?। ਕਿਤ ਤੇ ਆਯੋ ਕਿਤ ਕੋ ਜਾਵਹੁ?' ॥੬੯॥

ਬੜੇ ਆਦਰ ਨਾਲ ਸੱਜਣ ਨੇ ਬਚਨ ਕਹੇ, "ਆਵੋ ਭਾਈ! ਤੁਸੀਂ ਕਿਥੇ ਰਹਿੰਦੇ ਹੋ। ਤੇਰੀ ਕਿਹੜੀ ਜਾਤ ਹੈ, ਮੈਨੂੰ ਦੱਸੋ ? ਕਿਥੋਂ ਆਇਆ ਹੈਂ ਅਤੇ ਕਿਥੇ ਜਾਣਾ ਹੈ॥ ੬੯॥

'ਜਾਤਿ ਮਿਰਾਸੀ ਜਾਨਹੁ ਮੇਰੀ। ਸਦਨ ਹਮਾਰ ਦੂਰ ਘਨੇਰੀ।
ਜਾਉਂ ਅਗਾਰੀ ਕਾਰਜ ਕੋਈ। ਤੁਮ ਢਿਗ ਆਯੋ ਛੁਧਾ ਜਿ ਹੋਈ' ॥੭੦॥

ਸ਼ਹਿਜ਼ਾਦੇ ਕਿਹਾ, "ਮੇਰੀ ਜਾਤੀ ਮਿਰਾਸੀ ਜਾਣੋ, ਘਰ ਸਾਡਾ ਬਹੁਤ ਦੂਰ ਹੈ। ਕਿਸੇ ਕਾਰਜ ਅੱਗੇ ਜਾਵਾਂਗਾ, ਤੇਰੇ ਪਾਸ ਇਸ ਲਈ ਆਇਆ ਹਾਂ ਕਿ ਭੁੱਖ ਲੱਗੀ ਹੋਈ ਹੈ॥ ੭੦॥

ਸੱਜਣ ਕਹੈ 'ਅਹਾਰ ਘਨੇਰਾ। ਕੋ ਜਜਮਾਨ ਵਡਾਹੂ ਤੇਰਾ।
ਜਾਂਕੋ ਅਹੈਂ ਮਿਰਾਸੀ ਐਸੋ। ਮੁਝ ਤੇ ਵਡਾ ਕਿ ਲਘੁ? ਕਹੁ ਤੈਸੋ' ॥੭੧॥

ਸੱਜਣ ਨੇ ਕਿਹਾ, "ਭੋਜਨ ਬਹੁਤ ਹੈ, ਕੋਈ ਤੇਰਾ ਵੱਡਾ ਜਜਮਾਨ ਹੋਵੇਗਾ। ਜਿਸ ਦਾ ਇਸ ਤਰ੍ਹਾਂ ਦਾ ਮਿਰਾਸੀ ਹੈਂ, ਮੈਥੋਂ ਵੱਡਾ ਹੈ ਕਿ ਛੋਟਾ ਹੈ, ਉਸ ਤਰ੍ਹਾਂ ਕਹੋ॥ ੭੧॥

ਸ਼ਹਿਜ਼ਾਦੇ ਸੁਨਿ ਬਚਨ ਬਖਾਨਾ। 'ਹਮ ਤੁਮ ਤੇ ਮਮ ਪ੍ਰਭੁ ਮਹਾਨਾ।
ਜੋ ਜਾਚਹਿਂ ਪੂਰਹਿ ਤਿਹ ਕਾਮਾ। ਛੱਤ੍ਰੀ ਕੁਲ ਸ੍ਰੀ ਨਾਨਕ ਨਾਮਾ ॥੭੨॥

ਸ਼ਹਿਜ਼ਾਦੇ ਨੇ ਇਹ ਸੁਣ ਕੇ ਕਿਹਾ, "ਮੇਰੇ ਤੇਰੇ ਨਾਲੋਂ ਮੇਰਾ ਪ੍ਰਭੂ ਬਹੁਤ ਮਹਾਨ ਹੈ, ਜੋ ਵੀ ਕੋਈ ਕੁਝ ਮੰਗਦਾ ਹੈ, ਉਸ ਦਾ ਕੰਮ ਪੂਰਾ ਕਰਦਾ ਹੈ। ਉਸ ਦੀ ਖੱਤਰੀ ਜਾਤ ਹੈ ਅਤੇ ਨਾਨਕ ਉਸ ਦਾ ਨਾਂ ਹੈ"॥ ੭੨॥

ਸੱਜਣ ਅਪਨੇ ਨਰ ਸੋਂ ਕਹਿਹੀ। 'ਬਡ ਪ੍ਰਭੁ ਕੋ ਸੁ ਮਿਰਾਸੀ ਅਹਿਹੀ।
ਸੇਵਾ ਕੀਜੈ ਅਧਿਕ ਬਨਾਈ। ਜਿਸ ਪ੍ਰਕਾਰ ਇਹ ਉਰ ਹਰਖਾਈ' ॥੭੩॥

ਸੱਜਣ ਨੇ ਆਪਣੇ ਆਦਮੀ ਨੂੰ ਬੁਲਾ ਕੇ ਕਿਹਾ, "ਇਹ ਵੱਡੇ ਪ੍ਰਭੂ ਦਾ ਮਿਰਾਸੀ ਹੈ, ਇਸ ਦੀ ਚੰਗੀ ਤਰ੍ਹਾਂ ਸੇਵਾ ਕਰੋ, ਜਿਸ ਪ੍ਰਕਾਰ ਇਹ ਦਿਲ ਵਿਚ ਬਹੁਤ ਪ੍ਰਸੰਨ ਹੋ ਜਾਵੇ"॥ ੭੩॥

ਤਿਹ ਛਿਨ ਇਕ ਨਰ ਅਯੋ ਬੁਲਾਵਨ। 'ਚਲਹੁ ਮਿਰਾਸੀ ਭੋਜਨ ਖਾਵਨ'।
ਅੰਤਰਿ ਸਦਨ ਤਾਂਹਿ ਲੇ ਗਏ। ਤ੍ਰੈ ਮਾਨਵ ਤਹਿਂ ਇਕਠਾਂ ਭਏ॥੭੪॥

ਓਸੇ ਵੇਲੇ ਇਕ ਮਨੁੱਖ ਉਸ ਨੂੰ ਬੁਲਾਉਣ ਆ ਗਿਆ ਉਸ ਕਿਹਾ, ''ਹੇ ਮਿਰਾਸੀ ! ਭੋਜਨ ਖਾਣ ਚਲੋ।'' ਘਰ ਦੇ ਅੰਦਰ ਲੈ ਗਿਆ, ਓਥੇ ਤਿੰਨ ਮਨੁੱਖ ਇਕੱਠੇ ਖੜ੍ਹੇ ਸਨ॥ ੭੪॥

ਦੋਹਰਾ- ਗਹਿ ਸ਼ਹਿਜ਼ਾਦੇ ਕੇ ਤਬੈ ਮੁਸ਼ਕੈਂ ਲਈ ਚਢਾਇ।
ਬਹੁ ਮੋਲੇ ਤਨ ਚੀਰ ਜੇ ਸਭਿ ਖਸੋਟ ਦੁਖਦਾਇ॥ ੭੫॥

ਸ਼ਹਿਜ਼ਾਦੇ ਨੂੰ ਫੜ ਕੇ ਉਸ ਦੀਆਂ ਮੁਸ਼ਕਾਂ ਕਸ ਦਿੱਤੀਆਂ, ਸਰੀਰ 'ਤੇ ਜਿਹੜੇ ਬਹੁ-ਮੁਲੇ ਕਪੜੇ ਪਾਏ ਸਨ ਸਾਰੇ ਲਾਹ ਲਏ॥ ੭੫॥

ਚੌਪਈ- ਬਹੁਰੋ ਦੇਇ ਸ਼ਾਸਨਾ ਕਹਿਹੀਂ। 'ਤੁਮ ਢਿਗ ਔਰ ਵਸਤੁ ਜੋ ਅਹਿਹੀ।
ਸੋ ਅਬਿ ਦੀਜੈ ਸਰਬ ਬਤਾਇ। ਨਾਤੁਰ ਤੁਝ ਮਾਰਹਿਂ ਇਹ ਥਾਇ'॥੭੬॥

ਫਿਰ ਤਾੜਨਾ ਦੇ ਕੇ ਕਿਹਾ, ''ਤੁਹਾਡੇ ਪਾਸ ਜੋ ਕੋਈ ਹੋਰ ਵਸਤ ਹੈ, ਉਹ ਸਭ ਹੁਣੇ ਦੱਸ ਦੇਵੋ, ਨਹੀਂ ਤਾਂ ਤੈਨੂੰ ਹੁਣੇ ਇਸ ਥਾਂ ਮਾਰ ਦੇਵਾਂਗੇ'' ॥ ੭੬॥

ਪੀੜ ਭਈ ਸ਼ਹਿਜ਼ਾਦੇ ਜਬਹੀ। ਸ੍ਰੀ ਨਾਨਕ ਚਿਤ ਕੀਨੇ ਤਬਹੀ।
'ਭਲੇ ਤਪਾ ਜੀ ਮੋਕਉ ਭੇਜਾ। ਹੋਤਿ ਬਡੋ ਦੁਖ ਫਟਤਿ ਕਰੇਜਾ॥੭੭॥

ਜਦ ਸ਼ਹਿਜ਼ਾਦੇ ਨੂੰ ਪੀੜ ਹੋਈ ਤਾਂ ਉਸ ਗੁਰੂ ਨਾਨਕ ਜੀ ਨੂੰ ਯਾਦ ਕੀਤਾ, ''ਹੇ ਤਪਾ ਜੀ ਮੈਨੂੰ ਚੰਗਾ ਭੇਜਿਆ ਹੈ, ਬੜਾ ਦੁਖੀ ਹੋਇਆ ਹਾਂ, ਕਲੇਜਾ ਫੱਟ ਰਿਹਾ ਹੈ॥ ੭੭॥

ਭੂਲਯੋ ਰਿਦੇ ਬੈਸ਼ਨੋ ਦੇਖਾ। ਨਹਿਂ ਜਾਨਤਿ ਹੈ ਅਘੀ ਬਿਸ਼ੇਖਾ'।
ਸ਼ਹਿਜ਼ਾਦੇ ਕੀ ਸਭਿ ਬਿਧਿ ਜਾਨੀ। ਤੂਰਨ ਗਮਨ ਕੀਨ ਗੁਨਖਾਨੀ॥੭੮॥

ਦਿਲ ਵਿਚ ਭੁੱਲ ਗਿਆ ਸੀ, ਆਪਣੇ ਆਪ ਤਾਂ ਉਸ ਨੂੰ ਵੈਸ਼ਨੂੰ ਵੇਖਿਆ, ਪਰ ਇਹ ਨਾ ਜਾਣਿਆ ਕਿ ਉਹ ਵੱਡਾ ਪਾਪੀ ਹੈ।'' ਅੰਤਰਜਾਮੀ ਗੁਰੂ ਜੀ ਸ਼ਹਿਜ਼ਾਦੇ ਦੀ ਹਾਲਤ ਚੰਗੀ ਤਰ੍ਹਾਂ ਜਾਣ ਲਈ ਤੇ ਗੁਣਾਂ ਦੀ ਖਾਣ ਤੁਰੰਤ ਚੱਲ ਪਏ॥ ੭੮॥

ਬੈਸਯੋ ਜਹਾਂ ਬੈਸ਼ਨੋ ਬਨਿ ਕੈ। ਦ੍ਵਾਦਸ਼ ਤਿਲਕ ਲਗਾਏ ਗਨਿ ਕੈ।
ਜਾਇ ਨਿਕਟ ਬੇਦੀ ਕੁਲਰਾਈ। 'ਸ੍ਰੀ ਕਰਤਾਰ ਕਰਤਾਰ' ਅਲਾਈ॥੭੯॥

ਸੱਜਣ ਠੱਗ ਜਿਥੇ ਵੈਸ਼ਨੂੰ ਬਣ ਕੇ ਬੈਠਾ ਸੀ ਅਤੇ ਜਿਸ ਆਪਣੇ ਸਰੀਰ ਨੂੰ ਚੌਦਾਂ ਤਿਲਕ ਲਗਾਏ ਸਨ, ਗੁਰੂ ਜੀ ਉਸ ਦੇ ਪਾਸ ਚਲੇ ਗਏ ਅਤੇ ਜਾ ਕੇ ''ਕਰਤਾਰ ਕਰਤਾਰ' ਕਿਹਾ॥ ੭੯॥

'ਸੱਜਣ! ਹਮਰੋ ਏਕ ਮਿਰਾਸੀ। ਸੋ ਚਲਿ ਆਯੋ ਤੁਮਰੇ ਪਾਸੀ।
ਹਟਿ ਕੈ ਪੁਨ ਹਮ ਪਾਸ ਨ ਗਯੋ। ਕੋ ਜਾਨੈ ਤਿਹ ਕੋ ਕਯਾ ਭਯੋ?' ॥੮੦॥

ਗੁਰੂ ਜੀ ਨੇ ਕਿਹਾ, ''ਸੱਜਣ ! ਸਾਡਾ ਇਕ ਮਿਰਾਸੀ, ਚਲ ਕੇ ਤੁਹਾਡੇ ਪਾਸ ਆਇਆ ਹੈ, ਮੁੜ ਕੇ ਵਾਪਸ ਸਾਡੇ ਪਾਸ ਨਹੀਂ ਗਿਆ ਹੈ, ਕੌਣ ਜਾਣੇ ਉਸ ਨੂੰ ਕੀ ਹੋਇਆ ਹੈ ?'' ॥ ੮੦॥

ਸੱਜਨ ਕਹੈ 'ਨ ਆਯੋ ਕੋਈ। ਜੇ ਆਵਤਿ ਹਮ ਢਿਗ ਹ੍ਵੈ ਸੋਈ'।
ਸ੍ਰੀ ਗੁਰ ਕਹਿਂ 'ਘਰ ਆਯੋ ਤੋਹੀ। ਕੂਰ ਨ ਕਹਉ ਇਹਾਂ ਸੋ ਹੋਹੀ' ॥੮੧॥

ਸੱਜਣ ਨੇ ਕਿਹਾ, "ਏਥੇ ਕੋਈ ਨਹੀਂ ਆਇਆ ਹੈ, ਜਿਹੜਾ ਵੀ ਆਉਂਦਾ ਹੈ ਉਹ ਮੇਰੇ ਪਾਸ ਹੀ ਆਉਂਦਾ ਹੈ" ਗੁਰੂ ਜੀ ਕਿਹਾ, "ਤੇਰੇ ਹੀ ਘਰ ਆਇਆ ਹੈ, ਝੂਠ ਨਾ ਬੋਲ, ਏਥੇ ਹੀ ਹੈ॥ ੯੧॥

ਸੁਨਿ ਸੱਜਣ ਪੁਨ ਬਚਨ ਬਖਾਨਾ। 'ਤੁਮ ਪਿਖਿਯਤਿ ਹੋ ਸੰਤ ਮਹਾਨਾ।
ਝੂਠ ਨ ਤੁਮ ਸੋਂ ਕਰੋਂ ਉਚਾਰੀ। ਨਹਿ ਪ੍ਰਤੀਤ ਤੌ ਲੇਹੁ ਨਿਹਾਰੀ' ॥੯੨॥

ਇਹ ਸੁਣ ਕੇ ਸੱਜਣ ਬੋਲਿਆ, "ਤੁਸੀਂ ਮਹਾਨ ਸੰਤ ਦਿਸਦੇ ਹੋ, ਤੁਹਾਡੇ ਨਾਲ ਮੈਂ ਝੂਠ ਨਹੀਂ ਬੋਲ ਸਕਦਾ, ਜੇ ਨਹੀਂ ਵਿਸ਼ਵਾਸ਼ ਤਾਂ ਵੇਖ ਲਵੋ॥ ੯੨॥

ਗੁਰ ਮੁਝ ਸੋ ਕਹਿ 'ਜਾਵਹੁ ਬਾਲਾ! ਕਰਹੁ ਬੈਸ਼ਨੋ ਕੋ ਮੁਖ ਕਾਲਾ।
ਅੰਤਰ ਤੇ ਸ਼ਹਿਜ਼ਾਦਾ ਲਜਾਇ। ਕਾਲਖ ਯਾਂਕੇ ਬਦਨ ਲਗਾਇ' ॥੯੩॥

ਗੁਰੂ ਜੀ ਮੈਨੂੰ ਕਿਹਾ, "ਹੇ ਬਾਲਾ! ਜਾਵੋ ਅਤੇ ਇਸ ਵੈਸ਼ਨੂੰ ਦਾ ਮੂੰਹ ਕਾਲਾ ਕਰੋ। ਅੰਦਰ ਤੋਂ ਸਹਿਜ਼ਾਦੇ ਨੂੰ ਲਿਆਵੋ ਤੇ ਇਸ ਦੇ ਮੁੱਖ ਨੂੰ ਕਾਲਖ ਲਾਵੋ॥ ੯੩॥

ਸੁਨਤਿ ਸ੍ਰੋਨ ਮਹਿਂ ਤੂਰਨ ਗਯੋ। ਬੰਧਨ ਯੁਕਤ ਬਿਲੋਕਤਿ ਭਯੋ।
ਮੁਕਤਿ ਕਰਯੋ ਸੋ ਲੀਨ ਉਠਾਈ। ਸ਼ਹਿਜ਼ਾਦੇ ਤਬ ਗਿਰਾ ਅਲਾਈ ॥੯੪॥

ਇਹ ਸੁਣ ਕੇ ਮੈਂ ਤੁਰੰਤ ਗਿਆ, ਰਸਿਆਂ ਨਾਲ ਬੰਨ੍ਹਿਆ ਹੋਇਆ ਸ਼ਹਿਜ਼ਾਦੇ ਨੂੰ ਵੇਖਿਆ। ਰੱਸੇ ਖੋਲ੍ਹ ਕੇ ਜਦ ਮੈਂ ਛੁਡਾ ਲਿਆ ਤਾਂ ਸ਼ਹਿਜ਼ਾਦੇ ਨੇ ਕਿਹਾ॥ ੯੪॥

'ਭਲੇ ਥਾਨ ਭੇਜਯੋ ਮੁਝ ਨਾਥਾ!। ਚੀਰ ਉਤਾਰੇ ਬੰਧੇ ਹਾਥਾ।
ਇਨ ਤੇ ਪਟ ਅਬ ਦੇਹੁ ਦਿਵਾਏ। ਬਡੇ ਦੁਸ਼ਟ ਪਾਪੀ ਦੁਖਦਾਏ' ॥੯੫॥

'ਹੇ ਮਾਲਕ ਮੈਨੂੰ ਚੰਗੇ ਥਾਂ ਭੇਜਿਆ ਹੈ। ਕੱਪੜੇ ਉਤਾਰ ਲਏ ਹਨ ਅਤੇ ਹੱਥ ਪੈਰ ਬੰਨ੍ਹ ਲਏ ਹਨ, ਇਨ੍ਹਾਂ ਤੋਂ ਹੁਣ ਕਪੜੇ ਦਵਾ ਦੇਵੋ, ਇਹ ਬੜੇ ਦੁਸ਼ਟ ਪਾਪੀ ਅਤੇ ਦੁੱਖ ਦੇਣ ਵਾਲੇ ਹਨ॥ ੯੫॥

ਮਨੁਜ ਕਹੇਂ 'ਇਹੁ ਐਸੇ ਆਯੋ। ਨਹਿਂ ਦੁਕੂਲ ਕੋਊ ਪਟ ਲਜਾਯੋ'।
ਤਬ ਮੈਂ ਨਗਨ ਲੀਨ ਨਿਜ ਸਾਥਾ। ਆਯੋ ਜਹਿਂ ਠਾਂਢੇ ਜਗ ਨਾਥਾ ॥੯੬॥

ਉਨ੍ਹਾਂ ਮਨੁੱਖਾਂ ਕਿਹਾ, "ਇਹ ਇਸ ਤਰ੍ਹਾਂ ਨੰਗਾ ਆਇਆ ਹੈ, ਇਹ ਕੋਈ ਕਪੜਾ ਵੀ ਆਪਣੇ ਨਾਲ ਨਹੀਂ ਲਿਆਇਆ ਹੈ, ਤਦ ਮੈਂ ਨੰਗੇ ਸ਼ਹਿਜ਼ਾਦੇ ਨੂੰ ਨਾਲ ਲਿਆ ਅਤੇ ਓਥੇ ਆ ਗਿਆ ਜਿੱਥੇ ਗੁਰੂ ਜੀ ਖੜੇ ਸਨ॥ ੯੬॥

ਦੋਹਰਾ- ਗੁਰ ਬੂਝਯੋ 'ਕਿਉਂ ਨਗਨ ਭਾ ਕਿਨਹਿ ਉਤਾਰੇ ਚੀਰ?'।
ਸੁਨਿਕੈ ਸ਼ਹਿਜ਼ਾਦਾ ਕਹਿਤਿ 'ਸੁਨਹੁ ਹਰਨ ਪਰ ਪੀਰ! ॥ ੯੭॥

ਗੁਰੂ ਜੀ ਨੇ ਪੁਛਿਆ, "ਨੰਗਾ ਕਿਉਂ ਹੈਂ, ਕਿਸ ਤੇਰੇ ਕਪੜੇ ਉਤਾਰੇ ਸਨ। ਇਹ ਸੁਣਕੇ ਸ਼ਹਿਜ਼ਾਦੇ ਕਿਹਾ, "ਪਰਾਈ ਪੀੜ ਦੂਰ ਕਰਨ ਵਾਲੇ! ਸੁਣੋ॥ ੯੭॥

ਚੌਪਈ- ਇਹਤੋ ਭਲੋ ਬੈਸ਼ਨੋ ਬੈਸਾ। ਬੰਚਕ ਅਘੀ ਨ ਕੋ ਇਸ ਜੈਸਾ।
ਮੋਕੋ ਅੰਤਰ ਲੇਕਰਿ ਧਾਮਾ। ਮੁਸ਼ਕੈਂ ਬਾਂਧਿ ਲੀਨਿ ਸੰਗਿ ਦਾਮਾ ॥੯੮॥

ਇਹ ਜੋ ਭਲਾ ਵੈਸ਼ਨੂ ਬੈਠਾ ਹੈ, ਠੱਗ ਪਾਪੀ ਇਸ ਵਰਗਾ ਕੋਈ ਨਹੀਂ ਹੈ, ਮੈਨੂੰ ਘਰ ਦੇ ਅੰਦਰ ਖੜਕੇ ਮੇਰੀਆਂ ਮੁਸ਼ਕਾਂ ਰੱਸਿਆਂ ਨਾਲ ਬੰਨ੍ਹ ਦਿੱਤੀਆਂ॥ ੯੮॥

ਚੀਰ ਉਤਾਰਿ ਸ਼ਾਸਨਾ ਦੀਨੀ। ਐਸੋ ਤੀਖੂ ਪਾਪਮਤਿ ਭੀਨੀ'।

ਜਿਉਂ ਜਿਉਂ ਕਹਿਤਿ ਬਚਨ ਢਿਗ ਸੋਇ। ਤਿਉਂ ਤਿਉਂ ਸੱਜਣ ਲੱਜਿਤ ਹੋਇ ॥੮੯॥

ਕਪੜੇ ਉਤਾਰ ਕੇ ਮੈਨੂੰ ਤਾੜਨਾ ਕੀਤੀ, ਪਾਪ ਵਿਚ ਅਜੇਹੀ ਇਨ੍ਹਾਂ ਦੀ ਮੱਤ ਭਿੱਜੀ ਹੋਈ ਹੈ। ਜਿਵੇਂ ਜਿਵੇਂ ਸ਼ਹਿਜ਼ਾਦਾ ਕਹੀ ਜਾਂਦਾ ਸੀ, ਉਸ ਤਰ੍ਹਾਂ ਸੱਜਣ ਲਜਿਤ ਹੁੰਦਾ ਜਾਂਦਾ ਸੀ॥ ੮੯॥

ਨੀਚ ਗ੍ਰੀਵ ਜਿਹ ਬੋਲ ਨ ਆਵੈ। ਕੈਸੋ ਦੂਰੈ ਨ ਮਿਸ ਕੋ ਪਾਵੈ।
ਲੱਜਿਤ ਹੋਯੋ ਦੇਖਿ ਮਹਾਨਾ। ਤਿਹ ਛਿਨ ਸ੍ਰੀ ਗੁਰ ਸ਼ਬਦ ਬਖਾਨਾ ॥੯੦॥

ਮੂੰਹ ਨੀਂਵਾਂ ਕਰ ਲਿਆ ਅਤੇ ਗੱਲ ਨਹੀਂ ਸੀ ਆਉਂਦੀ, ਕਿਸ ਤਰ੍ਹਾਂ ਛੁਪੇ ਕੋਈ ਬਹਾਨਾ ਵੀ ਨਹੀਂ ਸੀ ਲਭ ਰਿਹਾ। ਮਹਾਨ ਲੱਜਿਤ ਹੋਏ ਨੂੰ ਵੇਖ ਕੇ, ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੯੦॥

*ਸੂਹੀ ਮਹਲਾ ੧ ਘਰੁ ੬*
*ੴ ਸਤਿਗੁਰ ਪ੍ਰਸਾਦਿ॥*

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ ੧॥*
*ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ੍॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥ ਰਹਾਉ॥*
*ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥ ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥ ੨॥*
*ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍॥ ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍॥ ੩॥*
*ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍॥ ੪॥*
*ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ ੫॥*
*ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ ੬॥ ੧॥ ੩॥*

*(ਪੰਨਾ ੭੨੯)*

ਕਾਂਸੀ ਦੀ ਧਾਤ ਚਿੱਟੀ ਤੇ ਚਮਕੀਲੀ ਹੁੰਦੀ ਹੈ, ਪਰ ਰਗੜਨ ਨਾਲ ਇਸ ਦੀ ਕਾਲੀ ਸਿਆਹੀ ਦਿੱਸ ਪੈਂਦੀ ਹੈ। ਧੋਣ ਨਾਲ ਇਸ ਦੀ ਜੂਠ ਦੂਰ ਨਹੀਂ ਹੁੰਦੀ, ਭਾਵੇਂ ਇਹ ਸੈਂਕੜੇ ਵਾਰ ਵੀ ਕਿਉਂ ਨਾ ਧੋਤਾ ਜਾਵੇ॥ ੧॥

ਕੇਵਲ ਉਹੀ ਸੱਜਣ ਹਨ ਜਿਹੜੇ ਜਿਥੇ ਮੈਂ ਜਾਵਾਂ ਮੇਰੇ ਨਾਲ ਜਾਣ ਅਤੇ ਫਿਰ ਉਹ ਓਥੇ ਖਲੋਤੇ ਦਿੱਸਦੇ ਹਨ ਜਿਥੇ ਹਿਸਾਬ ਕਿਤਾਬ ਪੁਛਿਆ ਜਾਂਦਾ ਹੈ॥ ੧॥ ਠਹਿਰਾਉ॥

ਕੋਠੇ ਮੰਡਪ ਮਾੜੀਆਂ ਭਾਵੇਂ ਚਾਰੇ ਪਾਸਿਆਂ ਤੋਂ ਚਿਤਰੀਆਂ ਹੋਣ ਪਰ ਅੰਦਰੋਂ ਖਾਲੀ ਅਤੇ ਢੱਠੀਆਂ ਹੋਈਆਂ ਕਿਸੇ ਕੰਮ ਨਹੀਂ ਆਉਂਦੀਆਂ॥ ੨॥

ਚਿਟੇ ਖੰਭਾਂ ਵਾਲੇ ਬਗਲੇ ਤੀਰਥ ਅਸਥਾਨਾਂ ਤੇ ਰਹਿੰਦੇ ਹਨ। ਉਹ ਘੁਟ ਘੁਟ ਕੇ ਜੀਅ ਖਾ ਜਾਂਦੇ ਹਨ ਇਸ ਲਈ ਉਹ ਚਿੱਟੇ ਨਹੀਂ ਆਖੇ ਜਾ ਸਕਦੇ॥ ੩॥

ਮੇਰਾ ਜਿਸਮ ਸਿੰਬਲ ਦੇ ਰੁੱਖ ਵਰਗਾ ਹੈ, ਮੈਨੂੰ ਵੇਖ ਕੇ ਜੀਵ ਭੁੱਲ ਜਾਂਦੇ ਹਨ। ਉਸ ਦੇ ਫਲ ਕਿਸੇ ਕੰਮ ਨਹੀਂ ਆਉਂਦੇ ਹਨ, ਉਸ ਦੇ ਲਛਣ ਹੀ ਮੇਰੇ ਜਿਸਮ ਵਿਚ ਹਨ॥ ੪॥

ਅੰਨਾ ਆਦਮੀ ਭਾਰੀ ਭਾਰ ਚੁੱਕੀ ਫਿਰਦਾ ਹੈ ਅਤੇ ਪਹਾੜ ਦਾ ਰਸਤਾ ਬੜਾ ਲੰਮਾ ਹੈ। ਮੈਂ ਆਪਣੇ ਨੇਤਰਾਂ ਨਾਲ ਵੇਖਦਾ ਹਾਂ ਪਰ ਮੈਨੂੰ ਰਸਤਾ ਲਭਦਾ ਨਹੀਂ। ਮੈਂ ਕਿਸ ਤਰ੍ਹਾਂ ਪਹਾੜ ਉਤੇ ਚੜ੍ਹ ਕੇ ਪਾਰ ਜਾ ਸਕਦਾ ਹਾਂ?॥ ੫॥

ਨਾਮ ਦੇ ਬਗੈਰ ਹੋਰ ਨੌਕਰੀਆਂ ਨੇਕੀਆਂ ਅਤੇ ਸਿਆਣਪਾਂ ਕਿਹੜੇ ਕੰਮ ਹਨ? ਹੇ ਨਾਨਕ! ਤੂੰ ਸੁਆਮੀ ਦੇ ਨਾਮ ਦਾ ਸਿਮਰਨ ਕਰ, ਜਿਸ ਨਾਲ ਤੂੰ ਆਪਣੀਆਂ ਬੇੜੀਆਂ ਤੋਂ ਖੁਲਾਸੀ ਪਾ ਸਕੇਂ॥ ੬॥ ੧॥ ੩॥

ਚੌਪਈ- 'ਦੁਰਮਤਿ! ਤੂੰ ਕਲਿਮਲ ਕੀ ਖਾਨਿ। ਬਨਜੋ ਬੈਸ਼ਨੋ ਬੇਖ ਮਹਾਨ।

ਬਾਹਰ ਸੁਧਾ ਬੀਚ ਬਿਖ ਪੂਰੀ। ਗਹਿ ਕੈ ਜਮ ਦੇਵਹਿਂ ਦੁਖ ਭੂਰੀ ॥੯੧॥

ਗੁਰੂ ਜੀ ਕਿਹਾ, "ਹੇ ਦੁਰਮਤੀਏ ! ਤੂੰ ਪਾਪਾ ਦੀ ਕਮਾਈ ਖਾ ਰਿਹਾ ਹੈ, ਮਹਾਨ ਵੈਸ਼ਨੂ ਭੇਸ ਧਾਰਨ ਕੀਤਾ ਹੈ। ਬਾਹਰ ਅੰਮ੍ਰਿਤ ਹੈ ਤੇ ਅੰਦਰ ਜ਼ਹਿਰ ਹੈ, ਯਮ ਤੈਨੂੰ ਫੜ ਕੇ ਬੜਾ ਦੁੱਖ ਦੇਣਗੇ॥ ੯੧॥

ਜਬ ਜੰਜੀਰ ਤੋਹਿ ਗਰ ਪਾਵਹਿ। ਹੋਇ ਸ਼ਾਸਨਾ ਕੌਨ ਛੁਟਾਵਹਿ।
ਦੁਸ਼ਟ ਕਰਤਿ ਧਨ ਜੋ ਇਕ ਥਾਇਂ। ਕਾਜ ਨ ਆਵਹਿ ਜਬ ਬਿਲਲਾਇਂ॥੯੨॥

ਜਦ ਸੰਗਲ ਤੇਰੇ ਗਲ ਵਿਚ ਪਾਉਣਗੇ ਅਤੇ ਜਦ ਮਾਰ ਪਏਗੀ ਤਾਂ ਤੈਨੂੰ ਕੌਣ ਛੁਡਾਵੇਗਾ। ਜਿਹੜੇ ਦੁਸ਼ਟ ਲੋਕ ਧਨ ਇਕੱਠਾ ਕਰਦੇ ਹਨ, ਜਦ ਦੁਖੀ ਹੋ ਕੇ ਵਿਲਕਦੇ ਹਨ ਤਾਂ ਧਨ ਕਿਸੇ ਕੰਮ ਨਹੀਂ ਆਉਂਦਾ"॥ ੯੨॥

ਸੁਤ ਬਨਿਤਾ ਸਨਬੰਧੀ ਜੋਇ। ਕੋਇ ਨ ਤੋਹਿ ਸਹਾਈ ਹੋਇ।
ਪਾਵਹਿਂ ਪੀਰ ਪਰਜੋ ਚਿਰ ਕਾਲਾ। ਫਲ ਪਾਪਨ ਕੋ ਹੋਇ ਬਿਸਾਲਾ ॥੯੩॥

ਪੁੱਤਰ, ਇਸਤਰੀ ਅਤੇ ਜਿਹੜੇ ਸਾਕ ਸੰਬੰਧੀ ਹਨ, ਉਨ੍ਹਾਂ ਵਿਚੋਂ ਕੋਈ ਵੀ ਤੇਰਾ ਸਹਾਈ ਨਹੀਂ ਹੋਵੇਗਾ। ਬਹੁਤ ਦੇਰ ਤਕ ਪਿਆ ਰਹੇਂਗਾ ਅਤੇ ਬਹੁਤ ਦੁੱਖ ਪਾਵੇਂਗਾ। ਪਾਪਾਂ ਦੇ ਫਲ ਦੀ ਸਜ਼ਾ ਬਹੁਤ ਵੱਡੀ ਹੁੰਦੀ ਹੈ॥ ੯੩॥

ਦਰਸ਼ਨ ਕਰਿ ਸੁਨਿ ਬਚਨ ਭਯਾਨੇ। ਮਨ ਸੱਜਣ ਭੈ ਭਯੋ ਮਹਾਨੇ।
ਹ੍ਵੈ ਅਧੀਨ ਪਾਇਨ ਲਪਟਾਯੋ। ਹਾਥ ਜੋਰਿ ਕਰਿ ਬਚਨ ਹਲਾਯੋ ॥੯੪॥

ਦਰਸ਼ਨ ਕਰਕੇ ਅਤੇ ਭਿਆਨਕ ਬਚਨ ਸੁਣਕੇ, ਸੱਜਣ ਦਾ ਮਨ ਬਹੁਤ ਡਰ ਗਿਆ। ਅਧੀਨ ਹੋ ਕੇ, ਪੈਰਾਂ ਤੇ ਡਿੱਗ ਪਿਆ, ਹੱਥ ਜੋੜ ਕੇ ਬਚਨ ਕੀਤਾ॥ ੯੪॥

'ਕਲਿਮਲਿ ਕੀਨੇ ਮੈਂ ਅਤਿ ਭਾਰੀ। ਅਬ ਰਾਖਹੁ ਹੌਂ ਸ਼ਰਨ ਤੁਮਾਰੀ।
ਸੰਤ ਬਿਰਦ ਸਦ ਹੀ ਉਪਕਾਰੀ। ਰਾਵਰਿ ਮਿਲਤਿ ਭਈ ਸੁਧ ਸਾਰੀ' ॥੯੫॥

"ਮੈਂ ਬਹੁਤ ਪਾਪ ਕੀਤੇ ਹਨ, ਹੁਣ ਮੈਨੂੰ ਰਖ ਲਵੋ ਮੈਂ ਤੁਹਾਡੀ ਸ਼ਰਨ ਆਇਆ ਹਾਂ। ਸੰਤਾਂ ਦਾ ਇਹ ਵਡੱਪਣ ਹੈ ਕਿ ਉਹ ਸਦਾ ਹੀ ਉਪਕਾਰੀ ਹੁੰਦੇ ਹਨ, ਆਪ ਜੀ ਨੂੰ ਮਿਲਕੇ ਮੈਨੂੰ ਸਾਰੀ ਸੋਝੀ ਹੋ ਗਈ ਹੈ"॥ ੯੫॥

ਗੁਰ ਕਹਿਂ 'ਪਾਪ ਕਰਨ ਤਜਿ ਦੇਈ। ਤੌ ਕਰੁਨਾ ਕਰਤਾਰ ਕਰੇਈ।
ਸੱਤਿਨਾਮ ਸਿਮਰਹੁ ਲਿਵਲਾਈ। ਭਲੋ ਜੀਅ ਕੋ ਹੁਇ ਸੁਖ ਪਾਈ' ॥੯੬॥

ਗੁਰੂ ਜੀ ਨੇ ਕਿਹਾ, "ਪਾਪ ਕਰਨੇ ਛੱਡ ਦੇਵੇਂ, ਕਰਤਾਰ ਤੇਰੇ ਤੇ ਮਿਹਰ ਕਰੇਗਾ। ਲਿਵ ਲਾਕੇ ਸਤਿਨਾਮ ਦਾ ਸਿਮਰਨ ਕਰੋ, ਜੀਅ ਦਾ ਭਲਾ ਹੋਵੇਗਾ ਅਤੇ ਸੁੱਖ ਪਾਵੇਂਗਾ"॥ ੯੬॥

ਦੋਹਰਾ- 'ਕਬ ਨ ਅਗਾਰੀ ਹੌਂ ਕਰੌਂ ਪਿਛਲੇ ਬਖਸ਼ਹੁ ਪਾਪ।
ਉਪਦੇਸ਼ਹੁ ਸਿਖ ਕੀਜੀਏ ਦੇਹੁ ਨਾਮ ਕੋ ਜਾਪ॥ ੯੭॥

ਸੱਜਣ ਨੇ ਕਿਹਾ, "ਮੈਂ ਅੱਗੇ ਤੋਂ ਕੋਈ ਪਾਪ ਨਹੀਂ ਕਰਾਂਗਾ, ਮੇਰੇ ਪਿਛਲੇ ਪਾਪ ਬਖਸ਼ ਦੇਵੋ। ਮੈਨੂੰ ਉਪਦੇਸ਼ ਦੇ ਕੇ ਆਪਣਾ ਸਿੱਖ ਬਣਾਵੋ ਅਤੇ ਨਾਮ ਦਾ ਜਾਪ ਦੇਵੋ॥ ੯੭॥

ਚੌਪਈ- ਮੋਰ ਕਰਮ ਕਰਿ ਇਤ ਤੁਮ ਆਏ। ਕਹਿ ਇਉਂ ਰਹਜੋ ਚਰਨ ਲਪਟਾਏ।
ਕ੍ਰਿਪਾ ਧਾਰਿ ਗੁਰ ਬਚਨ ਉਚਾਰਾ। 'ਏਹੁ ਮਿਰਾਸੀ ਗੁਰੂ ਤੁਮਾਰਾ ॥੯੮॥

ਮੇਰੇ ਕਰਮਾਂ ਕਰਕੇ ਤੁਸੀਂ ਏਥੇ ਆਏ ਹੋ' ਇਸ ਤਰ੍ਹਾਂ ਕਹਿ ਕੇ ਚਰਨਾਂ ਨਾਲ ਜੁੜ ਗਿਆ। ਕਿਰਪਾ ਧਾਰ ਕੇ ਗੁਰੂ ਜੀ ਨੇ

ਬਚਨ ਕੀਤਾ, "ਇਹ ਮਿਰਾਸੀ ਤੇਰਾ ਗੁਰੂ ਹੈ॥ ੯੮॥

ਇਸਕੇ ਮਾਨੇ ਭਲਾ ਜਨੀਜੈ। ਕਰਨੇ ਪਾਪ ਸਰਬ ਤਜਿ ਦੀਜੈ'।
ਸ਼ਹਿਜ਼ਾਦੇ ਕੋ ਬੰਦਨ ਕਰੀ। ਸੱਜਣ ਭਾ ਨਿਹਾਲ ਤਿਹ ਘਰੀ॥ ੯੯॥

ਇਸ ਦਾ ਸਤਿਕਾਰ ਕਰਨ ਨਾਲ ਤੁਹਾਡਾ ਭਲਾ ਹੋਵੇਗਾ, ਪਾਪ ਕਰਨੇ ਸਭ ਛੱਡ ਦੇਵੋ"। ਸੱਜਣ ਨੇ ਜਦ ਸ਼ਹਿਜ਼ਾਦੇ ਨੂੰ ਬੰਦਨਾ ਕੀਤੀ ਤਾਂ ਓਸੇ ਵੇਲੇ ਸੱਜਣ ਨਿਹਾਲ ਹੋ ਗਿਆ॥ ੯੯॥

ਗੁਰ ਕਹਿਂ 'ਸਦਨ ਪਾਪ ਧਨ ਜੋਊ। ਅਬ ਲੁਟਾਇ ਦੀਜੈ ਸਭਿ ਸੋਊ'।
ਮਾਨਜੋ ਬਚਨ, ਨਿਕਟਿ ਜੋ ਦਰਬਾ। ਰੰਕ ਬੁਲਾਇ ਲੁਟਾਯੋ ਸਰਬਾ॥੧੦੦॥

ਗੁਰੂ ਜੀ ਨੇ ਕਿਹਾ, "ਘਰ ਵਿਚ ਜਿਹੜਾ ਵੀ ਪਾਪਾਂ ਦਾ ਧਨ ਇਕੱਠਾ ਕੀਤਾ ਹੈ, ਉਸ ਸਾਰੇ ਧਨ ਨੂੰ ਹੁਣ ਲੁਟਾ ਦੇਵੋ।" ਗੁਰੂ ਜੀ ਦੇ ਬਚਨ ਮੰਨ ਕੇ ਜਿੰਨਾ ਵੀ ਸੱਜਣ ਪਾਸ ਧਨ ਸੀ ਗਰੀਬ ਲੋਕਾਂ ਨੂੰ ਬੁਲਾ ਕੇ ਵੰਡ ਦਿੱਤਾ॥ ੧੦੦॥

ਬਖਸ਼ਯੋ ਇਸ ਪ੍ਰਕਾਰ ਤਿਸ ਤਾਈਂ। ਆਗੈ ਕੀਨੋ ਗਮਨ ਗੁਸਾਈਂ।
ਖੁਰਮੇਪੁਰਿ ਮਹਿਂ ਪਹੁਚੇ ਜਾਈ। ਸ਼ਹਿਜ਼ਾਦੇ ਸੋਂ ਗਿਰਾ ਅਲਾਈ॥੧੦੧॥

ਗੁਰੂ ਜੀ ਨੇ ਇਸ ਤਰ੍ਹਾਂ ਉਸ ਨੂੰ ਬਖਸ਼ ਦਿੱਤਾ। ਫਿਰ ਗੁਰੂ ਜੀ ਅੱਗੇ ਚਲ ਪਏ। ਖੁਰਮਪੁਰ ਵਿਚ ਜਾ ਪਹੁੰਚੇ, ਓਥੇ ਜਾ ਕੇ ਸ਼ਹਿਜ਼ਾਦੇ ਨੂੰ ਕਿਹਾ॥ ੧੦੧॥

'ਨਗਰ ਮਹਾਨ ਰੁਚਿਰ ਇਸਥਾਨਾ। ਕੀਨੋ ਦਾਹੁ ਇਹਾਂ ਮਰਦਾਨਾ'।
ਸੁਨਿਕੈ ਸ਼੍ਰੌਨ ਦੇਖਿ ਥਲ ਤਾਈਂ। ਬੰਦਨ ਕੀਨੀ ਸੀਸ ਝੁਕਾਈ॥੧੦੨॥

"ਇਹ ਮਹਾਨ ਨਗਰ ਹੈ, ਅਤੇ ਸੁੰਦਰ ਅਸਥਾਨ ਹੈ, ਮਰਦਾਨੇ ਦਾ ਦਾਹ ਸੰਸਕਾਰ ਏਥੇ ਕੀਤਾ ਗਿਆ ਸੀ।" ਕੰਨਾਂ ਨਾਲ ਸੁਣ ਕੇ ਅਤੇ ਉਹ ਥਾਂ ਵੇਖ ਕੇ ਸ਼ਹਿਜ਼ਾਦੇ ਨੇ ਸਿਰ ਝੁਕਾ ਕੇ ਬੰਦਨਾ ਕੀਤੀ॥ ੧੦੨॥

ਗੁਰ ਕਹਿਂ 'ਬਚਨ ਹਮਾਰਾ ਮਾਨਹੁ। ਇਹ ਥਲ ਰਹਹੁ ਕੁਟੰਬ ਨਿਜ ਆਨਹੁ।
ਮਰਦਾਨੇ ਕੇ ਸਮ ਤੂ ਹੋਇ। ਪੂੰਜਹਿ ਪਗ ਸਗਰੋ ਪੁਰਿ ਜੋਇ'॥੧੦੩॥

ਗੁਰੂ ਜੀ ਨੇ ਕਿਹਾ, "ਸਾਡਾ ਬਚਨ ਮੰਨੋ, ਇਸ ਥਾਂ ਆਪਣਾ ਪਰਿਵਾਰ ਲਿਆ ਕੇ ਰਹੋ। ਮਰਦਾਨੇ ਦੇ ਬਰਾਬਰ ਤੂੰ ਹੋਵੇਂਗਾ, ਸਾਰੇ ਨਗਰ ਦੇ ਵਸਨੀਕ ਤੇਰੇ ਚਰਨਾਂ ਦੀ ਪੂਜਾ ਕਰਨਗੇ"॥ ੧੦੩॥

ਦੋਹਰਾ- ਸ਼ਹਿਜ਼ਾਦੇ ਕਰ ਬੰਦਿ ਕੈ ਪੁਨ ਬੂਝੈ ਜਗਤੇਸ਼।
'ਹਮਰਾ ਕੋ ਅਵਿਲੰਬ ਹੈ ਤੁਮ ਗਵਨਹੁ ਪਰਦੇਸ਼'॥ ੧੦੪॥

ਸ਼ਹਿਜ਼ਾਦੇ ਨੇ ਹੱਥ ਜੋੜ ਕੇ ਫਿਰ ਪੁਛਿਆ, "ਸਾਡਾ ਕੌਣ ਆਸਰਾ ਹੈ, ਤੁਸੀਂ ਪਰਦੇਸ਼ ਚਲੇ ਜਾਣਾ ਹੈ॥ ੧੦੪॥

ਚੌਪਈ- ਸ੍ਰੀ ਗੁਰ ਭਨਜੋ 'ਨਿਕੇਤ ਤੁਮਾਰੇ। ਸਰਬ ਪਦਾਰਥ ਹੋਹਿਂ ਸੁਖਾਰੇ।
ਬੰਸ ਬ੍ਰਿੱਧ ਹੋਵਹਿਗੋ ਤੁਮਰਾ। ਮਾਨਹੁ ਸਾਚ ਬਚਨ ਇਉਂ ਹਮਰਾ॥੧੦੫॥

ਗੁਰੂ ਜੀ ਨੇ ਕਿਹਾ, "ਅਸੀਂ ਸਦਾ ਤੇਰੇ ਨੇੜੇ ਰਹਾਂਗੇ, ਸਾਰੇ ਪਦਾਰਥ ਸੌਖੇ ਹੀ ਮਿਲ ਜਾਣਗੇ। ਤੁਹਾਡਾ ਵੰਸ਼ ਬਹੁਤ ਵਧੇਗਾ, ਮੇਰੇ ਇਨ੍ਹਾਂ ਬਚਨਾਂ ਨੂੰ ਸੱਚੇ ਜਾਣੋ॥ ੧੦੫॥

ਚਿੰਤ ਕਰਉ ਜਬ ਹੀ ਮਨ ਮਾਂਹੀ। ਆਵੈਂ ਨਿਕਟਿ ਦੇਰ ਕੁਛ ਨਾਂਹੀ।
ਇਸ ਬਿਧਿ ਕਰਹੁ ਸੱਤਜ ਪਰਤੀਤਾ। ਡੋਲਹੁ ਨਹੀਂ ਰਾਖਿ ਥਿਰ ਚੀਤਾ॥੧੦੬॥

ਜਦ ਵੀ ਮਨ ਵਿਚ ਕੋਈ ਚਿੰਤਾ ਹੋਵੇਗੀ ਅਸੀ ਓਸੇ ਵੇਲੇ ਤੇਰੇ ਪਾਸ ਆਵਾਂਗੇ। ਇਸ ਤਰ੍ਹਾਂ ਸੱਚ ਤੇ ਵਿਸ਼ਵਾਸ ਕਰੋ, ਡੋਲੋਂ ਨਹੀਂ ਅਤੇ ਆਪਣੇ ਚਿੱਤ ਨੂੰ ਸਥਿਰ ਰੱਖੋ' ॥ ੧੦੬ ॥

ਸ਼ਹਿਜ਼ਾਦੇ ਤਬ ਜੋਰੇ ਹਾਥਾ। ਕਹੈ 'ਪ੍ਰਤੀਤ ਮੁਝੈ ਪ੍ਰਭੁ ਨਾਥਾ!'।
ਤਬ ਸ੍ਰੀ ਗੁਰ ਮੰਜੀ ਤਿਹਂ ਦੀਨੀ। ਆਪ ਚਲਿਨ ਕੀ ਮਨਸ਼ਾ ਕੀਨੀ ॥੧੦੭ ॥

ਸ਼ਹਿਜ਼ਾਦੇ ਨੇ ਫਿਰ ਹੱਥ ਜੋੜੇ ਅਤੇ ਕਹਿਣ ਲੱਗਾ, ''ਹੇ ਪ੍ਰਭੂ ! ਮੈਨੂੰ ਪੂਰਨ ਵਿਸ਼ਵਾਸ ਹੈ''। ਫਿਰ ਗੁਰੂ ਜੀ ਨੇ ਉਸ ਨੂੰ ਪਰਚਾਰ ਦੀ ਮੰਜੀ ਬਖਸ਼ੀ ਅਤੇ ਆਪ ਚੱਲਣ ਦੀ ਮਨਸ਼ਾ ਕੀਤੀ॥ ੧੦੭॥

ਸ਼ਹਿਜ਼ਾਦਾ ਨਿਜ ਸਦਨ ਸਿਧਾਰਾ। ਲੇਨੇ ਹੇਤੁ ਸਰਬ ਪਰਵਾਰਾ।
ਤਬ ਕੋ ਬਸਜੋ ਜਾਇ ਤਿਹ ਥਾਨਾ। ਬਧੀ ਮੰਨਤਾ ਬੰਸ਼ ਮਹਾਨਾ ॥੧੦੮ ॥

ਸ਼ਹਿਜ਼ਾਦਾ ਆਪਣੇ ਪਰਿਵਾਰ ਨੂੰ ਲਿਆਉਣ ਵਾਸਤੇ ਆਪਣੇ ਘਰ ਤਲਵੰਡੀ ਨੂੰ ਚਲਾ ਗਿਆ ਅਤੇ ਪਰਿਵਾਰ ਲਿਆਕੇ ਉਸ ਥਾਂ ਜਾ ਕੇ ਵੱਸ ਗਿਆ, ਉਸਦੇ ਵੰਸ਼ ਦੀ ਮਹਾਨ ਮਾਨਤਾ ਵਧੀ॥ ੧੦੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਮਰਦਾਨਾ ਮਰਨ, ਸ਼ਹਿਜ਼ਾਦੇ ਕੋ ਪ੍ਰਸੰਗ' ਬਰਨਨੰ ਨਾਮ ਪੈਂਤੀਸਮੋਂ ਅਧਯਾਯ॥ ੩੫॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੈਂਤੀਵਾਂ ਅਧਿਆਇ, ਜਿਸ ਦਾ ਨਾਮ ''ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ ਠੱਗ, ਸ਼ਹਿਜ਼ਾਦਾ'' ਹੈ, ਸਮਾਪਤ ਹੋਇਆ॥ ੩੫॥

## ਅਧਿਆਇ ਛੱਤੀਵਾਂ

*ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਉਧਾਰ*

ਦੋਹਰਾ-ਸ੍ਰੀ ਗੁਰ ਪਗ ਕੋ ਸਿਮਰ ਉਰ ਰੋਜ ਖੋਜਿ ਨਿਜ ਰੂਪ।
ਪਾਇਂ ਸਹਿਜ ਸੁਖ ਕੋ ਤਬੈ ਉਧਰ ਅੰਧੇਰੇ ਕੂਪ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਨੂੰ ਹਿਰਦੇ ਵਿਚ ਸਦਾ ਸਿਮਰੋ ਤੇ ਨਿਜ ਸਰੂਪ ਦੀ ਖੋਜ ਕਰੋ ਤਦ ਸੰਸਾਰ ਰੂਪੀ ਅੰਨ੍ਹੇ ਖੂਹ ਤੋਂ ਉਧਾਰ ਹੋਵੇਗਾ ਤੇ ਸਹਿਜ ਸੁਖ ਪ੍ਰਾਪਤ ਹੋ ਜਾਵੇਗਾ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਅੰਗਦ ਸੁਨਿ ਕਥਾ ਰਸਾਲਾ। ਗਏ ਕੰਧਾਰ ਮਝਾਰ ਕ੍ਰਿਪਾਲਾ।
ਯਾਰਵਲੀ ਇਕ ਮੁਗਲ ਰਹੰਤਾ। ਤਿਹ ਸੌਂ ਕੀਨ ਮਿਲਨ ਭਗਵੰਤਾ ॥੨ ॥

*ਭਾਈ ਬਾਲੇ ਨੇ ਕਿਹਾ-ਹੇ ਸ੍ਰੀ ਅੰਗਦ ਦੇਵ ਜੀ ! ਰਸੀਲੀ ਗੁਰ ਕਥਾ ਸੁਣੋ,* ਗੁਰੂ ਜੀ ਕੰਧਾਰ ਵਿਖੇ ਗਏ। ਉਥੇ ਯਾਰਵਲੀ ਇਕ ਮੁਗਲ ਰਹਿੰਦਾ ਸੀ। ਗੁਰੂ ਜੀ ਦਾ ਉਸ ਨਾਲ ਮੇਲ ਹੋਇਆ॥ ੨॥

ਬੂਝਨ ਹਿਤ ਤਿਹ ਬਚਨ ਉਚਾਰਾ। 'ਗੁਫਤੋ ਅਪਨੋ ਨਾਮ ਚਿ ਦਾਰਾ?'
'ਮਾ ਨਾਮ ਨਾਨਕ ਨਿਰੰਕਾਰੀ' ਕਹੈ 'ਮਾਯਨਾ ਕਰੋ ਉਚਾਰੀ' ॥ ੩ ॥

ਪੁਛਣ ਹਿਤ ਉਸ ਬਚਨ ਕੀਤਾ, "ਦੱਸੋ ਤੁਸੀਂ ਆਪਣਾ ਕੀ ਨਾਂ ਰੱਖਦੇ ਹੋ। ਗੁਰੂ ਜੀ ਨੇ ਕਿਹਾ, "ਮੇਰਾ ਨਾਂ ਨਾਨਕ ਨਰੰਕਾਰੀ ਹੈ।" ਉਸ ਨੇ ਕਿਹਾ, "ਇਸ ਦੇ ਅਰਥ ਦੱਸੋ" ॥ ੩ ॥

'ਬੰਦਾ ਹਉਂ ਖੁਦਾਇ ਕਾ ਜਾਨਹੁਂ'। ਪੁਨ ਬੂਝਤਿ 'ਨਿਜ ਪੀਰ ਬਖਾਨਹੁਂ'।
'ਯਕ ਖੁਦਾਇ ਹੈ ਦਿਗਰ ਨ ਕੋਈ। ਜਗਤ ਮੁਰੀਦ ਪੀਰ ਬਡ ਸੋਈ' ॥੪ ॥

ਮੈਨੂੰ ਖੁਦਾ ਦਾ ਬੰਦਾ ਜਾਣੋ।" ਫਿਰ ਪੁਛਿਆ ਆਪ ਦਾ ਪੀਰ ਕੌਣ ਹੈ।" ਗੁਰੂ ਜੀ ਕਿਹਾ, "ਇਕ ਖੁਦਾ ਹੈ ਦੂਸਰਾ ਕੋਈ ਨਹੀਂ ਹੈ, ਜਗਤ ਦੇ ਸਭ ਬੰਦੇ ਉਸਦੇ ਮੁਰੀਦ ਹਨ ਤੇ ਖੁਦਾ ਸਭ ਦਾ ਵੱਡਾ ਪੀਰ ਹੈ॥ ੪ ॥

ਬਚਨ ਸੁਨਤਿ ਭਾ ਦੇਖਿ ਨਿਹਾਲਾ। ਧਰਜੋ ਚਰਨ ਪੁਰ ਸਿਰ ਤਤਕਾਲਾ।
'ਤੁਮ ਖੁਦਾਇ ਹੋ ਧਰਜੋ ਸਰੀਰਾ। ਭੰਜਹੁ ਜਨਮੁ ਮਰਨ ਕੀ ਪੀਰਾ ॥ ੫ ॥

ਗੁਰੂ ਜੀ ਦੇ ਬਚਨ ਸੁਣ ਕੇ ਹੀ ਉਹ ਨਿਹਾਲ ਹੋ ਗਿਆ। ਉਸੇ ਵੇਲੇ ਗੁਰੂ ਜੀ ਦੇ ਚਰਨਾਂ ਤੇ ਸਿਰ ਧਰ ਦਿੱਤਾ। "ਤੁਸੀਂ ਖੁਦਾ ਹੋ, ਮਨੁੱਖੀ ਸਰੀਰ ਧਾਰਨ ਕੀਤਾ ਹੈ, ਜਨਮ ਮਰਨ ਦੀ ਪੀੜ ਦੂਰ ਕਰਦੇ ਹੋ॥ ੫ ॥

ਮੈਂ ਜਾਨੌਂ ਨਿਜ ਪੀਰ ਬਿਸ਼ਾਲਾ। ਤੁਮਰੋ ਭਾ ਮੁਰੀਦ ਇਹ ਕਾਲਾ'।
ਬੂਝਜੋ ਗੁਰੂ 'ਨਾਮ ਕੋ ਤੇਰਾ?। ਕਿਉਂ ਮੁਰੀਦ ਹੋਵਤਿ ਹੈਂ ਮੇਰਾ' ॥ ੬ ॥

ਮੈਂ ਤੁਹਾਨੂੰ ਵੱਡਾ ਪੀਰ ਸਮਝਿਆ ਹੈ, ਇਸ ਸਮੇਂ ਮੈਂ ਤੁਹਾਡਾ ਮੁਰੀਦ ਹੋ ਗਿਆ ਹਾਂ। ਗੁਰੂ ਜੀ ਨੇ ਪੁਛਿਆ, "ਤੁਹਾਡਾ ਨਾਂ ਕੀ ਹੈ। ਮੇਰਾ ਮੁਰੀਦ ਕਿਉਂ ਹੁੰਦਾ ਹੈ ?" ॥ ੬ ॥

'ਯਾਰਵਲੀ ਜਾਨਹੁ ਮਮ ਨਾਮੂ। ਬਨਉਂ ਮੁਰੀਦ ਮੁਕਤਿ ਕੇ ਕਾਮੂ'।
ਤਿਹ ਕੀ ਸ਼ਰਧਾ ਦੇਖਿ ਬਿਸ਼ਾਲਾ। ਉਪਦੇਸ਼ਜੋ ਕਰਿ ਦੀਨ ਨਿਹਾਲਾ ॥ ੭ ॥

"ਯਾਰਵਲੀ ਮੇਰਾ ਨਾਂ ਜਾਣੋ, ਮੁਕਤੀ ਦੇ ਕਾਰਨ ਮੈਂ ਤੁਹਾਡਾ ਮੁਰੀਦ ਬਣਿਆ ਹਾਂ। ਉਸ ਦੀ ਬਹੁਤ ਸ਼ਰਧਾ ਵੇਖ ਕੇ ਗੁਰੂ ਜੀ ਨੇ ਉਸ ਨੂੰ ਉਪਦੇਸ਼ ਦੇ ਕੇ ਨਿਹਾਲ ਕਰ ਦਿੱਤਾ॥ ੭ ॥

ਏਕ ਨਿਸਾ ਬਸਿਕੈ ਤਿਹ ਸਦਨਾ। ਚਲਿਨ ਤਯਾਰ ਭੇ ਪੰਕਜ ਬਦਨਾ।
ਯਾਰਵਲੀ ਬੰਦੈ ਸਿਰ ਨਯਾਇ। ਭਈ ਮਸਤ ਮਤ ਨਾਮ ਖੁਦਾਇ ॥ ੮ ॥

ਉਸ ਦੇ ਘਰ ਇਕ ਰਾਤ ਰਹਿ ਕੇ ਗੁਰੂ ਜੀ ਚੱਲਣ ਦੀ ਤਿਆਰੀ ਕੀਤੀ। ਯਾਰਵਲੀ ਨੇ ਸਿਰ ਨਿਵਾ ਕੇ ਬੰਦਨਾ ਕੀਤੀ। ਖੁਦਾ ਦੇ ਨਾਮ ਨਾਲ ਬੁੱਧੀ ਮਸਤ ਹੋ ਗਈ॥ ੮ ॥

ਤਿਹ ਕੋ ਧੀਰਜ ਦੇ ਪੁਨ ਗਏ। ਇਕ ਖੱਤ੍ਰੀ ਕੋ ਦੇਖਤਿ ਭਏ।
ਜਮੀ ਬਰਫ ਬਹੁ ਤਿਸ ਨੈ ਫੋਰੀ। ਲਾਗਜੋ ਮੱਜਨ ਕਰਨੇ ਭੋਰੀ ॥ ੯ ॥

ਉਸ ਨੂੰ ਧੀਰਜ ਦੇ ਕੇ ਗੁਰੂ ਜੀ ਅੱਗੇ ਚਲੇ ਗਏ ਤੇ ਇਕ ਖੱਤਰੀ ਨੂੰ ਉਨ੍ਹਾਂ ਵੇਖਿਆ। ਉਸ ਨੇ ਬਹੁਤ ਜੰਮੀ ਹੋਈ ਬਰਫ ਤੋੜੀ ਹੋਈ ਸੀ ਤੇ ਉਸ ਬਰਫ ਦੇ ਪਾਣੀ ਨਾਲ ਇਸ਼ਨਾਨ ਕਰਨ ਲੱਗਾ॥ ੯ ॥

ਕਰਨ ਕ੍ਰਿਤਾਰਥ ਤਾਂਹਿ ਸਮੀਪਾ। ਬੂਝਤਿ ਭੇ ਬੇਦੀ ਕੁਲਦੀਪਾ।
'ਕੋ ਹੈ ਬਰਨ, ਨਾਮ ਕੋ ਤੇਰਾ?। ਨ੍ਹਾਨ ਚਹਤਿ ਹੈ ਸੀਤ ਘਨੇਰਾ ॥ ੧੦ ॥

ਗੁਰੂ ਜੀ ਉਸ ਦਾ ਕ੍ਰਿਤਾਰਥ ਕਰਨ ਹਿਤ ਉਸ ਪਾਸ ਗਏ, ਗੁਰੂ ਜੀ ਨੇ ਉਸ ਨੂੰ ਪੁਛਿਆ, "ਤੇਰੀ ਕਿਹੜੀ ਜਾਤੀ ਹੈ ਅਤੇ ਤੇਰਾ ਨਾਂ ਕੀ ਹੈ ? ਏਨੀ ਵੱਡੀ ਸੀਤ ਵਿਚ ਨਹਾਉਣਾ ਚਾਹੁੰਦੇ ਹੋ" ॥ ੧੦ ॥

ਕਰਿ ਸ਼ਨਾਨ ਜਬ ਬਾਹਰ ਆਵਾ। ਦਰਸ਼ਨ ਦੇਖਤਿ ਭਰਮ ਨਸਾਵਾ।

ਬਿਮਲ ਰਿਦਾ ਹ੍ਵੈ ਬੰਦਨ ਕੀਨੀ। ਸੰਤ ਰੂਪ ਲਖਿ ਮਹਿਮਾ ਚੀਨੀ ॥੧੧॥

ਇਸ਼ਨਾਨ ਕਰਕੇ ਜਦ ਬਾਹਰ ਆਇਆ, ਦਰਸ਼ਨ ਕਰਕੇ ਭਰਮ ਦੂਰ ਹੋ ਗਿਆ। ਉਜੱਲ ਹਿਰਦਾ ਕਰਕੇ ਬੰਦਨਾ ਕੀਤੀ। ਸੰਤ ਰੂਪ ਵੇਖ ਕੇ ਮਹਿਮਾ ਪਛਾਣੀ॥ ੧੧॥

ਹਾਥ ਬੰਦਿਕੈ ਬਿਨੈ ਬਖਾਨੀ॥ 'ਸੰਤ ਮਿਲਨ ਮਮ ਚਾਹਿ ਮਹਾਨੀ।
ਅਬ ਰਾਵਰ ਪਰ ਭਈ ਪ੍ਰਤੀਤੀ। ਦਰਸ ਦੇਖਿ ਭਾ ਮਨ ਯੁਤ ਪ੍ਰੀਤੀ ॥੧੨॥

ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਿਹਾ, "ਸੰਤਾਂ ਨੂੰ ਮਿਲਣ ਦੀ ਮੇਰੀ ਵੱਡੀ ਚਾਹ ਹੈ। ਹੁਣ ਆਪ ਜੀ ਤੇ ਯਕੀਨ ਹੋ ਗਿਆ ਹੈ ਦਰਸ਼ਨ ਕਰਕੇ ਮਨ ਵਿਚ ਬੜੀ ਪ੍ਰੀਤ ਉਤਪੰਨ ਹੋਈ ਹੈ॥ ੧੨॥

ਪੂਰਬ ਕਰਮਨ ਕੇ ਫਲ ਪਾਏ। ਪੂਰਨ ਸੰਤ ਮਿਲੇ ਤੁਮ ਆਏ'।
ਤਿਹ ਕੀ ਪ੍ਰੀਤਿ ਦੇਖਿ ਗੁਨਖਾਨੀ। ਉਪਦੇਸ਼ੀ ਉਰ ਭਗਤਿ ਮਹਾਨੀ ॥੧੩॥

ਪਿਛਲੇ ਕਰਮਾਂ ਦਾ ਫਲ ਪਾਇਆ ਹੈ, ਪੂਰਨ ਸੰਤ ਤੁਸੀਂ ਮੈਨੂੰ ਆ ਕੇ ਮਿਲੇ ਹੋ।" ਉਸ ਦੀ ਬਹੁਤ ਪ੍ਰੀਤ ਵੇਖ ਕੇ ਗੁਰੂ ਜੀ ਨੇ ਉਪਦੇਸ਼ ਦੇ ਕੇ ਉਸ ਦੇ ਮਨ ਵਿਚ ਮਹਾਨ ਭਗਤੀ ਪੈਦਾ ਕਰ ਦਿੱਤੀ॥ ੧੩॥

ਸਗਰੀ ਘਾਲ ਸੰਪੂਰਨ ਕੀਨੀ। ਪ੍ਰਭੁ ਸਿਮਰਨ ਭੀ ਪ੍ਰੀਤ ਨਵੀਨੀ।
ਕਰਿ ਬਿਨਤੀ ਲੇ ਸਦਨ ਸਿਧਾਰਾ। ਅਧਿਕ ਭਾਉ ਕਰਿ ਭੋਜਨ ਖੁਆਰਾ ॥੧੪॥

ਉਸ ਦੀ ਸਾਰੀ ਘਾਲ ਕਮਾਈ ਪੂਰੀ ਕੀਤੀ ਅਤੇ ਪ੍ਰਭੂ ਸਿਮਰਨ ਦੀ ਨਵੀਨ ਪ੍ਰੀਤ ਜਗਾਈ। ਬੇਨਤੀ ਕਰਕੇ ਆਪਣੇ ਘਰ ਲੈ ਗਿਆ, ਅਧਿਕ ਪ੍ਰੇਮ ਕਰਕੇ ਭੋਜਨ ਖੁਆਇਆ॥ ੧੪॥

ਤੀਨ ਦਿਵਸ ਰਾਖੇ ਹਿਤ ਸੰਗਾ। ਯਾਰਵਲੀ ਕੇ ਸੁਨਹੁ ਪ੍ਰਸੰਗਾ।
ਸ਼ੇਖ ਸ਼ਰਫ ਇਕ ਤਿਹ ਕੋ ਮੀਤਾ। ਪਰਚਤਿ ਹੁਤੇ ਕਰਤਿ ਹਿਤ ਚੀਤਾ ॥੧੫॥

ਤਿੰਨ ਦਿਨ ਤਕ ਆਪਣੇ ਨਾਲ ਰੱਖੇ, ਹੁਣ ਯਾਰਵਲੀ ਦਾ ਪ੍ਰਸੰਗ ਸੁਣੋ। ਸ਼ੇਖ ਸ਼ਰਫ ਉਸ ਦਾ ਇਕ ਮਿਤਰ ਸੀ, ਦਿਲੀ ਪਿਆਰ ਨਾਲ ਇਕ ਦੂਸਰੇ ਨੂੰ ਜਾਣਦੇ ਸਨ॥ ੧੫॥

ਦੋਹਰਾ- ਜਬ ਸ੍ਰੀ ਗੁਰ ਮਿਲਿ ਕੈ ਗਏ ਪੀਛੇ ਆਯੋ ਸੋਇ॥
ਹੋਯੋ ਮਗਨ ਬਿਲੋਕਿ ਕੈ ਬੂਝਯੋ ਬਚਨ ਬੁਗੋਇ॥ ੧੬॥

ਜਦ ਗੁਰੂ ਜੀ ਯਾਰਵਲੀ ਨੂੰ ਮਿਲ ਕੇ ਚਲੇ ਗਏ ਤਾਂ ਸ਼ੇਖ ਸ਼ਰਫ ਪਿੱਛੋਂ ਆਇਆ। ਯਾਰਵਲੀ ਨੂੰ ਮਗਨ ਹੋਇਆ ਵੇਖ ਕੇ ਬਚਨ ਕਹਿ ਕੇ ਪੁਛਿਆ॥ ੧੬॥

ਚੌਪਈ- 'ਕੌਨ ਹਾਲ ਤੁਮ ਭਏ ਦਿਵਾਨੇ?। ਜਗ ਬਿਵਹਾਰ ਸਰਬ ਬਿਸਰਾਨੇ।
ਕਾਲ ਔਰ ਬਿਧਿ ਔਰੈ ਆਜਾ। ਕੋ ਤੁਹਿ ਮਿਲਯੋ? ਭਯੋ ਅਸ ਕਾਜਾ' ॥੧੭॥

"ਕਿਸ ਕਾਰਨ ਤੁਸੀਂ ਦੀਵਾਨੇ ਹੋ ਗਏ ਹੋ ? ਜਗਤ ਦੇ ਵਿਵਹਾਰ ਸਭ ਛੱਡ ਦਿੱਤੇ ਹਨ। ਕਲ੍ਹ ਤੂੰ ਹੋਰ ਤਰ੍ਹਾਂ ਸੀ, ਅਜ ਹੋਰ ਤਰ੍ਹਾਂ ਦਾ ਹੋ ਗਿਆ ਹੈਂ। ਤੈਨੂੰ ਕੌਣ ਮਿਲਿਆ ਹੈ ? ਜੋ ਇਹ ਹਾਲ ਬਣਾਇਆ ਹੈ"॥ ੧੭॥

ਯਾਰਵਲੀ ਤਿਹ ਸੰਗ ਬੁਗੋਵਾ। 'ਯਕ ਕੋ ਮੈਂ ਮੁਰੀਦ ਲਖਿ ਹੋਵਾ।
ਅਹੈ ਫਕੀਰ ਪੀਰ ਜੋ ਮੇਰੋ। ਹਾਲ ਭਯੋ ਅਸ ਦਰਸ਼ਨ ਹੇਰੋ॥ ੧੮॥

ਇਹ ਸੁਣ ਕੇ ਯਾਰਵਲੀ ਨੇ ਉਸ ਨੂੰ ਕਿਹਾ, "ਇਕ ਫਕੀਰ ਵੇਖ ਕੇ ਮੈਂ ਉਸ ਦਾ ਮੁਰੀਦ ਹੋ ਗਿਆ ਹਾਂ। ਇਹ ਫਕੀਰ ਜਿਹੜੇ ਮੇਰੇ ਪੀਰ ਹਨ, ਉਨ੍ਹਾਂ ਦੇ ਦਰਸ਼ਨ ਕਰਕੇ ਮੇਰਾ ਅਜੇਹਾ ਹਾਲ ਹੋਇਆ ਹੈ॥ ੧੮॥

ਕਰੁਨਾ ਦ੍ਰਿਸ਼ਟਿ ਧਾਰਿ ਕੈ ਮੋ ਪਰ। ਦੀਨੋ ਗਜ਼ਾਨ ਮੋਹ ਮਨ ਕੋ ਹਰਿ'।
ਬੂਝੇ ਸ਼ੇਖ 'ਸੁ ਕੁਜਾ ਸਿਧਾਯੋ। ਦਿਖਰਾਵਹੁ, ਅਸ ਜਾਂਹਿ ਬਨਾਯੋ' ॥੧੯॥

ਮੇਰੇ ਉਤੇ ਕਿਰਪਾ ਦ੍ਰਿਸ਼ਟੀ ਧਾਰਨ ਕਰਕੇ, ਖ਼ੁਦਾ ਨੇ ਮੇਰੇ ਮਨ ਨੂੰ ਗਿਆਨ ਦਿੱਤਾ ਹੈ। ਸ਼ੇਖ ਨੇ ਪੁਛਿਆ, "ਉਹ ਫਕੀਰ ਕਿਥੇ ਚਲੇ ਗਿਆ ਹੈ। ਮੈਨੂੰ ਵਿਖਾਲੋ, ਜਿਸ ਨੇ ਤੈਨੂੰ ਇਸ ਤਰ੍ਹਾਂ ਦਾ ਬਣਾ ਦਿੱਤਾ ਹੈ" ॥ ੧੯॥

ਯਾਰਵਲੀ ਕਹਿ 'ਭਾਉ ਧਰੀਜੈ। ਮਿਲਹਿ ਆਇ ਸੋ ਆਪ, ਲਖੀਜੈ'।
ਸੁਨਤਿ ਬਚਨ ਦੇ ਧਰਨਾ ਬੈਸਾ। ਕਹੈ 'ਉਠਊਂ ਪਿਖਿਕੈ ਉਹ ਕੈਸਾ' ॥੨੦॥

ਯਾਰਵਲੀ ਨੇ ਕਿਹਾ, "ਪ੍ਰੇਮ ਧਾਰਨ ਕਰੋ, ਉਹ ਆਪ ਆ ਜਾਵੇਗਾ, ਫਿਰ ਵੇਖ ਲੈਣਾ। ਇਹ ਬਚਨ ਸੁਣ ਕੇ ਸ਼ੇਖ ਧੀਰਜ ਧਾਰਨ ਕਰਕੇ ਬੈਠ ਗਿਆ ਅਤੇ ਕਿਹਾ, "ਮੈਂ ਉਸ ਨੂੰ ਵੇਖ ਕੇ ਹੀ ਉਠਾਂਗਾ ਕਿ ਉਹ ਕੈਸਾ ਹੈ" ॥ ੨੦॥

ਆਗੈ ਮਿਲਿਕੈ ਜਾਵਤਿ ਧਾਮੂ। ਬੈਠਿ ਰਹਯੋ ਤਹਿ ਦੇਖਨ ਕਾਮੂ।
ਜਬ ਹੀ ਦਿਵਸ ਬਿਤੀਤੇ ਚਾਰ। ਆਏ ਸ੍ਰੀ ਗੁਰ ਕਰੁਨਾਧਾਰਿ ॥੨੧॥

ਪਹਿਲਾਂ ਮਿਲ ਕੇ ਹੀ ਆਪਣੇ ਘਰ ਨੂੰ ਜਾਵਾਂਗਾ, ਦੇਖਣ ਵਾਸਤੇ ਉਥੇ ਬੈਠਾ ਰਿਹਾ। ਜਦ ਚਾਰ ਦਿਨ ਬੀਤ ਗਏ ਤਾਂ ਗੁਰੂ ਕਿਰਪਾ ਧਾਰਨ ਕਰਕੇ ਆ ਗਏ॥ ੨੧॥

ਦੇਖਯੋ ਯਾਰਵਲੀ ਤਬ ਗੁਰ ਕੋ। ਤੂਰਨ ਉਠਯੋ ਪ੍ਰੇਮ ਕਰਿ ਉਰਕੋ।
ਕਿਯ ਬੰਦਨ ਜੁਗ ਪਦ ਅਰਿਬੰਦਾ। ਬੈਸਾਰੇ ਪੁਨ ਆਨੰਦਕੰਦਾ ॥੨੨॥

ਜਦ ਯਾਰਵਲੀ ਨੇ ਗੁਰੂ ਜੀ ਨੂੰ ਵੇਖਿਆ, ਤੁਰੰਤ ਹਿਰਦੇ ਵਿਚ ਪ੍ਰੇਮ ਕਰਕੇ ਉਠਿਆ। ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਫਿਰ ਆਨੰਦ ਦੇ ਮੂਲ ਭਾਵ ਗੁਰੂ ਜੀ ਨੂੰ ਬੈਠਾਇਆ॥ ੨੨॥

ਸ਼ੇਖ ਸ਼ਰਫ ਪੁਨ ਬਾਨੀ ਭਾਖੀ। 'ਖਫਨੀ ਕਰਦ ਚਿਕਾਰ ਜੁ ਰਾਖੀ?'।
ਗੁਰੂ ਮਾਯਨਾ ਤਾਂਹਿ ਬਤਾਇ। 'ਖਫਨੀ ਹੁਇ ਗਰ ਖੌਫ ਖ਼ੁਦਾਇ ॥੨੩॥

ਸ਼ੇਖ ਸ਼ਰਫ ਨੇ ਫਿਰ ਕਿਹਾ, "ਇਹ ਖਫਨੀ ਕਿਸ ਲਈ ਪਹਿਨੀ ਹੋਈ ਹੈ ?" ਗੁਰੂ ਜੀ ਨੇ ਉਸ ਦਾ ਮਤਲਬ ਦੱਸਿਆ। ਖਫਨੀ ਇਸ ਲਈ ਗਲ ਵਿਚ ਪਾਈ ਹੈ ਕਿ ਖ਼ੁਦਾ ਦਾ ਖ਼ੌਫ ਰਹਿੰਦਾ ਹੈ॥ ੨੩॥

ਜੀਵਤਿ ਮ੍ਰਿਤਕ ਜਗਤ ਹ੍ਵੈ ਰਹੀਏ। ਹੱਕ ਪਛਾਨਿ ਸਰਬ ਸੁਖ ਲਹੀਏ।
ਜਲ ਕੇ ਬਿਖੈ ਡੂਬ ਜੋ ਤਰਿਹੀ। ਬਹੁਰ ਨ ਡੂਬਨ ਕੋ ਡਰ ਕਰਿਹੀ ॥੨੪॥

ਜਗਤ ਵਿਚ ਜੀਉਂਦਿਆਂ ਹੀ ਮੁਰਦਾ ਹੋ ਕੇ ਰਹੀਏ। ਰੱਬ ਨੂੰ ਪਛਾਣ ਕੇ ਸਭ ਸੁੱਖ ਲਈਏ। ਜਲ ਵਿਚ ਡੁੱਬ ਕੇ ਜੋ ਤਰਦਾ ਹੈ, ਉਹ ਫਿਰ ਦੁਬਾਰਾ ਡੁੱਬਣ ਤੋਂ ਨਹੀਂ ਡਰਦਾ॥ ੨੪॥

ਨਦੀ ਸਰਬ ਅਰ ਸਾਗਰ ਮਾਂਹੀ। ਤਰਤਿ ਸਰਬ ਪਰ ਕਬਿ ਨ ਡੁਬਾਹੀ।
ਤੈਸੇ ਮ੍ਰਿਤਕ ਭਏ ਜੋ ਜੀਵਤਿ। ਪੁਨ ਤਿਨ ਨਹਿਂ ਮ੍ਰਿਤ ਕੋ ਦੁਖ ਥੀਵਤਿ ॥੨੫॥

ਸਾਰੀਆਂ ਨਦੀਆਂ ਅਤੇ ਸਾਗਰ ਵਿਚ ਸਾਰੇ ਤਰਦੇ ਹਨ ਪਰ ਕਦੇ ਵੀ ਡੁੱਬਦੇ ਨਹੀਂ। ਇਸ ਤਰ੍ਹਾਂ ਹੀ ਜਿਹੜਾ ਮਰ ਕੇ ਜੀਵਤ ਹੁੰਦਾ ਹੈ, ਫਿਰ ਉਸ ਨੂੰ ਮੌਤ ਦਾ ਡਰ ਨਹੀਂ ਹੁੰਦਾ॥ ੨੫॥

ਆਪਾ ਕਬਿ ਲ ਜਨਾਵਹੁ ਕਾਂ ਕੋ। ਹੋਇ ਰਹੋ ਸਭਿ ਕੀ ਪਗ ਖ਼ਾਕੋ'।
ਬੂਝੇ ਸ਼ਰਫ 'ਗੋਦੜੀ ਕੌਨ?। ਕਹੋ ਕਰਮ ਬੈਰਾਗੀ ਜੌਨ?' ॥ ੨੬॥

ਆਪਣਾ ਆਪ ਕਦੇ ਵੀ ਕਿਸੇ ਨੂੰ ਨਾ ਜਣਾਵੇ। ਸਦਾ ਹੀ ਸਾਧਿਆਂ ਦੇ ਪੈਰਾਂ ਦੀ ਖਾਕ ਹੋਏ ਰਹੋ।'' ਸ਼ਰਫ ਨੇ ਪੁਛਿਆ, ''ਗੋਦੜੀ ਕੌਣ ਹੈ ਅਤੇ ਜੋ ਬੈਰਾਗੀ ਦੇ ਕਰਮ ਹਨ ਉਨ੍ਹਾਂ ਬਾਰੇ ਦੱਸੋ ?'' ॥ ੨੬॥

ਦੋਹਰਾ-ਗੁਰੂ ਭਨਜੋ 'ਅਸ ਗੋਦੜੀ, ਸੂਈ ਸਬੂਰੀ ਤੇਹੁ।
ਬੁਜਰਕ ਸੰਗਤਿ ਤੰਤ ਲੈ ਸੀਵਨ ਮਨਨ ਕਰੇਹੁ॥ ੨੭॥

ਗੁਰੂ ਜੀ ਨੇ ਕਿਹਾ, ''ਗੋਦੜੀ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਸੰਤੋਖ ਦੀ ਸੂਈ ਨਾਲ ਮਹਾਂਪੁਰਖਾਂ ਦੀ ਸੰਗਤ ਦਾ ਧਾਗਾ ਲੈ ਕੇ ਮੰਨਣ ਨੂੰ ਸੀਵੇ॥ ੨੭॥

ਚੌਪਈ- ਮਾਨ ਖੋਇ ਗਰ ਪਾਵਹੁ ਤਾਂਹੀ। ਜਮ ਸਰਦੀ ਡਰ ਹੋਵਤਿ ਨਾਂਹੀ।
ਹੋਇ ਬਿਐਬ ਬਿਰਾਗੀ ਸੋਇ। ਮਾਯਾ ਮੋਹ ਲਗੈ ਨਹਿਂ ਕੋਇ॥ ੨੮॥

ਹੰਕਾਰ ਛੱਡ ਉਸ ਨੂੰ ਗਲ ਪਾਵੇ, ਜਮ ਰੂਪੀ ਸਰਦੀ ਦਾ ਫਿਰ ਡਰ ਨਹੀਂ ਰਹਿੰਦਾ, ਉਹੀ ਬੇਐਬ ਬੈਰਾਗੀ ਹੁੰਦਾ ਹੈ। ਜਿਸਨੂੰ ਮਾਇਆ ਦਾ ਕਦੇ ਵੀ ਮੋਹ ਨਹੀਂ ਲੱਗਦਾ॥ ੨੮॥

ਏਕ ਖ਼ੁਦਾਇ ਸਭਿਨਿ ਮਹਿਂ ਜਾਨਹਿ। ਰਿਦੈ ਬਿਕਾਰ ਨ ਕਬਹੂੰ ਆਨਹਿ।
ਬੰਧਨ ਤਜਿ ਅਬੰਧ ਜੋ ਰਹੈ। ਤਿਹ ਕੋ ਸੰਤ ਬਿਰਾਗੀ ਕਹੈਂ॥ ੨੯॥

ਇਕ ਖੁਦਾ ਜੋ ਸਭ ਵਿਚ ਜਾਣੇ, ਹਿਰਦੇ ਵਿਚ ਵਿਕਾਰ ਕਦੀ ਵੀ ਨਾ ਆਵੇ। ਬੰਧਨ ਛੱਡ ਕੇ ਜੋ ਆਜ਼ਾਦ ਰਹਿੰਦਾ ਹੋਵੇ, ਉਸਨੂੰ ਸੰਤ ਬੈਰਾਗੀ ਕਹਿੰਦੇ ਹਨ'॥ ੨੯॥

ਸੁਨਿਕੈ ਸ਼ਰਫ ਭਯੋ ਮਨ ਦੀਨ। ਪਗ ਸਿਰ ਧਰਿ ਨ ਉਠਾਵਨ ਕੀਨ।
ਕਹੈ ਕਿ 'ਭਯੋ ਮੁਰੀਦ ਤੁਮਾਰਾ। ਹੁਇ ਪੀਰਨ ਸਿਰ ਪੀਰ ਉਦਾਰਾ॥੩੦॥

ਗੁਰੂ ਜੀ ਦੀਆਂ ਇਹ ਗੱਲਾਂ ਸੁਣ ਕੇ ਸ਼ਰਫ ਦਾ ਮਨ ਦੀਨ ਹੋ ਗਿਆ। ਚਰਨਾਂ ਤੇ ਸਿਰ ਧਰ ਕੇ ਫਿਰ ਉਠਾਇਆ ਨਹੀਂ। ਕਹਿਣ ਲੱਗਾ, ''ਮੈਂ ਤੁਹਾਡਾ ਮੁਰੀਦ ਹੋਇਆ, ਤੁਸੀਂ ਕਿਰਪਾਲੂ ਪੀਰਾਂ ਦੇ ਪੀਰ ਹੋ॥ ੩੦॥

ਤੁਮ ਸਮ ਸਾਹਿਬ ਔਰ ਨ ਪਾਵਹਿਂ। ਜਗਤ ਸਰਬ ਜੇ ਖੋਜਨ ਜਾਵਹਿਂ।
ਗੁਰ ਨਿਜ ਕਰ ਸੋਂ ਸੀਸ ਉਠਾਵਾ। ਕਹਜੋ 'ਰਿਦੇ ਤੇ ਤਜਿਯੋ ਦਾਵਾ॥੩੧॥

ਭਾਵੇਂ ਸਾਰਾ ਜਗਤ ਖੋਜਣ ਚਲੇ ਜਾਈਏ ਤੁਹਾਡੇ ਵਰਗਾ ਸਾਹਿਬ ਨਹੀਂ ਮਿਲ ਸਕਦਾ।'' ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਦਾ ਸਿਰ ਚੁੱਕਿਆ ਅਤੇ ਕਿਹਾ, ''ਤੂੰ ਹਿਰਦੇ ਤੋਂ ਹੰਕਾਰ ਛੱਡ ਦਿੱਤਾ ਹੈ॥ ੩੧॥

ਸੱਤਿਨਾਮ ਸਿਮਰਹੁ ਲਿਵਲਾਇ। ਦੇਖਹਿ ਕਰੁਨਾ ਦ੍ਰਿਸ਼ਟਿ ਖ਼ੁਦਾਇ।
ਛੁਯੋ ਗੁਰੂ ਕਰਿ ਸੋਂ ਸਿਰ ਜਬਿਹੀ। ਜਗੀ ਨਾਮ ਲਿਵ ਮਨ ਮਹਿਂ ਤਬਿਹੀ॥੩੨॥

ਸਤਿਨਾਮ ਦਾ ਲਿਵ ਲਾਕੇ ਸਿਮਰਨ ਕਰੋ ਅਤੇ ਕਿਰਪਾ ਦ੍ਰਿਸ਼ਟੀ ਵਾਲੇ ਖ਼ੁਦਾ ਨੂੰ ਵੇਖੋ।'' ਗੁਰੂ ਜੀ ਨੇ ਜਦ ਆਪਣੇ ਹੱਥਾਂ ਨਾਲ ਉਸ ਦੇ ਸਿਰ ਨੂੰ ਛੂਹਿਆ, ਉਸੇ ਵੇਲੇ ਮਨ ਵਿਚ ਨਾਮ ਦੀ ਲਿਵ ਜਾਗ ਪਈ॥ ੩੨॥

ਗੁਰ ਕਹਿਂ 'ਤੁਮ ਅਬ ਸਦਨ ਸਿਧਾਰਹੁ। ਰਿਦੇ ਖ਼ੁਦਾਇ ਸਦੀਵ ਸਮਾਰਹੁ'।
ਸ਼ੇਖ ਜੋਰਿ ਕਰ ਬਚਨ ਉਚਾਰਾ। 'ਬਹੁਰ ਦੇਹੁਗੇ ਕਬਹਿ ਦਿਦਾਰਾ?'॥੩੩॥

ਗੁਰੂ ਜੀ ਨੇ ਕਿਹਾ, ''ਤੁਸੀਂ ਹੁਣ ਆਪਣੇ ਘਰ ਜਾਵੋ ਅਤੇ ਹਿਰਦੇ ਵਿਚ ਸਦਾ ਹੀ ਖ਼ੁਦਾ ਨੂੰ ਸੰਭਾਲੋ। ਸ਼ੇਖ ਨੇ ਹੱਥ ਜੋੜ ਕੇ ਬਚਨ ਕੀਤਾ, ''ਫਿਰ ਕਦ ਦਰਸ਼ਨ ਦੇਵੋਗੇ ?'' ॥ ੩੩॥

'ਰਿਦੇ ਯਾਦ ਰਾਖਹੁ ਯੁਤ ਪ੍ਰੀਤੀ। ਅਬ ਦਿਦਾਰ ਸਮਝਹੁ ਇਸ ਰੀਤੀ।
ਜੋ ਤੇਰੇ ਚਿਤ ਹ੍ਵੈ ਬਹੁ ਚਾਹੀ। ਸ਼ਹਿਜ਼ਾਦਾ ਹੈ ਖੁਰਮੇ ਮਾਂਹੀ॥ ੩੪॥

ਹਿਰਦੇ ਵਿਚ ਪ੍ਰੇਮ ਕਰਕੇ ਯਾਦ ਰਖੋ, ਹੁਣ ਸਮਝੋ ਦੀਦਾਰ ਇਸ ਰੀਤ ਅਨੁਸਾਰ ਹੀ ਹੋਵੇਗਾ। ਜੇ ਤੇਰੇ ਚਿੱਤ ਵਿਚ ਬਹੁਤ ਚਾਹਤ ਹੋਵੇਗੀ ਤਾਂ ਸ਼ਹਿਜ਼ਾਦਾ ਨਾਮੀ ਇਕ ਵਿਅਕਤੀ ਖੁਰਮਪੁਰ ਰਹਿੰਦਾ ਹੈ॥ ੩੪॥

ਮਰਦਾਨੇ ਕੋ ਸੁਤ ਯੁਤ ਗ੍ਯਾਨਾ। ਤਿਹ ਕੋ ਦਰਸਹੁ ਜਾਇ ਸੁਜਾਨਾ।
ਜੈਸੇ ਦਰਸ ਹਮਾਰੇ ਕੀਨੋ। ਤੈਸੇ ਫਲ ਤਿਹ ਕੇ ਤੁਮ ਚੀਨੋ'॥ ੩੫॥

ਮਰਦਾਨੇ ਦਾ ਪੁੱਤਰ ਗਿਆਨਵਾਨ ਹੈ, ਉਸ ਦੇ ਜਾ ਕੇ ਦਰਸ਼ਨ ਕਰੋ, ਜਿਸ ਤਰ੍ਹਾਂ ਮੇਰੇ ਦਰਸ਼ਨ ਕੀਤੇ ਹਨ, ਅਜੇਹਾ ਫਲ ਉਸ ਦੇ ਦਰਸ਼ਨ ਕਰਨ ਵਿਚ ਸਮਝੋ"॥ ੩੫॥

ਸੁਨਿ ਆਇਸੁ ਗੁਰ ਕੀ ਸਿਰ ਧਰਿਕੈ। ਗਮਨ੍ਯੋ ਸਦਨ ਭਾਉ ਬਹੁ ਕਰਿਕੈ।
ਚਲਨਿ ਤ੍ਯਾਰ ਆਪ ਭੇ ਜਬਹੀ। ਯਾਰਵਲੀ ਬੰਦੇ ਪਦ ਤਬਿਹੀ॥ ੩੬॥

ਗੁਰੂ ਜੀ ਦੀ ਇਸ ਤਰ੍ਹਾਂ ਦੀ ਆਗਿਆ ਸੁਣ ਕੇ ਅਤੇ ਚਰਨਾਂ ਤੇ ਸਿਰ ਧਰਕੇ ਅਤੇ ਬੜਾ ਪ੍ਰੇਮ ਕਰਕੇ ਆਪਣੇ ਘਰ ਨੂੰ ਚਲਾ ਗਿਆ। ਜਦ ਗੁਰੂ ਜੀ ਆਪ ਚੱਲਣ ਨੂੰ ਤਿਆਰ ਹੋਏ ਤਦ ਯਾਰਵਲੀ ਨੇ ਉਸ ਵੇਲੇ ਚਰਨਾਂ ਤੇ ਬੰਦਨਾ ਕੀਤੀ॥ ੩੬॥

ਦੋਹਰਾ- 'ਮੋਕੋ ਮਿਲਿਹੋ ਆਨਿ ਕਬ ਕਰੁਨਾਨਿਧਿ ਸੁਖਦਾਇ!
ਕਿਧੋਂ ਚਲਹੁ ਲੇ ਸੰਗਿ ਨਿਜ ਬਿਰਹ ਨ ਹ੍ਵੈ ਜਿਸੁ ਭਾਇ'॥ ੩੭॥

"ਹੇ ਕਿਰਪਾ ਨਿਧਾਨ, ਸੁੱਖਦਾਤੇ! ਮੈਨੂੰ ਆ ਕੇ ਕਦ ਮਿਲੋਗੇ, ਮੈਨੂੰ ਵੀ ਆਪਣੇ ਨਾਲ ਲੈ ਚਲੋ ਤਾਂਕਿ ਵਿਛੋੜਾ ਨਾ ਹੋਵੇ"॥ ੩੭॥

ਚੌਪਈ- ਸ੍ਰੀ ਗੁਰ ਕਹ੍ਯੋ 'ਮਿਲਿਨ ਇਹੁ ਜਾਨਾ। ਦਾਵੇ ਕੋ ਕਰਿ ਦੂਰ ਗੁਮਾਨਾ।
ਰਹਿਨੋ ਇਹਾਂ ਆਪਨੋ ਜਾਨਹੁ। ਰਿਦੇ ਹਮਾਰੀ ਆਇਸੁ ਮਾਨਹੁ'॥ ੩੮॥

ਗੁਰੂ ਜੀ ਨੇ ਕਿਹਾ, "ਮਿਲਣਾ ਇਸ ਤਰ੍ਹਾਂ ਜਾਣੋ, ਆਪਣੇ ਹੰਕਾਰ ਨੂੰ ਦੂਰ ਕਰੋ ਤਾਂ ਮੇਰਾ ਇਥੇ ਰਹਿਣਾ ਹੀ ਜਾਣੋ, ਹਿਰਦੇ ਵਿਚ ਸਾਡੀ ਆਗਿਆ ਮੰਨੋ॥ ੩੮॥

ਅਸ ਕਹਿ ਗਮਨ ਕੀਨ ਤਿਹ ਕਾਲਾ। ਤਜਿ ਕੰਧਾਰ ਗੇ ਗ੍ਰਾਮ ਕ੍ਰਿਪਾਲਾ।
ਏਕ ਪਠਾਨ ਮਿਲ੍ਯੋ ਤਹਿੰ ਆਈ। ਪ੍ਰਭੁ ਕੋ ਦੇਖਤਿ ਗਿਰਾ ਅਲਾਈ॥ ੩੯॥

ਇਸ ਤਰ੍ਹਾਂ ਕਹਿ ਕੇ, ਗੁਰੂ ਜੀ ਓਸੇ ਸਮੇਂ ਚਲ ਪਏ। ਕੰਧਾਰ ਨੂੰ ਛੱਡ ਕੇ ਗੁਰੂ ਜੀ ਇਕ ਪਿੰਡ ਵਲ ਗਏ ਅਤੇ ਬਾਹਰ ਬੈਠ ਗਏ ਓਥੇ ਇਕ ਪਠਾਣ ਆ ਕੇ ਮਿਲਿਆ। ਗੁਰੂ ਜੀ ਨੂੰ ਵੇਖ ਕੇ ਬੋਲਿਆ॥ ੩੯॥

ਦੋਹਰਾ- 'ਕਿਹ ਤੇ ਆਏ, ਕੌਨ ਹੋ, ਕਿਉਂ ਬੈਸੇ ਇਸ ਥਾਨ?।
ਕਿਸ ਸਿਉਂ ਤੁਮਰੋ ਕਾਮ ਹੈ? ਮੁਖ ਤੇ ਸਾਚ ਬਖਾਨ'॥ ੪੦॥

ਤੁਸੀ ਕਿਥੋਂ ਆਏ ਹੋ ਅਤੇ ਕੌਣ ਹੋ, ਇਸ ਥਾਂ ਕਿਉਂ ਬੈਠੇ ਹੋ? ਤੁਹਾਨੂੰ ਕਿਸੇ ਨਾਲ ਕੋਈ ਕੰਮ ਹੈ? ਮੁੱਖ ਤੋਂ ਸੱਚ ਕਹੋ"॥ ੪੦॥

ਚੌਪਈ- ਤਿਹ ਸੋਂ ਬਚਨ ਕਹ੍ਯੋ ਸੁਖਦਾਇ। 'ਹਮ ਹੈਂ ਬੰਦੇ ਲਖਹੁ ਖ਼ੁਦਾਇ।
ਇਕ ਮਾਨਵ ਸੋਂ ਹਮਰੋ ਕਾਜਾ। ਮਿਲੋਂ ਤਾਂਹਿ ਸੋਂ, ਕਹੋਂ ਨ ਪਾਜਾ॥ ੪੧॥

ਗੁਰੂ ਜੀ ਨੇ ਉਸ ਨੂੰ ਬਚਨ ਕਹੇ, "ਸਾਨੂੰ ਖ਼ੁਦਾ ਦੇ ਬੰਦੇ ਸਮਝੋ, ਇਕ ਮਨੁੱਖ ਨਾਲ ਸਾਨੂੰ ਕੁਝ ਕੰਮ ਹੈ, ਉਸ ਨੂੰ ਹੀ ਮਿਲਾਂਗਾ। ਕੋਈ ਝੂਠ ਨਹੀਂ ਕਹਿੰਦੇ ਹਾਂ" ॥ ੪੧ ॥

ਬੂਝੈ ਖਾਨ 'ਕੌਨ ਨਰ ਸੋਇ?। ਜਿਹ ਸੋਂ ਮਿਲਨ ਤੁਮਾਰਾ ਹੋਇ'।
ਗੁਰੂ ਭਨੈ 'ਖੱਤ੍ਰੀ ਤਿਹ ਜਾਤਿ। ਅਹੈ ਸੁ ਖਾਨ ਚੰਦ ਕੋ ਤਾਤ ॥ ੪੨ ॥

ਖਾਨ ਨੇ ਪੁਛਿਆ, "ਉਹ ਮਨੁੱਖ ਕੌਣ ਹੈ ? ਜਿਸ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ। ਗੁਰੂ ਜੀ ਕਿਹਾ, "ਉਸ ਦੀ ਜਾਤ ਖੱਤਰੀ ਹੈ, ਇਥੇ ਜੋ ਖਾਨ ਚੰਦ ਰਹਿੰਦਾ ਹੈ ਉਸ ਦੇ ਪੁੱਤਰ ਹਨ॥ ੪੨ ॥

ਮਾਨਚੰਦ ਹੈ ਜਾਂਕੋ ਨਾਮੂ। ਤਿਹ ਕੇ ਸੰਗ ਹਮਾਰੋ ਕਾਮੂ'।
ਖਾਨ ਭਨੈ 'ਹੈ ਗ੍ਰਾਮ ਮਝਾਰਾ। ਮਿਲਹੁ ਜਾਇਕੈ ਤਾਂਹਿ ਅਗਾਰਾ ॥ ੪੩ ॥

ਮਾਨ ਚੰਦ ਜਿਸ ਦਾ ਨਾਮ ਹੈ, ਉਸ ਦੇ ਨਾਲ ਸਾਡਾ ਕੰਮ ਹੈ।" ਖਾਨ ਨੇ ਕਿਹਾ, "ਉਹ ਪਿੰਡ ਦੇ ਵਿਚ ਰਹਿੰਦਾ ਹੈ, ਅੱਗੇ ਜਾ ਕੇ ਉਸ ਨੂੰ ਮਿਲ ਲਵੋ ॥ ੪੩ ॥

ਬੈਠੇ ਕਿਉਂ ਹੋ ਬੀਚ ਉਜਾਰ। ਸੁਭ ਸੁਭਾਇ ਮੈਂ ਲਖੋਂ ਤੁਮਾਰਾ'।
ਸ੍ਰੀ ਗੁਰ ਕਹੈਂ 'ਨ ਹਮ ਤਹਿਂ ਜਾਇਂ। ਆਨਿ ਮਿਲੈਗਾ ਸੋ ਇਹ ਥਾਇਂ ॥੪੪ ॥

ਤੁਸੀਂ ਉਜਾੜ ਵਿਚ ਕਿਉਂ ਬੈਠੇ ਹੋ। ਤੁਹਾਡਾ ਬਹੁਤ ਚੰਗਾ ਸੁਭਾ ਵੇਖਿਆ ਹੈ।" ਗੁਰੂ ਜੀ ਨੇ ਕਿਹਾ, "ਅਸੀਂ ਓਥੇ ਨਹੀਂ ਜਾਵਾਂਗੇ, ਉਹ ਆਪ ਹੀ ਸਾਨੂੰ ਏਥੇ ਆ ਮਿਲੇਗਾ" ॥ ੪੪ ॥

ਸੁਨਿ ਕੈ ਖ਼ਾਨ ਗ੍ਰਾਮ ਮਹਿਂ ਗਯੋ। ਖੱਤ੍ਰੀ ਕੋ ਸੁਧ ਦੇਵਤਿ ਭਯੋ।
'ਬਾਹਰ ਦ੍ਵੈ ਫਕੀਰ ਹੈਂ ਬੈਸੇ। ਮੈਂ ਬੂਝਯੋ ਸੋ ਭਾਖਤਿ ਐਸੇ ॥ ੪੫ ॥

ਇਹ ਸੁਣ ਕੇ ਖਾਨ ਪਿੰਡ ਵਿਚ ਗਿਆ ਅਤੇ ਖਤਰੀ ਨੂੰ ਖ਼ਬਰ ਦਿੱਤੀ, "ਬਾਹਰ ਦੋ ਫਕੀਰ ਬੈਠੇ ਹਨ, ਮੈਂ ਪੁਛਿਆ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਕਿਹਾ ਹੈ॥ ੪੫ ॥

ਮਾਨਚੰਦ ਖੱਤ੍ਰੀ ਜੋ ਰਹਿਈ। ਤਿਹ ਸੰਗ ਹਮਰੋ ਕਾਰਜ ਅਹਿਈ।
ਰਹਯੋ ਬੁਲਾਇ ਸੁ ਆਵਤਿ ਨਾਂਹੀ। ਤੁਮ ਦੇਖਹੁ ਤਿਨ ਕੋ ਤਹਿਂ ਜਾਹੀ' ॥੪੬ ॥

"ਮਾਨ ਚੰਦ ਖੱਤਰੀ ਜੋ ਰਹਿੰਦਾ ਹੈ, ਉਸ ਦੇ ਨਾਲ ਸਾਨੂੰ ਕੰਮ ਹੈ। ਮੈਂ ਉਨ੍ਹਾਂ ਨੂੰ ਆਉਣ ਵਾਸਤੇ ਕਿਹਾ ਹੈ, ਪਰ ਉਹ ਆਏ ਨਹੀਂ ਤੂੰ ਓਥੇ ਜਾ ਕੇ ਉਨ੍ਹਾਂ ਨੂੰ ਵੇਖ ਲਵੇਂ॥ ੪੬ ॥

ਦੋਹਰਾ- ਮਾਨਚੰਦ ਬੋਲਯੋ ਬਹੁਰ 'ਮੇਰੀ ਨਹੀਂ ਪਛਾਨ।
ਕੋ ਫਕੀਰ ਜਾਨੋਂ ਨਹੀਂ ਆਗੇ ਕਬਿ ਨ ਮਿਲਾਨ'॥ ੪੭ ॥

ਮਾਨ ਚੰਦ ਫਿਰ ਬੋਲਿਆ, "ਮੇਰੇ ਤਾਂ ਉਹ ਫਕੀਰ ਪਛਾਣ ਵਿਚ ਨਹੀਂ ਹਨ। ਕੋਈ ਫਕੀਰ ਵੀ ਮੈਨੂੰ ਜਾਣਦਾ ਨਹੀਂ ਹੈ ਤੇ ਪਹਿਲਾਂ ਵੀ ਕਿਸੇ ਫਕੀਰ ਨਾਲ ਮੇਲ ਨਹੀਂ ਹੋਇਆ ਹੈ॥ ੪੭ ॥

ਚੌਪਈ- ਕਹੈ ਖਾਨ 'ਦੇਖਹੁ ਤੁਮ ਜਾਈ। ਮਿਲੇ ਸਾਧ ਨਹਿਂ ਦੋਖ ਲਗਾਈ'।
ਇਉਂ ਸੁਨਿ ਕੈ ਉਰ ਕੀਨ ਬਿਚਾਰਾ। ਉਭੈ ਸੇਰ ਮੇਵਾ ਕਰ ਧਾਰਾ ॥੪੮ ॥

ਖਾਨ ਨੇ ਕਿਹਾ, "ਤੁਸੀਂ ਜਾ ਕੇ ਵੇਖੋ, ਸਾਧੂ ਨੂੰ ਮਿਲਣ ਨਾਲ ਕੋਈ ਦੋਖ ਨਹੀਂ ਲਗਦਾ।" ਇਹ ਸੁਣ ਕੇ ਮਾਨ ਚੰਦ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਦੋ ਸੇਰ ਮੇਵੇ ਹੱਥ ਵਿਚ ਲੈ ਲਏ॥ ੪੮ ॥

ਸ੍ਰੀ ਗੁਨ ਖਾਨੀ ਬੈਠੇ ਜਹਿੰਵਾ। ਬਡਭਾਗੀ ਚਲਿ ਆਯੋ ਤਹਿੰਵਾ।
ਦ੍ਵੈ ਕਰ ਜੋਰਿ ਬੰਦਨਾ ਕਰਿਕੈ। ਬੈਠਜੋ ਅੱਗ੍ਰਜ ਮੇਵਾ ਧਰਿਕੈ॥ ੪੯॥

ਗੁਰੂ ਜੀ ਜਿੱਥੇ ਬੈਠੇ ਹੋਏ ਸਨ, ਵੱਡੇ ਭਾਗਾਂ ਵਾਲਾ ਓਥੇ ਚਲ ਕੇ ਆ ਗਿਆ। ਦੋਵੇਂ ਹੱਥ ਜੋੜ ਕੇ ਬੰਦਨਾਂ ਕਰਕੇ ਅਤੇ ਮੇਵੇ ਅੱਗੇ ਧਰ ਕੇ ਬੈਠ ਗਿਆ॥ ੪੯॥

ਸ੍ਰੀ ਗੁਰ ਕੋਮਲ ਬਚਨ ਉਚਾਰੇ। 'ਮਾਨ ਚੰਦ! ਸਭਿ ਕੁਸ਼ਲ ਤੁਮਾਰੇ?'।
ਬੂਝਨ ਲਗਜੋ ਸੁ 'ਕਬ ਕੇ ਜਾਨਹੁ?। ਆਗੇ ਮਿਲੇ ਨ, ਕਸ ਪਹਿਚਾਨਹੁ? ॥੫੦॥

ਗੁਰੂ ਜੀ ਨੇ ਕੋਮਲ ਬਚਨਾਂ ਦਾ ਉਚਾਰਨ ਕੀਤਾ, "ਮਾਨ ਚੰਦ! ਤੇਰੇ ਘਰ ਸਭ ਠੀਕ ਠਾਕ ਹੈ?" ਮਾਨ ਚੰਦ ਪੁੱਛਣ ਲੱਗਾ, "ਤੁਸੀਂ ਮੈਨੂੰ ਕਦੋਂ ਦੇ ਜਾਣਦੇ ਹੋ। ਪਹਿਲਾਂ ਤਾਂ ਕਦੇ ਮਿਲੇ ਨਹੀਂ, ਕਿਸ ਤਰ੍ਹਾਂ ਪਹਿਚਾਣ ਲਿਆ ਹੈ?॥ ੫੦॥

ਕੌਨ ਦੇਸ਼ ਕੋ ਬੇਸ ਤੁਮਾਰਾ?। ਕੋ ਕਾਰਜ ਹੈ? ਕਹੁ ਨਿਰਧਾਰਾ'।
ਗੁਰੂ ਕਹੈਂ 'ਬੇਗਮ ਪੁਰ ਦੇਸ਼ਾ। ਏਕੰਕਾਰ ਰੂਪ ਤਨ ਬੇਸਾ॥ ੫੧॥

ਤੁਹਾਡਾ ਕਿੱਸ ਦੇਸ਼ ਦਾ ਭੇਸ ਹੈ? ਤੁਹਾਨੂੰ ਕੀ ਕੰਮ ਹੈ, ਨਿਰਨੇ ਕਰਕੇ ਕਹੋ।" ਗੁਰੂ ਜੀ ਨੇ ਕਿਹਾ, "ਬੇਗਮਪੁਰ ਸਾਡਾ ਦੇਸ਼ ਹੈ ਏਕੰਕਾਰ ਰੂਪੀ ਤਨ ਤੇ ਭੇਸ ਧਾਰਨ ਕੀਤਾ ਹੈ॥ ੫੧॥

ਨਾਨਕ ਨਿਰੰਕਾਰੀ ਮਮ ਨਾਂਇ। ਇਸ ਕੋ ਬਾਲਾ ਸਰਬ ਅਲਾਇਂ'।
ਮਾਨਚੰਦ ਸੁਨਿ ਬਚਨ ਉਚਾਰੇ। 'ਐਸੀ ਬਾਤ੍ਰ ਨ ਬੀਚ ਸੰਸਾਰੇ॥ ੫੨॥

ਨਾਨਕ ਨਿਰੰਕਾਰੀ ਮੇਰਾ ਨਾਂ ਹੈ, ਇਸ ਮੇਰੇ ਸਾਥੀ ਨੂੰ ਸਾਰੇ ਬਾਲਾ ਕਹਿੰਦੇ ਹਨ।" ਮਾਨ ਚੰਦ ਨੇ ਇਹ ਸੁਣ ਕੇ ਕਿਹਾ, "ਸੰਸਾਰ ਵਿਚ ਤਾਂ ਅਜੇਹੀ ਕੋਈ ਗੱਲ ਨਹੀਂ॥ ੫੨॥

ਦੋਹਰਾ- ਔਰ ਔਰ ਬਾਤੈਂ ਕਰੋ ਜਾਨੀ ਜਾਇਂ ਨ ਜੋਇ।
ਕੌਨ ਬੇਖ, ਨਹਿਂ ਲਖਿ ਸਕੌਂ ਮੁਝ ਅਚਰਜ ਮਨ ਹੋਇ'॥ ੫੩॥

ਹੋਰ-ਹੋਰ ਗੱਲਾਂ ਕਰਦੇ ਹੋ, ਇਨ੍ਹਾਂ ਵਿਚੋਂ ਕੋਈ ਵੀ ਜਾਣੀ ਨਹੀਂ ਜਾ ਸਕਦੀ। ਕੌਣ ਭੇਸ, ਮੈਂ ਸਮਝ ਨਹੀਂ ਸਕਦਾ, ਮੇਰਾ ਮਨ ਬੜਾ ਹੈਰਾਨ ਹੋਇਆ ਹੈ"॥ ੫੩॥

ਚੌਪਈ- ਗੁਰ ਕਹਿਂ 'ਅਸ ਬਚ ਮਹਿਂ ਸੁਖ ਸਾਰਾ। ਭਲੀ ਬਾਤ ਨਹਿਂ ਲਖਹੁ ਸੰਸਾਰਾ।
ਮਿੱਥਜਾ ਸੋ, ਨਹਿਂ ਆਵਹਿ ਕਾਜਾ। ਨਰ ਲਪਟਾਇ ਰਹੇ ਸਭਿ ਪਾਜਾ॥੫੪॥

ਗੁਰੂ ਜੀ ਨੇ ਕਿਹਾ, "ਐਸੇ ਬਚਨਾਂ ਵਿਚ ਹੀ ਸਾਰਾ ਸੁੱਖ ਹੈ, ਇਸ ਸੰਸਾਰ ਨੂੰ ਭਲੀ ਬਾਤ ਨਾ ਸਮਝੋ। ਇਹ ਸਭ ਮਿਥਿਆ ਹੈ, ਕਿਸੇ ਕੰਮ ਨਹੀਂ ਆਉਂਦਾ ਹੈ, ਸਾਰੇ ਮਨੁੱਖ ਝੂਠ ਦੇ ਨਾਲ ਜੁੜੇ ਹੋਏ ਹਨ॥ ੫੪॥

ਉੱਤਮ ਜਾਨਹੁ ਮਨ ਮਹਿਂ ਸੋਇ। ਜਿਨ ਕੇ ਲਖੇ ਸਰਬ ਸੁਖ ਹੋਇ।
ਸੁਨਤਜੋ ਮਾਯਾ ਮੋਹ ਨਸਾਇ। ਹ੍ਵੈ ਪ੍ਰਲੋਕ ਕੇ ਬਿਖੈ ਸਹਾਇ॥ ੫੫॥

ਉਸ ਨੂੰ ਹੀ ਮਨ ਵਿਚ ਉੱਤਮ ਜਾਣੋ ਜਿਸ ਨੂੰ ਸਮਝਣ ਨਾਲ ਸਭ ਨੂੰ ਸੁੱਖ ਹੋਵੇ। ਜਿਸ ਨੂੰ ਸੁਣਨ ਨਾਲ ਮਾਇਆ ਦਾ ਮੋਹ ਦੂਰ ਹੋ ਜਾਵੇ ਅਤੇ ਉਹ ਪਰਲੋਕ ਵਿਚ ਸਹਾਈ ਹੋਵੇ॥ ੫੫॥

ਜੁਊ ਕਮਾਵੈ ਸੋ ਹੈ ਸਜਾਨਾ'। ਅਸ ਕਹਿ ਸ੍ਰੀ ਗੁਰ ਸ਼ਬਦ ਬਖਾਨਾ।
ਜਿਹਿ ਕੇ ਸੁਨਤਜੋ ਤਿਹਂ ਸੁਧ ਆਈ। ਲੇ ਉਪਦੇਸ਼ ਪਰਮਗਤਿ ਪਾਈ॥੫੬॥

ਜੋ ਉਸ ਦੀ ਕਮਾਈ ਕਰਦਾ ਹੈ, ਉਹ ਹੀ ਸਿਆਣਾ ਹੈ, ਇਹ ਕਹਿ ਕੇ ਗੁਰੂ ਜੀ ਨੇ ਸ਼ਬਦ ਦਾ ਉਚਾਰਨ ਕੀਤਾ। ਜਿਸ ਨੂੰ ਸੁਣ ਕੇ ਉਸ ਨੂੰ ਸੋਝੀ ਹੋਈ ਅਤੇ ਉਪਦੇਸ਼ ਲੈ ਕੇ ਪਰਮ ਗਤੀ ਪਾਈ॥ ੫੬ ॥

*ਤਿਲੰਗ ਮਹਲਾ ੧ ਘਰੁ ੨ ॥*

*ੴ ਸਤਿਗੁਰ ਪ੍ਰਸਾਦਿ॥*

*ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥ ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ॥ ੧ ॥*
*ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ ਰਹਾਉ॥*
*ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥ ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥ ੨ ॥*
*ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ॥ ੩ ॥*
*ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ॥ ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ॥ ੪ ॥*
*ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥ ੫ ॥*
*ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ ੬ ॥*
*ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥ ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥ ੭ ॥*
*ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥ ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥ ੮ ॥*
*ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥ ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥ ੯ ॥*
*ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ॥ ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥ ੧੦ ॥ ੧ ॥ (ਪੰਨਾ ੭੨੪)*

ਵਾਹਿਗੁਰੂ ਇਕ ਹੈ, ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਜਿਸ ਨੇ ਸੰਸਾਰ ਸਾਜਿਆ ਹੈ ਉਹ ਇਸ ਦੀ ਦੇਖਭਾਲ ਕਰਦਾ ਹੈ। ਹੇ ਵੀਰ! ਮੈਂ ਹੋਰ ਕੀ ਕਹਾਂ। ਜਿਸ ਨੇ ਬਾਗ ਲਾਇਆ ਹੈ, ਉਹ ਖੁਦ ਹੀ ਸੋਚਦਾ, ਸਮਝਦਾ ਅਤੇ ਖੁਦ ਹੀ ਕਾਰ ਕਰਦਾ ਹੈ॥ ੧॥

ਤੂੰ ਪ੍ਰੀਤਮ ਦੇ ਸਿਮਰਨ ਵਿਚ ਜੁੜ ਜਿਸ ਦੁਆਰਾ ਹਮੇਸ਼ਾ ਸੁਖ ਆਰਾਮ ਪ੍ਰਾਪਤ ਹੁੰਦਾ ਹੈ॥ ੧॥ ਠਹਿਰਾਉ॥

ਜੋ ਆਪਣੇ ਮਾਲਕ ਨੂੰ ਪਿਆਰ ਨਾਲ ਨਹੀਂ ਮਾਣਦੀ ਉਹ ਅੰਤ ਪਛਤਾਉਂਦੀ ਹੈ। ਜਦ ਜੀਵਨ ਰਾਤ ਮੁੱਕ ਜਾਂਦੀ ਹੈ ਤਾਂ ਉਹ ਆਪਣੇ ਹੱਥ ਮਲਦੀ ਹੈ ਅਤੇ ਸਿਰ ਨੂੰ ਹਿਲਾਉਂਦੀ ਹੈ॥ ੨॥

ਜਦ ਜੀਵਨ ਖੇਡ ਖਤਮ ਹੋ ਜਾਂਦੀ ਹੈ ਤਾਂ ਪਛਤਾਵਾ ਕਰਕੇ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਫਿਰ ਤਦ ਹੀ ਉਸ ਨੂੰ ਆਪਣੇ ਮਾਲਕ ਨੂੰ ਮਾਨਣ ਦਾ ਮੌਕਾ ਮਿਲੇਗਾ ਜਦ ਮੁੜ ਕੇ ਉਸ ਦੀ ਵਾਰੀ ਆਵੇਗੀ॥ ੩॥

ਸੱਚੀ ਪੱਤਨੀ ਆਪਣੇ ਪਤੀ ਨੂੰ ਪਾ ਲੈਂਦੀ ਹੈ, ਮੇਰੇ ਨਾਲੋਂ ਉਹ ਵੱਧ ਕੇ ਹੈ॥ ਉਹ ਗੁਣ ਮੇਰੇ ਵਿਚ ਨਹੀਂ, ਮੈਂ ਕਿਸ 'ਤੇ ਦੋਸ਼ ਲਾਵਾਂ? ॥ ੪॥

ਜਿਨ੍ਹਾਂ ਸਹੇਲੀਆਂ ਨੇ ਆਪਣੇ ਮਾਲਕ ਨੂੰ ਮਾਣਿਆ ਹੈ, ਮੈਂ ਉਨ੍ਹਾਂ ਨੂੰ ਜਾ ਕੇ ਪੁਛਾਂਗੀ। ਮੈਂ ਉਨ੍ਹਾਂ ਦੇ ਪੈਰੀ ਪਵਾਂਗੀ ਅਤੇ ਮੈਂ ਉਨ੍ਹਾਂ ਨੂੰ ਮਾਲਕ ਪਾਉਣ ਦਾ ਰਾਹ ਪੁੱਛਾਂਗੀ॥ ੫॥

ਹੇ ਨਾਨਕ! ਜੋ ਪਤਨੀ ਆਪਣੇ ਪਤੀ ਦਾ ਹੁਕਮ ਮੰਨੇ ਅਤੇ ਉਸ ਦੇ ਭੈ ਦਾ ਚੰਦਨ ਮਲੇ ਅਤੇ ਗੁਣਾਂ ਦਾ ਟੂਣਾਂ ਕਰੇ ਤਦ ਉਹ ਆਪਣੇ ਪ੍ਰੀਤਮ ਨੂੰ ਪਾ ਲੈਂਦੀ ਹੈ॥ ੬॥

ਜੋ ਆਪਣੇ ਸੁਆਮੀ ਨੂੰ ਦਿਲ ਦੇ ਰਾਹੀਂ ਮਿਲਦੀ ਹੈ ਉਹ ਉਸ ਨਾਲ ਮਿਲੀ ਰਹਿੰਦੀ ਹੈ। ਉਹੋ ਹੀ ਅਸਲੀ ਮਿਲਾਪ ਕਿਹਾ ਜਾਂਦਾ ਹੈ। ਕਿੰਨੀ ਵੀ ਚਾਹਤ ਭਾਵੇਂ ਉਹ ਕਰੇ, ਪਰ ਨਿਰੀਆਂ ਗੱਲਾਂ ਨਾਲ ਉਸ ਦਾ ਪ੍ਰੀਤਮ ਨਾਲ ਮਿਲਾਪ ਨਹੀਂ ਹੁੰਦਾ॥ ੭॥

ਧਾਤ ਮੁੜ ਕੇ ਧਾਤ ਨੂੰ ਮਿਲ ਜਾਂਦੀ ਹੈ ਅਤੇ ਪਿਆਰ ਪਿਆਰ ਨੂੰ ਖਿਚਦਾ ਹੈ। ਗੁਰੂ ਦੀ ਕਿਰਪਾ ਨਾਲ ਜਦ ਸਮਝ

ਪ੍ਰਾਪਤ ਹੋ ਜਾਂਦੀ ਹੈ ਤਦ ਭੈ-ਰਹਿਤ ਪ੍ਰਭੂ ਨੂੰ ਪਾ ਲੈਂਦਾ ਹੈ॥ ੮॥

ਪਾਨ ਦੀਆਂ ਵੇਲਾਂ ਦੀ ਵਾੜੀ ਭਾਵੇਂ ਘਰ ਵਿਚ ਹੀ ਹੋਵੇ, ਪਰ ਮੂਰਖ ਗਧਾ ਉਸ ਦੀ ਕਦਰ ਨੂੰ ਨਹੀਂ ਜਾਣਦਾ, ਜਿਹੜਾ ਖੁਸ਼ਬੋ ਦਾ ਰਸੀਆ ਹੋਵੇ ਉਹ ਹੀ ਫੁੱਲ ਦੀ ਕਦਰ ਪਛਾਣਦਾ ਹੈ॥ ੯॥

ਹੇ ਨਾਨਕ! ਕੇਵਲ ਉਹੀ ਨਾਮ ਰੂਪੀ ਅੰਮ੍ਰਿਤ ਨੂੰ ਪੀਂਦਾ ਹੈ ਜਿਹੜਾ ਸੰਦੇਹ ਅਤੇ ਭਟਕਣ ਤੋਂ ਰਹਿਤ ਹੋ ਜਾਂਦਾ ਹੈ। ਉਹ ਸੁਭਾਵਕ ਹੀ ਸਵਾਮੀ ਨਾਲ ਅਭੇਦ ਹੋਇਆ ਰਹਿੰਦਾ ਹੈ ਅਤੇ ਅਮਰ ਪਦ ਪਾ ਲੈਂਦਾ ਹੈ॥ ੧੦॥ ੧॥

ਦੋਹਰਾ-ਮਾਨਚੰਦ ਸੁਨਿ ਸਬਦ ਕੋ ਬੋਲਜੋ ਕਛੁ ਸੁਖ ਪਾਇ।
'ਜਗਤ ਬਿਖੈ ਇਹ ਜੀਵ ਕੋ ਭਲਾ ਹੋਤਿ ਕਿਹ ਭਾਇ?'॥ ੫੭॥

ਮਾਨ ਚੰਦ ਸ਼ਬਦ ਨੂੰ ਸੁਣ ਕੇ ਅਤੇ ਕੁਝ ਸਮਝ ਕੇ ਬੋਲਿਆ, "ਜਗਤ ਵਿਚ ਜੀਵ ਦਾ ਕਿਸ ਤਰ੍ਹਾਂ ਭਲਾ ਹੁੰਦਾ ਹੈ?"॥ ੫੭॥

ਚੌਪਈ- ਤਿਹ ਛਿਨ ਸ੍ਰੀ ਗੁਰ ਬੈਨ ਬਖਾਨੇ। 'ਇਸ ਬਿਧਿ ਭਲਾ ਜੀਵ ਨਿਜ ਜਾਨੇ।
ਸ੍ਵਾਸ ਸ੍ਵਾਸ ਯਾਦੰ ਕਰਤਾਰਾ। ਬਿਨਾ ਨਾਮ ਨਹਿ ਹ੍ਵੈ ਨਿਸਤਾਰਾ'॥੫੮॥

ਉਸ ਵੇਲੇ ਗੁਰੂ ਜੀ ਨੇ ਬਚਨ ਕੀਤਾ, 'ਇਸ ਵਿਧੀ ਰਾਹੀ ਜੀਵ ਆਪਣਾ ਭਲਾ ਜਾਣੇ ਕਿ ਜੋ ਕਰਤਾਰ ਨੂੰ ਸਵਾਸ ਸਵਾਸ ਯਾਦ ਕਰਦਾ ਹੈ, ਉਸ ਦਾ ਕਲਿਆਣ ਹੋ ਜਾਂਦਾ ਹੈ, ਨਾਮ ਤੋਂ ਬਿਨਾਂ ਨਿਸਤਾਰਾ ਨਹੀਂ ਹੁੰਦਾ'॥ ੫੮॥

ਬੂਝਤਿ ਮਾਨਚੰਦ ਯੁਤ ਪ੍ਰੀਤੀ।-'ਪ੍ਰਭੁ! ਬਤਾਵਹੁ ਅਬ ਇਸ ਰੀਤੀ।
ਜਾਂਤੇ ਸਿਮਰਹੁਂ ਨਾਮ ਸਦਾਈ। ਰਿਦੇ ਨ ਬਿਸਰਹਿ ਪ੍ਰਭੁ ਕਦਾਈ॥੫੯॥

ਮਾਨ ਚੰਦ ਬੜੇ ਪ੍ਰੇਮ ਨਾਲ ਪੁੱਛਣ ਲੱਗਾ, "ਹੇ ਪ੍ਰਭੂ! ਹੁਣ ਇਸ ਰੀਤੀ ਬਾਰੇ ਦੱਸੋ। ਜਿਸ ਕਾਰਨ ਸਦਾ ਹੀ ਨਾਮ ਦਾ ਸਿਮਰਨ ਕਰਦੇ ਰਹੀਏ, ਅਤੇ ਪ੍ਰਭੂ ਕਦੇ ਵੀ ਹਿਰਦੇ ਵਿਚੋਂ ਨਾ ਵਿਸਰੇ॥ ੫੯॥

ਦੋਹਰਾ-ਗੁਰ ਕਹਿਂ 'ਸੰਸਾ ਨਹਿਂ ਕਰੋ ਛੁਧਾ ਨਗਨ ਕੋ ਕੋਇ।
ਇਕ ਸੰਸਾ ਮਨਿ ਰਾਖੀਏ ਬਿਸਰੇ ਨਹਿ ਪ੍ਰਭੁ ਸੋਇ॥ ੬੦॥

ਗੁਰੂ ਜੀ ਨੇ ਕਹਾ, "ਭੁੱਖ ਨੰਗ ਦਾ ਕੋਈ ਫਿਕਰ ਨਾ ਕਰੋ, ਮਨ ਵਿਚ ਇਕੋ ਫਿਕਰ ਕਰੋ ਕਿ ਪ੍ਰਭੂ ਕਦੇ ਵੀ ਨਾ ਵਿਸਰੇ'॥ ੬੦॥

ਚੌਪਈ- ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਪਰਜੋ ਚਰਨ ਪਰ ਬਿਨੈ ਬਖਾਨੀ।
ਤਿਹ ਛਿਨ ਇਕ ਡੰਡਾ ਕਰ ਮਾਂਹੀ। ਬਖਸ਼ਜੋ ਜਾਨਿ ਦਾਸ ਗੁਰ ਤਾਂਹੀ॥੬੧॥

ਇਸ ਪ੍ਰਕਾਰ ਦੀ ਬਾਣੀ ਸੁਣ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਬੇਨਤੀ ਕੀਤੀ। ਉਸ ਵੇਲੇ ਇਕ ਡੰਡਾ ਹੱਥ ਵਿਚ ਲੈ ਕੇ ਗੁਰੂ ਜੀ ਨੇ ਉਸ ਨੂੰ ਦਾਸ ਜਾਣ ਕੇ ਬਖਸ਼ ਦਿੱਤਾ॥ ੬੧॥

ਮਾਨਚੰਦ ਲੇ ਸਿਰ ਪਰ ਧਰਜੋ। ਜਨਮ ਮਰਨ ਕੋ ਦੁਖ ਸਭਿ ਹਰਜੋ।
ਪ੍ਰੇਮ ਬਿਸ਼ਾਲ ਬਨਜੋ ਮਸਤਾਨਾ। ਮਹਾਂ ਪੁਰਖ ਭਾ ਪੂਰਨ ਗਜਾਨਾ॥੬੨॥

ਮਾਨਚੰਦ ਨੇ ਉਸ ਡੰਡੇ ਨੂੰ ਲੈ ਕੇ ਆਪਣੇ ਸਿਰ ਤੇ ਧਰ ਲਿਆ ਅਤੇ ਉਸ ਦੇ ਜਨਮ ਮਰਨ ਦੇ ਸਾਰੇ ਦੁੱਖ ਦੂਰ ਹੋ ਗਏ, ਪੂਰਨ ਗਿਆਨ ਪ੍ਰਾਪਤ ਕਰਕੇ ਮਹਾਂਪੁਰਖ ਬਣ ਗਿਆ॥ ੬੨॥

ਸੰਪੁਟ ਮਾਨਚੰਦ ਕਹਿ ਪਾਨਾ। ਜਗਤੇਸ੍ਵਰ! ਯਹਿ ਦੰਡ ਮਹਾਨਾ।
ਸੇ ਮੁਖਿ ਜਿਨ ਕਰਿਦੀ ਮਮ ਪੂਤਾ। ਸ੍ਰਪਨ ਅਤੰਕਾ ਜਾਗਤਿ ਸੂਤਾ॥੬੩॥

ਮਾਨ ਚੰਦ ਨੇ ਹੱਥ ਜੋੜ ਕੇ ਕਿਹਾ, "ਜਗਤ ਦੇ ਈਸ਼ਵਰ ਇਹ ਡੰਡਾ ਬਹੁਤ ਮਹਾਨ ਹੈ। ਜਿਸ ਨੇ ਮੇਰੀ ਬੁੱਧੀ ਪਵਿਤਰ

ਕਰ ਦਿੱਤੀ ਹੈ ਅਤੇ ਸੁਤੇ ਹੋਏ ਸੁਪਨੇ ਦਾ ਡਰ ਦੂਰ ਕਰ ਦਿੱਤਾ ਹੈ॥ ੬੩॥

ਦੋਹਰਾ-'ਜੌਨ ਕਸ਼ਟ ਗੁਰ ਕਹਿਤਿ 'ਜਹਿਂ, ਮਾਨਚੰਦ ਸੁਨ ਮੀਤ!।
ਛੁਵਤ ਪਲਾਵਤਿ ਖਿਨਕ ਮਹਿਂ, ਮੁਕਤਿ ਰਾਮ ਕਰਿ ਚੀਤ' ॥ ੬੪ ॥

ਗੁਰੂ ਜੀ ਨੇ ਕਿਹਾ, ''ਜਿਹੜੇ ਕਸ਼ਟ ਇਸ ਡੰਡੇ ਦੇ ਛੂਹਣ ਨਾਲ ਹੀ ਝਟ ਦੂਰ ਹੋ ਗਏ ਹਨ, ਹੇ ਮਿੱਤਰ ਮਾਨ ਚੰਦ ਸੁਣੋ, ਵਾਹਿਗੁਰੂ ਨੂੰ ਯਾਦ ਕਰਵਾਕੇ ਇਹ ਮੁਕਤ ਵੀ ਕਰ ਦੇਵੇਗਾ॥ ੬੪॥

ਚੌਪਈ- ਜਨਮ ਮਰਨ ਕੇ ਸਾਧਨ ਜੋਊ। ਸਿੱਧ ਭਏ ਇਕ ਛਿਨ ਮਹਿਂ ਸੋਊ।
ਇਸ ਪ੍ਰਕਾਰ ਤਿਹ ਕਰਜੋ ਨਿਹਾਲਾ। ਆਨ ਥਾਨ ਗਮਨੇ ਪੁਨ ਦਯਾਲਾ ॥੬੫ ॥

ਜਨਮ ਮਰਨ ਦੇ ਜਿਹੜੇ ਸਾਧਨ ਹਨ, ਇਕ ਖਿਣ ਵਿਚ ਸਿੱਧ ਹੋ ਜਾਂਦੇ ਹਨ। ਇਸ ਪ੍ਰਕਾਰ ਮਾਨ ਚੰਦ ਨੂੰ ਨਿਹਾਲ ਕੀਤਾ ਅਤੇ ਦਿਆਲੂ ਗੁਰੂ ਜੀ ਫਿਰ ਕਿਸੇ ਹੋਰ ਸਥਾਨ ਵੱਲ ਚਲ ਪਏ॥ ੬੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿਖਨ ਕੋ ਉਧਾਰ' ਪ੍ਰਸੰਗ ਬਰਨਨੰ ਨਾਮ ਛੱਤਿਸਮੋ ਅਧਯਾਯ ॥ ੩੬ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛੱਤੀਵਾਂ ਅਧਿਆਇ, ਜਿਸ ਦਾ ਨਾਮ ''ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ ਮਾਨ ਚੰਦ ਦਾ ਉਧਾਰ ਪ੍ਰਸੰਗ'' ਹੈ, ਸਮਾਪਤ ਹੋਇਆ॥ ੩੬॥

## ਅਧਿਆਇ ਸੈਂਤੀਵਾਂ

*ਮੁਲਤਾਨ ਦੇ ਪੀਰ, ਸ਼ਮਸ ਤਬ੍ਰੇਜ਼*

ਦੋਹਰਾ-ਮਨ ਤਜਿ ਬਿਸ਼ਿਯਨ ਬਾਸ਼ਨਾ ਭਰਮਜੋਂ ਜਨਮ ਅਨੇਕ।
ਅਬਿ ਸਤਿਗੁਰ ਕੀ ਸ਼ਰਨ ਗਹੁ ਪਾਵਹਿ ਅਨਦ ਬਿਬੇਕ॥ ੧ ॥

ਹੇ ਮਨ! ਵਿਸ਼ਿਆਂ ਦੀ ਵਾਸ਼ਨਾ ਛੱਡ ਜਿਸ ਕਰਕੇ ਤੂੰ ਅਨੇਕਾਂ ਜਨਮ ਭਟਕਦਾ ਫਿਰਿਆ ਹੈਂ। ਹੁਣ ਸਤਿਗੁਰੂ ਦੀ ਸ਼ਰਨ ਫੜ ਜੋ ਗਿਆਨ ਦਾ ਅਨੰਦ ਪਾਵੇਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ਸੁਨਿ ਪਰਮ ਪਵਿੱਤ੍ਰਾ!। ਜਜੋਂ ਪੁਨ ਹੋਈ ਕਥਾ ਬਚਿੱਤ੍ਰਾ।
ਤਹਿਂ ਤੇ ਜਬ ਕੀਨੋ ਪ੍ਰਸਥਾਨਾ। ਪਹੁਚੇ ਨਗਰ ਜਾਇ ਮੁਲਤਾਨਾ ॥੨ ॥

ਭਾਈ ਬਾਲੇ ਨੇ ਕਿਹਾ- ਹੇ ਪਰਮ ਪਵਿਤਰ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਜਿਵੇਂ ਫਿਰ ਮਨੋਹਰ ਕਥਾ ਅੱਗੇ ਚੱਲੀ ਜਦ ਉਸ ਸਥਾਨ ਤੋਂ ਅੱਗੇ ਗਏ ਤਾਂ ਮੁਲਤਾਨ ਸ਼ਹਿਰ ਵਿਚ ਜਾ ਪਹੁੰਚੇ॥ ੨॥

ਪੀਰ ਬ੍ਰਿੰਦ ਜਹਿਂ ਸ਼ਮਸ ਸਮੇਤਾ। ਮਿਲਨਿ ਚਹਜੋ ਬੇਦੀ ਕੁਲਕੇਤਾ।
ਦੇਨਿ ਉਪਦੇਸ਼ ਆਪਨੋ ਨੀਕਾ। ਜਿਸ ਬਿਧਿ ਹ੍ਵੈ ਉਧਾਰ ਇਸ ਜੀ ਕਾ ॥੩ ॥

ਸ਼ਮਸ਼ ਨਾਮੀ ਪੀਰ ਸਮੇਤ ਜਿਥੇ ਬਹੁਤ ਪੀਰਾਂ ਦਾ ਸਮੂਹ ਰਹਿੰਦਾ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਮਿਲਣਾ ਚਾਹਿਆ। ਉਨ੍ਹਾਂ ਨੂੰ ਆਪਣਾ ਚੰਗਾ ਉਪਦੇਸ਼ ਦੇਣਾ ਚਾਹੁੰਦੇ ਸਨ, ਜਿਸ ਤਰ੍ਹਾਂ ਕਿ ਇਸ ਜੀਅ ਦਾ ਉਧਾਰ ਹੋਵੇ॥ ੩॥

ਸ਼ਮਸ ਤਬਰੇਜ਼ ਰਹਤਿ ਜਿਹ ਥਾਈਂ। ਤਹਾਂ ਜਾਇ ਬੈਠੇ ਜਗ ਸਾਈਂ।
ਸਭਿ ਪੀਰਨ ਕੋ ਸੁਧ ਜਬ ਹੋਈ। ਮਿਲਿ ਕੈ ਮਤੋ ਕਰਤਿ ਭੇ ਸੋਈ॥੪॥

ਸ਼ਮਸ ਤਰਬੇਜ਼ ਜਿਸ ਥਾਂ ਰਹਿੰਦਾ ਸੀ, ਗੁਰੂ ਜੀ ਉਥੇ ਜਾ ਕੇ ਬੈਠ ਗਏ। ਸਾਰੇ ਪੀਰਾਂ ਨੂੰ ਜਦ ਇਹ ਖਬਰ ਮਿਲੀ ਤਾਂ ਸਾਰਿਆਂ ਨੇ ਮਿਲ ਕੇ ਮਤਾ ਪਕਾਇਆ ਅਤੇ ਕਹਿਣ ਲੱਗੇ॥ ੪॥

'ਇਨ ਜੀਤੇ ਸਭਿ ਥਾਨ ਮਹਾਨਾ। ਕਾਬਾ ਚਰਨਨ ਸੰਗਿ ਫਿਰਾਨਾ।
ਚਰਚਾ ਅਜ਼ਮਤ ਮਹਿਂ ਇਹ ਭਾਰੀ। ਸਕਜੋ ਨ ਕੋਊ ਅਟਕ ਅਗਾਰੀ॥੫॥

"ਇਸ ਨੇ ਸਾਰੇ ਮਹਾਨ ਸਥਾਨ ਜਿੱਤ ਲਏ ਹਨ, ਕਾਬੇ ਨੂੰ ਆਪਣੇ ਚਰਨਾਂ ਨਾਲ ਹੀ ਫੇਰ ਦਿੱਤਾ। ਚਰਚਾ ਅਤੇ ਕਰਾਮਾਤ ਵਿਚ ਇਹ ਸਭ ਤੋਂ ਮਹਾਨ ਹੈ, ਇਨ੍ਹਾਂ ਦੇ ਅੱਗੇ ਕੋਈ ਟਿਕ ਨਹੀਂ ਸਕਿਆ॥ ੫॥

ਸਰਬਰ ਬਾਦ ਨਹੀਂ ਬਨਿ ਆਈ। ਬਿਨਤੀ ਕਰਿਕੈ ਕਰਹੁ ਬਿਦਾਈ'।
ਅਸ ਬਿਚਾਰ ਕਰਿ ਦੂਧ ਕਟੋਰਾ। ਭਰਿ ਕਰਿ ਲੇ ਆਏ ਗੁਰ ਓਰਾ॥੬॥

ਚਰਚਾ ਵਿਚ ਇਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ, ਬੇਨਤੀ ਕਰਕੇ ਇਸ ਨੂੰ ਏਥੋਂ ਵਿਦਾ ਕਰੋ"। ਇਹ ਵਿਚਾਰ ਕੇ ਦੁੱਧ ਦਾ ਇਕ ਕਟੋਰਾ ਨਕੋ ਨੱਕ ਭਰ ਕੇ ਗੁਰੂ ਜੀ ਪਾਸ ਲੈ ਆਏ॥ ੬॥

ਏਹੁ ਜਨਾਵਨ ਤਿਨ ਨੈ ਕੀਨੋ। ਪੀਰੀ ਪੁਰਿ ਮੁਲਤਾਨ ਸੁ ਚੀਨੋ।
ਨਹੀਂ ਸਮਾਈ ਰਾਵਰ ਕੇਰੀ। ਗਮਨਹੁ ਅਪਰ ਥਾਨ ਪੁਰਿ ਹੇਰੀ॥੭॥

ਇਹ ਦੱਸਣ ਵਾਸਤੇ ਉਨ੍ਹਾਂ ਇਹ ਕੀਤਾ ਕਿ ਮੁਲਤਾਨ ਪਹਿਲਾਂ ਹੀ ਪੀਰਾਂ ਨਾਲ ਭਰਿਆ ਸਮਝੋ। ਆਪ ਦੀ ਏਥੇ ਸਮਾਈ ਨਹੀਂ ਹੋਵੇਗੀ, ਕੋਈ ਹੋਰ ਸ਼ਹਿਰ ਵੇਖ ਕੇ ਓਥੇ ਚਲੇ ਜਾਵੋ॥ ੭॥

ਨਿਕਟਿ ਆਨਿ ਜਬ ਧਰਜੋ ਅਗਾਰੀ। ਸ੍ਰੀ ਨਾਨਕ ਜਾਨੀ ਬਿਧਿ ਸਾਰੀ।
ਫੂਲ ਚੰਬੇਲੀ ਕੋ ਇਕ ਲੀਨਾ। ਤਿਹ ਪਰ ਕਰ ਤੇ ਛੋਡਨ ਕੀਨਾ॥੮॥

ਨੇੜੇ ਆ ਕੇ ਜਦ ਦੁੱਧ ਦਾ ਭਰਿਆ ਹੋਇਆ ਕਟੋਰਾ ਗੁਰੂ ਜੀ ਅੱਗੇ ਰਖਿਆ ਤਾਂ ਗੁਰੂ ਜੀ ਨੇ ਉਨ੍ਹਾਂ ਦੀ ਸਾਰੀ ਗੱਲ ਸਮਝ ਲਈ। ਉਨ੍ਹਾਂ ਇਕ ਚੰਮੇਲੀ ਦਾ ਫੁੱਲ ਲਿਆ ਅਤੇ ਉਸ ਨੂੰ ਦੁੱਧ ਦੇ ਉੱਤੇ ਧਰ ਦਿੱਤਾ॥ ੮॥

ਤਰਜੋ ਦੂਧ ਪਰ ਭਲੇ ਸਮਾਯੋ। ਇਸ ਪ੍ਰਕਾਰ ਦ੍ਰਿਸ਼ਟਾਂਤ ਦਿਖਾਯੋ।
ਫੂਲ ਸਮਾਯੋ ਭਰੇ ਕਟੋਰੇ। ਤਿਉਂ ਹਮ ਕੋ ਜਾਨਹੁ ਇਸ ਠੋਰੇ॥ ੯॥

ਚੰਮੇਲੀ ਦਾ ਫੁੱਲ ਦੁੱਧ ਦੇ ਉਤੇ ਤਰ ਪਿਆ ਤੇ ਚੰਗੀ ਤਰ੍ਹਾਂ ਸਮਾ ਗਿਆ, ਨਕੋ ਨੱਕ ਭਰੇ ਹੋਏ ਕਟੋਰੇ ਦਾ ਦੁੱਧ ਬਾਹਰ ਨਾ ਡਿਗਾ, ਗੁਰੂ ਜੀ ਇਸ ਪ੍ਰਕਾਰ ਦ੍ਰਿਸ਼ਟਾਂਤ ਵਖਾਇਆ ਕਿ ਜਿਵੇਂ ਫੁੱਲ ਕਟੋਰੇ ਵਿਚ ਸਮਾ ਗਿਆ ਹੈ ਇਸ ਲਈ ਸਾਨੂੰ ਵੀ ਇਸ ਥਾਂ ਅਜੇਹਾ ਜਾਣੋ॥ ੯॥

ਇਹ ਸਭਿ ਰੀਤਿ ਲਖੀ ਜਬ ਪੀਰਾਂ। ਜਾਨਜੋ ਮਨ ਮੈਂ ਗੁਨੀ ਗਹੀਰਾ॥
ਪ੍ਰਾਕ ਸ਼ਮਸ ਨੈ ਗਿਰਾ ਉਚਾਰੀ। ਜੱਗਜਾਸੀ ਇੱਛਾ ਉਰ ਧਾਰੀ॥੧੦॥

ਪੀਰਾਂ ਨੇ ਜਦ ਇਹ ਰੀਤੀ ਵੇਖੀ ਤਾਂ ਉਨ੍ਹਾਂ ਨੇ ਗੁਰੂ ਜੀ ਦੀ ਰਮਜ਼ ਨੂੰ ਜਾਣ ਲਿਆ। ਪਹਿਲਾਂ ਸ਼ਮਸ ਬੋਲਿਆ ਅਤੇ ਜਗਿਆਸੀ ਵਾਂਗ ਦਿਲ ਵਿਚ ਇੱਛਾ ਧਾਰਨ ਕੀਤੀ॥ ੧੦॥

ਦੋਹਰਾ-'ਕਠਨ ਕ੍ਰੂਰ ਤਪ ਹੌਂ ਕਰਾ ਸੁਸ਼ਕ ਸਰੀਰ ਬਿਸਾਲ।
ਨਾਸ਼ਨ ਮਨ ਕੀ ਬਾਸ਼ਨਾ ਜਤਨ ਕੀਨ ਚਿਰ ਕਾਲ॥ ੧੧॥

ਮੈਂ ਬੜਾ ਕਠਨ ਅਤੇ ਸਖਤ ਤਪ ਕੀਤਾ ਹੈ ਤੇ ਮੇਰਾ ਸਰੀਰ ਬਹੁਤ ਸੁੱਕ ਗਿਆ ਹੈ, ਮਨ ਦੀ ਵਾਸ਼ਨਾ ਨੂੰ ਨਾਸ਼ ਕਰਨ ਲਈ ਮੈਂ ਬੜੇ ਲੰਮੇ ਸਮੇਂ ਤੋਂ ਜਤਨ ਕਰ ਰਿਹਾ ਹਾਂ॥ ੧੧॥

ਚੌਪਈ- ਇਕ ਛਿਨ ਮਨ ਨਹਿਂ ਹੋਵਤਿ ਇਸਥਿਰ। ਚੰਚਲ ਅਤਿ ਹੀ ਦੀਪ ਸਿਖਾਸਰ।
ਮਨ ਕੋ ਨਾਸ਼ ਹੋਇ ਜਿਸ ਰੀਤੀ। ਸੋ ਉਪਦੇਸ਼ ਦੇਹੁ ਯੁਤ ਪ੍ਰੀਤੀ' ॥੧੨॥

ਇਕ ਪਲ ਵੀ ਮਨ ਸਥਿਰ ਨਹੀਂ ਹੁੰਦਾ। ਦੀਵੇ ਦੀ ਲਾਟ ਵਾਂਗ ਅਤਿ ਚੰਚਲ ਰਹਿੰਦਾ ਹੈ। ਜਿਸ ਢੰਗ ਨਾਲ ਮਨ ਦੀ ਵਾਸ਼ਨਾ ਦਾ ਨਾਸ਼ ਹੋਵੇ, ਅਜੇਹਾ ਉਪਦੇਸ਼ ਪ੍ਰੀਤ ਸਹਿਤ ਦੇਵੋ" ॥ ੧੨॥

ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਮਰੈ ਨ ਅਹਿ ਬਰਮੀ ਕੇ ਮਾਰੇ।
ਮੰਤ੍ਰਨ ਸੋਂ ਬਸਿ ਹੋਵਤਿ ਸੋਊ। ਔਰ ਉਪਾਊ ਨ ਤਾਂਕੋ ਕੋਊ॥ ੧੩॥

ਇਹ ਸੁਣ ਕੇ ਗੁਰੂ ਨਾਨਕ ਨੇ ਬਚਨ ਕੀਤੇ, "ਮਨ ਦੀ ਵਾਸ਼ਨਾ ਸਪ ਦੇ ਮਾਰਨ ਵਾਂਗ ਨਹੀਂ ਮਾਰੀ ਜਾ ਸਕਦੀ। ਇਹ ਕੇਵਲ ਮੰਤਰਾਂ ਨਾਲ ਹੀ ਵੱਸ ਵਿਚ ਹੁੰਦੀ ਹੈ, ਇਸ ਦਾ ਕੋਈ ਹੋਰ ਉਪਾਅ ਨਹੀਂ ਹੈ॥ ੧੩॥

ਤਪ ਸਾਧੇ ਮਨ ਬਸਿ ਨਹਿਂ ਆਵਹਿ। ਮਨ ਚੰਚਲ ਦਸਹੂੰ ਦਿਸ਼ਿ ਧਾਵਹਿ।
ਤਿਉਂ ਤਿਉਂ ਚਾਹਤਿ ਮਾਨ ਬਡਾਈ। ਜਿਉਂ ਜਿਉਂ ਤਪ ਕਰਿ ਹ੍ਵੈ ਹਿਤ ਲਾਈ॥੧੪॥

ਤਪ ਕਰਨ ਨਾਲ ਮਨ ਵੱਸ ਵਿਚ ਨਹੀਂ ਆਉਂਦਾ, ਚੰਚਲ ਮਨ ਸਾਰੇ ਪਾਸੇ ਭੱਜਦਾ ਹੈ। ਜਿਵੇਂ-ਜਿਵੇਂ ਮਾਨ ਵਡਿਆਈ ਚਾਹੁੰਦਾ ਹੈ, ਤਿਵੇਂ-ਤਿਵੇਂ ਜ਼ੋਰ ਲਾਕੇ ਤਪ ਕਰਦਾ ਹੈ॥ ੧੪॥

ਦੋਹਰਾ-ਸਤਿਗੁਰ ਸ਼ਬਦ ਬਿਚਾਰਨੋ ਮੰਤ੍ਰ ਪਛਾਨਹੁ ਸੋਇ।
ਤਿਹ ਸੋਂ ਇਹ ਬਸਿ ਹੋਤਿ ਹੈ ਔਰ ਉਪਾਵ ਨ ਕੋਇ'॥ ੧੫॥

ਸਤਿਗੁਰ ਦੇ ਸ਼ਬਦ ਨੂੰ ਵਿਚਾਰਨਾ ਹੀ ਤੁਸੀਂ ਮੰਤਰ ਪਛਾਣੋ, ਉਸ ਨਾਲ ਹੀ ਇਹ ਮਨ ਵੱਸ ਵਿਚ ਹੁੰਦਾ ਹੈ, ਹੋਰ ਕੋਈ ਉਪਾਅ ਨਹੀਂ ਹੈ॥ ੧੫॥

ਚੌਪਈ- ਬੂਝੈ ਸ਼ੰਮਸ 'ਸ਼ਬਦ ਕੁ ਕੌਨ?'। ਸੁਨਿ ਬੋਲੇ ਗੁਰ ਕਰੁਨਾ ਭੌਨ।
'ਜਗ ਝੂਠੋ, ਐਸੋ ਦ੍ਰਿੜ੍ਹਜਾਨਾ। ਮ੍ਰਿਗ ਤ੍ਰਿਸ਼ਨਾ ਕੇ ਨੀਰ ਸਮਾਨਾ॥੧੬॥

ਸ਼ਮਸ ਨੇ ਪੁਛਿਆ, "ਸ਼ਬਦ ਕੀ ਹੁੰਦਾ ਹੈ ?" ਇਹ ਸੁਣ ਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਬੋਲੇ, "ਇਹ ਜੱਗ ਰਚਨਾ ਝੂਠੀ ਹੈ, ਇਸ ਤਰ੍ਹਾਂ ਦ੍ਰਿੜ੍ਹ ਜਾਣੋ। ਮ੍ਰਿਗ ਤ੍ਰਿਸ਼ਨਾ ਦੇ ਜਲ ਸਮਾਨ ਹੈ॥ ੧੬॥

ਤਿਹ ਸੋਂ ਕਛੁ ਸੰਕਲਪ ਨ ਕਰੀਏ। ਝੂਠ ਜਾਨਿ ਮਨ ਤੇ ਪਰਹਰੀਏ।
ਸਸੇ ਸੀਂਗ ਧਨੁ ਲੇ ਕਰ ਮਾਂਹੀ। ਰਿਪੁ ਜੀਤਨ ਇਛ ਕੋ ਨ ਕਰਾਹੀ॥੧੭॥

ਉਸ ਨਾਲ ਕੋਈ ਵਾਸਤਾ ਨਾ ਰਖੀਏ, ਝੂਠ ਜਾਣ ਕੇ ਮਨ ਤੋਂ ਦੂਰ ਰਖੀਏ। ਖਰਗੋਸ਼ ਦੇ ਸਿੰਗਾਂ ਰੂਪੀ ਧਨੁੱਖ ਨੂੰ ਲੈ ਕੇ ਵੈਰੀ ਨੂੰ ਜਿੱਤਨ ਦੀ ਇੱਛਾ ਕੌਣ ਕਰ ਸਕਦਾ ਹੈ ?॥ ੧੭॥

ਹਰੀ ਲਤਾ ਭੀ ਬੀਚ ਅਕਾਸ਼ਾ। ਤਿਸ ਕੇ ਪੁਸ਼ਪ ਕੌਨ ਕਰਿ ਆਸ਼ਾ।
ਹਰਿ ਚੰਦਉਰੀ ਕੇਰ ਬਜਾਰਾ। ਫੁਰੇ ਨ ਕਿਹ ਕਰਨੋ ਬਿਵਹਾਰਾ॥੧੮॥

ਹਰੀ ਵੇਲ ਜੇ ਆਕਾਸ਼ ਤੇ ਚੜ੍ਹੀ ਹੋਵੇ ਤਾਂ ਉਸ ਦੇ ਫੁਲ ਪ੍ਰਾਪਤ ਕਰਨ ਦੀ ਕੌਣ ਆਸ ਕਰ ਸਕਦਾ ਹੈ? ਹਰ ਚੰਦਉਰੀ ਨਗਰੀਆਂ ਕਿਸੇ ਕੰਮ ਵੀ ਨਹੀਂ ਆਉਂਦੀਆਂ ਹਨ॥ ੧੮॥

ਨੋਟ:-ਅਸਲ ਵਿਚ ਸਹੇ ਦੇ ਸਿੰਗ, ਆਕਾਸ਼ ਵਿਚ ਉੱਗੀ ਵੇਲ ਅਤੇ ਹਰ ਚੰਦਉਰੀ ਨਗਰੀਆਂ, ਇਹ ਤਿੰਨ ਵਸਤਾਂ ਹੁੰਦੀਆਂ ਹੀ ਨਹੀਂ ਹਨ।

ਤਿਉਂ ਅਸੱਤਿ ਲਖਿ ਜਗ ਪਰਪੰਚਾ। ਕਿਉਂ ਸੰਕਲਪ ਉਠਾਵਹਿ ਰੰਚਾ।
ਸਤਿਗੁਰ ਬਚਨ ਰਿਦੇ ਦ੍ਰਿਢ ਧਾਰਾ। ਸ਼ੁੱਧ ਆਤਮੈ ਜਗਤ ਬਿਸਾਰਾ ॥੧੯॥

ਇਸ ਤਰ੍ਹਾਂ ਜਗਤ ਨੂੰ ਇਕ ਪਰਪੰਚ ਹੀ ਸਮਝੋ। ਇਸ ਬਾਰੇ ਥੋੜ੍ਹਾ ਵੀ ਸੰਕਲਪ ਨਾ ਉਠਾਵੋ। ਸਤਿਗੁਰੂ ਦਾ ਬਚਨ ਹਿਰਦੇ ਵਿਚ ਦ੍ਰਿੜਤਾ ਨਾਲ ਧਾਰਨ ਕਰੋ, ਆਤਮਾ ਨੂੰ ਸ਼ੁੱਧ ਕਰੋ ਅਤੇ ਜਗਤ ਨੂੰ ਵਿਸਾਰ ਦੇਵੋ॥ ੧੯॥

ਮਨ ਰਿਪੁ ਜੀਤਨ ਕੀ ਇਹ ਰੀਤਾ। ਪਾਵਹਿ ਸੁਖ ਜੁ ਕਰਹਿ ਧਰਿ ਚੀਤਾ।
ਪੀਰ ਬਹਾਵਲਹੱਕ ਇਕ ਅਹਿ ਹੀ। ਸੁਨਿ ਕੈ ਬਚਨ ਬਹੁਰ ਸੋ ਕਹਿਹੀ ॥੨੦॥

ਮਨ ਦੇ ਵੈਰੀ ਨੂੰ ਜਿੱਤਣ ਦੀ ਇਹੀ ਇਕ ਰੀਤ ਹੈ। ਜਿਹੜਾ ਚਿੱਤ ਲਾਕੇ ਧਾਰਨ ਕਰਦਾ ਹੈ, ਉਹ ਸੁੱਖ ਪਾਉਂਦਾ ਹੈ। ਓਥੇ ਇਕ ਪੀਰ ਬਹਾਵਲ ਹੱਕ ਵੀ ਬੈਠਾ ਸੀ। ਗੁਰੂ ਜੀ ਦੇ ਇਹ ਬਚਨ ਸੁਣ ਕੇ ਬੋਲਿਆ॥ ੨੦॥

ਦੋਹਰਾ- 'ਸ੍ਰੀ ਨਾਨਕ! ਉਪਦੇਸ਼ ਮਹਿੰ ਮਾਯਾ ਕਹਉ ਜਿ ਕੂਰ।
ਪੁਨ ਤਿਸ ਬਿਨ ਬਿਵਹਾਰ ਜੋਂ ਹੋਤਿ ਨਹੀਂ ਕੋ ਪੂਰ'॥ ੨੧॥

''ਸ੍ਰੀ ਨਾਨਕ ਜੀ ਨੇ ਆਪਣੇ ਉਪਦੇਸ਼ ਵਿਚ ਮਾਇਆ ਨੂੰ ਕੂੜ ਕਿਹਾ ਹੈ, ਪਰ ਮਾਇਆ ਤੋਂ ਬਗੈਰ ਕੋਈ ਵੀ ਵਿਵਹਾਰ ਪੂਰਾ ਨਹੀਂ ਹੁੰਦਾ ਹੈ॥ ੨੧॥

ਚੌਪਈ- ਉੱਤਰ ਸ੍ਰੀ ਗੁਰ ਸੁਨਤਿ ਅਲਾਯਾ। 'ਨਿਸ਼ਚੈ ਜਾਨਹੁ ਝੂਠੀ ਮਾਯਾ।
ਤੈਸੇ ਝੂਠੇ ਤਿਹ ਬਿਵਹਾਰਾ। ਲਖਉ ਸੱਤਿ ਜਿਉਂ ਦਾਮ ਬਿਹਾਰਾ ॥੨੨॥

ਉਸ ਦੀ ਗੱਲ ਸੁਣ ਕੇ ਗੁਰੂ ਜੀ ਨੇ ਜਵਾਬ ਦਿੱਤਾ, ''ਨਿਸਚਿਤ ਰੂਪ ਵਿਚ ਮਾਇਆ ਨੂੰ ਝੂਠੀ ਜਾਣੋ, ਮਾਇਆ ਨਾਲ ਜਿਹੜੇ ਕਾਰਜ ਵੀ ਕਰਦੇ ਹਾਂ, ਉਹ ਕਾਰਜ ਵੀ ਝੂਠੇ ਹਨ। ਇਸ ਨੂੰ ਸੱਚ ਜਾਣੋ ਜਿਵੇਂ ਰੱਸੀ ਵਿਚ ਸੱਪ ਦਾ ਭਰਮ ਹੁੰਦਾ ਹੈ॥ ੨੨॥

ਸੁਪਨ ਬਿਖੈ ਜਿਉਂ ਸਰਿਤਾ ਬਾਰਾ। ਚਹਿਤਿ ਨਾਉ ਚਢਿ ਉਤਰਜੋ ਪਾਰਾ।
ਸੁਪਨ ਟਕਾ ਦੇ ਸੋ ਲੰਘ ਜਾਈ। ਇਸੀ ਰੀਤਿ ਤਿਹ ਲੇਉ ਲਖਾਈ ॥੨੩॥

ਸੁਪਨੇ ਵਿਚ ਜਿਵੇਂ ਨਦੀ ਦੇ ਜਲ ਨੂੰ ਬੇੜੀ ਵਿਚ ਚੜ੍ਹ ਕੇ ਪਾਰ ਉਤਰਨਾ ਚਾਹੁੰਦਾ ਹੈ। ਸੁਪਨੇ ਵਿਚ ਟਕਾ ਦੇ ਕੇ ਪਾਰ ਲੰਘ ਜਾਂਦਾ ਹੈ, ਇਸ ਰੀਤੀ ਨਾਲ ਹੀ ਇਹ ਸਮਝ ਲਵੋ ਭਾਵ ਸੁਪਨੇ ਦੀ ਨਦੀ ਇਕ ਭਰਮ ਹੁੰਦਾ ਹੈ, ਟਕਾ ਵੀ ਭਰਮ ਦਾ ਹੀ ਬਣ ਜਾਂਦਾ ਹੈ॥ ੨੩॥

ਪਰਮੇਸ਼ੁਰ ਨਿਤ ਸੱਤਿ ਪਛਾਨਹੁ। ਤਾਂਕੋ ਨਾਮ ਸਤਿ ਮਨ ਮਾਨਹੁ'।
ਰੁਕਨ ਦੀਨ ਪੁਨ ਬੈਨ ਅਲਾਏ। 'ਸੰਤ ਜੁ ਲੱਛਨ ਦੇਉ ਬਤਾਏ ॥੨੪॥

ਪਰਮੇਸ਼ੁਰ ਨੂੰ ਸਦਾ ਸੱਚਾ ਜਾਣੋ, ਉਸ ਦੇ ਨਾਮ ਨੂੰ ਮਨ ਵਿਚ ਸੱਚਾ ਮੰਨੋ। ਰੁਕਨ ਦੀਨ ਨੇ ਫਿਰ ਕਿਹਾ, ''ਸੰਤ ਦੇ ਜੋ ਲੱਛਣ ਹਨ ਉਸ ਬਾਰੇ ਦੱਸੋ॥ ੨੪॥

ਕੈਸੋ ਤਿਨ ਅਚਾਰ ਬਿਵਹਾਰਾ?। ਤਿਹ ਮਿਸ ਦੇ ਉਪਦੇਸ਼ ਸੁਖਾਰਾ'।
ਸ੍ਰੀ ਗੁਰ ਭਨਜੋ 'ਸੁਨਹੁ ਦੇ ਕਾਨਾ। ਬੁਜਰਕ ਸੁਹਬਤ ਅੱਬਲ ਜਾਨਾ ॥੨੫॥

ਉਨ੍ਹਾਂ ਦਾ ਅਚਾਰ ਵਿਵਹਾਰ ਕਿਸ ਤਰ੍ਹਾਂ ਦਾ ਹੁੰਦਾ ਹੈ ? ਤਿਸ ਬਹਾਨੇ ਸਾਨੂੰ ਸੋਖਾ ਉਪਦੇਸ਼ ਦੇਵੋ।'' ਗੁਰੂ ਜੀ ਨੇ ਕਿਹਾ, ''ਕੰਨ ਦੇ ਕੇ ਸੁਣੋ। ਸੰਤਾਂ ਦੀ ਸੁਹਬਤ ਅੱਵਲ ਗੱਲ ਜਾਣੋ॥ ੨੫॥

ਦੋਹਰਾ- ਪਰਗੁਨ ਸੁਨਤਿ ਪ੍ਰਸੰਨ ਹ੍ਵੈ, ਪੁਨਿ ਸੇਵਹਿ ਗੁਨਵਾਨ।
ਆਤਮ ਗਜਾਨ ਬਿਚਾਰਨਾ ਨਿਤ ਪ੍ਰਤਿ, ਸੋ ਬੁਧਿਵਾਨ॥ ੨੬॥

ਸੰਤਾਂ ਦੇ ਗੁਣ ਸੁਣ ਕੇ ਪ੍ਰਸੰਨ ਹੋਵੇ ਅਤੇ ਉਨ੍ਹਾਂ ਗੁਣਵਾਨਾਂ ਦੀ ਸੇਵਾ ਕਰੇ। ਹਰ ਵੇਲੇ ਆਤਮ-ਗਿਆਨ ਵਿਚਾਰਨ ਵਾਲੇ ਬੁਧੀਵਾਨ ਹੋ ਜਾਂਦੇ ਹਨ॥ ੨੬॥

ਚੌਪਈ- ਮਨ ਦਿਆਲ ਨਿਤ ਸੁਮਤਿ ਬਿਚਾਰਹਿ। ਪਰ ਤ੍ਰਿਯ ਦੇਖਿਨਿ ਚਖ ਹਟਕਾਰਹਿ।
ਨਰ ਕੁਕਰਮ ਭਵ ਮੈਂ ਜੋ ਰਚੇ। ਤਿਨ ਕੋ ਸੰਗ ਕਰਨ ਤੇ ਬਚੇ॥ ੨੭॥

ਮਨ ਵਿਚ ਦਿਆਲ ਹੋ ਕੇ ਨਿਤ ਸ੍ਰੇਸ਼ਟ ਬੁੱਧੀ ਨਾਲ ਵਿਚਾਰ ਕਰੇ, ਦੂਸਰੀ ਇਸਤਰੀ ਨੂੰ ਵੇਖਣ ਤੋਂ ਅੱਖਾਂ ਨੂੰ ਰੋਕੇ। ਇਸ ਦੁਨੀਆਂ ਵਿਚ ਜਿਹੜੇ ਵੀ ਮਨੁੱਖ ਖੋਟੇ ਕਰਮ ਕਰਦੇ ਹਨ, ਉਨ੍ਹਾਂ ਦਾ ਸੰਗ ਕਰਨ ਤੋਂ ਬਚੇ॥ ੨੭॥

ਨਿਜ ਬਲ ਪਰ ਕੋ ਕਬਿ ਨ ਜਨਾਈ। ਸ਼ੱਤ੍ਰ ਮੀਤ ਬਿਖੇ ਸਮਤਾਈ।
ਸ਼ੋਕ ਹਰਖ ਪੁਨ ਮਾਨ ਅਮਾਨੂ। ਦੁਖ ਸੁਖ ਇਨ ਮਹਿਂ ਰਹਿਤਿ ਸਮਾਨੂ॥ ੨੮॥

ਦੂਸਰੇ ਨੂੰ ਆਪਣਾ ਬਲ ਕਦੀ ਵੀ ਨਾ ਜਤਾਵੇ, ਵੈਰੀ ਅਤੇ ਮਿੱਤਰ ਨੂੰ ਬਰਾਬਰ ਸਮਝੇ। ਖੁਸ਼ੀ ਗਮੀ, ਆਦਰ ਨਿਰਾਦਰ ਅਤੇ ਦੁਖ ਸੁਖ ਵਿਚ ਇਕੋ ਜੇਹਾ ਰਹੇ॥ ੨੮॥

ਸਿਫਤ ਪ੍ਰਮੇਸੁਰ ਨਿਸ ਦਿਨ ਗਾਵਹਿ। ਨਾਮ ਸੰਗਿ ਨਿਜ ਬੈਸ ਬਿਤਾਵਹਿ।
ਅਸ ਕਹਿ ਸ੍ਰੀ ਗੁਰ ਕ੍ਰਿਪਾ ਨਿਧਾਨਾ। ਹਾਜ਼ਰਨਾਮਾ ਕੀਨ ਬਖਾਨਾ॥ ੨੯॥

ਪਰਮੇਸੁਰ ਦੀ ਸਿਫਤ ਦਿਨ ਰਾਤ ਗਾਵੇ, ਨਾਮ ਨਾਲ ਜੁੜਕੇ ਹੀ ਆਪਣੀ ਉਮਰ ਬਤੀਤ ਕਰੇ। ਇਹ ਕਹਿ ਕੇ ਕਿਰਪਾ ਨਿਧਾਨ ਗੁਰੂ ਜੀ ਨੇ ਫਿਰ ਹਾਜ਼ਰ ਨਾਮੇ ਦਾ ਉਚਾਰਨ ਕੀਤਾ॥ ੨੯॥

*ਤਿਲੰਗ ਮਹਲਾ ੧॥*

*ਹਾਜ਼ਰਾ ਕਉ ਮਿਹਰ ਹੈ॥ ਬਿਹਾਜਰਾਂ ਕਉ ਬਿਮਿਹਰ ਹੈ॥ ਈਮਾਨ ਦੋਸਤ ਹੈ॥*
*ਬੇਈਮਾਨ ਕਾਫਰ ਹੈ॥ ਤਕੱਬਰ ਕਹਰ ਹੈ॥ ਗੁੱਸਾ ਹਰਾਮ ਹੈ॥ ਨਫਸ ਸ਼ੈਤਾਨ ਹੈ॥*
*ਗੁਮਾਨ ਲਾਨਤੀ ਹੈ॥ ਪਸਗ਼ੈਬਤ ਕਾ ਮੂੰਹ ਕਾਲਾ ਹੈ॥ ਦਿਆਨਤਦਾਰ ਸੁਰਖਰੋਇ ਹੈ॥*
*ਬੇਦਿਆਨਤ ਸਿਆਹ ਹੋਇ ਹੈ॥ ਅਕਿਰਤਘਣ ਜ਼ਰਦਰੂਇ ਹੈ॥ ਬਦਨੀਅਤ ਨਾਪਾਕ ਹੈ॥*
*ਮੋਮ ਦਿਲ ਪਾਕ ਹੈ॥ ਬੇਹਿਰਸ ਅਉਲੀਆ ਹੈ॥ ਹਿਰਸਮੰਦ ਫਾਜਰਨ ਹੈ॥*
*ਦਰੋਗ਼ ਦੋਜ਼ਕ ਹੈ॥ ਸੱਚੁ ਭਿਸਤੁ ਹੈ॥ ਬਦ ਜ਼ੁਬਾਨ ਫਿੱਕਾ ਹੈ॥ ਦਰਦਵੰਦ ਦਰਵੇਸ਼ ਹੈ॥*
*ਬੇਦਰਦ ਕਸਾਈ ਹੈ॥ ਰੋਜ਼ੀ ਬਖਸ ਰਹੀਮ ਹੈ॥ ਇਲਮ ਹਲੀਮੀ ਹੈ॥ ਤਵੱਜਾ ਬੁਲੰਦੀ ਹੈ॥*
*ਖੈਰਵੰਦ ਸਤੀ ਹੈ॥ ਬੇਖੈਰ ਬਖੀਲ ਹੈ॥ ਜ਼ੋਰ ਜ਼ੁਲਮ ਹੈ॥ ਬੇਜ਼ੋਰ ਪਾਕ ਹੈ॥ ਮਸਾਫਾ ਸਿਫਤ ਹੈ॥*
*ਹਿਕਮਤ ਕਤੇਬ ਹੈ॥ ਦੁਆਇ ਦੋਲਤ ਹੈ॥ ਬਦਦੁਆਇ ਕਹਿਰ ਹੈ॥ ਇਨਸਾਫ ਸਾਫ ਹੈ॥*
*ਚੋਰੀ ਲਾਲਚ ਹੈ॥ ਯਾਰੀ ਪਲੀਤੀ ਹੈ॥ ਸਿਫਤ ਉਜ਼ੂ ਹੈ॥*
*ਬਾਂਗ ਬਲੇਲਿ ਹੈ॥ ਕਰਾਮਾਤ ਕੁਦਰਤਿ ਹੈ॥ ਫਕੀਰੀ ਸਬੂਰੀ ਹੈ॥ ਨਾਸਬੂਰੀ ਮਕਰ ਹੈ॥*

ਰਾਹੁ ਪੀਰਾਂ ਹੈ॥ ਬੇਰਾਹੁ ਬੇਪੀਰਾਂ ਹੈ॥ ਤੇਗ ਮਰਦਾਂ ਹੈ॥ ਦੇਗ ਖ਼ਰਾਇਤ ਹੈ॥
ਅਦਲ ਬਾਦਸ਼ਾਹ ਹੈ॥ ਏਤੇ ਟੋਲਿ ਜਿ ਜਾਣ ਜਣਾਵੈ॥ ਤਉ ਨਾਨਕ ਦਾਨਸ਼ਵੰਦ ਕਹਾਵੈ॥ ੧॥

(ਹਾਜ਼ਰਨਾਮਾ)

ਜਿਹੜੇ ਹਾਜ਼ਰ ਹਨ, ਉਨ੍ਹਾਂ ਉਪਰ ਮਿਹਰ ਹੈ, ਜਿਹੜੇ ਗੈਰ ਹਾਜ਼ਰ ਹਨ ਉਹ ਮਿਹਰ ਰਹਿਤ ਹਨ। ਈਮਾਨ ਦੋਸਤ ਹੈ, ਬੇਈਮਾਨ ਕਾਫਰ ਹੈ। ਹੰਕਾਰ ਕਹਿਰ ਹੈ, ਕਰੋਧ ਹਰਾਮ ਹੈ, ਵਾਸ਼ਨਾ ਸ਼ੈਤਾਨ ਹੈ। ਘੁਮੰਡ ਲਾਅਨਤ ਹੈ। ਨਿੰਦਕ ਦਾ ਮੂੰਹ ਕਾਲਾ ਹੈ। ਦਿਆਨਤਦਾਰ ਸੁਖੀ ਹੈ, ਬੇਈਮਾਨ ਕਾਲਾ ਹੋ ਜਾਂਦਾ ਹੈ। ਅਕ੍ਰਿਤਘਣ ਸ਼ਰਮਿੰਦਾ ਹੈ। ਭੈੜੀ ਨੀਤ ਵਾਲਾ ਨਾਪਾਕ ਹੈ। ਨਰਮ ਦਿਲ ਪਵਿਤਰ ਹੈ। ਚਾਹ ਰਹਿਤ ਔਲੀਆ ਹੈ।ਲਾਲਚੀ ਪਾਪੀ ਹੈ। ਝੂਠ ਦੋਜ਼ਕ ਹੈ। ਸੱਚ ਬਹਿਸ਼ਤ ਹੈ। ਬੁਰਾ ਬੋਲਣ ਵਾਲਾ ਫਿੱਕਾ ਹੈ। ਦਰਦਮੰਦ ਦਰਵੇਸ਼ ਹੈ। ਬੇਦਰਦ ਕਸਾਈ ਹੈ। ਰੋਜ਼ੀ ਦੇਣ ਵਾਲਾ ਰਹੀਮ ਹੈ। ਗਿਆਨ ਹਲੀਮੀ ਹੈ। ਧਿਆਨ ਉਚਾਈ ਹੈ। ਖ਼ੈਰਮੰਦ ਸਤੀ ਹੈ। ਖੈਰ ਰਹਿਤ ਬਖੀਲ ਹੈ। ਜ਼ੋਰ ਜ਼ੁਲਮ ਹੈ। ਜ਼ੋਰ ਰਹਿਤ ਪਵਿਤਰ ਹੈ। ਹਾਜ਼ਿਰ ਜਵਾਬੀ ਸਿਫਤ ਹੈ। ਹਿਕਮਤ ਪਵਿਤਰ ਕਿਤਾਬ ਹੈ। ਅਸ਼ੀਰਬਾਦ ਦੇਣਾ ਦੋਲਤ ਹੈ। ਬਦਦੁਆ ਕਹਿਰ ਹੈ। ਬਾਂਗ ਐਵੇਂ ਆਵਾਜ਼ ਮਾਤ੍ਰ ਹੈ। ਕਰਾਮਾਤ ਕੁਦਰਤ ਹੈ। ਫਕੀਰੀ ਸਬਰ ਹੈ। ਨਾਸਬੂਰੀ ਫਰੇਬ ਹੈ। ਚੰਗਾ ਪੰਥ ਪੀਰ ਹੈ। ਕਰਾਹੀਆ ਬੇਪੀਰ ਹੈ। ਦੇਗ ਖ਼ਰਾਇਤ ਹੈ, ਇਨਸਾਫ ਬਾਦਸ਼ਾਹ ਹੈ। ਏਨੀਆਂ ਗੱਲਾਂ ਜਿਹੜਾ ਜਾਣ ਕੇ ਦੱਸਦਾ ਹੈ। ਹੇ ਨਾਨਕ ਉਸ ਨੂੰ ਦਾਨਸ਼ਮੰਦ (ਅਕਲ ਮੰਦ) ਕਿਹਾ ਜਾਂਦਾ ਹੈ॥ ੧॥

ਨੋਟ :- ਇਹ ਹਾਜ਼ਰ ਨਾਮਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ, ਸ੍ਰੀ ਮੁਖਵਾਕ ਨਹੀਂ ਹੈ।

ਦੋਹਰਾ- ਇਸ ਪ੍ਰਕਾਰ ਸੁਨਿ ਪੀਰ ਸਭਿ ਬੰਦੇ ਪਦ ਅਰਬਿੰਦ।
ਕਰਤਿ ਪ੍ਰਸ਼ੰਸ਼ਾ ਅਧਿਕ ਮੁਖ ਭਰਿਕੈ ਰਿਦੈ ਅਨੰਦ॥ ੩੦॥

ਪੀਰਾਂ ਨੇ ਜਦ ਇਸ ਪ੍ਰਕਾਰ ਸੁਣਿਆ ਤਾਂ ਉਨ੍ਹਾਂ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਬਹੁਤ ਪ੍ਰਸੰਸਾ ਕਰਕੇ ਉਨ੍ਹਾਂ ਦੇ ਹਿਰਦੇ ਆਨੰਦ ਨਾਲ ਭਰ ਗਏ॥ ੩੦॥

ਸੋਰਠਾ- ਸ੍ਰੀ ਗੁਰੁ ਗਿਰਾ ਅਲਾਇ 'ਸੁਣ ਹੇ ਪੀਰ ਬਹਾਵਲੀ!
ਲੋਭ ਰਿਦੈ ਡਹਿਕਾਇ ਰਾਹ ਚਲਾਏ ਜਗਤ ਬਹੁ'॥ ੩੧॥

ਫਿਰ ਗੁਰੂ ਜੀ ਨੇ ਬਚਨ ਕੀਤੇ, "ਹੇ ਪੀਰ ਬਹਾਵਲ! ਸੁਣੋ। ਲੋਭ ਹਿਰਦੇ ਨੂੰ ਭਰਮਾ ਕੇ ਜਗਤ ਦੇ ਰਾਹ ਤੇ ਚਲਾ ਦਿੰਦਾ ਹੈ॥ ੩੧॥

ਚੌਪਈ- ਬੰਦਹਿ ਹਾਥ ਪੀਰ ਪੁਨ ਕਹਿਹੀ। 'ਧੰਨ ਧੰਨ ਸ੍ਰੀ ਨਾਨਕ ਅਹਿਹੀ।
ਬੈਨ ਸੁਧਾ ਸਮ ਮ੍ਰਿਤੁ ਦੁਖ ਟਾਰੇ। ਰਾਵਰ ਕੋ ਅਮੋਘ ਦਰਸਾਰੇ॥ ੩੨॥

ਪੀਰ ਨੇ ਫਿਰ ਇਹ ਕਹਿ ਕੇ ਹੱਥ ਜੋੜੇ, "ਸ੍ਰੀ ਨਾਨਕ ਜੀ! ਤੁਸੀਂ ਧੰਨ ਹੋ। "ਤੁਹਾਡੇ ਅੰਮ੍ਰਿਤ ਵਰਗੇ ਬਚਨ ਮਿਰਤੂ ਦੇ ਦੁੱਖ ਨੂੰ ਦੂਰ ਕਰਦੇ ਹਨ। ਆਪ ਜੀ ਦੇ ਦਰਸ਼ਨ ਸਫਲ ਹਨ॥ ੩੨॥

ਧੰਨ ਫਕੀਰੀ ਤੁਮ ਜੁ ਕਮਾਈ। ਹੈ ਜਿਸ ਕੀ ਏਵਡ ਵਡਿਆਈ।
ਸਰਬ ਜਗਤ ਕੀ ਜੋ ਗੁਰਿਆਈ। ਸੋ ਤੁਮਰੀ ਲਾਇਕ ਬਨਿ ਆਈ॥ ੩੩॥

ਧੰਨ ਤੁਹਾਡੀ ਫਕੀਰੀ ਹੈ, ਜਿਸ ਦੀ ਤੁਸੀਂ ਕਮਾਈ ਕੀਤੀ ਹੈ। ਜਿਸ ਦੀ ਏਡੀ ਮਹਾਨ ਵਡਿਆਈ ਹੈ। ਸਾਰੇ ਜਗਤ ਦੀ ਜੋ ਗੁਰਿਆਈ ਹੈ, ਉਹ ਤੁਹਾਡੇ ਲਾਇਕ ਹੀ ਬਣਦੀ ਹੈ॥ ੩੩॥

ਕਲੀਕਾਲ ਨਰ ਦੇ ਉਪਦੇਸ਼ਾ। ਕੋਟ ਉਧਾਰੇ ਸ੍ਰੀ ਜਗਤੇਸ਼ਾ।
ਅਹੈ ਫਕੀਰੀ ਯਾਂਕੋ ਨਾਮਾ। ਜੋ ਕੀਨੀ ਤੁਮ ਕਰੁਨਾਂਧਾਮਾ!॥ ੩੪॥

ਕਲਜੁਗ ਵਿਚ ਉਪਦੇਸ਼ ਦੇ ਕੇ ਗੁਰੂ ਜੀ ਨੇ ਕਰੋੜਾਂ ਮਨੁੱਖਾਂ ਦਾ ਉਧਾਰ ਕੀਤਾ ਹੈ। ਅਜੇਹੀ ਫਕੀਰੀ ਤੁਹਾਡੇ ਹੀ ਨਾਂ ਹੈ ਜਿਹੜੀ ਤੁਸੀਂ ਕਿਰਪਾ ਦੇ ਘਰ ਨੇ ਧਾਰਨ ਕੀਤੀ ਹੈ॥ ੩੪॥

ਦੋਹਰਾ-ਕੀਨੋ ਸ਼ੇਖ ਫਰੀਦ ਜੋ ਜ਼ੁਹਦ ਨਾਮ ਹੈ ਤਾਂਹਿ।
ਸਤਿ ਸੋਈ ਸੀਤਾ ਕੀਓ, ਜਤ ਲਛਮਨ ਕੇ ਪ੍ਰਾਹਿ॥ ੩੫॥

ਜੋ ਸ਼ੇਖ ਫਰੀਦ ਨੇ ਤਪੱਸਿਆ ਕੀਤੀ, ਉਹੀ ਹੁਣ ਤੁਹਾਡੇ ਨਾਂ ਹੈ। ਉਹੋ ਸੱਚਾ ਸੱਤ ਹੈ ਜੋ ਸੀਤਾ ਨੇ ਕੀਤਾ ਅਤੇ ਜਤੀ ਦੀ ਪਦਵੀ ਕੇਵਲ ਲਛਮਣ ਦੇ ਹੀ ਹਿੱਸੇ ਆਈ ਹੈ। ਉਸਦਾ ਹੋਰ ਕੋਈ ਮੁਕਾਬਲਾ ਨਹੀਂ ਕਰ ਸਕਦਾ॥ ੩੫॥

ਚੌਪਈ- ਹੈ ਸੋ ਭਗਤਿ ਜੁ ਕਰੀ ਕਬੀਰਾ। ਸੋ ਹਠ ਜੋ ਭਾ ਧ੍ਰੂਅ ਸਰੀਰਾ।
ਸੋ ਗ੍ਰਿਹਸਤ ਜੋ ਆਦਮ ਕੀਆ। ਜੋਗ ਸੋਈ ਜੋ ਗੋਰਖ ਲੀਆ॥ ੩੬॥

ਇਹ ਉਹ ਹੀ ਵੱਡੀ ਭਗਤੀ ਹੈ ਜਿਹੜੀ ਕਬੀਰ ਜੀ ਨੇ ਕੀਤੀ ਹੈ। ਤੁਹਾਡਾ ਵੈਸਾ ਹੀ ਹੱਠ ਹੈ ਜਿਸ ਤਰ੍ਹਾਂ ਧ੍ਰੂਅ ਭਗਤ ਨੇ ਕੀਤਾ ਸੀ। ਤੁਹਾਡਾ ਅਜਿਹਾ ਗ੍ਰਿਹਸਤ ਹੈ ਜੋ ਇਬਰਾਹੀਮ ਅਦਹਮ ਨੇ ਕੀਤਾ ਸੀ ਅਤੇ ਉਹੀ ਜੋਗ ਹੈ ਜੋ ਗੋਰਖ ਨੇ ਲਿਆ ਸੀ॥ ੩੬॥

ਤਜਾਗਨ - ਸੋਇ ਜੁ ਭਰਥਰਿ ਕੀਨੋ। ਸੋ ਤਪ ਜਨਕ ਜਾਹਿ ਮਨ ਭੀਨੋ।
ਹੈ ਸੰਗ੍ਰਾਮ ਜੁ ਦਹਿਸਿਰ ਲਰਿਓ। ਸੋ ਬਿਯੋਗ ਜੋ ਰਘੁਪਤਿ ਕਰਿਓ॥ ੩੭॥

ਤੁਹਾਡਾ ਤਿਆਗ ਵੀ ਅਜੇਹਾ ਹੈ ਜਿਹੜਾ ਭਰਥਰੀ ਨੇ ਕੀਤਾ ਸੀ। ਤਪ ਤੁਹਾਡਾ ਜਨਕ ਵਾਂਗ ਹੈ ਜਿਸ ਦਾ ਮਨ ਪ੍ਰਭੂ ਪ੍ਰੇਮ ਵਿਚ ਭਿਜਾ ਹੋਇਆ ਸੀ। ਤੁਹਾਡਾ ਸੰਗ੍ਰਾਮ ਇਸ ਤਰ੍ਹਾਂ ਦਾ ਹੈ ਜਿਵੇਂ ਰਾਵਨ ਲੜਿਆ ਸੀ ਅਤੇ ਵਿਜੋਗ ਤੁਹਾਡਾ ਇਸ ਤਰ੍ਹਾਂ ਦਾ ਹੈ ਜਿਵੇਂ ਰਾਮ ਨੇ ਕੀਤਾ ਸੀ॥ ੩੭॥

ਸੋ ਸੰਨਜਾਸ ਦੱਤ ਉਰ ਧਾਰਾ। ਅਸ ਕਹਿ ਬੰਦਤਿ ਬਾਰੰਬਾਰਾ।
ਬਹੁ ਪ੍ਰਕਾਰ ਕੀ ਉਸਤਤਿ ਕਰਿਕੈ। ਸੇਵਕ ਭਏ ਹਰਖ ਉਰ ਭਰਿਕੈ॥ ੩੮॥

ਤੁਹਾਡਾ ਸੰਨਿਆਸ ਇਸ ਤਰ੍ਹਾਂ ਦਾ ਹੈ ਜਿਵੇਂ ਦੱਤਾ ਤ੍ਰੇਅ ਨੇ ਧਾਰਨ ਕੀਤਾ ਸੀ। ਇਸ ਤਰ੍ਹਾਂ ਕਹਿ ਕੇ ਬਾਰ ਬਾਰ ਬੰਦਨਾ ਕਰਦੇ ਸਨ। ਬਹੁਤ ਪ੍ਰਕਾਰ ਦੀ ਉਸਤਤਿ ਕਰਕੇ, ਦਿਲ ਵਿਚ ਪ੍ਰਸੰਨ ਹੋ ਕੇ ਗੁਰੂ ਜੀ ਦੇ ਸੇਵਕ ਹੋ ਗਏ॥ ੩੮॥

ਦੋਹਰਾ- ਕਰੁਨਾਨਿਧ ਬੋਲੇ ਬਹੁਰ 'ਚੇਤਹੁ ਨਾਮ ਖ਼ੁਦਾਇ।
ਬੁਜਰਕ ਕੀ ਸੰਗਤ ਕਰਹੁ ਲਹਹੁ ਸਰਬ ਸੁਖ ਪਾਇ॥ ੩੯॥

ਗੁਰੂ ਜੀ ਨੇ ਫਿਰ ਕਿਹਾ, "ਖ਼ੁਦਾ ਦੇ ਨਾਮ ਨੂੰ ਯਾਦ ਕਰੋ ਸੰਤਾਂ ਦੀ ਸੰਗਤ ਕਰਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰੋ॥ ੩੯॥

ਚੌਪਈ- ਸਾਹਿਬ ਭੈ ਰਾਖਹੁ ਮਨ ਮਾਂਹੀ। ਬਿਸ਼ਯ ਬਾਸ਼ਨਾ ਮਨ ਹ੍ਵੈ ਨਾਂਹੀ।
ਸਤਿਸੰਗਤ ਨਰ ਕਰਿਹੈਂ ਜਬਿਹੀ। ਗਤਿ ਸੁਖੇਨ ਹ੍ਵੈ ਪ੍ਰਾਪਤ ਤਬਿ ਹੀ॥ ੪੦॥

ਸਾਹਿਬ ਦੇ ਡਰ ਨੂੰ ਮਨ ਵਿਚ ਰੱਖੋ, ਵਿਸ਼ੇ ਵਾਸ਼ਨਾ ਨੂੰ ਮਨ ਵਿਚ ਨਾ ਆਉਣ ਦੇਵੋ। ਜਦ ਵੀ ਮਨੁੱਖ ਸਤਿਸੰਗਤ ਕਰਦੇ ਹਨ ਤਦ ਸੁਖੈਨ ਮੁਕਤੀ ਪ੍ਰਾਪਤ ਕਰਦੇ ਹਨ॥ ੪੦॥

ਸੁਨਿਕੈ ਸਰਬ ਪੀਰ ਭੇ ਠਾਂਢੇ। ਬੰਦਨ ਕਰਹਿਂ ਪ੍ਰੇਮ ਬਹੁ ਬਾਢੇ।
ਮਿਲਿਕੈ ਭੇ ਅਧਿਕਾਇ ਪ੍ਰਸੰਨ। ਕਹੈਂ 'ਗੁਰੂ ਨਾਨਕ! ਤੁਮ ਧੰਨਾ॥ ੪੧॥

ਇਹ ਸੁਣਕੇ ਸਭ ਪੀਰ ਖੜੇ ਹੋ ਗਏ। ਬਹੁਤ ਪ੍ਰੇਮ ਵਧਾ ਕੇ ਬੰਦਨਾਂ ਕੀਤੀ। ਗੁਰੂ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ, "ਹੇ ਗੁਰੂ ਨਾਨਕ ਜੀ, ਤੁਸੀਂ ਧੰਨ ਹੋ"॥ ੪੧॥

ਤਿਨ ਤੇ ਬਿਦਾ ਹੋਇ ਸੁਖਦਾਈ। ਗਮਨੇ ਮੰਦ ਮੰਦ ਪਗ ਜਾਈਂ।
ਸ੍ਰੀ ਅੰਗਦਿ ਸੁਨੀਏ ਤਿਹ ਕਾਲਾ। ਮੈਂ ਬੂਝੇ ਤਬ ਦੀਨ ਦਯਾਲਾ ॥੪੨॥

ਉਨ੍ਹਾਂ ਪੀਰਾਂ ਤੋਂ ਗੁਰੂ ਜੀ ਵਿਦਾ ਹੋਏ। ਫਿਰ ਗੁਰੂ ਜੀ ਹੌਲੀ ਹੌਲੀ ਮਾਰਗ ਵਿਚ ਚਲ ਰਹੇ ਸਨ। ਹੇ ਗੁਰੂ ਅੰਗਦ ਦੇਵ ਜੀ ! ਸੁਣੋ, ਉਸ ਸਮੇਂ ਮੈਂ ਦੀਨ ਦਿਆਲ ਨੂੰ ਪੁਛਿਆ॥ ੪੨॥

'ਇਨਕੇ ਬਿਖੈ ਪੀਰ ਕੋ ਨੀਕਾ?'। ਸੁਨਿ ਬੋਲੇ ਬੇਦੀ ਕੁਲਟੀਕਾ।
'ਸ਼ਮਸਤਬ੍ਰੇਜ ਨਾਮ ਹੈ ਜਿਹਕੋ। ਸਭਿ ਤੇ ਊਚੋ ਪਦਹੈ ਤਿਹਕੋ ॥੪੩॥

"ਇਨ੍ਹਾਂ ਪੀਰਾਂ ਵਿਚ ਸਭ ਤੋਂ ਚੰਗਾ ਪੀਰ ਕਿਹੜਾ ਹੈ ?" ਇਹ ਸੁਣ ਕੇ ਗੁਰੂ ਜੀ ਬੋਲੇ, "ਜਿਸ ਦਾ ਨਾਂ ਸ਼ਮਸ ਤਬ੍ਰੇਜ਼ ਹੈ, ਉਸ ਦਾ ਨਾਂ ਪੀਰਾਂ ਵਿਚ ਸਭ ਤੋਂ ਉੱਚਾ ਹੈ॥ ੪੩॥

ਇਸਕੋ ਸੁਨੋ ਸਰਬ ਪਰਸੰਗਾ। ਜਿਸ ਪ੍ਰਕਾਰ ਭਾ ਮਤੋ ਉਤੰਗਾ।
ਰੂਮ ਵਿਲਾਇਤ ਜਹਾਂ ਸੁ ਅਹਿਹੀ। ਪੇਂਜਾ ਤਹਿਂ ਮਨਸੂਰ ਸੁ ਰਹਿਹੀ ॥੪੪॥

ਇਸ ਦਾ ਸਾਰਾ ਪ੍ਰਸੰਗ ਸੁਣੋ, ਜਿਸ ਕਾਰਨ ਇਹ ਸਭ ਤੋਂ ਉੱਚੀ ਮਤ ਵਾਲਾ ਹੋਇਆ ਹੈ। ਜਿਥੇ ਰੂਮ ਵਲਾਇਤ ਸਥਿਤ ਹੈ, ਉਸ ਥਾਂ ਪੇਂਜਾ ਮਨਸੂਰ ਰਹਿੰਦਾ ਸੀ॥ ੪੪॥

ਮਿਲਜੋ ਸੰਤ ਕੋ ਤਾਂਹਿ ਮਹਾਨਾ। ਸਗਰੋ ਜੀਵ ਭਾਵ ਕਿਯ ਹਾਨਾ।
ਅਨਲਹਕ ਬੋਲਯੋ ਬੱਖਜਾਤਾ। ਜਿਹ ਉਰ ਤੇ ਭੀ ਦ੍ਵੈਤ ਨਿਪਾਤਾ ॥੪੫॥

ਉਸ ਨੂੰ ਇਕ ਮਹਾਨ ਸੰਤ ਮਿਲਿਆ ਸੀ। ਉਸ ਸੰਤ ਨੇ ਮਨਸੂਰ ਦੀਆਂ ਜੀਵ ਭਾਵਨਾਵਾਂ ਦੂਰ ਕਰ ਦਿੱਤੀਆਂ ਸਨ। ਪ੍ਰਗਟ ਰੂਪ ਵਿਚ ਉਸ ਅਨਲਹਕ ਭਾਵ "ਮੈਂ ਖ਼ੁਦਾ ਹਾਂ" ਕਿਹਾ। ਮਨਸੂਰ ਨੇ ਆਪਣੇ ਹਿਰਦੇ ਵਿਚੋਂ ਦ੍ਵੈਤ ਭਾਵਨਾ ਵੀ ਦੂਰ ਕੀਤੀ ਹੋਈ ਸੀ॥ ੪੫॥

ਤਿਹ ਪੁਰਿਰਹਤਿ ਏਕ ਮਉਲਾਨਾ। ਤੁਰਕ ਸ਼ਰਾ ਮਤ ਚਲਿਨ ਮਹਾਨਾ।
ਅਨਲਹੱਕ ਬੋਲਤਿ ਤਿਹ ਸੁਨਜੋ। ਰਹਜੋ ਹਟਾਇ ਅਧਿਕ ਡਰ ਭਨਜੋ ॥੪੬॥

ਉਸ ਨਗਰ ਵਿਚ ਇਕ ਮੌਲਵੀ ਰਹਿੰਦਾ ਸੀ, ਤੁਰਕ ਮਰਯਾਦਾ ਅਨੁਸਾਰ ਚਲਣ ਵਿਚ ਉਹ ਬਹੁਤ ਕੱਟੜ ਸੀ। ਮਨਸੂਰ ਨੂੰ ਅਨਲਹੱਕ (ਮੈਂ ਖ਼ੁਦਾ ਹਾਂ) ਬੋਲਦਿਆਂ ਉਸ ਸੁਣ ਲਿਆ। ਮਨਸੂਰ ਨੂੰ ਉਸ ਬਹੁਤ ਡਰ ਪਾ ਕੇ ਹਟਾਇਆ॥ ੪੬॥

ਜਾਂਕੋ ਵਿਹ ਵਬੁ ਪ੍ਰਾਪਤਿ ਹੋਈ। ਡਰ ਕਿਹ ਕੋ ਨਹਿਂ ਮਾਨਤਿ ਸੋਈ।
ਕਰਜੋ ਮੁਲਾਨੇ ਬਾਦ ਘਨੇਰਾ। ਨਹਿਂ ਮਾਨਜੋ ਗਹਿ ਲਿਯ ਬਿਨ ਦੇਰਾ ॥੪੭॥

ਜਿਸ ਨੂੰ ਆਕਾਸ਼ ਬਾਣੀ ਪ੍ਰਾਪਤ ਹੋਈ ਸੀ, ਇਸ ਲਈ ਉਹ ਕਿਸੇ ਦਾ ਡਰ ਨਹੀਂ ਮੰਨਦਾ ਸੀ। ਮੁਲਾਣੇ ਨੇ ਉਸ ਨਾਲ ਬਹੁਤ ਵਾਦਵਿਵਾਦ ਕੀਤਾ। ਜਦ ਮਨਸੂਰ ਕਿਸੇ ਤਰ੍ਹਾਂ ਵੀ ਨਾ ਮੰਨਿਆ ਤਾਂ ਕਿਸੇ ਦੇਰੀ ਬਗੈਰ ਫੜ ਲਿਆ॥ ੪੭॥

ਸੂਰੀ ਪਰ ਸੋ ਦੀਨ ਚਢਾਈ। ਅਨਲਹੱਕ ਬੋਲਜੋ ਤਿਹ ਥਾਈਂ।
ਸਰਬ ਸਰੀਰ ਭੇਦਗੀ ਸੂਰੀ। ਤਦਪਿ ਨ ਡੁਲਜੋ ਟਿਕੀ ਬ੍ਰਿਤਿ ਰੂਰੀ ॥੪੮॥

ਮਨਸੂਰ ਨੂੰ ਸੂਲੀ ਤੇ ਚੜ੍ਹਾ ਦਿੱਤਾ, ਸੂਲੀ ਉਤੇ ਵੀ ਉਹ ਅਨਲਹੱਕ ਬੋਲਿਆ, ਸੂਲੀ ਨੇ ਉਸਦਾ ਸਾਰਾ ਸਰੀਰ ਵਿੰਨ੍ਹ ਦਿੱਤਾ, ਫਿਰ ਵੀ ਉਹ ਡੋਲਿਆ ਨਹੀਂ ਅਤੇ ਉਸ ਦੀ ਬ੍ਰਿਤੀ ਸੁੰਦਰ ਟਿਕਾਉ ਵਿਚ ਜੁੜ ਗਈ॥ ੪੮॥

ਸ਼੍ਰੋਣਤ ਕੀ ਬੂੰਦੈਂ ਧਰ ਪਰਈਂ। ਅਨਲਹੱਕ ਕੋ ਸ਼ਬਦ ਉਚਰਿਈਂ।

ਦੇਖਿ ਮੁਲਾਨੇ ਮਾਨਿ ਅਚੰਭਾ। ਸੋ ਜਰਾਇ ਦੀ ਲਖੈ ਅਸੰਭਾ॥ ੪੯॥

ਉਸ ਦੇ ਸਰੀਰ ਦੀਆਂ ਲਹੂ ਦੀਆਂ ਬੂੰਦਾਂ ਜੋ ਧਰਤੀ ਤੇ ਡਿਗੀਆਂ, ਉਨ੍ਹਾਂ ਵਿਚੋਂ ਵੀ ਅਨਲਹੱਕ ਦੀ ਆਵਾਜ਼ ਆਈ। ਮੁਲਾਨੇ ਇਹ ਵੇਖ ਕੇ ਬਹੁਤ ਹੈਰਾਨ ਹੋਇਆ। ਅਸਚਰਜ ਵੇਖ ਕੇ ਉਸ ਲਹੂ ਦੀਆਂ ਬੂੰਦਾਂ ਨੂੰ ਸਾੜ ਦਿੱਤਾ॥ ੪੯॥

ਜਿਤੀ ਭਸਮ ਹੋਈ ਤਨ ਕੇਰੀ। ਅਨਲਹੱਕ ਪੁਨਿ ਪੁਨਿ ਸੋ ਟੇਰੀ।
ਕਚ ਸ਼ੀਸ਼ੇ ਮਹਿ ਸੋ ਤਿਨ ਪਾਈ। ਕਰਿਕੈ ਖਾਮ ਧਰੇ ਘਰ ਜਾਈ॥ ੫੦॥

ਜਿੰਨੀਆਂ ਵੀ ਬੂੰਦਾਂ ਸੜ ਕੇ ਭਸਮ ਹੋ ਗਈਆਂ ਸਨ, ਉਹ ਵੀ ਬਾਰ ਬਾਰ ਅਨਲਹੱਕ ਕਹਿ ਰਹੀਆਂ ਸਨ। ਮੌਲਵੀ ਨੇ ਉਸ ਭਸਮ ਨੂੰ ਸ਼ੀਸ਼ੇ ਦੀਆਂ ਬੋਤਲਾਂ ਵਿਚ ਪਾ ਲਿਆ ਅਤੇ ਬੋਤਲਾਂ ਬੰਦ ਕਰਕੇ ਜਾ ਕੇ ਘਰ ਵਿਚ ਰੱਖ ਲਈਆਂ॥ ੫੦॥

ਕਰਜੋ ਕੈਦ ਐਸੇ ਮਨ ਜਾਨੀ। ਅਨਲਹੱਕ ਨਹਿਂ ਬੋਲਹਿ ਬਾਨੀ।
ਕਿਤਿਕ ਕਾਲ ਜਬ ਬਿਤਜੋ ਮਝਾਰੀ। ਤਿਹਕੇ ਤਨੁਯਾ ਹੁਤੀ ਕੁਆਰੀ॥ ੫੧॥

ਮਨ ਵਿਚ ਮੁਲਾਣੇ ਨੇ ਇਹ ਸਮਝਿਆ ਕਿ ਅਨਲਹੱਕ ਦੀ ਆਵਾਜ਼ ਕੈਦ ਕਰ ਲਿਆ ਹੈ, ਹੁਣ ਇਹ ਅਨਲਹੱਕ ਦੀ ਬਾਣੀ ਨਹੀਂ ਬੋਲਣਗੀਆਂ। ਇਸ ਤਰ੍ਹਾਂ ਬੋਤਲਾਂ ਬੰਦ ਕੀਤਿਆਂ ਕਾਫੀ ਸਮਾਂ ਬੀਤ ਗਿਆ। ਉਸ ਮੁਲਾਣੇ ਦੇ ਘਰ ਉਸਦੀ ਇਕ ਕੁਆਰੀ ਪੁੱਤਰੀ ਸੀ॥ ੫੧॥

ਚੌਪਈ- ਲੇ ਸ਼ੀਸ਼ਾ ਮੁਖ ਖੋਲਨ ਕੀਨ੍ਹਾ। ਸੂੰਘਜੋ ਲਖਜੋ ਸੁਗੰਧਿ ਬਿਹੀਨਾ।
ਕਾਢਿ ਬੀਚ ਤੇ ਮੁਖ ਮਹਿਂ ਪਾਈ। ਕਛੂ ਨ ਸਾਦ ਤਾਂਹਿ ਕੋ ਆਈ॥ ੫੨॥

ਉਸ ਨੇ ਬੋਤਲ ਲੈ ਕੇ ਉਸ ਦਾ ਢੱਕਣ ਖੋਲ੍ਹ ਦਿਤਾ ਅਤੇ ਜਦ ਸ਼ੀਸ਼ੀ ਨੂੰ ਸੁੰਘਿਆ ਤਾਂ ਉਸ ਵਿਚੋਂ ਕੋਈ ਸੁਗੰਧੀ ਨਾ ਆਈ। ਸ਼ੀਸ਼ੀ ਵਿਚੋਂ ਕੱਢ ਕੇ ਕੁਝ ਭਸਮ ਉਸ ਮੂੰਹ ਵਿਚ ਪਾ ਲਈ, ਉਸ ਨੂੰ ਕੁਝ ਵੀ ਸਵਾਦ ਨਾ ਆਇਆ॥ ੫੨॥

ਰਿਦੇ ਬਿਚਾਰਤਿ ਇਹ ਕਜਾ ਹੋਈ?। ਸਾਦ ਸੁਗੰਧਿ ਨ ਜਿਸ ਮਹਿਂ ਕੋਈ।
ਪਿਤ ਨੈ ਆਨਿ ਧਰੀ ਘਰ ਮਾਂਹੀ। ਕਿਸੂ ਕਾਜ ਕੀ ਦੀਸਤਿ ਨਾਂਹੀ॥ ੫੩॥

ਮਨ ਵਿਚ ਸੋਚਣ ਲੱਗੀ, ਇਹ ਕੀ ਚੀਜ਼ ਹੈ ? ਨਾ ਹੀ ਇਸ ਦਾ ਕੋਈ ਸਵਾਦ ਹੈ ਅਤੇ ਹੀ ਇਸ ਦੀ ਕੋਈ ਸੁਗੰਧੀ ਹੈ, ਪਿਤਾ ਜੀ ਨੇ ਇਸ ਨੂੰ ਘਰ ਵਿਚ ਲਿਆ ਕੇ ਰੱਖਿਆ ਹੈ, ਮੈਨੂੰ ਤਾਂ ਇਹ ਕੰਮ ਦੀ ਚੀਜ਼ ਨਹੀਂ ਦਿੱਸਦੀ॥ ੫੩॥

ਤਬ ਤੇ ਹਮਲ ਰਹਜੋ ਤਿਸ ਤਾਂਈ। ਕੇਤਿਕ ਦਿਨ ਭੇ ਚਿਹਨ ਲਖਾਈ।
ਮਾਦਰ ਪਿਦਰ ਪਿਖਤਿ ਬਿਸਮਾਨੇ। ਦੁਖਤਰ ਕੋ ਕੁਕਰਮਿ ਪਹਿਚਾਨੇ॥ ੫੪॥

ਭਸਮ ਖਾਣ ਦੇ ਨਾਲ ਉਸ ਲੜਕੀ ਨੂੰ ਗਰਭ ਠਹਿਰ ਗਿਆ। ਜਦ ਕਾਫੀ ਸਮਾਂ ਬੀਤ ਗਿਆ ਤਾਂ ਗਰਭ ਦੇ ਚਿਹਨ ਚਕਰ ਵਿਖਾਲੀ ਦੇਣ ਲੱਗੇ। ਮਾਂ ਬਾਪ ਵੇਖ ਕੇ ਬਹੁਤ ਹੈਰਾਨ ਹੋਏ ਜਦ ਉਨ੍ਹਾਂ ਆਪਣੀ ਪੁੱਤਰੀ ਦਾ ਕੁਕਰਮ ਪਛਾਣਿਆ॥ ੫੪॥

ਚਿਤ ਮਹਿਂ ਚਿੰਤਾ ਬਧੀ ਬਿਸ਼ਾਲਾ। ਇਉਂ ਬਿਚਾਰ ਕੀਨੋ ਤਿਹ ਕਾਲਾ।
ਇਸ ਕੋ ਮਾਰਨ ਹੈ ਸ਼ੁਭ ਕਾਜਾ। ਸਭਿ ਜਗ ਮਹਿਂ ਰਹਿ ਆਵਤਿ ਲਾਜਾ॥ ੫੫॥

ਚਿੱਤ ਵਿਚ ਬਹੁਤ ਚਿੰਤਾ ਵਧੀ। ਉਸ ਸਮੇਂ ਉਨ੍ਹਾਂ ਨੇ ਇਹ ਵਿਚਾਰ ਕੀਤੀ। ਇਸ ਲੜਕੀ ਨੂੰ ਮਾਰ ਦੇਣਾ ਹੀ ਚੰਗਾ ਕੰਮ ਹੋਵੇਗਾ। ਜਗ ਵਿਚ ਤਦ ਹੀ ਸਾਡੀ ਲਾਜ ਰਹਿੰਦੀ ਹੈ॥ ੫੫॥

ਨਿਸ਼ਾ ਬਿਖੈ ਜਬ ਪਰ ਕੈ ਸੋਯੋ। ਇਸ ਪ੍ਰਕਾਰ ਕੋ ਸੁਪਨੋ ਹੋਯੋ।
ਦੁਖਤਰ ਮਾਰਨ ਜੋ ਮਨ ਠਾਨੀ। ਇਹ ਬਿਧਿ ਤੋਹਿ ਹੋਹਿ ਦੁਖਦਾਨੀ॥ ੫੬॥

ਰਾਤ ਨੂੰ ਜਦ ਉਹ ਸੁੱਤੇ ਹੋਏ ਸਨ, ਇਸ ਪ੍ਰਕਾਰ ਦਾ ਉਨ੍ਹਾਂ ਨੂੰ ਸੁਪਨਾ ਆਇਆ। ਜਿਹੜਾ ਤੁਸੀਂ ਪੁੱਤਰੀ ਨੂੰ ਮਾਰਨ ਦਾ ਮਨ ਬਣਾਇਆ ਹੈ, ਇਸ ਨਾਲ ਤੁਹਾਨੂੰ ਇਸ ਪ੍ਰਕਾਰ ਦੁੱਖ ਹੋਵੇਗਾ॥ ੫੬॥

ਨਾਸ਼ ਹੋਇਗੋ ਤੋਰ ਤਦਾਈਂ। ਨਾਂਹਿ ਤ ਤਜਿ ਦਿਹੁ ਇਸ ਮਤ ਤਾਈਂ।
ਰਿਦੇ ਮੁਲਾਨੇ ਭੈ ਤਬ ਖਾਈ। ਰਾਖੀ ਦੁਖਤਰ ਸਦਨ ਦੁਰਾਈ॥ ੫੭॥

ਤੇਰਾ ਓਸੇ ਵੇਲੇ ਨਾਸ਼ ਹੋ ਜਾਵੇਗਾ, ਨਹੀਂ ਤਾਂ ਇਹ ਸਲਾਹ ਛੱਡ ਦੇਵੋ। ਮੁਲਾਣੇ ਆਪਣੇ ਦਿਲ ਵਿਚ ਬਹੁਤ ਡਰ ਗਿਆ ਤੇ ਲੜਕੀ ਨੂੰ ਘਰ ਵਿਚ ਛੁਪਾ ਕੇ ਰੱਖਿਆ ਤੇ ਉਸ ਨੂੰ ਮਾਰਨ ਦੀ ਵਿਚਾਰ ਛੱਡ ਦਿੱਤੀ॥ ੫੭॥

ਭਯੋ ਮਾਸ ਨੌਂ ਜਨਮ੍ਯੋ ਬਾਲਕ। ਲਯੋ ਮੁਲਾਨੇ ਕਰ ਤਤਕਾਲਕ।
ਇਕ ਮਟਕੇ ਕੇ ਭੀਤਰ ਡਾਰਾ। ਮੂੰਦ ਬਹਾਯੋ ਨਦੀ ਮਝਾਰਾ॥ ੫੮॥

ਜਦ ਨੌਂ ਮਹੀਨੇ ਪੂਰੇ ਹੋਏ ਤਾਂ ਇਕ ਬਾਲਕ ਨੇ ਜਨਮ ਲਿਆ, ਮੁਲਾਨੇ ਨੇ ਓਸੇ ਵੇਲੇ ਬਾਲਕ ਨੂੰ ਹੱਥ ਵਿਚ ਫੜ ਲਿਆ। ਇਕ ਮਟਕੇ ਦੇ ਵਿਚ ਬਿਠਾਇਆ ਅਤੇ ਮੂੰਹ ਬੰਦ ਕਰਕੇ ਨਦੀ ਵਿਚ ਵਹਾ ਦਿੱਤਾ ॥ ੫੮॥

ਗਾਜ਼ਰ ਹੁਤੋ ਤੀਰ ਪਰ ਬਾਰੀ। ਲਿਯ ਨਿਕਾਸ ਤਿਹ ਖੋਲਿ ਨਿਹਾਰੀ।
ਜਬਹਿ ਬਿਲੋਕ੍ਯੋ ਅੰਤਰ ਕੋਦਕ। ਲੀਨ ਉਚਾਇ ਤਾਂਹਿ ਉਰ ਮੋਦਕ ॥੫੯॥

ਨਦੀ ਦੇ ਕੰਢੇ ਤੇ ਇਕ ਧੋਬੀ ਬੈਠਾ ਸੀ। ਉਸ ਘੜੇ ਨੂੰ ਬਾਹਰ ਕੱਢ ਲਿਆ ਅਤੇ ਉਸ ਦਾ ਮੂੰਹ ਖੋਲ ਕੇ ਅੰਦਰ ਵੇਖਿਆ। ਜਦ ਉਸ ਅੰਦਰ ਇਕ ਬਾਲਕ ਵੇਖਿਆ, ਤਾਂ ਬਾਲਕ ਨੂੰ ਚੁਕ ਕੇ ਦਿਲ ਵਿਚ ਬਹੁਤ ਖੁਸ਼ ਹੋਇਆ॥ ੫੯॥

ਖਾਨਹਿ ਆਨਿ ਪਾਰਨਾ ਕੀਨੋ। ਸ਼ਮਸ ਤਬ੍ਰੇਜ਼ ਨਾਮ ਧਰਿ ਲੀਨੋ।
ਕਿਤਿਕ ਬਰਖ ਮਹਿਂ ਭਯੋ ਬਡੇਰੋ। ਜਿਹ ਮਸਤਾਨੋ ਤੋਰ ਘਨੇਰੋ ॥੬੦॥

ਘਰ ਲਿਆ ਕੇ ਬੱਚੇ ਦੀ ਪਾਲਣਾ ਕੀਤੀ ਅਤੇ ਉਸ ਦਾ ਨਾਂ ਸ਼ਮਸ ਤਬ੍ਰੇਜ਼ ਰਖਿਆ। ਕਈ ਸਾਲਾਂ ਬਾਅਦ ਵੱਡਾ ਹੋਇਆ ਉਸ ਦੇ ਤੌਰ ਤਰੀਕੇ ਮਸਤਾਨਿਆਂ ਵਰਗੇ ਸਨ॥ ੬੦॥

ਤਿਹ ਮੁੱਲਾਂ ਕੀ ਮਕਤਬ ਜੋਈ। ਇਕ ਦਿਨ ਮਹਿ ਪਹੁੰਚ੍ਯੋਂ ਚਲਿ ਸੋਈ।
ਬਾਲਕ ਮਿਲੇ ਬ੍ਰਿੰਦ ਤਿਹ ਥਾਨਾ। ਪਢਿ ਹੈਂ ਸਬਕ ਕਿਤਾਬ ਕੁਰਾਨਾ ॥੬੧॥

ਜਿਥੇ ਉਸ ਮੁੱਲਾਂ ਦਾ ਮਦਰੱਸਾ ਸੀ, ਸ਼ਮਸ ਤਬ੍ਰੇਜ਼ ਇਕ ਦਿਨ ਓਥੇ ਜਾ ਪਹੁੰਚਿਆ। ਓਥੇ ਬਹੁਤ ਬਾਲਕ ਇਕੱਠੇ ਹੋਏ ਸਨ, ਕੁਰਾਨ ਦੀ ਕਿਤਾਬ ਦਾ ਸਬਕ ਪੜ੍ਹ ਰਹੇ ਸਨ॥ ੬੧॥

ਤਿਹਛਿਨ ਤਹਾਂ ਮੁਲਾਨਾ ਨਾਂਹੀ। ਗਯੋ ਹੁਤੇ ਅਪਨੇ ਘਰ ਮਾਂਹੀ।
ਲੈ ਕਿਤਾਬ ਸਭਿ ਕੀ ਬਰਿਆਈ। ਆਇ ਹੌਜ਼ ਮਹਿ ਦੀਨ ਬਗਾਈ ॥੬੨॥

ਉਸ ਵੇਲੇ ਮੁਲਾਨਾ ਮਦਰੱਸੇ ਵਿਚ ਨਹੀਂ ਸੀ, ਉਹ ਆਪਣੇ ਘਰ ਗਿਆ ਹੋਇਆ ਸੀ। ਸ਼ਮਸ ਨੇ ਸਾਰਿਆਂ ਦੀਆਂ ਕਿਤਾਬਾਂ ਜ਼ਬਰਦਸਤੀ ਖੋਹ ਲਈਆਂ ਤੇ ਲਿਆ ਕੇ ਇਕ ਚਬੱਚੇ ਵਿਚ ਸੁੱਟ ਦਿੱਤੀਆਂ॥ ੬੨॥

ਤਬ ਹੀ ਭਯੋ ਸ਼ਿਸਨ ਮਹਿਂ ਰੌਰਾ। ਅਯੋ ਮੁਲਾਨਾ ਘਰ ਤੇ ਦੌਰਾ।
ਗਹਿਨ ਹੇਤੁ ਪਾਛੇ ਤਿਹ ਧਾਈ। ਗਹ੍ਯੋ ਨ ਜਾਤ ਰਹੇ ਪਛੁਤਾਈ ॥੬੩॥

ਤਦ ਵਿਦਿਆਰਥੀਆਂ ਵਿਚ ਬੜਾ ਰੌਲਾ ਮੱਚ ਗਿਆ। ਮੁਲਾਨਾ ਓਸੇ ਵੇਲੇ ਘਰੋਂ ਭੱਜਾ ਆਇਆ। ਫੜਨ ਲਈ ਸ਼ਮਸ ਦੇ ਪਿੱਛੇ ਦੌੜਿਆ, ਜਦ ਉਹ ਫੜਿਆ ਨਹੀਂ ਸੀ ਜਾਂਦਾ ਤਾਂ ਮੁਲਾਨਾ ਬਹੁਤ ਪਛਤਾਇਆ॥ ੬੩॥

ਹੌਜ਼ ਸਮੀਪ ਗਯੋ ਚਲਿ ਤਬਹੀ। ਲਈ ਨਿਕਾਸ ਕਿਤਾਬੈਂ ਸਭਿਹੀ।

ਕਰ ਸੋਂ ਝਾਂਰਤਿ ਗਰਦ ਉਡਾਈ। ਇਹ ਅਜ਼ਮਤ ਤਿਹ ਦੀਨ ਦਿਖਾਈ ॥੬੪ ॥

ਸ਼ਮਸ ਫਿਰ ਹੌਜ਼ ਦੇ ਪਾਸ ਗਿਆ ਤੇ ਸਾਰੀਆਂ ਕਿਤਾਬਾਂ ਬਾਹਰ ਕੱਢ ਲਈਆਂ। ਹੱਥ ਨਾਲ ਜਦ ਝਾੜੀਆਂ ਤਾਂ ਬਹੁਤ ਘੱਟਾ ਉਡਿਆ, ਇਹ ਕਰਾਮਾਤ ਸ਼ਮਸ ਨੇ ਮੁਲਾਣੇ ਨੂੰ ਵਿਖਾ ਦਿੱਤੀ॥ ੬੪ ॥

ਇਉਂ ਬਿਲੋਕਿ ਮੁੱਲਾਂ ਬਿਸਮਾਨਾਂ। ਅਜ਼ਮਤਵਾਨ ਮਹਾਨ ਪਛਾਨਾ।
ਆਬ ਕਿਤਾਬੈਂ ਪਰਸਜੋ ਨਾਂਹੀ। ਬਹੁਰ ਧੂਰ ਝਾਰਨ ਤਿਨ ਮਾਂਹੀ ॥੬੫ ॥

ਇਹ ਵੇਖ ਕੇ ਮੁੱਲਾਂ ਬਹੁਤ ਹੈਰਾਨ ਹੋਇਆ ਅਤੇ ਦਿਲ ਵਿਚ ਉਸ ਸ਼ਮਸ ਵੱਡਾ ਕਰਾਮਾਤੀ ਪਛਾਣਿਆ। ਕਿਤਾਬਾਂ ਨੂੰ ਪਾਣੀ ਛੂਹਿਆ ਵੀ ਨਹੀਂ ਸੀ। ਝਾੜਨ ਨਾਲ ਉਨ੍ਹਾਂ ਵਿਚੋਂ ਫਿਰ ਧੂੜ ਉਡੀ॥ ੬੫ ॥

ਮੁਰਸ਼ਿਦ ਜਾਨਿ ਪਰਜੋ ਤਬ ਪਾਈਂ। ਕਹਿ 'ਖ਼ੁਦਾਇ ਮਗ ਦਿਹੁ ਬਤਲਾਈ'।
ਕਹਜੋ ਸ਼ਮਸ 'ਜੇ ਅਸ ਮਨ ਤੇਰੇ। ਆਇਸੁ ਮੁਰਿ ਮਾਨਹੁ ਬਿਨ ਦੇਰੇ ॥੬੬ ॥

ਮੁਲਾਣਾ ਸ਼ਮਸ ਤਬ੍ਰੇਜ਼ ਨੂੰ ਮੁਰਸ਼ਿਦ ਜਾਣ ਕੇ ਉਸ ਦੇ ਪੈਰੀਂ ਪੈ ਗਿਆ ਤੇ ਕਿਹਾ, "ਖ਼ੁਦਾ ਨੂੰ ਪਾਉਣ ਦਾ ਰਾਹ ਮੈਨੂੰ ਵੀ ਦੱਸ ਦੇਵੋ।" ਸ਼ਮਸ ਨੇ ਕਿਹਾ, "ਜੇ ਤੇਰੇ ਮਨ ਵਿਚ ਇਸ ਤਰ੍ਹਾਂ ਚਾਹ ਹੈ ਤਾਂ ਕਿਸੇ ਦੇਰ ਬਗੈਰ ਮੇਰੀ ਆਗਿਆ ਮੰਨੋ॥ ੬੬ ॥

ਆਨਿ ਸ਼ਰਾਬ ਪਜਾਉ ਮੁਝ ਤਾਈਂ। ਨਿਜ ਦੁਖਤਰ ਦੇਵਹੁ ਸੰਗ ਪਾਈ'।
ਸੁਨਤਿ ਮੁਲਾਨਾ ਡੋਲਜੋ ਨਾਂਹੀ। ਲੇ ਗਮਨਜੋ ਅਪਨੇ ਘਰ ਮਾਂਹੀ ॥੬੭ ॥

ਸ਼ਰਾਬ ਲਿਆ ਕੇ ਮੈਨੂੰ ਪਿਲਾਉ ਅਤੇ ਆਪਣੀ ਪੁੱਤਰੀ ਨੂੰ ਮੇਰੇ ਨਾਲ ਪਾ ਦੇਵੋ' ਇਹ ਸੁਣ ਕੇ ਮੁਲਾਣਾ ਡੋਲਿਆ ਨਹੀਂ। ਉਹ ਸ਼ਮਸ ਤਬ੍ਰੇਜ਼ ਨੂੰ ਆਪਣੇ ਘਰ ਲੈ ਗਿਆ॥ ੬੭ ॥

ਮੰਚ ਡਸਾਇ ਬਿਠਾਇ ਸਪ੍ਰੀਤੀ। ਆਪਹਿ ਆਨ ਸੁਰਾ ਤਬ ਦੀਤੀ।
ਨਿਜ ਦੁਖਤਰ ਤਿਹ ਨਿਕਟ ਪਠਾਈ। ਘਰ ਕਪਾਟ ਦੇ ਕੁਲਫ ਲਗਾਈ ॥੬੮ ॥

ਪਲੰਘ ਡਾਹ ਕੇ ਬੜੀ ਪ੍ਰੀਤ ਨਾਲ ਬਿਠਾਇਆ, ਆਪ ਹੀ ਸ਼ਰਾਬ ਲਿਆ ਕੇ ਦਿੱਤੀ। ਆਪਣੀ ਲੜਕੀ ਨੂੰ ਉਸ ਦੇ ਪਾਸ ਭੇਜ ਦਿੱਤਾ। ਘਰ ਦੇ ਦਰਵਾਜ਼ੇ ਬੰਦ ਕਰ ਕੇ ਜੰਦਰਾ ਲਾ ਦਿੱਤਾ॥ ੬੮ ॥

ਤਬਹਿ ਸ਼ਮਸ ਨਿਜ ਮਾਤ ਸੰਗਾਰੇ। ਆਪਨ ਸਰਬ ਪ੍ਰਸੰਗ ਉਚਾਰੇ।
'ਤੋਰ ਗਰਭ ਤੇ ਜਨਮ ਹਮਾਰਾ। ਅਸਥਨ ਮੈਂ ਨ ਪਿਯੋ ਤਿਸ ਬਾਰਾ ॥੬੯ ॥

ਤਦ ਸ਼ਮਸ ਨੇ ਆਪਣੀ ਮਾਤਾ ਜੀ ਨੂੰ ਆਪਣੀ ਸਾਰੀ ਆਪ ਬੀਤੀ ਸੁਣਾਈ। "ਤੇਰੇ ਪੇਟ ਵਿਚੋਂ ਮੇਰਾ ਜਨਮ ਹੋਇਆ ਸੀ, ਬਚਪਨ ਵਿਚ ਮੈਂ ਤੇਰਾ ਦੁੱਧ ਨਹੀਂ ਪੀਤਾ॥ ੬੯ ॥

ਅਬ ਮੈਂ ਪਿਵੌਂ ਦੇਹੁ, ਹੇ ਮਾਤਾ!'। ਜਾਨਿ ਗਈ ਸੋ ਸਗਰੀ ਬਾਤਾ।
ਲੇ ਜੁ ਗਯੋਬਾਲਕ ਪਿਤ ਮੇਰਾ। ਸਰਿਤਾ ਬਿਖੈ ਜਾਇ ਤਿਨ ਗੇਰਾ ॥੭੦ ॥

ਹੇ ਮਾਤਾ ਜੀ ! ਹੁਣ ਮੈਂ ਦੁੱਧ ਪੀਵਾਂਗਾ, ਮੈਨੂੰ ਪਿਆਵੋ'। ਜਦ ਉਸ ਦੀ ਮਾਤਾ ਸਾਰੀ ਗੱਲ ਜਾਣ ਗਈ, ਮੇਰਾ ਪਿਤਾ ਜਿਹੜਾ ਬਾਲਕ ਲੈ ਕੇ ਚਲਾ ਗਿਆ ਸੀ, ਉਸ ਨੂੰ ਉਸ ਨਦੀ ਵਿਚ ਰੋੜ੍ਹ ਦਿੱਤਾ ਸੀ॥ ੭੦ ॥

ਸੋ ਕਿਨ ਪਾਰਜੋ ਕੀਨ ਬਡੇਰਾ। ਅਸ ਕਹਿ ਅਸਥਨ ਛੀਰ ਬਧੇਰਾ।
ਸ਼ਮਸ ਕਹਜੋ ਮੈਂ ਜਾਵੌਂ ਅਬ ਹੀ। ਤਵ ਪਿਤ ਬੂਝਨ ਲਾਗਹਿ ਜਬਹੀ ॥੭੧ ॥

ਉਸ ਨੂੰ ਕਿਸ ਪਾਲਿਆ ਤੇ ਵੱਡਾ ਕੀਤਾ ਹੈ। ਇਸ ਤਰ੍ਹਾਂ ਕਹਿਣ ਤੇ ਛਾਤੀ ਵਿਚ ਬਹੁਤ ਦੁੱਧ ਉੱਤਰ ਆਇਆ। ਫਿਰ ਸ਼ਮਸ ਨੇ ਕਿਹਾ, ਹੁਣ ਮੈਂ ਜਾਂਦਾ ਹਾਂ, ਜਦ ਤੁਹਾਡੇ ਪਿਤਾ ਜੀ ਪੁੱਛਣ ਕਿ ਕਿਥੇ ਗਿਆ ਹੈ॥ ੭੧ ॥

ਤਿਹਕੋ ਇਸ ਬਿਧਿ ਦੇਹੁ ਬਤਾਏ।' ਗਯੋ ਅਬੈ ਸੋ ਅਮਕੀ ਥਾਏਂ।
ਤੂੰ ਬੂਝਯੋ ਕੁਛ ਚਹਿਤ ਜਿ ਤਾਹੂ। ਮਿਲਹੁ ਜਾਇ ਤਿਹ ਥਲ ਕੇ ਮਾਂਹੂ' ॥੭੨॥

ਉਸ ਨੂੰ ਇਸ ਤਰ੍ਹਾਂ ਦੱਸ ਦੇਣਾ ਕਿ ਹੁਣ ਉਹ ਫਲਾਣੀ ਥਾਂ ਗਿਆ ਹੈ। ਤੁਸੀਂ ਜੋ ਉਸ ਨੂੰ ਕੁਝ ਪੁੱਛਣਾ ਚਾਹੁੰਦੇ ਹੋ ਤਾਂ ਉਸ ਥਾਂ ਜਾ ਕੇ ਮਿਲ ਲਵੋ''॥ ੭੨॥

ਨਿਕਸਿ ਗਯੋ ਤਬਿ ਵਹਿਰ ਪਧਾਰਾ। ਕੁਲਫ ਰਹਯੋ ਲਾਗਯੋ ਤਿਸ ਬਾਰਾ।
ਦਿਨ ਚਢਿ ਆਨਿ ਮੁਲਾਨੇ ਖੋਲਾ। ਨਿਜ ਦੁਖਤਰ ਕੋ ਦੇਖਤਿ ਬੋਲਾ ॥੭੩॥

ਤਦ ਨਿਕਲ ਕੇ ਬਾਹਰ ਚਲਾ ਗਿਆ। ਦਰਵਾਜ਼ੇ ਨੂੰ ਤਾਲਾ ਲੱਗਾ ਹੀ ਰਹਿ ਗਿਆ। ਜਦ ਦਿਨ ਚੜ੍ਹਿਆ ਤਾਂ ਮੁਲਾਨੇ ਨੇ ਆ ਕੇ ਤਾਲਾ ਖੋਲ੍ਹਿਆ। ਆਪਣੀ ਪੁੱਤਰੀ ਨੂੰ ਵੇਖ ਕੇ ਬੋਲਿਆ॥ ੭੩॥

'ਕਹਾਂ ਗਯੋ ਜੁ ਹੁਤੋ ਨਿਸ ਮਾਂਹੀ। ਭਿਰੇ ਕਪਾਟ ਖੁਲੇ ਇਹੁ ਨਾਂਹੀ'।
ਤਿਸ ਨੈ ਸਰਬ ਬਾਤ ਸਮਝਾਈ। 'ਜਾਇ ਮਿਲਹੁ ਹੋਵਹਿ ਤਿਸ ਥਾਈਂ' ॥੭੪॥

''ਉਹ ਕਿਥੇ ਗਿਆ ਹੈ ਜਿਹੜਾ ਰਾਤ ਏਥੇ ਸੀ, ਦਰਵਾਜ਼ੇ ਤਾਂ ਉਸ ਤਰ੍ਹਾਂ ਬੰਦ ਹਨ, ਇਹ ਤਾਂ ਖੁਲ੍ਹੇ ਵੀ ਨਹੀਂ ਹਨ। ਲੜਕੀ ਨੇ ਸਾਰੀ ਗੱਲ ਸਮਝਾਈ ਅਤੇ ਕਿਹਾ, ''ਉਹ ਫਲਾਣੀ ਜਗ੍ਹਾ ਗਿਆ ਹੈ ਓਥੇ ਜਾ ਕੇ ਮਿਲ ਲਵੋ॥ ੭੪॥

ਸੁਨਿਕੈ ਤੂਰਨ ਵਹਿਰ ਪਯਾਨਾ। ਮਿਲਯੋ ਜਾਇ ਬੈਸੇ ਤਿਹ ਥਾਨਾ।
ਦੀਨ ਭਯੋ ਪਰਿਓ ਜਬ ਪਾਈਂ। ਸ਼ਮਸ ਦੀਨ ਉਪਦੇਸ਼ ਬਤਾਈ ॥੭੫॥

ਇਹ ਸੁਣ ਕੇ ਮੌਲਵੀ ਫੌਰਨ ਬਾਹਰ ਚਲਾ ਗਿਆ। ਉਸ ਨੂੰ ਓਥੇ ਜਾ ਮਿਲਿਆ ਜਿਥੇ ਉਹ ਬੈਠਾ ਸੀ। ਜਦ ਦੀਨ ਹੋ ਕੇ ਪੈਰੀਂ ਪੈ ਗਿਆ ਤਾਂ ਸ਼ਮਸ ਨੇ ਉਸ ਨੂੰ ਉਪਦੇਸ਼ ਦੱਸ ਦਿੱਤਾ॥ ੭੫॥

ਮਿਲਨ ਖੁਦਾਇ ਭੇਦ ਸਮਝਾਯੋ। ਅਪਰ ਥਾਨ ਤਬ ਆਪ ਸਿਧਾਯੋ।
ਬੀਤਯੋ ਜਬ ਪੁਨ ਕੇਤਿਕ ਕਾਲਾ। ਤਹਿਂ ਇਕ ਭੂਪਤ ਹੁਤੋ ਬਿਸਾਲਾ ॥੭੬॥

ਖ਼ੁਦਾ ਨੂੰ ਮਿਲਣ ਦਾ ਉਸਭੇਦ ਸਮਝਾ ਦਿੱਤਾ ਅਤੇ ਆਪ ਕਿਸੇ ਹੋਰ ਥਾਂ ਚਲੇ ਗਿਆ। ਇਸ ਤਰ੍ਹਾਂ ਹੀ ਕਾਫੀ ਸਮਾਂ ਬੀਤ ਗਿਆ। ਓਥੇ ਇਕ ਬਹੁਤ ਵੱਡਾ ਬਾਦਸ਼ਾਹ ਰਹਿੰਦਾ ਸੀ॥ ੭੬॥

ਕਿਸ ਕਾਰਨ ਤਿਹ ਸੁਤ ਮਰਿ ਗਯੋ। ਬਹੁਤ ਸ਼ੋਕ ਮੈਂ ਬਿਹਬਲ ਭਯੋ।
ਤਿਨ ਗਹਿ ਲੀਨ ਫਕੀਰ ਮੁਲਾਨੇ। ਬਹੁਤ ਆਨਿ ਕਰਿ ਕੈਦ ਕਰਾਨੇ ॥੭੭॥

ਕਿਸੇ ਕਾਰਨ ਉਸ ਬਾਦਸ਼ਾਹ ਦਾ ਪੁੱਤਰ ਮਰ ਗਿਆ। ਦੁਖ ਨਾਲ ਉਹ ਬਹੁਤ ਵਿਆਕੁਲ ਹੋ ਗਿਆ। ਉਸ ਸਾਰੇ ਫਕੀਰ ਮੁਲਾਨੇ ਫੜ ਲਏ ਅਤੇ ਸਾਰੇ ਲਿਆ ਕੇ ਕੈਦ ਕਰ ਲਏ॥ ੭੭॥

ਸਭਿ ਸੌਂ ਇਸ ਬਿਧਿ ਬਾਕ ਬੁਗੋਵਾ। 'ਪੁਰਾ ਪਿਕੰਬਰ ਈਸਾ ਹੋਵਾ।
ਤਿਨ ਕਿਤਾਬ ਮੈਂ ਲਿਖਯੋ ਬਨਾਈ। ਸੋ ਮੈਂ ਤੁਮ ਸੌਂ ਦੇਉ ਸੁਨਾਈ ॥੭੮॥

ਉਸਨੇ ਸਾਰਿਆਂ ਨੂੰ ਇਸ ਤਰ੍ਹਾਂ ਕਿਹਾ, ''ਸਭ ਤੋਂ ਪਹਿਲਾਂ ਪੈਗੰਬਰ ਈਸਾ ਹੋਇਆ ਹੈ। ਉਸ ਕਿਤਾਬ ਵਿਚ ਸਵਾਰ ਕੇ ਲਿਖਿਆ ਹੈ, ਉਹ ਮੈਂ ਤੁਹਾਨੂੰ ਹੁਣ ਸੁਣਾ ਦਿੰਦਾ ਹਾਂ॥ ੭੮॥

ਦੋਹਰਾ-ਮੈਂ ਮੁਰਦਾ ਜ਼ਿੰਦਾ ਕਰੌਂ ਹੁਕਮ ਖ਼ੁਦਾ ਕੇ ਸਾਥ।
ਹੋਇੰ ਅਗਾਰੀ ਜਗਤ ਮਹਿਂ ਐਸੇ ਸੁਨਿ ਤਿਨ ਗਾਥ॥ ੭੯॥

ਮੈਂ ਖੁਦਾ ਦੇ ਹੁਕਮ ਨਾਲ ਮੁਰਦੇ ਨੂੰ ਵੀ ਜ਼ਿੰਦਾ ਕਰ ਸਕਦਾ ਹਾਂ। ਅੱਗੇ ਵੀ ਜਗਤ ਵਿਚ ਇਸ ਤਰ੍ਹਾਂ ਹੋਵੇਗਾ, ਅੱਗੇ ਹੋਣ ਵਾਲਿਆਂ ਦੀ ਗੱਲ ਸੁਣੋ॥ ੭੯॥

ਚੌਪਈ- ਅਪਨੋ ਜਬਹੀ ਹੁਕਮ ਉਚਰਿਹੀਂ। ਮੁਰਦੇ ਕਉ ਜ਼ਿੰਦਾ ਸੋ ਕਰਿਹੀਂ।
ਇਉਂ ਲਿਖਿ ਗਯੋ ਪਿਕੰਬਰ ਥਾਰੋ। ਨੀਕੇ ਹਿਰਦੇ ਬਿਖੈ ਬਿਚਾਰੋ॥ ੮੦॥

ਜਦ ਉਹ ਆਪਣਾ ਹੁਕਮ ਕਰੇਗਾ ਤਾਂ ਮੁਰਦੇ ਨੂੰ ਜ਼ਿੰਦਾ ਕਰ ਲਵੇਗਾ। ਇਸ ਤਰ੍ਹਾਂ ਤੁਹਾਡਾ ਪੈਗੰਬਰ ਲਿਖ ਗਿਆ ਹੈ। ਚੰਗੇ ਹਿਰਦੇ ਨਾਲ ਇਸ ਬਾਰੇ ਵਿਚਾਰ ਕਰੋ॥ ੮੦॥

ਮੇਰੋ ਸੁਤ ਮਰਿ ਗਯੋ ਦੁਖ ਪਾਇ। ਤਾਂਕੋ ਅਬ ਤੁਮ ਦੇਹੁ ਜਿਵਾਇ।
ਨਤੁ ਭਾਖੋ ਮਿਲਕੈ ਸਭਿ ਲੋਗਾ। ਲਿਖਯੋ ਪਿਕੰਬਰ ਇਹੈ ਦਰੋਗਾ'॥ ੮੧॥

ਮੇਰਾ ਪੁੱਤਰ ਦੁੱਖ ਪਾ ਕੇ ਮਰ ਗਿਆ ਹੈ, ਉਸ ਨੂੰ ਹੁਣ ਤੁਸੀਂ ਜ਼ਿੰਦਾ ਕਰੋ। ਤੁਸੀਂ ਸਾਰੇ ਪੈਗੰਬਰਾਂ ਤੇ ਈਮਾਨ ਰੱਖਣ ਵਾਲੇ ਹੋ ਜਾਂ ਤਾਂ ਮੇਰਾ ਪੁੱਤਰ ਜੀਉਂਦਾ ਕਰੋ ਨਹੀਂ ਤਾਂ ਤੁਹਾਡਾ ਪੈਗੰਬਰ ਇਹ ਝੂਠ ਲਿਖ ਗਿਆ ਹੈ'॥ ੮੧॥

ਇਸ ਬਿਧਿ ਭੂਪਤ ਕੀ ਸੁਨਿ ਬਾਨੀ। ਚਿੰਤਮਾਨ ਭੇ ਕਿਨਹੂੰ ਨ ਮਾਨੀ।
ਬੈਠੇ ਸਭਿ ਹੀ ਕੈਦ ਮਝਾਰੀ। ਛੁਟਨ ਉਪਾਇ ਨ ਪਾਇੰ ਬਿਚਾਰੀ॥ ੮੨॥

ਬਾਦਸ਼ਾਹ ਦੀ ਇਸ ਤਰ੍ਹਾਂ ਦੀ ਗੱਲ ਸੁਣ ਕੇ ਸਾਰੇ ਚਿੰਤਾਵਾਨ ਹੋ ਗਏ ਤੇ ਰਾਜੇ ਦੇ ਪੁੱਤਰ ਨੂੰ ਜ਼ਿੰਦਾ ਕਰਨਾ ਕੋਈ ਵੀ ਨਾ ਮੰਨਿਆ। ਸਾਰੇ ਕੈਦ ਵਿਚ ਬੈਠੇ ਸਨ ਤੇ ਛੁਟਕਾਰੇ ਦਾ ਕੋਈ ਵੀ ਉਪਾਅ ਸੁਝਦਾ ਨਹੀ ਸੀ॥ ੮੨॥

ਤਿਹ ਠਾਂ ਆਪ ਸ਼ਮਸ ਚਲਿ ਗਯੋ। ਕੈਦਿਨਿ ਕੋ ਬੂਝਤਿ ਅਸ ਭਯੋ।
'ਬੈਠੇ ਕਿਉਂ ਚਿੰਤਾਤੁਰ ਹੋਈ?। ਬਿਗਰਯੋ ਤੁਮਰੋ ਕਾਰਜ ਕੋਈ?'॥੮੩॥

ਉਸ ਥਾਂ ਸ਼ਮਸ ਆਪ ਚਲ ਕੇ ਗਿਆ। ਕੈਦੀਆਂ ਨੂੰ ਜਾ ਕੇ ਇਸ ਤਰ੍ਹਾਂ ਪੁੱਛਣ ਲੱਗਾ, "ਏਨੇ ਚਿੰਤਾਤਰ ਹੋ ਕੇ ਕਿਉਂ ਬੈਠੇ ਹੋ, ਤੁਹਾਡਾ ਕੋਈ ਕੰਮ ਵਿਗੜ ਗਿਆ ਹੈ ?॥ ੮੩॥

ਸਭਿ ਨੈ ਸੁਨਿ ਅਸ ਗਿਰਾ ਉਚਾਰੀ। 'ਨ੍ਰਿਪ ਕਹਿ, ਮੁਰਦਾ ਦੇਹੁ ਜਿਵਾਰੀ।
ਗਹਿਕੇ ਰਾਖੇ ਕੈਦ ਮਝਾਰੀ। ਐਸੀ ਸ਼ਕਤਿ ਨ ਕਿਸ ਮਹਿਂ ਭਾਰੀ'॥੮੪॥

ਸਾਰਿਆਂ ਨੇ ਸੁਣ ਕੇ ਇਸ ਤਰ੍ਹਾਂ ਕਿਹਾ, "ਬਾਦਸ਼ਾਹ ਕਹਿੰਦਾ ਹੈ ਕਿ ਮੁਰਦਾ ਜੀਵਤ ਕਰ ਦੇਵੋ। ਫੜ ਕੇ ਸਾਨੂੰ ਕੈਦ ਕਰ ਲਿਆ ਹੈ, ਅਜੇਹੀ ਭਾਰੀ ਸ਼ਕਤੀ ਕਿਸੇ ਵਿਚ ਵੀ ਨਹੀਂ ਹੈ॥ ੮੪॥

ਸ਼ਮਸ ਕਹੈ 'ਮੈਂ ਦੇਉਂ ਜਿਵਾਇ। ਤੁਮ ਮੁਝ ਕੋ ਹੋਵਹੁ ਦੁਖਦਾਇ'।
ਕਰ ਜੋਰੇ ਸੁਨਿਕੈ ਯੌਂ ਸਭਿ ਹੀ। 'ਤੁਮ ਕੋ ਹਮ ਦੁਖ ਦੇਹਿਂ ਨ ਕਬਿਹੀ॥੮੫॥

ਸ਼ਮਸ ਨੇ ਕਿਹਾ, "ਮੈਂ ਮੁਰਦੇ ਨੂੰ ਜੀਵਤ ਕਰ ਦਿੰਦਾ ਹਾਂ, ਪਰ ਤੁਸੀਂ ਲੋਕ ਮੈਨੂੰ ਬਹੁਤ ਦੁਖ ਦਿੰਦੇ ਹੋ।" ਸਾਰੇ ਇਹ ਸੁਣ ਕੇ ਹੱਥ ਜੋੜ ਕੇ ਬੋਲੇ, "ਤੈਨੂੰ ਅਸੀਂ ਕਦੀ ਵੀ ਦੁੱਖ ਨਹੀਂ ਦੇਵਾਂਗੇ॥ ੮੫॥

ਇਸੇ ਜਿਵਾਇ ਛੁਟਾਵਹੁ ਸਾਰੇ। ਮਿਲਿਕੈ ਬੰਦਹਿਂ ਪਾਇ ਤੁਮਾਰੇ'।
ਤਬ ਚਲਿ ਸ਼ਮਸ ਗਯੋ ਤਿਹ ਥਾਈਂ। ਜਾਇ ਠਾਂਢਿ ਹੁਇ ਗਿਰਾ ਅਲਾਈ॥੮੬॥

ਇਸ ਮੁਰਦੇ ਨੂੰ ਜ਼ਿੰਦਾ ਕਰਕੇ ਸਾਰਿਆਂ ਨੂੰ ਛੁਡਵਾ ਦੇਵੋ। ਸਾਰੇ ਮਿਲ ਕੇ ਤੁਹਾਡੇ ਪੈਰਾਂ ਤੇ ਬੰਦਨਾ ਕਰਦੇ ਹਾਂ।" ਫਿਰ ਸ਼ਮਸ ਚਲ ਕੇ ਬਾਦਸ਼ਾਹ ਪਾਸ ਗਿਆ ਜਿਥੇ ਉਸ ਦਾ ਲੜਕਾ ਮੁਰਦਾ ਰੂਪ ਵਿਚ ਪਿਆ ਸੀ। ਉਹ ਖੜ੍ਹਾ ਹੋ ਕੇ ਬੋਲਿਆ॥ ੮੬॥

'ਮੇਰੇ ਹੁਕਮ ਸਾਥ ਉਠ ਜੀਵਹੁ ਬਿਚਰਹੁ ਪੂਰਬ ਜਜੋਂ ਅਬ ਥੀਵਹੁ'।
ਤਿਹ ਛਿਨ ਤਹਾਂ ਜੁ ਮਿਰਤਕ ਪਰਿਓ। ਉਠਿ ਬੈਠ੍ਯੋ, ਨ੍ਰਿਪ ਦੁਖ ਪਰਿਹਰਿਓ ॥੮੭ ॥

"ਮੇਰੇ ਹੁਕਮ ਨਾਲ ਉੱਠ ਕੇ ਜੀਵੇ ਤੇ ਪਹਿਲਾਂ ਵਾਂਗ ਵਿਚਰੇ ਅਤੇ ਕਾਰੋਬਾਰ ਕਰੇ। ਉਸ ਵੇਲੇ ਓਥੇ ਜਿਹੜਾ ਮੁਰਦਾ ਪਿਆ ਸੀ ਉੱਠ ਕੇ ਬੈਠ ਗਿਆ ਤੇ ਬਾਦਸ਼ਾਹ ਦਾ ਦੁੱਖ ਦੂਰ ਹੋ ਗਿਆ॥ ੮੭॥

ਹਿਰਦੇ ਭਾ ਅਨੰਦ ਸਭਿ ਤਾਈਂ। ਕਰੇ ਕੈਦ ਜੇ ਦੀਨ ਛੁਡਾਈ।
ਭਏ ਮੁਲਾਨੇ ਸਭਿ ਇਕ ਥਾਈਂ। ਕਹਿਨ ਲਗੇ 'ਇਨ ਕੀਨਿ ਖੁਟਾਈ ॥੮੮ ॥

ਸਾਰਿਆਂ ਦੇ ਹਿਰਦੇ ਅਨੰਦਮਈ ਹੋ ਗਏ, ਜਿਹੜੇ ਕੈਦ ਕੀਤੇ ਸਨ ਉਹ ਸਾਰੇ ਛੁੱਡਵਾ ਲਏ। ਫਿਰ ਸਾਰੇ ਮੁਲਾਨੇ ਇਕ ਥਾਂ ਇਕੱਠੇ ਹੋਏ ਤੇ ਕਹਿਣ ਲੱਗੇ, "ਇਸ ਬੜਾ ਖੋਟਾ ਕਰਮ ਕੀਤਾ ਹੈ॥ ੮੮॥

ਸ਼ਰਾ ਬਿਖੈ ਰਖਨਾ ਇਨ ਗੇਰਾ। ਕਹਜੋ ਜੀਵ ਭਾ ਹੁਕਮ ਜੁ ਮੇਰਾ।
ਨਹੀਂ ਖੁਦਾਇ ਨਾਮ ਕੋ ਲੀਨੋ। ਇਸੀ ਬਾਤ ਇਨ ਕੀਨ ਮਲੀਨੋ ॥੮੯ ॥

ਸ਼ਰ੍ਹਾ ਵਿਚ ਇਸ ਇਕ ਨੁਕਸ ਪਾ ਦਿੱਤਾ ਹੈ ਭਾਵ ਇਹ ਸ਼ਰ੍ਹਾ ਵਿਰੁੱਧ ਬੋਲਿਆ ਹੈ। ਇਸ ਨੇ ਖ਼ੁਦਾ ਦਾ ਨਾਂ ਨਹੀਂ ਲਿਆ ਹੈ, ਇਹ ਗੱਲ ਇਸ ਬਹੁਤ ਮਾੜੀ ਕੀਤੀ ਹੈ॥ ੮੯॥

ਨਹੀਂ ਮਜ਼ਬ ਹਮਰੇ ਮੈਂ ਭਾਈ। ਯਾਂ ਤੇ ਚਹੀਅਤ ਦਈ ਸਜ਼ਾਈ'।
ਸਭਿ ਮਿਲਿ ਸ਼ਮਸ ਲੀਨ ਗਹਿ ਤਬਹੀ। ਕਹਿਤਿ ਜੁ ਥੇ ਦੁਖ ਦੇਹਿਂ ਨ ਕਬਹੀ ॥੯੦ ॥

ਹੇ ਭਰਾਵੋ ! ਇਹ ਸਾਡੇ ਮਜ਼੍ਹਬ ਵਿਚ ਨਹੀਂ ਹੈ, ਇਸ ਨੂੰ ਸਜ਼ਾ ਦੇਣੀ ਚਾਹੀਦੀ ਹੈ" ਸਾਰਿਆਂ ਨੇ ਮਿਲ ਕੇ ਸ਼ਮਸ ਨੂੰ ਫੜ ਲਿਆ, ਜਿਹੜੇ ਪਹਿਲਾਂ ਕਹਿੰਦੇ ਸਨ ਕਿ ਉਹ ਉਸ ਨੂੰ ਕਦੇ ਵੀ ਦੁੱਖ ਨਹੀਂ ਦੇਣਗੇ॥ ੯੦॥

ਤਬਹ ਸ਼ਮਸ ਨੇ ਗਿਰਾ ਅਲਾਈ। 'ਕਜਾ ਸਜ਼ਾਇ ਤੁਮ ਦਿਹੁ ਮੁਝ ਤਾਈਂ।
ਜੋ ਹੈ ਮਨ ਮੈਂ ਸੋ ਕਰਿ ਲੀਜੈ। ਹੋ ਝੂਠੇ ਨਿਜ ਰਿਦੇ ਲਖੀਜੈ' ॥ ੯੧ ॥

ਤਦ ਸ਼ਮਸ ਨੇ ਕਿਹਾ, "ਤੁਸੀਂ ਮੈਨੂੰ ਕਿਹੜੀ ਸਜ਼ਾ ਦੇਣੀ ਚਾਹੁੰਦੇ ਹੋ? ਜੋ ਤੁਹਾਡੇ ਮਨ ਵਿਚ ਹੈ ਉਹ ਹੀ ਕਰ ਲਵੋ। ਆਪਣੇ ਹਿਰਦਿਆਂ ਵਿਚ ਝਾਕ ਕੇ ਵੇਖੋ ਤੁਸੀਂ ਝੂਠੇ ਹੋ" ॥ ੯੧॥

ਕਹਿਤਿ ਮੁਲਾਨੇ ਸ਼ਰਾ ਮਝਾਰੀ। ਖਾਲ ਉਤਾਰਨ ਉਚਿਤ ਤੁਮਾਰੀ।
ਅਪਨ ਹੁਕਮ ਸੋਂ ਮੁਰਦਾ ਜ਼ਿੰਦਾ। ਕਰਿਓ ਤੈਂ ਤਾਤੇ ਤੁਝ ਨਿੰਦਾ' ॥੯੨ ॥

ਮੁਲਾਨਿਆਂ ਨੇ ਕਿਹਾ, "ਸਾਡੀ ਸ਼ਰ੍ਹਾ ਅਨੁਸਾਰ ਤੁਹਾਡੀ ਖੱਲ ਉਤਾਰਨੀ ਉਚਿਤ ਹੈ, ਕਿਉਂਕਿ "ਤੁਸੀਂ ਆਪਣੇ ਹੁਕਮ ਨਾਲ ਮੁਰਦਾ ਜ਼ਿੰਦਾ ਕੀਤਾ ਹੈ, ਇਸ ਕਰਕੇ ਤੂੰ ਨਿੰਦਣਯੋਗ ਕੰਮ ਕੀਤਾ ਹੈ॥ ੯੨॥

ਅਸ ਕਹਿ ਲੀਨੀ ਖਾਲ ਉਤਾਰੀ। ਦਯੋ ਛੋਰਿ ਬਹਿ ਸ਼੍ਰੋਣਾ ਧਾਰੀ।
ਭਯੋ ਕੁਰੂਪ ਭਯਾਨਕ ਭਾਰੀ। ਪੂੰ ਪਰਿਗੀ ਸਭਿ ਅੰਗ ਮਝਾਰੀ ॥ ੯੩ ॥

ਇਹ ਕਹਿ ਕੇ ਉਸ ਦੀ ਖੱਲ ਲਾਹ ਲਈ, ਲਹੂ ਲੁਹਾਨ ਬੈਠੇ ਨੂੰ ਛੱਡ ਦਿੱਤਾ। ਉਸ ਦਾ ਰੂਪ ਭਿਆਨਕ ਕਰੂਪ ਹੋ ਗਿਆ ਤੇ ਸਾਰੇ ਅੰਗਾਂ ਵਿਚ ਪਾਕ ਪੈ ਗਈ॥ ੯੩॥

ਭਿਨਕਹਿਂ ਮਾਖੀ ਚਹੁੰਦਿਸ਼ ਮਾਂਹੀ। ਕੋ ਸਮੀਪ ਆਵਨ ਦੇ ਨਾਂਹੀ।
ਤਾਂਹਿ ਦੇਸ਼ ਕੋ ਛੋਰਿ ਸਿਧਾਰਾ। ਆਵਤਿ ਭਾ ਮੁਲਤਾਨ ਮਝਾਰਾ ॥ ੯੪ ॥

ਚਾਰੇ ਪਾਸੇ ਮੱਖੀਆਂ ਭਿਣਖ ਰਹੀਆਂ ਸਨ, ਕਿਸੇ ਨੂੰ ਨੇੜੇ ਆਉਣ ਨਹੀਂ ਸੀ ਦਿੰਦੇ। ਸ਼ਮਸ ਉਸ ਦੇਸ਼ ਨੂੰ ਛੱਡ ਕੇ ਮੁਲਤਾਨ ਸ਼ਹਿਰ ਵਿਚ ਆ ਗਿਆ॥ ੯੪॥

ਛੁਧਾ ਬਿਖੈ ਆਤੁਰ ਹ੍ਵੈ ਸੋਊ। ਜਾਚਹਿ ਅੰਨ ਦੇਤਿ ਨਹਿਂ ਕੋਊ।
ਤਬ ਇਕ ਮੀਨ ਮਾਂਗਤੇ ਪਾਈ। ਨਹਿਂ ਭੁਰਜਨ ਦੇਵੈਂ ਕਿਸ ਥਾਈਂ॥ ੯੫॥

ਭੁੱਖ ਨਾਲ ਬਹੁਤ ਆਤਰ ਹੋਇਆ, ਮੰਗਣ ਨਾਲ ਕੋਈ ਅੰਨ ਵੀ ਨਹੀ ਸੀ ਦਿੰਦਾ। ਤਦ ਮੰਗਣ ਨਾਲ ਇਕ ਮਛੀ ਮਿਲੀ, ਉਸ ਮੱਛੀ ਨੂੰ ਕਿਤੇ ਵੀ ਕੋਈ ਭੁੰਨਣ ਨਹੀ ਸੀ ਦਿੰਦਾ॥ ੯੫॥

ਆਇ ਸ਼ਹਿਰ ਬੈਠਯੋ ਇਕ ਥਾਨਾ। ਇਉਂ ਸੂਰਜ ਸੋਂ ਬਚਨ ਬਖਾਨਾ।
'ਸ਼ਮਸ ਨਾਮ ਹੈ ਇਕ ਮਮ ਤੋਰਾ। ਯਾਂਤੇ ਕਾਜ ਕਰਹੁ ਤੁਮ ਮੋਰਾ॥ ੯੬॥

ਸ਼ਹਿਰ ਦੇ ਬਾਹਰ ਆ ਕੇ ਇਕ ਥਾਂ ਬੈਠ ਗਿਆ ਤੇ ਸੂਰਜ ਨੂੰ ਇਸ ਤਰ੍ਹਾਂ ਕਿਹਾ, "ਸ਼ਮਸ (ਸੂਰਜ) ਮੇਰਾ ਨਾਂ ਹੈ ਅਤੇ ਸ਼ਮਸ (ਸੂਰਜ) ਤੇਰਾ ਨਾਂ ਹੈ, ਇਸ ਕਰਕੇ ਮੇਰਾ ਇਹ ਕੰਮ ਕਰੋ॥ ੯੬॥

ਨੀਚੇ ਆਣਿ ਭੁਰਜੀਏ ਮੀਨਾ। ਪੁਨ ਖਾਵੌਂ ਮੈਂ ਛੁਧਾ ਅਧੀਨਾ।
ਤਬ ਸਵਿਤਾ ਨੀਚੇ ਕੋ ਆਯਾ। ਤਪਯੋ, ਤੇਜ ਜਿਹ ਅਧਿਕ ਬਧਾਯਾ॥ ੯੭॥

ਹੇਠਾਂ ਆ ਕੇ ਮੇਰੀ ਮੱਛੀ ਭੁੰਨ ਦੇ, ਫਿਰ ਮੈਂ ਭੁੱਖਾ ਇਸ ਨੂੰ ਖਾਵਾਂਗਾ। ਤਦ ਸੂਰਜ ਥੱਲੇ ਆ ਗਿਆ, ਆਪਣੀ ਗਰਮੀਂ ਦੇ ਤੇਜ਼ ਨੂੰ ਉਸ ਬਹੁਤ ਵਧਾਇਆ॥ ੯੭॥

ਤਪਤ ਲੋਕ ਅਤਿਸ਼ੈ ਅਕੁਲਾਏ। ਮਹਿਮਾ ਲਖੀ ਪਰੇ ਤਬ ਪਾਏ।
ਸਭਿ ਪ੍ਰਕਾਰ ਕੀ ਸੇਵਾ ਠਾਨੀ। ਸੇਵਕ ਭਏ ਕਰਮ ਮਨ ਬਾਨੀ॥ ੯੮॥

ਗਰਮੀ ਨਾਲ ਲੋਕ ਬਹੁਤ ਵਿਆਕੁਲ ਹੋਏ, ਜਦ ਸ਼ਮਸ਼ ਦੀ ਉਨ੍ਹਾਂ ਮਹਿਮਾ ਵੇਖੀ ਤਾਂ ਪੈਰੀਂ ਆ ਪਏ। ਸਭ ਪ੍ਰਕਾਰ ਦੀ ਸੇਵਾ ਕੀਤੀ ਮਨ ਬਾਣੀ ਸਰੀਰ ਕਰਕੇ ਸੇਵਕ ਹੋ ਗਏ॥ ੯੮॥

ਤਬ ਤੇ ਸ਼ਮਸ ਰਹਯੋ ਤਿਹ ਥਾਨਾ। ਸਭਿ ਤੇ ਅਜ਼ਮਤ ਜਾਂਹਿ ਮਹਾਨਾ।
ਇਸ ਪ੍ਰਕਾਰ ਕੋ ਹੁਤੋ ਪ੍ਰਸੰਗਾ। ਜੋ ਭਾਖਯੋ ਬਾਲੇ! ਤੁਝ ਸੰਗਾ॥ ੯੯॥

ਉਸ ਸਮੇਂ ਤੋਂ ਸ਼ਮਸ ਇਸ ਥਾਂ ਰਹਿ ਰਿਹਾ ਹੈ ਸਭ ਨਾਲੋਂ ਜਿਸ ਦੀ ਕਰਾਮਾਤ ਮਹਾਨ ਹੈ। ਇਸ ਪ੍ਰਕਾਰ ਦਾ ਪ੍ਰਸੰਗ ਹੋਇਆ, ਜੋ ਬਾਲੇ ਤੈਨੂੰ ਸੁਣਾਇਆ ਹੈ॥ ੯੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਮੁਲਤਾਨ ਸ਼ਮਸ ਪ੍ਰਸੰਗ ਬਰਨਨੰ ਨਾਮ ਸੈਂਤੀਸਮੋ ਅਧਯਾਯ॥ ੩੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੈਂਤੀਵਾਂ ਅਧਿਆਇ ਜਿਸ ਦਾ ਨਾਮ "ਮੁਲਤਾਨ ਦੇ ਪੀਰ, ਸ਼ਮਸ ਤਬ੍ਰੇਜ਼" ਹੈ, ਸਮਾਪਤ ਹੋਇਆ॥ ੩੭॥

# ਅਧਿਆਇ ਅਠੱਤੀਵਾਂ

*ਸ਼ਹੁ ਸੁਹਾਗਨ, ਖ਼ਾਲ ਗੁੰਦਾਈ, ਮੂਲਾ*

ਦੋਹਰਾ-ਸਤਿਗੁਰ ਸ਼ਬਦ ਸਹਾਇ ਲੇ ਨਾਮ ਜਪਨ ਹਥਿਆਰ।
ਮਨ ਰਿਪੁ ਜੀਤੈਂ ਮਨੁਜ ਜੇ ਦ੍ਵੈ ਲੋਕਨ ਸੁਖ ਸਾਰ॥ ੧॥

ਜੋ ਮਨੁੱਖ ਸਤਿਗੁਰਾਂ ਦੇ ਉਪਦੇਸ਼ ਦੀ ਸਹਾਇਤਾ ਲੈ ਕੇ 'ਨਾਮ ਜਪਣ' ਰੂਪੀ ਹਥਿਆਰ ਨਾਲ ਮਨ ਰੂਪੀ ਵੈਰੀ ਨੂੰ ਜਿੱਤ ਲੈਂਦੇ ਹਨ ਉਹ ਦੋਹਾਂ ਲੋਕਾਂ ਦੇ ਸੁਖ ਸਾਰ ਨੂੰ ਪਾ ਲੈਂਦੇ ਹਨ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸੁਨੋ ਕਥਾ ਪੁਨ ਫੇਰੂ ਨੰਦਨ!। ਮਾਰਗ ਚਲਤ ਜੋ ਕਲੁਖ ਨਿਕੰਦਨ।
ਸ਼ਮਸ ਕਹਾਣੀ ਸਰਬ ਸੁਨਾਈ। ਗਮਨਤਿ ਪਹੁੰਚਤਿ ਭੇ ਇਕ ਜਾਈ॥੨॥

*ਭਾਈ ਬਾਲੇ ਨੇ ਕਿਹਾ-* ਹੇ ਬਾਬਾ ਫੇਰੂ ਜੀ ਦੇ ਪੁੱਤਰ, ਸ੍ਰੀ ਗੁਰੂ ਅੰਗਦ ਦੇਵ ਜੀ ! ਗੁਰ ਕਥਾ ਸੁਣੋ, ਗੁਰੂ ਜੀ ਰਸਤੇ ਰਸਤੇ ਚਲ ਪਏ। ਸ਼ਮਸ ਦੀ ਸਾਰੀ ਕਹਾਣੀ ਸੁਣਾਈ, ਚਲਦੇ ਚਲਦੇ ਇਕ ਥਾਂ ਜਾ ਕੇ ਪਹੁੰਚੇ॥ ੨॥

ਜਹਿਂ ਫਕੀਰ ਕੋ ਲੁਟ ਗਯੋ ਮੇਲਾ। ਨਿੰਦਾ ਪ੍ਰਗਟੀ ਭਯੋ ਦੁਹੇਲਾ।
ਗਯੋ ਪਖੰਡ ਉਘਰ ਸਭਿ ਪਾਜਾ। ਲੋਕਨ ਬਿਖੈ ਅਧਿਕ ਸੋ ਲਾਜਾ॥੩॥

ਜਿਥੇ ਇਕ ਸ਼ਹੁ ਸੁਹਾਗਣ ਨਾਮੀ ਫਕੀਰ ਦੇ ਸਥਾਨ ਤੇ ਮੇਲੇ ਵਿਚ ਲੁਟ ਪੈ ਗਈ ਸੀ ਅਤੇ ਮੇਲਾ ਲਗਣੋਂ ਹੱਟ ਗਿਆ ਸੀ। ਉਸ ਦੀ ਬਹੁਤ ਨਿੰਦਾ ਹੋਈ ਸੀ ਤੇ ਉਹ ਫਕੀਰ ਬਹੁਤ ਦੁਖੀ ਹੋਇਆ ਸੀ। ਉਸ ਦੇ ਪਖੰਡ ਦਾ ਪਾਜ ਉੱਘੜ ਗਿਆ ਸੀ। ਲੋਕਾਂ ਵਿਚ ਉਹ ਬਹੁਤ ਸ਼ਰਮਿੰਦਾ ਹੋਇਆ ਸੀ॥ ੩॥

ਤਿਹ ਕੋ ਕਰਨ ਕ੍ਰਿਤਾਰਥ ਫੇਰਾ। ਗਏ ਗੁਰੂ ਸੋ ਦੁਖੀਆ ਹੇਰਾ।
ਤਿਸੀ ਤੀਅ ਕੈ ਕੀਨੋ ਡੇਰਾ। ਜਾਵਤਿ ਕੀਨੋ ਜਹਾਂ ਬਸੇਰਾ॥ ੪॥

ਉਸ ਦਾ ਮੁੜ ਕੇ ਕ੍ਰਿਤਾਰਥ ਕਰਨ ਵਾਸਤੇ, ਗੁਰੂ ਜੀ ਉਥੇ ਗਏ, ਉਸ ਫਕੀਰ ਨੂੰ ਉਨ੍ਹਾਂ ਨੇ ਬੜੀ ਦੁੱਖੀ ਹਾਲਤ ਵਿਚ ਵੇਖਿਆ। ਗੁਰੂ ਜੀ ਨੇ ਉਸ ਇਸਤਰੀ ਦੇ ਘਰ ਡੇਰਾ ਕੀਤਾ ਜਿਥੇ ਜਾਂਦੇ ਹੋਏ ਉਹ ਪਹਿਲਾਂ ਠਹਿਰੇ ਸਨ॥ ੪॥

ਚੰਦਰਾਤਿ ਪੁਨ ਤਾਂ ਦਿਨ ਸੋਈ। ਮੇਲਾ ਤਾਂ ਕੇ ਭਯੋ ਨ ਕੋਈ।
ਅਸ ਪਿਖਿ ਉਪ ਜੀ ਕਰੁਨਾ ਭਾਰੀ। ਬੂਝਨ ਕੀਨ ਬ੍ਰਿਥਾ ਸੋ ਨਾਰੀ॥੫॥

ਚੰਦਰਮਾ ਦੇ ਮਹੀਨੇ ਦੀ ਦੂਜ ਦੀ ਰਾਤ ਵਾਲਾ ਉਹੀ ਦਿਨ ਸੀ। ਉਸ ਦਿਨ ਉਸ ਥਾਂ ਕੋਈ ਮੇਲਾ ਨਾ ਲੱਗਾ। ਇਹ ਵੇਖ ਕੇ ਗੁਰੂ ਜੀ ਨੂੰ ਬੜੀ ਦਇਆ ਆਈ। ਉਹ ਉਸ ਔਰਤ ਪਾਸੋਂ ਪੁੱਛਣ ਲੱਗੇ॥ ੫॥

ਦੋਹਰਾ-'ਸ਼ਹੁ ਸੋਹਾਗਣ ਜਹਿਂ ਹੁਤੇ ਮੇਲਾ ਭਯੋ ਨ ਤਾਂਹਿ।
ਰਹਤਿ ਇਹਾਂ ਕੈਧੋਂ ਨਹੀਂ? ਮਾਨਵ ਮਾਨਹਿਂ ਜਾਂਹਿ'॥ ੬॥

''ਸ਼ਹੁ ਸੁਹਾਗਣ ਨਾਮੀ ਫਕੀਰ ਜਿਥੇ ਰਹਿੰਦਾ ਸੀ ਓਥੇ ਮੇਲਾ ਲਗਿਆ ਕਰਦਾ ਸੀ, ਹੁਣ ਏਥੇ ਮੇਲਾ ਕਿਉਂ ਨਹੀਂ ਲੱਗਾ ਹੈ ? ਸ਼ਹੁ ਸੁਹਾਗਣ ਹੁਣ ਏਥੇ ਰਹਿੰਦਾ ਹੈ ਕਿ ਨਹੀਂ ? ਮਨੁੱਖ ਉਸਦੀ ਬੜੀ ਮਾਨਤਾ ਕਰਦੇ ਸਨ''॥ ੬॥

ਚੌਪਈ- ਤੀਜ ਕਹੈ 'ਤਿਹ ਝੂਠ ਸਮਾਜਾ। ਉਘਰ ਗਯੋ ਜੋ ਕੀਨੋ ਪਾਜਾ।

ਸੇਮਰ ਫਲ ਜਿਮ ਤਾਂਹਿ ਬਨਾਉ। ਪਾਕੇ ਤੇ ਸੋ ਤੂਲ ਉਡਾਉ' ॥ ੭ ॥

ਇਸਤਰੀ ਨੇ ਕਿਹਾ, "ਲੋਕਾਂ ਵਿਚ ਝੂਠਾ ਹੋ ਗਿਆ ਸੀ, ਜਿਹੜਾ ਪਖੰਡ ਕਰਦਾ ਸੀ, ਉਹ ਜ਼ਾਹਰ ਹੋ ਗਿਆ ਸੀ। ਸਿੰਬਲ ਦੇ ਫਲ ਵਰਗੀ ਜਿਸ ਦੀ ਬਨਾਵਟ ਸੀ, ਫਲ ਦੇ ਫਟਣ ਨਾਲ ਉਸ ਦੀ ਰੂਈ ਬਾਹਰ ਨਿਕਲ ਕੇ ਉੱਡ ਗਈ" ॥ ੭ ॥

ਅਸ ਸੁਨਿਕੈ ਬੇਦੀ ਕੁਲਕੇਤਾ। ਬੈਠੇ ਤਹਿਂ ਤਿਯ ਵਹਿਰ ਨਿਕੇਤਾ।
ਲੂਲਾ ਕਰ ਪਗ ਤੇ ਤਿਹ ਕਾਲਾ। ਆਯੋ ਇਕ ਅਵਲੋਕ ਦਯਾਲਾ ॥ ੮ ॥

ਇਹ ਸੁਣ ਕੇ ਗੁਰੂ ਜੀ ਇਸਤਰੀ ਦੇ ਘਰ ਦੇ ਬਾਹਰ ਬੈਠ ਗਏ, ਉਸ ਸਮੇਂ ਇਕ ਹੱਥਾਂ ਪੈਰਾਂ ਤੋਂ ਲੁੰਝਾ ਆਦਮੀ ਗੁਰੂ ਜੀ ਨੂੰ ਵੇਖ ਕੇ ਓਥੇ ਆਇਆ ॥ ੮ ॥

ਦਰਸ਼ਨ ਦਰਸੇ ਭੇ ਪਦ ਪਾਨਾ। ਅਤਿ ਸੁੰਦਰ ਹੋਯੋ ਸਵਧਾਨਾ।
ਹਾਥ ਬੰਦਿ ਸੋ ਖਰਾ ਅਗਾਰੀ। ਹੋਇ ਦੀਨ ਮੁਖ ਗਿਰਾ ਉਚਾਰੀ ॥ ੯ ॥

ਦਰਸ਼ਨ ਕਰਕੇ ਚਰਨ ਬੰਦਨਾ ਕੀਤੀ। ਉਸੇ ਵੇਲੇ ਉਸ ਦੇ ਹੱਥ ਪੈਰ ਠੀਕ ਹੋ ਗਏ ਤੇ ਅਤਿ ਸੁੰਦਰ ਤੇ ਤੰਦਰੁਸਤ ਹੋ ਗਿਆ। ਹੱਥ ਜੋੜ ਕੇ ਗੁਰੂ ਜੀ ਅੱਗੇ ਖੜਾ ਹੋ ਗਿਆ, ਦੀਨ ਹੋ ਕੇ ਮੁੱਖ ਤੋਂ ਬੋਲਿਆ ॥ ੯ ॥

'ਰਾਵਰ ਕੇ ਦਰਸ਼ਨ ਤਨ ਮੇਰਾ। ਭਾ ਅਰੋਗ ਦੁਖ ਕਟਯੋ ਘਨੇਰਾ।
ਮੋ ਤੇ ਸੰਗ ਨ ਛੋਡਯੋ ਜਾਈ। ਰਾਖਹੁ ਅਬਿ ਅਪਨੀ ਸ਼ਰਨਾਈ' ॥੧੦ ॥

"ਆਪ ਜੀ ਦੇ ਦਰਸ਼ਨ ਕਰਨ ਨਾਲ ਮੇਰਾ ਤਨ ਅਰੋਗ ਹੋ ਗਿਆ ਹੈ ਅਤੇ ਵੱਡਾ ਦੁੱਖ ਕੱਟਿਆ ਗਿਆ ਹੈ, ਮੈਥੋਂ ਹੁਣ ਤੁਹਾਡਾ ਸਾਥ ਨਹੀਂ ਛੱਡਿਆ ਜਾਂਦਾ, ਹੁਣ ਮੈਨੂੰ ਆਪਣੀ ਸ਼ਰਨ ਵਿਚ ਰੱਖੋ" ॥ ੧੦ ॥

ਸੁਨਿ ਮੁਸਕਾਨੈ ਕ੍ਰਿਪਾ ਨਿਧਾਨਾ। ਤਿਹ ਸੋਂ ਇਸ ਬਿਧਿ ਬਚਨ ਬਖਾਨਾ।
'ਨਗਰ ਬਿਖੈ ਬੂਝੇ ਜੇ ਕੋਊ। ਕਿਸ ਬਿਧਿ ਤੇਰੇ ਕਰ ਪਗ ਹੋਊ? ॥੧੧ ॥

ਕਿਰਪਾ ਨਿਧਾਨ ਗੁਰੂ ਜੀ ਇਹ ਸੁਣ ਕੇ ਮੁਸਕਰਾਏ, ਉਸ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਕਿਹਾ, "ਨਗਰ ਵਿਚ ਜੇ ਤੈਨੂੰ ਕੋਈ ਪੁਛੇ ਕਿ ਕਿਸ ਤਰ੍ਹਾਂ ਤੇਰੇ ਹੱਥ ਪੈਰ ਠੀਕ ਹੋ ਗਏ ਹਨ ? ॥ ੧੧ ॥

ਕਹੀਐ ਸ਼ਹੁ ਸੋਹਾਗਣ ਦੀਨਾ। ਲੂਲੇ ਤੇ ਕਰ ਪਗ ਸੁਭ ਕੀਨਾ'।
ਆਇਸੁ ਮਾਨਿ ਗੁਰੂ ਕੀ ਸੋਊ। ਗਯੋ ਨਗਰ, ਬੂਝੈ ਜੇ ਕੋਊ ॥ ੧੨ ॥

ਇਹ ਕਹਿਣਾ ਕਿ ਹੱਥ ਪੈਰ ਮੈਨੂੰ ਸ਼ਹੁ ਸੁਹਾਗਣ ਨੇ ਦਿੱਤੇ ਹਨ, ਲੂਲੇ ਲੰਗੜੇ ਤੋਂ ਹੱਥ ਪੈਰ ਚੰਗੇ ਕੀਤੇ ਹਨ।" ਗੁਰੂ ਜੀ ਦੀ ਆਗਿਆ ਮੰਨ ਕੇ ਨਗਰ ਵਿਚ ਚਲਾ ਗਿਆ ਤੇ ਜਦ ਕੋਈ ਪੁੱਛਦਾ ਸੀ ॥ ੧੨ ॥

'ਲੂਲੇ ਤੈਂ ਕਰ ਪਗ ਕਿਤ ਪਾਏ?।' ਸੋ ਸੁਨਿ ਤਾਂਕੋ ਦੇਤਿ ਬਤਾਏ।
'ਸ਼ਹੁ ਸੋਹਾਗਣਿ ਕਰੁਣਾ ਕੀਨੀ। ਦੇਹਿ ਅਰੋਗ ਤੁਰਤ ਕਰਿ ਦੀਨੀ' ॥੧੩ ॥

"ਲੂਲੇ ਤੂੰ ਹੱਥ ਪੈਰ ਕਿਥੋਂ ਪਾਏ ਹਨ ?" ਤਾਂ ਉਹ ਸੁਣ ਕੇ ਇਹ ਕਹਿ ਦਿੰਦਾ ਸੀ, "ਸ਼ਹੁ ਸੁਹਾਗਣ ਨੇ ਮਿਹਰ ਕੀਤੀ ਹੈ, ਮੇਰੀ ਦੇਹੀ ਨੂੰ ਤੁਰੰਤ ਅਰੋਗ ਕਰ ਦਿੱਤਾ ਹੈ" ॥ ੧੩ ॥

ਸੁਨਿਕੈ ਲੋਕਨ ਅਚਰਜ ਮਾਨਾ। ਸਗਲੇ ਪੁਰਿ ਤਿਨ ਕੀਨ ਪਯਾਨਾ।
ਕਹਿਤਿ ਕਹਿਤਿ ਤਿਹ ਕੇ ਢਿਗ ਆਯੋ। ਸ਼ਹੁ ਸੋਹਾਗਣਿ ਜੋਨ ਕਹਾਯੋ ॥੧੪ ॥

ਇਹ ਸੁਣ ਕੇ ਲੋਕਾਂ ਅਸਚਰਜ ਮੰਨਿਆ, ਲੂਲਾ ਸਾਰੇ ਪਿੰਡ ਵਿਚ ਘੁੰਮਿਆ ਫਿਰਿਆ ਅਤੇ ਸਾਰੇ ਪਿੰਡ ਨੂੰ ਆਪਣੇ ਰਾਜ਼ੀ

ਹੋਣ ਬਾਰੇ ਦੱਸਿਆ। ਲੋਕਾਂ ਨੂੰ ਇਸ ਤਰ੍ਹਾਂ ਕਹਿੰਦਾ ਕਹਿੰਦਾ ਲੂਲਾ ਉਸ ਦੇ ਪਾਸ ਆ ਗਿਆ ਜੋ ਸ਼ਹੁ ਸੁਹਾਗਣ ਕਹਾਉਂਦਾ ਸੀ॥ ੧੪॥

ਸੁਨਿ ਕਰਿ ਬੂਝਤਿ 'ਕਿਹ ਥਲ ਸੋਊ?। ਜਾਂਹਿ ਤੋਰ ਦੁਖ ਦੀਨੋ ਖੋਊ'।
ਕਹੈ ਸੁ 'ਚਲੋ ਮੋਰ ਤੁਮ ਸੰਗਾ। ਦਰਸਾਵੋਂ ਜਿਹ ਕਿਯ ਦੁਖ ਭੰਗਾ' ॥੧੫॥

ਲੂਲੇ ਦੀ ਗੱਲ ਸੁਣ ਕੇ ਸ਼ਹੁ ਸੁਹਾਗਣ ਪੁੱਛਣ ਲੱਗਾ, "ਉਹ ਕਿਹੜਾ ਥਾਂ ਹੈ ? ਜਿਥੇ ਤੇਰਾ ਦੁੱਖ ਦੂਰ ਹੋਇਆ ਹੈ" ਲੂਲਾ ਕਹਿਣ ਲੱਗਾ, "ਮੇਰੇ ਨਾਲ ਚਲੋ, ਮੈਂ ਤੁਹਾਨੂੰ ਵਿਖਾਉਂਦਾ ਹਾਂ, ਜਿਸ ਨੇ ਮੇਰਾ ਦੁੱਖ ਦੂਰ ਕੀਤਾ ਹੈ" ॥ ੧੫॥

ਸ਼ਹੁ ਸੋਹਾਗਣ ਅਚਰਜ ਮਾਨਜੋ। ਦਰਸ਼ਨ ਕਰਨੇ ਹੇਤ ਲੁਭਾਨਜੋ।
ਸੰਗਿ ਚਲਜੋ ਸ੍ਰੀ ਗੁਰ ਢਿਗ ਆਏ। ਦ੍ਵੈ ਲੋਚਨ ਮਹਿਂ ਕਰੁਣਾ ਛਾਏ ॥੧੬॥

ਸ਼ਹੁ ਸੁਹਾਗਣ ਬਹੁਤ ਹੈਰਾਨ ਹੋਇਆ, ਦਰਸ਼ਨ ਕਰਨ ਹੇਤ ਮਨ ਲਲਚਾਇਆ। ਲੂਲੇ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਇਆ, ਗੁਰੂ ਜੀ ਦੇ ਦੋਹਾਂ ਨੇਤਰਾਂ ਵਿਚ ਕਿਰਪਾ ਛਾਈ ਹੋਈ ਸੀ॥ ੧੬॥

ਦੋਹਰਾ-ਸ਼ਹੁ ਸੋਹਾਗਣਿ ਦਰਸ ਕਰਿ ਜਾਨੇ ਸੋ ਦਰਵੇਸ਼।
ਦਰ ਪਰ ਮੇਰੇ ਜੁ ਮੁਰੇ ਸੋ ਖੁਦਾਇ ਜਗਤੇਸ਼॥ ੧੭॥

ਸ਼ਹੁ ਸੁਹਾਗਣ ਨੇ ਦਰਸ਼ਨ ਕਰਕੇ ਇਹ ਸਮਝ ਗਿਆ ਕਿ ਇਹ ਤਾਂ ਉਹੋ ਦਰਵੇਸ ਹਨ, ਜਿਹੜੇ ਮੇਰੇ ਦਰਵਾਜ਼ੇ ਤੇ ਆ ਕੇ ਮੁੜ ਗਏ ਸਨ ਅਤੇ ਮੈਂ ਉਨ੍ਹਾਂ ਨੂੰ ਅੰਦਰ ਨਹੀਂ ਸੀ ਲੰਘਣ ਦਿੱਤਾ। ਇਹ ਤਾਂ ਆਪ ਹੀ ਖ਼ੁਦਾ ਤੇ ਜਗਤ ਦੇ ਈਸ਼ਵਰ ਹਨ॥ ੧੭॥

ਚੌਪਈ- ਮੋਰ ਪਖੰਡ ਤਜਾਵਨ ਆਯੋ ਇਸ ਬਿਧਿ ਜਾਨਿ ਚਰਨ ਲਪਟਾਯੋ।
ਦੀਨ ਭਯੋ ਨ ਉਠਾਵਤਿ ਸੀਸਾ। ਕਰਤਿ ਬਿਨੈ 'ਤੁਮ ਹੋ ਜਗਦੀਸ਼ਾ ॥੧੮॥

ਉਹ ਤਾਂ ਮੇਰੇ ਪਖੰਡ ਛੁਡਾਉਣ ਆਏ ਸਨ, ਇਸ ਤਰ੍ਹਾਂ ਜਾਣ ਕੇ ਚਰਨ ਫੜ ਲਏ। ਬਹੁਤ ਦੀਨ ਹੋ ਗਿਆ ਤੇ ਆਪਣਾ ਸੀਸ ਚਰਨਾਂ ਤੋਂ ਨਾ ਚੁਕਿਆ ਅਤੇ ਬੇਨਤੀ ਕੀਤੀ, "ਤੁਸੀਂ ਤਾਂ ਆਪ ਪ੍ਰਭੂ ਹੋ" ॥ ੧੮॥

ਅਫਵਲ ਗੁਨਹਿ ਕਰੋ ਅਬ ਮੇਰਾ। ਹੋ ਸਾਹਿਬ, ਮੈਂ ਰਾਵਰਿ ਚੇਰਾ।
ਹੌਂ ਅਧਮੈਂ ਤੂੰ ਅਧਮ ਉਧਾਰਨ। ਭਾ ਅਵਤਾਰ ਜਗਤ ਕੋ ਤਾਰਨ ॥੧੯॥

ਹੁਣ ਮੇਰਾ ਗੁਨਾਹ ਮੁਆਫ਼ ਕਰੋ, ਤੁਸੀਂ ਮੇਰੇ ਸਾਹਿਬ ਹੋ ਮੈਂ ਤੁਹਾਡਾ ਸੇਵਕ ਹਾਂ। ਮੈਂ ਨੀਚ ਹਾਂ ਤੁਸੀਂ ਨੀਚਾਂ ਨੂੰ ਤਾਰਨਹਾਰੇ ਹੋ। ਜਗਤ ਨੂੰ ਤਾਰਨ ਵਾਸਤੇ ਅਵਤਾਰ ਧਾਰਨ ਕੀਤਾ ਹੈ॥ ੧੯॥

ਆਪ ਛਪਾਇ ਮੁਝੈ ਬਡਿਆਈ। ਤੁਮ ਦੇਵਤਿ ਇਹ ਬਿਰਦ ਸਦਾਈ'।
ਗੁਰੂ ਕਹੈਂ 'ਐਸੇ ਅਬਿ ਜਾਨਹੁ। ਸ਼ਹੁ ਰਵਿਆ ਸਭਿ ਮਾਂਹਿ ਪਛਾਨਹੁ ॥੨੦॥

ਆਪਣੇ ਆਪ ਨੂੰ ਛੁਪਾਇਆ ਹੈ ਅਤੇ ਮੈਨੂੰ ਵਡਿਆਈ ਬਖਸ਼ੀ ਹੈ। ਤੁਹਾਡਾ ਇਹ ਬਿਰਦ ਹੈ ਕਿ ਤੁਸੀਂ ਸਦਾ ਹੀ ਆਪਣੇ ਭਗਤਾਂ ਦੀ ਸਹਾਇਤਾ ਕਰਦੇ ਹੋ।" ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਹੁਣ ਜਾਣੋ, ਸ਼ਹੁ ਰਵਿਆ ਆਪਣੇ ਵਿਚ ਪਛਾਣੋ॥ ੨੦॥

ਦੋਹਰਾ-ਸਭਿ ਕੋ ਦਰਸ਼ਨ ਦੀਜੀਏ ਸਭਿ ਕੋ ਦਰਸ਼ਨ ਲੇਹੁ।
ਸਦਾ ਬੰਦਗੀ ਕੀਜੀਏ ਮਨ ਖੁਦਾਇ ਮੈਂ ਦੇਹੁ'॥ ੨੧॥

ਸਾਰਿਆਂ ਨੂੰ ਦਰਸ਼ਨ ਦੇਵੋ ਅਤੇ ਸਾਰਿਆਂ ਦੇ ਦਰਸ਼ਨ ਕਰੋ, ਸਦਾ ਬੰਦਗੀ ਕਰੋ, ਮਨ ਨੂੰ ਹਰ ਵੇਲੇ ਖ਼ੁਦਾ ਵਿਚ ਲਾਵੋ"॥ ੨੧॥

ਚੌਪਈ- ਮਾਨੇ ਹਿਤ ਸੋਂ ਗੁਰ ਕੇ ਬੈਨਾ। ਸੋ ਬਖਸ਼ਾਇ ਗਯੋ ਨਿਜ ਐਨਾ।
ਭਯੋ ਮੁਰੀਦ ਗੁਰੂ ਕਾ ਸੋਈ। ਨਗਰ ਬਿਖੈ ਮਨਤਾ ਪੁਨ ਹੋਈ॥ ੨੨॥

ਸ਼ਹੁ ਸੁਹਾਗਨ ਨੇ ਬੜੇ ਪਿਆਰ ਨਾਲ ਗੁਰੂ ਜੀ ਦੇ ਬਚਨ ਮੰਨ ਲਏ। ਆਪਣੇ ਆਪ ਨੂੰ ਬਖਸ਼ਾ ਕੇ ਆਪਣੇ ਘਰ ਚਲਾ ਗਿਆ। ਗੁਰੂ ਜੀ ਦਾ ਉਹ ਮੁਰੀਦ ਹੋ ਗਿਆ ਅਤੇ ਨਗਰ ਵਿਚ ਫਿਰ ਉਸ ਦੀ ਬਹੁਤ ਮਾਨਤਾ ਹੋਈ॥ ੨੨॥

ਲੂਲਾ ਕਹਿਤਿ ਭਯੋ ਸਭਿ ਥਾਏਂ। ਸਹੁ ਸੋਹਾਗਣ ਤੇ ਪਗ ਪਾਏ।
ਸਰਬ ਲੋਕ ਤਬ ਨਿਸ਼ਚਾ ਕੀਨੋ। ਸ਼ਹੁ ਆਵਤਿ ਇਸ ਢਿਗ ਮਨ ਚੀਨੋ॥੨੩॥

ਲੂਲਾ ਸਭ ਥਾਂ ਕਹਿ ਰਿਹਾ ਸੀ, "ਸ਼ਹੁ ਸੁਹਾਗਣ ਤੋਂ ਮੈਂ ਹੱਥ ਪੈਰ ਪਾਏ ਹਨ।" ਸਾਰੇ ਲੋਕਾਂ ਨੂੰ ਫਿਰ ਨਿਸ਼ਚਾ ਹੋ ਗਿਆ। ਮਨ ਵਿਚ ਸੋਚ ਸਮਝਦੇ ਹਨ ਕਿ ਇਸ ਪਾਸ ਸ਼ਹੁ ਆਉਂਦਾ ਹੈ॥ ੨੩॥

ਪੁਨ ਝੰਡੇ ਰਾਖੇ ਨਿਜ ਥਾਨਾ। ਨੋਬਤ ਬਾਜਨ ਲਗੇ ਨਿਸ਼ਾਨਾ।
ਲਗਨੇ ਲਗਜੋ ਬਡੋ ਤਹਿੰ ਮੇਲਾ। ਚਹੁਦਿਸ਼ ਤੇ ਤਬ ਹੋਇ ਸਕੇਲਾ॥੨੪॥

ਫਿਰ ਆਪਣੇ ਸਥਾਨ ਤੇ ਝੰਡੇ ਗੱਡ ਦਿੱਤੇ, ਵਾਜੇ ਵੱਜਣ ਲੱਗੇ ਅਤੇ ਨਿਸ਼ਾਨ ਝੂਲਣ ਲੱਗੇ, ਓਥੇ ਬਹੁਤ ਵੱਡਾ ਮੇਲਾ ਲੱਗਣ ਲੱਗਾ। ਚਾਰੇ ਪਾਸਿਆਂ ਤੋਂ ਲੋਕ ਇਕੱਤਰ ਹੋ ਕੇ ਆਉਣ ਲੱਗ ਗਏ॥ ੨੪॥

ਦੋਹਰਾ- ਲੋਕ ਪਰਸਪਰ ਸਭਿ ਕਹੈਂ 'ਭੂਲੇ ਨਿੰਦ ਉਚਾਰਿ।
ਪੂਰਨ ਹੈ ਇਹ ਸੰਤ ਸ਼ੁਭ ਸ਼ਹੁ ਆਵੈ ਜਿਸ ਦ੍ਵਾਰ॥ ੨੫॥

ਲੋਕ ਆਪਸ ਵਿਚ ਇਹ ਕਹਿ ਰਹੇ ਸਨ, "ਨਿੰਦਿਆ ਕਰਨੀ ਭੁਲ ਜਾਉ ਇਹ ਸੰਤ ਪੂਰਨ ਹਨ ਅਤੇ ਸ਼ੁਭ ਸ਼ਹੁ ਇਨ੍ਹਾਂ ਦੇ ਦਵਾਰੇ ਤੇ ਆਉਂਦਾ ਹੈ॥ ੨੫॥

ਚੌਪਈ- ਜਿਹ ਕੇ ਬਰ ਲੂਲੇ ਪਗ ਪਾਏ। ਇਸ ਬਿਧਿ ਕਹਿ ਬਹੁ ਭੇਟ ਚਢਾਏ।
ਦੂਰ ਦੂਰ ਤੇ ਨਰ ਤਹਿੰ ਆਏ। ਮਾਨਹਿ ਅੱਗ੍ਰਜ ਤੇ ਅਧਿਕਾਏ॥ ੨੬॥

ਜਿਸ ਦੇ ਵਰ ਨਾਲ ਲੂਲੇ ਨੇ ਪੈਰ ਪਾਏ ਹਨ।" ਇਸ ਤਰ੍ਹਾਂ ਕਹਿ ਕੇ ਬਹੁਤ ਭੇਟਾ ਚੜ੍ਹਾਉਂਦੇ ਸਨ। ਦੂਰ ਦੂਰ ਤੋਂ ਮਨੁੱਖ ਆਉਂਦੇ ਸਨ, ਪਹਿਲਾਂ ਨਾਲੋਂ ਵੀ ਮਾਨਤਾ ਵੱਧ ਗਈ॥ ੨੬॥

ਸ੍ਰੀ ਗੁਰ ਨਾਮ ਜਪਤਿ ਭਾ ਸੋਈ। ਯਾਂਤੇ ਪੂਜਾ ਬਹੁ ਜਗ ਹੋਈ।
ਅਪਨੋ ਪੰਥ ਕਿਯੋ ਇਕ ਤਾਂਹੀ। ਬਾਂਧਿਤ ਜੋ ਘੁੰਗਰੂ ਪਗ ਮਾਂਹੀ॥੨੭॥

ਜਿਹੜੇ ਗੁਰੂ ਜੀ ਦੀ ਆਗਿਆ ਅਨੁਸਾਰ ਨਾਮ ਜਪਦੇ ਹਨ, ਉਨ੍ਹਾਂ ਦੀ ਜਗਤ ਵਿਚ ਬਹੁਤ ਪੂਜਾ ਹੁੰਦੀ ਹੈ। ਉਸ ਆਪਣਾ ਹੀ ਪੰਥ ਚਲਾ ਲਿਆ, ਪੈਰਾਂ ਨਾਲ ਘੁੰਗਰੂ ਬੰਨ੍ਹ ਲਏ॥ ੨੭॥

ਗਰ ਮਹਿੰ ਮੋਰੀ ਪਾਵਹਿੰ ਸੋਇ। ਬੇਖ ਚਲਜੋ ਜਗ ਪਰਗਟ ਹੋਇ।
ਇਸ ਬਿਧਿ ਕੀਨ ਕ੍ਰਿਤਾਰਥ ਤਾਂਹੀ। ਨਾਮ ਪਤਿਤ ਪਾਵਨ ਹੈ ਜਾਂਹੀ॥੨੮॥

ਗਲ ਵਿਚ ਮੋਲੀ ਪਾ ਲਈ ਸੀ, ਅਤੇ ਇਕ ਨਵਾਂ ਭੇਖ ਚਲਾ ਲਿਆ ਜਿਹੜਾ ਜਗ ਵਿਚ ਬਹੁਤ ਪਰਗਟ ਹੋਇਆ। ਇਸ ਵਿਧੀ ਨਾਲ ਓਥੇ ਕ੍ਰਿਤਾਰਥ ਕੀਤਾ ਜਿਥੇ ਨਾਮ ਪਤਿਤ ਪਾਵਨ ਹੈ॥ ੨੮॥

ਦੋਹਰਾ- ਸ੍ਰੀ ਗੁਰ ਨਾਨਕ ਤੇ ਬਿਨਾ ਕਰੈ ਕੋਨ ਅਸ ਕਾਜ।
ਤਾਰੇ ਨਰ ਕਲਿ ਕਾਲਿ ਮੈਂ ਬਡੋ ਗਰੀਬ ਨਿਵਾਜ॥ ੨੯॥

ਸ੍ਰੀ ਗੁਰੂ ਨਾਨਕ ਜੀ ਤੋਂ ਬਗੈਰ ਅਜੇਹਾ ਕਾਰਜ ਕੌਣ ਕਰ ਸਕਦਾ ਹੈ। ਕਲਿਜੁਗ ਵਿਚ ਮਨੁੱਖਾਂ ਦਾ ਉਧਾਰ ਕੀਤਾ, ਗੁਰੂ ਜੀ ਵੱਡੇ ਗਰੀਬ ਨਿਵਾਜ਼ ਹਨ॥ ੨੯॥

ਚੌਪਈ- ਤਹਿਂ ਤੇ ਗਮਨੇ ਗੁਰੂ ਅਗਾਰੀ। ਨਰਨ ਉਧਾਰਨ ਪਰਉਪਕਾਰੀ।
ਜਹਿਂ ਟਿੱਲਾ ਹੈ ਬਾਲ ਗੁੰਦਾਈ। ਜੋਗੀ ਬਹੁਤ ਰਹਤਿ ਤਿਹ ਥਾਈਂ॥੩੦॥

ਗੁਰੂ ਜੀ ਫਿਰ ਉਸ ਥਾਂ ਤੋਂ ਅੱਗੇ ਚਲੇ ਗਏ, ਜਿਹੜੇ ਪ੍ਰਭੂ ਜੀ ਮਨੁੱਖਾਂ ਦਾ ਉਧਾਰ ਕਰਨ ਵਿਚ ਵੱਡੇ ਪਰਉਪਕਾਰੀ ਹਨ। ਜਿਥੇ ਬਾਲ ਗੁੰਦਾਈ ਦਾ ਟਿੱਲਾ ਹੈ, ਉਸ ਥਾਂ ਬਹੁਤ ਜੋਗੀ ਰਹਿੰਦੇ ਸਨ॥ ੩੦॥

ਦੋਹਰਾ- ਬਾਲ ਗੁੰਦਾਈ ਸਦਨ ਮਹਿਂ ਬਾਜਸਾਲ ਮਹਿਂ ਬਾਜ।
ਏਕ ਖਜ਼ਾਨਾ ਚੀਰ ਕੋ ਪਰਉਪਕਾਰ ਕਿ ਕਾਜ॥ ੩੧॥

ਬਾਲ ਗੁੰਦਾਈ ਦੇ ਘਰ ਦੇ ਤਬੇਲੇ ਵਿਚ ਬਹੁਤ ਘੋੜੇ ਰਹਿੰਦੇ ਸਨ। ਪਰਉਪਕਾਰ ਵਾਸਤੇ ਇਕ ਕੱਪੜਿਆਂ ਦਾ ਭੰਡਾਰ ਵੀ ਰੱਖਿਆ ਸੀ॥ ੩੧॥

ਚੌਪਈ- ਉੱਤਮ ਭੋਜਨ ਸੋ ਬਨਿਵਾਵਹਿ। ਜੋ ਤਹਿਂ ਜਾਇ ਸਭਿਨਿ ਕੋ ਖ੍ਵਾਵਹਿ।
ਸੁੰਦਰ ਮੰਦਿਰ ਮਹਿਂ ਬਿਸਰਾਮਾ। ਨਗਨ ਦੇਖਿ ਪਟ ਦੇ ਅਭਿਰਾਮਾ॥੩੨॥

ਬੜਾ ਉੱਤਮ ਭੋਜਨ ਉਹ ਤਿਆਰ ਕਰਵਾਉਂਦੇ ਸਨ। ਜਿਹੜੇ ਵੀ ਓਥੇ ਜਾਂਦੇ ਸਨ ਸਭ ਨੂੰ ਛਕਾਉਂਦੇ ਸਨ। ਵਿਸਰਾਮ ਵਾਸਤੇ ਸੁੰਦਰ ਘਰ ਬਣੇ ਸਨ। ਨੰਗਿਆਂ ਨੂੰ ਵੇਖ ਕੇ ਸੁੰਦਰ ਕੱਪੜੇ ਦਿੰਦੇ ਸਨ॥ ੩੨॥

ਪੰਥ ਚਲਤਿ ਸ੍ਰਮ ਜੋ ਹੁਇ ਜਾਵਹਿ। ਭੇਜਿ ਤੁਰੰਗ ਤਾਂਹਿ ਚਢਿਵਾਵਹਿ।
ਨਿਤ ਉਪਕਾਰ ਕਰਨ ਅਭਿਲਾਖੀ। ਜਿਉਂ ਅਵਨੀ ਪਰ ਸਫਲਜੋ ਸਾਖੀ॥੩੩॥

ਰਾਹ ਵਿਚ ਚਲ ਕੇ ਜੋ ਥੱਕ ਜਾਂਦੇ ਸਨ, ਘੋੜੇ ਭੇਜ ਕੇ ਉਨ੍ਹਾਂ ਨੂੰ ਘੋੜਿਆਂ ਤੇ ਚੜ੍ਹਾਉਂਦੇ ਸਨ। ਨਿਤ ਉਪਕਾਰ ਕਰਨ ਦੀ ਅਭਿਲਾਸ਼ਾ ਰਹਿੰਦੀ ਸੀ। ਜਿਵੇਂ ਧਰਤੀ ਤੇ ਫਲਦਾਰ ਦਰੱਖਤ ਹੋਵੇ॥ ੩੩॥

ਤਿਹ ਡੇਰੇ ਕੇ ਜਾਇ ਸਮੀਪਾ। ਬੈਠਿ ਰਹੇ ਬਦੀ ਕੁਲ ਦੀਪਾ।
ਬਾਲ ਗੁੰਦਾਈ ਜਬਿ ਸੁਧਿ ਹੋਈ। ਵਹਿਰ ਅਤੀਤ ਬੈਠਿ ਰਹਿ ਦੋਈ॥੩੪॥

ਉਸ ਡੇਰੇ ਦੇ ਨੇੜੇ ਜਾ ਕੇ ਗੁਰੂ ਜੀ ਬੈਠ ਗਏ। ਬਾਲ ਗੁੰਦਾਈ ਨੂੰ ਜਦ ਇਹ ਖ਼ਬਰ ਮਿਲੀ ਕਿ ਬਾਹਰ ਦੋ ਅਤੀਤ ਬੈਠੇ ਹਨ॥ ੩੪॥

ਨਹੀਂ ਅਗਾਰੀ ਆਵਤਿ ਸੋਊ। ਜੋਗੀ ਤਬਹਿ ਬੁਲਾਏ ਦੋਊ।
ਕਹਜੋ ਤਿਨਹਿਂ ਕੋ 'ਆਨਹੁ ਜਾਈ'। ਪਹੁੰਚੇ ਸੋ ਸ੍ਰੀ ਗੁਰ ਜਿਹ ਥਾਈਂ॥੩੫॥

ਕਿ ਉਹ ਅੱਗੇ ਨਹੀਂ ਆ ਰਹੇ ਹਨ, ਤਦ ਉਸ ਦੋ ਜੋਗੀਆਂ ਨੂੰ ਬੁਲਾਇਆ ਤੇ ਕਿਹਾ, "ਉਨ੍ਹਾਂ ਨੂੰ ਜਾ ਕੇ ਲਿਆਉ"। ਸੇਵਕ ਉਸ ਥਾਂ ਪਹੁੰਚੇ ਜਿਥੇ ਗੁਰੂ ਜੀ ਬੈਠੇ ਸਨ॥ ੩੫॥

ਦੋਹਰਾ- 'ਚਲਹੁ ਅਤੀਤੋ! ਉਠਿ ਅਬੈ ਬਾਲਗੁੰਦਾਈ ਥਾਨ।
ਬੈਠਿਨ ਕੋ ਮੰਦਿਰ ਭਲੇ ਸੁਖ ਸੋਂ ਹ੍ਵੈ ਗੁਜ਼ਰਾਨ'॥ ੩੬॥

ਸੇਵਕਾਂ ਕਿਹਾ, "ਹੇ ਅਤੀਤੋ! ਹੁਣ ਉੱਠ ਕੇ ਬਾਲ ਗੁੰਦਾਈ ਵਾਲੀ ਥਾਂ ਚਲੋ। ਬੈਠਣ ਵਾਸਤੇ ਸੁੰਦਰ ਮਕਾਨ ਬਣੇ ਹਨ ਓਥੇ ਸੁੱਖ ਨਾਲ ਗੁਜ਼ਰਾਨ ਕਰੋ"॥ ੩੬॥

ਚੌਪਈ-ਸ੍ਰੀ ਪ੍ਰਭੁ ਕਹਜੋ 'ਨ ਹਮ ਚਲਿ ਜਾਵਹਿਂ। ਜਹਿਂ ਬੈਠਹਿਂ ਤਹਿਂ ਰੈਨ ਬਿਤਾਵਹਿਂ।

ਚਹੀਏ ਨਿਤ ਅਤੀਤ ਕੋ ਐਸੀ। ਆਇ ਜੁ ਬਨਹਿ ਬਿਤਾਵਹਿ ਤੈਸੀ' ॥੩੭॥

ਗੁਰੂ ਜੀ ਨੇ ਕਿਹਾ, "ਅਸੀਂ ਉੱਠ ਕੇ ਨਹੀਂ ਜਾਵਾਂਗੇ, ਏਥੇ ਹੀ ਬੈਠ ਕੇ ਰਾਤ ਗੁਜ਼ਾਰਾਂਗੇ। ਅਤੀਤ ਨੂੰ ਹਮੇਸ਼ਾਂ ਇਸ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਬਣਦੀ ਹੈ ਉਸ ਤਰ੍ਹਾਂ ਹੀ ਜ਼ਿੰਦਗੀ ਬਤੀਤ ਕਰੇ" ॥ ੩੭॥

ਬਾਲਗੁੰਦਾਈ ਫਿਰ ਪੁਨ ਜਾਏ। ਜਾਇ ਬਤਾਯੋ 'ਨਹਿਂ ਸੋ ਆਏ'।
ਇਉਂ ਸੁਨਿ ਆਪ ਤਹਾਂ ਚਲਿ ਆਯੋ। ਜਿਹ ਥਲ ਬੈਠਯੋ ਪ੍ਰਭੂ ਸੁਹਾਯੋ ॥੩੮॥

ਉਹ ਫਿਰ ਬਾਲ ਗੁੰਦਾਈ ਪਾਸ ਵਾਪਸ ਗਏ ਅਤੇ ਉਸ ਨੂੰ ਦੱਸਿਆ, ਕਿ ਉਹ ਨਹੀਂ ਆਏ ਹਨ। ਇਹ ਸੁਣ ਕੇ ਬਾਲ ਗੁੰਦਾਈ ਆਪ ਓਥੇ ਚੱਲ ਕੇ ਆ ਗਿਆ, ਜਿਸ ਥਾਂ ਗੁਰੂ ਜੀ ਬੈਠੇ ਸ਼ੋਭ ਰਹੇ ਸਨ॥ ੩੮॥

ਆਦਰ ਯੁਤ ਮੁਖ ਬਚਨ ਉਚਾਰੇ। 'ਚਲਹੁ ਅਤੀਤਹੁ ਸੰਗ ਹਮਾਰੇ।
ਆਵਤਿ ਮੇਘ ਘਟਾ ਬਰਖਾਵਹਿ। ਮੰਦਰ ਮਹਿਂ ਸੁਖ ਨਿਸਾ ਬਿਹਾਵਹਿ' ॥੩੯॥

ਬਾਲ ਗੁੰਦਾਈ ਨੇ ਆਦਰ ਨਾਲ ਮੁੱਖ ਤੋਂ ਬਚਨ ਉਚਾਰੇ, "ਹੇ ਅਤੀਤ ਜੀ! ਸਾਡੇ ਨਾਲ ਚਲੋ। ਆ ਕੇ ਆਪਣੇ ਦਰਸ਼ਨਾਂ ਦੇ ਮੀਂਹ ਦੀ ਘਟਾ ਦੀ ਵਰਖਾ ਕਰੋ ਅਤੇ ਸੁੰਦਰ ਮਕਾਨ ਵਿਚ ਸੁੱਖ ਸਹਿਤ ਰਾਤ ਗੁਜ਼ਾਰੋ" ॥ ੩੯॥

ਦੋਹਰਾ- ਸ੍ਰੀ ਗੁਰ ਕਹੈਂ 'ਅਤੀਤ ਹਮ ਜੈਸੇ ਬਨਿ ਹੈ ਆਇ।
ਦੁਖ ਸੁਖ ਸਮ ਉਰ ਜਾਨਿਕੈ ਸਮਾਂ ਦੇਤਿ ਗੁਜ਼ਰਾਇ॥ ੪੦॥

ਗੁਰੂ ਜੀ ਨੇ ਕਿਹਾ, "ਹੁਣ ਜਿਸ ਤਰ੍ਹਾਂ ਅਸੀਂ ਅਤੀਤ ਬਣ ਗਏ ਹਾਂ ਅਸੀਂ ਦੁੱਖ ਸੁੱਖ ਨੂੰ ਦਿਲ ਵਿਚ ਬਰਾਬਰ ਸਮਝ ਕੇ ਸਮਾਂ ਗੁਜ਼ਾਰਦੇ ਹਾਂ॥ ੪੦॥

ਚੌਪਈ- ਕਹਿਂ ਕਹਿਂ ਮੰਦਰ ਖੋਜਤਿ ਫਿਰਿਹੀਂ। ਦੇਸ਼ ਬਿਦੇਸ਼ ਗਮਨ ਹਮ ਕਰਿਹੀਂ।
ਜਹਿਂ ਬੈਸਹਿਂ ਤਹਿਂ ਦੇਤਿ ਬਿਤਾਇ। ਹਮਰੋ ਮਤਾ ਸਦਾ ਇਹ ਭਾਇ' ॥੪੧॥

ਕਿਥੇ ਕਿਥੇ ਅਸੀਂ ਮਕਾਨ ਲੱਭਦੇ ਫਿਰਾਂਗੇ, ਦੇਸ਼ਾਂ ਬਿਦੇਸ਼ਾਂ ਵਿਚ ਅਸੀਂ ਘੁੰਮੇਂ ਫਿਰੇ ਹਾਂ। ਜਿਥੇ ਬੈਠੇ ਹਾਂ ਏਥੇ ਹੀ ਸਮਾਂ ਬਤੀਤ ਕਰ ਲਵਾਂਗੇ। ਸਾਡਾ ਮੱਤ ਸਦਾ ਹੀ ਇਸ ਤਰ੍ਹਾਂ ਦਾ ਹੈ" ॥ ੪੧॥

ਬਾਲਗੁੰਦਾਈ ਬਚਨ ਅਲਾਯਾ। 'ਪੁਰਖ ਅਲੇਖ ਕਰਹਿ ਜੋ ਦਾਯਾ।
ਦੇਵਹਿ ਜਬਿ ਸਮਾਜ ਸੁਖਦਾਇ?। ਨਹੀਂ ਨਿਰਾਦਰ ਤਿਨ ਬਨਿ ਆਇ ॥੪੨॥

ਬਾਲ ਗੁੰਦਾਈ ਨੇ ਕਿਹਾ, "ਅਕਾਲ ਪੁਰਖ ਆਪਣੀ ਦਇਆ ਕਰਕੇ ਜਦ ਸਮਾਜ ਨੂੰ ਸੁੱਖ ਦੇਵੇ ਤਾਂ ਉਸ ਦਾ ਨਿਰਾਦਰ ਕਰਨਾ ਯੋਗ ਨਹੀਂ॥ ੪੨॥

ਸਰਬ ਨਿਰੰਜਨ ਕੇਰ ਪਦਾਰਥ। ਭਲੀ ਬਾਤ ਕਰਨਾ ਪਰਸ੍ਵਾਰਥ'।
ਇਸ ਪ੍ਰਕਾਰ ਕਹਿ ਬਾਲਗੁੰਦਾਈ। ਲੇਕਰਿ ਸੰਗਿ ਚਲਯੋ ਸੁਖਦਾਈ ॥੪੩॥

ਇਹ ਸਾਰੇ ਪਦਾਰਥ ਪ੍ਰਭੂ ਦੇ ਹਨ, ਭਲੀ ਗੱਲ ਕਰਨਾ ਪਰਸਵਾਰਥ ਹੈ।" ਇਸ ਤਰ੍ਹਾਂ ਕਹਿ ਕੇ ਬਾਲ ਗੁੰਦਾਈ ਗੁਰੂ ਜੀ ਨੂੰ ਨਾਲ ਲੈ ਕੇ ਚਲਾ ਗਿਆ॥ ੪੩॥

ਦੋਹਰਾ- ਨੀਕੇ ਘਰ ਮਹਿਂ ਜਾਇਕੈ ਕੀਨੋ ਬਚਨ ਬਖਾਨ।
'ਦੇਖਹੁ ਸੁਭ ਇਸਥਾਨ ਇਹ ਭਲੋ ਹੋਇ ਗੁਜ਼ਰਾਨ' ॥ ੪੪॥

ਸੁੰਦਰ ਘਰ ਵਿਚ ਲੈ ਜਾ ਉਸ ਨੇ ਕਿਹਾ, "ਇਹ ਸਾਰਾ ਸਥਾਨ ਵੇਖੋ, ਏਥੇ ਚੰਗਾ ਗੁਜ਼ਰਾਨ ਹੋ ਸਕਦਾ ਹੈ" ॥ ੪੪॥

ਚੌਪਈ- ਸ੍ਰੀ ਗੁਰ ਕਹਜੋ ਤਾਂਹਿ ਕੇ ਸੰਗਾ। 'ਕਜਾ ਦੇਖਉਂ ਨ੍ਰਿਪ ਲੀਲਾ ਰੰਗਾ'।
ਬਸਤ੍ਰ ਕੋਸ਼ ਕੋ ਜਬੈ ਦਿਖਾਯੋ। ਭਾਂਤਿ ਭਾਂਤਿ ਕੇ ਰੰਗ ਸੁਹਾਯੋ॥ ੪੫ ॥

ਸ੍ਰੀ ਗੁਰੂ ਜੀ ਨੇ ਉਸ ਨੂੰ ਕਿਹਾ, "ਇਹ ਰਾਜਿਆਂ ਵਰਗੀ ਲੀਲ੍ਹਾ ਦਾ ਰੰਗ ਕੀ ਵੇਖੀਏ" ਜਦ ਵਸਤਰਾਂ ਦੇ ਢੇਰ ਨੂੰ ਵਿਖਾਇਆ ਤਾਂ ਭਾਂਤ ਭਾਂਤ ਦੇ ਰੰਗ ਸੁਹਾਵਣੇ ਲੱਗ ਰਹੇ ਸਨ॥ ੪੫॥

ਬਹੁਰੋ ਬਚਨ ਭਨਜੋ ਗੁਨਖਾਨੀ। 'ਸਰਬ ਰਾਜ ਲੀਲਾ ਹਮ ਜਾਨੀ'।
ਬਾਜਸ਼ਾਲ ਮਹਿਂ ਜਬ ਲੇ ਗਯੋ। ਭਲੇ ਤੁਰੰਗ ਦਿਖਾਵਤਿ ਭਯੋ॥ ੪੬ ॥

ਫਿਰ ਗੁਣਾਂ ਦੀ ਖਾਣ ਭਾਵ ਗੁਰੂ ਜੀ ਨੇ ਬਚਨ ਕੀਤੇ, "ਇਹ ਸਾਰੀ ਰਾਜਿਆਂ ਵਰਗੀ ਲੀਲ੍ਹਾ ਅਸੀਂ ਵੇਖ ਲਈ ਹੈ। ਜਦ ਅਸਤਬਲ ਵਿਚ ਲੈ ਗਿਆ ਤਾਂ ਵਧੀਆ ਘੋੜੇ ਵਿਖਾਉਣ ਲੱਗਾ॥ ੪੬॥

ਗੁਰੂ ਕਹੈਂ 'ਸੁਨਿ ਬਾਲਗੁੰਦਾਈ। ਏਹ ਲੀਲਾ ਰਾਜਨ ਬਨਿ ਆਈ।
ਹੈ ਅਤੀਤ ਸਭਿ ਤਜੈ ਸਮਾਜਾ। ਇਨਹਿਂ ਬਿਲੋਕਨ ਕਜਾ ਹਮ ਕਾਜਾ॥ ੪੭ ॥

ਗੁਰੂ ਜੀ ਨੇ ਕਿਹਾ, "ਹੇ ਬਾਲ ਗੁੰਦਾਈ, ਸੁਣੋ, ਇਹ ਲੀਲ੍ਹਾ ਰਾਜਿਆਂ ਨੂੰ ਬਣਦੀ ਹੈ, ਅਸੀਂ ਅਤੀਤ ਹੋ ਕੇ ਸਾਰੇ ਸਮਾਜ ਨੂੰ ਛੱਡ ਦਿੱਤਾ ਹੈ। ਇਨ੍ਹਾਂ ਚੀਜ਼ਾਂ ਨੂੰ ਵੇਖਣਾ ਸਾਡੇ ਕਿਹੜੇ ਕੰਮ ਹੈ?॥ ੪੭॥

ਆਤਮ ਗਜਾਨ ਮਾਨ ਬਿਨ ਹੋਨਾ। ਸਿਮਰਨ ਨਾਮ ਸੰਤ ਧਨ ਭੋਨਾ।
ਹਮ ਤੁਮ ਕੋ ਸੋ ਦੇਖਨ ਚਹੀਏ। ਜਿਹ ਕੋ ਪਾਇ ਪਰਮ ਸੁਖ ਲਹੀਏ॥ ੪੮ ॥

ਹੰਕਾਰ ਰਹਿਤ ਹੋ ਕੇ ਆਤਮ ਗਿਆਨ ਪ੍ਰਾਪਤ ਹੁੰਦਾ ਹੈ। ਸੰਤਾਂ ਦੇ ਘਰ ਨਾਮ ਸਿਮਰਨ ਰੂਪੀ ਧਨ ਹੈ। ਸਾਨੂੰ ਤਾਂ ਹੁਣ ਉਹੀ ਚੀਜ਼ਾਂ ਵੇਖਣੀਆਂ ਚਾਹੀਦੀਆਂ ਹਨ ਜਿਸ ਨੂੰ ਪਾ ਕੇ ਪਰਮ ਅਨੰਦ ਪ੍ਰਾਪਤ ਹੁੰਦਾ ਹੈ॥ ੪੮॥

ਚਹਿਨ ਪਦਾਰਥ ਕੋ ਜੋ ਹੋਊ। ਇਨ ਤੇ ਲਖਹੁ ਬਿਰੋਧੀ ਸੋਊ।
ਸੁਨਿ ਕੈ ਅਚਰਜ ਮਨ ਮਹਿਂ ਮਾਨਾ। ਬਾਲਗੁੰਦਾਈ ਬਚਨ ਬਖਾਨਾ॥ ੪੯ ॥

ਜਿਸ ਨੂੰ ਪਦਾਰਥਾਂ ਨੂੰ ਪਾਉਣ ਦੀ ਇੱਛਾ ਹੋਵੇ, ਉਸ ਨੂੰ ਇਸ ਪਰਮ ਸੁੱਖ ਦਾ ਵਿਰੋਧੀ ਜਾਣੋ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਬਾਲ ਗੁੰਦਾਈ ਬਹੁਤ ਹੈਰਾਨ ਹੋਇਆ। ਬਾਲ ਗੁੰਦਾਈ ਨੇ ਫਿਰ ਕਿਹਾ॥ ੪੯॥

ਦੋਹਰਾ- 'ਕਹਉ ਅਤੀਤਉ! ਨਾਮ ਨਿਜ, ਕਿਤ ਆਏ ਕਿਤ ਜਾਇ?।
ਉਤਮ ਬੇਖ ਸਰੀਰ ਮਹਿਂ ਹੈ ਸੁਭ ਤੋਰ ਸੁਭਾਇ'॥ ੫੦ ॥

"ਹੇ ਅਤੀਤ! ਆਪਣਾ ਨਾਂ ਦੱਸੋ, ਕਿਥੋਂ ਆਏ ਹੋ ਅਤੇ ਕਿੱਥੇ ਜਾਣਾ ਹੈ। ਸਰੀਰ ਉੱਤੇ ਤੁਸੀਂ ਉੱਤਮ ਭੇਸ ਧਾਰਨ ਕੀਤਾ ਹੈ ਤੇ ਤੁਹਾਡਾ ਸੁਭਾਅ ਬਹੁਤ ਚੰਗਾ ਹੈ"॥ ੫੦॥

ਚੌਪਈ- ਨਾਨਕ ਨਿਰੰਕਾਰੀ ਮਮ ਨਾਇ। ਇਹ ਕੋ ਬਾਲਾ ਲੋਕ ਅਲਾਇ।
ਸੁਨਜੋ ਨਾਮ ਜਬ ਬਾਲਗੁੰਦਾਈ। ਬੰਦਨ ਕੀਨਿ ਭਾਉ ਅਧਿਕਾਈ॥ ੫੧ ॥

ਗੁਰੂ ਜੀ ਨੇ ਕਿਹਾ, "ਨਾਨਕ ਨਿਰੰਕਾਰੀ ਮੇਰਾ ਨਾਂ ਹੈ, ਮੇਰੇ ਸਾਥੀ ਨੂੰ ਲੋਕ ਬਾਲਾ ਕਹਿੰਦੇ ਹਨ।" ਜਦ ਬਾਲ ਗੁੰਦਾਈ ਨੇ ਇਹ ਨਾਂ ਸੁਣਿਆ ਤਾਂ ਬੜਾ ਪ੍ਰੇਮ ਵਧਾ ਕੇ ਬੰਦਨਾਂ ਕੀਤੀ॥ ੫੧॥

'ਅਬਿ ਜਾਨੇ ਸ੍ਰੀ ਨਾਨਕ ਸੋਈ। ਚਰਚਾ ਸਿੱਧਨ ਸੋਂ ਜਿਹ ਹੋਈ।
ਤੁਮ ਤੋ ਕਲਾਵਾਨ ਮਤਿਵਾਨਾ। ਇਕ ਉੱਤਰ ਮੁਝ ਦੇਹੁ ਸੁਜਾਨਾ॥ ੫੨ ॥

''ਹੁਣ ਜਾਣਿਆ ਹੈ ਕਿ ਇਹ ਉਹੀ ਸ੍ਰੀ ਨਾਨਕ ਹਨ, ਜਿਨ੍ਹਾਂ ਦੀ ਸਿੱਧਾਂ ਨਾਲ ਚਰਚਾ ਹੋਈ ਸੀ। ਤੁਸੀਂ ਤੇ ਕਲਾਵਾਨ ਅਤੇ ਬੁਧੀਵਾਨ ਹੋ, ਹੇ ਚਤੁਰ ਗੁਰੂ ਜੀ ! ਮੇਰੇ ਵੀ ਇਕ ਪ੍ਰਸ਼ਨ ਦਾ ਉੱਤਰ ਦੇਵੋ॥ ੫੨॥

ਬੈਠੇ ਆਪ ਵਹਿਰ ਜਿਹ ਥਾਈਂ। ਸੁਖ ਸੋਂ ਬਿਤੈ ਕਿ ਦੁਖ ਤਹਿਂ ਪਾਈਂ।
ਅਬ ਸੁਭ ਮੰਦਰ ਮਾਂਹੀ ਆਏ। ਜਹਿਂ ਸਗਰੋ ਸ੍ਰਮ ਜਾਇ ਬਿਲਾਏ ॥੫੩॥

ਆਪ ਬਾਹਰ ਜਿਹੜੀ ਥਾਂ ਬੈਠੇ ਸੀ ਓਥੇ ਸੁਖੀ ਰਹਿੰਦੇ ਹੋ ਕਿ ਦੁੱਖ ਪਾਉਂਦੇ ਹੋ। ਹੁਣ ਮੇਰੇ ਸੁੰਦਰ ਘਰ ਵਿਚ ਆਏ ਹੋ ਜਿੱਥੇ ਸਾਰੀ ਥਕਾਵਟ ਦੂਰ ਹੋ ਜਾਵੇਗੀ॥ ੫੩॥

ਦੋਹਰਾ- ਗੁਰੂ ਭਨਯੋ 'ਬੈਠੇ ਜਹਾਂ ਹੋਤਿ ਜਾਤਿ ਗੁਜਰਾਨ।
ਜੋ ਫਕੀਰ, ਖੋਜੈਂ ਕਹਾਂ ਮੰਦਰ ਨੀਕੇ ਥਾਨ' ॥ ੫੪॥

ਗੁਰੂ ਜੀ ਨੇ ਕਿਹਾ, ''ਜਿੱਥੇ ਬੈਠਦੇ ਹਾਂ ਓਥੇ ਹੀ ਗੁਜ਼ਰਾਨ ਹੋ ਜਾਂਦੀ ਹੈ, ਫਕੀਰ ਸੁੰਦਰ ਮੰਦਰਾਂ ਦੇ ਸਥਾਨ ਕਿੱਥੇ ਲੱਭਦੇ ਫਿਰਦੇ ਹਨ॥ ੫੪॥

ਚੌਪਈ- ਪੁਨ ਕਹਿ 'ਮੁਝਕੋ ਕਿਉਂ ਨ ਬਤਾਵਤਿ?। ਸੁਖ ਗੁਜਰਤਿ ਕੈ ਕਸ਼ਟ ਬਿਹਾਵਤਿ?'।
ਗੁਰੂ ਕਹੈਂ 'ਗੁਜਰਤਿ ਦੁਖ ਸੰਗ। ਆਇ ਹੁਤੀ ਤਬ ਘਟਾ ਉਮੰਗ' ॥ ੫੫॥

ਬਾਲ ਗੁੰਦਾਈ ਨੇ ਫਿਰ ਕਿਹਾ, ''ਮੈਨੂੰ ਕਿਉਂ ਨਹੀਂ ਦੱਸਦੇ? ਸੁਖ ਨਾਲ ਗੁਜ਼ਰਦਾ ਹੈ ਜਾਂ ਕਸ਼ਟ ਹੁੰਦਾ ਹੈ ? ਗੁਰੂ ਜੀ ਨੇ ਕਿਹਾ, ''ਦੁੱਖ ਨਾਲ ਗੁਜ਼ਰਦਾ ਹੈ। ਤਦ ਉਤਸ਼ਾਹ ਦੀ ਘਟਾ ਆਈ ਹੁੰਦੀ ਹੈ॥ ੫੫॥

ਪੁਨ ਆਪਨ ਕਰ ਮੈਂ ਲੇ ਸਾਕ। ਭਖਰੇ ਕੀ ਰੋਟੀ, ਕਹਿ ਵਾਕ।
'ਇਸ ਪ੍ਰਕਾਰ ਕੋ ਮੋਰ ਅਹਾਰਾ। ਲਖਹੁ ਪਦਾਰਥ ਪਰਉਪਕਾਰਾ ॥੫੬॥

ਫਿਰ ਆਪਣੇ ਹੱਥ ਵਿਚ ਸਾਗ ਅਤੇ ਭਖੜੇ ਦੀ ਰੋਟੀ ਲੈ ਕੇ ਕਿਹਾ, ''ਇਸ ਪ੍ਰਕਾਰ ਦਾ ਮੇਰਾ ਅਹਾਰ ਹੈ। ਇਹ ਪਦਾਰਥ ਜੋ ਤੁਸੀਂ ਵੇਖਦੇ ਹੋ, ਪਰਉਪਕਾਰ ਵਾਸਤੇ ਹਨ॥ ੫੬॥

ਕਬਿ ਹੌਂ ਕਰੋਂ ਨ ਅੰਗੀਕਾਰਾ। ਸਭਿ ਰਾਖੇ ਮੈਂ ਹਿਤ ਉਪਕਾਰਾ।
ਅਨਿਕ ਲੋਕ ਸੁਖ ਪਾਵਹਿਂ ਆਈ। ਮਾਰਗ ਸ੍ਰਮ ਕੋ ਦੇਹਿਂ ਬਿਲਾਈ' ॥੫੭॥

ਮੈਂ ਇਨ੍ਹਾਂ ਨੂੰ ਕਦੇ ਵੀ ਅੰਗੀਕਾਰ ਨਹੀਂ ਕਰਦਾ, ਸਾਰੇ ਮੈਂ ਉਪਕਾਰ ਹਿਤ ਰੱਖੇ ਹਨ। ਅਨੇਕਾਂ ਲੋਕ ਆ ਕੇ ਸੁੱਖ ਪਾਉਂਦੇ ਹਨ ਅਤੇ ਰਸਤੇ ਦੀ ਥਕਾਵਟ ਨੂੰ ਦੂਰ ਕਰਦੇ ਹਨ॥ ੫੭॥

ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਅਧਿਕ ਪ੍ਰਸ਼ੰਸਾ ਗੁਰੂ ਬਖਾਨੀ।
'ਸਰਬ ਜੋਗੀਯਨ ਕੇਰ ਮਝਾਰੀ। ਉੱਤਮ ਤੁਮ ਚਿਤ ਮਤਿ ਉਪਕਾਰੀ' ॥੫੮॥

ਇਸ ਪ੍ਰਕਾਰ ਦੀ ਬਾਣੀ ਸੁਣ ਕੇ ਗੁਰੂ ਜੀ ਨੇ ਉਸ ਦੀ ਬਹੁਤ ਪ੍ਰਸ਼ੰਸਾ ਕੀਤੀ, ''ਸਾਰੇ ਜੋਗੀਆਂ ਦੇ ਵਿਚ ਤੁਸੀਂ ਚਿੱਤ, ਬੁਧੀ ਅਤੇ ਉਪਕਾਰ ਦੇ ਪੱਖੋਂ ਸਭ ਤੋਂ ਉੱਤਮ ਹੋ॥ ੫੮॥

ਏਕ ਨਿਸਾ ਬਸਿ ਕਰਿ ਤਿਹ ਥਾਨਾ। ਭੋਰ ਹੋਤਿ ਗੁਰ ਕੀਨ ਪਯਾਨਾ।
ਪੁਨ ਸਲਕੋਟ ਬਿਖੈ ਚਲਿ ਆਏ। ਮੁਝ ਸੋਂ ਐਸੇ ਬਚਨ ਅਲਾਏ॥ ੫੯॥

ਉਸ ਥਾਂ ਇਕ ਰਾਤ ਠਹਿਰ ਕੇ, ਸਵੇਰ ਹੁੰਦਿਆਂ ਹੀ ਗੁਰੂ ਜੀ ਹੋਰ ਥਾਂ ਚਲੇ ਗਏ। ਫਿਰ ਸਿਆਲਕੋਟ ਵਿਖੇ ਚਲ ਕੇ ਆ ਗਏ। ਮੈਨੂੰ ਫਿਰ ਇਸ ਤਰ੍ਹਾਂ ਬਚਨ ਕਹੇ॥ ੫੯॥

'ਹੇ ਬਾਲਾ! ਇਸ ਨਗਰ ਮਝਾਰਾ। ਸੰਸਾਰੀ ਇਕ ਮੀਤ ਹਮਾਰਾ।
ਪੂਰਬ ਗਮਨਜੋ ਜੋ ਸੰਗਾਰਾ। ਮੂਲਾ ਨਾਮ ਸੁ ਇਹਾਂ ਅਗਾਰਾ॥ ੬੦॥

"ਹੇ ਬਾਲਾ! ਇਹ ਨਗਰ ਵਿਚ ਇਕ ਸੰਸਾਰੀ ਸਾਡਾ ਮਿੱਤਰ ਹੈ। ਪਹਿਲਾਂ ਜਿਹੜਾ ਸਾਡੇ ਨਾਲ ਘੁੰਮਣ ਗਿਆ ਸੀ। ਮੂਲਾ ਉਸ ਦਾ ਨਾਂ ਹੈ, ਉਸ ਦਾ ਏਥੇ ਘਰ ਹੈ॥ ੬੦॥

ਤਿਹ ਸੋਂ ਮਿਲਿਨ ਚਹੈਂ ਮਨ ਮੇਰਾ। ਚਲਹੁ ਅਬੈ ਜਿਤ ਦਿਸ਼ਿ ਹੈ ਡੇਰਾ।
ਅਸ ਕਹਿ ਚਲਿ ਮੂਲੇ ਕੇ ਪੌਰ। ਆਇ ਖਰੇ ਬੇਦੀ ਸਿਰਮੌਰ॥ ੬੧॥

ਉਸ ਨੂੰ ਮਿਲਣ ਨੂੰ ਮੇਰਾ ਮਨ ਚਾਹੁੰਦਾ ਹੈ, ਉਸ ਪਾਸੇ ਵੱਲ ਚਲੋ ਜਿਥੇ ਉਸ ਦਾ ਘਰ ਹੈ" ਇਹ ਕਹਿ ਕੇ ਗੁਰੂ ਜੀ ਮੂਲੇ ਦੇ ਘਰ ਦੇ ਸਾਹਮਣੇ ਜਾ ਖੜੇ ਹੋਏ॥ ੬੧॥

ਘਰਨੀ ਸਨਮੁਖ ਜਬਹਿ ਨਿਹਾਰੇ। ਨਿਜ ਪਤਿ ਸੋਂ ਅਬ ਬਚਨ ਉਚਾਰੇ।
'ਪੂਰਬ ਗਮਨਜੋ ਜਾਂਹਿ ਸੰਗਾਰੇ। ਸੋ ਅਬਿ ਸਾਧੂ ਆਇ ਤਵ ਦ੍ਵਾਰੇ॥੬੨॥

ਮੂਲੇ ਦੀ ਪਤਨੀ ਨੇ ਜਦ ਉਨ੍ਹਾਂ ਨੂੰ ਵੇਖਿਆ ਤਾਂ ਆਪਣੇ ਪਤੀ ਨੂੰ ਇਸ ਤਰ੍ਹਾਂ ਕਿਹਾ, "ਜਿਸ ਨਾਲ ਤੁਸੀਂ ਪਹਿਲਾਂ ਬਾਹਰ ਘੁੰਮਣ ਗਏ ਸੀ, ਉਹ ਸਾਧ ਹੁਣ ਤੁਹਾਡੇ ਦੁਆਰ ਤੇ ਆਏ ਹਨ॥ ੬੨॥

ਘਰ ਮਹਿਂ ਤੂਰਨ ਦੁਰਿਯੇ ਜਾਈ। ਨਾਂਹਿ ਤ ਤੁਝ ਕੋ ਲੇਹਿਂ ਬੁਲਾਈ'।
ਜੱਦਪਿ ਮੂਲਾ ਪ੍ਰਭੁ ਕੋ ਜਾਨਤਿ। ਮਹਿਮਾ ਨੀਕੀ ਰੀਤਿ ਪਛਾਨਤਿ॥੬੩॥

ਘਰ ਵਿਚ ਛੇਤੀ ਲੁਕ ਜਾਵੋ, ਨਹੀਂ ਤਾਂ ਤੈਨੂੰ ਨਾਲ ਲੈ ਜਾਣ ਵਾਸਤੇ ਬੁਲਾ ਲੈਣਗੇ।" ਜਦ ਕਿ ਮੂਲਾ ਗੁਰੂ ਜੀ ਨੂੰ ਜਾਣਦਾ ਸੀ ਅਤੇ ਚੰਗੀ ਤਰ੍ਹਾਂ ਉਨ੍ਹਾਂ ਦੀ ਮਹਿਮਾਂ ਨੂੰ ਪਛਾਣਦਾ ਸੀ॥ ੬੩॥

ਕਰਾਮਾਤ ਯੁਤ ਅੰਤਰਜਾਮੀ। ਕਰੈਂ ਜੁ ਚਾਹੈਂ ਸਭਿ ਘਟ ਸ੍ਵਾਮੀ।
ਤੱਦਪਿ ਤ੍ਰਿਯ ਨੈ ਮਤਿ ਬਿਚਲਾਈ। ਤੂਰਨ ਬਰਜੋ ਸਦਨ ਮਹਿਂ ਜਾਈ॥੬੪॥

ਉਸ ਨੂੰ ਪਤਾ ਸੀ ਕਿ ਗੁਰੂ ਜੀ ਤਾਂ ਕਰਾਮਾਤੀ ਅਤੇ ਅੰਤਰਜਾਮੀ ਹਨ, ਸਵਾਮੀ ਜਿਸ ਤਰ੍ਹਾਂ ਵੀ ਚਾਹੁਣ ਸਭ ਤਰ੍ਹਾਂ ਕਰ ਸਕਦੇ ਹਨ। ਫਿਰ ਵੀ ਇਸਤਰੀ ਨੇ ਉਸ ਦੀ ਮੱਤ ਮਾਰ ਦਿੱਤੀ ਤੇ ਉਹ ਛੇਤੀ ਘਰ ਦੇ ਅੰਦਰ ਚਲਾ ਗਿਆ॥ ੬੪॥

ਗੋ ਮੈਂ ਸੁਸ਼ਕ ਪਰੇ ਜਿਹ ਥਾਈ। ਬਡੋ ਤਿਮਰ, ਤਹਿਂ ਦੇਹਿ ਦੁਰਾਈ।
ਸ੍ਰੀ ਨਾਨਕ ਜਾਨੀ ਬਿਧਿ ਸਾਈ। 'ਮੂਲੇ, ਮੂਲੇ' ਊਚ ਅਲਾਈ॥ ੬੫॥

ਗੋਹੇ ਦੀਆਂ ਸੁਕੀਆਂ ਹੋਈਆਂ ਜਿਥੇ ਪਾਥੀਆਂ ਪਈਆਂ ਸਨ, ਓਥੇ ਬੜਾ ਹਨੇਰਾ ਸੀ, ਓਥੇ ਜਾ ਕੇ ਆਪਣੀ ਦੇਹੀ ਲੁਕਾ ਲਈ। ਗੁਰੂ ਜੀ ਨੇ ਸਾਰੀ ਵਿਧੀ ਜਾਣ ਲਈ ਤੇ ਉਨ੍ਹਾਂ ਨੇ ਉੱਚੀ ਆਵਾਜ਼ ਵਿਚ 'ਮੂਲੇ, ਮੂਲੇ' ਕਹਿ ਕੇ ਬੁਲਾਇਆ॥ ੬੫॥

ਸੁਨੀ ਗੁਹਾਰ ਨਾਰਿ ਨਿਜ ਕਾਨਾ। ਪ੍ਰਭੂ ਕੇ ਸਨਮੁਖ ਬਚਨ ਬਖਾਨਾ।
'ਜਿਸਹਿ ਪੁਕਰੇ ਸੋ ਨਹਿਂ ਧਾਮੂ। ਕਾਜ ਕਰਨ ਗਮਨਜੋ ਕਿਤ ਗ੍ਰਾਮੂ'॥੬੬॥

ਇਸਤਰੀ ਨੇ ਆਪਣੇ ਕੰਨਾਂ ਨਾਲ ਆਵਾਜ਼ ਸੁਣੀ ਅਤੇ ਗੁਰੂ ਜੀ ਨੂੰ ਕਹਿਣ ਲੱਗੀ, "ਜਿਸ ਨੂੰ ਬੁਲਾ ਰਹੇ ਹੋ, ਉਹ ਘਰ ਵਿਚ ਨਹੀਂ ਹੈ। ਕਿਸੇ ਕੰਮ ਕਿਸੇ ਹੋਰ ਪਿੰਡ ਗਿਆ ਹੈ"॥ ੬੬॥

ਦੋਹਰਾ-ਸੁਨਿਕੈ ਸ੍ਰੀ ਗੁਰ ਬਚ ਕਹਜੋ 'ਬੇਮੁਖ ਕਰਮ ਬਿਹੀਨ।
ਹਮ ਆਏ ਤੁਝ ਮਿਲਨ ਕੋ ਛਪਨ ਸਦਨ ਮਹਿਂ ਕੀਨ॥ ੬੭॥

ਇਹ ਸੁਣਕੇ ਗੁਰੂ ਜੀ ਨੇ ਬਚਨ ਕਹੇ, "ਉਹ ਬੇਮੁੱਖ ਕਰਮਹੀਣ ਹੈ, ਅਸੀਂ ਉਸ ਨੂੰ ਮਿਲਣ ਆਏ ਸੀ, ਉਹ ਘਰ ਅੰਦਰ ਲੁਕ ਗਿਆ ਹੈ॥ ੬੭॥

ਚੌਪਈ- ਜੀਵਣ ਝੂਠ ਮਰਣ ਸਚੁ ਕਹਿਈ। ਮੂਢ ਮਤੀ ਪਰ ਭੇਦ ਨ ਲਹਿਈ।
ਕਹੇ ਨਾਰਿ ਕੇ ਦੁਰਜੋ ਅਗਾਰਾ। ਅਸ ਕਹਿ ਬਹੁਰ ਸ਼ਲੋਕ ਉਚਾਰਾ ॥੬੮॥

ਜੀਵਣ ਝੂਠ ਮਰਨ ਸੱਚ ਕਹਿੰਦਾ ਸੀ, ਮੂਰਖ ਮੱਤ ਵਾਲਾ ਭੇਦ ਨਾ ਪਾ ਸਕਿਆ। ਇਸਤਰੀ ਦੇ ਕਹਿਣ 'ਤੇ ਉਹ ਘਰ ਵਿਚ ਲੁਕਿਆ ਹੈ"। ਇਹ ਕਹਿ ਗੁਰੂ ਜੀ ਇਕ ਸਲੋਕ ਦਾ ਉਚਾਰਨ ਕੀਤਾ॥ ੬੮॥

ਸਲੋਕ ਮ: ੧॥

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ੨੧॥ (ਪੰਨਾ ੧੪੧੨)

ਮਾਇਆ ਦੇ ਪੁਜਾਰੀਆਂ ਦੀ ਯਾਰੀ ਝੂਠੀ ਹੈ ਅਤੇ ਇਸ ਦੀ ਬੁਨਿਆਦ ਵੀ ਝੂਠੀ ਹੈ। ਹੇ ਮੂਲੇ! ਇਹ ਪਤਾ ਨਹੀਂ ਕਿ ਪ੍ਰਾਣੀ ਨੂੰ ਮੌਤ ਕਿਸ ਥਾਂ ਆਵੇਗੀ॥ ੨੧॥

ਚੌਪਈ- ਇਸ ਬਿਧਿ ਕਹਿ ਮਕਰੰਦੀ ਬਦਨਾ। ਚਲੇ ਪੀਠ ਦੇ ਕਰਿ ਨਿਜ ਸਦਨਾ।
ਤਿਸ ਖਿਨ ਸ਼ਜਾਮ ਨਾਗ ਤਹਿੰ ਨਿਕਸਾ। ਤਿਮਰ ਬਿਖੈ ਮੂਲੇ ਕੋ ਡਸਾ ॥੬੯॥

ਕੰਵਲ ਮੁੱਖ ਤੋਂ ਇਸ ਤਰ੍ਹਾਂ ਕਹਿ ਕੇ, ਪਿੱਠ ਮੁੜ ਕੇ ਆਪਣੇ ਘਰ ਵਲ ਚਲ ਪਏ। ਉਸ ਸਮੇਂ ਪਾਥੀਆਂ ਵਿਚੋਂ ਇਕ ਕਾਲੇ ਰੰਗ ਦਾ ਨਾਗ ਨਿਕਲਿਆ, ਹਨੇਰੇ ਵਿਚ ਉਹ ਮੂਲੇ ਨੂੰ ਲੜ ਗਿਆ॥ ੬੯॥

'ਹਾਇ ਹਾਇ' ਕਰਿ ਬਾਹਿਰ ਆਯੋ। ਨਿਜ ਨਾਰੀ ਸੋਂ ਬੈਨ ਅਲਾਯੋ।
'ਕਰਮਹੀਨ ਤੈਂ ਮੋ ਕੋ ਮਾਰਜੋ। ਚਢੀ ਸੀਸ ਮਮ ਜੀਵ ਬਿਦਾਰਜੋ ॥੭੦॥

"ਹਾਏ ਹਾਇ" ਕਰਦਾ ਬਾਹਰ ਆਇਆ ਅਤੇ ਆਪਣੀ ਇਸਤਰੀ ਨੂੰ ਕਹਿਣ ਲੱਗਾ, "ਹੇ ਕਰਮਹੀਣੇਂ! ਤੂੰ ਮੈਨੂੰ ਮਾਰ ਦਿੱਤਾ ਹੈ,ਤੂੰ ਬੜੀ ਸਿਰ-ਚੜ੍ਹੀ ਔਰਤ ਹੈਂ ਤੂੰ ਹੀ ਮੇਰੀ ਜਿੰਦ ਕੱਢ ਲਈ ਹੈ॥ ੭੦॥

ਕਿਤ ਦਿਸ਼ ਗਮਨੇ ਦੇਹੁ ਬਤਾਈ?। ਅਪੁਨੇ ਗੁਨਹਿੰ ਲੇਉਂ ਬਖਸ਼ਾਈ।
ਤਿਹ ਖਿਨ ਭਈ ਮੂਰਛਾ ਦੇਹੀ। ਬੋਲਨ ਕੀ ਸੁਧਿ ਰਹੀ ਨ ਕੇਹੀ ॥੭੧॥

ਗੁਰੂ ਜੀ ਕਿਸ ਪਾਸੇ ਗਏ ਹਨ। ਮੈਨੂੰ ਛੇਤੀ ਦੱਸੋ ? ਆਪਣਾ ਗੁਨਾਹ ਮੈਂ ਬਖਸ਼ਾ ਲਵਾਂ।" ਉਸੇ ਵੇਲੇ ਦੇਹੀ ਮੂਰਛਤ ਹੋ ਗਈ। ਬੋਲਣ ਦੀ ਕੋਈ ਸੋਝੀ ਨਾ ਰਹੀ॥ ੭੧॥

ਨਗਰ ਬਿਖੈ ਪ੍ਰਗਟਜੋ ਸੁ ਬ੍ਰਿਤੰਤਾ। 'ਮੂਲੇ ਘਰ ਗੇ ਪੂਰਨ ਸੰਤਾ।
ਸੋ ਦੁਰਿ ਗਯੋ ਨਾਰਿ ਕੇ ਭਾਖੇ। ਤਿਨਕੋਂ ਮਿਲਜੋ ਨ ਕਰਿ ਅਭਿਲਾਖੇ ॥੭੨॥

ਸਾਰੇ ਨਗਰ ਵਿਚ ਇਹ ਕਹਾਣੀ ਫੈਲ ਗਈ, "ਮੂਲੇ ਦੇ ਘਰ ਪੂਰਨ ਸੰਤ ਗਏ ਸਨ, ਉਹ ਪਤਨੀ ਦੇ ਆਖੇ ਲੱਗ ਕੇ ਲੁਕ ਗਿਆ ਉਨ੍ਹਾਂ ਨੂੰ ਅਭਿਲਾਸ਼ਾ ਕਰਕੇ ਮਿਲਿਆ ਨਹੀਂ॥ ੭੨॥

ਕਰੀ ਅਵੱਗਜਾ ਸਰਪ ਚਬਾਯੋ। ਬੋਲਤਿ ਨਹੀਂ ਗਿਰਜੋ ਮੁਰਛਾਯੋ।
ਇਸ ਬਿਧਿ ਸੁਨਿਕੈ ਪੁਰਿ ਨਰ ਨਾਰੀ। ਆਵਹਿਂ ਧਾਇ ਨਿਕੇਤ ਮਝਾਰੀ ॥੭੩॥

ਅਵੱਗਿਆ ਕੀਤੀ ਤਾਂ ਸੱਪ ਲੜ ਗਿਆ, ਬੋਲਦਾ ਨਹੀਂ, ਬੇਹੋਸ਼ ਹੋ ਕੇ ਡਿੱਗ ਪਿਆ ਹੈ। ਇਸ ਤਰ੍ਹਾਂ ਸੁਣ ਕੇ ਨਗਰ ਦੇ ਨਰ ਨਾਰੀ, ਮੂਲੇ ਦੇ ਘਰ ਵਲ ਭੱਜੇ ਆ ਰਹੇ ਸਨ॥ ੭੩॥

ਸ੍ਰੀ ਗੁਰ ਵਹਿਰ ਨਗਰ ਤੇ ਆਇ। ਬੈਠੇ ਦੇਖਿ ਰੁਚਿਰ ਇਕ ਥਾਇ।
ਬ੍ਰਿੰਦ ਲੋਕ ਤਿਹ ਸਦਨ ਸਿਧਾਰੇ। ਮਿਲੇ ਪਰਸਪਰ ਬਚਨ ਉਚਾਰੇ ॥੭੪ ॥

ਗੁਰੂ ਜੀ ਨਗਰ ਤੋਂ ਬਾਹਰ ਆ ਗਏ ਅਤੇ ਇਕ ਸੁੰਦਰ ਥਾਂ ਵੇਖ ਕੇ ਓਥੇ ਬੈਠ ਗਏ। ਲੋਕਾਂ ਦੇ ਸਮੂਹ ਮੂਲੇ ਦੇ ਘਰ ਗਏ ਅਤੇ ਮਿਲਕੇ ਇਹ ਬਚਨ ਕਹੇ॥ ੭੪ ॥

'ਸ੍ਰੀ ਨਾਨਕ ਬੈਠੇ ਜਹਿਂ ਜਾਈ। ਤੂਰਨ ਲੇ ਚਲਿਯੈ ਤਿਹ ਥਾਈਂ।
ਮਹਾਂ ਪੁਰਖ ਪੂਰਨ ਹੈ ਸੋਈ। ਬਖਸ਼ਹਿਂ ਖਤਾ ਕਰੀ ਤਿਨ ਜੋਈ' ॥੭੫ ॥

ਸ੍ਰੀ ਗੁਰੂ ਨਾਨਕ ਜੀ ਜਿਥੇ ਬੈਠੇ ਹਨ, ਉਸ ਥਾਂ ਇਨ੍ਹਾਂ ਨੂੰ ਲੈ ਚਲੋ। ਉਹ ਪੂਰਨ ਮਹਾਂ ਪੁਰਖ ਹਨ, ਇਸ ਦੀ ਗ਼ਲਤੀ ਨੂੰ ਬਖਸ਼ ਦੇਣਗੇ ਜਿਹੜੀ ਇਸ ਕੀਤੀ ਹੈ'' ॥ ੭੫ ॥

ਅਸ ਕਹਿ ਤਾਂਹਿ ਮੰਚ ਪਰ ਪਾਇ। ਚਤੁਰ ਲੋਕ ਸਿਰ ਲੀਨ ਉਚਾਇ।
ਗਮਨ ਕੀਨ ਤਿਤ ਦਿਸ਼ ਨਰ ਬ੍ਰਿੰਦਾ। ਜਿਤ ਦਿਸ਼ ਸੁਨੇ ਸ੍ਰੋਨ ਸੁਖਕੰਦਾ ॥੭੬ ॥

ਇਹ ਕਹਿਕੇ ਉਸ ਨੂੰ ਮੰਜੇ ਤੇ ਪਾ ਲਿਆ ਅਤੇ ਚਾਰ ਆਦਮੀਆਂ ਨੇ ਉਸ ਨੂੰ ਸਿਰ ਤੇ ਚੁੱਕ ਲਿਆ। ਬਹੁਤ ਲੋਕ ਉਸ ਪਾਸੇ ਵਲ ਚਲ ਪਏ ਜਿਸ ਪਾਸੇ ਗੁਰੂ ਜੀ ਬੈਠੇ ਸੁਣੇ ਸਨ॥ ੭੬ ॥

ਨਿੰਦਾ ਮੂਲੇ ਕੀ ਸਭਿ ਕਰਿਹੀਂ। ਸ੍ਰੀ ਨਾਨਕ ਕੋ ਸੁਜਸ ਉਚਰਿਹੀਂ।
ਰੰਕ ਰਾਇ ਜਿਨ ਸੁਧ ਸੁਨਿ ਪਾਈ। ਮਾਰਗ ਬਿਖੈ ਮਿਲੈਂ ਸਭਿ ਧਾਈ ॥੭੭ ॥

ਸਭ ਲੋਕ ਮੂਲੇ ਦੀ ਨਿੰਦਿਆ ਕਰ ਰਹੇ ਸਨ ਅਤੇ ਗੁਰੂ ਨਾਨਕ ਦੇਵ ਜੀ ਦਾ ਜਸ ਉਚਾਰਨ ਕਰ ਰਹੇ ਸਨ। ਰਾਜੇ ਪਰਜਾ ਜਿਸ ਵੀ ਸੁਣਿਆ, ਸਭ ਦੌੜ ਦੌੜ ਕੇ ਰਾਹ ਵਿਚ ਮਿਲ ਰਹੇ ਸਨ ॥ ੭੭॥

ਮੂਲੇ ਸਹਿਤਿ ਭੀਰ ਬਡ ਭਾਰੀ। ਸਭਿ ਚਲਿ ਆਏ ਗੁਰੂ ਅਗਾਰੀ।
ਪਦ ਅਰਬਿੰਦ ਬੰਦਨਾ ਕਰਿਹੀਂ। ਬਿਨਤੀ ਕਰੈਂ ਭਾਉ ਉਰ ਧਰਿਹੀਂ ॥੭੮ ॥

ਮੂਲੇ ਨਾਲ ਇਕ ਵੱਡੀ ਭੀੜ ਇਕੱਠੀ ਹੋਈ ਸੀ, ਸਾਰੇ ਚਲ ਕੇ ਗੁਰੂ ਜੀ ਦੇ ਸਨਮੁੱਖ ਆ ਗਏ। ਸਭ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਦਿਲ ਵਿਚ ਪ੍ਰੇਮ ਧਾਰਨ ਕਰਕੇ ਬੇਨਤੀ ਕਰਦੇ ਹਨ॥ ੭੮॥

ਮਚ ਪਰ ਤੇ ਉਤਾਰ ਤਿਹ ਤਾਈਂ। ਗੁਰ ਆਗੇ ਸੋ ਦਿਯ ਪੌਢਾਈ।
ਹਾਥ ਬੰਦਿ ਠਾਂਢੇ ਹ੍ਵੈ ਸਭਿ ਹੀ। ਬਿਨਤੀ ਕਹੈਂ ਭਾਉ ਉਰ ਧਰਿਹੀ ॥੭੯ ॥

ਮੂਲੇ ਨੂੰ ਮੰਜੇ ਤੋਂ ਲਾਹ ਕੇ ਗੁਰੂ ਜੀ ਦੇ ਅੱਗੇ ਲੰਮਾ ਪਾ ਦਿੱਤਾ। ਹੱਥ ਬੰਨ੍ਹ ਕੇ ਸਾਰੇ ਖੜੇ ਹੋ ਗਏ, ਦਿਲ ਵਿਚ ਪ੍ਰੇਮ ਧਾਰਨ ਕਰਕੇ ਬੇਨਤੀ ਕਹਿਣ ਲੱਗੇ॥ ੭੯ ॥

'ਗੁਨਹਿਵੰਦ ਲਖਿ ਤੁਮਨੈ ਮਾਰਾ। ਕ੍ਰਿਪਾ ਧਾਰਿ ਅਬ ਦੇਹੁ ਜਿਵਾਰਾ।
ਜਾਨਿ ਬੂਝ ਇਹ ਭਯੋ ਅਜਾਨਾ। ਪ੍ਰੇਰਜੋ ਤੀਯ ਕੁਮਤਿ ਉਰਝਾਨਾ' ॥੮੦ ॥

''ਕਸੂਰਵਾਰ ਸਮਝ ਕੇ ਤੁਸੀਂ ਇਸ ਨੂੰ ਮਾਰਿਆ ਹੈ। ਕਿਰਪਾ ਕਰਕੇ ਹੁਣ ਇਸ ਨੂੰ ਜੀਉਂਦਾ ਕਰ ਦੇਵੋ। ਜਾਣ ਬੁੱਝ ਕੇ ਇਹ ਅਣਜਾਣ ਬਣ ਗਿਆ ਸੀ। ਇਸਤਰੀ ਦੀ ਪ੍ਰੇਰਨਾ ਨੇ ਇਸ ਨੂੰ ਇਹ ਕੁਝ ਕਰਨ ਨੂੰ ਕਿਹਾ'' ॥ ੮੦ ॥

ਇਸ ਪ੍ਰਕਾਰ ਸੁਨਿਕੈ ਜਗਨਾਥਾ। ਬੋਲੇ ਬਚਨ ਸਭਿਨਿ ਕੇ ਸਾਥਾ।
''ਰਹਜੋ ਜੀਵਨਾ ਇਸ ਮ੍ਰਿਤੁ ਆਈ। ਨਹਿ ਕੈਸੇ ਹੂੰ ਹੋਤਿ ਬਚਾਈ ॥੮੧ ॥

ਇਸ ਪ੍ਰਕਾਰ ਸੁਣਕੇ ਗੁਰੂ ਜੀ ਸਾਰਿਆਂ ਨੂੰ ਕਹਿਣ ਲੱਗੇ, "ਇਸ ਦੀ ਮੌਤ ਆਈ ਸੀ, ਜੀਵਨ ਮੁੱਕ ਗਿਆ ਸੀ, ਮੈਂ ਹੁਣ ਇਸ ਨੂੰ ਕਿਵੇਂ ਬਚਾ ਸਕਦਾ ਹਾਂ॥ ੯੧॥

ਇਸਕੋ ਮਾਰਿ ਗਾਢਿ ਬਹੁ ਹੋਈ। ਨਹੀਂ ਉਬਾਰਿ ਸਕੈ ਅਬ ਕੋਈ।
ਅੰਤ ਸਮੈਂ ਜੋ ਦਰਸ਼ਨ ਪਾਵਾ। ਯਾਂਕੋ ਫਲ ਇਸ ਹੋਇ ਸਹਾਵਾ' ॥੯੨॥

ਇਸ ਨੂੰ ਕਰੜੀ ਮਾਰ ਹੋਈ ਹੈ, ਇਸ ਨੂੰ ਹੁਣ ਕੋਈ ਵੀ ਬਚਾ ਨਹੀਂ ਸਕਦਾ ਹੈ। ਭਾਵ ਇਸ ਨੂੰ ਉਪਰੋਂ ਮਾਰ ਹੋਈ ਹੈ, ਗੁਰੂ ਜੀ ਦੀ ਬੇਅਦਬੀ ਨੂੰ ਉਪਰਲੀ ਸ਼ਕਤੀ ਨੇ ਨਹੀਂ ਸਹਾਰਿਆ ਹੈ। ਗੁਰੂ ਜੀ ਕਿਸੇ ਨੂੰ ਸਰਾਪ ਨਹੀਂ ਦਿੰਦੇ ਸਨ ਅੰਤ ਸਮੇਂ ਜੋ ਦਰਸ਼ਨ ਪਾਇਆ ਹੈ, ਇਸ ਦਾ ਫਲ ਇਸ ਨੂੰ ਸਹਾਈ ਹੋਵੇਗਾ॥ ੯੨॥

ਦਸਵਾਂ ਜਾਮਾ ਪਹਿਰਹਿਂ ਜਬਿਹੀ। ਜਨਮ ਮਰਨ ਤੇ ਗਤਿ ਦੈਂ ਤਬਿਹੀ।
ਤਬ ਲੌ ਜਨਮ ਧਰਹਿਗੋ ਏਹੀ। ਸੂਕਰ ਸ਼ਸ਼ਾ ਮਿਰਗ ਕੀ ਦੇਹੀ' ॥੯੩॥

ਜਦ ਅਸੀਂ ਦਸਵਾਂ ਜਾਮਾ ਪਹਿਨਾਂਗੇ ਤਾਂ ਇਸ ਦੀ ਜਨਮ ਮਰਨ ਤੋਂ ਗਤੀ ਕਰ ਦੇਵਾਂਗੇ। ਤਦ ਤਕ ਇਹ ਸੂਰ, ਖ਼ਰਗੋਸ਼ ਅਤੇ ਹਿਰਨ ਦੀ ਦੇਹੀ ਵਿਚ ਜਨਮ ਲਵੇਗਾ॥ ੯੩॥

ਅਸ ਕਹਿ ਤੂਸ਼ਨਿ ਭੇ ਗੁਨਖਾਨੀ। ਬਹੁਰ ਨ ਕੈਸੇ ਬੋਲੇ ਬਾਨੀ।
ਲੇ ਮੂਲੇ ਕੋ ਸਦਨ ਸਿਧਾਰੇ। ਬ੍ਰਿੰਦ ਲੋਕ ਗਮਨੇ ਸੰਗਾਰੇ॥ ੯੪॥

ਇਹ ਕਹਿ ਕੇ ਗੁਰੂ ਜੀ ਚੁਪ ਹੋ ਗਏ, ਬਾਅਦ ਵਿਚ ਕੋਈ ਬਚਨ ਨਾ ਬੋਲਿਆ। ਮੂਲੇ ਨੂੰ ਲੈ ਕੇ ਘਰ ਚਲੇ ਗਏ। ਬਹੁਤ ਲੋਕ ਉਸ ਦੇ ਨਾਲ ਚਲੇ ਗਏ॥ ੯੪॥

ਜਬ ਘਰ ਬਿਖੈ ਉਤਾਰਾ ਜਾਏ। ਭਯੋ ਮ੍ਰਿਤੁ ਪੁਨ ਸ੍ਵਾਸ ਨ ਆਏ।
ਮਿਲਿ ਨਾਰੀ ਬਹੁ ਰੋਦਨ ਕੀਨੋ। ਕਾਸ਼ਟ ਮੇਂ ਧਰਿ ਫੂਕ ਸੁ ਦੀਨੋ॥੯੫॥

ਜਦ ਘਰ ਵਿਚ ਜਾ ਕੇ ਮੰਜੀ ਤੋਂ ਲਾਹਿਆ ਤਾਂ ਉਹ ਮਰ ਗਿਆ, ਫਿਰ ਉਸ ਕੋਈ ਸਾਹ ਨਾ ਲਿਆ। ਬਹੁਤ ਇਸਤਰੀਆਂ ਮਿਲ ਕੇ ਰੋਈਆਂ ਫਿਰ ਲੱਕੜਾਂ ਉੱਤੇ ਰੱਖ ਕੇ ਸਸਕਾਰ ਕਰ ਦਿੱਤਾ॥ ੯੫॥

ਏਕ ਨਿਸਾ ਬਸਿਕੈ ਤਿਹ ਥਾਈਂ। ਬਹੁਰੋ ਕੀਨੋ ਗਮਨ ਗੁਸਾਈਂ।
'ਚਲਿਗੋ' ਬਾਤ ਸੁਨੀ ਪੁਰਿ ਲੋਕਨ। ਦੋਰ ਮਿਲਤਿ ਭ ਸੋਚ ਬਿਮੋਚਨ॥੯੬॥

ਇਕ ਰਾਤ ਓਥੇ ਰਹਿ ਕੇ ਫਿਰ ਗੁਰੂ ਜੀ ਅੱਗੇ ਚਲ ਪਏ। ਨਗਰ ਦੇ ਲੋਕਾਂ ਨੇ ਇਹ ਗੱਲ ਸੁਣੀ ਕਿ ਗੁਰੂ ਜੀ ਚਲੇ ਗਏ ਹਨ ਤਾਂ ਦੌੜ ਕੇ ਗੁਰੂ ਜੀ ਨੂੰ ਜਾ ਮਿਲੇ॥ ੯੬॥

ਚਰਨ ਕਮਲ ਗਿਰ ਗਹਿ ਗੁਰ ਕਹੀਏ। 'ਹਮਨ ਉਧਾਰਨ ਤੁਮ ਕੋ ਚਹੀਏ'।
'ਧਰਮਸਾਲ ਇਹ ਥਲ ਬਨਿਵਾਵਹੁ। ਪੰਚਾਮ੍ਰਿਤ ਕਰਿ ਨੁਤਿਫਲ ਪਾਵਹੁ॥੯੭॥

ਉਨ੍ਹਾਂ ਗੁਰੂ ਜੀ ਦੇ ਚਰਨਾਂ ਤੇ ਡਿੱਗ ਕੇ ਤੇ ਚਰਨ ਕੰਵਲ ਫੜ ਕੇ ਗੁਰੂ ਜੀ ਨੂੰ ਕਹਿਆ, 'ਸਾਡਾ ਉਧਾਰ ਕਰੋ।'' ਗੁਰੂ ਜੀ ਕਿਹਾ, ''ਇਸ ਥਾਂ ਧਰਮਸਾਲਾ ਬਣਾਵੋ। ਕੜਾਹ ਪ੍ਰਸ਼ਾਦ ਕਰਕੇ ਕੀਰਤਨ ਕਰੋ ਤਾਂ ਫਲ ਪਾਵੋ॥ ੯੭॥

ਪਗ ਪਾਹੁਲ ਦੇਕਰਿ ਵਿਦ ਗਮਨੇ। ਅਬ ਗੁਰਦ੍ਵਾਰ ਬਨਾ ਤਿਹ ਭਵਨੇ।
ਹੁਕਮ ਮਾਨਿ ਦਰਬਾਰ ਬਨਾਯੋ। ਅਬ ਲਗ ਜ਼ਾਹਰ ਜਗਤ ਸੁਹਾਯੋ' ॥੯੮॥

ਚਰਨ ਪਾਹੁਲ ਦੇ ਕੇ ਵਿਦਾ ਹੋ ਕੇ ਚਲੇ ਗਏ। ਹੁਣ ਉਸ ਥਾਂ ਗੁਰਦੁਆਰਾ ਬਣਿਆ ਹੋਇਆ ਹੈ। ਹੁਕਮ ਮੰਨ ਕੇ ਦਰਬਾਰ ਬਣਾਇਆ। ਹੁਣ ਤਕ ਜ਼ਾਹਰਾ ਤੌਰ ਤੇ ਜਗਤ ਵਿਚ ਸੋਭ ਰਿਹਾ ਹੈ॥ ੯੮॥

ਪੂਜਨ ਕਰਿ ਫਲ ਪਾਵਤਿ ਲੋਕੀ। ਅਬ ਲਗ ਪ੍ਰਗਟ ਬੇਰ ਪਤਿ ਲੋਕੀ।
ਸੁਨਿਕੈ ਸ੍ਰੋਤਨ ਪ੍ਰਸ਼ਨ ਸੁ ਕੀਨਾ। 'ਮੂਲਾ ਕਿਸ ਬਿਧਿ ਬੰਧਨ ਹੀਨਾ ॥੮੯॥

ਪੂਜਾ ਕਰਕੇ ਲੋਕ ਫਲ ਪਾਉਂਦੇ ਹਨ। ਹੁਣ ਤਕ ਤਿੰਨਾਂ ਲੋਕਾਂ ਦੇ ਮਾਲਕ ਦੀ ਬੇਰੀ ਪ੍ਰਗਟ ਤੌਰ ਤੇ ਖੜੀ ਹੈ। ਸ੍ਰੋਤਿਆਂ ਨੇ ਸੁਣ ਕੇ ਸਵਾਲ ਕੀਤਾ, "ਮੂਲਾ ਕਿਸ ਪ੍ਰਕਾਰ ਬੰਧਨ ਮੁਕਤ ਹੋਇਆ" ॥ ੮੯॥

ਜਿਸ ਪ੍ਰਕਾਰ ਪਾਈ ਗਤਿ ਤਾਂਹੀ। ਸਭਿ ਪਰਸੰਗ ਕਹਉ ਹਮ ਪਾਹੀ'।
ਕਵਿ ਭਾਖਤੇ, ਸੁਨੀਐ ਮਤਿਵੰਤੇ!। ਮੂਲੇ ਕੋ ਆਗਲ ਬਿਰਤੰਤੇ ॥੯੦॥

ਜਿਸ ਪ੍ਰਕਾਰ ਉਸ ਗਤੀ ਪਾਈ, ਉਹ ਸਾਰਾ ਪ੍ਰਸੰਗ ਸਾਨੂੰ ਸੁਣਾਉ। ਕਵੀ ਨੇ ਕਿਹਾ, 'ਹੇ ਬੁਧੀਵਾਨੋ ਸੁਣੋ ! ਮੈਂ ਮੂਲੇ ਦਾ ਅਗਲਾ ਬ੍ਰਿਤਾਂਤ ਸੁਣਾਉਂਦਾ ਹਾਂ॥ ੯੦॥

ਦੋਹਰਾ-ਪਾਤਿਸ਼ਾਹਿ ਦਸਵੇਂ ਗੁਰੂ ਸਿੱਖਨ ਕੋ ਸੁਖਦਾਇ।
ਦੇਗ਼ ਤੇਗ਼ ਕੇ ਬਡ ਧਨੀ ਮਹਿਮਾ ਕਹੀ ਨ ਜਾਇ॥ ੯੧॥

ਦਸਵੇਂ ਪਾਤਸ਼ਾਹ ਜਿਹੜੇ ਸਿੱਖਾਂ ਨੂੰ ਸੁਖ ਦੇਣ ਵਾਲੇ ਹਨ, ਉਹ ਦੇਗ ਤੇਗ ਦੇ ਏਡੇ ਵੱਡੇ ਧਨੀ ਸਨ, ਕਿ ਉਨ੍ਹਾਂ ਦੀ ਮਹਿਮਾਂ ਕਹੀ ਨਹੀਂ ਜਾ ਸਕਦੀ॥ ੯੧॥

ਚੌਪਈ- ਸ੍ਰੀ ਗੋਬਿੰਦ ਸਿੰਘ ਰੁਚਿਰ ਬਿਸ਼ਾਲਾ। ਜਬਹੀ ਬੈਠੇ ਤਖਤ ਕ੍ਰਿਪਾਲਾ।
ਸੰਗਤਿ ਕੋ ਉਧਾਰ ਬਹੁ ਕਰਿਹੀਂ। ਪ੍ਰਬਲ ਤੇਜ ਦੁਸ਼ਟਨ ਕੋ ਹਰਿਹੀਂ ॥੯੨॥

ਸ੍ਰੀ ਗੁਰੂ ਗੋਬਿੰਦ ਸਿੰਘ ਬਹੁਤ ਸੁੰਦਰ ਸਨ। ਜਦ ਕਿਰਪਾਲੂ ਤਖਤ ਤੇ ਬੈਠੇ ਸਨ ਉਸ ਸਮੇਂ ਤੋਂ ਆਪ ਜੀ ਨੇ ਸੰਗਤ ਦਾ ਬਹੁਤ ਉਧਾਰ ਕੀਤਾ ਹੈ। ਵੱਡੇ ਤੇਜ ਵਾਲੇ ਸਨ ਅਤੇ ਦੁਸ਼ਟਾਂ ਨੂੰ ਉਨ੍ਹਾਂ ਖਤਮ ਕੀਤਾ ਹੈ॥ ੯੨॥

ਏਕ ਬੈਸ਼ਨੋ ਸੁਨੀ ਪ੍ਰਸ਼ੰਸਾ। 'ਗੁਰੂ ਬਡੋ ਸੋਢਿਨ ਅਵਤੰਸ਼ਾ।
ਸ੍ਰੀ ਨਾਨਕ ਸਥਾਨ ਸੋ ਬੈਸਾ। ਕਰਤਿ ਉਧਾਰ ਦੇਤਿ ਉਪਦੇਸ਼ਾ ॥੯੩॥

ਉਸ ਸਮੇਂ ਜਦ ਇਕ ਵੈਸ਼ਨੋ ਨੇ ਉਨ੍ਹਾਂ ਦੀ ਪ੍ਰਸੰਸਾ ਸੁਣੀ, "ਸੋਢੀਆਂ ਦੇ ਕੁਲ ਵਿਚ ਵੱਡੇ ਗੁਰੂ ਹਨ। ਉਹ ਗੁਰੂ ਨਾਨਕ ਜੀ ਦੇ ਸਥਾਨ ਤੇ ਬੈਠੇ ਹਨ। ਉਪਦੇਸ਼ ਦੇ ਕੇ ਉਧਾਰ ਕਰਦੇ ਹਨ॥ ੯੩॥

ਬਹੁ ਬਿਬੇਕ ਨਿਧਿ ਸੰਤ ਸਰੂਪਾ'। ਅਸ ਜਬ ਮਹਿਮਾ ਸੁਨੀ ਅਨੂਪਾ।
ਦਰਸ ਹੇਤ ਚਲਿ ਕਰਿ ਸੋ ਆਵਾ। ਅਵਲੋਕਨ ਅਚਾਰ ਲਲਚਾਵਾ ॥੯੪॥

ਬਹੁਤ ਗਿਆਨ ਦੇ ਖਜ਼ਾਨੇ ਹਨ ਅਤੇ ਸੰਤ ਸਰੂਪ ਹਨ।'' ਇਸ ਤਰ੍ਹਾਂ ਜਦ ਅਨੂਪਮ ਮਹਿਮਾ ਸੁਣੀ ਤਾਂ ਉਹ ਬ੍ਰਾਹਮਣ ਦਰਸ਼ਨ ਕਰਨ ਹੇਤ ਉਥੇ ਚਲ ਕੇ ਆਇਆ। ਗੁਰੂ ਜੀ ਦਾ ਕਰਤਵ ਵੇਖਣ ਲਈ ਉਸ ਦਾ ਮਨ ਲਲਚਾਇਆ॥ ੯੪॥

ਗਏ ਅਖੇਰ ਗੁਰੂ ਤਿਹ ਕਾਲਾ। ਸ਼ਸਤ੍ਰ ਸਜਾਇ ਸੁ ਬਾਹੁ ਬਿਸਾਲਾ।
ਬੂਝੇ ਮਨੁਜ ਬੈਸ਼ਨੋ ਜਾਈ॥ 'ਸ੍ਰੀ ਬਿਬੇਕਨਿਧਿ ਹੈਂ ਕਿਹ ਥਾਈਂ? ॥੯੫॥

ਗੁਰੂ ਜੀ ਉਸ ਸਮੇਂ ਸ਼ਿਕਾਰ ਖੇਡਣ ਗਏ ਸਨ, ਉਨ੍ਹਾਂ ਬਹੁਤ ਸ਼ਸਤਰ ਸਜਾਏ ਹੋਏ ਸਨ। ਵੈਸ਼ਨੋ ਜਾ ਕੇ ਮਨੁੱਖਾਂ ਨੂੰ ਪੁੱਛਣ ਲੱਗਾ, "ਗਿਆਨ ਦੇ ਖਜ਼ਾਨੇ ਗੁਰੂ ਜੀ ਇਸ ਸਮੇਂ ਕਿਥੇ ਹਨ ?॥ ੯੫॥

ਦਰਸ਼ਨ ਕਰਨ ਮੋਰਿ ਅਭਿਲਾਖਾ'। ਸੁਨਿਕੈ ਇਕ ਸਿਖ ਤਿਹ ਸੋਂ ਭਾਖਾ।
'ਸ੍ਰੀਗੁਰ ਅਬਹੀ ਤੋਹਿ ਅਗਾਰੀ। ਗਏ ਸ਼ਿਕਾਰ ਉਜਾਰ ਮਝਾਰੀ' ॥੯੬॥

ਮੇਰੀ ਦਰਸ਼ਨ ਕਰਨ ਦੀ ਅਭਿਲਾਸ਼ਾ ਹੈ। ਇਹ ਸੁਣ ਕੇ ਇਕ ਸਿੱਖ ਨੇ ਉਸ ਨੂੰ ਕਿਹਾ, "ਗੁਰੂ ਜੀ ਹੁਣੇ ਹੀ ਤੇਰੇ ਅੱਗੇ ਅੱਗੇ ਉਜਾੜ ਵਿਚ ਸ਼ਿਕਾਰ ਖੇਡਣ ਗਏ ਹਨ॥ ੯੬॥

ਇਉਂ ਸੁਨਿ ਤਰਕਤਿ ਭਾ ਮਨ ਮਾਂਹੀ। ਕਰਨ ਉਧਾਰ ਉਚਿਤ ਇਹ ਨਾਂਹੀ।
ਦਯਾਹੀਨ ਜੋ ਜੀਵਨ ਮਾਰੈ। ਸੋ ਕੈਸੇ ਕੈ ਜਗਤ ਉਧਾਰੈ? ॥ ੯੭ ॥

ਇਸ ਤਰ੍ਹਾਂ ਸੁਣ ਕੇ ਮਨ ਵਿਚ ਤਰਕ ਪੈਦਾ ਹੋਇਆ। ਮੁਕਤੀ ਦੇਣ ਦੀ ਸਮਰਥਾ ਵਾਲੇ ਇਹ ਨਹੀਂ ਹੋ ਸਕਦੇ। ਦਇਆਹੀਣ ਜਿਹੜਾ ਜੀਵਾਂ ਨੂੰ ਮਾਰੇ, ਉਹ ਜਗਤ ਦਾ ਉਧਾਰ ਕਿਵੇਂ ਕਰ ਸਕਦਾ ਹੈ ?॥ ੯੭॥

ਤੱਦਜਪਿ ਮੈਂ ਆਯੋ ਅਬ ਚਲਿਕੈ। ਜਾਉਂ ਸਦਨ ਇਕ ਵਾਰੀ ਮਿਲਿਕੈ।
ਅਸ ਵਿਚਾਰ ਕਰਿ ਵਹਿਰ ਪਧਾਰਾ। ਜਿਹ ਮਗ ਗਮਨੇ ਮੋਖ ਉਦਾਰਾ ॥੯੮ ॥

ਫਿਰ ਵੀ ਮੈਂ ਚਲਕੇ ਆਇਆ ਹਾਂ, ਹੁਣ ਇਕ ਵਾਰੀ ਮਿਲ ਕੇ ਘਰ ਚਲਾ ਜਾਵਾਂਗਾ। ਇਸ ਤਰ੍ਹਾਂ ਵਿਚਾਰ ਕਰਕੇ ਬਾਹਰ ਆ ਗਿਆ, ਤੇ ਉਸ ਪਾਸੇ ਚਲ ਪਿਆ, ਜਿਸ ਪਾਸੇ ਮੁਕਤੀ ਦਾਤੇ ਭਾਵ ਗੁਰੂ ਜੀ ਸ਼ਿਕਾਰ ਖੇਡਣ ਗਏ ਸਨ॥ ੯੮॥

ਕਰਤਿ ਅਖੇਰ ਬ੍ਰਿਤਿ ਤਿਹ ਕਾਲਾ। ਜਾਇ ਬਿਲੋਕੇ ਦੀਨ ਦਿਆਲਾ।
ਨਿਕਸਿ ਸਸਾ ਇਕ ਚਲਜੋ ਅਗਾਰੀ। ਛੋਡਜੋ ਤਾਂਕੇ ਬਾਜ ਪਿਛਾਰੀ ॥੯੯ ॥

ਉਸ ਸਮੇਂ ਗੁਰੂ ਜੀ ਨੇ ਸ਼ਿਕਾਰਬ੍ਰਿਤੀ ਧਾਰਨ ਕੀਤੀ ਹੋਈ ਸੀ, ਬ੍ਰਾਹਮਣ ਨੇ ਉਥੇ ਜਾ ਕੇ ਗੁਰੂ ਜੀ ਨੂੰ ਵੇਖਿਆ। ਇਕ ਖਰਗੋਸ਼ ਨਿਕਲ ਕੇ ਉਨ੍ਹਾਂ ਦੇ ਅੱਗੇ ਭੱਜਿਆ। ਗੁਰੂ ਜੀ ਨੇ ਉਸ ਦੇ ਪਿੱਛੇ ਆਪਣਾ ਬਾਜ਼ ਲਾ ਦਿੱਤਾ॥ ੯੯॥

ਚੁੰਚ ਚਪੇਟ ਸਾਥ ਤਿਹ ਗੇਰਾ। ਬਿਗਸੇ ਪ੍ਰਭੂ ਤਮਾਸ਼ੇ ਹੇਰਾ।
ਦੇਖਿ ਬੈਸ਼ਨੋ ਬਹੁ ਪਛੁਤਾਵਾ। ਮੈਂ ਕਾਹੇ ਇਨ ਢਿਗ ਚਲਿ ਆਵਾ ॥੧੦੦ ॥

ਬਾਜ਼ ਨੇ ਚੁੰਝ ਦੀ ਮਾਰ ਨਾਲ ਉਸ ਖਰਗੋਸ਼ ਨੂੰ ਥੱਲੇ ਡੇਗ ਲਿਆ, ਇਸ ਤਮਾਸ਼ੇ ਨੂੰ ਵੇਖ ਕੇ ਗੁਰੂ ਜੀ ਬਹੁਤ ਖੁਸ਼ ਹੋਏ। ਵੈਸ਼ਨੋ ਇਹ ਵੇਖ ਕੇ ਬਹੁਤ ਪਛਤਾਇਆ। ਸੋਚਣ ਲੱਗਾ ਮੈਂ ਕਾਹਦੇ ਲਈ ਇਨ੍ਹਾਂ ਪਾਸ ਆ ਗਿਆ ਹਾਂ॥ ੧੦੦॥

ਤਰਫਤਿ ਜੀਵ ਕੁ ਹੇਰਿ ਬਿਕਾਸ਼ੇ। ਕਹਾਂ ਮੁਕਤਿ ਹੋਵੈ ਇਨ ਪਾਸ।
ਤਿਹ ਮਨ ਕੀ ਲਖਿਕੈ ਜਗਨਾਥਾ। ਸਸੇ ਸੰਗਿ ਛੁਾਯੋ ਨਿਜ ਹਾਥਾ ॥੧੦੧ ॥

ਤੜਫਦੇ ਜੀਵ ਨੂੰ ਵੇਖ ਕੇ ਜਿਹੜੇ ਖੁਸ਼ ਹੋ ਰਹੇ ਹਨ, ਇਨ੍ਹਾਂ ਪਾਸੋਂ ਮੁਕਤੀ ਕਿਵੇਂ ਮਿਲ ਸਕਦੀ ਹੈ। ਗੁਰੂ ਜੀ ਨੇ ਉਸ ਦੇ ਮਨ ਦੀ ਗੱਲ ਜਾਣ ਕੇ, ਸਹੇ ਨੂੰ ਆਪਣੇ ਹੱਥਾਂ ਨਾਲ ਛੂਹਿਆ॥ ੧੦੧॥

ਤਤਛਿਨ ਭਯੋ ਸੁ ਦੇਵ ਸਰੂਪਾ। ਭੂਖਨ ਅੰਗਨ ਬੀਚ ਅਨੂਪਾ।
ਬਨੀ ਰੁਚਿਰਤਾ ਕਾਮ ਲਜਾਵਾ। ਉਸਤਤਿ ਕਰਿਕੈ ਉਰਧ ਸਿਧਾਵਾ ॥੧੦੨ ॥

ਓਸੇ ਵੇਲੇ ਹੀ ਉਹ ਦੇਵਤਾ ਸਰੂਪ ਹੋ ਗਿਆ। ਉਸ ਆਪਣੇ ਅੰਗਾਂ ਤੇ ਸੁੰਦਰ ਗਹਿਣੇ ਪਹਿਨੇ ਹੋਏ ਸਨ ਅਤੇ ਅਨੂਪਮ ਉਸ ਦਾ ਰੂਪ ਸੀ। ਉਸ ਦੀ ਸੁੰਦਰਤਾ ਵੇਖ ਕੇ ਕਾਮਦੇਵ ਵੀ ਲਜਿਤ ਹੋ ਰਿਹਾ ਸੀ। ਗੁਰੂ ਜੀ ਦੀ ਉਸਤਤ ਕਰਕੇ ਉਪਰ ਅਕਾਸ਼ ਵੱਲ ਚਲਾ ਗਿਆ॥ ੧੦੨॥

ਜਬ ਇਹ ਚਰਿਤ ਬੈਸ਼ਨਵ ਦੇਖਾ। ਉਰ ਮਹਿਂ ਸ਼ਰਧਾ ਬਧੀ ਵਿਸ਼ੇਖਾ।
ਪਦ ਅਰਬਿੰਦ ਦੌਰਿ ਲਪਟਾਵਾ। ਅਧਿਕ ਪ੍ਰੇਮ ਸੋਂ ਹਿਰਦੇ ਛਾਵਾ ॥੧੦੩ ॥

ਜਦ ਵੈਸ਼ਨਵ ਨੇ ਇਹ ਚਰਿੱਤਰ ਵੇਖਿਆ ਤਾਂ ਹਿਰਦੇ ਵਿਚ ਬੜੀ ਸ਼ਰਧਾ ਵਧੀ। ਦੌੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ। ਹਿਰਦੇ ਵਿਚ ਬਹੁਤ ਪ੍ਰੇਮ ਛਾ ਗਿਆ॥ ੧੦੩॥

ਡੇਰੇ ਜਾਇ ਬੂਝਨੋ ਕੀਨਾ। 'ਕੌਨ ਹੁਤੇ ਜੁ ਕਿਯੋ ਬੰਧਹੀਨਾ?'।
ਤਿਹ ਛਿਨ ਮੂਲੇ ਕੋ ਜੁ ਪ੍ਰਸੰਗਾ। ਗੁਰੂ ਸੁਨਾਇ ਦੀਨ ਤਿਹ ਸੰਗਾ ॥੧੦੪ ॥

ਡੇਰੇ ਜਾ ਕੇ ਪੁੱਛਣ ਲੱਗਾ, "ਉਹ ਕੌਣ ਸੀ ਜਿਸ ਨੂੰ ਮੁਕਤ ਕੀਤਾ ਹੈ ?" ਉਸ ਵੇਲੇ ਗੁਰੂ ਜੀ ਨੇ ਮੂਲੇ ਦਾ ਪ੍ਰਸੰਗ ਸਾਰਿਆਂ ਨੂੰ ਸੁਣਾ ਦਿੱਤਾ ॥ ੧੦੪ ॥

ਇਸ ਪ੍ਰਕਾਰ ਸੁਨਿ ਪਿਖਿ ਸ਼ੁਭ ਰੀਤੀ। ਭਯੋ ਸਿੱਖ ਗੁਰ ਕੋ ਯੁਤ ਪ੍ਰੀਤੀ।
ਇਉਂ ਮੂਲੇ ਨੇ ਸ਼ੁਭ ਗਤਿ ਪਾਈ। ਕਵਿ ਬਰਨਨਿ ਕਰਿ ਸਰਬ ਸੁਨਾਈ ॥੧੦੫ ॥

ਇਸ ਪ੍ਰਕਾਰ ਸ਼ੁਭ ਰੀਤੀ ਵੇਖ ਕੇ ਬੜੇ ਪ੍ਰੇਮ ਨਾਲ ਗੁਰੂ ਜੀ ਦਾ ਸਿੱਖ ਹੋਇਆ। ਇਸ ਤਰ੍ਹਾਂ ਮੂਲੇ ਨੇ ਸ਼ੁਭ ਗਤੀ ਪਾਈ। ਕਵੀ ਨੇ ਵਰਣਨ ਕਰਕੇ ਸਾਰੀ ਸੁਣਾ ਦਿੱਤੀ ॥ ੧੦੫ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਬਾਲ ਹੂੰਦਾਈ, ਮੂਲੇ ਕੋ ਪ੍ਰਸੰਗ' ਬਰਨਨੰ ਨਾਮ ਅਠੱਤ੍ਰਿੰਸਮੋ ਅਧਯਾਯ ॥ ੩੮ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠੱਤੀਵਾਂ ਅਧਿਆਇ, ਜਿਸ ਦਾ ਨਾਮ "ਬਹੁ ਸੁਹਾਗਨ, ਬਾਲ ਹੰਦਾਈ, ਮੂਲਾ" ਹੈ, ਸਮਾਪਤ ਹੋਇਆ ॥ ੩੮ ॥

## ਅਧਿਆਇ ਉਨਤਾਲੀਵਾਂ

**ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਵਿਖੇ ਸਿੱਧਾਂ ਨਾਲ ਗੋਸ਼ਟ**

ਦੋਹਰਾ-ਪੜਨ ਸੁਨਨਿ ਕਰਿ ਛੀਰ ਸਮ ਪ੍ਰੇਮ ਸਮਾਇਨ ਪਾਇ।
ਲਖਨੋ ਸਹਿਜ ਸਰੂਪ ਕੋ ਚਖ ਮਾਖਨ ਸੁਖਦਾਇ ॥ ੧ ॥

ਪੜ੍ਹਨ ਤੇ ਸੁਣਨ ਨੂੰ ਦੁੱਧ ਦੇ ਬਰਾਬਰ ਸਮਝ ਲਵੇ, ਉਸ ਵਿਚ ਪ੍ਰੇਮ ਰੂਪੀ ਜਾਗ ਲਗਾ ਦੇਵੇ, ਨਾਮ ਦਾ ਰਿੜਕਨਾ ਕਰਕੇ ਸਹਿਜ ਸਰੂਪ ਦੀ ਲਖਤਾ ਰੂਪੀ ਸੁਖਦਾਈ ਮੱਖਣ ਨੂੰ ਫਿਰ ਚੱਖੇ ॥ ੧ ॥

*ਸ੍ਰੀ ਬਾਲਾ ਸੰਧੁਰ ਵਾਚ ॥*

ਚੌਪਈ- ਸ੍ਰੀ ਅੰਗਦ ਸੁਨਿ ਕਥਾ ਮਹਾਨੀ। ਕੀਨ ਪਯਾਨੋ ਪੁਨ ਗੁਨਖਾਨੀ।
ਸ੍ਰੀ ਕਰਤਾਰਪੁਰੇ ਚਲਿ ਆਏ। ਬੰਦਨ ਕਰਹਿ ਸਿੱਖ ਹਰਖਾਏ ॥ ੨ ॥

*ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮਹਾਨ ਗੁਰ ਕਥਾ ਸੁਣੋ।* ਫਿਰ ਗੁਰੂ ਜੀ ਓਥੋਂ ਅੱਗੇ ਚਲੇ ਗਏ ਅਤੇ ਚਲ ਕੇ ਕਰਤਾਰਪੁਰ ਆ ਗਏ। ਸਾਰੇ ਸਿੱਖ ਖੁਸ਼ ਹੋ ਕੇ ਬੰਦਨਾ ਕਰਨ ਲੱਗੇ ॥ ੨ ॥

ਦੋਨੋਂ ਸੁਤ ਪਾਇਨ ਪਰ ਪਰੇ। ਦੇਖਿ ਪਿਤਾ ਸੋ ਆਨੰਦ ਭਰੇ।
ਸਭਿਨਿ ਕੀਨਿ ਉਤਸਾਹੁ ਬਿਸ਼ਾਲਾ। ਪੰਚਾਂਮ੍ਰਿਤ ਬਹੁ ਕਿਯ ਤਤਕਾਲਾ ॥੩ ॥

ਦੋਵਾਂ ਪੁੱਤਰਾਂ ਨੇ ਪੈਰਾਂ 'ਤੇ ਮੱਥਾ ਟੇਕਿਆ ਅਤੇ ਪਿਤਾ ਨੂੰ ਵੇਖ ਕੇ ਆਨੰਦ ਨਾਲ ਭਰ ਗਏ। ਸਾਰਿਆਂ ਨੇ ਵਿਸ਼ਾਲ ਉਤਸ਼ਾਹ ਕੀਤਾ ਅਤੇ ਤੁਰੰਤ ਕੜਾਹ ਪਰਸ਼ਾਦ ਤਿਆਰ ਕੀਤਾ ॥ ੩ ॥

ਕਰਿ ਅਰਦਾਸ ਬਾਂਟਿ ਸਭਿ ਤਾਈਂ। ਕਿਰਤਨ ਕੀ ਘਨਘੋਰ ਲਗਾਈ।
ਜਹਿਂ ਜਹਿਂ ਸਿੱਖ ਹੁਤੇ ਸੁਨਿ ਆਏ। ਦਰਸ਼ਨ ਕਰਿ ਬਾਛਤਿ ਫਲ ਪਾਏ ॥੪ ॥

ਅਰਦਾਸ ਕਰਕੇ ਸਭ ਨੂੰ ਵੰਡ ਦਿੱਤਾ। ਉੱਚੀ ਤੇ ਮਸਤ ਆਵਾਜ ਨਾਲ ਕੀਰਤਨ ਕਰਨ ਲੱਗ ਗਏ। ਜਿਥੇ ਜਿਥੇ ਸਿੱਖ ਸਨ ਸਭ ਸੁਣ ਕੇ ਆਏ। ਦਰਸ਼ਨ ਕਰਕੇ ਉਨ੍ਹਾਂ ਮਨ-ਇੱਛਤ ਫਲ ਪ੍ਰਾਪਤ ਕੀਤੇ॥ ੪॥

ਰਹਿਨ ਲਗੇ ਪੁਨਿ ਪੁਰਿਕਰਤਾਰਾ। ਸਿਮਰਨ ਨਾਮ ਜਗਤ ਬਿਸਤਾਰਾ।
ਦਿਨ ਪ੍ਰਤਿ ਦੂਨ ਚਊਨ ਬਿਸ਼ਾਲਾ। ਪਸਰੀ ਕੀਰਤਿ ਕਰਤਿ ਉਜਾਲਾ॥੫॥

ਗੁਰੂ ਜੀ ਫਿਰ ਕਰਤਾਰਪੁਰ ਵਿਚ ਰਹਿਣ ਲੱਗੇ। ਨਾਮ ਸਿਮਰਨ ਦਾ ਜਗਤ ਵਿਚ ਵਿਸਥਾਰ ਕਰਨ ਲੱਗੇ। ਦਿਨ ਪ੍ਰਤਿ ਦੂਣਾ ਚੌਣਾ ਵਾਧਾ ਹੋ ਰਿਹਾ ਸੀ, ਸਾਰੇ ਕੀਰਤੀ ਫੈਲ ਗਈ ਸੀ, ਹਨੇਰਾ ਦੂਰ ਹੋਇਆ ਅਤੇ ਸਾਰੇ ਪ੍ਰਕਾਸ਼ ਹੋ ਗਿਆ॥ ੫॥

ਦਸ ਦਿਸ਼ ਜੀਤੀ, ਤੇਜ ਸਵਾਇਆ। ਸੱਤਿਨਾਮ ਕਾ ਚੱਕ੍ਰ ਫਿਰਾਇਆ।
ਪੀਰ ਅਮੀਰ ਜਗਤ ਮਹਿਂ ਜੇਈ। ਪਦ ਅਰਬਿੰਦ ਨਿਵਾਏ ਤੇਈ॥੬॥

ਚਾਰੇ ਪਾਸੇ ਜਿੱਤ ਲਏ ਅਤੇ ਤੇਜ ਬਹੁਤ ਵਧਿਆ ਸਾਰੇ ਸਤਿਨਾਮ ਦਾ ਚੱਕਰ ਫਿਰਾਇਆ। ਜਗਤ ਵਿਚ ਜੋ ਵੀ ਪੀਰ ਅਮੀਰ ਸੀ, ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ॥ ੬॥

ਪੰਡਿਤ ਔਰ ਪਖੰਡੀ ਗਜਾਨੀ। ਬਿੱਦਜਾ ਬੇਤੇ ਜੇ ਅਭਿਮਾਨੀ।
ਕਰਾਮਾਤ ਯੁਤ ਆਪ ਜਣਾਇਆ। ਤਿਨ ਸਭਿ ਊਪਰ ਪ੍ਰਭੁ ਜਸੁ ਛਾਇਆ॥੭॥

ਪੰਡਿਤ ਅਤੇ ਪਖੰਡੀ ਗਿਆਨੀ, ਵਿਦਿਆ ਪੜ੍ਹ ਕੇ ਜਿਨ੍ਹਾਂ ਨੂੰ ਬਹੁਤ ਘੁਮੰਡ ਹੋ ਗਿਆ ਸੀ ਅਤੇ ਜਿਨ੍ਹਾਂ ਨੇ ਕਰਾਮਾਤ ਨਾਲ ਆਪਣਾ ਆਪਾ ਜਣਵਾ ਲਿਆ ਸੀ, ਤਿਨ੍ਹਾਂ ਸਾਰਿਆਂ ਦੇ ਉਤੇ ਗੁਰੂ ਜੀ ਦਾ ਜਸ ਛਾ ਗਿਆ॥ ੭॥

ਜੇਊ ਸਿੱਧ ਗੋਰਖ ਸੰਗਾਰੇ। ਚਰਚਾ ਕਰਤਿ ਸਰਬ ਤੇ ਹਾਰੇ।
ਕਲਾ ਦਿਖਾਏ ਰਹੇ ਪਚਿਹਾਰੀ। ਚਲੀ ਨ ਕੁਛ ਭੇ ਲੱਜਿਤ ਭਾਰੀ॥ ੮॥

ਜਿਵੇਂ ਸਿੱਧ ਗੋਰਖ ਸਮੇਤ ਚਰਚਾ ਕਰਕੇ ਸਭ ਹਾਰ ਗਏ ਸਨ, ਕਰਾਮਾਤਾਂ ਵਿਖਾ ਵਿਖਾ ਥੱਕ ਗਏ, ਕਿਸੇ ਦੀ ਵੀ ਨਾ ਚਲੀ ਤੇ ਸਾਰੇ ਬਹੁਤ ਸ਼ਰਮਿੰਦੇ ਹੋਏ॥ ੮॥

ਤਦਪਿ ਹੰਕਾਰ ਨ ਛੋਡਜੇ ਮਨ ਕੋ। ਜਗ ਮਨਤਾ ਬਡ ਗਰਬ ਸੁ ਜਿਨ ਕੋ।
ਤਿਨ ਪੁਨ ਮਾਨ ਭੰਜਨੇ ਹੇਤਾ। ਚਹਤਿ ਰਹਤਿ ਬੇਦੀ ਕੁਲਕੇਤਾ॥ ੯॥

ਫਿਰ ਵੀ ਉਨ੍ਹਾਂ ਸਿੱਧਾਂ ਨੇ ਮਨ ਦਾ ਹੰਕਾਰ ਨਾ ਛਡਿਆ, ਜਗਤ ਮਨਤਾ ਦਾ ਜਿਨ੍ਹਾਂ ਨੂੰ ਵੱਡਾ ਘੁਮੰਡ ਸੀ। ਉਨ੍ਹਾਂ ਦਾ ਗੁਰੂ ਜੀ ਫਿਰ ਹੰਕਾਰ ਤੋੜਨਾ ਚਾਹੁੰਦੇ ਸਨ॥ ੯॥

ਬੇਖ ਫਕੀਰੀ ਤਜਜੋ ਸਰੀਰਾ। ਸੰਸਾਰੀ ਪਹਿਰੇ ਪੁਨਿ ਚੀਰਾ।
ਕ੍ਰਿਖੀ ਕਰਾਵਨ ਲਗੇ ਬਿਸ਼ਾਲਾ। ਦੇਗ ਚਲਾਵਹਿਂ ਪਰਮ ਕ੍ਰਿਪਾਲਾ॥੧੦॥

ਗੁਰੂ ਜੀ ਨੇ ਸਰੀਰ ਤੋਂ ਫਕੀਰੀ ਭੇਸ ਉਤਾਰ ਦਿੱਤਾ, ਆਮ ਸੰਸਾਰੀਆਂ ਵਾਲੇ ਕੱਪੜੇ ਪਾ ਲਏ। ਵਿਸ਼ਾਲ ਖੇਤੀ ਕਰਵਾਉਣ ਲੱਗੇ ਅਤੇ ਕਿਰਪਾਲੂ ਅਤੁਟ ਲੰਗਰ ਚਲਾਉਂਦੇ ਸਨ॥ ੧੦॥

ਦਰਸ਼ਨ ਕਰਨ ਹੇਤ ਸਿੱਖ ਆਵਹਿਂ। ਕਿਤਿਕ ਰਹਹਿਂ, ਘਰਿ ਕਿਤਿਕ ਸਿਧਾਵਹਿਂ।
ਸਵਾ ਜਾਮ ਨਿਸ ਰਹੇ ਸਦਾਈ। ਹੋਤਿ ਕੀਰਤਨ ਸਭਿ ਸੁਖਦਾਈ॥੧੧॥

ਜਿਹੜੇ ਸਿੱਖ ਦਰਸ਼ਨ ਕਰਨ ਆਉਂਦੇ ਸਨ, ਕਈ ਗੁਰੂ ਜੀ ਪਾਸ ਹੀ ਠਹਿਰ ਜਾਂਦੇ ਸਨ ਅਤੇ ਕਈ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਸੁਖਦਾਈ ਕੀਰਤਨ ਆਰੰਭ ਹੋ ਜਾਂਦਾ ਸੀ॥ ੧੧॥

'ਸੱਤਿਨਾਮ ਕੋ ਸਿਮਰਨ ਕਰਨਾ। ਇਹ ਉਪਦੇਸ਼ ਸਰਬ ਪ੍ਰਤਿ ਬਰਨਾ।

'ਨੀਚ ਕਿ ਊਚ ਰਾਇ ਕੈ ਰੰਕਾ। ਸਿਮਰੇ ਤੇ ਜਮ ਜਾਇ ਅਤੰਕਾ' ॥ ੧੨ ॥

''ਸਤਿਨਾਮ ਦਾ ਸਿਮਰਨ ਕਰੋ'' ਉਹ ਸਾਰਿਆਂ ਨੂੰ ਉਪਦੇਸ਼ ਦਿੰਦੇ ਸਨ। ਨੀਚ, ਊਚ, ਰਾਜਾ ਪਰਜਾ ਜੋ ਸਿਮਰਨ ਕਰਨ ਤਦ ਹੀ ਜਮ ਦਾ ਡਰ ਜਾਂਦਾ ਰਹਿੰਦਾ ਹੈ॥ ੧੨ ॥

ਸ਼ੁੱਧ ਅਸ਼ੁੱਧ ਜਪੈ ਜੇ ਕੋਈ। ਮਨ ਬਿਕਾਰ ਤੇ ਨਿਰਮਲ ਹੋਈ।
ਪ੍ਰਾਪਤਿ ਗਯਾਨ ਬੰਧ ਸਭਿ ਖੋਇ। ਇਹ ਸਮ ਨਹਿਂ ਸੁਖੈਨ ਕਲਿ ਕੋਈ ॥੧੩ ॥

ਸ਼ੁੱਧ ਸਰੀਰ ਅਤੇ ਮਨ ਨਾਲ ਜੇ ਕੋਈ ਪ੍ਰਭੂ ਦਾ ਨਾਮ ਜਪੇ ਤਾਂ ਮਨ ਵਿਕਾਰਾਂ ਤੋਂ ਨਿਰਮਲ ਹੁੰਦਾ ਹੈ। ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਬੰਧਨ ਸਾਰੇ ਟੁੱਟ ਜਾਂਦੇ ਹਨ। ਕਲਿਜੁਗ ਵਿਚ ਇਸ ਤੋਂ ਸੌਖਾ ਹੋਰ ਕੋਈ ਢੰਗ ਨਹੀਂ ਹੈ॥ ੧੩ ॥

ਸੁਨਿ ਉਪਦੇਸ਼ ਸਿੱਖ ਵਡਭਾਗੀ। ਭਗਤਿ ਪ੍ਰੇਮ ਰੰਗੇ ਲਿਵਲਾਗੀ।
ਮੁਕਤਿ ਉਚਿਤ ਭੇ ਮਨੁਜ ਅਨੇਕਾ। ਰਹੇ ਅਲੇਪ ਸੁ ਪਾਇ ਬਿਬੇਕਾ ॥੧੪ ॥

ਵਡਭਾਗੀ ਸਿੱਖ ਇਹ ਉਪਦੇਸ਼ ਸੁਣ ਕੇ ਪ੍ਰੇਮ ਭਗਤੀ ਵਿਚ ਰੰਗੇ ਜਾਂਦੇ ਸਨ ਤੇ ਉਨ੍ਹਾਂ ਦੀ ਪ੍ਰਭੂ ਵਿਚ ਲਿਵ ਲੱਗ ਜਾਂਦੀ ਸੀ॥ ੧੪ ॥

ਦੋਹਰਾ- ਨਿਜ ਪੁਰਿ ਸੁਨਿ ਝਟ ਆਤਿ ਭਾ ਨਾਮ ਅਜਿੱਤਾ ਜਾਸ।
ਜਗਤੇਸ੍ਵਰ ਪਦ ਕਮਲ ਕੋ ਭ੍ਰਮਰ ਕੀਨ ਮਨ ਜਾਸ॥ ੧੫ ॥

ਇਹ ਸੁਣ ਕੇ ਕਿ ਗੁਰੂ ਜੀ ਆਪਣੇ ਪਿੰਡ ਵਿਚ ਆ ਗਏ ਹਨ, ਅਜਿੱਤਾ ਝਟ ਪਟ ਕਰਤਾਰਪੁਰ ਪਹੁੰਚ ਗਿਆ, ਉਸ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਆਪਣੇ ਮਨ ਨੂੰ ਭੌਰੇ ਵਾਂਗ ਬਣਾਇਆ ਸੀ॥ ੧੫ ॥

ਚੌਪਈ- ਕਿਤਿਕ ਦਿਵਸ ਤਹਿਂ ਰਹਤਿ ਗੁਜ਼ਾਰੇ। ਬੰਧ ਅਨੇਕਨ ਕੇ ਨਿਰਵਾਰੇ।
ਬਹੁਰ ਸਮਾਂ ਆਯੋ ਸ਼ਿਵਰਾਤੀ। ਮੇਲਾ ਅਚਲ ਹੋਤਿ ਭਲਿ ਭਾਂਤੀ॥ ੧੬ ॥

ਕਰਤਾਰਪੁਰ ਵਿਚ ਰਹਿ ਕੇ ਕਈ ਦਿਨ ਗੁਜ਼ਾਰੇ, ਅਨੇਕਾਂ ਦੇ ਬੰਧਨ ਦੂਰ ਕੀਤੇ। ਫਿਰ ਸ਼ਿਵਰਾਤਰੀ ਦਾ ਸਮਾਂ ਆਇਆ, ਉਸ ਸਮੇਂ ਅੱਚਲ ਵਿਖੇ ਸ਼ਿਵਰਾਤਰੀ ਤੇ ਬਹੁਤ ਵੱਡਾ ਮੇਲਾ ਲੱਗਦਾ ਹੈ॥ ੧੬ ॥

ਸਰਬ ਸਿੱਧ ਤਹਿਂ ਆਸਨ ਲਾਏ। ਬੈਠਹਿਂ ਜਬ, ਪੂਜਹਿਂ ਨਰ ਆਏ।
ਤਿਹ ਦਿਨ ਮਨਤਾ ਹੋਤਿ ਬਧੇਰੀ। ਭੇਟ ਚਢਾਵਹਿਂ ਆਨਿ ਘਨੇਰੀ॥ ੧੭ ॥

ਸਾਰੇ ਸਿੱਧਾਂ ਨੇ ਓਥੇ ਆ ਡੇਰੇ ਲਾਏ। ਜਦ ਬੈਠੇ ਸਨ ਤਾਂ ਲੋਕ ਉਨ੍ਹਾਂ ਦੀ ਪੂਜਾ ਕਰਦੇ ਸਨ। ਉਸ ਦਿਨ ਉਨ੍ਹਾਂ ਦੀ ਮਾਨਤਾ ਬਹੁਤ ਵਧੀ ਸੀ, ਲੋਕ ਚੰਗੀਆਂ ਚੰਗੀਆਂ ਭੇਟਾਵਾਂ ਲਿਆ ਕੇ ਚੜ੍ਹਾ ਰਹੇ ਸਨ॥ ੧੭ ॥

ਸਿੱਧਨ ਮੇਲਾ ਲਖਿ ਜਗਨਾਥਾ। ਗਮਨ ਕੀਨ ਕਛੁ ਸਿੱਖ ਲੇ ਸਾਥਾ।
ਤਿਹ ਛਿਨ ਹੋਤਿ ਅਜਿੱਤਾ ਪਾਸੂ। ਸੋ ਭੀ ਗਯੋ ਸੰਗ ਸੁਖਰਾਸੂ॥ ੧੮ ॥

ਗੁਰੂ ਜੀ ਨੇ ਸਿੱਧਾਂ ਨੂੰ ਮੇਲੇ ਵਿਚ ਆਏ ਜਾਣ ਕੇ, ਕੁਝ ਸਿੱਖਾਂ ਨੂੰ ਨਾਲ ਲੈ ਕੇ ਅੱਚਲ ਗਏ। ਉਸ ਸਮੇਂ ਅਜਿੱਤਾ ਉਨ੍ਹਾਂ ਦੇ ਪਾਸ ਸੀ। ਉਹ ਵੀ ਗੁਰੂ ਜੀ ਦੇ ਨਾਲ ਅੱਚਲ ਗਿਆ॥ ੧੮ ॥

ਪਹੁਚੇ ਤਹਾਂ ਜਾਇ ਕਿਯ ਡੇਰਾ। ਭੀ ਰਜਨੀ ਅਤਿ ਅਧਿਕ ਅੰਧੇਰਾ।
ਤਿਹ ਛਿਨਿ ਬਡੀ ਅੰਧੇਰੀ ਆਈ। ਜਿਹ ਬਹੁ ਕੰਕਰ ਧੂੜ ਉਡਾਈ ॥੧੯ ॥

ਓਥੇ ਪਹੁੰਚ ਕੇ ਗੁਰੂ ਜੀ ਨੇ ਆਪਣਾ ਡੇਰਾ ਲਾ ਲਿਆ, ਜਦ ਰਾਤ ਹੋਈ ਤਾਂ ਬਹੁਤ ਹਨੇਰਾ ਹੋ ਗਿਆ। ਉਸ ਸਮੇਂ ਬਹੁਤ ਵੱਡੀ ਹਨੇਰੀ ਆਈ ਜਿਸ ਨੇ ਬਹੁਤ ਕੰਕਰ ਅਤੇ ਧੂੜ ਉਡਾਈ॥ ੧੯ ॥

ਕਰਕਾ ਕੀ ਬਹੁ ਬਰਖਾ ਬਰਖੀ। ਕਰਕੀ ਤੜਿਤ ਨਰਨ ਧ੍ਰਿਤ ਧਰਖੀਂ।
ਪੱਤ੍ਰੀ ਪਰ ਪੱਤ੍ਰੀ ਜੇ ਵਾਸਾ। ਭਯੋ ਸਮੈਂ ਤਿਹ ਸਭਿਕੋ ਨਾਸ਼ਾ॥ ੨੦॥

ਗੜਿਆਂ ਦੀ ਬਹੁਤ ਵਰਖਾ ਹੋਈ। ਬਿਜਲੀ ਕੜਕੀ ਅਤੇ ਲੋਕਾਂ ਦੇ ਧੀਰਜ ਡੋਲ ਗਏ। ਬ੍ਰਿਛਾਂ ਉਪਰ ਜੋ ਪੰਛੀ ਵੱਸਦੇ ਸਨ ਉਸ ਸਮੇਂ ਸਾਰਿਆਂ ਦਾ ਨਾਸ਼ ਹੋ ਗਿਆ॥ ੨੦॥

ਬਹੁਰੋ ਭੋਰ ਜਬੈ ਹੁਇ ਆਈ। ਮੇਲਾ ਬਹੁਤ ਭਯੋ ਇਕਠਾਈ।
ਊਚੇ ਇਕ ਬਿਲੋਕਿ ਸੁਭਥਾਨਾ। ਤਹਾਂ ਬੈਠਿਗੇ ਕ੍ਰਿਪਾ ਨਿਧਾਨਾ॥ ੨੧॥

ਫਿਰ ਜਦ ਸਵੇਰ ਹੋਈ ਤਾਂ ਮੇਲਾ ਬਹੁਤ ਇਕੱਠਾ ਹੋਇਆ। ਇਕ ਉੱਚਾ ਥਾਂ ਵੇਖ ਕੇ ਗੁਰੂ ਜੀ ਓਥੇ ਬੈਠ ਗਏ॥ ੨੧॥

ਗੁਰ ਆਗਮਨ ਸੁਨਹਿ ਨਰ ਜੋਈ। ਦੌਰਿ ਦੌਰਿ ਦਰਸਹਿ ਸਭਿ ਕੋਈ।
ਜਿਤੀ ਭੇਟ ਸਿੱਧਨ ਕੀ ਆਨੀ। ਸਰਬ ਸਮਰਪਹਿਂ ਸ੍ਰੀ ਗੁਨਖਾਨੀ॥ ੨੨॥

ਜਿਨ੍ਹਾਂ ਮਨੁੱਖਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ, ਉਹ ਭੱਜ ਭੱਜ ਕੇ ਦਰਸ਼ਨ ਕਰ ਰਹੇ ਸਨ। ਜਿਹੜੀਆਂ ਭੇਟਾਵਾਂ ਸਿੱਧਾਂ ਵਾਸਤੇ ਲੈ ਕੇ ਆਏ ਸਨ, ਉਹ ਸਾਰੀਆਂ ਉਨ੍ਹਾਂ ਗੁਰੂ ਜੀ ਨੂੰ ਸਮਰਪਿਤ ਕਰ ਦਿੱਤੀਆਂ॥ ੨੨॥

ਅਤਿਸ਼ੈ ਭੀਰ ਭਈ ਪ੍ਰਭੁ ਪਾਸੂ। ਫਲ ਕੋ ਬਾਂਛਿ ਕਰਹਿਂ ਅਰਦਾਸੂ।
ਖਰੇ ਹੋਨਿਕੋ ਥਾਇਂ ਨ ਪਾਵਹਿਂ। ਬਦਨ ਬਿਲੋਕਹਿਂ ਉਰ ਹਰਖਾਵਹਿਂ॥ ੨੩॥

ਗੁਰੂ ਜੀ ਪਾਸ ਬਹੁਤ ਵੱਡੀ ਭੀੜ ਹੋ ਗਈ। ਮਨ ਦੀ ਮੁਰਾਦ ਸਿਰੇ ਚੜ੍ਹਨ ਰੂਪੀ ਫਲ ਦੀ ਚਾਹਨਾ ਕਰਕੇ ਅਰਦਾਸ ਕਰਦੇ ਸਨ। ਖੜੇ ਹੋਣ ਵਾਸਤੇ ਥਾਂ ਨਹੀਂ ਸੀ ਪਾਉਂਦੇ, ਗੁਰੂ ਜੀ ਦਾ ਚਿਹਰਾ ਵੇਖ ਕੇ ਦਿਲ ਵਿਚ ਖੁਸ਼ ਹੋ ਜਾਂਦੇ ਸਨ॥ ੨੩॥

ਨਰ ਨਾਰੀ ਬਹੁ ਭੇਟ ਚੜ੍ਹਾਇਂ। ਬੰਦਹਿਂ ਦੂਰਹਿ ਤੇ ਸਿਰ ਨਿਜਾਇ।
ਦਰਸ਼ਨ ਕਰਤਿ ਨ ਤ੍ਰਿਪਤਹਿਂ ਕੈਸੇ। ਬਿੰਦ ਚਕੋਰ ਚੰਦ੍ਰਮਾ ਜੈਸੇ॥ ੨੪॥

ਨਰ ਨਾਰੀ ਬਹੁਤ ਭੇਟ ਚੜ੍ਹਾਉਂਦੇ ਸਨ ਅਤੇ ਦੂਰੋਂ ਹੀ ਬੰਦਨਾਂ ਕਰਕੇ ਸਿਰ ਨਿਵਾਉਂਦੇ ਸਨ। ਦਰਸ਼ਨ ਕਰਕੇ ਇਸ ਤਰ੍ਹਾਂ ਤ੍ਰਿਪਤ ਨਹੀਂ ਹੁੰਦੇ ਜਿਵੇਂ ਚਕੋਰ ਚੰਦ੍ਰਮਾਂ ਨੂੰ ਵੇਖ ਕੇ ਕਦੇ ਵੀ ਤ੍ਰਿਪਤ ਨਹੀਂ ਹੁੰਦੀ॥ ੨੪॥

ਪਾਇਨ ਪਾਸ ਉਪਾਇਨ ਭੂਰੀ। ਭਈ ਅਨੇਕ ਬਿਧਿਨਿ ਕੀ ਰੂਰੀ।
ਕੋਇ ਨ ਗਮਨਜੋ ਸਿੱਧਨ ਪਾਸੂ। ਬੈਠੇ ਦੇਖਤਿ ਮਿਟਜੋ ਹੁਲਾਸੂ॥ ੨੫॥

ਗੁਰੂ ਜੀ ਦੇ ਚਰਨਾਂ ਪਾਸ ਭੇਟਾਵਾਂ ਦਾ ਢੇਰ ਲੱਗ ਗਿਆ, ਅਨੇਕ ਪ੍ਰਕਾਰ ਦੀਆਂ ਸੁੰਦਰ ਭੇਟਾਵਾਂ ਸਨ। ਕੋਈ ਵੀ ਸਿੱਧਾਂ ਪਾਸ ਨਾ ਗਿਆ। ਸਿੱਧ ਬੈਠੇ ਵੇਖ ਰਹੇ ਸਨ ਤੇ ਉਨ੍ਹਾ ਦੀ ਖੁਸ਼ੀ ਖਤਮ ਹੋ ਗਈ ਸੀ॥ ੨੫॥

ਮਨਤਾ ਤੇ ਨਿਰਾਸ ਮਨ ਮਾਂਹੀ। ਏਕ ਉਪਾਇਨ ਪਹੁੰਚੀ ਨਾਂਹੀ।
ਮਨ ਖੁਨਸਾਇ ਸੋਗ ਬਹੁ ਧਾਰਾ। ਹੋਇ ਏਕਠਾਂ ਮਤੋ ਬਿਚਾਰਾ॥ ੨੬॥

ਮਾਨਤਾ ਘਟਣ ਨਾਲ ਮਨ ਵਿਚ ਨਿਰਾਸ਼ ਬੈਠੇ ਸਨ, ਇਕ ਭੇਟ ਵੀ ਉਨ੍ਹਾ ਪਾਸ ਨਹੀਂ ਪਹੁੰਚੀ ਸੀ। ਮਨ ਵਿਚ ਬਹੁਤ ਈਰਖਾ ਅਤੇ ਸੋਗ ਧਾਰਨ ਕੀਤਾ ਸੀ। ਇਕ ਥਾਂ ਇਕੱਠੇ ਹੋ ਕੇ ਮੱਤਾ ਵਿਚਾਰਿਆ॥ ੨੬॥

'ਅਬ ਤੋ ਪੂਜਾ ਹਟੀ ਹਮਾਰੀ। ਜੇ ਨ ਕਰਹੁ ਇਸ ਕੋ ਉਪਚਾਰੀ।
ਲੋਕ ਨ ਮਾਨਹਿਗੇ ਕਿਸ ਤੋਰਾ। ਜੇ ਨ ਕਰਹੁ ਮਿਲਿ ਕੈ ਇਸ ਹੋਰਾ॥ ੨੭॥

ਉਹ ਸੋਚਣ ਲੱਗੇ, 'ਸਾਡੀ ਪੂਜਾ ਹੁਣ ਖਤਮ ਹੋਈ ਹੈ। ਜੇ ਇਸ ਦਾ ਕੋਈ ਉਪਚਾਰ ਨਾ ਕਰਾਂਗੇ, ਲੋਕ ਸਾਨੂੰ ਕਿਸੇ ਤਰ੍ਹਾਂ ਵੀ ਨਹੀਂ ਮੰਨਣਗੇ ਜਦ ਤਕ ਸਾਰੇ ਮਿਲਕੇ ਗੁਰੂ ਜੀ ਨੂੰ ਹੌਲਾ ਨਹੀਂ ਕਰਦੇ॥ ੨੭॥

ਅਬ ਮੇਲਾ ਹੈ ਪੂਰਨ ਭਾਰੀ। ਇਸੇ ਲਜਾਵਹੁ ਕਿਸੁ ਪ੍ਰਕਾਰੀ।
ਸ਼ਕਤਿ ਦਿਖਾਵਹੁ ਚਰਚਾ ਕਰੀਏ। ਨਰਨ ਹਜ਼ੂਰ ਗਰਬ ਪਰ ਹਰੀਏ ॥੨੮॥

ਹੁਣ ਮੇਲਾ ਪੂਰਨ ਭਰਿਆ ਹੈ, ਇਸ ਨੂੰ ਕਿਸੇ ਪ੍ਰਕਾਰ ਲੱਜਿਤ ਕਰੋ। ਕੋਈ ਸ਼ਕਤੀ ਵਿਖਾ ਕੇ ਚਰਚਾ ਕਰੀਏ, ਲੋਕਾਂ ਦੇ ਸਾਹਮਣੇ ਇਸ ਦਾ ਘੁਮੰਡ ਦੂਰ ਕਰੀਏ॥ ੨੮॥

ਇਸ ਪ੍ਰਕਾਰ ਜਬਿ ਹੀ ਤੁਮ ਕਰਿਹੋ। ਤੌ ਮਨਤਾ ਇੱਛਾ ਉਰ ਧਰਿ ਹੋ।
ਨਤੁਰ ਨਿਰਾਸ ਹੋਇ ਅਬ ਜਾਵਹੁ। ਆਇ ਨ ਬਹੁਰੋ ਆਸਨ ਲਾਵਹੁ ॥੨੯॥

ਇਸ ਤਰ੍ਹਾਂ ਜਦ ਤੁਸੀਂ ਕਰੋਗੇ ਤਾਂ ਹੀ ਮਾਨਤਾ ਦੀ ਇੱਛਾ ਦਿਲ ਵਿਚ ਧਾਰਨ ਕਰੋ, ਨਹੀਂ ਤਾਂ ਨਿਰਾਸ਼ ਹੋ ਕੇ ਵਾਪਸ ਜਾਵੋ ਫਿਰ ਮੁੜ ਕੇ ਆ ਕੇ ਆਸਣ ਨਾ ਲਾਵੇ'॥ ੨੯॥

ਮਤੋ ਸੁਨਤਿ ਅਸ ਮੰਗਲਨਾਥਾ। ਸੀਖ ਦੇਨਿ ਬੋਲਜੋ ਸਭਿ ਸਾਥਾ।
'ਪੂਰਬ ਤੁਮ ਚਰਚਾ ਕਰਿ ਹਾਰੇ। ਅਨਿਕ ਭਾਂਤਿ ਕੀ ਸ਼ਕਤਿ ਦਿਖਾਰੇ ॥੩੦॥

ਮੰਗਲ ਨਾਥ ਨੇ ਜਦ ਇਹ ਮਤਾ ਸੁਣਿਆ ਤਾਂ ਸਾਰਿਆਂ ਨੂੰ ਸਿਖਿਆ ਦੇਣ ਲਈ ਬੋਲਿਆ। ਪਹਿਲਾਂ ਵੀ ਤੁਸੀਂ ਚਰਚਾ ਕਰਕੇ ਹਾਰ ਗਏ ਸੀ, ਅਨੇਕ ਪ੍ਰਕਾਰ ਦੀ ਤੁਸੀਂ ਸ਼ਕਤੀ ਵਿਖਾਈ ਸੀ॥ ੩੦॥

ਜਿਸੁ ਜਿਸੁ ਬਿਖੇ ਹੁਤੋ ਬਲ ਜੇਤਾ। ਨਿਜ ਨਿਜ ਸਭਿਨਿ ਲਗਾਯੋ ਤੇਤਾ।
ਹਾਰ ਪਰੇ ਮੁਖ ਬੋਲੇ ਨਾਂਹੀ। ਅਬ ਤੁਮ ਗਰਬਤਿ ਹੋ ਮਨ ਮਾਂਹੀ॥ ੩੧॥

ਜਿਸ ਜਿਸ ਪਾਸ ਜਿੰਨਾ ਬਲ ਸੀ, ਸਾਰਿਆਂ ਨੇ ਓਨਾ ਓਨਾ ਜ਼ੋਰ ਲਾਇਆ ਸੀ। ਅੰਤ ਹਾਰ ਗਏ ਸੀ ਤੇ ਮੂੰਹ ਤੋਂ ਕੁਝ ਵੀ ਬੋਲੇ ਨਹੀਂ ਸੀ। ਹੁਣ ਫਿਰ ਤੁਸੀਂ ਮਨ ਵਿਚ ਘੁਮੰਡ ਧਾਰਨ ਕਰਦੇ ਹੋ॥ ੩੧॥

ਹਠ ਕੋ ਕਰਹੁ ਲਾਜ ਕੋ ਖੋਈ। ਤੁਮਤੇ ਹੌਰਾ ਹੋਇ ਨ ਸੋਈ।
ਸੋ ਲੱਜਿਤ ਹੋਵਹਿਂ ਨਹਿਂ ਕੈਸੇ। ਤੁਮਕੋ ਜੀਤਹਿਗੋ ਬਿਧਿ ਤੈਸੇ॥ ੩੨॥

ਲਾਜ ਗਵਾ ਕੇ ਹੱਠ ਕਰਦੇ ਹੋ, ਤੁਹਾਡੇ ਪਾਸੋਂ ਉਹ ਹਲਕਾ ਹੋ ਨਹੀਂ ਸਕਦਾ। ਇਸ ਲਈ ਕਿਸ ਤਰ੍ਹਾਂ ਵੀ ਸ਼ਰਮਿੰਦੇ ਨਾ ਹੋਵੋ ਉਹ ਫਿਰ ਉਸ ਤਰ੍ਹਾਂ ਹੀ ਤੁਹਾਨੂੰ ਜਿੱਤ ਲਵੇਗਾ॥ ੩੨॥

ਤੁਮ ਨਿਜ ਮਨਤਾ ਚਹਉ ਜਿ ਪਾਈ। ਸਰਬ ਗਰਬ ਨਿਜ ਦੇਹੁ ਨਸਾਈ।
ਹ੍ਵੈ ਅਨੁਸਾਰਿ ਮਿਲਹੁ ਅਬ ਤਾਂਹੀ। ਪਾਵਉ ਜੋ ਕਿਛੁ ਚਹੁ ਮਨ ਮਾਂਹੀ ॥੩੩॥

ਤੁਸੀਂ ਜੋ ਨਿਜੀ ਮਾਨਤਾ ਪਾਉਣੀ ਚਾਹੁੰਦੇ ਹੋ, ਮਨ ਦੇ ਸਾਰੇ ਹੰਕਾਰ ਨੂੰ ਦੂਰ ਕਰੋ। ਉਸ ਦੇ ਅਨੁਸਾਰੀ ਹੋ ਕੇ ਹੁਣ ਉਸ ਨੂੰ ਮਿਲੋ। ਜੋ ਕੁਝ ਵੀ ਮਨ ਵਿਚ ਚਾਹੁੰਦੇ ਹੋ, ਪਾ ਲਵੋਗੇ"॥ ੩੩॥

ਸੁਨਿਕੈ ਭੰਗਰਨਾਥ ਖਿਝਾਵਾ। ਛੂਛੇ ਘਟ ਜਿਉਂ ਬਚਨ ਅਲਾਵਾ।
'ਪੂਰਬ ਹੀ ਪੱਖੀ ਤਿਸ ਕੇਰਾ। ਕਰਤੋ ਰਹਜੋ ਵਿਪਰਜੈ ਝੇਰਾ॥ ੩੪॥

ਇਹ ਸੁਣ ਕੇ ਭੰਗਰ ਨਾਥ ਖਿੱਝ ਗਿਆ। ਖਾਲੀ ਘੜੇ ਵਾਂਗ ਬੋਲਿਆ, "ਤੂੰ ਪਹਿਲਾਂ ਤੋਂ ਹੀ ਉਸ ਦਾ ਪੱਖ ਲੈਂਦਾ ਹੈਂ। ਸਾਡੇ ਉਲਟ ਹੀ ਝਗੜਾ ਕਰਦਾ ਰਿਹਾ ਹੈਂ॥ ੩੪॥

ਅਪਨੋ ਪੰਥ ਛੋਡਿ ਤੈਂ ਦੀਨਾ। ਤਿਹ ਕੋ ਮਤੋ ਗ੍ਰਹਨ ਕਰਿ ਲੀਨਾ।
ਕਿਸ ਬਿਧਿ ਤੇਰੋ ਕਹਜੋ ਨ ਮਾਨੈਂ। ਹਮ ਚਰਚਾ ਤਿਹ ਸੰਗ ਬਖਾਨੈਂ ॥੩੫॥

ਆਪਣਾ ਪੰਥ ਤੂੰ ਛੱਡ ਦਿੱਤਾ ਹੈ ਤੇ ਉਸਦਾ ਮੱਤ ਗ੍ਰਹਿਣ ਕਰ ਲਿਆ ਹੈ। ਕਿਸੇ ਤਰ੍ਹਾਂ ਵੀ ਤੇਰਾ ਕਿਹਾ ਨਹੀਂ ਮੰਨਾਂਗੇ, ਅਸੀਂ ਉਸ ਦੇ ਨਾਲ ਚਰਚਾ ਕਰਾਂਗੇ ॥ ੩੫ ॥

ਤੁਝ ਦੇਖਤਿ ਹਮ ਲੇਵਹਿਂ ਜੀਤੀ। ਤੌ ਨਿਸ਼ਚੈ ਉਰ ਆਇ ਪ੍ਰਤੀਤੀ।
ਅਸ ਕਹਿ ਕਰਿ ਗਮਨੇ ਦਿਸ਼ਿ ਤਾਂਹੀ। ਪ੍ਰਭੁ ਢਿਗ ਭੀਰ ਹੁਤੀ ਬਹੁ ਜਾਂਹੀ ॥੩੬॥

ਤੇਰੇ ਵੇਖਦਿਆਂ ਅਸੀਂ ਉਸਨੂੰ ਜਿੱਤ ਲਵਾਂਗੇ। ਤੈਨੂੰ ਫਿਰ ਨਿਸਚਾ ਹੋ ਜਾਵੇਗਾ ਅਤੇ ਤੇਰੇ ਦਿਲ ਵਿਚ ਪ੍ਰਤੀਤ ਆ ਜਾਵੇਗੀ।'' ਇਸ ਤਰ੍ਹਾਂ ਕਹਿ ਕੇ ਉਸ ਪਾਸੇ ਵਲ ਚਲੇ ਗਏ ਜਿਥੇ ਗੁਰੂ ਜੀ ਪਾਸ ਬਹੁਤ ਭੀੜ ਲੱਗੀ ਹੋਈ ਸੀ॥ ੩੬॥

ਕਰਤਿ ਭਗਤੀਏ ਭਗਤ ਪ੍ਰਕਾਰਾ। ਰਾਧਾ ਕ੍ਰਿਸ਼ਨ ਬੇਖ ਤਨ ਧਾਰਾ।
ਕੌਤਕ ਹੋਵਤਿ ਗੁਰੂ ਅਗਾਰੀ। ਪਿਖੈਂ ਤਮਾਸ਼ੇ ਬਹੁ ਨਰ ਨਾਰੀ॥ ੩੭॥

ਰਾਸਧਾਰੀਏ ਰਾਸ ਪਾ ਰਹੇ ਸਨ ਅਤੇ ਰਾਧਾ ਕ੍ਰਿਸ਼ਨ ਦਾ ਭੇਸ ਧਾਰਨ ਕੀਤਾ ਹੋਇਆ ਸੀ। ਗੁਰੂ ਜੀ ਦੇ ਸਾਹਮਣੇ ਇਹ ਤਮਾਸ਼ਾ ਹੋ ਰਿਹਾ ਸੀ, ਬਹੁਤ ਇਸਤਰੀ ਮਰਦ ਇਹ ਤਮਾਸ਼ਾ ਵੇਖ ਰਹੇ ਸਨ॥ ੩੭॥

ਅਧਿਕ ਭੀਰ ਭਰਿ ਰਹੀ ਚੁਫੇਰੇ। ਖਰੇ ਹੋਨਿ ਕੋ ਥਾਉਂ ਨ ਹੇਰੇ।
ਲਛਮੀ ਬਰਖ ਰਹੀ ਤਹਿਂ ਭਾਰੀ। ਸਰਬ ਦੇਤਿ ਕਰਿ ਚਿੱਤ ਉਦਾਰੀ॥੩੮॥

ਉਨ੍ਹਾਂ ਦੇ ਚਾਰ ਚੁਫੇਰੇ ਬਹੁਤ ਭੀੜ ਲੱਗੀ ਹੋਈ ਸੀ, ਖੜੇ ਹੋਣ ਵਾਸਤੇ ਕਿਤੇ ਥਾਂ ਨਹੀਂ ਸੀ ਲਭਦੀ। ਮਾਇਆ ਦੀ ਬਹੁਤ ਵਰਸ਼ਾ ਹੋ ਰਹੀ ਸੀ। ਸਾਰੇ ਲੋਕ ਉਦਾਰ ਚਿੱਤ ਹੋ ਕੇ ਮਾਇਆ ਦੇ ਰਹੇ ਸਨ॥ ੩੮॥

ਅਸ ਮਹਿਮਾ ਕੋ ਪਿਖਿ ਖੁਨਸਾਏ। ਜਰੀ ਨ ਜਾਇ, ਜਰੇ ਪਛੁਤਾਏ।
ਪਾਵਕ ਜਿਸ ਪ੍ਰਕਾਰ ਘ੍ਰਿਤ ਪਰਸੇ। ਸਿੱਧਨ ਰਿਸ ਬ੍ਰਿੱਧੀ ਤਬ ਸਰਸੇ॥੩੯॥

ਅਜੇਹੀ ਮਹਿਮਾ ਨੂੰ ਵੇਖ ਕੇ ਸਿੱਧ ਬੜੇ ਈਰਖਾਲੂ ਹੋ ਗਏ। ਮਹਿਮਾ ਸਹਾਰੀ ਨਹੀਂ ਸੀ ਜਾਂਦੀ, ਸੜਦੇ ਸਨ ਤੇ ਪਛਤਾਉਂਦੇ ਸਨ। ਘਿਉ ਪਾਉਣ ਨਾਲ ਜਿਵੇਂ ਅੱਗ ਮਚ ਉਠਦੀ ਹੈ, ਸਿੱਧਾਂ ਦਾ ਕ੍ਰੋਧ ਵੀ ਇਸ ਤਰ੍ਹਾਂ ਹੋਰ ਵਧਿਆ॥ ੩੯॥

ਨਿਰਤਕ ਨਿਕਟ ਜੁ ਲੋਟਾ ਹੋਈ। ਹੁਤੋ ਦਰਬ ਸੋਂ ਪੂਰਨ ਸੋਈ।
ਭੰਗਰਨਾਥ ਗੁਪਤਿ ਤਬ ਹ੍ਵੈ ਕੈ। ਕਹੂੰ ਦੁਰਾਯੋ ਲੋਟਾ ਲੈਕੈ॥ ੪੦॥

ਨਾਚਿਆਂ ਲਾਗੇ ਜੋ ਪੈਸੇ ਪਾਉਣ ਵਾਲਾ ਬਰਤਨ ਪਿਆ ਸੀ, ਉਹ ਧਨ ਨਾਲ ਭਰਿਆ ਪਿਆ ਸੀ। ਭੰਗਰ ਨਾਥ ਨੇ ਗੁਪਤ ਹੋ ਕੇ ਉਹ ਬਰਤਨ ਚੁੱਕ ਕੇ ਕਿਤੇ ਲੁਕਾ ਦਿੱਤਾ॥ ੪੦॥

ਨ੍ਰਿਤਕ ਨਿਕਟਿ ਪਿਖਿਓ ਸੋ ਨਾਂਹੀ। ਬਿਸਰੀ ਭਗਤਿ ਝੁਰਤਿ ਉਰ ਮਾਂਹੀ।
ਕਹਿਨ ਲਗੇ 'ਲੋਟਾ ਕਿਨ ਲੀਨਾ?'। ਖੋਜਤਿ ਭਏ ਰੌਰ ਬਡ ਕੀਨਾ॥੪੧॥

ਜਦ ਨਾਚਿਆਂ ਨੇ ਵੇਖਿਆ ਕਿ ਪੈਸਿਆਂ ਵਾਲਾ ਬਰਤਨ ਓਥੇ ਨਹੀਂ ਹੈ ਤਾਂ ਉਹ ਰਾਸ ਪਾਉਣੀ ਭੁੱਲ ਗਏ ਤੇ ਦਿਲ ਵਿਚ ਝੁਰਨ ਲੱਗੇ। ਕਹਿਣ ਲੱਗੇ, ''ਸਾਡਾ ਬਰਤਨ ਕਿਸ ਚੁਕਿਆ ਹੈ?'' ਲੱਭਣ ਲੱਗੇ ਅਤੇ ਬਹੁਤ ਰੌਲਾ ਪਾਇਆ॥ ੪੧॥

ਸਿੱਧਨ ਮਤਸਰ ਧਰਿ ਕਿਯ ਖਾਮੀ। ਸਰਬ ਜਾਨਿ ਕਰਿ ਅੰਤਰਯਾਮੀ।
ਲੋਟਾ ਦ੍ਵੈ ਸਤ ਕੋਸ ਪੁਚਾਯੋ। ਨਭ ਮੈਂ ਕਰਿਕੈ ਸ਼ਕਤਿ ਟਿਕਾਯੋ॥੪੨॥

ਸਿੱਧਾਂ ਨੇ ਈਰਖਾ ਕਰਕੇ ਇਹ ਖੋਟਾ ਕਰਮ ਕੀਤਾ ਸੀ। ਗੁਰੂ ਜੀ ਸਭ ਜਾਣ ਗਏ ਕਿ ਸਿੱਧਾਂ ਨੇ ਬਰਤਨ ਨੂੰ ਦੋ ਸੌ ਕੋਹ ਤੇ ਪਹੁੰਚਾ ਦਿੱਤਾ ਹੈ, ਸਿੱਧਾਂ ਨੇ ਆਪਣੀ ਸ਼ਕਤੀ ਲਾ ਕੇ ਬਰਤਨ ਨੂੰ ਆਕਾਸ਼ ਵਿਚ ਟਿਕਾ ਦਿੱਤਾ॥ ੪੨॥

ਸ੍ਰੀ ਗੁਰ ਬਿਨਾ ਬਿਲਮ ਤਹਿਂ ਜਾਈ। ਹਾਥ ਉਠਾਇ ਦੀਨ ਤਿਹ ਤਾਈਂ।
ਪਿਖਿ ਅਜ਼ਮਤ ਪੁਨ ਸਿੱਧ ਰਿਸਾਏ। ਚਰਚਾ ਹੇਤ ਨਿਕਟ ਚਲਿ ਆਏ ॥੪੩ ॥

ਗੁਰੂ ਜੀ ਕਿਸੇ ਦੇਰ ਬਗੈਰ ਓਥੇ ਪੁੱਜੇ, ਹੱਥ ਉਠਾ ਕੇ ਉਨ੍ਹਾਂ ਨੂੰ ਬਰਤਨ ਦਿੱਤਾ। ਇਹ ਕਰਾਮਾਤ ਵੇਖ ਕੇ ਸਿੱਧ ਗੁੱਸੇ ਵਿਚ ਆਏ ਅਤੇ ਚਰਚਾ ਕਰਨ ਵਾਸਤੇ ਨੇੜੇ ਆ ਗਏ॥ ੪੩॥

ਭੰਗਰਨਾਥ ਭਨੈ ਅਤਿ ਮਾਨੀ। 'ਰੀਤਿ ਗਜਾਨ ਤੈਂ ਏਕ ਨ ਜਾਨੀ।
ਬਿਮਲ ਦੂਧ ਮਹਿਂ ਕਾਂਜੀ ਪਾਈ। ਸਗਰੋ ਫਿਟ ਗਜੋ ਦੂਧ ਗਵਾਈ ॥੪੪ ॥

ਭੰਗਰਨਾਥ ਬੜੇ ਘੁਮੰਡ ਵਿਚ ਆ ਕੇ ਕਹਿਣ ਲੱਗਾ, "ਗਿਆਨ ਦੀ ਰੀਤੀ ਤੁਸੀਂ ਨਹੀ ਜਾਣੀ ਹੈ ਉੱਜਲ ਦੁੱਧ ਵਿਚ ਕਾਂਜੀ ਪਾਈ ਹੈ, ਫੁਟ ਜਾਣ ਕਰਕੇ ਦੁੱਧ ਗਵਾ ਦਿੱਤਾ ਹੈ॥ ੪੪॥

ਬਹੁਰੋ ਮਥਨ ਕਰੈ ਜੋ ਤਾਂਈ। ਮਾਖਨ ਕਿਤ ਬਿਧਿ ਪਾਵੈ ਨਾਂਹੀ।
ਪੂਰਬ ਹੋਇ ਉਦਾਸੀ ਫਿਰਿਯੋ। ਭੇਖ ਫਕੀਰੀ ਤਨਮੈਂ ਕਰਿਯੋ ॥ ੪੫ ॥

ਫਿਰ ਜੇ ਉਸ ਫੁਟੇ ਹੋਏ ਦੁੱਧ ਨੂੰ ਰਿੜਕੋਗੇ, ਤਾਂ ਮੱਖਣ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕੇਗਾ। ਪਹਿਲਾਂ ਉਦਾਸੀ ਹੋ ਕੇ ਫਿਰਦੇ ਸੀ ਅਤੇ ਸਰੀਰ ਤੇ ਫਕੀਰੀ ਭੇਸ ਧਾਰਨ ਕੀਤਾ ਹੋਇਆ ਸੀ॥ ੪੫॥

ਦੇਸ਼ ਬਿਦੇਸ਼ਨ ਰਟਨੋ ਕੀਨੋ। ਨਿਜ ਉਪਦੇਸ਼ ਨਰਨ ਕੋ ਦੀਨੋ।
ਬ੍ਰਿਕਤਿ ਭਯੋ ਤਜਿ ਸਰਬ ਪ੍ਰਵਾਰਾ। ਕੀਨਿ ਫਕੀਰੀ ਜਗਤ ਮਝਾਰਾ ॥੪੬ ॥

ਦੇਸ਼ਾਂ ਬਿਦੇਸ਼ਾਂ ਵਿਚ ਘੁੰਮੇ ਹੋ, ਆਪਣਾ ਉਪਦੇਸ਼ ਮਨੁੱਖਾਂ ਨੂੰ ਦਿੱਤਾ ਹੈ, ਤਿਆਗੀ ਹੋ ਕੇ ਸਾਰਾ ਪਰਿਵਾਰ ਛੱਡ ਦਿੱਤਾ ਸੀ ਅਤੇ ਜਗਤ ਵਿਚ ਫਕੀਰੀ ਕੀਤੀ ਸੀ॥ ੪੬॥

ਅਬ ਤੈਂ ਪਹਿਰੇ ਚੀਰ ਸੰਸਾਰੀ। ਹ੍ਵੈ ਕਰਿ ਬੈਠਯੋ ਬਡ ਪਰਵਾਰੀ।
ਤੱਤ ਰੂਪ ਪਹਿਚਾਨਯੋ ਨਾਂਹੀ। ਬਹੁਰੋ ਫਸਯੋ ਗ੍ਰਿਹਸਤ ਕੇ ਮਾਂਹੀ ॥੪੭ ॥

ਹੁਣ ਤੁਸੀਂ ਸੰਸਾਰੀ ਕਪੜੇ ਪਾ ਲਏ ਹਨ, ਹੁਣ ਵੱਡੇ ਪਰਿਵਾਰ ਵਾਲੇ ਹੋ ਕੇ ਬੈਠੇ ਹੋ। ਤੱਤ ਰੂਪ ਅਸਲ ਵਿਚ ਤੁਸੀ ਪਹਿਚਾਣਿਆ ਨਹੀਂ, ਦੁਬਾਰਾ ਗ੍ਰਹਿਸਤ ਵਿਚ ਆ ਕੇ ਫਸ ਗਏ ਹੋ॥ ੪੭॥

ਜਿਸ ਮਹਿਂ ਪ੍ਰਵਿਸ਼ੇ ਹ੍ਵੈ ਨ ਉਧਾਰਾ। ਅਨਿਕ ਭਾਂਤਿ ਕੇ ਬਧੈਂ ਜੰਜਾਰਾ।
ਸੁਨਿ ਕੈ ਸ੍ਰੀ ਗੁਰ ਬਚਨ ਬਖਾਨੇ। 'ਭੰਗਰ! ਤੱਤ ਨ ਲਖਯੋ ਅਜਾਨੇ ॥੪੮ ॥

ਜਿਸ ਵਿਚ ਪ੍ਰਵੇਸ਼ ਕਰਨ ਨਾਲ ਮਨੁੱਖ ਉਧਾਰ ਨਹੀਂ ਹੁੰਦਾ, ਅਨੇਕ ਪ੍ਰਕਾਰ ਦੇ ਜੰਜਾਲ ਵਧਦੇ ਹਨ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, " ਹੇ ਭੰਗਰ ! ਅਸਲ ਵਿਚ ਅਗਿਆਨਤਾ ਕਰਕੇ ਤੂੰ ਤੱਤ ਨਹੀਂ ਪਹਿਚਾਣਿਆ ਹੈ॥ ੪੮॥

ਤੇਰੀ ਮਾਤ ਕੁਚੱਜੀ ਆਹੀ। ਭਾਂਡਾ ਧੋਵਨ ਜਾਨਯੋ ਨਾਂਹੀ।
ਯਾਂਤੇ ਮਾਖਨ ਹਾਥ ਨ ਆਵਾ। ਜਮਯੋ ਨ ਦੂਧ ਨ ਮਾਨ ਗਵਾਵਾ ॥੪੯ ॥

ਤੇਰੀ ਮਾਤਾ ਕੁਚੱਜੀ ਸੀ ਜਿਹੜੀ ਭਾਂਡੇ ਨੂੰ ਧੋਣਾ ਜਾਣਦੀ ਨਹੀਂ ਸੀ। ਇਸ ਕਰਕੇ ਮੱਖਣ ਹੱਥ ਨਾ ਆਇਆ, ਦੁੱਧ ਜੰਮਿਆ ਨਾ ਅਤੇ ਨਾ ਹੰਕਾਰ ਨੂੰ ਦੂਰ ਕੀਤਾ॥ ੪੯॥

ਛੋਡ ਗ੍ਰਿਹਸਤ ਕੋ ਭਯੋ ਅਤੀਤਾ। ਬਹੁਰੋ ਰਹੀ ਪ੍ਰੀਤਿ ਚਿਤ ਨੀਤਾ।
ਭੋਜਨ ਹਿਤ ਮੰਗਨ ਤਿਹ ਜਾਈ। ਘਰ ਘਰ ਬਿਚਰਤਿ ਲਾਜ ਗੁਵਾਈ ॥੫੦ ॥

ਗ੍ਰਹਿਸਤ ਨੂੰ ਛੱਡ ਕੇ ਤਿਆਗੀ ਹੋ ਗਿਆ ਹੈਂ, ਗ੍ਰਹਿਸਤ ਨਾਲ ਫਿਰ ਵੀ ਚਿੱਤ ਵਿਚ ਪ੍ਰੀਤ ਕਾਇਮ ਰਹੀ ਹੈ। ਭੋਜਨ ਮੰਗਣ ਹਿਤ ਗ੍ਰਹਿਸਤੀਆਂ ਦੇ ਪਾਸ ਜਾਂਦਾ ਹੈਂ। ਲਾਜ ਗਵਾ ਕੇ ਘਰ ਘਰ ਫਿਰਦਾ ਹੈਂ॥ ੫੦॥

ਬਿਨ ਦਿੱਤੇ ਕੁਛ ਹੱਥ ਨ ਆਵੈ। ਤ੍ਰਿਸ਼ਨਾਨੀਧ ਸਦੀਵ ਭ੍ਰਮਾਵੈ।
ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਸ਼ੰਭੂਨਾਥ ਭਨੇ ਬਡ ਮਾਨੀ॥੫੧॥

ਦਿੱਤੇ ਬਗੈਰ ਕੁਝ ਵੀ ਹੱਥ ਨਹੀਂ ਆਉਂਦਾ, ਤ੍ਰਿਸ਼ਨਾ ਦੇ ਅਧੀਨ ਹੋ ਕੇ ਸਦਾ ਹੀ ਭਰਮਦੇ ਫਿਰਦੇ ਹੋ।'' ਇਸ ਪ੍ਰਕਾਰ ਦੀ ਗੱਲਬਾਤ ਸੁਣ ਕੇ ਸੰਭੂਨਾਥ ਬੜੇ ਹੰਕਾਰ ਨਾਲ ਬੋਲਿਆ॥ ੫੧॥

'ਕਜਾ ਤੈਂ ਜਗ ਕੋ ਸ਼ਕਤਿ ਦਿਖਾਈ। ਹਮੈਂ ਦਿਖਾਇ ਬਿਲਮ ਕਿਉਂ ਲਾਈ।
ਕੈ ਤੁਮ ਦੁਰਹੁ ਖੋਜ ਹਮ ਲਜਾਵਹਿ। ਨਤੁ ਹਮ ਦੁਰਹਿ ਹਾਥ ਨਹਿ ਆਵਹਿ॥੫੨॥

ਤੁਸੀਂ ਜਗਤ ਨੂੰ ਕਿਹੜੀ ਸ਼ਕਤੀ ਦਿਖਾਈ ਹੈ? ਸਾਨੂੰ ਵੀ ਵਿਖਾਉ ਦੇਰ ਕਿਉਂ ਲਾਈ ਹੈ। ਤੁਸੀਂ ਕੋਈ ਵਸਤੂ ਲੁਕਾਵੋ ਅਸੀਂ ਲਭ ਲਿਆਵਾਂਗੇ, ਨਹੀਂ ਤਾਂ ਅਸੀਂ ਲੁਕਾਉਂਦੇ ਹਾਂ ਤੁਹਾਡੇ ਹੱਥ ਨਹੀਂ ਆਵੇਗੀ॥ ੫੨॥

ਦੋਹਰਾ- ਗੁਰੂ ਕਹੈ 'ਤੁਮ ਮਹਿ ਸ਼ਕਤਿ ਹੈ ਦਿਖਰਾਵਨਹਾਰ।
ਦੁਰਉ ਜਾਂਹਿ ਉਰ ਚਾਹਿ ਜੋ ਨਿਜ ਨਿਜ ਬਲ ਸਭਿ ਧਾਰਿ'॥ ੫੩॥

ਗੁਰੂ ਜੀ ਨੇ ਕਿਹਾ, ''ਤੁਹਾਡੇ ਵਿਚ ਦਿਖਾਵਣ ਵਾਲੀ ਸ਼ਕਤੀ ਹੈ। ਤੁਹਾਡਾ ਜਿੱਥੇ ਦਿਲ ਕਰਦਾ ਹੈ ਆਪਣਾ ਆਪਣਾ ਬਲ ਧਾਰਨ ਕਰਕੇ ਲੁਕ ਜਾਵੋ''॥ ੫੩॥

ਚੌਪਈ- ਸੁਨਿ ਕੈ ਸਿੱਧਨ ਮਤੇ ਮਤਾਈ। 'ਪ੍ਰਿਥਕ ਦਸੋ ਦਿਸ਼ ਦੁਰੀਏ ਜਾਈ'।
ਸ਼ੰਭੂਨਾਥ ਪ੍ਰਾਚੀ ਦਿਸ਼ ਗਯੋ। ਭੰਗਰ ਪਸ਼ਚਮ ਦੁਰਤਾ ਭਯੋ॥ ੫੪॥

ਇਹ ਸੁਣ ਕੇ ਸਿੱਧਾਂ ਨੇ ਆਪਣਾ ਮਤਾ ਬਣਾਇਆ, ''ਪਹਿਲਾਂ ਜਾ ਕੇ ਦਸਾਂ ਦਿਸ਼ਾਂ ਵਿਚ ਜਾ ਕੇ ਲੁਕ ਜਾਈਏ।'' ਸੰਭੂਨਾਥ ਪੂਰਬ ਦਿਸ਼ਾ ਵਲ ਗਿਆ ਅਤੇ ਭੰਗਰ ਨਾਥ ਪੱਛਮ ਵਲ ਜਾ ਕੇ ਛੁਪ ਗਿਆ॥ ੫੪॥

ਊਰਮ ਧੂਮਰ ਉੱਤਰ ਮਾਂਹੀ। ਦੱਛਨ ਬੀਚ ਮਛੰਦਰ ਜਾਹੀਂ।
ਪਾਵਕ ਕੋਨ ਕਨਕ ਸਿੱਧ ਗਯੋ। ਲੰਗਰਬਾਇਵ ਬਿਖੈ ਸਿਧਯੋ॥ ੫੫॥

ਊਰਮ ਧੂਰਮ ਉੱਤਰ ਵੱਲ ਚਲੇ ਗਏ ਅਤੇ ਮਛੰਦਰ ਦੱਖਣ ਦਿਸ਼ਾ ਵਲ ਚਲਾ ਗਿਆ। ਪੂਰਬ ਦੱਖਣ ਵਲ ਕਨਕ ਨਾਮੀ ਸਿੱਧ ਗਿਆ। ਲੰਗਰ ਨਾਥ ਪਛਮ-ਉੱਤਰ ਵਲ ਚਲਾ ਗਿਆ॥ ੫੫॥

ਨੈਰਤ ਮਾਂਹੀ ਝੰਗਰ ਪਯਾਨਾ। ਗੋਨ ਗੁਆਲ ਪਹੁੰਚਯੋ ਈਸ਼ਾਨਾ।
ਕਿਤਿਕ ਪਤਾਲ ਦੁਰੇ ਹੈਂ ਜਾਈ। ਕੇਤਿਕ ਬੀਚ ਅਕਾਸ਼ ਉਡਾਈ॥੫੬॥

ਦੱਖਣ ਪੱਛਮ ਵਲ ਝੰਗਰ ਨਾਥ ਚਲੇ ਗਿਆ ਅਤੇ ਗੋਨ ਗੁਆਲ ਪੂਰਬ-ਉੱਤਰ ਵਲ ਚਲਾ ਗਿਆ। ਕਈ ਪਾਤਾਲ ਵਿਚ ਜਾ ਕੇ ਲੁੱਕ ਗਏ ਅਤੇ ਕਈ ਆਕਾਸ਼ ਵਲ ਉੱਡ ਗਏ॥ ੫੬॥

ਦੋਹਰਾ- ਗਮਨ ਕੀਨ ਦਸ ਦਿਸ਼ਾ ਮਹਿ ਤਿਨਕੀ ਗਤਿ ਪ੍ਰਭੁ ਜਾਨਿ।
ਤਬ ਸਰੂਪ ਤੇਤੇ ਧਰੇ ਜੇਤੇ ਸਿੱਧ ਦੁਰਾਨ॥ ੫੭॥

ਜਿਹੜੀਆਂ ਦੱਸ ਦਿਸ਼ਾਵਾਂ ਵਲ ਉਹ ਗਏ ਸਨ, ਗੁਰੂ ਜੀ ਉਸ ਬਾਰੇ ਜਾਣ ਗਏ, ਫਿਰ ਗੁਰੂ ਜੀ ਨੇ ਉਤਨੇ ਹੀ ਸਰੂਪ ਧਾਰਨ ਕਰ ਲਏ ਜਿੰਨੇ ਸਿੱਧ ਜਾ ਕੇ ਲੁਕੇ ਸਨ॥ ੫੭॥

ਚੌਪਈ- ਮੰਗਲਨਾਥ ਆਦਿ ਸੁਭ ਜੇਤੇ। ਠਾਂਢੇ ਕੌਤਕ ਦੇਖਹਿ ਤੇਤੇ।

ਜਹਿਂ ਜਹਿਂ ਛਪਨ ਕੀਨ ਤਿਨ ਧਾਇ। ਮੂਛਨ ਗਹੀ ਸਭਿਨਿ ਕੀ ਜਾਇ ॥੫੮॥

ਮੰਗਲ ਨਾਥ ਆਦਿ ਜਿਹੜੇ ਭਲੇ ਸਿੱਧ ਸਨ, ਖੜੇ ਹੋ ਕੇ ਇਹ ਸਾਰੇ ਕੋਤਕ ਵੇਖ ਰਹੇ ਸਨ। ਜਿਥੇ ਜਿਥੇ ਸਿੱਧ ਜਾ ਕੇ ਛਿਪੇ ਸਨ, ਉਥੇ-ਉਥੇ ਜਾ ਕੇ ਗੁਰੂ ਜੀ ਨੇ ਸਭ ਦੀਆਂ ਮੁਛਾਂ ਫੜ ਲਈਆਂ॥ ੫੮॥

ਭੰਗਰ ਲਖਜੋ ਮੋਹਿ ਪਸ਼ਚਾਤ। ਸ਼ੰਭੂ ਜਾਨਹਿਂ ਮੁਝੇ ਗਹਾਤਿ।
ਭੰਗਰ ਲੰਗਰ ਇਸ ਬਿਧਿ ਜਾਨੀ। ਮਮ ਢਿਗ ਹੈਂ, ਮਮ ਢਿਗ ਹੈਂ ਮਾਨੀ ॥੫੯॥

ਭੰਗਰ ਸਮਝਦਾ ਸੀ ਮੇਰੇ ਪਿਛੇ ਆਏ ਹਨ, ਸ਼ੰਭੂ ਸਮਝਦਾ ਸੀ ਕਿ ਮੈਨੂੰ ਫੜਿਆ ਹੈ। ਭੰਗਰ ਲੰਗਰ ਨੇ ਸਮਝਿਆ, ਕੇਵਲ ਮੇਰੇ ਪਾਸ ਹਨ, ਸਭ ਨੇ 'ਮੇਰੇ ਪਾਸ ਹਨ', ਆਪਣੇ ਦਿਲ ਵਿਚ ਮੰਨਿਆ॥ ੫੯॥

ਹੁਤੇ ਸਿੱਧ ਜੇ ਦੂਰ ਨੇਹਾਰੇ। ਸਭਿਨੇ ਅਪਨੇ ਨਿਕਟ ਨਿਹਾਰੇ।
ਤਨ ਅਨੇਕ ਧਰਿ, ਤਿਨ ਕੋ ਤੂਰਨ। ਪਕਰੇ ਜਾਇ ਪ੍ਰਭੂ ਗੁਨ ਪੂਰਨ ॥੬੦॥

ਜਿੰਨੇ ਸਿੱਧ ਵੀ ਲੁਕੇ ਸਨ, ਸਭ ਨੇ ਇਹੋ ਸਮਝਿਆ ਕਿ ਕੇਵਲ ਮੇਰੇ ਪਾਸ ਹੀ ਆਏ ਹਨ। ਅਨੇਕ ਸਰੂਪ ਧਾਰਨ ਕਰਕੇ ਗੁਰੂ ਜੀ ਨੇ ਫੋਰਨ ਉਨ੍ਹਾਂ ਨੂੰ ਫੜ ਲਿਆ॥ ੬੦॥

ਦੋਹਰਾ- ਮੂਛਨ ਤੇ ਗਹਿ ਕਰਿ ਸਰਬ ਕੀਨੇ ਇਕ ਥਲਿ ਸੋਇ।
ਨਿਰਬਲ ਹ੍ਵੈ ਤੂਸ਼ਨ ਭਏ ਤ੍ਰਿਸ਼ਟੇ ਲੱਜਿਤ ਹੋਇ॥ ੬੧॥

ਮੁਛਾਂ ਤੋਂ ਫੜ ਕੇ ਸਾਰਿਆਂ ਨੂੰ ਇਕ ਥਾਂ ਇਕੱਠੇ ਕਰ ਦਿੱਤਾ, ਸਾਰੇ ਨਿਰਬਲ ਹੋ ਕੇ ਚੁਪ ਹੋ ਗਏ, ਲਜਿਤ ਹੋ ਕੇ ਬੈਠ ਗਏ॥ ੬੧॥

ਚੌਪਈ- ਸ੍ਰੀ ਪ੍ਰਭੁ ਤਿਨ ਸੋਂ ਬਚਨ ਅਲਾਏ। 'ਤੁਮ ਖੋਜਉ ਮੈਂ ਦੁਰਹੋਂ ਜਾਏ।
ਜੇ ਨਹਿਂ ਪਾਵਉ ਇਸ ਬਿਧਿ ਕਰੀਏ। ਲੇਯ ਟਕਾ ਅਰਦਾਸ ਉਚਰੀਏ ॥੬੨॥

ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਹੁਣ ਤੁਸੀਂ ਲਭੋ, ਮੈਂ ਜਾ ਕੇ ਲੁਕਦਾ ਹਾਂ। ਜੇ ਨਾ ਪਾ ਸਕੋ ਤਾਂ ਇਸ ਤਰ੍ਹਾਂ ਕਰਨਾ। ਟਕਾ ਲੈ ਕੇ ਅਰਦਾਸ ਕਰਨਾ॥ ੬੨॥

ਜਬ ਸਿਰ ਲਾਵਉਗੇ ਧਰ ਨਾਲ। ਦੇਉਂ ਦਰਸ ਤੁਮ ਕੋ ਤਤਕਾਲ'।
ਅਸ ਕਹਿ ਪੰਚ ਤੱਤ ਕੇ ਮਾਂਹੀ। ਦੇਹਿ ਮਿਲਾਇ ਦੀਨ ਛਿਨਿ ਤਾਂਹੀ ॥੬੩॥

ਜਦ ਅਰਦਾਸ ਕਰਕੇ ਧਰਤੀ ਨੂੰ ਸਿਰ ਲਾਵੋਗੇ, ਉਸ ਸਮੇਂ ਮੈਂ ਤੁਹਾਨੂੰ ਤੁਰੰਤ ਦਰਸ਼ਨ ਦੇਵਾਂਗਾ। ਇਹ ਕਹਿ ਕੇ ਗੁਰੂ ਜੀ ਨੇ ਆਪਣੇ ਸਰੀਰ ਨੂੰ ਪੰਜ ਤੱਤਾਂ ਵਿਚ ਮਿਲਾ ਲਿਆ, ਇਸ ਕਾਰਜ ਕਰਨ ਵਿਚ ਉਨ੍ਹਾਂ ਕੋਈ ਦੇਰ ਨਾ ਲਾਈ॥ ੬੩॥

ਅੰਸ਼ ਲੀਨ ਹੋਯੋ ਕਰਤਾਰਾ। ਜੋ ਸੇਵਕ ਗਤਿ ਦੇਵਨ ਹਾਰਾ।
ਸਿੱਧ ਲਗੇ ਖੋਜਨ ਸਮੁਦਾਈ। ਦਸਹੂੰ ਦਿਸ਼ ਮਹਿਂ ਗਮਨੇ ਧਾਈ ॥ ੬੪॥

ਕਰਤਾਰ ਦੀ ਅੰਸ਼ ਕਰਤਾਰ ਵਿਚ ਲੀਨ ਹੋ ਗਈ ਜਿਹੜੇ ਸੇਵਕਾਂ ਨੂੰ ਮੁਕਤੀ ਬਖਸ਼ਣਹਾਰ ਸਨ। ਸਿੱਧ ਸਮੁਦਾਈ ਸਾਰੇ ਲੱਭਣ ਲੱਗੇ ਦਸਾਂ ਪਾਸਿਆਂ ਵਲ ਭੱਜ ਉਠੇ॥ ੬੪॥

ਬੈਠੇ ਕਿਤ ਕੋ ਪਾਵਹਿਂ ਨਾਂਹੀ। ਖੋਜਤਿ ਫਿਰੇ ਕਠਨ ਥਲ ਮਾਂਹੀ।
ਕਾਨਨ ਸਰਿਤਾ ਸਿੰਧੁ ਪਹਾਰ। ਬੀਚ ਗੁਫਾ ਜਹਿਂ ਬਡੋ ਅੰਧਾਰ ॥ ੬੫॥

ਸਿੱਧ ਜਦ ਲੱਭਣ ਗਏ ਤਾਂ ਕਿਤੇ ਵੀ ਬੈਠੇ ਪਾਏ ਨਹੀ। ਕਠਨ ਥਲ ਤੇ ਲਭਦੇ ਫਿਰੇ ਜੰਗਲ, ਨਦੀਆਂ, ਸਮੁੰਦਰ, ਪਹਾੜ ਅਤੇ ਉਨ੍ਹਾਂ ਗੁਫਾਵਾਂ ਵਿਚ ਵੀ ਗਏ, ਜਿਥੇ ਬਹੁਤ ਹਨੇਰਾ ਵੀ ਸੀ॥ ੬੫॥

ਭਏ ਸ੍ਰਮਿਤ ਤਿਨ ਕਹੂੰ ਨ ਪਾਯੋ। ਫਿਰਤਯੋ ਸਭਿ ਕੋ ਮਨ ਅਕੁਲਾਯੋ।
ਇਕ ਥਲ ਹੁਇ ਅਰਦਾਸ ਅਲਾਈ। ਨਮਸਕਾਰ ਹਿਤ ਗ੍ਰੀਵ ਨਿਵਾਈ॥੬੬॥

ਸਾਰੇ ਸਿੱਧ ਥਕ ਗਏ, ਪਰ ਗੁਰੂ ਜੀ ਨੂੰ ਨਾ ਲੱਭ ਸਕੇ, ਫਿਰਦਿਆਂ ਫਿਰਦਿਆਂ ਸਾਰਿਆਂ ਦਾ ਮਨ ਵਿਆਕੁਲ ਹੋ ਗਿਆ। ਫਿਰ ਇਕ ਥਾਂ ਇਕੱਠੇ ਹੋ ਕੇ ਅਰਦਾਸ ਕੀਤੀ, ਨਮਸ਼ਕਾਰ ਕਰਨ ਵਾਸਤੇ ਸਿਰ ਨਿਵਾਏ॥ ੬੬॥

ਤਿਹ ਛਿਨ ਪ੍ਰਗਟੇ ਤੁਰਤ ਗੁਸਾਈਂ। ਦੇਖਿ ਸਿੱਧ ਉਰ ਗੇ ਬਿਸਮਾਈ।
ਚਲੇ ਨ ਬਲ ਲੱਜਿਤ ਹੁਇ ਰਹੇ। ਤੂਸ਼ਨਿ ਭਏ ਨ ਕਛੁ ਬਚ ਕਹੇ॥੬੭॥

ਉਸੇ ਵੇਲੇ ਗੁਰੂ ਜੀ ਪ੍ਰਗਟ ਹੋ ਗਏ, ਗੁਰੂ ਜੀ ਨੂੰ ਵੇਖ ਕੇ ਸਿੱਧ ਮਨ ਵਿਚ ਬਹੁਤ ਹੈਰਾਨ ਹੋਏ। ਹੁਣ ਕੋਈ ਤਾਕਤ ਚਲਦੀ ਨਹੀ ਸੀ, ਸ਼ਰਮਿੰਦੇ ਹੋ ਕੇ ਰਹਿ ਗਏ। ਚੁੱਪ ਹੋ ਗਏ, ਕੋਈ ਬਚਨ ਨਾ ਕਿਹਾ॥ ੬੭॥

ਢਪੇ ਚੋਰ ਜਿਉਂ ਓਜ ਦਿਖਾਵਨ। ਕਰਯੋ ਚਹਿਤਿ, ਜਿਨ ਕੇ ਉਰ ਭਾਵ ਨ।
ਪਗ ਨਹਿ ਪਰਿਹੀਂ ਗਰਬ ਡੁਬਾਏ। ਸਮਤਾ ਹਿਤ ਕੋ ਰਿਦੇ ਰਿਸਾਏ॥੬੮॥

ਖਿਝੇ ਹੋਏ ਚੋਰ ਵਾਂਗ ਬਲ ਵਿਖਾਉਣਾ ਚਾਹੁੰਦੇ ਸਨ। ਉਹ ਕੁਝ ਕਰਕੇ ਵਿਖਾਉਣਾ ਚਾਹੁੰਦੇ ਸਨ, ਜਿਨ੍ਹਾਂ ਦੇ ਹਿਰਦਿਆਂ ਵਿਚ ਕੋਈ ਪ੍ਰੇਮ ਨਹੀਂ ਸੀ। ਹੰਕਾਰ ਵਿਚ ਡੁੱਬੇ ਹੋਏ ਸਨ ਪਰ ਗੁਰੂ ਜੀ ਦੇ ਚਰਨਾਂ 'ਤੇ ਨਹੀਂ ਸੀ ਪੈ ਰਹੇ। ਹਿਰਦੇ ਵਿਚ ਬੜੇ ਗੁੱਸੇ ਨਾਲ ਭਰੇ ਹੋਏ ਸਨ॥ ੬੮॥

ਭੁਜੰਗ ਪ੍ਰਯਾਤ ਛੰਦ- ਸਭੈ ਸਿੱਧ ਜੋ ਈਰਖਾ ਕੋ ਕਰੇ ਹੈਂ। ਨਹੀਂ ਭਾਉ ਕੈਸੇ ਰਿਦੇ ਮੋਂ ਧਰੇ ਹੈਂ।
ਬੁਝੈ ਨ ਬੁਝਾਈ ਬਰੀ ਹੈ ਅਪਾਰਾ। ਤਬੈ ਰੂਪ ਧਾਰੇ ਅਨੇਕੰ ਪ੍ਰਕਾਰਾ॥੬੯॥

ਸਾਰੇ ਸਿੱਧ ਜਿਹੜੇ ਗੁੱਸੇ ਨਾਲ ਭਰੇ ਹੋਏ ਸਨ, ਉਹ ਆਪਣੇ ਹਿਰਦੇ ਵਿਚ ਪ੍ਰੇਮ ਪਿਆਰ ਨੂੰ ਕਿਵੇਂ ਧਾਰਨ ਕਰ ਸਕਦੇ ਸਨ? ਈਰਖਾ ਦੀ ਅੱਗ ਬੁਝਾਇਆਂ ਵੀ ਨਹੀਂ ਬੁਝਦੀ ਸੀ, ਸਿੱਧਾਂ ਦੇ ਹਿਰਦਿਆਂ ਵਿਚ ਬੇਅੰਤ ਬਲ ਰਹੀ ਸੀ, ਫਿਰ ਉਨ੍ਹਾਂ ਅਨੇਕ ਪ੍ਰਕਾਰ ਦੇ ਰੂਪ ਧਾਰਨ ਕਰ ਲਏ॥ ੬੯॥

ਭਏ ਸਿੰਘ ਕੋਊ ਬਘੇਲਾ ਬਨੇ ਹੈਂ। ਕਿਤੇ ਬੈਂਨਿ੍ ਭੱਖੈਂ ਕੁਬੈਨਾ ਭਨੇ ਹੈਂ।
ਕਿਤੇ ਕੰਧ ਆਰੂਢ ਹ੍ਵੈ ਕੈ ਭਗਾਵੈਂ। ਮ੍ਰਿਗਾਨੀ ਲਈ ਕੋ ਅਕਾਸ਼ੈ ਉਡਾਵੈਂ॥੭੦॥

ਕੋਈ ਸ਼ੇਰ ਬਣ ਗਿਆ, ਕੋਈ ਬਘਿਆੜ ਹੋ ਗਿਆ, ਅੱਗ ਵਾਂਗ ਭੱਖਦੇ ਖੋਟੇ ਬਚਨ ਕਹਿ ਰਹੇ ਸਨ। ਕੋਈ ਕੰਧ ਉਤੇ ਚੜ੍ਹ ਕੇ ਉਸ ਨੂੰ ਭਜਾਉਂਦਾ ਸੀ। ਕੋਈ ਹਿਰਨ ਦੀ ਖੱਲ ਪਹਿਨ ਕੇ ਆਕਾਸ਼ਾਂ ਵਿਚ ਉੱਡ ਰਿਹਾ ਸੀ॥ ੭੦॥

ਭਏ ਪੰਨਗੀ ਬੇਖ ਦੇਖੈਂ ਭਯਾਨਾ। ਧਰੂਕੈਂ ਫਰੂਕੈਂ ਕਿ ਸੂਕੈ ਮਹਾਨਾਂ।
ਕਿਨੈ ਤੁੰਡ ਦੇਹੀ ਕਰੀ ਹੈ ਬਿਸ਼ਾਲਾ। ਉਡੈ ਕੋ ਅਕਾਸ਼ੰ ਲਏ ਹਾਥ ਜ੍ਵਾਲਾ॥੭੧॥

ਕਈ ਸੱਪ ਬਣੇ ਸਨ, ਇਸ ਤਰ੍ਹਾਂ ਉਨ੍ਹਾਂ ਨੇ ਭਿਆਨਕ ਭੇਸ ਧਾਰਨ ਕੀਤੇ ਹੋਏ ਸਨ। ਉਹ ਟਪਦੇ ਸਨ, ਫੁੰਕਾਰੇ ਮਾਰਦੇ ਸਨ ਅਤੇ ਸੂਕਦੇ ਸਨ। ਕਿਸੇ ਨੇ ਮੂੰਹ ਅਤੇ ਦੇਹੀ ਬਹੁਤ ਵੱਡੀ ਕੀਤੀ ਹੋਈ ਸੀ। ਕਈ ਅੱਗ ਨੂੰ ਹੱਥ ਵਿਚ ਫੜ ਕੇ ਆਕਾਸ਼ ਵਿਚ ਉੱਡਦੇ ਸਨ॥ ੭੧॥

ਤੋਟਕ ਛੰਦ- ਕਿਲਕਾਰਤਿ ਕੇਤਿਕ ਰੋਖ ਦਹੇ। ਨਭ ਬੀਚ ਕਿਤੇ ਥਿਰ ਹੋਇ ਰਹੇ।
ਬਰਖਾਵਤਿ ਪਾਵਕ ਕੋ ਧਰਨੀ। ਜਲ ਬੀਚ ਤਰੈਂ ਜਿਮ ਹ੍ਵੈ ਤਰਨੀ॥੭੨॥

ਕਈ ਗੁੱਸੇ ਦੇ ਭਰੇ ਹੋਏ ਚੀਕਾਂ ਮਾਰ ਰਹੇ ਸਨ। ਕਈ ਆਕਾਸ਼ ਵਿਚ ਹੀ ਸਥਿਰ ਹੋ ਗਏ ਸਨ। ਕਈ ਧਰਤੀ ਤੇ ਅੱਗ ਦੀ ਵਰਸ਼ਾ ਕਰ ਰਹੇ ਸਨ। ਕਈ ਪਾਣੀ ਵਿਚ ਬੇੜੀ ਵਾਂਗ ਤਰ ਰਹੇ ਸਨ॥ ੭੨॥

ਲਘੁ ਰੂਪ ਕਿਤੇ ਦਰਸਾਇ ਨਹੀਂ। ਨਿਜ ਮੰਤ੍ਰਨ ਜੰਤ੍ਰ ਕਰੰਤਿ ਸਹੀ।
ਬਹੁ ਲੋਕ ਬਿਖੈ ਬਡ ਭੀਰ ਜਹਾਂ। ਸਭਿ ਕੋ ਡਰਪਾਵਹਿਂ ਦੇਖਿ ਤਹਾਂ ॥੭੩॥

ਛੋਟਾ ਰੂਪ ਕਿਤੇ ਦਿੱਸਦਾ ਨਹੀਂ ਸੀ, ਆਪਣੇ ਮੰਤਰਾਂ ਜੰਤਰਾਂ ਨਾਲ ਹੀ ਠੀਕ ਕਰ ਲੈਂਦੇ ਸਨ। ਜਿਥੇ ਬਹੁਤ ਲੋਕਾਂ ਦੀ ਭੀੜ ਸੀ। ਸਾਰਿਆਂ ਨੂੰ ਓਥੇ ਵੇਖ ਕੇ ਡਰਾਉਂਦੇ ਸਨ॥ ੭੩॥

ਦੋਹਰਾ-ਦੇਖਿ ਸਰੂਪ ਭਯਾਨਕੈ ਡਰਪੇ ਲੋਗ ਬਿਸਾਲ।
ਇਤ ਉਤ ਤਕੈਂ ਪਲਾਇਨ, ਧੀਰਜ ਦਈ ਕ੍ਰਿਪਾਲ॥ ੭੪॥

ਭਿਆਨਕ ਸਰੂਪ ਵੇਖ ਕੇ ਲੋਕ ਬਹੁਤ ਡਰ ਗਏ ਸਨ। ਏਧਰ ਓਧਰ ਭਜਣ ਲੱਗੇ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਧੀਰਜ ਦਿੱਤਾ॥ ੭੪॥

ਗੁਰੂ ਅਜਿੱਤੇ ਸੋਂ ਕਹਯੋ 'ਸਭਿ ਨਰ ਕੇ ਚਹੁੰਫੇਰ।
ਉਠਿਕੇ ਕਰਦੇ ਕਾਰ ਤੂੰ ਵਾਹਿਗੁਰੂ ਮੁਖਟੇਰਿ'॥ ੭੫॥

ਗੁਰੂ ਜੀ ਨੇ ਅਜਿੱਤੇ ਨੂੰ ਕਿਹਾ, 'ਸਾਰੇ ਮਨੁੱਖਾਂ ਦੇ ਚੌਫੇਰੇ, ਉਠਕੇ ਮੂੰਹ ਤੋਂ ਵਾਹਿਗੁਰੂ ਕਹਿ ਕੇ ਇਕ ਲੀਕ ਖਿੱਚ ਦੇਵੋ'॥ ੭੫॥

ਦੁਵੱਜਾ ਛੰਦ-ਉਠਯੋ ਅਜਿਤਾ ਕੀਨੀ ਕਾਰਾ ਆਪ ਗਯੋ ਸਰ ਮਾਂਹੀ।
ਤਿਹ ਪਰ ਲੇ ਨਿਜ ਚੀਰ ਡਸਾਯੋ, ਭੀਜਯੋ ਤਾਰਿਕ ਨਾਂਹੀ।
ਤਾਂਹਿ ਅਰੂਢ ਹੋਇ ਕੈ ਬੈਠਾ ਕਾਰ ਕਰੈ ਇਮ ਸੋਈ।
ਮਰੇ ਬਿਹੰਗ ਸਰੋਵਰ ਮਾਂਹਿ ਬਹੁ ਗਹਤਿ ਭਯੋ ਕਰ ਦੋਈ॥ ੭੬॥

ਅਜਿੱਤਾ ਰੰਧਾਵਾ ਉਠਿਆ ਅਤੇ ਉਸ ਸਾਰਿਆਂ ਲੋਕਾਂ ਦੇ ਬਾਹਰਵਾਰ ਇਕ ਲਕੀਰ ਖਿਚ ਦਿੱਤੀ ਤੇ ਆਪ ਸਰੋਵਰ ਵਿਚ ਚਲਾ ਗਿਆ। ਉਥੇ ਆਪਣੇ ਇਕ ਕਪੜੇ ਨੂੰ ਲੈ ਕੇ ਸਰੋਵਰ ਤੇ ਵਿਛਾਇਆ, ਕਪੜਾ ਸੁੱਕੇ ਦਾ ਸੁੱਕਾ ਰਿਹਾ, ਥੋੜਾ ਵੀ ਨਾਂ ਭਿਜਿਆ। ਉਸ ਕਪੜੇ ਤੇ ਚੜ੍ਹ ਕੇ ਬੈਠ ਗਿਆ ਤੇ ਇਸ ਤਰ੍ਹਾਂ ਕੰਮ ਕਰਨ ਲੱਗਾ। ਜਿਹੜੇ ਬਿਹੰਗ ਸਰੋਵਰ ਵਿਚ ਮਰੇ ਪਏ ਸਨ, ਉਨ੍ਹਾਂ ਨੂੰ ਦੋਵਾਂ ਹੱਥਾਂ ਨਾਲ ਫੜ ਰਿਹਾ ਸੀ॥ ੭੬॥

ਸੈਯਾ- ਗਹਿ ਹਾਥ, ਜਿਵਾਇ ਉਡਾਵਤਿ ਜਾਤਿ, ਪਿਖੈਂ ਬਹੁਤੇ ਨਰ ਤਾਂਹਿ ਤਮਾਸ਼ਾ।
ਇਤ ਸ੍ਰੀ ਗੁਰ ਜੋ ਫਿਰ ਕਾਰ ਕਰੀ ਸਿੱਧ ਆਇ ਸਕਹਿਂ ਨਹਿਂ ਤਾਂਹਿ ਕੇ ਪਾਸਾ।
ਬਲ ਬਾਹਰ ਹੀ ਦਿਖਾਰਵਤਿ ਹੈਂ ਧਰਿ ਦਾਰੁਨ ਰੂਪ ਫਿਰੈਂ ਚਹੁੰ ਪਾਸਾ।
ਪਛੁਤਾਇ ਬਿਸੂਰਤਿ ਹੈਂ ਉਰ ਮੈਂ, ਜਬ ਨਾਂਹਿ ਚਲਯੋ ਬਲ ਕੋ ਬਸ ਮਾਸਾ॥੭੭॥

ਹੱਥ ਨਾਲ ਫੜ ਕੇ ਜੀਉਂਦੇ ਕਰ ਕੇ ਉਡਾਈ ਜਾਂਦਾ ਸੀ, ਬਹੁਤ ਨਰ ਇਹ ਤਮਾਸ਼ਾ ਵੇਖ ਰਹੇ ਸਨ। ਗੁਰੂ ਜੀ ਦੇ ਚਾਰ-ਚੁਫੇਰੇ ਜਿਹੜੀ ਲਕੀਰ ਮਾਰੀ ਸੀ, ਉਸ ਕਾਰਨ ਸਿੱਧ ਉਨ੍ਹਾਂ ਪਾਸ ਆ ਨਹੀਂ ਸੀ ਸਕਦੇ। ਆਪਣਾ ਬਲ ਬਾਹਰ ਹੀ ਵਿਖਾ ਰਹੇ ਸਨ। ਭਿਅਨਕ ਰੂਪ ਧਾਰਨ ਕਰਕੇ ਚਾਰੇ ਪਾਸੇ ਫਿਰ ਰਹੇ ਸਨ। ਦਿਲ ਵਿਚ ਪਛਤਾਵਾ ਕਰ ਰਹੇ ਸਨ ਜਦ ਉਨ੍ਹਾਂ ਦਾ ਥੋੜ੍ਹਾ ਜੇਹਾ ਵੀ ਬਲ ਨਾ ਚਲਿਆ॥ ੭੭॥

ਦੋਹਰਾ-ਤੱਤ ਤੱਤ ਮੈਂ ਮਿਲਿ ਰਹੇ ਸ੍ਰੀ ਨਾਨਕ ਤਿਹ ਥਾਇਂ।
ਪਚਿਹਾਰੇ ਕਛੁ ਨਹਿਂ ਲਖੈਂ, ਸ਼ਕਤਿ ਰਹੇ ਸਭਿ ਲਾਇ॥ ੭੮॥

ਉਸ ਥਾਂ ਗੁਰੂ ਜੀ ਤੱਤ ਤੱਤ ਵਿਚ ਮਿਲੇ ਹੋਏ ਸਨ. ਸਾਰੇ ਥਕ ਕੇ ਹਫ ਗਏ ਕੁਝ ਵੀ ਹੁੰਦਾ ਨਹੀਂ ਸੀ, ਬਹੁਤ ਸ਼ਕਤੀ ਲਾ ਰਹੇ ਸਨ॥ ੭੮॥

ਚੌਪਈ- ਤਿਨਕੀ ਦਿਸ਼ ਦੇਖ੍ਯੋ ਗੁਰ ਜਬਿ ਹੀ। ਸਗਲੀ ਸ਼ਕਤਿ ਕਰਖ ਲਿਯ ਤਬਿਹੀ।
ਜਿਉਂ ਕੋ ਨਿੰਬੂ ਲੇਹਿ ਨਿਚੋਰੀ। ਜੈਸੇ ਊਖ ਦੇਇ ਕਰਿ ਖੋਰੀ॥ ੭੯॥

ਉਨ੍ਹਾਂ ਦੀ ਜਦ ਅਜੇਹੀ ਹਾਲਤ ਵੇਖੀ ਤਾਂ ਉਨ੍ਹਾਂ ਦੀ ਸਾਰੀ ਸ਼ਕਤੀ ਖਿੱਚ ਲਈ। ਜਿਵੇਂ ਇਕ ਨਿੰਬੂ ਨੂੰ ਨਿਚੋੜ ਲਈਦਾ ਹੈ, ਜਿਵੇਂ ਗੰਨੇ ਨੂੰ ਵੇਲਣੇ ਵਿਚ ਦੇ ਕੇ ਚੂਰਾ ਬਣਾ ਦੇਈਦਾ ਹੈ॥ ੭੯॥

ਆਤੁਰ ਹਾਰਿ ਗਏ ਜਿਸ ਕਾਲਾ। ਬੈਠੈ ਹ੍ਵੈ ਕੈ ਦੀਨ ਬਿਸਾਲਾ।
ਲੱਜਿਤ ਭਏ ਨ ਬੋਲ੍ਯੋ ਜਾਈ। ਬਾਂਧੇ ਜਿਉਂ ਸ਼ੱਤ੍ਰੂ ਕਿਸ ਰਾਈ॥ ੮੦॥

ਦੁਖੀ ਹੋ ਕੇ ਜਦ ਹਾਰ ਗਏ, ਫਿਰ ਬਹੁਤ ਦੀਨ ਹੋ ਕੇ ਬੈਠ ਗਏ। ਏਨੇ ਸ਼ਰਮਿੰਦੇ ਹੋਏ ਸਨ ਕਿ ਬੈਠਿਆ ਨਹੀਂ ਸੀ ਜਾਂਦਾ, ਜਿਵੇਂ ਕਿਸੇ ਰਾਜੇ ਨੇ ਦੁਸ਼ਮਣ ਨੂੰ ਬੰਨ੍ਹ ਲਿਆ ਹੋਵੇ॥ ੮੦॥

ਦੋਹਰਾ-ਰੰਚ ਗਰਬ ਉਰ ਨਹਿਂ ਰਹ੍ਯੋ ਨ੍ਰਿਪ ਜਿਉਂ ਛੀਨੇ ਦੇਸ਼।
ਲੱਜਿਤ ਹੋਏ ਨਰਨ ਮੈਂ ਸਿੱਧਨ ਸੋ ਸਿੱਧੇਸ਼॥ ੮੧॥

ਦਿਲ ਵਿਚ ਰਤਾ ਭਰ ਵੀ ਹੰਕਾਰ ਨਾ ਰਿਹਾ ਜਿਵੇਂ ਰਾਜੇ ਨੇ ਉਨ੍ਹਾਂ ਦਾ ਦੇਸ਼ ਖੋਹ ਲਿਆ ਹੋਵੇ। ਸਾਰੇ ਸਿੱਧ ਆਪਣੇ ਰਾਜੇ ਸਿੱਧ ਗੋਰਖ ਸਮੇਤ, ਲੋਕਾਂ ਸਾਹਮਣੇ ਬਹੁਤ ਸ਼ਰਮਿੰਦੇ ਹੋਏ॥ ੮੧॥

ਚੌਪਈ- ਮੰਗਲ ਪ੍ਰਾਨਨਾਥ ਤੇ ਆਦਿ। ਸਭਿਕੇ ਰਿਦੇ ਭਯੋ ਅਹਿਲਾਦ।
'ਕਹ੍ਯੋ ਹਮਾਰੋ ਮਾਨ੍ਯੋ ਨਾਂਹੀ। ਅਤਿ ਲੱਜਿਤ ਹੋਏ ਮਨ ਮਾਂਹੀ' ॥੮੨॥

ਮੰਗਲ, ਪ੍ਰਾਨਨਾਥ ਤੇ ਆਦਿ ਸਾਰਿਆਂ ਦੇ ਦਿਲ ਬਹੁਤ ਖੁਸ਼ ਹੋਏ, ਉਹ ਕਹਿਣ ਲੱਗੇ, "ਸਾਡੀ ਗੱਲ ਮੰਨੀ ਨਹੀਂ, ਹੁਣ ਮਨ ਵਿਚ ਸ਼ਰਮਿੰਦੇ ਹੋਏ ਹਨ" ॥ ੮੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿੱਧਨ ਚਰਚਾ' ਬਰਨਨੰ ਨਾਮ ਉਨਤਾਲਿਸਮੋ ਅਧ੍ਯਾਯ॥ ੩੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਨਤਾਲੀਵਾਂ ਅਧਿਆਇ, ਜਿਸ ਦਾ ਨਾਮ "ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਵਿਖੇ ਸਿੱਧਾਂ ਨਾਲ ਗੋਸ਼ਟਾ" ਹੈ, ਸਮਾਪਤ ਹੋਇਆ॥ ੩੯॥

# ਅਧਿਆਇ ਚਾਲ੍ਹੀਵਾਂ

*ਸੰਤ ਬਾਲਕਾ, ਮਾਲੋਂ ਸ਼ੇਖ*

ਦੋਹਰਾ-ਰੇ ਮਨ ਤਜਿ ਆਲਸ ਸਰਬ ਗਹੁ ਉੱਦਮ ਹਰਿ ਨਾਮ।
ਲੋਕ ਪ੍ਰਲੋਕ ਸਹਾਇ ਹ੍ਵੈ ਪੂਰਹਿ ਸਗਰੇ ਕਾਮ॥ ੧॥

ਹੇ ਮਨ! ਸਾਰੇ ਆਲਸਾਂ ਨੂੰ ਤਿਆਗ ਕੇ ਵਾਹਿਗੁਰੂ ਦੇ ਨਾਮ-ਸਿਮਰਨ ਦਾ ਉੱਦਮ ਧਾਰਨ ਕਰੋ, ਜਿਹੜਾ ਇਸ ਲੋਕ ਤੇ ਪ੍ਰਲੋਕ ਵਿਚ ਸਹਾਈ ਹੋਵੇਗਾ ਅਤੇ ਦੋਹਾਂ ਲੋਕਾਂ ਵਿਚ ਤੇਰਾ ਕੰਮ ਸਿਰੇ ਚੜ੍ਹੇਗਾ॥ ੧॥

*ਸ੍ਰੀ ਬਾਲਾ ਸੰਧੁਰੁ ਬਾਚ॥*

ਚੌਪਈ- ਸੁਨੀਏ ਸ੍ਰੀ ਤੇਹਣ ਕੁਲਦੀਪਾ!। ਸਿਧ ਬੈਠੇ ਸਭਿ ਗੁਰੂ ਸਮੀਪਾ।
ਜਹਾਂ ਅਜਿੱਤਾ ਕਲਾ ਦਿਖਾਵਤਿ। ਮ੍ਰਿਤਕ ਬਿਹਿੰਗਨ ਕੋ ਜੀਵਾਵਤਿ॥੨॥

ਭਾਈ ਬਾਲੇ ਨੇ ਕਿਹਾ- ਹੇ ਤ੍ਰੇਹਣ ਕੁਲ ਦੇ ਦੀਪਕ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਸਾਰੇ ਸਿੱਧ ਗੁਰੂ ਜੀ ਪਾਸ ਬੈਠੇ ਸਨ, ਜਿਥੇ ਅਜਿੱਤਾ ਕਰਾਮਾਤਾਂ ਵਿਖਾ ਰਿਹਾ ਸੀ, ਮਰੇ ਹੋਏ ਬਿਹੰਗਣਾਂ ਨੂੰ ਜੀਉਂਦੇ ਕਰ ਰਿਹਾ ਸੀ॥ ੨॥

ਬ੍ਰਿੰਦ ਲੋਕ ਤਹਿਂ ਪਿਖੈਂ ਤਮਾਸ਼ਾ। ਤਾਂਕੀ ਦਿਸ਼ਿ ਦੇਖਜੋ ਸੁਖਰਾਸਾ।
ਬੂਝਨ ਹਿਤ ਪ੍ਰਭੁ ਬਚਨ ਉਚਾਰੇ। 'ਕੋ ਹੈ ਇਹ ਜੋ ਮ੍ਰਿਤਕ ਜਿਵਾਰੇ? ॥੩॥

ਬਹੁਤ ਲੋਕ ਓਥੇ ਤਮਾਸ਼ਾ ਵੇਖ ਰਹੇ ਸਨ, ਉਨ੍ਹਾਂ ਵਲ ਗੁਰੂ ਜੀ ਨੇ ਵੇਖਿਆ। ਪੁੱਛਣ ਵਾਸਤੇ ਗੁਰੂ ਜੀ ਨੇ ਬਚਨ ਕੀਤਾ, "ਇਹ ਕੌਣ ਹੈ ਜੋ ਮਰਿਆਂ ਹੋਇਆਂ ਪੰਛੀਆਂ ਨੂੰ ਜੀਉਂਦੇ ਕਰ ਰਿਹਾ ਹੈ॥ ੩॥

ਨੌਕਾ ਸਮਸਰ ਚੀਰ ਡਸਾਯੋ। ਤਿਹ ਪਰ ਬੈਠਿ ਨ ਨੀਰ ਛੁਵਾਯੋ।
ਕਰਾਮਾਤ ਕਰਿਕੈ ਦਿਖਰਾਵੈ। ਲੋਕਨ ਮਹਿਂ ਨਿਜ ਮਾਨ ਬਧਾਵੈ' ॥੪॥

ਬੇੜੀ ਵਾਂਗ ਸਰੋਵਰ ਤੇ ਕਪੜਾ ਵਿਛਾਇਆ ਹੈ, ਉਸ ਉਤੇ ਬੈਠਾ ਹੈ ਤੇ ਪਾਣੀ ਉਸ ਨੂੰ ਛੂਹਿਆ ਵੀ ਨਹੀਂ। ਉਹ ਕਰਾਮਾਤ ਕਰਕੇ ਵਿਖਾ ਰਿਹਾ ਹੈ ਅਤੇ ਲੋਕਾਂ ਵਿਚ ਆਪਣਾ ਮਾਣ ਵਧਾ ਰਿਹਾ ਹੈ॥ ੪॥

ਸਿੱਧ ਕਹਜੋ 'ਇਹੁ ਚੇਲਾ ਤੇਰਾ। ਅਬਕੇ ਸਮੈਂ ਨ ਕੋ ਅਨ ਹੇਰਾ।
ਕਰਾਮਾਤ ਇਕ ਸਦਨ ਤੁਮਾਰੇ। ਜਿਉਂ ਚਾਹਤਿ ਤਿਉਂ ਦੇਹੁ ਦਿਖਾਰੇ' ॥੫॥

ਸਿੱਧਾਂ ਕਿਹਾ, "ਇਹ ਤੇਰਾ ਚੇਲਾ ਹੈ। ਅਜ ਦੇ ਸਮੇਂ ਵਿਚ ਹੋਰ ਕੋਈ ਅਜਿਹਾ ਨਹੀਂ ਵੇਖਿਆ ਹੈ। ਕਰਾਮਾਤ ਤੁਹਾਡੇ ਹੀ ਘਰ ਹੈ, ਜਿਵੇਂ ਚਾਹੁੰਦੇ ਹੋ ਵਿਖਾ ਦਿੰਦੇ ਹੋ॥ ੫॥

ਦੋਹਰਾ-ਪਠਜੋ ਮਨੁਜ ਬੁਲਿਵਾਇਓ ਦੇਖਯੋ ਤਿਹ ਕੀ ਓਰ।
ਕਰਖ ਲਈ ਸਭਿ ਸ਼ਕਤਿ ਜੋ ਰਹਿ ਗਯੋ ਪਾਛੈ ਥੋਰ॥ ੬॥

ਇਕ ਮਨੁੱਖ ਭੇਜ ਕੇ ਬੁਲਵਾਇਆ ਤੇ ਉਸ ਵਲ ਵੇਖਿਆ, ਉਸ ਦੀ ਸਾਰੀ ਸ਼ਕਤੀ ਖਿੱਚ ਲਈ, ਜਿਹੜਾ ਪਿਛੋਂ ਖਾਲੀ ਰਹਿ ਗਿਆ॥ ੬॥

ਚੌਪਈ- ਭਯੋ ਦੀਨ ਮਨ ਬੈਠਜੋ ਸੋਇ। ਮਨ ਮੁਰਝਾਨੋ ਸ਼ਕਤਿਹਿਂ ਖੋਇ॥
ਜਿਉਂ ਬਨੀਏ ਕੀ ਪੂੰਜੀ ਜਾਏ। ਹੋਇ ਕ੍ਰਿਪਨ ਬਹੁ ਪੁਨ ਪਛੁਤਾਏ॥੭॥

ਮਨ ਦੀਨ ਹੋ ਗਿਆ ਤੇ ਉਹ ਬੈਠ ਗਿਆ। ਸ਼ਕਤੀ ਖੁਸ ਜਾਣ ਨਾਲ ਮਨ ਮੁਰਝਾਅ ਗਿਆ। ਜਿਵੇਂ ਬਾਣੀਏ ਦੀ ਪੂੰਜੀ ਖੁਸ ਜਾਏ ਜਾਂ ਕੰਜੂਸ ਦਾ ਧਨ ਗਵਾਚ ਜਾਵੇ, ਤਾਂ ਉਹ ਬਾਅਦ ਵਿਚ ਬਹੁਤ ਪਛਤਾਉਂਦਾ ਹੈ॥ ੭॥

ਕਿਤਿਕ ਕਾਲ ਪੁਨ ਸ੍ਰੀ ਗੁਨਖਾਨੀ। ਬੈਠਿ ਰਹੇ, ਕੋ ਕਹਿਤਿ ਨ ਬਾਨੀ।
ਦਰਸ਼ਹਿਂ ਨਰ ਨਾਰੀ ਚਹੁੰਫੇਰੇ। ਇਕ ਤਿਖਾਨ ਆਯੋ ਤਿਸ ਬੇਰੇ॥ ੮॥

ਕਾਫੀ ਸਮੇਂ ਤਕ ਗੁਰੂ ਜੀ ਓਥੇ ਬੈਠੇ ਰਹੇ, ਕੋਈ ਵੀ ਗੱਲ ਨਾ ਕਹੀ। ਨਰ ਨਾਰੀ ਚਾਰ ਚੁਫੇਰੇ ਦਰਸ਼ਨ ਕਰ ਰਹੇ ਸਨ, ਉਸ ਵੇਲੇ ਇਕ ਤਰਖਾਣ ਆਇਆ॥ ੮॥

ਦ੍ਵਾਦਸ਼ ਬਰਖਨ ਕੋ ਸੁਤ ਸਾਥਾ। ਬੰਦੇ ਚਰਨ ਕਮਲ ਜਗਨਾਥਾ।
ਬਿਨੈ ਯੁਕਤ ਪੁਨ ਬਚਨ ਉਚਾਰੇ। 'ਏਕ ਤਾਤ ਭਾ ਸਦਨ ਹਮਾਰੇ॥ ੯॥

ਬਾਰਾਂ ਸਾਲਾਂ ਦਾ ਪੁੱਤਰ ਉਸ ਦੇ ਨਾਲ ਸੀ, ਉਸ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਬੇਨਤੀ ਭਰੇ ਫਿਰ ਸ਼ਬਦ ਕਹੇ, "ਸਾਡੇ ਘਰ ਵਿਚ ਕੇਵਲ ਇਕ ਹੀ ਪੁੱਤਰ ਹੈ॥ ੯॥

ਸਤਿਸੰਗਤਿ ਪਰਤਾਪ ਉਚੇਰਾ। ਜਿਯਤਿ ਰਹਯੋ ਯਾਂਤੇ ਸੁਤ ਮੇਰਾ।
ਅਬ ਰਾਵਰ ਕੇ ਚਰਨ ਚਢਾਵਾ। ਤੁਮਨੈ ਦੀਨੋ ਬਹੁਰ ਜਿਵਾਵਾ'॥ ੧੦॥

ਸਤਿਸੰਗਤ ਦਾ ਉੱਚਾ ਪਰਤਾਪ ਹੈ, ਜਿਸ ਕਰਕੇ ਮੇਰਾ-ਪੁੱਤਰ ਜੀਊਂਦਾ ਰਿਹਾ ਹੈ। ਹੁਣ ਆਪ ਜੀ ਦੇ ਚਰਨਾਂ ਤੇ ਅਰਪਣ ਕਰਦਾ ਹਾਂ, ਤੁਸੀਂ ਦਿੱਤਾ ਹੈ ਅਤੇ ਬਾਅਦ ਵਿਚ ਜੀਊਂਦਾ ਵੀ ਕੀਤਾ ਹੈ"॥ ੧੦॥

ਗੁਰ ਕਹਿਂ 'ਹਮਨਿ ਜਿਵਾਯੋ ਕੈਸੇ?'। ਕਹਿ ਬਾਢੀ 'ਸੁਨੀਏ ਪ੍ਰਭੁ ਜੈਸੇ।
ਹਮ ਗ੍ਰਿਹ ਤਾਤ ਹੋਤਿ ਮਰਿ ਜਾਵੈ। ਸਿੱਧ ਪੀਰ ਬਹੁਤੇਰ ਮਨਾਵੈਂ॥ ੧੧॥

ਗੁਰੂ ਜੀ ਨੇ ਕਿਹਾ, "ਅਸੀਂ ਕਿਸ ਤਰ੍ਹਾਂ ਜਿਵਾਇਆ ਹੈ?" ਤਰਖਾਣ ਨੇ ਕਿਹਾ, "ਹੇ ਪ੍ਰਭੂ! ਸੁਣੋ, ਤੁਸੀਂ ਕਿਵੇਂ ਜ਼ਿੰਦਾ ਕੀਤਾ ਹੈ। ਸਾਡੇ ਘਰ ਪੁੱਤ ਜੰਮਦਾ ਸੀ ਤੇ ਮਰ ਜਾਂਦਾ ਸੀ। ਸਿੱਧ ਪੀਰ ਬਹੁਤ ਮੰਨਾਏ ਸਨ॥ ੧੧॥

ਰਾਵਰਿ ਕੀਰਤਿ ਸੁਨਿ, ਸੁਖ ਮਨ ਮੈਂ। ਸੁਵਨ ਜੀਅ ਸੌਂਪਯੋ ਪ੍ਰਭੁ ਗੁਨ ਮੈਂ।
ਜੀਵਤਿ ਰਹਯੋ, ਲਓ ਅਬ ਗੁਰ ਜੀ। ਕਾਲ ਅੰਤ ਕਾ ਇਸ ਤੁਮ ਮਰਜ਼ੀ॥ ੧੨॥

ਆਪ ਜੀ ਦੀ ਕੀਰਤੀ ਸੁਣ ਕੇ ਮੈਂ ਸੁਖਣਾ ਸੁੱਖੀ ਸੀ। 'ਪੁੱਤਰ ਜੀਊਂਦਾ ਰਹੇ' ਮੈਂ ਮਨ ਵਿਚ ਵਿਚਾਰ ਕੇ ਆਪ ਨੂੰ ਸੌਂਪਿਆ ਹੋਇਆ ਹੈ। ਇਹ ਜੀਊਂਦਾ ਰਿਹਾ ਹੈ, ਇਸ ਲਈ ਹੇ ਗੁਰੂ ਜੀ! ਇਸ ਨੂੰ ਲੈ ਲਵੋ ਇਸ ਦਾ ਅੰਤ ਕਾਲ ਹੁਣ ਤੁਹਾਡੀ ਮਰਜ਼ੀ ਤੇ ਹੈ"॥ ੧੨॥

ਤਿਹਕੇ ਬਚਨ ਸੁਨੇ ਜਗਸਾਈਂ। ਕਰਿਵਾਏ ਕਾਸ਼ਟ ਇਕ ਥਾਈਂ।
ਪਾਵਕ ਫੂਕੀ ਬਚਨ ਉਚਾਰਾ। 'ਬਾਰਿਕ! ਜਾਵਹੁ ਅਗਨਿ ਮਝਾਰਾ'॥ ੧੩॥

ਗੁਰੂ ਜੀ ਨੇ ਜਦ ਉਸ ਦੇ ਬਚਨ ਸੁਣੇ, ਤਾਂ ਇਕ ਥਾਂ ਲੱਕੜੀਆਂ ਇਕੱਠੀਆਂ ਕਰਵਾਈਆਂ, ਇਨ੍ਹਾਂ ਲੱਕੜੀਆਂ ਨੂੰ ਅੱਗ ਲਾ ਕੇ ਬਚਨ ਕੀਤਾ, "ਹੇ ਬਾਲਕ! ਇਸ ਅਗਨੀ ਵਿਚ ਚਲੇ ਜਾਵੋ"॥ ੧੩॥

ਸੋਰਠਾ- ਤਿਹ ਬਾਰਿਕ ਕੋ ਨਾਇਂ 'ਸੰਗਤੀਆ' ਪਿਤ ਨੈ ਧਰਯੋ।
ਨਰ ਨਾਰੀ ਬਿਸਮਾਇਂ ਲਖੀ ਨ ਗੁਰ ਗਤਿ ਜਾਵਈ॥ ੧੪॥

ਉਸ ਬਾਲਕ ਦਾ ਨਾਂ ਪਿਤਾ ਨੇ ਸੰਗਤੀਆ ਰਖਿਆ ਸੀ। ਨਰ ਨਾਰੀ ਸਾਰੇ ਅਸਚਰਜ ਰਹਿ ਗਏ, ਗੁਰੂ ਜੀ ਦੀ ਗਤ ਜਾਣੀ ਨਹੀਂ ਸੀ ਜਾ ਸਕਦੀ॥ ੧੪॥

ਦੋਹਰਾ-ਇਕ ਤ੍ਰਿਖਾਨ ਕੋ ਤਾਤ ਹੈ, ਆਨਿ ਚਢਾਯੋ ਸੋਇ।
ਪਾਵਕ ਮਹਿਂ ਤਿਹ ਪਾਵਈ ਅਤਿ ਅਚਰਜ ਇਹ ਹੋਇ॥ ੧੫॥

ਤਰਖਾਣ ਦਾ ਇਕ ਹੀ ਪੁੱਤਰ ਹੈ, ਉਹ ਵੀ ਆ ਕੇ ਗੁਰੂ ਜੀ ਨੂੰ ਭੇਟ ਕਰ ਦਿੱਤਾ ਹੈ। ਹੁਣ ਉਸ ਨੂੰ ਅੱਗ ਵਿਚ ਪਾਉਣ ਲੱਗੇ ਹਨ, ਇਹ ਤਾਂ ਅਤਿ ਅਸਚਰਜ ਵਾਲੀ ਗੱਲ ਹੈ॥ ੧੫॥

ਚੌਪਈ- ਸਿਸ ਕੋ ਆਇਸੁ ਦੀਨੀ ਜਬਿਹੀ। ਸਿੱਧ ਨਾਰਿ ਨਰ ਦੇਖੈਂ ਸਭਿ ਹੀ।
ਰਿਦੈ ਨ ਡੋਲਜੋ ਰਾਖੀ ਧੀਰ। ਪਾਵਕ ਕੀ ਕੁਛ ਗਨੀ ਨ ਪੀਰ॥੧੬॥

ਬਾਲਕ ਨੂੰ ਜਦ ਇਹ ਆਗਿਆ ਕੀਤੀ ਤਾਂ ਸਿੱਧ ਅਤੇ ਹੋਰ ਇਸਤਰੀ ਮਰਦ ਸਭ ਵੇਖ ਰਹੇ ਸਨ। ਬਾਲਕ ਦਾ ਹਿਰਦਾ ਨਾ ਡੋਲਿਆ ਤੇ ਦਿਲ ਵਿਚ ਧੀਰਜ ਰੱਖਿਆ। ਅੱਗ ਦੀ ਕੁਝ ਵੀ ਪੀੜ ਨਾ ਜਾਣੀ॥ ੧੬॥

ਦ੍ਵਾਦਸ਼ ਬਰਖਨ ਬੈਸ ਕੁਮਾਰਾ। ਮਾਰਿ ਛਾਰ ਗਾ ਅਗਨਿ ਮਝਾਰਾ।
ਬੈਠਿ ਨ ਨਿਕਸਜੋ ਧਰਿ ਉਰ ਧੀਰਾ। ਪਾਵਕ ਤੇਜ ਨ ਛੁਹਜੋ ਸਰੀਰਾ॥੧੭॥

ਬਾਰਾਂ ਵਰ੍ਹਿਆਂ ਦਾ ਬਾਲਕ ਛਾਲ ਮਾਰ ਕੇ ਅੱਗ ਵਿਚ ਵੜ ਗਿਆ। ਹਿਰਦੇ ਵਿਚ ਧੀਰਜ ਧਾਰਨ ਕਰਕੇ ਉਹ ਬੈਠ ਗਿਆ ਤੇ ਬਾਹਰ ਨਾ ਨਿਕਲਿਆ। ਅੱਗ ਦੇ ਸੇਕ ਨੇ ਉਸ ਦੇ ਸਰੀਰ ਨੂੰ ਛੁਹਿਆ ਤਕ ਨਹੀਂ॥ ੧੭॥

ਸਵਾ ਜਾਮ ਬੈਠਜੋ ਜਬਿ ਰਹਜੋ। ਸਭਿਨਿ ਦੇਖਿ ਅਚਰਜ ਉਰ ਲਹਜੋ।
ਪਰਮ ਪ੍ਰਸੀਦ ਭਏ ਗੁਨਖਾਨੀ। ਕਰਨ ਕ੍ਰਿਤਾਰਥ ਉਚਰੀ ਬਾਨੀ॥੧੮॥

ਸਵਾ ਪਹਿਰ ਜਦ ਅੱਗ ਵਿਚ ਬੈਠਾ ਰਿਹਾ, ਸਾਰੇ ਵੇਖ ਕੇ ਆਪਣੇ ਦਿਲਾਂ ਵਿਚ ਬਹੁਤ ਹੈਰਾਨ ਹੋਏ। ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕ੍ਰਿਤਾਰਥ ਕਰਨ ਲਈ ਬਚਨ ਕੀਤੇ॥ ੧੮॥

ਦੋਹਰਾ-'ਜਨਮ ਮਰਨ ਤੇ ਰਹਿਤ ਭਾ ਟੂਟ ਗਏ ਜਮ ਜਾਲ।
ਨਿਕਸਹੁ ਆਵਹੁ ਵਹਿਰ ਕੋ ਅਬਿ ਤੇ ਸਦਾ ਨਿਹਾਲ'॥ ੧੯॥

ਗੁਰੂ ਜੀ ਨੇ ਬਚਨ ਕੀਤੇ, "ਜਨਮ ਮਰਨ ਤੋਂ ਰਹਿਤ ਹੋ ਗਏ ਹੋ ਅਤੇ ਜਮਾਂ ਦੇ ਜਾਲ ਟੁੱਟ ਗਏ ਹਨ। ਹੁਣ ਬਾਹਰ ਨਿਕਲ ਆਵੋ, ਹੁਣ ਸਦਾ ਨਿਹਾਲ ਰਹੋ"॥ ੧੯॥

ਚੌਪਈ- ਸੁਨਤਜੋ ਸਿਸ ਕੇ ਖੁਲ੍ਹੇ ਕਪਾਟਾ। ਦ੍ਵੈਤ ਭਰਮ ਕੇ ਸਾਂਕੁਰ ਕਾਟਾ।
ਦਿੱਬ ਦ੍ਰਿਸ਼ਟਿ ਹੋਈ ਤ੍ਰੈਲੋਕੰ। ਜਨਮ ਮਰਨ ਕ ਚੁਕੇ ਸ਼ੋਕੰ॥ ੨੦॥

ਇਹ ਸੁਣਦਿਆਂ ਹੀ ਬਾਲਕ ਦੇ ਕਪਾਟ ਖੁਲ੍ਹ ਗਏ ਅਤੇ ਦ੍ਵੈਤ ਭਰਮ ਦਾ ਸੰਗਲ ਕਟਿਆ ਗਿਆ। ਤਿੰਨਾਂ ਲੋਕਾਂ ਦੀ ਦਿੱਬ ਦ੍ਰਿਸ਼ਟੀ ਹੋ ਗਈ ਅਤੇ ਜਨਮ ਮਰਨ ਦਾ ਦੁੱਖ ਦੂਰ ਹੋਇਆ॥ ੨੦॥

ਸ੍ਰੀ ਗੁਰ ਕਹੈਂ 'ਜਾਚ ਜੋ ਚਾਹੀ। ਦੇਵੈ ਸੋ ਅਬ ਬਿਲਮੰ ਨਾਂਹੀਂ'।
ਹਾਥ ਬੰਦਿ ਬੋਲਜੋ ਸਿਸੁ ਤਬਹੀ। 'ਤੁਮਰੇ ਨਿਕਟਿ ਸਿੱਧਿ ਜੇ ਸਭਿ ਹੀ॥੨੧॥

ਗੁਰੂ ਜੀ ਨੇ ਕਿਹਾ, "ਮੰਗ ਜੋ ਚਾਹੁੰਦਾ ਹੈਂ, ਉਹ ਹੁਣੇ ਦੇ ਦੇਵਾਂਗੇ ਕੋਈ ਦੇਰ ਨਹੀਂ ਲਾਵਾਂਗੇ।" ਹੱਥ ਜੋੜ ਕੇ ਫਿਰ ਬਾਲਕ ਬੋਲਿਆ, "ਤੁਹਾਡੇ ਪਾਸ ਜੋ ਸਾਰੇ ਸਿੱਧ ਬੈਠੇ ਹਨ॥ ੨੧॥

ਦੋਹਰਾ-ਇਨਕੋ ਇਨਕੀ ਸ਼ਕਤਿ ਜੋ ਦੀਜੈ ਕ੍ਰਿਪਾ ਅਵਾਸ!
ਔਰ ਅਜਿੱਤਾ ਦੀਨ ਹੈਂ ਛੂਛੇ ਭਏ ਉਦਾਸ॥ ੨੨॥

ਹੇ ਕਿਰਪਾ ਦੇ ਘਰ ! ਇਨ੍ਹਾਂ ਸਿੱਧਾ ਨੂੰ ਇਨ੍ਹਾਂ ਦੀਆਂ ਸ਼ਕਤੀਆਂ ਵਾਪਸ ਦੇ ਦੇਵੋ, ਖਾਲੀ ਹੋ ਜਾਣ ਕਰਕੇ ਬਹੁਤ ਦੀਨ ਹੋ ਗਏ ਅਤੇ ਉਦਾਸ ਹਨ॥ ੨੨॥

ਚੌਪਈ- ਚਿੰਤਾਤੁਰ ਹ੍ਵੈ ਕੈ ਸਭਿ ਬੈਸੇ। ਕਿਰਪਨ ਖੋਇ ਦਰਬ ਕੋ ਜੈਸੇ'।
ਸ੍ਰੀ ਗੁਰ ਕਹ੍ਯੋ 'ਸ਼ਕਤਿ ਦਿਖਰਾਵਤਿ। ਦੰਭ ਕਰੈ ਨਿਜ ਮਾਨ ਬਧਾਵਤਿ ॥੨੩॥

ਚਿੰਤਤ ਹੋ ਕੇ ਸਭ ਬੈਠੇ ਹਨ, ਜਿਵੇਂ ਕੰਜੂਸ ਦੀ ਕਿਸੇ ਨੇ ਮਾਇਆ ਖੋਹ ਲਈ ਹੋਵੇ। ਗੁਰੂ ਜੀ ਨੇ ਕਿਹਾ, "ਇਹ ਆਪਣੀਆਂ ਸ਼ਕਤੀਆਂ ਦਿਖਾਉਂਦੇ ਹਨ, ਪਖੰਡ ਕਰਕੇ ਆਪਣਾ ਮਾਨ ਵਧਾਉਂਦੇ ਹਨ॥ ੨੩॥

ਦੇਨੀ ਉਚਿਤ ਅਬੈ ਨਹਿਂ ਇਨਕੋ। ਮਾਨ ਬਿਖੈ ਮਨ ਬੂਡ੍ਯੋ ਜਿਨਕੋ।
ਤੇਰੋ ਕਹ੍ਯੋ ਨ ਮੋਰਹਿਂ ਕੈਸੇ। ਹੁਤੇ ਅਗਾਰੀ, ਹ੍ਵੈ ਅਬ ਤੈਸੇ' ॥ ੨੪॥

ਇਨ੍ਹਾਂ ਦੀਆਂ ਸ਼ਕਤੀਆਂ ਹੁਣੇ ਹੀ ਇਨ੍ਹਾਂ ਨੂੰ ਵਾਪਸ ਦੇਣੀਆਂ ਉਚਿਤ ਨਹੀਂ ਹੈ, ਇਨ੍ਹਾਂ ਦਾ ਮਾਣ ਹੰਕਾਰ ਵਿਚ ਮਨ ਡੁਬਿਆ ਹੋਇਆ ਹੈ। ਪਰ ਤੇਰਾ ਕਿਹਾ ਹੁਣ ਮੈਂ ਮੋੜ ਨਹੀਂ ਸਕਦਾ, ਜਿਸ ਤਰ੍ਹਾਂ ਦੇ ਪਹਿਲੇ ਸਨ, ਉਸ ਤਰ੍ਹਾਂ ਦੇ ਹੀ ਹੁਣ ਹੋ ਜਾਣਗੇ" ॥ ੨੪॥

ਸਿੱਧਨ ਯੁਤ ਅਚਰਜ ਨਰ ਨਾਰੀ। 'ਇਹ ਬਾਰਿਕ ਬਹੁ ਪਰਉਪਕਾਰੀ।
ਬੈਸ ਅਲਪ ਮਹਿਮਾ ਅਧਿਕਾਇ। ਸਿੱਧ ਸਰਬ ਲੀਨੇ ਬਖਸ਼ਾਇ' ॥੨੫॥

ਸਿੱਧ ਅਤੇ ਹੋਰ ਇਸਤਰੀ ਮਰਦ ਬੜੇ ਹੈਰਾਨ ਹੋਏ ਅਤੇ ਕਹਿਣ ਲੱਗੇ, "ਇਹ ਬਾਲਕ ਬਹੁਤ ਪਰਉਪਕਾਰੀ ਹੈ, ਬਹੁਤ ਛੋਟੀ ਉਮਰ ਹੈ ਪਰ ਮਹਿਮਾ ਬਹੁਤ ਵੱਡੀ ਹੈ, ਸਾਰੇ ਸਿੱਧਾਂ ਨੂੰ ਬਖਸ਼ਾ ਲਿਆ ਹੈ॥ ੨੫॥

ਦੋਹਰਾ- ਭਈ ਸਭਿਨਿ ਮਹਿਂ ਸ਼ਕਤਿ ਪੁਨ ਰਹੇ ਰਿਦੇ ਹਰਖਾਇ।
'ਧੰਨ ਧੰਨ ਸ੍ਰੀ ਗੁਰ ਤਹੀਂ ਮਹਿਮਾ ਕਹੀ ਨ ਜਾਇ॥ ੨੬॥

ਸਾਰਿਆਂ ਵਿਚ ਮੁੜ ਸ਼ਕਤੀ ਆ ਗਈ ਅਤੇ ਸਾਰੇ ਹੀ ਆਪਣੇ ਦਿਲਾਂ ਵਿਚ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਕਿਹਾ, "ਧੰਨ ਧੰਨ ਸ੍ਰੀ ਗੁਰੂ ਜੀ ਤੁਹਾਡੀ ਮਹਿਮਾ ਕਹੀ ਨਹੀਂ ਜਾ ਸਕਦੀ॥ ੨੬॥

ਚੌਪਈ- ਸਿੱਖੀ ਧੰਨ, ਧੰਨ ਸਿੱਖ ਤੇਰੇ। ਪਰਉਪਕਾਰ ਕਰਹਿਂ ਦੁਖ ਹੇਰੇ'।
ਅਸ ਕਹਿ ਸਿੱਧਨ ਗਰਬ ਗਵਾਯੋ। ਬਹੁਰ ਨ ਸ੍ਰੀ ਗੁਰ ਨਿਕਟਿ ਜਨਾਯੋ ॥੨੭॥

ਧੰਨ ਸਿੱਖੀ ਹੈ ਅਤੇ ਧੰਨ ਤੇਰੇ ਸਿੱਖ ਹਨ, ਪਰਉਪਕਾਰ ਕਰਕੇ ਦੁੱਖ ਦੂਰ ਕਰਦੇ ਹਨ।" ਇਹ ਕਹਿ ਕੇ ਸਿੱਧਾਂ ਨੇ ਹੰਕਾਰ ਛੱਡ ਦਿੱਤਾ। ਫਿਰ ਕਦੀ ਵੀ ਗੁਰੂ ਜੀ ਪਾਸ ਨਾ ਜਣਾਇਆ॥ ੨੭॥

ਭਈ ਸ਼ਾਂਤਿ ਦੁਰਮਤਿ ਸਭਿ ਨਾਸੀ। ਕਹੈਂ 'ਪੁਰਖ ਤੁਮ ਹੋ ਅਵਿਨਾਸ਼ੀ'।
ਉਸਤਤਿ ਕਰਿਕੈ ਅਨਿਕ ਪ੍ਰਕਾਰਾ। ਪੁਨ ਬੂਝਨ ਹਿਤ ਬਚਨ ਉਚਾਰਾ ॥੨੮॥

ਸ਼ਾਂਤੀ ਹੋ ਗਈ ਅਤੇ ਭੈੜੀ ਮੱਤ ਦਾ ਨਾਸ਼ ਹੋਇਆ, ਕਹਿਣ ਲੱਗੇ, "ਤੁਸੀਂ ਨਾਸ਼ ਰਹਿਤ ਪੁਰਖ ਹੋ। ਕਈ ਪ੍ਰਕਾਰ ਦੀ ਉਸਤਤ ਕੀਤੀ ਅਤੇ ਫਿਰ ਪੁਛਣ ਵਾਸਤੇ ਬੋਲੇ॥ ੨੮॥

'ਕੇਤਿਕ ਸ਼ਕਤਿ ਤੁਮਾਰੇ ਮਾਹੀ?। ਕਹਉ ਤਪਾ ਜੀ ਹਮਰੇ ਪਾਹੀ।
ਅਪਰ ਨ ਤੁਮਰੇ ਸਮਸਰ ਦੇਖਾ। ਸਭਿ ਤੇ ਤੁਮਹੋ ਪੁਰਖੁ ਬਿਸ਼ੇਖਾ' ॥੨੯॥

"ਤੁਹਾਡੇ ਪਾਸ ਕਿੰਨੀ ਸ਼ਕਤੀ ਹੈ, ਹੇ ਤਪਾ ਜੀ ! ਸਾਡੇ ਪਾਸ ਕਹੋ। ਹੋਰ ਤਾਂ ਕੋਈ ਤੁਹਾਡੇ ਬਰਾਬਰ ਦਾ ਨਹੀਂ ਵੇਖਿਆ, ਸਭ ਨਾਲੋਂ ਤੁਸੀਂ ਵਖਰੇ ਪੁਰਖ ਹੋ" ॥ ੨੯॥

ਦੋਹਰਾ- ਗੁਰੂ ਭਨਜੋ 'ਸਤਿਨਾਮ ਕੀ ਬਡਿਆਈ ਬਡ ਜਾਨਿ।
ਏਕੰਕਾਰ ਅਕਾਰ ਪ੍ਰਭੁ ਪੂਰਨ ਕ੍ਰਿਪਾਨਿਧਾਨ॥ ੩੦॥

ਗੁਰੂ ਜੀ ਨੇ ਕਿਹਾ, "ਸਤਿਨਾਮ ਦੀ ਵਡੀ ਵਡਿਆਈ ਜਾਣੋ, ਏਕੰਕਾਰ ਅਕਾਰ ਪ੍ਰਭੂ ਪੂਰਨ ਕ੍ਰਿਪਾਨਿਧਾਨ ਹੈ॥ ੩੦॥

ਚੌਪਈ- ਜੇਵਡ ਸਾਹਿਬ ਤੇਵਡ ਦਾਤਿ। ਕਬਹੂੰ ਪਾਰ ਨ ਪਾਇਓ ਜਾਤ।
ਕਰੁਨਾਮੈ ਨਿਤ ਜੋਤਿ ਸਰੂਪੰ। ਸਭਿ ਬਿਧਿ ਸ਼੍ਰੀ ਕਰਤਾਰ ਅਨੂਪੰ॥ ੩੧॥

ਜਿੰਨਾ ਵੱਡਾ ਸਾਹਿਬ ਹੈ, ਓਨੀਆਂ ਵੱਡੀਆਂ ਉਸਦੀਆਂ ਦਾਤਾਂ ਹਨ ਉਸ ਦਾ ਜੋਤ ਸਰੂਪ ਸਦਾ ਕਿਰਪਾਲੂ ਹੈ। ਸਭ ਤਰ੍ਹਾਂ ਨਾਲ ਸ੍ਰੀ ਕਰਤਾਰ ਅਨੂਪਮ ਹੈ॥ ੩੧॥

ਕ੍ਰਿਪਾਦ੍ਰਿਸ਼ਟਿ ਦੇਖਤਿ ਹੈ ਜਾਂਕੋ। ਦਾਨ ਨਾਮ ਕੋ ਦੇਵਤਿ ਤਾਂਕੋ।
ਮਾਨ ਅਮਾਨ ਸੁਤੇ ਛੁਟਿ ਜਾਹੀਂ। ਸੁਖ ਕੇ ਸਹਿਤ ਪਰਮਪਦ ਪਾਹੀਂ॥ ੩੨॥

ਕ੍ਰਿਪਾ ਦੀ ਦ੍ਰਿਸ਼ਟੀ ਨਾਲ ਜਿਸ ਨੂੰ ਵੀ ਵੇਖਦਾ ਹੈ, ਉਸ ਨੂੰ ਹੀ ਨਾਮਦਾਨ ਬਖਸ਼ ਦਿੰਦਾ ਹੈ। ਮਾਨ ਅਪਮਾਨ ਆਪਣੇ ਆਪ ਦੂਰ ਹੋ ਜਾਂਦੇ ਹਨ। ਸੁਖ ਨਾਲ ਪਰਮ ਪਦ ਪਾਉਂਦਾ ਹੈ॥ ੩੨॥

ਸਤਿਗੁਰ ਕੀ ਵੱਡੀ ਵਡਿਆਈ। ਭੇਦ ਪਾਰ ਨਹਿਂ ਪਾਯੋ ਜਾਈ।
ਇਸ ਬਿਧਿ ਕਹਿ ਕਰਿ ਕ੍ਰਿਪਾਨਿਧਾਨਾ। ਤਿਨ ਸੋਂ ਏਕ ਸਲੋਕ ਬਖਾਨਾ॥ ੩੩॥

ਸਤਿਗੁਰੂ ਦੀ ਵੱਡੀ ਵਡਿਆਈ ਹੈ, ਉਸ ਦਾ ਭੇਦ ਦਾ ਪਾਰ ਪਾਇਆ ਨਹੀਂ ਜਾ ਸਕਦਾ।" ਇਸ ਤਰ੍ਹਾਂ ਕਹਿ ਕੇ ਕ੍ਰਿਪਾਨਿਧਾਨ ਗੁਰੂ ਜੀ ਨੇ ਇਕ ਸਲੋਕ ਦਾ ਉਚਾਰਨ ਕੀਤਾ॥ ੩੩॥

*ਸਲੋਕ ਮ: ੧॥*

*ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥*
*ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥*
*ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥*
*ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥*
*ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ॥*
*ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥*
*ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥ ੧॥* (ਪੰਨਾ ੧੪੭)

ਜੇ ਮੈਂ ਅੱਗ ਦੀ ਪੁਸ਼ਾਕ ਪਾ ਲਵਾਂ, ਬਰਫ ਅੰਦਰ ਘਰ ਬਣਾ ਲਵਾਂ ਅਤੇ ਲੋਹੇ ਨੂੰ ਆਪਣਾ ਭੋਜਨ ਬਣਾ ਲਵਾਂ। ਸਾਰੇ ਦੁੱਖਾਂ ਨੂੰ ਜੇ ਮੈਂ ਪਾਣੀ ਵਾਂਗ ਪੀ ਜਾਵਾਂ ਅਤੇ ਧਰਤੀ ਹਿਕ ਕੇ ਆਪਣੇ ਅੱਗੇ ਲਾ ਲਵਾਂ। ਆਕਾਸ਼ ਨੂੰ ਤਕੜੀ ਦੇ ਪੱਲੜੇ ਵਿਚ ਧਰ ਕੇ ਜੇ ਮੈਂ ਇਸ ਨੂੰ ਪਿਛਲੇ ਪਲੜੇ ਵਿਚ ਰੱਖੇ ਹੋਏ ਚਾਰ ਮਾਸੇ ਦੇ ਵੱਟੇ ਨਾਲ ਤੋਲ ਲਵਾਂ। ਜੇ ਐਡਾ ਵੱਡਾ ਹੋ ਜਾਵਾਂ ਕਿ ਕਿਤੇ ਵੀ ਨਾ ਸਮਾ ਸਕਾਂ ਅਤੇ ਜੇ ਮੈਂ ਸਾਰਿਆਂ ਨੂੰ ਨਿਕੇਲ ਪਾ ਕੇ ਨੱਕ ਤੋਂ ਫੜ ਕੇ ਤੋਰੀ ਫਿਰਾਂ। ਜੇ ਮੇਰੇ ਅੰਦਰ ਏਨਾ ਬਲ ਹੋਵੇ ਜਿਹੜੀ ਮੈਂ ਗੱਲ ਕਰਾਂ ਅਤੇ ਆਪਣੇ ਕਹਿਣ ਤੋਂ ਹੋਰਨਾਂ ਪਾਸੋਂ ਵੀ ਕਰਵਾਵਾਂ। ਜਿਡਾ ਵਡਾ ਸਾਹਿਬ ਹੈ, ਓਡੀਆਂ ਵੱਡੀਆਂ ਉਸ ਦੀਆਂ ਬਖਸ਼ੀਸ਼ਾਂ ਹਨ। ਉਹ ਆਪਣੀ ਰਜ਼ਾ ਅਨੁਸਾਰ ਦਾਤਾਂ ਦਿੰਦਾ ਹੈ। ਹੇ ਨਾਨਕ! ਜਿਸ ਉਤੇ ਮਾਲਕ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ, ਉਸ ਨੂੰ ਸੱਚੇ ਨਾਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ॥ ੧॥

ਦੋਹਰਾ- ਇਹ ਸਲੋਕ ਸੁਨਿਕੈ ਸਭੈ ਸਿੱਧਨ ਸਤਿ ਕਰਿ ਮਾਨ।

ਗੋਰਖਾਦਿ ਤੇ ਦੀਨ ਹ੍ਵੈ ਬੰਦੇ ਜੋਰਤਿ ਪਾਨ॥ ੩੪॥

ਇਹ ਸਲੋਕ ਸੁਣ ਕੇ ਸਭ ਸਿੱਧਾਂ ਨੇ ਸਚ ਕਰਕੇ ਮੰਨਿਆ, ਗੋਰਖ ਆਦਿ ਨੇ ਦੀਨ ਹੋ ਕੇ ਹੱਥ ਜੋੜ ਕੇ ਬੰਦਨਾ ਕੀਤੀ॥ ੩੪॥

ਚੌਪਈ- ਅਪਰ ਸਿੱਧ ਸਭਿ ਬਿਨੈ ਅਲਾਵੈ। ਭੰਗਰਨਾਥ ਨ ਸੀਸ ਨਿਵਾਵੈ।
ਇਸ ਬਿਧਿ ਬਚਨ ਕਹਤਿ ਭਾ ਤਬਹੀ। 'ਪਸ਼ਚਮ ਸੁਰਸੁਰਿ ਬਹੀ ਨ ਕਬਹੀ॥੩੫॥

ਹੋਰ ਸਾਰੇ ਸਿੱਧਾਂ ਨੇ ਗੁਰੂ ਜੀ ਪਾਸ ਬੇਨਤੀਆਂ ਕੀਤੀਆਂ ਅਤੇ ਸਿਰ ਨਿਵਾਏ। ਪਰ ਭੰਗਰ ਨਾਥ ਨੇ ਸਿਰ ਨਾ ਨਿਵਾਇਆ, ਫਿਰ ਉਹ ਇਸ ਤਰ੍ਹਾਂ ਬਚਨ ਕਹਿਣ ਲੱਗਾ। "ਪੱਛਮ ਵਲ ਕਦੇ ਵੀ ਗੰਗਾ ਨਹੀਂ ਵਗੀ ਹੈ॥ ੩੫॥

ਅਸਤ ਨ ਪ੍ਰਾਚੀ ਸਵਿਤਾ ਭਯੋ। ਧਾਰਿ ਪੰਖ ਨਹਿ ਮੇਰੁ ਉਡਯੋ।
ਹਮ ਹੈਂ ਸਿੱਧ ਜਿ ਗ੍ਰਿਹਸਤਿ ਅਗਾਰੀ। ਨਮੋ ਕਰੈਂ ਅਸਮੰਜਸ ਭਾਰੀ'॥੩੬॥

ਸੂਰਜ ਕਦੀ ਪੂਰਬ ਵੱਲ ਨਹੀਂ ਡੁਬਾ ਹੈ। ਖੰਭ ਲਾ ਕੇ ਕਦੇ ਸੁਮੇਰ ਪਰਬਤ ਨਹੀਂ ਉਡਿਆ ਹੈ। ਅਸੀ ਸਿੱਧ ਹੋ ਕੇ ਜੇ ਗ੍ਰਹਿਸਤੀ ਅੱਗੇ ਨਮਸ਼ਕਾਰ ਕਰੀਏ ਤਾਂ ਇਹ ਭਾਰੀ ਅਯੋਗ ਗੱਲ ਹੈ"॥ ੩੬॥

ਉਡਯੋ ਅਕਾਸ਼ ਬਿਖੈ ਕਹਿ ਐਸੇ। ਜਾਤ ਬਿਹੰਗ ਜੁਤਿ ਬਲ ਕੈ ਜੈਸੇ।
ਸ੍ਰੀ ਨਾਨਕ ਲਖਿ ਗਰਬ ਸਮੇਤਾ। ਕੌਸ ਉਡਾਈ ਖੋਵਨ ਹੇਤਾ॥ ੩੭॥

ਜਦ ਇਸ ਤਰ੍ਹਾਂ ਕਹਿ ਕੇ ਆਕਾਸ਼ ਵਿਚ ਉੱਡ ਗਿਆ, ਜਿਵੇਂ ਪੰਛੀ ਆਪਣੇ ਬਲ ਨਾਲ ਉਡਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਦ ਉਸ ਨੂੰ ਹੰਕਾਰ ਸਮੇਤ ਉਡਦਿਆਂ ਵੇਖਿਆ ਤਾਂ ਉਨ੍ਹਾਂ ਨੇ ਉਸ ਦੇ ਹੰਕਾਰ ਨੂੰ ਦੂਰ ਕਰਨ ਵਾਸਤੇ ਆਪਣੀ ਖੜਾਂਵ ਹੀ ਉਡਾ ਦਿੱਤੀ॥ ੩੭॥

ਲਗੀ ਜਾਇਕੈ ਸੀਸ ਮਝਾਰੀ। ਉਡਯੋ ਬਹੁਰ ਪੀਰਾ ਭੀ ਭਾਰੀ।
ਤਿਹ ਤੇ ਉਚੀ ਗਈ ਖਰਾਇ। ਸਿਰ ਮੈਂ ਲਾਗੀ ਰਹਯੋ ਬਚਾਇ॥ ੩੮॥

ਉਹ ਖੜਾਂਵ ਜਾ ਕੇ ਭੰਗਰ ਨਾਥ ਦੇ ਸਿਰ ਵਿਚ ਵੱਜੀ, ਉਡਦਿਆਂ ਬਹੁਤ ਪੀੜ ਹੋਈ। ਖੜਾਂਵ ਫਿਰ ਉਸ ਨਾਲੋਂ ਵੀ ਉੱਚੀ ਉਡੀ। ਸਿਰ ਵਿਚ ਵੱਜਣ ਤੋਂ ਬਚਾਅ ਰਿਹਾ॥ ੩੮॥

ਜਬ ਥਿਰ ਹੋਵੈ ਪੁਨ ਸਿਰ ਲਾਗੈ। ਹਟੈ ਨ ਕਸ ਜਿ ਅਪਰ ਦਿਸ਼ਿ ਭਾਗੈ।
ਸ੍ਰੀ ਨਾਨਕ ਕੀ ਦਿਸ਼ਿ ਜਬ ਆਵੈ। ਸਿਰ ਤੇ ਕੌਸ ਲਗਨ ਹਟਿ ਜਾਵੈ॥੩੯॥

ਜਦ ਸਥਿਰ ਹੁੰਦਾ ਸੀ, ਫਿਰ ਸਿਰ ਵਿਚ ਵੱਜਦੀ ਸੀ। ਵੱਜਣੋਂ ਹਟਦੀ ਨਹੀ ਸੀ ਜਦ ਦੂਸਰੇ ਪਾਸੇ ਨੂੰ ਭੱਜਦਾ ਸੀ। ਜਦ ਉਹ ਗੁਰੂ ਨਾਨਕ ਜੀ ਵਾਲੇ ਪਾਸੇ ਆਉਂਦਾ ਸੀ ਤਾਂ ਖੜਾਂ ਸਿਰ ਵਿਚ ਵੱਜਣੋਂ ਹਟ ਜਾਂਦੀ ਸੀ॥ ੩੯॥

ਜਾਨਯੋ ਰਿਦੈ ਨ ਹਟਯੋ ਖਰਾਊ। ਕਰ ਬਹੁ ਰਹਯੋ ਚਲਤ ਉਪਾਊ।
ਪੀਰ ਪਾਇ ਹਿਰਦੇ ਪਛੁਤਾਨਾ। ਮਿਟਯੋ ਗਰਬ ਬਹੁ ਭਯੋ ਲਜਾਨਾ॥੪੦॥

ਹਿਰਦੇ ਵਿਚ ਇਹ ਸਮਝਿਆ ਕਿ ਖੜਾਂਵ ਵੱਜਣੋ ਨਹੀਂ ਹਟੇਗੀ, ਬਹੁਤ ਯਤਨ ਕੀਤੇ ਪਰ ਕੋਈ ਉਪਾਅ ਨਾ ਚਲਿਆ। ਪੀੜ ਹੋਣ ਕਰਕੇ ਹਿਰਦੇ ਵਿਚ ਬਹੁਤ ਪਛਤਾਉਣ ਲੱਗਾ। ਹੰਕਾਰ ਮਿਟ ਗਿਆ ਬਹੁਤ ਸ਼ਰਮਿੰਦਾ ਹੋਇਆ॥ ੪੦॥

ਦੋਹਰਾ- ਹੋਇ ਦੀਨ ਆਵਤਿ ਭਯੋ ਜਹਿਂ ਬੇਦੀ ਕੁਲਦੀਪ।
ਚਰਨ ਕਮਲ ਬੰਦਨ ਕਰੀ ਬੈਠਯੋ ਹੋਇ ਸਮੀਪ॥ ੪੧॥

ਦੀਨ ਹੋ ਕੇ ਗੁਰੂ ਜੀ ਪਾਸ ਵਾਪਸ ਆ ਗਿਆ। ਚਰਨ ਕੰਵਲਾਂ ਤੇ ਬੰਦਨਾਂ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ॥ ੪੧॥

ਚੌਪਈ- ਗੋਰਖ ਦੇਖਿ ਬਚਨ ਕੋ ਕਹੈ। 'ਇਉਂ ਕਰਿਵਾਏ ਬਿਨਾਂ ਨਾ ਰਹੈ।
ਕਲੀਕਾਲ ਮੈਂ ਸ੍ਰੀ ਕਰਤਾਰਾ। ਨਾਮ ਜਪਾਵਨ ਹਿਤ ਤਨ ਧਾਰਾ ॥੪੨॥

ਗੋਰਖ ਸਿੱਧਾਂ ਨੂੰ ਵੇਖ ਕੇ ਬੋਲਿਆ, "ਇਸ ਤਰ੍ਹਾਂ ਕਰਵਾਏ ਬਿਨਾਂ ਨਾ ਰਹੇ। ਕਲਿਜੁਗ ਵਿਚ ਸ੍ਰੀ ਕਰਤਾਰ ਨੇ ਨਾਮ ਜਪਾਉਣ ਵਾਸਤੇ ਆਪ ਸਰੀਰ ਧਾਰਨ ਕੀਤਾ ਹੈ॥ ੪੨॥

ਇਸਕੀ ਸਮਤਾ ਹੋਇ ਨ ਕੈਸੇ। ਬੰਦਨ ਕਰਹੁ ਭਲਾ ਹੁਇ ਜੈਸੇ।
ਨੀਕੇ ਬਚਨ ਸੁਨੋ ਪੁਨ ਕਹੋ। ਤੱਤਗਜਾਨ ਕੋ ਉਰ ਮਹਿ ਲਹੋ ॥੪੩॥

ਇਸ ਦੀ ਬਰਾਬਰੀ ਕਿਵੇਂ ਵੀ ਨਹੀਂ ਹੋ ਸਕਦੀ ਹੈ, ਬੰਦਨਾਂ ਕਰੋ ਤਾਂਕਿ ਤੁਹਾਡਾ ਭਲਾ ਹੋਵੇ। ਚੰਗੇ ਬਚਨ ਕਹੋ ਅਤੇ ਸੁਣੋ। ਤਤਗਿਆਨ ਨੂੰ ਹਿਰਦੇ ਵਿਚ ਪਾਵੋ॥ ੪੩॥

ਪੁਨ ਗੋਰਖ ਗੁਰ ਸੰਗਿ ਉਚਾਰਾ। 'ਕਲੀ ਕਾਲ ਮਹਿਂ ਕਜਾ ਵਰਤਾਰਾ?'।
ਬੈਠੇ ਸਭਿ ਹੀ ਸਿੱਧ ਸਮੀਪਾ। ਤਬ ਬੋਲੇ ਬੇਦੀ ਕੁਲ ਦੀਪਾ॥ ੪੪॥

ਫਿਰ ਗੋਰਖ ਨੇ ਗੁਰੂ ਜੀ ਨੂੰ ਕਿਹਾ, "ਕਲਿਜੁਗ ਵਿਚ ਕੈਸਾ ਵਰਤਾਰਾ ਹੈ, ਸਾਰੇ ਸਿੱਧ ਕੋਲ ਹੀ ਬੈਠੇ ਸਨ, ਤਦ ਗੁਰੂ ਜੀ ਬੋਲੇ॥ ੪੪॥

ਸਲੋਕ ਮ: ੧॥

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥ ੧॥ (ਪੰਨਾ ੪੬੮)

ਸਚਾਈ ਦਾ ਕਾਲ ਪੈ ਗਿਆ ਹੈ, ਝੂਠ ਪ੍ਰਚੱਲਤ ਹੋ ਗਿਆ ਹੈ ਅਤੇ ਕਲਿਜੁਗ ਦੀ ਕਾਲਖ ਨੇ ਲੋਕਾਂ ਨੂੰ ਭੂਤਨੇ ਬਣਾ ਦਿੱਤਾ ਹੈ। ਜਿਨ੍ਹਾਂ ਨੇ ਨਾਮ ਦਾ ਬੀਜ ਬੀਜਿਆ ਹੈ, ਉਹ ਇੱਜ਼ਤ ਨਾਲ ਗਏ ਹਨ, ਪਰ ਦਲਿਆ ਹੋਇਆ ਬੀਜ ਕਿਵੇਂ ਉੱਗ ਸਕਦਾ ਹੈ। ਜੇ ਬੀਜ ਸਾਬਤ ਹੋਵੇ ਅਤੇ ਢੁਕਵਾਂ ਸਮਾਂ ਹੋਵੇ ਤਦ ਬੀਜ ਉੱਗ ਸਕਦਾ ਹੈ। ਹੇ ਨਾਨਕ! ਪਾਹ ਦੇਣ ਦੇ ਬਗੈਰ ਨਵਾਂ ਕਪੜਾ ਕਿਵੇਂ ਰੰਗਿਆ ਜਾ ਸਕਦਾ ਹੈ। ਜੇ ਸਰੀਰ ਨੂੰ ਪ੍ਰਭੂ ਦੇ ਭੈਅ ਦੀ ਖੁੰਬੇ ਚੜਾਇਆ ਜਾਵੇ ਅਤੇ ਮਿਹਨਤ ਦੀ ਇਸ ਨੂੰ ਪਾਹ ਦਿੱਤੀ ਜਾਵੇ ਤਾਂ ਇਹ ਸਰੀਰ ਪਾਪਾਂ ਤੋਂ ਧੁੱਪ ਕੇ ਉੱਜਲ ਹੋ ਸਕਦਾ ਹੈ। ਹੇ ਨਾਨਕ! ਜੇ ਮਨੁੱਖ ਵਾਹਿਗੁਰੂ ਦੇ ਸਿਮਰਨ ਨਾਲ ਰੰਗਿਆ ਜਾਵੇ ਤਾਂ ਉਸਦੀ ਸੋਭਾ ਝੂਠੀ ਨਹੀਂ ਹੁੰਦੀ॥ ੧॥

ਮਾਝ ਵਾਰ ਸਲੋਕ ਮ: ੧॥

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ~~ਦੀਸੈ~~ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ੧॥

(ਪੰਨਾ ੧੪੫)

ਕਲਿਜੁਗ ਛੁਰੀ ਹੈ, ਬਾਦਸ਼ਾਹ ਕਸਾਈ ਹਨ ਅਤੇ ਸੱਚ ਖੰਭ ਲਾ ਕੇ ਉੱਡ ਗਿਆ ਹੈ। ਝੂਠ ਰੂਪੀ ਇਸ ਮੱਸਿਆ ਦੀ ਰਾਤ ਵਿਚ ਸੱਚ ਦਾ ਚੰਦ ਕਿਤੇ ਚੜ੍ਹਿਆ ਹੋਇਆ ਦਿੱਸਦਾ ਨਹੀਂ ਹੈ। ਆਪਣੀ ਖੋਜ ਭਾਲ ਅੰਦਰ ਮੈਂ ਪਰੇਸ਼ਾਨ ਹੋ ਗਿਆ ਹਾਂ। ਹਨੇਰੇ ਵਿਚ ਮੈਨੂੰ ਕੋਈ ਰਾਹ ਨਹੀਂ ਲੱਭਦਾ, ਹੰਕਾਰ ਕਰਕੇ ਪ੍ਰਾਣੀ ਤਕਲੀਫ ਵਿਚ ਵਿਰਲਾਪ ਕਰਦਾ ਹੈ। ਹੇ ਨਾਨਕ ! ਕਹੋ, ਜਿਸ ਤਰੀਕੇ ਨਾਲ ਜੀਵ ਮੁਕਤ ਹੋ ਸਕਦਾ ਹੈ? ॥ ੧॥

*ਸਲੋਕ ਮ: ੧॥*

*ਸਤੀ ਪਾਪੁ ਕਰਿ ਸਤੁ ਕਮਾਹਿ॥ ਗੁਰ ਦੀਖਿਆ ਘਰਿ ਦੇਵਣ ਜਾਹਿ॥*
*ਇਸਤਰੀ ਪੁਰਖੈ ਖਟਿਐ ਭਾਉ॥ ਭਾਵੈ ਆਵਉ ਭਾਵੈ ਜਾਉ॥*
*ਸਾਸਤੁ ਬੇਦੁ ਨ ਮਾਨੈ ਕੋਇ॥ ਆਪੋ ਆਪੈ ਪੂਜਾ ਹੋਇ॥*
*ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥*
*ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥*
*ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ। ਲੋਕ ਮੁਹਾਵਹਿ ਚਾੜੀ ਖਾਹਿ॥*
*ਚਉਕਾ ਦੇ ਕੈ ਸੁਚਾ ਹੋਇ॥ ਐਸਾ ਹਿੰਦੂ ਵੇਖਹੁ ਕੋਇ॥*
*ਜੋਗੀ ਗਿਰਹੀ ਜਟਾ ਬਿਭੂਤ॥ ਆਗੈ ਪਾਛੈ ਰੋਵਹਿ ਪੂਤ॥*
*ਜੋਗੁ ਨ ਪਾਇਆ ਜੁਗਤਿ ਗਵਾਈ॥ ਕਿਤੁ ਕਾਰਣਿ ਸਿਰਿ ਛਾਈ ਪਾਈ॥*
*ਨਾਨਕ ਕਲਿ ਕਾ ਏਹੁ ਪਰਵਾਣੁ॥ ਆਪੇ ਆਖਣੁ ਆਪੇ ਜਾਣੁ॥ ੧॥* (ਪੰਨਾ ੯੫੧)

ਦਾਨੀ ਲੋਕ, ਪਾਪ ਕਰਕੇ ਇਕੱਠੀ ਕੀਤੀ ਹੋਈ ਦੌਲਤ ਦਾਨ ਵਿਚ ਦਿੰਦੇ ਹਨ। ਉਨ੍ਹਾਂ ਦਾ ਗੁਰੂ ਉਨ੍ਹਾਂ ਦੇ ਘਰ ਵਿਚ ਸਿਖਿਆ ਦੇਣ ਜਾਂਦਾ ਹੈ। ਇਸਤਰੀ ਮਨੁੱਖ ਨੂੰ ਉਸ ਦੇ ਪੈਸੇ ਕਰਕੇ ਪਿਆਰ ਕਰਦੀ ਹੈ, ਨਹੀਂ ਤਾਂ ਉਹ ਪਰਵਾਹ ਨਹੀਂ ਕਰਦੀ ਕਿ ਉਹ ਕਿਥੋਂ ਆਉਂਦਾ ਹੈ ਅਤੇ ਕਿੱਥੇ ਜਾਂਦਾ ਹੈ। ਕੋਈ ਵੀ ਸ਼ਾਸਤਰਾਂ ਵੇਦਾਂ ਨੂੰ ਨਹੀਂ ਮੰਨਦਾ। ਹਰ ਕੋਈ ਕੇਵਲ ਆਪਣੇ ਆਪ ਨੂੰ ਹੀ ਪੂਜਦਾ ਹੈ। ਕਾਜ਼ੀ ਹੋ ਕੇ ਉਹ ਇਨਸਾਫ ਕਰਨ ਨੂੰ ਬੈਠਦਾ ਹੈ। ਉਹ ਤਸਬੀ ਫੇਰਦਾ ਹੈ ਅਤੇ 'ਅੱਲਾ ਅੱਲਾ ਕਹਿੰਦਾ ਹੈ। ਪਰ ਰਿਸ਼ਵਤ ਲੈ ਕੇ ਉਹ ਬੇਇਨਸਾਫੀ ਕਰਦਾ ਹੈ। ਜੇ ਕੋਈ ਇਤਰਾਜ਼ ਕਰਕੇ ਪੁਛੇ ਤਾਂ ਉਹ ਕੋਈ ਨਾ ਕੋਈ ਹਵਾਲਾ ਪੜ੍ਹ ਸੁਣਾਉਂਦਾ ਹੈ। ਮੁਸਲਿਮ ਕਲਮਾਂ ਹਿੰਦੂਆਂ ਦੇ ਦਿਲਾਂ ਅਤੇ ਕੰਨਾਂ ਵਿਚ ਰਮ ਰਿਹਾ ਹੈ। ਉਹ ਲੋਕਾਂ ਨੂੰ ਲੁੱਟਦੇ ਹਨ ਅਤੇ ਚੁਗਲੀ ਕਰਦੇ ਹਨ। ਸੁੱਚਾ ਕਰਨ ਲਈ ਉਹ ਆਪਣੇ ਚੌਕੇ ਨੂੰ ਪੋਚਾ ਫੇਰਦੇ ਹਨ। ਅਜੇਹਾ ਹਿੰਦੂ ਹੈ ਹਰ ਕੋਈ ਇਸ ਨੂੰ ਦੇਖ ਲਵੇ। ਜਟਾਂ ਵਾਲਾ ਸਵਾਹ ਮਲਣ ਵਾਲਾ ਜੋਗੀ ਇਕ ਗ੍ਰਹਿਸਤੀ ਵਰਗਾ ਹੈ। ਬੱਚੇ ਉਸ ਦੇ ਅੱਗੇ ਪਿਛੇ ਰੋਂਦੇ ਹਨ। ਉਸ ਨੂੰ ਜੋਗ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਉਹ ਰਾਹ ਤੋਂ ਭਟਕ ਗਿਆ ਹੈ। ਕਿਸ ਕਾਰਨ ਉਸ ਸਿਰ ਵਿਚ ਸਵਾਹ ਪਾਈ ਹੈ ? ਹੇ ਨਾਨਕ ! ਕਲਿਜੁਗ ਦੀ ਇਹ ਨਿਸ਼ਾਨੀ ਹੈ ਕਿ ਹਰ ਕੋਈ ਆਖਦਾ ਹੈ ਕਿ ਉਹ ਖੁਦ ਹੀ ਸਭ ਕੁਝ ਜਾਣਦਾ ਹੈ॥ ੧॥

ਚੌਪਈ- **ਪੁਨ ਗੁਰ ਸਿੱਧ ਗੋਸ਼ਟਿ ਕਰੀ। ਸਿੱਧਿਨ ਕੀ ਦੁਬਿਧਾ ਸਭਿ ਹਰੀ।**
**ਪਦ ਪੰਕਜ ਪਰ ਬੰਦਨ ਕਰਿਹੀਂ। ਉਸਤਤਿ ਉਚਰਿ ਹਰਖ ਉਰ ਧਰਿਹੀਂ॥੪੫॥**

ਫਿਰ ਗੁਰੂ ਜੀ ਨੇ ਸਿੱਧਾਂ ਨਾਲ ਗੋਸ਼ਟੀ ਕੀਤੀ, ਸਿੱਧਾਂ ਦੀ ਸਾਰੀ ਦੁਬਿਧਾ ਨੂੰ ਦੂਰ ਕੀਤਾ। ਉਨ੍ਹਾਂ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਗੁਰੂ ਜੀ ਦੀ ਉਸਤਤ ਕਰਕੇ ਦਿਲ ਵਿਚ ਪ੍ਰਸੰਨ ਹੋਏ॥ ੪੫॥

**ਲਖਜੋ ਕਲੀ ਮਹਿਂ ਭਾ ਅਵਤਾਰਾ। ਧਰਨ ਕੀਨ ਤਨ ਸ੍ਰੀ ਕਰਤਾਰਾ।**
**ਨਾਮ ਜਪਾਇ ਪ੍ਰਮਾਨ ਉਧਾਰੈ। ਜਹਿਂ ਤਹਿਂ ਕੀਰਤਿ ਧਰਮ ਬਿਥਾਰੈਂ॥੪੬॥**

ਉਨ੍ਹਾਂ ਗੁਰੂ ਜੀ ਨੂੰ ਕਲਿਜੁਗ ਵਿਚ ਪ੍ਰਭੂ ਦਾ ਅਵਤਾਰ ਜਾਣਿਆ। ਸ੍ਰੀ ਪ੍ਰਭੂ ਨੇ ਧਰਤੀ ਤੇ ਸਰੀਰ ਧਾਰਨ ਕੀਤਾ ਹੈ। ਨਾਮ ਜਪਾ ਕੇ ਪੁਰਸ਼ਾਂ ਨੂੰ ਤਾਰਨਗੇ। ਜਿਥੇ ਕਿਥੇ ਧਰਮ ਕੀਰਤੀ ਦਾ ਵਿਸਥਾਰ ਕਰਨਗੇ॥ ੪੬ ॥

ਹੋਤਿ ਸਮਾਨ ਨ ਯਾਂਕੇ ਕੋਊ। ਗਤਿਦਾਯਕ ਸ਼ਰਧਾ ਧਰਿ ਜੋਊ।
ਬਿਨੁ ਪ੍ਰਭੁ ਹਮੈਂ ਨ ਜੀਤ ਸਕਾਈ। ਯਾਂਤੇ ਸਤਿ ਜਾਨਜੋ ਜਗਰਾਈ ॥੪੭॥

ਉਨ੍ਹਾਂ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ। ਜਿਨ੍ਹਾਂ ਨੇ ਮੁਕਤੀ ਦੇਣ ਵਾਲੀ ਸ਼ਰਧਾ ਧਾਰਨ ਕੀਤੀ ਹੋਈ ਹੈ। ਪ੍ਰਭੂ ਬਗੈਰ ਸਾਨੂੰ ਕੋਈ ਨਹੀਂ ਜਿੱਤ ਸਕਦਾ ਇਸ ਲਈ ਗੁਰੂ ਜੀ ਨੂੰ ਜਗਤ ਦਾ ਮਾਲਕ ਜਾਣਿਆ ਹੈ॥ ੪੭॥

ਦੋਹਰਾ- ਇਮਿ ਬਿਧਿ ਧਰੀ ਪ੍ਰਤੀਤ ਉਰ ਕਰਿ ਬੰਦਨ ਜਗਤੇਸ।
ਬਿਦਾ ਸਿੱਧਿ ਹੋਏ ਸਰਬ ਕਹਿ 'ਆਦੇਸ਼ ਅਦੇਸ਼' ॥ ੪੮ ॥

ਇਸ ਤਰ੍ਹਾਂ ਜਗਤ ਦੇ ਈਸ਼ਵਰ ਤੇ ਪ੍ਰਤੀਤ ਧਾਰਨ ਕਰਕੇ, ਸਿੱਧਾਂ ਨੇ ਗੁਰੂ ਜੀ ਨੂੰ ਬੰਦਨਾ ਕੀਤੀ, ਫਿਰ ਸਾਰੇ ਸਿੱਧ 'ਆਦੇਸ਼, ਆਦੇਸ਼' ਕਹਿ ਕੇ ਵਿਦਾ ਹੋਏ॥ ੪੮॥

ਚੌਪਈ- ਸਭਿ ਚਰਚਾ ਜੇ ਬਰਨਨ ਕਰਿਹੋਂ। ਗ੍ਰੰਥ ਬਢਨ ਤੇ ਉਰ ਮਹਿਂ ਡਰਿਹੋਂ।
ਬਹੁਰ ਨ ਪਾਰ ਸੁ ਪਾਯੋ ਜਾਈ। ਸ਼੍ਰੀ ਗੁਰੁ ਜੇਤਿਕ ਚਰਚਾ ਗਾਈ॥ ੪੯ ॥

ਜੇ ਸਿੱਧਾਂ ਨਾਲ ਹੋਈ ਸਾਰੀ ਚਰਚਾ ਮੈਂ ਬਿਆਨ ਕਰਾਂ ਤਾਂ ਮੈਂ ਇਸ ਗ੍ਰੰਥ ਦੇ ਵੱਧਣ ਤੋਂ ਡਰਦਾ ਹਾਂ। ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ ਜਿਤਨੀ ਗੁਰੂ ਜੀ ਨੇ ਚਰਚਾ ਕੀਤੀ ॥ ੪੯॥

ਮੇਲਾ ਬਿਛੁਰਨ ਲਗਜੋ ਬਹੋਰੀ। ਗਮਨੇ ਮਾਨਵ ਨਿਜ ਨਿਜ ਠੌਰੀ।
ਬਾਢੀ ਬਾਲਕ ਪਗ ਲਪਟਾਯੋ। ਆਰਣਸੁਤ ਕਰ ਪ੍ਰਭੁ ਸਿਰ ਲਾਯੋ।
'ਮਿਲਿ ਜੋ ਤੁਮ ਗਤਿ ਪਾਵਹਿ ਕਹਿ ਮੁਖ। ਸੱਤਿਨਾਮ ਤੁਮ ਕਹੁ ਸਭਿ ਮੈ ਲਖਿ॥੫੦॥

ਫਿਰ ਮੇਲਾ ਉਜੜਨ ਲੱਗਾ, ਸਾਰੇ ਮਨੁੱਖ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਬਾਢੀ ਦੇ ਬਾਲਕ ਨੇ ਗੁਰੂ ਜੀ ਦੇ ਚਰਨ ਫੜ ਲਏ। ਗੁਰੂ ਜੀ ਨੇ ਆਪਣਾ ਕੰਵਲ ਰੂਪੀ ਹੱਥ ਉਸ ਦੇ ਸਿਰ ਤੇ ਲਾਇਆ। ਫਿਰ ਗੁਰੂ ਜੀ ਨੇ ਕਿਹਾ, "ਤੇਰੇ ਮੂੰਹੋਂ ਕਹਿਣ ਮਾਤਰ ਨਾਲ, ਜੋ ਵੀ ਤੈਨੂੰ ਮਿਲੇਗਾ ਮੁਕਤੀ ਪਾਵੇਗਾ, ਸਭ ਵਿਚ ਵਿਆਪਕ ਵਾਹਿਗੁਰੂ ਜਾਣਕੇ ਤੁਸੀਂ ਸਤਿਨਾਮ ਦਾ ਜਾਪ ਕਰੋ॥ ੫੦॥

ਦੋਹਰਾ- ਬਸਹੁ ਤਾਤ ਨਿਜ ਤਾਤਨੀ ਪਾਸ ਜਾਇ ਤੁਮ ਤਾਤ।
ਬਹੁ ਨਰ ਕੋ ਭਵ ਤਾਰਿ ਹੋ ਪੁਨਿ ਗਤਿ ਹ੍ਵੈ ਬੱਖਜਾਤ ॥ ੫੧ ॥

ਹੇ ਪੁੱਤਰ ਜੀ ! ਤੁਸੀਂ ਆਪਣੇ ਪਿਤਾ ਜੀ ਅਤੇ ਮਾਤਾ ਜੀ ਪਾਸ ਜਾ ਕੇ ਰਹੋ। ਬਹੁਤ ਮਨੁੱਖਾਂ ਨੂੰ ਭਵਸਾਗਰ ਤੋਂ ਤਾਰ ਕੇ ਆਪ ਪ੍ਰਗਟ ਮੁਕਤੀ ਪਾਉਗੇ" ॥ ੫੧॥

ਚੌਪਈ- ਮਾਨਿ ਬਚਨ ਸ਼੍ਰੀ ਜਗਤੇਸੁਰ ਕੋ। ਗਦ ਗਦ ਹ੍ਵੈ ਤੁਰਿ ਪਾ ਨਿਜ ਘਰ ਕੋ।
ਕੇਤਿਕ ਸੇਵਕ ਸੰਗ ਸਿਧਾਰੇ। ਜਗ ਗੁਰ ਪ੍ਰਵਿਸ਼ੇ ਪੁਰਿ ਕਰਤਾਰੇ॥ ੫੨ ॥

ਗੁਰੂ ਜੀ ਦੇ ਬਚਨ ਮੰਨ ਕੇ ਅਤੇ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲਾ ਗਿਆ। ਜਗਤ ਗੁਰੂ ਜੀ ਕਰਤਾਰਪੁਰ ਪਹੁੰਚ ਗਏ, ਬਹੁਤ ਸੇਵਕ ਉਨ੍ਹਾਂ ਦੇ ਨਾਲ ਗਏ॥ ੫੨ ॥

ਕਿਤਿਕ ਕਾਲ ਪ੍ਰਭੁ ਦੀਨ ਦਯਾਲਾ। ਰਹੇ ਤਹਾਂ, ਬੈਠਹਿਂ ਧ੍ਰਮਸਾਲਾ।
ਹੋਤਿ ਕੀਰਤਨ ਨਿਸ ਦਿਨ ਪਾਸੂ। ਦਰਸਹਿ ਸੰਗਤਿ ਕਰਿ ਅਰਦਾਸੂ॥੫੩॥

ਕਾਫੀ ਸਮੇਂ ਤਕ ਗੁਰੂ ਜੀ ਧਰਮਸਾਲਾ ਵਿਚ ਬੈਠੇ ਰਹੇ, ਦਿਨ ਰਾਤ ਕੀਰਤਨ ਹੁੰਦਾ ਸੀ, ਸੰਗਤ ਅਰਦਾਸ ਕਰਕੇ ਦਰਸ਼ਨ ਕਰਦੀ ਸੀ॥ ੫੩॥

ਧਾਰਿ ਕਾਮਨਾ ਜੋ ਉਰ ਆਵਹਿ। ਦਰਸ਼ਨ ਕਰਤਜੋਂ ਸੇ ਸਭਿ ਪਾਵਹਿ।
ਗ੍ਰਾਮ ਨਗਰ ਸਗਰੇ ਪੁਰਿ ਮਾਂਹੀ। ਲੇ ਸ੍ਰੀ ਨਾਨਕ ਨਾਮ ਸਰਾਹੀਂ॥ ੫੪॥

ਜਿਹੜੀਆਂ ਵੀ ਕਾਮਨਾਵਾਂ ਹਿਰਦੇ ਵਿਚ ਧਾਰਨ ਕਰਕੇ ਆਉਂਦੇ ਸਨ, ਦਰਸ਼ਨ ਕਰਨ ਨਾਲ ਸਭ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ। ਸਾਰੇ ਪਿੰਡਾਂ ਸ਼ਹਿਰਾਂ ਅਤੇ ਨਗਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਬਹੁਤ ਸਲਾਘਾ ਕਰਦੇ ਸਨ॥ ੫੪॥

ਸੁਨਿ ਕਰਿ ਮਾਲੋ ਸ਼ੇਖ ਪ੍ਰਸੰਸਾ। ਗਯੋ ਨਿਕਟਿ ਬੇਦਿਨ ਅਵਤੰਸ਼ਾ।
ਕਰਿ ਸਲਾਮ ਬੈਸਜੋ ਤਵ ਪਾਸੂ। ਬੂਝਨ ਲਾਗਜੋ ਮਤਸਰ ਜਾਸੂ॥ ੫੫॥

ਮਾਲੋ ਸ਼ੇਖ ਗੁਰੂ ਜੀ ਦੀ ਪ੍ਰਸੰਸਾ ਸੁਣ ਕੇ ਬੇਦੀ ਕੁਲ ਦੇ ਰਤਨ ਭਾਵ ਗੁਰੂ ਜੀ ਪਾਸ ਗਿਆ। ਸਲਾਮ ਕਰਕੇ ਗੁਰੂ ਜੀ ਪਾਸ ਬੈਠ ਗਿਆ। ਉਸ ਦੇ ਮਨ ਵਿਚ ਈਰਖਾ ਸੀ, ਗੁਰੂ ਜੀ ਨੂੰ ਪੁੱਛਣ ਲੱਗਾ॥ ੫੫॥

'ਹਿੰਦੂ ਬਡੇ ਕਿ ਤੁਰਕ ਬਤਾਵਉ। ਉੱਤਮ ਕਿਹ ਕੋ ਮਤੋ? ਸੁਨਾਵਉ।
ਸ਼ੁਭ ਗਤਿ ਕੈਸੇ ਪ੍ਰਾਪਤਿ ਹੋਇ?। ਤੁਮਰੀ ਉਸਤਤਿ ਕਹਿ ਸਭਿ ਕੋਇ' ॥੫੬॥

"ਹਿੰਦੂ ਵੱਡਾ ਹੈ ਕਿ ਤੁਰਕ ਇਹ ਦੱਸੋ, ਕਿਸ ਦਾ ਮੱਤ ਉੱਤਮ ਹੈ ਇਹ ਸੁਣਾਵੋ। ਸ਼ੁਭ ਗਤੀ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੀ ਹੈ, ਤੁਹਾਡੀ ਸਾਰੇ ਉਸਤਤ ਕਰਦੇ ਹਨ"॥ ੫੬॥

ਸੁਨਿਕੈ ਸ੍ਰੀ ਗੁਰ ਬਚਨ ਬਖਾਨੇ 'ਇਸ ਬਿਧਿ ਬੂਝਹਿਂ ਜੇ ਅਨਜਾਨੇ।
ਉਰ ਮਹਿਂ ਭਰਮ ਸੁਮਤਿ ਨਹਿਂ ਪਾਈ। ਦ੍ਵੈ ਪਖ ਹਿੰਦੂ ਤੁਰਕ ਦ੍ਰਿੜ੍ਹਾਈਂ ॥੫੭॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਜੋ ਅਣਜਾਣ ਹਨ ਉਹ ਇਸ ਤਰ੍ਹਾਂ ਪੁੱਛਦੇ ਹਨ। ਹਿਰਦੇ ਵਿਚ ਭਰਮ ਹੈ, ਚੰਗੀ ਮੱਤ ਨਹੀਂ ਪਾਈ ਹੈ। ਕੇਵਲ ਦੋ ਪੱਖ ਹਿੰਦੂ ਤੁਰਕ ਦ੍ਰਿੜ੍ਹ ਕੀਤੇ ਹਨ॥ ੫੭॥

ਤੱਤੁ ਵਸਤੁ ਕੋ ਜਾਨਹਿਂ ਨਾਂਹੀ। ਝਗਰੇ ਬਾਂਧੇ ਦਾਵੇ ਮਾਂਹੀ।
ਇਨ ਕੋ ਗਤਿ ਨਹਿਂ ਪ੍ਰਾਪਤਿ ਹੋਇ। ਜਮ ਕੋ ਡੰਡ ਸਹੈਂ ਨਿਤ ਸੋਇ ॥੫੮॥

ਤਤ ਵਸਤੂ ਨੂੰ ਜਾਣਦਾ ਨਹੀਂ। ਝੂਠੇ ਦਾਅਵੇ ਕਰਕੇ ਝਗੜੇ ਬੰਨ੍ਹਦੇ ਹਨ। ਇਨ੍ਹਾਂ ਨੂੰ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਹੁੰਦੀ, ਜਮਾਂ ਦੇ ਡੰਡ ਨੂੰ ਸਹਿੰਦੇ ਹਨ"॥ ੫੮॥

ਸੁਨਤਿ ਗਯੋ ਜਰਿ ਮਾਲੋ ਸ਼ੇਖਾ। ਬੋਲਜੋ ਜਿਹਕੋ ਅਨਖ ਵਿਸ਼ੇਖਾ।
'ਹਿੰਦੂ ਤੁਰਕ ਨਹੀਂ ਜੇ ਕੋਈ। ਕਿਉ ਖੁਦਾਇ ਸਿਰਜੇ ਇਹ ਦੋਈ? ॥੫੯॥

ਇਹ ਸੁਣ ਕੇ ਮਾਲੋ ਸ਼ੇਖ ਸੜ-ਬਲ ਗਿਆ। ਜਿਹੜਾ ਬੜੀ ਅਣਖ ਵਾਲਾ ਸੀ, ਬੋਲਿਆ, "ਜੇ ਕੋਈ ਹਿੰਦੂ ਤੁਰਕ ਨਹੀਂ ਹਨ ਤਾਂ ਫਿਰ ਖੁਦਾ ਨੇ ਇਹ ਦੋਵੇਂ ਕਿਉਂ ਸਿਰਜੇ ਹਨ ?॥ ੫੯॥

ਇਕ ਖੁਦਾਇ, ਇਕ ਸਿਮਰਹਿਂ ਰਾਮ। ਪ੍ਰਿਥਕ ਰਹਤਿ ਨਿਜ ਨਿਜ ਦ੍ਵੈ ਧਾਮ।
ਪਸ਼ਚਮ ਮੁਖ ਇਕ ਪ੍ਰਾਚੀ ਕਰਿਹੀਂ। ਨਿਜ ਮਤ ਦੋਊ ਭਲੋ ਉਚਰਿਹੀਂ ॥੬੦॥

ਇਕ ਖੁਦਾ ਦੀ ਇਬਾਦਤ ਕਰਦੇ ਹਨ, ਦੂਸਰੇ ਰਾਮ ਦਾ ਸਿਮਰਨ ਕਰਦੇ ਹਨ, ਇਹ ਦੋਵੇਂ ਜਾਤਾਂ ਵੱਖ-ਵੱਖ

ਰਹਿੰਦੀਆਂ ਹਨ। ਇਕ ਪੱਛਮ ਵਲ ਮੂੰਹ ਕਰਦੇ ਹਨ ਅਤੇ ਦੂਸਰੇ ਪੂਰਬ ਵਲ ਵੇਖਦੇ ਹਨ। ਦੋਵੇਂ ਆਪਣੇ ਮਤ ਚੰਗੇ ਸਮਝਦੇ ਹਨ॥ ੬੦॥

ਸ੍ਰੀ ਨਾਨਕ ਪੁਨ ਬੈਨ ਬਖਾਨੇ। 'ਉਤਮ ਭਗਤਿ ਕਬੀਰ ਮਹਾਨੇ।
ਸਭਿ ਤੇ ਮਹਿਮਾਂ ਤਿਨਿ ਅਧਿਕਾਈ। ਰਾਮ ਕਬੀਰ ਭੇਦ ਨਹਿੰ ਰਾਈ ॥੬੧॥

ਗੁਰੂ ਜੀ ਨੇ ਫੇਰ ਬਚਨ ਕੀਤੇ, ''ਸਭ ਤੋਂ ਉੱਤਮ ਭਗਤ ਕਬੀਰ ਮਹਾਨ ਹੋਏ ਹਨ। ਸਭ ਨਾਲੋਂ ਜ਼ਿਆਦਾ ਉਨ੍ਹਾਂ ਦੀ ਮਹਿਮਾ ਹੈ। ਰਾਮ ਕਬੀਰ ਵਿਚ ਕੋਈ ਭੇਦ ਨਹੀਂ ਹੈ॥ ੬੧॥

ਤਿਸਨੈ ਦੋਨੋ ਕੋ ਸਮਝਾਵਾ। ਭਲੀ ਭਾਂਤਿ ਸੋ ਭਰਮ ਮਿਟਾਵਾ।
ਜਗ ਮੈਂ ਜਨਮ ਤੁਰਕ ਘਰ ਭਯੋ। ਸੁਨਿ ਤੂੰ ਜਿਉਂ ਤਿਨਿ ਬਰਨਨ ਕਿਯੋ ॥੬੨॥

ਕਬੀਰ ਨੇ ਦੋਵਾਂ ਨੂੰ ਸਮਝਾਇਆ ਹੈ, ਬੜੀ ਚੰਗੀ ਤਰ੍ਹਾਂ ਭਰਮ ਮਿਟਾਇਆ ਹੈ। ਜਗ ਵਿਚ ਜਨਮ ਤੁਰਕ ਘਰ ਵਿਚ ਹੋਇਆ ਸੀ। ਇਹ ਸੁਣੋ ਜਿਵੇਂ ਉਨ੍ਹਾਂ ਬਿਆਨ ਕੀਤਾ ਹੈ॥ ੬੨॥

ਦੋਹਰਾ- ਇਕ ਮਾਟੀ ਇਕ ਨੈ ਕਰੇ ਏਕ ਜੋਤਿ ਸਭਿ ਮਾਂਹਿ।
ਇਕ ਸੋ ਬਨਜੋ ਬਨਾਉ ਤਹਿੰ ਭਰਮਹੁ ਉਰ ਮਹਿੰ ਨਾਂਹਿ॥ ੬੩॥

ਇਕ ਮਿਟੀ, ਇਕ ਨੇ ਬਣਾਏ ਅਤੇ ਸਭ ਵਿਚ ਇਕ ਜੋਤ ਹੈ। ਜੇ ਸਾਰਾ 'ਬਣਾਉ' ਇਕ ਤੋਂ ਬਣਿਆ ਹੈ ਤਾਂ ਫਿਰ ਦਿਲ ਵਿਚ ਕਿਉਂ ਭਰਮ ਹੋਵੇ॥ ੬੩॥

ਏਕੰਕਾਰ ਖੁਦਾਇ ਸੋ ਰਾਮ ਰਹੀਮ ਨ ਦੋਇ।
ਭੂਲੇ ਬਾਂਧੈ ਪਾਖ ਜੋ ਜਨਮ ਮਰਨ ਮਹਿੰ ਸੋਇ॥ ੬੪॥

ਕੇਵਲ ਇਕ ਖੁਦਾ ਹੈ, ਰਾਮ ਰਹੀਮ ਦੋ ਨਹੀਂ ਹਨ, ਜਿਹੜੇ ਭੁਲੇ ਵਖਰੇਵਾਂ ਬੰਨ੍ਹਦੇ ਹਨ ਉਹ ਜਨਮ ਮਰਨ ਵਿਚ ਪਏ ਰਹਿੰਦੇ ਹਨ॥ ੬੪॥

ਚੌਪਈ- ਦੇਹਿ ਕੂਰ, ਕੂਰੇ ਇਹੁ ਦਾਵੇ। ਹਿੰਦੂ ਤੁਰਕ ਮਨੈ ਜਿ ਮਨਾਵੇ।
ਘਟ ਫੂਟੇ ਕਹਾ ਨਾਮ ਕਹੋਗੇ। ਤਨ ਦਾਵੇ ਬਿਨੁ ਜਬੈ ਰਹੋਗੇ॥ ੬੫॥

ਸਰੀਰ ਝੂਠਾ ਹੈ ਅਤੇ ਇਹ ਦਾਅਵੇ ਝੂਠੇ ਹਨ, ਹਿੰਦੂ ਤੁਰਕ ਜੋ ਮੰਨਦਾ ਜਾਂ ਮਨਾਉਂਦਾ ਹੈ, ਜਦ ਸਰੀਰ ਰੂਪੀ ਘੜਾ ਭੱਜ ਜਾਵੇਗਾ, ਫਿਰ ਉਸ ਨੂੰ ਕੀ ਨਾਮ ਦੇਵੋਗੇ, ਜਦ ਸਰੀਰ ਦੇ ਦਾਅਵੇ ਤੋਂ ਬਗੈਰ ਹੋ ਜਾਵੋਗੇ॥ ੬੫॥

ਅਲਹਿ ਅਕਾਲ ਏਕ ਸ੍ਰੀ ਨਾਮੂ। ਦਾਵੇ ਕਰਹਿਂ ਪਖੰਡਨ ਧਾਮੂ।
ਜਗਤ ਝੂਠ ਮਹਿ ਝੂਠ ਦਾਵੇ। ਦ੍ਰਿਸ਼ਟਿਮਾਨ ਸਭਿ ਹੀ ਬਿਨਸਾਵੇ॥ ੬੬॥

ਅਲਾਹ ਅਕਾਲ ਸਭ ਇਕ ਦੇ ਹੀ ਨਾਮ ਹਨ। ਪਖੰਡੀ ਝੂਠੇ ਦਾਅਵੇ ਕਰਦੇ ਹਨ। ਜਗਤ ਝੂਠਾ ਹੈ ਅਤੇ ਦਾਅਵੇ ਝੂਠੇ ਹਨ। ਜੋ ਕੁਝ ਦਿਸਦਾ ਹੈ, ਉਹ ਸਭ ਨਾਸ਼ ਹੋ ਜਾਣਗੇ॥ ੬੬॥

ਅਸ ਬਿਚਾਰ ਮਾਲੋ! ਉਰ ਕਰੀਏ। ਚਹਿੰ ਜਿ ਭਲਾ, ਭ੍ਰਮ ਕੋ ਪਰਹਰੀਏ।
ਕੁਮਤਿ ਬਿਦਾਰਨ ਦਿਯ ਉਪਦੇਸ਼ਾ। ਕ੍ਰਿਪਾ ਦ੍ਰਿਸ਼ਟਿ ਦੇਖੀ ਜਗਤੇਸ਼ਾ ॥੬੭॥

ਹੇ ਮਾਲੋ ! ਇਸ ਤਰ੍ਹਾਂ ਵਿਚਾਰ ਕਰੀਏ, ਜੇ ਭਲਾ ਚਾਹੁੰਦੇ ਹੋ ਤਾਂ ਭਰਮ ਨੂੰ ਦੂਰ ਕਰੋ।'' ਭੈੜੀ ਮੱਤ ਨੂੰ ਦੂਰ ਕਰਨ ਵਾਸਤੇ ਉਪਦੇਸ਼ ਦਿੱਤਾ। ਗੁਰੂ ਜੀ ਨੇ ਕਿਰਪਾ ਦੀ ਦ੍ਰਿਸ਼ਟੀ ਨਾਲ ਵੇਖਿਆ॥ ੬੭॥

ਦੋਹਰਾ- ਦੰਭ ਕਦਨ ਕੇ ਬਚਨ ਤੇ ਅਨਦ ਸਦਨ ਸੁਨਿ ਬੈਨ।

ਪਦ ਪੰਕਜ ਪਰ ਪਰਿ ਰਹਜੋ ਹਰਖਤਿ ਉਰ ਭੀ ਚੈਨ॥ ੬੮॥

ਪਖੰਡਾਂ ਦਾ ਨਾਸ਼ ਕਰਨ ਵਾਲੇ ਅਤੇ ਅਨੰਦ ਦੇ ਘਰ ਦੇ ਬਚਨ ਸੁਣ ਕੇ, ਸ਼ੇਖ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਿਆ, ਬਹੁਤ ਪ੍ਰਸੰਨ ਹੋਇਆ ਅਤੇ ਮਨ ਨੂੰ ਚੈਨ ਆਇਆ॥ ੬੮॥

ਚੌਪਈ- ਹੋਇ ਦੀਨ ਮਨ ਬਿਨੈ ਬਖਾਨੀ। 'ਅਬ ਜਾਨੇ ਤੁਮ ਸ੍ਰੀ ਗੁਨਖਾਨੀ।
ਭਯੋ ਮੁਰੀਦੰ ਰਾਵਰ ਕੇਰਾ। ਬਚਨ ਸੁਨਤਿ ਭ੍ਰਮ ਮਿਟਿ ਗਯੋ ਮੇਰਾ॥੬੯॥

ਦੀਨ ਹੋ ਕੇ ਮਨ ਵਿਚ ਬੇਨਤੀ ਕੀਤੀ, "ਹੁਣ ਪਤਾ ਲੱਗਾ ਕਿ ਤੁਸੀਂ ਗੁਣਾਂ ਦੀ ਖਾਣ ਹੋ। ਮੈਂ ਆਪ ਜੀ ਦਾ ਮੁਰੀਦ ਹੋ ਗਿਆ ਹਾਂ, ਤੁਹਾਡੇ ਬਚਨ ਸੁਣ ਕੇ ਮੇਰਾ ਭਰਮ ਮਿਟ ਗਿਆ ਹੈ॥ ੬੯॥

ਹੋ ਖੁਦਾਇ ਮੂਰਤਿ ਧਰਿ ਆਏ। ਦਾਵੇ ਦ੍ਵੈਤ ਪਖੰਡ ਮਿਟਾਏ।
ਅਬ ਤੁਮ ਪੀਰ ਭਏ ਹੋ ਮੇਰੇ। ਉਪਜੀ ਸ਼ਾਂਤਿ ਦਰਸ ਕੋ ਹੇਰੇ॥ ੭੦॥

ਤੁਸੀਂ ਤਾਂ ਖੁਦਾ ਹੋ, ਸਰੀਰ ਧਾਰਨ ਕਰਕੇ ਆ ਗਏ ਹੋ। ਦ੍ਵੈਤ ਦੇ ਦਾਅਵੇ ਅਤੇ ਪਖੰਡ ਮਿਟਾ ਦਿੱਤੇ ਹਨ। ਹੁਣ ਤੁਸੀਂ ਮੇਰੇ ਪੀਰ ਹੋ ਗਏ ਹੋ। ਤੁਹਾਡੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਆਈ ਹੈ॥ ੭੦॥

ਮੁਰ ਉਰ ਨਭ ਰਵਿਰੂਪ ਤੁਮਾਰਾ। ਬਚਨ ਕਿਰਨ ਯੁਤ ਕਰਹੁ ਬਸਾਰਾ।
ਦਿਪੈ ਸਦੀਵ ਮੋਹ ਤਮ ਨਾਸ਼ੂ। ਕਲਿਮਲ ਉਡ ਕੋ ਮਿਟਹਿ ਪ੍ਰਕਾਸ਼ੂ॥੭੧॥

ਮੇਰੇ ਹਿਰਦੇ ਰੂਪੀ ਆਕਾਸ਼ ਵਿਚ, ਸੂਰਜ ਰੂਪੀ ਆਪ ਦਾ ਸਰੂਪ ਹੈ। ਬਚਨਾਂ ਰੂਪੀ ਕਿਰਨਾਂ ਸਹਿਤ ਵਾਸਾ ਕਰੋ। ਤੁਸੀਂ ਮੋਹ ਰੂਪੀ ਹਨੇਰੇ ਨੂੰ ਦੂਰ ਕਰਨ ਵਾਲੇ ਹੋ, ਪਾਪਾਂ ਰੂਪੀ ਤਾਰਿਆਂ ਨੂੰ ਤੁਹਾਡਾ ਪ੍ਰਕਾਸ਼ ਦੂਰ ਕਰਦਾ ਹੈ॥ ੭੧॥

ਦੋਹਰਾ-ਪ੍ਰਸ਼ਨ ਕਹਉਂ ਇਕ ਔਰ ਮੁਝ ਜੋ ਖੁਦਾਇ ਦਰਗਾਹ।
ਕੋ ਆਦਰ ਤਹਿੰ ਪਾਵਈ ਜਿਹ ਨਕਾਰ ਕਿਤ ਨਾਂਹਿ॥ ੭੨॥

ਇਕ ਹੋਰ ਪ੍ਰਸ਼ਨ ਕਰਦਾ ਹਾਂ ਕਿ ਕੀ ਮੈਂ ਖੁਦਾ ਦੀ ਦਰਗਾਹ ਵਿਚ ਆਦਰ ਪਾਵਾਂਗਾ? ਕਿਤੇ ਨਿਰਾਦਰ ਤਾਂ ਨਹੀਂ ਹੋਵੇਗਾ॥ ੭੨॥

ਚੌਪਈ- ਤਿਹ ਕੇ ਲੱਛਨ ਮੁਝਹਿ ਸੁਨੱਈਦੇ। ਜਿਹਤੇ ਦਰਗਹਿ ਠਾਕ ਨ ਪੱਈਦੇ'।
ਬਹੁਰੇ ਸ੍ਰੀ ਪ੍ਰਭੁ ਬਚਨ ਉਚਾਰੇ। 'ਦ੍ਵੈਤੀ ਦਾਵੇ ਜਿਹ ਮਨ ਟਾਰੇ॥੭੩॥

ਉਸ ਦੇ ਲੱਛਣ ਮੈਨੂੰ ਦਸੋ, ਜਿਸ ਕਾਰਨ ਦਰਗਾਹ ਵਿਚ ਆਦਰ ਪਾਵਾਂ। ਫਿਰ ਗੁਰੂ ਜੀ ਨੇ ਬਚਨ ਕੀਤੇ, "ਜਿਨ੍ਹਾਂ ਨੇ ਮਨ ਤੋਂ ਦ੍ਵੈਤ ਦੇ ਦਾਅਵੇ ਦੂਰ ਕੀਤੇ ਹਨ॥ ੭੩॥

ਭਾਣਾ ਵਾਹਿਗੁਰੂ ਕੋ ਮਾਨਜੋ। ਕਲਿ ਮਹਿੰ ਕੀਰਤਿ ਨਾਮ ਬਖਾਨਜੋ।
ਤਿਨ ਕੋ ਆਦਰ ਸਰਬ ਸਥਾਨਾਂ। ਹਰਖ ਸ਼ੋਕ ਸਮ ਮਾਨ ਅਮਾਨਾ॥੭੪॥

ਵਾਹਿਗੁਰੂ ਦੇ ਭਾਣੇ ਨੂੰ ਮੰਨਿਆ ਹੈ ਕਲਜੁਗ ਵਿਚ ਨਾਮ ਦੀ ਕੀਰਤੀ ਕਹੀ ਹੈ। ਉਨ੍ਹਾਂ ਨੂੰ ਸਭ ਥਾਈਂ ਆਦਰ ਪ੍ਰਾਪਤ ਹੁੰਦਾ ਹੈ। ਉਨ੍ਹਾਂ ਵਾਸਤੇ ਖੁਸ਼ੀ ਗ਼ਮੀ, ਮਾਨ, ਅਪਮਾਨ ਬਰਾਬਰ ਹੁੰਦੇ ਹਨ॥ ੭੪॥

ਨਹਿੰ ਨਕਾਰ ਤਿਹਕੋ ਕਤ ਹੋਵਹਿ। ਸਾਚਿ ਰਤੇ ਸੋ ਸਾਚ ਬੁਗੋਵਹਿੰ।
ਕੋਮਲ ਹਿਰਦੇ ਪਰਉਪਕਾਰੀ। ਦੁਖ ਸੁਖ ਮਹਿੰ ਸਮ ਕਰਤਿ ਬਿਚਾਰੀ॥੭੫॥

ਉਨ੍ਹਾਂ ਦਾ ਕਿਤੇ ਵੀ ਨਿਰਾਦਰ ਨਹੀਂ ਹੁੰਦਾ। ਜਿਹੜੇ ਸੱਚ ਵਿਚ ਰੱਤੇ ਹਨ ਅਤੇ ਸੱਚ ਹੀ ਬੋਲਦੇ ਹਨ। ਉਨ੍ਹਾਂ ਦੇ ਕੋਮਲ ਹਿਰਦੇ ਪਰਉਪਕਾਰੀ ਹਨ। ਉਹ ਦੁੱਖ ਸੁੱਖ ਨੂੰ ਬਰਾਬਰ ਸਮਝਦੇ ਹਨ॥ ੭੫॥

ਦੋਹਰਾ-ਸ੍ਰੀ ਗੁਰ ਕੋ ਉਪਦੇਸ਼ ਸੁਨਿ ਪੀਰ ਥਾਪਿ ਨਿਜ ਸੋਇ।
ਭਯੋ ਮੁਰੀਦ ਅਧੀਨ ਹ੍ਵੈ ਰਿਦੇ ਪ੍ਰੇਮ ਮੈਂ ਹੋਇ॥ ੭੯॥

ਗੁਰੂ ਜੀ ਦਾ ਉਪਦੇਸ਼ ਸੁਣ ਕੇ, ਗੁਰੂ ਜੀ ਨੂੰ ਆਪਣਾ ਪੀਰ ਬਣਾ ਲਿਆ, ਮੁਰੀਦ ਬਣ ਕੇ ਅਧੀਨ ਹੋ ਗਿਆ ਅਤੇ ਹਿਰਦੇ ਵਿਚ ਬੜਾ ਪ੍ਰੇਮ ਜਾਗ ਪਿਆ॥ ੭੯॥

ਚੌਪਈ- ਕੇਤਿਕ ਦਿਵਸ ਰਹਯੋ ਪ੍ਰਭੁ ਪਾਸੂ। ਗਯੋ ਸ਼ੇਖ ਪੁਨ ਅਪਨ ਅਵਾਸੂ।
ਰਿਦੇ ਧਰੇ ਸ੍ਰੀ ਨਾਨਕ ਧਯਾਨਾ। ਬੈਠੇ ਜਹਿਂ ਨੁਤਿ ਕਰਹਿ ਬਖਾਨਾ॥ ੭੭॥

ਕਈ ਦਿਨ ਉਹ ਗੁਰੂ ਜੀ ਪਾਸ ਰਿਹਾ, ਫਿਰ ਸ਼ੇਖ ਆਪਣੇ ਘਰ ਨੂੰ ਚਲਾ ਗਿਆ। ਹਿਰਦੇ ਵਿਚ ਹਰ ਵੇਲੇ ਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ, ਜਿਥੇ ਵੀ ਬੈਠਦਾ ਸੀ ਉਸਤਤ ਬਿਆਨ ਕਰਦਾ ਸੀ॥ ੭੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਸਿਧ ਗੋਸਟ, 'ਮਾਲੇ ਸ਼ੇਖ ਪ੍ਰਸੰਗ' ਬਰਨਨੰ ਨਾਮ ਚਾਲੀਸਮੋ ਅਧਯਾਯ॥ ੪੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚਾਲੀਵਾਂ ਅਧਿਆਇ, ਜਿਸ ਦਾ ਨਾਮ ''ਸੰਤ ਬਾਲਕਾ, ਮਾਲੇ ਸ਼ੇਖ' ਹੈ, ਸਮਾਪਤ ਹੋਇਆ॥ ੪੦॥

## ਅਧਿਆਇ ਇੱਕਤਾਲੀਵਾਂ

### ਉਬਾਰੇ ਖਾਨ, ਅਬਦੁਲ ਰਹਿਮਾਨ

ਦੋਹਰਾ-ਗੁਰੁ ਗੋਬਿੰਦ ਸਿੰਘ ਸਿਮਰ ਨਿਤ ਅਪਰ ਨ ਜਾਂਹਿ ਸਮਾਨ।
ਜਿਯਤਿ ਰਾਜ ਸੁਖ ਸਰਬਦਾ ਮਰਤਿ ਮੁਕਤਿ ਦੇਂ ਦਾਨ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਦਾ ਸਿਮਰ ਜਿਨ੍ਹਾਂ ਦੇ ਤੁੱਲ ਹੋਰ ਕੋਈ ਨਹੀਂ ਹੈ, ਜੋ ਜੀਉਂਦਿਆਂ ਹਰ ਪ੍ਰਕਾਰ ਦਾ ਸੁੱਖ ਦਿੰਦੇ ਹਨ ਅਤੇ ਮਰਿਆਂ ਮੁਕਤੀ ਦਾ ਦਾਨ ਦਿੰਦੇ ਹਨ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ਸੁਨਿ ਕਥਾ ਮਹਾਨਾ। ਮਾਲੋ ਮੀਤ ਹੁਤੋ ਇਕ ਖਾਨਾ।
ਸੋ ਜਬਿ ਮਿਲਿਨ ਹੇਤ ਢਿਗ ਆਵਾ। ਕਰਿਕੈ ਹਰਖ 'ਸਲਾਮ' ਅਲਾਵਾ॥੨॥

ਭਾਈ ਬਾਲਾ ਕਹਿੰਦੇ ਹਨ-ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਮਹਾਨ ਕਥਾ ਸੁਣੋ। ਸ਼ੇਖ ਮਾਲੋ ਦਾ ਮਿੱਤਰ ਇਕ ਖਾਨ ਉਥੇ ਰਹਿੰਦਾ ਸੀ। ਇਕ ਦਿਨ ਉਹ ਸ਼ੇਖ ਨੂੰ ਮਿਲਣ ਵਾਸਤੇ ਆਇਆ। ਪ੍ਰਸੰਨ ਹੋ ਕੇ ਮਾਲੋ ਨੂੰ ਉਸ ਸਲਾਮ ਬੁਲਾਈ॥ ੨॥

ਬੈਠਯੋ ਨਿਕਟ ਧਰੇ ਅਨੁਰਾਗਾ। ਤਬਿ ਗੁਰ ਕੇ ਗੁਨ ਗਾਵਨ ਲਾਗਾ।
'ਸੁਨਹੁ ਉਬਾਰੇ ਖਾਂ ਜੁ ਖੁਦਾਇ। ਨਾਨਕ ਨਾਮ ਕਹਾਯੋ ਆਇ॥ ੩॥

ਲਾਗੇ ਬੈਠ ਕੇ ਬੜਾ ਪ੍ਰੇਮ ਧਾਰਨ ਕੀਤਾ। ਤਦ ਮਾਲੋ ਗੁਰੂ ਜੀ ਦੇ ਗੁਣ ਗਾਉਣ ਲੱਗਾ, ''ਹੇ ਉਬਾਰ ਖਾਂ! ਸੁਣੋ, ਜੋ ਖੁਦਾ ਹੈ, ਉਹ ਇਸ ਦੁਨੀਆਂ ਵਿਚ ਆ ਗਿਆ ਹੈ ਤੇ ਉਸ ਆਪਣਾ ਨਾਂ ਆ ਕੇ ਨਾਨਕ ਰਖਾਇਆ ਹੈ॥ ੩॥

ਜਿਹ ਗੁਨ ਨਾਗਰਾਜ ਨਿਤ ਗਾਵਤਿ। ਤੱਦਪਿ ਨਹੀਂ ਪਾਰ ਕੋ ਪਾਵਤਿ।
ਸੋ ਕੈਸੇ ਮੈਂ ਮੁਖ. ਤੇ ਭਾਖੋਂ। ਸਦਾ ਨਾਮ ਕੋ ਉਰ ਮਹਿਂ ਰਾਖੋਂ॥ ੪॥

ਜਿਸ ਦੇ ਗੁਣ ਸ਼ੇਸ਼ਨਾਗ ਨਿਤ ਗਾਉਂਦਾ ਹੈ ਅਤੇ ਤਦ ਵੀ ਉਸ ਦਾ ਪਾਰ ਨਹੀਂ ਪਾਉਂਦਾ ਹੈ, ਉਸ ਬਾਰੇ ਮੈਂ ਆਪਣੇ ਮੁੱਖ ਨਾਲ ਕਿਵੇਂ ਕਹਿ ਸਕਦਾ ਹਾਂ, ਸਦਾ ਹੀ ਉਸ ਦੇ ਨਾਮ ਨੂੰ ਆਪਣੇ ਮੁੱਖ ਵਿਚ ਰਖਦਾ ਹਾਂ॥ ੪॥

ਤੁਮ ਅਬ ਜਾਹੁ ਦਰਸ ਕੋ ਕਰੀਏ। ਉਰ ਕੋ ਸਰਬ ਭਰਮ ਪਰਹਰੀਏ।
ਅਸ ਸੁਨਿ ਸ੍ਰੀ ਗੁਰ ਕੇਰ ਪ੍ਰਸ਼ੰਸੂ। ਤੂਰਨ ਚਲਜੋ ਖਾਨ ਜਿਸ ਬੰਸੂ॥ ੫॥

ਤੁਸੀਂ ਹੁਣ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ ਅਤੇ ਦਿਲ ਦੇ ਸਾਰੇ ਭਰਮਾਂ ਨੂੰ ਦੂਰ ਕਰੋ। ਗੁਰੂ ਜੀ ਦੀ ਅਜੇਹੀ ਪ੍ਰਸ਼ੰਸਾ ਸੁਣ ਕੇ ਉਹ ਤੁਰਤ ਚਲ ਪਿਆ ਜਿਸ ਦਾ ਵੰਸ਼ ਖਾਨ ਸੀ॥ ੫॥

ਆਇ 'ਸਲਾਮਾਲੇਕਮ' ਕਰਿਕੈ। ਬੈਠਜੋ ਨਿਕਟਿ ਹਰਖ ਉਰ ਭਰਿਕੈ।
ਕਹਜੋ 'ਬਡੋ ਮਤਿ ਹਿੰਦੂ ਤੁਰਕਾ। ਉਚਰਹੁ ਤਪਾ ਭੇਦ ਨਿਜ ਉਰ ਕਾ॥੬॥

ਆ ਕੇ ਸਲਾਮਾਲੇਕਮ ਕਰਕੇ ਦਿਲ ਵਿਚ ਪ੍ਰਸੰਨ ਹੋ ਕੇ ਨੇੜੇ ਬੈਠ ਗਿਆ। ਕਹਿਣ ਲੱਗਾ, "ਹਿੰਦੂ ਮੱਤ ਵੱਡਾ ਹੈ ਕਿ ਤੁਰਕ ? ਹੇ ਤਪਾ ਜੀ! ਆਪਣੇ ਦਿਲ ਦਾ ਭੇਦ ਦੱਸੋ॥ ੬॥

ਸ੍ਰੀ ਗੁਰ ਭਨਿਓ 'ਪਖ ਜੇ ਦੋਊ। ਚਾਰ ਦਿਵਸ ਕੇ ਜਾਨਹੁ ਸੋਊ।
ਦੇਹਿ ਮ੍ਰਿਤਕ ਮਾਟੀ ਰਲਿ ਜਾਹਿ। ਮੂਰਖ ਬਾਦਹਿਂ ਜਨਮ ਗਵਾਹਿਂ॥੭॥

ਗੁਰੂ ਜੀ ਨੇ ਕਿਹਾ, "ਜਿਹੜੇ ਦੋਵੇਂ ਪੱਖ ਹਨ, ਤੁਸੀਂ ਚਾਰ ਦਿਨਾਂ ਨੂੰ ਜਾਣ ਲਵੋਗੇ। ਮਰਨ ਤੋਂ ਬਾਅਦ ਸਰੀਰ ਮਿੱਟੀ ਨਾਲ ਰਲ ਜਾਂਦਾ ਹੈ, ਮੂਰਖ ਫਜ਼ੂਲ ਵਿਚ ਜਨਮ ਗਵਾਉਂਦੇ ਹਨ॥ ੭॥

ਦੋਹਰਾ- ਭੂਲੇ ਮਗ ਪਾਵਹਿ ਨਹੀਂ ਨਿਰੇਪਦ ਸੋਇ।
ਸੁਖ ਪ੍ਰਾਪਤਿ ਤਿਨ ਹੋਤਿ ਹੈ ਮਾਨਤਿ ਆਇਸੁ ਜੋਇ॥ ੮॥

ਭੂਲੇ ਹੋਏ ਰਾਹ ਪਾਉਂਦੇ ਨਹੀਂ, ਅਤੇ ਸਿੱਧੇ ਨਰਕਾਂ ਨੂੰ ਜਾਂਦੇ ਹਨ। ਉਹ ਹੀ ਸੁੱਖ ਪਾਉਂਦੇ ਹਨ ਜਿਹੜੇ ਪ੍ਰਭੂ ਦੀ ਆਗਿਆ ਅਨੁਸਾਰ ਚਲਦੇ ਹਨ॥ ੮॥

ਚੌਪਈ- ਪ੍ਰੇਮ ਭਗਤਿ ਕੀਰਤਿ ਗੁਨ ਗਾਵਤਿ। ਸੋ ਜਗ ਮਹਿਂ ਨਹਿਂ ਆਵਤਿ ਜਾਵਤਿ।
ਬੰਦਾ ਹੋਇ ਬੰਦਗੀ ਕਰੈ। ਭੂਖਨ ਨਾਮ ਕੰਠ ਮਹਿਂ ਧਰੈ॥ ੯॥

ਜਿਹੜੇ ਪ੍ਰੇਮ ਨਾਲ ਭਗਤੀ ਕਰਦੇ ਹਨ ਅਤੇ ਪ੍ਰਭੂ ਦੀ ਕੀਰਤੀ ਦੇ ਗੁਣ ਗਾਉਂਦੇ ਹਨ, ਉਹ ਫਿਰ ਜਗ ਵਿਚ ਆਉਂਦੇ ਜਾਂਦੇ ਨਹੀਂ। ਜਿਹੜਾ ਬੰਦਾ ਹੈ ਉਹ ਬੰਦਗੀ ਕਰੇ, ਨਾਮ ਰੂਪ ਗਹਿਣਾ ਆਪਣੇ ਗਲ ਵਿਚ ਪਾਵੇ॥ ੯॥

ਬੁਜਰਕ ਸੰਗਤਿ ਸਮਾਂ ਬਿਤਾਵੈ। ਦਿਲ ਤੇ ਦਾਵਾ ਦੂਰਿ ਗਵਾਵੈ।
ਸਿਰਜੇ ਇਕ ਸਮ ਸਿਰਜਨਹਾਰੂ। ਬਾਂਧਹਿਂ ਦਾਵੇ ਕੂਰ ਗਵਾਰੂ॥੧੦॥

ਸੰਤਾਂ ਦੀ ਸੰਗਤ ਵਿਚ ਆਪਣਾ ਸਮਾਂ ਬਤੀਤ ਕਰੇ ਅਤੇ ਦਿਲ ਵਿਚੋਂ ਇਹ ਦਾਅਵਾ ਦੂਰ ਕਰੇ ਕਿ ਮੇਰਾ ਮਜ਼ਬ ਉੱਚਾ ਹੈ। ਬਣਾਉਣ ਵਾਲਾ ਸਾਰੇ ਮਨੁੱਖਾਂ ਨੂੰ ਬਰਾਬਰ ਬਣਾਉਂਦਾ ਹੈ। ਜਿਹੜੇ ਉੱਚੀ ਜਾਤੀ ਦੇ ਦਾਅਵੇ ਬੰਨ੍ਹਦੇ ਹਨ ਉਹ ਝੂਠੇ ਮੂਰਖ ਗਵਾਰ ਹਨ॥ ੧੦॥

ਕਰਤਿ ਬਾਦ ਦੋਊ ਖਪਿ ਜਾਇਂ। ਬਿਨ ਮਗ ਪਾਏ ਨਰਕ ਸਿਧਾਇਂ।
ਭਰਮੇ ਭੂਲੇ ਆਵਹਿਂ ਜਾਈ। ਸਤਿਗੁਰ ਮਿਲੈ ਤਂ ਦੇਹਿ ਬਤਾਈ॥੧੧॥

ਝਗੜੇ ਵਿਵਾਦ ਕਰਦੇ ਦੋਵੇਂ ਖਤਮ ਹੋ ਜਾਂਦੇ ਹਨ, ਅਸਲੀ ਰਾਹ ਪਾਉਣ ਤੋਂ ਬਗੈਰ ਹੀ ਨਰਕਾਂ ਨੂੰ ਚਲੇ ਜਾਂਦੇ ਹਨ। ਭਰਮਾਂ ਦੇ ਭੁੱਲੇ ਇਸ ਦੁਨੀਆਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ, ਜੇ ਸਤਿਗੁਰੂ ਮਿਲ ਜਾਵੇ ਤਾਂ ਉਹ ਠੀਕ ਰਾਹ ਦੱਸ ਦਿੰਦੇ ਹਨ' ॥ ੧੧ ॥

ਦੋਹਰਾ-ਸੁਨਤਿ ਉਬਾਰੇ ਖਾਂਨ ਕੋ ਪ੍ਰੇਮ ਭਯੋ ਮਨ ਆਇ।
ਕਹੈ 'ਤਪਾ ਜੀ! ਚਰਨ ਨਿਜ ਮੋਕੋ ਦਰਸ ਦਿਖਾਇ॥ ੧੨ ॥

ਇਹ ਸੁਣ ਕੇ ਖਾਨ ਸਮਝ ਗਿਆ ਅਤੇ ਉਸ ਦੇ ਮਨ ਵਿਚ ਪ੍ਰੇਮ ਭਰ ਗਿਆ। ਕਹਿਣ ਲੱਗਾ, 'ਹੇ ਤਪਾ ਜੀ! ਆਪਣੇ ਚਰਨਾਂ ਦੇ ਮੈਨੂੰ ਦਰਸ਼ਨ ਕਰਵਾਉ॥ ੧੨ ॥

ਚੌਪਈ- ਜੈਸਾ ਸ੍ਰਵਨ ਸੁਨਯੋ ਮੈਂ ਤੁਮ ਕੋ। ਤੈਸੇ ਦਰਸ ਭਯੋ ਬਿਨ ਸ਼ਮ ਕੋ।
ਮੋਰ ਮਨੋਰਥ ਪੂਰਹੁ ਸ੍ਵਾਮੀ। ਕਰਹੁ ਕ੍ਰਿਤਾਰਥ ਅੰਤਰਜਾਮੀ!' ॥ ੧੩ ॥

ਜਿਸ ਤਰ੍ਹਾਂ ਤੁਹਾਡੇ ਬਾਰੇ ਆਪਣੇ ਕੰਨਾਂ ਨਾਲ ਸੁਣਿਆਂ ਸੀ, ਤੈਸੇ ਹੀ ਆਨੰਦ ਸਰੂਪ ਦੇ ਦਰਸ਼ਨ ਕੀਤੇ ਹਨ। ਹੇ ਮਾਲਕ! ਮੇਰਾ ਮਨੋਰਥ ਪੂਰਾ ਕਰੋ। ਹੇ ਅੰਤਰਜਾਮੀ! ਹੁਣ ਕ੍ਰਿਤਾਰਥ ਕਰੋ॥ ੧੩ ॥

ਆਸਨ ਕਰ ਅਸੀਨ ਸ੍ਰੀ ਨਾਨਕ। ਸਭਿ ਸਰੀਰ ਪਰ ਬਸਤ੍ਰ ਸੁ ਤਾਨਕ।
ਸੁਨੀ ਬਿਨੈ ਕਰੁਨਾਨਿਧਿ ਜਬਿਹੀ। ਨਿਜ ਪਗ ਬਹਿਰ ਨਿਕਾਸੇ ਤਬਿਹੀ ॥੧੪ ॥

ਆਸਣ ਲਾ ਕੇ ਸ੍ਰੀ ਗੁਰੂ ਨਾਨਕ ਜੀ ਬੈਠੇ ਸਨ, ਸਾਰੇ ਸਰੀਰ ਤੇ ਕਪੜੇ ਪਹਿਨੇ ਹੋਏ ਸਨ ਭਾਵ ਬੁਕਲ ਮਾਰ ਕੇ ਬੈਠੇ ਸਨ। ਜਦ ਕਿਰਪਾ ਦੇ ਭੰਡਾਰ ਨੇ ਖਾਨ ਦੀ ਬੇਨਤੀ ਸੁਣੀ ਤਾਂ ਉਨ੍ਹਾਂ ਆਪਣੇ ਚਰਨ ਬਾਹਰ ਕੱਢੇ॥ ੧੪ ॥

ਜਿਨ ਕੋ ਮੁਨਿ ਜਨਿ ਧਯਾਨ ਧਰਤਿ ਹੈਂ। ਸੁਰ ਸੁਰਿੰਦ ਜਿਂਹ ਨਮੋ ਕਰਤਿ ਹੈਂ।
ਸਿੱਖ ਸੇਵਕ ਜਿਹ ਅਨਿਕ ਉਧਾਰੇ। ਕਵਿ ਤਿਨ ਪਰ ਜਾਵਤਿ ਬਲਿਹਾਰੇ ॥੧੫ ॥

ਜਿਨ੍ਹਾਂ ਚਰਨਾਂ ਦਾ ਮੁਨੀ ਜਨ ਧਿਆਨ ਧਾਰਨ ਕਰਦੇ ਹਨ, ਦੇਵਤੇ ਤੇ ਇੰਦਰ ਜਿਸ ਨੂੰ ਨਮਸਕਾਰ ਕਰਦੇ ਹਨ। ਜਿਨ੍ਹਾਂ ਨੇ ਅਨੇਕਾਂ ਸਿੱਖ ਸੇਵਕਾਂ ਦਾ ਉਧਾਰ ਕੀਤਾ ਹੈ, ਕਵੀ ਤਿਨ੍ਹਾਂ ਚਰਨਾਂ ਦੇ ਬਲਿਹਾਰ ਜਾਂਦਾ ਹੈ॥ ੧੫ ॥

ਦੋਹਰਾ-ਮਗਨ ਪ੍ਰੇਮ ਮੈਂ ਹੋਇ ਕਰਿ ਤਬੈ ਉਬਾਰੇ ਖਾਨ।
ਸਿਰ ਧਰਿ ਜਾਨਯੋ ਸਫਲ ਨਿਜ ਚਰਨ ਗਹੇ ਨਿਜ ਪਾਨ॥ ੧੬ ॥

ਪ੍ਰੇਮ ਵਿਚ ਮਗਨ ਹੋ ਕੇ ਤਦ ਉਬਾਰੇ ਖਾਨ ਨੇ ਆਪਣੇ ਸਿਰ ਨੂੰ ਗੁਰੂ ਜੀ ਦੇ ਚਰਨਾਂ ਤੇ ਰੱਖ ਕੇ ਆਪਣੇ ਆਪ ਨੂੰ ਸਫਲ ਜਾਣਿਆ ਫਿਰ ਆਪਣੇ ਹੱਥਾਂ ਨਾਲ ਗੁਰੂ ਜੀ ਦੇ ਚਰਨਾਂ ਨੂੰ ਫੜ ਲਿਆ॥ ੧੬ ॥

ਚੌਪਈ- ਲੋਚਨ ਮੁਖ ਪਰ ਨਿਜ ਕਰ ਦੋਊ। ਫੇਰਤਿ ਭਾ ਹਰਖਤਿ ਉਰ ਸੋਊ।
ਬਾਰ ਬਾਰ ਜੁਗ ਚੂਮਨ ਕਰਿਹੀ। ਮਾਨਹੁ ਮਹਾਂ ਮੋਹ ਕੋ ਜਰਿਹੀ॥੧੭ ॥

ਅੱਖਾਂ ਮੁੱਖ ਅਤੇ ਦੋਵੇਂ ਹੱਥ ਚਰਨਾਂ ਤੇ ਫੇਰ ਕੇ ਦਿਲ ਵਿਚ ਆਨੰਦ-ਪ੍ਰਸੰਨ ਹੋਇਆ, ਬਾਰ ਬਾਰ ਦੋਹਾਂ ਚਰਨਾਂ ਨੂੰ ਚੁੰਮਣ ਲੱਗਾ, ਮਾਨੋਂ ਮਹਾਂ ਮੋਹ ਨੂੰ ਖਤਮ ਕਰ ਰਿਹਾ ਸੀ॥ ੧੭ ॥

ਨਿਜ ਸਰੂਪ ਕੀ ਲਖਤਾ ਹੋਈ। ਨਾਸਯੋ ਹੁਤੋ ਭਰਮ ਉਰ ਜੋਈ।
ਧਰਿ ਕੈ ਸ਼ਰਧਾ ਭਯੋ ਨਿਹਾਲਾ। ਭਵ ਬੰਧਨ ਛੂਟੇ ਜਮਜਾਲਾ॥ ੧੮ ॥

ਇੰਝ ਕਰਨ ਨਾਲ ਨਿਜੀ ਸਰੂਪ ਦਾ ਗਿਆਨ ਹੋ ਗਿਆ, ਦਿਲ ਵਿਚ ਜਿਹੜਾ ਭਰਮ ਸੀ ਉਹ ਦੂਰ ਹੋ ਗਿਆ। ਸ਼ਰਧਾ ਧਾਰਨ ਕਰਕੇ ਨਿਹਾਲ ਹੋ ਗਿਆ। ਦੁਨੀਆਵੀ ਬੰਧਨ ਕੱਟੇ ਗਏ ਤੇ ਜਮਾਂ ਦੇ ਜਾਲ ਤੋਂ ਛੁਟਕਾਰਾ ਹੋ ਗਿਆ॥ ੧੮ ॥

*ਭੁਜੰਗ ਛੰਦ-* ਘਟੀ ਚਾਰ ਬੈਸਜੋ ਕਹੈ ਯੋਂ ਉਬਾਰਾ। 'ਭਯੋ ਆਜ ਮੋਕੋ ਮੁਕੰਦੰ ਦਿਦਾਰਾ।
ਰਿਦੇ ਸ਼ਾਂਤਿ ਪਾਈ ਗਯੋ ਮੋਹ ਦੂਰੰ। ਦੁਖੰ ਨਾਸ਼ ਕਾਰੀ ਤੁਹੀ ਰੂਪ ਰੂਰੰ॥੧੯॥

ਚਾਰ ਘੜੀ ਬੈਠ ਕੇ ਕਹਿਣ ਲੱਗਾ,- "ਮੈਨੂੰ ਅਜ ਮੁਕਤੀਦਾਤੇ ਦੇ ਦਰਸ਼ਨ ਹੋਏ ਹਨ, ਹਿਰਦੇ ਵਿਚ ਸ਼ਾਂਤੀ ਪ੍ਰਾਪਤ ਕੀਤੀ ਹੈ ਅਤੇ ਮੇਰਾ ਮੋਹ ਦੂਰ ਹੋਇਆ ਹੈ। ਤੁਹਾਡਾ ਸੁੰਦਰ ਸਰੂਪ ਦੁਖਾਂ ਦਾ ਨਾਸ਼ ਕਰਨ ਵਾਲਾ ਹੈ॥ ੧੯॥

*ਸ੍ਵੈਯਾ-* ਆਇਸੁ ਦੇਹੁ ਅਬੈ ਮੁਝ ਕੋ ਨਿਜ ਧਾਮ ਕੋ ਜਾਇ ਬਹੋਰ ਸੁ ਆਊਂ।
ਦੀਨ ਦਇਆਲ ਕਰੋ ਕਰੁਨਾ ਉਰ ਰਾਵਰਿ ਧਯਾਨ ਨਹੀਂ ਬਿਸਰਾਊਂ।
ਹੇ ਜਗ ਕੇ ਕਰਤਾ ਹਰਤਾ, ਨਿਜ ਨਾਮ ਦਿਜੈ ਗਰ ਭੂਖਨ ਪਾਊਂ।
ਦੇਖਿ ਦਿਦਾਰ ਨਿਹਾਲ ਭਯੋ ਅਬ ਲੀਏ ਰਜਾਇ ਬਿਨਾ ਨ ਸਿਧਾਊਂ' ॥੨੦॥

ਮੈਨੂੰ ਹੁਣ ਆਗਿਆ ਦੇਵੋ, ਆਪਣੇ ਘਰ ਜਾ ਕੇ ਫਿਰ ਵਾਪਿਸ ਆਵਾਂਗਾ। ਹੇ ਦੀਨ ਦਿਆਲ ਜੀ! ਮੇਰੇ ਤੇ ਕਿਰਪਾ ਕਰੋ ਕਿ ਆਪ ਜੀ ਦਾ ਧਿਆਨ ਕਦੀ ਵੀ ਨਾ ਵਿਸਾਰਾਂ। ਤੁਸੀਂ ਜਗ ਦੇ ਕਰਤਾ ਹਰਤਾ ਹੋ, ਆਪਣਾ ਨਾਮ ਦੇਵੋ ਤਾਕਿ ਨਾਮ ਰੂਪੀ ਗਹਿਣਾ ਆਪਣੇ ਗਲ ਵਿਚ ਪਾਵਾਂ। ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ, ਹੁਣ ਆਗਿਆ ਲਏ ਬਗੈਰ ਨਹੀਂ ਜਾਵਾਂਗਾ॥ ੨੦॥

*ਭੁਜੰਗ ਪ੍ਰਯਾਤ ਛੰਦ-* ਗੁਰੂ ਜੀ ਕਹਜੋ 'ਤਯਾਰ ਹੋਯੋ ਅਹਾਰਾ। ਕਰੋ ਖਾਵਨੋ ਫੇਰ ਜੱਯੈ ਉਬਾਰਾ!।
ਨਿਰੰਕਾਰ ਕੀਨੀ ਦਯਾ ਤੋਰ ਹੂੰ ਪੈ। ਬੰਧਯੋ ਬੰਧ ਛੂਟਯੋ ਤਰਯੋ ਮੋਹ ਹੂੰ ਪੈ' ॥੨੧॥

ਗੁਰੂ ਜੀ ਨੇ ਕਿਹਾ, "ਲੰਗਰ ਤਿਆਰ ਹੈ, ਪਹਿਲਾਂ ਲੰਗਰ ਛੱਕੋ ਫਿਰ ਉਬਾਰ ਖਾਂ ਨਿਹਾਲ ਹੋ ਕੇ ਜਾਵੋ। ਨਿਰੰਕਾਰ ਨੇ ਤੇਰੇ 'ਤੇ ਬੜੀ ਦਇਆ ਕੀਤੀ ਹੈ, ਤੇਰੇ ਬੰਧਨ ਕੱਟੇ ਗਏ ਹਨ ਅਤੇ ਮੋਹ ਨੂੰ ਵੀ ਤੂੰ ਤਰ ਲਿਆ ਹੈ॥ ੨੧॥

*ਦੋਹਰਾ-* ਕਹੇ ਉਬਾਰਾ, 'ਤਪਾ ਜੀ! ਜਹਿਂ ਤਹਿਂ ਸਰਬ ਅਹਾਰ।
ਜਾਚਕ ਜਗ ਜਾਚੈ ਸਰਬ ਏਕ ਤੁਹੀ ਦਾਤਾਰ॥ ੨੨॥

ਉਬਾਰ ਖਾਂ ਕਹਿਣ ਲੱਗਾ, "ਹੇ ਤਪਾ ਜੀ ! ਜਿੱਥੇ ਕਿੱਥੇ ਸਾਰਾ ਭੋਜਨ ਤੁਹਾਡਾ ਹੀ ਹੈ, ਅਤੇ ਤੁਸੀਂ ਹੀ ਇਕ ਦਾਤੇ ਹੋ, ਬਾਕੀ ਸਾਰਾ ਜਗ ਮੰਗਤਾ ਹੈ ਅਤੇ ਮੰਗਤੇ ਭੋਜਨ ਮੰਗਦੇ ਹਨ॥ ੨੨॥

*ਤੋਟਕ ਛੰਦ-* ਅਬ ਆਇਸੁ ਦੇਹੁ ਚਲੈਂ ਸਦਨਾ। ਪੁਨਿ ਤੂਰਨ ਆਨ ਪਿਖੋਂ ਬਦਨਾ'।
ਕਹਿ ਲੀਨ ਖੁਸ਼ੀ ਨਿਜ ਧਾਮ ਗਯੋ। ਉਰ ਸ੍ਰੀ ਗੁਰ ਕੋ ਜਸੁ ਧਾਰਿ ਲਯੋ ॥੨੩॥

ਹੁਣ ਆਗਿਆ ਦੇਵੋ, ਘਰ ਨੂੰ ਜਾਵਾਂ, ਫਿਰ ਤੁਰੰਤ ਵਾਪਸ ਆ ਕੇ ਆਪ ਦਾ ਮੁੱਖ ਵੇਖਾਂ। ਗੁਰੂ ਜੀ ਦੀ ਖ਼ੁਸ਼ੀ ਲੈ ਕੇ ਘਰ ਨੂੰ ਗਿਆ, ਜਿਸ ਨੇ ਗੁਰੂ ਜੀ ਦਾ ਜਸ ਦਿਲ ਵਿਚ ਧਾਰਨ ਕਰ ਲਿਆ ਸੀ॥ ੨੩॥

*ਸ੍ਵੈਯਾ-* ਏਕ ਫਕੀਰ ਸੁ ਅੱਦ੍ਰਹਮਾਨ ਮਿਲਯੋ ਤਿਹ ਕੋ ਤਬ ਜਾਇ ਉਬਾਰਾ।
ਹੈ ਜਿਸ ਕੀ ਜਗ ਮੈਂ ਮਨਤਾ ਬਹੁ, ਜਾਇ ਸਮੀਪ 'ਸਲਾਮ' ਉਚਾਰਾ।
ਸ੍ਰੀ ਗੁਰ ਕੇ ਗੁਨ ਭਾਖਤਿ ਭਾ ਪੁਨਿ 'ਬੀਚ ਕਲੀ ਪ੍ਰਗਟਯੋ ਅਵਤਾਰਾ।
ਜਾਂਹਿ ਦਿਦਾਰ ਅਘੀ ਗਤਿ ਪਾਵਹਿਂ ਜੈਸੋ ਸੁਨਯੋ ਹਮ ਤੈਸੋ ਨਿਹਾਰਾ' ॥੨੪॥

ਉਬਾਰ ਖਾਂ ਫਿਰ ਇਕ ਅਬਦੁਲ ਰਹਿਮਾਨ ਨਾਮੀਂ ਫਕੀਰ ਨੂੰ ਜਾ ਕੇ ਮਿਲਿਆ, ਉਸ ਦੀ ਜੱਗ ਵਿਚ ਬੜੀ ਮਨਤਾ ਸੀ, ਉਸ ਦੇ ਪਾਸ ਜਾ ਕੇ ਉਬਾਰ ਖਾਂ ਨੇ ਸਲਾਮ ਬੁਲਾਈ। ਫਿਰ ਗੁਰੂ ਜੀ ਦੀਆਂ ਸਿਫਤਾਂ ਕਰਨ ਲੱਗਾ ਅਤੇ ਕਿਹਾ, "ਉਹ

ਕਲਿਜੁਗ ਵਿਚ ਅਵਤਾਰ ਪ੍ਰਗਟ ਹੋਏ ਹਨ। ਉਸ ਦੇ ਦਰਸ਼ਨ ਕਰਨ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਜਿਸ ਤਰ੍ਹਾਂ ਦਾ ਮੈ ਸੁਣੇ ਸਨ ਉਸ ਤਰ੍ਹਾਂ ਦੇ ਹੀ ਮੈਂ ਵੇਖੇ ਹਨ॥ ੨੪॥

ਤੋਟਕ ਛੰਦ- ਸੁਨਿਕੈ ਗੁਨ ਸ਼ੇਖ ਸੁ ਕ੍ਰੋਧ ਭਯੋ। ਜਸ ਸ੍ਰੀ ਗੁਰ ਬੰਨ੍ਹਿ ਤਪਾਇ ਦਯੋ।
ਬਿਰਹੀ ਜਿਵ ਜੋਨ੍ਹ ਦੁਖਾਤੁਰ ਕੋ। ਧਰਿ ਈਰਖ ਕੋ ਬਚ ਬੋਲਤਿ ਸੋ॥ ੨੫॥

ਗੁਰੂ ਜੀ ਦੇ ਗੁਣ ਸੁਣ ਕੇ ਫਕੀਰ ਬਹੁਤ ਗੁੱਸੇ ਵਿਚ ਆ ਗਿਆ। ਗੁਰੂ ਜੀ ਦੇ ਜਸ ਰੂਪੀ ਅੱਗ ਨੇ ਉਸ ਨੂੰ ਤਪਾ ਦਿੱਤਾ ਸੀ। ਦੁਖੀ ਬਿਰਹਣੀ ਨੂੰ ਜਿਵੇਂ ਚਾਂਦਨੀ ਤਪਾਉਂਦੀ ਹੈ। ਈਰਖਾ ਧਾਰਨ ਕਰਕੇ ਬੋਲਿਆ॥ ੨੫॥

ਸੋਰਠਾ- 'ਕੋ ਹੈ ਹਿੰਦੂ ਪਲੀਤ ਜਿਸ ਕੇ ਗੁਨ ਤੂੰ ਕਹਿਤਿ ਹੈਂ।
ਭਯੋਂ ਜਾਂਹਿ ਕੋ ਮੀਤ ਹੌਂ ਸੁ ਉਠਾਵੋਂ ਦੂਰ ਕਰਿ॥ ੨੬॥

ਉਹ ਕਿਹੜਾ ਅਪਵਿੱਤਰ ਹਿੰਦੂ ਹੈ ਜਿਸ ਦੇ ਗੁਣ ਗਾ ਰਿਹਾ ਹੈਂ ਅਤੇ ਜਿਸ ਦਾ ਤੂੰ ਜਾ ਕੇ ਮਿੱਤਰ ਬਣਿਆਂ ਹੈਂ, ਮੈਂ ਉਸ ਨੂੰ ਉਠਾ ਕੇ ਦੂਰ ਕਰ ਦੇਵਾਂਗਾ'॥ ੨੬॥

ਭੁਜੰਗ ਪ੍ਰਯਾਤ ਛੰਦ- ਉਬਾਰਾ ਕਹੈ 'ਕਾਹਿ ਦੇਵੋ ਉਠਾਈ। ਧਰੀ ਦੇਹਿ ਅੱਲਾਹ ਪਾਕੰ ਬਨਾਈ।
ਬਿਲੋਕੋਂ ਨ ਕੋਊ ਜੁ ਤਾਂਕੇ ਸਮਾਨੰ। ਤਿਸੈ ਤੂੰ ਉਠਾਵੈਂ ਨ ਜਾਨੈਂ ਅਜਾਨੰ॥੨੭॥

ਉਬਾਰੇ ਨੇ ਕਿਹਾ, "ਤੁਸੀਂ ਕਿਉਂ ਉਠਾਵੋਗੇ? ਪਵਿੱਤਰ ਅੱਲਾਹ ਨੇ ਆਪ ਬਣਾਈ ਦੇਹ ਧਾਰਨ ਕੀਤੀ ਹੈ, ਉਨ੍ਹਾਂ ਦੇ ਬਰਾਬਰ ਅੱਜ ਤਕ ਕੋਈ ਨਹੀਂ ਵੇਖਿਆ ਹੈ। ਹੇ ਅਣਜਾਣ! ਤੂੰ ਜਾਣਦਾ ਨਹੀਂ, ਉਸ ਨੂੰ ਤੂੰ ਉਠਾ ਨਹੀਂ ਸਕਦਾ॥ ੨੭॥

ਨਰਾਜ ਛੰਦ- ਜੁ ਸ਼ਾਹ ਅਦ੍ਰਮਾਨ ਫੇਰ ਬੈਨ ਕੋ ਬਖਾਨਿਆ।
'ਅਜਾਨ ਮੂਢ ਮਤਿ ਤੂੰ ਜਿ ਹਿੰਦੂ ਕੋ ਪ੍ਰਮਾਨਿਆ।
ਖੁਦਾਇ ਸੋ ਬਨਾਇਕੈ ਸੁਨਾਇ ਪਾਸ ਮੇਰਿਆ।
ਸੁਨੇ ਸੁ ਹਾਸ ਆਵਈ ਅਮਾਨ ਵਾਕ ਤੋਰਿਆ॥ ੨੮॥

ਸ਼ਾਹ ਅਬਦੁਲ ਰਹਿਮਾਨ ਫਿਰ ਬੋਲਿਆ, "ਅਣਜਾਣ ਮੂਰਖ ਤੇ ਤੂੰ ਹੈਂ ਜਿਸ ਇਕ ਹਿੰਦੂ ਨੂੰ ਖੁਦਾ ਬਣਾ ਕੇ ਪ੍ਰਮਾਣਿਤ ਕੀਤਾ ਹੈ ਅਤੇ ਮੈਨੂੰ ਆ ਕੇ ਸੁਣਾਇਆ ਹੈ। ਤੇਰੀ ਨਾ ਮੰਨਣਯੋਗ ਗੱਲ ਸੁਣ ਕੇ ਹਾਸਾ ਆਉਂਦਾ ਹੈ॥ ੨੮॥

ਉਠਾਇ ਦੂਰ ਮੈਂ ਕਰੋਂ ਬਿਲੋਕਿ ਆਪ ਲੀਜੀਏ।
ਇਤੀ ਤਰੀਫ ਹਿੰਦੂ ਕੀ ਬਹੋਰ ਨਾ ਭਨੀਜੀਏ।
ਇਮਾਨ ਤਜਾਗ ਆਪਨੋ ਕੁਬੋਲ ਬੋਲ ਤੈਂ ਕਹੇ।
ਨ ਔਰ ਪਾਸ ਭਾਖਿਯੋ ਰਜ਼ਾਇ ਮਾਨ ਮੇ ਅਹੇ॥ ੨੯॥

ਤੂੰ ਇਹ ਵੇਖ ਲੈਣਾ ਮੈਂ ਉਸ ਨੂੰ ਉਠਾ ਕੇ ਦੂਰ ਕਰ ਦੇਵਾਂਗਾ, ਦੁਬਾਰਾ ਕਿਸੇ ਹਿੰਦੂ ਦੀ ਇਤਨੀ ਤਾਰੀਫ ਨਾ ਕਰਨਾ। ਆਪਣਾ ਈਮਾਨ ਛੱਡ ਕੇ ਤੂੰ ਭੈੜੇ ਬੋਲ ਕਹੇ ਹਨ। ਮੇਰਾ ਇਹ ਹੁਕਮ ਮੰਨ ਕੇ ਕਿਸੇ ਹੋਰ ਪਾਸ ਇਹ ਗੱਲ ਨਾ ਕਹਿਣਾ ॥ ੨੯॥

ਦੋਹਰਾ- ਬੈਨ ਉਬਾਰੇ ਖਾਂ ਕਹਯੋ 'ਹਿੰਦੂ ਤੁਰਕ ਨ ਸੋਇ।
ਕਿਸਹਿ ਉਠਾਵਹੁ ਸ਼ੇਖ ਜੀ! ਆਪ ਖੁਦਾਇ ਜਿ ਹੋਇ॥ ੩੦॥

ਇਹ ਗੱਲ ਸੁਣ ਕੇ ਉਬਾਰ ਖਾਂ ਨੇ ਕਿਹਾ, "ਨਾ ਉਹ ਹਿੰਦੂ ਹੈ ਅਤੇ ਨਾ ਹੀ ਤੁਰਕ ਹੈ। ਇਸ ਲਈ ਹੇ ਸ਼ੇਖ ਜੀ! ਕਿਸ ਨੂੰ ਉਠਾਵੋਗੇ? ਉਹ ਤਾਂ ਆਪ ਖੁਦਾ ਹੈ॥ ੩੦॥

ਚੌਪਈ- ਕਰਿਕੈ ਸਮਝ ਆਪ ਮਨ ਮਾਂਹੀ। ਬੋਲਹੁ ਬਚਨ ਅਪਰ ਜਿਉਂ ਨਾਂਹੀ।
ਲੱਜਿਤ ਹੋਵਹੁ ਗੇ ਪਸ਼ਚਾਤੀ। ਮਿਲਹਿ ਜਬਹਿ ਨਹਿ ਆਵਹਿ ਬਾਤੀ॥੩੧॥

ਆਪਣੇ ਮਨ ਦੀ ਸਮਝ ਕਰਕੇ ਉਹ ਹੋਰਨਾਂ ਵਰਗਾ ਗੁਰੂ ਨਹੀਂ ਹੈ। ਤੁਸੀ ਲੱਜਿਤ ਹੋ ਕੇ ਪਛਤਾਉਗੇ, ਜਦ ਉਸ ਨੂੰ ਮਿਲੋਗੇ ਤਾਂ ਤੁਹਾਨੂੰ ਗੱਲ ਨਹੀਂ ਆਉਣੀ॥ ੩੧॥

ਨਿਜ ਸਮ ਹੋਇ ਜਿ ਮਤਸਰ ਕੀਜੈ। ਬਡਾ ਹੋਇ ਤੋ ਬਿਨੈ ਭਨੀਜੈ।
ਭਲੀ ਬਾਤ ਇਸ ਬਿਧਿ ਮਨ ਜਾਨਿ। ਅਸ ਕਹਿ ਤੂਸ਼ਨਿ ਕੀਨੀ ਖਾਨ॥੩੨॥

ਜੇ ਕੋਈ ਬਰਾਬਰ ਦਾ ਹੋਵੇ ਤਾਂ ਉਸ ਨਾਲ ਈਰਖਾ ਕਰੀਏ, ਪਰ ਜੇ ਆਪਣੇ ਤੋਂ ਵੱਡਾ ਹੋਵੇ ਤਾਂ ਉਸ ਅੱਗੇ ਬੇਨਤੀ ਕਰਨੀ ਚਾਹੀਦੀ ਹੈ। ਇਸ ਲਈ ਆਪਣੇ ਮਨ ਵਿਚ ਭਲੀ ਗੱਲ ਜਾਣੋ' ਇਹ ਕਹਿ ਕੇ ਉਬਾਰ ਖਾਂ ਚੁਪ ਹੋ ਗਿਆ॥ ੩੨॥

ਦੋਹਰਾ- ਰਿਸ ਸੋਂ ਰਿਦਾ ਜਰਾਵਈ ਚਲੈ ਨ ਤਿਹ ਬਸ ਕੋਇ।
ਸ੍ਰੀ ਗੁਰ ਕੀ ਉਸਤਤਿ ਅਧਿਕ ਜਰੀ ਜਾਇ ਨਹਿ ਸੋਇ॥ ੩੩॥

ਗੁੱਸੇ ਨਾਲ ਹਿਰਦਾ ਸੜ ਰਿਹਾ ਸੀ ਤੇ ਅਬਦੁਲ ਰਹਿਮਾਨ ਦਾ ਕੋਈ ਵੱਸ ਨਹੀਂ ਸੀ ਚਲ ਰਿਹਾ। ਗੁਰੂ ਜੀ ਦੀ ਏਨੀ ਉਸਤਤ ਉਸ ਪਾਸੋਂ ਜਰੀ ਨਹੀਂ ਸੀ ਜਾ ਰਹੀ॥ ੩੩॥

ਚੌਪਈ- ਨਿਜ ਘਰ ਰਹਯੋ ਉਬਾਰੇ ਖਾਨਾ। ਅੰਨ ਖਾਇ ਨਿਸ ਕਿਯ ਗੁਜ਼ਰਾਨਾ।
ਭੋਰ ਭਈ ਤੇ ਭਯੋ ਤਯਾਰੂ। ਖੋੜਸ ਗਜ ਲੇ ਅੰਬਰਚਾਰੂ॥ ੩੪॥

ਉਬਾਰ ਖਾਂ ਆਪਣੇ ਘਰ ਹੀ ਰਿਹਾ। ਭੋਜਨ ਖਾ ਕੇ ਰਾਤ ਗੁਜ਼ਾਰੀ। ਜਦ ਸਵੇਰ ਹੋਈ ਤਾਂ ਤਿਆਰ ਹੋ ਗਿਆ। ਸੋਲਾਂ ਗਜ਼ ਸੁੰਦਰ ਕਪੜਾ ਲਿਆ॥ ੩੪॥

ਅਹੈ ਬਾਫਤਾ ਜੋ ਬਹੁ ਮੋਲਾ। ਗਮਨਜੋ ਗੁਰ ਢਿਗ ਰਿਦੇ ਅਮੋਲਾ।
ਜਾਇ ਅਗਾਰੀ ਧਰਿਕੈ ਸੋਊ। ਹਾਥਨ ਬਿਖੈ ਗਹੇ ਪਗ ਦੋਊ॥ ੩੫॥

ਬਹੁਤ ਕੀਮਤੀ ਰੇਸ਼ਮੀ ਕਪੜੇ ਲੈ ਕੇ ਪ੍ਰਸੰਨ ਹਿਰਦੇ ਨਾਲ ਗੁਰੂ ਜੀ ਦੇ ਪਾਸ ਗਿਆ। ਵਸਤਰ ਗੁਰੂ ਜੀ ਦੇ ਅੱਗੇ ਧਰ ਕੇ ਦੋਹਾਂ ਹੱਥਾਂ ਨਾਲ ਗੁਰੂ ਜੀ ਦੇ ਦੋਵੇਂ ਚਰਨ ਫੜ ਲਏ॥ ੩੫॥

ਦੀਨ ਹੋਇ ਕਰਿ ਗ੍ਰੀਵ ਨਿਵਾਈ। ਪਦ ਕੀ ਰਜ ਨਿਜ ਮਸਤਕ ਲਾਈ।
ਸਰਬ ਬਦਨ ਪਰ ਪੁਨ ਕਰ ਫੇਰਤਿ। ਸਨਮੁਖਿ ਬੈਠਿ ਦਰਸ ਕੋ ਹੇਰਤਿ॥੩੬॥

ਦੀਨ ਹੋ ਕੇ ਸਿਰ ਨਿਵਾਇਆ ਅਤੇ ਗੁਰਚਰਨਾਂ ਦੀ ਧੂੜ ਮੱਥੇ ਨੂੰ ਲਾਈ। ਫਿਰ ਸਾਰੇ ਮੂੰਹ ਉਤੇ ਹੱਥ ਫੇਰਿਆ ਅਤੇ ਸਾਹਮਣੇ ਬੈਠ ਕੇ ਦਰਸ਼ਨ ਕੀਤੇ॥ ੩੬॥

ਦੋਹਰਾ- ਸ੍ਰੀ ਗੁਰ ਬੋਲੇ 'ਖਾਨ ਜੀ! ਕਰਿਹੀ ਭਲਾ ਖੁਦਾਇ।
ਨਾਮ ਦਾਨ ਬਖਸ਼ਹਿ ਤੁਮਹਿ ਮੋਹ ਮਨੋਜ ਮਿਟਾਇ॥ ੩੭॥

ਗੁਰੂ ਜੀ ਨੇ ਕਿਹਾ, "ਖਾਨ ਜੀ! ਖ਼ੁਦਾ ਭਲਾ ਕਰੇਗਾ। ਉਹ ਤਹਾਨੂੰ ਨਾਮ ਦਾਨ ਬਖਸ਼ੇਗਾ ਅਤੇ ਤੁਹਾਡਾ ਮੋਹ ਤੇ ਕਾਮ ਭਾਵ ਮਾੜੇ ਕਰਮ ਮਿਟ ਜਾਣਗੇ॥ ੩੭॥

ਚੌਪਈ- ਹਮ ਕੋ ਉਚਿਤ ਨ ਐਸੇ ਚੀਰਾ। ਨ੍ਰਿਪ ਪਹਿਰੈਂ, ਹਮ ਅਹੈਂ ਫਕੀਰਾ।
ਪਹੁੰਚਯੋ ਹਮੈਂ ਜੁਆਨਯੋ ਤੋਹੀ। ਅਸ ਪੋਸ਼ਿਸ਼ ਭੂਪਤਿ ਕੋ ਸੋਹੀ॥ ੩੮॥

ਕਪੜਿਆਂ ਵਲ ਵੇਖ ਕੇ ਗੁਰੂ ਜੀ ਨੇ ਕਿਹਾ, ਐਸੇ ਕੀਮਤੀ ਕਪੜੇ ਸਾਡੇ ਵਾਸਤੇ ਪਹਿਨਣੇ ਉਚਿਤ ਨਹੀਂ ਹਨ। ਇਹ ਕਪੜੇ ਤਾਂ ਰਾਜਿਆਂ ਵਾਸਤੇ ਠੀਕ ਹਨ ਅਸੀਂ ਤਾਂ ਫਕੀਰ ਲੋਕ ਹਾਂ। ਸਾਡੇ ਪਾਸ ਤੁਸੀਂ ਇਹ ਪਹੁੰਚੇ ਜਾਣੋ। ਅਜੇਹੇ ਪੋਸ਼ਾਕੇ ਰਾਜਿਆਂ ਨੂੰ ਹੀ ਸ਼ੋਭਦੇ ਹਨ॥ ੩੮॥

ਭਯੋ ਸੰਪੂਰਨ ਤੁਮ ਕੋ ਭਾਇ। ਬਖਸ਼ ਲਏ ਹੋ ਆਪ ਖੁਦਾਇ'।
ਇਉਂ ਸੁਨਿ ਬੋਲਯੋ ਤਬੈ ਉਬਾਰਾ। 'ਬਖਸ਼ੋ ਕਿਧੌਂ ਚਹੋ ਤੁਮ ਮਾਰਾ॥੩੯॥

ਤੇਰਾ ਪ੍ਰੇਮ ਸੰਪੂਰਨ ਹੋਇਆ ਹੈ, ਖੁਦਾ ਨੇ ਆਪ ਤੈਨੂੰ ਬਖਸ਼ ਲਿਆ ਹੈ। ਇਹ ਸੁਣ ਕੇ ਉਬਾਰ ਖਾ ਬੋਲਿਆ, "ਤੁਹਾਡੀ ਮਰਜ਼ੀ ਹੈ, ਬਖਸ਼ਣਾ ਚਾਹੋ ਤਾਂ ਬਖਸ਼ ਦੇਵੋ ਮਾਰਨਾ ਚਾਹੋ ਤਾਂ ਮਾਰ ਦੇਵੋ॥ ੩੯॥

ਜੇ ਬਖਸ਼ਹੁ ਤੋ ਤਨ ਪਰ ਲੀਜੈ। ਮਾਰਤਿ ਮੋਹਿ ਜਿ ਫੇਰਨ ਕੀਜੈ'।
ਦੇਖਯੋ ਜਬੈ ਪ੍ਰੇਮ ਅਧਿਕਾਯਾ। ਕਰਿ ਆਇਸੁ ਇਕ ਦਾਸ ਪਠਾਯਾਂ॥੪੦॥

ਜੇ ਮੈਨੂੰ ਬਖਸ਼ਦੇ ਹੋ ਤਾਂ ਇਹ ਵਸਤਰ ਸਰੀਰ ਤੇ ਧਾਰਨ ਕਰੋ ਜੇ ਮੈਨੂੰ ਮਾਰਨਾ ਹੈ ਤਾਂ ਵਸਤਰ ਵਾਪਿਸ ਕਰ ਦੇਵੋ।" ਗੁਰੂ ਜੀ ਨੇ ਜਦ ਅਧਿਕ ਪ੍ਰੇਮ ਵੇਖਿਆ ਤਾਂ ਆਗਿਆ ਕਰਕੇ ਇਕ ਸੇਵਕ ਨੂੰ ਬੁਲਾਇਆ ॥ ੪੦॥

ਆਨਹੁ ਸੀਵਨਹਾਰ ਬੁਲਾਈ। ਜਿਸ ਬਿਧਿ ਹੋਇ ਖਾਨ ਹਰਖਾਈ।
ਕਰਨ ਉਚਿਤ ਹੈ ਭਾਉ ਸੰਪੂਰਨਾ'। ਗੰਯੋ ਸਿੱਖਿ ਸੋ ਆਨਯੋ ਤੂਰਨ॥੪੧॥

ਇਕ ਦਰਜ਼ੀ ਨੂੰ ਬੁਲਾਇਆ, ਜਿਸ ਤਰ੍ਹਾਂ ਖਾਨ ਪ੍ਰਸੰਨ ਹੋਵੇ ਸੰਪੂਰਨ ਪ੍ਰੇਮ ਕਰਨਾ ਉਚਿਤ ਹੈ।" ਸਿੱਖ ਗਿਆ ਅਤੇ ਤੁਰਤ ਦਰਜ਼ੀ ਨੂੰ ਬੁਲਾ ਕੇ ਲੈ ਆਇਆ॥ ੪੧॥

ਦੀਨ ਸੁ ਬਸਤਰ ਤਾਂਕੇ ਆਗੂ। ਸੀਵਨਹਾਰ ਮਿਨਨ ਤਬ ਲਾਗੂ।
ਬਹੁ ਸੂਖਮ ਜਿਹ ਸੂਤ ਸੁਹਾਵਹਿ। ਸੈ ਮੈਂ ਸੋਲਾਸਯਾ ਕਹਾਵਹਿ॥੪੨॥

ਕਪੜੇ ਦਰਜ਼ੀ ਨੂੰ ਦੇ ਦਿੱਤੇ, ਦਰਜ਼ੀ ਫਿਰ ਕਪੜੇ ਦੀ ਮਿਣਤੀ ਕਰਨ ਲੱਗਾ। ਕਪੜਾ ਬੜੇ ਸੂਖਮ ਸੂਤ ਦਾ ਬਣਿਆ ਬੜਾ ਸੁੰਦਰ ਲੱਗ ਰਿਹਾ ਸੀ। ਉਸ ਸੂਤ ਨੂੰ ਸੋਲਾਸਯਾ ਕਹਿੰਦੇ ਹਨ ਕਿਉਂਕਿ ਉਸ ਕਪੜੇ ਦੇ ਤਾਣੇ ਵਿਚ ਸੋਲਾਂ ਸੌ ਤਾਰ ਪਈ ਹੁੰਦੀ ਹੈ, ਇਨ੍ਹਾਂ ਕਪੜਿਆਂ ਦਾ ਬਰ ਛੇ ਗਿਰਾਂ ਹੁੰਦਾ ਹੈ ਅਤੇ ਛੇ ਗਿਰਾਂ ਵਿਚ ਸੋਲਾਂ ਸੌ ਤਾਰ ਪਈ ਹੁੰਦੀ ਹੈ ਭਾਵ ਸੂਤਰ ਬਹੁਤ ਬਰੀਕ ਹੁੰਦਾ ਹੈ॥ ੪੨॥

ਦੋਹਰਾ- 'ਜੋ ਤੁਮ ਭਾਖੋ ਤਪਾ ਜੀ ਤੈਸੋ ਰੁਚਿਰ ਬਨਾਇ'।
'ਦੋਇ ਬਨੈ ਸੰਬਜਾਨ ਇਸ' ਸ੍ਰੀ ਗੁਰ ਦਏ ਬਤਾਇ॥ ੪੩॥

ਦਰਜ਼ੀ ਨੇ ਕਿਹਾ, "ਹੇ ਤਪਾ ਜੀ! ਜਿਸ ਤਰ੍ਹਾਂ ਤੁਸੀਂ ਕਹੋ, ਉਹੋ ਜੇਹਾ ਹੀ ਸੁੰਦਰ ਬਣਾ ਦਿੰਦੇ ਹਾਂ"। ਗੁਰੂ ਜੀ ਨੇ ਦੱਸਿਆ, "ਦੋ ਚਾਦਰਾਂ ਬਣਾ ਦੇਵੋ"॥ ੪੩॥

ਚੌਪਈ- ਮਾਨ ਬਚਨ ਤਬ ਸੀਵਨਹਾਰਾ। ਦ੍ਵੈ ਸੰਬਜਾਨ ਬਨਾਏ ਚਾਰਾ॥
ਤਨ ਪਰ ਪੁਨ ਸ੍ਰੀ ਨਾਨਕ ਲੀਨੋ। ਜਿਨ ਬਹੁ ਦਾਸਨ ਕੋ ਗਤਿ ਦੀਨੋ॥੪੪॥

ਦਰਜ਼ੀ ਨੇ ਗੁਰੂ ਜੀ ਦੇ ਬਚਨ ਮੰਨ ਕੇ ਦੋ ਸੁੰਦਰ ਚਾਦਰਾਂ ਬਣਾ ਦਿੱਤੀਆਂ। ਗੁਰੂ ਨਾਨਕ ਜੀ ਨੇ ਉਹ ਚਾਦਰਾਂ ਸਰੀਰ ਤੇ ਪਹਿਨ ਲਈਆਂ, ਜਿਸ ਗੁਰੂ ਜੀ ਨੇ ਬਹੁਤ ਸੇਵਕਾਂ ਨੂੰ ਮੁਕਤੀ ਦਿੱਤੀ ਹੈ॥ ੪੪॥

ਦੇਖਿ ਰੁਚਿਰ ਛਬਿ ਤਬੈ ਉਬਾਰਾ। ਉਰ ਹਰਖਤਿ ਹ੍ਵੈ ਬਚਨ ਉਚਾਰਾ।
'ਨਿਜ ਸਮਾਨ ਕੋ ਲਖੋਂ ਨ ਆਨਾ। ਜਾਨਿ ਆਪਣੇ ਭਾਗ ਮਹਾਨਾ॥੪੫॥

ਸੁੰਦਰ ਸਰੂਪ ਦੇਖ ਕੇ, ਉਬਾਰ ਖਾਂ ਬਹੁਤ ਖੁਸ਼ ਹੋ ਕੇ ਬੋਲਿਆ। "ਤੁਹਾਡੇ ਬਰਾਬਰ ਅਜ ਤਕ ਵੇਖਿਆ ਨਹੀਂ, ਮੈਂ ਆਪਣੇ ਮਹਾਨ ਭਾਗ ਜਾਣੇ ਹਨ" ॥ ੪੫ ॥

ਸਰਬ ਜਗਤਪਤਿ ਮਹਤ ਉਦਾਰਾ। ਜੋ ਜੜ੍ਹ ਜੰਗਮ ਕੇਰਿ ਦਤਾਰਾ।
ਤਾਂਕੀ ਸੇਵ ਭਈ ਮੁਝ ਹਾਥਾ। ਕ੍ਰਿਤ ਕ੍ਰਿਤ ਮੈਂ ਭਯੋ ਸਨਾਥਾ' ॥੪੬॥

ਸਾਰੇ ਜਗਤ ਦੇ ਮਾਲਕ ਭਾਵ ਗੁਰੂ ਜੀ ਵੱਡੇ ਦਾਤੇ ਹਨ ਜਿਹੜੇ ਜੜ੍ਹ ਜੰਗਮ ਸਭ ਨੂੰ ਦਾਤਾਂ ਦਿੰਦੇ ਹਨ। ਉਨ੍ਹਾਂ ਦੀ ਸੇਵਾ ਮੇਰੇ ਹੱਥ ਵਿਚ ਆਈ ਹੈ। ਹਰ ਪੱਖੋਂ ਮੈਂ ਮਾਲਕ ਵਾਲਾ ਹੋ ਕੇ ਨਿਹਾਲ ਹੋ ਗਿਆ ਹਾਂ" ॥ ੪੬ ॥

ਦੋਹਰਾ-ਅੰਤਰਜਾਮੀ ਬਚ ਕਹੇ 'ਸੁਧਿ ਦਿਹੁ ਅਦ੍ਰਹਮਾਨ!।
ਹਮ ਸੋਂ ਕੈਸੇ ਰੋਸ ਕਰਿ ਕੀਨੇ ਬਚਨ ਬਖਾਨ' ॥ ੪੭ ॥

ਫਿਰ ਅੰਤਰਜਾਮੀ ਗੁਰੂ ਜੀ ਨੇ ਬਚਨ ਕੀਤਾ, "ਹੇ ਉਬਾਰ ਖਾਨ! ਅਬਦਲ ਰਹਿਮਾਨ ਬਾਰੇ ਸਾਨੂੰ ਦੱਸੋ, ਸਾਡੇ ਨਾਲ ਕੈਸਾ ਰੋਸ ਕਰਕੇ ਉਸ ਦੁਰ-ਬਚਨ ਕਹੇ ਹਨ" ॥ ੪੭॥

ਚੌਪਈ- ਅਚਰਜ ਹ੍ਵੈ ਕਰਿ ਤਬੈ ਉਬਾਰਾ। ਬਿਨਾ ਕਹੇ ਜਾਨੈਂ ਸਭਿ ਸਾਰਾ।
'ਸਰਬ ਹਕੀਕਤ ਜਾਨਹੁ ਸ੍ਵਾਮੀ!। ਕਜਾ ਬੂਝਹੁ ਮੁਝ,ਅੰਤਰਜਾਮੀ! ॥੪੮ ॥

ਉਬਾਰ ਖਾਂ ਇਹ ਸੁਣ ਕੇ ਬੜਾ ਹੈਰਾਨ ਹੋਇਆ ਕਿ ਗੁਰੂ ਜੀ ਨੇ ਦੱਸਣ ਤੋਂ ਬਗੈਰ ਹੀ ਕਿਵੇਂ ਜਾਣ ਲਿਆ ਹੈ। ਕਹਿਣ ਲੱਗਾ, "ਹੇ ਮਾਲਕ ਤੁਸੀਂ ਸਾਰੀ ਹਕੀਕਤ ਜਾਣਦੇ ਹੋ, ਫਿਰ ਹੇ ਅੰਤਰਜਾਮੀ! ਮੈਥੋਂ ਕਿਉਂ ਪੁਛਦੇ ਹੋ ?" ॥ ੪੮ ॥

ਪੁਨ ਜਿਸ ਬਿਧਿ ਤਿਨ ਬੈਨ ਅਲਾਏ। ਸੋ ਬਿਧਿ ਮੋਤੇ ਕਹਯੋ ਨ ਜਾਏ।
ਬੇਖ ਫਕੀਰ ਕਹਾਇ ਫਕੀਰਾ। ਨਹੀਂ ਫਕੀਰੀ ਮਗ ਕੇ ਤੀਰਾ ॥ ੪੯ ॥

ਦੂਸਰਾ ਜਿਸ ਤਰ੍ਹਾਂ ਦੇ ਉਸ ਬਚਨ ਕੀਤੇ ਹਨ ਉਸ ਤਰ੍ਹਾਂ ਮੈਥੋਂ ਕਹੇ ਨਹੀਂ ਜਾ ਸਕਦੇ। ਫਕੀਰੀ ਵੇਸ ਧਾਰਨ ਕਰਕੇ, ਅਬਦੁਲ ਰਹਿਮਾਨ ਆਪਣੇ ਆਪ ਨੂੰ ਫਕੀਰ ਕਹਾਉਂਦਾ ਹੈ, ਪਰ ਫਕੀਰੀ ਮਾਰਗ ਦੇ ਉਹ ਨੇੜੇ ਵੀ ਨਹੀਂ ਗਿਆ ਹੈ ॥ ੪੯ ॥

ਮਨਿ ਮਹਿਂ ਮਤਸਰ ਅਤਿ ਅਧਿਕਾਇ। ਪਰਜਸ ਪਾਵਕ ਬੀਚ ਜਰਾਇ।
ਤੁਮਰੀ ਮਹਿਮਾ ਜੋਨ੍ਹ ਸਮਾਨਾ। ਤਿਨ ਚਕਵੇ ਨਜਾਈਂ ਦੁਖ ਮਾਨਾ ॥੫੦ ॥

ਉਸ ਦੇ ਮਨ ਵਿਚ ਬਹੁਤ ਹੰਕਾਰ ਹੈ, ਪਰਾਇਆ ਜਸ ਸੁਣ ਕੇ ਅੱਗ ਵਿਚ ਸੜ ਜਾਂਦਾ ਹੈ। ਤੁਹਾਡਾ ਜਸ ਚਾਂਦਨੀ ਸਮਾਨ ਹੈ ਉਸ ਚਕਵੇ ਵਾਂਗ ਦੁਖ ਮੰਨਿਆ ਹੈ ॥ ੫੦ ॥

ਦੋਹਰਾ-ਗੁਰ ਭਾਖਯੋ 'ਤਿਸਿ ਬਿਧਿ ਕਹੋ ਜਿਹ ਬਿਧਿ ਬੋਲਯੋ ਸੋਇ।
ਨਹਿਂ ਦੁਰਾਉ ਕਛੁ ਕੀਜੀਏ ਤੁਝਕੋ ਦੋਸ਼ ਨ ਕੋਇ' ॥ ੫੧ ॥

ਗੁਰੂ ਜੀ ਨੇ ਫਿਰ ਕਿਹਾ, "ਉਸ ਤਰ੍ਹਾਂ ਕਹੋ ਜਿਸ ਤਰ੍ਹਾਂ ਉਹ ਬੋਲਿਆ ਸੀ। ਤੁਸੀਂ ਕੁਝ ਵੀ ਲੁਕਾ ਨਾ ਰੱਖੋ, ਤੁਹਾਡਾ ਕੋਈ ਦੋਸ਼ ਨਹੀਂ ਹੈ" ॥ ੫੧ ॥

ਚੌਪਈ- ਬੋਲਯੋ ਤਬੈ ਉਬਾਰੇ ਖਾਨ। 'ਅਹੈ ਦੁਰਮਤੀ ਜਿਹ ਮਨ ਮਾਨ।
ਮੈਂ ਤੁਮਰੇ ਗੁਨ ਬਰਨਨ ਕਰੇ। ਖੁਨਸਯੋ ਗਰਬਹਿ ਉਰ ਨਹਿਂ ਜਰੇ ॥੫੨ ॥

ਫਿਰ ਉਬਾਰ ਖਾਂ ਬੋਲਿਆ, "ਉਹ ਭੈੜੀ ਮੱਤ ਵਾਲਾ ਹੈ ਜਿਸ ਦੇ ਮਨ ਵਿਚ ਬੜਾ ਹੰਕਾਰ ਹੈ। ਮੈਂ ਤੁਹਾਡੇ ਗੁਣ ਵਰਣਨ ਕੀਤੇ ਤਾਂ ਬੜੇ ਗੁੱਸੇ ਵਿਚ ਆ ਗਿਆ ਅਤੇ ਹੰਕਾਰ ਕਾਰਨ ਜਰ ਨਾ ਸਕਿਆ ॥ ੫੨ ॥

ਭਾਖੈ-ਹਿੰਦੂ ਅਹੈ ਪਲੀਤ। ਕਰਯੋ ਜਾਇਕੈ ਤੈਂ ਜੋ ਮੀਤ।

ਕਜਾ ਤਰੀਫ ਤਿਹਂ ਕਰਹਿ ਉਚਾਰੂ। ਦੇਉਂ ਉਠਾਇ ਦੂਰ ਕਰਿ ਡਾਰੂ ॥੫੩॥

ਕਹਿਣ ਲੱਗਾ, "ਉਹ ਅਪਵਿਤਰ ਹਿੰਦੂ ਹੈ। ਜਿਸ ਨੂੰ ਤੂੰ ਆਪਣਾ ਮਿੱਤਰ ਬਣਾਇਆ ਹੈ, ਤੂੰ ਉਸਦੀਆਂ ਕੀ ਸਿਫਤਾਂ ਕਰਦਾ ਹੈਂ ? ਮੈਂ ਉਸਨੂੰ ਚੁਕ ਕੇ ਦੂਰ ਕਰ ਦੇਵਾਂਗਾ॥ ੫੩॥

ਹੌਂ ਤੱਦਪਿ ਬਹੁ ਬਿਧਿ ਸਮਝਾਯੋ। ਜੋ ਖ਼ੁਦਾਇ, ਸੋ ਤਨ ਧਰਿ ਆਯੋ।
ਏਕ ਨ ਬਾਤ ਸਿਫਤ ਕੀ ਮਾਂਨੀ। ਰਹਯੋ ਅਫਰ ਉਰ ਅਤਿ ਅਭਿਮਾਨੀ ॥੫੪॥

ਮੈਂ ਤਦ ਬਹੁਤ ਤਰ੍ਹਾਂ ਨਾਲ ਸਮਝਾਇਆ ਕਿ ਉਹ ਤਾਂ ਖ਼ੁਦਾ ਆਪ ਸਰੀਰ ਧਾਰ ਕੇ ਆਏ ਹਨ। ਉਸ ਸਿਫਤ ਦੀ ਇਕ ਗੱਲ ਵੀ ਨਾ ਮੰਨੀ ਅਤੇ ਅਤਿ ਘੁਮੰਡੀ ਆਪਣੀ ਆਕੜ ਵਿਚ ਫਿਰ ਰਿਹਾ ਹੈ॥ ੫੪॥

ਦੋਹਰਾ- ਬਸ ਮੋਰੇ ਪਰ ਨਹਿਂ ਚਲੈ ਭਯੋ ਤੂਸ਼ਨੀ ਸੋਇ।
ਇਸ ਬਿਧਿ ਗਰਬਤਿ ਸ਼ੇਖ ਉਰ, ਮਿਲਉ ਤ ਲੱਜਿਤ ਹੋਇ ॥੫੫॥

ਮੇਰਾ ਕੋਈ ਵੱਸ ਨਹੀਂ ਸੀ ਚਲਦਾ, ਇਸ ਲਈ ਮੈਂ ਚੁੱਪ ਹੋ ਗਿਆ। ਇਸ ਤਰ੍ਹਾਂ ਸ਼ੇਖ ਦੇ ਹਿਰਦੇ ਵਿਚ ਘੁਮੰਡ ਹੈ, ਜੇ ਤੁਸੀਂ ਮਿਲੋਗੇ ਤਾਂ ਸ਼ਰਮਿੰਦਾ ਹੋਵੇਗਾ॥ ੫੫॥

ਚੌਪਈ- ਸ੍ਰੀ ਅੰਗਦ! ਸੁਨਿ ਤਿਹ ਉਪਰੰਤਾ। ਮੁਝ ਸੋਂ ਬੋਲੇ ਗੁਰ ਭਗਵੰਤਾ।
'ਚਲਿ ਬਾਲੇ ਅਬ ਤਿਹ ਕੋ ਦੇਖੀ। ਸ਼ੇਖ ਫੂਕਣੀ ਹਰੈਂ ਬਿਸ਼ੇਖੀ' ॥੫੬॥

ਹੇ ਗੁਰੂ ਅੰਗਦ ਦੇਵ ਜੀ ! ਉਸ ਦੇ ਉਪਰੰਤ ਜੋ ਹੋਇਆ, ਉਸ ਬਾਰੇ ਸੁਣੋ। ਮੈਨੂੰ ਗੁਰੂ ਜੀ ਕਹਿਣ ਲੱਗੇ, "ਚਲ ਬਾਲੇ ਹੁਣ ਉਸ ਨੂੰ ਵੇਖੀਏ ਅਤੇ ਸ਼ੇਖ ਦਾ ਹੰਕਾਰ ਦੂਰ ਕਰੀਏ"॥ ੫੬॥

ਚੌਪਈ- ਕਹਿ ਕਰਿ ਗਮਨੇ ਕ੍ਰਿਪਾ ਨਿਕੇਤਾ। ਕਰਨ ਸ਼ੇਖ ਕੋ ਲਜਿਤਿ ਹੇਤਾ।
'ਚਲਹੁ ਅਗਾਰੀ ਆਪ ਉਬਾਰਾ!। ਦੇਰਿ ਕੁਛਕ, ਆਗਮਨ ਹਮਾਰਾ ॥੫੭॥

ਇਹ ਕਹਿ ਕੇ ਕਿਰਪਾ ਦੇ ਘਰ, ਸ਼ੇਖ ਨੂੰ ਲਜਿਤ ਕਰਨ ਵਾਸਤੇ ਚਲ ਪਏ। ਉਬਾਰ ਖਾਂ ਨੂੰ ਉਨ੍ਹਾਂ ਕਿਹਾ, "ਤੂੰ ਪਹਿਲਾਂ ਚਲ ਅਸੀਂ ਕੁਝ ਦੇਰ ਬਾਅਦ ਆਉਂਦੇ ਹਾਂ"॥ ੫੭॥

ਗਯੋ ਉਬਾਰਾ ਢਿਗ ਤਿਹ ਕਾਲਾ। ਗਮਨੇ ਮੰਦਮੰਦ ਕਿਰਪਾਲਾ।
ਆਗੇ ਸੋ ਸ਼ਿਵਕਾ ਆਰੂਢਾ। ਜਾਤਿ ਕਿਤੇ ਅਭਿਮਾਨੀ ਗੂਢਾ॥ ੫੮॥

ਉਬਾਰ ਖਾਂ ਤੁਰਤ ਫਕੀਰ ਅਬਦੁਲ ਰਹਿਮਾਨ ਦੇ ਪਾਸ ਚਲਾ ਗਿਆ। ਹੌਲੀ ਹੌਲੀ ਕਿਰਪਾਲੂ ਗੁਰੂ ਜੀ ਵੀ ਚਲ ਕੇ ਪਹੁੰਚ ਗਏ। ਓਥੇ ਪਹੁੰਚੇ ਤਾਂ ਵੇਖਿਆ ਕਿ ਵਡਾ ਅਭਿਮਾਨੀ ਫਕੀਰ ਇਕ ਸੁੰਦਰ ਪਾਲਕੀ ਵਿਚ ਬੈਠ ਕੇ ਕਿਸੇ ਹੋਰ ਥਾਂ ਜਾ ਰਿਹਾ ਹੈ॥ ੫੮॥

ਮਾਨਵ ਜਿਹ ਕੇ ਬ੍ਰਿੰਦ ਸੰਗਾਰੇ। ਸ੍ਰੀ ਗੁਰ ਆਵਨ ਸਭਿਹਿ ਨਿਹਾਰੇ।
ਸ਼ੇਖ ਸੰਗ ਤਬ ਬਚਨ ਅਲਾਵਤਿ। 'ਸੁਨਹੁ ਸ਼ਾਹ ਜੀ! ਤਪਾ ਸੁ ਆਵਤਿ' ॥੫੯॥

ਗੁਰੂ ਜੀ, ਜਿਨ੍ਹਾਂ ਨਾਲ ਬਹੁਤ ਸਾਰੇ ਮਨੁੱਖ ਸਨ, ਨੂੰ ਆਉਂਦਿਆਂ ਨੂੰ ਅਬਦੁਲ ਰਹਿਮਾਨ ਦੇ ਸਾਰੇ ਸੇਵਕਾਂ ਨੇ ਵੇਖ ਲਿਆ। ਸ਼ੇਖ ਨੂੰ ਫਿਰ ਜਾ ਕੇ ਕਹਿਣ ਲੱਗੇ, "ਹੇ ਸ਼ਾਹ ਜੀ ! ਸੁਣੋ, ਗੁਰੂ ਨਾਨਕ ਤਪਾ ਜੀ ਆ ਰਹੇ ਹਨ॥ ੫੯॥

ਦੋਹਰਾ- ਅੱਦ੍ਰਮਾਨ ਸੁਨਿ ਕਾਨ ਇਹ ਆਦਰ ਕਰਨੇ ਹੇਤ।
ਉਤਰਯੋ ਸ਼ਿਵਕਾ ਤੇ ਤਰੇ ਪਿਖਿ ਬੇਦੀ ਕੁਲ ਕੇਤ॥ ੬੦॥

ਅਬਦੁਲ ਰਹਿਮਾਨ ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਆਦਰ ਕਰਨ ਵਾਸਤੇ ਗੁਰੂ ਜੀ ਨੂੰ ਵੇਖ ਕੇ ਪਾਲਕੀ ਤੋਂ ਥੱਲੇ ਉਤਰ ਆਇਆ॥ ੬੦॥

ਚੌਪਈ- ਅਵਲੋਕਤਿ ਸਨਮੁਖਿ ਹੁਇ ਠਾਂਢੋ। ਲਖਯੋ ਆਜ ਕਸ ਹੈ ਚਉ ਬਾਢੋ।
ਸ੍ਰੀ ਗੁਰ ਨਿਕਟਿ ਮਿਲੇ ਜਬ ਆਇ। ਬੋਸੀ ਦਸਤ ਲਈ ਹਰਖਾਇ॥੬੧॥

ਗੁਰੂ ਜੀ ਨੂੰ ਵੇਖ ਕੇ ਸਾਹਮਣੇ ਹੋ ਕੇ ਖਲੋ ਗਿਆ ਅਤੇ ਗੁਰੂ ਜੀ ਵਲ ਵੇਖ ਕੇ ਅਨੁਭਵ ਕੀਤਾ ਕਿ ਅਜ ਮੈਨੂੰ ਮਿਲਣ ਆਉਣ ਦਾ ਕਾਹਦਾ ਚਾਅ ਚੜ੍ਹਿਆ ਹੈ। ਗੁਰੂ ਜੀ ਜਦ ਨੇੜੇ ਜਾ ਕੇ ਮਿਲੇ ਤਾਂ ਅਬਦੁਲ ਰਹਿਮਾਨ ਨੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਹੱਥਾਂ ਨੂੰ ਚੁੰਮਿਆ॥ ੬੧॥

ਅੱਦ੍ਰਮਾਨ ਪੁਨ ਬੈਨ ਉਚਾਰੇ। 'ਕਹੋ ਤਪਾ ਜੀ! ਖ਼ੈਰ ਤੁਮਾਰੇ?'।
ਗੁਰੂ ਕਹਯੋ 'ਸੁਨ ਅੱਦ੍ਰਹਮਾਨ। ਅਹੈ ਖੈਰ ਪਰ ਖ਼ੈਰ ਨ ਜਾਨਿ' ॥੬੨॥

ਅਬਦੁਲ ਰਹਿਮਾਨ ਨੇ ਫਿਰ ਕਿਹਾ, "ਹੇ ਤਪਾ ਜੀ! ਕਹੋ, ਤੁਹਾਡਾ ਕੀ ਹਾਲ ਹੈ? ਗੁਰੂ ਜੀ ਨੇ ਕਿਹਾ, "ਸੁਣ ਅਬਦੁਲ ਰਹਿਮਾਨ, ਖੈਰ ਹੈ, ਪਰ ਖੈਰ ਨਾ ਜਾਣੋ"॥ ੬੨॥

ਦੋਹਰਾ- ਬਹੁਰੋ ਬੂਝਯੋ 'ਖੈਰ ਹੈ?' 'ਖ਼ੈਰ ਸੁ ਖ਼ੈਰ ਨ ਜਾਨਿ'।
ਤੀਨ ਬਾਰ ਪੁਨ ਇਹ ਕਹਯੋ ਪੁਨਿ ਕਹਿ ਅਦ੍ਰਹਮਾਨ॥ ੬੩॥

ਫਿਰ ਪੁਛਿਆ, "ਖੈਰ ਹੈ?" ਖੈਰ ਤੋਂ ਖੈਰ ਨਾ ਜਾਣੋ। ਤਿੰਨ ਬਾਰ ਇਸ ਤਰ੍ਹਾਂ ਹੀ ਕਿਹਾ, ਫਿਰ ਅਬਦੁਲ ਰਹਿਮਾਨ ਨੇ ਕਿਹਾ॥ ੬੩॥

ਚੌਪਈ- 'ਸੁਨੋ ਤਪਾ ਜੀ! ਅਚਰਜ ਮੇਰੇ। ਕੈਸੇ ਬਚਨ ਬਿਚਾਰੋਂ ਤੇਰੇ।
ਕਹਿਹੋ ਖੈਰ, ਖ਼ੈਰ ਪੁਨਿ ਨਾਂਹੀ। ਦੇਹੁ ਮਾਯਨਾ ਮੁਝ ਸਮਝਾਹੀ' ॥੬੪॥

ਤਪਾ ਜੀ ਸੁਣੋ, "ਮੈਂ ਹੈਰਾਨ ਹਾਂ, ਤੁਹਾਡੇ ਬਚਨ ਕਿਵੇਂ ਵਿਚਾਰਾਂ? ਕਹਿੰਦੇ ਹੋ ਖੈਰ ਹੈ, ਫਿਰ ਕਹਿੰਦੇ ਹੋ ਖੈਰ ਨਹੀਂ, ਮੈਨੂੰ ਇਸ ਦੇ ਕੁਝ ਅਰਥ ਸਮਝਾ ਦੇਵੋ"॥ ੬੪॥

ਸ੍ਰੀ ਗੁਰ ਭਨਯੋ 'ਸ਼ੇਖ ਜੀ! ਸੁਣੀਏ। ਖ਼ੈਰ ਭਲੀ ਸਭਿ ਬਿਧਿ ਹੀ ਗੁਨੀਏ।
ਨਹੀਂ ਖੈਰ ਹਿਤ ਤਾਂਕੋ ਐਸੇ। ਦੇਉਂ ਉਠਾਇ ਕਹਯੋ ਤੁਮ ਜੈਸੇ॥੬੫॥

ਗੁਰੂ ਜੀ ਨੇ ਕਿਹਾ, "ਸ਼ੇਖ ਜੀ, ਸੁਣੋ, ਖ਼ੈਰ ਭਲੀ ਸਭ ਤਰ੍ਹਾਂ ਨਾਲ ਜਾਣੋ, ਨਹੀਂ ਖੈਰ ਹੈ ਤਿਸਦਾ ਕਾਰਨ ਇਸ ਤਰ੍ਹਾਂ ਹੈ। ਤੁਸੀਂ ਜੋ ਕਿਹਾ ਹੈ ਕਿ ਤੂੰ ਸਾਨੂੰ ਉਠਾ ਦੇਵੇਂਗਾ, ਉਸ ਕਰਕੇ ਸਾਡੀ ਖੈਰ ਵੀ ਨਹੀਂ ਹੈ॥ ੬੫॥

ਕੌਨ ਦੇਸ਼ ਤੁਮਰਾ ਹਮ ਛੀਨੋ। ਕੈਧੋਂ ਦਰਬ ਖੇਪ ਕੋ ਲੀਨੋ।
ਕੌਨ ਸ਼ੱਤ੍ਰਤਾ ਕਰਿ ਹਮ ਸੰਗਾ?। ਕਹੋ, ਕਿ ਦੇਉਂ ਉਠਾਇ ਨਿਸੰਗਾ॥੬੬॥

ਤੁਹਾਡਾ ਕਿਹੜਾ ਦੇਸ਼ ਅਸੀਂ ਖੋਹਿਆ ਹੈ ਜਾਂ ਤੁਹਾਡਾ ਮਾਲ ਧਨ ਲੈ ਲਿਆ ਹੈ। ਕਿਹੜੇ ਵੈਰ ਕਰਕੇ ਸਾਨੂੰ ਉਠਾਉਣਾ ਚਾਹੁੰਦੇ ਹੋ? ਕਹਿੰਦੇ ਹੋ ਕਿ ਮੈਂ ਨਿਸੰਗ ਉਠਾ ਦੇਵਾਂਗਾ॥ ੬੬॥

ਦੋਹਰਾ- ਸੋ ਸਥਾਨ ਅਬ ਲੀਜੀਏ ਜਿਸਤੇ ਦੇਤਿ ਉਠਾਇ।
ਅਦ੍ਰਮਾਨ ਬੋਲਤਿ ਸੁਨਤਿ 'ਤੁਮ ਢਿਗ ਕੌਨ ਬਤਾਇ?॥ ੬੭॥

ਉਹ ਸਥਾਨ ਹੁਣ ਲੈ ਲਵੋ ਜਿਸ ਤੋਂ ਸਾਨੂੰ ਉਠਾਉਣਾ ਹੈ।" ਅਬਦੁਲ ਰਹਿਮਾਨ ਇਹ ਸੁਣ ਕੇ ਬੋਲਿਆ, "ਤੁਹਾਨੂੰ ਕਿਸ ਨੇ ਦੱਸਿਆ ਹੈ?॥ ੬੭॥

ਚੌਪਈ- ਕੂਰ ਕਹੈ ਮਾਰਤਿ ਝਖ ਸੋਊ। ਇਸ ਪ੍ਰਕਾਰ ਹਮ ਕਹ੍ਯੋ ਨ ਕੋਊ।
ਸੁਨਿ ਕਰਿ ਚਮਕ੍ਯੋ ਤਬੈ ਉਬਾਰਾ। 'ਇਸ ਬਿਧਿ ਮੇਰੇ ਪਾਸ ਉਚਾਰਾ ॥੬੮॥

ਕਿਸੇ ਨੇ ਝੂਠ ਕਿਹਾ ਹੈ ਅਤੇ ਐਵੇਂ ਝਖ ਮਾਰਿਆ ਹੈ, ਅਸੀਂ ਤਾਂ ਇਸ ਤਰ੍ਹਾਂ ਕੁਝ ਕਿਹਾ ਹੀ ਨਹੀਂ।'' ਇਹ ਸੁਣ ਕੇ ਉਬਾਰ ਖਾਂ ਚਮਕਿਆ, ''ਇਸ ਤਰ੍ਹਾਂ ਮੇਰੇ ਪਾਸ ਕਿਹਾ ਹੈ॥ ੬੮॥

ਹਿੰਦੂ ਕੀ ਤਰੀਫ਼ ਕਤਾ ਗਾਵੈਂ। ਬਿਨਾ ਬਿਲਮ ਹਮ ਤਾਂਹਿ ਉਠਾਵੈਂ।
ਕਿਉਂ ਮੁਕਰਤਿ ਲੱਜਿਤਿ ਅਬ ਹੋਏ। ਪੂਰਬ ਜੈਸੇ ਬਚਨ ਬੁਗੋਏ' ॥੬੯॥

ਮੈਨੂੰ ਕਿਹਾ ਸੀ ਹਿੰਦੂਆਂ ਦੀ ਤਾਰੀਫ਼ ਕਿਉਂ ਗਾਉਂਦੇ ਹੋ, ਅਸੀਂ ਕਿਸੇ ਦੇਰ ਬਗੈਰ ਉਸ ਨੂੰ ਓਥੋਂ ਉਠਾ ਦੇਵਾਂਗੇ। ਹੁਣ ਸ਼ਰਮਿੰਦਾ ਹੋ ਕੇ ਮੁਕਰਦਾ ਕਿਉਂ ਹੈਂ ? ਜਿਵੇਂ ਤੂੰ ਪਹਿਲਾਂ ਕਿਹਾ ਸੀ, ਉਸ ਤਰ੍ਹਾਂ ਕਹੋ''॥ ੬੯॥

ਅੱਦ੍ਰਮਾਨ ਤਬ ਬੈਨ ਬਖਾਨੇ। 'ਤੁਮ ਬੈਠਹੁ ਨਿਜ ਖ਼ਾਨ! ਠਿਕਾਨੇ।
ਹਮਰੀ ਤੁਮਰੀ ਸਮਤਾ ਨਾਂਹੀ। ਤੂਸ਼ਨਿ ਸਮਝ ਰਹਉ ਉਰ ਮਾਂਹੀ ॥੭੦॥

ਅਬਦੁਲ ਰਹਿਮਾਨ ਨੇ ਤਦ ਕਿਹਾ, ''ਹੇ ਖਾਨ ! ਤੂੰ ਆਪਣੇ ਟਿਕਾਣੇ ਤੇ ਬੈਠ, ਮੇਰੀ ਤੇਰੀ ਬਰਾਬਰੀ ਨਹੀਂ ਹੈ। ਦਿਲ ਵਿਚ ਇਹ ਸਮਝ ਕੇ ਚੁੱਪ ਰਹੋ॥ ੭੦॥

ਦੋਹਰਾ- ਹਮ ਅਰ ਤਪਾ ਬਿਚਾਰਿ ਹੈਂ ਸਮਝੈਂ ਆਪਸ ਮਾਂਹਿ।
ਬੋਲਨ ਤੁਮਰੋ ਨਹਿਂ ਬਨੈ ਕਾਰਨ ਕੋਊ ਨਾਂਹਿ'॥ ੭੧॥

ਮੈਂ ਅਤੇ ਤਪਾ ਆਪਸ ਵਿਚ ਵਿਚਾਰ ਕੇ ਆਪਸ ਵਿਚ ਸਮਝ ਰਹੇ ਹਾਂ, ਤੇਰਾ ਕਿਸੇ ਕਾਰਨ ਵੀ ਦਖਲ ਦੇਣਾ ਨਹੀਂ ਬਣਦਾ ਹੈ''॥ ੭੧॥

ਚੌਪਈ- ਸੁਨਤਿ ਉਬਾਰੇ ਬਚਨ ਬਖਾਨਾ। 'ਸੰਗ ਤਪੇ ਕੇ ਮੋਰ ਠਿਕਾਨਾ।
ਪੀਰਨ ਪੀਰ ਭਯੋ ਇਹ ਮੇਰਾ। ਹੌਂ ਮੁਰੀਦ ਭਾ ਚੇਰਨ ਚੇਰਾ॥ ੭੨॥

ਇਹ ਸੁਣ ਕੇ ਉਬਾਰ ਖਾਂ ਨੇ ਬਚਨ ਕੀਤਾ, ''ਤਪੇ ਦੇ ਨਾਲ ਹੀ ਮੇਰਾ ਟਿਕਾਣਾ ਹੈ, ਇਹ ਮੇਰੇ ਪੀਰਾਂ ਦੇ ਪੀਰ ਹਨ, ਮੈਂ ਇਨ੍ਹਾਂ ਦਾ ਸਦਾ ਮੁਰੀਦ ਅਤੇ ਸੇਵਕ ਹਾਂ॥ ੭੨॥

ਰਗਤਿ ਹੁਤੋ ਨਿੰਦਾ ਪਸ਼ਚਾਤੀ। ਲਾਗਹਿ ਪਾਪ, ਨ ਨੀਕੀ ਬਾਤੀ।
ਕਹਉ ਪ੍ਰਿਥਮ ਜਿਉਂ,ਮੁਖ ਪਰ ਅਬਿਹੀ। ਪਾਛਲ ਦੋਖ ਨਸੈ ਗੋ ਤਬਹੀ' ॥੭੩॥

ਪਿੱਠ ਪਿੱਛੇ ਨਿੰਦਿਆ ਕਰਦਾ ਹੈਂ ਜਿਸ ਕਰਕੇ ਪਾਪ ਲਗੇਗਾ, ਇਹ ਕੋਈ ਚੰਗੀ ਗੱਲ ਨਹੀਂ। ਜਿਵੇਂ ਪਹਿਲਾਂ ਕਿਹਾ ਸੀ, ਉਸ ਤਰ੍ਹਾਂ ਹੁਣ ਸਾਹਮਣੇ ਮੂੰਹ 'ਤੇ ਕਹੋ। ਪਿਛਲੇ ਪਾਪ ਤਦ ਹੀ ਦੂਰ ਹੋਣਗੇ''॥ ੭੩॥

ਸੋਰਠਾ- ਮੁਸਕਾਨੇ ਗੁਨ ਖਾਂਨਿ ਦੇਖਿ ਉਬਾਰੇ ਕੀ ਦਸ਼ਾ।
ਲੱਜਿਤਿ ਅੱਦ੍ਰਹਮਾਨ ਅਧਿਕ ਰਿਦੈ ਜਰਬਰ ਗਯੋ॥ ੭੪॥

ਉਬਾਰ ਖਾਂ ਦੀ ਹਾਲਤ ਵੇਖ ਕੇ ਗੁਰੂ ਜੀ ਮੁਸਕਰਾਏ। ਸ਼ਰਮਿੰਦਾ ਹੋ ਕੇ ਅਬਦੁਲ ਰਹਿਮਾਨ ਹਿਰਦੇ ਵਿਚ ਸੜ ਬਲ ਗਿਆ॥ ੭੪॥

ਚੌਪਈ- ਰਿਦੇ ਰਿਸਾਯੋ ਬੋਲ੍ਯੋ ਬਾਨੀ। ਅਜਹੁ ਨ ਸਮਝਤਿ ਮਨ ਅਭਿਮਾਨੀ।
'ਹਿੰਦੂ ਅਹੈ ਕਿ ਮੁਸਲਮਨੋਊ। ਦੁਹ ਮੈਂ ਅਹੈ ਬਡੇਰੋ ਕੋਊ? ॥ ੭੫॥

ਦਿਲ ਵਿਚ ਗੁੱਸੇ ਹੋ ਕੇ ਬੋਲਿਆ, ਘੁਮੰਡੀ ਹਾਲੇ ਤਕ ਵੀ ਮਨ ਵਿਚ ਸਮਝਿਆ ਨਹੀਂ ਸੀ। "ਹਿੰਦੂ ਅਤੇ ਮੁਸਲਮਾਨਾਂ ਵਿਚ ਕਿਹੜਾ ਮਜ਼ਬ ਵੱਡਾ ਹੈ ?॥ ੭੫॥

ਮਤੋ ਕੌਨ ਸੋ ਤੁਮ ਨੇ ਧਾਰਾ?। ਸਰਬ ਬਤਾਵਹੁ ਕਰਿ ਨਿਰਧਾਰਾ।
ਸ੍ਰੀ ਗੁਰ ਸੁਨਿਕੈ ਬਚਨ ਉਚਾਰੇ। 'ਹਮਨੇ ਦੋਨੋ ਪੱਖ ਬਿਦਾਰੇ॥ ੭੬॥

ਤੁਸੀਂ ਕਿਹੜਾ ਮੱਤ ਧਾਰਨ ਕੀਤਾ ਹੈ, ਸਾਰਾ ਕੁਝ ਨਿਰਣਾ ਕਰ ਕੇ ਦੱਸੋ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਅਸੀਂ ਦੋਵੇਂ ਪੱਖ ਰੱਖੇ ਹੋਏ ਹਨ॥ ੭੬॥

ਹਿੰਦੂ ਤੁਰਕ ਬਾਦ ਕੇ ਮਾਂਹੀ। ਬਸੈ ਸ਼ਤਾਨ ਸ਼ਾਂਤਿ ਹੈ ਨਾਂਹੀ।
ਨਿਜ ਨਿਜ ਮਾਨ ਬਧਾਵਨ ਹੇਤਾ। ਸਗਰੇ ਝਗਰਹਿਂ ਮੂਢ ਅਚੇਤਾ॥੭੭॥

ਹਿੰਦੂ ਤੁਰਕ ਦੋਵੇਂ ਝਗੜੇ ਵਿਚ ਫਸੇ ਹੋਏ ਹਨ ਜਿਸ ਕਰਕੇ ਇਨ੍ਹਾਂ ਵਿਚ ਸ਼ੈਤਾਨ ਵਸਦਾ ਹੈ ਅਤੇ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਆਪਣਾ ਮਾਣ ਵਧਾਉਣ ਖਾਤਰ, ਸਾਰੇ ਮੂਰਖ ਅਣਜਾਣਪੁਣੇ ਵਿਚ ਲੜਦੇ ਹਨ॥ ੭੭॥

ਤਿਨਕੇ ਸਿਰ ਜਮ ਡੰਡ ਲਗਾਈ। ਦ੍ਵੈਤ ਬਿਖੇ ਉਰਝੇ ਦੁਖ ਪਾਈਂ।
ਸੱਤਿਨਾਮ ਉਰ ਤੇ ਬਿਸਰਾਈ। ਸਤਿਗੁਰ ਮਿਲ੍ਯੋ ਨ ਸੋਝੀ ਆਈ॥੭੮॥

ਤਿਨ੍ਹਾਂ ਦੇ ਸਿਰ ਤੇ ਜਮਾਂ ਦਾ ਡੰਡਾ ਵਜੇਗਾ। ਦ੍ਵੈਤ ਵਿਚ ਉਲਝੇ ਬੜਾ ਦੁੱਖ ਪਾਉਣਗੇ। ਸੱਚੇ ਨਾਮ ਨੂੰ ਦਿਲ ਤੋਂ ਭੁਲਾਇਆ ਹੋਇਆ ਹੈ, ਸਤਿਗੁਰੂ ਮਿਲਿਆ ਨਹੀਂ ਤੇ ਸੋਝੀ ਆਈ ਨਹੀਂ ਹੈ॥ ੭੮॥

ਏਕ ਜਰਾਹ ਹੋਤਿ ਹੈਂ ਸਜਾਨੇ। ਅਸਤ ਘਾਵ ਕੇ ਭਗਨ ਜੁ ਜਾਨੇ।
ਪੂਰਬ ਵਹਿਰ ਨਿਕਾਸਹਿਂ ਤਾਂਹੀ। ਚਰਮ ਘਾਵ ਕੋ ਬਹੁਰ ਮਿਲਾਹੀਂ॥੭੯॥

ਕਈ ਚੀਰ ਫਾੜ ਕਰਨ ਵਾਲੇ ਜਰਾਹ ਸਿਆਣੇ ਹੁੰਦੇ ਹਨ, ਹੱਡੀ ਦਾ ਜ਼ਖਮ ਦੂਰ ਕਰਨਾ ਜਾਣਦੇ ਹਨ। ਪਹਿਲਾਂ ਜ਼ਖਮੀ ਹੱਡੀ ਨੂੰ ਬਾਹਰ ਕੱਢਦੇ ਹਨ ਅਤੇ ਮਾਸ ਦੇ ਜ਼ਖਮ ਨੂੰ ਪਿਛੋਂ ਮੇਲਦੇ ਹਨ॥ ੭੯॥

ਇਕ ਕੱਚ ਹਿਕਮਤ ਲਘੁ ਜਾਨਤਿ। ਭਗਨਅਸਤ ਕੋ ਨਹੀਂ ਪਛਾਨਤਿ।
ਆਮਿਖ ਘਾਉ ਸੁ ਦੇਹਿਂ ਮਿਲਾਈ। ਰਹੈ ਬਿਕਾਰ ਨਸੂਰ ਸਦਾਈ॥ ੮੦॥

ਕਈ ਨੀਮ ਹਕੀਮ ਹਿਕਮਤ ਬਹੁਤ ਘੱਟ ਜਾਣਦੇ ਹਨ, ਉਹ ਹੱਡੀ ਦੇ ਜ਼ਖਮ ਨੂੰ ਨਹੀਂ ਪਛਾਣਦੇ। ਮਾਸ ਦੇ ਜ਼ਖਮ ਨੂੰ ਮਿਲਾ ਦਿੰਦੇ ਹਨ। ਉਹ ਜ਼ਖਮ ਸਦਾ ਵਗਦਾ ਰਹਿੰਦਾ ਹੈ ਤੇ ਕਦੇ ਵੀ ਠੀਕ ਨਹੀਂ ਹੁੰਦਾ॥ ੮੦॥

ਤਿਉਂ ਇਕ ਸਤਿਗੁਰ ਮੋਹ ਹੰਕਾਰਾ। ਪ੍ਰਿਥਮੇ ਖੋਵਹਿਂ ਸਰਬ ਬਿਕਾਰਾ।
ਬਹੁਰੋ ਦੇਂ ਆਤਮ ਉਪਦੇਸ਼ਾ। ਤਿਨਹਿਂ ਨ ਹੈ ਭਵ ਪੀਰਾ ਲੇਸ਼ਾ॥ ੮੧॥

ਉਸ ਤਰ੍ਹਾਂ ਇਕ ਸਤਿਗੁਰੂ ਪਹਿਲਾਂ ਮੋਹ ਹੰਕਾਰ ਆਦਿ ਸਾਰੇ ਵਿਕਾਰਾਂ ਨੂੰ ਦੂਰ ਕਰੇ। ਬਾਅਦ ਵਿਚ ਆਤਮ ਉਪਦੇਸ਼ ਦੇਵੇ। ਉਸ ਦੇ ਮੁਰੀਦਾਂ ਨੂੰ ਇਸ ਦੁਨੀਆਂ ਵਿਚ ਫਿਰ ਕੋਈ ਦੁਖ ਦਰਦ ਨਹੀਂ ਹੁੰਦਾ॥ ੮੧॥

ਇਕ ਕਾਚੇ ਗੁਰ ਹੈਂ ਜਗ ਮਾਂਹੀ। ਮਨ ਬਿਕਾਰ ਸੇ ਨਾਸਹਿਂ ਨਾਂਹੀ।
ਦੇਂ ਉਪਦੇਸ਼ ਚਹੈਂ ਗਤਿ ਦੇਈ। ਮਾਨਾਦਿਕ ਤੇ ਦੁਖਿ ਹੈ ਤੇਈ॥ ੮੨॥

ਕਈ ਇਸ ਜੱਗ ਵਿਚ ਕੱਚੇ ਗੁਰੂ ਹਨ। ਮਨ ਵਿਚੋਂ ਵਿਕਾਰ ਨੂੰ ਦੂਰ ਨਹੀਂ ਕਰਦੇ। ਮੁਕਤੀ ਦੇਣ ਵਾਸਤੇ ਉਪਦੇਸ਼ ਦੇਣਾ ਚਾਹੁੰਦੇ ਹਨ। ਪਰ ਹੰਕਾਰ ਰਹਿ ਜਾਣ ਕਾਰਨ ਉਨ੍ਹਾਂ ਦੇ ਮੁਰੀਦ ਦੁਖੀ ਰਹਿੰਦੇ ਹਨ॥ ੮੨॥

ਤੁਮ ਕੋ ਮਿਲ੍ਯੋ ਗੁਰੂ ਕੋ ਕਾਚਾ। ਨਹੀਂ ਲਖਾਯੋ ਰੂਪ ਸੁ ਸਾਚਾ।

ਫਸੇ ਮਾਨ ਮਹਿਂ ਪੱਖਜ ਕਰੇਹੀ। ਅਪਨੋ ਰੂਪ ਪਛਾਨੈਂ ਦੇਹੀ' ॥ ੮੩ ॥

ਤੈਨੂੰ ਕੋਈ ਕੱਚਾ ਗੁਰੂ ਮਿਲਿਆ ਹੈ, ਤੁਹਾਨੂੰ ਸੱਚਾ ਸ੍ਰੇਸ਼ਟ ਰੂਪ ਨਹੀਂ ਦਿਖਾਇਆ ਹੈ। ਘੁਮੰਡ ਵਿਚ ਫਸਿਆ ਤੂੰ ਪਖ-ਪਾਤ ਕਰਦਾ ਹੈਂ। ਪਹਿਲਾਂ ਆਪਣੇ ਰੂਪ ਅਤੇ ਦੇਹੀ ਨੂੰ ਪਛਾਣੋ'' ॥ ੮੩ ॥

ਦੋਹਰਾ- ਸ਼ੇਖ ਕਹੈ 'ਨਾਨਕ ਤਪਾ! ਕੇਤਿਕ ਤੂੰ ਅਧਿਕਾਇ।
ਨਦਰ ਤਰੇ ਆਨਤਿ ਨਹੀਂ ਦੋਨੋ ਪੱਖ ਗਵਾਇ' ॥ ੮੪ ॥

ਸ਼ੇਖ ਕਹਿਣ ਲੱਗਾ, ''ਹੇ ਤਪੇ ਨਾਨਕ! ਤੂੰ ਕਿਤਨਾ ਕੁ ਵੱਡਾ ਹੈ? ਤੂੰ ਦੋਵੇਂ ਪੱਖ ਗਵਾ ਲਏ ਹਨ, ਹੁਣ ਤੇਰੀ ਨਜ਼ਰ ਥੱਲੇ ਕੁਝ ਨਹੀਂ ਆਉਂਦਾ ॥ ੮੪ ॥

ਚੌਪਈ- ਸ੍ਰੀ ਗੁਰ ਬੋਲੇ 'ਨਦਰ ਸੁ ਦੂਰ। ਇਕ ਅਕਾਲ ਕੇ ਰਹੇ ਹਦੂਰ।
ਸੁਨਹੁ ਸ਼ੇਖ! ਇਹ ਨੀਕੀ ਬਾਤ। ਆਪਾ ਖੋਇ ਕੀਯੋ ਮਨ ਸਾਂਤਿ ॥ ੮੫ ॥

ਗੁਰੂ ਜੀ ਬੋਲੇ, ''ਸਾਡੀ ਨਜ਼ਰ ਦੂਰ ਗਈ ਹੈ, ਭਾਵ ਸਾਡੇ ਵਿਚ ਅਹੰ ਭਾਵ ਨਹੀਂ ਰਿਹਾ ਹੈ, ਨਜ਼ਰ ਅਕਾਲ ਪੁਰਖ ਦੀ ਹਜ਼ੂਰੀ ਵਿਚ ਸਦਾ ਮਗਨ ਰਹਿੰਦੀ ਹੈ। ਇਹ ਸ਼ੇਖ! ਇਕ ਚੰਗੀ ਗੱਲ ਸੁਣੋ, ਆਪਾ ਗਵਾ ਕੇ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ॥ ੮੫ ॥

ਤਿਨਹੀ ਏਕ ਨਿਰੰਜਨ ਪਾਇਆ। ਨੈਾਮ ਜਪਤਿ ਜਿਨਿ ਆਪ ਗਵਾਇਆ।
ਖ਼ਾਲਕ ਏਕੈ ਖ਼ਲਕ ਬਨਾਈ। ਭਲਾ ਜੁ ਬੁਰਾ ਨੀਚ ਊਚ ਤਾਈਂ ॥ ੮੬ ॥

ਉਨ੍ਹਾਂ ਲੋਕਾਂ ਨੇ ਹੀ ਇਕ ਅੱਲਾਹ ਨੂੰ ਪਾਇਆ ਹੈ ਜਿਹੜੇ ਆਪਾ ਗਵਾ ਕੇ ਨਾਮ ਜਪਦੇ ਹਨ। ਮਾਲਕ ਨੇ ਇਕ ਖਲਕਤ ਬਣਾਈ ਹੈ। ਭਲਾ, ਬੁਰਾ, ਨੀਚ, ਊਚ ਸਭ ਉਸ ਨੇ ਹੀ ਬਣਾਏ ਹਨ॥ ੮੬ ॥

ਨਹੀਂ ਆਪ ਤੇ ਕੋਊ ਭਯੋ। ਤਿਉਂ ਸਭਿ ਹੋਏ ਜਿਉਂ ਨਿਰਮਯੋ'।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਕੋ ਦੇਖੀ। ਕੀਨੋ ਦੂਰ ਹੰਕਾਰ ਬਿਸ਼ੇਖੀ ॥ ੮੭ ॥

ਪ੍ਰਭੂ ਨਾਲੋਂ ਕੋਈ ਵੀ ਵੱਡਾ ਨਹੀਂ ਹੈ। ਉਸ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਉਸ ਨੇ ਉਤਪਤ ਕੀਤੇ ਹਨ''। ਇਹ ਕਹਿ ਕੇ ਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਨਾਲ ਵੇਖਿਆ ਅਤੇ ਅਬਦੁਲ ਰਹਿਮਾਨ ਦਾ ਸਾਰਾ ਹੰਕਾਰ ਦੂਰ ਕਰ ਦਿੱਤਾ॥ ੮੭ ॥

ਦੋਹਰਾ- ਅੱਦ੍ਮਾਨ ਸੁਨਿ ਕਾਨ ਇਵ ਘਨੋ ਦੀਨ ਮਨ ਹੋਇ।
ਚਰਨ ਗਹੇ ਦ੍ਵੈ ਹਾਥ ਸੌਂ ਬਿਨਤੀ ਬਹੁਰ ਬੁਗੋਇ॥ ੮੮ ॥

ਅਬਦੁਲ ਰਹਿਮਾਨ ਇਹ ਗੱਲ ਕੰਨਾਂ ਨਾਲ ਸੁਣ ਕੇ ਮਨ ਵਿਚ ਦੀਨ ਹੋ ਗਿਆ। ਦੋ ਹੱਥਾਂ ਨਾਲ ਗੁਰੂ ਜੀ ਦੇ ਚਰਨ ਫੜ ਲਏ ਅਤੇ ਬਾਅਦ ਵਿਚ ਬੇਨਤੀ ਕਹੀ॥ ੮੮ ॥

ਚੌਪਈ- 'ਤਪਾ! ਬਖਸ਼ਿਯੇ ਖ਼ਤਾ ਹਮਾਰੀ। ਨਿੰਦਾ ਹਮ ਨੈ ਭੂਲ ਉਚਾਰੀ॥
ਪੂਰਬ ਭੇਦ ਨ ਜਾਨਯੋ ਤੇਰਾ। ਅਫਵਲ ਗੁਨਹਿਂ ਕਰੋ ਅਬ ਮੇਰਾ' ॥ ੮੯ ॥

''ਹੇ ਤਪਾ ਜੀ! ਮੇਰੀ ਗਲਤੀ ਮੁਆਫ਼ ਕਰ ਦੇਵੋ, ਮੈਂ ਭੁੱਲ ਕੇ ਨਿੰਦਿਆ ਕੀਤੀ ਸੀ। ਪਹਿਲਾਂ ਤੁਹਾਡਾ ਭੇਦ ਨਹੀਂ ਸੀ ਜਾਣਿਆ। ਹੁਣ ਮੇਰਾ ਗੁਨਾਹ ਬਖਸ਼ ਦੇਵੋ'' ॥ ੮੯ ॥

ਸੁਨਿਕੈ ਬੋਲਯੋ ਤਬਹਿ ਉਬਾਰਾ। 'ਤਪਾ ਉਠਾਵੇਂ ਤੂੰ ਜਿ ਉਚਾਰਾ।
ਅਬ ਕਿਉਂ ਨਹਿਂ ਤੁਮ ਦੇਤਿ ਉਠਾਈ। ਮਿਲਿ ਜਿਹ ਕੋ ਹੈ ਗ੍ਰੀਵ ਨਿਵਾਈ ॥੯੦ ॥

ਇਹ ਸੁਣ ਕੇ ਉਬਾਰ ਖਾਂ ਬੋਲਿਆ, "ਤੂੰ ਜੋ ਕਿਹਾ ਸੀ ਕਿ ਤਪੇ ਨੂੰ ਉਠਾ ਦੇਵੇਂਗਾ, ਹੁਣ ਤੂੰ ਕਿਉਂ ਨਹੀਂ ਉਠਾਉਂਦਾ, ਜਿਸ ਨੂੰ ਮਿਲ ਕੇ ਹੁਣ ਸਿਰ ਨਿਵਾਇਆ ਹੈ॥ ੯੦॥

ਬਾਤ ਸਮਝ ਕਰਿ ਕਹਿਨੀ ਭਲੀ। ਕਿਸਿ ਬਿਧਿ ਕੀਟੀ ਗਿਰ ਕੋ ਲਿਲੀ।
ਰਵਿ ਸਮਾਨ ਕਿਉਂ ਹੋਇ ਟਿਟਾਨੋ। ਇਤੋ ਭੇਦ ਨਿਜ ਮਾਂਹਿ ਪਛਾਨੋ ॥੯੧॥

ਗੱਲ ਸਮਝ ਕੇ ਕਹਿਣੀ ਚੰਗੀ ਹੈ। ਪਹਾੜ ਨੂੰ ਕੀੜੀ ਕਿਵੇਂ ਨਿਗਲ ਸਕਦੀ ਹੈ। ਜੁਗਨੂੰ ਸੂਰਜ ਦੇ ਬਰਾਬਰ ਕਿਵੇਂ ਹੋ ਸਕਦਾ ਹੈ। ਇਸ ਭੇਦ ਨੂੰ ਮਨ ਵਿਚ ਪਛਾਣੋ॥ ੯੧॥

ਦੋਹਰਾ-ਅੱਦ੍ਰਮਾਨ ਕਹਿ 'ਪ੍ਰਿਥਮ ਮੈਂ ਅਸ ਜਾਨਜੋ ਮਨ ਮਾਂਹਿ।
ਬੁਤ ਪ੍ਰਸਤ ਕੋ ਹਿੰਦੂ ਹੈ, ਤਿਨਕੇ ਸਮ ਇਹ ਨਾਹਿ॥ ੯੨॥

ਅਬਦੁਲ ਰਹਿਮਾਨ ਨੇ ਕਿਹਾ, "ਪਹਿਲਾਂ ਮੈਂ ਆਪਣੇ ਮਨ ਵਿਚ ਜਾਣਿਆ ਸੀ ਕਿ ਕੋਈ ਬੁੱਤ-ਪ੍ਰਸਤ ਹਿੰਦੂ ਹੋਵੇਗਾ, ਪਰ ਇਹ ਤਾਂ ਉਨ੍ਹਾਂ ਵਰਗੇ ਨਹੀਂ ਹਨ॥ ੯੨॥

ਚੌਪਈ- ਹਿੰਦੂ ਤੁਰਕ ਤੇ ਅਹੈ ਨਿਰਾਲਾ। ਸ੍ਰੀ ਨਾਨਕ ਇਸ ਮਤੋ ਬਿਸਾਲਾ।
ਇਨ ਕੀ ਕੌਨ ਕਰੇ ਸਮਤਾਈ। ਮਿਲੇ ਜਬੈ ਤਬਹੀ ਸੁਧਿ ਪਾਈ' ॥੯੩॥

ਹਿੰਦੂ ਤੁਰਕ ਤੋਂ ਇਹ ਨਿਰਾਲੇ ਹਨ, ਸ੍ਰੀ ਗੁਰੂ ਨਾਨਕ ਦਾ ਮੱਤ ਬੜਾ ਵਿਸ਼ਾਲ ਹੈ। ਇਨ੍ਹਾਂ ਦੀ ਕੌਣ ਬਰਾਬਰੀ ਕਰ ਸਕਦਾ ਹੈ ਜਦ ਇਹ ਮਿਲੇ ਹਨ ਤਦ ਹੀ ਮੈਂ ਸੋਝੀ ਪਾਈ ਹੈ" ॥ ੯੩॥

ਤਿਹ ਢਿਗ ਬ੍ਰਿੰਦ ਹੁਤੇ ਨਰ ਜੇਊ। ਚਰਨ ਕਮਲ ਬੰਦਤਿ ਭੇ ਤੇਊ।
ਸ੍ਰੀ ਗੁਰ ਭਨਜੋ 'ਖ਼ੁਦਾਇ ਜਿ ਪਜਾਰੇ। ਖ਼ੌਫ ਖ਼ੁਦਾਇ ਸੁ ਉਰ ਮੈਂ ਧਾਰੇਂ ॥੯੪॥

ਅਬਦੁਲ ਰਹਿਮਾਨ ਦੇ ਪਾਸ ਜਿਹੜੇ ਸਿੱਖ ਸੇਵਕ ਰਹਿੰਦੇ ਸਨ, ਉਨ੍ਹਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸ੍ਰੀ ਗੁਰੂ ਜੀ ਨੇ ਕਿਹਾ, "ਜਿਹੜੇ ਖ਼ੁਦਾ ਨੂੰ ਪਿਆਰ ਕਰਦੇ ਹਨ, ਉਹ ਹਮੇਸ਼ਾਂ ਖ਼ੁਦਾ ਖ਼ੌਫ ਦਾ ਆਪਣੇ ਦਿਲ ਵਿਚ ਧਾਰਨ ਕਰਕੇ ਰੱਖਦੇ ਹਨ॥ ੯੪॥

ਕਬਹਿ ਗ਼ਾਫਲੀ ਭੂਲ ਨ ਕਰਿਹੈਂ। ਨਿਸਦਿਨ ਉਰ ਮਹਿਂ ਡਰ ਕੋ ਧਰਿਹੈਂ।
ਸਿਮਰਨ ਪ੍ਰੇਮ ਭਗਤਿ ਮਹਿਂ ਰਾਤੇ। ਉਚਿਤਾ ਪਾਇ ਨੀਚ ਹ੍ਵੈ ਜਾਤੇ' ॥੯੫॥

ਕਦੇ ਵੀ ਸੁਸਤ ਹੋ ਕੇ ਭੁਲ ਨਹੀਂ ਕਰਦੇ, ਦਿਨ ਰਾਤ ਖ਼ੁਦਾ ਦੇ ਡਰ ਨੂੰ ਧਾਰਨ ਕਰਕੇ ਰਖਦੇ ਹਨ। ਪ੍ਰੇਮ ਭਗਤੀ ਅਤੇ ਸਿਮਰਨ ਵਿਚ ਰੱਤੇ ਰਹਿੰਦੇ ਹਨ। ਇਸ ਤਰ੍ਹਾਂ ਨੀਚ ਵੀ ਉੱਚਤਾ ਪਾ ਕੇ ਉੱਤਮ ਹੋ ਜਾਂਦੇ ਹਨ" ॥ ੯੫॥

ਦੋਹਰਾ-ਇਉਂ ਮਿਲਿਕੈ ਹਰਖਾਇ ਉਰ ਗਾ ਤਬ ਅੱਦ੍ਰਹਮਾਨ।
ਸ੍ਰੀ ਗੁਰ ਕੇਰ ਸਮੀਪ ਹ੍ਵੈ ਕਹਜੋ ਉਬਾਰੇ ਖਾਂਨ॥ ੯੬॥

ਇਸ ਤਰ੍ਹਾਂ ਅਬਦੁਲ ਰਹਿਮਾਨ ਮਿਲ ਕੇ ਦਿਲ ਵਿਚ ਬੜਾ ਪ੍ਰਸੰਨ ਹੋਇਆ। ਗੁਰੂ ਜੀ ਦੇ ਨੇੜੇ ਹੋ ਕੇ ਉਬਾਰ ਖਾਨ ਨੇ ਕਿਹਾ॥ ੯੬॥

ਚੌਪਈ- 'ਕ੍ਰਿਪਾ ਨਿਧਾਨ ਭਾਉ ਕੇ ਪਜਾਰੇ!। ਗੰਜਨ ਗਰਬ ਸੁ ਮੁਕਤਿ ਉਦਾਰੇ।
ਪਾਇਨ ਸੋਂ ਪਾਵਨ ਮਮ ਧਾਮੂ। ਕਰਹੁ ਆਪ ਨਿਸ ਭੀ ਬਿਸਰਾਮੂ' ॥੯੭॥

"ਕਿਰਪਾ ਨਿਧਾਨ ਪ੍ਰੇਮ ਦੇ ਪਿਆਰੇ ਹਨ, ਘੁਮੰਡ ਦਾ ਨਾਸ਼ ਕਰਦੇ ਹਨ ਅਤੇ ਮੁਕਤੀ ਬਖਸ਼ਣ ਵਿਚ ਬੜੇ ਖੁਲ੍ਹ-ਦਿਲੇ ਹਨ। ਅਜ ਮੇਰੇ ਘਰ ਵਿਚ ਚਰਨ ਪਾ ਕੇ ਪਵਿੱਤਰ ਕਰੋ, ਰਾਤ ਪੈ ਗਈ ਹੈ ਹੁਣ ਏਥੇ ਹੀ ਬਿਸਰਾਮ ਕਰੋ॥ ੯੭॥

ਸੁਨਿਕੈ ਬਿਨਤੀ ਡੇਰਾ ਕੀਨਾ। ਸ਼ੁਭ ਸਥਾਨ ਪ੍ਰਭੁ ਕੋ ਆਸੀਨਾ।
ਦਿਜ ਬੁਲਿਵਾਇ ਬਨਾਇ ਅਹਾਰਾ। ਕਰਿ ਸੋਂ ਪਕਰਿ ਸੁ ਪੈਰ ਪਖਾਰਾ ॥੯੮॥

ਬੇਨਤੀ ਸੁਣ ਕੇ ਗੁਰੂ ਜੀ ਨੇ ਉਬਾਰ ਖਾਂ ਦੇ ਘਰ ਡੇਰਾ ਕੀਤਾ, ਸ਼ੁਭ ਸੁੰਦਰ ਸਥਾਨ ਤੇ ਗੁਰੂ ਜੀ ਦਾ ਆਸਣ ਵਿਛਾ ਦਿੱਤਾ। ਬ੍ਰਾਹਮਣ ਬੁਲਾ ਕੇ ਭੋਜਨ ਤਿਆਰ ਕਰਵਾਇਆ। ਹੱਥਾਂ ਨਾਲ ਚਰਨਾਂ ਨੂੰ ਫੜ ਕੇ ਪਾਣੀ ਨਾਲ ਚੰਗੀ ਤਰ੍ਹਾਂ ਧੋਤਾ॥ ੯੮॥

ਦ੍ਵੈ ਦਿਉਸਨ ਲੌ ਸਦਨ ਰਹੇ ਤਿਹਾਂ। ਜਾਗੇ ਮਸਤਕ ਭਾਗ ਬਡੇ ਜਿਹਾਂ।
ਪੁਨ ਕਰਤਾਰਪੁਰੇ ਚਲਿ ਆਏ। ਜਿਨ ਹੰਕਾਰੀ ਪੈਰੀਂ ਪਾਏ॥ ੯੯॥

ਦੋ ਦਿਨ ਉਬਾਰ ਖਾਂ ਦੇ ਘਰ ਰਹੇ। ਜਿਸ ਦੇ ਵੱਡੇ ਭਾਗ ਜਾਗ ਪਏ ਸਨ। ਫਿਰ ਗੁਰੂ ਜੀ ਕਰਤਾਰਪੁਰ ਚਲ ਕੇ ਆ ਗਏ, ਜਿਨ੍ਹਾਂ ਨੇ ਹੰਕਾਰੀ ਅਬਦੂਲ ਰਹਿਮਾਨ ਨੂੰ ਚਰਨੀਂ ਪਵਾਇਆ ਸੀ॥ ੯੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਅਬਦੁਲ ਰਹਿਮਾਨ ਕੋ ਪ੍ਰਸੰਗ' ਬਰਨਨੰ ਨਾਮ ਇਕਤਾਲੀਸਮੋ ਅਧਯਾਯ॥ ੪੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇੱਕਤਾਲੀਵਾਂ ਅਧਿਆਇ, ਜਿਸ ਦਾ ਨਾਮ 'ਉਬਾਰੇਖਾਨ, ਅਬਦੁਲਰਹਿਮਾਨ' ਹੈ, ਸਮਾਪਤ ਹੋਇਆ॥ ੪੧॥

## ਅਧਿਆਇ ਬਤਾਲੀਵਾਂ

*ਬੱਚੇ ਦਾ ਪ੍ਰਸੰਗ, ਮੂਲਾ ਕੀੜ, ਪ੍ਰਿਥਾ, ਖੇੜਾ, ਪ੍ਰਿਥੀਮਲ, ਸਹਿਗਲ, ਰਾਮਾ, ਝਿੰਡੀ ਪ੍ਰਤਿ ਉਪਦੇਸ਼*

ਦੋਹਰਾ- ਸ੍ਰੀ ਗੁਰ ਪਦ ਅਰਬਿੰਦ ਕੋ ਧ੍ਯਾਨ ਚਢਾਵੌਂ ਭੰਗ।
ਤਜਹੁਂ ਸਿਆਨਪ ਸਰਬ ਕੋ ਰਪਹੁਂ ਏਕ ਪ੍ਰਭੁ ਰੰਗ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਦੇ ਧਿਆਨ ਦੀ ਭੰਗ ਆਪਣੇ ਮਨ ਨੂੰ ਚੜ੍ਹਾ ਕੇ ਸਾਰੀਆਂ ਸਿਆਣਪਾਂ ਦਾ ਤਿਆਗ ਕਰ ਦੇਵਾਂ ਤੇ ਇਕ ਪ੍ਰਭੂ ਦੇ ਰੰਗ ਵਿਚ ਰੰਗਿਆ ਜਾਵਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ਜੀ! ਸੁਨਹੁ ਕਹਾਨੀ। ਰਹੇ ਗ੍ਰਾਮ ਨਿਜ ਸ੍ਰੀ ਗੁਨਖਾਨੀ।
ਬੀਤਤਿ ਭਯੋ ਕਿਤਿਕ ਤਹਿਂ ਕਾਲਾ। ਮਹਿਮਾ ਜਹਿਂ ਤਹਿਂ ਬਢੀ ਬਿਸਾਲਾ ॥੨॥

ਭਾਈ ਬਾਲੇ ਨੇ ਕਿਹਾ-ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਕਹਾਣੀ ਸੁਣੋ, ਗੁਰੂ ਜੀ ਆਪਣੇ ਪਿੰਡ ਵਿਚ ਹੀ ਰਹੇ। ਕਾਫ਼ੀ ਸਮਾਂ ਬੀਤ ਗਿਆ, ਉਨ੍ਹਾਂ ਦੀ ਮਹਿਮਾਂ ਬਹੁਤ ਵੱਧ ਗਈ॥ ੨॥

ਦਰਸ਼ਨ ਕਰਨ ਹੇਤ ਨਰ ਆਵਹਿਂ। ਧਰੈਂ ਕਾਮਨਾ ਫਲ ਕੋ ਪਾਵਹਿਂ।
ਮਨਹੁ ਪ੍ਰਕਾਸ਼ੀ ਕੀਰਤਿ ਜੋਨ੍ਹਾ। ਪਸਰੀ ਭਲੀ ਚੌਦ ਹੂੰ ਭੌਨਾ॥ ੩॥

ਦਰਸ਼ਨ ਕਰਨ ਵਾਸਤੇ ਮਨੁੱਖ ਆਉਂਦੇ ਸਨ, ਜੋ ਵੀ ਕਾਮਨਾ ਧਾਰ ਕੇ ਆਉਂਦੇ ਸਨ, ਉਹ ਹੀ ਫਲ ਪ੍ਰਾਪਤ ਕਰਦੇ ਸਨ। ਗੁਰੂ ਜੀ ਦੀ ਚਾਂਦਨੀ ਰੂਪੀ ਕੀਰਤੀ ਬਹੁਤ ਪ੍ਰਕਾਸ਼ਿਤ ਹੋਈ ਸੀ ਅਤੇ ਚੌਦਾਂ ਲੋਕਾਂ ਵਿਚ ਪਸਰ ਗਈ ਸੀ॥ ੩॥

ਸੰਤ ਚਕੋਰ ਰਿਦੇ ਹਰਖਾਏ। ਦੰਭ ਦੁਹਾਗਨਿ ਕੋ ਦੁਖਦਾਏ।
ਨਿੰਦਕ ਚਕਵੇ ਪੀਰਾ ਪਾਈ। ਉਡਗਨ ਸਿੱਖਨ ਸਹਤ ਸੁਹਾਈ॥ ੪॥

ਸੰਤਾਂ ਦੇ ਚਕੋਰ ਵਾਂਗ ਹਿਰਦੇ ਪ੍ਰਸੰਨ ਹੋ ਗਏ। ਦੰਭੀ ਰੂਪ ਦੁਹਾਗਣਾਂ ਨੂੰ ਦੁੱਖ ਦੇਣ ਵਾਲੇ ਸਨ। ਚਕਵੇ ਰੂਪ ਨਿੰਦਕ ਨੂੰ ਪੀੜਤ ਕਰਦੇ ਸਨ। ਤਾਰਿਆਂ ਰੂਪੀ ਸਿੱਖਾਂ ਸਹਿਤ ਸ਼ੋਭਾ ਪਾ ਰਹੇ ਸਨ॥ ੪॥

ਹਿੰਦੂ ਤੁਰਕ ਅਧਿਕ ਚਲਿ ਆਵਹਿਂ। ਸ੍ਰੀ ਨਾਨਕ ਕੇ ਚਰਨ ਮਨਾਵਹਿਂ।
ਏਕ ਮੁਰੀਦ, ਸਿੱਖ ਇਕ ਹੋਵਹਿਂ। ਦਰਸ਼ਨ ਪਰਸਤਿ ਕਲਮਲ ਖੋਵਹਿਂ॥੫॥

ਬਹੁਤ ਹਿੰਦੂ ਮੁਸਲਮਾਨ ਚਲ ਕੇ ਆ ਰਹੇ ਸਨ। ਗੁਰੂ ਨਾਨਕ ਜੀ ਦੇ ਚਰਨਾਂ ਦੀ ਪੂਜਾ ਕਰਦੇ ਸਨ। ਕੁਝ ਮਰੀਦ ਹੁੰਦੇ ਸਨ ਅਤੇ ਕੁਝ ਸਿੱਖ ਹੋ ਜਾਂਦੇ ਸਨ। ਦਰਸ਼ਨ ਦੀਦਾਰ ਕਰਕੇ ਪਾਪਾਂ ਦਾ ਨਾਸ਼ ਕਰਦੇ ਸਨ॥ ੫॥

ਗ੍ਰਾਮ ਨਗਰ ਰਹਿਹੀਂ ਨਰ ਜੇਤੇ। ਸ੍ਰੀ ਗੁਰ ਕੀਰਤਿ ਕਰਿਹੀਂ ਤੇਤੇ।
ਬ੍ਰਹਮਚਾਰੀ ਬੈਰਾਗੀ ਜੋਊ। ਜੋਗੀ ਸੰਨਿਆਸੀ ਹ੍ਵੈ ਕੋਊ॥ ੬॥

ਪਿੰਡਾਂ ਸ਼ਹਿਰਾਂ ਵਿਚ ਜਿੰਨੇ ਵੀ ਲੋਕ ਰਹਿੰਦੇ ਸਨ, ਸਾਰੇ ਹੀ ਗੁਰੂ ਜੀ ਦਾ ਜਸ ਗਾਉਂਦੇ ਸਨ। ਬ੍ਰਹਮਚਾਰੀ, ਬੈਰਾਗੀ, ਜੋਗੀ ਅਤੇ ਜਿਹੜੇ ਸੰਨਿਆਸੀ ਹੋਏ ਸਨ॥ ੬॥

ਨੀਚ ਕਿ ਊਚ ਰਾਇ ਕੈ ਰੰਕਾ। ਸੁਜਸ ਉਚਾਰਹਿਂ ਸਭਿ ਅਕਲੰਕਾ।
ਪੰਡਤ ਅਪਰ ਅਪੰਡਤ ਜਹਿਂ ਤਹਿਂ। ਸ੍ਰੀ ਗੁਰ ਕੀਰਤਿ ਕਰਿਹੀਂ ਮਹਿ ਮਹਿਂ॥੭॥

ਨੀਚ ਊਚ, ਰਾਜਾ ਕਿ ਪਰਜਾ, ਸਾਰੇ ਗੁਰੂ ਜੀ ਦਾ ਜਸ ਉਚਾਰਨ ਕਰਦੇ ਸਨ। ਪੰਡਿਤ ਅਤੇ ਅਨਪੜ੍ਹ ਲੋਕ ਜਿੰਨੇ ਵੀ ਸਨ, ਗੁਰੂ ਜੀ ਦੀ ਧਰਤੀ ਤੇ ਮਹਿਮਾ ਕਰਦੇ ਸਨ॥ ੭॥

ਪੁਰਿ ਕਰਤਾਰ ਵਿਖੇ ਨਰ ਨਾਰੀ। ਰਹੈ ਸਦੀਵ ਭੀਰ ਭਰਿ ਭਾਰੀ।
ਸਵਾਜਾਮ ਨਿਸਿ ਰਹੇ ਸਦਾਈ। ਹੋਤਿ ਕੀਰਤਨ ਸਭਿ ਸੁਖਦਾਈ॥੮॥

ਕਰਤਾਰਪੁਰ ਵਿਖੇ ਔਰਤਾਂ ਮਰਦ ਸਦਾ ਹੀ ਵਡੀ ਗਿਣਤੀ ਵਿਚ ਆਉਂਦੇ ਸਨ। ਸਦਾ ਹੀ ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਸੁਖ ਦੇਣ ਵਾਲਾ ਕੀਰਤਨ ਅਰੰਭ ਹੋ ਜਾਂਦਾ ਸੀ॥ ੮॥

ਪਹਿਰ ਨਿਸਾ ਸੋਂ ਸੰਗਤ ਮੇਲਾ। ਸਬਦਿ ਬਿਚਾਰਨ ਹੋਤਿ ਸੁਹੇਲਾ।
ਏਕ ਬਾਲ ਕੋ, ਕਿਰਤਨ ਕਾਲਾ। ਸੁਨਤਿ ਰਹੈ ਕਰ ਪ੍ਰੇਮ ਬਿਸ਼ਾਲਾ॥੯॥

ਪਹਿਰ ਰਾਤ ਰਹਿੰਦਿਆਂ ਸੰਗਤ ਜੁੜ ਜਾਂਦੀ ਸੀ ਤੇ ਗੁਰੂ ਜੀ ਸ਼ਬਦ ਦੀ ਸੁਖਦਾਇਕ ਕਥਾ ਕਰਦੇ ਸਨ। ਉਸ ਸਮੇਂ ਇਕ ਬਾਲਕ ਕੀਰਤਨ ਵੇਲੇ ਆਇਆ ਕਰਦਾ ਸੀ ਅਤੇ ਬੜੇ ਪ੍ਰੇਮ ਨਾਲ ਕੀਰਤਨ ਸੁਣਿਆ ਕਰਦਾ ਸੀ॥ ੯॥

ਪ੍ਰਭੁ ਪੀਛੇ ਠਾਢੇ ਹ੍ਵੈ ਸੋਇ। ਭੋਗ ਕੀਰਤਨ ਕੋ ਜਬ ਹੋਇ।
ਬੰਦਨ ਕਰਿਕੈ ਸਦਨ ਸਿਧਾਵੈ। ਇਮਿ ਬਿਧਿ ਨਿਤਾਪ੍ਰੋਤਿ ਸੋ ਆਵੈ॥੧੦॥

ਜਦ ਕੀਰਤਨ ਦਾ ਭੋਗ ਪੈਂਦਾ ਸੀ ਤਾਂ ਉਹ ਗੁਰੂ ਜੀ ਦੇ ਪਿੱਛੇ ਖੜਾ ਹੋ ਜਾਂਦਾ ਸੀ। ਫਿਰ ਗੁਰੂ ਜੀ ਨੂੰ ਬੰਦਨਾ ਕਰਕੇ ਉਹ ਆਪਣੇ ਘਰ ਨੂੰ ਚਲਾ ਜਾਂਦਾ ਸੀ। ਇਸ ਤਰ੍ਹਾਂ ਨਿਤਾਪ੍ਰਤੀ ਉਹ ਆਉਂਦਾ ਸੀ॥ ੧੦॥

ਇਕ ਦਿਨ ਸ੍ਰੀ ਗੁਰ ਬੈਨ ਬਖਾਨੇ। 'ਬਾਰਿਕ ਕੋ ਘਰੁ ਦੇਹੁ ਨ ਜਾਨੇ'।
ਸਿਖਨ ਗਹਿ ਕੈ ਤਿਹ ਤਤਕਾਲਾ। ਠਾਂਢੇ ਕੀਨ ਹਦੂਰ ਕ੍ਰਿਪਾਲਾ॥੧੧॥

ਇਕ ਦਿਨ ਗੁਰੂ ਜੀ ਨੇ ਕਿਹਾ, "ਇਸ ਬਾਲਕ ਨੂੰ ਅਜ ਘਰ ਨਾ ਜਾਣ ਦੇਵੋ।" ਸਿੱਖਾਂ ਨੇ ਉਸੇ ਵੇਲੇ ਉਸ ਨੂੰ ਫੜ ਲਿਆ ਅਤੇ ਕਿਰਪਾਲੂ ਗੁਰੂ ਜੀ ਅੱਗੇ ਖੜਾ ਕਰ ਦਿੱਤਾ॥ ੧੧॥

ਦੋਹਰਾ- ਬਾਲਿਕ ਕੋ ਬੂਝਨ ਕਿਯੋ 'ਕਿਉਂ ਨਿੰਦ੍ਰਾ ਕੋ ਤਜਾਗਿ॥
ਸਵਾਜਾਮ ਨਿਸ ਰਹੇ ਤੇ ਕਰਿ ਆਵਤਿ ਅਨੁਰਾਗ?॥ ੧੨॥

ਗੁਰੂ ਜੀ ਨੇ ਬਾਲਕ ਨੂੰ ਪੁਛਿਆ, "ਕਿਉਂ ਨੀਂਦ ਛੱਡ ਕੇ ਸਵਾ ਪਹਿਰ ਰਾਤ ਰਹਿੰਦਿਆਂ ਪ੍ਰੇਮ ਕਰਕੇ ਆਉਂਦਾ ਹੈ?॥ ੧੨॥

ਚੌਪਈ- ਹਾਸ ਖੇਲ ਪੁਨ ਸਵਣ ਸੁਖਾਰੇ। ਬਾਲ ਬੈਸ ਮਹਿ ਇਨ ਸੋਂ ਪਜਾਰੇ।
ਸੋ ਤਜਿ ਕੇ ਸਤਿਸੰਗਤਿ ਮਾਂਹੀ। ਆਵਤਿ ਵਖਤਿ ਘੁਸਾਵਤ ਨਾਂਹੀ' ॥੧੩॥

ਹਸਣਾ ਖੇਡਣਾ ਅਤੇ ਸੌਣਾ ਸੌਖਾ ਕੰਮ ਹੈ, ਬਾਲਾਂ ਵਿਚ ਬੈਠ ਕੇ ਉਨ੍ਹਾਂ ਨਾਲ ਪਿਆਰ ਨਹੀਂ ਕਰਦਾ। ਉਨ੍ਹਾਂ ਨੂੰ ਛੱਡ ਸਤਿਸੰਗਤ ਵਿਚ ਆਉਂਦਾ ਹੈਂ, ਨਿੱਤ ਆਉਂਦਾ ਹੈ ਅਤੇ ਕਦੇ ਵੀ ਵੇਲਾ ਘੁਸਾਉਂਦਾ ਨਹੀਂ॥ ੧੩॥

ਬਾਲਕ ਤਬਹੀ ਦ੍ਵੈ ਕਰ ਜੋਰੇ। ਕਹਿਨ ਲਗ੍ਯੋ 'ਸੁਨੀਏ ਪ੍ਰਭੁ ਮੋਰੇ!।
ਇਕ ਦਿਨ ਮਾਤਾ ਮੋਹਿ ਪਠਾਯਾ। ਹਿਤ ਅਹਾਰ ਪਾਵਕ ਮੰਗਵਾਯਾ ॥੧੪॥

ਤਦ ਬਾਲਕ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਹੇ ਮੇਰੇ ਪ੍ਰਭੂ! ਸੁਣੋ, ਇਕ ਦਿਨ ਮੇਰੀ ਮਾਂ ਨੇ ਭੋਜਨ ਤਿਆਰ ਕਰਨ ਵਾਸਤੇ ਮੈਨੂੰ ਅੱਗ ਲਿਆਉਣ ਵਾਸਤੇ ਭੇਜਿਆ॥ ੧੪॥

ਬਹੁਰੋ ਮੁਝ ਤੇ ਜਾਇ ਨ ਬਾਰੀ। ਤਬ ਮਾਤਾ ਅਸ ਗਿਰਾ ਉਚਾਰੀ।
ਛੋਟੀ ਸਮਧਾ ਊਪਰ ਪਾਇ। ਤਿਨ ਪਰ ਦੀਰਘ ਦੀਜੈ ਲਾਇ॥ ੧੫॥

ਫਿਰ ਜਦ ਮੈਂ ਅੱਗ ਨੂੰ ਬਾਲਣ ਲੱਗਾ ਤਾਂ ਅੱਗ ਮੈਥੋਂ ਬਾਲੀ ਨਾ ਜਾਏ। ਤਦ ਮੇਰੀ ਮਾਤਾ ਨੇ ਇਸ ਤਰ੍ਹਾਂ ਕਿਹਾ, "ਛੋਟੀਆਂ ਛੋਟੀਆਂ ਲੱਕੜਾਂ ਅੰਗਿਆਰੀ ਤੇ ਪਾਉ ਤੇ ਵਡੀਆਂ ਲੱਕੜਾਂ ਇਸ ਦੇ ਉੱਪਰ ਰੱਖੋ॥ ੧੫॥

ਸੁਨਿਕੈ ਸੀਖ ਬਾਰ ਮੈਂ ਦੀਨੀ। ਪਿਖਿ ਗਿਨਤੀ ਉਰਭਈ ਨਵੀਨੀ।
ਅਗਨਿ ਕਾਲ ਕੋ ਏਕ ਸੁਭਾਉ। ਛੋਟਾ ਬਡਾ ਨ ਜਾਨਤਿ ਕਾਉ ॥੧੬॥

ਇਹ ਸਿਖਿਆ ਸੁਣ ਕੇ ਮੈਂ ਅੱਗ ਬਾਲ ਦਿੱਤੀ, ਇਹ ਵੇਖ ਕੇ ਮੇਰੇ ਮਨ ਵਿਚ ਇਕ ਨਵਾਂ ਵਿਚਾਰ ਆਇਆ ਕਿ ਅੱਗ ਅਤੇ ਮੌਤ ਦਾ ਇਕੋ ਸੁਭਾਅ ਹੈ, ਇਹ ਕਿਸੇ ਨੂੰ ਛੋਟਾ ਵੱਡਾ ਨਹੀਂ ਜਾਣਦੀ॥ ੧੬॥

ਇਕ ਸਮ ਸਭਿ ਕੋ ਖਾਇ ਸੁ ਜਾਈ। ਨਹਿੰ ਕੈਸੇ ਹੂੰ ਹੋਤਿ ਬਚਾਈ।
ਤੁਮਰੇ ਦਰਸ਼ਨ ਕੇਰ ਪ੍ਰਭਾਵਾ। ਅਸ ਬਿਚਾਰ ਮੇਰੇ ਮਨ ਆਵਾ॥ ੧੭॥

ਇਹ ਸਾਰਿਆਂ ਨੂੰ ਇਕ ਬਰਾਬਰ ਖਾ ਜਾਂਦੀ ਹੈ, ਇਸ ਤੋਂ ਕਿਸੇ ਤਰ੍ਹਾਂ ਵੀ ਬਚਾਉ ਨਹੀਂ ਹੋ ਸਕਦਾ। ਤੁਹਾਡੇ ਦਰਸ਼ਨਾਂ ਦਾ ਪ੍ਰਭਾਵ ਕਰਕੇ, ਇਸ ਤਰ੍ਹਾਂ ਵਿਚਾਰ ਮੇਰੇ ਮਨ ਵਿਚ ਆਇਆ ਹੈ॥ ੧੭॥

ਸੰਗ ਮਾਤ ਕੇ ਅਸ ਮੈਂ ਪ੍ਰਾਹੀ। ਤਰੁਨ ਬੈਸ ਹੋਵੋਂ ਕੈ ਨਾਂਹੀ।
ਕੋ ਜਾਨੈ ਲਘੁ ਹੀ ਮਰਿ ਜਾਵੋਂ। ਤਾਂਤੇ ਸ਼੍ਰੀ ਪ੍ਰਭੁ ਕੇ ਗੁਨ ਗਾਵੋਂ॥ ੧੮॥

ਮੈਂ ਆਪਣੀ ਮਾਤਾ ਨੂੰ ਇਸ ਤਰ੍ਹਾਂ ਕਿਹਾ ਕਿ ਕੀ ਪਤਾ ਮੈਂ ਜਵਾਨ ਹੋਵਾਂ ਕਿ ਨਾ, ਕੌਣ ਜਾਣਦਾ ਹੈ ਕਿ ਮੈਂ ਛੋਟੀ ਉਮਰ ਵਿਚ ਹੀ ਮਰ ਜਾਵਾਂ, ਇਸ ਕਰਕੇ ਹੁਣ ਤੋਂ ਹੀ ਪ੍ਰਭੂ ਦੇ ਗੁਣ ਗਾਉਣੇ ਚਾਹੀਦੇ ਹਨ॥ ੧੮॥

ਜਾਨਿ ਕਾਲ ਕੋ ਡਰ ਸਿਰ ਭਾਰੀ। ਪਰਜੋ ਰਹੋਂ ਮੈਂ ਸ਼ਰਨ ਤੁਮਾਰੀ।
ਤਜਿਕੈ ਨੀਂਦ ਸੁਨੋਂ ਪ੍ਰਭੁ ਗਾਥਾ। ਅਸ ਕਹਿ ਪੁਨ ਬੰਦੇ ਜਗਨਾਥਾ॥ ੧੯॥

ਮੌਤ ਦਾ ਵੱਡਾ ਡਰ ਜਾਣ ਕੇ ਮੈਂ ਤੁਹਾਡੀ ਸ਼ਰਨ ਵਿਚ ਆ ਕੇ ਪਿਆ ਹਾਂ, ਇਸ ਤਰ੍ਹਾਂ ਨੀਂਦ ਛੱਡ ਕੇ ਪ੍ਰਭੂ ਦੀ ਕਥਾ ਸੁਣਦਾ ਹਾਂ। ਇਹ ਕਹਿ ਕੇ ਉਸ ਫਿਰ ਗੁਰੂ ਜੀ ਨੂੰ ਬੰਦਨਾ ਕੀਤੀ॥ ੧੯॥

ਤਿਹ ਛਿਨ ਸੰਗਤਿ ਸੁਨਿ ਸਿਸ ਬਾਨੀ। ਸਰਬ ਰਹੀ ਹਿਰਦੇ ਬਿਸਮਾਨੀ।
ਅਲਪ ਬੈਸਿ ਸਤਿਸੰਗ ਮਝਾਰੀ। ਨਿਰਮਲ ਕੀਨੀ ਸੁਮਤਿ ਬਿਚਾਰੀ॥ ੨੦॥

ਉਸ ਵੇਲੇ ਸਾਰੀ ਸੰਗਤ ਬਾਲਕ ਦੀ ਇਹ ਗੱਲ ਸੁਣ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਈ। ਛੋਟੀ ਉਮਰ ਵਿਚ ਸਤਿਸੰਗਤ ਵਿਚ ਬੈਠ ਕੇ ਸ੍ਰੇਸ਼ਟ ਮੱਤ ਵਿਚਾਰ ਕੇ ਨਿਰਮਲ ਕੀਤੀ ਹੈ॥ ੨੦॥

ਦੇਖਿ ਜਗਤ ਧੰਧੈ ਲਪਟਾਯੋ। ਮਾਯਾ ਮੋਹ ਸਰਬ ਬਿਰਮਾਯੋ।
ਦੇਨੇ ਹੇਤ ਭਲੋ ਉਪਦੇਸ਼ਾ। ਭਨਜੋ ਸ਼ਬਦ ਤਬ ਸ੍ਰੀ ਜਗਤੇਸ਼ਾ॥ ੨੧॥

ਇਹ ਵੇਖ ਕੇ ਕਿ ਸਾਰਾ ਜਗਤ ਧੰਦਿਆਂ ਵਿਚ ਫਸਿਆ ਹੋਇਆ ਹੈ ਅਤੇ ਮਾਇਆ ਦੇ ਮੋਹ ਵਿਚ ਸਾਰੇ ਜਕੜੇ ਹੋਏ ਹਨ। ਚੰਗਾ ਉਪਦੇਸ਼ ਦੇਣ ਵਾਸਤੇ ਗੁਰੂ ਜੀ ਇਕ ਸ਼ਬਦ ਦਾ ਉਚਾਰਨ ਕੀਤਾ॥ ੨੧॥

*ਸਲੋਕੁ ਮ: ੧॥*

*ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ॥*
*ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ॥*
*ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ॥*
*ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ॥ ੨॥* (ਪੰਨਾ ੯੫੫)

ਨਾਨਕ ਇਹ ਪ੍ਰਾਣੀ ਮਛਲੀ ਹੈ ਅਤੇ ਮੌਤ ਇਕ ਲਾਲਚੀ ਮਛੇਰਾ ਹੈ। ਅੰਨ੍ਹਾ ਇਨਸਾਨ ਖਿਆਲ ਨਹੀਂ ਕਰਦਾ, ਅਚਾਨਕ ਹੀ ਮੌਤ ਦਾ ਫੰਦਾ ਆ ਪੈਂਦਾ ਹੈ। ਹੇ ਨਾਨਕ ! ਆਤਮਾ ਗਾਫਲ ਹੈ ਅਤੇ ਫਿਕਰ ਚਿੰਤਾ ਨਾਲ ਬੱਝੀ ਹੋਈ ਇਹ ਚਲੀ ਜਾਵੇਗੀ। ਜੇ ਪ੍ਰਭੂ ਆਪਣੀ ਮਿਹਰ ਦੀ ਨਜ਼ਰ ਕਰੇ ਤਾਂ ਉਹ ਆਤਮਾ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ॥ ੨॥

ਦੋਹਰਾ-ਸੁਨਿ ਸਭਿ ਨਰ ਗੁਰ ਕੇ ਬਚਨ ਭਏ ਭਜਨ ਰਤਿ ਸੋਇ।
ਆਤਮ ਗਜਾਨ ਬਿਚਾਰਹੀ ਜਿਸਤੇ ਸਭਿ ਸੁਖ ਹੋਇ॥ ੨੨॥

ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਮਨੁੱਖ ਭਜਨ ਨਾਲ ਪ੍ਰੀਤ ਕਰਨ ਵਾਲੇ ਹੋ ਗਏ। ਆਤਮ ਗਿਆਨ ਵਿਚਾਰਦੇ ਹਨ ਜਿਸ ਤੋਂ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ॥ ੨੨॥

ਚੌਪਈ- ਕ੍ਰਿਪਾ ਦ੍ਰਿਸ਼ਟਿ ਕਰਿ ਇਉਂ ਜਗ ਸਾਈਂ। ਮਨੁਜ ਅਨੇਕਨ ਭਗਤਿ ਦ੍ਰਿੜਾਈ।
ਇਕ ਦਿਨ ਬੈਠੇ ਜਲਧਿ ਬਿਬੇਕੂ। ਮੂਲਾ ਕੀੜ ਨਾਮ ਨਰ ਏਕੂ॥ ੨੩॥

ਗੁਰੂ ਜੀ ਨੇ ਇਸ ਤਰ੍ਹਾਂ ਕਿਰਪਾ ਦ੍ਰਿਸ਼ਟੀ ਕਰਕੇ ਅਨੇਕਾਂ ਲੋਕਾਂ ਨੂੰ ਭਗਤੀ ਦ੍ਰਿੜ੍ਹ ਕਰਵਾਈ। ਇਕ ਦਿਨ ਗਿਆਨ ਦੇ ਸਮੁੰਦਰ ਬੈਠੇ ਹੋਏ ਸਨ। ਮੂਲਾ ਕੀੜ ਨਾਂ ਦਾ ਓਥੇ ਇਕ ਵਿਅਕਤੀ ਰਹਿੰਦਾ ਸੀ॥ ੨੩॥

ਗੁਰ ਸਮੀਪ ਚਲਿ ਕੈ ਸੋ ਆਯੋ। ਸ਼ਾਂਤਿ ਭਈ ਮਨ ਦਰਸ਼ਨ ਪਾਯੋ।
ਉਰ ਬਿਕਾਰ ਸਭਿ ਨਾਸੇ ਐਸੇ। ਪਾਵਸ ਹੋਤਿ ਜਵਾਸੋ ਜੈਸੇ॥ ੨੪॥

ਉਹ ਗੁਰੂ ਜੀ ਪਾਸ ਚਲ ਕੇ ਆਇਆ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਦਾ ਮਨ ਸ਼ਾਂਤ ਹੋ ਗਿਆ। ਹਿਰਦੇ ਵਿਚੋਂ ਵਿਕਾਰਾਂ ਦਾ ਇਸ ਤਰ੍ਹਾਂ ਨਾਸ਼ ਹੋ ਗਿਆ, ਜਿਸ ਤਰ੍ਹਾਂ ਬਰਸਾਤ ਵਿਚ ਜਵਾਹਾਂ ਦਾ ਨਾਸ਼ ਹੁੰਦਾ ਹੈ॥ ੨੪॥

ਬੰਦਿ ਹਾਥ ਬੋਲਯੋ 'ਇਹ ਅਰਥਾ। ਮੋਹਿ ਬਤਾਵਹੁ ਪ੍ਰਭੂ ਸਮਰਥਾ: ।
ਚੰਚਲ ਚੀਤ ਨ ਜਾਇ ਤਮਾਸ਼ੇ। ਜੂਏ ਜਾਇ ਨ ਖੇਲੇ ਪਾਸੇ' ॥ ੨੫ ॥

ਹੱਥ ਜੋੜ ਕੇ ਬੋਲਿਆ, "ਹੇ ਸਮਰਥ ਪ੍ਰਭੂ ਜੀ! ਮੈਨੂੰ ਇਹ ਗੱਲ ਸਮਝਾਵੋ। ਚਿੱਤ ਦੀ ਚੰਚਲਤਾ ਦੂਰ ਨਹੀਂ ਹੁੰਦੀ ਤੇ ਇਹ ਦੁਨਿਆਵੀ ਤਮਾਸ਼ਿਆਂ ਵਿਚ ਉਲਝੀ ਹੋਈ ਹੈ। ਮਨ ਜੂਆ ਖੇਡਣ ਜਾਣ ਤੋਂ ਰੁਕਦਾ ਨਹੀਂ ਤੇ ਕਿਸੇ ਹੋਰ ਪਾਸੇ ਲੱਗਦਾ ਨਹੀਂ' ॥ ੨੫॥

ਪਾਰਬ੍ਰਹਮ ਸੁਨਿਕੈ ਗੁਨ ਖਾਨੀ। ਕ੍ਰਿਪਾ ਦ੍ਰਿਸ਼ਟਿ ਪਿਖਿ ਬੋਲੇ ਬਾਨੀ।
'ਪੂਰਬ ਜੁਗ ਜੋ ਬੀਤ ਗਏ ਹੈਂ। ਤਿਨ ਮਹਿਂ ਭੂਪ ਅਨੇਕ ਭਏ ਹੈਂ ॥੨੬ ॥

ਇਹ ਸੁਣ ਕੇ ਗੁਣਾਂ ਦੀ ਖਾਣ ਪਾਰਬ੍ਰਹਮ ਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਸ ਵੱਲ ਵੇਖਿਆ ਤੇ ਬੋਲੇ, "ਪਹਿਲੇ ਜੁਗ ਜੋ ਬੀਤ ਗਏ ਹਨ, ਉਨ੍ਹਾਂ ਵਿਚ ਅਨੇਕ ਰਾਜੇ ਹੋਏ ਹਨ॥ ੨੬॥

ਮਨ ਚੰਚਲ ਵੇਸ਼੍ਵਾ ਜਬ ਪੇਖੀ। ਕਾਮ ਕੇਲ ਹ੍ਵੈ ਚਾਇ ਬਿਸ਼ੇਖੀ।
ਰੋਕਯੋ ਰੁਕਤਿ ਨ ਕਿਸੂ ਪ੍ਰਕਾਰਾ। ਮਿਲਿ ਤਿਹ ਅਪਨ ਜਨਮ ਜਗ ਹਾਰਾ ॥੨੭ ॥

ਉਨ੍ਹਾਂ ਦੇ ਚੰਚਲ ਮਨ ਜਦ ਵੀ ਵੇਸਵਾ ਵੇਖਦੇ ਤਾਂ ਬੜੇ ਚਾਹ ਨਾਲ ਕਾਮ ਕਲੋਲਾਂ ਕਰਦੇ ਸਨ। ਰੋਕਿਆ ਉਹ ਕਿਸੇ ਪ੍ਰਕਾਰ ਵੀ ਨਹੀਂ ਰੁਕਦੇ ਸਨ। ਇਸ ਤਰ੍ਹਾਂ ਮਿਲਿਆ ਹੋਇਆ ਜਨਮ ਜੱਗ ਵਿਚ ਹੀ ਹਾਰ ਜਾਂਦੇ ਸਨ॥ ੨੭॥

ਧਰਮ ਛੀਨ ਹ੍ਵੈ ਪਾਇ ਸਜਾਈ। ਪਰਯੋ ਨਰਕ ਮਹਿਂ ਬਹੁ ਬਿਲਲਾਈ।
ਯਾਂਤੇ ਤਿਹ ਕੋ ਦੇਖਹਿ ਨਾਂਹੀ। ਸਮਾਂ ਬਿਤਾਵਹਿਂ ਸਤਿਸੰਗ ਮਾਂਹੀ ॥੨੮ ॥

ਧਰਮ ਗਵਾ ਲੈਂਦੇ ਸਨ ਤੇ ਸਜ਼ਾ ਪਾਉਂਦੇ ਸਨ, ਨਰਕਾਂ ਵਿਚ ਪੈ ਕੇ ਵਿਰਲਾਪ ਕਰਦੇ ਸਨ। ਇਸ ਕਰਕੇ ਵੇਸਵਾ ਨੂੰ ਵੇਖਣਾ ਨਹੀਂ ਚਾਹੀਦਾ ਹੈ। ਸਤਿਸੰਗ ਵਿਚ ਬੈਠ ਕੇ ਸਮਾਂ ਬਤੀਤ ਕਰੋ॥ ੨੮॥

ਖੇਲੇ ਜੂਪ ਭੂਪ ਜੇ ਹੋਏ। ਪਰੀ ਆਪਦਾ ਦਾਰੁਨ ਰੋਏ।
ਇਨ ਕੋ ਤਜਾਗੇ ਜੋ ਸਿਖ ਹੋਇ। ਸੁਖ ਪਾਵਹਿ ਮਾਨਹਿ ਬਚ ਜੋਇ ॥੨੯ ॥

ਜਿਹੜਾ ਰਾਜਾ ਹੋ ਕੇ ਜੂਆ ਖੇਡਦਾ ਹੈ, ਭਿਆਨਕ ਸੰਕਟ ਵਿਚ ਫਸ ਕੇ ਰੋਂਦਾ ਹੈ। ਜਿਹੜਾ ਸਿੱਖ ਹੋ ਕੇ ਇਨ੍ਹਾਂ ਨੂੰ ਛੱਡ ਦਿੰਦਾ ਹੈ, ਬਚਨ ਮਨ ਕੇ ਉਹ ਸੁੱਖ ਪਾਉਂਦਾ ਹੈ॥ ੨੯॥

ਅਬ ਆਯੋ ਕਲਿਜੁਗ ਕੋ ਕਾਲਾ। ਗੁਰ ਸਿਖੀ ਪ੍ਰਗਟਾਈ ਚਾਲਾ।
ਸ਼ਬਦ ਪ੍ਰੇਮ ਕਰਿਕੈ ਮੁਖ ਗਾਵੈਂ। ਧਰਮ ਕ੍ਰਿੱਤ ਕਰਿ ਕੈ ਵੰਡ ਖਾਵੈਂ ॥੩੦ ॥

ਹੁਣ ਕਲਿਯੁਗ ਦਾ ਸਮਾਂ ਆਇਆ ਹੈ। ਗੁਰਸਿੱਖਾਂ ਦੇ ਵਰਤੋਂ ਦੇ ਕਰਮਾਂ ਦਾ ਤਰੀਕਾ ਪ੍ਰਗਟ ਹੋਇਆ ਹੈ। ਸ਼ਬਦ ਨੂੰ ਪ੍ਰੇਮ ਕਰਕੇ ਮੁੱਖ ਨਾਲ ਗਾਉਂਦੇ ਹਨ। ਧਰਮ ਕਿਰਤ ਕਰਕੇ ਵੰਡ ਕੇ ਛੱਕਦੇ ਹਨ॥ ੩੦॥

ਗੁਰ ਸਿੱਖਨ ਕੀ ਸੇਵਾ ਕਰਿਹੀਂ। ਭਾਉ ਧਾਰਿ ਉਰ ਚਰਨ ਪਖਰਿਹੀਂ।
ਨਗਨ ਬਸਤ੍ਰ ਦੇ ਭੋਜਨ ਭੂਖਾ। ਸ਼ਬਦ ਬਿਚਾਰਿ ਲਹੈ ਉਰ ਸੂਖਾ ॥੩੧ ॥

ਗੁਰਸਿੱਖਾਂ ਦੀ ਸੇਵਾ ਕਰਦੇ ਹਨ। ਹਿਰਦੇ ਵਿਚ ਪ੍ਰੇਮ ਕਰਕੇ ਚਰਨ ਧੋਂਦੇ ਹਨ। ਨੰਗਿਆਂ ਨੂੰ ਕਪੜੇ ਦਿੰਦੇ ਹਨ ਅਤੇ ਭੁਖਿਆ ਨੂੰ ਭੋਜਨ ਛਕਾਉਂਦੇ ਹਨ। ਸ਼ਬਦ ਵਿਚਾਰ ਕੇ ਹਿਰਦੇ ਵਿਚ ਸੁੱਖ ਪ੍ਰਾਪਤ ਕਰਦੇ ਹਨ' ॥ ੩੧ ॥

ਦੋਹਰਾ-ਸੁਨਿ ਸ੍ਰੀ ਗੁਰ ਉਪਦੇਸ਼ ਅਸ ਰਿਦੇ ਧਾਰਿ ਦ੍ਰਿੜ ਸੋਇ।
ਤਿਸ ਪ੍ਰਕਾਰ ਕਰਨੇ ਲਗਯੋ ਮਹਾਂ ਪ੍ਰੇਮ ਮੈਂ ਹੋਇ॥ ੩੨॥

ਮੂਲੇ ਕੀੜ ਨੇ ਗੁਰੂ ਜੀ ਦਾ ਅਜੇਹਾ ਉਪਦੇਸ਼ ਸੁਣ ਕੇ ਹਿਰਦੇ ਵਿਚ ਧਾਰਨ ਕਰਕੇ ਦ੍ਰਿੜ੍ਹ ਕਰ ਲਿਆ। ਮਹਾਂ ਪ੍ਰੇਮ ਵਿਚ ਹੋ ਕੇ ਗੁਰੂ ਜੀ ਦੇ ਉਪਦੇਸ਼ ਅਨੁਸਾਰ ਕਰਮ ਕਰਨ ਲੱਗ ਗਿਆ॥ ੩੨॥

ਚੌਪਈ- ਜੋ ਭੂਖਾ ਭੋਜਨ ਤਿਹ ਦੇਈ। ਨਗਨ ਦੇਖਿ ਕਰਿ ਬਸਤ੍ਰ ਉਢੇਹੀ।
ਸਿੱਧ ਸਾਧ ਤਿੰਹ ਘਰ ਬਹੁ ਆਵਹਿਂ। ਰੈਨ ਬਸੇਰਾ ਕਰਿ ਪੁਨ ਜਾਵਹਿਂ॥੩੩॥

ਜਿਹੜਾ ਵੀ ਮਨੁੱਖ ਭੁੱਖਾ ਵੇਖਦਾ ਸੀ ਉਸ ਨੂੰ ਭੋਜਨ ਦਿੰਦਾ ਸੀ, ਨੰਗੇ ਨੂੰ ਵੇਖ ਕੇ ਉਸ ਨੂੰ ਕਪੜੇ ਦਿੰਦਾ ਸੀ। ਸਿੱਧ ਸਾਧ ਉਸ ਦੇ ਘਰ ਬਹੁਤ ਆਉਂਦੇ ਸਨ। ਰਾਤ ਰਹਿ ਕੇ ਫਿਰ ਚਲੇ ਜਾਂਦੇ ਸਨ॥ ੩੩॥

ਏਕ ਦਿਵਸ ਇਕ ਬੰਚਕ ਆਯੋ। ਤਨ ਮੇਂ ਸਿਖ ਕੋ ਬੇਖ ਬਨਾਯੋ।
ਬਾਨੀ ਕੰਠ ਪਢੈ ਕਰਿ ਪ੍ਰੀਤਾ। ਮਨ ਲੋਭੀ ਜਿਹ ਮਤਿ ਵਿੱਪ੍ਰੀਤਾ॥੩੪॥

ਇਕ ਦਿਨ ਇਕ ਠੱਗ ਆਇਆ। ਸਰੀਰ ਤੇ ਉਸ ਸਿੱਖੀ ਦਾ ਭੇਸ ਧਾਰਨ ਕੀਤਾ ਹੋਇਆ ਸੀ। ਬਾਣੀ ਕੰਠ ਕੀਤੀ ਹੋਈ ਸੀ ਅਤੇ ਬੜੀ ਪ੍ਰੀਤ ਨਾਲ ਪੜ੍ਹਦਾ ਸੀ। ਮਨ ਲੋਭੀ ਸੀ, ਜਿਸ ਦੀ ਮੱਤ ਉਲਟੀ ਸੀ॥ ੩੪॥

ਦੋਹਰਾ-ਸੇਵਾ ਕਰੀ ਬਿਭਾਵਰੀ; ਪੁਨ ਮੂਲੇ ਕੀ ਨਾਰਿ।
ਭੂਖਨ ਰਖੇ ਉਤਾਰਿ ਕੈ ਬੰਚਕ ਲਏ ਨਿਹਾਰ॥ ੩੫॥

ਰਾਤ ਨੂੰ ਉਸਦੀ ਬਹੁਤ ਸੇਵਾ ਕੀਤੀ, ਫਿਰ ਮੂਲੇ ਦੀ ਇਸਤਰੀ ਨੇ ਆਪਣੇ ਗਹਿਣੇ ਉਤਾਰ ਕੇ ਇਕ ਥਾਂ ਰੱਖੇ, ਠੱਗ ਨੇ ਗਹਿਣਿਆਂ ਨੂੰ ਵੇਖ ਲਿਆ॥ ੩੫॥

ਚੌਪਈ- ਸੋਇ ਰਹੇ ਜਬਿ ਸਭਿ ਪਹਿਚਾਨੇ। ਸੋ ਭੂਖਨ ਲੀਨੇ ਨਿਜ ਪਾਨੇ।
ਨਿਕਸਨ ਲਗਯੋ ਬਹਿਰ ਕੋ ਧਾਏ। ਤਾਰੋ ਪੋਰ ਪਿਖਯੋ, ਹਟਿ ਆਏ॥੩੬॥

ਜਦ ਉਸ ਵੇਖਿਆ ਕਿ ਘਰ ਦੇ ਸਾਰੇ ਜੀਅ ਸੌਂ ਗਏ ਹਨ, ਉਸ ਗਹਿਣੇ ਆਪਣੇ ਹੱਥ ਵਿਚ ਫੜ ਲਏ। ਫਿਰ ਭੱਜ ਕੇ ਬਾਹਰ ਨੂੰ ਨਿਕਲਣ ਲੱਗਾ। ਜਦ ਦਰਵਾਜ਼ੇ ਨੂੰ ਜੰਦਰਾ ਵੱਜਿਆ ਵੇਖਿਆ ਤਾਂ ਵਾਪਸ ਮੁੜ ਆਇਆ॥ ੩੬॥

ਮੂਲੇ ਕੋ ਕਰ ਸੰਗ ਜਗਾਵਾ। ਕਪਟ ਧਾਰਿਕੈ ਬਚਨ ਅਲਾਵਾ।
'ਜਾਵੌਂ ਵਹਿਰ, ਦੀਜੀ ਐ ਤਾਰੀ। ਹੋਵਤਿ ਸੂਰ ਉਦਰ ਮੁਝ ਭਾਰੀ' ॥੩੭॥

ਮੂਲੇ ਨੂੰ ਹੱਥ ਨਾਲ ਜਗਾਇਆ। ਕਪਟ ਧਾਰਨ ਕਰਕੇ ਬੋਲਿਆ, "ਮੈਂ ਬਾਹਰ ਜਾਣਾ ਹੈ ਚਾਬੀ ਦੇਵੋ, ਮੇਰੇ ਪੇਟ ਵਿਚ ਬਹੁਤ ਪੀੜ ਹੋ ਰਹੀ ਹੈ"॥ ੩੭॥

ਦੋਹਰਾ-ਮੂਲਾ ਬੋਲਯੋ 'ਸੰਤ ਜੀ! ਵਹਿਰ ਤਿਮਰ ਕਿਉਂ ਜਾਤਿ।
ਰਮਨੇ ਬੈਠੋ ਅਜਰ ਮਹਿਂ, ਹੌਂ ਉਚਾਇ ਹੋਂ ਪ੍ਰਾਤ'॥ ੩੮॥

ਮੂਲੇ ਨੇ ਕਿਹਾ, "ਸੰਤ ਜੀ! ਬਾਹਰ ਤੁਸੀਂ ਕਿਉਂ ਜਾਂਦੇ ਹੋ। ਵਿਹੜੇ ਵਿਚ ਜੰਗਲ ਕਰ ਲਵੋ, ਮੈਂ ਸਵੇਰੇ ਉਠਾ ਦੇਵਾਂਗਾ"॥ ੩੮॥

ਚੌਪਈ- ਬੋਲਯੋ ਬੰਚਕ 'ਬਾਹਿਰ ਜਾਊਂ। ਸਦਨ ਵਿਖੈ ਬੈਠਤਿ ਸ਼ਰਮਾਊਂ'।
ਉਠਿ ਕੈ ਮੂਲਾ ਲੈਕਰਿ ਤਾਰੀ। ਆਯੋ ਜਬਿਹੀ ਅਜਰ ਮਝਾਰੀ॥੩੯॥

ਠੱਗ ਨੇ ਕਿਹਾ, "ਮੈਂ ਬਾਹਰ ਜਾਵਾਂਗਾ, ਘਰ ਵਿਚ ਬੈਠਦਿਆਂ ਮੈਨੂੰ ਸ਼ਰਮ ਆਉਂਦੀ ਹੈ। ਜਦ ਮੂਲਾ ਚਾਬੀ ਲੈ ਕੇ ਉਠਿਆ ਅਤੇ ਦਰਵਾਜ਼ੇ ਦੇ ਵਿਚ ਆਇਆ॥ ੩੯॥

ਬੰਚਕ ਕਾਂਖ ਬਿਖੈ ਤੇ ਗਿਰੇ। ਭੂਖਨ, ਪੁਨ ਨ ਉਠਾਇ, ਸੁ ਡਰੇ।
ਮੂਲੇ ਤਬ ਉਠਾਇ ਨਿਜ ਹਾਥਾ। ਦਏ ਤਾਂਹਿ ਕੋ ਤਬਿ ਹਿਤ ਸਾਥਾ॥੪੦॥

ਠੱਗ ਦੀ ਕੱਛ ਵਿਚੋਂ ਸਾਰੇ ਗਹਿਣੇ ਡਿੱਗ ਪਏ, ਡਰਦੇ ਮਾਰੇ ਨੇ ਫਿਰ ਉਨ੍ਹਾਂ ਨੂੰ ਨਾ ਚੁਕਿਆ। ਮੂਲੇ ਨੇ ਫਿਰ ਆਪ ਗਹਿਣੇ ਚੁੱਕੇ ਤੇ ਬੜੇ ਪ੍ਰੇਮ ਨਾਲ ਠੱਗ ਨੂੰ ਦੇ ਦਿੱਤੇ॥ ੪੦॥

ਦੋਹਰਾ- ਤਿਹਕੋ ਵਹਿਰ ਨਿਕਾਸਿਕੈ ਸੋਇ ਰਹਯੋ ਬਿਚ ਧਾਮ।
ਭੀ ਪ੍ਰਭਾਤਿ ਤਿਹ ਥਾਨ ਕੋ ਦੇਖਤਿ ਮੂਲੇ ਬਾਮ॥ ੪੧॥

ਉਸ ਨੂੰ ਬਾਹਰ ਕੱਢ ਕੇ, ਮੂਲਾ ਆਪਣੇ ਘਰ ਵਿਚ ਸੁੱਤਾ ਰਿਹਾ। ਜਦ ਸਵੇਰ ਹੋਈ ਤਾਂ ਉਸ ਦੀ ਪਤਨੀ ਗਹਿਣਿਆਂ ਨੂੰ ਲੱਭਣ ਲੱਗੀ॥ ੪੧॥

ਚੌਪਈ- 'ਭੂਖਨ ਧਰੇ ਨਹੀਂ ਕਿਹ ਥਾਈਂ। ਕਹਾਂ ਗਏ ਕਿਹ ਲੀਨ ਚੁਰਾਈ?'
ਮੂਲਾ ਕਹੈ ਰੈਨ ਘਰ ਮਾਂਹੀ। ਤਸਕਰ ਲਗੇ ਨ ਜਾਨੇ ਜਾਈ॥ ੪੨॥

ਮੈਂ ਏਥੇ ਗਹਿਣੇ ਰੱਖੇ ਸਨ, ਪਰ ਉਹ ਹੁਣ ਕਿਸੇ ਥਾਂ ਵੀ ਨਹੀਂ ਹਨ। ਕਿਥੇ ਗਏ? ਜਾਂ ਕਿਸੇ ਚੋਰੀ ਕਰ ਲਏ ਹਨ। ਮੂਲੇ ਕਿਹਾ ਕਿ ਰਾਤ ਨੂੰ ਘਰ ਚੋਰ ਲੱਗੇ ਹਨ, ਪਰ ਸਾਨੂੰ ਪਤਾ ਨਹੀਂ ਲੱਗਾ॥ ੪੨॥

ਲੈ ਗਮਨੇ ਭੂਖਨ ਕੋ ਸੋਈ॥ ਬਿਨ ਜਾਗੇ ਤੇ ਅਸ ਗਤਿ ਹੋਈ।
ਨਿਸਾ ਹਮਾਰੇ ਘਰ ਸਿਖ ਜੋਊ। ਉਠਿ ਕਰਿ ਗਯੋ ਸੁ ਲੱਜਿਤ ਹੋਊ॥੪੩॥

ਉਹ ਹੀ ਗਹਿਣੇ ਲੈ ਕੇ ਚਲੇ ਗਏ ਹਨ, ਜਾਗਣ ਤੋਂ ਬਗੈਰ ਇਹ ਹਾਲਤ ਹੁੰਦੀ ਹੈ। ਰਾਤ ਨੂੰ ਜਿਹੜਾ ਸਿੱਖ ਸਾਡੇ ਘਰ ਠਹਿਰਿਆ ਸੀ, ਉਹ ਸ਼ਰਮਿੰਦਾ ਹੋਣ ਤੋਂ ਡਰਦਾ ਚਲਾ ਗਿਆ ਹੈ॥ ੪੩॥

ਦੋਹਰਾ- ਸਭਿ ਦੇਵਹਿੰਗੇ ਦੋਸ਼ ਮੁਝ ਅਸ ਜਾਨੀਂ ਮਨ ਮਾਂਹਿ।
ਗਯੋ ਬਡੀ ਭੁਨਸਾਰ ਤੇ, ਸਿੱਖ ਦੋਸ਼ ਕਛੁ ਨਾਂਹਿ'॥ ੪੪॥

ਸਾਰੇ ਮੈਨੂੰ ਹੀ ਦੋਸ਼ ਦੇਣਗੇ, ਇਸ ਤਰ੍ਹਾਂ ਮਨ ਵਿਚ ਉਸ ਵਿਚਾਰਿਆ ਹੈ। ਉਹ ਸਿੱਖ ਬੜਾ ਤੜਕੇ ਚਲਾ ਗਿਆ ਹੈ, ਉਸ ਦਾ ਕੋਈ ਕਸੂਰ ਨਹੀਂ ਹੈ॥ ੪੪॥

ਚੌਪਈ- ਨਿਜ ਤਿਯ ਕੋ ਭੂਖਨ ਘਰਿਵਾਏ। ਔਰ ਹਰਖ ਹਿਤ ਤਤਛਿਨ ਪਾਏ।
ਕਿਤਿਕ ਦਿਵਸ ਮਹਿਂ ਪ੍ਰਭੁ ਢਿਗ ਆਯੋ। ਨਮਸਕਾਰ ਕਰਿ ਦਰਸ਼ਨ ਪਾਯੋ॥੪੫॥

ਆਪਣੀ ਇਸਤਰੀ ਦੇ ਹੋਰ ਗਹਿਣੇ ਘੜਵਾਏ, ਉਸ ਦੀ ਖੁਸ਼ੀ ਵਾਸਤੇ ਉਸ ਨੂੰ ਤੁਰੰਤ ਪਵਾ ਦਿੱਤੇ। ਕਈ ਦਿਨਾਂ ਬਾਅਦ ਜਦ ਗੁਰੂ ਜੀ ਪਾਸ ਆਇਆ, ਨਮਸ਼ਕਾਰ ਕਰਕੇ ਦਰਸ਼ਨ ਕੀਤੇ॥ ੪੫॥

ਕ੍ਰਿਪਾਨਿਧਾਨ ਕਹਯੋ 'ਸੁਨਿ ਮੂਲਾ!। ਰਿਦਾ ਤੋਰ ਸਿੱਖੀ ਅਨਕੂਲਾ।
ਮਮ ਪਰਦਾ ਤੈਂ ਢਕਯੋ ਬਨਾਈ। ਤੇਰੋ ਢਕਿ ਹੈ ਗੁਰੂ ਸਦਾਈ॥੪੬॥

ਗੁਰੂ ਜੀ ਨੇ ਕਿਹਾ, "ਹੇ ਮੂਲੇ! ਸੁਣ, ਤੇਰਾ ਹਿਰਦਾ ਸਿੱਖੀ ਅਨਕੂਲ ਹੈ। ਮੇਰਾ ਪੜਦਾ ਤੂੰ ਚੰਗੀ ਤਰ੍ਹਾਂ ਢੱਕਿਆ ਹੈ, ਤੇਰਾ ਪੜਦਾ ਸਦਾ ਗੁਰੂ ਢੱਕੇਗਾ॥ ੪੬॥

ਦੋਹਰਾ- ਸ਼ਬਦ ਗੁਰੂ ਕੋ ਰਿਦਾ ਹੈ ਸ੍ਰਵਨ, ਮਨਨ, ਨਿਧਜਾਸ।
ਕਰਹੁ ਸਦਾ ਉਰ ਗਜਾਨ ਹ੍ਵੈ, ਬੰਧਨ ਜਗਤ ਬਿਨਾਸ਼॥ ੪੭॥

ਸ਼ਬਦ ਗੁਰੂ ਦਾ ਹਿਰਦਾ ਹੈ, ਇਸ ਨੂੰ ਸ੍ਰਵਣ ਕਰੋ, ਮੰਨੋ ਅਤੇ ਮੁੜ ਮੁੜ ਇਸ ਦਾ ਸਿਮਰਨ ਕਰੋ। ਸਦਾ ਹਿਰਦੇ ਵਿਚ ਧਾਰਨ ਕਰੋ ਜਿਸ ਨਾਲ ਗਿਆਨ ਪ੍ਰਾਪਤ ਹੋਵੇਗਾ ਅਤੇ ਜਿਸ ਨਾਲ ਜਗਤ ਦੇ ਸਾਰੇ ਬੰਧਨ ਕੱਟੇ ਜਾਣਗੇ॥ ੪੭॥

ਚੌਪਈ- ਤ੍ਰਿਕਾਲੱਗ ਦਰਸ਼ੀ ਤਿਹ ਕਾਲਾ। ਪ੍ਰਭੁ ਕ੍ਰਿਪਾ ਤੇ ਭਯੋ ਨਿਹਾਲਾ।
ਸਦਨ ਗਯੋ ਹ੍ਵੈ ਮੋਹ ਬਿਨਾਹੀ। ਹੰਤਾ ਤਜਿ ਬਰਤਯੋ ਜਗ ਮਾਂਹੀ॥ ੪੮॥

ਉਸ ਸਮੇਂ ਉਹ ਤਿੰਨਾਂ ਕਾਲਾਂ ਦਾ ਗਿਆਤਾ ਹੋ ਗਿਆ, ਪ੍ਰਭੂ ਦੀ ਕਿਰਪਾ ਨਾਲ ਨਿਹਾਲ ਹੋ ਗਿਆ। ਮੋਹ ਰਹਿਤ ਹੋ ਕੇ ਆਪਣੇ ਘਰ ਗਿਆ। ਹਿੰਸਾ ਛੱਡ ਕੇ ਜਗ ਵਿਚ ਵਰਤਾਰਾ ਕੀਤਾ॥ ੪੮॥

ਇਕ ਦਿਨ ਸੰਗਤ ਕੇਰ ਮਝਾਰਾ। ਬੈਠੇ ਪ੍ਰਭੁ ਹੈਂ ਸ਼ਬਦ ਵਿਚਾਰਾ।
ਪ੍ਰਿਥਾ, ਖੇਡਾ ਦਰਸ਼ਨ ਆਸੂ। ਚਲਿ ਆਏ ਸ੍ਰੀ ਨਾਨਕ ਪਾਸੂ॥ ੪੯॥

ਇਕ ਦਿਨ ਸੰਗਤ ਦੇ ਵਿਚ ਬੈਠੇ ਗੁਰੂ ਜੀ ਸ਼ਬਦ ਤੇ ਵਿਚਾਰ ਕਰ ਰਹੇ ਸਨ, ਉਸ ਵੇਲੇ ਪ੍ਰਿਥਾ ਤੇ ਖੇਡਾ ਦਰਸ਼ਨਾਂ ਦੀ ਆਸ ਧਾਰਨ ਕਰਕੇ, ਗੁਰੂ ਨਾਨਕ ਜੀ ਪਾਸ ਚਲ ਕੇ ਆਏ॥ ੪੯॥

ਚਰਨ ਬੰਦਨਾ ਕਰਿਕੇ ਦੋਊ। ਬੈਠੇ ਸ਼ਬਦ ਸੁਨਤਿ ਭੇ ਸੋਊ।
ਚਤਰ ਘਟੀ ਬੀਤੀ ਪਸ਼ਚਾਤੀ। ਤਿਨ ਸੋਂ ਬੋਲੇ ਪ੍ਰਭੁ ਇਸ ਭਾਂਤੀ॥ ੫੦॥

ਦੋਵੇਂ ਚਰਨ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਏ, ਜਿਥੇ ਬਾਕੀ ਵੀ ਸ਼ਬਦ ਸੁਣ ਰਹੇ ਸਨ। ਚਾਰ ਘੜੀਆਂ ਬੀਤਣ ਦੇ ਬਾਅਦ, ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ॥ ੫੦॥

'ਜੁ ਕਛੁ ਕਾਮਨਾ ਰਿਦੇ ਤੁਮਾਰੇ। ਜਾਚਹੁ, ਪੂਰਹਿ ਸ੍ਰੀ ਕਰਤਾਰੇ'।
ਸ਼ਬਦ ਬਿਚਾਰਿ ਸੁਨਜੋ ਜਬ ਦੋਈ। ਰਿਦੇ ਸ਼ਾਂਤਿ ਪ੍ਰਾਪਤਿ ਤਬਿ ਹੋਈ॥ ੫੧॥

"ਜਿਹੜੀ ਵੀ ਕਾਮਨਾ ਤੁਹਾਡੇ ਹਿਰਦੇ ਵਿਚ ਹੈ, ਮੰਗੋ, ਸ੍ਰੀ ਕਰਤਾਰ ਪੂਰੀ ਕਰੇਗਾ। ਦੋਹਾਂ ਨੇ ਜਦ ਸ਼ਬਦ ਵਿਚਾਰ ਕੇ ਸੁਣਿਆ ਤਾਂ ਦੋਹਾਂ ਨੇ ਦਿਲ ਵਿਚ ਸ਼ਾਂਤੀ ਪ੍ਰਾਪਤ ਕੀਤੀ॥ ੫੧॥

ਹਾਥ ਬੰਦਿ ਅਤਿ ਨਿੰਮ੍ਰੇ ਹੋਇ। ਬੋਲੇ ਲੋਭ ਲਹਿਰ ਮਨ ਖੋਇ।
'ਸ੍ਰੀ ਗੁਰ! ਸੁਨਹੁ ਕਰਹੁ ਜੇ ਕਰੁਨਾ। ਚਰਨ ਸ਼ਰਨ ਨਿਜ ਦੀਜੈ ਪਰਨਾ॥ ੫੨॥

ਹੱਥ ਜੋੜ ਕੇ ਅਤਿ ਸਨਿਮਰ ਹੋ ਗਏ, ਲੋਭ ਲਹਿਰ ਮਨ ਵਿਚੋਂ ਗਵਾ ਕੇ ਬੋਲੇ, "ਹੇ ਗੁਰੂ ਜੀ! ਸੁਣੋ, ਜੇ ਤੁਸੀਂ ਕਿਰਪਾ ਕਰੋ ਤਾਂ ਆਪਣੇ ਚਰਨਾਂ ਦੀ ਸ਼ਰਨ ਦਾ ਆਸਰਾ ਬਖਸ਼ੋ॥ ੫੨॥

ਜਾਨਹਿਂ ਸਗਰੋ ਜਗਤ ਅਸਾਰੇ। ਸੁਪਨ ਪਦਾਰਥ ਜਿਉਂ ਨਿਰਧਾਰੇ।
ਮਾਨਿ ਹੁਕਮ ਪ੍ਰਭੁ ਹਰਖ ਹੁਵੀਜੈ। ਨਾਂਹਿ ਚਾਹਿ ਕਛੁ, ਇਹ ਬਰ ਦੀਜੈ॥ ੫੩॥

ਇਸ ਸਾਰੇ ਜਗਤ ਨੂੰ ਮਿਥਿਆ ਜਾਣਦੇ ਹਾਂ, ਸੁਪਨੇ ਵਾਂਗ ਜਿਵੇਂ ਕਿਸੇ ਪਦਾਰਥ ਨੂੰ ਨਿਰਧਾਰਤ ਕਰੀਏ। ਪ੍ਰਭੂ ਦੀ ਰਜਾ ਮਨ ਕੇ ਸਦਾ ਅਨੰਦਮਈ ਹੁੰਦੇ ਹਾਂ, ਅਸੀਂ ਕੁਝ ਵੀ ਨਾ ਚਾਹੀਏ, ਇਹ ਵਰ ਸਾਨੂੰ ਦੇਵੋ॥ ੫੩॥

ਬੋਲੇ ਸ੍ਰੀ ਪ੍ਰਭੁ 'ਹਮ ਪਗ ਤਹਿੰਵਾ। ਬਸਹਿ ਸਦਾ, ਸਤਿਸੰਗਤ ਜਹਿੰਵਾ।
ਸੰਤ ਸਭਿਨਿ ਕੀ ਸੇਵ ਕਰੀਜੈ। ਤਿਨ ਮੈਂ ਮਿਲਿ ਕਰਿ ਸਮਾਂ ਬਿਤੀਜੈ॥ ੫੪॥

ਗੁਰੂ ਜੀ ਨੇ ਬਚਨ ਕੀਤੇ, "ਸਾਡੇ ਚਰਨ ਸਦਾ ਓਥੇ ਵੱਸਦੇ ਹਨ ਜਿਥੇ ਸਤਿਸੰਗਤ ਹੁੰਦੀ ਹੈ। ਸਾਰੇ ਸੰਤਾਂ ਦੀ ਸੇਵਾ ਕਰੋ, ਉਨ੍ਹਾਂ ਵਿਚ ਮਿਲ ਕੇ ਸਮਾਂ ਬਿਤਾਵੋ॥ ੫੪॥

ਸੰਤ ਕਰਤਾਰ ਭੇਦ ਕਛੁ ਨਾਂਹੀ। ਦ੍ਰਿੜ ਨਿਸ਼ਚੈ ਧਾਰਹੁ ਮਨ ਮਾਂਹੀ।
ਧਰਮ ਕ੍ਰਿੱਤ ਕਰਿ ਵੰਡ ਸੁ ਖਾਓ। ਚਰਣ ਸ਼ਰਣ ਨਿਤ ਇਉਂ ਜਿ ਕਮਾਓ॥੫੫॥

ਸੰਤ ਅਤੇ ਕਰਤਾਰ ਵਿਚ ਕੋਈ ਭੇਦ ਨਹੀਂ ਹੈ, ਮਨ ਵਿਚ ਦ੍ਰਿੜ੍ਹ ਨਿਸਚਾ ਧਾਰਨ ਕਰੋ। ਧਰਮ ਕ੍ਰਿਤ ਕਰਕੇ ਵੰਡ ਕੇ ਖਾਓ। ਜੇ ਇਸ ਤਰ੍ਹਾਂ ਦੀ ਕਮਾਈ ਕਰੋ ਤਾਂ ਮੇਰੇ ਚਰਨਾਂ ਦੀ ਸਦਾ ਲਈ ਸਰਨ ਪਾਉਗੇ॥ ੫੫॥

ਸਰਗੁਣ ਰੂਪ ਸਰੀਰ ਪਛਾਨੋ। ਸ਼ਬਦ ਰਿਦਾ ਮਮ, ਨਿਰਗੁਣ ਮਾਨੋ।
ਮਿਲੇ ਸਰੀਰ ਬਿਛੁਰ ਸੇ ਜਾਵਹਿਂ। ਸ਼ਬਦ ਮਿਲੇ ਨਾ ਬਿਛੁਰਨ ਪਾਵਹਿਂ॥੫੬॥

ਆਪਣੇ ਸਰੀਰ ਨੂੰ ਸਰਗੁਣ ਰੂਪ ਪਛਾਣੋਂ ਸ਼ਬਦ ਮੇਰਾ ਹਿਰਦਾ ਹੈ, ਇਸ ਨੂੰ ਮੇਰਾ ਨਿਰਗੁਣ ਰੂਪ ਮੰਨੋ। ਜੋ ਸਰੀਰ ਨੂੰ ਮਿਲਦੇ ਹਨ ਵਿਛੜ ਜਾਂਦੇ ਹਨ। ਜੋ ਸ਼ਬਦ ਨੂੰ ਮਿਲਦੇ ਹਨ ਉਹ ਕਦੇ ਵਿਛੜਦੇ ਨਹੀ॥ ੫੬॥

ਤਿਨ ਸੁਨਿਕੈ ਸ੍ਰੀ ਨਾਨਕ ਬਾਂਨੀ। ਤਿਸ ਬਿਧਿ ਕੀਨਿ ਨੀਕ ਮਨਮਾਨੀ।
ਜੀਵਨ ਮੁਕਤਿ ਰੁਚਿਰ ਪਦ ਪਾਵਾ। ਸਤਿਗੁਰ ਬਚਨ ਰਿਦੈ ਠਹਿਰਾਵਾ॥੫੭॥

ਉਨ੍ਹਾਂ ਨੇ ਗੁਰੂ ਜੀ ਦੇ ਬਚਨ ਸੁਣ ਕੇ, ਉਸ ਤਰ੍ਹਾਂ ਠੀਕ ਮਨ ਵਿਚ ਮੰਨ ਲਈ, ਜੀਵਨ ਮੁਕਤ ਹੋ ਕੇ ਸੁੰਦਰ ਪਦ ਪਾਇਆ ਅਤੇ ਸਤਿਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ ਠਹਿਰਾਇਆ॥ ੫੭॥

ਜਾਨਜੋ ਸਗਰੋ ਜਗਤ ਅਸਾਰਾ। ਬਹੁਰ ਨ ਪ੍ਰਾਪਤਿ ਭਾ ਸੰਸਾਰਾ।
ਕਿਤਿਕ ਸਮਾਂ ਜਬਿ ਤਹਾਂ ਗੁਜ਼ਾਰਾ। ਇਕ ਦਿਨ ਬੈਠੇ ਮੋਖ ਉਦਾਰਾ॥੫੮॥

ਸਾਰਾ ਜਗਤ ਮਿਥਿਆ ਜਾਣਿਆ, ਫਿਰ ਉਹ ਦੁਬਾਰਾ ਸੰਸਾਰ ਵਿਚ ਆਉਣ ਤੋਂ ਮੁਕਤ ਹੋ ਗਏ। ਜਦ ਕੁਝ ਸਮਾਂ ਓਥੇ ਗੁਜ਼ਾਰਿਆ। ਇਕ ਦਿਨ ਮੁਕਤੀ ਦਾਤੇ ਭਾਵ ਗੁਰੂ ਜੀ ਬੈਠੇ ਹੋਏ ਸਨ॥ ੫੮॥

ਦੋਹਰਾ- ਪ੍ਰਿਥੀਮਲ ਸਹਿਗਲ ਉਭੈ ਰਾਮਾ ਝਿਡੀ ਤੀਨ।
ਆਏ ਸ੍ਰੀ ਗੁਰ ਦਰਸ ਕੋ ਜੱਗਜਾਸਾ ਮਨ ਲੀਨ॥ ੫੯॥

ਉਸ ਦਿਨ ਪ੍ਰਿਥੀਮਲ, ਸਹਿਗਲ ਅਤੇ ਰਾਮਾ ਝਿਡੀ ਤਿੰਨੇ ਹੀ ਗੁਰੂ ਜੀ ਦੇ ਦਰਸ਼ਨਾਂ ਦੀ ਆਸ ਲੈ ਕੇ ਆਏ॥ ੫੯॥

ਚੌਪਈ- ਬੰਦਿ ਪਦਾਰਬਿੰਦ ਕੇ ਬੈਸੇ। ਕਿਤਿਕ ਕਾਲ ਮਹਿਂ ਬੋਲੇ ਐਸੇ।
'ਹਮਕੋ ਇਸ ਬਿਧਿ ਪੰਥ ਬਤੱਯੈ। ਬਿਸ਼ਨ ਰੂਪ ਮੈਂ ਇਕ ਹ੍ਵੈ ਜੱਯੈ॥ ੬੦॥

ਚਰਨਾਂ ਤੇ ਬੰਦਨਾ ਕਰਕੇ ਬੈਠ ਗਏ। ਕੁਝ ਸਮੇਂ ਬਾਅਦ ਇਸ ਤਰ੍ਹਾਂ ਬੋਲੇ, "ਸਾਨੂੰ ਇਸ ਤਰ੍ਹਾਂ ਦਾ ਮਾਰਗ ਦੱਸੋ ਕਿ ਅਸੀਂ ਬਿਸ਼ਨ ਰੂਪ ਵਿਚ ਇਕ ਹੋ ਜਾਈਏ॥ ੬੦॥

ਸਹਿਜ ਸੁਖੇਨ ਮੋਖ ਸੋ ਪਾਵੈਂ। ਕਠਨ ਕਰਮ ਜੇ, ਕੌਨ ਕਮਾਵੈ'।
ਸੁਨਿ ਕਰਿ ਸਤਿਗੁਰ ਬਚਨ ਬਖਾਨੇ। 'ਤ੍ਰੈ ਬਿਧਿ ਤਪ ਤਪਸੀ ਸਭਿ ਠਾਨੇ॥੬੧॥

ਬੜੇ ਸੌਖੇ ਢੰਗ ਨਾਲ ਮੁਕਤੀ ਪਾਈਏ। ਜੇ ਕਠਿਨ ਕੰਮ ਹੈ ਤਾਂ ਕਿਹੜੀ ਕਮਾਈ ਕਰੀਏ ? ਇਹ ਸੁਣ ਕੇ ਸਤਿਗੁਰੂ ਨੇ ਬਚਨ ਕਹੇ ਤਪੱਸਵੀ ਸਭ ਮੰਨਦੇ ਹਨ ਕਿ ਤਪ ਤਿੰਨ ਢੰਗਾਂ ਨਾਲ ਕੀਤਾ ਜਾ ਸਕਦਾ ਹੈ॥ ੬੧॥

ਦੋਹਰਾ- ਨਗਨ, ਛੁਧਾ, ਜਲ, ਅਗਨ ਸੌਂ ਤਨ ਤਾਪਹਿਂ ਨਰ ਜੋਇ।
ਕਹੌਂ ਤਾਮਸੀ ਤਪ ਇਹੈ ਕਰਨ ਕਠਨ ਹੈ ਸੋਇ॥ ੬੨॥

ਜਿਹੜੇ ਮਨੁੱਖ ਨੰਗਾ ਰਹਿ ਕੇ, ਭੁੱਖਾ ਰਹਿ ਕੇ, ਜਲ ਵਿਚ ਦਾਖਲ ਹੋ ਕੇ ਜਾਂ ਅਗਨੀ ਨਾਲ ਸਰੀਰ ਨੂੰ ਤਪਾਉਂਦੇ ਹਨ। ਇਸ ਨੂੰ ਤਾਮਸੀ ਤਪ ਕਹਿੰਦੇ ਹਨ, ਇਹ ਕਰਨਾ ਬਹੁਤ ਕਠਿਨ ਹੈ॥ ੬੨ ॥

ਚੌਪਈ- ਜੇ ਜੁਤ ਕਾਮਿ ਸਿ ਰਿਧਿ ਸਿਧਿ ਪਾਵਹਿਂ। ਨਿਹਕਾਮੀ ਮਨ ਸੁਧ ਹ੍ਵੈ ਜਾਵਹਿ।
ਬਹੁਰੋ ਇਸ ਤਪ ਕਾ ਹੰਕਾਰਾ। ਫੁਰਿ ਆਵਤਿ ਹੈ ਕੇਤਿਕ ਬਾਰਾ ॥ ੬੩ ॥

ਜੋ ਕਾਮਨਾ ਸਹਿਤ ਹਨ ਉਹ ਰਿੱਧੀਆਂ ਸਿੱਧੀਆਂ ਪਾਉਂਦੇ ਹਨ, ਜੋ ਕਾਮਨਾ ਰਹਿਤ ਹਨ ਉਨ੍ਹਾਂ ਦੇ ਹਿਰਦੇ ਸ਼ੁੱਧ ਹੋ ਜਾਂਦੇ ਹਨ। ਫਿਰ ਇਸ ਤਪ ਦਾ ਹੰਕਾਰ ਹੋ ਜਾਂਦਾ ਹੈ, ਫਿਰ ਉਸ ਨੂੰ ਕਈ ਵਾਰ ਜਨਮ ਧਾਰਨ ਕਰਨੇ ਪੈਂਦੇ ਹਨ॥ ੬੩ ॥

ਤਾਂਤੇ ਰਜ ਸਤਿ ਤੁਮ ਤਪ ਕੀਜੈ!। ਹੋਇ ਕੱਲਜਾਨ ਤਾਪ ਤ੍ਰੈ ਛੀਜੈ।
ਕਹੈਂ ਸੁ 'ਰਜ ਸਤ ਲਖੈਂ ਨ ਕੋਊ। ਭੇਦ ਬਤਾਵਹੁ ਜਾਨਹਿਂ ਸੋਊ ॥ ੬੪ ॥

ਫਿਰ ਤੁਸੀਂ ਰਜ ਸਤਿ ਤਪ ਕਰੋ, ਕਲਿਆਨ ਹੋਵੇਗਾ ਅਤੇ ਤਿੰਨੇ ਤਾਪ ਦੂਰ ਹੋਣਗੇ। ਕਹਿਣ ਲੱਗੇ, "ਰਜ ਸਤ ਕੋਈ ਜਾਣਦਾ ਨਹੀਂ ਹੈ ਇਸ ਦਾ ਭੇਦ ਦੱਸੋ ਤਾਂਕਿ ਅਸੀਂ ਸਮਝ ਲਈਏ॥ ੬੪ ॥

ਦੋਹਰਾ- ਰਜੋਗੁਨੀ ਤਪ, ਸ਼ਾਂਤਕੀ, ਭਗਤਿ ਕਹਤਿ ਹੈ ਕਾਹਿ?।
ਕਰੁਣਾਕਾਰ ਇਹ ਭੇਦ ਜੇ ਸਰਬ ਕਹਉ ਹਮ ਪਾਹਿ ॥ ੬੫ ॥

ਕਿਸ ਨੂੰ ਰਜੋਗੁਣੀ ਤਪ ਸ਼ਾਂਤਕ ਭਗਤੀ ਕਹਿੰਦੇ ਹਨ ? ਹੇ ਕਿਰਪਾਲੂ ! ਇਹ ਭੇਦ ਸਾਰ ਦੱਸੋ ਤਾਂਕਿ ਅਸੀਂ ਸਮਝ ਲਈਏ॥ ੬੫ ॥

ਚੌਪਈ- ਸੁਨਿ ਸ੍ਰੀ ਮੁਖ ਸੋਂ ਬਚਨ ਉਚਾਰੇ। 'ਪਰਤਿਯ ਪਿਖਨ ਨੈਨ ਹਟਕਾਰੇ।
ਨਿੰਦਾ, ਨੁਤਿ ਨਹਿਂ ਸ਼੍ਰਵਨ ਸੁਨਾਵਹੁ। ਕਰ ਚੋਰੀ ਜਾਰੀ ਨ ਲਗਾਵਹੁ ॥ ੬੬ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, "ਪਰਾਈ ਇਸਤਰੀ ਵੇਖਣ ਤੋਂ ਆਪਣੇ ਨੈਣਾਂ ਨੂੰ ਰੋਕੋ। ਨਿੰਦਾ ਉਸਤਤ ਨਾ ਸੁਣੋ ਅਤੇ ਨਾ ਸੁਣਾਵੋ। ਚੋਰੀ ਯਾਰੀ ਵਿਚ ਵੀ ਆਪਣੇ ਆਪ ਨੂੰ ਨਾ ਲਾਵੋ॥ ੬੬ ॥

ਕਬਿ ਨ ਕੁਸੰਗਤਿ ਪਗ ਸੋਂ ਜੱਯੈ। ਕਰਨ ਕੁਕਰਮਨ ਮਨ ਨ ਚਲੱਯੈ।
ਸੰਤ ਦਰਸ ਮਸਤਕ ਚਖ ਲਾਵਹਿ। ਜਸ ਗੁਬਿੰਦ ਨਿਤ ਕਰਣ ਸੁਨਾਵਹਿ ॥ ੬੭ ॥

ਕਦੀ ਵੀ ਬੁਰੀ ਸੰਗਤ ਵਿਚ ਚਲ ਕੇ ਨਾ ਜਾਵੋ। ਮਨ ਨੂੰ ਭੈੜੇ ਕੰਮਾਂ ਵਿਚ ਨਾ ਲਾਵੋ। ਸੰਤਾਂ ਦੇ ਦਰਸ਼ਨਾਂ ਲਈ ਆਪਣੇ ਨੇਤਰਾਂ ਨੂੰ ਲਗਾਵੋ। ਪ੍ਰਭੂ ਦਾ ਜੱਸ ਸਦਾ ਆਪਣੇ ਕੰਨਾਂ ਨਾਲ ਸੁਣੋ॥ ੬੭ ॥

ਰਸਨਾ ਅਸਤਿ ਨ ਬਕੇ ਬਹੋਰੋ। ਸਿਫਤ ਪ੍ਰਮੇਸ਼ੁਰ ਮਹਿਂ ਨਿਤ ਜੋਰੋ।
ਸੇਵਦਾਨ ਨਿਜ ਕਰ ਸੋਂ ਕਰਨਾ। ਸਤਿ ਸੰਗਤ ਗਮਨੈ ਸਦ ਚਰਨਾ ॥ ੬੮ ॥

ਆਪਣੀ ਜ਼ਬਾਨ ਨਾਲ ਕਦੇ ਵੀ ਝੂਠ ਨਾ ਬੋਲੋ। ਆਪਣੇ ਮਨ ਨੂੰ ਸਦਾ ਹੀ ਪਰਮੇਸ਼ਵਰ ਦੀ ਸਿਫਤ ਵਿਚ ਜੋੜ ਦੇਵੋ। ਸੇਵਾ ਤੇ ਦਾਨ ਸਦਾ ਆਪਣੇ ਹੱਥਾਂ ਨਾਲ ਕਰੋ। ਸਤਿਸੰਗਤ ਵਿਚ ਸਦਾ ਚਲ ਕੇ ਜਾਵੋ॥ ੬੮ ॥

ਕਰਨ ਰਾਜਸੀ ਤਪ ਇਹ ਜਾਨੋ। ਸੁਨਹੁ ਸ਼ਾਂਤਿਕੀ ਤਪ ਜੁ ਬਖਾਨੋਂ।
ਨਾਮ ਗੁਰੂ ਬਾਣੀ ਜਿਸ ਕਾਲ। ਸੁਨਤਿ ਪਢਤਿ ਨਰ ਆਲਸ ਟਾਲਿ ॥ ੬੯ ॥

ਇਸ ਨੂੰ ਰਾਜਸੀ ਤਪ ਕਹਿੰਦੇ ਹਨ। ਹੁਣ ਸ਼ਾਂਤਕੀ ਤਪ ਬਾਰੇ ਸੁਣੋ, ਮੈਂ ਬਿਆਨ ਕਰਦਾ ਹਾਂ। ਜਿਸ ਸਮੇਂ ਮਨੁੱਖ ਆਲਸ ਛੱਡ ਕੇ ਨਾਮ ਅਤੇ ਗੁਰਬਾਣੀ ਸੁਣਦਾ ਹੈ ਅਤੇ ਪੜ੍ਹਦਾ ਹੈ॥ ੬੯ ॥

ਮਨ ਤਿਹ ਸਮੈ ਨਿਕਸਿ ਕਤਿ ਜਾਈ। ਬਾਰ ਬਾਰ ਰੋਕਹਿ ਬਰਿਆਈ।

ਮਨ ਰੋਕਤਿ ਨਹਿਂ ਆਲਸ ਕਰਿਹੀ। ਮਨ ਕਰਿ ਸੁਮਤਿ ਸ਼ਬਦ ਮਹਿਂ ਧਰਿਹੀ ॥੭੦॥

ਮਨ ਨੂੰ ਉਸ ਸਮੇਂ ਹੋਰ ਥਾਂ ਨਹੀਂ ਜਾਣ ਦੇਣਾ ਚਾਹੀਦਾ, ਬਾਰ-ਬਾਰ ਜ਼ੋਰ-ਜ਼ੋਰੀ ਰੋਕੇ। ਮਨ ਨੂੰ ਰੋਕਣ ਸਮੇਂ ਆਲਸ ਨਾ ਕਰੇ। ਜ਼ੋਰ ਨਾਲ ਮਿਹਨਤ ਕਰਕੇ ਮਨ ਨੂੰ ਸ਼ਬਦ ਨਾਲ ਜੋੜੇ॥ ੭੦॥

ਦੋਹਰਾ- ਬਾਜ ਮਸਾਲਾ ਦੇਵਹੀ, ਜਿਉਂ ਖਾਵੈ ਨਹਿਂ ਸੋਇ।
ਤਿਉਂ ਮਨ ਭਰਮਤਿ ਦਸ ਦਿਸ਼ਾ ਸ਼ਬਦ ਨ ਪ੍ਰੇਮੀ ਹੋਇ॥ ੭੧॥

ਜਿਵੇਂ ਘੋੜੇ ਨੂੰ ਮਸਾਲਾ ਦੇਣ ਲਗਦੇ ਹਨ ਤਾਂ ਘੋੜਾ ਮਸਾਲਾ ਨਹੀਂ ਖਾਂਦਾ। ਇਸ ਤਰ੍ਹਾਂ ਹੀ ਮਨ ਜੇ ਨਾਮ ਦਾ ਪ੍ਰੇਮੀ ਨਾ ਹੋਵੇ ਤਾਂ ਦਸਾਂ ਦਿਸ਼ਾਂ ਵਿਚ ਭਟਕਦਾ ਹੈ॥ ੭੧॥

ਚੌਪਈ- ਪੁਨ ਜੇ ਤਾਂਹਿ ਖੁਵਾਵਨ ਹਾਰਾ। ਕਰ ਰਾਖਤਿ ਅਸੁ ਬਦਨ ਮਝਾਰਾ।
ਹੋਇ ਥਕਤਿ ਸੋ ਖਾਇ ਮਸਾਲਾ। ਰੋਗ ਦੇਹਿ ਮਿਟ ਜਾਤਿ ਬਿਸਾਲਾ॥੭੨॥

ਫਿਰ ਮਸਾਲਾ ਖਿਲਾਉਣ ਵਾਲਾ, ਘੋੜੇ ਦੇ ਮੂੰਹ ਵਿਚ ਹੱਥ ਰੱਖਦਾ ਹੈ, ਜਦ ਤਕ ਉਹ ਮਸਾਲਾ ਖਾ ਨਹੀਂ ਲੈਂਦਾ। ਜਦ ਘੋੜਾ ਥੱਕ ਜਾਂਦਾ ਹੈ ਤਾਂ ਮਸਾਲਾ ਖਾ ਲੈਂਦਾ ਹੈ ਤੇ ਉਸ ਦੀ ਦੇਹੀ ਦੇ ਰੋਗ ਮਿਟ ਜਾਂਦੇ ਹਨ॥ ੭੨॥

ਜੇ ਆਲਸ ਕਰਿ ਨਹੀਂ ਖੁਆਵਹਿ। ਤੋ ਲਗ ਰੋਗ ਨ ਅਸੁ ਕੋ ਜਾਵਹਿ।
ਹਯ ਮੁਖ ਮੈਂ ਜੋ ਦੀਨ ਮਸਾਲਾ। ਸੋ ਭੀ ਡਾਰ ਦੇਤਿ ਤਤਕਾਲਾ॥੭੩॥

ਜੇ ਆਲਸ ਕਰਕੇ ਨਾ ਖੁਆਵੇ ਤਾਂ ਘੋੜੇ ਦਾ ਰੋਗ ਦੂਰ ਨਹੀਂ ਹੁੰਦਾ ਹੈ। ਘੋੜੇ ਦੇ ਮੂੰਹ ਵਿਚ ਜਿਹੜਾ ਮਸਾਲਾ ਦਿੱਤਾ ਹੈ, ਉਹ ਵੀ ਝੱਟ ਮੁੱਖ ਵਿਚ ਪਾ ਦਿੰਦਾ ਹੈ॥ ੭੩॥

ਦੋਹਰਾ- ਮਨ ਤੁਰੰਗ ਦੁਰਵਾਸ਼ਨਾ ਦੀਰਘ ਰੋਗ ਸੁ ਜਾਨਿ।
ਸ਼ਬਦ ਧਯਾਨ ਮਹਿਂ ਜੋਰਨੋ ਭੇਖਜ ਤਾਂ ਪਹਿਚਾਨ॥ ੭੪॥

ਮਨ ਰੂਪ ਘੋੜੇ ਨੂੰ ਮੰਦੀ ਵਾਸ਼ਨਾ ਰੂਪੀ ਵੱਡਾ ਰੋਗ ਸਮਝੋ। ਸ਼ਬਦ ਦੇ ਧਿਆਨ ਵਿਚ ਮਨ ਨੂੰ ਜੋੜਨਾ ਉਹ ਦਵਾਈ ਪਛਾਣੋ॥ ੭੪॥

ਚੌਪਈ- ਜਬਹਿ ਸ਼ਬਦ ਨੈ ਮਨ ਸਮਝਾਯੋ। ਕਾਜੈ ਕਰਨ ਬਾਜ ਸਮ ਭਾਯੋ।
ਜਨਮ ਮਰਨ ਕੋ ਰੋਗ ਬਿਦਾਰਾ। ਏਹੁ ਸ਼ਾਂਤਿਕੀ ਤਪੁ ਜੁ ਸੁਖਾਰਾ ॥੭੫॥

ਜਦੋਂ ਮਨ ਨੂੰ ਸ਼ਬਦ ਨੇ ਸਮਝਾ ਲਿਆ ਭਾਵ ਜਦੋਂ ਸ਼ਬਦ ਦਾ ਅਭਿਆਸ ਕਰਕੇ ਮਨ ਦੁਰ-ਵਾਸ਼ਨਾਵਾਂ ਵਿਚ ਜਾਣੋਂ ਰੁਕ ਕੇ ਸ਼ਬਦ ਧਿਆਨ ਵਿਚ ਲੱਗ ਪਿਆ, ਤਦੋਂ ਕਾਜੈ ਹੋਏ ਘੋੜੇ ਨੂੰ ਮਸਾਲੇ ਦੇ ਮੁਆਫਕ ਪੈਣ ਵਾਂਗ ਸੁਖਾ ਜਾਵੇਗਾ। ਜਨਮ ਮਰਨ ਦਾ ਦੁੱਖ ਫਿਰ ਦੂਰ ਹੋ ਜਾਵੇਗਾ, ਇਸ ਤਰ੍ਹਾਂ ਸ਼ਾਂਤਕੀ ਤਪ ਆਸਾਨ ਹੈ'॥ ੭੫॥

ਸੁਨਿਕੈ ਸ੍ਰੀ ਨਾਨਕ ਕੇ ਬਚਨਾ। ਇਨ ਤੀਨੋ ਕੀਨੋ ਮਨ ਖਚਨਾ।
ਜਹਿਂ ਸਤਿਸੰਗਤਿ ਸੁਨਹਿਂ ਸਿਧਾਵਹਿਂ। ਸੇਵਾ ਕਰਹਿਂ ਸ਼ਬਦ ਮੁਖ ਗਾਵਹਿਂ॥੭੬॥

ਸ੍ਰੀ ਗੁਰੂ ਨਾਨਕ ਦੇ ਬਚਨ ਸੁਣ ਕੇ ਇਨ੍ਹਾਂ ਤਿੰਨਾਂ ਦੇ ਮਨ ਸ਼ਾਂਤ ਹੋ ਗਏ। ਜਿਥੇ ਵੀ ਸਤਿਸੰਗਤ ਬਾਰੇ ਸੁਣਦੇ ਸਨ, ਓਥੇ ਹੀ ਚਲੇ ਜਾਂਦੇ ਸਨ, ਸੇਵਾ ਕਰਦੇ ਸਨ ਅਤੇ ਸ਼ਬਦ ਨੂੰ ਮੁੱਖ ਨਾਲ ਗਾਇਨ ਕਰਦੇ ਸਨ॥ ੭੬॥

ਇਸ ਬਿਧਿ ਕੀਨ ਸ਼ਬਦ ਅੱਭਯਾਸਾ। ਨਿਜ ਸਰੂਪ ਭਾ ਗਯਾਨ ਪ੍ਰਕਾਸ਼ਾ।
ਯੁਤਿ ਪਰਵਾਰ ਤਰੇ ਸੰਸਾਰਾ। ਗੁਰ ਉਪਦੇਸ਼ ਜੁ ਦ੍ਰਿੜ ਉਰਧਾਰਾ॥ ੭੭॥

ਇਸ ਤਰ੍ਹਾਂ ਉਨ੍ਹਾਂ ਸ਼ਬਦ ਦਾ ਅਭਿਆਸ ਕੀਤਾ ਅਤੇ ਨਿਜੀ ਸਰੂਪ ਵਿਚ ਗਿਆਨ ਦਾ ਪ੍ਰਕਾਸ਼ ਹੋਇਆ। ਸਾਰੇ ਪਰਿਵਾਰ ਸਮੇਤ ਭਵ-ਸਾਗਰ ਤਰ ਗਏ, ਜਦ ਗੁਰੂ ਉਪਦੇਸ਼ ਨੂੰ ਦ੍ਰਿੜ੍ਹਤਾ ਨਾਲ ਹਿਰਦੇ ਵਿਚ ਧਾਰਨ ਕੀਤਾ॥ ੭੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸਿੱਖਨ ਉਪਦੇਸ਼ ਦੇਕਰਿ ਉਧਾਰ' ਬਰਨਨੰ ਨਾਮ ਬਿਤਾਲਿਸਮੋ ਅਧ੍ਯਾਯ॥ ੪੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਤਾਲੀਵਾਂ ਅਧਿਆਇ, ਜਿਸ ਦਾ ਨਾਮ "ਬੱਚੇ ਦਾ ਪ੍ਰਸੰਗ, ਮੂਲਾ ਕੀੜ, ਪ੍ਰਿਥਾ, ਖੇੜਾ, ਪ੍ਰਿਥੀਮਲ, ਸਹਿਗਲ, ਰਾਮਾ, ਡਿਡੀ ਪ੍ਰਤਿ ਉਪਦੇਸ਼" ਹੈ, ਸਮਾਪਤ ਹੋਇਆ॥ ੪੨॥

# ਅਧਿਆਇ ਤਰਤਾਲੀਵਾਂ

*ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸੀ, ਸ਼ੀਹਾਂ, ਗੱਜਣ, ਫਿਰਣਾ ਖਹਿਰਾ, ਜੋਧ ਪ੍ਰਤਿ ਉਪਦੇਸ਼*

ਦੋਹਰਾ- ਸਤਿਗੁਰ ਕੋ ਸੁਨਿਕੈ ਸ਼ਬਦ ਕੀਨ ਕਮਾਵਨ ਜਾਂਹਿ।
ਦੁਸ਼ਤਰ ਮਾਯਾ ਤੇ ਤਰੇ ਨੁਮਸਕਾਰ ਮਮ ਤਾਂਹਿ॥ ੧॥

ਜਿਨ੍ਹਾਂ ਨੇ ਸਤਿਗੁਰ ਦਾ ਉਪਦੇਸ਼ ਭਾਵ ਨਾਮ ਮੰਤਰ ਸੁਣ ਕੇ ਉਸ ਦੀ ਕਮਾਈ ਕੀਤੀ ਹੈ, ਉਹ ਕਠਿਨਾਈ ਬਰਦਾਸ਼ਤ ਕਰਕੇ ਨਾ ਤਰੀ ਜਾਣ ਵਾਲੀ ਮਾਇਆ ਨੂੰ ਤਰ ਗਏ, ਉਨ੍ਹਾਂ ਸਾਹਮਣੇ ਮੇਰੀ ਨਮਸ਼ਕਾਰ ਹੈ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਅੰਗਦ ਸੁਨਿ ਕਥਾ ਅਗਾਰੀ। ਬੈਠਹਿਂ ਪ੍ਰਭੁ ਧ੍ਰਮਸਾਲ ਮਝਾਰੀ।
ਨਰ ਅਨੇਕ ਦਰਸ਼ਨ ਹਿਤ ਆਵਹਿਂ। ਸ਼ਬਦ ਸੁਨਹਿਂ, ਰਹਿ, ਬਹੁਰ ਸਿਧਾਵਹਿਂ॥੨॥

ਭਾਈ ਬਾਲਾ ਜੀ ਨੇ ਕਿਹਾ - ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਅਗਲੀ ਗੁਰ ਕਥਾ ਸੁਣੋ। ਗੁਰੂ ਜੀ ਧਰਮਸਾਲਾ ਵਿਚ ਬੈਠਦੇ ਸਨ। ਅਨੇਕਾਂ ਲੋਕ ਦਰਸ਼ਨਾਂ ਵਾਸਤੇ ਆਉਂਦੇ ਸਨ। ਸ਼ਬਦ ਸੁਣਦੇ ਸਨ, ਕੁਝ ਲੋਕ ਉਥੇ ਰਹਿੰਦੇ ਸਨ ਅਤੇ ਕੁਝ ਸ਼ਬਦ ਸੁਣ ਕੇ ਆਪਣੇ ਘਰ ਨੂੰ ਚਲੇ ਜਾਂਦੇ ਸਨ॥ ੨॥

ਮਾਲੋ ਮਾਂਗੋ ਦ੍ਵੈ ਸਿਖ ਆਏ। ਚਰਨ ਕਮਲ ਪਰ ਸੀਸ ਨਿਵਾਏ।
ਹਾਥ ਬੰਦਿ ਅਰਦਾਸ ਬਖਾਨੀ। 'ਕਰਹੁ ਕ੍ਰਿਪਾ ਸ੍ਰੀ ਗੁਰ ਗੁਨ ਖਾਨੀ॥ ੩॥

ਇਕ ਦਿਨ ਮਾਲੋ ਅਤੇ ਮਾਂਗੋ ਦੋ ਸਿੱਖ ਆਏ ਅਤੇ ਉਨ੍ਹਾਂ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਨਿਵਾਏ। ਹੱਥ ਜੋੜ ਕੇ ਅਰਦਾਸ ਕੀਤੀ, "ਹੇ ਗੁਣਾਂ ਦੀ ਖਾਣ ਗੁਰੂ ਜੀ! ਸਾਡੇ ਤੇ ਕਿਰਪਾ ਕਰੋ॥ ੩॥

ਨਿਜ ਮੁਖ ਸੌਂ ਉਪਦੇਸ਼ ਕਰੀਜੈ। ਜਿਹ ਤੇ ਜਨਮ ਮਰਨ ਕਟਿ ਦੀਜੈ'।
ਇਉਂ ਸੁਨਿ ਜਿਨ ਕਰੁਨਾ ਰਸ ਨੈਨਾ। ਭਗਤਿ ਪ੍ਰਕਾਸ਼ਨ ਹਿਤ ਕਹਿ ਬੈਨਾ॥੪॥

ਆਪਣੇ ਮੁੱਖ ਤੋਂ ਉਪਦੇਸ਼ ਦੇਵੋ, ਜਿਸ ਨਾਲ ਜਨਮ ਮਰਨ ਕੱਟਿਆ ਜਾਵੇ।" ਇਹ ਸੁਣ ਕੇ ਜਿਨ੍ਹਾਂ ਦੇ ਨੈਣਾਂ ਵਿਚ ਕਿਰਪਾ ਰਸ ਵੱਸਦਾ ਹੈ ਭਾਵ ਗੁਰੂ ਜੀ ਨੇ ਭਗਤੀ ਦਾ ਪ੍ਰਕਾਸ਼ ਕਰਨ ਵਾਸਤੇ ਬਚਨ ਕਹੇ॥ ੪॥

'ਅਗਨਿ ਤਾਪਨਾ ਜਲ ਮਹਿ ਰਹਿਨੋ। ਬ੍ਰਤ ਕਰਨੋ ਸੀਤੋਸ਼ਨ ਸਹਿਨੋ।
ਊਰਧ ਬਾਹੁ ਅਧੋ ਸਿਰ ਕਰਨਾ। ਖਰੇ ਹੋਨਿ ਚਿਰ ਲੌ ਇਕ ਚਰਨਾ॥ ੫॥

ਅੱਗ ਨੂੰ ਸਰੀਰ ਨਾਲ ਤਪਾਉਣਾ, ਜਲ ਵਿਚ ਖੜੇ ਹੋਣਾ, ਵਰਤ ਰੱਖਣੇ, ਸਰਦੀ ਗਰਮੀ ਬਰਦਾਸ਼ਤ ਕਰਨੀ, ਉਪਰ ਬਾਹਾਂ ਕਰਕੇ ਸੁਕਾ ਦੇਣੀਆਂ, ਪੁੱਠਾ ਲਟਕਣਾ, ਕਾਫੀ ਸਮੇਂ ਤਕ ਇਕ ਪੈਰ ਦੇ ਭਾਰ ਖਲੋਣਾ॥ ੫॥

ਦੋਹਰਾ- ਕੰਦ ਮੂਲ ਚੁਨਿ ਖਾਵਨੇ, ਤੀਰਥ ਤੀਰ ਨਿਵਾਸ।
ਭੂਮਿ ਭ੍ਰਮ, ਚੰਦ੍ਰਾਇਣੀ, ਤਮ ਗੁਣ ਏ ਤਪ ਰਾਸ॥ ੬॥

ਕੰਦ ਮੂਲ ਚੁਣ ਕੇ ਖਾਣੇ, ਤੀਰਥਾਂ ਦੇ ਕਿਨਾਰਿਆਂ ਤੇ ਨਿਵਾਸ ਕਰਨਾ, ਧਰਤੀ ਤੇ ਭਟਕਦੇ ਫਿਰਨਾ, ਚੰਦ੍ਰਾਇਣੀ ਦਾ ਵਰਤ ਰੱਖਣਾ ਆਦਿ ਇਹ ਸਾਰੇ ਤਮੋ ਗੁਣ ਹਨ॥ ੬॥

ਨੋਟ:-ਚੰਦ੍ਰਾਇਣੀ ਵਰਤ ਤੋਂ ਭਾਵ ਹੈ ਕਿ ਚੰਦਰਮਾਂ ਦੇ ਵਧਣ ਘਟਣ ਅਨੁਸਾਰ ਇਕ ਗ੍ਰਾਹੀ ਮੋਰ ਦੇ ਆਂਡੇ ਜਿੰਨੀ ਤੋਂ ਸ਼ੁਰੂ ਕਰਕੇ ਵਧਾਉਂਦੇ ਘਟਾਉਂਦੇ ਹਨ।

ਚੌਪਈ- ਗੋ ਤੇ ਮਨ ਜੁ ਇਕਾਗਰ ਕਰਨੋ। ਕਥਾ ਕੀਰਤਨ ਮਹਿਂ ਪੁਨ ਧਰਨੋ।
ਰੁਚਿ ਯੁਤਿ ਗੁਨਨ ਗਾਵਣਾ ਸੁਣਨੋ। ਮਿਲਕੇ ਸਤਿਸੰਗਤਿ ਨਿਤ ਗੁਣਨੋ॥੭॥

ਇੰਦਰੀਆਂ ਤੋਂ ਲੈ ਕੇ ਮਨ ਤਕ ਸਭ ਨੂੰ ਇਕਾਗਰ ਕਰੋ, ਕਥਾ ਕੀਰਤਨ ਵਿਚ ਮਨ ਲਾਵੇ, ਪ੍ਰਭੂ ਦੇ ਸੁੰਦਰ ਗੁਣ ਗਾਵੇ ਤੇ ਸੁਣੇ, ਸਤਿਸੰਗਤ ਵਿਚ ਮਿਲ ਕੇ ਪਰਮਾਰਥ ਤੇ ਵਿਚਾਰ ਕਰੇ॥ ੭॥

ਕਰਮ ਤਾਮਸੀ ਕਰਨ ਦੁਖਾਰੇ। ਇਹ ਜੁ ਰਾਜਸੀ ਲਖਹੁ ਸੁਖਾਰੇ।
ਫਲ ਬਿਸ਼ਾਲ ਹ੍ਵੈ ਥੋਰ ਕਮਾਈ। ਤਿਨ ਮਿਹਨਤ ਬਡ ਲਘੁ ਫਲ ਪਾਈ॥੮॥

ਤਾਮਸੀ ਕਰਮ ਕਰਨੇ ਔਖੇ ਹਨ। ਰਾਜਸੀ ਤਪ ਕਰਨੇ ਸੌਖੇ ਹਨ, ਇਸ ਵਿਚ ਫਲ ਜ਼ਿਆਦਾ ਹੈ ਤੇ ਮਿਹਨਤ ਘੱਟ ਹੈ। ਪਰ ਤਾਮਸੀ ਵਿਚ ਮਿਹਨਤ ਬਹੁਤ ਜ਼ਿਆਦਾ ਹੈ ਅਤੇ ਫਲ ਬਹੁਤ ਘੱਟ ਹੈ'॥ ੮॥

ਦੋਹਰਾ- ਸੁਨਤਿ ਪ੍ਰਸ਼ਨ ਮਾਲੋ ਕਹਜੋ 'ਫਲ ਮਿਹਨਤ ਅਨੁਸਾਰ।
ਕਰਤਿ ਅਲਪ ਫਲ ਅਲਪ ਹ੍ਵੈ ਬਹੁ ਕੋ ਬਹੁ ਸੁਖ ਸਾਰ॥ ੯॥

ਇਹ ਸੁਣ ਕੇ ਮਾਲੋ ਨੇ ਪ੍ਰਸ਼ਨ ਕੀਤਾ, "ਫਲ ਮਿਹਨਤ ਅਨੁਸਾਰ ਮਿਲਦਾ ਹੈ, ਥੋੜੀ ਮਿਹਨਤ ਕਰਨ ਨਾਲ ਥੋੜਾ ਫਲ ਮਿਲਦਾ ਹੈ, ਬਹੁਤ ਮਿਹਨਤ ਕਰਨ ਨਾਲ ਬਹੁਤਾ ਫਲ ਮਿਲਦਾ ਹੈ॥ ੯॥

ਚੌਪਈ- ਮਿਲਿ ਹੈ ਫਲ ਮਿਹਨਤ ਅਨੁਸਾਰੀ। ਪੁਨ ਤੁਮ ਭਾਖੋ ਰੀਤਿ ਨਿਆਰੀ।
ਯਹਿ ਸੰਸਾ ਮੇਰੇ ਮਨ ਪਰੋ। ਕ੍ਰਿਪਾ ਧਾਰਿ ਯਾਂਕੋ ਪਰਹਰੋ॥ ੧੦॥

ਫਲ ਮਿਹਨਤ ਅਨੁਸਾਰ ਮਿਲਦਾ ਹੈ, ਪਰ ਤੁਸੀਂ ਤਾਂ ਇਹ ਅਨੋਖੀ ਰੀਤੀ ਕਹੀ ਹੈ। ਇਹ ਸ਼ੰਕਾ ਮੇਰੇ ਮਨ ਵਿਚ ਆਈ ਹੈ, ਕਿਰਪਾ ਕਰਕੇ ਇਸ ਨੂੰ ਦੂਰ ਕਰੋ॥ ੧੦॥

ਸਗਰੇ ਜਗਤ ਵਿਖੇ ਅਸ ਰੀਤਾ। ਤਿਸਤੇ ਕਹੀ ਆਪ ਬਿੱਪ੍ਰੀਤਾ।
ਜਿਸ ਪ੍ਰਕਾਰ ਹ੍ਵੈ ਨਿਸ਼ਾ ਹਮਾਰੀ। ਸੋ ਸਮਝਾਵਹੁ ਰੀਤਿ ਸੁਖਾਰੀ'॥੧੧॥

ਸਾਰੇ ਜੱਗ ਵਿਚ ਐਸੀ ਰੀਤ ਹੈ। ਆਪ ਨੇ ਉਸ ਦੇ ਉਲਟ ਕਿਹਾ ਹੈ। ਜਿਸ ਤਰ੍ਹਾਂ ਸਾਡੀ ਤਸੱਲੀ ਹੋ ਜਾਵੇ, ਉਸ ਤਰ੍ਹਾਂ ਸੌਖੇ ਢੰਗ ਨਾਲ ਸਾਨੂੰ ਸਮਝਾਵੋ'॥ ੧੧॥

ਸ੍ਰੀ ਮੁਖ ਭਨਜੋ 'ਨ ਸੰਸੈ ਕੀਜੈ। ਜਗ ਮਹਿਂ ਪ੍ਰਗਟ ਸੁ ਬਿਧਿ ਸੁਨਿ ਲੀਜੈ।
ਇਕ ਨਰ ਬਨ ਤੇ ਸਮਧਾ ਆਨਹਿ। ਬੇਚਿ ਬਜਾਰ ਕਰਤ ਗੁਜ਼ਰਾਨਹਿਂ॥੧੨॥

ਗੁਰੂ ਜੀ ਨੇ ਬਚਨ ਕੀਤਾ, "ਸ਼ੰਕਾ ਨਾ ਕਰੋ। ਜੱਗ ਵਿਚ ਜੋ ਰੀਤੀ ਪ੍ਰਗਟ ਹੈ, ਉਹ ਸੁਣ ਲਵੋ। ਇਕ ਆਦਮੀ ਜੰਗਲ ਵਿਚ ਜਾ ਕੇ ਲੱਕੜੀਆਂ ਕੱਟ ਕੇ ਲਿਆਉਂਦਾ ਹੈ। ਬਾਜ਼ਾਰ ਵਿਚ ਵੇਚ ਕੇ ਗੁਜ਼ਾਰਾ ਕਰਦਾ ਹੈ॥ ੧੨ ॥

ਕਰਤਿ ਮਜੂਰੀ ਬਹੁ ਸ਼੍ਰਮ ਪਾਵਹਿ। ਤਿਨਕੋ ਮੋਲ ਥੋਰ ਕਰ ਆਵਹਿ।
ਪੁਨ ਜੇ ਬਨਜ ਕਰਹਿ ਹਟਵਾਨਾ। ਲਵਣ ਤੇਲ ਅੰਨ ਜੇ ਬਿਧਿ ਨਾਨਾ ॥੧੩ ॥

ਬੜੀ ਮਿਹਨਤ ਨਾਲ ਮਜ਼ਦੂਰੀ ਕਰਦਾ ਹੈ, ਪਰ ਹੱਥ ਵਿਚ ਮੁੱਲ ਬਹੁਤ ਥੋੜ੍ਹਾ ਆਉਂਦਾ ਹੈ। ਫਿਰ ਜੋ ਹਟਵਾਣੀਆ ਹੈ, ਉਹ ਵਪਾਰ ਕਰਦਾ ਹੈ। ਲੂਣ, ਤੇਲ ਤੇ ਹੋਰ ਕਈ ਪ੍ਰਕਾਰ ਦੇ ਅਨਾਜ ਵੇਚਦਾ ਹੈ॥ ੧੩ ॥

ਤਿਨਤੇ ਇਨਕੋ ਲਾਭ ਘਨੇਰੋ। ਸ਼੍ਰਮ ਥੋਰੋ ਹ੍ਵੈ ਪ੍ਰਗਟ ਸੁ ਹੇਰੋ।
ਅਪਰ ਰੁਪੱਯਨ ਕੇ ਬਿਵਹਾਰੇ। ਲਾਭ ਬਹੁਤ ਲੇ ਰਹੈਂ ਸੁਖਾਰੇ॥ ੧੪ ॥

ਇਸ ਨਾਲ ਉਸ ਨੂੰ ਬਹੁਤ ਲਾਭ ਮਿਲਦਾ ਹੈ, ਮਿਹਨਤ ਬਹੁਤ ਥੋੜ੍ਹੀ ਕਰਨੀ ਪੈਂਦੀ ਹੈ, ਤੁਸੀਂ ਸਪੱਸ਼ਟ ਹੀ ਵੇਖਦੇ ਹੋ। ਹੋਰ ਰੁਪਈਆਂ ਨਾਲ ਵਪਾਰ ਕਰਦਾ ਹੈ। ਬਹੁਤ ਲਾਭ ਹੋਣ ਕਰਕੇ ਸੁਖੀ ਰਹਿੰਦਾ ਹੈ॥ ੧੪ ॥

ਇਕ ਜਵਾਹਰੀ ਸੁਖ ਸੋਂ ਬੈਸੇ। ਤਨ ਕੋ ਖੇਦ ਦੇਤਿ ਨਹਿ ਕੈਸੇ।
ਮੁਕਤਾ ਹੀਰੇ ਬਣਜਹਿਂ ਸੋਈ। ਲਾਭ ਬਿਸ਼ਾਲ ਸਭਿਨਿ ਤੇ ਹੋਈ॥ ੧੫ ॥

ਇਕ ਜੌਹਰੀ ਬੜੇ ਸੁਖ ਨਾਲ ਬੈਠਦਾ ਹੈ। ਤਨ ਨੂੰ ਕਿਸੇ ਤਰ੍ਹਾਂ ਵੀ ਕਸ਼ਟ ਨਹੀਂ ਦਿੰਦਾ ਹੈ। ਹੀਰੇ ਮੋਤੀਆਂ ਦਾ ਵਪਾਰ ਕਰਦਾ ਹੈ। ਸਭ ਵਸਤਾਂ ਤੋਂ ਬਹੁਤ ਲਾਭ ਪ੍ਰਾਪਤ ਕਰਦਾ ਹੈ॥ ੧੫॥

ਤਪ ਜੁ ਤਾਮਸੀ ਸ਼੍ਰਮ ਬਹੁ ਦੇਹੀ। ਗ੍ਯਾਨ ਪ੍ਰਾਪਤਿ ਹੋਇ ਨ ਕੇਹੀ।
ਕਥਾ ਕੀਰਤਨ ਪਢਿਨਿ ਸੁਨਿਨਿ ਤੇ। ਦ੍ਰਿੜ ਉਪਾਸਨਾ ਹੋਤਿ ਗੁਨਨ ਤੇ ॥੧੬ ॥

ਜੋ ਤਾਮਸੀ ਤਪ ਹੈ, ਉਸ ਨਾਲ ਮਨੁੱਖ ਸਰੀਰ ਨੂੰ ਬਹੁਤ ਕਸ਼ਟ ਦਿੰਦਾ ਹੈ, ਪਰ ਉਸ ਨੂੰ ਕੋਈ ਗਿਆਨ ਪ੍ਰਾਪਤ ਨਹੀਂ ਹੁੰਦਾ। ਕਥਾ ਕੀਰਤਨ, ਪੜ੍ਹਨ ਸੁਣਨ ਨਾਲ ਅਤੇ ਪਰਮਾਰਥ ਤੇ ਵਿਚਾਰ ਕਰਨ ਨਾਲ ਉਪਾਸ਼ਨਾ ਦ੍ਰਿੜ੍ਹ ਹੁੰਦੀ ਹੈ॥ ੧੬ ॥

ਦੋਹਰਾ- ਦ੍ਰਿੜ ਉਪਾਸਨਾ ਜਬਿ ਭਈ ਹੁਇ ਆਵਤਿ ਤਬਿ ਗ੍ਯਾਨ।
ਤਾਂਤੇ ਤਪ ਇਹ ਸ਼ਾਂਤਕੀ ਲਾਭ ਬਹੁਤ ਪਹਿਚਾਨ॥ ੧੭॥

ਜਦ ਦ੍ਰਿੜ੍ਹ ਉਪਾਸ਼ਨਾ ਹੋ ਜਾਂਦੀ ਹੈ ਤਾਂ ਗਿਆਨ ਆ ਜਾਂਦਾ ਹੈ। ਇਸ ਤਰ੍ਹਾਂ ਇਹ ਸ਼ਾਂਤਕੀ ਤਪ ਵਿਚ ਬਹੁਤ ਲਾਭ ਸਮਝੋ" ॥ ੧੭॥

ਚੌਪਈ- ਇਸ ਬਿਧਿ ਸੁਨਿ ਮਾਂਗੋ ਗੁਰ ਬਚਨਾ। ਬਾਣੀ ਪਢਨ ਕੀਨ ਮਨ ਖਚਨਾ।
ਸਨਮੁਖ ਮਾਲੋ ਸੁਨਿ ਹੈ ਤਬਿਹੀ। ਬੈਠਿ ਰਿਖੀਕ ਸੰਕੋਚੈ ਸਭਿਹੀ॥ ੧੮ ॥

ਇਸ ਤਰ੍ਹਾਂ ਗੁਰੂ ਦੇ ਬਚਨ ਸੁਣ ਕੇ 'ਮਾਂਗੋ' ਨੇ ਬਾਣੀ ਪੜ੍ਹਨ ਵਿਚ ਮਨ ਖੱਚਤ ਕੀਤਾ। ਮਾਲੋ ਸਨਮੁਖ ਬੈਠ ਕੇ ਸਭ ਇੰਦਰੀਆਂ ਨੂੰ ਸੰਕੋਚ ਕੇ ਸੁਣਨ ਲੱਗਾ॥ ੧੮ ॥

ਮਿਲਿਕੈ ਕਿਰਤਨ ਬਹੁਰ ਉਚਰਿਹੀ। ਕਰਿ ਏਕਾਗਰਤਾ ਮਨ ਧਰਿਹੀ।
ਤਿਨਿਕੀ ਰਸਨਾ ਸਾਦ ਬਿਸਾਲਾ। ਸੁਨਤਿ ਪ੍ਰੇਮ ਜਾਗੈ ਤਤਕਾਲਾ॥ ੧੯ ॥

ਫਿਰ ਮਿਲ ਕੇ ਬਹੁਤ ਕੀਰਤਨ ਕੀਤਾ ਅਤੇ ਮਨ ਨੂੰ ਇਕਾਗਰ ਕੀਤਾ। ਉਨ੍ਹਾਂ ਦੀ ਆਵਾਜ਼ ਵਿਚ ਬੜੀ ਮਿਠਾਸ ਸੀ, ਸੁਣ ਕੇ ਤੁਰੰਤ ਪ੍ਰੇਮ ਜਾਗ ਪਿਆ॥ ੧੯ ॥

ਦੋਹਰਾ- ਜੋ ਜੋ ਸਿਖ ਤਿਨ ਤੇ ਸੁਨਤਿ ਤਜਾਗਹਿ ਬ੍ਰਿੰਦ ਬਿਕਾਰ।

ਧਰਮ ਕ੍ਰਿਤ ਕਰਿ ਵੰਡਿਕੈ ਅਚਵਹਿ ਬਹੁਰ ਅਹਾਰ॥ ੨੦॥

ਜੋ ਜੋ ਸਿੱਖ ਤਿਨ੍ਹਾਂ ਤੋਂ ਸੁਣਦੇ ਸਨ, ਉਹ ਸਾਰੇ ਵਿਕਾਰ ਛੱਡ ਦਿੰਦੇ ਸਨ। ਧਰਮ ਕਿਰਤ ਕਰਕੇ ਫਿਰ ਵੰਡ ਕੇ ਭੋਜਨ ਕਰਦੇ ਸਨ॥ ੨੦॥

ਚੌਪਈ- ਸਿਖ ਸੰਤ ਜਾਇ ਜੁ ਤਿਨਕੇ ਡੇਰੇ। ਸੇਵਾ ਕਰਿਹੀਂ ਭਾਉ ਘਨੇਰੇ।
ਤਿਨਕੇ ਸਦਨ ਦੇਸ਼ ਜਿਸ ਮਾਂਹੀ। ਭਾ ਉਧਾਰ ਬਹੁ ਨਰਨ ਤਹਾਂਹੀ॥੨੧॥

ਸਿੱਖ ਸੰਤ ਜੋ ਵੀ ਉਨ੍ਹਾਂ ਦੇ ਡੇਰੇ ਜਾਂਦਾ ਸੀ, ਉਸ ਦੀ ਉਹ ਬਹੁਤ ਪ੍ਰੇਮ ਕਰਕੇ ਸੇਵਾ ਕਰਦੇ ਸਨ। ਉਨ੍ਹਾਂ ਦਾ ਘਰ ਜਿਸ ਇਲਾਕੇ ਵਿਚ ਸੀ, ਓਥੋਂ ਦੇ ਬਹੁਤ ਮਨੁੱਖਾਂ ਦਾ ਉਧਾਰ ਹੋਇਆ॥ ੨੧॥

ਜਬਿ ਜਬਿ ਆਵਹਿਂ ਦਰਸ਼ਨ ਹੇਤਾ। ਸ਼ਬਦ ਪਢਤਿ ਨਰ ਬ੍ਰਿੰਦ ਸਮੇਤਾ।
ਭਵਬੰਧਨ ਤੇ ਹੋਇ ਨਿਰਾਰੇ। ਸੰਗੀ ਅਪਰ ਅਨੇਕ ਉਧਾਰੇ॥ ੨੨॥

ਜਦ ਜਦ ਦਰਸ਼ਨ ਕਰਨ ਹਿਤ ਆਉਂਦੇ ਸਨ ਤਾਂ ਮਨੁੱਖਾਂ ਦੇ ਸਮੂਹ ਮਿਲ ਕੇ ਸ਼ਬਦ ਪੜ੍ਹਦੇ ਸਨ। ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਸੀ ਅਤੇ ਹੋਰ ਵੀ ਅਨੇਕ ਸੰਗੀਆਂ ਦਾ ਉਧਾਰ ਕਰਦੇ ਸਨ॥ ੨੨॥

ਇਕ ਕਾਲੂ ਖੱਤ੍ਰੀ ਧਰਿ ਆਸਾ। ਮਿਲ੍ਯੋ ਆਇ ਸ਼੍ਰੀ ਨਾਨਕ ਪਾਸਾ।
ਦ੍ਵੈ ਕਰ ਜੋਰਿ ਬੰਦਨਾ ਠਾਨੀ। ਬੈਠਿ ਸਮੀਪ ਭਨੀ ਪੁਨ ਬਾਨੀ॥ ੨੩॥

ਇਕ ਕਾਲੂ ਨਾਮੀ ਖੱਤਰੀ ਆਸ ਧਾਰਨ ਕਰਕੇ ਗੁਰੂ ਨਾਨਕ ਜੀ ਦੇ ਪਾਸ ਆ ਕੇ ਮਿਲਿਆ। ਉਸ ਨੇ ਦੋ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਨੇੜੇ ਬੈਠ ਕੇ ਕਿਹਾ॥ ੨੩॥

'ਸਨਮੁਖ ਮਨਮੁਖ ਲੱਛਨ ਜੇਈ। ਕਰੁਨਾ ਕਰਹੁ ਉਚਾਰਹੁ ਤੇਈ'।
ਸੁਨਿਕੈ ਸ਼੍ਰੀ ਗੁਰ ਗਿਰਾ ਅਲਾਈ। 'ਕਲਮਲ ਤੇ ਜਿਨ ਕੰਡ ਫਿਰਾਈ॥੨੪॥

"ਸਨਮੁਖ ਮਨਮੁਖ ਜੋ ਲੱਛਣ ਹਨ, ਕਿਰਪਾ ਕਰਕੇ ਉਨ੍ਹਾਂ ਬਾਰੇ ਦੱਸੋ"। ਇਹ ਸੁਣ ਕੇ ਗੁਰੂ ਜੀ ਨੇ, ਜਿਨ੍ਹਾਂ ਪਾਪਾਂ ਤੋਂ ਮੁਖ ਮੋੜ ਲਿਆ ਹੈ, ਇਸ ਤਰ੍ਹਾਂ ਬਚਨ ਕੀਤੇ॥ ੨੪॥

ਸੁੱਕ੍ਰਿਤ ਸਾਮੁਹਿ, ਸਾਖੀ ਬ੍ਰਿਤਿਕੋ। ਸੁਨਹਿ ਸ਼ਬਦ ਗੁਰ ਥਿਤ ਕਰਿ ਚਿਤਕੋ।
ਲੱਛਨ ਚਤਰ ਅਪਰ ਹੈਂ ਜੋਇ। ਸੁਨਹੁ ਪ੍ਰੀਤ ਕਰਿ ਉਚਰੈਂ ਸੋਇ॥ ੨੫॥

ਸੁਕ੍ਰਿਤੀ ਸ਼ੁਭ ਕਰਮਾਂ ਦੇ ਸਾਹਮਣੇ ਹੋਵੇ ਤੇ ਆਪਣੇ ਮਨ ਦੀ ਬ੍ਰਿਤੀ ਦਾ ਸਾਖੀ ਹੋਵੇ ਭਾਵ ਪੁੰਨ ਕਰਮਾਂ ਨੂੰ ਪੱਠ ਨਾ ਦੇਵੇ ਤੇ ਆਪਣੇ ਮਨ ਦਾ ਜਾਣਕਾਰ ਰਹੇ। ਗੁਰੂ ਦਾ ਸ਼ਬਦ ਆਪਣੇ ਚਿੱਤ ਨੂੰ ਸਥਿਰ ਕਰਕੇ ਸੁਣੇ। ਜਿਹੜੇ ਹੋਰ ਚਾਰ ਲੱਛਣ ਹਨ, ਉਹ ਪ੍ਰੀਤ ਨਾਲ ਸੁਣੋ, ਉਨ੍ਹਾਂ ਬਾਰੇ ਬਿਆਨ ਕਰਦੇ ਹਾਂ॥ ੨੫॥

ਦੋਹਰਾ- ਮੈਤ੍ਰਿਯ, ਕਰੁਨਾ ਦ੍ਵੈ ਲਖੋ ਮੁਦਤਾ ਤੀਜੀ ਜਾਨ।
ਚਤੁਰ ਉਪੇਖ੍ਯਾ ਜਿਸ ਬਿਖੈ ਸਨਮੁਖ ਸੋ ਪਹਿਚਾਨ॥ ੨੬॥

ਮਿੱਤ੍ਰਤਾ, ਸਭ ਨਾਲ ਸ਼ੁਭ ਪਿਆਰ, ਕਿਰਪਾਲਤਾ, ਦੂਸਰੇ ਦਾ ਦੁੱਖ ਵੇਖ ਕੇ ਦਰਦ ਉਪਜਣਾ ਤੇ ਦੁੱਖ ਦੂਰ ਕਰਨ ਦਾ ਉੱਦਮ ਕਰਨਾ, ਦੂਸਰਾ ਲੱਛਣ ਜਾਣੋ, ਦੂਸਰੇ ਨੂੰ ਵੇਖ ਕੇ ਪ੍ਰਸੰਨ ਹੋਣਾ, ਤੀਸਰਾ ਲੱਛਣ ਸਮਝੋ। ਚੌਥਾ ਲੱਛਣ ਉਪੇਕਸ਼ਾ (ਚਿੱਤ ਦਾ ਰਾਗ ਦ੍ਵੈਖ ਤੋਂ ਪਰ੍ਹੇ ਹੋਣਾ) ਹੈ, ਜਿਸ ਵਿਚ ਇਹ ਚਾਰ ਗੁਣ ਹਨ, ਉਸ ਨੂੰ ਸਨਮੁਖ ਪਹਿਚਾਣੋ" ॥ ੨੬॥

ਚੌਪਈ- ਕਾਲੂ ਕਹ੍ਯੋ 'ਨ ਜਾਨ੍ਯੋ ਜਾਈ। ਅਰਥ ਖੋਲ੍ਹਿ ਦੀਜੈ ਸਮੁਝਾਈ'।
ਸੁਨਿ ਸ਼੍ਰੀ ਮੁਖ ਸੋਂ ਬਚਨ ਅਲਾਯਾ। 'ਮੈਤ੍ਰੀ ਅਰਥ, ਮੀਤ ਸਮੁਦਾਯਾ॥੨੭॥

ਕਾਲੂ ਨੇ ਕਿਹਾ, "ਸਮਝ ਨਹੀਂ ਆਇਆ, ਖੋਲ੍ਹ ਕੇ ਅਰਥ ਸਮਝਾਓ।" ਗੁਰੂ ਜੀ ਨੇ ਸੁਣ ਕੇ ਬਚਨ ਕੀਤੇ, "ਮੈਤਰੀ ਦਾ ਅਰਥ ਹੈ ਸਾਰਿਆਂ ਨੂੰ ਮਿੱਤਰ ਸਮਝਣਾ॥ ੨੭॥

ਪਿਖੈ ਸੁਖੀ ਕਿਹ ਨਿਜ ਸੁਖ ਜਾਨੈ। ਪਰ ਸੁਖ ਦੇਖਿ ਨ ਇਰਖਾ ਠਾਨਹਿ।
ਬਿੱਦਜਾ ਕਿਧੌਂ ਦਰਬ ਨਿਜ ਪਾਸਾ। ਤਿਹ ਸੋਂ ਪਰ ਕੋ ਦੇ ਸੁਖ ਰਾਸਾ ॥੨੮॥

ਦੂਸਰੇ ਨੂੰ ਸੁਖੀ ਵੇਖ ਕੇ ਆਪਣਾ ਸੁਖ ਸਮਝੇ, ਦੂਸਰੇ ਨੂੰ ਸੁਖੀ ਵੇਖ ਕੇ ਮਨ ਵਿਚ ਈਰਖਾ ਨਾ ਕਰੇ। ਜੇ ਆਪਣੇ ਪਾਸ ਵਿਦਿਆ ਅਤੇ ਧਨ ਹੋਵੇ ਤਾਂ ਉਸ ਵਿਚੋਂ ਦੂਸਰੇ ਨੂੰ ਦੇ ਕੇ ਸੁਖੀ ਹੋਵੇ॥ ੨੮॥

ਦੋਹਰਾ- ਕਰਤਿ ਭਲਾਈ ਮੀਤ ਸੋਂ ਤਿਉਂ ਕੀਜੈ ਸਭਿ ਸੰਗ।
ਮੈਤ੍ਰੀ ਕੇ ਲੱਛਨ ਇਹੈ ਕਰੈ ਨ ਕਿਹ ਮਨ ਭੰਗ॥ ੨੯॥

ਜਿਸ ਤਰ੍ਹਾਂ ਤੁਸੀਂ ਮਿੱਤਰ ਦੀ ਭਲਾਈ ਕਰਦੇ ਹੋ, ਇਸ ਤਰ੍ਹਾਂ ਹੀ ਸਾਰਿਆਂ ਦੀ ਭਲਾਈ ਕਰੋ। ਮੈਤ੍ਰੀ ਦੇ ਇਹੋ ਲੱਛਣ ਹਨ, ਕਿਸੇ ਦਾ ਮਨ ਭੰਗ ਨਾ ਕਰੇ॥ ੨੯॥

ਚੌਪਈ- ਨਿਜ ਤੇ ਬਿੱਦਜਾ ਕੈ ਧਨ ਮਾਂਹੀ। ਕੈ ਬਲ ਬਿਖੈ ਕਿ ਮਤਿ ਲਘੁ ਆਹੀ।
ਤਿਨਕੋ ਅਨੁਜ ਆਤਮ ਜਨਜਾਈ। ਕਰਿ ਸਹਾਇਤਾ ਦੇਇ ਬਧਾਈ ॥੩੦॥

ਜੇ ਤੁਹਾਡੇ ਵਿਚ ਵਿਦਿਆ ਅਤੇ ਧਨ ਜ਼ਿਆਦਾ ਹੈ ਤਾਂ ਜਿਹੜਾ ਤਾਕਤ ਅਤੇ ਮੱਤ ਵਿਚ ਕਮਜ਼ੋਰ ਹੈ ਉਸ ਨੂੰ ਆਪਣਾ ਛੋਟਾ ਭਰਾ ਸਮਝੋ, ਉਸ ਦੀ ਸਹਾਇਤਾ ਕਰਕੇ ਉਸ ਨੂੰ ਵੱਡਾ ਬਣਾਉ॥ ੩੦॥

ਲਘੁ ਕੋ ਦੇਖਿ ਗਰਬ ਨਹਿਂ ਕਰਿਹੀਂ। ਇਸ ਕੋ ਕਰੁਨਾ ਸੰਤ ਉਚਰਿਹੀਂ।
ਜੇ ਉਰ ਧਰਹਿਂ ਤਰਹਿਂ ਭਵ ਸੋਈ। ਸਨਮੁਖ ਨਾਮ ਲਖਹੁ ਤੁਮ ਤੇਈ ॥੩੧॥

ਛੋਟੇ ਅਤੇ ਕਮਜ਼ੋਰ ਨੂੰ ਵੇਖ ਕੇ ਘੁਮੰਡ ਨਾ ਕਰੇ, ਉਸ ਨੂੰ ਕਿਰਪਾਲੂ ਸੰਤ ਕਹਿੰਦੇ ਹਨ। ਜਿਹੜਾ ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕਰੇਗਾ, ਉਹ ਭਵਸਾਗਰ ਤਰ ਜਾਵੇਗਾ। ਇਸ ਨੂੰ ਤੁਸੀਂ ਸਨਮੁਖ ਨਾਮ ਸਮਝੋ॥ ੩੧॥

ਨਿਜ ਤੇ ਬਿੱਦਜਾ ਕੈ ਗੁਣ ਮਾਂਹੀ। ਦੀਰਘ ਦੇਖਿ ਦੁਖੈ ਨਹਿਂ ਕਾਹੀਂ।
ਤਿਨਕੀ ਸੁਨਹਿ ਪ੍ਰਸੰਸਾ ਕਾਨ। ਹਰਖਮਾਨ ਹੁਇਂ, ਸੇ ਮਤਿਵਾਨ॥ ੩੨॥

ਜੇ ਆਪਣੇ ਆਪ ਤੋਂ ਕੋਈ ਵੱਡੇ ਗੁਣਾਂ ਵਾਲਾ ਹੋਵੇ ਤਾਂ ਕਿਸੇ ਨੂੰ ਵੀ ਆਪਣੇ ਆਪ ਤੋਂ ਵੱਡਾ ਵੇਖ ਕੇ ਨਾ ਦੁਖੇ। ਉਨ੍ਹਾਂ ਦੀ ਪ੍ਰਸੰਸਾ ਕੰਨਾਂ ਨਾਲ ਸੁਣ ਕੇ ਜਿਹੜਾ ਪ੍ਰਸੰਨ ਹੋਵੇ, ਉਹ ਬੁਧੀਮਾਨ ਹੈ॥ ੩੨॥

ਦੋਹਰਾ- ਜੈਸੇ ਪਿਤ ਗੁਰਦੇਵ ਕੋ ਸੁਨਿ ਜਸ ਹੋਤਿ ਪ੍ਰਸੰਨ।
ਤਿਉਂ ਹਰਖੈ ਮੁਖ ਸੇ ਕਹੈ ਵਾਹਿਗੁਰੂ ਨਿਤ ਧੰਨ॥ ੩੩॥

ਜਿਸ ਤਰ੍ਹਾਂ ਪਿਤਾ ਗੁਰਦੇਵ ਦਾ ਜੱਸ ਸੁਣ ਕੇ ਪ੍ਰਸੰਨ ਹੁੰਦਾ ਹੈ, ਇਸ ਮੁੱਖ ਤੋਂ ਪ੍ਰਸੰਨ ਰਹੇ ਅਤੇ ਵਾਹਿਗੁਰੂ ਨੂੰ ਸਦਾ ਹੀ ਧੰਨ ਧੰਨ ਕਹੇ॥ ੩੩॥

ਚੌਪਈ- ਜਿਨ ਇਸ ਬਿਧਿ ਕੇ ਮਨੁਜ ਉਪਾਏ। ਧੰਨ ਪ੍ਰਭੂ ਕਹਿ ਉਰ ਹਰਖਾਏ।
ਅਸ ਲਖਿਕੈ ਨਿੰਦਾ ਨਹਿਂ ਚਹੈ। ਮੁਦਤਾਨਾਮ ਇਸੀ ਕੋ ਅਹੈ॥ ੩੪॥

ਜਿਸ ਪ੍ਰਭੂ ਨੇ ਇਸ ਵਿਧੀ ਅਨੁਸਾਰ ਮਨੁੱਖ ਪੈਦਾ ਕੀਤੇ ਹਨ, ਉਸ ਪ੍ਰਭੂ ਨੂੰ ਧੰਨ ਕਹਿ ਕੇ ਦਿਲ ਵਿਚ ਪ੍ਰਸੰਨ ਹੋਵੇ। ਇਸ ਤਰ੍ਹਾਂ ਵੇਖ ਕੇ ਨਿੰਦਾ ਨਾ ਕਰਨੀ ਚਾਹੇ। ਮੁਦਤਾ (ਪ੍ਰਸੰਨਤਾ) ਨਾਮ ਇਸ ਨੂੰ ਹੀ ਕਹਿੰਦੇ ਹਨ॥ ੩੪॥

ਅਪੁਨੀ ਮਤਿਗਰ ਬਚ ਅਨੁਸਾਰ। ਦੇ ਉਪਦੇਸ਼ ਸਭਿਨਿ ਸੁਖਕਾਰ।
ਜੋ ਮੰਨੈ ਤਿਹਕੋ ਪੁਨ ਦੇਹਿ। ਅਨਮੰਨੇ ਸੌਂ ਹਠ ਨ ਕਰੇਹਿ॥ ੩੫॥

ਆਪਣੀ ਮੱਤ ਅਤੇ ਬਚਨ ਅਨੁਸਾਰ ਸਾਰਿਆਂ ਨੂੰ ਸੁਖਦਾਈ ਉਪਦੇਸ਼ ਦੇਵੇ। ਜੋ ਮੰਨੇ ਉਸ ਨੂੰ ਫਿਰ ਉਪਦੇਸ਼ ਦੇਵੇ, ਜੋ ਨਾ ਮੰਨੇ ਉਸ ਨਾਲ ਹੱਠ ਕਰਕੇ ਜ਼ਬਰਦਸਤੀ ਉਪਦੇਸ਼ ਨਾ ਦੇਵੇ॥ ੩੫॥

ਦੋਹਰਾ- ਪਰਾਲਬਧ ਇਸਕੀ ਨਹੀਂ ਅਸ ਜਾਨਹਿ ਮਨ ਮਾਂਹਿ।
ਤੂਸ਼ਨਿ ਤਿਹਸੋਂ ਹੁਇ ਰਹੈ ਨਾਮ ਉਪੇਖਜਾ ਤਾਂਹਿ॥ ੩੬॥

ਪਰਾਲੱਬਧ (ਜਿਸ ਕਰਮ ਦੁਆਰਾ ਸਰੀਰ ਦੀ ਪ੍ਰਾਪਤੀ ਹੋਈ ਹੈ) ਇਸ ਦੀ ਨਹੀਂ, ਇਸ ਤਰ੍ਹਾਂ ਮਨ ਵਿਚ ਜਾਣੇ। ਉਸ ਤੋਂ ਚੁੱਪ ਹੋਇਆ ਰਹੇ, ਇਸ ਦਾ ਨਾਮ ਉਪੇਖਿਆ ਹੈ॥ ੩੬॥

ਚੌਪਈ- ਮਨ ਕੋ ਕਹਜੋ ਕਰਤਿ ਹੈ ਜੋਈ। ਹੈ ਮਨਮੁਖਿ ਪਹਿਚਾਨਹੁ ਸੋਈ।
ਤਾਂਤੇ ਤੁਮ ਸਨਮੁਖ ਨਿਤ ਰਹੀਏ। ਨਾਮ ਚਿਤਾਰਿ ਊਚ ਪਦ ਲਹੀਏ ॥੩੭॥

ਜੋ ਮਨ ਦੇ ਕਹਿਣ ਅਨੁਸਾਰ ਚਲਦਾ ਹੈ, ਉਸ ਨੂੰ ਮਨਮੁਖ ਪਹਿਚਾਣੋ। ਇਸ ਲਈ ਤੁਸੀਂ ਸਦਾ ਸਨਮੁਖ ਰਹੋ, ਨਾਮ ਦਾ ਸਿਮਰਨ ਕਰਕੇ ਉੱਚਾ ਪਦ ਪਾਵੋ" ॥ ੩੭॥

ਇਸ ਬਿਧਿ ਸ਼੍ਰੀ ਗੁਰ ਬਚ ਸੋ ਸੁਨਿਕੈ। ਬਰਤਜੋ ਤਿਸ ਪ੍ਰਕਾਰ ਮਨ ਗੁਨਿਕੈ।
ਇਉਂ ਕਾਲੂ ਕੋ ਭਾ ਨਿਸਤਾਰੇ। ਮਿਲੇ ਜੁ ਨਰ ਤਿਹ ਸੋਪਿ ਉਧਾਰੇ॥ ੩੮॥

ਇਸ ਪ੍ਰਕਾਰ ਗੁਰੂ ਜੀ ਦੇ ਬਚਨ ਸੁਣ ਕੇ, ਕਾਲੂ ਨੇ ਉਸ ਪ੍ਰਕਾਰ ਵਿਚਾਰ ਕੇ ਅਭਿਆਸ ਕੀਤਾ। ਇਸ ਤਰ੍ਹਾਂ ਕਾਲੂ ਦਾ ਨਿਸਤਾਰਾ ਹੋ ਗਿਆ। ਜਿਹੜੇ ਮਰਦ ਉਸ ਨੂੰ ਮਿਲਦੇ ਸਨ, ਉਨ੍ਹਾਂ ਦਾ ਵੀ ਉਧਾਰ ਹੋ ਜਾਂਦਾ ਸੀ॥ ੩੮॥

ਭਾਉ ਧਾਰਿ ਜਿਹ ਨਰ ਗੁਰ ਦਰਸੇ। ਬਚਨ ਸੁਣੇ, ਪਦ ਪੰਕਜ ਪਰਸੇ।
ਸੇ ਉਧਰੇ, ਸੰਗ ਬ੍ਰਿੰਦ ਉਧਾਰੇ। ਤਿਨ ਪਰ ਕਵਿ ਸਦੀਵ ਬਲਿਹਾਰੇ॥ ੩੯॥

ਪ੍ਰੇਮ ਧਾਰਨ ਕਰਕੇ ਜਿਹੜੇ ਮਨੁੱਖ ਗੁਰੂ ਜੀ ਦੇ ਦਰਸ਼ਨ ਕਰਦੇ ਸਨ, ਬਚਨ ਸੁਣਦੇ ਸਨ ਅਤੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ, ਉਨ੍ਹਾਂ ਦਾ ਆਪਣਾ ਵੀ ਉਧਾਰ ਹੁੰਦਾ ਸੀ ਤੇ ਉਨ੍ਹਾਂ ਦੇ ਸਾਥੀਆਂ ਦਾ ਵੀ ਉਧਾਰ ਹੋ ਜਾਂਦਾ ਸੀ। ਕਵੀ ਸਦਾ ਉਨ੍ਹਾਂ ਦੇ ਬਲਿਹਾਰ ਜਾਂਦਾ ਹੈ॥ ੩੯॥

ਪੁਨ ਇਕ ਦਿਨ ਧ੍ਰਮਸਾਲਾ ਮਾਂਹੀ। ਬੈਠੇ ਪ੍ਰਭੂ ਸਿੱਖ ਬਹੁ ਜਾਂਹੀ।
ਮ੍ਰਿਦੁਲ ਮਧੁਰ ਕਿਰਤਨ ਧੁਨਿ ਹੋਤੀ। ਸੁਨਤਿ ਸ਼੍ਰੋਤਿ ਹ੍ਵੈ ਸੁਮਤਿ ਉਦੋਤੀ ॥੪੦॥

ਫਿਰ ਇਕ ਦਿਨ ਧਰਮਸਾਲਾ ਵਿਚ, ਗੁਰੂ ਜੀ ਬਹੁਤ ਸਿੱਖਾਂ ਸਮੇਤ ਜਿਥੇ ਬੈਠੇ ਸਨ, ਓਥੇ ਕੀਰਤਨ ਦੀ ਕੋਮਲ ਮਿੱਠੀ ਧੁਨ ਗੂੰਜ ਰਹੀ ਸੀ, ਜਿਸ ਨੂੰ ਕੰਨਾਂ ਨਾਲ ਸੁਣ ਕੇ ਸਰੋਤਿਆਂ ਦੀ ਸ੍ਰੇਸ਼ਟ ਮੱਤ ਉਦੇ ਹੋ ਰਹੀ ਸੀ॥ ੪੦॥

ਦੋਹਰਾ- ਖੱਤ੍ਰੀ ਭਗਤਾ ਓਹਰੀ ਜਾਪੂ ਵੰਸੀ ਦੋਇ।
ਬੰਦਨ ਕਰਿ ਹਰਖੇ ਰਿਦੇ ਮਗਨ ਪ੍ਰੇਮ ਮੈਂ ਹੋਇ॥ ੪੧॥

ਉਸ ਸਮੇਂ ਦੋ ਖੱਤਰੀ ਜਿਨ੍ਹਾਂ ਦੇ ਨਾਂ ਭਗਤਾ ਓਹਰੀ ਅਤੇ ਜਾਪੂਵੰਸ਼ੀ ਸੀ, ਓਥੇ ਆਏ। ਬੰਦਨਾ ਕਰਕੇ ਹਿਰਦੇ ਵਿਚ ਪ੍ਰੇਮ ਵਿਚ ਮਗਨ ਹੋ ਗਏ॥ ੪੧॥

ਚੌਪਈ- ਠਾਂਢੇ ਹੋਇ ਕੀਨਿ ਅਰਦਾਸ। 'ਤੁਮਰੋ ਦਰਸ਼ਨ ਗਜਾਨ ਪ੍ਰਕਾਸ਼।
ਬਿੱਦਜਾ ਬਿਖੈ ਨਿਪੁਨ ਜੋ ਨਰ ਹੈਂ। ਸਦਾ ਬਿਚਾਰ ਕਰਤਿ ਤੇ ਤਰਿ ਹੈਂ ॥੪੨॥

ਖੜੇ ਹੋ ਕੇ ਉਨ੍ਹਾਂ ਅਰਦਾਸ ਕੀਤੀ, "ਤੁਹਾਡੇ ਦਰਸ਼ਨ ਕਰਨ ਨਾਲ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਵਿਦਿਆ ਵਿਚ ਜੋ ਮਨੁੱਖ ਨਿਪੁੰਨ ਹਨ, ਉਹ ਸਦਾ ਵਿਚਾਰ ਕਰਕੇ, ਤਰ ਜਾਂਦੇ ਹਨ॥ ੪੨॥

ਹਮਕੋ ਬਿੱਦਯਾਹੀਨ ਪਛਾਨੋ। ਜਿਉਂ ਉਧਾਰ ਹ੍ਵੈ ਤਿਉਂ ਸੁ ਬਖਾਨੋ'।
ਸੁਨਿਕੈ ਬੋਲੇ ਸ੍ਰੀਗੁਰ ਤਬਿਹੀ। 'ਮਨਮੁਖ ਕਰਮ ਤਜਹੁ ਜੇ ਸਭਿਹੀ॥ ੪੩॥

ਸਾਨੂੰ ਵਿਦਿਆਹੀਣ ਪਛਾਣੋ। ਜਿਵੇਂ ਸਾਡਾ ਉਧਾਰ ਹੋ ਸਕਦਾ ਉਸ ਤਰ੍ਹਾਂ ਹੀ ਕਹੋ।" ਗੁਰੂ ਜੀ ਇਹ ਸੁਣ ਕੇ ਬੋਲੇ, "ਜੇ ਸਾਰੇ ਮਨਮੁਖਾਂ ਵਾਲੇ ਕਰਮ ਛੱਡ ਦੇਵੋ॥ ੪੩॥

ਤਬਿ ਹੋਵਹਿ ਕੱਲਯਾਨ ਤੁਮਾਰਾ। ਬਹੁਰ ਨ ਪਾਵਹੁਗੇ ਸੰਸਾਰਾ'।
ਪ੍ਰਸ਼ਨ ਕੀਨ ਤਿਨ ਦ੍ਵੈਕਰ ਜੋਰੇ। 'ਮਨਮੁਖ ਕਰਮ ਕਹਹੁ ਜੋ ਛੋਰੈਂ' ॥੪੪॥

ਤਦ ਤੁਹਾਡਾ ਕਲਿਆਣ ਹੋਵੇਗਾ, ਫਿਰ ਸੰਸਾਰ ਵਿਚ ਦੁਬਾਰਾ ਫੇਰਾ ਨਹੀਂ ਪਾਵੋਗੇ। ਉਨ੍ਹਾਂ ਦੋਵੇਂ ਹੱਥ ਜੋੜ ਕੇ ਪ੍ਰਸ਼ਨ ਕੀਤਾ, "ਮਨਮੁਖ ਕਰਮ ਬਾਰੇ ਦੱਸੋ, ਜਿਸ ਨੂੰ ਅਸੀਂ ਛੱਡੀਏ" ॥ ੪੪॥

ਤਬਿ ਸ੍ਰੀਗੁਰ ਸਗਰੀ ਬਿਧਿ ਬਰਨੀ। 'ਰਿਦੇ ਈਰਖਾ ਸਭਿ ਸੋਂ ਕਰਨੀ।
ਜਗਤ ਪਦਾਰਥ ਸੁਖ ਜੇ ਸਾਰੇ। ਸਭਿ ਕੇ ਮਿਟਿ ਕਰਿ ਹੋਹਿਂ ਹਮਾਰੇ॥ ੪੫॥

ਤਦ ਗੁਰੂ ਜੀ ਨੇ ਸਾਰੀ ਵਿਧੀ ਬਿਆਨ ਕੀਤੀ, "ਆਪਣੇ ਦਿਲ ਵਿਚ ਸਾਰਿਆਂ ਨਾਲ ਈਰਖਾ ਕਰਨੀ ਛੱਡ ਦੇਵੋ, ਜਗਤ ਪਦਾਰਥ ਦੇ ਜਿਹੜੇ ਸਾਰੇ ਸੁੱਖ ਹਨ, ਉਨ੍ਹਾਂ ਸਾਰਿਆਂ ਨੂੰ ਛੱਡ ਕੇ ਸਾਡੇ ਹੋ ਜਾਵੋ॥ ੪੫॥

ਸਦਨ ਬਿਭੂਤਿ ਅਪਰ ਕੋ ਦੇਖੀ। ਪੀਰਾ ਪਾਵਹਿ ਰਿਦੇ ਬਿਸ਼ੇਖੀ।
ਸਰਬ ਨਰਨ ਕੋ ਸ਼ੱਤ੍ਰੂ ਜਾਨਹਿ। ਸੰਗ ਨ ਕਿਸੇ ਭਲਾਈ ਠਾਨਹਿ॥ ੪੬॥

ਮਨਮੁਖ ਬੁੱਧੀ ਵਾਲੇ ਦੂਸਰੇ ਦੇ ਘਰ ਦੀ ਦੋਲਤ ਵੇਖ ਕੇ, ਹਿਰਦੇ ਵਿਚ ਬਹੁਤ ਪੀੜ ਅਨੁਭਵ ਕਰਦੇ ਹਨ। ਸਾਰੇ ਮਨੁੱਖਾਂ ਨੂੰ ਵੈਰੀ ਜਾਣਦੇ ਹਨ ਅਤੇ ਕਿਸੇ ਦੀ ਵੀ ਭਲਾਈ ਨਹੀਂ ਚਾਹੁੰਦੇ॥ ੪੬॥

ਦੋਹਰਾ-ਇਕ ਮਨਮੁਖ ਕੋ ਕਰਮ ਇਹ, ਤਜਾਗਹੁ ਉਰ ਤੇ ਸੋਇ।
ਦੂਸਰ ਹਉਮੈਂ ਮਨ ਕਰੇ ਸਭਿ ਸੋ ਨਿਰਦਯ ਹੋਇ॥ ੪੭॥

ਇਕ ਤਾਂ ਇਹ ਮਨਮੁਖ ਦੇ ਕਰਮ ਹਨ, ਇਨ੍ਹਾਂ ਨੂੰ ਹਿਰਦੇ ਵਿਚੋਂ ਵਿਸਾਰ ਦੇਵੋ। ਦੂਸਰਾ ਮਨਮੁਖ ਦਾ ਕਰਮ ਹੈ ਕਿ ਮਨ ਨਾਲ ਹਉਮੈਂ ਕਰਨੀ ਤੇ ਸਭ ਨਾਲ ਦਇਆ-ਰਹਿਤ ਹੋ ਜਾਣਾ ਹੈ॥ ੪੭॥

ਚੌਪਈ- ਜੋ ਨਿਜ ਤੇ ਘਟ ਦੇਖਹਿਂ ਤੇਈ। ਤਿਹਕੋ ਮਤਿ ਨਹਿਂ ਕੈਸੇ ਦੇਈ।
ਹਾਸੀ ਕਰੈਂ ਧਰੈਂ ਹੰਕਾਰਾ। ਇਹੁ ਨਹਿਂ ਸਮ ਮਮ ਬੁਧਿ ਉਦਾਰਾ॥ ੪੮॥

ਜਿਹੜੇ ਆਪਣੇ ਆਪ ਤੋਂ ਦੂਸਰੇ ਨੂੰ ਘਟੀਆ ਵੇਖਦੇ ਹਨ, ਉਸ ਨੂੰ ਮੱਤ ਕਿਸ ਤਰ੍ਹਾਂ ਦਿੱਤੀ ਜਾ ਸਕਦੀ ਹੈ। ਹੰਕਾਰ ਧਾਰਨ ਕਰਕੇ ਉਹ ਅਗਲੇ ਦਾ ਮਖੌਲ ਉਡਾਉਂਦੇ ਹਨ, ਤੇ ਕਹਿੰਦੇ ਹਨ ਇਹ ਮੇਰੀ ਦਿਆਲੂ ਬੁੱਧੀ ਦੇ ਬਰਾਬਰ ਨਹੀਂ ਹੈ॥ ੪੮॥

ਪੁਨ ਤੀਜੀ ਨਿੰਦਾ ਪਹਿਚਾਨ। ਤਜਾਗਿ ਦੀਜੀਏ, ਕਬਿ ਨ ਬਖਾਨ।
ਜੋ ਬਿਸ਼ੇਖ ਅਪਨੇ ਤੇ ਹੋਇ। ਤਿਹ ਕੀ ਉਸਤਤਿ ਕਰਿ ਹੈ ਕੋਇ॥ ੪੯॥

ਮਨਮੁਖ ਦਾ ਤੀਸਰਾ ਲੱਛਣ ਨਿੰਦਿਆ ਨੂੰ ਪਹਿਚਾਣੋ, ਇਸ ਨੂੰ ਤਿਆਗ ਦੇਵੋ ਤੇ ਕਦੇ ਕਿਸੇ ਦੀ ਨਿੰਦਿਆ ਨਾ ਕਰੋ। ਜਿਹੜਾ ਆਪਣੇ ਆਪ ਤੋਂ ਵੱਡਾ ਹੁੰਦਾ ਹੈ ਉਸ ਦੀ ਉਸਤਤ ਕੋਣ ਕਰਦਾ ਹੈ?॥ ੪੯॥

ਦੋਹਰਾ-ਸੁਨਿ ਕਰਿ ਨਹੀਂ ਸਹਾਰਨੀ ਜਰ ਬਰ ਤਿਹ ਤੇ ਜਾਇ।
ਦੇਖਯੋ ਸੋ ਮੇਰੋ ਅਹੈ ਇਸ ਬਿਧਿ ਨਿੰਦ ਅਲਾਇ॥ ੫੦॥

ਉਸ ਦੀ ਉਸਤਤ ਸੁਣ ਕੇ ਸਹਾਰ ਨਹੀਂ ਸਕਦਾ ਤੇ ਸੜ ਬਲ ਜਾਂਦਾ ਹੈ। ਅਤੇ ਕਹਿੰਦਾ ਹੈ "ਮੈਂ ਇਸ ਵੱਡੇ ਨੂੰ ਵੇਖਿਆ ਹੋਇਆ ਹੈ" ਇਸ ਤਰ੍ਹਾਂ ਕਹਿ ਕੇ ਨਿੰਦਿਆ ਕਰਦਾ ਹੈ॥ ੫੦॥

ਚੌਪਈ- ਸਮ ਸੋ ਗਰਬ, ਅਸੂਯਾ ਧਰਿਹੀਂ। ਓਹ ਨਰ ਕਯਾ ਹੌਂ ਗੁਣ ਭਰਪੂਰਿ ਹੀਂ।
ਚੌਥੀ ਹਠ ਬਿਰਤੀ ਅਸ ਜੋਇ। ਦੇ ਉਪਦੇਸ਼ ਨ ਮੰਨੇ ਕੋਇ॥ ੫੧॥

ਆਪਣੇ ਬਰਾਬਰ ਵਾਲੇ ਨਾਲ ਘੁਮੰਡ ਕਰਦਾ ਹੈ ਅਤੇ ਈਰਖਾ ਧਾਰਨ ਕਰਦਾ ਹੈ। ਕਹਿੰਦਾ ਹੈ, ਉਹ ਆਦਮੀ ਕੀ ਹੈ ? ਮੈਂ ਗੁਣਾਂ ਨਾਲ ਭਰਪੂਰ ਹਾਂ। ਮਨਮੁਖ ਦਾ ਚੌਥਾ ਲੱਛਣ ਹੱਠ ਬਿਰਤੀ ਹੈ, ਉਸ ਨੂੰ ਉਪਦੇਸ਼ ਦੇਵੋ ਤਾਂ ਉਹ ਮੰਨਦਾ ਹੀ ਨਹੀਂ॥ ੫੧॥

ਤੱਦਪਿ ਹਠ ਕਰਿ ਕਰਿ ਪੁਨ ਕਹਿਹੀ। ਚਤੁਰ ਕਰਮ ਮਨਮੁਖਿ ਕੇ ਅਹਿਹੀਂ।
ਤਿਨਕੋ ਤਯਾਗ ਕਰਹੁ ਤੁਮ ਐਸੇ। ਸਿਸਰ ਬਿਖੈ ਤਰੁ ਪੱਤ੍ਰਨ ਜੈਸੇ॥ ੫੨॥

ਉਹ ਹੱਠ ਕਰ ਕਰ ਫਿਰ ਕਹਿੰਦਾ ਰਹਿੰਦਾ ਹੈ ਅਤੇ ਕਿਸੇ ਦੀ ਗੱਲ ਨਹੀਂ ਮੰਨਦਾ ਹੈ। ਮਨਮੁਖ ਦਾ ਚੌਥਾ ਕਰਮ ਇਹੋ ਹੈ। ਉਨ੍ਹਾਂ ਨੂੰ ਤੁਸੀਂ ਇਸ ਤਰ੍ਹਾਂ ਤਿਆਗ ਦੇਵੋ। ਜਿਵੇਂ ਪੱਤਝੜ ਰੁੱਤ ਵਿਚ ਬ੍ਰਿਛ ਪੱਤਿਆਂ ਨੂੰ ਤਿਆਗ ਦਿੰਦਾ ਹੈ॥ ੫੨॥

ਦੋਹਰਾ-ਸਿੱਖਨ ਕੋ ਗੁਰਦੇਵ ਸਮ ਜਾਨਹਿ ਮਨ ਕਰਿ ਨੀਵ।
ਧਰਮ ਕ੍ਰਿੱਤ ਕਰਿ ਜਗਤ ਮਹਿਂ ਖਾਵਹਿ ਵੰਡ ਸਦੀਵ॥ ੫੩॥

ਮਨ ਨੀਵਾਂ ਕਰਕੇ ਸਿੱਖਾਂ ਨੂੰ ਗੁਰਦੇਵ ਬਰਾਬਰ ਜਾਣੇ, ਜਗਤ ਵਿਚ ਧਰਮ ਦੀ ਕਿਰਤ ਕਰਕੇ ਸਦਾ ਹੀ ਵੰਡ ਕੇ ਖਾਵੇ"॥ ੫੩॥

ਚੌਪਈ- ਅਸ ਉਪਦੇਸ਼ ਗੁਰੂ ਕੋ ਸੁਨਿਕੈ। ਮੰਨਯੋ, ਮਨ ਕੀਨੋ ਸੁਭ ਗੁਨਿਕੈ।
ਬਰਤਨ ਲਗੇ ਜਗਤ ਮਹਿਂ ਐਸੇ। ਕੈਵਲ ਹੋਵਹਿ ਪ੍ਰਾਪਤਿ ਜੈਸੇ॥ ੫੪॥

ਇਸ ਤਰ੍ਹਾਂ ਗੁਰੂ ਜੀ ਦੇ ਉਪਦੇਸ਼ ਸੁਣ ਕੇ, ਸਭ ਨੇ ਸਮਝ ਕੇ ਮਨ ਵਿਚ ਮੰਨ ਲਿਆ। ਜਗਤ ਵਿਚ ਇਸ ਤਰ੍ਹਾਂ ਰਹਿਣ ਲੱਗੇ ਜਿਵੇਂ ਮੁਕਤੀ ਪ੍ਰਾਪਤ ਹੋ ਗਈ ਹੋਵੇ॥ ੫੪॥

ਸ਼ੀਹਾਂ ਗੱਜਣ ਦੋਨੌਂ ਭਾਈ। ਸੋ ਆਏ ਸਤਿਗੁਰ ਸ਼ਰਣਾਈ।
ਦਰਸ਼ਨ ਦੇਖਯੋ ਸ਼੍ਰੀ ਸੁਖਕੰਦਾ। ਕਰੀ ਬੰਦਨਾ ਪਦ ਅਰਬਿੰਦਾ॥ ੫੫॥

ਸ਼ੀਹਾਂ ਗੱਜਣ ਦੋਵੇਂ ਭਰਾ ਸਨ, ਉਹ ਸਤਿਗੁਰੂ ਦੀ ਸ਼ਰਨ ਆਏ। ਸੁਖਾਂ ਦੇ ਦਾਤੇ ਭਾਵ ਗੁਰੂ ਜੀ ਦੇ ਦਰਸ਼ਨ ਕੀਤੇ। ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਆ ਕੇ ਬੰਦਨਾ ਕੀਤੀ॥ ੫੫॥

ਦੋਹਰਾ-ਕਰ ਜੋਰੇ ਠਾਂਢੇ ਭਏ ਅਸ ਕੀਨੀ ਅਰਦਾਸ।
'ਚਤੁਰ ਪਦਾਰਥ ਦੇਹੁ ਪ੍ਰਭੁ! ਜਨਮ ਮਰਨ ਕਟਿ ਫਾਂਸ॥ ੫੬॥

ਹੱਥ ਜੋੜ ਕੇ ਖੜੇ ਹੋ ਗਏ ਅਤੇ ਇਸ ਤਰ੍ਹਾਂ ਅਰਦਾਸ ਕੀਤੀ, 'ਹੇ ਪ੍ਰਭੂ ! ਹੁਣ ਚਾਰ ਪਦਾਰਥ ਦੇਵੋ ਅਤੇ ਜਨਮ ਮਰਨ ਦੀ ਫਾਹੀ ਕੱਟ ਦੇਵੋ॥ ੫੬॥

ਚੌਪਈ- ਤੁਮਰੇ ਸਰਸ ਨ ਅਪਰ ਉਦਾਰਾ। ਜੋ ਜਾਚਹਿਂ ਸੋ ਦੇਹੁ ਦਤਾਰਾ!।
ਆਸਾ ਧਰਿ ਅਰਦਾਸ ਬਖਾਨੀ। ਪੂਰਨ ਕੀਜੈ ਸ਼੍ਰੀ ਗੁਨਖਾਨੀ'!॥ ੫੭॥

ਤੁਹਾਡੇ ਵਰਗਾ ਹੋਰ ਕੋਈ ਦਾਤਾ ਨਹੀਂ ਹੈ, ਜੋ ਕੋਈ ਮੰਗਦਾ ਹੈ ਓਹੋ ਕੁਝ ਉਸ ਨੂੰ ਦੇ ਦਿੰਦੇ ਹੋ। ਆਸ ਧਾਰ ਕੇ ਅਸੀ ਅਰਦਾਸ ਕੀਤੀ ਹੈ, ਹੇ ਗੁਣਾਂ ਦੀ ਖਾਣ! ਸਾਡੀ ਬੇਨਤੀ ਪੂਰੀ ਕਰੋ'' ॥ ੫੭ ॥

ਸੁਨਿਕੈ ਸ੍ਰੀ ਗੁਰ ਗਿਰਾ ਅਲਾਈ। ਲੋਚਨ ਕੋਰਨ ਕਰੁਨਾ ਛਾਈ।
'ਸਿਮਰਹੁ ਵਾਹਿਗੁਰੂ ਲਿਵਲਾਈ। ਦੇਇ ਪਦਾਰਥ ਸੋ ਤੁਮ ਤਾਈਂ' ॥ ੫੮ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ ਅਤੇ ਉਨ੍ਹਾਂ ਦੇ ਨੈਣਾਂ ਵਿਚ ਕਿਰਪਾ ਛਾ ਗਈ, ''ਲਿਵ ਲਾ ਕੇ ਵਾਹਿਗੁਰੂ ਦਾ ਸਿਮਰਨ ਕਰੋ, ਉਹ ਹੀ ਤੁਹਾਨੂੰ ਚਾਰ ਪਦਾਰਥ ਦੇਵੇਗਾ'' ॥ ੫੮ ॥

ਕਹੈਂ ਸੁ 'ਜਾਂਕਉ ਅਰਥ ਬਤਾਵਉ। ਦੇ ਉਪਦੇਸ਼ ਭਲੇ ਸਮਝਾਵਉ'।
ਤਬਿ ਸ੍ਰੀ ਨਾਨਕ ਅਰਥ ਬਖਾਨਾਂ। 'ਜੇ ਸਿਮਰਹਿਂ ਸੇ ਨਰ ਮਤਿਵਾਨਾ ॥ ੫੯ ॥

ਕਹਿਣ ਲੱਗੇ, ''ਸਾਨੂੰ ਇਸ ਦੇ ਅਰਥ ਦੱਸੋ, ਉਪਦੇਸ਼ ਦੇ ਕੇ ਚੰਗੀ ਤਰ੍ਹਾਂ ਸਮਝਾਵੋ।'' ਫਿਰ ਗੁਰੂ ਜੀ ਨੇ ਅਰਥ ਸੁਣਾਇਆ, ''ਜਿਹੜਾ ਮਨੁੱਖ ਵੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਮਨੁੱਖ ਬੁਧੀਮਾਨ ਹੋ ਜਾਂਦਾ ਹੈ ॥ ੫੯ ॥

ਦੋਹਰਾ- ਵਾਸਦੇਵ ਵਾਵਾ ਵਰਨ ਹਾਹਾ ਹਰਿ ਤੇ ਲੀਨ।
ਗੱਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ ॥ ੬੦ ॥

ਵਾਸਦੇਵ ਤੋਂ ਵਾਵਾ ਅੱਖਰ ਲਿਆ ਹੈ ਅਤੇ ਹਰਿ ਤੋਂ ਹਾਹਾ ਅੱਖਰ ਚੁਣਿਆ। ਗੱਗਾ ਗੋਬਿੰਦ ਤੋਂ ਲਿਆ ਤੇ ਰਾਰਾ ਪ੍ਰਬੀਨ ਰਾਮ ਤੋਂ ਲਿਆ ਹੈ ॥ ੬੦ ॥

ਚੌਪਈ- ਏਕ ਨਾਮ ਤੇ ਚਤੁਰ ਸੁ ਜਾਪੂ। ਯਾਂਤੇ ਹੈ ਇਹ ਅਧਿਕ ਪ੍ਰਤਾਪੂ।
ਦੂਸਰ ਅਰਥ ਔਰ ਸੁਨਿ ਲੀਜੈ। ਜਾਪ ਕਰੇ ਸਭਿ ਸੰਕਟ ਛੀਜੈ ॥ ੬੧ ॥

ਇਕ ਨਾਮ ਨਾਲ ਚੋਹਾਂ ਦਾ ਜਾਪ ਹੋ ਜਾਂਦਾ ਹੈ, ਇਸ ਕਰਕੇ ਇਸ ਦਾ ਅਧਿਕ ਪ੍ਰਤਾਪ ਹੈ। ਦੂਸਰਾ ਅਰਥ ਹੋਰ ਸੁਣ ਲਵੋ ਜਾਪ ਕਰਨ ਨਾਲ ਸਾਰੇ ਸੰਕਟ ਦੂਰ ਹੋ ਜਾਂਦੇ ਹਨ ॥ ੬੧ ॥

'ਵਾਹਿ' ਨਾਮ ਅਚਰਜ ਪਹਿਚਾਨੋ। ਜਿਹ ਕੀ ਸੱਤਜਾ ਜਗ ਪ੍ਰਗਟਾਨੋਂ।
ਜਿਹ ਸੱਤਜਾ ਕਰਿ ਲਖਿਜਤਿ ਭਵ ਹੈ। ਸੋ ਨਹਿਂ ਲਖੀ ਜਾਇ ਅਨੁਭਵ ਹੈ ॥ ੬੨ ॥

'ਵਾਹਿ' ਨਾਮ ਦੇ ਅਰਥ 'ਅਚਰਜ' ਪਹਿਚਾਣੋ, ਜਿਸ ਦੀ ਤਾਕਤ ਨਾਲ ਜੱਗ ਪ੍ਰਗਟ ਹੋਇਆ ਹੈ। ਜਿਸ ਦੀ ਸ਼ਕਤੀ ਕਾਰਨ ਇਹ ਜਗਤ ਪਹਿਚਾਣਿਆ ਜਾਂਦਾ ਹੈ। ਉਹ ਸ਼ਕਤੀ ਵੇਖੀ ਨਹੀਂ ਜਾ ਸਕਦੀ, ਪਰ ਅਨੁਭਵ ਦੁਆਰਾ ਉਹ ਵੇਖੀ ਜਾ ਸਕਦੀ ਹੈ'' ॥ ੬੨ ॥

ਦੋਹਰਾ- ਯਾਂਤੇ ਸੋ ਅਚਰਜ ਭਯੋ ਗੁਰੂ ਅਰਥ ਸੁਨਿ ਕਾਨ।
ਅੰਧਕਾਰ 'ਗੋ' ਨਾਮ ਹੈ 'ਰੂ' ਪ੍ਰਕਾਸ਼ ਪਹਿਚਾਨ ॥ ੬੩ ॥

ਗੁਰੂ ਜੀ ਦੇ ਅਰਥ ਸੁਣ ਕੇ ਉਹ ਬਹੁਤ ਹੈਰਾਨ ਹੋਏ। 'ਗੋ' ਹਨੇਰੇ ਦਾ ਨਾਂ ਹੈ 'ਰੂ' ਪ੍ਰਕਾਸ਼ ਨੂੰ ਕਹਿੰਦੇ ਹਨ ॥ ੬੩ ॥

ਚੌਪਈ- ਅੰਧਕਾਰ ਵਤ ਦੇਹਿ ਅਨਿੱਤਾ। ਤਿਹ ਪ੍ਰਕਾਸ਼ ਦੀਨੋ ਸੋ ਚਿੱਤਾ।
ਤਾਂਕੋ 'ਵਾਹਿਗੁਰੂ' ਇਮ ਨਾਮੈਂ। ਜਪੁ ਹ੍ਵੈ ਚਤੁਰ ਪਦਾਰਥ ਧਾਮੈਂ ॥ ੬੪ ॥

ਹਨੇਰੇ ਵਾਂਗ ਇਹ ਸਰੀਰ ਆਰਜ਼ੀ ਹੈ। ਜਿਸ ਨੂੰ ਪ੍ਰਕਾਸ਼ ਦਿੱਤਾ ਹੈ ਉਹ ਚੇਤਨ ਹੋ ਗਿਆ ਹੈ। ਉਸ ਦਾ ਵਾਹਿਗੁਰੂ ਇਸ ਤਰ੍ਹਾਂ ਨਾਮ ਹੈ। ਉਹ ਨਾਮ ਜਪਣ ਨਾਲ ਚਾਰ ਪਦਾਰਥ ਘਰ ਵਿਚ ਆਉਂਦੇ ਹਨ।'' (ਚਾਰ ਪਦਾਰਥ ਹਨ, ਧਰਮ, ਧਨ ਦੌਲਤ, ਸਫਲਤਾ ਅਤੇ ਮੁਕਤੀ) ॥ ੬੪ ॥

ਬੂਝਹਿਂ ਪੁਨਿ 'ਜਿ ਵਾਹਿਗੁਰੂ ਗਾਵਹਿਂ। ਕਿਸ ਬਿਧਿ ਚਾਰ ਪਦਾਰਥ ਪਾਵਹਿਂ।
ਗੁਰੂ ਭਨਜੋ 'ਸਤਿਸੰਗਤਿ ਜਾਤੇ। ਡਗਡਗ ਅਸ੍ਵ ਮਖ ਹ੍ਵੈ ਫਲ ਤਾਂਤੇ॥੬੫॥

ਫਿਰ ਪੁੱਛਣ ਲੱਗੇ, "ਜੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਾਂਗੇ ਤਾਂ ਚਾਰ ਪਦਾਰਥ ਕਿਸ ਤਰ੍ਹਾਂ ਪਾਵਾਂਗੇ?" ਗੁਰੂ ਜੀ ਨੇ ਕਿਹਾ, "ਸਤਿਸੰਗਤ ਵਿਚ ਜਾਂਦਿਆਂ, ਕਦਮ ਕਦਮ ਤੇ ਅਸ੍ਵਮੇਧ ਯੱਗ ਦਾ ਫਲ ਮਿਲਦਾ ਹੈ॥ ੬੫॥

ਦੋਹਰਾ-ਜਿਹ ਧਨ ਕਾਰਨ ਜਤਨ ਜੋ ਕਰਿ ਹੈਂ ਲੋਕ ਅਪਾਰ।
ਸੋ ਧਨ ਹਰਿਕੇ ਭਗਤਿ ਕੋ ਮਾਨਵ ਦੇਹਿਂ ਹਜ਼ਾਰ॥ ੬੬॥

ਜਿਸ ਧਨ ਨੂੰ ਪ੍ਰਾਪਤ ਕਰਨ ਵਾਸਤੇ ਲੋਕ ਅਪਾਰ ਜਤਨ ਕਰਦੇ ਹਨ, ਸੋ ਧਨ ਹਰੀ ਦੇ ਭਗਤ ਨੂੰ ਹਜ਼ਾਰਾਂ ਮਨੁੱਖ ਦਿੰਦੇ ਹਨ॥ ੬੬॥

ਚੌਪਈ- ਬੰਦਨ ਕਰਹਿਂ ਦੇਹਿਂ ਧਨ ਆਈ। ਜਨ ਤੇ ਜਾਚਹਿਂ ਅਪੁਨਿ ਭਲਾਈ।
ਰਿਦੇ ਕਾਮਨਾ ਭਗਤਨਿ ਜੋਈ। ਸ੍ਰੀ ਕਰਤਾਰ ਪੂਰਿ ਹੈ ਸੋਈ॥ ੬੭॥

ਆ ਕੇ ਧਨ ਦੇ ਕੇ ਬੰਦਨਾ ਕਰਦੇ ਹਨ, ਵਾਹਿਗੁਰੂ ਦੇ ਦਾਸ ਤੋਂ ਆਪਣੀ ਭਲਾਈ ਮੰਗਦੇ ਹਨ। ਭਗਤਾਂ ਦੇ ਹਿਰਦੇ ਵਿਚ ਜੋ ਕਾਮਨਾਵਾਂ ਹੋਣ, ਉਨ੍ਹਾਂ ਕਾਮਨਾਵਾਂ ਦੀ ਪ੍ਰਾਪਤੀ ਕਰਤਾਰ ਤੋਂ ਪੂਰੀ ਹੁੰਦੀ ਹੈ॥ ੬੭॥

ਅਰਥ ਵਾਹਿਗੁਰੂ ਸਮਝਨ ਕਰਿਕੈ। ਹੁਇ ਹੈ ਗਜਾਨ ਜਾਇ ਤਮ ਟਰਿਕੈ।
ਚਤੁਰ ਪਦਾਰਥ ਨਾਮੁ ਅਧੀਨਾ। ਸਿਮਰਨ ਕਰਹੁ ਹੋਇ ਦੁਖ ਛੀਨਾ'॥੬੮॥

ਵਾਹਿਗੁਰੂ ਦੇ ਅਰਥ ਸਮਝਣ ਕਰਕੇ, ਤੁਹਾਨੂੰ ਗਿਆਨ ਹੋ ਜਾਵੇਗਾ ਅਤੇ ਅਗਿਆਨ ਰੂਪੀ ਹਨੇਰਾ ਦੂਰ ਹੋ ਜਾਵੇਗਾ (ਇਹ ਮੋਖ ਪ੍ਰਾਪਤੀ ਹੈ) ਚਾਰ ਪਦਾਰਥ ਨਾਮ ਦੇ ਅਧੀਨ ਹਨ, ਸਿਮਰਨ ਕਰੋ, ਤੁਹਾਡੇ ਦੁੱਖ ਦੂਰ ਹੋ ਜਾਣਗੇ" ॥ ੬੮॥

ਦੋਹਰਾ-ਸ੍ਰੀ ਗੁਰ ਕੋ ਉਪਦੇਸ਼ ਸੁਨਿ ਕਰਨ ਲਗੇ ਸੋ ਕਾਰ।
ਪਿਛਲੀ ਨਿਸ ਇਸ਼ਨਾਨ ਕਰਿ ਪਢਹਿਂ ਸ਼ਬਦ ਹਿਤ ਧਾਰਿ॥ ੬੯॥

ਸ੍ਰੀ ਗੁਰੂ ਜੀ ਦਾ ਉਪਦੇਸ ਸੁਣ ਕੇ ਉਹ ਉਸ ਤਰ੍ਹਾਂ ਹੀ ਕਾਰ ਕਰਨ ਲੱਗੇ, ਪਿਛਲੀ ਰਾਤ ਰਹਿੰਦਿਆਂ ਇਸ਼ਨਾਨ ਕਰਕੇ ਹਿਤ ਧਾਰ ਕੇ ਸ਼ਬਦ ਪੜ੍ਹਦੇ ਹਨ॥ ੬੯॥

ਚੌਪਈ- ਦਿਨ ਸਗਰੇ ਨਿਜ ਕ੍ਰਿੱਤ ਕਮਾਵਹਿਂ। ਅੱਭਜਾਗਤ ਸੌਂ ਵੰਡਹਿਂ ਖਾਵਹਿਂ।
ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈਂ। ਨਿਕਸਹਿ ਵਹਿਰ ਤ 'ਗੁਰੂ' ਅਲਾਵੈਂ॥੭੦॥

ਸਾਰਾ ਦਿਨ ਆਪਣੀ ਕਿਰਤ ਕਮਾਈ ਕਰਦੇ ਸਨ ਅਤੇ ਭੋਜਨ ਅਤਿਥੀ ਨੂੰ ਛਕਾ ਕੇ ਖਾਂਦੇ ਸਨ। ਅੰਦਰਲੇ ਸਵਾਸਾਂ ਨਾਲ 'ਵਾਹਿ' ਮਿਲਾਉਂਦੇ ਸਨ ਅਤੇ ਜਦ ਸਵਾਸ ਬਾਹਰ ਕੱਢਦੇ ਸਨ ਤਾਂ ਗੁਰੂ ਕਹਿੰਦੇ ਸਨ॥ ੭੦॥

ਇਸ ਬਿਧਿ ਅਪਨੋ ਸਮਾਂ ਬਿਤਾਵਹਿਂ। ਸੁਭ ਤਿਥਿ ਪੰਚਾਂਮ੍ਰਿਤ ਕਰਿਵਾਵਹਿਂ।
ਕੇਤਜੋਂ ਸਮਾ ਬਿਤੀਤਜੋ ਤਿਨਕੋ। ਭਲੇ ਕਰਮ ਕੀ ਰੁਚਿ ਜਿਨ ਮਨਕੋ॥੭੧॥

ਇਸ ਤਰ੍ਹਾਂ ਆਪਣਾ ਸਮਾਂ ਬਤੀਤ ਕਰਦੇ ਸਨ। ਸੁਭ ਦਿਨ ਕੜਾਹ ਪ੍ਰਸ਼ਾਦ ਕਰਵਾਉਂਦੇ ਸਨ। ਉਨ੍ਹਾਂ ਨੂੰ ਕਾਫੀ ਸਮਾਂ ਜਦ ਬੀਤ ਗਿਆ, ਜਿਨ੍ਹਾਂ ਦੇ ਮਨ ਵਿਚ ਭਲੇ ਕਰਮਾਂ ਦੀ ਚਾਹਤ ਸੀ॥ ੭੧॥

ਦੋਹਰਾ-ਸ਼ੀਹੇਂ ਕੀ ਇਕ ਸੁਤਾ ਥੀ ਕਰਨ ਲਗਜੋ ਤਿਸ ਬਜਾਹ।
ਅਸਨ ਕਰਾਯੋ ਅਨਿਕ ਬਿਧਿ ਨਿਕਟਿ ਰਹੇ ਦਿਨ ਤਾਂਹਿ॥ ੭੨॥

ਸ਼ੀਹੇਂ ਦੀ ਇਕ ਲੜਕੀ ਸੀ। ਉਸ ਦਾ ਵਿਆਹ ਕਰਨ ਲੱਗਾ। ਜਦ ਵਿਆਹ ਵਿਚ ਥੋੜ੍ਹੇ ਦਿਨ ਰਹਿ ਗਏ ਤਾਂ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕੀਤੇ॥ ੭੨ ॥

ਚੌਪਈ- ਮਧੁਰ ਸਨਿਘਧ ਕਰਾਇ ਅਹਾਰਾ। ਰਾਖ੍ਯੋ ਬਹੁਤ ਅਗਾਰ ਮਝਾਰਾ।
ਸਿੱਖ ਗੁਰੂ ਕੇ ਦਰਸ਼ਨ ਜਾਇਂ। ਘਰ ਸ਼ੀਹੇਂ ਕੇ ਉਤਰੇ ਆਇ॥ ੭੩ ॥

ਮਿੱਠੇ ਘਿਉ ਵਾਲੇ ਪਦਾਰਥ ਤਿਆਰ ਕੀਤੇ ਤੇ ਸਾਰੇ ਘਰ ਦੇ ਵਿਚ ਰੱਖ ਦਿੱਤੇ। ਉਸ ਦਿਨ ਹੀ ਗੁਰੂ ਦੇ ਬਹੁਤ ਸਿੱਖਾਂ ਨੇ ਸ਼ੀਹੇਂ ਦੇ ਦਰਸ਼ਨ ਕਰਨ ਵਾਸਤੇ ਸ਼ੀਹੇਂ ਦੇ ਘਰ ਵਿਚ ਆ ਉਤਾਰਾ ਕੀਤਾ॥ ੭੩ ॥

ਹਿਤ ਬਰਾਤ ਕੇ ਜੋ ਪਕਵਾਨੇ। ਸ਼ੀਹੇਂ ਦੀਨੇ ਸੋ ਤਿਨ ਖਾਨੇ।
ਸੰਗਤਿ ਬਹੁਤ ਸਦਨ ਮਹਿਂ ਜੋਊ। ਸਭਿ ਪਕਵਾਨ ਖਾਇਗੇ ਸੋਊ॥ ੭੪ ॥

ਜੋ ਪਕਵਾਨ ਬਰਾਤ ਵਾਸਤੇ ਤਿਆਰ ਕੀਤੇ ਸਨ, ਸ਼ੀਹੇਂ ਨੇ ਉਹ ਪਦਾਰਥ ਸਿੱਖਾਂ ਨੂੰ ਖਾਣ ਨੂੰ ਦੇ ਦਿੱਤੇ। ਘਰ ਵਿਚ ਜਿਹੜੀ ਬਹੁਤ ਸੰਗਤ ਆਈ ਸੀ, ਉਹ ਸਾਰੇ ਪਦਾਰਥ ਖਾ ਗਈ॥ ੭੪ ॥

ਦੋਹਰਾ- ਅਗਲੇ ਦਿਨ ਮਹਿਂ ਜੰਞ ਨੈ ਹੁਤੋ ਆਵਨੋ ਧਾਮ।
ਸੰਗਤਿ ਬਡ ਭੁਨਸਾਰ ਤੇ ਗਵਨੀ ਲੇ ਗੁਰ ਨਾਮ॥ ੭੫ ॥

ਅਗਲੇ ਦਿਨ ਜੰਞ ਨੇ ਘਰ ਵਿਚ ਆਉਣਾ ਸੀ, ਜਦ ਸਵੇਰ ਹੋਈ ਤਾਂ ਸੰਗਤ ਗੁਰੂ ਦਾ ਨਾਮ ਲੈ ਕੇ ਚਲੀ ਗਈ॥ ੭੫ ॥

ਚੌਪਈ- ਚਿੰਤ ਕਰੈ ਸ਼ੀਹੇਂ ਕੀ ਨਾਰਿ। ਤਨਕ ਨਿਕੇਤ ਨ ਰਹ੍ਯੋ ਅਹਾਰ।
ਆਵਹਿ ਅਬਿ ਬਰਾਤ ਕਹਾ ਖਾਹੀ। ਤੂਰਨ ਤਯਾਰ ਹੋਤਿ ਕਸ ਨਾਂਹੀ॥ ੭੬ ॥

ਸ਼ੀਹੇਂ ਦੀ ਇਸਤਰੀ ਚਿੰਤਾ ਕਰਦੀ ਸੀ, ਘਰ ਵਿਚ ਕੋਈ ਭੋਜਨ ਨਾ ਰਿਹਾ। ਹੁਣ ਬਰਾਤ ਆ ਕੇ ਕੀ ਖਾਵੇਗੀ? ਤੁਰੰਤ ਕੁਝ ਵੀ ਤਿਆਰ ਨਹੀਂ ਸੀ ਹੋ ਸਕਦਾ॥ ੭੬ ॥

ਕਿਸ ਪਰਕਾਰ ਲਾਜ ਰਹਿ ਆਵਹਿ। ਸਗਰੇ ਜਗਤ ਨਿੰਦ ਪ੍ਰਗਟਾਵਹਿ।
ਪਿਖ ਸਚਿੰਤ ਸ਼ੀਹੇਂ ਨਿਜ ਨਾਰੀ। ਤਾਂਕੋ ਦੀਨ ਦਿਲਾਸੋ ਭਾਰੀ॥ ੭੭ ॥

ਸਾਡੀ ਕਿਸ ਪ੍ਰਕਾਰ ਲਾਜ ਰਹਿ ਆਵੇਗੀ, ਸਾਰਾ ਜਗਤ ਸਾਡੀ ਨਿੰਦਿਆ ਕਰੇਗਾ। ਆਪਣੀ ਇਸਤਰੀ ਨੂੰ ਚਿੰਤਤ ਵੇਖ ਕੇ, ਸ਼ੀਹੇਂ ਨੇ ਉਸ ਨੂੰ ਬਹੁਤ ਦਿਲਾਸਾ ਦਿੱਤਾ॥ ੭੭ ॥

'ਸਤਿਗੁਰ ਆਸ ਧਰੋ ਮਨ ਮਾਂਹੀ। ਅਪਰ ਬਿਚਾਰ ਕਰਹੁ ਕੋ ਨਾਂਹੀ।
ਰਾਖਹਿਂਗੇ ਪ੍ਰਭੁ ਪੈਜ ਹਮਾਰੀ। ਦਾਸ ਜਾਨਿ ਹ੍ਵੈ ਹੈਂ ਹਿਤਕਾਰੀ' ॥ ੭੮ ॥

ਕਹਿਣ ਲੱਗਾ, "ਮਨ ਵਿਚ ਸਤਿਗੁਰੂ ਦੀ ਆਸ ਧਾਰਨ ਕਰੋ, ਹੋਰ ਕੋਈ ਵਿਚਾਰ ਨਾ ਕਰੋ। ਪ੍ਰਭੂ ਸਾਡੀ ਪੈਜ ਰੱਖਣਗੇ, ਦਾਸ ਜਾਣ ਕੇ ਉਹ ਸਾਡੀ ਸਹਾਇਤਾ ਕਰਨਗੇ" ॥ ੭੮ ॥

ਅਸ ਬਿਚਾਰ ਕਰਿਤ੍ਯੋ ਤਿਹਕਾਲਾ। ਪਹੁੰਚੀ ਆਇ ਬਰਾਤ ਬਿਸਾਲਾ।
ਕਰਿ ਢੁਕਾਊ ਭਲਿ ਡੇਰਾ ਕੀਨੋ। ਦੇਖਿ ਨਾਰਿ ਭੀ ਹਰਖ ਬਿਹੀਨੋ॥ ੭੯ ॥

ਜਦ ਇਹ ਵਿਚਾਰ ਕਰ ਰਹੇ ਸਨ ਤਾਂ ਉਸ ਸਮੇਂ ਵੱਡੀ ਗਿਣਤੀ ਵਿਚ ਬਰਾਤ ਆ ਗਈ। ਢੁਕਾਊ ਕਰਕੇ ਜੰਞ ਨੇ ਡੇਰਾ ਕੀਤਾ। ਇਹ ਵੇਖ ਕੇ ਇਸਤਰੀ ਬਹੁਤ ਉਦਾਸ ਹੋ ਗਈ॥ ੭੯ ॥

ਕਹਿਨ ਲਗੀ 'ਕਹਾ ਦੇਹਿਂ ਖੁਆਏ?। ਨਰ ਬਰਾਤ ਮਹਿਂ ਬਹੁਤੇ ਆਏ'।
ਸ਼ੀਹੇਂ ਉਠਿ ਕੀਨੀ ਅਰਦਾਸ। ਸਤਿਗੁਰ ਚਰਨ ਧ੍ਯਾਨ ਕਰਿ ਤਾਸ॥ ੮੦ ॥

ਕਹਿਣ ਲੱਗੀ, 'ਹੁਣ ਕੀ ਖੁਆਈਏ ? ਬਰਾਤ ਵਿਚ ਬਹੁਤ ਮਰਦ ਆਏ ਹਨ। ਬੀਬੀ ਨੇ ਉੱਠ ਕੇ ਅਰਦਾਸ ਕੀਤੀ। ਸਤਿਗੁਰੂ ਦੇ ਚਰਨਾਂ ਨੂੰ ਅਰਦਾਸ ਸਮੇਂ ਆਪਣੇ ਧਿਆਨ ਵਿਚ ਰਖਿਆ॥ ੯੦॥

'ਰਾਖੀ ਸਿੱਖਨ ਪੈਜ ਅਗਾਰੀ। ਚਰਨ ਕਮਲ ਹਮ ਸ਼ਰਨ ਤੁਮਾਰੀ'।
ਅਸ ਕਹਿ ਤਿਸ ਕੋਠੇ ਕੋ ਤਾਰਾ। ਖੋਲਿ ਬਿਲੋਕਿ ਅਹਾਰ ਅਪਾਰਾ॥ ੯੧॥

ਤੁਸੀਂ ਪਹਿਲਾਂ ਵੀ ਸਿੱਖਾਂ ਦੀ ਲਾਜ ਰੱਖੀ ਹੈ, ਹੇ ਗੁਰੂ ਜੀ ਅਸੀਂ ਤੁਹਾਡੇ ਚਰਨ ਕੰਵਲਾਂ ਦੀ ਸ਼ਰਨ ਆਏ ਹਾਂ। ਇਹ ਕਹਿ ਕੇ ਜਦ ਉਸ ਕੋਠੇ ਦਾ ਤਾਲਾ ਖੋਲ੍ਹਿਆ ਤਾਂ ਅਪਾਰ ਭੋਜਨ ਵੇਖਿਆ॥ ੯੧॥

ਦੋਹਰਾ- ਪਾਂਤਿ ਬਰਾਤ ਬਿਠਾਇ ਕੈ ਭੋਜਨ ਭਲੇ ਖੁਆਇ।
ਅਤਿ ਸੁੰਦਰ ਬਹੁ ਸ੍ਵਾਦ ਜਿਹ ਹਰਖਤਿ ਰਹੇ ਅਘਾਇ॥ ੯੨॥

ਬਰਾਤੀਆਂ ਨੂੰ ਪੰਗਤ ਵਿਚ ਬਿਠਾ ਕੇ ਭੋਜਨ ਖੁਆਇਆ। ਅਤਿ ਸੁੰਦਰ ਅਤੇ ਬਹੁਤ ਸੁਆਦੀ ਭੋਜਨ ਸੀ, ਜਿਸ ਨੂੰ ਰੱਜ ਕੇ ਖਾ ਕੇ ਜਾਂਞੀ ਬਹੁਤ ਖੁਸ਼ ਹੋਏ॥ ੯੨॥

ਚੌਪਈ- ਪੰਚ ਦਿਵਸ ਘਰ ਰਾਖੀ ਸੋਈ। ਤੋਟ ਅਸਨ ਕੀ ਹੋਇ ਨ ਕੋਈ।
ਬਹੁ ਬਿਧਿ ਕੇ ਪਕਵਾਨ ਜਿਮਾਏ। ਖਾਇ ਜਨੇਤੀ ਉਰ ਹਰਖਾਏ॥ ੯੩॥

ਪੰਜ ਦਿਨ ਜੰਞ ਨੂੰ ਘਰ ਰਖਿਆ, ਭੋਜਨ ਦੀ ਕੋਈ ਤੋਟ ਨਾਂ ਆਈ। ਬਹੁਤ ਪ੍ਰਕਾਰ ਦੇ ਪਕਵਾਨ ਖਵਾਏ, ਜੰਞ ਵਾਲੇ ਖਾ ਕੇ ਬਹੁਤ ਖੁਸ਼ ਹੋਏ॥ ੯੩॥

ਬਿਦਾ ਕਰੀ ਦੇ ਦਾਤ ਬਿਸਾਲਾ। ਅਚਰਜ ਭੇ ਨਰ ਤ੍ਰਿਯ ਤਿਂਹ ਕਾਲਾ।
ਸਭਿ ਮਿਲਿਕੈ ਤਬਿ ਇਸ ਬਿਧਿ ਭਾਖੀ। 'ਗੁਰੂ ਪੈਜ ਨਿਜਿ ਸਿੱਖਨ ਰਾਖੀ'॥ ੯੪॥

ਬਹੁਤ ਦਾਜ ਦੇ ਕੇ ਜੰਞ ਨੂੰ ਵਿਦਾ ਕੀਤਾ, ਉਸ ਵੇਲੇ ਸਭ ਨਰ ਨਾਰੀਆਂ ਬਹੁਤ ਹੈਰਾਨ ਹੋਏ। ਸਾਰਿਆਂ ਨੇ ਫਿਰ ਮਿਲ ਕੇ ਇਸ ਤਰ੍ਹਾਂ ਕਿਹਾ, 'ਗੁਰੂ ਜੀ ਨੇ ਆਪਣੇ ਸਿੱਖਾਂ ਦੀ ਆਪ ਪੈਜ ਰੱਖੀ ਹੈ'॥ ੯੪॥

ਅਧਿਕ ਨਰਨ ਕੋ ਸ਼ਰਧਾ ਭਈ। ਭਾਉ ਭਗਤਿ ਜਗ ਮਹਿਂ ਪ੍ਰਗਟਈ।
ਪੁਨ ਇਕ ਦਿਨ ਬੈਠੇ ਗੁਨਖਾਨੀ। ਕਰੁਨਾ ਲੋਚਨ ਬਿਖੈ ਮਹਾਨੀ॥ ੯੫॥

ਬਹੁਤ ਮਨੁੱਖਾਂ ਨੇ ਸ਼ਰਧਾ ਧਾਰਨ ਕੀਤੀ ਅਤੇ ਪ੍ਰੇਮ ਭਗਤੀ ਜੱਗ ਤੇ ਪ੍ਰਗਟ ਕੀਤੀ। ਫਿਰ ਇਕ ਦਿਨ ਗੁਣਾਂ ਦੀ ਖਾਣ ਗੁਰੂ ਜੀ ਬੈਠੇ ਸਨ, ਨੈਣਾਂ ਵਿਚ ਮਹਾਨ ਕਿਰਪਾ-ਦ੍ਰਿਸ਼ਟੀ ਧਾਰਨ ਕੀਤੀ ਹੋਈ ਸੀ॥ ੯੫॥

ਦੋਹਰਾ- ਫਿਰਣਾ ਖਹਿਰਾ, ਜੋਧ ਦੁਇ ਜੱਗਜਾਸਾ ਧਰਿ ਆਸ।
ਆਇ ਪਰੇ ਪਾਇਨ ਪਦਮ ਪੁਨ ਬੈਠੇ ਪ੍ਰਭੁ ਪਾਸ॥ ੯੬॥

ਫਿਰਣਾ ਖਹਿਰਾ ਅਤੇ ਜੋਧ ਦੋਵੇਂ ਜਗਿਆਸਾ ਦੀ ਆਸ ਧਾਰਨ ਕਰਕੇ ਆਏ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਉਨ੍ਹਾਂ ਦੇ ਪਾਸ ਬੈਠ ਗਏ॥ ੯੬॥

ਚੌਪਈ- ਹਾਥ ਬੰਦਿ ਅਰਦਾਸ ਉਚਾਰੀ। 'ਹਮ ਆਏ ਅਬਿ ਸ਼ਰਨਿ ਤੁਮਾਰੀ।
ਨਿਜ ਉਪਦੇਸ਼ ਕਰਹੁ ਬੱਖਜਾਨਾ। ਜਿਸ ਪ੍ਰਕਾਰ ਹੈ ਹਮ ਕੱਲਜਾਨਾ॥ ੯੭॥

ਹੱਥ ਜੋੜ ਕੇ ਅਰਦਾਸ ਕੀਤੀ, "ਅਸੀਂ ਹੁਣ ਤੁਹਾਡੀ ਸ਼ਰਨ ਆਏ ਹਾਂ। ਸਾਨੂੰ ਹੁਣ ਆਪਣਾ ਉਪਦੇਸ਼ ਦੇਵੋ, ਜਿਸ ਤਰ੍ਹਾਂ ਸਾਡਾ ਕਲਿਆਣ ਹੋ ਜਾਵੇ॥ ੯੭॥

ਸਿੱਖੀ ਪ੍ਰਾਪਤਿ ਮਨ ਮਹਿ ਹੋਵਹਿ। ਬਹੁਰ ਨ ਕਬਹੂੰ ਕਾਲ ਬਿਗੋਵਹਿ'।
ਪ੍ਰਭੁ ਭਾਖਜੋ 'ਮਨ ਨੀਵੇਂ ਜੋਇ। ਤਿਨਕੋ ਸਿੱਖੀ ਪ੍ਰਾਪਤਿ ਹੋਇ॥ ੮੮॥

ਮਨ ਵਿਚ ਸਿੱਖੀ ਦੀ ਪ੍ਰਾਪਤੀ ਹੋਵੇ ਅਤੇ ਫਿਰ ਕਦੀ ਸਾਨੂੰ ਕਾਲ ਖੁਆਰ ਨਾ ਕਰੇ।'' ਗੁਰੂ ਜੀ ਨੇ ਕਿਹਾ, ''ਜਿਨ੍ਹਾਂ ਦੇ ਮਨ ਨੀਵੇਂ ਹਨ, ਉਨ੍ਹਾਂ ਨੂੰ ਸਿੱਖੀ ਪ੍ਰਾਪਤ ਹੁੰਦੀ ਹੈ॥ ੮੮॥

ਦੋਹਰਾ- ਸੇਵਾ ਜੋ ਤੁਮ ਪਾਸ ਤੇ ਸਿੱਖਨ ਕੀ ਹੁਇ ਆਇ।
ਤੌਂ ਕਰੀਏ ਹਿਤ ਕਰਿ ਰਿਦੇ ਪਗ ਪਖਾਰਿ, ਮੁਖ ਪਾਇ॥ ੮੯॥

ਤੁਹਾਡੇ ਪਾਸੋਂ ਜਿੰਨੀ ਵੀ ਸਿੱਖਾਂ ਦੀ ਸੇਵਾ ਹੋ ਸਕੇ, ਪ੍ਰੇਮ ਨਾਲ ਕਰੋ। ਉਨ੍ਹਾਂ ਦੇ ਚਰਨ ਧੋ ਕੇ ਲੰਗਰ ਛਕਾਵੋ॥ ੮੯॥

ਚੌਪਈ- ਪਿਛਲੀ ਨਿਸਾ ਕਰਹੁ ਇਸ਼ਨਾਨਾ। ਸਦਾ ਸ਼ਬਦ ਅੱਭਜਾਸ ਪ੍ਰਮਾਨਾ।
ਮਨ ਨੀਵੇਂ ਸਤਿਸੰਗਤਿ ਜਾਇ। ਗੁਰ ਕੋ ਸ਼ਬਦ ਸੁਨਹੁ ਹਿਤ ਲਾਇ॥ ੯੦॥

ਪਿਛਲੀ ਰਾਤ ਉੱਠ ਕੇ ਇਸ਼ਨਾਨ ਕਰੋ ਅਤੇ ਸਦਾ ਸ਼ਬਦ ਦਾ ਅਭਿਆਸ ਕਰਨਾ ਚੰਗਾ ਜਾਣੋ ਅਤੇ ਗੁਰੂ ਦਾ ਸ਼ਬਦ ਪ੍ਰੇਮ ਨਾਲ ਸੁਣੋ॥ ੯੦॥

ਜਾਨਹੁ ਵਾਹਿਗੁਰੂ ਕੋ ਸ੍ਵਾਮੀ। ਦਾਸ ਆਪ ਨੂੰ ਲਖੋ ਸਖਾਮੀ।
ਗੁਰਬਾਣੀ ਕੋ ਮਨਨ ਸੁ ਕਰਨਾ। ਜੇ ਚਾਹਤਿ ਹੋ ਭਵ ਤੇ ਤਰਨਾ॥ ੯੧॥

ਵਾਹਿਗੁਰੂ ਨੂੰ ਆਪਣਾ ਮਾਲਕ ਜਾਣੋ, ਆਪਣੇ ਆਪ ਨੂੰ ਦਾਸ ਅਤੇ ਔਗੁਣਹਾਰੇ ਜਾਣੋ, ਗੁਰਬਾਣੀ ਦਾ ਪਾਠ ਕੰਠ ਕਰੋ, ਜੇ ਤੁਸੀਂ ਭਵ-ਸਾਗਰ ਤਰਨਾ ਚਾਹੁੰਦੇ ਹੋ'' ॥ ੯੧॥

ਦੋਹਰਾ- ਸੀਖੀ ਸਿਖ ਸਤਿਗੁਰੂ ਤੇ ਤੈਸੀ ਕੀਨੀ ਕਾਰ।
ਜਨਮ ਮਰਨ ਛੁਟਿ ਕਸ਼ਟ ਤੇ ਤਿਨਕੋ ਭਯੋ ਉਧਾਰ॥ ੯੨॥

ਜਿਵੇਂ ਸਤਿਗੁਰੂ ਨੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਉਨ੍ਹਾਂ ਨੇ ਉਸ ਤਰ੍ਹਾਂ ਹੀ ਕੀਤਾ। ਜਨਮ ਮਰਨ ਦੇ ਕਸ਼ਟ ਤੋਂ ਛੁੱਟ ਗਏ ਤੇ ਉਨ੍ਹਾਂ ਦਾ ਉਧਾਰ ਹੋ ਗਿਆ॥ ੯੨॥

ਚੌਪਈ- ਇਸ ਪ੍ਰਕਾਰ ਸੋਂ ਨਰਨ ਅਨੇਕੰ। ਕਰਿ ਉਪਦੇਸ਼ ਦਿਯੋ ਸੁ ਬਿਬੇਕੰ।
ਗ੍ਰੰਥ ਬਢਨ ਤੇ ਬਰਨੇ ਨਾਂਹੀ। ਮਤਿ ਅਨੁਸਾਰ ਕਛੁਕ ਮੈਂ ਪ੍ਰਾਹੀ॥ ੯੩॥

ਇਸ ਪ੍ਰਕਾਰ ਅਨੇਕਾਂ ਮਨੁੱਖਾਂ ਨੂੰ ਉਪਦੇਸ਼ ਦੇ ਕੇ ਗਿਆਨ ਦਿੱਤਾ। ਇਹ ਗ੍ਰੰਥ ਬਹੁਤ ਨਾ ਵੱਧ ਜਾਵੇ: ਇਸ ਕਰਕੇ ਕੁਝ ਸਿੱਖਾਂ ਦੇ ਹੀ ਉਧਾਰ ਬਾਰੇ ਮੈਂ ਆਪਣੀ ਸਮਝ ਅਨੁਸਾਰ ਬਿਆਨ ਕੀਤਾ ਹੈ॥ ੯੩॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿਖਨ ਉਪਦੇਸ਼' ਬਰਨਨੰ ਨਾਮ ਤ੍ਰਿਤਾਲਿਸਮੋ ਅਧਯਾਯ॥ ੪੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤਰਤਾਲੀਵਾਂ ਅਧਿਆਇ, ਜਿਸ ਦਾ ਨਾਮ ''ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸੀ, ਸੀਹਾਂ, ਗੱਜਣ, ਫਿਰਣਾ ਖਹਿਰਾ, ਜੋਧ ਪ੍ਰਤਿ ਉਪਦੇਸ਼'' ਹੈ, ਸਮਾਪਤ ਹੋਇਆ॥ ੪੩॥

# ਅਧਿਆਇ ਚੁਤਾਲੀਵਾਂ

## ਸਿੱਖਾਂ ਨੂੰ ਉਪਦੇਸ਼

ਦੋਹਰਾ- ਨਮੋ ਸਾਰਦਾ ਕੋ ਸਦਾ ਸੁਮਤਿ ਰਿਦੇ ਪਰਕਾਸ਼।
ਕ੍ਰਿਪਾ ਧਾਰਿ ਪੂਰਨ ਕਰੋ ਸ੍ਰੀ ਗੁਰ ਕੇ ਇਤਿਹਾਸ॥ ੧॥

ਹੇ ਹਿਰਦੇ ਵਿਚ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਕਰਨ ਵਾਲੀ ਸਾਰਦਾ! ਮੇਰਾ ਤੈਨੂੰ ਸਦਾ ਨਮਸ਼ਕਾਰ ਹੋਵੇ। ਕਿਰਪਾ ਕਰਕੇ ਸ੍ਰੀ ਗੁਰੂ ਜੀ ਦਾ ਇਤਿਹਾਸ ਪੂਰਨ ਕਰੋ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸੁਨੀਏ ਸ੍ਰੀ ਤ੍ਰੇਹਣ ਕੁਲ ਮੌਰੰ। ਪ੍ਰਭੁ ਕੀ ਕਥਾ ਅਗਾਰੀ ਔਰੰ।
ਸਿੱਖੀ ਕੀ ਸਰਿਤਾ ਬਿਸਤਾਰੀ। ਜਹਿਂ ਕਹਿਂ ਸਗਰੇ ਜਗਤ ਮਝਾਰੀ॥੨॥

ਭਾਈ ਬਾਲੇ ਨੇ ਕਿਹਾ - ਹੇ ਤ੍ਰੇਹਣ ਕੁਲ ਦੇ ਸਿਰਤਾਜ ਭਾਵ ਗੁਰੂ ਅੰਗਦ ਦੇਵ ਜੀ! ਗੁਰੂ ਜੀ ਬਾਰੇ ਅਗਲੇਰੀ ਕਥਾ ਸੁਣੋ। ਸਿੱਖੀ ਦੀ ਨਦੀ ਦਾ ਵਿਸਥਾਰ ਕੀਤਾ, ਜਿਥੇ-ਜਿਥੇ ਸਾਰੇ ਜਗਤ ਵਿਚ ਸਿੱਖੀ ਨੂੰ ਫੈਲਾਇਆ॥ ੨॥

ਸਿੱਖਨ ਕੇ ਮਨ ਮੀਨ ਸਮਾਨਾਂ। ਚਹੈਂ ਨ ਬਿਰਹਿ, ਹੋਹਿਂ ਹਤਿ ਪ੍ਰਾਨਾ।
ਲਾਗੇ ਕਰਨ ਸ਼ਬਦ ਅੱਭਯਾਸਾ। ਸਿਮਰਨ ਸੱਤਿਨਾਮ ਪਰਕਾਸ਼ਾ॥ ੩॥

ਸਿੱਖਾਂ ਦੇ ਮਨ ਮੱਛੀ ਵਾਂਗ ਹਨ, ਉਹ ਸਿੱਖੀ ਰੂਪੀ ਨਦੀ ਤੋਂ ਵਿਛੋੜਾ ਨਹੀਂ ਚਾਹੁੰਦੇ ਸਨ, ਭਾਵੇਂ ਪ੍ਰਾਣ ਨਾਸ਼ ਹੋ ਜਾਣ। ਸ਼ਬਦ ਅਭਿਆਸ ਕਰਨ ਲੱਗਦੇ ਸਨ ਅਤੇ ਸਤਿਨਾਮ ਦੇ ਪ੍ਰਕਾਸ਼ ਦਾ ਸਿਮਰਨ ਕਰਦੇ ਹਨ॥ ੩॥

ਸਿੱਖੀ ਭਾਉ ਦੇਖਿਬੇ ਹੇਤਾ। ਗਮਨ ਕੀਨ ਬੇਦੀ ਕੁਲਕੇਤਾ।
ਮੁਝ ਕੋ ਅਪਨੇ ਲੀਨ ਸੰਗਾਰੇ। ਪਹੁੰਚੇ ਇਕ ਪੁਰਿ ਜਾਇ ਮਝਾਰੇ॥ ੪॥

ਇਕ ਵਾਰ ਸਿੱਖਾਂ ਦੇ ਪ੍ਰੇਮ ਨੂੰ ਵੇਖਣ ਵਾਸਤੇ ਗੁਰੂ ਜੀ ਚਲ ਪਏ। ਮੈਨੂੰ ਆਪਣੇ ਨਾਲ ਲੈ ਲਿਆ ਤੇ ਇਕ ਪਿੰਡ ਵਿਚ ਜਾ ਕੇ ਪਹੁੰਚੇ॥ ੪॥

ਸਿੱਖ ਤਿਖਾਣ ਬਸਹਿ ਤਿਹ ਥਾਨਾ। ਜਿਹ ਕੀ ਅਲਪ ਚਲਹਿ ਗੁਜ਼ਰਾਨਾ।
ਕਰੈ ਸੇਵ ਸਿੱਖਨ ਕੀ ਸੋਇ। ਅਸਨ ਅਚਾਵਹਿ ਜੋ ਘਰ ਹੋਇ॥ ੫॥

ਉਥੇ ਇਕ ਤਰਖਾਣ ਸਿੱਖ ਵੱਸਦਾ ਸੀ, ਜਿਸ ਦਾ ਗੁਜ਼ਾਰਾ ਬਹੁਤ ਘੱਟ ਚਲਦਾ ਸੀ, ਪਰ ਉਹ ਸਿੱਖਾਂ ਦੀ ਸੇਵਾ ਕਰਦਾ ਸੀ, ਘਰ ਵਿਚ ਜੈਸਾ ਵੀ ਭੋਜਨ ਹੁੰਦਾ ਸੀ, ਉਹੋ ਕੁਝ ਭੇਟ ਕਰਕੇ ਸਿੱਖਾਂ ਦੀ ਸੇਵਾ ਕਰਦਾ ਸੀ॥ ੫॥

ਸੰਝ ਜਿ ਹੋਇ, ਨ ਪ੍ਰਾਪਤਿ ਪ੍ਰਾਤ। ਹਾਥ ਨ ਆਇ ਅਹਾਰ ਅਘਾਤਿ।
ਜੋ ਘਰ ਹੋਵਹਿ ਸਿੱਖਨ ਖ੍ਵਾਵਹਿ। ਨਹਿਂ ਜਿ ਹੋਇ ਤਬਿ ਜਾਚਿ ਸੁ ਲਜਾਵਹਿ॥੬॥

ਜੇ ਸ਼ਾਮ ਨੂੰ ਭੋਜਨ ਪ੍ਰਾਪਤ ਹੋ ਜਾਂਦਾ ਸੀ ਤਾਂ ਸਵੇਰ ਨੂੰ ਰਜਵਾਂ ਭੋਜਨ ਨਹੀਂ ਸੀ ਮਿਲਦਾ। ਜੋ ਕੁਝ ਵੀ ਘਰ ਹੁੰਦਾ ਸੀ, ਉਹ ਸਿੱਖਾਂ ਨੂੰ ਖਵਾ ਦਿੰਦਾ ਸੀ, ਜੇ ਘਰ ਵਿਚ ਕੁਝ ਨਹੀਂ ਸੀ ਹੁੰਦਾ ਤਾਂ ਮੰਗ ਕੇ ਲਿਆ ਦਿੰਦਾ ਸੀ॥ ੬॥

ਦੋਹਰਾ- ਜਾਵਹਿ ਜਾਚਨ ਸਿੱਖ ਹਿਤ ਨਿਜ ਹਿਤ ਜਾਤਿ ਨ ਸੋਇ।
ਜਜੋਂ ਤਜੋਂ ਅਸਨ ਕਰਾਵਈ ਸਿੱਖ ਆਇ ਜੋ ਕੋਇ॥ ੭॥

ਸਿੱਖਾਂ ਵਾਸਤੇ ਮੰਗਣ ਜਾਂਦਾ ਸੀ, ਆਪਣੇ ਵਾਸਤੇ ਕਦੇ ਨਹੀਂ ਸੀ ਮੰਗਦਾ। ਜਦ ਕੋਈ ਸਿੱਖ ਉਸ ਦੇ ਘਰ ਆਉਂਦਾ ਸੀ ਤਾਂ ਜਿਵੇਂ ਕਿਵੇਂ ਉਸ ਦੇ ਭੋਜਨ ਦਾ ਇੰਤਜ਼ਾਮ ਕਰਦਾ ਸੀ॥ ੭॥

ਚੌਪਈ- ਪਹੁੰਚੇ ਤਿਹ ਨਿਕੇਤ ਪ੍ਰਭੁ ਜਾਏ। ਬੰਦਨ ਕਰਿਹੀ ਸਿੱਖ ਤਬਿ ਧਾਏ।
ਨਿਜ ਨਾਰੀ ਸੋਂ ਗਿਰਾ ਉਚਾਰੀ। 'ਤੂਰਨ ਕਰਹੁ ਅਹਾਰ ਤਯਾਰੀ' ॥ ੮ ॥

ਗੁਰੂ ਜੀ ਜਦ ਉਸ ਦੇ ਘਰ ਪਹੁੰਚੇ ਤਾਂ ਉਸ ਸਿੱਖ ਨੇ ਦੌੜ ਕੇ ਚਰਨ ਬੰਦਨਾ ਕੀਤੀ। ਫਿਰ ਆਪਣੀ ਪਤਨੀ ਨੂੰ ਕਹਿਣ ਲੱਗਾ, "ਤੁਰੰਤ ਭੋਜਨ ਤਿਆਰ ਕਰੋ" ॥ ੮ ॥

ਕਹ੍ਯੋ ਤੀਯ 'ਤੂੰ ਸਭਿ ਕਿਛੁ ਜਾਨਹਿਂ। ਭੋਜਨ ਹੋਵੈ ਜੇ ਅੰਨ ਆਨਹਿ'।
ਇਉਂ ਸੁਨਿ ਕੈ ਗਮਨ੍ਯੋ ਪੁਰਿ ਮਾਂਹੀ। ਜਿਹ ਕੋ ਜਾਚਹਿ ਦੇਇ ਸੁ ਨਾਂਹੀ ॥ ੯ ॥

ਇਸਤਰੀ ਨੇ ਕਿਹਾ, "ਤੁਸੀਂ ਸਭ ਕੁਝ ਜਾਣਦੇ ਹੋ, ਜੇ ਘਰ ਵਿਚ ਅੰਨ ਲਿਆਵੋ ਤਾਂ ਭੋਜਨ ਤਿਆਰ ਹੋਵੇ।" ਇਹ ਸੁਣ ਕੇ ਤਰਖਾਣ ਪਿੰਡ ਵਿਚ ਚਲਾ ਗਿਆ। ਜਿਸ ਪਾਸੋਂ ਵੀ ਅੰਨ ਮੰਗਦਾ ਸੀ, ਉਹ ਦਿੰਦਾ ਨਹੀਂ ਸੀ॥ ੯ ॥

ਦੋਹਰਾ- 'ਸਿੱਖਨ ਮਿਸ ਇਹ ਮਾਂਗਿ ਕੈ ਕਰਤਿ ਅਪਨ ਗੁਜ਼ਰਾਨ'।
ਅਸ ਕਹਿ ਦਿਯੋ ਨ ਕਿਛੁ ਤਿਸੂ ਬੈਠ੍ਯੋ ਛੂਛਾ ਆਨਿ॥ ੧੦ ॥

ਪਿੰਡ ਦੇ ਲੋਕ ਕਹਿੰਦੇ ਸਨ, "ਸਿੱਖਾਂ ਦੇ ਬਹਾਨੇ ਮੰਗ ਕੇ ਗੁਜ਼ਾਰਾ ਕਰਦਾ ਹੈ।" ਇਹ ਕਹਿ ਕੇ ਕਿਸੇ ਵੀ ਕੁਝ ਨਾ ਦਿੱਤਾ ਤੇ ਖਾਲੀ ਆ ਕੇ ਘਰ ਬੈਠ ਗਿਆ॥ ੧੦ ॥

ਚੌਪਈ- ਤਿਸ ਦਿਨ ਰਾਜੇ ਛਿੰਝ ਪਵਾਈ। ਇਸ ਕੇ ਚਿਤ ਚਿੰਤਾ ਅਤਿ ਆਈ।
ਕਹੈ 'ਕਹਾਂ ਤੇ ਅੰਨ ਖੁਵਾਰੌਂ। ਧਿਕ ਮੁਹਿ, ਰਹੈਂ ਜਿ ਬਿਨਾ ਅਹਾਰੋਂ' ॥੧੧ ॥

ਉਸ ਦਿਨ ਰਾਜੇ ਨੇ ਛਿੰਝ ਪਵਾਈ। ਸਿੱਖ ਦੇ ਚਿੱਤ ਵਿਚ ਚਿੰਤਾ ਬਹੁਤ ਵਧੀ ਹੋਈ ਸੀ। ਕਹਿਣ ਲੱਗਾ, "ਇਨ੍ਹਾਂ ਨੂੰ ਕਿਥੋਂ ਅੰਨ ਖਵਾਵਾਂ ? ਮੈਨੂੰ ਧਿਰਕਾਰ ਹੈ ਜੇ ਇਹ ਅੰਨ ਤੋਂ ਬਗੈਰ ਰਹਿ ਜਾਣਗੇ॥ ੧੧ ॥

ਦੇਖਿਨਿ ਚਲੇ ਅਨੇਕ ਤਮਾਸ਼ਾ। ਬੂਝਤਿ ਭਯੋ ਸੁ ਨਰ ਇਕ ਪਾਸਾ।
'ਕਹਾਂ ਜਾਹੁ?' ਤਿਨ ਦੀਨ ਬਤਾਈ। 'ਭੂਪ ਵਹਿਰ ਹੈ ਛਿੰਝ ਪਵਾਈ ॥੧੨ ॥

ਅਨੇਕ ਲੋਕ ਤਮਾਸ਼ਾ ਵੇਖਣ ਚਲ ਪਏ। ਇਕ ਨਰ ਪਾਸੋਂ ਪੁਛਣ ਲੱਗਾ ਕਿ ਕਿਥੇ ਜਾ ਰਹੇ ਹੋ ? ਉਸ ਨੇ ਦੱਸਿਆ, "ਬਾਹਰ ਰਾਜੇ ਨੇ ਛਿੰਝ ਪਵਾਈ ਹੈ॥ ੧੨ ॥

ਸਹਸ ਰੁਪੱਯੇ ਜੀਤਹਿ ਲੇਵਹਿ। ਹਾਰਹਿ ਅਰਧ ਤਾਂਹਿ ਤੇ ਦੇਵਹਿ'।
ਸੁਨਿਕੈ ਹਰਖ ਚਲ੍ਯੋ ਤਿਹ ਥਾਈਂ। ਯੁਕਤਿ ਮੱਲ ਬਹੁ ਨਰ ਇਕ ਠਾਈਂ ॥੧੩ ॥

ਜਿਹੜੇ ਪਹਿਲਵਾਨ ਜਿੱਤਣਗੇ ਉਨ੍ਹਾਂ ਨੂੰ ਹਜ਼ਾਰ ਰੁਪਏ ਮਿਲਣਗੇ ਅਤੇ ਜਿਹੜੇ ਹਾਰਨਗੇ ਉਨ੍ਹਾਂ ਨੂੰ ਅੱਧ ਭਾਵ ਪੰਜ ਸੌ ਰੁਪਏ ਦੇਣਗੇ। ਇਹ ਸੁਣ ਕੇ ਤਰਖਾਣ ਬਹੁਤ ਖ਼ੁਸ਼ ਹੋਇਆ। ਪਹਿਲਵਾਨ ਦੇ ਨਾਲ ਬਹੁਤ ਲੋਕ ਇਕ ਥਾਂ ਖੜੇ ਸਨ॥ ੧੩ ॥

ਭਯੋ ਮੱਲ ਕੇ ਸਨਮੁਖਿ ਜਬਿਹੀ। ਤਿਹਕੋ ਦੇਖਿ ਹਸੇ ਨਰ ਸਭਿਹੀ।
'ਮੱਲ ਭੂਪ ਕੋ ਬਲੀ ਬਡੇਰਾ। ਚੂਰਨ ਕਰੈ ਸਰਬ ਤਨ ਤੇਰਾ॥ ੧੪ ॥

ਜਦ ਪਹਿਲਵਾਨਾਂ ਦੇ ਸਾਹਮਣੇ ਹੋਇਆ ਤਾਂ ਉਸ ਨੂੰ ਵੇਖ ਕੇ ਸਾਰੇ ਲੋਕ ਹੱਸ ਪਏ। ਕਹਿਣ ਲੱਗੇ, "ਰਾਜੇ ਦਾ ਪਹਿਲਵਾਨ ਵੱਡਾ ਬਲਵਾਨ ਹੈ, ਉਹ ਤੇਰਾ ਸਾਰਾ ਸਰੀਰ ਚੂਰਨ ਕਰ ਦੇਵੇਗਾ॥ ੧੪ ॥

ਉਰ ਮਹਿਂ ਧਰਿਕੈ ਗਰਬ ਕੁਰੰਗਾ। ਚਾਹਜੋ ਲਰੈ ਕੇਹਰੀ ਸੰਗਾ।
ਤਿਸ ਬਿਧਿ ਤੈਂ ਕਜਾ ਮਨ ਮਹਿਂ ਧਾਰੀ। ਚਹਿਤਿ ਮ੍ਰਿਤੁ ਕੋ ਮੱਲ ਅਗਾਰੀ?' ॥੧੫॥

ਹਿਰਨ ਦਿਲ ਵਿਚ ਘੁਮੰਡ ਧਾਰਨ ਕਰਕੇ, ਸ਼ੇਰ ਨਾਲ ਲੜਨਾ ਚਾਹੁੰਦਾ ਹੈ। ਉਸ ਨੇ ਇਹ ਗੱਲ ਕਿਸ ਤਰ੍ਹਾਂ ਮਨ ਵਿਚ ਧਾਰ ਲਈ ਹੈ, ਕੀ ਉਹ ਪਹਿਲਵਾਨ ਤੋਂ ਮਰਨਾ ਚਾਹੁੰਦਾ ਹੈ ?'' ॥ ੧੫॥

ਦੋਹਰਾ- ਬਰਜਜੋ ਤਿਸਕੋ ਨਹਿਂ ਰਹਜੋ ਕਹਜੋ 'ਜਾਇਂ ਜੇ ਪ੍ਰਾਨ।
ਇਸਤੇ ਸੁਭ ਨਹਿਂ ਕਾਜ ਕੋ ਪਰ ਹਿਤ ਹੋਵਹਿਂ ਹਾਨ' ॥ ੧੬ ॥

ਉਸ ਨੂੰ ਲੋਕਾਂ ਨੇ ਬੜਾ ਰੋਕਿਆ, ਪਰ ਉਹ ਨਾ ਰੁਕਿਆ ਅਤੇ ਕਹਿਣ ਲੱਗਾ, ''ਜੇ ਪ੍ਰਾਣ ਚਲੇ ਜਾਣਗੇ ਤਾਂ ਇਸ ਤੋਂ ਸ਼ੁਭ ਕੰਮ ਕੋਈ ਨਹੀਂ ਹੋਵੇਗਾ, ਜੇ ਪਰਾਏ ਹਿਤ ਹਾਨੀ ਹੋ ਜਾਵੇ ਤਾਂ ਹੋਰ ਕੀ ਚਾਹੀਦਾ ਹੈ'' ॥ ੧੬ ॥

ਚੌਪਈ- ਨਿਕਟ ਮੱਲ ਕੇ ਜਬਿ ਹੀ ਆਯੋ। ਅਵਲੋਕਯੋ ਅਸ ਬਚਨ ਅਲਾਯੋ॥
'ਤੂੰ ਕਿਉਂ ਮੌਤ ਚਹਿਤ ਬਿਨ ਆਈ?' ਸੁਨਤਿ ਸਿੱਖ ਨੇ ਸਰਬ ਬਤਾਈ ॥੧੭॥

ਜਦ ਪਹਿਲਵਾਨ ਦੇ ਪਾਸ ਆਇਆ ਤਾਂ ਪਹਿਲਵਾਨ ਨੇ ਉਸ ਨੂੰ ਵੇਖ ਕੇ ਕਿਹਾ, ''ਤੂੰ ਕਿਉਂ ਬਿਨ ਆਈ ਮੌਤ ਚਾਹੁੰਦਾ ਹੈਂ ?'' ਸਿੱਖ ਨੇ ਸੁਣ ਕੇ ਸਾਰੀ ਗੱਲ ਦੱਸ ਦਿੱਤੀ॥ ੧੭॥

'ਆਏ ਸੰਤ ਨਿਕੇਤ ਹਮਾਰੇ। ਨਹੀਂ ਅੰਨ ਜੋ ਦੇਉਂ ਅਹਾਰੇ।
ਤਿਨਕੇ ਹਿਤ ਹੌਂ ਲਰਨੈ ਆਯੋ। ਮ੍ਰਿਤੁ ਹੋਇ ਤੇ ਸੁਖ ਅਧਿਕਾਯੋ' ॥੧੮॥

''ਮੇਰੇ ਘਰ ਵਿਚ ਸੰਤ ਆਏ ਹਨ, ਘਰ ਵਿਚ ਕੋਈ ਅੰਨ ਨਹੀਂ ਹੈ ਜੋ ਉਨ੍ਹਾਂ ਨੂੰ ਭੋਜਨ ਕਰਵਾਵਾਂ। ਉਨ੍ਹਾਂ ਕਾਰਨ ਮੈਂ ਲੜਨ ਆਇਆ ਹਾਂ। ਜੇ ਮ੍ਰਿਤੂ ਹੋ ਜਾਵੇਗੀ ਤਾਂ ਅਧਿਕ ਸੁੱਖ ਪ੍ਰਾਪਤ ਹੋਵੇਗਾ'' ॥ ੧੮॥

'ਸਾਧ ਸਾਧ' ਸੁਨਿ ਕਾਨ, ਬਖਾਨਾ। 'ਉੱਤਮ ਮਤ ਤੁਮ ਸੰਤ ਮਹਾਂਨਾ।
ਪਰਸ੍ਵਾਰਥ ਹਿਤ ਪ੍ਰਾਨ ਨ ਪਜਾਰੇ। ਲਰਹੁ ਨਿਸੰਗ ਮੋਰ ਸੰਗਾਰੇ' ॥੧੯॥

ਪਹਿਲਵਾਨ ਨੇ ਇਹ ਸੁਣ ਕੇ 'ਸ਼ਾਬਾਸ਼ ਸ਼ਾਬਾਸ਼' ਕਿਹਾ। ''ਤੁਹਾਡੀ ਮੱਤ ਬੜੀ ਉੱਤਮ ਹੈ ਤੇ ਤੁਸੀਂ ਮਹਾਨ ਸੰਤ ਹੋ। ਪਰਸਵਾਰਥ ਵਾਸਤੇ ਤੁਹਾਨੂੰ ਪ੍ਰਾਣ ਵੀ ਪਿਆਰੇ ਨਹੀਂ ਹਨ, ਮੇਰੇ ਨਾਲ ਨਿਸ਼ੰਗ ਹੋ ਕੇ ਕੁਸ਼ਤੀ ਲੜੋ'' ॥ ੧੯॥

ਦੋਹਰਾ- ਭਿਰੇ ਪਰਸਪਰ ਮਿਲਿ ਤਬੈ ਗਿਰਯੋ ਮੱਲ ਤਰ ਤਾਂਹਿ।
ਪਰਸ੍ਵਾਰਥ ਕੋ ਜਾਨਿਕੈ ਓਜ ਲਗਾਯੋ ਨਾਂਹਿ॥ ੨੦॥

ਕੁਸ਼ਤੀ ਲੜਨ ਵਾਸਤੇ ਜਦ ਦੋਵੇਂ ਆਪਸ ਵਿਚ ਭਿੜੇ ਤਾਂ ਪਹਿਲਵਾਨ ਉਸ ਦੇ ਹੇਠਾਂ ਡਿੱਗ ਪਿਆ। ਪਰਸਵਾਰਥ ਨੂੰ ਵੇਖ ਕੇ ਉਸ ਨੇ ਜ਼ੋਰ ਨਾ ਲਾਇਆ॥ ੨੦॥

ਚੌਪਈ- ਮੱਲ ਬਲੀ ਤਰ ਗਿਰਜੋ ਲਖਾਏ। ਨਰ ਸਭਿਹੀ ਉਰ ਮਹਿਂ ਬਿਸਮਾਏ।
ਉੱਤਮ ਬਸਤ੍ਰ ਨ੍ਰਿਪਤ ਪਹਿਰਾਏ। ਗਿਨਿਕੈ ਸਹਿਸ ਅਨਾਮ ਦਿਵਾਏ ॥੨੧॥

ਜਦ ਬਲੀ ਪਹਿਲਵਾਨ ਹੇਠਾਂ ਡਿੱਗਾ ਵੇਖਿਆ ਤਾਂ ਸਾਰੇ ਲੋਕ ਦਿਲਾਂ ਵਿਚ ਬਹੁਤ ਹੈਰਾਨ ਹੋਏ। ਰਾਜੇ ਨੇ ਸਿੱਖ ਨੂੰ ਸੁੰਦਰ ਬਸਤਰ ਪਵਾਏ ਤੇ ਗਿਣ ਕੇ ਹਜ਼ਾਰ ਰੁਪਏ ਇਨਾਮ ਦੇ ਦਿੱਤੇ॥ ੨੧॥

ਭਯੋ ਮੱਲ ਕੇ ਹਿਰਦੇ ਗਯਾਨਾ। ਨਾਸਜੋ ਮੋਹ ਮਨੋਜ ਮਹਾਨਾ।
ਲੈ ਕੇ ਸਿੱਖ ਸਦਨ ਮਹਿਂ ਆਯੋ। ਨਾਨਾ ਬਿਧਿਨ ਅਹਾਰ ਕਰਾਯੋ ॥੨੨॥

ਪਹਿਲਵਾਨ ਦੇ ਹਿਰਦੇ ਵਿਚ ਗਿਆਨ ਪੈਦਾ ਹੋ ਗਿਆ ਅਤੇ ਮਹਾਨ ਮੋਹ ਤੇ ਕਾਮ ਦੂਰ ਹੋਇਆ। ਸਿੱਖ ਇਨਾਮ ਲੈ ਕੇ ਘਰ ਆਇਆ ਅਤੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ॥ ੨੨॥

ਉੱਤਮ ਥਲ ਬਿਠਾਇ ਗੁਰ ਪੂਰੇ। ਪੰਕਜ ਪਾਇ ਪਖਾਰੇ ਰੂਰੇ।
ਚਰਣਾਂਮ੍ਰਿਤ ਮੁਖ ਪਾਯੋ ਜਬਿਹੀ। ਭਈ ਤ੍ਰਿਲੋਕੀ ਕੀ ਸੁਧ ਤਬਿਹੀ॥੨੩॥

ਪੂਰੇ ਗੁਰੂ ਜੀ ਨੂੰ ਚੰਗੀ ਥਾਂ ਬਿਠਾਇਆ ਅਤੇ ਚਰਨ ਕੰਵਲਾਂ ਨੂੰ ਸੁੰਦਰ ਢੰਗ ਨਾਲ ਸਾਫ ਕੀਤਾ। ਜਦ ਚਰਨਾਂਮ੍ਰਿਤ ਮੂੰਹ ਵਿਚ ਪਾਇਆ ਤਾਂ ਤਿੰਨਾਂ ਲੋਕਾਂ ਦੀ ਉਸ ਨੂੰ ਸੋਝੀ ਹੋ ਗਈ॥ ੨੩॥

ਕ੍ਰਿਪਾ ਦ੍ਰਿਸ਼ਟਿ ਕਰਿ ਮੋਖ ਉਦਾਰਾ। ਤਿਹ ਕੋ ਸਗਰੋ ਬੰਸ ਉਧਾਰਾ।
ਭਾਉ ਬਿਲੋਕੇ ਭੋਜਨ ਪਾਯੋ। ਜਿਸ ਪ੍ਰਭੁ ਕੋ ਜਸੁ ਦਸਦਿਸ਼ਿ ਛਾਯੋ॥੨੪॥

ਕਿਰਪਾ-ਦ੍ਰਿਸ਼ਟੀ ਕਰਕੇ ਮੁਕਤੀਦਾਤਾ ਨੇ ਉਸ ਦੇ ਸਾਰੇ ਬੰਸ ਦਾ ਉਧਾਰ ਕਰ ਦਿੱਤਾ। ਪ੍ਰੇਮ ਵੇਖ ਕੇ ਭੋਜਨ ਖਾਧਾ, ਜਿਸ ਗੁਰੂ ਜੀ ਦਾ ਜੱਸ ਸਭ ਪਾਸੇ ਫੈਲਿਆ ਹੋਇਆ ਸੀ॥ ੨੪॥

ਸੋ ਰਜਨੀ ਬਸਿ ਕਰਿ ਤਿਹ ਧਾਮੂ। ਕੀਨ ਗਮਨ ਪਹੁਚੇ ਇਕ ਗ੍ਰਾਮੂ।
ਤਿਸ ਮਹਿ ਰਹੈ ਸਿੱਖ ਧਨਹੀਨਾ। ਆਇ ਤਬੈ ਤਿਨ ਦਰਸ਼ਨ ਕੀਨਾ॥੨੫॥

ਇਕ ਰਾਤ ਉਸ ਦੇ ਘਰ ਠਹਿਰ ਕੇ ਓਥੋਂ ਚਲ ਪਏ ਤੇ ਇਕ ਪਿੰਡ ਵਿਚ ਪਹੁੰਚ ਗਏ। ਉਸ ਪਿੰਡ ਵਿਚ ਵੀ ਇਕ ਧਨਹੀਣ ਸਿੱਖ ਰਹਿੰਦਾ ਸੀ। ਜਦ ਗੁਰੂ ਜੀ ਉਸ ਪਿੰਡ ਪਹੁੰਚੇ ਤਾਂ ਉਸ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੨੫॥

ਬੰਦਨ ਕਰਿਕੈ ਬਿਨੈ ਉਚਾਰੀ। 'ਉਠਿ ਕਰਿ ਚਲੀਏ ਸਦਨ ਮਝਾਰੀ।
ਚਰਨ ਪਰੇ ਤੇ ਪਾਵਨ ਹ੍ਵੈ ਹੈ। ਬਚਨ ਸੁਨੇ ਤੇ ਕਲੁਖ ਕਟੈ ਹੈਂ॥੨੬॥

ਨਮਸ਼ਕਾਰ ਕਰਕੇ ਉਸ ਬੇਨਤੀ ਕੀਤੀ, "ਉੱਠ ਕੇ ਮੇਰੇ ਘਰ ਚਲੋ। ਤੁਹਾਡੇ ਚਰਨ ਪੈਣ ਨਾਲ ਉਹ ਪਵਿੱਤਰ ਹੋ ਜਾਵੇਗਾ ਅਤੇ ਤੁਹਾਡੇ ਬਚਨ ਸੁਣ ਕੇ ਪਾਪ ਦੂਰ ਹੋ ਜਾਣਗੇ"॥ ੨੬॥

ਭਾਉ ਬਿਲੋਕਿ ਕਰਮ ਮਨ ਬਾਨੀ। ਗਮਨੇ ਤਿਹ ਨਿਕੇਤ ਗੁਨਖਾਨੀ।
ਸਿੱਖ ਕੇ ਇਕ ਸੁਤ ਇਕ ਘਰ ਨਾਰੀ। ਗ੍ਰਸਜੋ ਹੁਤੋ ਦਾਰਿਦ ਮਹਿ ਭਾਰੀ॥੨੭॥

ਪ੍ਰੇਮ, ਮਨ ਅਤੇ ਬਾਣੀ ਵੇਖ ਕੇ ਗੁਰੂ ਜੀ ਉਸ ਦੇ ਘਰ ਚਲੇ ਗਏ। ਸਿੱਖ ਦੇ ਘਰ ਇਕ ਪੁੱਤ ਸੀ, ਇਕ ਉਸ ਦੀ ਔਰਤ ਸੀ। ਉਹ ਗਰੀਬੀ ਵਿਚ ਬਹੁਤ ਫਸਿਆ ਹੋਇਆ ਸੀ॥ ੨੭॥

ਏਕ ਸਮੇਂ ਭੋਜਨ ਕਰਿ ਆਵਹਿ। ਦੁਤਿਯ ਕਾਲ ਯੁਤਿ ਭੂਖ ਬਿਤਾਵਹਿ।
ਏਕ ਬਾਰ ਭੋਜਨ ਕਰਿ ਖ੍ਹਾਯੋ। ਦਿਵਸ ਦੂਸਰੇ ਹਾਥ ਨ ਆਯੋ॥੨੮॥

ਇਕ ਸਮੇਂ ਭੋਜਨ ਕਰਦਾ ਸੀ, ਦੂਸਰੇ ਸਮੇਂ ਭੁੱਖਾ ਹੀ ਰਹਿੰਦਾ ਸੀ। ਇਕ ਵਾਰ ਭੋਜਨ ਖਾਂਦਾ ਸੀ, ਪਰ ਦੂਸਰੇ ਦਿਨ ਭੋਜਨ ਹੱਥ ਹੀ ਨਹੀਂ ਸੀ ਆਉਂਦਾ॥ ੨੮॥

ਦੋਹਰਾ-ਸੇਜ ਅਲਪ ਸੀ ਘਰ ਹੁਤੀ ਬੇਚੀ ਜਾਇ ਬਜਾਰ।
ਆਨਿ ਅੰਨ ਭੋਜਨ ਕਰਜੋ, ਬਹੁਰ ਨ ਕਛੂ ਅਹਾਰ॥ ੨੯॥

ਘਰ ਵਿਚ ਥੋੜ੍ਹਾ ਜਿਹਾ ਸਾਮਾਨ ਸੀ, ਉਸ ਨੂੰ ਬਾਜ਼ਾਰ ਵਿਚ ਲੈ ਜਾ ਕੇ ਵੇਚ ਦਿੱਤਾ। ਅੰਨ ਲਿਆ ਕੇ ਭੋਜਨ ਕੀਤਾ, ਫਿਰ ਕੋਈ ਭੋਜਨ ਨਾ ਰਿਹਾ॥ ੨੯॥

ਚੌਪਈ- ਅਗਲੇ ਦਿਵਸ ਸੀਸ ਕੇ ਬਾਰਾ। ਸੋ ਉਤਰਾਇ ਦਾਮ ਕਰਿ ਤਜਾਰਾ।
ਬੇਚਿ ਸੁ ਅੰਨ ਆਨਿ ਦਿਯ ਨਾਰੀ। ਕਹਿ ਅਹਾਰ ਕਰਿ ਤੂਰਨ ਤਜਾਰੀ ॥੩੦॥

ਅਗਲੇ ਦਿਨ ਸਿਰ ਦੇ ਵਾਲ ਕਟਵਾ ਕੇ ਰੱਸੀ ਤਿਆਰ ਕੀਤੀ ਅਤੇ ਵੇਚ ਕੇ ਆਪਣੀ ਇਸਤਰੀ ਨੂੰ ਅੰਨ ਲਿਆ ਕੇ ਦਿੱਤਾ, ਭੋਜਨ ਤਿਆਰ ਕਰਨ ਦੀ ਤੁਰੰਤ ਤਿਆਰੀ ਕਰ ਦਿੱਤੀ॥ ੩੦॥

ਜਲ ਸੁਚ ਆਨ ਲੀਪ ਕਰਿ ਥਾਈਂ। ਪੁਨ ਸਮਧਾ ਲੇ ਅਗਨਿ ਜਰਾਈ।
ਕਾਰਜ ਕਿਸਕੋ ਉਠਿ ਕਰਿ ਗਈ। ਬਾਰਿਕ ਤਹਾਂ ਬਿਠਾਵਤ ਭਈ॥ ੩੧॥

ਸੁੱਚਾ ਜਲ ਲਿਆ ਕੇ ਪੋਚਾ ਫੇਰਿਆ, ਫਿਰ ਬਾਲਣ ਲਿਆ ਕੇ ਅਗਨੀ ਜਲਾਈ। ਕਿਸੇ ਕਾਰਨ ਉੱਠ ਕੇ ਬਾਹਰ ਗਈ, ਬੱਚੇ ਨੂੰ ਓਥੇ ਲਾਗੇ ਹੀ ਬਿਠਾ ਗਈ॥ ੩੧॥

ਪੀਛੇ ਤੇ ਸੋ ਸਿਸ ਗਿਰ ਪਰਾ। ਅਗਨਿ ਬਿਖੈ ਸਾਰੋ ਤਨ ਜਰਾ।
ਆਨਿ ਅੰਗਨਾ ਪਿਖਜੋ ਕੁਸੂਤਾ। ਜਰਿਕੈ ਪਰਜੋ ਮ੍ਰਿਤਕ ਹ੍ਵੈ ਪੂਤਾ॥ ੩੨॥

ਪਿਛੋਂ ਬਾਲਕ ਅੱਗ 'ਤੇ ਡਿੱਗ ਪਿਆ ਤੇ ਉਸ ਦਾ ਸਾਰਾ ਸਰੀਰ ਸੜ ਗਿਆ। ਵਿਹੜੇ ਵਿਚ ਆ ਕੇ ਉਲਟਾ ਕੰਮ ਹੀ ਵੇਖਿਆ, ਪੁੱਤਰ ਸੜ ਕੇ ਮਰ ਗਿਆ ਸੀ॥ ੩੨॥

ਤੂਸ਼ਨਿ ਰਹੀ ਰਿਦੈ ਅਸ ਜਾਨਾ। ਸੁਨੈ ਨ ਸੰਤ ਬਾਤ ਇਹ ਕਾਨਾ।
ਜਾਇਂ ਖੁਧਿਤ ਸੋ ਬਿਨਾ ਅਹਾਰਾ। ਦੋਸ਼ ਲਗਹਿ ਹਮਰੇ ਸਿਰ ਭਾਰਾ॥ ੩੩॥

ਹਿਰਦੇ ਵਿਚ ਇਸ ਤਰ੍ਹਾਂ ਜਾਣ ਕੇ ਚੁੱਪ ਰਹੀ। ਸੰਤ ਕਿਤੇ ਇਹ ਗੱਲ ਸੁਣ ਨਾ ਲੈਣ। ਉਹ ਭੋਜਨ ਬਗੈਰ ਭੁੱਖੇ ਹੀ ਨਾ ਚਲੇ ਜਾਣ, ਤਦ ਮੇਰੇ ਸਿਰ ਭਾਰੀ ਦੋਸ਼ ਲੱਗੇਗਾ॥ ੩੩॥

ਸੁਤ ਕੋ ਬਸਤ੍ਰ ਲਪੇਟ ਬਨਾਇ। ਘਰ ਅੰਦਰ ਆਈ ਪੌਢਾਇ।
ਨਿਜ ਪਤਿ ਪਾਸ ਨ ਬਾਤ ਬਖਾਨੀ। ਭੋਜਨ ਕੀਨੋ ਪਰਮ ਸਿਆਨੀ॥ ੩੪॥

ਪੁੱਤਰ ਨੂੰ ਕਪੜਿਆਂ ਨਾਲ ਚੰਗੀ ਤਰ੍ਹਾਂ ਲਪੇਟ ਦਿੱਤਾ ਅਤੇ ਘਰ ਅੰਦਰ ਲੰਮਾ ਪਾ ਆਈ। ਆਪਣੇ ਪਤੀ ਨੂੰ ਨਾ ਦੱਸਿਆ। ਪਰਮ ਸਿਆਣੀ ਨੇ ਭੋਜਨ ਤਿਆਰ ਕੀਤਾ॥ ੩੪॥

ਸ੍ਰੀ ਨਾਨਕ ਕੋ ਬਹੁਰ ਬੁਲਾਇ। ਬੈਠਾਰੇ ਜੁ ਹੁਤੀ ਸੁਚਿ ਥਾਇ।
ਜਬਿ ਹੀ ਧਰਾ ਅਹਾਰ ਅਗਾਰੀ। ਤਬਿਹੀ ਸ੍ਰੀ ਗੁਰ ਗਿਰਾ ਉਚਾਰੀ॥ ੩੫॥

ਗੁਰੂ ਨਾਨਕ ਦੇਵ ਜੀ ਨੂੰ ਫਿਰ ਬੁਲਾਇਆ, ਜਿਹੜੀ ਸੁੱਚੀ ਥਾਂ ਸੀ, ਫਿਰ ਓਥੇ ਉਨ੍ਹਾਂ ਨੂੰ ਬੈਠਾਇਆ। ਜਦ ਭੋਜਨ ਨੂੰ ਅੱਗੇ ਧਰਿਆ ਤਾਂ ਗੁਰੂ ਜੀ ਨੇ ਬਚਨ ਕੀਤਾ॥ ੩੫॥

'ਸੁੰਦਰ ਬਾਰਿਕ ਹੁਤੋ ਤੁਮਾਰੋ। ਅਬ ਨਹਿ ਪਿਖਿਯਤਿ ਸਦਨ ਮਝਾਰੋ'।
ਕਹੈ ਤੀਯ 'ਸੋਯੋ ਘਰ ਮਾਂਹੀ। ਖਿਲਿਤਿ ਅਲਸ ਭਾ ਜਾਗਤਿ ਨਾਂਹੀ' ॥੩੬॥

"ਤੁਹਾਡਾ ਸੁੰਦਰ ਬਾਲਕ ਹੈ, ਹੁਣ ਉਹ ਘਰ ਵਿਚ ਕਿਤੇ ਨਹੀਂ ਦਿਸਦਾ।" ਇਸਤਰੀ ਕਹਿਣ ਲੱਗੀ, "ਉਹ ਘਰ ਅੰਦਰ ਸੁੱਤਾ ਹੈ, ਖੇਡਦਾ ਹੋਇਆ ਆਲਸੀ ਹੋ ਕੇ ਸੌਂ ਗਿਆ ਹੈ, ਹੁਣ ਜਾਗਦਾ ਨਹੀਂ ਹੈ"॥ ੩੬॥

'ਸੁਨਿ ਸੁਮਤੇ ਸ਼ਿਸ਼ੁ ਲੇਹੁ ਜਗਾਈ। ਆਨਹਿਂ ਨਿਕਟ ਤ ਭੋਜਨ ਖਾਈ'।
ਤਬਿ ਨਾਰੀ ਤੂਸ਼ਨਿ ਹ੍ਵੈ ਰਹੀ। ਤਿਹ ਪ੍ਰਤਿ ਬਹੁਰੋ ਸਤਿਗੁਰ ਕਹੀ॥ ੩੭॥

ਹੇ ਸ੍ਰੇਸ਼ਟ ਮੱਤ ਵਾਲੀ ਇਸਤਰੀ! ਹੁਣ ਬਾਲਕ ਨੂੰ ਜਗਾ ਲਵੋ, ਨੇੜੇ ਆ ਕੇ ਭੋਜਨ ਖਾਵੇ।" ਤਦ ਇਸਤਰੀ ਚੁੱਪ ਰਹੀ, ਸਤਿਗੁਰੂ ਨੇ ਫਿਰ ਉਸ ਨੂੰ ਕਿਹਾ॥ ੩੭॥

'ਬਾਰਿਕ ਨਾਮ ਕਹੋ ਕਣਾ ਰਾਖਾ?'। 'ਲਾਲਾ ਅਹੈ' ਸਿਖ ਨੈ ਭਾਖਾ।
ਸੁਨਿਕੈ ਸ੍ਰੀ ਪ੍ਰਭੁ ਤਿਸਹਿ ਹਕਾਰਾ। 'ਆਵਹੁ ਲਾਲਾ! ਕਰਹੁ ਅਹਾਰਾ' ॥੩੮॥

"ਇਹ ਦੱਸੋ ਬਾਲਕ ਦਾ ਕੀ ਨਾਂ ਰਖਿਆ ਹੈ?" ਸਿੱਖ ਨੇ ਕਿਹਾ, "ਉਸ ਨੂੰ ਲਾਲਾ ਕਹਿੰਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਾਲਕ ਨੂੰ ਆਵਾਜ਼ ਮਾਰੀ, "ਲਾਲਾ ਆ ਕੇ ਭੋਜਨ ਛੱਕ ਲਵੋ"॥ ੩੮॥

ਜੀਵਯੋ ਸਿਸ ਸੋ ਗੁਰੂ ਅਲਾਵਾ। ਪਗ ਸੋ ਚਲਤਿ ਸਮੀਪ ਸੁ ਆਵਾ।
ਨਿਜ ਕਰ ਸੋਂ ਗੁਰ ਦੀਨ ਅਹਾਰਾ। ਖਾਤ,ਮਾਤ ਭਾ ਹਰਖ ਅਪਾਰਾ ॥੩੯॥

ਜਦ ਗੁਰੂ ਜੀ ਨੇ ਬੁਲਾਇਆ ਤਾਂ ਬਾਲਕ ਜ਼ਿੰਦਾ ਹੋ ਗਿਆ, ਪੈਰਾਂ ਨਾਲ ਚਲ ਕੇ ਗੁਰੂ ਜੀ ਦੇ ਪਾਸ ਆ ਗਿਆ। ਆਪਣੇ ਹੱਥਾਂ ਨਾਲ ਗੁਰੂ ਜੀ ਨੇ ਉਸ ਨੂੰ ਭੋਜਨ ਖਵਾਇਆ। ਭੋਜਨ ਖਾਂਦਾ ਵੇਖ ਕੇ ਮਾਂ ਬਹੁਤ ਖ਼ੁਸ਼ ਹੋਈ॥ ੩੯॥

ਨਿਜਪਤਿ ਸੋਂ ਸੁਨਾਇ ਤਿਹ ਕਾਲਾ। ਹਿਰਦੇ ਸ਼ਰਧਾ ਬਧੀ ਬਿਸਾਲਾ।
ਦੰਪਤਿ ਮਿਲਿ ਤਬਿ ਬੰਦਨ ਕੀਨੋ। ਮਹਾਂ ਪੁਰਖੁ ਪੂਰਨ ਮਨ ਚੀਨੋ ॥੪੦॥

ਆਪਣੇ ਪਤੀ ਨੂੰ ਬੱਚੇ ਦੇ ਜ਼ਿੰਦਾ ਹੋਣ ਬਾਰੇ ਸਾਰੀ ਗੱਲ ਦੱਸੀ, ਦੋਹਾਂ ਦੇ ਹਿਰਦਿਆਂ ਵਿਚ ਬਹੁਤ ਸ਼ਰਧਾ ਵਧੀ। ਪਤੀ ਪਤਨੀ ਨੇ ਫਿਰ ਮਿਲ ਕੇ ਬੰਦਨਾ ਕੀਤੀ। ਪੂਰਨ ਮਹਾਂਪੁਰਖ ਮਨ ਵਿਚ ਸਮਝਿਆ॥ ੪੦॥

ਅਗਲੇ ਦਿਵਸ ਅੰਨ ਘਰ ਨਾਂਹੀ। ਭੀ ਚਿੰਤਾ ਅਤਿਸ਼ੈ ਮਨ ਮਾਂਹੀ।
ਸੋ ਸਿਸ ਬੇਚਨ ਚਲੇ ਬਜ਼ਾਰੇ। ਬੂਝਯੋ ਪ੍ਰਭੁ ਸੋ ਜਾਤਿ ਨਿਹਾਰੇ ॥੪੧॥

ਅਗਲੇ ਦਿਨ ਘਰ ਅੰਨ ਨਹੀਂ ਸੀ, ਮਨ ਵਿਚ ਬਹੁਤ ਚਿੰਤਾ ਹੋਈ। ਫਿਰ ਆਪਣੇ ਬੱਚੇ ਨੂੰ ਬਜ਼ਾਰ ਵੇਚਣ ਲਈ ਜਾਣ ਲੱਗੇ। ਜਦ ਗੁਰੂ ਜੀ ਨੇ ਜਾਂਦਿਆਂ ਵੇਖਿਆ ਤਾਂ ਪੁੱਛਿਆ॥ ੪੧॥

'ਕਹਾਂ ਚਲੇ ਬਾਰਿਕ ਸੰਗ ਲੀਨਾ?। ਕੋ ਕਾਰਜ ਹੈ ਏਸ ਅਧੀਨਾ?'।
ਸਿੱਖ ਭਨਯੋ 'ਤੁਮ ਅੰਤਰਜਾਮੀ। ਹਮ ਕੋ ਕਣਾ ਬੂਝਤਿ ਹੋ ਸ੍ਵਾਮੀ!' ॥੪੨॥

"ਬਾਲਕ ਨੂੰ ਲੈ ਕੇ ਕਿਥੇ ਚਲੇ ਹੋ? ਇਸ ਦੇ ਨਾਲ ਕੀ ਕੰਮ ਹੈ?" ਸਿੱਖ ਨੇ ਕਿਹਾ, "ਤੁਸੀਂ ਅੰਤਰਜਾਮੀ ਹੋ, ਹੇ ਸਵਾਮੀ! ਸਾਨੂੰ ਕੀ ਪੁੱਛਦੇ ਹੋ?"॥ ੪੨॥

ਸੋ ਬਾਰਿਕ ਪ੍ਰਭੁ ਨਿਕਟਿ ਹਕਾਰਾ। ਬਾਂਹਿ ਪਕਰਿ ਕੈ ਬਚਨ ਉਚਾਰਾ।
'ਮਾਤ ਪਿਤਾ ਲੇ ਅਬਿ ਤੁਝ ਜਾਂਹੀ। ਬੇਚਹਿੰਗੇ ਬਜਾਰ ਕੇ ਮਾਂਹੀ' ॥੪੩॥

ਬਾਲਕ ਨੂੰ ਗੁਰੂ ਜੀ ਨੇ ਆਪਣੇ ਪਾਸ ਬੁਲਾਇਆ, ਬਾਂਹ ਤੋਂ ਫੜ ਕੇ ਬਚਨ ਕੀਤਾ, "ਮਾਤਾ ਪਿਤਾ ਹੁਣ ਤੈਨੂੰ ਲੈ ਕੇ ਜਾਣਗੇ ਅਤੇ ਬਜ਼ਾਰ ਵਿਚ ਜਾ ਕੇ ਤੈਨੂੰ ਵੇਚ ਦੇਣਗੇ"॥ ੪੩॥

ਨਿਜ ਖਾਵੰਦ ਕੀ ਸੇਵਾ ਕਰਿ ਹੈਂ। ਚੱਕੀ ਪੀਸੈਂ ਪਾਨੀ ਭਰਿਹੈਂ।
ਬਿੰਜਨ ਫੇਰਹਿ ਕਰ ਪਗ ਚਾਂਪੀ। ਆਇਸੁ ਮੋਰਹਿਂ ਨਹੀਂ ਕਦਾਪੀ' ॥੪੪॥

ਆਪਣੇ ਪਤੀ ਦੀ ਸੇਵਾ ਕਰਦੀ ਹੈ। ਚੱਕੀ ਪੀਸਦੀ ਹੈ ਅਤੇ ਪਾਣੀ ਭਰਦੀ ਹੈ। ਪੱਖਾ ਫੇਰਦੀ ਹੈ ਅਤੇ ਮੁੱਠੀ ਚਾਪੀ ਕਰਦੀ ਹੈ ਅਤੇ ਕਦੇ ਵੀ ਉਸ ਦੀ ਆਗਿਆ ਨਹੀਂ ਮੋੜਦੀ'॥ ੪੪॥

ਹਾਥ ਬੰਦਿ ਸਿਸ ਗਿਰਾ ਉਚਾਰੀ। 'ਰਹੋ ਖਸਮ ਆਇਸੁ ਅਨੁਸਾਰੀ'।
ਤਿਹ ਛਿਨ ਸੁਨਿਕੈ ਕ੍ਰਿਪਾ ਨਿਧਾਨਾ। ਸ੍ਰੀ ਮੁਖ ਤੇ ਇਕ ਸ਼ਬਦ ਬਖਾਨਾ ॥੪੫॥

ਹੱਥ ਜੋੜ ਕੇ ਬਾਲਕ ਨੇ ਕਿਹਾ, "ਖਸਮ ਦੀ ਆਗਿਆ ਅਨੁਸਾਰ ਰਹੋ" ਇਹ ਸੁਣ ਕੇ ਗੁਰੂ ਜੀ ਨੇ ਮੁੱਖ ਤੋਂ ਇਕ ਸ਼ਬਦ ਦਾ ਉਚਾਰਨ ਕੀਤਾ॥ ੪੫॥

*ਮਾਰੂ ਮਹਲਾ ੧॥*

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥ ੧॥*
*ਤੇਰੇ ਲਾਲੇ ਕਿਆ ਚਤੁਰਾਈ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ॥ ੧॥ ਰਹਾਉ॥*
*ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥*
*ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥ ੨॥*
*ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥*
*ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥ ੩॥*
*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥*
*ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ॥ ੪॥ ੬॥* (ਪੰਨਾ ੯੯੧)

ਹੇ ਸੁਆਮੀ ! ਮੈਂ ਤੁਹਾਡਾ ਮੁੱਲ ਖਰੀਦਿਆ ਹੋਇਆ ਸੇਵਕ ਤੇ ਗੁਲਾਮ ਹਾਂ ਅਤੇ ਮੇਰਾ ਨਾਂ ਸਭਾਗਾ ਹੈ। ਗੁਰੂ ਦੇ ਬਚਨਾਂ ਦੇ ਵਟਾਂਦਰੇ ਵਿਚ ਆਪਣੇ ਆਪ ਨੂੰ ਤੇਰੀ ਹੱਟੀ ਤੇ ਵੇਚ ਛੱਡਿਆ ਹੈ ਅਤੇ ਜਿਥੇ ਤੂੰ ਮੈਨੂੰ ਲਾਇਆ ਹੈ ਓਥੇ ਹੀ ਲੱਗਾ ਹਾਂ॥ ੧॥

ਹੇ ਮਾਲਕ ! ਮੈਂ ਤੇਰਾ ਨੌਕਰ ਤੇਰੇ ਨਾਲ ਕੀ ਚਲਾਕੀ ਖੇਡ ਸਕਦਾ ਹਾਂ ? ਹੇ ਮੇਰੇ ਮਾਲਕ ! ਮੈਂ ਤੁਹਾਡੇ ਹੁਕਮ ਦੀ ਪਾਲਣਾ ਨਹੀਂ ਕਰ ਸਕਦਾ॥ ੧॥ ਠਹਿਰਾਉ॥

ਹੇ ਪ੍ਰਭੂ ! ਮੇਰੀ ਮਾਂ ਤੁਹਾਡੀ ਗੋਲੀ ਹੈ, ਮੇਰਾ ਪਿਤਾ ਤੁਹਾਡਾ ਗੋਲਾ ਹੈ ਅਤੇ ਮੈਂ ਗੋਲਿਆਂ ਦਾ ਬਾਲਕ ਹਾਂ। ਮੇਰੀ ਗੋਲੀ ਮਾਤਾ ਨੱਚਦੀ ਹੈ, ਮੇਰਾ ਗੋਲਾ ਪਿਤਾ ਗਾਉਂਦਾ ਹੈ ਅਤੇ ਮੈਂ ਤੁਹਾਡੀ ਪ੍ਰੇਮ-ਮਈ ਸੇਵਾ ਕਮਾਉਂਦਾ ਹਾਂ॥ ੨॥

ਹੇ ਮਾਲਕ ! ਜੇ ਤੂੰ ਪੀਵੇਂ ਤਾਂ ਮੈ ਤੇਰੇ ਲਈ ਪਾਣੀ ਲਿਆਵਾਂ, ਜੇ ਤੂੰ ਖਾਵੇਂ ਤਾਂ ਤੇਰੇ ਵਾਸਤੇ ਦਾਣੇ ਪੀਹਣ ਜਾਵਾਂ। ਮੈਂ ਤੈਨੂੰ ਪੱਖੀ ਝੱਲਦਾ ਹਾਂ, ਤੇਰੇ ਚਰਨ ਧੋਂਦਾ ਹਾਂ ਅਤੇ ਤੇਰੇ ਨਾਂ ਦਾ ਉਚਾਰਨ ਕਰਦਾ ਹਾਂ॥ ੩॥

ਹੇ ਸੁਆਮੀ ! ਨਾਨਕ ਤੇਰਾ ਸੇਵਕ ਨਿਮਕਹਰਾਮ ਹੈ, ਜੇ ਇਸ ਨੂੰ ਬਖਸ਼ ਦੇਵੇਂ ਤਾਂ ਇਸ ਵਿਚ ਤੁਹਾਡੀ ਵਡਿਆਈ ਹੈ। ਆਦਿ ਜੁਗਾਦਿ ਤੋਂ ਤੂੰ ਮਿਹਰਬਾਨ ਅਤੇ ਦਾਤਾਰ ਸੁਆਮੀ ਹੈਂ, ਤੇਰੇ ਬਗੈਰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ॥ ੪॥ ੬॥

ਚੌਪਈ- ਅਸ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਦੇਖੀ। ਭਵ ਅਪਦਾ ਸਭਿ ਹਰੀ ਬਿਸ਼ੇਖੀ।
ਅਪਨੇ ਅੰਗ ਸੰਗ ਤਿਹ ਲਾਇ। ਨਉ ਨਿਧਿ ਦਈ ਸਦਨ ਮਹਿਂ ਪਾਇ ॥੪੬॥

ਇਹ ਕਹਿ ਕੇ ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਵੇਖਿਆ ਅਤੇ ਸੰਸਾਰ ਦੇ ਸਭ ਸੰਕਟ ਦੂਰ ਕਰ ਦਿੱਤੇ। ਉਨ੍ਹਾਂ ਨੂੰ ਆਪਣੇ ਅੰਗ-ਸੰਗ ਲਾਇਆ ਅਤੇ ਘਰ ਨੌਂ ਨਿਧੀਆਂ ਲਿਆ ਦਿੱਤੀਆਂ ॥ ੪੬॥

ਚਤਰ ਪਦਾਰਥ ਛਿਨ ਮਹਿਂ ਦੀਨੇ। ਜੀਵਨ ਮੁਕਤਿ ਸੁ ਤੀਨੋ ਕੀਨੇ।
ਇਸ ਪ੍ਰਕਾਰ ਕਰਿ ਤਿਨਹਿਂ ਨਿਹਾਲਾ। ਬਹੁਰੋ ਗਮਨੇ ਪ੍ਰਭੁ ਕ੍ਰਿਪਾਲਾ ॥੪੭॥

ਚਾਰੇ ਪਦਾਰਥ ਝੱਟ ਦੇ ਦਿੱਤੇ ਅਤੇ ਤਿੰਨਾਂ ਨੂੰ ਜੀਵਨ-ਮੁਕਤ ਕੀਤਾ। ਇਸ ਪ੍ਰਕਾਰ ਤਿੰਨਾਂ ਨੂੰ ਨਿਹਾਲ ਕਰਕੇ ਗੁਰੂ ਜੀ ਓਥੋਂ ਅੱਗੇ ਚਲੇ ਗਏ॥ ੪੭॥

ਅਪਰ ਗ੍ਰਾਮ ਮਹਿ ਬੈਠੇ ਜਾਈ। ਹੁਤੋ ਸਿੱਖ ਇਕ ਤਹਾਂ ਬਸਾਈ।
ਜਾਇ ਜੁ ਸੰਤ ਤਾਂਹਿ ਘਰਿ ਕੋਈ। ਹਿਤ ਧਰਿ ਸੇਵਾ ਕਰਿ ਹੈ ਸੋਈ॥੪੮॥

ਕਿਸੇ ਹੋਰ ਪਿੰਡ ਵਿਚ ਜਾ ਕੇ ਬੈਠ ਗਏ। ਓਥੇ ਇਕ ਸਿੱਖ ਰਹਿੰਦਾ ਸੀ। ਜਿਹੜਾ ਵੀ ਸੰਤ ਉਸ ਦੇ ਘਰ ਜਾਂਦਾ ਸੀ, ਉਸਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ॥ ੪੮॥

ਪੁਨ ਸੋ ਕਰਿ ਹੈ ਪ੍ਰਸ਼ਨ ਬਨਾਈ। 'ਸਾਧ ਮਿਲੇ ਫਲ ਦੇਹੁ ਬਤਾਈ'।
ਤਿਸ ਕੀ ਮਨਸ਼ਾ ਪੂਰਨ ਕਾਜਾ। ਗਮਨੇ ਸਦਨ ਗਰੀਬ ਨਿਵਾਜਾ॥੪੯॥

ਫਿਰ ਉਸ ਨੂੰ ਪ੍ਰਸ਼ਨ ਕਰਦਾ ਸੀ, "ਸਾਧ ਨੂੰ ਮਿਲਣ ਨਾਲ ਕੀ ਫਲ ਮਿਲਦਾ ਹੈ, ਇਹ ਦੱਸੋ?" ਉਸਦੀ ਮਨਸ਼ਾ ਪੂਰਨ ਕਰਨ ਹਿਤ ਗਰੀਬ-ਨਿਵਾਜ ਗੁਰੂ ਜੀ ਉਸ ਦੇ ਘਰ ਗਏ॥ ੪੯॥

ਸਾਦਰ ਬੰਦੇ ਪਦ ਅਰਬਿੰਦਾ। ਬੈਠਾਰੇ ਕਰਿ ਰਿਦੇ ਅਨੰਦਾ।
ਅਧਿਕ ਭਾਉ ਸੋਂ ਸੇਵਾ ਕੀਨੀ। ਪ੍ਰੇਮ ਭਗਤਿ ਮਹਿਂ ਮਤਿ ਜਿਹ ਭੀਨੀ॥੫੦॥

ਉਸ ਨੇ ਆਦਰ ਨਾਲ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਹਿਰਦੇ ਵਿਚ ਅਨੰਦਿਤ ਹੋ ਕੇ ਉਨ੍ਹਾਂ ਨੂੰ ਬਿਠਾਇਆ। ਬੜੇ ਪ੍ਰੇਮ ਨਾਲ ਸੇਵਾ ਕੀਤੀ, ਪ੍ਰੇਮ ਭਗਤੀ ਵਿਚ ਜਿਸ ਦੀ ਮੱਤ ਭਿੱਜੀ ਹੋਈ ਸੀ॥ ੫੦॥

ਪੁਨ ਬੂਝਨ ਲਾਗਯੋ ਤਿਸੁ ਭਾਇ। 'ਸਾਧ ਮਿਲੇ ਫਲ ਦੇਹੁ ਬਤਾਇ।
ਬਹੁਤਨ ਸੰਗ ਪ੍ਰਸ਼ਨ ਮੈਂ ਕੀਨੋ। ਮੋਕੋ ਕਿਨਹੁਂ ਨ ਉੱਤਰ ਦੀਨੋ॥੫੧॥

ਫਿਰ ਉਸ ਤਰ੍ਹਾਂ ਹੀ ਪੁੱਛਣ ਲੱਗਾ, "ਸਾਧ ਨੂੰ ਮਿਲਣ ਨਾਲ ਕੀ ਫਲ ਪ੍ਰਾਪਤ ਹੁੰਦਾ ਹੈ? ਬਹੁਤ ਸੰਤਾਂ ਨੂੰ ਮੈਂ ਇਹ ਪ੍ਰਸ਼ਨ ਕੀਤਾ ਹੈ, ਮੈਨੂੰ ਕਿਸੇ ਨੇ ਵੀ ਉੱਤਰ ਨਹੀਂ ਦਿੱਤਾ॥ ੫੧॥

ਦੋਹਰਾ- ਕਹੈਂ ਬਨਾਇ ਅਨੇਕ ਬਿਧਿ ਮੇਰੀ ਨਿਸ਼ਾ ਨ ਹੋਇ।
ਪੂਰਨ ਸਤਿਗੁਰ ਆਪ ਹੋ ਉੱਤਰ ਦੀਜੈ ਸੋਇ॥ ੫੨॥

ਕਈ ਪ੍ਰਕਾਰ ਨਾਲ ਬਣਾ ਕੇ ਕਹਿੰਦੇ ਸਨ, ਪਰ ਮੇਰੀ ਤਸੱਲੀ ਨਹੀਂ ਹੋਈ। ਆਪ ਪੂਰਨ ਸਤਿਗੁਰੂ ਹੋ, ਇਸ ਲਈ ਜੇਰਾ ਉੱਤਰ ਦੇਵੋ'॥ ੫੨॥

ਚੌਪਈ- ਕਰੁਨਾ ਨਿਧਿ ਇਉਂ ਬਚਨਿ ਉਚਾਰਾ। 'ਜਾਵਹੁ ਬਡੀ ਉਜਾਰ ਮਝਾਰਾ।
ਤਹਾਂ ਤਰੋਵਰ ਏਕ ਸੁਹਾਇ। ਵਾਹਿਗੁਰੂ ਕਹਿ ਬੈਠਹੁ ਜਾਇ॥੫੩॥

ਕਿਰਪਾ ਨਿਧਾਨ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤਾ, "ਵਡੀ ਉਜਾੜ ਦੇ ਵਿਚ ਜਾਵੋ, ਓਥੇ ਇਕ ਦਰੱਖਤ ਬਹੁਤ ਸ਼ੋਭਾ ਪਾ ਰਿਹਾ ਹੈ, ਵਾਹਿਗੁਰੂ ਕਹਿ ਕੇ ਓਥੇ ਬੈਠ ਜਾਵੋ॥ ੫੩॥

ਤਿਹਿ ਤੇ ਨਿਸ਼ਾ ਹੋਇ ਹੈ ਤੇਰੀ'। ਸੁਨਿਕੈ ਗਯੋ ਉਜਾਰ ਸੁ ਹੇਰੀ।
ਪਾਯੋ ਬਿਰਖ ਬਤਾਯੋ ਜਹਿਂਵਾ। 'ਵਾਹਿਗੁਰੂ' ਕਹਿ ਬੈਠਯੋ ਤਹਿਂਵਾ॥੫੪॥

ਓਥੇ ਜਾ ਕੇ ਤੇਰੀ ਤਸੱਲੀ ਹੋਵੇਗੀ।" ਇਹ ਸੁਣ ਕੇ ਉਜਾੜ ਵੇਖ ਕੇ ਚਲੇ ਗਿਆ। ਜਿਸ ਦਰੱਖਤ ਬਾਰੇ ਉਸ ਨੂੰ ਦੱਸਿਆ ਗਿਆ ਸੀ ਉਸ ਰੁੱਖ ਨੂੰ ਉਸ ਲੱਭ ਲਿਆ। 'ਵਾਹਿਗੁਰੂ' ਕਹਿ ਕੇ ਉਸ ਦੇ ਥੱਲੇ ਬੈਠ ਗਿਆ॥ ੫੪॥

ਤਰੁ ਪਰ ਦੇਖੇ ਬਾਇਸ ਦੋਊ। ਦਰਸ਼ਨ ਕਰਿ ਇਸੁ ਭੇ ਬਕ ਸੋਊ।
ਕਿਤਿਕ ਬੇਰਿ ਬੈਠਜੋ ਹਟਿ ਆਯੋ। ਸ੍ਰੀ ਗੁਰ ਸੋਂ ਅਸ ਬੈਨ ਅਲਾਯੋ ॥੫੫ ॥

ਉਸ ਸਮੇਂ ਉਸ ਰੁੱਖ ਉੱਤੇ ਦੋ ਕਾਂ ਬੈਠੇ ਵੇਖੇ, ਕਾਵਾਂ ਨੇ ਜਦ ਸੰਤ ਦੇ ਦਰਸ਼ਨ ਕੀਤੇ ਤਾਂ ਦੋਵੇਂ ਬਗਲੇ ਹੋ ਗਏ। ਕੁਝ ਸਮਾਂ ਓਥੇ ਬੈਠ ਕੇ ਵਾਪਸ ਆ ਗਿਆ ਅਤੇ ਗੁਰੂ ਜੀ ਨੂੰ ਇਸ ਤਰ੍ਹਾਂ ਕਹਿਣ ਲੱਗਾ॥ ੫੫॥

'ਜਹਿਂ ਤੁਮ ਭੇਜਜੋ ਤਹਾਂ ਸਿਧਾਯੋ। ਕੋਇ ਨ ਮਿਲਜੋ ਨ ਉੱਤਰ ਪਾਯੋ'।
ਪ੍ਰਭੁ ਭਾਖਜੋ 'ਪਰਭਾਤ ਬਹੋਰੀ। ਉੱਤਰ ਲੇਹੁ ਜਾਇ ਤਿਸ ਠੋਰੀ' ॥੫੬ ॥

"ਜਿਥੇ ਤੁਸੀਂ ਮੈਨੂੰ ਭੇਜਿਆ ਸੀ ਓਥੇ ਗਿਆ ਸੀ, ਓਥੇ ਮੈਨੂੰ ਕੋਈ ਮਨੁੱਖ ਨਹੀਂ ਮਿਲਿਆ ਹੈ ਅਤੇ ਨਾ ਹੀ ਉੱਤਰ ਪਾਇਆ ਹੈ।" ਗੁਰੂ ਜੀ ਨੇ ਕਿਹਾ, "ਜਦ ਸਵੇਰ ਹੋਵੇਗੀ, ਓਥੇ ਜਾ ਕੇ ਉੱਤਰ ਲੈ ਲੈਣਾ" ॥ ੫੬॥

ਆਇਸੁ ਪਾਇ ਗਯੋ ਤਿਹ ਕਾਲਾ। ਬਕ ਦਰਸ਼ਨ ਕਰਿ ਭਏ ਮਰਾਲਾ।
ਦੇਖਿ ਤਹਾਂ ਹਟਿ ਕਰਿ ਪੁਨ ਆਵਾ। ਬੈਠਿ ਸਮੀਪ ਬ੍ਰਿਤੰਤ ਸੁਨਾਵਾ ॥੫੭ ॥

ਆਗਿਆ ਪਾ ਕੇ ਜਦ ਸਵੇਰ ਹੋਈ ਤਾਂ ਓਥੇ ਗਿਆ ਅਤੇ ਵੇਖਿਆ ਬਗਲੇ ਦਰਸ਼ਨ ਪਾ ਕੇ ਹੰਸ ਹੋ ਗਏ ਹਨ। ਉਨ੍ਹਾਂ ਨੂੰ ਓਥੇ ਵੇਖ ਕੇ ਫਿਰ ਵਾਪਸ ਆ ਗਿਆ। ਗੁਰੂ ਜੀ ਦੇ ਨੇੜੇ ਬੈਠ ਕੇ ਸਾਰਾ ਹਾਲ ਸੁਣਾਇਆ॥ ੫੭॥

'ਪੂਰਬ ਦਿਨ ਬਾਇਸ ਬਕ ਹੋਏ। ਆਜ ਮਰਾਲ ਪਿਖੇ ਮੈਂ ਦੋਏ।
ਕਿਨ ਉੱਤਰ ਦੇ ਨਿਸ਼ਾ ਨ ਕੀਨੀ। ਸੰਸੇ ਮਹਿਂ ਮਮ ਮਤਿ ਰਹਿ ਭੀਨੀ' ॥੫੮ ॥

ਪਹਿਲੇ ਦਿਨ ਕਾਂ ਬਗਲੇ ਹੋ ਗਏ ਸਨ ਅੱਜ ਮੈਂ ਦੋਵਾਂ ਬਗਲਿਆਂ ਨੂੰ ਹੰਸ ਹੋਏ ਵੇਖਿਆ ਹੈ। ਕਿਸੇ ਨੇ ਉੱਤਰ ਦੇ ਕੇ ਮੇਰੀ ਤਸੱਲੀ ਨਹੀਂ ਕੀਤੀ। ਮੇਰੀ ਮੱਤ ਸ਼ੰਕਾ ਵਿਚ ਭਿੱਜੀ ਰਹਿ ਗਈ ਹੈ' ॥ ੫੮॥

ਸੁਨਿ ਕਰਿ ਸ੍ਰੀ ਗੁਰ ਗਿਰਾ ਅਲਾਈ। 'ਪੁਨ ਇਸ ਬਾਰ ਜਾਹੁ ਤਿਂਹ ਥਾਈਂ।
ਉੱਤਰ ਪਾਇਂ, ਜਾਇ ਤਵ ਸੰਸਾ। ਜਹਾਂ ਬਿਰਾਜਤਿ ਹੈਂ ਸੋ ਹੰਸਾ' ॥੫੯ ॥

ਇਹ ਸੁਣ ਕੇ ਗੁਰੂ ਜੀ ਬੋਲੇ, "ਜਿਥੇ ਉਹ ਦੋ ਹੰਸ ਰਹਿ ਰਹੇ ਹਨ ਫਿਰ ਇਕ ਵਾਰ ਉਸ ਥਾਂ ਜਾਵੋ, ਉੱਤਰ ਪਾ ਕੇ ਤੇਰਾ ਸ਼ੰਕਾ ਮਿਟ ਜਾਵੇਗਾ।" ॥੫੯॥

ਗਮਨਜੋ ਉਠਿ ਪਰਭਾਤ ਬਹੋਰੀ। ਹੰਸਨ ਦੇਖਜੋ ਜਬਿ ਇਸ ਓਰੀ।
ਸੋ ਮਾਨੁਖ ਤਨ ਤੂਰਨ ਹੋਏ। ਬੈਠੇ ਤਰੁਵਰ ਕੇ ਤਰ ਦੋਏ॥ ੬੦ ॥

ਅਗਲੀ ਸਵੇਰ ਫਿਰ ਉੱਠ ਕੇ ਚਲਾ ਗਿਆ, ਜਦ ਹੰਸਾਂ ਨੇ ਉਸ ਵੱਲ ਵੇਖਿਆ ਤਾਂ ਝੱਟ ਉਨ੍ਹਾਂ ਮਨੁੱਖੀ ਸਰੀਰ ਧਾਰਨ ਕਰ ਲਿਆ, ਦੋਵੇਂ ਬ੍ਰਿੱਛ ਦੇ ਹੇਠਾਂ ਬੈਠ ਗਏ॥ ੬੦॥

ਜਾਇ ਨਿਕਟਿ ਕਹਿ 'ਪੈਰੀ ਪਾਨਾ'। ਬੈਠਜੋ ਤਿਹਂ ਸੋਂ ਬਚਨ ਬਖਾਨਾ।
'ਸਾਧ ਮਿਲੇ ਕੋ ਫਲ ਕਜਾ ਹੋਈ?। ਮੋਹਿ ਬਤਾਇ ਦੀਜੀਐ ਸੋਈ' ॥੬੧ ॥

ਸੰਤ ਨੇ ਨੇੜੇ ਜਾ ਕੇ ਕਿਹਾ, "ਪੈਰੀ ਪੈਂਦਾ ਹਾਂ" ਜਿਥੇ ਉਹ ਬੈਠੇ ਸਨ ਉਨ੍ਹਾਂ ਨੂੰ ਬਚਨ ਕਿਹਾ, "ਸਾਧ ਨੂੰ ਮਿਲਣ ਨਾਲ ਕੀ ਫਲ ਮਿਲਦਾ ਹੈ ? ਮੈਨੂੰ ਇਹ ਗੱਲ ਦੱਸ ਦੇਵੋ ?" ॥ ੬੧॥

ਸੁਨਤਿ ਸ਼੍ਰੋਨ ਤਿਨ ਬਚਨ ਉਚਾਰੇ। 'ਅਬ ਲੌ ਮਨ ਨਹਿਂ ਨਿਸ਼ਾ ਤੁਮਾਰੇ।
ਪੂਰਬ ਬਾਇਸ ਦੇਹ ਹਮਾਰਾ। ਬਕ ਹੋਏ ਤਵ ਦਰਸ ਨਿਹਾਰਾ॥ ੬੨ ॥

ਇਹ ਸੁਣ ਕੇ ਉਨ੍ਹਾਂ ਮਨੁੱਖਾਂ ਬਚਨ ਕੀਤੇ, "ਹੁਣ ਤਕ ਤੁਹਾਡੇ ਮਨ ਵਿਚ ਨਿਸ਼ਚਾ ਨਹੀਂ ਹੋਈ। ਪਹਿਲਾਂ ਸਾਡਾ ਸਰੀਰ ਕਾਵਾਂ ਦਾ ਸੀ, ਤੁਹਾਡੇ ਦਰਸ਼ਨ ਕਰਕੇ ਬਗਲੇ ਬਣ ਗਏ॥ ੬੨॥

ਤੁਮ ਕਰੁਣਾ ਪੁਨ ਭਏ ਮਰਾਲਾ। ਦੇਇ ਦਰਸ ਤੁਮ ਕਰੇ ਨਿਹਾਲਾ।
ਪੁਨ ਆਯੋ ਹੋਏ ਨਰੁ ਨਾਰੀ। ਸਾਧ ਮਿਲੇ ਫਲ ਲੇਹੁ ਬਿਚਾਰੀ॥ ੬੩॥

ਤੁਹਾਡੀ ਕਿਰਪਾ ਨਾਲ ਫਿਰ ਹੰਸ ਹੋ ਗਏ, ਦਰਸ਼ਨ ਦੇ ਕੇ ਤੁਸੀਂ ਨਿਹਾਲ ਕਰ ਦਿੱਤਾ। ਹੁਣ ਆਏ ਹੋ ਤਾਂ ਅਸੀਂ ਇਸਤਰੀ ਪੁਰਸ਼ ਬਣ ਗਏ ਹਾਂ, ਹੁਣ ਤੁਸੀਂ ਸਾਧ ਨੂੰ ਮਿਲਣ ਦਾ ਫਲ ਵਿਚਾਰ ਲਵੋ॥ ੬੩॥

ਧੰਨ ਧੰਨ ਹੈ ਸਤਿਗੁਰ ਤੇਰੇ। ਹੋਇਂ ਪਤਿਤ ਪਾਵਨ ਜਿਨ ਹੇਰੇ।
ਤਿਨ ਕੋ ਦਰਸ਼ਨ ਹਮਹਿਂ ਕਰਾਵਹੁ। ਮਹਾਂ ਮੋਹ ਕੋ ਭਰਮ ਮਿਟਾਵਹੁ॥ ੬੪॥

ਧੰਨ ਧੰਨ ਤੁਹਾਡੇ ਸਤਿਗੁਰੂ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪੀ ਵੀ ਪਵਿੱਤਰ ਹੋ ਜਾਂਦੇ ਹਨ। ਉਨ੍ਹਾਂ ਦੇ ਦਰਸ਼ਨ ਸਾਨੂੰ ਕਰਾਵੋ ਅਤੇ ਮਹਾਂ ਮੋਹ ਦਾ ਭਰਮ ਮਿਟਾਵੋ"॥ ੬੪॥

ਦੋਹਰਾ- ਹਰਖਤਿ ਹ੍ਵੈ ਤਿਨ ਸੰਗਿ ਲੇ ਚਲਿ ਆਏ ਗੁਰ ਪਾਸ।
ਹੁਇ ਅਧੀਨ ਬੰਦਨ ਕਰੈਂ ਕਟੀ ਮੋਹ ਕੀ ਫਾਸ॥ ੬੫॥

ਬੜਾ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆ ਗਿਆ। ਬੜੇ ਮਸਕੀਨ ਹੋ ਕੇ ਬੰਦਨਾ ਕੀਤੀ ਅਤੇ ਮੋਹ ਮਾਇਆ ਦੀ ਫਾਂਸੀ ਕੱਟੀ ਗਈ॥ ੬੫॥

ਚੌਪਈ- ਸ੍ਰੀ ਗੁਰ ਭਨਜੋ 'ਨਿਸ਼ਾ ਤਵ ਹੋਈ?'। ਕੀਨ ਬਿਨੈ ਬੰਦੇ ਕਰ ਦੋਈ।
'ਕਰਤਾ ਪੁਰਖ ਮਿਲੈ ਜਬਿ ਆਇ। ਕਿਉਂ ਨ ਨਿਸ਼ਾ ਹੋਵਹਿ ਮਨ ਭਾਇ॥ ੬੬॥

ਗੁਰੂ ਜੀ ਨੇ ਕਿਹਾ, "ਕੀ ਹੁਣ ਤੇਰੀ ਤਸੱਲੀ ਹੋ ਗਈ ਹੈ ?" ਉਸ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, "ਜਦ ਕਰਤਾ ਪੁਰਖ ਹੀ ਆ ਕੇ ਮਿਲ ਜਾਵੇ, ਮਨ-ਭਾਉਂਦੀ ਤਸੱਲੀ ਫਿਰ ਕਿਉਂ ਨਹੀਂ ਹੋਵੇਗੀ"॥ ੬੬॥

ਸੁਨਿਕੈ ਪ੍ਰਭੁ ਕ੍ਰਿਪਾਲ ਤਿਹਕਾਲਾ। ਬੋਲੇ ਬਚਨ ਪ੍ਰਸੀਦ ਬਿਸਾਲਾ।
'ਜਨਮ ਮਰਨ ਕੇ ਬੰਧਨ ਤੇਰੇ। ਸੰਤ ਸੇਵ ਨਾਸ਼ੇ ਇਕ ਬੇਰੇ॥ ੬੭॥

ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਉਸ ਸਮੇਂ ਵਿਸ਼ਾਲ ਪ੍ਰਸੰਨਤਾ ਵਾਲੇ ਬਚਨ ਬੋਲੇ, "ਤੇਰੇ ਜਨਮ ਮਰਨ ਦੇ ਬੰਧਨ ਇਕ ਵਾਰ ਸੰਤਾਂ ਦੀ ਸੇਵਾ ਕਰਨ ਨਾਲ ਨਾਸ਼ ਹੋ ਗਏ ਹਨ॥ ੬੭॥

ਪਰਾਲਬਧ ਸੌਂ ਭੋਗਨ ਭੋਗ। ਬਹੁਰੋ ਪ੍ਰਾਪਤਿ ਹ੍ਵੈ ਹਰਿ ਲੋਗ'।
ਅਸ ਬਰ ਦੇ ਕਰਿ ਕੀਨ ਪਯਾਨਾ। ਕਲੁਖ ਮਿਟਹਿਂ ਜਿਹ ਕਰਤਿ ਧਿਆਨਾ॥ ੬੮॥

ਪਰਾਲੱਬਧ ਅਨੁਸਾਰ ਜੀਵਨ ਭੋਗੋ, ਫਿਰ ਬਾਅਦ ਵਿਚ ਤੁਹਾਨੂੰ ਸਵਰਗ ਪ੍ਰਾਪਤ ਹੋਵੇਗਾ।" ਐਸਾ ਵਰ ਦੇ ਕੇ ਗੁਰੂ ਜੀ ਜਿਨ੍ਹਾਂ ਦਾ ਧਿਆਨ ਕਰਨ ਨਾਲ ਪਾਪ ਮਿਟ ਜਾਂਦੇ ਹਨ, ਉਸ ਸਥਾਨ ਤੋਂ ਅੱਗੇ ਚਲੇ ਗਏ॥ ੬੮॥

ਸ੍ਰੀ ਕਰਤਾਰਪੁਰੇ ਪੁਨ ਆਏ। ਮਿਲਿ ਕੈ ਸਭਿ ਸੇਵਕ ਹਰਖਾਏ।
ਰਹੇ ਤਹਾਂ ਪੁਨ ਗਮਨੇ ਨਾਂਹੀ। ਕਰਹਿਂ ਦਰਸੁ ਨਰੁ ਕਲੁਖ ਨਸਾਹੀਂ॥ ੬੯॥

ਫਿਰ ਗੁਰੂ ਜੀ ਸ੍ਰੀ ਕਰਤਾਰਪੁਰ ਆ ਗਏ, ਸਾਰੇ ਸੇਵਕ ਮਿਲ ਕੇ ਬਹੁਤ ਪ੍ਰਸੰਨ ਹੋਏ, ਫਿਰ ਉਸ ਸਥਾਨ ਤੋਂ ਕਿਤੇ ਬਾਹਰ ਨਹੀਂ ਗਏ। ਮਨੁੱਖ ਦਰਸ਼ਨ ਕਰਕੇ ਆਪਣੇ ਪਾਪ ਮਿਟਾ ਰਹੇ ਸਨ॥ ੬੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸਿੱਖਨ ਭਾਉ ਦੇਖਨ' ਪ੍ਰਸੰਗ ਬਰਨਨੰ ਨਾਮ ਚਤੁਲਿਸਮੋਂ ਅਧਯਾਯ॥ ੪੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੁਤਾਲੀਵਾਂ ਅਧਿਆਇ ਜਿਸ ਦਾ ਨਾਮ "ਸਿੱਖਾਂ ਨੂੰ ਉਪਦੇਸ਼" ਹੈ, ਸਮਾਪਤ ਹੋਇਆ॥ ੪੪॥

# ਅਧਿਆਇ ਪੰਜਤਾਲੀਵਾਂ

## ਸਿੱਖਾਂ ਨੂੰ ਉਪਦੇਸ਼

ਦੋਹਰਾ- ਨਮਹਿਂ ਨਮਹਿਂ ਪੁਨਿ ਪੁਨਿ ਨਮਹਿ ਸਤਿਗੁਰ ਬਚਨ ਅਨੂਪ।
ਜਿਨਕੇ ਸੁਨਿਤਜੇ ਤਜਿ ਕਸ਼ਟ ਜਾਨਹਿਂ ਸਹਿਜ ਸਰੂਪ॥ ੧॥

ਸਤਿਗੁਰੂ ਜੀ ਦੇ ਅਨੁਪਮ ਬਚਨਾਂ ਨੂੰ ਮੇਰੀ ਬਾਰ-ਬਾਰ ਨਮਸ਼ਕਾਰ ਹੈ, ਜਿਨ੍ਹਾਂ ਨੂੰ ਸੁਣ ਕੇ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ ਤੇ ਸਹਿਜ ਸਰੂਪ ਜਾਣਿਆ ਜਾਂਦਾ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਸ੍ਰੀ ਅੰਗਦ! ਸੁਨਿ ਕਥਾ ਅਗਾਰੀ। ਜੋ ਸਭਿ ਸ਼੍ਰੋਤਨ ਕੋ ਸੁਖਕਾਰੀ।
ਪੁਰਿ ਕਰਤਾਰ ਵਿਖੈ ਤਬ ਆਏ। ਬਹੁਰ ਨ ਕਿਤ ਦਿਸ਼ ਵਹਿਰ ਸਿਧਾਏ॥੨॥

ਭਾਈ ਬਾਲਾ ਜੀ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਅਗਲੀ ਗੁਰ ਕਥਾ ਸੁਣੋ, ਜਿਹੜੀ ਕਿ ਸਾਰੇ ਸਰੋਤਿਆਂ ਵਾਸਤੇ ਸੁਖਦਾਇਕ ਹੈ। ਫਿਰ ਕਰਤਾਰਪੁਰ ਨਗਰੀ ਵਿਚ ਆ ਗਏ, ਫਿਰ ਕਿਸੇ ਪਾਸੇ ਬਾਹਰ ਨਾ ਗਏ॥ ੨॥

ਸਵਾਜਾਮ ਨਿਸ ਰਹੇ ਸਦਾਈ। ਜਾਗਹਿਂ ਬਹੁਰ ਵਹਿਰ ਕੋ ਜਾਈਂ।
ਐਰਾਵਤੀ ਬਿਖੈ ਇਸ਼ਨਾਨਾ। ਕਰਿ ਬੈਠਹਿਂ ਤਟ ਲਾਇ ਧਿਆਨਾ॥ ੩॥

ਸਦਾ ਹੀ ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਜਾਗ ਪੈਂਦੇ ਸਨ ਤੇ ਬਾਹਰ ਨੂੰ ਜਾਂਦੇ ਸਨ। ਰਾਵੀ ਦਰਿਆ ਵਿਚ ਇਸ਼ਨਾਨ ਕਰਕੇ ਉਸ ਦੇ ਕੰਢੇ ਤੇ ਬੈਠ ਜਾਂਦੇ ਸਨ ਅਤੇ ਪ੍ਰਭੂ ਵਿਚ ਧਿਆਨ ਜੋੜ ਲੈਂਦੇ ਸਨ॥ ੩॥

ਚਤੁਰ ਘਟੀ ਨਿਸ ਤੇ ਪੁਨ ਆਈ। ਬੈਠਹਿਂ ਧਰਮਸਾਲ ਸੁਖਦਾਈ।
ਹੋਤਿ ਕੀਰਤਨ ਸ੍ਰੀ ਸਤਿਨਾਮੂ। ਸੁਨਤਿ ਪ੍ਰੇਮ ਉਪਜੈ ਅਭਿਰਾਮੂ॥ ੪॥

ਚਾਰ ਘੜੀਆਂ ਫਿਰ ਆ ਕੇ, ਸੁੱਖਦਾਤੇ ਧਰਮਸਾਲਾ ਵਿਚ ਬੈਠ ਜਾਂਦੇ ਸਨ। ਸਤਿਨਾਮ ਦਾ ਕੀਰਤਨ ਹੁੰਦਾ ਸੀ, ਜਿਸ ਨੂੰ ਸੁਣ ਕੇ ਸੁੰਦਰ ਪ੍ਰੇਮ ਪੈਦਾ ਹੁੰਦਾ ਸੀ॥ ੪॥

ਸੈਦੋ ਘਿਓ ਇਕ ਸੰਗਤਿ ਮਾਂਹੀ। ਦਿਢ ਸ਼ਰਧਾ ਜਿਹਕੇ ਉਰ ਮਾਂਹੀ।
ਪਿਖਿ ਬ੍ਰਿਤੰਤ ਗੁਰ ਕੋ ਸੋ ਭਰਮਾ। ਲਖਿ ਨਹਿਂ ਸਕਜੋ ਗੂਢ ਜੋ ਮਰਮਾ॥ ੫॥

ਸੈਦੋ ਘਿਓ ਨਾਮੀ ਇਕ ਸਿੱਖ ਸੰਗਤ ਵਿਚ ਰਹਿੰਦਾ ਸੀ, ਉਸ ਦੇ ਮਨ ਵਿਚ ਦ੍ਰਿੜ੍ਹ ਸ਼ਰਧਾ ਸੀ। ਗੁਰੂ ਜੀ ਦਾ ਬ੍ਰਿਤਾਂਤ ਵੇਖ ਕੇ ਉਹ ਭਰਮ ਵਿਚ ਪੈ ਗਿਆ, ਜਿਹੜਾ ਗੁੱਝਾ ਭੇਦ ਸੀ ਉਸ ਨੂੰ ਉਹ ਜਾਣ ਨਾ ਸਕਿਆ॥ ੫॥

ਇਸ ਬਿਧਿ ਜਾਨੀ ਤਿਨ ਮਨ ਮਾਂਹੀ। ਨਿਸ ਮਹਿਂ ਸ੍ਰੀ ਗੁਰ ਸਰਿਤਾ ਜਾਂਹੀ।
ਤਹਾਂ ਬੈਠਿ ਜਲਪਤਿ ਕੋ ਸੇਵਹਿਂ। ਮਨ ਬਾਂਛਤ ਜਾਚਹਿਂ ਸੋ ਲੇਵਹਿਂ॥ ੬॥

ਉਸ ਨੇ ਮਨ ਵਿਚ ਇਸ ਤਰ੍ਹਾਂ ਜਾਣਿਆ ਕਿ ਰਾਤ ਸਮੇਂ ਜਦ ਗੁਰੂ ਜੀ ਦਰਿਆ ਤੇ ਜਾਂਦੇ ਹਨ ਤਾਂ ਓਥੇ ਜਾ ਕੇ ਉਹ ਜਲ ਦੇ ਮਾਲਕ ਵਰੁਣ ਦੇਵਤਾ ਦਾ ਸਿਮਰਨ ਕਰਦੇ ਹਨ ਅਤੇ ਮਨ-ਇੱਛਤ ਫਲ ਮੰਗ ਕੇ ਪ੍ਰਾਪਤ ਕਰਦੇ ਹਨ॥ ੬॥

ਕਰੀ ਬਰੁਨ ਕੀ ਸੇਵ ਘਨੇਰੀ। ਯਾਂਤੇ ਅਜ਼ਮਤ ਬਧੀ ਬਧੇਰੀ।
ਕਲਾ ਬਿਸ਼ਾਲ ਤਾਂਹਿ ਤੇ ਪਾਈ। ਸਭਿ ਜਗ ਕੀ ਲੀਨੀ ਗੁਰਿਆਈ॥੭॥

ਉਨ੍ਹਾਂ ਵਰੁਣ ਦੇਵਤਾ ਦੀ ਬਹੁਤ ਸੇਵਾ ਕੀਤੀ ਹੈ, ਇਸ ਲਈ ਉਨ੍ਹਾਂ ਵਿਚ ਵੱਡੀ ਕਰਾਮਾਤ ਵਧੀ ਹੈ। ਵਿਸ਼ਾਲ ਕਰਾਮਾਤ ਉਸ ਤੋਂ ਪ੍ਰਾਪਤ ਕੀਤੀ ਹੈ ਅਤੇ ਸਾਰੇ ਜਗਤ ਦੀ ਗੁਰਿਆਈ ਲੈ ਲਈ ਹੈ॥ ੭॥

ਮੈਂ ਅਬਿ ਸੇਵ ਕਰੋਂ ਬਹੁ ਤਾਂਹੀ। ਪ੍ਰਾਪਤਿ ਹੋਇ ਕਲਾ ਮੁਝ ਮਾਂਹੀ।
ਇਸ ਪ੍ਰਕਾਰ ਉਰ ਮੈਂ ਠਹਿਰਾਈ। ਬੀਤੀ ਨਿਸ ਜਬ ਪਹਿਰ ਅਢਾਈ॥੮॥

ਮੈਂ ਵੀ ਹੁਣ ਉਸ ਦਾ ਬਹੁਤ ਸਿਮਰਨ ਕਰਾਂਗਾ ਤੇ ਮੈਨੂੰ ਵੀ ਕਰਾਮਾਤ ਪ੍ਰਾਪਤ ਹੋ ਜਾਵੇਗੀ। ਇਸ ਪ੍ਰਕਾਰ ਦਿਲ ਵਿਚ ਠਹਿਰਾ ਕੇ ਜਦ ਢਾਈ ਪਹਿਰ ਰਾਤ ਬੀਤ ਗਈ॥ ੮॥

ਤਬਿ ਸੋ ਗਮਨਜੋ ਸਰਿਤਾ ਤੀਰੰ। ਮਿਲਜੋ ਪੰਥ ਇਕ ਮਨੁਖ ਸਰੀਰੰ।
ਤਿਸਕੇ ਹਾਥ ਬਿਖੈ ਇਕ ਮੀਨਾ। ਦੇਖਤਿ ਸੈਦੋ ਬੂਝਨ ਕੀਨਾ॥ ੯॥

ਤਦ ਉਹ ਦਰਿਆ ਦੇ ਕਿਨਾਰੇ ਚਲਾ ਗਿਆ। ਰਾਹ ਵਿਚ ਉਸ ਨੂੰ ਇਕ ਮਨੁੱਖ ਮਿਲਿਆ। ਉਸ ਦੇ ਹੱਥ ਵਿਚ ਇਕ ਵੀਣਾ ਸੀ। ਸੈਦੋ ਨੇ ਉਸ ਨੂੰ ਵੇਖ ਕੇ ਪੁਛਿਆ॥ ੯॥

'ਕੌਣ ਅਹੈਂ, ਤੂੰ ਕਿਤਕੋ ਜਾਹੀਂ?। ਨਿਸ ਮਹਿਂ, ਤਸਕਰ ਕੈ ਸਿਖ ਆਹੀ?'।
ਸੁਨਿਕੈ ਉੱਤਰ ਦੀਨੋ ਤਾਂਹੀ। 'ਮੁਝਕੋ ਤਸਕਰ ਲਖਿਯੇ ਨਾਂਹੀ ॥੧੦॥

"ਤੂੰ ਕੌਣ ਹੈਂ ਅਤੇ ਰਾਤ ਸਮੇਂ ਕਿਥੇ ਜਾ ਰਿਹਾ ਹੈਂ, ਤੂੰ ਕੋਈ ਚੋਰ ਡਾਕੂ ਹੈਂ ਕਿ ਸਿੱਖ ਹੈਂ? ਇਹ ਸੁਣ ਕੇ ਉਸ ਮਨੁੱਖ ਨੇ ਉੱਤਰ ਦਿੱਤਾ "ਮੈਨੂੰ ਚੋਰ ਡਾਕੂ ਨਾ ਸਮਝੋ" ॥ ੧੦॥

ਸਗਰੀ ਸਰਿਤਾ ਕੋ ਪਤਿ ਜਾਨਹੁ। ਨਾਮ ਬਰੁਨ ਮੇਰੋ ਪਹਿਚਾਨਹੁ।
ਸ੍ਰੀ ਗੁਰ ਕੋ ਹਉਂ ਪੂਜਨ ਜਾਵਉਂ। ਦਰਸ਼ਨ ਨਿਤਪ੍ਰੱਤਿ ਕਰਿ ਆਵਉਂ' ॥੧੧॥

ਸਾਰੇ ਦਰਿਆਵਾਂ ਦਾ ਮੈਨੂੰ ਮਾਲਕ ਜਾਣੋ, ਮੇਰਾ ਨਾਂ ਵਰੁਣ ਪਹਿਚਾਣੋ। ਸ੍ਰੀ ਗੁਰੂ ਜੀ ਦੀ ਪੂਜਾ ਕਰਨ ਜਾਂਦਾ ਹਾਂ, ਰੋਜ਼ ਦਰਸ਼ਨ ਕਰਕੇ ਵਾਪਸ ਆਉਂਦਾ ਹਾਂ॥ ੧੧॥

ਸੁਨਿ ਕੈ ਸੈਦੋ ਗਿਰਾ ਉਚਾਰੀ। 'ਮੈਂ ਤੋ ਉਰ ਕਛੁ ਅਉਰ ਬਿਚਾਰੀ।
ਸ੍ਰੀ ਗੁਰ ਸੇਵਾ ਕਰਹਿਂ ਤੁਮਾਰੀ। ਯਾਂਤੇ ਅਜ਼ਮਤ ਭੀ ਤਿਨ ਭਾਰੀ॥੧੨॥

ਇਹ ਸੁਣ ਕੇ ਸੈਦੋ ਨੇ ਕਿਹਾ, 'ਮੈਂ ਤਾਂ ਦਿਲ ਵਿਚ ਕੁਝ ਹੋਰ ਹੀ ਵਿਚਾਰਿਆ ਸੀ ਕਿ ਗੁਰੂ ਜੀ ਤੁਹਾਡੀ ਸੇਵਾ ਕਰਦੇ ਹਨ, ਇਸ ਕਰਕੇ ਉਨ੍ਹਾਂ ਭਾਰੀ ਕਰਾਮਾਤ ਪਾਈ ਹੈ॥ ੧੨॥

ਰਿੱਧਿ ਸਿੱਧਿ ਤੁਮ ਤੇ ਸਭਿ ਪਾਈ। ਇਸ ਬਿਧਿ ਕੀ ਗਤਿ ਚਿਤ ਠਹਿਰਾਈ।
ਚਲਜੋ ਹੁਤੋ ਤਵ ਸੇਵਾ ਕਾਰਨ। ਮਿਲਿ ਕੈ ਤੁਮ ਸਭਿ ਕੀਨ ਉਚਾਰਨ॥੧੩॥

ਉਨ੍ਹਾਂ ਨੇ ਸਾਰੀਆਂ ਰਿਧੀਆਂ ਸਿਧੀਆਂ ਤੁਹਾਥੋਂ ਪਾਈਆਂ ਹਨ, ਇਸ ਤਰ੍ਹਾਂ ਦੀ ਹਾਲਤ ਮੈਂ ਚਿੱਤ ਵਿਚ ਠਹਿਰਾਈ ਸੀ। ਮੈਂ ਤੁਹਾਡੀ ਸੇਵਾ ਕਰਨ ਚਲਿਆ ਸੀ, ਮਿਲ ਕੇ ਤੁਸੀਂ ਸਭ ਕੁਝ ਸਮੇਂ ਸਿਰ ਠੀਕ ਦੱਸ ਦਿੱਤਾ ਹੈ॥ ੧੩॥

ਤੁਮ ਜੋ ਤਿਨ ਕੋ ਪੂਜਨ ਜਾਵਉ। ਹੌਂ ਨਿਜ ਮਨ ਕੋ ਕਿਉਂ ਭਰਮਾਵਉਂ'।
ਸੁਣਿਕੈ ਬਰੁਨ ਭਨੀ ਪੁਨ ਬਾਨੀ। 'ਸ੍ਰੀ ਨਾਨਕ ਲਖਿ ਗਨ ਗੁਨਖਾਨੀ॥੧੪॥

ਤੁਸੀਂ ਜਿਸ ਦੀ ਪੂਜਾ ਕਰਨ ਜਾਂਦੇ ਹੋ, ਮੈਂ ਆਪਣੇ ਮਨ ਨੂੰ ਕਿਉਂ ਭਰਮਾਂ ਵਿਚ ਪਾਵਾਂ?" ਇਹ ਸੁਣ ਕੇ ਵਰੁਣ ਨੇ ਫਿਰ ਕਿਹਾ, "ਸ੍ਰੀ ਨਾਨਕ ਜੀ ਨੂੰ ਤੁਸੀਂ ਗੁਣਾਂ ਦੀ ਖਾਣ ਸਮਝੋ॥ ੧੪॥

ਨਰਨ ਉਧਾਰਨ ਹਿਤ ਅਵਤਾਰਾ। ਧਰਜੋ ਦੇਹਿ ਨਿਜ ਸ੍ਰੀ ਕਰਤਾਰਾ।
ਦ੍ਰਿਢ ਸ਼ਰਧਾ ਧਰਿ ਭਰਮਹੁ ਨਾਂਹੀ। ਚਰਨ ਕਮਲ ਸੇਵਹੁ ਤੁਮ ਤਾਂਹੀ' ॥੧੫॥

ਮਨੁੱਖਾਂ ਦਾ ਉਧਾਰ ਕਰਨ ਲਈ ਉਨ੍ਹਾਂ ਅਵਤਾਰ ਧਾਰਿਆ ਹੈ। ਸ੍ਰੀ ਕਰਤਾਰ ਨੇ ਆਪ ਦੇਹ ਧਾਰਨ ਕੀਤੀ ਹੈ। ਦ੍ਰਿੜ੍ਹ ਸ਼ਰਧਾ ਧਾਰਨ ਕਰਕੇ ਫਿਰ ਭਰਮਾਂ ਵਿਚ ਨਾ ਪਵੋ। ਇਸ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਦੀ ਸੇਵਾ ਕਰੋ" ॥ ੧੫ ॥

ਸੁਨਿ ਕਰਿ ਸੈਦੋ ਘਿਉ ਤਿਹਕਾਲਾ। ਆਯੋ ਜਹਿਂ ਬੈਠਜੋ ਪ੍ਰਭੁ ਦਜਾਲਾ।
ਅਭਿਬੰਦਨ ਕਰਿ ਬੈਠਿ ਸਮੀਪਾ। ਪਿਖਿ ਬੋਲੇ ਬੇਦੀ ਕੁਲਦੀਪਾ॥ ੧੬॥

ਇਹ ਸੁਣ ਕੇ ਸੈਦੋ ਘਿਉ ਤੁਰੰਤ ਉਥੇ ਆਇਆ ਜਿਥੇ ਦਿਆਲੂ ਗੁਰੂ ਜੀ ਬੈਠੇ ਸਨ। ਨਮਸ਼ਕਾਰ ਕਰਕੇ ਨੇੜੇ ਬੈਠ ਗਿਆ। ਉਸ ਨੂੰ ਵੇਖ ਕੇ ਗੁਰੂ ਜੀ ਬੋਲੇ॥ ੧੬॥

'ਤੂੰ ਕਿਉਂ ਆਯੋ ਨਿਸਾ ਮਝਾਰੀ। ਆਵਤਿ ਹੁਤੋ ਹੋਤਿ ਭੁਨਸਾਰੀ'।
ਨਿਜ ਬ੍ਰਿਤਾਂਤ ਤਿਨ ਸਰਬ ਬਖਾਨਾ। 'ਪ੍ਰਭੁ ਜੀ ਤੁਮਰੋ ਭੇਦ ਨ ਜਾਨਾ ॥੧੭॥

"ਤੂੰ ਰਾਤ ਨੂੰ ਕਿਉਂ ਆਇਆ ਹੈਂ। ਤੂੰ ਤਾਂ ਸਵੇਰ ਹੋਣ ਤੇ ਆਇਆ ਕਰਦਾ ਸੀ' ਸੈਦੋ ਨੇ ਫਿਰ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ ਅਤੇ ਕਿਹਾ, "ਹੇ ਪ੍ਰਭੂ ਜੀ! ਮੈਂ ਤੁਹਾਡਾ ਭੇਦ ਨਹੀਂ ਜਾਣ ਸਕਿਆ ਸੀ॥ ੧੭॥

ਯਾਂਤੇ ਮੈ ਭਰਮਜੋ ਮਤਿ ਮੂਢਾ। ਅਬਿ ਮੈਂ ਲਖਜੋ ਪ੍ਰਤਾਪ ਜੁ ਗੂਢਾ।
ਸਭਿ ਬਿਧਿ ਸੁਨਿਕੈ ਸ੍ਰੀ ਗੁਨਖਾਨੀ। ਉਚਰਜੋ ਸ਼ਬਦ ਮ੍ਰਿਦੁਲ ਮੁਖ ਬਾਨੀ ॥੧੮॥

ਇਸ ਕਰਕੇ ਮੈਂ ਮੂਰਖ ਮੱਤ ਵਾਲਾ ਭਰਮਾਂ ਵਿਚ ਪੈ ਗਿਆ ਸੀ। ਹੁਣ ਮੈਂ ਤੁਹਾਡਾ ਵੱਡਾ ਪਰਤਾਪ ਜਾਣਿਆ ਹੈ।" ਗੁਰੂ ਜੀ ਨੇ ਸਭ ਤਰ੍ਹਾਂ ਸੁਣ ਕੇ ਕੋਮਲ ਮੁੱਖ ਨਾਲ ਸੁੰਦਰ ਬਚਨ ਕਹੇ॥ ੧੮॥

ਸੁਨਿ ਬਾਨੀ ਕੋ ਸ਼ਰਧਾ ਹੋਈ। ਸੇਵਾ ਕਰਨ ਲਗਾ ਪੁਨ ਸੋਈ।
ਗੁਰ ਕੇ ਸ਼ਬਦ ਲਿਖਹਿ ਬੀਚਾਰਹਿ। ਸੁਨਹਿ ਪ੍ਰੇਮ ਸੋਂ ਬਹੁਰ ਉਚਾਰਹਿ ॥੧੯॥

ਗੁਰੂ ਜੀ ਦੇ ਬਚਨ ਸੁਣ ਕੇ ਉਸ ਦੇ ਮਨ ਵਿਚ ਬੜੀ ਸ਼ਰਧਾ ਵਧੀ, ਫਿਰ ਸੇਵਾ ਕਰਨ ਲੱਗਾ। ਗੁਰੂ ਜੀ ਦੇ ਸ਼ਬਦ ਲਿਖ ਕੇ ਵੀਚਾਰ ਕਰਦਾ ਸੀ। ਪ੍ਰੇਮ ਨਾਲ ਸੁਣਦਾ ਸੀ ਤੇ ਫਿਰ ਉਚਾਰਨ ਕਰਦਾ ਸੀ॥ ੧੯॥

ਬੈਠਹਿਂ ਨਿਤ ਸ੍ਰੀ ਗੁਰ ਧ੍ਰਮਸਾਲਾ। ਹੋਤਿ ਕੀਰਤਨ ਪ੍ਰੇਮ ਬਿਸਾਲਾ।
ਦੇਸ਼ ਦੇਸ਼ ਤੇ ਸੁਨਿ ਜਸ ਗੁਰ ਕੋ। ਮਾਨਵ ਅਏ ਪ੍ਰੇਮ ਕਰਿ ਉਰ ਕੋ ॥੨੦॥

ਸਦਾ ਗੁਰੂ ਜੀ ਧਰਮਸਾਲਾ ਵਿਚ ਬੈਠਦੇ ਸਨ, ਵਿਸ਼ਾਲ ਪ੍ਰੇਮ-ਮਈ ਕੀਰਤਨ ਹੁੰਦਾ ਸੀ। ਦੇਸ਼ਾਂ ਦੇਸ਼ਾਂ ਦੇ ਲੋਕ ਗੁਰੂ ਜੀ ਦਾ ਜੱਸ ਸੁਣ ਕੇ ਆਉਂਦੇ ਸਨ। ਉਹ ਮਨੁੱਖ ਦਿਲ ਵਿਚ ਬੜਾ ਪ੍ਰੇਮ ਧਾਰਨ ਕਰਕੇ ਆਉਂਦੇ ਸਨ॥ ੨੦॥

ਆਇ ਸਕਾਮ, ਸੁ ਪੂਰਨ ਹੋਵਹਿਂ। ਜੇ ਨਿਸ਼ਕਾਮ ਗਜਾਨ ਸੁਖ ਜੋਵਹਿਂ।
ਭੀਰ ਭੂਰ ਨਿਤ ਪੁਰਿ ਕਰਤਾਰਾ। ਹੋਵਹਿ ਦੇਗ ਬਿਸ਼ਾਲ ਅਹਾਰਾ ॥੨੧॥

ਜਿਹੜੇ ਕਾਮਨਾ-ਸਹਿਤ ਆਉਂਦੇ ਸਨ, ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ। ਜਿਹੜੇ ਕਾਮਨਾ-ਰਹਿਤ ਆਉਂਦੇ ਸਨ ਉਨ੍ਹਾਂ ਨੂੰ ਗਿਆਨ ਅਤੇ ਸੁੱਖ ਪ੍ਰਾਪਤ ਹੁੰਦਾ ਸੀ। ਸਦਾ ਹੀ ਕਰਤਾਰਪੁਰ ਵਿਚ ਭੀੜ ਲੱਗੀ ਰਹਿੰਦੀ ਸੀ। ਭੋਜਨ ਛਕਾਉਣ ਵਾਸਤੇ ਬੜਾ ਵੱਡਾ ਲੰਗਰ ਲੱਗਦਾ ਸੀ॥ ੨੧॥

ਬੈਠੇ ਹੁਤੇ ਏਕ ਨਰ ਆਯੋ। ਬੰਦਨ ਕਰਿਕੈ ਬੈਨ ਅਲਾਯੋ।

'ਸਿੱਖੀ ਕਿਧੋਂ ਫਕੀਰੀ ਕਰੋਂ?। ਧਰਮ ਗ੍ਰਿਹਸਤ ਕੋ ਕੈ ਉਰ ਧਰੋਂ? ॥੨੨॥

ਇਕ ਦਿਨ ਗੁਰੂ ਜੀ ਬੈਠੇ ਸਨ ਤਾਂ ਇਕ ਆਦਮੀ ਆਇਆ। ਨਮਸ਼ਕਾਰ ਕਰਕੇ ਉਸ ਕਿਹਾ, "ਸਿੱਖ ਬਣਾਂ ਜਾਂ ਫਕੀਰੀ ਕਰਾਂ ਕਿ ਗ੍ਰਹਿਸਤ ਧਰਮ ਨੂੰ ਹਿਰਦੇ ਵਿਚ ਧਾਰਨ ਕਰਾਂ ? ॥ ੨੨ ॥

ਜਿਉਂ ਰਾਵਰ ਕੀ ਹੋਇ ਰਜਾਇ। ਤਿਉਂ ਕਰਿ ਹੌਂ ਸੁਭ ਦੇਹੁ ਬਤਾਇ।
ਸੁਨਜੋ ਆਪ ਕੋ ਜਸ ਮੈਂ ਭਾਰੀ। ਚਲਿ ਆਯੋ ਹਿਤ ਬੂਝਨ ਕਾਰੀ ॥੨੩॥

ਜਿਵੇਂ ਆਪ ਜੀ ਦੀ ਆਗਿਆ ਹੋਵੇ, ਉਸ ਤਰ੍ਹਾਂ ਹੀ ਕਰਾਂ, ਇਹ ਸਭ ਗੱਲ ਮੈਨੂੰ ਦੱਸ ਦੇਵੋ। ਮੈਂ ਆਪ ਜੀ ਦਾ ਭਾਰੀ ਜੱਸ ਸੁਣਿਆ ਹੈ, ਇਹ ਪੁੱਛਣ ਵਾਸਤੇ ਮੈਂ ਆਇਆ ਹਾਂ" ॥ ੨੩ ॥

ਦੋਹਰਾ ਬੋਲੇ ਕ੍ਰਿਪਾ ਨਿਧਾਨ ਤਬਿ 'ਪ੍ਰਿਥਮ ਕਰਹੁ ਅਸ ਕਾਜ।
ਹਮਰੀ ਲੇ ਅਰਦਾਸ ਤੁਮ ਗਮਨਹੁ ਤੂਰਨ ਆਜ॥ ੨੪॥

ਤਦ ਕਿਰਪਾ ਨਿਧਾਨ ਬੋਲੇ, "ਪਹਿਲਾਂ ਇਸ ਤਰ੍ਹਾਂ ਕਾਰਜ ਕਰੋ। ਸਾਡਾ ਹੁਕਮਨਾਮਾ ਲੈ ਕੇ ਅੱਜ ਹੀ ਚਲੇ ਜਾਵੋ॥ ੨੪ ॥

ਚੌਪਈ ਬਸੈ ਸਿੱਖ ਅਮਕੇ ਜੋ ਗ੍ਰਾਮੂ॥ ਬੂਝਿ ਨਾਮ ਜਾਵਹੁ ਤਿਹ ਧਾਮੂ।
ਦੋ ਸੈ ਪ੍ਰਿਥਮ ਰੁਪੱਯੇ ਲੇਕਰਿ। ਪਾਛੇ ਭੋਜਨ ਅਚਿਯੋ ਤਿਹ ਘਰ ॥੨੫॥

ਜਿਹੜਾ ਸਾਡਾ ਸਿੱਖ ਫਲਾਣੇ ਪਿੰਡ ਵਿਚ ਰਹਿੰਦਾ ਹੈ, ਉਸ ਦਾ ਨਾਂ ਪੁੱਛ ਕੇ ਉਸ ਦੇ ਘਰ ਜਾਵੋ। ਪਹਿਲਾਂ ਉਸ ਪਾਸੋਂ ਦੋ ਸੌ ਰੁਪਏ ਲਵੋ, ਜੇ ਉਹ ਦੋ ਸੌ ਰੁਪਈਆ ਦੇਵੇ ਤਦ ਹੀ ਉਸ ਦੇ ਘਰ ਦਾ ਭੋਜਨ ਖਾਵੋ॥੨੫॥

ਬਹੁਰੋ ਜਬਿ ਤੂੰ ਹਟਿ ਕਰਿ ਆਵਹਿਂ। ਇਹ ਉੱਤਰ ਹਮ ਤਬਹਿਂ ਬਤਾਵਹਿਂ।
ਹੁਕਮ ਨਾਮਾ ਲੇਕਰਿ ਵਹੁ ਆਸੂ। ਸ਼ੀਘਰ ਗਯੋ ਤਾਂਹਿ ਸਿਖ ਪਾਸੂ ॥੨੬॥

ਫਿਰ ਜਦ ਤੂੰ ਵਾਪਸ ਆਵੇਂਗਾ, ਇਹ ਉੱਤਰ ਅਸੀਂ ਫਿਰ ਹੀ ਦੱਸਾਂਗੇ। ਹੁਕਮਨਾਮਾ ਲੈ ਕੇ ਉਹ ਛੇਤੀ ਚਲਾ ਗਿਆ ਅਤੇ ਜਲਦੀ ਹੀ ਉਸ ਸਿੱਖ ਦੇ ਪਾਸ ਪਹੁੰਚ ਗਿਆ॥ ੨੬॥

ਅਤਿਸ਼ੈ ਘਰ ਤੇ ਨਿਰਧਨ ਸੋਈ। ਕਬਿ ਕਬਿ ਭੋਜਨ ਪ੍ਰਾਪਤਿ ਹੋਈ।
ਏਕ ਸਿੱਖਜ, ਤਿਯ ਦੁਤਿਯ ਭਲੇਰੀ। ਤੀਜੀ ਤਨੁਜਾ ਹੈ ਤਿਨ ਕੇਰੀ॥੨੭॥

ਉਹ ਘਰ ਤੋਂ ਬਹੁਤ ਗਰੀਬ ਸੀ, ਕਦੀ-ਕਦੀ ਹੀ ਭੋਜਨ ਪ੍ਰਾਪਤ ਹੁੰਦਾ ਸੀ। ਇਕ ਸਿੱਖ ਆਪ ਸੀ, ਦੂਸਰੀ ਉਸ ਦੀ ਭਲੀ ਇਸਤਰੀ ਸੀ, ਤੀਸਰੀ ਉਨ੍ਹਾਂ ਦੇ ਘਰ ਵਿਚ ਇਕ ਲੜਕੀ ਵੀ ਸੀ॥ ੨੭॥

ਹੁਕਮ ਸੁ ਨਾਮਾ ਦਿਯ ਗੁਰ ਜਬਿਹੀ। ਅਧਿਕ ਪ੍ਰੇਮ ਕਰਿ ਬੰਦਹਿ ਤਬਿਹੀ।
ਸਾਦਰ ਸੌਂ ਤਿਹ ਮੰਚ ਬਿਸਾਇ। ਚਰਨ ਪਖਾਰੇ ਕਰਿ ਬਹੁ ਭਾਇ॥੨੮॥

ਜਦ ਹੀ ਗੁਰੂ ਜੀ ਦਾ ਹੁਕਮਨਾਮਾ ਉਸ ਸਿੱਖ ਨੂੰ ਦਿੱਤਾ, ਉਸ ਓਸੇ ਵੇਲੇ ਬਹੁਤ ਪ੍ਰੇਮ ਕਰਕੇ ਹੱਥ ਜੋੜ ਕੇ ਬੰਦਨਾ ਕੀਤੀ। ਬੜੇ ਆਦਰ ਨਾਲ ਉਸ ਵਾਸਤੇ ਪਲੰਘ ਡਾਹਿਆ ਅਤੇ ਬੜਾ ਸਤਿਕਾਰ ਕਰਕੇ ਉਸ ਦੇ ਚਰਨ ਧੋਤੇ॥ ੨੮॥

ਬਹੁਰ ਕਹਜੋ 'ਭੋਜਨ ਕਰਿ ਲੀਜੈ। ਦੂਰ ਸੁ ਸ਼੍ਰਮ ਮਾਰਗ ਕੋ ਕੀਜੈ।
ਸਿਖ ਸੌਂ ਤਿਸਨੇ ਬਚਨ ਅਲਾਏ। 'ਗੁਰ ਕੋ ਹੁਕਮ ਨ ਭੋਜਨ ਖਾਏ॥੨੯॥

ਫਿਰ ਕਿਹਾ, "ਭੋਜਨ ਛੱਕ ਲਵੋ, ਬਹੁਤ ਦੂਰ ਤੋਂ ਆਏ ਹੋ, ਰਸਤੇ ਦੀ ਥਕਾਵਟ ਨੂੰ ਦੂਰ ਕਰੋ। ਸਿੱਖ ਨੂੰ ਉਸ ਬਚਨ ਕਹੇ, 'ਗੁਰੂ ਜੀ ਦਾ ਹੁਕਮ ਹੈ ਕਿ ਭੋਜਨ ਤਦ ਤਕ ਨਹੀਂ ਖਾਣਾ॥ ੨੯॥

ਪੂਰਬ ਸਰਬ ਦਰਬ ਕੋ ਲੇਈ। ਪਾਛੇ ਤੇ ਘਰ ਅਸਨ ਅਚੇਈ'।
ਸੁਨਿ ਕੈ ਸਿੱਖ ਸੁ ਤੂਸ਼ਨਿ ਰਹਜੋ। ਬਧੀ ਚਿੰਤ ਸਰਿਤਾ ਮਨ ਬਹਜੋ ॥੩੦॥

ਜਦ ਤਕ ਪਹਿਲਾਂ ਸਾਰਾ ਧਨ (ਦੋ ਸੌ ਰੁਪਏ) ਨਹੀਂ ਲੈ ਲੈਂਦੇ, ਪਿਛੋਂ ਉਸ ਘਰ ਵਿਚੋਂ ਭੋਜਨ ਛੱਕਣਾ।'' ਇਹ ਸੁਣ ਕੇ ਸਿੱਖ ਚੁੱਪ ਹੋ ਗਿਆ, ਵੱਡੀ ਚਿੰਤਾ ਦੀ ਨਦੀ ਵਿਚ ਮਨ ਵਹਿ ਗਿਆ॥ ੩੦॥

ਕਿਹ ਤੇ ਦੇਊਂ ਕਰੌਂ ਕਯਾ ਕਾਜਾ?। ਸਿੱਖੀ ਪਰਣ ਰਹੇ ਕਿਵ ਆਜਾ।
ਘਰ ਮਹਿ ਸੌਜ ਨਹੀਂ ਅਸ ਕੋਈ। ਬੇਚਿ ਬਜਾਰ ਦੇਊਂ ਧਨ ਜੋਈ ॥੩੧॥

ਪੈਸੇ ਕਿਥੋਂ ਦੇਵਾਂ ਤੇ ਕੀ ਕਾਜ ਕਰਾਂ ? ਅੱਜ ਸਿੱਖੀ ਪ੍ਰਣ ਕਿਵੇਂ ਕਾਇਮ ਰਹੇ। ਘਰ ਵਿਚ ਐਸੀ ਕੋਈ ਵਸਤੂ ਨਹੀਂ, ਜਿਸ ਨੂੰ ਬਜ਼ਾਰ ਵਿਚ ਵੇਚ ਕੇ ਧਨ ਪ੍ਰਾਪਤ ਕਰ ਲਵਾਂ॥ ੩੧॥

ਦੋਹਰਾ- ਤਿਹ ਤਨੁਜਾ ਕੋ ਪੰਚ ਸੈ ਹੁਤੋ ਸ਼ਾਹੁ ਇਕ ਦੇਤਿ।
ਅਘ ਕੋ ਦਰਬ ਪਛਾਨਿ ਕੈ ਸਿੱਖ ਨ ਪੂਰਬ ਲੇਤਿ॥ ੩੨॥

ਇਕ ਸ਼ਾਹ ਉਸ ਦੀ ਲੜਕੀ ਬਦਲੇ ਪੰਜ ਸੌ ਰੁਪਏ ਦੇਣ ਨੂੰ ਤਿਆਰ ਸੀ, ਪਰ ਪਾਪ ਦਾ ਧਨ ਪਛਾਣ ਕੇ ਸਿੱਖ ਪਹਿਲਾਂ ਇਹ ਪੈਸੇ ਨਹੀਂ ਸੀ ਲੈਂਦਾ॥ ੩੨॥

ਚੌਪਈ- ਦ੍ਵੈ ਘਟਿਕਾ ਬੀਤੀ ਜਬਿ ਬੈਸੇ। ਤਿਹ ਅੰਗਨਾ ਬੋਲੀ ਤਬਿ ਐਸੇ।
'ਕਿਉਂ ਚਿੰਤਾ ਚਿਤ ਮੈਂ ਤਵ ਕੀਨਿ? । ਜੋ ਹਮ ਢਿਗ ਸੋ ਸਤਿਗੁਰ ਦੀਨਿ ॥੩੩॥

ਜਦ ਬੈਠਿਆਂ ਦੋ ਘੜੀਆਂ ਬੀਤ ਗਈਆਂ ਤਾਂ ਉਸ ਦੀ ਪਤਨੀ ਨੇ ਇਸ ਤਰ੍ਹਾਂ ਕਿਹਾ, ''ਤੁਸੀਂ ਚਿੱਤ ਵਿਚ ਚਿੰਤਾ ਕਿਉਂ ਕਰਦੇ ਹੋ ? ਜੋ ਸਾਡੇ ਪਾਸ ਹੈ ਉਹ ਸਤਿਗੁਰੂ ਨੇ ਹੀ ਦਿੱਤਾ ਹੈ॥ ੩੩॥

ਲੇਹੁ ਸੁਤਾ ਕੋ 'ਦ੍ਵੈ ਸੌ ਅਬਿਹੀ। ਸਤਿਗੁਰ ਹੇਤ ਦੇਹੁ ਸੋ ਤਬਿਹੀ।
ਜੇ ਨਿਜ ਹਿਤ ਲੇਵੈਂ ਅਘ ਹੋਇ। ਪਰਉਪਕਾਰ ਦੋਸ਼ ਨਹਿੰ ਕੋਇ ॥੩੪॥

ਕੁੜੀ ਨੂੰ ਵੇਚ ਕੇ ਹੁਣੇ ਦੋ ਸੌ ਰੁਪਏ ਲੈ ਲਵੋ ਅਤੇ ਸਤਿਗੁਰੂ ਵਾਸਤੇ ਇਸ ਨੂੰ ਦੇ ਦੇਵੋ। ਜੇ ਅਸੀਂ ਆਪਣੇ ਵਾਸਤੇ ਲਵਾਂਗੇ ਤਦ ਹੀ ਪਾਪ ਲੱਗੇਗਾ। ਪਰ ਉਪਕਾਰ ਕਰਨ ਵਿਚ ਕੋਈ ਦੋਸ਼ ਨਹੀਂ ਹੈ॥ ੩੪॥

ਤੂਰਨ ਕੀਜੈ ਉਠਿ ਕਰਿ ਕਾਜਾ। ਰਾਖਹੁ ਸਿੱਖੀ ਕੋ ਪ੍ਰਨ ਆਜਾ'।
ਸੁਨਿ ਸਲਾਹ ਐਸੀ ਨਿਜ ਤਿਯ ਕੀ। ਮਾਨੀ ਮਨ ਕਰਿ ਭਾਵਤਿ ਨੀਕੀ ॥੩੫॥

ਤੁਰੰਤ ਉਠ ਕੇ ਇਹ ਕੰਮ ਕਰੋ ਅਤੇ ਅੱਜ ਸਿੱਖੀ ਦੇ ਪ੍ਰਣ ਨੂੰ ਰੱਖ ਲਵੋ।'' ਆਪਣੀ ਇਸਤਰੀ ਦੀ ਇਹ ਸਲਾਹ ਸੁਣ ਕੇ ਅਤੇ ਚੰਗੀ ਸਲਾਹ ਹੋਣ ਕਰਕੇ ਮਨ ਵਿਚ ਮੰਨ ਲਈ॥ ੩੫॥

ਦੋਹਰਾ- ਗਮਨਜੋ ਢਿਗ ਤਬਿ ਸ਼ਾਹ ਕੇ ਬੈਠਜੋ ਬਚਨ ਅਲਾਇ।
'ਸਹਸ ਅਢਾਈ ਦਰਬ ਤੇ ਸੁਤਾ ਬਜਾਹ ਲੈ ਜਾਇ'॥ ੩੬॥

ਫਿਰ ਸ਼ਾਹ ਦੇ ਪਾਸ ਗਿਆ ਤੇ ਬੈਠ ਕੇ ਕਿਹਾ, ''ਢਾਈ ਸੌ ਰੁਪਏ ਦੇ ਕੇ ਮੇਰੀ ਲੜਕੀ ਵਿਆਹ ਕੇ ਲੈ ਜਾਵੋ''॥ ੩੬॥

ਚੌਪਈ- ਕਹੈ ਸ਼ਾਹੁ ''ਤਮ ਲੇਹੁ ਬਧੇਰੇ। ਦਰਬ ਬਿਸਾਲ ਸਦਨ ਮਹਿਂ ਮੇਰੇ।
ਦਾਰਿਦ ਏਕ ਬਾਰ ਨਿਜ ਖੋਈ। ਸੁਖ ਪਾਵਹੁ, ਕਰਿ ਸ਼ੰਕ ਨ ਕੋਈ' ॥੩੭॥

ਸ਼ਾਹ ਨੇ ਕਿਹਾ, "ਤੁਸੀਂ ਹੋਰ ਪੈਸੇ ਲੈ ਲਵੋ, ਮੇਰੇ ਘਰ ਵਿਚ ਬਹੁਤ ਧਨ ਹੈ। ਆਪਣੀ ਗਰੀਬੀ ਨੂੰ ਇਕ ਵਾਰ ਦੂਰ ਕਰ ਲਵੋ, ਸ਼ੰਕਾ-ਰਹਿਤ ਹੋ ਕੇ ਸੁੱਖ ਪਾਵੋ" ॥ ੩੭॥

'ਸੁਨਹੁ, ਚਾਹਿ ਮੁਝ ਅਵਰ ਨ ਕੋਈ। ਜਾਚੇ ਜਿਤੇ ਦੀਜਿਯੇ ਸੋਈ'।
ਅਸ ਕਹਿ ਲੇ ਤਬਿ ਸਹਸ ਅਢਾਈ। ਆਨਿ ਸਿੱਖ ਕੀ ਭੇਟ ਚਢਾਈ ॥੩੮॥

ਸਿੱਖ ਨੇ ਕਿਹਾ, "ਸੁਣੋ ਮੈਨੂੰ ਹੋਰ ਰੁਪਏ ਨਹੀਂ ਚਾਹੀਦੇ, ਜਿੰਨੇ ਮੰਗੇ ਹਨ, ਓਨੇ ਹੀ ਦੇਵੋ, ਇਸ ਤਰ੍ਹਾਂ ਕਹਿ ਕੇ ਢਾਈ ਸੌ ਰੁਪਏ ਲੈ ਲਏ ਅਤੇ ਆ ਕੇ ਸਿੱਖ ਨੂੰ ਭੇਟਾ ਕਰ ਦਿੱਤੇ॥ ੩੮॥

ਦੋਹਰਾ- ਦੋ ਸੈ ਸਤਿਗੁਰ ਕੋ ਦਿਯੋ ਸਿਖ ਕੀ ਭੇਟ ਪਚਾਸ।
ਕਰਿ ਭੋਜਨ ਬਿਸਮੈ ਭਯੋ ਚਲਯੋ ਗੁਰੂ ਕੇ ਪਾਸ॥ ੩੯॥

ਦੋ ਸੌ ਸਤਿਗੁਰੂ ਨੂੰ ਦਿੱਤੇ ਤੇ ਪੰਜਾਹ ਰੁਪਏ ਸਿੱਖ ਨੂੰ ਭੇਟ ਕਰ ਦਿੱਤੇ। ਉਹ ਮਨੁੱਖ ਭੋਜਨ ਕਰਕੇ ਬੜਾ ਪ੍ਰਸੰਨ ਹੋਇਆ ਤੇ ਗੁਰੂ ਜੀ ਵੱਲ ਚਲ ਪਿਆ॥ ੩੯॥

ਚੌਪਈ- ਮਗ ਮਹਿਂ ਭਈ ਦੁਪਹਿਰੀ ਜਬਿਹੀ। ਪਿਖਿ ਇਕ ਸਾਧੂ ਬੈਠਿ ਗਯੋ ਤਬਿਹੀ।
ਥਕਿਤ ਭਯੋ ਪਹੁੰਚਯੋ ਤਿਹ ਕਾਲਾ। ਤਬਿ ਇਕ ਆਯੋ ਸ਼ਾਹ ਬਿਸਾਲਾ ॥੪੦॥

ਰਾਹ ਵਿਚ ਜਦ ਦੁਪਹਿਰ ਹੋਈ, ਤਾਂ ਇਕ ਸਾਧੂ ਨੂੰ ਵੇਖ ਕੇ ਉਸ ਪਾਸ ਬੈਠ ਗਿਆ। ਉਸ ਸਮੇਂ ਜਦ ਓਥੇ ਪਹੁੰਚਿਆ ਤਾਂ ਬਹੁਤ ਥੱਕ ਗਿਆ ਸੀ, ਤਦ ਓਥੇ ਇਕ ਵੱਡਾ ਅਮੀਰ ਸ਼ਾਹ ਆਇਆ॥ ੪੦॥

ਸੰਤ ਸਰੂਪ ਬਿਲੋਕਿ ਕ੍ਰਿਪਾਲਾ। ਭੇਟ ਚਢਾਯੋ ਏਕ ਦੁਸ਼ਾਲਾ।
ਕੁਛ ਧਰਿ ਮਧੁਰ ਅਹਾਰ ਅਗਾਰੀ। ਬੰਦਨ ਕੀਨਿ ਭਾਉ ਧਰਿ ਭਾਰੀ ॥੪੧॥

ਕਿਰਪਾਲੂ ਸ਼ਾਹ ਨੇ ਸਾਧੂ ਸੰਤ ਸਰੂਪ ਵੇਖ ਕੇ, ਇਕ ਦੁਸ਼ਾਲਾ ਭੇਟ ਕਰ ਦਿੱਤਾ। ਕੁਝ ਮਿੱਠੇ ਭੋਜਨ ਅੱਗੇ ਰੱਖ ਕੇ, ਬੜਾ ਪ੍ਰੇਮ ਧਾਰਨ ਕਰਕੇ ਬੰਦਨਾ ਕੀਤੀ॥ ੪੧॥

ਦੇ ਕਰਿ ਭੇਟ ਸ਼ਾਹੁ ਸੋ ਗਯੋ। ਇਕ ਪੰਥੀ ਤਬ ਆਵਤਿ ਭਯੋ।
ਤਹਿਂ ਤੇ ਲੀਨ ਉਚਾਇ ਦੁਸ਼ਾਲਾ। ਗਮਨ ਕੀਨ ਆਗੇ ਤਤਕਾਲਾ ॥੪੨॥

ਭੇਟਾ ਦੇ ਕੇ ਸ਼ਾਹ ਤਾਂ ਚਲਾ ਗਿਆ, ਫਿਰ ਓਥੇ ਇਕ ਰਾਹੀ ਆ ਗਿਆ। ਉਸ ਨੇ ਸੰਤ ਪਾਸੋਂ ਦੁਸ਼ਾਲਾ ਖੋਹ ਲਿਆ ਅਤੇ ਤੁਰੰਤ ਅੱਗੇ ਚਲੇ ਗਿਆ॥ ੪੨॥

ਦੋਹਰਾ- ਸੰਤ ਨ ਬੋਲਯੋ ਕਛੁ ਤਬੈ ਜਾਨੇ ਉਭੈ ਸਮਾਨ।
ਦੀਨ ਭਲਾ ਨਹਿਂ ਭਾਖਿਓ ਲੀਨ ਬੁਰਾ ਨ ਬਖਾਨ॥ ੪੩॥

ਸੰਤ ਕੁਝ ਨਾ ਬੋਲਿਆ, ਉਸ ਨੇ ਸ਼ਾਹ ਅਤੇ ਚੋਰ ਬਰਾਬਰ ਜਾਣੇ। ਦੇਣ ਵਾਲੇ ਨੂੰ ਭਲਾ ਨਾ ਕਿਹਾ ਅਤੇ ਲੈਣ ਵਾਲੇ ਨੂੰ ਬੁਰਾ ਨਾ ਆਖਿਆ॥ ੪੩॥

ਚੌਪਈ- ਆਯੋ ਹਰਖ ਨ ਮਨ ਮੈਂ ਕੀਨੋ। ਗਯੋ ਜਬੈ ਉਰ ਸ਼ੋਕ ਨ ਚੀਨੋ।
ਸਿਖ ਬੈਠਯੋ ਸਭਿ ਦੇਖਿ ਤਮਾਸ਼ਾ। ਪੁਨ ਉਠਿ ਚਲਯੋ ਹੇਤ ਪ੍ਰਭੁ ਪਾਸਾ ॥੪੪॥

ਜਦ ਦੁਸ਼ਾਲਾ ਉਸ ਪਾਸ ਆਇਆ ਤਾਂ ਉਸ ਕੋਈ ਖੁਸ਼ੀ ਨਾ ਕੀਤੀ, ਜਦ ਦੁਸ਼ਾਲਾ ਚਲੇ ਗਿਆ ਤਾਂ ਉਸ ਕਿਸੇ ਪ੍ਰਕਾਰ ਦੁੱਖ ਨਾ ਮਨਾਇਆ। ਸਿੱਖ ਬੈਠਾ ਸਾਰਾ ਤਮਾਸ਼ਾ ਵੇਖ ਰਿਹਾ ਸੀ, ਫਿਰ ਉੱਠ ਕੇ ਗੁਰੂ ਜੀ ਪਾਸ ਜਾਣ ਵਾਸਤੇ ਚਲ ਪਿਆ॥ ੪੪॥

ਪੰਥ ਚਲਤਿ ਭਾ ਸੰਧ੍ਯਾ ਕਾਲਾ। ਨਿਕਟਿ ਨ ਗ੍ਰਾਮ ਉਜਾੜ ਬਿਸਾਲਾ।
ਤਰੇ ਬਿਰਖ ਕੈ ਕੀਨੋ ਡੇਰਾ। ਖਗ ਨਰ ਨਾਰੀ ਤਹਾਂ ਬਸੇਰਾ॥ ੪੫॥

ਰਾਹ ਵਿਚ ਚਲਦਿਆਂ ਸ਼ਾਮਾਂ ਪੈ ਗਈਆਂ, ਨੇੜੇ ਕੋਈ ਵੀ ਪਿੰਡ ਨਹੀਂ ਸੀ, ਸਾਰੇ ਉਜਾੜ ਪਈ ਸੀ। ਇਕ ਬ੍ਰਿਛ ਦੇ ਹੇਠ ਡੇਰਾ ਕੀਤਾ। ਦੋ ਪੰਛੀਆਂ ਦਾ ਦਰੱਖਤ ਉੱਤੇ ਨਿਵਾਸ ਸੀ॥ ੪੫॥

ਚਾਰ ਘਟੀ ਬੀਤੀ ਜਬਿ ਰੈਨਾ। ਪੰਖਨਿ ਪੰਖੀ ਸੋਂ ਕਹਿ ਬੈਨਾ।
'ਆਯੋ ਅਥਿਤ ਹਮਾਰ ਅਗਾਰਾ। ਇਸ ਕੋ ਦੇਨੋ ਬਨੈ ਅਹਾਰਾ॥ ੪੬॥

ਚਾਰ ਘੜੀ ਜਦ ਰਾਤ ਬੀਤ ਗਈ, ਤਦ ਮਾਦਾ ਪੰਛੀ ਨਰ ਪੰਛੀ ਨੂੰ ਕਹਿਣ ਲੱਗਾ, "ਸਾਡੇ ਘਰ ਪ੍ਰਾਹੁਣਾ ਆਇਆ ਹੈ, ਇਸ ਨੂੰ ਸਾਨੂੰ ਅਹਾਰ ਦੇਣਾ ਬਣਦਾ ਹੈ॥ ੪੬॥

ਅਸ ਕਹਿ ਪੁਰਿ ਕੋ ਲੀਨ ਉਡਾਰੀ। ਆਨੀ ਅਗਨੀ ਚੁੰਚ ਮਝਾਰੀ।
ਦਈ ਸਿੱਖ ਕੋ ਤਤਛਿਨ ਲਜਾਇ। ਤ੍ਰਿਣ ਚੁਣ ਪੰਖੀ ਕਰਿ ਇਕ ਠਾਇਂ॥੪੭॥

ਇਹ ਕਹਿ ਕੇ ਨਗਰ ਵੱਲ ਉਡਾਰੀ ਮਾਰੀ ਅਤੇ ਚੁੰਝ ਵਿਚ ਅਗਨੀ ਲੈ ਆਈ। ਸਿੱਖ ਨੂੰ ਤੁਰੰਤ ਲਿਆ ਕੇ ਦੇ ਦਿੱਤੀ। ਛੋਟੀਆਂ ਛੋਟੀਆਂ ਲੱਕੜਾਂ ਦੇ ਤੀਲੇ ਚੁਣ ਕੇ ਇਕ ਥਾਂ ਇਕੱਠੇ ਕਰ ਦਿੱਤੇ॥ ੪੭॥

ਅਗਨਿ ਜਗਾਈ ਸਿਖ ਨੈ ਜਬਿਹੀ। ਗਿਰਿਕੈ ਪਰੀ ਬਿਹੰਗਨਿ ਤਬਹੀ।
ਤਿਸ ਪਸ਼ਚਾਤ ਬਿਹੰਗ ਗਿਰ ਪਰਯੋ। ਹੁਤੋ ਭੁਖ ਯੁਤ ਭੋਜਨ ਕਰਯੋ॥੪੮॥

ਜਦ ਸਿੱਖ ਨੇ ਅੱਗ ਬਾਲੀ ਤਾਂ ਮਾਦਾ ਪੰਛੀ ਉਸ ਵਿਚ ਡਿੱਗ ਪਿਆ। ਉਸ ਤੋਂ ਬਾਅਦ ਨਰ ਪੰਛੀ ਵੀ ਵਿਚ ਡਿੱਗ ਪਿਆ। ਭੁੱਖਾ ਹੋਣ ਕਰਕੇ ਸਿੱਖ ਨੇ ਭੋਜਨ ਕੀਤਾ॥ ੪੮॥

ਪੂਰਬ ਜਨਮ ਪੰਖਿ ਧਰਿ ਜੋਇ। ਗੁਰ ਕੇ ਸਿੱਖ ਸਿੱਖਣੀ ਸੋਇ।
ਕਿਸੁ ਦੋਸ਼ ਤੇ ਖਗ ਤਨ ਪਾਯੋ। ਪਰਉਪਕਾਰ ਹੇਤ ਛੁਟਕਾਯੋ॥ ੪੯॥

ਇਸ ਜਨਮ ਵਿਚ ਜਿਨ੍ਹਾਂ ਪੰਛੀ ਦੀ ਦੇਹ ਪਾਈ ਸੀ, ਪਿਛਲੇ ਜਨਮ ਵਿਚ ਉਹ ਮਨੁੱਖ ਸਨ ਅਤੇ ਉਹ ਗੁਰੂ ਜੀ ਦੇ ਸਿੱਖ ਸਿੱਖਣੀ ਸਨ। ਕਿਸੇ ਦੋਸ਼ ਕਰਕੇ ਪੰਛੀ ਦਾ ਜਨਮ ਪਾਇਆ ਸੀ, ਉਹ ਪਰਉਪਕਾਰ ਕਰਕੇ ਜਨਮ ਮਰਨ ਤੋਂ ਮੁਕਤ ਹੋ ਗਏ॥ ੪੯॥

ਦੋਹਰਾ-ਸ੍ਰੀ ਪ੍ਰਭੁ ਤਿਨ ਕੋ ਗਤਿ ਦਈ, ਭੋਜ ਭਈ ਜਬਿ ਆਇ।
ਸਭਿ ਬਿਧਿ ਅਚਰਜ ਦੇਖਿਕੈ ਚਲਯੋ ਪੰਥ ਤਬਿ ਧਾਇ॥ ੫੦॥

ਗੁਰੂ ਜੀ ਨੇ ਉਨ੍ਹਾਂ ਨੂੰ ਤੁਰੰਤ ਮੁਕਤੀ ਬਖ਼ਸ਼ ਦਿਤੀ, ਜਦ ਉਹ ਸਿੱਖ ਦਾ ਭੋਜਨ ਬਣ ਗਏ। ਸਭ ਤਰ੍ਹਾਂ ਨਾਲ ਅਸਚਰਜ ਵੇਖ ਕੇ ਉਹ ਸਿੱਖ ਫਿਰ ਰਸਤੇ-ਰਸਤੇ ਚਲ ਪਿਆ॥ ੫੦॥

ਚੌਪਈ- ਪਹੁਚਯੋ ਪੁਰਿ ਕਰਤਾਰ ਮਝਾਰੀ। ਸਰਬ ਦਰਬ ਧਰਿ ਗੁਰੂ ਅਗਾਰੀ।
ਹਾਥ ਜੋਰਿਕੈ ਬੰਦਨ ਕੀਨੀ। ਲੇਨ ਉਪਦੇਸ਼ ਜਾਸ ਮਤਿ ਭੀਨੀ॥੫੧॥

ਫਿਰ ਉਹ ਕਰਤਾਰਪੁਰ ਵਿਚ ਪਹੁੰਚ ਗਿਆ, ਸਾਰਾ ਧਨ ਗੁਰੂ ਜੀ ਦੇ ਅੱਗੇ ਰੱਖ ਦਿੱਤਾ। ਹੱਥ ਜੋੜ ਕੇ ਬੰਦਨਾ ਕੀਤੀ। ਉਪਦੇਸ਼ ਲੈਣ ਵਾਸਤੇ ਜਿਸ ਦੀ ਮੱਤ ਭਿੱਜੀ ਹੋਈ ਸੀ॥ ੫੧॥

ਬੋਲੇ ਪ੍ਰਭੁ 'ਨਿਸ਼ਾ ਤਵ ਹੋਈ। ਪ੍ਰਥਮ ਆਇਕੈ ਬੂਝਯੋ ਜੋਈ'।
ਕਹੇ ਸਿੱਖ 'ਮੈਂ ਕਛੂ ਨ ਜਾਨੋਂ। ਸਮਝਾਵਹੁ ਅਬਿ ਕਰੋ ਬਖਾਨੋ' ॥੫੨॥

ਪ੍ਰਭੂ ਜੀ ਨੇ ਕਿਹਾ, "ਤੁਹਾਨੂੰ ਹੁਣ ਯਕੀਨ ਹੋ ਗਿਆ ਹੈ; ਪਹਿਲਾਂ ਆ ਕੇ ਜੋ ਤੂੰ ਪੁਛਿਆ ਸੀ।" ਸਿੱਖ ਨੇ ਕਿਹਾ, "ਮੈਂ ਕੁਝ ਨਹੀਂ ਸਮਝਿਆ ਹੁਣ ਬਿਆਨ ਕਰਕੇ ਸਮਝਾਵੋ" ॥ ੫੨ ॥

ਦੋਹਰਾ- ਸ੍ਰੀ ਪ੍ਰਭੁ ਬੋਲੇ 'ਸਿੱਖ ਤੈਂ ਜੈਸੋ ਦੇਖਯੋ ਜਾਇ।
ਗੁਰ ਕੋ ਸਰਬਸ ਜਾਨਿਕੈ ਸੁਤਾ ਬੇਚਿ ਧਨ ਲਯਾਇ॥ ੫੩ ॥

ਗੁਰੂ ਜੀ ਨੇ ਕਿਹਾ, "ਜਿਸ ਸਿੱਖ ਨੂੰ ਤੂੰ ਜਾ ਕੇ ਵੇਖਿਆ ਸੀ, ਉਸ ਸਾਰਾ ਸਰਵੰਸ ਗੁਰੂ ਦਾ ਜਾਣ ਕੇ ਆਪਣੀ ਲੜਕੀ ਵੇਚ ਕੇ ਤੈਨੂੰ ਧਨ ਲਿਆ ਕੇ ਦਿੱਤਾ ਸੀ॥ ੫੩ ॥

ਚੌਪਈ- ਸਿੱਖ ਹੋਨ ਜੇ ਮਨ ਲਲਚਾਵੈਂ। ਤਿਸ ਸਮ ਬਨਹੁ ਪਰਮਗਤਿ ਪਾਵੈਂ।
ਜੇ ਤੂੰ ਚਾਹਤਿ ਕਰਨ ਫਕੀਰੀ। ਉਰ ਤੇ ਤਜਹੁ ਹਰਖ ਦਿਲਗੀਰੀ॥ ੫੪ ॥

ਸਿੱਖ ਹੋ ਕੇ ਜੇ ਮਨ ਵਿਚ ਲਾਲਚ ਆਵੇ, ਤਾਂ ਉਸ ਸਿੱਖ ਵਰਗਾ ਬਣੋ ਤੇ ਪਰਮਗਤ ਪਾਵੋ। ਜੇ ਤੂੰ ਫਕੀਰੀ ਕਰਨੀ ਚਾਹੁੰਦਾ ਹੈਂ ਤਾਂ ਦਿਲ ਵਿਚੋਂ ਖੁਸ਼ੀ ਗ਼ਮੀ ਛੱਡ ਦੇਵੋ॥ ੫੪ ॥

ਪੰਥ ਬਿਖੈ ਦੇਖਯੋ ਸੰਤ ਜੈਸਾ। ਕਰਿ ਸਮਾਨ ਬਿਰਤੀ ਹ੍ਵੈ ਤੈਸਾ।
ਪਾਇ ਪਦਾਰਥ ਹਰਖ ਨ ਕੀਨਾ। ਗਯੋ ਪਾਸ ਤੇ ਸ਼ੋਕ ਨ ਕੀਨਾ ॥੫੫॥

ਰਸਤੇ ਵਿਚ ਤੂੰ ਇਕ ਸੰਤ ਵੇਖਿਆ ਸੀ, ਉਸ ਵਰਗੀ ਆਪਣੀ ਬਿਰਤੀ ਨੂੰ ਬਣਾਉ। ਪਦਾਰਥ ਪਾ ਕੇ ਉਹ ਖ਼ੁਸ਼ ਨਹੀਂ ਹੋਇਆ ਸੀ ਤੇ ਪਦਾਰਥ ਗਵਾ ਕੇ ਉਸ ਨੇ ਦੁੱਖ ਨਹੀਂ ਮਨਾਇਆ ਸੀ॥ ੫੫ ॥

ਗ੍ਰਿਹਸਤ ਧਰਮ ਚਾਹਤਿ ਜੇ ਕਰਨਾ। ਤਉ ਪੰਖੀ ਜਿਉਂ ਕਰਹੁ ਅਚਰਨਾ।
ਹੇਤ ਅਤਿਥਿ ਕੇ ਦੁਖ ਨ ਬਿਚਰਿਓ। ਖਿਨ ਮਹਿਂ ਨਿਜ ਸਰੀਰ ਪਰਹਰਿਓ ॥੫੬॥

ਜੇ ਤੂੰ ਗ੍ਰਹਿਸਤ ਧਰਮ ਧਾਰਨ ਕਰਨਾ ਚਾਹੁੰਦਾ ਹੈਂ, ਤਾਂ ਉਨ੍ਹਾਂ ਪੰਛੀਆਂ ਵਰਗਾ ਆਪਣਾ ਆਚਰਣ ਬਣਾਵੋ। ਅਤਿਥੀ ਵਾਸਤੇ ਦੁੱਖ ਨੂੰ ਨਹੀਂ ਵਿਚਾਰਿਆ ਹੈ, ਝੱਟ ਹੀ ਆਪਣਾ ਸਰੀਰ ਖਤਮ ਕਰ ਦਿੱਤਾ ਹੈ॥ ੫੬ ॥

ਤੀਨੋ ਇਹ ਬਿਚਾਰਿਯੇ ਨੀਕੀ। ਕਰਹੁ ਆਪ ਜਿਉਂ ਸ਼ਰਧਾ ਜੀਕੀ'।
ਸੁਣਿਕੈ ਸਿੱਖ ਅਧੀਰਜ ਧਰਨੇ। ਕਿਹ ਕੋ ਭਯੋ ਸਮਰਥ ਨ ਕਰਨੇ ॥੫੭॥

ਤਿੰਨੇ ਹੀ ਇਹ ਆਸ਼ਰਮ ਚੰਗੇ ਹਨ, ਆਪ ਉਸ ਤਰ੍ਹਾਂ ਕਰੋ ਜਿਵੇਂ ਤੁਹਾਡਾ ਜੀਅ ਚਾਹੁੰਦਾ ਹੈ।" ਇਹ ਸੁਣ ਕੇ ਸਿੱਖ ਧੀਰਜ ਖੋਹ ਬੈਠਾ ਭਾਵ ਘਬਰਾ ਗਿਆ ਤਿੰਨ ਵਿਚੋਂ ਕਿਸੇ ਆਸ਼ਰਮ ਨੂੰ ਵੀ ਧਾਰਨ ਕਰਨਾ ਆਪਣੀ ਸਮਰਥਾ ਵਿਚ ਨਾ ਜਾਣਿਆ॥ ੫੭ ॥

ਹਾਥ ਜੋਰਿ ਕੈ ਬਚਨ ਬਖਾਨੇ। 'ਇਹ ਤੀਨੋਂ ਦੁਸ਼ਤਰ ਮੈਂ ਜਾਨੇ।
ਹੁਇ ਆਵਤਿ ਇਕ ਪਾਸ ਨ ਮੇਰੇ। ਕਰਹਿਂ ਜਿ ਨਰ ਸੇ ਧੰਨ ਬਡੇਰੇ ॥੫੮॥

ਹੱਥ ਜੋੜ ਕੇ ਬਚਨ ਕੀਤਾ, "ਇਹ ਤਿੰਨੇ ਹੀ ਮੈਂ ਬੜੇ ਕਠਨ ਜਾਣੇ ਹਨ। ਮੇਰੇ ਪਾਸੋਂ ਤਾਂ ਇਕ ਵੀ ਨਹੀਂ ਹੋਣਾ, ਜਿਹੜੇ ਮਨੁੱਖ ਅਜੇਹਾ ਕਰਦੇ ਹਨ, ਉਹ ਧੰਨ ਹਨ॥ ੫੮ ॥

ਜੱਦਪਿ ਮੋ ਤੇ ਹੋਇ ਨ ਆਇ। ਤੱਦਪਿ ਮੈਂ ਰਾਵਰਿ ਸ਼ਰਨਾਇ।
ਅਧਮ ਉਧਾਰਨ ਬਿਰਦ ਤੁਮਾਰਾ। ਪਤਿਤਨ ਪਾਵਨ ਕਹਿ ਜਗ ਸਾਰਾ ॥੫੯॥

ਜਦ ਤਕ ਮੈਥੋਂ ਇਹ ਹੋ ਨਹੀਂ ਸਕਣਾ ਤਦ ਤਕ ਮੈਂ ਆਪ ਜੀ ਦੀ ਸ਼ਰਨ ਵਿਚ ਹਾਂ। ਪਾਪੀਆਂ ਨੂੰ ਤਾਰਨਾ ਤੁਹਾਡਾ ਬਿਰਦ ਹੈ। ਸਾਰਾ ਜਗਤ ਕਹਿੰਦਾ ਹੈ ਕਿ ਤੁਸੀਂ ਅਪਵਿੱਤਰਾਂ ਨੂੰ ਵੀ ਪਵਿੱਤਰ ਕਰਨ ਵਾਲੇ ਹੋ॥ ੫੯॥

ਕ੍ਰਿਪਾ ਧਾਰਿ ਮੇਰੀ ਗਤਿ ਕੀਜੈ। ਹੌਂ ਅਸਮਰਥ ਬਡੋ ਲਖਿ ਲੀਜੈ।
ਤਿਹ ਕੀ ਬਿਨੈ ਸੁਨੀ ਜਬਿ ਕਾਨਾ। ਸ੍ਰੀ ਮੁਖ ਤੇ ਪੁਨ ਬਚਨ ਬਖਾਨਾ ॥੬੦ ॥

ਕਿਰਪਾ ਧਾਰ ਕੇ ਮੇਰੀ ਗਤੀ ਕਰੋ, ਮੈਂ ਵੱਡਾ ਅਸਮਰਥ ਹਾਂ, ਇਹ ਜਾਣ ਲਵੋ।'' ਉਸ ਦੀ ਬੇਨਤੀ ਜਦ ਕੰਨ ਨਾਲ ਸੁਣੀ, ਗੁਰੂ ਜੀ ਨੇ ਫਿਰ ਮੁੱਖ ਤੋਂ ਬਚਨ ਕੀਤਾ॥ ੬੦॥

'ਹ੍ਵੈ ਨਿਸ਼ਕਪਟ ਧਰਮ ਕ੍ਰਿਤ ਕਰੀਏ। ਗਰਬ ਰਿਦੇ ਕੋ ਸਭਿ ਪਰਹਰੀਏ।
ਸਿੱਖਨ ਸੇਵ ਕਰਹੁ ਮਨ ਨੀਵੇਂ। ਸਨੈ ਸਨੈ ਤੇਰੀ ਗਤਿ ਥੀਵੇ' ॥ ੬੧ ॥

''ਨਿਸ਼ਕਪਟ ਹੋ ਕੇ ਧਰਮ ਦੀ ਕਿਰਤ ਕਰੋ। ਦਿਲ ਦਾ ਸਾਰਾ ਘੁਮੰਡ ਦੂਰ ਕਰੋ। ਮਨ ਨੀਵਾਂ ਕਰਕੇ ਸਿੱਖਾਂ ਦੀ ਸੇਵਾ ਕਰੋ। ਹੌਲੀ-ਹੌਲੀ ਤੇਰੀ ਗਤੀ ਹੋ ਜਾਵੇਗੀ'' ॥ ੬੧॥

ਸੁਨਿ ਉਪਦੇਸ਼ ਕਰਨ ਸੋ ਲਾਗਾ। ਸੇਵਾ ਬਿਖੈ ਬਡੋ ਅਨੁਰਾਗਾ।
ਸਮਾ ਪਾਇ ਸਿਮਰਨ ਸਤਿਨਾਮੂ। ਲਿਵ ਲਾਗੀ ਮਤ ਭੀ ਅਭਿਰਾਮੂ ॥੬੨ ॥

ਉਪਦੇਸ਼ ਸੁਣ ਕੇ ਉਸ ਤਰ੍ਹਾਂ ਹੀ ਕਰਨ ਲੱਗਾ। ਸੇਵਾ ਨਾਲ ਬਹੁਤ ਪ੍ਰੇਮ ਪਾ ਲਿਆ। ਸਮਾਂ ਪਾ ਕੇ ਸਤਿਨਾਮ ਦਾ ਸਿਮਰਨ ਕਰਦਾ ਸੀ, ਲਿਵ ਲੱਗਣ ਕਰਕੇ ਬੁੱਧੀ ਵੀ ਸੁੰਦਰ ਹੋ ਗਈ॥ ੬੨ ॥

ਮੁਕਤਿ ਉਚਿਤ ਭਾ ਸ੍ਰੀ ਗੁਰ ਕਰੁਨਾ। ਛੁਟਯੋ ਕਸ਼ਟ ਜਗ ਜਨਮ ਰੁ ਮਰਨਾ।
ਇਸ ਪ੍ਰਕਾਰ ਕੋ ਦੇ ਉਪਦੇਸ਼ਾ। ਮਨੁਜ ਉਧਾਰੇ ਸ੍ਰੀ ਜਗਤੇਸ਼ਾ ॥ ੬੩ ॥

ਗੁਰੂ ਜੀ ਦੀ ਮਿਹਰ ਨਾਲ ਉਸ ਨੂੰ ਮੁਕਤੀ ਪ੍ਰਾਪਤ ਹੋਈ ਅਤੇ ਜਗਤ ਦੇ ਜਨਮ ਮਰਨ ਦੇ ਕਸ਼ਟ ਤੋਂ ਉਸ ਨੂੰ ਛੁਟਕਾਰਾ ਮਿਲ ਗਿਆ। ਇਸ ਪ੍ਰਕਾਰ ਉਪਦੇਸ਼ ਦੇ ਕੇ ਗੁਰੂ ਜੀ ਨੇ ਬਹੁਤ ਮਨੁੱਖਾਂ ਦਾ ਉਧਾਰ ਕੀਤਾ॥ ੬੩ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਪੈਂਤਾਲਿਸਮੋਂ ਅਧਯਾਯ ॥ ੪੫ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਜਤਾਲੀਵਾਂ ਅਧਿਆਇ ਜਿਸ ਦਾ ਨਾਮ ''ਸਿੱਖਾਂ ਨੂੰ ਉਪਦੇਸ਼'' ਹੈ, ਸਮਾਪਤ ਹੋਇਆ॥ ੪੫॥

## ਅਧਿਆਇ ਛਿਆਲੀਵਾਂ

*ਭਾਈ ਬਾਲੇ ਦਾ ਪ੍ਰਲੋਕ ਗਮਨ*

ਦੋਹਰਾ- ਕਿਉਂ ਜੰਜਾਰ ਉਰਜਯੋ ਮਨਾ! ਕਾਜ ਨ ਤੇਰੇ ਕੋਇ।
ਸਤਿਗੁਰ ਚਰਣ ਸਰੋਜ ਕੋ ਸੇਵਿ ਸਦਾ ਸੁਖ ਹੋਇ॥ ੧ ॥

ਹੇ ਮੇਰੇ ਮਨ! ਕਿਉਂ ਤੂੰ ਜੰਜਾਲਾਂ ਵਿਚ ਫਸ ਰਿਹਾ ਹੈਂ, ਇਹ ਜੰਜਾਲ ਤੇਰੇ ਕਿਸੇ ਕੰਮ ਨਹੀਂ ਆਉਣੇ। ਸਤਿਗੁਰੂ ਜੀ ਦੇ ਚਰਨ ਕੰਵਲਾਂ ਨੂੰ ਸੇਵੋ, ਤਾਂਕਿ ਤੈਨੂੰ ਸਦਾ ਸੁੱਖ ਪ੍ਰਾਪਤ ਹੋਵੇ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ ॥*

ਚੌਪਈ- ਸੁਨਿ ਸ੍ਰੀ ਤੇਹਣ ਕੁਲ ਉਜਿਯਾਰਾ। ਪ੍ਰਭੁ ਬਿਰਾਜਹਿਂ ਪੁਰਿ ਕਰਤਾਰਾ।

ਇਕ ਦਿਨ ਬਹਿਰ ਬਿਰਛ ਕੀ ਛਾਯਾ। ਬੈਠਿ ਰਹੇ ਗੁਰ ਸਹਿਜ ਸੁਭਾਯਾ ॥੨ ॥

ਭਾਈ ਬਾਲਾ ਜੀ ਨੇ ਕਿਹਾ - ਹੇ ਸ੍ਰੀ ਤ੍ਰੇਹਣ ਕੁਲ ਦੇ ਚਾਨਣ, ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਕਰਤਾਰਪੁਰ ਵਿਚ ਬਿਰਾਜ ਰਹੇ ਸਨ। ਇਕ ਦਿਨ ਬਾਹਰ ਇਕ ਦਰੱਖਤ ਦੀ ਛਾਂ ਹੇਠ ਗੁਰੂ ਜੀ ਸਹਿਜ-ਸੁਭਾਅ ਹੀ ਬੈਠ ਰਹੇ ਸਨ॥ ੨ ॥

ਬਾਰਿਕ ਅਜਾ ਚਰਾਵਤਿ ਆਵਾ। ਜਗਨ ਲਗਯੋ ਜਿਹ ਭਾਗ ਸੁਹਾਵਾ।
ਤਿਹ ਬਿਲੋਕਿ ਬੋਲੇ ਗਤਿਦਾਈ। 'ਆਨਹੁ ਬਾਲੇ ! ਬਾਲ ਬੁਲਾਈ' ॥੩ ॥

ਇਕ ਬਾਲਕ ਬੱਕਰੀਆਂ ਚਾਰਦਾ ਹੋਇਆ ਗੁਰੂ ਜੀ ਦੇ ਨੇੜੇ ਆਇਆ, ਜਿਸ ਦੇ ਚੰਗੇ ਭਾਗ ਜਾਗਣ ਲੱਗੇ ਸਨ। ਉਸ ਨੂੰ ਵੇਖ ਕੇ ਗਤੀਦਾਤੇ ਬੋਲੇ, "ਹੇ ਬਾਲੇ ! ਉਸ ਬਾਲਕ ਨੂੰ ਬੁਲਾ ਕੇ ਲਿਆਵੋ" ॥ ੩ ॥

ਮੈਂ ਗਮਨਯੋ ਜਹਿਂ ਅਜਾ ਚਰਾਵਤਿ। ਕਹਯੋ 'ਬਾਲ ! ਤੁਝ ਤਪਾ ਬੁਲਾਵਤਿ।
ਕਿਛੁਕ ਕਹਤਿ ਸੁਨੀਏ ਢਿਗ ਆਈ। ਬਹੁਰੋ ਅਜਾ ਚਰਾਵਹੁ ਜਾਈ' ॥ ੪ ॥

ਮੈਂ ਓਥੇ ਗਿਆ ਜਿਥੇ ਬਾਲਕ ਬੱਕਰੀਆਂ ਚਾਰ ਰਿਹਾ ਸੀ ਅਤੇ ਉਸ ਨੂੰ ਕਿਹਾ, "ਹੇ ਬਾਲਕ ! ਤੈਨੂੰ ਤਪਾ ਜੀ ਬੁਲਾ ਰਹੇ ਹਨ। ਉਹ ਕੁਝ ਕਹਿਣਾ ਚਾਹੁੰਦੇ ਹਨ, ਉਨ੍ਹਾਂ ਦੇ ਪਾਸ ਜਾ ਕੇ ਉਨ੍ਹਾਂ ਦੀ ਗੱਲ ਸੁਣ ਲਵੋ, ਫਿਰ ਆਪਣੀਆਂ ਬੱਕਰੀਆਂ ਜਾ ਕੇ ਚਾਰੋ" ॥ ੪ ॥

ਸੁਨਿ ਬਾਲਿਕ ਆਵਾ ਸੰਗ ਮੇਰੇ। ਹਰਖਯੋ ਪ੍ਰਭੁ ਕੇ ਦਰਸ਼ਨ ਹੇਰੇ।
ਚਰਨ ਕਮਲ ਪਰ ਬੰਦਨ ਧਾਰੀ। ਬਹੁਰੋ ਠਾਂਢੋ ਰਹਯੋ ਅਗਾਰੀ ॥ ੫ ॥

ਇਹ ਸੁਣ ਕੇ ਬਾਲਕ ਮੇਰੇ ਨਾਲ ਆਇਆ, ਪ੍ਰਭੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀਓ। ਫਿਰ ਉਨ੍ਹਾਂ ਸਾਹਮਣੇ ਖੜਾ ਹੋ ਗਿਆ॥ ੫ ॥

ਕ੍ਰਿਪਾ ਦ੍ਰਿਸ਼ਟਿ ਅਵਲੋਕਿ ਗੁਸਾਈਂ। ਸ੍ਰੀ ਮੁਖ ਕੋਮਲ ਗਿਰਾ ਅਲਾਈ।
'ਕਹੁ ਬਾਲਿਕ ਕੋ ਹੈ ਤਵ ਨਾਮੂ?। ਕੌਨ ਗ੍ਰਾਮ ਮੈਂ ਤੇਰੋ ਧਾਮੂ? ॥ ੬ ॥

ਗੁਰੂ ਜੀ ਨੇ ਉਸ ਨੂੰ ਕਿਰਪਾ ਦੀ ਦ੍ਰਿਸ਼ਟੀ ਨਾਲ ਵੇਖਿਆ ਅਤੇ ਆਪਣੇ ਮੁੱਖ ਤੋਂ ਬਚਨ ਕੀਤੇ, "ਹੇ ਬਾਲਕ ! ਤੇਰਾ ਕੀ ਨਾਂ ਹੈ ? ਕਿਸ ਪਿੰਡ ਵਿਚ ਤੇਰਾ ਘਰ ਹੈ ? ॥ ੬ ॥

ਕਿਹ ਕੋ ਤਾਤ ਸੁ ਦੇਹੁ ਬਤਾਈ?। ਅਜਾ ਚਰਾਇਂ ਕਿ ਅਪਨ ਪਰਾਈ?'।
ਸੁਨਿ ਕੈ ਤਿਸ ਨੇ ਬਚਨ ਉਚਾਰੇ। 'ਘਰ ਹੈ ਨਿਕਟ ਜੁ ਗ੍ਰਾਮ ਤੁਮਾਰੇ ॥੭ ॥

ਤੂੰ ਕਿਸ ਦਾ ਪੁੱਤਰ ਹੈ ? ਸਾਨੂੰ ਇਹ ਦੱਸ ਦੇਵੋ, ਬੱਕਰੀਆਂ ਆਪਣੀਆਂ ਚਰਾਉਂਦਾ ਹੈਂ ਕਿ ਕਿਸੇ ਹੋਰ ਦੀਆਂ ਚਾਰਦਾ ਹੈਂ ?" ਇਹ ਸੁਣ ਕੇ ਬਾਲਕ ਨੇ ਕਿਹਾ, "ਤੁਹਾਡੇ ਪਿੰਡ ਦੇ ਲਾਗੇ ਹੀ ਮੇਰਾ ਘਰ ਹੈ॥ ੭ ॥

ਬੂੜਾ ਆਖਯ ਮੇਰੋ ਜਾਨਹੁ। ਬਰਨ ਜਟੇਟਾ ਰਿਦੇ ਪਛਾਨਹੁ।
ਮਾਤ ਪਿਤਾ ਕੀ ਆਇਸੁ ਪਾਈ। ਅਜਾ ਚਰਾਵਤਿ ਅਪਨ ਪਰਾਈ' ॥੮ ॥

ਬੂੜਾ ਮੇਰਾ ਨਾਮ ਜਾਣੋ, ਜਾਤ ਜੱਟ ਹਿਰਦੇ ਵਿਚ ਪਛਾਣੋ। ਮਾਤਾ ਪਿਤਾ ਦੀ ਆਗਿਆ ਪਾ ਕੇ, ਬੱਕਰੀਆਂ ਆਪਣੀਆਂ ਵੀ ਤੇ ਪਰਾਈਆਂ ਵੀ ਚਾਰਦਾ ਹਾਂ" ॥ ੮ ॥

ਗੁਰੂ ਭਨਯੋ 'ਕਰੀਏ ਨਿਜ ਕਾਰੀ। ਜਾਇ ਲੇਹੁ ਨਿਜ ਅਜਾ ਸੰਭਾਰੀ'।
ਤਿਸ ਕਹਿ 'ਸੰਸਾ ਭਾ ਮਨ ਮਾਂਹੀ। ਪ੍ਰਥਮ ਬੁਲਾਯੋ ਅਪਨੇ ਪਾਹੀ ॥ ੯ ॥

ਗੁਰੂ ਜੀ ਨੇ ਕਿਹਾ, "ਆਪਣਾ ਕੰਮ ਕਰੋ ਤੇ ਜਾ ਕੇ ਬੱਕਰੀਆਂ ਨੂੰ ਸੰਭਾਲ ਲਵੋ।" ਬਾਲਕ ਨੇ ਕਿਹਾ, "ਮੈਨੂੰ ਸ਼ੰਕਾ ਹੋਈ ਹੈ, ਪਹਿਲਾਂ ਮੈਨੂੰ ਆਪਣੇ ਪਾਸ ਬੁਲਾਇਆ ਸੀ॥ ੯ ॥

ਬਹੁਰ ਨ ਕਾਰਜ ਕਛੂ ਬਤਾਯੋ। ਜਾਹੁ ਅਬੈ ਮੁਖ ਤੇ ਫੁਰਮਾਯੋ।
ਜੋ ਰਾਵਰ ਕੋ ਕਾਜ ਨ ਕੋਈ। ਕਿਉਂ ਹਕਾਰਨੇ ਆਇਸੁ ਹੋਈ ॥੧੦॥

ਫਿਰ ਕੋਈ ਕੰਮ ਵੀ ਨਹੀਂ ਦੱਸਿਆ। 'ਹੁਣ ਜਾ! ਮੁੱਖ ਤੋਂ ਫੁਰਮਾਇਆ ਹੈ।' ਜੇ ਆਪ ਜੀ ਨੂੰ ਮੇਰੇ ਨਾਲ ਕੋਈ ਕੰਮ ਨਹੀਂ ਸੀ ਤਾਂ ਮੈਨੂੰ ਬੁਲਾਉਣ ਦੀ ਆਗਿਆ ਕਿਉਂ ਕੀਤੀ ?" ॥ ੧੦॥

ਸ੍ਰੀ ਗੁਰ ਕਹਜੋ 'ਜੁ ਨਿਕਟ ਹਕਾਰਾ। ਕੌਨ ਦੋਸ਼ ਇਸ ਬਿਖੈ ਨਿਹਾਰਾ।
ਮਿਲਨੇ ਬੋਲਨ ਅਪਨ ਪਰਾਈ। ਬੁਧ ਸੁਧ ਸਗਰੀ ਪਰੈ ਲਖਾਈ' ॥੧੧॥

ਗੁਰੂ ਜੀ ਨੇ ਕਿਹਾ, "ਜੋ ਪਾਸ ਬੁਲਾਇਆ ਹੈ, ਤੂੰ ਇਸ ਵਿਚ ਕਿਹੜਾ ਦੋਸ਼ ਵੇਖਿਆ ਹੈ ? ਆਪਣੇ ਪਰਾਏ ਨੂੰ ਮਿਲ ਕੇ ਬੋਲ ਕੇ, ਸਾਰੀ ਸੁੱਧ ਬੁੱਧ ਦਾ ਪਤਾ ਲੱਗ ਜਾਂਦਾ ਹੈ" ॥ ੧੧॥

ਬੂੜਾ ਸੁਨਿ ਗਾ ਬੰਦਨ ਕਰਿਕੈ। ਬਧਜੋ ਪ੍ਰੇਮ ਉਰ ਰਹਜੋ ਬਿਚਰਿਕੈ।
ਸੰਧਜਾ ਲੌ ਨਿਜ ਅਜਾ ਚਰਾਈ। ਜਾਇ ਸਦਨ ਪੁਨ ਰੈਨਿ ਬਿਤਾਈ ॥੧੨॥

ਇਹ ਸੁਣ ਕੇ ਬੂੜਾ ਨਮਸਕਾਰ ਕਰਕੇ ਚਲਾ ਗਿਆ, ਹਿਰਦੇ ਵਿਚ ਵਿਚਾਰ ਕੇ ਪ੍ਰੇਮ ਵਧਿਆ। ਸ਼ਾਮ ਤਕ ਬੱਕਰੀਆਂ ਚਾਰਦਾ ਰਿਹਾ, ਘਰ ਵਿਚ ਜਾ ਕੇ ਫਿਰ ਰਾਤ ਬਿਤੀਤ ਕੀਤੀ॥ ੧੨॥

ਸ੍ਰੀ ਅੰਗਦ ਸੁਨੀਏ! ਕਹਿ ਬਾਲਾ। ਮੈਂ ਤਬ ਬੂਝਨ ਕਰੇ ਕ੍ਰਿਪਾਲਾ।
'ਇਹ ਬਾਲਿਕ ਜੋ ਨਿਕਟ ਬੁਲਾਵਾ। ਤਿਹ ਸੋਂ ਬਚਨ ਬਿਲਾਸ ਅਲਾਵਾ ॥੧੩॥

ਬਾਲੇ ਨੇ ਕਿਹਾ, "ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਮੈਂ ਫਿਰ ਕਿਰਪਾਲੂ ਗੁਰੂ ਜੀ ਨੂੰ ਪੁਛਿਆ, "ਇਹ ਬਾਲਕ ਜੋ ਤੁਸੀਂ ਪਾਸ ਬੁਲਾਇਆ ਹੈ ਅਤੇ ਉਸ ਨਾਲ ਬਚਨ ਬਿਲਾਸ ਕੀਤੇ ਹਨ॥ ੧੩॥

ਕੌਨ ਅਹੈ, ਕਿਉਂ ਨਿਕਟਿ ਹਕਾਰਾ?। ਮੁਝੇ ਬ੍ਰਿਤੰਤ ਸੁਨਾਵਹੁ ਸਾਰਾ'।
ਭਨਜੋ ਪ੍ਰਭੂ 'ਏਹੁ ਹ੍ਵੈ ਮਤਿਵੰਤਾ। ਕਿਤਿਕ ਦਿਵਸ ਮਹਿਂ ਪੂਰਨ ਸੰਤਾ ॥੧੪॥

ਇਹ ਕੌਣ ਹੈ ? ਤੇ ਤੁਸੀਂ ਆਪਣੇ ਪਾਸ ਕਿਉਂ ਬੁਲਾਇਆ ਹੈ ? ਮੈਨੂੰ ਸਾਰਾ ਬ੍ਰਿਤਾਂਤ ਸੁਣਾਵੋ।" ਗੁਰੂ ਜੀ ਨੇ ਕਿਹਾ, "ਇਹ ਬਾਲਕ ਬੜਾ ਬੁਧੀਵਾਨ ਹੈ, ਕੁਝ ਹੀ ਦਿਨਾਂ ਵਿਚ ਪੂਰਨ ਸੰਤ ਹੋ ਜਾਵੇਗਾ॥ ੧੪॥

ਹ੍ਵੈ ਸਿੱਖੀ ਕੋ ਸਦਨ ਬਿਸਾਲਾ। ਛ੍ਵੈ ਨ ਸਕੈ ਮਨ ਬਿਸ਼ੈ ਜੰਜਾਲਾ।
ਜੀਵਨ ਮੁਕਤਿ ਅਵਸਥਾ ਪਾਵਹਿ। ਅਪਨੇ ਬਚ ਸੋਂ ਅਵਰ ਤਰਾਵਹਿ' ॥੧੫॥

ਇਹ ਸਿੱਖੀ ਦਾ ਵਿਸ਼ਾਲ ਘਰ ਹੋਵੇਗਾ, ਇਸ ਦੇ ਮਨ ਨੂੰ ਦੁਨਿਆਵੀ ਜੰਜਾਲ ਛੂਹ ਵੀ ਨਹੀਂ ਸਕਣਗੇ। ਜੀਵਨ-ਮੁਕਤ ਅਵਸਥਾ ਪ੍ਰਾਪਤ ਕਰੇਗਾ ਅਤੇ ਆਪਣੇ ਬਚਨਾਂ ਨਾਲ ਹੋਰਨਾਂ ਨੂੰ ਤਾਰੇਗਾ" ॥ ੧੫॥

ਮੈਂ ਬੋਲਜੋ 'ਜੇ ਹ੍ਵੈ ਹੈ ਐਸੋ। ਕਿਉਂ ਸਸ਼ੰਕ ਪੁਛ ਕਾਰਜ ਕੈਸੋ?'।
ਸੁਨਿ ਪੁਨ ਭਾਖਜੋ ਦਯਾ ਅਵਾਸਾ। 'ਅਬਿ ਲੌ ਭਯੋ ਨ ਰਿਦੈ ਪ੍ਰਕਾਸ਼ਾ ॥੧੬॥

ਮੈਂ ਬੋਲਿਆ, "ਜੇ ਇਹ ਇਸ ਤਰ੍ਹਾਂ ਦਾ ਹੋਵੇਗਾ, ਫਿਰ ਇਹ ਆਪ ਨੂੰ ਕਿਉਂ ਸ਼ੰਕਾ ਨਾਲ ਪੁਛਦਾ ਸੀ ਕਿ ਕੀ ਕੰਮ ਹੈ ?" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਹੁਣ ਤਕ ਇਸ ਦੇ ਹਿਰਦੇ ਵਿਚ ਪ੍ਰਕਾਸ਼ ਨਹੀਂ ਹੋਇਆ ਹੈ॥ ੧੬॥

ਬਿਗਸੇ ਕਮਲ ਤਬਹਿ ਲਿਹੁ ਪੇਖੀ। ਦਿੱਬ ਦ੍ਰਿਸ਼ਟਿ ਜਿਹ ਹੋਇ ਵਿਸ਼ੇਖੀ'।
'ਕਬਿ ਲੌ ਇਸ ਮਹਿਂ ਹੋਇ ਪ੍ਰਕਾਸ਼ਾ?। ਮੋਹਿ ਬਤਾਇ ਦੇਹੁ ਸੁਖਰਾਸਾ!' ॥੧੭॥

ਜਦ ਹਿਰਦਾ ਰੂਪੀ ਕੰਵਲ ਖਿੜੇਗਾ ਤਦ ਹੀ ਵੇਖੇਗਾ, ਦਿੱਬ-ਦ੍ਰਿਸ਼ਟੀ ਫਿਰ ਇਸ ਦੀ ਬਹੁਤ ਵੱਧ ਜਾਵੇਗੀ।" ਫਿਰ ਮੈਂ ਪੁਛਿਆ, "ਕਦ ਤਕ ਇਸ ਵਿਚ ਪ੍ਰਕਾਸ਼ ਹੋਵੇਗਾ? ਹੇ ਸੁੱਖਾਂ ਦੀ ਰਾਸ ਗੁਰੂ ਜੀ ! ਮੈਨੂੰ ਇਹ ਦੱਸੋ।" ॥ ੧੭ ॥

ਗੁਰ ਕਹਿ 'ਇਤੀ ਹੁਤੀ ਅਬ ਦੇਰਾ। ਬੋਲਨ ਮਿਲਨ ਦਰਸ ਕੋ ਹੇਰਾ।
ਭਲਕ ਬਿਲੋਕਹੁ ਕਸ ਹ੍ਵੈ ਠਾਟਾ। ਖੁਲਹਿਂ ਮੋਹ ਕੇ ਬਿਕਟ ਕਪਾਟਾ ॥੧੮ ॥

ਗੁਰੂ ਜੀ ਨੇ ਕਿਹਾ, "ਇਸ ਵਿਚ ਹੁਣ ਏਨੀ ਹੀ ਦੇਰ ਸੀ, ਬੋਲ ਕੇ ਮਿਲ ਕੇ ਅਤੇ ਦਰਸ਼ਨ ਕਰਕੇ ਕਲ੍ਹ ਨੂੰ ਵੇਖਣਾ ਕੈਸੀ ਠਾਠ ਹੋਵੇਗੀ, ਮੋਹ ਦੇ ਕਰੜੇ ਕਵਾੜ ਖੁੱਲ੍ਹ ਜਾਣਗੇ" ॥ ੧੮ ॥

ਬਹੁਰੋ ਭੋਰ ਜਬੈ ਹੁਇ ਆਈ। ਮਾਖਨ ਬਾਸਨ ਲੀਨ ਉਚਾਈ।
ਮਾਤ ਪਿਤਾ ਤੇ ਕਰਿਕੈ ਚੋਰੀ। ਸਟਕਜੋ ਘਰ ਤੇ ਪ੍ਰਭੁ ਜਿਸ ਠੋਰੀ ॥੧੯ ॥

ਫਿਰ ਜਦ ਅਗਲੀ ਸਵੇਰ ਹੋਈ ਤਾਂ ਬੂੜੇ ਨੇ ਇਕ ਬਰਤਨ ਵਿਚ ਮੱਖਣ ਪਾ ਕੇ ਚੁਕ ਲਿਆ ਤੇ ਮਾਤਾ ਪਿਤਾ ਤੋਂ ਚੋਰੀ ਕਰਕੇ, ਖਿਸਕ ਕੇ ਓਥੇ ਆ ਗਿਆ ਜਿਥੇ ਗੁਰੂ ਜੀ ਬਿਰਾਜਮਾਨ ਸਨ॥ ੧੯ ॥

ਤੂਰਨ ਬੂੜਾ ਪੁਰਿ ਕਰਤਾਰਾ। ਆਇ ਬਿਲੋਕੇ ਮੋਖ ਉਦਾਰਾ।
ਮਾਖਨ ਬਾਸਨ ਅੱਗ੍ਰਜ ਧਰਿਕੈ। ਬੈਠਜੋ ਨਿਕਟ ਬੰਦਨਾ ਕਰਿਕੈ ॥੨੦ ॥

ਫੌਰਨ ਬੂੜਾ ਕਰਤਾਰਪੁਰ ਚਲਾ ਗਿਆ ਅਤੇ ਆ ਕੇ ਮੁਕਤੀਦਾਤੇ ਨੂੰ ਵੇਖਿਆ। ਮੱਖਣ ਵਾਲਾ ਬਰਤਨ ਅੱਗੇ ਧਰ ਕੇ, ਫਿਰ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ॥ ੨੦ ॥

ਮੁਸਕਾਨੇ ਪ੍ਰਭੁ ਬਚਨ ਅਲਾਯੋ। 'ਮਾਖਨ ਬਾਸਨ ਕਹਿਂ ਤੇ ਲਜਾਯੋ?'।
'ਸੁਨਹੁ ਤਪਾ ਜੀ! ਰਾਵਰਿ ਹੇਤਾ। ਘ੍ਰਿਤ ਆਨਜੋ ਮੈਂ ਅਪਨ ਨਿਕੇਤਾ ॥੨੧ ॥

ਮੁਸਕਰਾ ਕੇ ਗੁਰੂ ਜੀ ਨੇ ਬਚਨ ਕੀਤਾ, "ਮੱਖਣ ਵਾਲਾ ਬਰਤਨ ਕਾਹਦੇ ਵਾਸਤੇ ਲਿਆਇਆ ਹੈਂ ?" ਇਹ ਸੁਣ ਕੇ ਬੂੜਾ ਕਹਿਣ ਲੱਗਾ, "ਹੇ ਤਪਾ ਜੀ ! ਸੁਣੋ, ਮੈਂ ਆਪ ਜੀ ਦੇ ਵਾਸਤੇ ਆਪਣੇ ਘਰ ਤੋਂ ਘਿਉ ਲਿਆਇਆ ਹਾਂ॥ ੨੧ ॥

ਦਰਸ ਸੰਤ ਗੁਰ ਛੂਛ ਨ ਜਾਨਾ। ਅਸ ਬਿਚਾਰ ਉਰ ਬਿਖੈ ਉਠਾਨਾ'।
'ਭੋ ਬਾਲਿਕ ਹੈ ਲਘੁਤਨ ਤੇਰਾ। ਨਿਸ਼ਚੈ ਕਰਿ ਕੋ ਘਰ ਨਿਜ ਹੇਰਾ ॥੨੨ ॥

ਸੰਤ ਅਤੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਖਾਲੀ ਹੱਥ ਨਹੀਂ ਜਾਣਾ ਚਾਹੀਦਾ, ਇਹ ਵਿਚਾਰ ਕਰਕੇ ਮੈਂ ਇਹ ਘਿਉ ਚੁੱਕ ਕੇ ਲਿਆਇਆ ਹਾਂ।" ਗੁਰੂ ਜੀ ਨੇ ਕਿਹਾ, "ਹੇ ਬਾਲਕ ! ਤੇਰੀ ਹਾਲੇ ਛੋਟੀ ਉਮਰ ਹੈ, ਨਿਸ਼ਚੇ ਕਰ ਕਿਹੜਾ ਆਪਣਾ ਘਰ ਵੇਖਿਆ ਹੈ॥ ੨੨ ॥

ਜਿਸ ਮਹਿਂ ਫਸਿਕੈ ਨਿਕਸਨ ਭਾਰੀ। ਜਾਲ ਮੀਨ ਕੀ ਰੀਤਿ ਬਿਚਾਰੀ'।
ਸਿਸੁ ਕਹਿ 'ਮਾਤ ਪਿਤਾ ਘਰ ਜੋਊ। ਮੈਂ ਪਹਿਚਾਨਜੋ ਅਪਨੋ ਸੋਊ ॥੨੩ ॥

ਜਿਸ ਵਿਚ ਫਸ ਕੇ ਫਿਰ ਨਿਕਲਣਾ ਬਹੁਤ ਔਖਾ ਹੈ, ਜਾਲ ਵਿਚ ਫਸੀ ਮੱਛੀ ਦੀ ਰੀਤ ਵਾਂਗ ਜਿਸ ਵਿਚ ਫਸ ਕੇ ਨਿਕਲਣਾ ਭਾਰੀ ਕਠਨ ਹੈ, ਇਸ ਬਾਰੇ ਵਿਚਾਰ ਕਰ ਲਵੋ।" ਬਾਲਕ ਨੇ ਕਿਹਾ, "ਜਿਹੜੇ ਘਰ ਵਿਚ ਮਾਤਾ ਪਿਤਾ ਹਨ, ਉਨ੍ਹਾਂ ਨੂੰ ਮੈਂ ਆਪਣਾ ਘਰ ਪਹਿਚਾਣਿਆ ਹੈ॥ ੨੩ ॥

ਤਹਿਂ ਤੇ ਮਾਖਨ ਬਾਸਨ ਲੀਨੋ। ਆਨ ਉਪਾਇਨ ਤੁਮਰੀ ਕੀਨੋ।
ਭੋਰ ਉਠਤਿ ਭੀ ਚੋਪ ਨਵੀਨੀ। ਆਵਨ ਲਗੇ ਨ ਸੁਧ ਕਿਸ ਦੀਨੀ' ॥੨੪ ॥

ਉਨ੍ਹਾਂ ਪਾਸੋਂ ਮੱਖਣ ਵਾਲਾ ਬਰਤਨ ਲਿਆ ਹੈ ਤੇ ਤੁਹਾਡੇ ਪਾਸ ਭੇਟ ਕਰ ਦਿੱਤਾ ਹੈ। ਮੈਂ ਸਵੇਰੇ ਹੀ ਉੱਠ ਪਿਆ ਸੀ ਅਤੇ ਇਸ ਨਵੇਂ ਸ਼ੌਕ ਕਰਕੇ, ਘਰ ਵਿਚ ਕਿਸੇ ਨੂੰ ਖਬਰ ਵੀ ਨਹੀਂ ਸੀ ਦਿੱਤੀ" ॥ ੨੪ ॥

ਦੋਹਰਾ- 'ਭੋ ਬਾਲਿਕ! ਪਿਤ ਮਾਤ ਤੇ ਆਨਜੋ ਘ੍ਰਿਤ ਚੁਰਾਇ।
ਬਹੁਰੋ ਜੇ ਘਰ ਜਾਵਈਂ ਮਾਰਹਿ ਤੋਹਿ ਰਿਸਾਇ॥ ੨੫॥

ਗੁਰੂ ਜੀ ਨੇ ਕਿਹਾ, "ਹੇ ਬਾਲਕ! ਮਾਤਾ ਪਿਤਾ ਪਾਸੋਂ ਘਿਉ ਚੁਰਾ ਕੇ ਲਿਆਇਆ ਹੈਂ, ਜਦ ਤੂੰ ਫਿਰ ਵਾਪਸ ਘਰ ਜਾਏਂਗਾ ਤਾਂ ਉਹ ਗੁੱਸੇ ਹੋ ਕੇ ਤੈਨੂੰ ਮਾਰਨਗੇ॥ ੨੫॥

ਚੌਪਈ- ਇਹ ਮਾਖਨ ਹਮ ਲੇਵਹਿਂ ਨਾਂਹੀ॥ ਗਮਨਹੁ ਲੇ ਅਪਨੇ ਘਰ ਮਾਂਹੀ।
ਪਹੁੰਚਜੋ ਹਮਕੋ ਤੈਂ ਜੋ ਲਜਾਇ। ਹ੍ਵੈ ਪ੍ਰਸੰਨ ਦੇਖਜੋ ਉਰ ਭਾਇ' ॥੨੬॥

ਇਹ ਮੱਖਣ ਅਸੀਂ ਨਹੀਂ ਲਵਾਂਗੇ, ਇਹ ਲੈ ਕੇ ਆਪਣੇ ਘਰ ਚਲੇ ਜਾਵੋ। ਜੋ ਤੂੰ ਲੈ ਕੇ ਆਇਆ ਹੈਂ, ਸਾਡੇ ਪਾਸ ਪਹੁੰਚ ਗਿਆ ਹੈ, ਅਸੀਂ ਹਿਰਦੇ ਵਿਚ ਤੇਰਾ ਪਿਆਰ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ"॥ ੨੬॥

ਸੁਨਿਕੈ ਬੂੜਾ ਰੋਵਨ ਲਾਗਾ। ਪ੍ਰੇਮ ਬਿਰਹ ਉਰ ਅੰਤਰ ਜਾਗਾ।
ਮਾਰਹਿਂ ਮਾਤ ਪਿਤਾ ਮੁਝ ਕਬਿਹੀ। ਤੁਮ ਮਾਰਤਿ ਹੋ ਮੋ ਕੋ ਅਬਿ ਹੀ ॥੨੭॥

ਇਹ ਸੁਣ ਕੇ ਬੂੜਾ ਰੋਣ ਲੱਗਾ, ਹਿਰਦੇ ਵਿਚ ਪ੍ਰੇਮ ਦਾ ਬਿਰਹਾ ਜਾਗ ਪਿਆ। ਕਹਿਣ ਲੱਗਾ, "ਮੇਰੇ ਮਾਤਾ ਪਿਤਾ ਦਾ ਤੇ ਪਤਾ ਨਹੀਂ ਕਦ ਮੈਨੂੰ ਮਾਰਨਗੇ, ਪਰ ਤੁਸੀਂ ਤਾਂ ਮੈਨੂੰ ਹੁਣੇ ਹੀ ਮਾਰ ਦਿੱਤਾ ਹੈ"॥ ੨੭॥

ਸ੍ਰੀ ਗੁਰੁ ਭਨੈ 'ਕੁਵਾਕ ਨ ਕਹਜੋ। ਹਮਨੈ ਤੋਰ ਭਲਾ ਹੀ ਚਹਜੋ।
ਕੋਨ ਮਾਰ ਕੀਨੀ ਤੁਝ ਤਾਈਂ। ਜਾਂ ਤੇ ਰੁਦਨ ਕਰੈਂ ਬਿਲਲਾਈ' ॥੨੮॥

ਗੁਰੂ ਜੀ ਨੇ ਕਿਹਾ, "ਅਸੀਂ ਕੋਈ ਮਾੜੀ ਗੱਲ ਤੇ ਨਹੀਂ ਕਹੀ, ਅਸੀ ਤੇਰਾ ਭਲਾ ਹੀ ਚਾਹਿਆ ਹੈ, ਤੈਨੂੰ ਕਿਹੜਾ ਮਾਰਿਆ ਹੈ ਜਿਹੜਾ ਵਿਲਕ ਕੇ ਰੋ ਰਿਹਾ ਹੈਂ"॥ ੨੮॥

'ਸੁਨਹੁ ਪ੍ਰਭੂ ਜਸ ਮਾਰਜੋ ਮੋਹੀ। ਇਸ ਤੇ ਵਡੀ ਮਾਰ ਨਹਿਂ ਹੋਹੀ।
ਬਾਰਯੋ ਦੀਪਕ,ਦਿਪਤਿ ਪ੍ਰਕਾਸ਼ਾ। ਪੁਨ ਬੁਝਾਇ ਕੈ ਕਰਹੁ ਨਿਰਾਸਾ ॥੨੯॥

ਬੂੜੇ ਨੇ ਕਿਹਾ, "ਹੇ ਪ੍ਰਭੂ! ਸੁਣੋ ਜਿਸ ਤਰ੍ਹਾਂ ਤੁਸੀਂ ਮੈਨੂੰ ਮਾਰਿਆ ਹੈ, ਇਸ ਤੋਂ ਵੱਡੀ ਮਾਰ ਹੋ ਹੀ ਨਹੀਂ ਸਕਦੀ, ਪਹਿਲਾਂ ਮੇਰੇ ਮਨ ਦਾ ਦੀਪਕ ਜਗਾ ਕੇ ਮੈਨੂੰ ਪ੍ਰਕਾਸ਼ਮਾਨ ਕੀਤਾ ਸੀ, ਹੁਣ ਦੀਪਕ ਨੂੰ ਬੁਝਾ ਕੇ ਨਿਰਾਸ਼ ਕਰ ਦਿੱਤਾ ਹੈ॥ ੨੯॥

ਤੁਮਹਿ ਉਚਿਤ ਅਧਿਕਾਇ ਜਰਾਵਉ। ਪਾਇ ਸਨੇਹ ਗੁਨਹਿ ਉਕਸਾਵਉ।
ਤਮ ਕੋ ਟਾਰਿ ਵਸਤੁ ਦਿਖਰਾਵਉ। ਪੂਰਿ ਆਸ ਅਸ ਕਸ਼ਟ ਮਿਟਾਵਉ' ॥੩੦॥

ਤੁਹਾਡੇ ਵਾਸਤੇ ਇਹ ਉਚਿਤ ਹੈ ਕਿ ਦੀਪਕ ਨੂੰ ਵਧੀਕ ਜਗਾਵੋ, ਸਨੇਹ ਰੂਪ ਤੇਲ ਪਾ ਕੇ ਵੱਟੀ ਉੱਚੀ ਕਰੋ। ਹਨੇਰ ਨੂੰ ਦੂਰ ਕਰਕੇ ਅਸਲ ਵਸਤੂ ਵਿਖਾਵੋ, ਮੇਰੀ ਆਸ਼ਾ ਪੂਰੀ ਕਰਕੇ ਮੇਰੇ ਦੁੱਖ ਨੂੰ ਦੂਰ ਕਰੋ"॥ ੩੦॥

ਸੋਰਠਾ- ਮੁਸਕਾਨੇ ਗੁਨਖਾਨ ਬਾਨੀ ਤਿਹ ਸੋਂ ਪੁਨ ਭਨੀ।
'ਬੂਢੇ ਬਡੇ ਸਮਾਨ ਬਾਤੈਂ ਤੂੰ ਮੁਖ ਤੇ ਕਹੈਂ'॥ ੩੧॥

ਗੁਰੂ ਜੀ ਮੁਸਕਰਾਏ ਤੇ ਫਿਰ ਉਸ ਨੂੰ ਕਿਹਾ, "ਤੂੰ ਵੱਡੇ ਬੁੱਢਿਆਂ ਵਾਂਗ ਮੁੱਖ ਤੋਂ ਗੱਲਾਂ ਕਰ ਰਿਹਾ ਹੈਂ"॥ ੩੧॥

ਤਬਿ ਹੀ ਤੇ ਇਹ ਨਾਮ "ਭਾਈ ਬੁੱਢਾ" ਕਹਤਿ ਹੈਂ।
ਸ਼ਰਨ ਗਹਜੋ ਸੁਖਧਾਮ ਕਰੁਨਾ ਕੀਨੀ ਜਗਤ ਗੁਰ॥ ੩੨॥

ਇਸ ਕਰਕੇ ਉਸ ਸਮੇਂ ਤੋਂ ਹੀ ਉਨ੍ਹਾਂ ਦਾ ਨਾਂ "ਭਾਈ ਬੁੱਢਾ" ਕਰਕੇ ਕਹਿੰਦੇ ਹਨ। ਬੂੜੇ ਸੁਖਾਂ ਦੇ ਘਰ ਭਾਵ ਗੁਰੂ ਜੀ ਦੀ ਸ਼ਰਨ ਫੜ ਲਈ ਤੇ ਜਗਤ ਗੁਰੂ ਨੇ ਉਸ ਤੇ ਕਿਰਪਾ ਕਰ ਦਿੱਤੀ॥ ੩੨॥

ਚੌਪਈ- 'ਹੇ ਸਿਸੁ ਕਰਿਕੈ ਭਾਉਨਿ ਭਾਰੀ। ਬੰਦਨ ਕਰਿ ਕਰਤਾਰ ਅਗਾਰੀ।
ਪੂਰਨ ਹੋਵਹਿ ਉਰ ਕੀ ਆਸਾ। ਪ੍ਰਾਪਤਿ ਭਲੋ ਗਯਾਨ ਸੁਖ ਰਾਸਾ' ॥ ੩੩ ॥

ਗੁਰੂ ਜੀ ਨੇ ਕਿਹਾ, "ਹੇ ਬਾਲਕ ! ਭਾਰੀ ਪਿਆਰ ਕਰਕੇ, ਕਰਤਾਰ ਦੇ ਅੱਗੇ ਬੰਦਨਾ ਕਰੋ, ਤੁਹਾਡੇ ਦਿਲ ਦੀ ਆਸ ਪੂਰੀ ਹੋਵੇਗੀ, ਸੁਖਾਂ ਦੀ ਰਾਸ ਭਲਾ ਗਿਆਨ ਪ੍ਰਾਪਤ ਹੋਵੇਗਾ" ॥ ੩੩ ॥

ਸੁਨਿਕੈ ਦ੍ਵੈ ਕਰ ਜੋਰਨ ਕੀਨੇ। ਬੰਦੇ ਪੰਕਜ ਪਾਇ ਪ੍ਰਬੀਨੇ।
ਭਯੋ ਗਯਾਨ ਤਿਹ ਛਿਨ ਸੁਖਰਾਸੀ। ਸਗਰੀ ਉਰ ਤੇ ਦ੍ਵੈਤ ਬਿਨਾਸ਼ੀ ॥ ੩੪ ॥

ਇਹ ਸੁਣ ਕੇ ਭਾਈ ਬੁੱਢੇ ਨੇ ਦੋਵੇਂ ਹੱਥ ਜੋੜੇ, ਨਿਪੁੰਨ ਚਰਨ ਕੰਵਲਾਂ ਤੇ ਬੰਦਨਾ ਕੀਤੀ। ਉਸੇ ਵੇਲੇ ਸੁੱਖਾਂ ਦੀ ਰਾਸ ਗਿਆਨ ਪ੍ਰਾਪਤ ਹੋ ਗਿਆ। ਹਿਰਦੇ ਵਿਚੋਂ ਸਾਰੀ ਦ੍ਵੈਤ ਭਾਵਨਾ ਦਾ ਨਾਸ਼ ਹੋਇਆ॥ ੩੪ ॥

ਕ੍ਰਿਪਾ ਨਿਧਾਨ ਬਹੁਰ ਬਚ ਕਹੇ। 'ਸਵਾ ਜਾਮ ਜਾਮਨਿ ਜਬਿ ਰਹੇ।
ਨਿਤ ਉਠ ਤਬਿ ਹੀ ਕਰਹੁ ਸ਼ਨਾਨਾ। ਸਿਮਰਹੁ ਨਾਮ ਮਾਨਿ ਮਨ ਭਾਨਾ' ॥ ੩੫ ॥

ਕਿਰਪਾਨਿਧਾਨ ਗੁਰੂ ਜੀ ਨੇ ਫਿਰ ਬਹੁਤ ਬਚਨ ਕਹੇ, "ਸਵਾ ਪਹਿਰ ਜਦ ਰਾਤ ਰਹੇ ਸਦਾ ਉਸ ਸਮੇਂ ਉੱਠ ਕੇ ਇਸ਼ਨਾਨ ਕਰੋ। ਨਾਮ ਨੂੰ ਮਨ-ਭਾਉਂਦਾ ਸਮਝ ਕੇ ਸਿਮਰਨ ਕਰੋ" ॥ ੩੫ ॥

ਹਾਥ ਜੋਰਿ ਸਿਸ ਬਚਨ ਬਖਾਨਾ। 'ਅਬਿ ਲੌ ਰਾਖਯੋ ਉਚਿਤ ਸ਼ਨਾਨਾ।
ਮੈਂ ਮਲ ਨਾਸ਼ ਕਰੀ ਇਕ ਬਾਰਾ। ਰਾਵਰਿ ਦਰਸ਼ਨ ਪਰ ਬਲਿਹਾਰਾ ॥ ੩੬ ॥

ਹੱਥ ਜੋੜ ਕੇ ਬਾਲਕ ਨੇ ਕਿਹਾ, "ਅਜੇ ਵੀ ਨਹਾਉਣ ਇਸ਼ਨਾਨ ਕਰਨਾ ਜ਼ਰੂਰੀ ਹੈ। ਮੇਰੇ ਮਨ ਦੀ ਮੈਲ ਦਾ ਤਾਂ ਇਕ ਬਾਰ ਹੀ ਨਾਸ ਕਰ ਦਿੱਤਾ ਹੈ। ਮੈਂ ਆਪ ਜੀ ਦੇ ਦਰਸ਼ਨਾਂ ਦੇ ਬਲਿਹਾਰ ਜਾਂਦਾ ਹਾਂ॥ ੩੬ ॥

ਬਹੁਰ ਨ ਕਬਿ ਲਾਗਹਿ ਮਲ ਲੇਸ਼ਾ। ਜਨਮ ਮਰਨ ਕੇ ਮਿਟੇ ਕਲੇਸ਼ਾ।
ਪਾਯੋ ਨਿਰਮਲ ਸਹਿਜ ਸਰੂਪਾ। ਜਿਹ ਜਾਨਤਿ ਭਾ ਅਨੰਦ ਅਨੂਪਾ' ॥ ੩੭ ॥

ਹੁਣ ਦੁਬਾਰਾ ਕਦੇ ਰਤਾ ਭਰ ਵੀ ਮੈਲ ਨਹੀਂ ਲਗੇਗੀ, ਜਨਮ ਮਰਨ ਦੇ ਕਲੇਸ਼ ਮੁੱਕ ਗਏ ਹਨ। ਹੁਣ ਮੈਂ ਨਿਰਮਲ ਸਹਿਜ ਸਰੂਪ ਪਾਇਆ ਹੈ। ਜਿਸ ਨੂੰ ਜਾਣ ਕੇ ਅਨੂਪਮ ਅਨੰਦ ਪ੍ਰਾਪਤ ਹੋਇਆ ਹੈ" ॥ ੩੭ ॥

ਗੁਰੂ ਭਨਯੋ 'ਤੁਹਿ ਮਨੁਜ ਅਨੇਕਾ। ਮਿਲਿ ਹੈਂ ਪਾਵਨ ਹੇਤੁ ਬਿਬੇਕਾ।
ਤੁਝ ਕੋ ਦੇਖਿ ਅਚਾਰ ਕਰੰਤਾ। ਤਿਨ ਰੁਚਿ ਜਾਗਹਿ, ਹੋਵਹਿਂ ਸੰਤਾ' ॥ ੩੮ ॥

ਗੁਰੂ ਜੀ ਨੇ ਕਿਹਾ, "ਤੈਨੂੰ ਅਨੇਕਾਂ ਲੋਕ ਗਿਆਨ ਪ੍ਰਾਪਤ ਕਰਨ ਵਾਸਤੇ ਮਿਲਣਗੇ। ਤੈਨੂੰ ਸ਼ੁਭ ਕੰਮ ਕਰਦਾ ਵੇਖ ਕੇ, ਉਨ੍ਹਾਂ ਦੀ ਰੁੱਚੀ ਜਾਗ ਪਵੇਗੀ ਤੇ ਉਹ ਵੀ ਸੰਤ ਹੋ ਜਾਣਗੇ" ॥ ੩੮ ॥

ਇਸ ਬਿਧਿ ਹੋਇ ਕ੍ਰਿਤਾਰਥ ਸੋਊ। ਬੈਠਿ ਰਹਯੋ, ਘਰ ਗਯੋ ਨ ਸੋਊ ।
ਖੋਜਤਿ ਮਾਤ ਪਿਤਾ ਤਿਸ ਕੇਰੇ। ਚਲਿ ਆਏ ਸ਼੍ਰੀ ਨਾਨਕ ਡੇਰੇ ॥ ੩੯ ॥

ਇਸ ਵਿਧੀ ਨਾਲ ਭਾਈ ਬੂੜਾ ਕ੍ਰਿਤਾਰਥ ਹੋ ਗਿਆ, ਉਹ ਓਥੇ ਬੈਠਾ ਰਿਹਾ ਤੇ ਆਪਣੇ ਘਰ ਨਾ ਗਿਆ। ਉਸ ਨੂੰ ਲਭਦੇ-ਲਭਦੇ ਉਸ ਦੇ ਮਾਂ ਪਿਉ ਗੁਰੂ ਜੀ ਦੇ ਡੇਰੇ ਚਲ ਕੇ ਆ ਗਏ ॥ ੩੯ ॥

ਦੇਖਯੋ ਨਿਜ ਬਾਲਿਕ ਕੋ ਜਬਿ ਹੀ। ਗੁਰ ਬੈਨਨ ਤੇ ਭਾ ਬ੍ਰਿੱਧ ਤਬਹੀ।
ਇਸ ਪ੍ਰਕਾਰ ਸੋ ਦੇਖਿ ਸਿਧਾਰੇ। ਰਹਯੋ ਸੁ ਬੂੜਾ ਸ਼੍ਰੀ ਪ੍ਰਭੁ ਦ੍ਵਾਰੇ ॥ ੪੦ ॥

ਜਦ ਆਪਣੇ ਬਾਲਕ ਨੂੰ ਵੇਖਿਆ, ਜਿਹੜਾ ਗੁਰੂ ਜੀ ਦੇ ਬਚਨਾਂ ਕਰਕੇ ਬੁੱਢਾ ਹੋ ਗਿਆ ਸੀ। ਇਸ ਤਰ੍ਹਾਂ ਦਾ ਵੇਖ ਕੇ ਉਹ ਪਹਿਚਾਣ ਨਾ ਸਕੇ ਤੇ ਵਾਪਸ ਚਲੇ ਗਏ, ਤੇ ਬੂੜਾ ਪ੍ਰਭੂ ਦੇ ਦਵਾਰੇ ਤੇ ਹੀ ਰਹਿ ਗਿਆ ॥ ੪੦ ॥

ਪਦ ਪੰਕਜ ਸੇਵਹਿ ਧਰਿ ਭਾਉ। ਬਿਖੇ ਬਾਸ਼ਨਾ ਫੁਰਤਿ ਨ ਕਾਉ।
ਮਨ ਥਿਤ ਕਰਿ ਸਤਿਸੰਗ ਸਮਾਵਾ। ਪੁਨ ਜਥਿ ਕੇਤਿਕ ਸਮਾ ਬਿਤਾਵਾ॥੪੧॥

ਪਿਆਰ ਧਾਰਨ ਕਰਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਸੇਵਾ ਕਰਦਾ ਸੀ ਅਤੇ ਵਿਸ਼ੇ ਵਾਸ਼ਨਾ ਦਾ ਕਦੀ ਵੀ ਫੁਰਨਾ ਨਹੀਂ ਸੀ ਫੁਰਦਾ। ਮਨ ਨੂੰ ਸਥਿਤ ਕਰਕੇ ਸਤਿਸੰਗ ਵਿਚ ਜਾਂਦਾ ਸੀ, ਇਸ ਤਰ੍ਹਾਂ ਜਦ ਕਾਫੀ ਸਮਾਂ ਬਿਤੀਤ ਕੀਤਾ॥ ੪੧॥

ਸੁਨੀਏ ਸ੍ਰੀ ਅੰਗਦ! ਇਤਿਹਾਸਾ। ਮੈਂ ਇਕ ਦਿਵਸ ਸੁਲਖਣੀ ਪਾਸਾ।
ਸਹਿਜ ਸੁਭਾਇ ਸੁ ਬੈਠਜੋ ਜਾਈ। ਇਸ ਬਿਧਿ ਮੁਝ ਕੋ ਗਿਰਾ ਅਲਾਈ॥੪੨॥

ਹੇ ਗੁਰੂ ਅੰਗਦ ਦੇਵ ਜੀ! ਇਤਿਹਾਸ ਸੁਣੋ, ਮੈਂ ਇਕ ਦਿਨ ਮਾਤਾ ਸੁਲੱਖਣੀ ਪਾਸ ਬੈਠਾ ਸੀ। ਸਹਿਜ ਸੁਭਾਅ ਉਹ ਓਥੇ ਪਹੁੰਚ ਗਿਆ ਅਤੇ ਇਸ ਤਰ੍ਹਾਂ ਮੈਨੂੰ ਕਹਿਣ ਲੱਗਾ॥ ੪੨॥

ਦੋਹਰਾ- 'ਟਿਕਨ ਦੇਹੁ ਅਬ ਤਪੇ ਕੋ ਬਿਚਰਣ ਕੀਨ ਬਿਸ਼ਾਲ।
ਦੇਸ਼ ਬਿਦੇਸ਼ਨ ਕੇ ਬਿਖੈ ਰਹਜੋ ਸੰਗ ਚਿਰਕਾਲ॥ ੪੩॥

"ਤਪਾ ਜੀ ਨੂੰ ਹੁਣ ਏਥੇ ਟਿਕਣ ਦੇਵੋ, ਉਨ੍ਹਾਂ ਵਿਸ਼ਾਲ ਸੈਰ ਕੀਤੀ ਹੈ। ਦੇਸ਼ ਬਦੇਸ਼ਾਂ ਵਿਚ ਬਹੁਤ ਲੰਮੇ ਸਮੇਂ ਤਕ ਫਿਰਦੇ ਰਹੇ ਹਨ॥ ੪੩॥

ਚੌਪਈ- ਲੇ ਤੁਝਕੋ ਨਿਜ ਸੰਗ ਸਿਧਾਰੈਂ। ਬਾਹਰ ਕਾਲ ਬਿਸਾਲ ਗੁਜ਼ਾਰੈਂ।
ਹਮਰੇ ਪਾਸ ਰਹਿਨ ਦਿਹੁ ਅਬਹੀ। ਤੁਝ ਬਿਨ ਜਾਇਂ ਵਹਿਰ ਨਹਿਂ ਕਬਿਹੀ' ॥੪੪॥

ਤੁਹਾਨੂੰ ਆਪਣੇ ਨਾਲ ਲੈ ਕੇ ਚਲੇ ਜਾਂਦੇ ਸਨ ਅਤੇ ਬਾਹਰ ਬਹੁਤ ਲੰਮਾ ਸਮਾਂ ਗੁਜ਼ਾਰਦੇ ਸਨ। ਹੁਣ ਉਨ੍ਹਾਂ ਨੂੰ ਸਾਡੇ ਪਾਸ ਹੀ ਰਹਿਣ ਦੇਵੋ, ਤੁਹਾਡੇ ਬਗੈਰ ਉਹ ਕਦੀ ਵੀ ਬਾਹਰ ਨਹੀਂ ਜਾਂਦੇ ਹਨ"॥ ੪੪॥

ਮੈਂ ਸੁਨਿਕੈ ਮਨ ਮਾਂਹਿ ਬਿਚਾਰਾ। ਨਿਜ ਹਿਤ ਇਨ ਬਚ ਸਾਚ ਉਚਾਰਾ।
ਚਿਰੰਕਾਲ ਲਗ ਕੀਨਿ ਉਦਾਸੀ। ਅਬ ਇਉਂ ਉਚਿਤ ਰਹੈਂ ਇਨ ਪਾਸੀ॥੪੫॥

ਮੈਂ ਸੁਣ ਕੇ ਆਪਣੇ ਮਨ ਵਿਚ ਵਿਚਾਰ ਕੀਤੀ, ਆਪਣੇ ਹਿਤ ਵਾਸਤੇ ਇਸ ਨੇ ਸੱਚੇ ਬਚਨਾਂ ਦਾ ਉਚਾਰਨ ਕੀਤਾ ਹੈ। ਇਹ ਠੀਕ ਹੈ ਕਿ ਗੁਰੂ ਜੀ ਨੇ ਬਹੁਤ ਲੰਮਾ ਸਮਾਂ ਤਕ ਉਦਾਸੀ ਕੀਤੀ ਹੈ, ਹੁਣ ਇਹੋ ਉਚਿਤ ਹੈ ਕਿ ਇਨ੍ਹਾਂ ਦੇ ਪਾਸ ਹੀ ਰਹਿਣ॥ ੪੫॥

ਮਾਨਿ ਬਚਨ ਮੈਂ ਪ੍ਰਭੁ ਢਿਗ ਆਵਾ। ਹਾਥ ਜੋਰਿਕੈ ਤਬੈ ਅਲਾਵਾ।
'ਕਿਸੇ ਬਿਸਾਵਹੁ ਨਿਜ ਪਸ਼ਚਾਤੀ। ਗੁਰਤਾ ਦੇਹੁ ਕਰਹੁ ਬੱਖਜਾਤੀ॥ ੪੬॥

ਭਾਈ ਬੁਢੇ ਦੇ ਬਚਨ ਮੰਨ ਕੇ ਮੈਂ ਗੁਰੂ ਜੀ ਪਾਸ ਆਇਆ, ਹੱਥ ਜੋੜ ਕੇ ਕਿਹਾ, "ਆਪਣੇ ਪਿਛੋਂ ਕਿਸੇ ਨੂੰ ਗੱਦੀ ਤੇ ਬਿਠਾਵੋ, ਉਸ ਨੂੰ ਗੁਰਤਾ ਦੇ ਕੇ ਜਗਤ ਪ੍ਰਸਿੱਧ ਕਰ ਦੇਵੋ॥ ੪੬॥

ਸਿਰੀ ਚੰਦ ਕੈ ਲਖਮੀ ਦਾਸ। ਕਿਧੋਂ ਅਪਰ ਕੋ? ਹੇ ਸੁਖਰਾਸ!।
ਸ੍ਰੀ ਮੁਖ ਤੇ ਮੁਝ ਦੇਹੁ ਬਤਾਈ। ਜੋ ਪਾਵਹਿ ਸਭਿ ਜਗ ਗੁਰਿਆਈ' ॥੪੭॥

ਗੁਰਤਾ ਦੀ ਪਦਵੀ ਸ੍ਰੀ ਚੰਦ ਜਾਂ ਲਖਮੀ ਦਾਸ ਜਾਂ ਕਿਸੇ ਹੋਰ ਨੂੰ ਦੇਵੋਗੇ? ਹੇ ਸੁਖਾਂ ਦੀ ਰਾਸ ਆਪਣੇ ਮੁੱਖ ਤੋਂ ਮੈਨੂੰ ਦੱਸ ਦੇਵੋ, ਜਿਹੜਾ ਸਾਰੇ ਜੱਗ ਦੀ ਗੁਰਿਆਈ ਪਾਵੇਗਾ॥ ੪੭॥

ਕਹਿਤਿ ਭਏ 'ਹਮਰੇ ਪਸ਼ਚਾਤੀ। ਤ੍ਰਿਹਣ ਗੋਤ ਛੱਤ੍ਰੀ ਜਿਹ ਜਾਤੀ।
ਪ੍ਰਥਮੇ ਲਹਿਣਾ ਤਾਂਕੋ ਨਾਮ। ਪੁਨ ਅੰਗਦ ਹ੍ਵੈ ਹੈ ਅਭਿਰਾਮ॥੪੮॥

ਕਹਿਣ ਲੱਗੇ, "ਸਾਡੇ ਬਾਅਦ ਤ੍ਰਿਹਣ ਗੋਤ ਅਤੇ ਖੱਤਰੀ ਜਾਤ ਦੇ ਵਿਅਕਤੀ ਪਹਿਲਾਂ ਜਿਨ੍ਹਾਂ ਦਾ ਲਹਿਣਾ ਨਾਂ ਹੋਵੇਗਾ, ਪਰ ਬਾਅਦ ਵਿਚ ਉਨ੍ਹਾਂ ਦਾ ਸੁੰਦਰ ਨਾਂ ਅੰਗਦ ਹੋਵੇਗਾ॥ ੪੮॥

ਅਪਨੋ ਸੋ ਸਰੂਪ ਮੈਂ ਧਾਰੋਂ। ਭਗਤਿ ਭਾਵਨਾ ਭਲੀ ਬਿਥਾਰੋਂ।
ਭੇਦ ਨ ਲਖਿ ਸਕਹੀ ਕੋ ਜੈਸਾ। ਦੂਸਰ ਬੇਖ ਧਰਵ ਮੈਂ ਐਸਾ ॥੪੯॥

ਮੈਂ ਹੀ ਆਪਣਾ ਨਵਾਂ ਸਰੂਪ ਧਾਰਨ ਕਰਾਂਗਾ, ਭਗਤੀ ਭਾਵਨਾ ਦਾ ਬਹੁਤ ਵਿਸਥਾਰ ਕਰਾਂਗਾ। ਕੋਈ ਵੀ ਇਸ ਭੇਦ ਨੂੰ ਜਾਣ ਨਹੀਂ ਸਕੇਗਾ, ਕਿ ਮੈਂ ਦੂਸਰਾ ਭੇਸ ਧਾਰਨ ਕੀਤਾ ਹੈ"॥ ੪੯॥

ਇਉਂ ਸੁਨਿਕੈ ਮੈਂ ਦ੍ਵੈ ਕਰ ਬੰਦੇ। ਬੰਦਨ ਕੀਨਿ ਚਰਨ ਅਰਬਿੰਦੇ।
'ਪ੍ਰਭੁ ਜੀ ! ਅਬ ਮੁਝ ਦੇਹੁ ਰਜਾਈ। ਤਲਵੰਡੀ ਮਹਿਂ ਰਹਿਹੋ ਜਾਈ ॥੫੦॥

ਇਹ ਸੁਣ ਕੇ ਮੈਂ ਦੋਵੇਂ ਹੱਥ ਬੰਨ੍ਹੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਕਿਹਾ, "ਹੇ ਪ੍ਰਭੂ ਜੀ ! ਹੁਣ ਮੈਨੂੰ ਆਗਿਆ ਦੇਵੋ, ਮੈਂ ਹੁਣ ਤਲਵੰਡੀ ਜਾ ਕੇ ਰਹਾਂ॥ ੫੦॥

ਬਹੁਰ ਕ੍ਰਿਪਾ ਕਰਿ ਮੇਲਹੁ ਜਬਿਹੀ। ਦਰਸ਼ਨ ਪ੍ਰਾਪਤਿ ਹ੍ਵੈ ਹੈ ਤਬਿਹੀ।
ਦਾਸ ਜਾਨਿ ਚਿਤ ਚੇਤੈ ਕਰੀਏ। ਭੂਲ ਕਹਜੋ,ਕਛੁ ਰਿਦੈ ਨ ਧਰੀਏ ॥੫੧॥

ਫਿਰ ਜਦ ਕਿਰਪਾ ਕਰਕੇ ਮੇਲ ਲਵੋਗੇ ਤਦ ਤੁਹਾਡੇ ਦਰਸ਼ਨ ਪ੍ਰਾਪਤ ਹੋ ਜਾਣਗੇ। ਦਾਸ ਜਾਣ ਕੇ ਚਿੱਤ ਵਿਚ ਮੈਨੂੰ ਵੀ ਯਾਦ ਰੱਖਣਾ, ਜੇ ਕੋਈ ਭੁੱਲ ਹੋ ਗਈ ਹੋਵੇ ਤਾਂ ਹਿਰਦੇ ਵਿਚ ਨਾ ਧਾਰਨ ਕਰਨਾ"॥ ੫੧॥

ਸੁਨਿਕੇ ਸ੍ਰੀ ਗੁਰ ਬਚਨ ਉਚਾਰੇ। 'ਤੂੰ ਹਮਸੇ ਨਿਤ ਮਿਲਜੋ ਪਿਆਰੇ।
ਸੰਗੀ ਲੋਕ ਪ੍ਰਲੋਕ ਮਝਾਰੀ। ਕਰਤਜੋ ਹਮਰੇ ਨਿਤ ਅਨੁਸਾਰੀ ॥੫੨॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਉਚਾਰੇ, "ਹੇ ਪਿਆਰੇ ! ਤੂੰ ਸਾਡੇ ਨਾਲ ਸਦਾ ਲਈ ਮਿਲ ਗਿਆ ਹੈਂ, ਮੇਰੇ ਸੰਗੀ ਲੋਕ ਜਿਹੜੇ ਪਰਲੋਕ ਵਿਚ ਰਹਿੰਦੇ ਹਨ ਉਹ ਸਦਾ ਹੀ ਮੇਰੀ ਆਗਿਆ ਅਨੁਸਾਰ ਰਹਿੰਦੇ ਹਨ॥ ੫੨॥

ਤਨ ਮਿਲਿਓ ਪੁਨ ਬਿਛੁਰਨ ਹੋਈ। ਜਿਨ ਮਨ ਮਿਲੇ ਨ ਬਿਛੁਰੇ ਕੋਈ।
ਸਦਾ ਯਾਦ ਤੂੰ ਰਿਦੇ ਹਮਾਰੇ। ਪਰਮ ਮੀਤ ਕਿਉਂ ਦੇਹਿਂ ਬਿਸਾਰੇ ॥੫੩॥

ਤਨ ਮਿਲਿਆ ਹੈ, ਫਿਰ ਵਿਛੋੜਾ ਹੋ ਜਾਵੇਗਾ, ਜਿਨ੍ਹਾਂ ਦੇ ਮਨ ਮਿਲ ਜਾਂਦੇ ਹਨ, ਉਨ੍ਹਾਂ ਦਾ ਕਦੀ ਵਿਛੋੜਾ ਨਹੀਂ ਹੁੰਦਾ। ਤੂੰ ਸਦਾ ਸਾਡੇ ਦਿਲ ਵਿਚ ਯਾਦ ਰਹੇਂਗਾ। ਪਰਮ ਮਿੱਤਰ ਨੂੰ ਕਿਉਂ ਵਿਸਾਰ ਦੇਵਾਂਗੇ"॥ ੫੩॥

ਸੁਨਿਕੈ ਪੁਨ ਬੰਦਨ ਮੈਂ ਕੀਨੀ। ਗਮਨ ਕੀਨ ਜਬਿ ਆਇਸੁ ਦੀਨੀ।
ਰੈਨ ਦਿਵਸ ਤਿਨ ਮੂਰਤ ਧਜਾਨਾ। ਕਰੋਂ ਰਿਦੇ ਹ੍ਵੈ ਅਨੰਦ ਮਹਾਨਾ ॥੫੪॥

ਇਹ ਸੁਣ ਕੇ ਮੈਂ ਫਿਰ ਬੰਦਨਾ ਕੀਤੀ, ਜਦ ਆਗਿਆ ਦਿੱਤੀ ਤਾਂ ਮੈਂ ਤਲਵੰਡੀ ਨੂੰ ਚਲਾ ਗਿਆ। ਰਾਤ ਦਿਨ ਉਨ੍ਹਾਂ ਦੀ ਸ਼ਕਲ ਧਿਆਨ ਵਿਚ ਰੱਖਦਾ ਸੀ। ਹਿਰਦੇ ਵਿਚ ਬੜਾ ਮਹਾਨ ਅਨੰਦ ਮਾਣਦਾ ਸੀ॥ ੫੪॥

ਸ੍ਰੀ ਅੰਗਦ ਸੁਨਿ ਪਰਮ ਬਡੇਰੇ!। ਹੁਤੀ ਜਿਤੀਕ ਰਿਦੇ ਸੁਧ ਮੇਰੇ।
ਤਿਤੀ ਕਥਾ ਇਹੁ ਦੀਨ ਸੁਨਾਈ। ਰਾਵਰ ਕੀ ਮੈਂ ਪਾਇ ਰਜਾਈ ॥੫੫॥

ਹੇ ਪਰਮ ਮਹਾਨ ਗੁਰੂ ਅੰਗਦ ਦੇਵ ਜੀ ! ਜਿੰਨੀ ਵੀ ਕਥਾ ਦੀ ਮੇਰੇ ਹਿਰਦੇ ਵਿਚ ਸੋਝੀ ਸੀ, ਓਨੀ ਕਥਾ ਮੈਂ ਸੁਣਾ ਦਿੱਤੀ ਹੈ। ਮੈਂ ਆਪ ਜੀ ਦੇ ਹੁਕਮ ਦੀ ਤਾਮੀਲ ਕੀਤੀ ਹੈ॥ ੫੫॥

ਤਲਵੰਡੀ ਮਹਿਂ ਰਹਜੋ ਬਹੋਰੀ। ਧਜਾਨ ਕਰੋਂ ਬੰਦੋਂ ਤਿਹ ਠੋਰੀ।

ਜਬਿ ਮੈਂ ਸੁਨਜੋ ਦੁਤਿਯ ਕਿਯ ਬੇਖਾ। ਦਰਸ ਹੇਤ ਭੀ ਚਾਹਿ ਵਿਸ਼ੇਖਾ ॥੫੬॥

ਫਿਰ ਮੈਂ ਤਲਵੰਡੀ ਵਿਚ ਹੀ ਰਿਹਾ, ਉਨ੍ਹਾਂ ਦਾ ਧਿਆਨ ਧਰ ਕੇ ਉਨ੍ਹਾਂ ਨੂੰ ਬੰਦਨਾ ਕਰਦਾ ਸੀ। ਜਦ ਮੈਂ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਨੇ ਦੂਸਰਾ ਭੇਸ ਧਾਰਨ ਕਰ ਲਿਆ ਹੈ ਤਾਂ ਮੇਰੇ ਮਨ ਵਿਚ ਦਰਸ਼ਨ ਕਰਨ ਦੀ ਬਹੁਤ ਚਾਹਤ ਪੈਦਾ ਹੋਈ॥ ੫੬॥

ਤਤਛਿਨ ਤੁਮਰੇ ਆਇ ਸਮੀਪਾ। ਦਰਸੇ ਤੁਮ ਤੇਹਣ ਕੁਲ ਦੀਪਾ।
ਸੋ ਸ੍ਰੀ ਨਾਨਕ ਹੋ ਤੁਮ ਓਹੀ। ਹੈ ਪ੍ਰਤੀਤ ਅਤਿਸ਼ੈ ਦ੍ਰਿੜ ਮੋਹੀ॥੫੭॥

ਛੇਤੀ ਹੀ ਮੈਂ ਤੁਹਾਡੇ ਪਾਸ ਆ ਗਿਆ ਹਾਂ ਅਤੇ ਤ੍ਰੇਹਣ ਕੁਲ ਦੇ ਦੀਪਕ ਭਾਵ ਤੁਹਾਡੇ ਦਰਸ਼ਨ ਕੀਤੇ ਹਨ। ਤੁਸੀਂ ਓਹੀ ਗੁਰੂ ਨਾਨਕ ਜੀ ਹੋ, ਮੈਨੂੰ ਇਸ ਦੀ ਦ੍ਰਿੜ ਪਰਤੀਤ ਹੋ ਗਈ ਹੈ॥ ੫੭॥

ਅਪਨੀ ਕਥਾ ਆਪ ਲਿਖਿਵਾਈ। ਦਾਸ ਜਾਨਿ ਮੁਝ ਦੀਨ ਬਡਾਈ।
ਸਭਿ ਬਿਧਿ ਅੰਤਰਜਾਮੀ ਜਾਨਹੁ। ਤੀਨ ਕਾਲ ਕੀ ਬਾਤ ਬਖਾਨਹੁ॥੫੮॥

ਆਪਣੀ ਕਥਾ ਤੁਸੀਂ ਆਪ ਲਿਖਵਾਈ ਹੈ, ਦਾਸ ਜਾਣ ਕੇ ਮੈਨੂੰ ਵਡਿਆਈ ਬਖਸ਼ੀ ਹੈ। ਸਭ ਤਰ੍ਹਾਂ ਤੁਸੀਂ ਅੰਤਰਜਾਮੀ ਹੋ, ਤਿੰਨਾਂ ਕਾਲਾਂ ਦੀ ਗੱਲ ਕਹਿੰਦੇ ਹੋ॥ ੫੮॥

ਸੁਨੀ ਕਥਾ ਸ੍ਰੀ ਅੰਗਦ ਜਬਿ ਹੀ। ਹਰਖਤਿ ਉਰ ਮੁਖ ਬੋਲੇ ਤਬਿਹੀ।
'ਸੁਨਿ ਬਾਲੇ ਸ੍ਰੀ ਗੁਰ ਸਮ ਤੁਮ ਹੋ। ਧੰਨ ਧੰਨ ਪੁਨ ਧੰਨ ਜਨਮ ਹੋ॥੫੯॥

ਜਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਕਥਾ ਸੁਣੀ, ਦਿਲ ਵਿਚ ਖੁਸ਼ ਹੋ ਕੇ ਤਦ ਬੋਲੇ, "ਹੇ ਬਾਲੇ ! ਸੁਣੋ, ਤੁਸੀਂ ਵੀ ਗੁਰੂ ਦੇ ਸਮਾਨ ਹੋ, ਧੰਨ ਧੰਨ ਤੁਸੀਂ ਹੋ ਅਤੇ ਧੰਨ ਤੁਹਾਡਾ ਜਨਮ ਹੈ॥ ੫੯॥

ਦੋਹਰਾ- ਤੁਮਰੋ ਮੁਖ ਰਾਂਕਾ ਸ਼ਸ਼ੀ ਸੁਧਾ ਗਿਰਾ ਸਮ ਭਾਇ।
ਸਿਖ ਬਿੰਦਾਰਕ ਪੀਵਹੀਂ ਨਿਤਪ੍ਰਤਿ ਨਹੀਂ ਅਘਾਇਂ॥ ੬੦॥

ਤੁਹਾਡਾ ਮੁੱਖ ਪੂਰਨਮਾਸ਼ੀ ਦਾ ਚੰਦਰਮਾਂ ਹੈ ਅਤੇ ਤੁਹਾਡੀ ਬਾਣੀ ਅੰਮ੍ਰਿਤ ਸਮਾਨ ਹੈ, ਜਿਸ ਨੂੰ ਸਿੱਖ ਰੂਪੀ ਦੇਵਤੇ ਸਦਾ ਪੀਣਗੇ ਅਤੇ ਕਦੇ ਵੀ ਰੱਜਣਗੇ ਨਹੀਂ॥ ੬੦॥

ਚੌਪਈ- ਇਸਕੀ ਮਹਿਮਾ ਕਹੀ ਨ ਜਾਇ। ਸੁਨਿਕੈ ਚਾਰ ਪਦਾਰਥ ਪਾਇ।
ਨਹੀ ਅਲਭ ਵਸਤੁ ਹ੍ਵੈ ਕੋਈ। ਜਿਉ ਪਾਰਸ ਧਨ ਤੋਟ ਨ ਹੋਈ॥ ੬੧॥

ਇਸ ਦੀ ਮਹਿਮਾ ਕਹੀ ਨਹੀਂ ਜਾਂਦੀ, ਇਸ ਨੂੰ ਸੁਣ ਕੇ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ। ਪੜ੍ਹਨ ਸੁਣਨ ਵਾਲੇ ਦੇ ਕੋਈ ਵੀ ਵਸਤੂ ਪਹੁੰਚ ਤੋਂ ਪਰ੍ਹੇ ਨਹੀਂ ਹੋਵੇਗੀ, ਜਿਵੇਂ ਪਾਰਸ ਹੋਣ ਤੇ ਧਨ ਦੀ ਤੋਟ ਨਹੀਂ ਰਹਿੰਦੀ ਹੈ॥ ੬੧॥

ਪਰਉਪਕਾਰ ਕੀਓ ਜਗ ਪਰ ਤੁਮ। ਮਹਿਮਾ ਅਪਰ ਨ ਕੋ ਇਸ ਕੇ ਸਮ।
ਸੁਨਹਿ ਪਢਹਿਂ ਹਿਤ ਕਰਿ ਪੁਨ ਸੁਨਹਿਂ। ਪ੍ਰੀਤ ਕਰਹਿਂ ਸ੍ਰੀ ਗੁਰ ਗੁਨ ਗੁਨਹਿ॥੬੨॥

ਤੁਸੀਂ ਜੱਗ ਤੇ ਪਰਉਪਕਾਰ ਕੀਤਾ ਹੈ, ਕੋਈ ਵੀ ਮਹਿਮਾ ਇਸ ਦੇ ਬਰਾਬਰ ਨਹੀ ਹੈ, ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਇਸ ਕਥਾ ਨੂੰ ਸੁਣੇ, ਪੜ੍ਹੇ ਅਤੇ ਪਿਆਰ ਕਰਕੇ ਫਿਰ ਸੁਣੇ। ਪ੍ਰੀਤ ਕਰੇ ਅਤੇ ਫਿਰ ਸ੍ਰੀ ਗੁਰੂ ਜੀ ਦੇ ਗੁਣਾਂ ਤੇ ਵਿਚਾਰ ਕਰੇ॥ ੬੨॥

ਕਲੁਖ ਬਿਪੁਲ ਬਿਕਲਾਹਿ ਪਰਾਹੀਂ। ਨਿਸ਼ਚਾ ਧਰੇ, ਸ਼ਾਂਤਿ ਹ੍ਵੈ ਆਹੀ।
ਸ੍ਰੀ ਨਾਨਕ ਪਦਪੰਕਜ ਮਾਂਹੀ। ਸ਼ਰਧਾ ਵਧੈ ਮੁਕਤਿ ਫਲ ਤਾਂਹੀ॥੬੩॥

ਇਸ ਦੇ ਫਲ ਸਰੂਪ ਪਾਪ ਸਾਰੇ ਹੀ ਘਬਰਾ ਕੇ ਨੱਸ ਜਾਣਗੇ। ਜਿਹੜਾ ਨਿਸ਼ਚਾ ਧਾਰਨ ਕਰੇਗਾ ਉਸ ਨੂੰ ਸ਼ਾਂਤੀ ਨਸੀਬ ਹੋਵੇਗੀ। ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਵਿਚ ਸ਼ਰਧਾ ਵਧੇਗੀ ਅਤੇ ਮੁਕਤੀ ਦਾ ਫਲ ਪ੍ਰਾਪਤ ਹੋਵੇਗਾ॥ ੬੩॥

ਪੁਨਿ ਬਾਲੇ ਬੰਦੇ ਦ੍ਵੈ ਹਾਥਾ। ਬੋਲਜੋ ਬਚਨ 'ਸੁਣਹੁ ਮਮ ਨਾਥਾ।
ਭਯੋ ਹਦੂਰ ਜਿਤੋ ਇਤਿਹਾਸਾ। ਸੋ ਬਰਨਨ ਕੀਨੋ ਤੁਧ ਪਾਸਾ॥ ੬੪॥

ਫਿਰ ਬਾਲਾ ਦੋਵੇਂ ਹੱਥ ਜੋੜ ਕੇ ਬਚਨ ਬੋਲਿਆ, "ਹੇ ਮੇਰੇ ਨਾਥ ਸੁਣੋ, "ਜਿੰਨਾ ਵੀ ਇਤਿਹਾਸ ਗੁਰੂ ਜੀ ਦੀ ਹਜ਼ੂਰੀ ਵਿਚ ਵਾਪਰਿਆ, ਉਹ ਮੈਂ ਤੁਹਾਡੇ ਪਾਸ ਬਿਆਨ ਕਰ ਦਿੱਤਾ ਹੈ॥ ੬੪॥

ਇਸ ਆਗੇ ਸੁਧ ਮੋਹਿ ਨ ਕੋਊ। ਰਾਵਰ ਸਰਬ ਜਾਨਿ ਹੋ ਸੋਊ।
ਜਰਾ ਗ੍ਰਸੀ ਅਬ ਕਾਯਾਂ ਮੇਰੀ। ਲਖਹੁ ਆਰਬਲ ਭਈ ਬਡੇਰੀ॥ ੬੫॥

ਇਸ ਤੋਂ ਅੱਗੇ ਮੈਨੂੰ ਕੋਈ ਗਿਆਨ ਨਹੀਂ ਹੈ। ਆਪ ਜੀ ਉਸ ਬਾਰੇ ਸਭ ਕੁਝ ਜਾਣਦੇ ਹੋ। ਹੁਣ ਬੁਢਾਪੇ ਨੇ ਮੇਰੇ ਸਰੀਰ ਨੂੰ ਜਕੜ ਲਿਆ ਹੈ। ਵੇਖਦਾ ਹਾਂ ਕਿ ਉਮਰ ਹੁਣ ਬਹੁਤ ਵੱਡੀ ਹੋ ਗਈ ਹੈ॥ ੬੫॥

ਇਹ ਅਬ ਛੂਟਹਿ ਬਚਨ ਨਿਜ ਕਰੀਏ। ਜਗ ਸਾਗਰ ਤੇ ਮੋਹਿ ਉਧਰੀਏ'।
ਸ੍ਰੀ ਅੰਗਦ ਸੁਨਿਕੈ ਮੁਸਕਾਨੇ। 'ਕਿਉਂ ਅਸ ਆਪ ਉਤਾਇਲ ਠਾਨੇ॥੬੬॥

ਇਸ ਦਾ ਹੁਣ ਛੁਟਕਾਰਾ ਹੋ ਜਾਵੇ, ਇਸ ਕਰਕੇ ਆਪਣੇ ਬਚਨ ਕਰੋ, ਇਸ ਭਵਸਾਗਰ ਤੋਂ ਮੇਰਾ ਉਧਾਰ ਕਰੋ।" ਗੁਰੂ ਅੰਗਦ ਦੇਵ ਜੀ ਇਹ ਸੁਣ ਕੇ ਮੁਸਕਰਾਏ ਅਤੇ ਬਚਨ ਕੀਤਾ, "ਹੁਣ ਏਨੀ ਛੇਤੀ ਕਿਉਂ ਉਤਾਵਲੇ ਹੋ ਗਏ ਹੋ ?॥ ੬੬॥

ਅਬ ਦ੍ਵੈ ਮਾਸ ਬੈਸ ਹੈ ਤੇਰੀ। ਪੁਨ ਸਰੀਰ ਹੈ ਭਸਮ ਸੁ ਢੇਰੀ।
ਤਬਿ ਲਗ ਹਮ ਢਿਗ ਰਹੁ ਹਿਤ ਸਾਥਾ। ਪਰਚਹੁ ਸੁਨਹੁ ਕਰਹੁ ਗੁਰ ਗਾਥਾ'॥੬੭॥

ਹੁਣ ਤੇਰੀ ਦੋ ਮਹੀਨੇ ਉਮਰ ਰਹਿੰਦੀ ਹੈ, ਫਿਰ ਤੇਰਾ ਸਰੀਰ ਸਵਾਹ ਦੀ ਢੇਰੀ ਹੋ ਜਾਵੇਗਾ। ਉਸ ਸਮੇਂ ਤਕ ਸਾਡੇ ਪਾਸ ਰਹੋ। ਗੁਰੂ ਦੀ ਗਾਥਾ ਸੁਣ ਸੁਣਾ ਕੇ ਮਨ ਨੂੰ ਪਰਚਾਈ ਰਖੋ"॥ ੬੭॥

ਸੁਨਿਕੈ ਹਰਖਿਤ ਹ੍ਵੈ ਕਰਿ ਬਾਲਾ। ਰਹਜੋ ਸਮੀਪ ਸੁਖਦ ਤਿਹ ਕਾਲਾ।
ਕਹੈ ਸੁਨੈ ਗੁਰ ਕੇ ਗੁਨ ਔਰੀ। ਦੋਇ ਮਾਸ ਜਬਿ ਬਿਤੇ ਬਹੋਰੀ॥ ੬੮॥

ਇਹ ਸੁਣ ਕੇ ਬਾਲਾ ਬਹੁਤ ਖੁਸ਼ ਹੋ ਗਿਆ ਤੇ ਉਸ ਸਮੇਂ ਤਕ ਸੁਖਦਾਤੇ ਦੇ ਕੋਲ ਰਿਹਾ। ਗੁਰੂ ਜੀ ਦੇ ਹੋਰ ਗੁਣ ਕਹਿੰਦਾ ਅਤੇ ਸੁਣਦਾ ਸੀ। ਬਾਅਦ ਵਿਚ ਜਦ ਦੋ ਮਹੀਨੇ ਬੀਤ ਗਏ॥ ੬੮॥

ਪਰਾਲਬਧ ਭੋਗੀ ਨਿਜ ਜਬਿਹੀ। ਅਯੋ ਸਮਾਂ ਤਨ ਬਿਨਸਨ ਤਬਿਹੀ।
ਸ੍ਰੀ ਅੰਗਦ ਕੋ ਕਰਿਕੈ ਬੰਦਨ। ਬਹੁਰ ਧ੍ਯਾਨ ਧਰਿ ਦੋਖ ਨਿਕੰਦਨ॥੬੯॥

ਜਦ ਸਾਰੀ ਉਮਰ ਭੋਗ ਲਈ, ਫਿਰ ਸਰੀਰ ਨੂੰ ਛੱਡਣ ਦਾ ਸਮਾਂ ਆ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬੰਦਨਾ ਕਰਕੇ ਫਿਰ ਦੁੱਖਾਂ ਦਾ ਨਾਸ਼ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਿਆ॥ ੬੯॥

ਧਰਨੀ ਕੋ ਪੁਨੀਤ ਕਰਿਵਾਏ। ਪੌਢਜੋ ਸ੍ਰੀ ਨਾਨਕ ਉਰ ਧ੍ਯਾਏ।
ਤਨਕ ਬਿਖੈ ਨਿਜ ਤਨ ਕੋ ਤ੍ਯਾਗੀ। ਪਹੁੰਚਜੋ ਪਰਮ ਪਦੈ ਬਡ ਭਾਗੀ॥੭੦॥

ਧਰਤੀ ਨੂੰ ਪਵਿੱਤਰ ਕਰਵਾ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਦਿਲ ਵਿਚ ਧਾਰ ਕੇ, ਲੇਟ ਗਏ। ਕੋਈ ਦੁੱਖ ਤਕਲੀਫ ਨਾ ਹੋਈ। ਜਿਵੇਂ ਪੱਕਾ ਹੋਇਆ ਫਲ ਹੱਥ ਲਾਉਂਦਿਆਂ ਹੀ ਟਾਹਣੀ ਨਾਲੋਂ ਟੁੱਟ ਪੈਂਦਾ ਹੈ, ਤਿਵੇਂ ਛਿਨ ਵਿਚ ਸਰੀਰ ਤੋਂ ਆਤਮਾ ਉਡਾਰੀ ਮਾਰ ਗਈ ਤੇ ਵੱਡੇ ਭਾਗਾਂ ਵਾਲਾ ਪਰਮ ਪਦ ਪਾ ਕੇ ਸਵਰਗਾਂ ਵਿੱਚ ਪਹੁੰਚ ਗਿਆ॥ ੭੦॥

ਸ੍ਰੀ ਅੰਗਦ ਮਹਿਂ ਜੋਤਿ ਸਮਾਨੀ। ਜਿਉਂ ਪਾਨੀ ਮਹਿਂ ਮਿਲਿਹੈ ਪਾਨੀ।
ਤਿਹ ਛਿਨ ਸ੍ਰੀ ਤੇਹਣ ਕੁਲਰਾਈ। ਕਹਿ ਕੈ ਭਲੀ ਚਿਤਾ ਕਰਿਵਾਈ ॥੭੧॥

ਗੁਰੂ ਅੰਗਦ ਦੇਵ ਜੀ ਵਿਚ ਇਸ ਤਰ੍ਹਾਂ ਜੋਤ ਸਮਾ ਗਈ ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ। ਉਸੇ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਹਿ ਕੇ ਚੰਗੀ ਚਿਤਾ ਤਿਆਰ ਕਰਵਾਈ॥ ੭੧॥

ਸਿੱਖਨ ਤੇ ਤਨ ਕੋ ਉਚਵਾਇ। ਰਾਖਜੋ ਊਪਰ ਤਾਂਹਿ ਬਨਾਇ।
ਬਹੁਰੋ ਆਪ ਨਿਕਟਿ ਚਲਿ ਆਏ। ਤ੍ਰਿਣ ਅਗਨੀ ਕੋ ਹਾਥ ਉਚਾਏ ॥੭੨॥

ਸਿੱਖਾਂ ਨੇ ਭਾਈ ਬਾਲੇ ਦੇ ਸਰੀਰ ਨੂੰ ਮੋਢਿਆਂ ਤੇ ਚੁੱਕ ਲਿਆ ਅਤੇ ਚਿਤਾ ਉਪਰ ਚੰਗੀ ਤਰ੍ਹਾਂ ਰੱਖ ਦਿੱਤਾ, ਫਿਰ ਆਪ ਚਲ ਕੇ ਨੇੜੇ ਚਿਤਾ ਦੇ ਆਏ, ਅਤੇ ਹੱਥ ਵਿੱਚ ਕੱਖਾਂ ਦੀ ਅੱਗ ਫੜ ਲਈ॥ ੭੨॥

ਤਬ ਸਿੱਖ ਬਰਜ ਰਹੇ ਬਹੁ ਬਾਰੀ। ਨਿਜ ਕਰ ਸੰਗਿ ਦਾਹੁ ਦੇ ਜਾਰੀ।
ਜਿਹ ਸਤਿਗੁਰ ਕੋ ਸੇਵਕ ਪਜਾਰੇ। ਅਪਰ ਨ ਕਿਛੁ ਗਿਣਤੀ ਉਰਧਾਰੇ ॥੭੩॥

ਤਦ ਸਿੱਖ ਬਹੁਤ ਵਾਰੀ ਰੋਕ ਰਹੇ, ਪਰ ਗੁਰੂ ਜੀ ਨੇ ਆਪਣੇ ਨਿਜੀ ਹੱਥਾਂ ਨਾਲ ਹੀ ਦਾਹ ਕੇ ਸਾਰੀ ਦੇਹੀ ਸਾੜ ਦਿੱਤੀ। ਜਿਹੜੇ ਸਤਿਗੁਰ ਦੇ ਪਿਆਰੇ ਸੇਵਕ ਹਨ, ਉਹ ਕਿਸੇ ਹੋਰ ਨੂੰ ਹਿਰਦੇ ਵਿਚ ਨਹੀਂ ਧਾਰਨ ਕਰਦੇ॥ ੭੩॥

ਬੈਸੇ ਬਹੁਰ ਸਰਬ ਸਿਖ ਮਾਂਹੀ। ਬਾਲੇ ਕੀ ਉਸਤਤਿ ਬਹੁ ਪ੍ਰਾਹੀ।
'ਧੰਨ ਧੰਨ' ਸਭਿ ਹੀ ਨਰ ਕਹਿਹੀਂ। 'ਸ੍ਰੀ ਨਾਨਕ ਹਿਤਕਾਰੀ ਅਹਿਹੀ' ॥੭੪॥

ਫਿਰ ਉਹ ਸਾਰੇ ਸਿੱਖਾਂ ਵਿਚ ਬੈਠ ਗਏ, ਬਾਲੇ ਦੀ ਬਹੁਤ ਉਸਤਤ ਕੀਤੀ। ਸਾਰੇ ਮਨੁੱਖ 'ਧੰਨ ਧੰਨ' ਕਹਿ ਰਹੇ ਸਨ, ''ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੜੇ ਹਿਤਕਾਰੀ ਸਨ'' ॥ ੭੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਭਾਈ ਬਾਲੇ ਕੋ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਖਿਤਾਲੀਸਮੋ ਅਧਯਾਯ ॥ ੪੬ ॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਛਿਆਲੀਵਾਂ ਅਧਿਆਇ, ਜਿਸ ਦਾ ਨਾਮ ''ਭਾਈ ਬੁੱਢਾ ਜੀ, ਭਾਈ ਬਾਲਾ ਜੀ ਪ੍ਰਲੋਕ ਗਮਨ'' ਹੈ, ਸਮਾਪਤ ਹੋਇਆ ੪੬ ॥

## *ਅਧਿਆਇ ਸੰਤਾਲੀਵਾਂ*

*ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ*

ਦੋਹਰਾ-ਸਾਰਸੁਤੀ ਸਿਮਰਨ ਉਦਧਿ ਕਵਿਤਾ ਪ੍ਰਦ ਜਿਉਂ ਇੰਦ।
ਬਿਗਸਤਿ ਸ੍ਰੋਤਾ ਕੁਮਦ ਸੁਨਿ ਕੋਕ ਬਿਮੁਖ ਦੁਖ ਦੁੰਦ॥ ੧॥

ਸਮੁੰਦਰ ਰੂਪੀ ਸ਼ਾਰਦਾ ਦਾ ਸਿਮਰਨ ਮਾਨੋਂ ਕਵਿਤਾ ਰੂਪੀ ਚੰਦ੍ਰਮਾ ਦਾ ਦਾਤਾ ਹੈ, ਜਿਸ ਨੂੰ ਸੁਣ ਕੇ ਕੁਮਦਨੀ ਵਾਂਗੂੰ ਪ੍ਰੇਮੀ ਸ੍ਰੋਤੇ ਤਾਂ ਖਿੜ ਜਾਂਦੇ ਹਨ, ਪਰ ਛੁੱਟੜ ਚਕਵੀ ਵਾਂਗੂੰ ਬੇਮੁਖ ਲੋਕ ਬੜੇ ਦੁਖੀ ਹੁੰਦੇ ਹਨ॥ ੧॥

ਚੌਪਈ- ਅਬਿ ਸ੍ਰੀ ਅੰਗਦ ਕੀ ਸੁਨਿ ਕਥਾ। ਭਈ ਜਥਾ ਉਚਰੋਂ ਮੈਂ ਤਥਾ।
ਜੰਗਲ ਮਤੇ ਜੁ ਹੁਤੀ ਸਰਾਇ। ਮਨ ਪੁਨੀਤ 'ਫੇਰੂ' ਤਹਿਂ ਥਾਇ॥ ੨॥

ਕਵੀ ਜੀ ਕਹਿੰਦੇ ਹਨ- ਹੁਣ ਸ੍ਰੀ ਅੰਗਦ ਦੇਵ ਜੀ ਦੀ ਕਥਾ ਸੁਣੋ। ਜਿਸ ਤਰ੍ਹਾਂ ਗੁਰ ਕਥਾ ਵਾਪਰੀ ਸੀ, ਉਸ ਤਰ੍ਹਾਂ ਹੀ ਮੈਂ ਬਿਆਨ ਕਰਾਂਗਾ। ਜੰਗਲ ਵਿਚ ਇਕ ਮੱਤੇ ਨਾਂਗੇ ਦੀ ਸਰਾਂ ਸੀ, ਪਵਿੱਤਰ ਮਨ ਵਾਲੇ ਭਾਈ ਫੇਰੂ ਜੀ ਉਸ ਪਿੰਡ ਵਿਚ ਰਹਿੰਦੇ ਸਨ॥ ੨॥

ਤ੍ਰਿਹਣ ਗੋਤ, ਛੱਤ੍ਰੀ ਜਿਹ ਜਾਤੀ। ਕਰਮ ਧਰਮ ਮਹਿ ਸਭ ਬੱਖਜਾਤੀ।
ਤਿਹ ਘਰ ਜਨਮਜੋ ਸੁਤ ਸੁਖਦਾਈ। ਲਹਿਣਾ ਨਾਮ ਧਰਜੋ ਹਿਤ ਲਾਈ॥੩॥

ਉਨ੍ਹਾਂ ਦੀ ਤ੍ਰੇਹਣ ਗੋਤ ਤੇ ਜਾਤ ਖੱਤਰੀ ਸੀ। ਕਰਮ ਧਰਮ ਵਿਚ ਉਹ ਬੜਾ ਮਸ਼ਹੂਰ ਸੀ। ਉਸ ਦੇ ਘਰ ਇਕ ਸੁਖਦਾਈ ਪੁੱਤਰ ਪੈਦਾ ਹੋਇਆ। ਪ੍ਰੇਮ ਨਾਲ ਆਪਣੇ ਪੁੱਤਰ ਦਾ ਨਾਂ ਲਹਿਣਾ ਰਖਿਆ॥ ੩॥

ਜਨਮਤਿ ਭਗਤਿ ਸੰਗਿ ਜਿਸ ਆਈ। ਕਿਧੌਂ ਤਾਂਹਿ ਨਿਜ ਦੇਹਿ ਬਨਾਈ।
ਧੀਰਜ ਖਿਮਾਂ ਭੁਜਾ ਜਿਹ ਸੋਹੈ। ਅਰਜ ਜਰਨ ਸੁਭ ਰਿਦਾ ਭਯੋ ਹੈ॥੪॥

ਜਨਮ ਤੋਂ ਹੀ ਭਗਤੀ ਜਿਸ ਦੇ ਨਾਲ ਆਈ ਸੀ ਜਾਂ ਉਸ ਆਪ ਹੀ ਬਣਾ ਲਈ ਸੀ। ਧੀਰਜ ਅਤੇ ਖਿਮਾਂ ਉਸ ਦੀਆਂ ਦੋ ਬਾਹਵਾਂ ਬੜੀਆਂ ਸ਼ੋਭਦੀਆਂ ਸਨ। ਨਾ ਜਰੀ ਜਾਣ ਵਾਲੀ ਸ਼ਕਤੀ ਨੂੰ ਜਰ ਲੈਣ ਵਾਲਾ ਉਨ੍ਹਾਂ ਦਾ ਸ਼ੁਭ ਹਿਰਦਾ ਸੀ॥ ੪॥

ਮੈਤ੍ਰੀ, ਮੁਦਿਤਾ, ਜਾਂਘ ਸੁਹਾਈ। ਕਟ ਕਰੁਨਾ ਕੀ ਅਤਿ ਛਬਿ ਪਾਈ।
ਭਾਉ ਬਦਨ, ਮਨ ਪ੍ਰੇਮ ਬਨਾਏ। ਸਮ ਦਮ ਜਾਂਕੇ ਕਰਨ ਸੁਹਾਏ॥੫॥

ਮਿਤਰਤਾ ਅਤੇ ਅਨੰਦਤਾ ਉਸ ਦੀਆਂ ਦੋ ਲੱਤਾਂ ਸ਼ੋਭਦੀਆਂ ਸਨ, ਕਿਰਪਾ ਰੂਪੀ ਲੱਕ ਦੀ ਉਸ ਅਤਿ ਸੁੰਦਰਤਾ ਪਾਈ ਸੀ। ਸ਼ਰਧਾ ਸਤਿਕਾਰ ਰੂਪੀ ਉਸ ਦਾ ਮੁਖੜਾ ਸੀ ਅਤੇ ਪ੍ਰੇਮ ਰੂਪੀ ਉਸ ਦਾ ਮਨ ਸੀ। ਅੰਤ੍ਰੀਵ ਅਤੇ ਬਾਹਰਲੀਆਂ ਇੰਦਰੀਆਂ ਨੂੰ ਵਸ ਕਰਨ ਵਾਂਗ ਉਸ ਦੇ ਕੰਨ ਸ਼ੋਭਦੇ ਸਨ॥ ੫॥

ਧ੍ਯਾਨ ਕਰਨ ਲਿਵ ਲਾਗਨ ਜੋਊ। ਦ੍ਵੈ ਲੋਚਨ ਸ਼ੋਭਤਿ ਸੁਭ ਸੋਊ।
ਗ੍ਯਾਨ ਸੀਸ ਜਿਹ ਕੇਰ ਬਿਰਾਜਤਿ। ਸਤਿਸੰਗਤ ਸ਼ਿੰਗਾਰ ਸੁਭ ਛਾਜਤਿ॥੬॥

ਧਿਆਨ ਧਾਰਨ ਕਰਨਾ ਅਤੇ ਲਿਵ ਲਾਉਣ ਦਾ ਜੋ ਕਰਮ ਹੈ, ਉਹ ਉਸ ਦੇ ਦੋ ਨੈਣ ਸ਼ੁਭ ਸ਼ੋਭ ਰਹੇ ਹਨ। ਗਿਆਨ ਰੂਪੀ ਸੀਸ ਬਿਰਾਜੰਤ ਹੈ ਅਤੇ ਸਤਿਸੰਗਤ ਰੂਪੀ ਸ਼ਿੰਗਾਰ ਬੜਾ ਫਬ ਰਿਹਾ ਸੀ॥ ੬॥

ਇਸ ਪ੍ਰਕਾਰ ਧਰਿ ਜਨਮ ਸੁਹਾਵਾ। ਬ੍ਰਿਧੈ ਦੇਹਿ ਜਿਉਂ ਕਾਲ ਬਿਤਾਵਾ।
ਚੌਦਹਿ ਬਰਖ ਆਰਬਲ ਹੋਈ। ਜਿਨਹਿ ਬਿਕਾਰ ਨ ਪਰਸਜੋ ਕੋਈ॥੭॥

ਇਸ ਪ੍ਰਕਾਰ ਸੁੰਦਰ ਜਨਮ ਧਾਰਨ ਕਰਕੇ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ। ਸਰੀਰ ਵਧਦਾ ਗਿਆ, ਜਦ ਉਨ੍ਹਾਂ ਦੀ, ਜਿਨ੍ਹਾਂ ਨੂੰ ਕੋਈ ਵਿਕਾਰ ਛੂਹਿਆ ਵੀ ਨਹੀਂ ਸੀ, ਚੌਦਾਂ ਸਾਲ ਦੀ ਉਮਰ ਹੋਈ॥ ੭॥

ਖੱਤ੍ਰੀ ਇਕ ਖਡੂਰ ਮਹਿਂ ਰਹਿਹੀ। ਸੁਤਾ ਨਿਕੇਤ ਤਾਂਹਿ ਕੇ ਅਹਿਹੀ।
ਭੇਜਿ ਮਨੁਜ ਤਿਨ ਕੀਨਿ ਸਗਾਈ। ਕਿਤਿਕ ਸਮਾਂ ਪੁਨ ਦੀਨ ਬਿਤਾਈ॥੮॥

ਖਡੂਰ ਵਿਚ ਇਕ ਖੱਤਰੀ ਰਹਿੰਦਾ ਸੀ, ਉਸ ਦੇ ਘਰ ਇਕ ਲੜਕੀ ਸੀ। ਮਨੁੱਖ ਭੇਜ ਕੇ ਉਸ ਆਪਣੀ ਲੜਕੀ ਦੀ ਭਾਈ ਲਹਿਣੇ ਨਾਲ ਸਗਾਈ ਕਰ ਦਿੱਤੀ। ਫਿਰ ਜਦ ਕਾਫ਼ੀ ਸਮਾਂ ਬੀਤ ਗਿਆ॥ ੮॥

ਕਰਿਓ ਬਜਾਹ ਦਾਜ ਬਹੁ ਦੀਨਾ। ਦੇਖਿ ਜਮਾਤਾ ਆਨੰਦ ਭੀਨਾ।
ਗਏ ਗ੍ਰਾਮ ਨਿਜ ਰਹੇ ਬਹੋਰੀ। ਕਿਤਿਕ ਕਾਲ ਬਿਤਿਓ ਤਿਸ ਠੋਰੀ॥੯॥

ਫਿਰ ਖਡੂਰ ਦੇ ਉਸ ਖੱਤਰੀ ਨੇ ਲੜਕੀ ਦਾ ਵਿਆਹ ਕਰ ਦਿੱਤਾ ਅਤੇ ਦਾਜ ਬਹੁਤ ਦਿੱਤਾ। ਸਹੁਰਾ ਆਪਣੇ ਜਵਾਈ

ਭਾਵ ਲਹਿਣਾ ਜੀ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਵਿਆਹ ਕੇ ਆਪਣੇ ਪਿੰਡ ਚਲੇ ਗਏ ਤੇ ਫਿਰ ਓਥੇ ਰਹੇ, ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ॥ ੯॥

ਇਕ ਦਿਨ ਚਢੀ ਬਿਲੋਚਨ ਧਾਰੀ। ਜੰਗਲ ਮਤੇ ਸਰਾਇੰ ਸੁ ਮਾਰੀ।
ਢਾਹਿ ਨਿਕੇਤ ਥੇਹ ਸੋ ਕੀਨਾ। ਬਹੁਰ ਨ ਕੋਊ ਬਸਨੇ ਦੀਨਾ॥ ੧੦॥

ਇਕ ਦਿਨ ਬਲੋਚਾਂ ਦੀ ਧਾੜ ਚੜ੍ਹੀ, ਉਨ੍ਹਾਂ ਆ ਕੇ ਜੰਗਲ ਵਿੱਚ ਮੱਤੇ ਨਾਂਗੇ ਦੀ ਸਰਾਂ ਮਾਰ ਲਈ। ਭਾਵ ਲੁੱਟ ਲਈ ਸਾਰਾ ਪਿੰਡ ਢਾਹ ਕੇ ਥੇਹ ਕਰ ਦਿੱਤਾ, ਫਿਰ ਉਥੇ ਹੋਰ ਕਿਸੇ ਨੂੰ ਵੱਸਣ ਨਾ ਦਿੱਤਾ॥ ੧੦॥

ਸ੍ਰੀ ਲਹਿਣਾ ਤਬਿ ਤੇ ਤਜਿ ਗ੍ਰਾਮੂ। ਆਨਿ ਖਡੂਰ ਬਿਖੈ ਕਿਯ ਧਾਮੂ।
ਰਹੇ ਤਹਾਂ ਪੁਨ ਗਏ ਕਿਥਾਂਵ ਨ। ਬਹੁਤੇ ਕੀਨੇ ਸਮਾਂ ਬਿਤਾਵਨ॥੧੧॥

ਸ੍ਰੀ ਲਹਿਣਾ ਫਿਰ ਉਹ ਪਿੰਡ ਛੱਡ ਕੇ ਖਡੂਰ ਪਿੰਡ ਵਿਚ ਆ ਵੱਸਿਆ। ਫਿਰ ਉਥੇ ਹੀ ਰਹੇ ਅਤੇ ਕਿਸੇ ਹੋਰ ਥਾਂ ਨਾ ਗਏ। ਬਹੁਤ ਸਮਾਂ ਉਥੇ ਰਹਿੰਦਿਆਂ ਬਿਤੀਤ ਕੀਤਾ॥ ੧੧॥

ਗ੍ਰਾਮ ਖਡੂਰ ਨਾਰਿ ਨਰ ਜੋਊ। ਸੇਵਕ ਦੁਰਗਾ ਕੇ ਸਭਿ ਸੋਊ।
ਜਾਹਿੰ ਬਰਖ ਦਿਨ ਮਹਿੰ ਸ੍ਰੀ ਜ੍ਵਾਲਾ। ਪਰਸਿ ਕਾਂਗੜੇ ਹਰਖ ਬਿਸ਼ਾਲਾ॥੧੨॥

ਖਡੂਰ ਪਿੰਡ ਦੇ ਜਿਹੜੇ ਨਰ ਨਾਰੀ ਸਨ, ਸਾਰੇ ਦੁਰਗਾ ਦੇਵੀ ਦੇ ਸੇਵਕ ਸਨ। ਸਾਲ ਵਿਚ ਇਕ ਵਾਰ ਜਵਾਲਾ ਜੀ ਦੇ ਦਰਸਨਾਂ ਵਾਸਤੇ ਜਾਂਦੇ ਸਨ। ਉਹ ਕਾਂਗੜੇ ਜਾ ਕੇ ਦੇਵੀ ਦੀ ਪੂਜਾ ਕਰਕੇ ਬਹੁਤ ਖੁਸ਼ ਹੁੰਦੇ ਸਨ॥ ੧੨॥

ਲਹਿਣਾ ਸਭਿ ਮਹਿ ਮੁਖਿ ਹ੍ਵੈ ਜਾਈ। ਇਸ ਬਿਧਿ ਕਰਿਹੈ ਨੇਮ ਸਦਾਈ।
ਏਕ ਸਿੱਖ ਸ੍ਰੀ ਨਾਨਕ ਕੇਰਾ। ਰਹਿ ਖਡੂਰ ਜਿਸ ਪ੍ਰੇਮ ਘਨੇਰਾ॥ ੧੩॥

ਭਾਈ ਲਹਿਣਾ ਸਾਰਿਆਂ ਦਾ ਮੁਖੀ ਬਣ ਕੇ ਜਾਂਦਾ ਸੀ, ਇਸ ਤਰ੍ਹਾਂ ਸਦਾ ਹੀ ਨੇਮ ਨਾਲ ਜਾਂਦੇ ਸਨ। ਉਸ ਪਿੰਡ ਵਿਚ ਇਕ ਗੁਰੂ ਨਾਨਕ ਦੇਵ ਦਾ ਸਿੱਖ ਸੀ। ਉਹ ਖਡੂਰ ਵਿਚ ਰਹਿੰਦਾ ਸੀ ਅਤੇ ਵੱਡੀ ਪ੍ਰੇਮ ਭਰੀ ਉਸ ਦੀ ਸ਼ਖਸੀਅਤ ਸੀ॥ ੧੩॥

ਪਢੈ ਸਦੀਵ ਗੁਰੂ ਕੀ ਬਾਨੀ। ਸੇਵ ਆਨ ਕੀ ਰਿਦੇ ਨ ਆਨੀ।
ਸ਼ਰਧਾ ਸ੍ਰੀ ਨਾਨਕ ਪਗ ਮਾਂਹੀ। ਪ੍ਰੇਮਾਨੰਦ ਰਹੇ ਨਿਤ ਤਾਂਹੀ॥ ੧੪॥

ਉਹ ਸਦਾ ਹੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਦਾ ਸੀ, ਹੋਰ ਕਿਸੇ ਦਾ ਉਹ ਸਿਮਰਨ ਨਹੀਂ ਸੀ ਕਰਦਾ। ਉਸ ਦੀ ਸ਼ਰਧਾ ਸਦਾ ਗੁਰੂ ਨਾਨਕ ਦੇ ਚਰਨਾਂ ਵਿਚ ਰਹਿੰਦੀ ਸੀ, ਇਸ ਕਰਕੇ ਸਦਾ ਪ੍ਰੇਮ ਦੇ ਅਨੰਦ ਵਿਚ ਰਹਿੰਦਾ ਸੀ॥ ੧੪॥

ਏਕ ਦਿਵਸ ਮਹਿੰ ਇਕ ਮਨ ਹੋਈ। ਬਾਨੀ ਪਢੈ ਪ੍ਰੇਮ ਯੁਤ ਸੋਈ।
ਸੁਨੇ ਸ਼ਬਦ ਸ੍ਰੀ ਲਹਿਣੇ ਜਬਿਹੀ। ਜਾਗਯੋ ਰਿਦੇ ਪ੍ਰੇਮ ਬਹੁ ਤਬਿਹੀ॥੧੫॥

ਇਕ ਦਿਨ ਇਕ-ਮਨ ਹੋ ਕੇ ਬੜੇ ਪ੍ਰੇਮ ਨਾਲ ਬਾਣੀ ਪੜ੍ਹ ਰਿਹਾ ਸੀ। ਸ੍ਰੀ ਲਹਿਣੇ ਜੀ ਨੇ ਜਦ ਉਸ ਦੇ ਸ਼ਬਦ ਸੁਣੇ ਤਾਂ ਉਸੇ ਵੇਲੇ ਉਸ ਦੇ ਦਿਲ ਵਿਚ ਬਹੁਤ ਪ੍ਰੇਮ ਜਾਗਿਆ॥ ੧੫॥

ਸਿੱਖ ਹਕਾਰਯੋ ਬੂਝਯੋ ਤਾਂਕੋ। 'ਤੁਮ ਜੋ ਪਢਤਿ ਸ਼ਬਦ ਕਹੁ ਕਾਂਕੋ'।
ਸਿੱਖ ਕਹਯੋ 'ਗੁਰ ਨਾਨਕ ਮੇਰਾ। ਪੜ੍ਹੌਂ ਸ਼ਬਦ ਤਿਨ ਕੋ ਮੈਂ ਚੇਰਾ'॥੧੬॥

ਭਾਈ ਲਹਿਣੇ ਨੇ ਉਸ ਸਿੱਖ ਨੂੰ ਬੁਲਾਇਆ ਅਤੇ ਪੁਛਿਆ, "ਤੁਸੀਂ ਜਿਹੜਾ ਸ਼ਬਦ ਪੜ੍ਹਦੇ ਹੋ ਇਹ ਕਿਸ ਦਾ ਲਿਖਿਆ ਹੋਇਆ ਹੈ?" ਸਿੱਖ ਨੇ ਕਿਹਾ, "ਗੁਰੂ ਨਾਨਕ ਮੇਰਾ ਗੁਰੂ ਹੈ, ਮੈਂ ਉਨ੍ਹਾਂ ਦਾ ਚੇਲਾ ਹਾਂ ਉਨ੍ਹਾਂ ਦਾ ਸ਼ਬਦ ਮੈਂ ਪੜ੍ਹਦਾ ਹਾਂ॥ ੧੬॥

ਦੋਹਰਾ- ਤਬ ਲਹਿਣੇ ਮਨ ਮੈਂ ਗਿਣੀ ਜਿਸਕੇ ਐਸੇ ਬੈਨ।
ਗੁਰੂ ਕਰੋਂ ਤਾਂਕੋ ਅਬੈ, ਸੁਨਤਿ ਹੋਤਿ ਮਨ ਚੈਨ॥ ੧੭॥

ਤਦ ਲਹਿਣੇ ਨੇ ਮਨ ਵਿਚ ਵਿਚਾਰ ਕੀਤੀ ਕਿ ਜਿਸ ਦੀ ਐਸੀ ਬਾਣੀ ਹੈ, ਉਨ੍ਹਾਂ ਨੂੰ ਮੈਂ ਹੁਣੇ ਗੁਰੂ ਧਾਰਨ ਕਰਾਂਗਾ, ਜਿਨ੍ਹਾਂ ਦੀ ਬਾਣੀ ਸੁਣ ਕੇ ਮਨ ਨੂੰ ਚੈਨ ਆਉਂਦਾ ਹੈ॥ ੧੭॥

ਚੌਪਈ- ਸੁਨਜੋ ਸ਼੍ਰਵਨ ਮਹਿ ਸੁਜਸੁ ਅਗਾਰੇ। ਸ਼੍ਰੀ ਨਾਨਕ ਹੈਂ ਗਜਾਨ ਉਦਾਰੇ।
ਹਮਰੇ ਗ੍ਰਾਮ ਪ੍ਰਵਿਰਤ ਨ ਆਹੀ। ਦਰਸ਼ਨ ਪਰਸ ਨ ਕੋ ਤਿਨ ਜਾਹੀ॥੧੮॥

ਗੁਰੂ ਨਾਨਕ ਦੇਵ ਜੀ ਦਾ ਹੋਰ ਵੀ ਜੱਸ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਗਿਆਨ ਦੇ ਦਾਤੇ ਹਨ। ਸਾਡੇ ਪਿੰਡ ਵਿਚ ਉਹ ਨਹੀ ਆਉਣਗੇ, ਇਸ ਲਈ ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਮੈਂ ਆਪ ਜਾਂਦਾ ਹਾਂ॥ ੧੮॥

ਔਰ ਨ ਕਿਸਕੀ ਸੰਗਤਿ ਹੋਈ। ਜਾਂਤੇ ਪਿਖਊਂ ਜਾਇ ਗੁਰ ਸੋਈ।
ਸੁਨਜੋ ਸ਼ਬਦ ਇਨ ਸਿਖ ਜੁ ਬਖਾਨਜੋ। ਦਰਸ ਕਰੋਂ ਮਨ ਬਹੁਰ ਲੁਭਾਨਜੋ॥੧੯॥

ਹੋਰ ਕਿਸੇ ਦੀ ਸੰਗਤ ਨਹੀ ਕਰਾਂਗਾ, ਜਦ ਤਕ ਉਸ ਗੁਰੂ ਜੀ ਨੂੰ ਜਾ ਕੇ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਲੈਂਦਾ। ਜੋ ਇਸ ਸਿੱਖ ਨੇ ਜੋ ਸ਼ਬਦ ਬੋਲਿਆ ਹੈ, ਉਸ ਨੂੰ ਸੁਣ ਕੇ ਹੀ ਮਨ ਬੜਾ ਪ੍ਰਸੰਨ ਹੋਇਆ ਹੈ ਤਾਂ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਮਨ ਕਿੰਨਾ ਅਨੰਦਿਤ ਹੋਵੇਗਾ॥ ੧੯॥

ਦੋਹਰਾ- ਜ੍ਵਾਲਾ ਪਰਸਨ ਕੋ ਸਮੈਂ ਆਯੋ ਅਬਹੀ ਨੇਰ।
ਤਿਹ ਮਗ ਸਭਿ ਨਰ ਲੈ ਚਲੋਂ ਲੇਵੋਂ ਦਰਸ਼ਨ ਹੇਰਿ॥ ੨੦॥

ਜਵਾਲਾ ਪੂਜਾ ਦਾ ਸਮਾਂ ਹੁਣ ਬਹੁਤ ਨੇੜੇ ਆਇਆ ਹੈ। ਉਸ ਰਸਤੇ ਸਾਰੇ ਸਾਥੀਆ ਨੂੰ ਲੈ ਜਾਵਾਂਗਾ ਅਤੇ ਵੇਖ ਕੇ ਗੁਰੂ ਜੀ ਦੇ ਦਰਸ਼ਨ ਕਰ ਲਵਾਂਗਾ॥ ੨੦॥

ਤਬਿ ਤਿਂਹ ਸਿਖ ਕੇ ਪਾਸ ਤੇ ਸ਼ਬਦ ਕੰਠ ਕਰਿ ਲੀਨ।
ਨਿਤਪ੍ਰਤਿ ਪਢਿਹੀ ਪ੍ਰੇਮ ਕਰਿ ਉਪਜੇ ਭਾਉ ਨਵੀਨ॥ ੨੧॥

ਤਦ ਉਸ ਸਿੱਖ ਦੇ ਪਾਸੋਂ ਕਈ ਸ਼ਬਦ ਕੰਠ ਕਰ ਲਏ। ਰੋਜ਼ ਪ੍ਰੇਮ ਕਰਕੇ ਸ਼ਬਦ ਪੜ੍ਹਦੇ ਸਨ ਅਤੇ ਮਨ ਵਿਚ ਨਵਾਂ ਪਿਆਰ ਪੈਦਾ ਹੁੰਦਾ ਸੀ॥ ੨੧॥

ਚੌਪਈ- ਮਿਲਿਨੇ ਕੀ ਅਭਿਲਾਖਾ ਐਸੇ। ਮਧੁਕਰ ਖੋਜਤਿ ਪੁਸ਼ਕਰ ਜੈਸੇ।
ਜਿਉਂ ਮ੍ਰਿਗ ਪਜਾਸੋ ਜਲ ਕੋ ਚਾਹੈ। ਜਿਉਂ ਚਾਤ੍ਰਿਕ ਇਕ ਬੂੰਦ ਬਿਨਾਹੈ॥੨੨॥

ਮਿਲਣ ਦੀ ਅਭਿਲਾਸ਼ਾ ਇਸ ਤਰ੍ਹਾਂ ਦੀ ਪੈਦਾ ਹੋਈ ਸੀ ਜਿਵੇਂ ਭੌਰਾ ਫੁੱਲ ਲੱਭ ਰਿਹਾ ਹੋਵੇ। ਜਿਵੇਂ ਪਿਆਸਾ ਹਿਰਨ ਜਲ ਨੂੰ ਚਾਹੁੰਦਾ ਹੋਵੇ ਜਿਵੇਂ ਪਪੀਹਾ ਜਲ ਦੀ ਇਕ ਬੂੰਦ ਲਈ ਬੇਨਤੀਆਂ ਕਰਦਾ ਹੋਵੇ॥ ੨੨॥

ਦੇਵੀ ਪਰਸਨ ਦਿਨ ਪੁਨ ਆਯੋ। ਸਭਿਨਿ ਲਿਜਾਵਨ ਮਨ ਠਹਿਰਾਯੋ।
ਅਧਿਕ ਭਏ ਨਰ ਲਹਿਣੇ ਸੰਗਾ। ਗਮਨੇ ਜ੍ਵਾਲਾ ਸਹਿਤ ਉਮੰਗਾ॥੨੩॥

ਫਿਰ ਦੇਵੀ ਪੂਜਾ ਦਾ ਦਿਨ ਆਇਆ। ਸਾਰਿਆਂ ਸਾਥੀਆਂ ਨੂੰ ਨਾਲ ਲੈ ਜਾਣ ਦਾ ਮਨ ਬਣਾਇਆ। ਬਹੁਤ ਮਨੁੱਖ ਭਾਈ ਲਹਿਣੇ ਜੀ ਦੇ ਨਾਲ ਗਏ। ਉਹ ਜਵਾਲਾ ਜੀ ਜਾਣ ਵਾਸਤੇ ਬੜੇ ਉਤਸ਼ਾਹ ਨਾਲ ਚਲ ਪਏ॥ ੨੩॥

ਸਰਬ ਸੰਗ ਸੋਂ ਕਹਜੋ ਸੁਨਾਈ। 'ਅਪਰ ਪੰਥ ਚਲਿਕੈ ਅਬ ਜਾਈਂ।
ਸ਼੍ਰੀ ਗੁਰ ਨਾਨਕ ਪੁਰਖ ਮਹਾਨਾ। ਤਿਹ ਕੋ ਦਰਸ਼ ਕਰਹੁ ਮਤਿਵਾਨਾ!॥੨੪॥

ਭਾਈ ਲਹਿਣੇ ਨੇ ਸਾਰੇ ਸਾਥੀਆਂ ਨੂੰ ਸੁਣਾ ਕੇ ਕਿਹਾ, "ਇਸ ਵਾਰ ਹੋਰ ਰਾਹ ਚਲ ਕੇ ਜਾਣਾ ਹੈ। ਸ੍ਰੀ ਗੁਰੂ ਨਾਨਕ ਮਹਾਨ ਪੁਰਖ ਹਨ। ਹੇ ਬੁਧੀਵਾਨੋ ! ਪਹਿਲਾਂ ਉਨ੍ਹਾਂ ਦੇ ਦਰਸ਼ਨ ਕਰੋ॥ ੨੪॥

ਇਹ ਮਗ ਜਾਵਨ ਫਲ ਸੁ ਬਿਸ਼ਾਲੇ। ਦ੍ਵੈ ਕੋ ਦਰਸ਼ਨ ਹੋਇਂ ਸੁਖਾਲੇ'।
ਇਉਂ ਸੁਨਿ ਨਰ ਬਹੁ ਸੰਗ ਸਿਧਾਰੇ। ਕਹੈਂ ਕਿ 'ਚਲਹੁ ਸੁ ਲੇਹੁ ਨਿਹਾਰੇ' ॥੨੫॥

ਇਸ ਰਸਤੇ ਜਾਣ ਨਾਲ ਵਿਸ਼ਾਲ ਫਲ ਮਿਲੇਗਾ, ਦੋਹਾਂ ਦੇ ਸੁਖਾਲੇ ਦਰਸ਼ਨ ਹੋ ਜਾਣਗੇ।" ਇਹ ਸੁਣ ਕੇ ਬਹੁਤ ਮਨੁੱਖ ਉਸ ਦੇ ਨਾਲ ਚਲ ਪਏ। ਉਹ ਕਹਿਣ ਲੱਗੇ, "ਚਲੋ, ਉਨ੍ਹਾਂ ਦੇ ਵੀ ਦਰਸ਼ਨ ਕਰ ਲਈਏ"॥ ੨੫॥

ਬਹੁਤ ਭੀਰ ਨਿਜ ਲੇਕਰਿ ਸੰਗਾ। ਗਮਨਜੋ ਲਹਿਣਾ ਭਾਗ ਉਤੰਗਾ।
ਕ੍ਰਮ ਕ੍ਰਮ ਸਗਰੋ ਮਾਰਗ ਛੋਰੀ। ਪਹੁੰਚੇ ਪੁਰਿ ਕਰਤਾਰਹਿ ਠੋਰੀ॥ ੨੬॥

ਬਹੁਤ ਮਨੁੱਖਾਂ ਦਾ ਸਮੂਹ ਨਾਲ ਲੈ ਕੇ, ਵੱਡੇ ਭਾਗਾਂ ਵਾਲਾ ਭਾਈ ਲਹਿਣਾ ਚੱਲ ਪਿਆ। ਚਲਦੇ ਚਲਦੇ ਉਹ ਸਾਰਾ ਮਾਰਗ ਲੰਘ ਗਏ ਤੇ ਪਿੰਡ ਕਰਤਾਰਪੁਰ ਵਿਚ ਪਹੁੰਚ ਗਏ॥ ੨੬॥

ਵਹਿਰ ਤਿਸ਼ਟ ਇਕ ਮਨੁਜ ਬੁਝੇਰਾ। ਇਹ ਜੋ ਗ੍ਰਾਮ ਅਹੈ ਕਿਸ ਕੇਰਾ?'।
ਕਹੈ ਸੁ ਨਰ 'ਜਗ ਗੁਰ ਗਤਿਦਾਈ। ਸ੍ਰੀ ਨਾਨਕ ਜੋ ਤਪਾ ਕਹਾਈ॥੨੭॥

ਨਗਰ ਦੇ ਬਾਹਰ ਖਲੋ ਕੇ ਇਕ ਮਨੁੱਖ ਪਾਸੋਂ ਪੁਛਿਆ, ਇਹ ਜੋ ਪਿੰਡ ਹੈ ਇਹ ਕਿਸਦਾ ਹੈ ?" ਉਸ ਆਦਮੀ ਨੇ ਕਿਹਾ, "ਇਹ ਨਗਰ ਜਗਤ ਦੇ ਗੁਰੂ ਮੁਕਤੀਦਾਤੇ ਸ੍ਰੀ ਗੁਰੂ ਨਾਨਕ ਦੇਵ ਦਾ ਹੈ, ਜਿਸ ਨੂੰ 'ਤਪਾ' ਕਰਕੇ ਕਹਿੰਦੇ ਹਨ॥ ੨੭॥

ਬਹੁ ਨਰ ਦੂਰ ਦੇਸ਼ ਤੇ ਆਵਹਿਂ। ਦਰਸ ਕਰਹਿਂ ਨਿਜ ਇੱਛ ਪੁਜਾਵਹਿਂ।
ਨਿਜ ਉਪਦੇਸ਼ਜੋ ਜਗ ਮਹਿਂ ਨਾਮੂ। ਤਿਨ ਕੋ ਜਾਨਿ ਲੇਹੁ ਇਹੁ ਗ੍ਰਾਮੂ ॥੨੮॥

ਬਹੁਤ ਮਨੁੱਖ ਦੂਰ ਦੂਰ ਤੋਂ ਆਉਂਦੇ ਹਨ ਅਤੇ ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਆਪਣਾ ਉਪਦੇਸ਼ ਦੇਣ ਕਰਕੇ ਉਨ੍ਹਾਂ ਦਾ ਜੱਗ ਵਿਚ ਨਾਮ ਪ੍ਰਸਿੱਧ ਹੈ, ਇਹ ਪਿੰਡ ਉਨ੍ਹਾਂ ਦਾ ਹੀ ਜਾਣ ਲਵੋ"॥ ੨੮॥

ਸੁਨਿ ਲਹਿਣੇ ਕੈ ਸੰਗੀ ਕਹਿਹੀਂ। 'ਜਿਸਕੇ ਸ਼ਬਦ ਪਢਤਿ ਤੂੰ ਰਹਿਹੀਂ।
ਦਰਸ਼ਨ ਨਿਤਪ੍ਰਤਿ ਰਿਦੇ ਚਹਿਤ ਹੈਂ। ਸੋ ਸ੍ਰੀ ਨਾਨਕ ਇਹਾਂ ਬਸਤਿ ਹੈਂ' ॥੨੯॥

ਇਹ ਸੁਣ ਕੇ ਲਹਿਣੇ ਦੇ ਸਾਥੀ ਕਹਿਣ ਲੱਗੇ, "ਜਿਸ ਦੇ ਤੂੰ ਸ਼ਬਦ ਪੜ੍ਹਦਾ ਰਹਿੰਦਾ ਹੈਂ, ਅਤੇ ਹਰ ਵੇਲੇ ਉਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈਂ, ਉਹ ਸ੍ਰੀ ਨਾਨਕ ਏਥੇ ਰਹਿੰਦੇ ਹਨ"॥ ੨੯॥

ਸੁਨਿ ਹਰਖਜੋ ਨਹਿਂ ਅੰਗ ਸਮਾਵਹਿ। ਜਿਉਂ ਕਿਰਪਨ ਕੋ ਧਨ ਬਹੁ ਪਾਵਹਿ।
ਭਯੋ ਠਾਂਢਿ ਨਿਜ ਸਾਥ ਅਗਾਰੀ। ਸਭਿਹਿਨਿ ਸੋਂ ਅਸ ਗਿਰਾ ਉਚਾਰੀ॥੩੦॥

ਭਾਈ ਲਹਿਣਾ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਅੰਗਾਂ ਵਿੱਚ ਨਹੀਂ ਸੀ ਸਮਾਉਂਦਾ। ਜਿਵੇਂ ਕੰਜੂਸ ਨੂੰ ਬਹੁਤ ਧਨ ਮਿਲ ਗਿਆ ਹੋਵੇ। ਆਪਣੇ ਸਾਥੀਆਂ ਦੇ ਅੱਗੇ ਖੜਾ ਹੋ ਗਿਆ ਤੇ ਸਾਰਿਆਂ ਨੂੰ ਕਿਹਾ॥ ੩੦॥

ਦੋਹਰਾ- 'ਠਹਿਰੋ ਇਹ ਠਾਂ ਤੁਮ ਸਭੈ, ਹੌਂ ਦਰਸ਼ਨ ਕਰਿ ਆਇ।
ਬਹੁਰੋ ਡੇਰਾ ਕਰੈਂ ਮਿਲਿ, ਕਿਧੌਂ ਅਗਾਰੀ ਜਾਇਂ' ॥੩੧॥

"ਤੁਸੀ ਸਾਰੇ ਇਸ ਥਾਂ ਠਹਿਰੋ, ਮੈਂ ਦਰਸ਼ਨ ਕਰਕੇ ਆਉਂਦਾ ਹਾਂ, ਫਿਰ ਸਾਰੇ ਮਿਲ ਕੇ ਇਥੇ ਰਹਾਂਗੇ ਜਾਂ ਅੱਗੇ ਜਾਵਾਂਗੇ" ॥ ੩੧॥

ਚੌਪਈ- ਅਸ ਕਹਿ ਗ੍ਰਾਮ ਸਾਮੁਹੇ ਗਮਨੀ। ਮਨ ਮੈਂ ਗੁਨੀ ਗੁਰੂ ਗੁਨ ਭਵਨੀ।
ਸੇਵਕ ਹਮਰਾ ਆਵਤਿ ਸੋਈ। ਮੋਹਿ ਰਾਜ ਕਾ ਧਨੀ ਜੁ ਹੋਈ॥ ੩੨॥

ਇਹ ਕਹਿ ਕੇ ਭਾਈ ਲਹਿਣਾ ਜੀ ਪਿੰਡ ਵਿਚ ਚਲੇ ਗਏ, ਉਸ ਸਮੇਂ ਗੁਣਾਂ ਦੇ ਘਰ ਗੁਰੂ ਨਾਨਕ ਦੇਵ ਨੇ ਮਨ ਵਿਚ ਵਿਚਾਰਿਆ ਕਿ ਸਾਡਾ ਸੇਵਕ ਆ ਰਿਹਾ ਹੈ, ਜੋ ਮੇਰੇ ਰਾਜ ਦਾ ਧਨੀ ਹੋਵੇਗਾ॥ ੩੨॥

ਨਿਜ ਆਸਨ ਤਜਿ ਕਰਿ ਤਬਿ ਆਏ। ਵਹਿਰ ਗ੍ਰਾਮ ਠਾਂਢੇ ਇਕ ਥਾਂਏ।
ਮਿਲੇ ਸਰਬ ਤੇ ਹੋਇ ਨਿਆਰੇ। ਸ੍ਰੀ ਨਾਨਕ ਲਹਿਣੇ ਨਿਜ ਪਜਾਰੇ॥੩੩॥

ਆਪਣਾ ਆਸਣ ਛੱਡ ਕੇ ਤਦ ਬਾਹਰ ਆਏ ਅਤੇ ਪਿੰਡ ਦੇ ਬਾਹਰ ਵਾਰ ਇਕ ਥਾਂ ਠਹਿਰ ਗਏ। ਭਾਈ ਲਹਿਣਾ ਜੀ ਆਪਣੇ ਸਾਰੇ ਸਾਥੀਆਂ ਤੋਂ ਵੱਖ ਹੋ ਕੇ ਗੁਰੂ ਨਾਨਕ ਦੇਵ ਜੀ ਨੂੰ ਬਾਹਰ ਆ ਮਿਲੇ। ਸ੍ਰੀ ਗੁਰੂ ਨਾਨਕ ਜੀ ਆਪਣੇ ਪਿਆਰੇ ਲਹਿਣੇ ਨੂੰ ਬੜੇ ਪ੍ਰੇਮ ਨਾਲ ਮਿਲੇ॥ ੩੩॥

ਦੋਹਰਾ- ਅਵਲੋਕਤਿ ਬੋਲਜੋ ਤਬੈ 'ਸ੍ਰੀ ਨਾਨਕ ਗੁਨ ਖਾਨਿ।
ਤਿਨ ਦਰਸ਼ਨ ਕੀ ਚਾਹਿ ਮੁਝ ਅਹੈਂ ਸੁ ਕੌਨੇ ਥਾਨ?'॥ ੩੪॥

ਭਾਈ ਲਹਿਣਾ ਗੁਰੂ ਨਾਨਕ ਦੇਵ ਜੀ ਨੂੰ ਵੇਖ ਕੇ ਬੋਲਿਆ, "ਮੈਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦੀ ਚਾਹ ਹੈ, ਉਹ ਏਥੇ ਕਿਥੇ ਰਹਿੰਦੇ ਹਨ?" ॥ ੩੪॥

ਚੌਪਈ- ਸ੍ਰੀ ਪ੍ਰਭੁ ਸੁਨਿ ਕੈ ਬੈਨ ਉਚਾਰੇ। 'ਆਵਹੁ ਤੁਮ ਹਮਰੇ ਸੰਗਾਰੇ।
ਸ੍ਰੀ ਨਾਨਕ ਕੋ ਦੇਊਂ ਦਿਖਾਏ। ਜਿਹ ਕੋ ਤੂੰ ਬੂਝਤਿ ਹਿਤ ਲਾਏ' ॥੩੫॥

ਗੁਰੂ ਨਾਨਕ ਦੇਵ ਜੀ ਨੇ ਇਹ ਸੁਣ ਕੇ ਬਚਨ ਕੀਤੇ, "ਆਉ ਤੁਸੀਂ ਮੇਰੇ ਨਾਲ ਚਲੋ, ਸ੍ਰੀ ਨਾਨਕ ਤੁਹਾਨੂੰ ਵਿਖਾ ਦਿੰਦੇ ਹਾਂ, ਜਿਸ ਬਾਰੇ ਤੁਸੀ ਬੜੇ ਪ੍ਰੇਮ ਨਾਲ ਪੁਛ ਰਹੇ ਹੋ" ॥੩੫॥

ਅਸ ਕਹਿ ਸ੍ਰੀ ਗੁਰ ਚਲੇ ਅਗਾਰੀ। ਇਹ ਬਾਜਨਿ ਪਰ ਜਾਇ ਪਿਛਾਰੀ।
ਪਹੁੰਚੇ ਜਬਿ ਸਮੀਪ ਧ੍ਰਮਸਾਲਾ। ਬੋਲੇ ਠਾਂਢੇ ਹੋਇ ਕ੍ਰਿਪਾਲਾ॥ ੩੬॥

ਇਹ ਕਹਿ, ਸ੍ਰੀ ਗੁਰੂ ਜੀ ਅੱਗੇ-ਅੱਗੇ ਚਲ ਪਏ, ਸ੍ਰੀ ਲਹਿਣਾ ਘੋੜੇ ਤੇ ਚੜ੍ਹਿਆ ਪਿਛੇ-ਪਿਛੇ ਆ ਰਿਹਾ ਸੀ। ਜਦ ਧਰਮਸਾਲਾ ਦੇ ਨੇੜੇ ਪਹੁੰਚੇ ਤਾਂ ਗੁਰੂ ਨਾਨਕ ਦੇਵ ਜੀ ਖੜੇ ਹੋ ਕੇ ਬੋਲੇ॥ ੩੬॥

'ਬੜਵਾ ਪਰ ਤੇ ਅਬ ਉਤਰੀਜੈ। ਇਸ ਕਾਸ਼ਟ ਕੇ ਸੰਗ ਬੰਧੀਜੈ।
ਤੁਮਰੇ ਸਨਮੁਖ ਹੈ ਦਰ ਜੋਊ। ਪ੍ਰਵਿਸ਼ਹੁ ਤਿਸ ਮਹਿਂ ਦਰਸ਼ਹੁ ਸੋਊ' ॥੩੭॥

'ਹੁਣ ਘੋੜੇ ਤੋਂ ਉਤਰ ਜਾਵੋ, ਤੇ ਇਸ ਨੂੰ ਇਸ ਕਿੱਲੇ ਨਾਲ ਬੰਨ੍ਹ ਦੇਵੋ, ਤੁਹਾਡੇ ਸਾਹਮਣੇ ਜਿਹੜਾ ਦਰਵਾਜ਼ਾ ਹੈ, ਉਸ ਵਿਚ ਅੰਦਰ ਜਾਣ ਨਾਲ ਤੁਹਾਨੂੰ ਗੁਰੂ ਨਾਨਕ ਜੀ ਦੇ ਦਰਸ਼ਨ ਹੋ ਜਾਣਗੇ' ॥ ੩੭॥

ਦੋਹਰਾ- ਇਸ ਪ੍ਰਕਾਰ ਮ੍ਰਿਦੁ ਬਚਨ ਕਹਿ ਤਹਿਂ ਤੇ ਆਗੇ ਜਾਇ।
ਲਘੁ ਦਰ ਧ੍ਰਮਸਾਲਾ ਦੁਤਿਯ ਪ੍ਰਵਿਸ਼ੇ ਗੁਰ ਗਤਿਦਾਇ॥ ੩੮॥

ਇਸ ਤਰ੍ਹਾਂ ਕੋਮਲ ਬਚਨ ਕਹਿ ਕੇ ਗੁਰੂ ਜੀ ਉਸ ਤੋਂ ਅੱਗੇ ਚਲੇ ਗਏ। ਧਰਮਸਾਲਾ ਦਾ ਛੋਟਾ ਦਰਵਾਜ਼ਾ ਲੰਘ ਕੇ ਮੁਕਤੀਦਾਤੇ ਭਾਵ ਗੁਰੂ ਜੀ ਅੰਦਰ ਚਲੇ ਗਏ॥ ੩੮॥

ਚੌਪਈ- ਅੰਤਰ ਜਾਇ ਸਿੰਘਾਸਨ ਬੈਸੇ। ਧਰਜੋ ਸ਼ਰੀਰ ਸ਼ਾਂਤਿ ਰਸ ਜੈਸੇ।
ਬਾਂਧਿ ਤੁਰੰਗਨਿ ਲਹਿਣਾ ਗਯੋ। ਸ੍ਰੀ ਨਾਨਕ ਕੋ ਦੇਖਤਿ ਭਯੋ॥ ੩੯॥

ਅੰਦਰ ਜਾ ਕੇ ਪਹਿਲਾਂ ਹੀ ਸਿੰਘਾਸਣ ਤੇ ਬੈਠ ਗਏ ਅਤੇ ਸ਼ਾਂਤ ਰਸ ਵਾਂਗ ਸਰੀਰ ਧਾਰਨ ਕਰ ਲਿਆ। ਘੋੜੀ ਨੂੰ ਬੰਨ੍ਹ ਕੇ ਭਾਈ ਲਹਿਣਾ ਅੰਦਰ ਚਲਾ ਗਿਆ ਅਤੇ ਉਥੇ ਜਾ ਕੇ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ॥ ੩੯॥

'ਸ਼ਰਨ ਸ਼ਰਨਾ' ਕਹਿ ਬੰਦਨ ਕੀਨੀ। ਅਤਿ ਸ਼ਰਧਾ ਮਹਿਂ ਮਤਿ ਜਿਹ ਭੀਨੀ।
ਬੈਠਿ ਪਛਾਨਯੋ ਹੈ ਇਹ ਸੋਈ। ਪੰਥ ਬਤਾਵਤਿ ਆਵਤਿ ਜੋਈ॥ ੪੦॥

'ਸ਼ਰਨ ਸ਼ਰਨਾ' ਕਹਿ ਕੇ ਬੰਦਨਾ ਕੀਤੀ, ਜਿਸ ਦੀ ਮੱਤ ਅਤਿ ਸ਼ਰਧਾ ਵਿਚ ਭਿੱਜੀ ਹੋਈ ਸੀ। ਬੈਠ ਕੇ ਪਛਾਣਿਆ ਕਿ ਇਹ ਤਾਂ ਉਹੀ ਹਨ ਜਿਨ੍ਹਾਂ ਨੇ ਮੈਨੂੰ ਰਾਹ ਵਿਖਾਇਆ ਸੀ॥ ੪੦॥

ਅਚਰਜ ਗੁਨਿਕੈ ਭਯੋ ਹਰਾਨਾ। ਔਗੁਨ ਬਡੋ ਆਪ ਤੇ ਜਾਨਾ।
ਰਿਦੇ ਬਿਸੂਰਤਿ ਜੇ ਹਉਂ ਜਾਨਤਿ। ਉਤਰ ਤੁਰੰਗਨਿ ਬੰਦਨ ਠਾਨਤਿ॥੪੧॥

ਅਚਰਜ ਸਮਝ ਕੇ ਬਹੁਤ ਹੈਰਾਨ ਹੋਇਆ, ਆਪਣੇ ਆਪ ਤੋਂ ਵੱਡਾ ਔਗੁਣ ਹੋਇਆ ਸਮਝਿਆ। ਹਿਰਦੇ ਵਿਚ ਝੂਰਨ ਲੱਗਾ ਹੈ, ਜੇ ਮੈਂ ਪਹਿਲਾਂ ਜਾਣਦਾ ਹੁੰਦਾ ਤਾਂ ਘੋੜੀ ਤੋਂ ਉਤਰ ਕੇ ਬੰਦਨਾ ਕਰਦਾ॥ ੪੧॥

ਦੋਹਰਾ- ਭੀਤ ਭਯੋ, ਬਿਸਮਾਦਿਓ, ਨਹਿਂ ਬੋਲੈ ਕਛੂ ਬੈਨ।
ਬਡੀ ਭੂਲ ਮੋਤੇ ਭਈ ਰਹਯੋ ਨੀਚ ਕਰਿ ਨੈਨ॥ ੪੨॥

ਡਰ ਗਿਆ, ਬਹੁਤ ਹੈਰਾਨ ਹੋਇਆ ਤੇ ਕੋਈ ਵੀ ਗੱਲ ਨਾ ਕੀਤੀ। ਸੋਚਣ ਲੱਗਾ, ਮੈਥੋਂ ਬਹੁਤ ਵੱਡੀ ਭੁੱਲ ਹੋਈ ਹੈ ਤੇ ਨੀਵੇਂ ਨੈਣ ਕਰਕੇ ਖੜਾ ਰਿਹਾ॥ ੪੨॥

ਚੌਪਈ- ਹੌਂ ਬਾਜਨਿ ਪਰ ਚਢਯੋ ਕੁਭਾਗਾ। ਪਗ ਸੌਂ ਚਲਿ ਆਏ ਮੁਰਿ ਆਗਾ।
ਇਹ ਬਡ ਗੁਨਹਿ ਛਿਮਹਿਂ ਕਿਵ ਮੇਰਾ। ਇਸ ਬਿਧਿ ਸੋਚਤਿ ਭਯੋ ਘਨੇਰਾ॥੪੩॥

ਮੈਂ ਭੈੜੇ ਭਾਗਾਂ ਵਾਲਾ ਘੋੜੀ ਤੇ ਚੜ੍ਹਿਆ ਰਿਹਾ ਤੇ ਉਹ ਪੈਦਲ ਚਲ ਕੇ ਮੇਰੇ ਅੱਗੇ-ਅੱਗੇ ਆਏ। ਮੇਰਾ ਏਨਾ ਵੱਡਾ ਗੁਨਾਹ ਕਿੱਥ ਮੁਆਫ ਹੋਵੇਗਾ, ਇਸ ਤਰ੍ਹਾਂ ਬਹੁਤ ਡੂੰਘਾ ਸੋਚ ਰਿਹਾ ਸੀ॥ ੪੩॥

ਸ੍ਰੀ ਨਾਨਕ ਸਭਿ ਮਨ ਕੀ ਜਾਨੀ। ਕ੍ਰਿਪਾ ਨਿਧਾਨ ਕਹੀ ਮ੍ਰਿਦੁ ਬਾਨੀ।
ਪੁਰਖਾ! ਕੁਸ਼ਲ ਤੁਮਾਰੈ ਅਹੇ?'। ਸੁਨਤਿ ਸ੍ਰੋਨ ਲਹਿਣੇ ਬਚ ਕਹੇ॥੪੪॥

ਗੁਰੂ ਨਾਨਕ ਦੇਵ ਜੀ ਭਾਈ ਲਹਿਣੇ ਦੇ ਮਨ ਦੀ ਗੱਲ ਜਾਣ ਗਏ। ਕ੍ਰਿਪਾ ਨਿਧਾਨ ਗੁਰੂ ਜੀ ਨੇ ਕੋਮਲ ਬਚਨ ਕਹੇ, "ਪੁਰਖਾ ! ਸਭ ਸੁਖ-ਸਾਂਦ ਹੈ ?" ਇਹ ਸੁਣ ਕੇ ਭਾਈ ਲਹਿਣੇ ਨੇ ਕਿਹਾ॥ ੪੪॥

'ਤੁਮ ਦਰਸ਼ਨ ਤੇ ਪਰਮ ਅਨੰਦਾ। ਪ੍ਰਾਪਤਿ ਭਯੋ ਮੋਹਿ ਸੁਖਕੰਦਾ!'।
ਬੇਖ ਭਗਤ ਦੇਵੀ ਕੋ ਸਭਿਹੀ। ਕਰਿ ਬਿਚਾਰ ਕੋ ਤਜਾਗਯੋ ਤਬਿਹੀ॥੪੫॥

"ਤੁਹਾਡੇ ਦਰਸ਼ਨ ਕਰਕੇ ਪਰਮ ਅਨੰਦ ਆਇਆ ਹੈ, ਮੈਨੂੰ ਸੁੱਖਾਂ ਦੀ ਦਾਤ ਮਿਲ ਗਈ ਹੈ।" ਭਾਈ ਲਹਿਣੇ ਨੇ ਦੇਵੀ ਦੀ ਭਗਤੀ ਨੂੰ ਇਕ ਪਾਖੰਡ ਸਮਝਿਆ ਅਤੇ ਵਿਚਾਰ ਕਰਕੇ ਜਵਾਲਾ ਵਿਖੇ ਜਾਣ ਦਾ ਖਿਆਲ ਛੱਡ ਦਿੱਤਾ॥ ੪੫॥

ਪਗ ਸੌਂ ਘੁੰਗਰੂ ਬਾਂਧੇ ਜੋਊ। ਤੋਰਿ ਦਿਯੋ ਤੂਰਨ ਤਬਿ ਸੋਊ।
ਉਰਤੇ ਆਸ਼ਾ ਅਪਰ ਬਿਡਾਰੀ। ਹੋਇ ਰਹਯੋ ਗੁਰ ਚਰਨ ਅਧਾਰੀ॥ ੪੬॥

ਪੈਰਾਂ ਨੂੰ ਜਿਹੜੇ ਘੁੰਗਰੂ ਬੰਨ੍ਹੇ ਹੋਏ ਸਨ, ਉਹ ਸਾਰੇ ਉਸੇ ਵੇਲੇ ਤੋੜ ਦਿੱਤੇ। ਹਿਰਦੇ ਵਿਚੋਂ ਹੋਰ ਸਾਰੀਆਂ ਇੱਛਾਵਾਂ ਦੂਰ ਕਰ ਦਿੱਤੀਆਂ ਅਤੇ ਗੁਰੂ ਦੇ ਚਰਨਾਂ ਨੂੰ ਹੀ ਆਪਣਾ ਆਸਰਾ ਬਣਾ ਲਿਆ॥ ੪੬॥

ਦੋਹਰਾ- ਉਰ ਮਹਿਂ ਕਰਤਿ ਬਿਚਾਰ ਪੁਨ ਅੰਤਰਜਾਮੀ ਜੇਯ।
ਬਿਦਾ ਕਰਹਿਂ ਮੁਝ ਸਦਨ ਕੋ, ਆਪੇ ਆਇਸੁ ਦੇਯ॥ ੪੭॥

ਹਿਰਦੇ ਵਿਚ ਫਿਰ ਵਿਚਾਰ ਕਰਦਾ ਹੈ ਕਿ ਜੇ ਗੁਰੂ ਜੀ ਅੰਤਰਜਾਮੀ ਹਨ ਤਾਂ ਆਪ ਆਗਿਆ ਦੇ ਕੇ ਮੈਨੂੰ ਘਰ ਜਾਣ ਲਈ ਵਿਦਾ ਕਰਨ॥ ੪੭॥

ਚੌਪਈ- ਉਰ ਮਹਿੰ ਧਰਿਕੈ ਭਾਉ ਘਨੇਰੋ। ਪੁਨ ਆਵੌਂ ਮੈਂ ਦਰਸ਼ਨ ਹੇਰੋਂ।
ਰਿਦੈ ਮਨੋਰਥ ਜਬਹਿ ਉਠਾਨਾ। ਗੁਨਖਾਨੀ ਤਬਿ ਬਚਨ ਬਖਾਨਾ॥ ੪੮॥

ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਕੇ, ਮੈਂ ਦੁਬਾਰਾ ਦਰਸ਼ਨ ਕਰਨ ਆਵਾਂ। ਜਦ ਹੀ ਹਿਰਦੇ ਵਿਚ ਇਹ ਮਨੋਰਥ ਸੋਚਿਆ, ਤਾਂ ਗੁਣਾਂ ਦੀ ਖਾਨ ਗੁਰੂ ਜੀ ਨੇ ਬਚਨ ਕੀਤਾ॥ ੪੮॥

'ਪੁਰਖਾ! ਜਾਨੋ ਜਿਹ ਥਲ ਮਾਂਹੀ। ਭੇਖ ਉਤਾਰਯੋ, ਜਾਹੁ ਕਿ ਨਾਂਹੀ?'।
ਸੁਨਹੁ ਪ੍ਰਭੁ ਮਧੁ ਟੋਰਨ ਹੇਤਾ। ਕੋਇ ਜਿ ਗਮਨਯੋ ਛੋਰਿ ਨਿਕੇਤਾ॥ ੪੯॥

"ਹੇ ਪੁਰਖਾ ! ਜਿਸ ਥਾਂ ਤੂੰ ਚਲਿਆ ਹੈਂ, ਇਹ ਜਿਹੜਾ ਭੇਸ ਬਣਾਇਆ ਹੈ, ਉਥੇ ਹੁਣ ਕਿਉਂ ਨਹੀਂ ਜਾਂਦਾ ?" ਭਾਈ ਲਹਿਣੇ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਜੇ ਕੋਈ ਮਨੁੱਖ ਸ਼ਹਿਦ ਲੱਭਣ ਵਾਸਤੇ ਆਪਣਾ ਘਰ ਛੱਡ ਕੇ ਚਲਦਾ ਹੈ॥ ੪੯॥

ਤਿਹਕੋ ਮਗ ਮਹਿੰ ਅੰਮ੍ਰਿਤ ਪਾਈ। ਸੋ ਨਰ ਕਿਉਂ ਮਧੁ ਟੋਰਨ ਜਾਈ'।
ਮੁਸਕਤਿ ਬੂਝਯੋ ਪ੍ਰਭੁ ਬਹੋਰੀ। 'ਪੁਰਖਾ ਸਦਨ ਅਹੈਂ ਕਿਸ ਠੋਰੀ? ॥ ੫੦॥

ਜੇ ਉਸ ਮਨੁੱਖ ਨੂੰ ਰਸਤੇ ਵਿਚ ਅੰਮ੍ਰਿਤ ਮਿਲ ਜਾਵੇ, ਫਿਰ ਉਹ ਮਨੁੱਖ ਸ਼ਹਿਦ ਲੱਭਣ ਕਿਉਂ ਜਾਵੇਗਾ ?" ਗੁਰੂ ਜੀ ਮੁਸਕਰਾ ਕੇ ਬੋਲੇ, "ਹੇ ਪੁਰਖਾ ! ਤੇਰਾ ਕਿਸ ਥਾਂ ਘਰ ਹੈ ? ॥ ੫੦॥

ਕਉਨ ਨਾਮ ਨਿਜ ਦੇਹਿ ਬਤਾਈ?'। ਸੁਨਿ ਬੋਲਯੋ ਲਹਿਣਾ ਸੁਖ ਪਾਈ।
'ਹੇ ਸਤਿਗੁਰ! ਤੁਮ ਬਖਸ਼ਨ ਹਾਰੇ। ਗ੍ਰਾਮ ਖਡੂਰ ਨਿਕੇਤ ਹਮਾਰੇ॥ ੫੧॥

ਤੇਰਾ ਕੀ ਨਾਂ ਹੈ, ਇਹ ਸਾਨੂੰ ਦਸੋ।" ਇਹ ਸੁਣ ਕੇ ਪ੍ਰਸੰਨ ਹੋ ਕੇ ਭਾਈ ਲਹਿਣੇ ਨੇ ਕਿਹਾ, ਹੇ ਸਤਿਗੁਰੂ ! ਤੁਸੀਂ ਬਖਸ਼ਣਹਾਰੇ ਹੋ, ਖਡੂਰ ਪਿੰਡ ਵਿਚ ਮੇਰਾ ਘਰ ਹੈ॥ ੫੧॥

ਲਹਿਣਾ ਨਾਮ ਕਹਿਤ ਹੈਂ ਮੇਰਾ। ਸੁਨਯੋ ਸੁਜਸ ਮੈਂ ਰਾਵਰ ਕੇਰਾ।
ਬਹੁਤ ਦਿਵਸ ਕੀ ਦਰਸ਼ਨ ਚਾਹੀ। ਮਨ ਅਬਿ ਕਰਖ ਬੋਲਿ ਲਿਯ ਪਾਹੀ ॥੫੨॥

ਮੈਨੂੰ ਲਹਿਣਾ ਨਾਂ ਨਾਲ ਬੁਲਾਉਂਦੇ ਹਨ, ਮੈਂ ਆਪ ਜੀ ਦਾ ਸ੍ਰੇਸ਼ਟ ਜੱਸ ਸੁਣਿਆ ਹੈ, ਬਹੁਤ ਦਿਨਾਂ ਤੋਂ ਦਰਸ਼ਨ ਕਰਨ ਦੀ ਚਾਹ ਸੀ, ਆਪ ਨੇ ਹੁਣ ਖਿੱਚ ਕੇ ਆਪਣੇ ਪਾਸ ਬੁਲਾ ਲਿਆ ਹੈ॥ ੫੨॥

ਅਹੈ ਸੁਗੰਧਿ ਕੀਰਤੀ ਪਾਵਨ। ਹ੍ਵੈ ਆਯੋ ਮੈਂ ਭੌਰ ਲੁਭਾਵਨ'।
ਸ੍ਰੀ ਗੁਰ ਕਹਿੰ 'ਲਹਿਣੇ! ਤੈਂ ਲਹਿਣਾ। ਸੁਨਿ ਪੁਰਖਾ! ਹਮ ਨੇ ਹੈ ਦੇਣਾ ॥੫੩॥

ਆਪ ਜੀ ਦੀ ਪਵਿੱਤਰ ਕੀਰਤੀ ਰੂਪੀ ਸੁਗੰਧੀ ਸਾਰੇ ਪਸਰੀ ਹੋਈ ਹੈ। ਮੈਂ ਭੌਰਾ ਇਸ ਸੁਗੰਧੀ ਦਾ ਖਿਚਿਆ ਹੋਇਆ ਆ ਗਿਆ ਹਾਂ।" ਗੁਰੂ ਜੀ ਨੇ ਕਿਹਾ, "ਹੇ ਲਹਿਣੇ ! ਤੂੰ ਸਾਥੋਂ ਲਹਿਣਾ ਲੈਣਾ ਹੈ ਅਤੇ ਅਸੀਂ ਪੁਰਖਾ ਤੈਨੂੰ ਦੇਣਾ ਹੈ॥ ੫੩॥

ਦੋਹਰਾ- ਅਬਿ ਜਾਵਹੁ, ਪੁਨ ਆਈਐ ਹ੍ਵੈ ਕੈ ਅਪਨੇ ਧਾਮ'।
ਸੁਨਿ ਲਹਿਣਾ ਹਰਖਯੋ ਰਿਦੇ ਜਿਉਂ ਆਮੀ ਖ੍ਵੈ ਆਮ ॥ ੫੪॥

ਹੁਣ ਜਾਵੋ, ਫਿਰ ਆਪਣੇ ਘਰ ਤੋਂ ਹੋ ਕੇ ਆਵੋ।" ਇਹ ਸੁਣ ਕੇ ਭਾਈ ਲਹਿਣਾ ਬਹੁਤ ਖੁਸ਼ ਹੋਇਆ, ਜਿਵੇਂ ਅੰਬ ਖਾਣ ਵਾਲੇ ਨੂੰ ਅੰਬ ਮਿਲ ਗਿਆ ਹੋਵੇ॥ ੫੪॥

ਚੌਪਈ- ਹੈਂ ਸ੍ਰੀ ਨਾਨਕ ਅੰਤਰਜਾਮੀ। ਮੈਂ ਚਿਤਵੀ ਚਿਤ ਜਾਨੀ ਸ੍ਵਾਮੀ।

ਆਇਸੁ ਸਿਰ ਧਰਿ ਕਲੁਖ ਨਿਕੰਦਨ। ਹਾਥ ਬੰਦਿ ਪਦ ਕੀਨੀ ਬੰਦਨ ॥੫੫॥

ਸੋਚਣ ਲੱਗਾ, "ਗੁਰੂ ਨਾਨਕ ਦੇਵ ਜੀ ਅੰਤਰਜਾਮੀ ਹਨ, ਜਿਸ ਤਰ੍ਹਾਂ ਮੈਂ ਮਨ ਵਿੱਚ ਸੋਚਿਆ ਸੀ, ਉਹ ਜਾਣ ਗਏ ਹਨ।" ਪਾਪਾਂ ਦੇ ਨਾਸ਼ ਕਰਤਾ ਜੀ ਦੀ ਆਗਿਆ ਸਿਰ ਮੱਥੇ ਮੰਨ ਕੇ, ਹੱਥ ਜੋੜ ਕੇ ਚਰਨਾਂ ਤੇ ਬੰਦਨਾ ਕੀਤੀ॥ ੫੫॥

ਹੋਇ ਬਿਦਾ ਸ੍ਰੀ ਗੁਰ ਤੇ ਆਵਾ। ਮਿਲ ਸੰਗਤ ਸੋਂ ਵਾਕ ਅਲਾਵਾ।
'ਸਭਿ ਸੋਂ ਰਾਮ ਰਾਮ ਹੈ ਮੇਰੀ। ਮਨ ਇੱਛਾ ਘਰ ਮੁਰਨੇ ਕੇਰੀ' ॥੫੬॥

ਗੁਰੂ ਜੀ ਤੋਂ ਵਿਦਾ ਹੋ ਕੇ ਵਾਪਸ ਪਹਿਲੀ ਥਾਂ ਆ ਗਿਆ ਤੇ ਆਪਣੇ ਸਾਥੀਆਂ ਨੂੰ ਮਿਲ ਕੇ ਬੋਲਿਆ, "ਸਾਰਿਆਂ ਨੂੰ ਮੇਰੀ 'ਰਾਮ ਰਾਮ' ਹੈ, ਮੇਰੀ ਇੱਛਾ ਹੁਣ ਘਰ ਨੂੰ ਮੁੜ ਜਾਣ ਦੀ ਹੈ" ॥ ੫੬॥

ਬਿਸਮਾਏ ਸਾਥੀ ਸੁਨਿ ਬੈਨਾ। ਕਹਿਨ ਲਗੇ 'ਕਿਉਂ ਜਾਵਉ ਐਨਾ?।
ਨਹੀਂ ਚਲਤਿ ਅਬ ਜ੍ਵਾਲਾ ਭੌਨਾ?। ਅਹੈ ਸੰਗ ਕੋ ਮਾਲਕ ਕੌਨਾ?' ॥੫੭॥

ਉਸ ਦੇ ਬਚਨ ਸੁਣ ਕੇ ਸਾਥੀ ਬਹੁਤ ਹੈਰਾਨ ਹੋਏ, ਕਹਿਣ ਲੱਗੇ, "ਘਰ ਨੂੰ ਕਿਉਂ ਚਲਿਆ ਹੈਂ ? ਕੀ ਹੁਣ ਜਵਾਲਾ ਜੀ ਦੇ ਮੰਦਰ ਤੇ ਨਹੀਂ ਜਾਵੇਂਗਾ ? ਇਸ ਸੰਗਤ ਦਾ ਹੁਣ ਮਾਲਕ ਕੌਣ ਹੈ ?" ॥ ੫੭॥

ਦੋਹਰਾ- ਸੁਨਿ ਲਹਿਣਾ ਪੁਨ ਬੋਲਿਓ 'ਜਿਸ ਹਿਤ ਜ੍ਵਾਲਾ ਜਾਇਂ।
ਸੋ ਕਾਰਜ ਪੂਰਨ ਭਯੋ ਸ਼ਾਂਤਿ ਭਈ ਚਿਤ ਆਇ' ॥ ੫੮॥

ਇਹ ਸੁਣ ਕੇ ਭਾਈ ਲਹਿਣਾ ਬੋਲਿਆ, "ਜਿਸ ਕਾਰਨ ਜਵਾਲਾ ਜਾਂਦੇ ਸੀ, ਉਹ ਕਾਰਜ ਮੇਰਾ ਪੂਰਨ ਹੋ ਗਿਆ ਹੈ, ਮੇਰੇ ਚਿੱਤ ਨੂੰ ਸ਼ਾਂਤੀ ਪ੍ਰਾਪਤ ਹੋ ਗਈ ਹੈ" ॥ ੫੮॥

ਚੌਪਈ- ਪੁਨ ਸੰਗੀ ਬੂਝਤਿ ਹਿਤ ਪਾਏ। 'ਤੁਮ ਕੋ ਸ਼ਾਂਤਿ ਭਈ ਇਹ ਥਾਏ।
ਮਾਨਵ ਸਰਬ ਸੰਗ ਜੋ ਆਏ। ਕੌਨ ਹਾਲ ਇਨ ਦੇਹੁ ਬਤਾਏ'? ॥੫੯॥

ਫਿਰ ਸੰਗੀ ਹਿਤ ਲਾ ਕੇ ਪੁੱਛਣ ਲੱਗੇ, "ਕੀ ਤੁਹਾਨੂੰ ਸ਼ਾਂਤੀ ਇਸ ਥਾਂ ਤੋਂ ਪ੍ਰਾਪਤ ਹੋ ਗਈ ਹੈ ? ਜਿੰਨੇ ਵੀ ਮਨੁੱਖ ਸੰਗ ਦੇ ਨਾਲ ਆਏ ਹਨ, ਇਨ੍ਹਾਂ ਨੂੰ ਇਹ ਦੱਸ ਦੇਵੋ ਕਿ ਕਿਸ ਤਰ੍ਹਾਂ ਸ਼ਾਂਤੀ ਪ੍ਰਾਪਤ ਹੋਈ ਹੈ ?" ॥ ੫੯॥

ਲਹਿਣਾ ਕਹਿ 'ਅਬ ਜ੍ਵਾਲਾ ਜਾਵਹੁ। ਭੌਨ ਪਰਸ ਕਰਿ ਇਹ ਥਲ ਆਵਹੁ।
ਮਨੋ ਕਾਮਨਾਂ ਨਿਜ ਨਿਜ ਧਾਰੀ। ਦਰਸਹੁ ਸਤਿਗੁਰ ਦਰਸ ਦੁਖਾਰੀ ॥੬੦॥

ਭਾਈ ਲਹਿਣੇ ਨੇ ਕਿਹਾ, "ਹੁਣ ਤੁਸੀਂ ਜਵਾਲਾ ਜੀ ਜਾਵੋ, ਦੇਵੀ ਪੂਜਾ ਕਰਕੇ ਇਸ ਥਾਂ ਆ ਜਾਵੋ। ਆਪਣੀਆਂ ਆਪਣੀਆਂ ਮਨੋਕਾਮਨਾਵਾਂ ਧਾਰਨ ਕਰੋ ਤੇ ਸਤਿਗੁਰੂ ਦੇ ਦਰਸ਼ਨ ਕਰੋ ਜਿਹੜੇ ਦੁੱਖਾਂ ਦੇ ਵੈਰੀ ਹਨ॥ ੬੦॥

ਕ੍ਰਿਪਾਨਿਧਾਨ ਕ੍ਰਿਪਾ ਕਰਿ ਤਬਿਹੀ। ਆਸਾ ਤੁਮਰੀ ਪੂਰਹਿਂ ਸਭਿਹੀ'।
ਇਉਂ ਕਹਿ ਬਿਦਾ ਕੀਨਿ ਤਿਨ ਸੰਗਾ। ਗਯੋ ਸੰਗ ਜ੍ਵਾਲਾ ਸ ਉਮੰਗਾ ॥੬੧॥

ਕ੍ਰਿਪਾ ਨਿਧਾਨ ਫਿਰ ਤੁਹਾਡੇ ਤੇ ਕਿਰਪਾ ਕਰਨਗੇ, ਤੁਹਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਨਗੇ।" ਇਹ ਕਹਿ ਕੇ ਉਨ੍ਹਾਂ ਨੂੰ ਵਿਦਾ ਕੀਤਾ ਤੇ ਉਹ ਉਤਸ਼ਾਹ ਨਾਲ ਜਵਾਲਾ ਜੀ ਵਲ ਚਲੇ ਗਏ॥ ੬੧॥

ਦੋਹਰਾ- ਆਯੋ ਆਪ ਖਡੂਰ ਮਹਿਂ ਕਿਹ ਸੋਂ ਬੋਲਿ ਨ ਬੈਨ।
ਲਿਵ ਲਾਗੀ ਗੁਰ ਚਰਨ ਕੀ ਬਧੀ ਚਾਹਿ ਦਿਨ ਰੈਨ॥ ੬੨॥

ਭਾਈ ਲਹਿਣਾ ਆਪ ਖਡੂਰ ਆ ਗਿਆ ਤੇ ਕਿਸੇ ਨਾਲ ਵੀ ਕੋਈ ਬਚਨ ਬਿਲਾਸ ਨਾ ਕੀਤਾ। ਗੁਰ ਚਰਨਾਂ ਦੀ ਲਿਵ ਲੱਗ ਗਈ ਅਤੇ ਚਾਹਤ ਦਿਨ ਰਾਤ ਵਧਦੀ ਗਈ॥ ੬੨॥

ਚੌਪਈ- ਆਇ ਲੋਕ ਸਭਿ ਬੂਝਤਿ ਭਏ। 'ਤੁਮ ਤਉ ਜ੍ਵਾਲਾ ਪਰਸਨ ਗਏ।
ਕਿਉਂ ਮਾਰਗ ਤੇ ਹਟਿ ਕਰਿ ਆਏ?। ਨਿਜ ਬਿਰਥਾ ਸਭਿ ਦੇਹੁ ਬਤਾਏ?' ॥੬੩॥

ਸਭ ਲੋਕ ਆ ਕੇ ਪੁੱਛਦੇ ਸਨ, "ਤੁਸੀਂ ਤਾਂ ਜਵਾਲਾ ਪੂਜਣ ਵਾਸਤੇ ਗਏ ਸੀ। ਰਾਹ ਵਿਚੋਂ ਹੀ ਕਿਉਂ ਮੁੜ ਆਏ ਹੋ, ਸਾਨੂੰ ਸਾਰੀ ਵਿਥਿਆ ਸੁਣਾਓ॥ ੬੩॥

ਲਹਿਣੇ ਕਹਯੋ 'ਨ ਅਬਿ ਕੇ ਗਯੋ। ਸੰਗ ਬਿਦਾ ਕਰਿ ਮੈਂ ਘਰ ਅਯੋ'।
ਸੁਨਿ ਲੋਕਿਨ ਇਉਂ ਤੂਸ਼ਨਿ ਕੀਨੰ। ਅਉਰ ਭੇਦ ਕੋਊ ਨਹਿੰ ਚੀਨੰ॥੬੪॥

ਲਹਿਣੇ ਨੇ ਕਿਹਾ, "ਇਸ ਵਾਰ ਮੈਂ ਨਹੀਂ ਗਿਆ, ਸਾਥੀਆਂ ਨੂੰ ਵਿਦਾ ਕਰਕੇ ਮੈਂ ਆ ਗਿਆ ਹਾਂ।" ਇਹ ਸੁਣ ਕੇ ਸਭ ਲੋਕ ਚੁੱਪ ਹੋ ਗਏ। ਅਸਲ ਭੇਦ ਕੋਈ ਵੀ ਨਹੀਂ ਸੀ ਸਮਝਦਾ॥ ੬੪॥

ਨਿਜ ਨਿਕੇਤ ਮਹਿੰ ਬੈਠਯੋ ਜਾਈ। ਕਿਸ ਕੇ ਸੰਗ ਨ ਕਛੂ ਅਲਾਈ।
ਅਤਿਸੈ ਹਿਰਦੇ ਬਿਖੈ ਉਦਾਸੀ। ਏਕ ਨਿਸਾ ਨਿਜ ਬਸਯੋ ਅਵਾਸੀ॥੬੫॥

ਆਪਣੇ ਘਰ ਵਿਚ ਜਾ ਕੇ ਬੈਠ ਗਏ। ਕਿਸੇ ਦੇ ਨਾਲ ਵੀ ਬੋਲਦੇ ਨਹੀਂ ਸਨ। ਦਿਲ ਵਿਚ ਬੜਾ ਉਦਾਸ ਰਹਿੰਦੇ ਸਨ। ਇਕ ਰਾਤ ਆਪਣੇ ਘਰ ਵਿਚ ਰਹੇ॥ ੬੫॥

ਦੋਹਰਾ- ਤਰਫਤਿ ਭੀ ਭੁਨਸਾਰ ਪੁਨ ਉਠਿ ਕੀਨੋ ਅਸ ਕਾਮ॥
ਭਾਰ ਸਵਾ ਮਨ ਲੌਨ ਕੋ ਕਾਢਿ ਲੀਨ ਨਿਜ ਧਾਮ॥ ੬੬॥

ਤੜਫਦਿਆਂ ਸਵੇਰ ਹੋ ਗਈ, ਫਿਰ ਉਠ ਕੇ ਇਹ ਕੰਮ ਕੀਤਾ। ਸਵਾ ਮਣ ਲੂਣ ਦਾ ਢੇਲਾ ਆਪਣੇ ਘਰ ਵਿਚੋਂ ਬਾਹਰ ਕੱਢ ਲਿਆ॥ ੬੬॥

ਚੌਪਈ- ਭਗਨੀ ਸੁਤ ਆਵਾ ਛਿਨ ਤਾਂਹੀ। ਮਿਲਯੋ ਸੁ ਹੇਤ ਕੀਨ ਮਨ ਮਾਂਹੀ।
ਹਿਤ ਸੋਂ ਕਹਯੋ,'ਕਾਜ ਅਸ ਕੀਜੈ। ਮੁਰ ਸਿਰ ਭਾਰ ਉਠਾਇ ਸੁ ਦੀਜੈ' ॥੬੭॥

ਉਸ ਸਮੇਂ ਉਨ੍ਹਾਂ ਦਾ ਭਣੇਵਾਂ ਉਥੇ ਆਇਆ, ਉਹ ਆ ਕੇ ਮਿਲਿਆ ਤੇ ਮਨ ਵਿਚ ਬੜਾ ਪ੍ਰੇਮ ਕੀਤਾ। ਫਿਰ ਉਸ ਨੂੰ ਭਾਈ ਲਹਿਣੇ ਨੇ ਪਿਆਰ ਨਾਲ ਕਿਹਾ, "ਇਸ ਤਰ੍ਹਾਂ ਕਰੋ, ਇਹ ਲੂਣ ਦਾ ਢੇਲਾ ਉਠਵਾ ਕੇ ਮੇਰੇ ਸਿਰ ਉਤੇ ਰਖਵਾ ਦੇਵੋ॥ ੬੭॥

ਸੋ ਬੋਲਯੋ 'ਮਾਤੁਲ ਜੀ, ਸੁਨੀਏ!। ਬਹੁ ਮਾਨਵ ਤੁਮ ਆਇਸੁ ਮਨੀਏ।
ਤਿਨਕੇ ਸਿਰ ਉਚਵਾਵਹੁ ਭਾਰਾ। ਦੇਂ ਪਹੁੰਚਾਇ ਕਰਹੁ ਨਿਜ ਕਾਰਾ॥੬੮॥

ਭਣੇਵੇਂ ਨੇ ਕਿਹਾ, "ਮਾਮਾ ਜੀ ! ਸੁਣੋ, ਬਹੁਤ ਮਨੁੱਖ ਤੁਹਾਡੀ ਆਗਿਆ ਮੰਨਦੇ ਹਨ, ਉਨ੍ਹਾਂ ਦੇ ਸਿਰ ਤੇ ਇਹ ਭਾਰ ਚੁਕਾਵੋ, ਉਹ ਪਹੁੰਚਾ ਦੇਣਗੇ, ਤੁਸੀਂ ਆਪਣਾ ਕੰਮ-ਕਾਜ ਕਰੋ॥ ੬੮॥

ਇਉਂ ਨ ਕਰਹੁ ਜੇ, ਮੁਝ ਸਿਰ ਦੀਜੈ। ਜਹਿੰ ਲੇ ਚਲੌ ਤਾਂਹਿ ਗਮਨੀਜੈ।
ਨਿਜ ਸਿਰ ਪਰ ਨਹਿੰ ਭਾਰ ਉਚਾਵਹੁ। ਇਹ ਤੁਮ ਉਚਿਤ ਨਹੀਂ ਦੁਤਿ ਪਾਵਹੁ ॥੬੯॥

ਜੇ ਇਸ ਤਰ੍ਹਾਂ ਨਹੀਂ ਕਰਨਾ, ਤਾਂ ਮੇਰੇ ਸਿਰ ਤੇ ਚੁਕਾਵੋ, ਜਿਥੇ ਲੈ ਕੇ ਜਾਣਾ ਹੈ, ਓਥੇ ਹੀ ਮੈਂ ਲੈ ਜਾਵਾਂਗਾ। ਆਪਣੇ ਸਿਰ ਤੇ ਭਾਰ ਨਾ ਚੁਕੋ, ਇਹ ਤੁਹਾਡੇ ਵਾਸਤੇ ਠੀਕ ਸ਼ੋਭਾ ਨਹੀਂ ਪਾਉਂਦਾ" ॥ ੬੯॥

ਦੋਹਰਾ- ਕਹਿ ਲਹਿਣਾ 'ਸੁਨਿ ਸ਼੍ਰੋਨ ਮਹਿੰ ਜਿ ਕੁਛ ਪਦਾਰਥ ਪਾਇ।
ਸੋ ਲੇਵਹਿੰ ਤੂੰ ਕੈ ਨਹੀਂ ਕਿਧੌਂ ਦੇਇ ਕਿਸੁ ਜਾਇ॥ ੭੦॥

ਭਾਈ ਲਹਿਣੇ ਨੇ ਕਿਹਾ, "ਕੰਨ ਲਾ ਕੇ ਸੁਣੋ, ਜਿਹੜਾ ਪਦਾਰਥ ਪਾਉਂਦਾ ਹੈ ਉਹ ਹੀ ਲੈਂਦਾ ਹੈ, ਤੈਨੂੰ ਨਹੀਂ ਪਤਾ ਕਿ ਇਹ ਕਿਸ ਨੂੰ ਜਾ ਕੇ ਦੇਣਾ ਹੈ॥ ੭੦॥

ਚੌਪਈ- ਸਮਝਹੁ ਇਸ ਬਿਧਿ ਰਿਦੇ ਮਝਾਰਾ। ਤੂਰਨ ਉਚਵਾਵਹੁ ਸਿਰ ਭਾਰਾ।
ਇਉਂ ਕਹਿ ਲੀਨੋ ਸੀਸ ਉਠਾਈ। ਨਿਕਸਯੋ ਵਹਿਰ ਪਾਇ ਮਗ ਪਾਈ ॥੭੧॥

ਆਪਣੇ ਹਿਰਦੇ ਵਿਚ ਇਸ ਤਰ੍ਹਾਂ ਸਮਝੋ, ਫੌਰਨ ਇਹ ਭਾਰ ਮੇਰੇ ਸਿਰ ਤੇ ਚੁਕਾਵੋ।'' ਇਸ ਤਰ੍ਹਾਂ ਕਹਿ ਕੇ ਲੂਣ ਦਾ ਢੇਲਾ ਸਿਰ ਤੇ ਚੁੱਕ ਲਿਆ, ਬਾਹਰ ਨਿਕਲ ਕੇ ਰਸਤੇ ਰਸਤੇ ਪੈ ਗਏ॥ ੭੧॥

ਅਪਰ ਨ ਕਿਸ ਢਿਗ ਭੇਦ ਬਖਾਨਾ। ਜਸਪਦ ਪੁਰਿ ਕਰਤਾਰ ਪਯਾਨਾ।
ਕ੍ਰਮ ਕਰਿ ਤਹਾਂ ਪਹੂੰਚਯੋ ਜਾਈ। ਸ੍ਰੀ ਨਾਨਕ ਜਹਿਂ ਭੌਨ ਸੁਹਾਈ॥ ੭੨॥

ਹੋਰ ਕਿਸੇ ਪਾਸ ਭੇਦ ਨਾ ਕਿਹਾ ਤੇ ਛੇਤੀ ਹੀ ਕਰਤਾਰਪੁਰ ਵਲ ਚਲ ਪਿਆ। ਚੰਗੇ ਭਾਗਾਂ ਕਰਕੇ ਉਸ ਥਾਂ ਜਾ ਪਹੁੰਚਿਆ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਵਨ ਸ਼ੋਭ ਰਹੇ ਸਨ॥ ੭੨॥

ਵਹਿਰ ਕਿਦਾਰ ਦੇਖਨੇ ਹੇਤਾ। ਗਏ ਹੁਤੇ ਬੇਦੀ ਕੁਲਕੇਤਾ।
ਸਦਨ ਸੁਲਖਨੀ ਕੇ ਢਿਗ ਜਾਈ। ਭਾਰ ਉਤਾਰਯੋ ਦੀਨ ਟਿਕਾਈ॥ ੭੩॥

ਉਸ ਸਮੇਂ ਗੁਰੂ ਜੀ ਬਾਹਰ ਖੇਤ ਵੇਖਣ ਗਏ ਹੋਏ ਸਨ, ਇਸ ਲਈ ਘਰ ਵਿਚ ਮਾਤਾ ਸੁਲੱਖਣੀ ਜੀ ਪਾਸ ਗਿਆ, ਲੂਣ ਦੀ ਭਾਰੀ ਪੰਡ ਸਿਰ ਤੋਂ ਲਾਹ ਕੇ ਹੇਠਾਂ ਟਿਕਾ ਦਿੱਤੀ॥ ੭੩॥

ਬੂਝਨ ਲਗਯੋ 'ਗੁਰੂ ਗੋਸਾਈਂ। ਕਿਤ ਦਿਸ਼ ਗਮਨੇ ਦੇਹੁ ਬਤਾਈ'।
ਕਹੈ ਸੁਲਖਣੀ 'ਕੋ ਤੂੰ ਅਹਿਈ?। ਕਿਉਂ ਬੂਝਤਿ, ਕਿਸ ਪੁਰਿ ਮਹਿਂ ਰਹਿਈ? ॥੭੪॥

ਮਾਤਾ ਜੀ ਨੂੰ ਪੁੱਛਣ ਲੱਗਾ, ''ਗੁਰੂ ਗੋਸਾਈਂ ਕਿਸ ਪਾਸੇ ਗਏ ਹਨ, ਦੱਸ ਦੇਵੋ ?'' ਮਾਤਾ ਸੁਲੱਖਣੀ ਜੀ ਨੇ ਕਿਹਾ, ''ਤੂੰ ਕੌਣ ਹੈਂ ? ਕਿਉਂ ਪੁੱਛਦਾ ਹੈਂ, ਕਿਸ ਨਗਰ ਵਿਚ ਰਹਿੰਦਾ ਹੈਂ ?॥ ੭੪॥

ਭਾਰ ਬਿਖੈ ਕਯਾ ਆਨਯੋ ਤੋਹੀ?। ਦੇਹੁ ਬਤਾਇ ਕਾਜ ਜੋ ਹੋਹੀ'।
ਸੁਨਿਕੈ ਲਹਿਣੇ ਗਿਰਾ ਅਲਾਈ। 'ਭਾਰ ਲਵਣ ਕੋ ਹੈ ਇਹ ਮਾਈ! ॥੭੫॥

ਭਾਰ ਵਿਚ ਤੂੰ ਕੀ ਲਿਆਂਦਾ ਹੈ ? ਇਹ ਦੱਸੋ ਤੁਹਾਨੂੰ ਕੀ ਕੰਮ ਹੈ ?'' ਇਹ ਸੁਣ ਕੇ ਭਾਈ ਲਹਿਣੇ ਨੇ ਕਿਹਾ, ''ਹੇ ਮਾਤਾ ਜੀ ! ਭਾਰ ਵਿਚ ਲੂਣ ਹੈ॥ ੭੫॥

ਆਨਯੋ ਭੇਟ ਦੇਨਿ ਕੇ ਕਾਜੇ। ਕਰਿਹੋ ਗੁਰੂ ਗਰੀਬ ਨਿਵਾਜੇ।
ਰਾਖਹੁ ਇਹੁ ਨਿਕੇਤ ਕੇ ਮਾਂਹੀ। ਤਿਨਹਿਂ ਬਤਾਵੋ ਜਾਵੋਂ ਪਾਹੀ' ॥ ੭੬॥

ਭੇਟ ਦੇਣ ਦੇ ਕਾਰਜ ਨਾਲ ਲਿਆਂਦਾ ਹੈ, ਗਰੀਬ-ਨਿਵਾਜ਼ ਗੁਰੂ ਜੀ ਨੂੰ ਪੇਸ਼ ਕਰਾਂਗਾ। ਇਸ ਨੂੰ ਆਪਣੇ ਘਰ ਵਿਚ ਰੱਖ ਲਵੋ। ਉਨ੍ਹਾਂ ਦਾ ਪਤਾ ਦੱਸੋ, ਤਾਕਿ ਉਨ੍ਹਾਂ ਦੇ ਪਾਸ ਜਾਵਾਂ'' ॥ ੭੬॥

ਸੁਨਿਕੈ ਬਚਨ ਲਵਣ ਕੋ ਭਾਰਾ। ਰਖਿਵਾਯੋ ਨਿਜ ਸਦਨ ਮਝਾਰਾ।
ਕਹਯੋ 'ਕਿਦਾਰ ਧਾਨ ਕੇ ਜਹਿਂਵਾ। ਕਰਿਵਾਵਹਿਂ ਕ੍ਰਿਤ ਬੈਠੇ ਤਹਿਂਵਾ' ॥੭੭॥

ਭਾਰੇ ਲੂਣ ਬਾਰੇ ਬਚਨ ਸੁਣ ਕੇ, ਉਸ ਨੂੰ ਘਰ ਵਿਚ ਰਖਵਾ ਲਿਆ। ਫਿਰ ਕਿਹਾ, ''ਜਿਥੇ ਧਾਨ ਦੇ ਖੇਤ ਹਨ, ਉਥੇ ਬੈਠੇ ਕੰਮ ਕਰਵਾ ਰਹੇ ਹਨ'' ॥ ੭੭॥

ਤਬਿ ਗਮਨਯੋ ਜਿਤ ਦਿਸ਼ਾ ਬਤਾਏ। ਪਿਖਤਿ ਦੂਰ ਤੇ ਰਹਿ ਹੁਲਸਾਏ।
ਪਰਮ ਪ੍ਰੇਮ ਕਰਿਕੈ ਤਤਕਾਲਾ। ਪਰਯੋ ਪਾਇਂ ਪੰਕਜ ਧਰਿ ਭਾਲਾ॥ ੭੮॥

ਤਦ ਭਾਈ ਲਹਿਣਾ ਜੀ ਉਸ ਪਾਸੇ ਚਲੇ ਗਿਆ, ਜਿਸ ਪਾਸੇ ਮਾਤਾ ਜੀ ਨੇ ਦੱਸਿਆ ਸੀ। ਦੂਰੋਂ ਹੀ ਗੁਰੂ ਜੀ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਤੁਰੰਤ ਪਰਮ ਪ੍ਰੇਮ ਕਰਕੇ ਚਰਨ ਕੰਵਲਾਂ ਤੇ ਢਹਿ ਪਿਆ॥ ੭੮॥

'ਨਿਤ ਆਵਹਿ ਚਿਤ ਸ੍ਰੀ ਜਗਨਾਥਾ'। ਅਸ ਕਹਿ ਧਰਜੋ ਸੀਸ ਪਰ ਹਾਥਾ।
ਕ੍ਰਿਪਾਦ੍ਰਿਸ਼ਟਿ ਕੇ ਤਿਹ ਛਿਨ ਦੇਖੀ। ਸ਼ਰਧਾ ਉਪਜੀ ਰਿਦੈ ਬਿਸ਼ੇਖੀ ॥੭੯॥

'ਸਦਾ ਪ੍ਰਭੂ ਚਿੱਤ ਆਵੇ' ਇਹ ਕਹਿ ਕੇ ਗੁਰੂ ਜੀ ਨੇ ਸਿਰ ਤੇ ਹੱਥ ਧਰਿਆ, ਕਿਰਪਾ-ਦ੍ਰਿਸ਼ਟੀ ਕਰਕੇ ਉਸ ਵੱਲ ਵੇਖਿਆ ਤਾਂ ਹਿਰਦੇ ਵਿਚ ਬਹੁਤ ਸ਼ਰਧਾ ਉਪਜੀ॥ ੭੯॥

ਅਪਨੋ ਤਨ ਮਨ ਜੋ ਸਰਬੰਸ਼ੇ। ਅਰਪਜੋ ਤ੍ਰੇਹਣ ਕੁਲ ਅਵਤੰਸ਼ੇ।
ਇਨ ਸੋਂ ਕਾਰਜ ਨਿਜ ਨਹਿੰ ਰਾਖਾ। ਗੁਰ ਅਨੁਸਾਰਿ ਬਧੀ ਅਭਿਲਾਖਾ ॥੮੦॥

ਆਪਣਾ ਤਨ ਮਨ ਤੇ ਜੋ ਸਰਬੰਸ ਹੈ ਉਹ ਤ੍ਰੇਹਣ ਕੁਲ ਦੇ ਸਿਰਤਾਜ ਭਾਵ ਭਾਈ ਲਹਿਣਾ ਜੀ ਨੇ ਗੁਰੂ ਜੀ ਨੂੰ ਅਰਪਣ ਕਰ ਦਿੱਤਾ। ਆਪਣੇ ਪਰਿਵਾਰ ਨਾਲ ਕੋਈ ਸੰਬੰਧ ਨਾ ਰਖਿਆ ਅਤੇ ਗੁਰੂ ਜੀ ਦੀ ਆਗਿਆ ਅਨੁਸਾਰ ਆਪਣੀ ਅਭਿਲਾਸ਼ਾ ਬਣਾ ਲਈ॥ ੮੦॥

ਕਾਮ ਨ ਕ੍ਰੋਧ ਹੰਕਾਰ ਨ ਧਰਿਹੀ। ਅਪਨੇ ਮਾਨਹਿੰ ਤਉ ਕਿਛੁ ਕਰਿਹੀਂ।
ਜਾਨਜੋ ਸਭਿ ਕੁਛ ਸ੍ਰੀ ਗੁਰ ਕੇਰਾ। ਚਰਨ ਧਜਾਨ ਉਰ ਪ੍ਰੇਮ ਘਨੇਰਾ ॥੮੧॥

ਕਾਮ ਕ੍ਰੋਧ ਹੰਕਾਰ ਤਾਂ ਧਾਰਦੇ ਹੀ ਨਹੀਂ ਸਨ, ਆਪਣਾ ਕੁਝ ਮੰਨਣ ਤਦ ਹੀ ਆਪਣੀ ਮਰਜ਼ੀ ਅਨੁਸਾਰ ਕੁਝ ਕਰਨ। ਸਭ ਕੁਝ ਗੁਰੂ ਜੀ ਦਾ ਹੀ ਸਮਝਦੇ ਸਨ। ਗੁਰੂ ਜੀ ਦੇ ਚਰਨਾਂ ਵਿਚ ਧਿਆਨ ਧਰਦੇ ਸਨ ਅਤੇ ਦਿਲ ਵਿਚ ਬਹੁਤ ਪਿਆਰ ਸੀ॥ ੮੧॥

ਸਭਿ ਸੇਵਕ ਤਹਿੰ ਕ੍ਰਿਤ ਕੋ ਕਰਿਹੀਂ। ਧਾਨ ਬਿਖੈ ਤੇ ਤ੍ਰਿਣਨ ਨਿਕਰਿਹੀਂ।
ਤਿਨਹਿੰ ਬਿਲੋਕਤਿ ਬੋਲਜੋ ਬੈਨਾ। 'ਇਕ ਰੰਬੀ ਮੁਝ ਦਿਹੁ ਗੁਨ ਐਨਾ'! ॥੮੨॥

ਸਾਰੇ ਸੇਵਕ ਕਿਰਤ ਕਰ ਰਹੇ ਸਨ ਅਤੇ ਧਾਨ ਦੇ ਖੇਤ ਵਿਚੋਂ ਨਦੀਨ ਕੱਢ ਰਹੇ ਸਨ। ਭਾਈ ਲਹਿਣਾ ਨੇ ਗੁਰੂ ਜੀ ਨੂੰ ਵੇਖ ਬਚਨ ਕੀਤਾ, ''ਹੇ ਗੁਣਾਂ ਦੇ ਘਰ ! ਇਕ ਰੰਬੀ ਮੈਨੂੰ ਵੀ ਦੇਵੋ॥ ੮੨॥

ਦਾਸਨ ਸਾਥ ਕਰੋਂ ਕ੍ਰਿਤ ਏਹੀ। ਸਫਲੀ ਹ੍ਵੈ ਹੈ ਸਗਰੀ ਦੇਹੀ'।
ਅਸ ਕਹਿ ਲਾਗਜੋ ਕਰਨ ਨਿੰਦਾਈ। ਕਰਤਿ ਹੁਤੇ ਸੇਵਕ ਜਿਹ ਥਾਈਂ ॥੮੩॥

ਸੇਵਕਾਂ ਦੇ ਨਾਲ ਇਹੋ ਕਿਰਤ ਕਰਾਂਗਾ। ਇਸ ਤਰ੍ਹਾਂ ਮੇਰੀ ਸਾਰੀ ਦੇਹੀ ਸਫਲ ਹੋ ਜਾਵੇਗੀ। ਇਹ ਕਹਿ ਕੇ ਨਦੀਨ ਕੱਢਣ ਲੱਗ ਗਏ, ਜਿੱਥੇ ਦੂਸਰੇ ਗੁਰਸੇਵਕ ਇਹ ਕੰਮ ਕਰ ਰਹੇ ਸਨ॥ ੮੩॥

ਇਕ ਘਟਿਕਾ ਲਗ ਕੀਨੀ ਕਾਰਾ। ਪ੍ਰਭੁ ਬਿਲੋਕਿ ਕੈ ਬਚਨ ਉਚਾਰਾ।
'ਇਹ ਕ੍ਰਿਤ ਤੁਝ ਤੇ ਹੋਇ ਨ ਆਛੇ। ਧਾਨ ਉਖਾਰੈਂ ਪਿਖਿ ਨਿਜ ਪਾਛੇ ॥੮੪॥

ਇਕ ਘੜੀ ਲੱਗ ਕੇ ਇਹ ਕੰਮ ਕੀਤਾ, ਫਿਰ ਗੁਰੂ ਜੀ ਨੇ ਵੇਖ ਕੇ ਇਹ ਬਚਨ ਕੀਤਾ, ''ਇਹ ਕਿਰਤ ਤੈਥੋਂ ਚੰਗੀ ਤਰ੍ਹਾਂ ਨਹੀਂ ਹੋਣੀ, ਆਪਣੇ ਪਿਛੇ ਵੇਖ ਤੂੰ ਤਾਂ ਧਾਨ ਹੀ ਪੁੱਟੀ ਜਾ ਰਿਹਾ ਹੈਂ॥ ੮੪॥

ਉਠਿ ਆਵਹੁ ਤੁਮ ਵਹਿਰ ਕਿਦਾਰਾ। ਅਪਰ ਬਤਾਵਹਿੰ ਕਰੀਏ ਕਾਰਾ।
ਇਹ ਨਦੀਨ ਕੇ ਬਾਂਧਹੁ ਭਾਰਾ। ਲੇ ਜਾਵਹੁ ਹਿਤ ਪਸੂਨਿ ਅਗਾਰਾ' ॥੮੫॥

ਤੁਸੀਂ ਖੇਤ ਵਿਚੋਂ ਉਠ ਕੇ ਬਾਹਰ ਆ ਜਾਓ, ਤੁਹਾਨੂੰ ਹੋਰ ਕੰਮ ਦੱਸਦੇ ਹਾਂ। ਇਸ ਨਦੀਨ ਦੀ ਪੰਡ ਬੰਨ੍ਹੋ ਤੇ ਪਸ਼ੂਆਂ ਵਾਸਤੇ ਘਰ ਲੈ ਜਾਵੋ॥ ੮੫॥

ਲਹਿਣੇ ਆਇ ਵਹਿਰ ਤਤਕਾਲਾ। ਤ੍ਰਿਣ ਕੋ ਬਾਂਧਜੋ ਭਾਰ ਬਿਸਾਲਾ।

ਪੰਕ ਨੀਰ ਨੁਚਰਤਿ ਜਿਹ ਮਾਂਹੀ। ਲੀਨ ਉਠਾਇ ਸੀਸ ਪਰ ਤਾਂਹੀ ॥੮੬॥

ਭਾਈ ਲਹਿਣਾ ਤੁਰੰਤ ਬਾਹਰ ਆ ਗਿਆ ਅਤੇ ਨਦੀਨ ਦੀ ਭਾਰੀ ਪੰਡ ਬੰਨ੍ਹ ਲਈ। ਨਦੀਨ ਗਿੱਲਾ ਹੋਣ ਕਰਕੇ ਉਸ ਵਿਚੋਂ ਪਾਣੀ ਨੁੱਚੜ ਰਿਹਾ ਸੀ, ਉਸ ਨਦੀਨ ਨੂੰ ਆਪਣੇ ਸਿਰ ਤੇ ਚੁਕ ਲਿਆ॥ ੮੬॥

ਜਾਮਾਂ ਗਰ ਬਹੁ ਮੋਲਾ ਪਹਿਰਯੋ। ਪੰਕ ਸੰਗ ਸਗਰੋ ਤਿਹ ਭਰਿਯੋ।
ਨਹਿਂ ਸ਼ੰਕਾ ਕੁਝ ਰਿਦੇ ਬਿਚਾਰੀ। ਗਮਨਯੋ ਭੌਨ ਭਾਰ ਸਿਰ ਭਾਰੀ ॥੮੭॥

ਗਲ ਬਹੁਤ ਕੀਮਤੀ ਕਮੀਜ਼ ਪਾਈ ਹੋਈ ਸੀ, ਉਹ ਸਾਰੀ ਮਿੱਟੀ ਵਾਲੇ ਪਾਣੀ ਨਾਲ ਭਰ ਗਈ। ਦਿਲ ਵਿਚ ਕੋਈ ਸ਼ੰਕਾ ਨਾ ਵਿਚਾਰੀ। ਭਾਰੀ ਪੰਡ ਚੁਕ ਕੇ ਘਰ ਵਲ ਚਲਾ ਗਿਆ॥ ੮੭॥

ਠਾਂਢੇ ਹੁਤੇ ਪਸੂ ਜਿਹਂ ਥਾਈਂ। ਤਿਨ ਆਗੇ ਤ੍ਰਿਣ ਦੀਨੇ ਪਾਈ।
ਦੇਖਿ ਸੁਲਖਨੀ ਮਨ ਬਿਸਮਾਨੀ। ਅਦਭੁਤ ਗਤਿ ਕਿਛੁ ਜਾਇ ਨ ਜਾਨੀ ॥੮੮॥

ਜਿਥੇ ਪਸ਼ੂ ਖੜੇ ਸਨ, ਉਨ੍ਹਾਂ ਅੱਗੇ ਨਦੀਨ ਪਾ ਦਿੱਤਾ। ਮਾਤਾ ਸੁਲੱਖਣੀ ਜੀ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ, ਅਦਭੁਤ ਗਤੀ ਜਾਣੀ ਨਹੀਂ ਸੀ ਜਾਂਦੀ॥ ੮੮॥

ਸੀਸ, ਬਦਨ, ਕਰ, ਪਗ, ਪਟ ਸਾਰੇ। ਰਹਯੋ ਪੰਕ ਲਗ ਦੇਖਿ ਬਿਚਾਰੇ।
ਇਸ ਕੋ ਭਯੋ ਅਨਾਦਰ ਭੂਰੀ। ਹਿਤ ਕਰਿ ਆਯੋ ਹੁਤੋ ਸੁ ਦੂਰੀ ॥੮੯॥

ਸਿਰ, ਮੁੱਖ, ਹੱਥ, ਪੈਰ ਅਤੇ ਸਾਰੇ ਰੇਸ਼ਮੀ ਕਪੜੇ ਦਾਗੋ-ਦਾਗੀ ਹੋਏ ਵੇਖ ਕੇ ਵਿਚਾਰ ਕੀਤੀ, "ਇਸ ਦਾ ਬਹੁਤ ਅਨਾਦਰ ਹੋਇਆ ਹੈ, ਪ੍ਰੇਮ ਕਰਕੇ ਬੜੀ ਦੂਰ ਤੋਂ ਆਇਆ ਹੈ॥ ੮੯॥

ਭਈ ਸੰਝ ਬੇਦੀ ਕੁਲ ਕੇਤਾ। ਆਏ ਦਾਸਨ ਯੁਕਤ ਨਿਕੇਤਾ।
ਦੇਖਿ ਸੁਲਖਣੀ ਬਚਨ ਬਖਾਨੇ। 'ਕਰਹੁ ਨਿਰਾਦਰ ਮਨੁਜ ਮਹਾਨੇ ॥੯੦॥

ਸ਼ਾਮ ਹੋਈ ਤਾਂ ਗੁਰੂ ਜੀ ਸੇਵਕਾਂ ਸਮੇਤ ਘਰ ਆਏ। ਵੇਖ ਕੇ ਸੁਲੱਖਣੀ ਨੇ ਬਚਨ ਕਹੇ, "ਮਨੁੱਖਾਂ ਦਾ ਤੁਸੀਂ ਮਹਾਨ ਨਿਰਾਦਰ ਕਰਦੇ ਹੋ॥ ੯੦॥

ਉਤਮ ਪੁਰਖ ਆਜ ਜੋ ਆਯੋ। ਗਰ ਜਾਮਾ ਬਹੁ ਮੋਲ ਸੁਹਾਯੋ।
ਤਿਹ ਸਿਰ ਪੰਕ ਭਰਯੋ ਬਹੁ ਭਾਰੂ। ਸੋ ਉਚਵਾਇ ਚੀਰ ਕਰਿ ਖ੍ਵਾਰੂ ॥੯੧॥

ਉੱਤਮ ਪੁਰਖ ਜਿਹੜਾ ਅੱਜ ਆਇਆ ਸੀ, ਉਸ ਦੇ ਗਲ ਵਿਚ ਬੜੀ ਕੀਮਤੀ ਕਮੀਜ਼ ਸ਼ੋਭ ਰਹੀ ਸੀ, ਉਸ ਦੇ ਸਿਰ ਤੇ ਪਾਣੀ ਨਾਲ ਭਿੱਜੀ ਹੋਈ ਬਹੁਤ ਭਾਰੀ ਪੰਡ ਚੁਕਾ ਦਿੱਤੀ, ਉਸ ਦੇ ਚੁਕਣ ਨਾਲ ਉਸ ਦੇ ਸਾਰੇ ਕਪੜੇ ਖਰਾਬ ਹੋ ਗਏ ਹਨ'॥ ੯੧॥

ਗੁਨਖਾਨੀ ਸੁਨਿ ਬੈਨ ਉਚਾਰੇ। 'ਨਹੀਂ ਪੰਕ ਸੰਗ ਭਰਿਓ ਭਾਰੇ।
ਦੀਨ ਦੁਨੀ ਕਾ ਛਤ੍ਰ ਸੁ ਦੀਓ। ਅਪਰ ਨ ਇਹ ਸਮ ਜਗ ਮਹਿਂ ਬੀਓ ॥੯੨॥

ਗੁਣਾਂ ਦੀ ਖਾਣ ਭਾਵ ਗੁਰੂ ਜੀ ਨੇ ਸੁਣ ਕੇ ਬਚਨ ਕਹੇ, "ਇਹ ਭਾਰੇ ਗਾਰੇ ਨਾਲ ਨਹੀਂ ਭਰਿਆ ਹੈ, ਇਸ ਨੂੰ ਦੀਨ ਦੁਨੀਆਂ ਦਾ ਸੁੰਦਰ ਛਤਰ ਦਿੱਤਾ ਹੈ, ਇਸ ਦੇ ਬਰਾਬਰ ਜੱਗ ਵਿਚ ਹੋਰ ਕੋਈ ਨਹੀਂ ਹੋਵੇਗਾ॥ ੯੨॥

ਪੰਕ ਜੌਨ ਤੁਮ ਕੋ ਦ੍ਰਿਸ਼ਟਾਵਾ। ਕੇਸਰ ਕੋ ਹਮਨੈ ਛਿਰਕਾਵਾ।
ਅਬਿ ਤੁਮ ਦੇਖਿ, ਖਰੇ ਤੁਮ ਨੇਰੇ। ਦੇਖੋ ਤੋ ਕੇਸਰ ਛਿਰਕੇਰੇ' ॥ ੯੩॥

ਜਿਹੜੇ ਤੁਸੀਂ ਗਾਰੇ ਦੇ ਧੱਬੇ ਵੇਖੇ ਹਨ, ਉਹ ਤਾਂ ਅਸੀਂ ਇਸ ਤੇ ਕੇਸਰ ਦਾ ਛਿੜਕਾਵ ਕੀਤਾ ਹੈ, ਹੁਣ ਤੁਸੀਂ ਨੇੜੇ ਖੜੇ ਹੋ ਕੇ ਵੇਖੋ, ਕੇਸਰ ਦਾ ਛਿੜਕਾ ਹੋਇਆ ਹੈ॥ ੯੩॥

ਗੁਰ ਕਹਿੰ 'ਦੇਖਯੋ?' ਕਹਿ 'ਪ੍ਰਭੁ ਦੇਖਾ। ਤੁਮਰੀ ਗਤਿ ਤੁਮ ਲਖਹੁ ਅਲੇਖਾ'।
'ਭਵ ਸਾਗਰ ਦਾਰੁਨ ਕੇ ਮਾਂਹੀ'। ਗੁਰ ਕਹਿੰ 'ਨਰ ਬਹੁ ਬੂਡਤਿ ਜਾਂਹੀ ॥੯੪॥

ਗੁਰੂ ਜੀ ਨੇ ਕਿਹਾ, "ਕੀ ਵੇਖਿਆ ਹੈ?" ਮਾਤਾ ਸੁਲੱਖਣੀ ਜੀ ਨੇ ਕਿਹਾ, "ਹੇ ਪ੍ਰਭੂ ਵੇਖਿਆ ਹੈ, ਤੁਹਾਡੀ ਲੇਖਾ-ਰਹਿਤ ਗਤੀ ਜਾਣੀ ਨਹੀਂ ਜਾ ਸਕਦੀ।" ਗੁਰੂ ਜੀ ਨੇ ਕਿਹਾ, "ਭਿਆਨਕ ਭਵਸਾਗਰ ਵਿਚ ਬਹੁਤ ਮਨੁੱਖ ਡੁਬਦੇ ਜਾ ਰਹੇ ਹਨ॥ ੯੪॥

ਬਹੁ ਨਰ ਕੋ ਮਲਾਹ ਇਹ ਹੋਈ। ਪਾਰ ਕਰਹਿ ਭਵਸਾਗਰ ਜੋਈ'।
ਤੂਸ਼ਨਿ ਭਈ ਸੁਲਖਣੀ ਸੁਨਿਕੈ। ਲਹਿਣਾ ਹਰਖਯੋ ਕਰੁਣਾ ਗੁਨਿ ਕੈ ॥੯੫॥

ਬਹੁਤ ਮਨੁੱਖਾਂ ਨੂੰ ਭਵਸਾਗਰ ਪਾਰ ਕਰਨ ਵਾਸਤੇ ਇਹ ਮਲਾਹ ਹੋਣਗੇ।" ਇਹ ਸੁਣ ਕੇ ਮਾਤਾ ਸੁਲੱਖਣੀ ਜੀ ਚੁਪ ਹੋ ਗਏ, ਪਰ ਭਾਈ ਲਹਿਣਾ ਜੀ ਇਹ ਵਿਚਾਰ ਕੇ ਬਹੁਤ ਪ੍ਰਸੰਨ ਹੋਏ॥ ੯੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ੍ਰੀ ਅੰਗਦ ਜੀ ਮਿਲਾਪ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋ ਅਧਯਾਯ ॥ ੪੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸੰਤਾਲੀਵਾਂ ਅਧਿਆਇ, ਜਿਸ ਦਾ ਨਾਮ "ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ" ਹੈ, ਸਮਾਪਤ ਹੋਇਆ ॥ ੪੭॥

## ਅਧਿਆਇ ਅਠਤਾਲੀਵਾਂ

### *ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ*

ਦੋਹਰਾ- ਸ੍ਰੀ ਸਰਸ੍ਵਤੀ ਨਾਮ ਸੁਭ ਮੂਲ ਸੁ ਕਵਿਤਾ ਬੇਲ।
ਫੂਲਨ ਫਲਨੋ ਲਲਿਤ ਬਹੁ ਉਕਤਿ ਜੁਗਤਿ ਲਖ ਮੇਲ॥ ੧॥

ਸੁਭ ਨਾਮ ਵਾਲੀ ਸ਼ਾਰਦਾ ਮਾਨੋਂ ਇਕ ਸ਼ੁਭ ਮੂਲ ਹੈ, ਜਿਸ ਤੋਂ ਕਵਿਤਾ ਰੂਪੀ ਵੇਲ ਫੁੱਟੀ ਹੈ। ਇਹ ਵੇਲ ਉਕਤੀਆਂ ਅਤੇ ਜੁਗਤੀਆਂ ਦੇ ਲੱਖਾਂ ਮੇਲਾਂ ਨਾਲ ਮਾਨੋਂ ਬੜੀ ਸੁੰਦਰਤਾ ਨਾਲ ਫਲ ਤੇ ਫੁੱਲ ਰਹੀ ਹੈ॥ ੧॥

ਚੌਪਈ- ਕਿਤਿਕ ਦਿਵਸ ਜਬਿ ਰਹਤਿ ਬਿਤਾਏ। ਸੇਵਾ ਕਰਿਹੀ ਪ੍ਰੀਤਿ ਬਧਾਏ।
ਜ੍ਵਾਲਾ ਪਰਸਨ ਗਯੋ ਜੁ ਸੰਗਾ। ਸੋ ਆਯੋ ਪੁਨਿ ਸਹਿਤ ਉਮੰਗਾ॥ ੨॥

ਜਦ ਉਥੇ ਰਹਿੰਦਿਆਂ ਕਾਫੀ ਦਿਨ ਬੀਤ ਗਏ, ਅਤੇ ਬੜੀ ਪ੍ਰੀਤ ਵਧਾ ਕੇ ਸੇਵਾ ਕਰ ਰਹੇ ਸਨ, ਤਾਂ ਜਿਹੜੀ ਸੰਗਤ ਜਵਾਲਾ ਪੂਜਣ ਵਾਸਤੇ ਗਈ ਸੀ ਉਹ ਫਿਰ ਬੜੇ ਉਤਸ਼ਾਹ ਸਹਿਤ ਵਾਪਸ ਆਈ॥ ੨॥

ਲਹਿਣਾ ਵਹਿਰ ਬੁਲਾਇ ਬੂਝੇਰਾ। 'ਦੇਹੁ ਦਿਖਾਇ ਦਰਸ ਗੁਰ ਕੇਰਾ'।
ਸਭਿ ਕੋ ਲੇ ਨਿਜ ਸੰਗ ਅਗਾਰੀ। ਆਵਤਿ ਭਾ ਧ੍ਰਮਸਾਲ ਮਝਾਰੀ॥ ੩॥

ਉਨ੍ਹਾਂ ਲਹਿਣੇ ਨੂੰ ਬਾਹਰ ਬੁਲਾਇਆ ਅਤੇ ਪੁਛਿਆ, "ਆਪਣੇ ਗੁਰੂ ਦੇ ਸਾਨੂੰ ਵੀ ਦਰਸ਼ਨ ਕਰਵਾ ਦੇਵੋ।" ਸਾਰਿਆਂ ਨੂੰ ਆਪਣੇ ਨਾਲ ਲੈ ਕੇ ਅੱਗੇ-ਅੱਗੇ ਤੁਰ ਪਏ ਅਤੇ ਧਰਮਸਾਲਾ ਵਿਚ ਪੁੱਜ ਗਏ॥ ੩॥

ਹਾਥ ਬੰਦਿਕੈ ਗਿਰਾ ਬਖਾਨੀ। 'ਸੁਨੀਏ ਬਿਨਤੀ ਸ੍ਰੀ ਗੁਨਖਾਨੀ!।
ਗ੍ਰਾਮ ਖਡੂਰ ਮਨੁਜ ਬਹੁ ਆਏ। ਚਾਹਤਿ ਤੁਮਰੋ ਦਰਸ਼ਨ ਪਾਏ' ॥ ੪॥

ਹੱਥ ਜੋੜ ਕੇ ਕਿਹਾ, "ਹੇ ਗੁਰੂ ਜੀ ! ਮੇਰੀ ਬੇਨਤੀ ਸੁਣੋ। ਮੇਰੇ ਪਿੰਡ ਖਡੂਰ ਦੇ ਬਹੁਤ ਮਨੁੱਖ ਆਏ ਹਨ, ਉਹ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ" ॥ ੪ ॥

ਕ੍ਰਿਪਾ ਦ੍ਰਿਸ਼ਟਿ ਸੋਂ ਦੇਖਿ ਗੁਸਾਈਂ। ਬੋਲੇ 'ਸੰਗੀ ਲੇਹੁ ਬੁਲਾਈ'।
ਆਇਸੁ ਪਾਇ ਬ੍ਰਿੰਦ ਨਰ ਨਾਰੀ। ਲੇ ਪਹੁੰਚਜੋ ਧ੍ਰਮਸਾਲ ਮਝਾਰੀ ॥ ੫ ॥

ਗੁਰੂ ਜੀ ਨੇ ਭਾਈ ਲਹਿਣੇ ਜੀ ਵੱਲ ਬੜੀ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਬਚਨ ਕੀਤੇ, "ਆਪਣੇ ਸਾਥੀਆਂ ਨੂੰ ਬੁਲਾ ਲਿਆਵੋ"। ਆਗਿਆ ਪ੍ਰਾਪਤ ਕਰਕੇ ਸਾਰੇ ਨਰ ਨਾਰੀਆਂ ਨੂੰ ਨਾਲ ਲੈ ਕੇ ਧਰਮਸਾਲਾ ਵਿਚ ਪਹੁੰਚ ਗਏ ॥ ੫ ॥

'ਕਰੀ ਕਾਮਨਾ ਜਿਹ ਨਰ ਜੋਈ। ਹ੍ਵੈ ਹੈ ਪੂਰਨ ਭਾਖੀ 'ਸੋਈ'।
ਸਿੰਘਾਸਣ ਬੈਠੇ ਗੁਨ ਖਾਨੀ। ਦਰਸਹਿਂ ਕਰਿ ਬੰਦਨ ਮਨ ਬਾਨੀ ॥ ੬ ॥

ਭਾਈ ਲਹਿਣਾ ਜੀ ਨੇ ਆਪਣੇ ਸਾਥੀਆਂ ਨੂੰ ਪਹਿਲਾਂ ਕਿਹਾ ਸੀ, "ਮਨੁੱਖ ਜਿਹੜੀ ਵੀ ਕਾਮਨਾ ਆਪਣੇ ਮਨ ਵਿਚ ਧਾਰਨ ਕਰਦਾ ਹੈ, ਗੁਰੂ ਜੀ ਦੇ ਦਰਸ਼ਨ ਕਰਨ ਨਾਲ ਉਸ ਦੀ ਕਾਮਨਾ ਪੂਰੀ ਹੁੰਦੀ ਹੈ।" ਗੁਰੂ ਜੀ ਸਿੰਘਾਸਨ ਤੇ ਬੈਠੇ ਸਨ, ਸਾਰਿਆਂ ਨੇ ਮਨ ਤੇ ਬਾਣੀ ਨਾਲ ਬੰਦਨਾ ਕਰਕੇ ਉਨ੍ਹਾਂ ਦੇ ਦਰਸ਼ਨ ਕੀਤੇ ॥ ੬ ॥

ਫਲ ਅਰ ਫੂਲ ਉਪਾਇਨ ਧਰਿਹੀਂ। 'ਧੰਨ ਧੰਨ ਗੁਰੁ' ਬਚਨ ਉਚਰਿਹੀਂ।
ਬਿਨਤੀ ਭਾਖੈਂ ਖਰੇ ਅਗਾਰੀ। 'ਸਫਲ ਜਨਮ ਹੋਯੋ ਇਸ ਬਾਰੀ' ॥ ੭ ॥

ਉਨ੍ਹਾਂ ਨੇ ਫਲ ਅਤੇ ਫੁੱਲ ਭੇਟ ਕੀਤੇ ਅਤੇ 'ਗੁਰੂ ਜੀ ਧੰਨ ਹੋ ਧੰਨ ਹੋ' ਦਾ ਉਚਾਰਣ ਕੀਤਾ, ਉਨ੍ਹਾਂ ਦੇ ਅੱਗੇ ਖੜੇ ਕੇ ਬੇਨਤੀ ਕੀਤੀ, "ਸਾਡਾ ਇਸ ਵਾਰ ਦਾ ਜਨਮ ਸਫਲ ਹੋ ਹੋਇਆ ਹੈ" ॥ ੭ ॥

ਜਿਹ ਜਿਹ ਕਰੀ ਕਾਮਨਾ ਜੋਈ। ਪੂਰਨ ਕਰਤਿ ਭਏ ਗੁਰ ਸੋਈ।
ਏਕ ਨਿਸਾ ਬਸਿ ਪੁਰਿ ਕਰਤਾਰਾ। ਸਰਬ ਸੰਗ ਨਿਜ ਗ੍ਰਾਮ ਪਧਾਰਾ ॥ ੮ ॥

ਜਿਹੜੀ-ਜਿਹੜੀ ਵੀ ਕਿਸੇ ਕਾਮਨਾ ਕੀਤੀ ਸੀ, ਗੁਰੂ ਜੀ ਨੇ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ। ਇਕ ਰਾਤ ਕਰਤਾਰਪੁਰ ਵਿਚ ਰਹਿ ਕੇ ਸਾਰੀ ਸੰਗਤ ਆਪਣੇ ਪਿੰਡ ਚਲੇ ਗਈ ॥ ੮ ॥

ਲਹਿਣਾ ਰਹਜੋ ਪ੍ਰੇਮ ਕਰਿ ਪਾਸਾ। ਸੇਵਾ ਕਰਹਿ ਜੁ ਹੋਇ ਅਵਾਸਾ।
ਜੂਠੇ ਭਾਂਢਨ ਮਾਂਢਨ ਕਰਿਹੀ। ਚਰਨ ਪਖਾਰਿ ਹਰਖ ਉਰ ਧਰਿਹੀ ॥ ੯ ॥

ਭਾਈ ਲਹਿਣਾ ਪ੍ਰੇਮ ਕਾਰਨ ਉਨ੍ਹਾਂ ਦੇ ਪਾਸ ਹੀ ਰਿਹਾ। ਘਰ ਵਿਚ ਰਹਿ ਕੇ ਸੇਵਾ ਕਰਦਾ ਸੀ। ਜੂਠੇ ਭਾਂਡੇ ਮਾਂਜਦਾ ਸੀ, ਅਤੇ ਗੁਰੂ ਜੀ ਦੇ ਚਰਨ ਧੋ ਕੇ ਦਿਲ ਵਿਚ ਬਹੁਤ ਖੁਸ਼ ਹੁੰਦਾ ਸੀ ॥ ੯ ॥

ਬਿੰਜਨ ਲਏ ਹਾਂਕਹੀ ਪੌਨਾ। ਬਢਨੀ ਫੇਰਹਿ ਸਗਰੇ ਭੌਨਾ।
ਸਤਿਗੁਰ ਪਰ ਕੇ ਬਸਤ੍ਰ ਪਖਾਰਹਿ। ਨਿਸ ਦਿਨ ਸੇਵਾ ਕਰਤਿ ਗੁਜ਼ਾਰਹਿ ॥੧੦ ॥

ਪੱਖਾ ਲੈ ਕੇ ਹਵਾ ਝੱਲਦਾ ਸੀ ਅਤੇ ਸਾਰੇ ਘਰ ਵਿਚ ਝਾੜੂ ਮਾਰ ਕੇ ਸਫਾਈ ਕਰਦਾ ਸੀ। ਸਤਿਗੁਰੂ ਜੀ ਦੇ ਪਹਿਨਣ ਵਾਲੇ ਕਪੜੇ ਧੋਂਦਾ ਸੀ। ਦਿਨ ਰਾਤ ਸੇਵਾ ਕਰਦਿਆਂ ਗੁਜ਼ਾਰਦਾ ਸੀ ॥ ੧੦ ॥

ਮੁਖ ਦਿਸ਼ ਦੇਖਤਿ ਰਹੈ ਸਦਾਈ। ਜਬ ਗੁਨਖਾਨੀ ਦੇਹਿਂ ਰਜਾਈ।
ਤਤਛਿਨ ਕਰਹਿ ਪ੍ਰੀਤ ਉਰਧਾਰੀ। ਸਰਲ ਰਿਦੇ ਥਾ ਮਤਾ ਉਦਾਰੀ ॥ ੧੧ ॥

ਸਦਾ ਹੀ ਗੁਰੂ ਜੀ ਦੇ ਚਿਹਰੇ ਵੱਲ ਵੇਖਦਾ ਰਹਿੰਦਾ ਸੀ, ਜਦ ਗੁਰੂ ਜੀ ਹੁਕਮ ਕਰਦੇ ਸਨ ਤਾਂ ਝੱਟ ਦਿਲ ਵਿਚ ਪ੍ਰੀਤ ਧਾਰ ਕੇ ਉਹ ਕੰਮ ਕਰਦਾ ਸੀ। ਹਿਰਦਾ ਸਰਲ ਸੀ ਅਤੇ ਮਨ ਦਾ ਮਤਾ ਵਿਸ਼ਾਲ ਸੀ ॥ ੧੧ ॥

ਨਿਤਾਪ੍ਰਤੀ ਸ਼ਰਧਾ ਮਨ ਭੀਨੋ। ਨਿਜ ਜੀ ਰਚਨ ਸਮਰਪਨ ਕੀਨੋ।
ਭਈ ਪ੍ਰੀਤਿ ਨਹਿੰ ਜਾਇ ਬਖਾਨੀ। ਕੋ ਉਪਮਾ ਦਿਉਂ ਕਛੁ ਨ ਸਮਾਨੀ ॥੧੨॥

ਹਰ ਵੇਲੇ ਮਨ ਸ਼ਰਧਾ ਵਿਚ ਭਿੱਜਿਆ ਰਹਿੰਦਾ ਸੀ, ਹਿਰਦਾ ਗੁਰੂ ਜੀ ਦੇ ਚਰਨਾਂ ਵਿਚ ਸਮਰਪਿਤ ਕੀਤਾ ਸੀ। ਏਨੀ ਪ੍ਰੀਤ ਵਧ ਗਈ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਕੋਈ ਵੀ ਉਪਮਾ ਦੇਈਏ, ਉਸ ਦੀ ਬਰਾਬਰੀ ਨਹੀਂ ਕਰ ਸਕਦੀ॥੧੨॥

ਅਲਪ ਪਤੰਗ ਮ੍ਰਿਗ ਕੀ ਜਾਨੀ। ਤਿਨ ਤੇ ਤੁਰਨਤਾ ਪਹਿਚਾਨੀ।
ਸੀਸ ਦੇਨ ਕੀ ਹੁਇ ਜਿ ਰਜਾਈ। ਪਲਕ ਮਾਤ੍ਰ ਕਬਹਿ ਨ ਬਿਲਮਾਈ ॥੧੩॥

ਪਤੰਗੇ ਦੀ ਪ੍ਰੀਤ ਦੀਵੇ ਨਾਲ, ਹਿਰਨ ਦੀ ਪ੍ਰੀਤ ਸ਼ਿਕਾਰੀ ਦੀ ਘੰਟੀ ਨਾਲ, ਉਸ ਦੇ ਸਾਹਮਣੇ ਤੁੱਛ ਸਨ। ਸਿਰ ਦੇਣ ਦਾ ਵੀ ਜੇ ਹੁਕਮ ਹੋਵੇ, ਪੱਲਾਂ ਵਿਚ ਹੀ ਦੇ ਦੇਣ ਨੂੰ ਤਿਆਰ ਸਨ, ਇਸ ਵਿਚ ਉਹ ਕਦੀ ਦੇਰੀ ਨਹੀ ਸੀ ਲਾ ਸਕਦੇ॥ ੧੩॥

ਏਕ ਦਿਵਸ ਬੇਦੀ ਕੁਲ ਰਾਈ। ਪੌਢੇ ਸਿਹਜਾ ਪਰ ਸੁਖਦਾਈ।
ਮਾਯਾ ਧਾਰਿ ਆਪਨੋ ਬੇਖਾ। ਕਮਲ ਬਿਲੋਚਨ ਰੂਪ ਬਿਸ਼ੇਖਾ॥ ੧੪॥

ਇਕ ਦਿਨ ਗੁਰੂ ਜੀ ਮਹਾਰਾਜ ਆਪਣੇ ਬਿਸਤਰੇ ਤੇ ਲੇਟੇ ਹੋਏ ਸਨ, ਤਾਂ ਮਾਇਆ ਆਪਣਾ ਭੇਸ ਧਾਰ ਕੇ ਕਮਲ ਰੂਪ ਅਪਾਰ ਸੁੰਦਰਤਾ ਨੂੰ ਵੇਖਣ ਆਈ॥ ੧੪॥

ਮਨਿਮਯ ਭੂਖਣ ਝਲਕਤਿ ਅੰਗਾ। ਬਸਤ੍ਰ ਕਸੁੰਭੀ ਬਨੇ ਸੁ ਰੰਗਾ।
ਚਾਂਪਤਿ ਪਦਪੰਕਜ ਗੁਰ ਕੇਰੇ। ਸੇਵਾ ਕੀਨੀ ਭਾਉ ਘਨੇਰੇ॥ ੧੫॥

ਸਰੀਰ ਤੇ ਹੀਰੇ ਰਤਨਾਂ ਵਾਲੇ ਗਹਿਣੇ ਝਲਕ ਰਹੇ ਸਨ, ਸਾਰੇ ਕਪੜੇ ਲਾਲ ਰੰਗ ਦੇ ਸਨ। ਗੁਰੂ ਜੀ ਦੇ ਚਰਨ ਕੰਵਲਾਂ ਤੇ ਮੁੱਠੀਆਂ ਭਰ ਰਹੀ ਸੀ ਅਤੇ ਬੜੇ ਪ੍ਰੇਮ ਨਾਲ ਸੇਵਾ ਕਰ ਰਹੀ ਸੀ॥ ੧੫॥

ਲਹਿਣੇ ਤਤਛਿਨ ਬਿਜਨਾ ਲੀਨੇ। ਪੌਨ ਕਰਨ ਆਯੋ ਰਸ ਭੀਨੇ।
ਪਿਖਿ ਸਰੂਪ ਕੋ ਮਨ ਬਿਸਮਾਯੋ। ਕਛੂ ਨ ਜਾਨਯੋ ਗਯੋ ਲਜਾਯੋ ॥੧੬॥

ਭਾਈ ਲਹਿਣਾ ਉਸ ਵੇਲੇ ਪੱਖਾ ਲੈ ਕੇ, ਪ੍ਰੇਮ ਵਿਚ ਭਿੱਜਾ ਹੋਇਆ ਗੁਰੂ ਜੀ ਨੂੰ ਹਵਾ ਕਰਨ ਵਾਸਤੇ ਆਇਆ। ਮਾਇਆ ਦੇ ਸੁੰਦਰ ਸਰੂਪ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ। ਕੁਝ ਸਮਝ ਨਾ ਸਕਿਆ ਤੇ ਸ਼ਰਮਾ ਗਿਆ॥ ੧੬॥

ਨਿਕਸਿ ਗਈ ਕਰਿ ਸੇਵਾ ਜਬਿਹੀ। ਹਾਥ ਜੋਰਿ ਕੈ ਬੂਝਯੋ ਤਬਿਹੀ।
'ਕੋ ਅੰਗਨਾ ਇਹ ਦਿੱਬਯ ਸਰੂਪਾ?। ਅਲੰਕਾਰ ਬਰ ਬੇਖ ਅਨੂਪਾ ॥੧੭॥

ਜਦ ਉਹ ਸੇਵਾ ਕਰਕੇ ਨਿਕਲ ਗਈ, ਤਦ ਹੱਥ ਜੋੜ ਕੇ ਪੁਛਿਆ, "ਇਹ ਦੇਵਤਿਆਂ ਦੇ ਸਰੂਪ ਵਾਲੀ ਕੌਣ ਇਸਤਰੀ ਸੀ ? ਸ੍ਰੇਸ਼ਟ ਗਹਿਣੇ ਪਾਏ ਹੋਏ ਸਨ ਤੇ ਅਨੂਪਮ ਭੇਸ ਧਾਰਨ ਕੀਤਾ ਹੋਇਆ ਸੀ॥ ੧੭॥

ਪਦ ਪੰਕਜ ਸੇਵਹਿ ਧਰਿ ਭਾਊ। ਬੰਦਨ ਕਰਿ ਗਮਨੈ ਦਿਸ਼ ਕਾਊ।
ਮੈਂ ਇਕ ਪਿਖੀ,ਔਰ ਨਹਿੰ ਦੇਖੀ। ਉਰ ਮਹਿ ਅਚਰਜ ਭਯੋ ਵਿਸ਼ੇਖੀ' ॥੧੮॥

ਬੜੇ ਪਿਆਰ ਨਾਲ ਤੁਹਾਡੇ ਚਰਨ ਕੰਵਲਾਂ ਦੀ ਸੇਵਾ ਕਰ ਰਹੀ ਸੀ। ਤੁਹਾਨੂੰ ਬੰਦਨਾ ਕਰਕੇ ਕਿਸ ਪਾਸੇ ਗਈ ਹੈ, ਇਕ ਮੈਂ ਹੀ ਉਸ ਨੂੰ ਵੇਖਿਆ ਹੈ, ਹੋਰ ਕਿਸੇ ਨਹੀਂ ਵੇਖਿਆ ਹੈ, ਉਸ ਨੂੰ ਵੇਖ ਕੇ ਮੈਂ ਦਿਲ ਵਿਚ ਬਹੁਤ ਹੈਰਾਨ ਹੋਇਆ ਹਾਂ"॥ ੧੮॥

ਸੁਨਿਕੈ ਸ੍ਰੀ ਬੇਦੀ ਕੁਲ ਕੇਤੂ। ਬੋਲੇ ਭੇਦ ਬਤਾਵਨ ਹੇਤੂ।
'ਤੁਝ ਪਰ ਸ੍ਰੀ ਕਰਤਾ ਕ੍ਰਿਪਾਲਾ। ਤਬਹਿ ਬਿਲੋਕਯੋ ਰੂਪ ਬਿਸਾਲਾ ॥੧੯॥

ਇਹ ਸੁਣ ਕੇ ਗੁਰੂ ਜੀ ਭੇਦ ਦੱਸਣ ਹਿਤ ਬੋਲੇ, "ਤੇਰੇ ਉੱਤੇ ਕਰਤਾਰ ਦੀ ਮਿਹਰ ਹੈ, ਤਦ ਹੀ ਤੂੰ ਉਸ ਦਾ ਸੁੰਦਰ ਸਰੂਪ ਵੇਖ ਸਕਿਆ ਹੈਂ॥ ੧੯॥

ਔਰ ਕਿਸੂ ਕੋ ਨਦਰ ਨ ਆਵੈ। ਤਾਂ ਕੋ ਪਾਰ ਨ ਪਾਯੋ ਜਾਵੈ।
ਮਾਯਾ ਰੂਪ ਜਗਤ ਨਰ ਜੋਊ। ਸਭਿ ਭਰਮਾਏ ਬਚਜੋ ਨ ਕੋਊ॥੨੦॥

ਹੋਰ ਉਹ ਕਿਸੇ ਨੂੰ ਨਜ਼ਰ ਨਹੀਂ ਆਉਂਦੀ, ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਜੱਗ ਵਿਚ ਜਿਹੜੇ ਮਾਇਆ ਰੂਪੀ ਮਨੁੱਖ ਹਨ, ਉਨ੍ਹਾਂ ਸਭ ਨੂੰ ਇਸ ਭਰਮਾਇਆ ਹੈ, ਕੋਈ ਵੀ ਬਚਿਆ ਨਹੀ ਹੈ॥ ੨੦॥

ਦੋਹਰਾ-ਸੋ ਆਵਤਿ ਇਸ ਹੇਤ ਤੇ ਦ੍ਵਾਦਸ਼ ਕੋਸਨ ਦੂਰ।
ਰਹਤਿ ਹਮਾਰੇ ਪਾਸ ਤੇ, ਛਲ ਬਲ ਹ੍ਵੈ ਨ ਹਜੂਰ॥ ੨੧॥

ਇਸ ਵਾਸਤੇ ਉਹ ਬਾਰਾਂ ਕੋਹ ਦੂਰ ਤੋਂ ਆਉਂਦੀ ਹੈ, ਪਰ ਸਾਡੇ ਸਾਹਮਣੇ ਉਸ ਦੇ ਵਲ ਛਲ ਚਲ ਨਹੀਂ ਸਕਦੇ॥ ੨੧॥

ਚੌਪਈ- ਰਹਜੋ ਚਹਤਿ ਹੈ ਨਿਕਟ ਕੁਚਾਲੀ। ਪਾਇ ਜਾਂਹਿ ਨਰ ਹੋਤਿ ਕੁਢਾਲੀ।
ਯਾਂਤੇ ਸੇਵ ਕਰਤਿ ਸੋ ਆਈ। ਇਸਥਿਰ ਹੋਨ ਸਮੀਪ ਸਦਾਈ॥੨੨॥

ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਭੈੜੀ ਚਾਲ ਵਾਲੇ ਹੋ ਜਾਂਦੇ ਹਨ। ਇਥੇ ਸੇਵਾ ਕਰਨ ਵਾਸਤੇ ਆਈ ਸੀ। ਸਥਿਰਤਾ ਪ੍ਰਾਪਤ ਕਰਨ ਲਈ ਸਦਾ ਨੇੜੇ ਆਉਂਦੀ ਹੈ॥ ੨੨॥

ਦੁਤਿਯ ਸਰੂਪ ਧਰੈਂ ਹਮ ਜਬਿ ਹੀਂ। ਖਸ਼ਟ ਕੋਸ ਪਰ ਥਿਤ ਹ੍ਵੈ ਤਬਿਹੀ।
ਤ੍ਰਿਤੀਏ ਤਨ ਦਰ ਪਰ ਚਲਿ ਆਵਹਿ। ਸੇਵ ਕਰਹਿ ਸਭਿ ਭਾਂਤਿ ਰਿਝਾਵਹਿ॥੨੩॥

ਜਦ ਅਸੀਂ ਦੂਸਰਾ ਸਰੂਪ ਧਾਰਨ ਕਰਦੇ ਹਾਂ, ਫਿਰ ਇਹ ਛੇ ਕੋਹ ਤੇ ਸਥਿਤ ਹੋ ਜਾਂਦੀ ਹੈ। ਜਦ ਅਸੀਂ ਤੀਸਰਾ ਸਰੂਪ ਧਾਰਨ ਕਰਦੇ ਹਾਂ ਤਾਂ ਦਰਵਾਜ਼ੇ ਤੇ ਚਲ ਕੇ ਆ ਜਾਂਦੀ ਹੈ। ਸੇਵਾ ਕਰਦੀ ਹੈ ਅਤੇ ਹਰ ਤਰ੍ਹਾਂ ਪ੍ਰਸੰਨ ਕਰਦੀ ਹੈ॥ ੨੩॥

ਧਰੈਂ ਚਤੁਰਥੀ ਜਬਿ ਹਮ ਦੇਹੀ। ਚਹੁੰ ਦਰ ਪ੍ਰਵਿਸ਼ੈ ਆਵੈ ਏਹੀ'।
ਇਸ ਪ੍ਰਕਾਰ ਸਭਿ ਭੇਦ ਬਤਾਵਾ। ਸੁਨਿ ਲਹਿਣਾ ਹਿਰਦੇ ਹਰਖਾਵਾ॥੨੪॥

ਜਦ ਅਸੀਂ ਚੌਥਾ ਸਰੀਰ ਧਾਰਨ ਕਰਦੇ ਹਾਂ ਇਹ ਚਾਰੇ ਦਰਵਾਜ਼ਿਆਂ ਰਾਹੀਂ ਪ੍ਰਵੇਸ਼ ਕਰਦੀ ਹੈ।" ਇਸ ਪ੍ਰਕਾਰ ਗੁਰੂ ਜੀ ਨੇ ਸਾਰਾ ਭੇਦ ਦੱਸਿਆ, ਭਾਈ ਲਹਿਣਾ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ॥ ੨੪॥

ਭਰਜੋ ਪ੍ਰੇਮ ਉਰ ਸੇਵਾ ਕਰਿਹੀ। ਨਹੀ ਅਹੰਤਾ ਰੰਚਕ ਧਰਿਹੀ।
ਇਸ ਬਿਧਿ ਦਿਵਸ ਬਿਤੀਤੇ ਕੇਤੇ। ਕਰਹਿ ਸਦਨ ਹ੍ਵੈ ਕਾਰਜ ਤੇਤੇ॥੨੫॥

ਹਿਰਦਾ ਪ੍ਰੇਮ ਨਾਲ ਭਰ ਗਿਆ ਤੇ ਸੇਵਾ ਕਰਨ ਲੱਗਾ। ਦਿਲ ਵਿਚ ਰਾਈ ਮਾਤਰ ਵੀ ਘੁਮੰਡ ਧਾਰਨ ਨਾ ਕੀਤਾ। ਇਸ ਤਰ੍ਹਾਂ ਕਈ ਦਿਨ ਬਿਤੀਤ ਕੀਤੇ, ਘਰ ਦੇ ਸਾਰੇ ਕੰਮ ਕਰਦਾ ਸੀ॥ ੨੫॥

ਏਕ ਸਮੈ ਧ੍ਰਮਸਾਲਾ ਮਾਂਹੀ। ਰੁਚਿਰ ਪ੍ਰਯੰਕ ਡਸਾਵਾ ਤਾਂਹੀ।
ਤਿਹ ਪਰ ਪੌਢੇ ਹੁਤੇ ਗੁਸਾਈਂ। ਲਹਿਣਾ ਸੀਤਲ ਪੌਣ ਝੁਲਾਈ॥੨੬॥

ਇਕ ਵਾਰ ਗੁਰੂ ਜੀ ਨੇ ਧਰਮਸਾਲਾ ਵਿਚ ਸੁੰਦਰ ਪਲੰਘ ਡਹਾਇਆ। ਉਸ ਉੱਤੇ ਗੁਰੂ ਜੀ ਲੇਟੇ ਹੋਏ ਸਨ, ਭਾਈ ਲਹਿਣਾ ਠੰਢੀ ਹਵਾ ਝੱਲ ਰਿਹਾ ਸੀ॥ ੨੬॥

ਹਲਤ ਹੁਤੇ ਪਦ ਪੰਕਜ ਦੋਊ। ਜਿਨ ਕੇ ਅਹੈ ਸਮੀਪ ਨ ਕੋਊ।
ਇਹ ਬਿਲੋਕ ਲਹਿਣਾ ਬਿਸਮਾਨਜੋ। ਦ੍ਵੈ ਕਰ ਜੋਰੇ ਬਚਨ ਬਖਾਨਜੋ॥੨੭॥

ਉਸ ਵੇਲੇ ਗੁਰੂ ਜੀ ਦੇ ਦੋਵੇਂ ਚਰਨ ਕੰਵਲ ਹਿੱਲ ਰਹੇ ਸਨ, ਪਰ ਉਨ੍ਹਾਂ ਦੇ ਪਾਸ ਕੋਈ ਵੀ ਨਹੀਂ ਸੀ। ਇਹ ਵੇਖ ਕੇ ਭਾਈ ਲਹਿਣਾ ਬਹੁਤ ਹੈਰਾਨ ਹੋਇਆ। ਦੋਵੇਂ ਹੱਥ ਜੋੜ ਕੇ ਬੋਲਿਆ॥ ੨੭॥

'ਕਿਹ ਕਾਰਨ ਪਦ ਪੰਕਜ ਦੋਈ। ਚੰਚਲ ਹੋਤਿ ਆਪ ਤੇ ਸੋਈ।
ਕੋਇ ਨ ਪਿਖਿਯਤਿ ਜਿਨਹਿ ਸਮੀਪਾ'। ਸੁਨਿ ਬੋਲੇ ਬੇਦੀ ਕੁਲ ਦੀਪਾ॥੨੮॥

"ਇਹ ਕੀ ਕਾਰਨ ਹੈ ਕਿ ਤੁਹਾਡੇ ਦੋਵੇਂ ਚਰਨ ਕੰਵਲ ਆਪ ਪਾਸੋਂ ਚੰਚਲ ਹੋ ਕੇ ਹਿੱਲ ਰਹੇ ਹਨ। ਮੈਂ ਆਪ ਦੇ ਪਾਸ ਕਿਸੇ ਨੂੰ ਵੀ ਨਹੀਂ ਵੇਖ ਰਿਹਾ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ॥ ੨੮॥

'ਤੂੰ ਹੈਂ ਮੇਰੋ ਪਰਮ ਪਿਆਰੋ। ਯਾਂਤੇ ਸਭਿਹੀ ਭੇਦ ਉਚਾਰੋਂ।
ਅਮਰ ਬ੍ਰਿੰਦ ਛ੍ਵੈ ਛ੍ਵੈ ਜੁਗ ਪਾਈ। ਬੰਦਨ ਕਰਿ ਕਰਿ ਸਦਨ ਸਿਧਾਈਂ॥੨੯॥

"ਤੂੰ ਮੇਰਾ ਪਰਮ ਪਿਆਰਾ ਹੈਂ, ਤੈਨੂੰ ਮੈਂ ਸਾਰਾ ਭੇਦ ਦੱਸ ਦਿੰਦਾ ਹਾਂ। ਸਾਰੇ ਦੇਵਤੇ ਦੋਵਾਂ ਚਰਨਾਂ ਨੂੰ ਛੂਹ ਛੂਹ ਕੇ ਬੰਦਨਾ ਕਰ ਕੇ ਆਪਣੇ ਘਰਾਂ ਨੂੰ ਜਾ ਰਹੇ ਹਨ॥ ੨੯॥

ਆਵਹਿਂ ਮਿਲਿ ਕਰਿ ਕਬਿ ਕਬਿ ਸਾਰੇ। ਗੁਪਤ ਰੂਪ ਨਰ ਨਾਂਹਿ ਨਿਹਾਰੇ'।
ਸੁਨਿ ਕਹਿ 'ਸੱਤਿ ਸੱਤਿ ਪ੍ਰਭੁ ਸੋਊ'। ਬੰਦਤਿ ਭਾ ਪਦ ਪੰਕਜ ਦੋਊ॥੩੦॥

ਕਦੀ-ਕਦੀ ਸਾਰੇ ਮਿਲ ਕੇ ਆਉਂਦੇ ਹਨ, ਗੁਪਤ ਰੂਪ ਵਿਚ ਆਉਂਦੇ ਹਨ ਇਸ ਲਈ ਮਨੁੱਖ ਉਨ੍ਹਾਂ ਨੂੰ ਵੇਖ ਨਹੀਂ ਸਕਦੇ।" ਭਾਈ ਲਹਿਣੇ ਨੇ ਸੁਣ ਕੇ ਕਿਹਾ, "ਹੇ ਪ੍ਰਭੂ ! ਇਹ ਸਭ ਸੱਚ ਹੈ" ਅਤੇ ਫਿਰ ਦੋਵਾਂ ਚਰਨਾਂ 'ਤੇ ਬੰਦਨਾ ਕੀਤੀ॥ ੩੦॥

ਪਰਮ ਪ੍ਰੇਮ ਜਾਗਯੋ ਉਰ ਮਾਂਹੀ। ਰੰਗਯੋ ਰੰਗ ਭਗਤਿ ਮਨ ਜਾਂਹੀ।
ਇਕ ਮਨ ਹ੍ਵੈ ਪਢਿਹੈ ਗੁਰਬਾਣੀ। ਸੁਨਹਿ ਗੁਨਹਿ ਕੀਰਤਿ ਚਿਤ ਮਾਨੀ॥੩੧॥

ਮਨ ਵਿਚ ਪਰਮ ਪ੍ਰੇਮ ਜਾਗਿਆ ਅਤੇ ਮਨ ਪ੍ਰੇਮ ਭਗਤੀ ਨਾਲ ਰੰਗਿਆ ਗਿਆ। ਇਕ ਮਨ ਹੋ ਕੇ ਗੁਰਬਾਣੀ ਪੜ੍ਹਦੇ ਹਨ, ਚਿੱਤ ਵਿਚ ਕੀਰਤੀ ਸੁਣਦੇ ਅਤੇ ਵਿਚਾਰਦੇ ਹਨ॥ ੩੧॥

ਵਾਹਿਗੁਰੂ ਕੋ ਸਿਮਰਨ ਕਰਿਹੀ। ਉਮਗ ਉਮਗ ਮੁਖ ਸੁਜਸੁ ਉਚਰਿਹੀ।
ਚੀਤ ਪ੍ਰੀਤਿ ਕੀ ਰੀਤਿ ਨਿਆਰੀ। ਲਿਵ ਲਾਗੀ ਨਿਸਦਿਨ ਸੁਖਕਾਰੀ॥੩੨॥

ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਬੜੇ ਉਤਸ਼ਾਹ ਨਾਲ ਪ੍ਰਭੂ ਦਾ ਸ੍ਰੇਸ਼ਟ ਜੱਸ ਗਾਉਂਦੇ ਹਨ। ਚਿੱਤ ਵਿਚ ਪ੍ਰਭੂ ਪ੍ਰੀਤ ਦੀ ਨਿਆਰੀ ਗਤੀ ਹੈ। ਦਿਨ ਰਾਤ ਸੁਖਦਾਈ ਲਿਵ ਲੱਗੀ ਰਹਿੰਦੀ ਹੈ॥ ੩੨॥

ਕਰਿਤਯੋ ਸੇਵਾ ਸਮਾਂ ਬਿਤਾਵਹਿ। ਜਗ ਕਾਰਜ ਕੋ ਰਿਦੇ ਨ ਆਵਹਿ।
ਇਸ ਬਿਧਿ ਬਾਸੁਰ ਕਿਤੇ ਬਿਤਾਏ। ਚਰਨ ਕਮਲ ਮਨ ਭੌਰ ਲੁਭਾਏ॥੩੩॥

ਸੇਵਾ ਕਰਕੇ ਸਮਾਂ ਬਿਤੀਤ ਕਰਦੇ ਹਨ ਅਤੇ ਜਗਤ ਦੇ ਕਿਸੇ ਕਾਰਜ ਨੂੰ ਹਿਰਦੇ ਵਿਚ ਨਹੀਂ ਸੀ ਲਿਆਉਂਦੇ ਹਨ। ਇਸ ਤਰ੍ਹਾਂ ਕਈ ਦਿਨ ਲੰਘ ਗਏ। ਆਪਣੇ ਮਨ ਨੂੰ ਗੁਰੂ ਜੀ ਦੇ ਚਰਨ ਕੰਵਲਾਂ ਦਾ ਭੌਰਾ ਬਣਾ ਲਿਆ ਸੀ॥ ੩੩॥

ਬੈਠੇ ਹੁਤੇ ਬੇਦਿ ਕੁਲਦੀਪਾ। ਪਾਉਂ ਪਲੋਸਤਿ ਹੋਇ ਸਮੀਪਾ।
ਕਰ ਪਰਸਯੋ ਪਿੰਡਰੀ ਜਬਿ ਦੇਖੀ। ਜਿਨ ਕੋ ਲਗੀ ਝਰੀਟ ਵਿਸ਼ੇਖੀ॥੩੪॥

ਗੁਰੂ ਜੀ ਬੈਠੇ ਹੋਏ ਸਨ, ਭਾਈ ਲਹਿਣਾ ਜੀ ਪਾਸ ਬੈਠੇ ਚਰਨਾਂ ਨੂੰ ਘੁਟ ਰਹੇ ਸਨ। ਪੈਰ ਘੁਟਦਿਆਂ ਜਦ ਪਿੰਨੀ ਵੇਖੀ ਤਾਂ ਉਥੇ ਇਕ ਵੱਡੀ ਝਰੀਟ ਨਜ਼ਰ ਆਈ॥ ੩੪॥

ਬੂਝਯੋ ਲਹਿਣੇ ਦ੍ਵੈ ਕਰ ਬੰਦੇ। 'ਕਿਸ ਬਿਧਿ ਕੰਟਕ ਲਗੇ ਮੁਕੰਦੇ!।

ਵਹਿਰ ਕਹੂੰ ਅਸ ਠੌਰਨ ਮਾਂਹੀ। ਗਮਨੇ ਪ੍ਰਭੁ! ਆਪ ਕਬਿ ਨਾਂਹੀ ॥੩੫॥

ਭਾਈ ਲਹਿਣੇ ਨੇ ਦੋਵੇਂ ਹੱਥ ਜੋੜ ਕੇ ਪੁਛਿਆ, "ਹੇ ਮੁਕਤੀਦਾਤੇ ! ਆਪ ਜੀ ਨੂੰ ਇਹ ਕੰਡਾ ਕਿਥੋਂ ਵੱਜ ਗਿਆ ਹੈ ? ਬਾਹਰ ਕਿਤੇ ਐਸੀਆਂ ਥਾਵਾਂ ਤੇ ਆਪ ਕਦੀ ਵੀ ਨਹੀਂ ਗਏ॥ ੩੫॥

ਅਬਿ ਲਾਗੀ ਹੈਂ ਪਰਹਿਂ ਲਖਾਈ। ਇਹ ਕਾਰਨ ਮੁਝ ਦੇਹੁ ਬਤਾਈ'।
ਸੁਨਿਕੈ ਸ੍ਰੀਗੁਰ ਗਿਰਾ ਅਲਾਈ। 'ਏਕ ਅਯਾਲੀ ਅਜਾ ਚਰਾਈ ॥੩੬॥

ਹੁਣੇ ਲੱਗੀ ਪ੍ਰਤੀਤ ਹੁੰਦੀ ਹੈ, ਇਸ ਦਾ ਕੀ ਕਾਰਨ ਹੈ, ਇਹ ਮੈਨੂੰ ਦਸੋ ਜੀ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਇਕ ਆਜੜੀ ਬੱਕਰੀਆਂ ਚਾਰ ਰਿਹਾ ਹੈ॥ ੩੬॥

ਦੋਹਰਾ-ਮਨ ਇਕਾਂਤਿ ਹ੍ਵੈ ਪ੍ਰੀਤਿ ਯੁਤ ਪਢਹਿ ਸੋਹਿਲਾ ਸੋਇ।
ਕੰਟਕ ਝਾਰ ਅਪਾਰ ਜਹਿ ਫਿਰਤਿ ਪ੍ਰੇਮ ਮਹਿਂ ਹੋਇ॥ ੩੭॥

ਮਨ ਇਕਾਗਰ ਕਰਕੇ ਬੜੀ ਪ੍ਰੀਤ ਨਾਲ ਕੀਰਤਨ ਸੋਹਿਲਾ ਪੜ੍ਹ ਰਿਹਾ ਹੈ। ਜਿਥੇ ਕੰਡਿਆਂ ਦੀਆਂ ਬਹੁਤ ਝਾੜੀਆਂ ਹਨ, ਉਥੇ ਪ੍ਰੇਮ ਨਾਲ ਫਿਰ ਰਿਹਾ ਹੈ॥ ੩੭॥

ਚੌਪਈ- ਹ੍ਵੈ ਸਮੀਪ ਬਿਚਰੋਂ ਤਿਹ ਸੰਗਾ। ਲਗਨੇ ਦੇਊਂ ਨ ਕੰਟਕ ਅੰਗਾ।
ਤਹਾਂ ਝਰੀਟ ਲਗੀ ਇਹੁ ਜਾਨਹੁ। ਲਹਿਣੇ ! ਸਾਚ ਬਚਨ ਮਮ ਮਾਨਹੁ ॥੩੮॥

ਮੈਂ ਉਸ ਦੇ ਨੇੜੇ ਹੋ ਕੇ ਫਿਰ ਰਿਹਾ ਹਾਂ, ਉਸ ਦੇ ਅੰਗਾਂ ਨੂੰ ਕੰਡਾ ਨਹੀਂ ਲੱਗਣ ਦਿੰਦਾ। ਇਹ ਝਰੀਟ ਮੈਨੂੰ ਉਥੇ ਲੱਗੀ ਹੈ। ਹੇ ਲਹਿਣੇ ! ਮੇਰੇ ਇਸ ਬਚਨ ਨੂੰ ਸੱਚਾ ਮੰਨੋ॥ ੩੮॥

ਪਢਹਿ ਸੋਹਿਲਾ ਜੋ ਕਿਤ ਕੋਊ। ਤਿਹ ਸਮੀਪ ਨਿਸ਼ਚੈ ਮੈਂ ਹੋਊਂ।
ਅਸ ਕਹਿ ਪੁਨ ਇਕ ਸਿੱਖ ਹਕਾਰਾ। ਤਿਹ ਸੋਂ ਬੋਲੇ ਮੋਖ ਉਦਾਰਾ ॥੩੯॥

ਜਿਥੇ ਵੀ ਕੋਈ ਕੀਰਤਨ ਸੋਹਿਲਾ ਪੜ੍ਹਦਾ ਹੈ, ਮੈਂ ਨਿਸ਼ਚੇ ਹੀ ਉਸ ਦੇ ਨੇੜੇ ਹੁੰਦਾ ਹਾਂ।" ਇਹ ਕਹਿ ਕੇ ਫਿਰ ਇਕ ਸਿੱਖ ਨੂੰ ਬੁਲਾਇਆ, ਉਸ ਨੂੰ ਮੁਕਤੀ ਦਾਤੇ ਕਹਿਣ ਲੱਗੇ॥ ੩੯॥

'ਅਮਕਾ ਜੋ ਥਲ ਤਹਾਂ ਅਯਾਲਾ। ਅਜਾ ਚਰਾਵਤਿ ਪ੍ਰੇਮ ਬਿਸ਼ਾਲਾ।
ਜਾਵਹੁ ਤੁਮ ਤਿਹ ਨਿਕਟ ਨਿਹਾਰੀ। ਆਦਰ ਯੁਕਤ ਸੁ ਆਇ ਹਕਾਰੀ' ॥੪੦॥

"ਅਮਕੀ ਥਾਂ ਤੇ ਇਕ ਆਜੜੀ ਬੜੇ ਪ੍ਰੇਮ ਨਾਲ ਬੱਕਰੀਆਂ ਚਾਰ ਰਿਹਾ ਹੈ। ਉਸ ਨੂੰ ਵੇਖ ਕੇ ਉਸ ਦੇ ਪਾਸ ਜਾਵੋ ਤੇ ਬੜੇ ਆਦਰ ਸਤਿਕਾਰ ਨਾਲ ਉਸ ਨੂੰ ਬੁਲਾ ਕੇ ਲਿਆਵੋ" ॥ ੪੦॥

ਆਇਸੁ ਪਾਇ ਗਯੋ ਸਿਖ ਤਹਿੰਵਾ। ਅਜਾ ਚਰਾਇ ਅਯਾਲੀ ਜਹਿੰਵਾ।
ਤਿਹ ਬਿਲੋਕਿ ਬੋਲਯੋ ਮ੍ਰਿਦੁ ਬਾਨੀ। 'ਤੁਝਹਿ ਹਕਾਰਤਿ ਗੁਰ ਗੁਨਖਾਨੀ' ॥੪੧॥

ਆਗਿਆ ਪਾ ਕੇ ਸਿੱਖ ਉਸ ਥਾਂ ਗਿਆ ਜਿਥੇ ਆਜੜੀ ਬੱਕਰੀਆਂ ਚਾਰ ਰਿਹਾ ਸੀ। ਉਸ ਨੂੰ ਵੇਖ ਕੇ ਕੋਮਲ ਆਵਾਜ਼ ਵਿਚ ਬੋਲਿਆ, "ਤੁਹਾਨੂੰ ਗੁਣਾਂ ਦੀ ਖਾਨ ਗੁਰੂ ਜੀ ਬੁਲਾ ਰਹੇ ਹਨ" ॥ ੪੧॥

ਸੁਨਿ ਕਰਿ ਚਲਯੋ ਸਿੱਖ ਕੇ ਸਾਥਾ। ਆਇ ਨਿਵਾਯੋ ਜੁਗਪਗ ਮਾਥਾ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ। ਤਿਹ ਅਜਾਲਿ ਸੋਂ ਗਿਰਾ ਅਲਾਈ ॥੪੨॥

ਇਹ ਸੁਣ ਕੇ ਆਜੜੀ ਸਿੱਖ ਦੇ ਨਾਲ ਚਲ ਪਿਆ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਉਸ ਵੱਲ ਵੇਖ ਕੇ ਇਸ ਤਰ੍ਹਾਂ ਬਚਨ ਕਹੇ॥ ੪੨॥

ਦੋਹਰਾ-'ਸੋਵਨ ਸਮੇਂ ਬਖਾਨਿਯੇ ਕੰਠ ਸੋਹਿਲਾ ਜੋਇ।
ਅਧਿਕ ਖੁਸ਼ੀ ਬਹੁਰੋ ਕਰੀ ਦ੍ਵੈਤ ਰਿਦੈ ਤੇ ਖੋਇ॥ ੪੩॥

"ਜਿਹੜਾ ਕੀਰਤਨ ਸੋਹਿਲਾ ਤੂੰ ਕੰਠ ਕੀਤਾ ਹੈ ਇਸ ਨੂੰ ਸੌਣ ਵੇਲੇ ਪੜ੍ਹਿਆ ਕਰੋ। ਫਿਰ ਬਹੁਤ ਖੁਸ਼ੀ ਮਿਲੇਗੀ ਅਤੇ ਹਿਰਦੇ ਵਿਚੋਂ ਦ੍ਵੈਤ ਦੂਰ ਹੋ ਜਾਵੇਗਾ" ॥ ੪੩॥

ਚੌਪਈ- ਸੁਨਿ ਅਜਾਲਿ ਨੈ ਬਿਨੈ ਉਚਾਰੀ। 'ਅਬ ਜਿਉਂ ਹੋਇ ਰਜਾਇ ਤੁਮਾਰੀ।
ਤਿਉਂ ਮੈਂ ਕਰਿਹੋਂ ਧਰਿ ਉਰ ਪ੍ਰੀਤੀ। ਸੋਈ ਲਖੋਂ ਸ਼ਾਂਤਿਦਾ ਰੀਤੀ' ॥ ੪੪॥

ਆਜਜ਼ੀ ਨੇ ਇਹ ਸੁਣ ਕੇ ਬੇਨਤੀ ਕੀਤੀ, "ਹੁਣ ਜਿਵੇਂ ਤੁਹਾਡੀ ਮਰਜ਼ੀ ਹੋਵੇ, ਉਸ ਤਰ੍ਹਾਂ ਹੀ ਮੈਂ ਹਿਰਦੇ ਵਿਚ ਪ੍ਰੀਤ ਧਾਰਨ ਕਰਕੇ ਕਰਾਂਗਾ। ਉਹੋ ਹੀ ਸ਼ਾਂਤੀਦਾਇਕ ਰੀਤੀ ਸਮਝਾਂਗਾ" ॥ ੪੪॥

ਨਿਕਟਿ ਜਿ ਨਰ ਭੇ ਬਿਸਮੇ ਤਬਿਹੀ। ਧਰਹਿਂ ਗੁਰੂ ਪਰ ਸ਼ਰਧਾ ਸਭਿਹੀ।
ਪਿਖਿਓ ਲੋਚਨ ਕਾਰਨ ਜੋਈ। ਦ੍ਰਿੜ ਪਰਤੀਤ ਰਿਦੈ ਮਹਿਂ ਹੋਈ॥ ੪੫॥

ਜਿਹੜੇ ਮਨੁੱਖ ਲਾਗੇ ਬੈਠੇ ਸਨ ਉਹ ਬਹੁਤ ਹੈਰਾਨ ਹੋਏ, ਸਾਰਿਆਂ ਨੇ ਗੁਰੂ ਜੀ ਤੇ ਸ਼ਰਧਾ ਧਾਰਨ ਕੀਤੀ। ਜੋ ਝਰੀਟਾਂ ਦਾ ਕਾਰਨ ਸੀ, ਜਦ ਉਸ ਨੂੰ ਵੇਖਿਆ ਤਾਂ ਹਿਰਦੇ ਵਿਚ ਪ੍ਰਤੀਤ ਦ੍ਰਿੜ੍ਹ ਹੋ ਗਈ॥ ੪੫॥

ਪਢਹਿਂ ਸੋਹਿਲਾ ਸੋਵਨ ਕਾਲਾ। ਹਿਰਦੈ ਧਰਿਕੈ ਧਜਾਨ ਬਿਸਾਲਾ।
ਤਿਨ ਕਾ ਹ੍ਵੈ ਸਤਿਗੁਰ ਰਖਵਾਰਾ। ਬਿਘਨ ਸਰਬ ਦੇ ਦੂਖ ਨਿਵਾਰਾ॥ ੪੬॥

ਉਹ ਹੁਣ ਕੀਰਤਨ ਸੋਹਿਲਾ ਸੌਣ ਸਮੇਂ ਪੜ੍ਹਦਾ ਸੀ ਅਤੇ ਹਿਰਦੇ ਵਿਚ ਗੁਰੂ ਜੀ ਦਾ ਵਿਸ਼ਾਲ ਧਿਆਨ ਧਾਰਨ ਕਰਦਾ ਸੀ। ਉਨ੍ਹਾਂ ਦਾ ਸਤਿਗੁਰ ਆਪ ਰਖਵਾਲਾ ਬਣਦਾ ਹੈ ਅਤੇ ਸਾਰੇ ਵਿਘਨ ਅਤੇ ਦੁੱਖ ਦੂਰ ਕਰਦਾ ਹੈ॥ ੪੬॥

ਤੀਨ ਬਰਖ ਜਬਿ ਇਸ ਬਿਧਿ ਬੀਤੀ। ਲਹਿਨਾ ਸੇਵ ਕਰੇ ਯੁਤ ਪ੍ਰੀਤੀ।
ਪੁਨ ਨਿਕੇਤ ਸੁਧ ਲੇਨੇ ਕਾਰਨ। ਆਇਸੁ ਦੀਨੀ ਦੰਭ ਬਿਦਾਰਨ॥ ੪੭॥

ਤਿੰਨ ਸਾਲ ਜਦ ਇਸ ਤਰ੍ਹਾਂ ਬੀਤ ਗਏ, ਭਾਈ ਲਹਿਣਾ ਬੜੇ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਫਿਰ ਘਰ ਦੀ ਖਬਰ ਸਾਰ ਲੈਣ ਹਿਤ ਗੁਰੂ ਜੀ ਨੇ ਉਸ ਨੂੰ ਆਗਿਆ ਦੇ ਦਿੱਤੀ॥ ੪੭॥

ਸੁਨਿ ਨਿਦੇਸ਼ ਪ੍ਰਭੁ ਜਾਇ ਨ ਮੋਰੀ। ਬੰਦੇ ਪਦ ਪੰਕਜ ਕਰ ਜੋਰੀ।
ਗਮਨਜੋ ਪੰਥ ਰਿਦੇ ਧਰਿ ਧਜਾਨਾ। ਮਨ ਥਿਰ, ਕਿੰਚਿਤ ਨਾਂਹਿ ਡੁਲਾਨਾ॥ ੪੮॥

ਗੁਰੂ ਜੀ ਦੀ ਆਗਿਆ ਸੁਣ ਕੇ ਮੋੜੀ ਨਹੀਂ ਸੀ ਜਾ ਸਕਦੀ, ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਹਿਰਦੇ ਵਿਚ ਧਿਆਨ ਧਾਰਨ ਕਰਕੇ ਰਸਤੇ ਪੈ ਗਿਆ। ਮਨ ਨੂੰ ਸਥਿਰ ਰੱਖਿਆ ਅਤੇ ਥੋੜ੍ਹਾ ਵੀ ਡੋਲਣ ਨਾ ਦਿੱਤਾ॥ ੪੮॥

ਕ੍ਰਮ ਕਰਿ ਪਹੁੰਚਿ ਖਡੂਰ ਮਝਾਰਾ। ਪ੍ਰਵਿਸ਼ਜੋ ਸਦਨ ਮਿਲਜੋ ਪਰਵਾਰਾ।
ਤਬਿ ਸਭਿ ਨਰਨ ਕਾਨ ਸੁਨਿ ਪਾਯੋ। 'ਕਾਲ ਬਿਤੇ ਬਹੁ ਲਹਿਣਾ ਆਯੋ' ॥ ੪੯॥

ਸ਼ੁਭ ਕਰਮ ਕਰਕੇ ਖਡੂਰ ਦੇ ਵਿਚ ਪਹੁੰਚ ਗਿਆ, ਘਰ ਵਿਚ ਗਿਆ ਅਤੇ ਆਪਣੇ ਪਰਿਵਾਰ ਨੂੰ ਮਿਲਿਆ। ਜਦ ਸਾਰੇ ਲੋਕਾਂ ਨੂੰ ਪਤਾ ਲੱਗਾ ਕਿ "ਭਾਈ ਲਹਿਣਾ ਲੰਮਾ ਸਮਾਂ ਬਿਤਾ ਕੇ ਘਰ ਆਇਆ ਹੈ" ॥ ੪੯॥

ਮਿਲਨ ਹੇਤ ਮਿਲਿ ਕਰਿਕੈ ਸਭਿਹੀ। ਸੁਜਸੁ ਕਹਤਿ ਚਲਿ ਆਏ ਤਬਿਹੀ।
ਆਦਰ ਕਰਨ ਨਰਨ ਸਭਿ ਤਾਈਂ। ਉਠਜੋ ਸੁ ਮੰਚ ਪਰ ਤੇ ਅਗੁਵਾਈ॥ ੫੦॥

ਸਾਰੇ ਮਿਲ ਕੇ ਮਿਲਣ ਆਏ। ਆ ਕੇ ਸ੍ਰੇਸ਼ਟ ਜੱਸ ਕਰਦੇ ਸਨ, ਸਾਰੇ ਮਨੁੱਖਾਂ ਦਾ ਆਦਰ ਕਰਨ ਵਾਸਤੇ ਪਹਿਲਾਂ ਹੀ ਮੰਜੇ ਤੋਂ ਉਠ ਪਏ॥ ੫੦॥

ਗਰ ਸੋਂ ਲਾਇ ਮਿਲਜੋ ਸਭਿ ਸੰਗਾ। ਪੇਖਜੋ ਨਰਨ ਸੁਭਾਉ ਉਤੰਗਾ।
ਹੁਤੇ ਸੁਸ਼ੀਲ ਚੌਧਰੀ ਗ੍ਰਾਮੂ। ਉੱਤਮ ਅਹੈ ਤਖਤਮਲ ਨਾਮੂ॥ ੫੧॥

ਸਾਰਿਆਂ ਨੂੰ ਗਲ ਲੱਗ ਕੇ ਮਿਲੇ। ਲੋਕਾਂ ਨੇ ਉਨ੍ਹਾਂ ਦੇ ਉੱਚੇ-ਸੁੱਚੇ ਸੁਭਾਅ ਨੂੰ ਵੇਖਿਆ। ਪਿੰਡ ਦਾ ਚੌਧਰੀ ਬੜਾ ਸੁਸ਼ੀਲ ਸੀ। ਉਹ ਬੜਾ ਉੱਤਮ ਸੀ ਤੇ ਤਖਤ ਮਲ ਉਸ ਦਾ ਨਾਂ ਸੀ॥ ੫੧॥

ਤਿਨ ਤਬਿ ਆਇ ਬੰਦਨਾ ਕੀਨੀ। ਸੇਵ ਨਿੰਮ੍ਰਤਾ ਮਹਿਂ ਮਤਿ ਭੀਨੀ।
ਤਿਹ ਬਿਲੋਕਿ ਲਹਿਣਾ ਕਹਿ ਬਚਨਾ। ਮਾਧੁਰਤਾ ਮਿਰਦੁਲ ਜਿਨ ਰਚਨਾ॥੫੨॥

ਉਸ ਨੇ ਆ ਕੇ ਫਿਰ ਬੰਦਨਾ ਕੀਤੀ, ਜਿਸ ਦੀ ਸੇਵਾ ਅਤੇ ਨਿੰਮ੍ਰਤਾ ਵਿਚ ਮੱਤ ਭਿੱਜੀ ਹੋਈ ਸੀ। ਭਾਈ ਲਹਿਣੇ ਨੇ ਵੇਖ ਕੇ ਉਸ ਨੂੰ ਮਿੱਠੇ ਤੇ ਕੋਮਲ ਬਚਨ ਕਹੇ॥ ੫੨॥

'ਮਤਿ ਬਿਸਾਲ ਗਲ ਮਿਲੀਏ ਆਈ। ਬੰਦਨ ਕਰਿ ਕਿਉਂ ਬੈਸਜੋ ਜਾਈ?।
ਸਭਿ ਨਰ ਮਹਿਂ ਤੁਮ ਅਧਿਕ ਬਡੇਰੇ। ਮਨੁਜ ਗ੍ਰਾਮ ਅਨੁਸਾਰਿ ਸੁ ਤੇਰੇ॥੫੩॥

'ਹੇ ਵੱਡੀ ਮੱਤ ਵਾਲੇ, ਆ ਕੇ ਗਲੇ ਮਿਲੋ, ਬੰਦਨਾ ਕਰਕੇ ਕਿਉਂ ਬੈਠ ਗਏ ਹੋ ? ਸਾਰੇ ਮਨੁੱਖਾਂ ਵਿੱਚ ਤੁਸੀਂ ਬਹੁਤ ਵੱਡੇ ਹੋ, ਪਿੰਡ ਦੇ ਲੋਕ ਤੇਰੀ ਆਗਿਆ ਅਨੁਸਾਰ ਚਲਦੇ ਹਨ॥ ੫੩॥

ਊਚੈ ਪਦ ਕੋ ਪਾਇ ਨਿਮਾਈ। ਉੱਤਮ ਸੇ ਜਗ ਬਿਖੈ ਗਿਨਾਈਂ।
ਫਲ ਕੋ ਪਾਇ ਤਰੋਵਰੁ ਜੋਈ। ਸ਼ਾਖਾ ਝੁਕੈਂ ਧਰਨਿ ਪਰ ਸੋਈ' ॥ ੫੪॥

ਜੋ ਨੀਵੇਂ ਹਨ, ਉਹ ਉੱਚੇ ਪਦ ਨੂੰ ਪਾਉਂਦੇ ਹਨ। ਜਗਤ ਵਿਚ ਉਹ ਉੱਤਮ ਗਿਣੇ ਜਾਂਦੇ ਹਨ, ਜਿਥੇ ਬ੍ਰਿੱਛ ਨੂੰ ਫਲ ਲੱਗਦਾ ਹੈ, ਉਸ ਦੀਆਂ ਉਹ ਟਹਿਣੀਆਂ ਧਰਤੀ ਵਲ ਝੁਕ ਜਾਂਦੀਆਂ ਹਨ'' ॥ ੫੪॥

ਕਹੈ ਚੌਧਰੀ ਦ੍ਵੈਕਰ ਜੋਰੇ। 'ਤੁਮ ਸੁਸ਼ੀਲ ਅਤਿਸ਼ੈ ਪ੍ਰਿਯ ਮੋਰੇ।
ਮਹਾਂ ਪੁਰਖ ਕੇ ਢਿਗ ਚਿਰਕਾਲਾ। ਰਹਿ ਕੈ ਕੀਨੀ ਸੇਵ ਬਿਸ਼ਾਲਾ॥੫੫॥

ਚੌਧਰੀ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, ''ਤੁਸੀਂ ਸੁਸ਼ੀਲ, ਮੇਰੇ ਬਹੁਤ ਪਿਆਰੇ ਹੋ। ਮਹਾਂਪੁਰਖਾਂ ਦੇ ਪਾਸ ਬੜਾ ਸਮਾਂ ਬਿਤਾਇਆ ਹੈ ਅਤੇ ਉਥੇ ਰਹਿ ਕੇ ਬੜੀ ਸੇਵਾ ਕੀਤੀ ਹੈ॥ ੫੫॥

ਮਹਾਂ ਪੁਰਖ ਕੇ ਭਏ ਸਮਾਨਾ। ਤੁਮ ਕੋ ਪੂਜਨ ਮੈਂ ਭਲ ਜਾਨਾ।
ਗਰ ਸੋਂ ਮਿਲਿਨ ਜੋਗ ਅਬਿ ਨਾਂਹੀ। ਸੇਵਾ ਕਰਨ ਠਟੇਂ ਮਨ ਮਾਂਹੀ' ॥੫੬॥

ਤੁਸੀਂ ਮਹਾਂਪੁਰਖ ਦੇ ਸਮਾਨ ਹੋ ਗਏ ਹੋ, ਤੁਹਾਡੀ ਪੂਜਾ ਕਰਨੀ ਹੀ ਮੈਂ ਭਲੀ ਜਾਣੀ ਹੈ, ਗਲ ਮਿਲਣਾ ਹੁਣ ਯੋਗ ਨਹੀਂ ਹੈ। ਮੈਂ ਮਨ ਵਿਚ ਸੇਵਾ ਕਰਨ ਦਾ ਵਿਚਾਰ ਬਣਾਇਆ ਹੈ'' ॥ ੫੬॥

ਸੁਨਿ ਸ੍ਰੀ ਲਹਿਣਾ ਹਰਖਜੋ ਭਾਰੀ। ਖੁਸ਼ੀ ਅਧਿਕ ਤਿਹ ਊਪਰ ਧਾਰੀ।
ਕਹਜੋ ਬਚਨ 'ਤੂੰ ਅਤਿ ਬ੍ਰਿਧ ਹੋਵਹਿਂ। ਸਤਿਗੁਰ ਭਾਵੈ ਸਭਿ ਦੁਖ ਖੋਵਹਿਂ॥੫੭॥

ਇਹ ਸੁਣ ਕੇ ਭਾਈ ਲਹਿਣਾ ਬੜਾ ਪ੍ਰਸੰਨ ਹੋਇਆ, ਉਸ ਦੇ ਉਤੇ ਬਹੁਤ ਖੁਸ਼ੀ ਧਾਰਨ ਕੀਤੀ। ਬਚਨ ਕੀਤੇ, ''ਤੇਰੀ ਲੰਮੀ ਉਮਰ ਹੋਵੇ, 'ਸਤਿਗੁਰੂ ਨੂੰ ਭਾਵੇ ਤਾਂ ਤੇਰੇ ਸਾਰੇ ਦੁੱਖ ਦੂਰ ਹੋ ਜਾਣਗੇ॥ ੫੭॥

ਪਾਇਂ ਸਦਨ ਮਹਿਂ ਸਰਬ ਪਦਾਰਥ। ਜਾਇਂ ਪ੍ਰਲੋਕ ਹੋਇ ਕਿਰਤਾਰਥ'।
ਤਬਿ ਤੇ ਤਿਹ ਨਿਕੇਤ ਕੇ ਮਾਂਹੀ। ਕਿਸੂ ਵਸਤੁ ਕੀ ਕਮਤੀ ਨਾਂਹੀ' ॥੫੮॥

ਤੇਰਾ ਘਰ ਸਾਰੇ ਪਦਾਰਥਾਂ ਨਾਲ ਭਰ ਜਾਵੇ, ਪਰਲੋਕ ਵਿਚ ਨਿਹਾਲ ਹੋ ਕੇ ਭਾਵ ਮੁਕਤ ਹੋ ਕੇ ਜਾਵੇਂ। ਤਦ ਤਕ ਤੇਰੇ ਘਰ ਵਿਚ ਕਿਸੇ ਵਸਤੂ ਦੀ ਘਾਟ ਨਾ ਆਵੇ'' ॥ ੫੮॥

ਕਰਨੀ ਭਗਤਿ ਰਿਦੇ ਮਹਿਂ ਜਾਗੀ। ਸਤਿਗੁਰ ਨਾਮ ਸੰਗ ਲਿਵ ਲਾਗੀ।
ਬਹੁਰੋ ਕਰਤਿ ਭਏ ਸਤਿ ਭਾਉ। ਉਸਤਤਿ ਕਰਿਹਂ ਲੇਤਿ ਮੁਖ ਨਾਉਂ ॥੫੯॥

ਭਗਤੀ ਕਰਨੀ ਉਸ ਦੇ ਹਿਰਦੇ ਵਿਚ ਜਾਗੀ ਅਤੇ ਸਤਿਗੁਰੂ ਨਾਮ ਨਾਲ ਉਸਦੀ ਲਿਵ ਲੱਗ ਗਈ। ਫਿਰ ਉਹ ਸੱਚਾ ਪਿਆਰ ਕਰਨ ਲੱਗਾ। ਮੁੱਖ ਤੋਂ ਨਾਂ ਲੈ ਕੇ ਉਸਤਤਿ ਕਰਨ ਲੱਗਾ॥ ੫੯॥

ਦੋਹਰਾ-ਤਿਹ ਛਿਨ ਬੈਠਜੋ ਤਖਤਮਲ ਮਾਨਵ ਅਪਰ ਸੁ ਬ੍ਰਿੰਦ।
ਸ਼ਬਦ ਉਚਾਰਜੋ ਸਤਿਗੁਰੂ ਸ਼ਰਧਾ ਹਿਤ ਸੁਖਕੰਦ॥ ੬੦॥

ਉਸ ਵੇਲੇ ਜਦ ਤਖਤ ਮਲ ਅਤੇ ਹੋਰ ਲੋਕਾਂ ਦਾ ਸਮੂਹ ਬੈਠਾ ਸੀ, ਸੁਖਾਂ ਦੇ ਦਾਤੇ ਨੇ ਸਤਿਗੁਰੂ ਨਾਨਕ ਦੇਵ ਦਾ ਇਕ ਸ਼ਬਦ ਪੜ੍ਹਿਆ॥ ੬੦॥

*ਸ੍ਰੀ ਮੁਖ ਵਾਕ॥ ਸੂਹੀ ਮਹਲਾ ੧॥*

*ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ॥*
*ਸੂਖੀ ਕਰੈ ਪਸਾਉ ਦੂਖ ਵਿਸਾਰਸੀ॥*
*ਸਹਸਾ ਮੂਲੇ ਨਾਹਿ ਸਰਪਰ ਤਾਰਸੀ॥ ੧॥*
*ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥*
*ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥*
*ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ॥ ੨॥*
*ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ॥*
*ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ॥*
*ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ॥ ੩॥*
*ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ॥*
*ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ॥*
*ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥ ੪॥ ੩॥* *(ਪੰਨਾ ੭੨੯)*

ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਪ੍ਰੇਮ ਹੈ, ਉਨ੍ਹਾਂ ਦਾ ਜੀਵਨ ਪ੍ਰਭੂ ਸਵਾਰ ਦਿੰਦਾ ਹੈ। ਉਨ੍ਹਾਂ ਨੂੰ ਪ੍ਰਭੂ ਸੁਖ ਦੀ ਦਾਤ ਦਿੰਦਾ ਹੈ ਅਤੇ ਦੁੱਖ ਦੂਰ ਕਰ ਦਿੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਭੂ ਉਨ੍ਹਾਂ ਦਾ ਪਾਰ-ਉਤਾਰਾ ਕਰ ਦੇਵੇਗਾ॥ ੧॥

ਗੁਰੂ ਜੀ ਉਨ੍ਹਾਂ ਨੂੰ ਆ ਕੇ ਮਿਲਦੇ ਹਨ, ਜਿਨ੍ਹਾਂ ਵਾਸਤੇ ਅਜਿਹਾ ਲੇਖ ਲਿਖਿਆ ਹੁੰਦਾ ਹੈ। ਉਹ ਉਨ੍ਹਾਂ ਨੂੰ ਵਾਹਿਗੁਰੂ ਦੇ ਅੰਮ੍ਰਿਤ ਮਈ ਨਾਮ ਦਾ ਉਪਦੇਸ਼ ਦਿੰਦੇ ਹਨ। ਜੋ ਸਤਿਗੁਰੂ ਦੇ ਭਾਣੇ ਵਿਚ ਤੁਰਦੇ ਹਨ, ਉਹ ਕਦੀ ਵੀ ਮੰਗਦੇ ਨਹੀਂ ਫਿਰਦੇ॥ ੨॥

ਜੋ ਆਪਣੇ ਮੰਦਰ ਦੇ ਨੇੜੇ ਵੱਸਦਾ ਹੈ, ਉਹ ਹੋਰ ਕਿਸੇ ਨੂੰ ਨਮਸ਼ਕਾਰ ਕਿਉਂ ਕਰੇ ? ਪ੍ਰਭੂ ਦੇ ਦਰ ਦਾ ਦੁਆਰਪਾਲ ਉਸ ਨੂੰ ਅਸਲੋਂ ਹੀ ਕੋਈ ਸਵਾਲ ਨਹੀਂ ਪੁੱਛਦਾ। ਪ੍ਰਾਣੀ ਉਸ ਦੇ ਕਹਿਣ ਤੇ ਬੰਦਖਲਾਸ ਹੋ ਜਾਂਦਾ ਹੈ, ਜਿਸ ਉਤੇ ਪ੍ਰਭੂ ਦੀ ਰਹਿਮਤ ਹੈ॥ ੩॥

ਪ੍ਰਭੂ ਖੁਦ ਹੀ ਪ੍ਰਾਣੀਆਂ ਨੂੰ ਭੇਜਦਾ ਅਤੇ ਵਾਪਸ ਬੁਲਾਉਂਦਾ ਹੈ, ਹੋਰ ਉਸ ਨੂੰ ਕੋਈ ਸਲਾਹ ਦੇਣ ਵਾਲਾ ਨਹੀਂ ਹੈ। ਉਹ ਖੁਦ ਹੀ ਢਾਹ ਢੇਰੀ ਕਰਦਾ, ਬਣਾਉਂਦਾ ਅਤੇ ਸਾਜਦਾ ਹੈ। ਉਹ ਸੁਆਮੀ ਸਾਰਾ ਕੁਝ ਜਾਣਦਾ ਹੈ। ਹੇ ਨਾਨਕ ! ਨਾਮ ਇਕ ਦਾਤ ਹੈ, ਜੋ ਮਿਹਰਬਾਨ ਮਾਲਕ ਉਸ ਨੂੰ ਦਿੰਦਾ ਹੈ, ਜਿਸ ਉਤੇ ਆਪਣੀ ਬਖਸ਼ਿਸ਼ ਧਾਰਦਾ ਹੈ ॥ ੪॥ ੩॥ ੫॥

ਚੌਪਈ- ਤਿਹਛਿਨ ਸੁਨਿਕੈ ਬੰਦਨ ਕੀਨੀ। ਭਾਉ ਬਿਖੈ ਮਤਿ ਸਭਿ ਕੀ ਭੀਨੀ।
ਇਸ ਪ੍ਰਕਾਰ ਮਿਲਿ ਕੀਨੋ ਗਵਨੰ। ਲਹਿਣਾ ਰਹਜੋ ਕਿਤਿਕ ਦਿਨ ਭਵਨੰ ॥੬੧॥

ਉਸ ਵੇਲੇ ਸੁਣ ਕੇ ਬੰਦਨਾ ਕੀਤੀ ਅਤੇ ਸਾਰਿਆਂ ਦੀ ਮੱਤ ਪ੍ਰੇਮ ਵਿਚ ਭਿੱਜ ਗਈ। ਇਸ ਪ੍ਰਕਾਰ ਭਾਈ ਲਹਿਣਾ ਜੀ ਨੂੰ ਮਿਲ ਕੇ ਸਾਰੇ ਚਲੇ ਗਏ। ਭਾਈ ਲਹਿਣਾ ਜੀ ਕਈ ਦਿਨ ਆਪਣੇ ਘਰ ਰਹੇ॥ ੬੧॥

ਕਬਿ ਇਕ ਛਿਨ ਚਿਤ ਪਰਚਤਿ ਨਾਂਹੀ। ਕਬਿ ਆਂਙਨ ਕਬਿ ਬਾਹਰ ਜਾਂਹੀ।
ਗੁਰ ਪਦਪੰਕਜ ਢਿਗ ਮਨ ਛੋਰਾ। ਤਨ ਆਯੋ ਨਿਕੇਤ ਕੀ ਓਰਾ॥ ੬੨॥

ਭਾਈ ਲਹਿਣੇ ਜੀ ਦਾ ਇਕ ਪੱਲ ਵੀ ਚਿੱਤ ਲਗਦਾ ਨਹੀਂ ਸੀ, ਕਦੀ ਵਿਹੜੇ ਵਿਚ ਅਤੇ ਕਦੀ ਬਾਹਰ ਜਾਂਦੇ ਸਨ। ਉਨ੍ਹਾਂ ਆਪਣੇ ਮਨ ਨੂੰ ਗੁਰੂ ਜੀ ਦੇ ਚਰਨਾਂ ਨਾਲ ਜੋੜਿਆ ਹੋਇਆ ਸੀ, ਕੇਵਲ ਸਰੀਰ ਘਰ ਆਇਆ ਸੀ॥ ੬੨॥

ਕੈਸੇ ਹੋਇ ਚੈਨ ਮਨ ਮਾਂਹੀ। ਚੰਦ ਚਕੋਰ ਚੀਤ ਚਿਤ ਚਾਹੀ।
ਲੋਚਨ ਕਮਲ ਰਹੈਂ ਅਲਸਾਏ। ਬਿਨ ਅਪਨੋ ਪ੍ਰੀਤਮ ਰਵਿ ਪਾਏ ॥੬੩॥

ਮਨ ਵਿਚ ਕਿਸੇ ਤਰ੍ਹਾਂ ਵੀ ਸ਼ਾਂਤੀ ਨਹੀਂ ਸੀ ਆਉਂਦੀ। ਚੰਦ ਚਕੋਰ ਵਾਂਗ ਚਿੱਤ ਚਾਹੁੰਦਾ ਸੀ। ਕੰਵਲ ਨੈਣ ਹਰ ਵੇਲੇ ਅਲਸਾਏ ਰਹਿੰਦੇ ਸਨ, ਕਿਉਂਕਿ ਉਨ੍ਹਾਂ ਨੂੰ ਪ੍ਰੀਤਮ ਰੂਪੀ ਸੂਰਜ ਨਹੀਂ ਸੀ ਦਿੱਸਦਾ॥ ੬੩॥

ਕਿਹ ਸੋਂ ਕਹੈਂ ਨ, ਰਹੈਂ ਉਦਾਸਾ। ਕਰਤਿ ਨ ਸੁਧ ਉਰ ਕਾਜ ਅਵਾਸਾ।
ਰਹੇ ਅਲਪ ਦਿਨ ਬੀਚ ਖਡੂਰੇ। ਪੁਨ ਚਹਿ ਚਲਜੋ ਨਿਕਟ ਗੁਰ ਪੂਰੇ ॥੬੪॥

ਕਿਸੇ ਨਾਲ ਬੋਲਦੇ ਨਹੀਂ ਸਨ, ਹਰ ਵੇਲੇ ਉਦਾਸ ਰਹਿੰਦੇ ਸਨ, ਘਰ ਦੇ ਕੰਮਾਂ ਦੀ ਕੋਈ ਸੋਝੀ ਨਹੀਂ ਸੀ। ਖਡੂਰ ਵਿਚ ਥੋੜ੍ਹੇ ਦਿਨ ਠਹਿਰ ਕੇ ਫਿਰ ਪੂਰੇ ਗੁਰੂ ਦੇ ਪਾਸ ਜਾਣਾ ਚਾਹੁੰਦੇ ਸਨ॥ ੬੪॥

ਸਭਿਹਿਨਿ ਸੋਂ ਮਿਲਿ ਕਰਿ ਹਿਤ ਸੰਗਾ। ਗਮਨਜੋ ਪੰਥ ਰਿਦੇ ਸੁ ਉਮੰਗਾ।
ਨਰ ਕਹਿ ਰਹੇ 'ਰਹਉ ਕੁਛ ਔਰੀ। ਬਹੁ ਦਿਨ ਮਹਿਂ ਆਯੋ ਨਿਜ ਠੌਰੀ' ॥੬੫॥

ਸਾਰਿਆਂ ਨੂੰ ਪਿਆਰ ਨਾਲ ਮਿਲ ਕੇ ਬੜੇ ਉਤਸ਼ਾਹ ਨਾਲ ਕਰਤਾਰਪੁਰ ਦੇ ਰਾਹ ਪੈ ਗਏ। ਮਨੁੱਖ ਕਹਿ ਰਹੇ ਸਨ, "ਕੁਝ ਦਿਨ ਹੋਰ ਰਹੋ, ਬਹੁਤ ਦਿਨਾਂ ਬਾਅਦ ਇਸ ਥਾਂ ਆਏ ਹੋ" ॥ ੬੫॥

ਯਥਾ ਯੋਗ ਸਭਿ ਸੋਂ ਕਹਿ ਨੀਕੇ। ਪਹੁੰਚਜੋ ਪੁਰਿ ਕਰਤਾਰ ਨਜੀਕੇ।
ਜਾਇ ਦਰਸ ਦੇਖਜੋ ਸੁਖਦਾਈ। ਮਨਿ ਬਿਨ ਫਨੀ ਮਨੋ ਮਨਿ ਪਾਈ ॥੬੬॥

ਯਥਾ ਯੋਗ ਸਾਰਿਆਂ ਨੂੰ ਭਲਾ ਕਹਿ ਕੇ ਕਰਤਾਰਪੁਰ ਦੇ ਨੇੜੇ ਪਹੁੰਚ ਗਏ। ਜਾ ਕੇ ਸੁਖਾਂ ਦੇ ਦਾਤੇ ਦੇ ਦਰਸ਼ਨ ਕੀਤੇ। ਗਵਾਚੀ ਮਣੀ ਵਾਲੇ ਨਾਗ ਨੇ ਮਾਨੋਂ ਮਣੀ ਫਿਰ ਲੱਭ ਲਈ ਹੋਵੇ॥ ੬੬॥

'ਸ਼ਰਨ ਸ਼ਰਨਾ' ਕਹਿ ਚਰਨ ਗਹਾਨੇ। ਨਮੋ ਕੀਨ ਪਰਿ ਦੰਡ ਸਮਾਨੇ।
'ਪੁਰਖਾ! ਭਲਾ ਕਰਹਿ ਕਰਤਾਰਾ'। ਅਸ ਕਹਿ ਢਿਗ ਬਿਠਾਇ ਸਤਿਕਾਰਾ ॥੬੭॥

'ਸ਼ਰਨ ਸ਼ਰਨਾ' ਕਹਿ ਕੇ ਚਰਨ ਫੜ ਲਏ ਅਤੇ ਡੰਡੌਤ ਬੰਦਨਾ ਕਰਕੇ ਨਮਸ਼ਕਾਰ ਕੀਤੀ। ਗੁਰੂ ਜੀ ਨੇ ਅਸੀਸ ਦਿੱਤੀ, "ਪੁਰਖਾ ! ਕਰਤਾਰ ਤੇਰਾ ਭਲਾ ਕਰੇ", ਇਹ ਕਹਿ ਕੇ ਬੜੇ ਸਤਿਕਾਰ ਨਾਲ ਪਾਸ ਬਿਠਾਇਆ॥ ੬੭॥

'ਲਹਿਣੇ ! ਤੂਰਨ ਹੀ ਚਲਿ ਆਯੋ। ਰਹਨਿ ਨਿਕੇਤ ਨ ਕਿਉਂ ਮਨ ਭਾਯੋ'।
'ਤੁਮ ਸਭਿ ਜਾਨਹੁ ਸ੍ਰੀ ਜਗਨਾਥਾ!। ਆਵਨ ਰਹਨਿ ਨਹੀਂ ਮੁਝ ਹਾਥਾ ॥੬੮॥

ਕਹਿਣ ਲੱਗੇ, "ਹੇ ਲਹਿਣੇ ! ਤੂੰ ਬਹੁਤ ਜਲਦੀ ਚਲ ਕੇ ਵਾਪਸ ਆ ਗਿਆ ਹੈਂ ? ਕੀ ਘਰ ਰਹਿਣਾ ਤੇਰੇ ਮਨ ਨੂੰ ਚੰਗਾ ਨਹੀਂ ਲੱਗਾ ?" ਭਾਈ ਲਹਿਣੇ ਨੇ ਕਿਹਾ, "ਹੇ ਪ੍ਰਭੂ ! ਤੁਸੀਂ ਸਭ ਕੁਝ ਜਾਣਦੇ ਹੋ, ਆਉਣਾ ਰਹਿਣਾ ਮੇਰੇ ਹੱਥ ਵਿਚ ਨਹੀਂ ਹੈ॥ ੬੮॥

ਜਿਉਂ ਪਤੰਗ ਹ੍ਵੈ ਡੋਰ ਅਧੀਨਾ। ਚਹੈ ਖਿਡਾਰਿ ਕਰਖ ਤਬਿ ਲੀਨਾ।
ਅਸ ਕਹਿ ਸੇਵ ਬਿਖੈ ਮਨ ਲਾਵਾ। ਦੇਖਤਿ ਦਰਸ ਰਹਤਿ ਹੁਲਸਾਵਾ॥੬੯॥

ਜਿਵੇਂ ਪਤੰਗ ਡੋਰ ਦੇ ਅਧੀਨ ਹੁੰਦੀ ਹੈ, ਜਦ ਵੀ ਖਿਡਾਰੀ ਚਾਹੇ ਖਿੱਚ ਲੈਂਦਾ ਹੈ।" ਇਹ ਕਹਿ ਕੇ ਮਨ ਨੂੰ ਸੇਵਾ ਵਿਚ ਲਾ ਲਿਆ। ਦਰਸ਼ਨ ਕਰਕੇ ਖੁਸ਼ ਰਹਿੰਦੇ ਸੀ॥ ੬੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਸ੍ਰੀ ਅੰਗਦ ਪ੍ਰਸੰਗ ਬਰਨਨੰ ਨਾਮ ਅਠਤਾਲਿਸਵੋਂ ਅਧ੍ਯਾਯ॥ ੪੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਅਠਤਾਲੀਵਾਂ ਅਧਿਆਇ, ਜਿਸ ਦਾ ਨਾਮ "ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ" ਹੈ, ਸਮਾਪਤ ਹੋਇਆ॥ ੪੮॥

## ਅਧਿਆਇ ਉਣੰਜਵਾਂ

### *ਗੁਰੂ ਜੀ ਦੇ ਤਪ ਕਰਨ ਦਾ ਪ੍ਰਸੰਗ*

ਦੋਹਰਾ- ਸਮ ਦਮ ਨੇਮ ਵਿਰਾਗ ਯਮ ਕਰੁਨਾ ਸਤਿ ਸੰਤੋਖ।
ਸਤਿਗੁਰ ਕੇ ਪਰਸਾਦਿ ਤੇ ਹ੍ਵੈ ਮਨ ਮਾਲੀ ਪੋਖ॥ ੧॥

ਹੇ ਮੇਰੇ ਮਨ ! ਮਾਲੀ ਬਣ ਕੇ ਸਤਿਗੁਰੂ ਦੀ ਕਿਰਪਾ ਨਾਲ ਸਮ, ਦਮ, ਨੇਮ, ਵਿਰਾਗ, ਯਮ, ਕਿਰਪਾ, ਸਤ, ਸੰਤੋਖ ਆਦਿ ਸ਼ੁਭ ਗੁਣਾਂ ਦੀ ਆਪਣੇ ਸਰੀਰ ਰੂਪੀ ਧਰਤੀ ਵਿਚ ਪਾਲਣਾ ਕਰੋ॥ ੧॥

ਚੌਪਈ- ਸ੍ਰੀ ਗੁਰ ਕਿਰਖੀ ਕਾਜ ਕਰਾਵਹਿਂ। ਅਨਿਕ ਸਿੱਖ ਮਿਲਿ ਕਾਰ ਕਮਾਵਹਿਂ।
ਹੋਵਹਿ ਅੰਨ ਅਤੋਟ ਕਿਦਾਰਾ। ਖਲਵਾਰੇ ਬਹੁ ਲਗਹਿਂ ਅਪਾਰਾ॥ ੨॥

ਗੁਰੂ ਜੀ ਖੇਤੀਬਾੜੀ ਦਾ ਕੰਮ ਕਰਵਾਉਂਦੇ ਸਨ, ਅਨੇਕ ਸਿੱਖ ਮਿਲ ਕੇ ਕੰਮ ਕਾਰ ਕਮਾਉਂਦੇ ਸਨ। ਅਤੁੱਟ ਅੰਨ ਪੈਦਾ ਹੁੰਦਾ ਸੀ। ਅਪਾਰ ਖਲਵਾੜੇ ਲੱਗਦੇ ਸਨ॥ ੨॥

ਦਰ ਲੌ ਕੋਠੇ ਭਰਿ ਕਰਿ ਸਾਰੇ। ਦੇਗ ਚਲਾਵਹਿਂ ਸਦਾ ਉਦਾਰੇ।
ਦੇਨਿ ਲਗਹਿਂ ਹੋਵਤਿ ਭੁਨਸਾਰਾ। ਜਾਮ ਨਿਸਾ ਲੌ ਅਖੁਟ ਅਹਾਰਾ॥ ੩॥

ਦਰਵਾਜ਼ਿਆਂ ਤਕ ਸਾਰੇ ਕੋਠੇ ਭਰ ਜਾਂਦੇ ਸਨ ਅਤੇ ਸਦਾ ਲੰਗਰ ਚਲਦਾ ਸੀ। ਸਵੇਰ ਹੁੰਦਿਆਂ ਹੀ ਲੰਗਰ ਛਕਾਉਣ ਲੱਗ ਜਾਂਦੇ ਸਨ। ਪਹਿਰ ਰਾਤ ਬੀਤੀ ਤਕ ਲੰਗਰ ਚਲਦਾ ਸੀ॥ ੩॥

ਦੂਰ ਦੇਸ਼ ਤੇ ਨਰ ਮਿਲਿ ਬ੍ਰਿੰਦਾ। ਆਵਹਿਂ ਦਰਸ ਕਰਹਿਂ ਸੁਖਕੰਦਾ।
ਬ੍ਰਹਮਚਾਰੀ, ਜਿ ਬਿਰਾਗੀ, ਗ੍ਯਾਨੀ। ਤਪੀ, ਅਤੀਤ, ਦਿਗੰਬਰਿ, ਧ੍ਯਾਨੀ॥ ੪॥

ਦੂਰ-ਦੂਰ ਦੇਸ਼ਾਂ ਤੋਂ ਮਨੁੱਖ ਇਕੱਠੇ ਹੋ ਕੇ ਆਉਂਦੇ ਸਨ। ਆ ਕੇ ਸੁੱਖਾਂ ਦੇ ਦਾਤੇ ਦੇ ਦਰਸ਼ਨ ਕਰਦੇ ਸਨ। ਬ੍ਰਹਮਚਾਰੀ, ਬੈਰਾਗੀ, ਗਿਆਨੀ, ਤਪੀ, ਅਤੀਤ, ਦਿਗੰਬਰੀ ਅਤੇ ਧਿਆਨੀ ਸਭ ਆਉਂਦੇ ਸਨ॥ ੪॥

ਜੋਗੀ, ਪੰਡਤ ਬਹੁ ਸੰਨਜਾਸੀ। ਹਿੰਦੂ, ਤੁਰਕ ਆਵਹਿਂ ਗੁਰ ਪਾਸੀ।
ਰਾਇ ਰੰਕ ਜੋ ਧਰਿ ਅਭਿਲਾਖਾ। ਦਰਸ਼ਨ ਕਰਿਹਂ ਸੁ ਪੂਰਹਿਂ ਕਾਂਖਾ॥ ੫॥

ਜੋਗੀ, ਪੰਡਿਤ, ਬਹੁਤ ਸੰਨਿਆਸੀ, ਹਿੰਦੂ ਤੁਰਕ ਆਦਿ ਸਭ ਗੁਰੂ ਜੀ ਪਾਸ ਆਉਂਦੇ ਸਨ। ਰਾਜੇ ਅਤੇ ਗਰੀਬ ਜੋ ਵੀ ਅਭਿਲਾਸ਼ਾ ਧਾਰਨ ਕਰਕੇ ਆਉਂਦੇ ਸਨ, ਦਰਸ਼ਨ ਕਰਨ ਨਾਲ ਉਨ੍ਹਾਂ ਦੀਆਂ ਸਾਰੀਆਂ ਮਨੋਂ-ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ॥ ੫॥

ਦੇਹਿਂ ਉਪਾਇਨ ਲੇਹਿਂ ਸੁ ਨਾਂਹੀ। ਕੀਰਤਿ ਪਸਰੀ ਸਭਿ ਭਵ ਮਾਂਹੀ।
ਫਿਰਹਿ ਕਿ ਪ੍ਰਾਂਤਿ ਮਹਾਲਨ ਭੂਲੀ। ਸਭਿ ਜਗ ਕਿਧੋਂ ਚੰਬੇਲੀ ਫੂਲੀ॥ ੬॥

ਉਪਹਾਰ ਭੇਟ ਕਰਦੇ ਸਨ, ਪਰ ਗੁਰੂ ਜੀ ਲੈਂਦੇ ਨਹੀਂ ਸਨ। ਇਸ ਤਰ੍ਹਾਂ ਗੁਰੂ ਜੀ ਦੀ ਕੀਰਤੀ ਸਾਰੇ ਸੰਸਾਰ ਵਿਚ ਪਸਰ ਗਈ। ਇਹ ਕੀਰਤੀ ਮਾਨੋਂ ਹੰਸਾਂ ਦੀ ਡਾਰ ਭੁੱਲੀ ਫਿਰਦੀ ਹੋਵੇ। ਸਾਰੇ ਜੱਗ ਵਿਚ ਜਿਵੇਂ ਚੰਬੇਲੀ ਦੇ ਫੁੱਲ ਖਿੜੇ ਹੋਣ॥ ੬॥

ਚੰਦ ਚੰਦ੍ਰਿਕਾ ਘਰ ਘਰ ਛਾਈ। ਜਹਿਂ ਕਹਿਂ ਪਾਰ ਨ ਪਾਯੋ ਜਾਈ॥
ਸੁਨਿਕੈ ਸੁਜਸ ਹੋਤਿ ਮਨ ਚਾਊ। ਆਇ ਬਿਲੋਕੈ ਧਰਿਕੈ ਭਾਊ॥ ੭॥

ਚੰਦ ਦੀ ਚਾਂਦਨੀ ਘਰ ਘਰ ਛਾ ਰਹੀ ਹੈ, ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਸ੍ਰੇਸ਼ਟ ਜੱਸ ਸੁਣ ਕੇ ਸਾਰੇ ਮਨ ਵਿਚ ਖੁਸ਼ ਹੁੰਦੇ ਸਨ। ਬੜਾ ਪ੍ਰੇਮ ਕਰਕੇ ਦਰਸ਼ਨ ਕਰਦੇ ਹਨ॥ ੭॥

ਦੂਰ ਹੁਤੇ ਸਭਿ ਬਧਿ ਬਧਿ ਟੋਲਾ। ਹ੍ਵੈ ਸਮੀਪ ਸੁਖ ਲਹਹਿਂ ਅਮੋਲਾ।
'ਸ੍ਰੀ ਨਾਨਕ ਸ੍ਰੀ ਨਾਨਕ' ਸਾਰੇ। ਉਪਮਾ ਕੇ ਜੁਤਿ ਸਰਬ ਉਚਾਰੇਂ॥ ੮॥

ਜਿਹੜੇ ਦੂਰ ਸਨ, ਉਹ ਟੋਲੇ ਬੰਨ੍ਹ-ਬੰਨ੍ਹ ਨੇੜੇ ਆਉਂਦੇ ਸਨ ਅਤੇ ਅਮੋਲਕ ਸੁਖ ਪ੍ਰਾਪਤ ਕਰਦੇ ਸਨ। 'ਸ੍ਰੀ ਨਾਨਕ, ਸ੍ਰੀ ਨਾਨਕ' ਦੀ ਉਪਮਾ ਦਾ ਸਾਰੇ ਉਚਾਰਨ ਕਰਦੇ ਸਨ॥ ੮॥

ਏਕ ਸਮੈਂ ਸੰਗਤਿ ਬਹੁ ਆਈ। ਚਹੁਦਿਸ਼ਿ ਤੇ, ਕਛੁ ਗੁਨ ਨ ਜਾਈ।
ਕਈ ਹਜ਼ਾਰ, ਨਗਰ ਕਰਤਾਰਾ। ਮਾਨਵ ਮਿਲੇ ਨ ਪਾਯਤਿ ਪਾਰਾ॥ ੯॥

ਇਕ ਵਾਰ ਚਾਰੇ ਪਾਸਿਆਂ ਤੋਂ ਬਹੁਤ ਸੰਗਤ ਆਈ, ਜਿਹੜੀ ਗਿਣੀ ਨਹੀਂ ਸੀ ਜਾ ਸਕਦੀ। ਕਈ ਹਜ਼ਾਰ ਮਨੁੱਖ ਕਰਤਾਰਪੁਰ ਵਿਚ ਆ ਗਏ। ਇਤਨੇ ਮਨੁੱਖ ਆਪਸ ਵਿਚ ਮਿਲ ਕੇ ਇਕੱਠੇ ਹੋਏ ਕਿ ਪਾਰ ਨਹੀਂ ਸੀ ਪਾਇਆ ਜਾ ਸਕਦਾ॥ ੯॥

ਧਰਹਿਂ ਕਾਮਨਾ ਦਰਸ਼ਨ ਕਰਿਹੀਂ। ਬਿਨ ਸੰਸੇ ਮਨ ਬਾਂਛਤ ਪੂਰਿ ਹੀਂ।
ਭਈ ਬਿਭਾਵਰਿ ਕੀਨ ਬਸੇਰਾ। ਪੁਰਿਕੇ ਚਹੁੰਦਿਸ਼ ਪਸਰਯੋ ਡੇਰਾ॥ ੧੦॥

ਜਿਹੜੀ ਵੀ ਕਾਮਨਾ ਧਾਰਨ ਕਰਦੇ ਸਨ, ਦਰਸ਼ਨ ਕਰਕੇ ਕਿਸੇ ਸ਼ੱਕ ਤੋਂ ਬਿਨਾਂ ਪੂਰੀ ਹੋ ਜਾਂਦੀ ਸੀ। ਜਦ ਰਾਤ ਪੈ ਗਈ ਤਾਂ ਉਥੇ ਹੀ ਬਸੇਰਾ ਕਰ ਲਿਆ, ਨਗਰ ਦੇ ਚਾਰ-ਚੁਫੇਰੇ ਡੇਰਾ ਫੈਲ ਗਿਆ॥ ੧੦॥

ਤਬਹੀ ਘਟਿ ਘੂਮਰ ਘਿਰ ਆਈ। ਬਰਖਤਿ ਜਲ ਕੀ ਛਹਿਬਰ ਲਾਈ।
ਬੀਤੀ ਨਿਸ ਪੁਨ ਭਾ ਭੁਨਸਾਰਾ। ਸਗਰੋ ਦਿਵਸ ਪਰਤਿ ਰਹਯੋ ਬਾਰਾ॥੧੧॥

ਤਦ ਬੱਦਲਾਂ ਦੀ ਘਟਾ ਘਿਰ ਕੇ ਆ ਗਈ। ਬਹੁਤ ਮੀਂਹ ਪਿਆ ਅਤੇ ਜਲ-ਥਲ ਹੋ ਗਈ। ਰਾਤ ਬੀਤੀ ਫਿਰ ਸਵੇਰ ਹੋ ਗਈ। ਸਾਰਾ ਦਿਨ ਮੀਂਹ ਪੈਂਦਾ ਰਿਹਾ॥ ੧੧॥

ਬਹੁਰ ਨ ਹਟੀ ਬਿਤੇ ਦਿਨ ਦੋਊ। ਬਿਨ ਅਹਾਰ ਆਤੁਰ ਸਭਿ ਕੋਊ।
ਭੋਜਨ ਕਰਨ ਨਹੀਂ ਬਿਧਿ ਹੋਈ। ਭੂਖੀ ਬਹੁਤ ਭਈ ਸਭਿ ਲੋਈ॥ ੧੨॥

ਅਗਲੇ ਦਿਨ ਵੀ ਬਾਰਿਸ਼ ਨਾ ਹਟੀ ਅਤੇ ਦੋ ਦਿਨ ਪੈਂਦੀ ਰਹੀ। ਭੋਜਨ ਤੋਂ ਬਗੈਰ ਭੁੱਖੇ ਰਹਿ ਕੇ ਸਾਰੇ ਤੰਗ ਹੋ ਗਏ। ਭੋਜਨ ਕਿਸੇ ਤਰ੍ਹਾਂ ਵੀ ਤਿਆਰ ਨਹੀਂ ਸੀ ਹੋ ਰਿਹਾ। ਸਭ ਲੋਕ ਭੁੱਖੇ ਰਹਿ ਗਏ॥ ੧੨॥

ਅਵਸਰ ਕਰਨ ਨ ਪਾਇ ਅਹਾਰਾ। ਜਹਿਂ ਜਹਿਂ ਪਸਰ ਰਹਜੋ ਬਹੁ ਬਾਰਾ।
ਸ੍ਰੀ ਗੁਰ ਤਬ ਧ੍ਰਮਸਾਲ ਮਝਾਰੀ। ਬੈਠੇ ਹੁਤੇ ਭੀਰ ਤਹਿਂ ਭਾਰੀ॥ ੧੩॥

ਭੋਜਨ ਕਰਨ ਦਾ ਮੌਕਾ ਹੀ ਨਹੀਂ ਸੀ ਮਿਲ ਰਿਹਾ। ਸਾਰੇ ਪਾਣੀ ਹੀ ਪਾਣੀ ਫਿਰ ਰਿਹਾ ਸੀ। ਗੁਰੂ ਜੀ ਉਸ ਸਮੇਂ ਧਰਮਸਾਲਾ ਵਿਚ ਬੈਠੇ ਹੋਏ ਸਨ ਅਤੇ ਲੋਕਾਂ ਦੀ ਭਾਰੀ ਭੀੜ ਗੁਰੂ ਜੀ ਪਾਸ ਬੈਠੀ ਹੋਈ ਸੀ॥ ੧੩॥

ਦੋਹਰਾ- ਸ੍ਰੀ ਚੰਦ, ਲਖਮੀ ਚੰਦ, ਬ੍ਰਿਤ, ਲਹਿਣਾ ਅਰ ਨਰ ਬ੍ਰਿੰਦ।
ਬੈਠੇ ਸਰਬ ਸਮੀਪ ਹੀ ਮਧ ਬੇਦੀ ਕੁਲਚੰਦ॥ ੧੪॥

ਸ੍ਰੀ ਚੰਦ, ਲਖਮੀ ਚੰਦ ਦੋਵੇਂ ਭਰਾ, ਭਾਈ ਲਹਿਣਾ ਅਤੇ ਹੋਰ ਸਾਰੇ ਮਨੁੱਖ ਗੁਰੂ ਜੀ ਪਾਸ ਹੀ ਬੈਠੇ ਸਨ॥ ੧੪॥

ਚੌਪਈ- ਸਭਿ ਸੰਗਤ ਕੋ ਭੂਖ ਬਿਸਾਲਾ। ਬਜਾਪੀ ਪੀਰਾ ਲਖੀ ਕ੍ਰਿਪਾਲਾ।
ਸ੍ਰੀ ਚੰਦਹਿ ਕੋ ਆਇਸੁ ਕੀਨੰ। 'ਬਰਖਾ ਹੋਤਿ ਬਿਤੇ ਦਿਨ ਤੀਨੰ॥੧੫॥

ਸਾਰੀ ਸੰਗਤ ਨੂੰ ਬੜੀ ਭੁੱਖ ਲੱਗੀ ਹੋਈ ਸੀ। ਜਦ ਗੁਰੂ ਜੀ ਨੇ ਵਿਆਪਕ ਸੰਗਤ ਨੂੰ ਦੁਖੀ ਵੇਖਿਆ ਤਾਂ ਸ੍ਰੀ ਚੰਦ ਨੂੰ ਆਗਿਆ ਕੀਤੀ, "ਵਰਖਾ ਹੁੰਦਿਆਂ ਤਿੰਨ ਦਿਨ ਬੀਤ ਗਏ ਹਨ॥ ੧੫॥

ਭਈ ਛੁਧਾਤੁਰ ਸੰਗਤ ਭੂਰੀ। ਉਠਹੁ ਤਾਤ ਕੀਜੈ ਕ੍ਰਿਤ ਰੂਰੀ।
ਤਰੁ ਕਿੱਕਰ ਕੇ ਵਹਿਰ ਜੁ ਠਾਂਢੇ। ਚਢਿ ਊਪਰ ਝੂਣਹੁ ਗਹਿ ਗਾਢੇ॥੧੬॥

ਸੰਗਤ ਬਹੁਤ ਭੁੱਖੀ ਹੈ, ਪੁੱਤਰ ਉਠੋ ਅਤੇ ਸੁੰਦਰ ਕਿਰਤ ਕਰੋ। ਕਿੱਕਰ ਦਾ ਦਰੱਖਤ ਜਿਹੜਾ ਬਾਹਰ ਖੜਾ ਹੈ। ਉਸ ਕਿੱਕਰ ਦੇ ਉੱਤੇ ਚੜ੍ਹ ਕੇ ਉਸ ਨੂੰ ਚੰਗੀ ਤਰ੍ਹਾਂ ਹਿਲਾਓ॥ ੧੬॥

ਅਨਿਕ ਪ੍ਰਕਾਰ ਅਹਾਰ ਸੁ ਗਿਰਹੀ। ਸੰਗਤਿ ਖਾਇ ਛੁਧਾ ਕੋ ਹਰਿਹੀ।
ਬਹੁਰ ਜਬੈ ਬਰਖਾ ਹਟਿ ਜੈ ਹੈ। ਹੋਇ ਸੁਖੀ ਤਬਿ ਸਦਨ ਸਿਧੈ ਹੈ'॥੧੭॥

ਅਨੇਕ ਪ੍ਰਕਾਰ ਦੇ ਭੋਜਨ ਜੋ ਡਿੱਗਣਗੇ, ਸੰਗਤ ਖਾ ਕੇ ਭੁੱਖ ਨੂੰ ਦੂਰ ਕਰ ਲਵੇਗੀ। ਬਾਅਦ ਵਿਚ ਜਦ ਵਰਖਾ ਹੱਟ ਜਾਵੇਗੀ, ਸੁਖੀ ਹੋ ਕੇ ਆਪਣੇ ਘਰਾਂ ਨੂੰ ਚਲੇ ਜਾਣਗੇ॥ ੧੭॥

ਸ੍ਰੀ ਚੰਦ ਬਾਣੀ ਸੁਣਿ ਤਬ ਪ੍ਰਾਹੀ। ਪਿਤ ਕੇ ਬਚ ਪ੍ਰਤੀਤਿ ਜਿਸ ਨਾਂਹੀ।
'ਬਿਟਪਨ ਸੰਗ ਅਸਨ ਕਿਨ ਲਾਯੋ। ਅਵਲੋਕਜੋ ਨਹਿਂ ਕਿਸੁ ਸੁਨਾਯੋ॥੧੮॥

ਸ੍ਰੀ ਚੰਦ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਸ ਨੇ ਗੁਰੂ ਜੀ ਦੇ ਬਚਨਾਂ ਤੇ ਇਤਬਾਰ ਨਾ ਕੀਤਾ। ਬ੍ਰਿੱਛ ਨਾਲ ਭੋਜਨ ਕਿਸ ਲਾਇਆ ਹੈ, ਨਾ ਅੱਜ ਤਕ ਕਿਸੇ ਵੇਖਿਆ ਅਤੇ ਨਾ ਸੁਣਾਇਆ ਹੈ॥ ੧੮॥

ਪੂਰਬ ਕਬਹਿ ਨ ਹੋਈ ਐਸੇ। ਆਪ ਬਚਨ ਭਾਖਤਿ ਹੋ ਜੈਸੇ।
ਸਿੱਧ ਮੁਨੀ ਅਰ ਜੇ ਅਵਤਾਰਾ। ਕਿਨਹੂੰ ਅਸ ਨਹਿਂ ਬਚਨ ਉਚਾਰਾ॥੧੯॥

ਪਹਿਲਾਂ ਕਦੀ ਵੀ ਇਸ ਤਰ੍ਹਾਂ ਹੋਈ ਨਹੀਂ, ਜਿਸ ਤਰ੍ਹਾਂ ਤੁਸੀਂ ਬਚਨ ਕਿਹਾ ਹੈ। ਸਿੱਧ, ਮੁਨੀ ਅਤੇ ਜਿਹੜੇ ਅਵਤਾਰ ਹੋਏ ਹਨ, ਕਿਸੇ ਨੇ ਵੀ ਕਦੀ ਇਸ ਤਰ੍ਹਾਂ ਦਾ ਬਚਨ ਨਹੀਂ ਕੀਤਾ॥ ੧੯॥

ਜਿਉਂ ਬਿੱਪ੍ਰੀਤ ਆਪ ਫੁਰਮਾਵੇ। ਹੌਂ ਨ ਕਰੋਂ ਨਰ ਬੀਚ ਲਜਾਵੇਂ।
ਜਾਨਜੋ ਤਾਤ ਪ੍ਰਤੀਤ ਬਿਹੀਨਾ। ਪ੍ਰਭੁ ਤਬ ਦੁਤਿਯ ਸੰਗ ਬਚ ਕੀਨਾ॥੨੦॥

ਜਿਹੜੀ ਤੁਸੀਂ ਰੀਤੀ ਦੇ ਉਲਟ ਗੱਲ ਕੀਤੀ ਹੈ, ਮੈਂ ਲੋਕਾਂ ਵਿਚ ਜਾ ਕੇ ਸ਼ਰਮਿੰਦਾ ਨਹੀਂ ਹੋਵਾਂਗਾ।'' ਜਦ ਗੁਰੂ ਜੀ ਨੇ ਇਹ ਸਮਝਿਆ ਕਿ ਪੁੱਤਰ ਤੈਨੂੰ ਮੇਰੇ ਤੇ ਇਤਬਾਰ ਨਹੀਂ ਹੈ ਤਾਂ ਉਨ੍ਹਾਂ ਨੇ ਆਪਣੇ ਦੂਸਰੇ ਪੁੱਤਰ ਨਾਲ ਗੱਲ ਕੀਤੀ॥ ੨੦॥

'ਲਖਮੀ ਦਾਸ ਸੁਨਹੁ ਸੁਤ ਆਇਸੁ। ਕਰਹੁ ਕਿਰਤ ਇਹ ਬਿਲਮ ਗਵਾਇਸ।
ਵਹਿਰ ਮਹੀਰੁਹ ਝੂਨਹੁ ਜਾਈ। ਸੰਗਤਿ ਸਗਰੀ ਲੇਹੁ ਬੁਲਾਈ॥ ੨੧॥

'ਹੇ ਪੁੱਤਰ ਲਖਮੀ ਦਾਸ! ਮੇਰੀ ਗੱਲ ਸੁਣੋ! ਕੁਝ ਦੇਰ ਲਾਏ ਬਿਨਾਂ ਇਹ ਕੰਮ ਕਰੋ, ਬਾਹਰਲੇ ਬ੍ਰਿੱਛ ਨੂੰ ਜਾ ਕੇ ਉਤੇ ਚੜ੍ਹ ਕੇ ਹਿਲਾਓ ਅਤੇ ਸਾਰੀ ਸੰਗਤ ਨੂੰ ਬੁਲਾ ਲਵੋ॥ ੨੧॥

ਬਹੁ ਭੂਖੇ ਤ੍ਰਿਪਤਾਵਹੁ ਆਛੇ। ਕਰਹਿਂ ਨਹੀਂ, ਤਬ ਆਵਹੁ ਪਾਛੇ'।
ਤਿਸ ਬਿਧਿ ਉੱਤਰ ਦੀਨੋ ਤਾਂਹੀ। ਪਿਤ ਰਜਾਇ ਚਿਤ ਮਾਨਤਿ ਨਾਂਹੀ॥੨੨॥

ਜਿਹੜੇ ਮਨੁੱਖ ਬਹੁਤ ਭੁਖੇ ਹਨ, ਉਹ ਭੋਜਨ ਖਾ ਕੇ ਤ੍ਰਿਪਤ ਹੋ ਜਾਣਗੇ। ਜਦੋਂ ਰੱਜ ਕੇ ਨਾਂਹ ਨਾਂਹ ਕਰਨ ਲੱਗ ਜਾਣਗੇ ਤਾਂ ਰੁੱਖ ਨੂੰ ਹਿਲਾਉਣਾ ਛੱਡ ਦੇਣਾ ਅਤੇ ਪਿਛੇ ਆ ਜਾਣਾ।'' ਉਸ ਪੁੱਤਰ ਨੇ ਵੀ ਉਹੋ ਜੇਹਾ ਉੱਤਰ ਦਿੱਤਾ, ਪਿਤਾ ਦੇ ਹੁਕਮ ਨੂੰ ਮੰਨਿਆ ਨਹੀਂ॥ ੨੨॥

ਦ੍ਵੈ ਸੁਤ ਲਖੇ ਪ੍ਰਤੀਤ ਨ ਆਈ। ਉਚਿਤ ਨ ਇਹੁ ਬਿਸ਼ਾਲ ਬਡਿਆਈ।
ਉੱਤਮ ਹੁਤੇ ਜੁ ਦਾਸਨ ਮਾਂਹੀ। ਲਹਿਣੇ ਸੰਗ ਗਿਰਾ ਪੁਨ ਪ੍ਰਾਹੀ॥੨੩॥

ਦੋਵਾਂ ਪੁਤਰਾਂ ਨੂੰ ਸਮਝਿਆ ਕਿ ਉਨ੍ਹਾਂ ਨੂੰ ਗੁਰੂ ਜੀ ਤੇ ਵਿਸ਼ਵਾਸ ਨਹੀਂ ਸੀ, ਉਹ ਇਸ ਉੱਤਮ ਵਡਿਆਈ ਦੇ ਲਾਇਕ ਨਹੀਂ ਸਨ, ਫਿਰ ਉਨ੍ਹਾਂ ਭਾਈ ਲਹਿਣੇ ਨੂੰ ਕਿਹਾ॥ ੨੩॥

'ਲਹਿਣੇ ਉਠੋ ਸੁ ਲਹਿਣਾ ਤੋਹੀ। ਤੂਰਨ ਕਰਹੁ ਜੁ ਆਇਸੁ ਮੋਹੀ।
ਸੰਗਤਿ ਸਗਰੀ ਲੇਹੁ ਪਿਛਾਰੀ। ਹ੍ਵੈ ਤੁਮ ਜਾਵਹੁ ਸਭਿਨਿ ਅਗਾਰੀ॥ ੨੪॥

'ਹੇ ਪੁੱਤਰ ਲਹਿਣੇ! ਉਠੋ, ਤੁਸੀਂ ਹੀ ਲਹਿਣਾ ਲੈਣਾ ਹੈ, ਜੋ ਮੇਰੀ ਆਗਿਆ ਹੈ ਉਸ ਨੂੰ ਤੁਰੰਤ ਪੂਰੀ ਕਰੋ, ਸਾਰੀ ਸੰਗਤ ਨੂੰ ਆਪਣੇ ਨਾਲ ਲਵੋ ਅਤੇ ਆਪ ਸਾਰਿਆਂ ਦੇ ਅੱਗੇ ਹੋ ਕੇ ਚਲੋ॥ ੨੪॥

ਵਹਿਰ ਜਿ ਸਾਖੀ ਝੂਨਹੁ ਨੀਕੇ। ਦੇਹੁ ਅਹਾਰ ਭਾਵਤੇ ਜੀ ਕੇ'।
ਸੁਨਿ ਕਰਿ ਤਨ ਪਰ ਪਟ ਨ ਸੰਭਾਰਾ। ਉਠਿ ਕੈ ਤੂਰਨ ਨਿਕਸਜੋ ਦ੍ਵਾਰਾ॥੨੫॥

ਬਾਹਰ ਜੋ ਕਿੱਕਰ ਦਾ ਦਰੱਖਤ ਹੈ, ਉਸ ਨੂੰ ਚੰਗੀ ਤਰ੍ਹਾਂ ਹਿਲਾਵੋ ਅਤੇ ਇਨ੍ਹਾਂ ਮਨੁੱਖਾਂ ਨੂੰ ਮਨਭਾਉਂਦਾ ਭੋਜਨ ਦੇਵੋ।'' ਇਹ ਸੁਣ ਕੇ ਭਾਈ ਲਹਿਣੇ ਨੇ ਆਪਣੇ ਕਪੜਿਆਂ ਨੂੰ ਵੀ ਨਹੀਂ ਸੰਭਾਲਿਆ, ਤੁਰੰਤ ਉੱਠ ਕੇ ਬਾਹਰ ਚਲਾ ਗਿਆ॥ ੨੫॥

ਸਗਰੀ ਸੰਗਤਿ ਸੰਗ ਬੁਲਾਈ। ਬਿਟਪ ਬਿਲੋਕਿ ਚਢਜੋ ਤਬਿ ਧਾਈ।
ਗਹੇ ਪ੍ਰਕਾਂਡ ਸਜੋਰ ਹਿਲਾਏ। ਗਿਰਤਿ ਪਿਖੇ ਭੋਜਨ ਬਹੁ ਭਾਏ॥ ੨੬॥

ਸਾਰੀ ਸੰਗਤ ਨੂੰ ਆਪਣੇ ਨਾਲ ਬੁਲਾ ਲਿਆ, ਰੁੱਖ ਨੂੰ ਵੇਖ ਕੇ ਉਸ ਦੇ ਉਤੇ ਚੜ੍ਹ ਗਿਆ ਅਤੇ ਟਹਿਣੀਆਂ ਨੂੰ ਫੜ ਕੇ ਜ਼ੋਰ ਨਾਲ ਹਿਲਾਇਆ ਤਾਂ ਵੇਖਿਆ ਕਿ ਬਹੁਤ ਪ੍ਰਕਾਰ ਦੇ ਭੋਜਨ ਥੱਲੇ ਡਿਗ ਰਹੇ ਹਨ। ਜਿਹੜੇ ਸਾਰਿਆਂ ਦੇ ਮਨਭਾਉਂਦੇ ਸਨ॥ ੨੬॥

ਮੋਦਕ ਸਸਕੁਲਿ ਪਰਪਾ ਪੂਰੀ। ਪਿਖਤਿ ਸਰਬ ਭਾ ਅਚਰਜ ਭੂਰੀ।
ਅਧਿਕ ਛੁਧਾ ਮਹਿਂ ਹੁਤੇ ਬਿਹਾਲਾ। ਅਚਵਨ ਲਾਗੇ ਸ੍ਵਾਦ ਬਿਸ਼ਾਲਾ॥੨੭॥

ਲੱਡੂ, ਜਲੇਬੀਆਂ, ਪੂੜੇ, ਪੂੜੀਆਂ ਨੂੰ ਥੱਲੇ ਡਿਗਦਿਆਂ ਹੋਇਆਂ ਵੇਖ ਕੇ ਸਭ ਹੈਰਾਨ ਰਹਿ ਗਏ। ਜਿਹੜੇ ਬਹੁਤ ਭੁੱਖ ਕਾਰਨ ਬੇਹਾਲ ਹੋਏ ਸਨ, ਬੜੇ ਸਵਾਦ ਨਾਲ ਖਾਣ ਲੱਗੇ॥ ੨੭॥

ਜਿਉਂ ਜਿਉਂ ਝੂਣਹਿ ਬਿਟਪਨ ਸੋਊ। ਤਿਉਂ ਤਿਉਂ ਗਿਰਹਿਂ, ਖਾਇ ਸਭਿ ਕੋਊ।
ਨਾਨਾ ਭਾਂਤਿ ਪਰਹਿ ਧਰ ਆਈ। ਲਗੇ ਨ ਦੀਸਹਿਂ ਪਰਤਿ ਦਿਸਾਈ ॥੨੮॥

ਜਿਵੇਂ-ਜਿਵੇਂ ਟਹਿਣੀਆਂ ਨੂੰ ਝੂਲਦੇ ਸਨ ਤਿਵੇਂ-ਤਿਵੇਂ ਖਾਣ ਵਾਲੇ ਪਦਾਰਥ ਡਿਗ ਰਹੇ ਸਨ, ਬਹੁਤ ਪ੍ਰਕਾਰ ਦੇ ਭੋਜਨ ਧਰਤੀ ਤੇ ਡਿੱਗ ਪਏ। ਰੁੱਖ ਨੂੰ ਲੱਗੇ ਨਹੀਂ ਸੀ ਦਿੱਸਦੇ, ਪਰ ਡਿੱਗਦੇ ਦਿਸਦੇ ਸਨ॥ ੨੮॥

ਅਚਰਜ ਭੇ ਗਤਿ ਜਾਇ ਨ ਜਾਨੀ। 'ਧੰਨ ਧੰਨ' ਕਹਿਂ 'ਗੁਰ ਗੁਨਖਾਨੀ'।
ਇਕ ਤੋ ਭੂਖੇ ਬਾਸੁਰ ਤੀਨੰ। ਮਿਲਜੋ ਨ ਅਵਸਰ ਅਸਨ ਨ ਕੀਨੰ ॥੨੯॥

ਬੜੀ ਹੈਰਾਨੀ ਹੋਈ, ਗਤੀ ਜਾਣੀ ਨਹੀਂ ਸੀ ਜਾ ਸਕਦੀ। ਸਾਰੇ 'ਧੰਨ ਧੰਨ' ਗੁਣਾਂ ਦੀ ਖਾਣ ਗੁਰੂ ਜੀ ਨੂੰ ਕਹਿ ਰਹੇ ਸਨ। ਇਕ ਤਾਂ ਉਹ ਤਿੰਨਾਂ ਦਿਨਾਂ ਤੋਂ ਭੁੱਖੇ ਸਨ, ਕੁਝ ਖਾਣ ਦਾ ਅਵਸਰ ਹੀ ਨਹੀਂ ਸੀ ਮਿਲਿਆ॥ ੨੯॥

ਦੁਤਿਯ ਸਾਦਮੈ ਮਿਲਜੋ ਅਹਾਰਾ। ਖਾਇ ਅਧਿਕ ਸੁਖ ਰਿਦੇ ਉਦਾਰਾ।
ਚਿਰੰਕਾਲ ਲੌ ਅਚਵ ਅਘਾਏ। 'ਭਏ ਤ੍ਰਿਪਤ' ਇਵ ਮੁਖਹਿਂ ਅਲਾਏ ॥੩੦॥

ਦੂਸਰਾ ਸਵਾਦੀ ਭੋਜਨ ਮਿਲਿਆ, ਖਾ ਕੇ ਹਿਰਦੇ ਵਿਚ ਧੀਰਜ ਵਧਿਆ। ਕਾਫੀ ਦੇਰ ਬਾਅਦ ਖਾ ਕੇ ਰੱਜ ਗਏ। ਅਸੀਂ ਹੁਣ ਰੱਜ ਗਏ ਹਾਂ ਇਸ ਤਰ੍ਹਾਂ ਬੋਲ ਰਹੇ ਸਨ॥ ੩੦॥

ਹਟਿ ਜਬ ਰਹੇ ਬਿਲੋਕੇ ਲਹਿਣੇ। ਉਤਰਜੋ ਤਰੇ ਛੋਰਿ ਕਰਿ ਟਹਿਣੇ।
ਬਿੰਸਤ ਚਤੁਰ ਹਜ਼ਾਰ ਹੁਤੇ ਨਰ। ਸਭਿ ਤ੍ਰਿਪਤਾਏ ਰਹਜੋ ਹਰਖ ਭਰਿ ॥੩੧॥

ਜਦ ਲਹਿਣੇ ਵੇਖਿਆ ਕਿ ਸਾਰੇ ਖਾਣੋਂ ਹੱਟ ਗਏ ਹਨ ਤਾਂ ਉਹ ਡਾਹਣੀਆਂ ਨੂੰ ਛੱਡ ਕੇ ਥੱਲੇ ਉਤਰ ਆਏ। ਚਵ੍ਹੀ ਹਜ਼ਾਰ ਜਿਹੜੇ ਮਨੁੱਖ ਸਨ, ਤ੍ਰਿਪਤ ਹੋ ਕੇ ਭਾਵ ਰੱਜ ਕੇ ਪਿੱਛੇ ਹਟ ਗਏ॥ ੩੧॥

ਹ੍ਵੈ ਕੈ ਸੰਗਤਿ ਕੇਰ ਅਗਾਰੀ। ਚਲਿ ਆਯੋ ਧ੍ਰਮਸਾਲ ਮਝਾਰੀ।
ਪਾਇਨ ਪਾਸ ਲਕੁਟ ਕੀ ਨਜਾਈਂ। ਪਰਜੋ ਦੀਨ ਹ੍ਵੈ ਪ੍ਰੇਮਹਿ ਛਾਈ ॥੩੨॥

ਸੰਗਤਾਂ ਦੇ ਅੱਗੇ ਲੱਗ ਕੇ, ਚਲ ਕੇ ਧਰਮਸਾਲਾ ਵਿਚ ਆ ਗਏ। ਲੱਕੜੀ ਵਾਂਗ ਸਿੱਧੇ ਹੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਬਹੁਤ ਅਧੀਨ ਹੋ ਗਏ ਅਤੇ ਮਨ ਵਿਚ ਅਤੁੱਟ ਪ੍ਰੇਮ ਛਾ ਗਿਆ॥ ੩੨॥

ਤਿਹ ਛਿਨ ਕਛੁਕ ਸ਼ਕਤਿ ਹ੍ਵੈ ਆਈ। ਭਾਨੁ ਉਗਤਿ ਜੈਸੇ ਅਰੁਨਾਈ।
ਸੰਗਤਿ ਪਾਇਨਿ ਪਰੀ ਪਿਛਾਰੀ। ਸ਼ਰਧਾ ਜਗੀ ਪਰਮ ਸੁਖਕਾਰੀ ॥ ੩੩॥

ਉਸ ਸਮੇਂ ਕੁਝ ਸ਼ਕਤੀ ਆ ਗਈ, ਜਿਵੇਂ ਸੂਰਜ ਦੇ ਚੜ੍ਹਦੇ ਸਮੇਂ ਲਾਲੀ ਆ ਜਾਂਦੀ ਹੈ। ਪਿਛੋਂ ਆ ਕੇ ਸਾਰੀ ਸੰਗਤ ਪੈਰੀਂ ਪੈ ਗਈ। ਉੱਤਮ ਸੁਖਦਾਇਕ ਸ਼ਰਧਾ ਜਾਗ ਪਈ॥ ੩੩॥

ਬੈਠਹਿਂ ਬਿਸਮਹਿਂ ਬਚਨ ਬਖਾਨਹਿਂ। 'ਅਤਿਸ਼ੈ ਅਚਰਜ ਕੋ ਨਹਿਂ ਜਾਨਹਿਂ।
ਪੂਰਬ ਭਈ ਨ ਕਬਹੂੰ ਐਸੇ। ਤਰੁ ਤੇ ਅਸਨ ਅਚਾਯੋ ਜੈਸੇ॥ ੩੪॥

ਬੈਠ ਕੇ ਹੈਰਾਨ ਹੋ ਕੇ ਕਹਿ ਰਹੇ ਸਨ, "ਅਜਿਹਾ ਅਸਚਰਜ ਪਹਿਲਾਂ ਕਦੀ ਨਹੀਂ ਸੀ ਜਾਣਿਆ। ਪਹਿਲਾਂ ਇਸ ਤਰ੍ਹਾਂ ਕਦੀ ਨਹੀਂ ਹੋਇਆ ਕਿ ਰੁੱਖ ਤੋਂ ਇਸ ਤਰ੍ਹਾਂ ਭੋਜਨ ਅਤੇ ਪਦਾਰਥ ਡਿੱਗੇ ਹੋਣ॥ ੩੪॥

ਪੂਰਨ ਕਲਾਵਾਨ ਪਹਿਚਾਨੇ। ਮਾਨਵ ਆਨਿ ਅਨੇਕ ਮਿਲਾਨੇ।
ਜਿਤ ਦਿਸ਼ ਸ੍ਰੀ ਗੁਰ ਜਾਇ ਅਗਾਰੀ। ਤਿਤ ਦਿਸ਼ਿ ਗਵੈਂ ਹਜ਼ਾਰ ਪਿਛਾਰੀ ॥੩੫॥

ਸਾਰਿਆਂ ਨੇ ਉਨ੍ਹਾਂ ਨੂੰ ਪੂਰਾ ਕਲਾਵਾਨ ਜਾਣਿਆ, ਬਹੁਤ ਮਨੁੱਖ ਆ ਕੇ ਮਿਲੇ। ਜਿਸ ਪਾਸੇ ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ ਉਸ ਪਾਸੇ ਹਜ਼ਾਰਾਂ ਲੋਕ ਮਗਰ-ਮਗਰ ਜਾ ਰਹੇ ਸਨ॥ ੩੫॥

'ਸ੍ਰੀ ਨਾਨਕ ਸ੍ਰੀ ਨਾਨਕ' ਨਾਮੂ। ਜਹਿਂ ਤਹਿਂ ਹ੍ਵੈ ਉਚਾਰਿ ਸੁਖਧਾਮੂ।
ਗਾਵਹਿਂ ਸ਼ਬਦ ਪਢੈਂ ਦ੍ਰਿਢ ਪ੍ਰੇਮਾ। ਕਰਿ ਬਿਚਾਰ ਹੁਇ ਚਿੱਤ ਸੁ ਖੇਮਾ ॥੩੬॥

'ਸ੍ਰੀ ਨਾਨਕ, ਸ੍ਰੀ ਨਾਨਕ' ਨਾਮ, ਜਿਥੇ ਕਿਥੇ ਸੁੱਖਾਂ ਦਾ ਘਰ ਕਹਿ ਕੇ ਉਚਾਰਿਆ ਜਾ ਰਿਹਾ ਸੀ, ਬੜੇ ਦ੍ਰਿੜ੍ਹ ਪ੍ਰੇਮ ਨਾਲ ਸ਼ਬਦ ਗਾਉਂਦੇ ਅਤੇ ਪੜ੍ਹਦੇ ਸਨ ਅਤੇ ਵਿਚਾਰ ਕਰਨ ਨਾਲ ਚਿੱਤ ਸੁੱਖ ਵਾਲਾ ਹੋ ਰਿਹਾ ਸੀ॥ ੩੬॥

ਸਤਿਜੁਗ ਬਿਖੇ ਬੇਣ ਭੂਪਾਲਾ। ਕਲੀ ਕਾਲ ਬਰਤਾਇ ਬਿਸਾਲਾ।
ਚੋਰ ਦੁਸ਼ਟ ਅਘ ਕਰਤਿ ਅਨੇਕਾ। ਨਹਿਂ ਸਤਿਸੰਗਤ ਹ੍ਵੈ ਨ ਬਿਬੇਕਾ ॥੩੭॥

ਸਤਿਜੁਗ ਵਿਚ ਇਕ ਰਾਜਾ ਰਿਸ਼ੀ ਹੋਇਆ ਹੈ ਜੋ ਪ੍ਰਿਥੂ ਦਾ ਪਿਤਾ ਸੀ। ਇਹ ਬ੍ਰਾਹਮਣਾਂ ਦੇ ਉਲਟ ਤੁਰਿਆ ਅਤੇ ਇਸ ਵਰਣ ਸ਼ੰਕਰ ਫੈਲਾਇਆ, ਨਿਸ਼ਾਧਾਂ ਅਤੇ ਭੀਵਰਾਂ ਦੀ ਕੁਲ ਇਸ ਅਰੰਭ ਕੀਤੀ ਅਤੇ ਸਰਬ ਪ੍ਰਕਾਰ ਅਧਰਮ ਦਾ ਪ੍ਰਚਾਰ ਕੀਤਾ। ਉਸ ਨੇ ਸਤਿਜੁਗ ਵਿਚ ਕਲਜੁਗ ਦਾ ਵਰਤਾਰਾ ਕਰ ਦਿੱਤਾ, ਇਸ ਨੇ ਅਨੇਕਾਂ ਚੋਰ ਦੁਸ਼ਟ ਅਤੇ ਪਾਪੀ ਪੈਦਾ ਕੀਤੇ। ਸਤਿਸੰਗਤ ਅਤੇ ਗਿਆਨ ਖਤਮ ਕਰ ਦਿੱਤਾ॥ ੩੭॥

ਸੋ ਸਤਿਜੁਗ ਕਲਿ ਕਾਲ ਮਝਾਰਾ। ਪ੍ਰਗਟ ਕੀਨ ਤਬ ਪ੍ਰਭੂ ਉਦਾਰਾ।
ਜਹਿਂ ਤਹਿਂ ਹੋਇ ਰਹਯੋ ਸਤਿਸੰਗਾ। ਸੱਤਿਨਾਮ ਸਿਮਰਹਿਂ ਦੁਖ ਭੰਗਾ ॥੩੮॥

ਉਸ ਦੇ ਉਲਟ ਗੁਰੂ ਜੀ ਨੇ ਕਲਜੁਗ ਵਿਚ ਸਤਿਜੁਗ ਲੈ ਆਂਦਾ ਅਤੇ ਪ੍ਰਭੂ ਦੀਆਂ ਦਾਤਾਂ ਨੂੰ ਪ੍ਰਗਟ ਕੀਤਾ। ਜਿਥੇ ਕਿਥੇ ਸਤਿਸੰਗ ਹੁੰਦਾ ਸੀ, ਸਾਰੇ ਦੁੱਖ ਨੂੰ ਦੂਰ ਕਰਨ ਵਾਸਤੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੩੮॥

ਮਿਲਹਿਂ ਬਿਚਾਰਹਿਂ ਗਾਵਹਿਂ ਕੀਰਤਿ। ਸ਼ੋਭਾ ਸਗਲ ਜਗਤ ਬਿਸਤੀਰਤਿ।
ਜੈ ਜੈ ਕਾਰ ਹੋਤਿ ਚਹੁਂ ਫੇਰਾ। ਉਮਗਤਿ ਸਭਿ ਕੈ ਪ੍ਰੇਮ ਘਨੇਰਾ ॥੩੯॥

ਸਾਰੇ ਮਿਲ ਕੇ ਵਿਚਾਰਦੇ ਸਨ ਅਤੇ ਕੀਰਤਨ ਗਾਉਂਦੇ ਸਨ, ਸਾਰੇ ਜਗਤ ਵਿਚ ਸ਼ੋਭਾ ਫੈਲ ਗਈ ਸੀ। ਚਾਰੇ ਪਾਸੇ ਜੈ ਜੈ ਕਾਰ ਹੋ ਰਹੀ ਸੀ, ਸਾਰਿਆਂ ਵਿਚ ਅਤੁੱਟ ਪ੍ਰੇਮ ਉਤਸ਼ਾਹਿਤ ਹੋ ਰਿਹਾ ਸੀ॥ ੩੯॥

ਮਾਨਵ ਮਿਲੇ ਅਨੇਕ ਹਜ਼ਾਰਾ। ਸਰਬ ਦੇਗ ਤੇ ਖਾਇਂ ਅਹਾਰਾ।
ਦਰਬ ਉਪਾਇਨ ਆਨਹਿਂ ਕੋਈ। ਕਿਹ ਤੇ ਲੇਹਿਂ ਨ, ਫੇਰਹਿਂ ਸੋਈ ॥੪੦॥

ਹਜ਼ਾਰਾਂ ਮਨੁੱਖ ਰੋਜ਼ ਮਿਲਦੇ ਸਨ, ਸਾਰੇ ਲੰਗਰ ਵਿਚ ਭੋਜਨ ਖਾਂਦੇ ਸਨ। ਕਈ ਮਾਇਆ ਲੈ ਕੇ ਆਉਂਦੇ ਸਨ, ਕਿਸੇ ਪਾਸੋਂ ਵੀ ਮਾਇਆ ਲੈਂਦੇ ਨਹੀਂ ਸਨ, ਮੋੜ ਦਿੰਦੇ ਸਨ॥ ੪੦॥

ਸਵਾ ਜਾਮ ਨਿਸ ਜਾਹਿਂ ਸ਼ਨਾਨਾ। ਜਲ ਮਹਿਂ ਤਿਸ਼ਟੈਂ ਕ੍ਰਿਪਾਨਿਧਾਨਾ।
ਭੋਰ ਹੋਤਿ ਲੌ ਠਾਂਢੇ ਰਹਿਹੀਂ। ਕੰਠ ਸਮਾਨ ਜਾਂਹਿ ਜਲ ਅਹਿਹੀ ॥੪੧॥

ਸਵਾ ਪਹਿਰ ਜਦ ਰਾਤ ਰਹਿ ਜਾਂਦੀ ਸੀ ਤਾਂ ਕਿਰਪਾ-ਨਿਧਾਨ ਗੁਰੂ ਜੀ ਇਸ਼ਨਾਨ ਕਰਦੇ ਸਨ ਅਤੇ ਜਲ ਵਿਚ ਸਵੇਰ ਹੋਣ ਤਕ ਖੜੇ ਰਹਿੰਦੇ ਸਨ ਅਤੇ ਗਲ ਤਕ ਪਾਣੀ ਵਿਚ ਖਲੋਤੇ ਰਹਿੰਦੇ ਸਨ॥ ੪੧॥

ਲਹਿਣਾ ਜਾਇ ਸੰਗ ਤਿਹ ਕਾਲਾ। ਸੇਵਹਿ ਸਤਿਗੁਰ ਚਰਨ ਰਸਾਲਾ।
ਹਿਮ ਰੁਤ ਹੁਤੀ ਸੀਤ ਅਧਿਕਾਈ। ਇਕ ਦਿਨ ਪੁਨ ਬਰਖਾ ਬਰਖਾਈ ॥੪੨॥

ਉਸ ਸਮੇਂ ਭਾਈ ਲਹਿਣਾ ਉਨ੍ਹਾਂ ਦੇ ਨਾਲ ਜਾਂਦੇ ਸਨ ਅਤੇ ਸਤਿਗੁਰੂ ਦੇ ਚਰਨਾਂ ਦੀ ਬੜੀ ਰਸੀਲੀ ਸੇਵਾ ਕਰਦੇ ਸਨ। ਸਿਆਲ ਵਿਚ ਬਹੁਤ ਸੀਤ ਹੁੰਦੀ ਸੀ। ਇਕ ਦਿਨ ਫਿਰ ਬਹੁਤ ਵਰਖਾ ਹੋ ਰਹੀ ਸੀ॥ ੪੨॥

ਜਲ ਮਹਿ ਪੈਠੇ ਗੁਨੀ ਗਹੀਰੰ। ਲਹਿਣਾ ਬੈਠਯੋ ਸਰਿਤਾ ਤੀਰੰ।
ਭਯੋ ਸ਼ੀਤ ਤਿਹ ਕਾਲ ਬਿਸਾਲਾ। ਭੀਗੇ ਚੀਰ ਨੀਰ ਕੇ ਨਾਲਾ ॥੪੩॥

ਗੁਰੂ ਜੀ ਪਾਣੀ ਵਿਚ ਦਾਖਲ ਹੋਏ ਸਨ ਅਤੇ ਭਾਈ ਲਹਿਣਾ ਦਰਿਆ ਦੇ ਕੰਢੇ ਤੇ ਬੈਠਾ ਸੀ। ਉਸ ਸਮੇਂ ਬਹੁਤ ਠੰਡ ਸੀ, ਭਾਈ ਲਹਿਣੇ ਦੇ ਕਪੜੇ ਪਾਣੀ ਨਾਲ ਭਿੱਜ ਗਏ॥ ੪੩ ॥

ਸਰਦੀ ਤਬ ਲਹਿਣੇ ਕੋ ਬਜਾਪੀ। ਥਰ ਥਰ ਸੀਤ ਸੰਗ ਦੇਹਿ ਕਾਂਪੀ।
ਦੰਤ ਜੁਟੇ ਮੁਖ ਜਾਇ ਨ ਬੋਲਾ। ਪਰਜੋ ਧਰਾ ਪੁਨ ਹੋਇ ਅਡੋਲਾ ॥੪੪ ॥

ਤਦ ਭਾਈ ਲਹਿਣੇ ਨੂੰ ਬਹੁਤ ਠੰਡ ਲੱਗੀ। ਠੰਡ ਨਾਲ ਉਸ ਦਾ ਸਰੀਰ ਥਰ-ਥਰ ਕੰਬਣ ਲੱਗ ਗਿਆ। ਦੰਦ ਜੁੜ ਗਏ ਅਤੇ ਮੂੰਹ ਤੋਂ ਬੋਲਿਆ ਨਹੀਂ ਸੀ ਜਾਂਦਾ ਅਤੇ ਅਡੋਲ ਹੋ ਕੇ ਧਰਤੀ 'ਤੇ ਡਿੱਗ ਪਏ॥ ੪੪ ॥

ਨਹਿੰ ਸੁਧ ਈਖਦ ਰਹੀ ਸਰੀਰਾ। ਕਰ ਤੇ ਗਿਰੇ ਜੁ ਗੁਰ ਕੇ ਚੀਰਾ।
ਤਿਹ ਛਿਨ ਨਿਕਸੇ ਵਹਿਰ ਗੁਸਾਈਂ। ਪਿਖਜੋ ਦਾਸ ਸੁਧ ਜਾਂਹਿ ਨ ਕਾਈ ॥੪੫ ॥

ਸਰੀਰ ਵਿਚ ਥੋੜ੍ਹੀ ਵੀ ਸੋਝੀ ਨਾ ਰਹੀ, ਹੱਥ ਵਿੱਚੋਂ ਗੁਰੂ ਜੀ ਦੇ ਕਪੜੇ ਡਿੱਗ ਪਏ। ਗੁਰੂ ਜੀ ਓਸੇ ਵੇਲੇ ਦਰਿਆ ਵਿਚੋਂ ਬਾਹਰ ਨਿਕਲੇ, ਜਿਸ ਸਮੇਂ ਉਨ੍ਹਾਂ ਭਾਈ ਲਹਿਣੇ ਨੂੰ ਵੇਖਿਆ ਤਾਂ ਉਹ ਬਿਲਕੁਲ ਬੇਹੋਸ਼ ਪਿਆ ਸੀ॥ ੪੫ ॥

ਭੀਗ ਸਰੀਰ ਚੀਰ ਗੇ ਜਾਂਕੇ। ਪਰੇ ਅਚੇਤ ਅੰਗ ਛਿਤ ਤਾਂਕੇ।
ਪਦ ਪੰਕਜ ਤਨ ਸੋਂ ਪਰਸਾਯੋ। ਸਰਬ ਅੰਗ ਤੇ ਸ਼ੀਤ ਨਸਾਯੋ ॥ ੪੬ ॥

ਉਸ ਦੇ ਸਰੀਰ ਦੇ ਸਾਰੇ ਕਪੜੇ ਭਿੱਜ ਗਏ ਸਨ, ਉਸ ਦਾ ਸਾਰਾ ਸਰੀਰ ਬੇਹੋਸ਼ ਪਿਆ ਸੀ। ਗੁਰੂ ਜੀ ਨੇ ਆਪਣੇ ਚਰਨ ਕੰਵਲਾਂ ਨੂੰ ਭਾਈ ਲਹਿਣੇ ਦੇ ਸਰੀਰ ਨੂੰ ਛੁਹਾਇਆ ਅਤੇ ਸਾਰੇ ਅੰਗਾਂ ਤੋਂ ਠੰਡ ਨੂੰ ਦੂਰ ਕੀਤਾ॥ ੪੬ ॥

ਭਈ ਉਸ਼ਨਤਾ ਸੁਧ ਹ੍ਵੈ ਆਈ। ਦੇਖਿ ਪਰਜੋ ਪਾਇਨ ਲਪਟਾਈ।
ਬੂਝਜੋ ਦਾਸ ਤਬਹਿ ਜਗਨਾਥਾ। 'ਕੌਨ ਹਾਲ ਬੀਤਜੋ ਤੁਝ ਸਾਥਾ?' ॥੪੭ ॥

ਜਦ ਸਰੀਰ ਗਰਮ ਹੋਇਆ ਤੇ ਹੋਸ਼ ਆ ਗਈ। ਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਦੇ ਪੈਰਾਂ ਨਾਲ ਲਿਪਟ ਗਿਆ। ਤਦ ਗੁਰੂ ਜੀ ਨੇ ਉਸ ਨੂੰ ਪੁਛਿਆ, "ਤੇਰਾ ਹੁਣ ਕੀ ਹਾਲ ਹੈ ?" ॥ ੪੭ ॥

ਬੋਲਜੋ ਲਹਿਣਾ ਦ੍ਵੈ ਕਰ ਜੋਰੀ। 'ਸੁਨੀਏ ਪ੍ਰਭੁ ਦਸ਼ਾ ਜਸ ਮੋਰੀ।
ਬਸਤ੍ਰ ਭੀਜਿ, ਭਾ ਸ਼ੀਤ ਘਨੇਰਾ। ਜੁਟੇ ਦੰਤ ਤਨ ਗਿਰ ਗਯੋ ਮੇਰਾ ॥੪੮ ॥

ਭਾਈ ਲਹਿਣੇ ਨੇ ਹੱਥ ਜੋੜ ਕੇ ਕਿਹਾ, "ਸੁਣੋ ! ਮੇਰੀ ਜੋ ਹਾਲਤ ਹੋਈ ਹੈ, ਕਪੜੇ ਭਿੱਜ ਗਏ, ਠੰਡ ਬਹੁਤ ਲੱਗੀ, ਦੰਦ ਜੁੜ ਗਏ ਅਤੇ ਸਰੀਰ ਮੇਰਾ ਧਰਤੀ 'ਤੇ ਡਿੱਗ ਪਿਆ॥ ੪੮ ॥

ਚਰਨ ਕਮਲ ਤੁਮ ਆਨਿ ਛੁਹਾਵਾ। ਤਤਖਿਨ ਸਗਰੋ ਸ਼ੀਤ ਨਸਾਵਾ।
ਅਬ ਸੁਚੇਤ ਭਾ ਮੋਰ ਸਰੀਰਾ। ਰਾਵਰ ਭੰਜਤਿ ਹੋ ਸਭਿ ਪੀਰਾ ॥੪੯ ॥

ਜਦ ਤੁਸੀਂ ਮੈਨੂੰ ਆਪਣੇ ਚਰਨ ਕੰਵਲ ਛੁਹਾਏ, ਤੁਰੰਤ ਸਾਰੀ ਠੰਡ ਦੂਰ ਹੋ ਗਈ। ਹੁਣ ਮੇਰਾ ਸਰੀਰ ਸੁਚੇਤ ਹੋ ਗਿਆ ਹੈ। ਆਪ ਜੀ ਸਭ ਦੁੱਖਾਂ ਨੂੰ ਦੂਰ ਕਰਦੇ ਹੋ" ॥ ੪੯ ॥

ਸੁਨਿ ਬੋਲੇ ਸ੍ਰੀ ਪ੍ਰਭੁ ਕ੍ਰਿਪਾਲਾ। 'ਹੋਂ ਘਾਲਤਿ ਜੋ ਘਾਲ ਬਿਸਾਲਾ।
ਅਨਿਕ ਪ੍ਰਕਾਰਨ ਜੋ ਤਪ ਕਰਨਾ। ਸਭਿ ਸਿੱਖਨ ਹਿਤ ਲਖਹੁ ਅਚਰਨਾ ॥੫੦ ॥

ਇਹ ਸੁਣ ਕੇ ਗੁਰੂ ਜੀ ਬੋਲੇ, "ਤੁਸੀ ਜੋ ਬਹੁਤ ਘਾਲ ਕਮਾਈ ਕਰਦੇ ਹੋ, ਅਨੇਕ ਪ੍ਰਕਾਰ ਦੇ ਜੋ ਤਪ ਕਰਦੇ ਹੋ, ਅਜਿਹੇ ਕਾਰਜ ਸਭ ਸਿੱਖਾਂ ਵਾਸਤੇ ਕਰਨੇ ਹੀ ਸਮਝੋ॥ ੫੦ ॥

ਜੋ ਮੇਰੇ ਮਹਿੰ ਸ਼ਰਧਾ ਧਰਿਹੀਂ। ਮਨ ਕਰਿ ਸ਼ਬਦ ਕਮਾਵਨ ਕਰਿਹੀਂ।

ਨਾਨਕ ਪੰਥੀ ਜਿਨ ਕੋ ਨਾਮ। ਵਾਹਿਗੁਰੂ ਜਪ ਰਹਿਤਿ ਅਕਾਮ ॥੫੧ ॥

ਜੋ ਮੇਰੇ ਵਿਚ ਸ਼ਰਧਾ ਧਾਰਨ ਕਰਦਾ ਹੈ ਅਤੇ ਮਨ ਕਰ ਕੇ ਸ਼ਬਦ ਦੀ ਕਮਾਈ ਕਰਦਾ ਹੈ, ਨਾਨਕ ਪੰਥੀ ਜਿਨ੍ਹਾਂ ਦਾ ਨਾਮ ਹੈ, ਉਹ ਕਾਮਨਾ-ਰਹਿਤ ਹੋ ਕੇ ਵਾਹਿਗੁਰੂ ਦਾ ਜਪ ਕਰਦੇ ਹਨ॥ ੫੧ ॥

ਸੋ ਜਮ ਕੋ ਨਹਿ ਦੇਖਨ ਪੈ ਹੈਂ। ਸੁਖ ਸੋਂ ਗਤਿ ਪ੍ਰਾਪਤਿ ਤਿਨ ਹ੍ਵੈ ਹੈ।
ਕਮਲ ਬਦਨ ਤੇ ਕਹਿ ਅਸ ਬਾਨੀ। ਪੁਨ ਪੁਰਿ ਮਹਿਂ ਆਏ ਗੁਨਖਾਨੀ ॥੫੨ ॥

ਉਹ ਯਮ ਨੂੰ ਨਹੀਂ ਵੇਖਦੇ ਹਨ ਅਤੇ ਉਨ੍ਹਾਂ ਨੂੰ ਸੁਖ ਨਾਲ ਗਤੀ ਪ੍ਰਾਪਤ ਹੁੰਦੀ ਹੈ।'' ਗੁਰੂ ਜੀ ਨੇ ਆਪਣੇ ਕੰਵਲ ਮੁੱਖ ਨਾਲ ਇਹ ਬਚਨ ਕਹੇ, ਫਿਰ ਉਹ ਨਗਰ ਵਿਚ ਆ ਗਏ॥ ੫੨ ॥

ਬੈਠਤਿ ਭੇ ਧ੍ਰਮਸਾਲ ਮਝਾਰੀ। ਸੰਗਤ ਆਵਹਿ ਕਰਹਿ ਜੁਹਾਰੀ।
ਕਰਨ ਲਗੇ ਤਪ ਕ੍ਰੂਰ ਬਡੇਰਾ। ਪੁਰਿ ਕੇ ਨਿਕਟ ਨੀਕ ਥਲ ਹੇਰਾ ॥੫੩ ॥

ਆ ਕੇ ਧਰਮਸਾਲਾ ਵਿਚ ਬੈਠ ਗਏ, ਸੰਗਤ ਆ ਕੇ ਚਰਨ ਬੰਦਨਾ ਕਰਦੀ ਸੀ। ਫਿਰ ਉਹ ਕਰੜਾ ਤਪ ਕਰਨ ਲੱਗ ਗਏ। ਨਗਰ ਦੇ ਲਾਗੇ ਇਕ ਚੰਗਾ ਥਾਂ ਵੇਖਿਆ॥ ੫੩ ॥

ਤਹਾਂ ਕੀਨ ਇਕ ਕੁਟੀ ਨਿਰਾਲੀ। ਰੋੜਨ ਸੇਜ ਡਸਾਇ ਦੁਖਾਲੀ।
ਨਿਜ ਸਰੀਰ ਕੇ ਸਮ ਬਨਵਾਈ। ਥਾਇੰ ਸ਼ੇਸ਼ ਨਹਿਂ ਜਹਾਂ ਰਹਾਈ ॥੫੪ ॥

ਉਥੇ ਇਕ ਨਿਰਾਲੀ ਕੁਟੀਆ ਬਣਾਈ। ਰੋੜਾਂ ਦੀ ਦੁੱਖ ਦੇਣ ਵਾਲੀ ਸੇਜ ਬਣਾਈ। ਆਪਣੇ ਸਰੀਰ ਦੇ ਨਾਪ ਦੇ ਬਰਾਬਰ ਬਣਾਈ, ਉਸ ਵਿਚ ਵਾਧੂ ਥਾਂ ਨਹੀਂ ਸੀ ਰਖਿਆ॥ ੫੪ ॥

ਪੌਢਹਿ ਬੈਠਹਿਂ ਰਹਿਂ ਤਿਹ ਮਾਂਹੀ। ਕਰਨ ਸ਼ਨਾਨ ਸਮੈਂ ਦੁਇ ਜਾਹੀਂ।
ਚਹੁੰਦਿਸ਼ਿ ਤੇ ਨਰ ਆਇ ਬਿਸ਼ਾਲਾ। ਦਰਸ ਬਿਲੋਕ ਧਰਹਿਂ ਪਦ ਭਾਲਾ ॥੫੫ ॥

ਉਸ ਵਿਚ ਬੈਠੇ ਰਹਿੰਦੇ ਸਨ ਅਤੇ ਦੋਵੇਂ ਵੇਲੇ ਇਸ਼ਨਾਨ ਕਰਨ ਜਾਂਦੇ ਸਨ। ਚਾਰਾਂ ਪਾਸਿਆਂ ਤੋਂ ਬਹੁਤ ਮਨੁੱਖ ਆਉਂਦੇ ਸਨ। ਦਰਸ਼ਨ ਕਰਕੇ ਚਰਨਾਂ ਉਤੇ ਮੱਥਾ ਟੇਕਦੇ ਸਨ॥ ੫੫ ॥

ਕਰਹਿਂ ਕਾਮਨਾ ਹਿਰਦੇ ਜੋਈ। ਪੂਰਨ ਹੋਇ ਸਰਬ ਕੀ ਸੋਈ।
ਜੁਗਲ ਕਾਲ ਭਲ ਬਨਹਿ ਅਹਾਰਾ। ਅਚਵੈਂ ਰੁਚਿ ਅਨੁਸਾਰ ਅਪਾਰਾ ॥੫੬ ॥

ਜਿਹੜੀ ਵੀ ਹਿਰਦੇ ਵਿਚ ਕਾਮਨਾ ਧਾਰ ਕੇ ਆਉਂਦੇ ਸਨ, ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ। ਦੋਵੇਂ ਵੇਲੇ ਬਹੁਤ ਲੰਗਰ ਤਿਆਰ ਹੁੰਦਾ ਸੀ ਅਤੇ ਬੇਗਿਣਤ ਲੋਕ ਆ ਕੇ ਭੋਜਨ ਛਕਦੇ ਸਨ॥ ੫੬ ॥

ਬਹੁਤ ਰਸੋਈਏ ਦੇਗ ਕਰੇਈਂ। ਜਿਤਿਕ ਅੰਨ ਚਹਿਂ ਤੇਤਿਕ ਲੇਈਂ।
ਨੀਕੀ ਰੀਤਿ ਸੁਧਾਰਿ ਬਨਾਵਹਿਂ। ਜਿਨ ਤੇ ਸ੍ਵਾਦ ਮਹਾਂ ਸ਼ੁਭ ਆਵਹਿ ॥੫੭ ॥

ਬਹੁਤ ਰਸੋਈਏ ਲੰਗਰ ਤਿਆਰ ਕਰਦੇ ਸਨ, ਜਿੰਨਾ ਅੰਨ ਚਾਹੁੰਦੇ ਸਨ, ਉਤਨਾ ਹੀ ਪ੍ਰਾਪਤ ਕਰਦੇ ਸਨ। ਚੰਗੀ ਰੀਤੀ ਅਨੁਸਾਰ ਸੁਧਾਰ ਕੇ ਬਣਾਉਂਦੇ ਸਨ, ਜਿਸ ਨੂੰ ਛੱਕ ਕੇ ਮਹਾਂ ਸ਼ੁਭ ਸਵਾਦ ਪ੍ਰਾਪਤ ਹੁੰਦਾ ਸੀ॥ ੫੭ ॥

ਸਰਬ ਤਯਾਰ ਹ੍ਵੈ ਭੋਜਨ ਜਬਿਹੀ। ਜਾਇ ਰਸੋਈਆ ਗੁਰ ਢਿਗ ਤਬਿਹੀ।
ਹਾਥ ਬੰਦਿ ਹ੍ਵੈ ਠਾਂਢੋ ਰਹਿਹੀ। ਨਿਜ ਮੁਖ ਤੇ ਕੋ ਬਚਨ ਨ ਕਹਿਹੀ ॥੫੮ ॥

ਜਦ ਸਾਰਾ ਭੋਜਨ ਤਿਆਰ ਹੋ ਜਾਂਦਾ ਸੀ, ਤਾਂ ਰਸੋਈਆ ਉਸੇ ਵੇਲੇ ਗੁਰੂ ਜੀ ਪਾਸ ਜਾਂਦਾ ਸੀ। ਹੱਥ ਜੋੜ ਕੇ ਖੜਾ ਰਹਿੰਦਾ ਸੀ, ਆਪਣੇ ਮੁੱਖ ਤੋਂ ਕੋਈ ਬਚਨ ਨਹੀਂ ਕਹਿੰਦਾ ਸੀ॥ ੫੮ ॥

ਬੀਤਹਿ ਕਿਤਿਕ ਕਾਲ ਅਸ ਤਾਂਹੀ। ਜਬ ਲੌ ਪ੍ਰਭੁ ਬਿਲੋਕੈ ਨਾਂਹੀ।
ਸਹਿਜ ਸੁਭਾਇ ਦ੍ਰਿਸ਼ਟਿ ਗੁਰ ਪਰਿਹੀ। ਬਿੱਪ੍ਰ ਸੰਗ ਅਸ ਬਚਨ ਉਚਰਿਹੀਂ ॥੫੯॥

ਇਸ ਤਰ੍ਹਾਂ ਕਾਫੀ ਸਮਾਂ ਬੀਤ ਜਾਂਦਾ ਸੀ, ਜਦ ਤਕ ਕਿ ਗੁਰੂ ਜੀ ਵੇਖ ਨਹੀਂ ਸੀ ਲੈਂਦੇ। ਜਦ ਗੁਰੂ ਜੀ ਦੀ ਸਹਿਜ ਸੁਭਾਅ ਨਜ਼ਰ ਪੈਂਦੀ ਸੀ ਤਾਂ ਉਹ ਬ੍ਰਾਹਮਣ ਰਸੋਈਏ ਨੂੰ ਇਸ ਤਰ੍ਹਾਂ ਬਚਨ ਕਰਦੇ ਸਨ॥ ੫੯॥

'ਹੇ ਦਿਜ ਭੋਜਨ ਭਯੋ ਤਯਾਰੀ। ਆਇ ਹਕਾਰਨ? ਕਰਹੁ ਉਚਾਰੀ'।
'ਸ੍ਰੀ ਪ੍ਰਭੁ ਤੁਮਰੀ ਕਰੁਨਾ ਕਰਿਕੈ। ਭਯੋ ਅਹਾਰ ਤਿਯਾਰ ਸੁਧਰਿਕੈ' ॥੬੦॥

"ਹੇ ਬ੍ਰਾਹਮਣ ! ਭੋਜਨ ਤਿਆਰ ਹੋ ਗਿਆ ਹੈ, ਬੁਲਾਉਣ ਆਇਆ ਹੈਂ, ਦੱਸੋ ਕੀ ਕਹਿਣਾ ਚਾਹੁੰਦਾ ਹੈਂ ?" ਬ੍ਰਾਹਮਣ ਕਹਿੰਦਾ, "ਹੇ ਪ੍ਰਭੂ ਜੀ ! ਤੁਹਾਡੀ ਕਿਰਪਾ ਕਰਕੇ, ਸਾਰਾ ਭੋਜਨ ਚੰਗੀ ਤਰ੍ਹਾਂ ਤਿਆਰ ਹੋ ਗਿਆ ਹੈ"॥ ੬੦॥

ਤਬਿ ਤਿਹ ਸੰਗ ਜਾਇ ਜਗ ਸਾਈਂ। ਰੁਚਿ ਅਨੁਸਾਰ ਸੁ ਭੋਜਨ ਖਾਈਂ।
ਬਹੁਰ ਦੇਗ ਵਰਤੈ ਪਸ਼ਚਾਤੀ। ਸਰਬ ਸੰਗਤੀ ਹੋਇ ਅਘਾਤੀ॥ ੬੧॥

ਫਿਰ ਗੁਰੂ ਜੀ ਉਸ ਦੇ ਨਾਲ ਜਾਂਦੇ ਸਨ, ਆਪਣੀ ਰੁਚੀ ਅਨੁਸਾਰ ਭੋਜਨ ਛੱਕਦੇ ਸਨ। ਉਸ ਤੋਂ ਬਾਅਦ ਲੰਗਰ ਵਰਤਦਾ ਸੀ। ਸਾਰੀ ਸੰਗਤ ਤ੍ਰਿਪਤ ਹੋ ਜਾਂਦੀ ਸੀ॥ ੬੧॥

ਦੋਨੋ ਸਮੈ ਭਾਂਤਿ ਇਸ ਹੋਇ। ਆਵਿਹਂ ਖਾਇਂ, ਨ ਹਟਿਕੈ ਕੋਇ।
ਦਰਸ਼ਨ ਦੇਖਹਿਂ ਪੂਰੈਂ ਆਸਾ। ਪਢਹਿਂ ਸ਼ਬਦ ਕਰਿ ਪ੍ਰੇਮ ਹੁਲਾਸਾ ॥੬੨॥

ਦੋਵੇਂ ਵੇਲੇ ਇਸ ਤਰ੍ਹਾਂ ਹੁੰਦਾ ਸੀ, ਸਾਰੇ ਆ ਕੇ ਖਾਂਦੇ ਸਨ ਅਤੇ ਕੋਈ ਵੀ ਖਾਲੀ ਵਾਪਸ ਨਹੀਂ ਸੀ ਜਾਂਦਾ। ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ ਅਤੇ ਬਹੁਤ ਪ੍ਰੇਮ ਕਰਕੇ ਸ਼ਬਦ ਪੜ੍ਹਦੇ ਸਨ॥ ੬੨॥

ਕਿਤਿਕ ਸਮੀਪ ਰਹੈਂ ਸੁਖ ਪਾਈਂ। ਕਿਤਿਕ ਦਰਸ ਕਰਿ ਸਦਨ ਸਿਧਾਈਂ।
ਇਸ ਪ੍ਰਕਾਰ ਬੀਤਯੋ ਕਿਤ ਕਾਲਾ। ਬਹੁਰ ਤਪਹਿਂ ਤਪ ਕਠਨ ਕ੍ਰਿਪਾਲਾ ॥੬੩॥

ਕਈ ਨੇੜੇ ਰਹਿ ਕੇ ਸੁਖ ਪਾਉਂਦੇ ਸਨ, ਕਈ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਮੁੜ ਜਾਂਦੇ ਸਨ। ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ। ਗੁਰੂ ਜੀ ਨੇ ਬਹੁਤ ਕਠਿਨ ਤਪ ਕੀਤਾ॥ ੬੩॥

ਭੋਜਨ ਤਜਯੋ, ਨ ਅਚੈਂ ਕਦਾਈਂ। ਏਕ ਅਰਕ ਫੂਲ ਖਾਇਂ ਮੰਗਾਈ।
ਤਿਸ ਪ੍ਰਕਾਰ ਨਿਸ ਦਯੋਸ ਬਿਤਾਵਹਿਂ। ਪੁਨ ਜਲ ਆਦਿ ਨ ਕੰਠ ਪੁਚਾਵਹਿਂ ॥੬੪॥

ਭੋਜਨ ਛੱਡਿਆ ਸੀ, ਕਦੀ ਵੀ ਨਹੀਂ ਸੀ ਖਾਂਦੇ। ਅੱਕ ਦਾ ਇਕ ਫੁੱਲ ਮੰਗਵਾ ਕੇ ਖਾ ਲੈਂਦੇ ਸਨ। ਇਸ ਪ੍ਰਕਾਰ ਦਿਨ ਰਾਤ ਬਿਤੀਤ ਕਰਦੇ ਸਨ, ਫਿਰ ਜਲ ਆਦਿ ਵੀ ਮੂੰਹ ਵਿਚ ਨਹੀਂ ਪਾਉਂਦੇ ਸਨ॥ ੬੪॥

ਦੋਇ ਕੋਸ ਲਗ ਕੀਨ ਨਿਸ਼ਾਨੀ। ਤਿਨਕੇ ਬਿਚ ਬਿਚਰਤਿ ਗੁਨਖਾਨੀ।
ਸ੍ਰੀ ਮੁਖ ਤੇ ਸੁਭ ਸ਼ਬਦ ਉਚਾਰਹਿਂ। ਠਾਂਢੇ ਸਗਰੋ ਦਯੋਸ ਗੁਜ਼ਾਰਹਿਂ ॥੬੫॥

ਦੋ ਕੋਹਾਂ ਤੇ ਨਿਸ਼ਾਨੀ ਰੱਖੀ ਸੀ, ਉਸ ਦੇ ਵਿਚ ਗੁਰੂ ਜੀ ਵਿਚਰਦੇ ਸਨ। ਗੁਰੂ ਜੀ ਮੁੱਖ ਤੋਂ ਸ਼ੁਭ ਸ਼ਬਦ ਉਚਾਰਦੇ ਸਨ, ਖੜੇ ਹੋ ਕੇ ਸਾਰਾ ਦਿਨ ਗੁਜ਼ਾਰ ਦਿੰਦੇ ਸਨ॥ ੬੫॥

ਦੋਹਰਾ- ਇਤ ਤੇ ਉਤ ਉਤ ਤੇ ਸੁ ਇਤ ਬਾਸੁਰ ਕਰੈਂ ਬਿਹਾਇ।
ਕਰਿ ਕੁਪੀਨ ਕਟ ਤਾਂਬ੍ਰ ਕੀ ਸਿਰ ਦੋਕੂਲ ਸੁਹਾਇ॥ ੬੬॥

ਇਥੇ ਤੋਂ ਉਥੇ, ਉਥੇ ਤੋਂ ਇਥੇ, ਇਸ ਤਰ੍ਹਾਂ ਚਲਦੇ ਸਾਰਾ ਦਿਨ ਗੁਜ਼ਾਰ ਦਿੰਦੇ ਸਨ। ਰਕਤ ਚੰਦਨ ਦੇ ਰੰਗ ਦੀ ਲਾਲ ਲੰਗੋਟੀ ਸੀ ਅਤੇ ਸਿਰ ਤੇ ਛੋਟਾ ਸਾਫ਼ਾ ਸ਼ੋਭਦਾ ਸੀ॥ ੬੬॥

ਚੌਪਈ- ਸਗਰੇ ਤਜਾਗੇ ਅਪਰ ਜਿ ਚੀਰਾ। ਫਿਰੈਂ ਪ੍ਰਭੂ ਹ੍ਵੈ ਨਗਨ ਸਰੀਰਾ।
ਬਹੁਰੋ ਆਇ ਬਿਭਾਵਰਿ ਜਬਿਹੀ। ਇਸਥਿਤ ਹੋਇਂ ਕੁਟੀ ਮਹਿਂ ਤਬਿਹੀ ॥੬੭॥

ਆਪਣੇ ਸਰੀਰ ਦੇ ਸਾਰੇ ਕਪੜੇ ਤਿਆਗ ਦਿੱਤੇ ਸਨ, ਪ੍ਰਭੂ ਜੀ ਨੰਗੇ ਸਰੀਰ ਨਾਲ ਹੀ ਘੁੰਮਦੇ ਸਨ। ਜਦ ਫਿਰ ਰਾਤ ਪੈਂਦੀ ਸੀ, ਤਦ ਕੁਟੀਆ ਵਿਚ ਬੈਠ ਜਾਂਦੇ ਸਨ॥ ੬੭॥

ਸਿਹਜਾ ਰੋੜਨ ਕੀ ਜੁ ਬਨਾਈ। ਤਿਹ ਪਰ ਪੌਢ ਰਹੈਂ ਗਤਿਦਾਈ।
ਬਡੀ ਭੋਰ ਉਠਿ ਸਰਿਤਾ ਤੀਰਾ। ਜਾਇ ਸੁ ਮੱਜਹਿਂ ਗੁਨੀ ਗਹੀਰਾ ॥੬੮॥

ਰੋੜਿਆਂ ਦੀ ਜੋ ਸੇਜ ਬਣਾਈ ਸੀ, ਉਸ ਉਤੇ ਰਾਤ ਪਏ ਰਹਿੰਦੇ ਸਨ। ਸਵੇਰੇ ਸਵੱਖਤੇ ਉੱਠ ਕੇ ਦਰਿਆ ਦੇ ਕੰਢੇ ਚਲੇ ਜਾਂਦੇ ਸਨ, ਉਥੇ ਜਾ ਕੇ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਇਸ਼ਨਾਨ ਕਰਦੇ ਸਨ॥ ੬੮॥

ਕਰੀ ਨਿਸ਼ਾਨੀ ਤਿਨ ਕੇ ਮਾਂਹੀ। ਬਿਚਰਹਿਂ ਪੁਨ ਬੈਠਹਿਂ ਪ੍ਰਭੁ ਨਾਂਹੀ।
ਕਿਤਿਕ ਕਾਲ ਇਉਂ ਬਿਤਵਨ ਕੀਨਾ। ਬਹੁਰ ਅਰਕ ਫੁਲ ਸੋ ਤਜਿ ਦੀਨਾ ॥੬੯॥

ਜਿਹੜੀ ਫਿਰ ਦੋ ਕੋਹ ਦੀ ਨਿਸ਼ਾਨੀ ਰੱਖੀ ਸੀ ਉਸ ਦੇ ਵਿਚ ਘੁੰਮਦੇ ਸਨ ਅਤੇ ਬੈਠਦੇ ਨਹੀਂ ਸਨ। ਕਾਫੀ ਸਮਾਂ ਇਸ ਤਰ੍ਹਾਂ ਬਿਤੀਤ ਕੀਤਾ, ਫਿਰ ਉਨ੍ਹਾਂ ਅੱਕ ਦਾ ਫੁੱਲ ਖਾਣਾ ਵੀ ਛੱਡ ਦਿੱਤਾ॥ ੬੯॥

ਸਿਕਤਾ ਇਕ ਮਾਸਾ ਮੁਖ ਪਾਵਹਿਂ। ਤਜਾਗਜੋ ਔਰ, ਨਹੀਂ ਕੁਛ ਖਾਵਹਿਂ।
ਸ੍ਰੀ ਮੁਖ ਪੰਕਜ ਬਚਨ ਅਲਾਵਾ। 'ਨਾਉਂ ਸੁਹਾਵਾ ਵਖਤ ਸੁਹਾਵਾ' ॥੭੦॥

ਫਿਰ ਇਕ ਮਾਸਾ ਰੇਤ ਆਪਣੇ ਮੂੰਹ ਵਿਚ ਪਾਉਂਦੇ ਸਨ, ਹੋਰ ਸਭ ਕੁਝ ਛੱਡ ਦਿੱਤਾ, ਕੁਝ ਵੀ ਨਹੀਂ ਖਾਂਦੇ ਸਨ। ਗੁਰੂ ਜੀ ਨੇ ਆਪਣੇ ਮੁੱਖ ਤੋਂ ਬਚਨ ਕੀਤਾ, "ਦੋ ਚੀਜਾਂ ਸੁੰਦਰ ਹਨ, ਇਕ ਪ੍ਰਭੂ ਦਾ ਨਾਮ ਅਤੇ ਦੂਸਰਾ ਅੰਮ੍ਰਿਤ ਵੇਲਾ" ॥ ੭੦॥

ਬਿਚਰਹਿਂ ਉਚਰਤਿ ਇਸੀ ਪ੍ਰਕਾਰਾ। ਮਸਤਕ ਦਿਪੈ ਤੇਜ ਅਤਿ ਭਾਰਾ।
ਸੁਨਿ ਸੁਨਿ ਸਿਫਤ ਆਇਂ ਨਰ ਭੂਰੀ। ਦਰਸ਼ਨ ਦੇਖਹਿਂ ਰਹੈਂ ਹਦੂਰੀ ॥੭੧॥

ਘੁੰਮਦੇ ਫਿਰਦੇ ਇਸ ਪ੍ਰਕਾਰ ਹੀ ਉਚਾਰਨ ਕਰਦੇ ਸਨ। ਮੱਥੇ ਦਾ ਤੇਜ ਬਹੁਤ ਚਮਕਦਾ ਸੀ। ਸਿਫਤ ਸੁਣ ਸੁਣ ਕੇ ਬਹੁਤ ਮਨੁੱਖ ਆਉਂਦੇ ਸਨ। ਦਰਸ਼ਨ ਕਰਕੇ ਹਜ਼ੂਰੀ ਵਿਚ ਰਹਿੰਦੇ ਸਨ॥ ੭੧॥

ਜੋ ਨਰ ਆਇ ਚਰਨ ਲਪਟਾਵੈਂ। ਤਿਨ ਸੌਂ ਅਸ ਪ੍ਰਭੁ ਬਚਨ ਅਲਾਵੈਂ।
'ਬਸਿ ਕਰਿ ਪੁਰਖਾ! ਭਲਾ ਸੁ ਹੋਈ। ਸਿਮਰਹੁ ਨਾਮ ਸਕਲ ਦੁਖ ਖੋਈ' ॥੭੨॥

ਜਿਹੜੇ ਵੀ ਮਨੁੱਖ ਆਉਂਦੇ ਸਨ, ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦੇ ਸਨ। ਉਨ੍ਹਾਂ ਨੂੰ ਗੁਰੂ ਜੀ ਇਸ ਤਰ੍ਹਾਂ ਕਹਿੰਦੇ ਸਨ, "ਪੁਰਖਾ ! ਬੱਸ ਕਰੋ, ਤੁਹਾਡਾ ਭਲਾ ਹੋਵੇਗਾ, ਪ੍ਰਭੂ ਦਾ ਨਾਮ ਸਿਮਰ ਕੇ ਸਾਰੇ ਦੁਖ ਦੂਰ ਕਰੋ" ॥ ੭੨॥

ਕੇਤਿਕ ਦਿਨ ਇਉਂ ਗੁਰੂ ਗੁਜ਼ਾਰੇ। ਕਲਿ ਮੈਂ ਨਾਮ ਦੇਯ ਨਰ ਤਾਰੇ।
ਦਰਸ਼ਨ ਦੇਖਤਿ ਸ਼ਬਦ ਸੁਨੰਤੇ। ਮਹਾਂ ਪਤਿਤ ਸੇ ਜਗਤ ਤਰੰਤੇ ॥੭੩॥

ਗੁਰੂ ਜੀ ਨੇ ਕਈ ਦਿਨ ਇਸ ਤਰ੍ਹਾਂ ਹੀ ਗੁਜ਼ਾਰੇ। ਕਲਿਜੁਗ ਵਿਚ ਨਾਮ ਦੇ ਕੇ ਮਨੁੱਖਾਂ ਦਾ ਉਧਾਰ ਕੀਤਾ। ਦਰਸ਼ਨ ਕਰਕੇ ਜਿਹੜੇ ਸ਼ਬਦ ਸੁਣਦੇ ਸਨ, ਮਹਾਂ ਪਾਪੀ ਵੀ ਜਗਤ ਤੋਂ ਤਰ ਜਾਂਦੇ ਸਨ॥ ੭੩॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਤਪ ਕਰਨ ਪ੍ਰਸੰਗ ਬਰਨਨੰ ਨਾਮ ਉਣੰਜਮੋ ਅਧਯਾਯ॥ ੪੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਉਣੰਜਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦੇ ਤਪ ਕਰਨ ਦਾ ਪ੍ਰਸੰਗ" ਹੈ, ਸਮਾਪਤ ਹੋਇਆ॥ ੪੯॥

# ਅਧਿਆਇ ਪੰਜਾਹਵਾਂ

## ਤਪ ਕਰਨ ਅਤੇ ਗੁਰਸਿੱਖੀ ਪਰਖਣਾ

ਦੋਹਰਾ- ਰਿਦਾ ਕਿਦਾਰ ਸੁਧਾਰਨੋ ਤਜਿਨੋ ਸਰਬ ਬਿਕਾਰ।
ਸਤਿਗੁਰ ਕਰੁਨਾ ਜਲ ਪਰੈ ਭਗਤਿ ਕ੍ਰਿਖੀ ਹ੍ਵੈ ਸਾਰ॥ ੧॥

ਸਾਰੇ ਵਿਕਾਰਾਂ ਦਾ ਤਿਆਗ ਕਰਨਾ ਮਾਨੋਂ ਹਿਰਦੇ ਰੂਪੀ ਖੇਤ ਨੂੰ ਸੁਧਾਰਨਾ ਹੈ, ਇਸ ਖੇਤ ਵਿਚ ਜੇ ਸਤਿਗੁਰੂ ਦੀ ਮਿਹਰ ਦਾ ਪਾਣੀ ਪੈ ਜਾਵੇ ਤਾਂ ਭਗਤੀ ਰੂਪੀ ਖੇਤੀ ਸ੍ਰੇਸ਼ਟ ਰੂਪ ਵਿਚ ਬਦਲ ਜਾਵੇਗੀ॥ ੧॥

ਚੌਪਈ- ਅਸ ਸ੍ਰੀ ਪ੍ਰਭੁ ਨੈ ਤਪ ਬਹੁ ਠਾਨਾ। ਜਹਿਂ ਤਹਿਂ ਪਸਰਯੋ ਸੁਜਸੁ ਮਹਾਨਾ।
ਦੇਸ਼ ਬਿਦੇਸ਼ਨ ਘਰ ਘਰ ਮਾਂਹੀ। 'ਸ੍ਰੀ ਨਾਨਕ ਸ੍ਰੀ ਨਾਨਕ' ਪ੍ਾਹੀਂ॥੨॥

ਇਸ ਤਰ੍ਹਾਂ ਗੁਰੂ ਜੀ ਨੇ ਬਹੁਤ ਤਪ ਕੀਤਾ, ਜਿਥੇ-ਕਿਥੇ ਬੜਾ ਸ੍ਰੇਸ਼ਟ ਜੱਸ ਪਸਰਿਆ। ਦੇਸ਼ਾਂ-ਵਿਦੇਸ਼ਾਂ ਵਿਚ, ਘਰ-ਘਰ ਵਿਚ 'ਸ੍ਰੀ ਨਾਨਕ, ਸ੍ਰੀ ਨਾਨਕ' ਹੀ ਕਹਿੰਦੇ ਸਨ॥ ੨॥

ਮਿਲਹਿਂ ਪਰਸਪਰ ਮਾਨਵ ਬ੍ਰਿੰਦਾ। ਆਵਹਿਂ ਦਰਸ਼ਨ ਹੇਤੁ ਮੁਕੰਦਾ।
ਕੇਤਿਕ ਦਰਸ ਕਰਹਿਂ ਘਰ ਜਾਹੀਂ। ਕੇਤਿਕ ਰਹੈਂ ਪ੍ਰਭੂ ਕੇ ਪਾਹੀਂ॥੩॥

ਬਹੁਤ ਮਨੁੱਖ ਆਪਸ ਵਿਚ ਇਕੱਠੇ ਹੋ ਕੇ ਮਿਲਦੇ ਸਨ ਅਤੇ ਮੁਕਤੀਦਾਤੇ ਦੇ ਦਰਸ਼ਨ ਕਰਨ ਆਉਂਦੇ ਸਨ। ਕਈ ਦਰਸ਼ਨ ਕਰਕੇ ਆਪਣੇ ਘਰ ਚਲੇ ਜਾਂਦੇ ਸਨ ਅਤੇ ਕਈ ਦਰਸ਼ਨ ਕਰਕੇ ਪ੍ਰਭੂ ਜੀ ਪਾਸ ਹੀ ਰਹਿ ਪੈਂਦੇ ਸਨ॥ ੩॥

ਭੀਰ ਭੂਰ ਭੀ ਪੁਰਿਕਰਤਾਰਾ। ਖਾਇਂ ਸਮੇਂ ਦੁਇ ਰੁਚਿਰ ਅਹਾਰਾ।
ਹੋਇ ਅੰਨ ਕੀ ਤੋਟ ਨ ਕੋਈ। ਰਹੇ ਜੁ, ਦੇਗ ਅਚੇ ਸਭਿ ਕੋਈ॥੪॥

ਕਰਤਾਰਪੁਰ ਨਗਰ ਵਿਚ ਬੜੀ ਵੱਡੀ ਭੀੜ ਜੁੜੀ ਰਹਿੰਦੀ ਸੀ। ਦੋਵੇਂ ਸਮੇਂ ਸੁੰਦਰ ਭੋਜਨ ਛਕਦੇ ਸਨ। ਅੰਨ ਦੀ ਕਦੇ ਤੋਟ ਨਹੀ ਸੀ ਆਉਂਦੀ। ਸਾਰੇ ਲੰਗਰ ਤੋਂ ਭੋਜਨ ਛਕਦੇ ਸਨ॥ ੪॥

ਦੋਹਰਾ- ਦੇਸ਼ ਬਿਦੇਸ਼ਨ ਤੇ ਤਹਾਂ ਬਹੁ ਸੰਗਤਿ ਭੀ ਆਇ।
ਅੱਪ੍ਰਮਾਨ ਗਿਨਤੀ ਨ ਕੋ ਦਰਸ਼ਨ ਕਰਿ ਹਰਖਾਇ॥ ੫॥

ਦੇਸ਼ਾਂ ਵਿਦੇਸ਼ਾਂ ਤੋਂ ਵੀ ਬਹੁਤ ਸੰਗਤ ਆਉਂਦੀ ਸੀ। ਉਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ, ਦਰਸ਼ਨ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ॥ ੫॥

ਚੌਪਈ- ਇਸ ਬਿਧਿ ਕੇਤਿਕ ਬਰਖ ਬਿਤਾਏ। ਨਾਮ ਦਾਨ ਇਸ਼ਨਾਨ ਦ੍ਰਿੜਾਏ।
ਜਹਿਂ ਤਹਿਂ ਕਿਰਤਨ ਕੀ ਧੁਨਿ ਹੋਤੀ। ਸੁਮਤਿ ਭਗਤਿ ਮੈਂ ਅਧਿਕ ਉਦੋਤੀ॥੬॥

ਇਸ ਤਰ੍ਹਾਂ ਕਈ ਸਾਲ ਬਿਤਾਏ, ਨਾਮ, ਦਾਨ ਅਤੇ ਇਸ਼ਨਾਨ ਨੂੰ ਦ੍ਰਿੜ ਕਰਵਾਇਆ, ਜਿਥੇ ਕਿਥੇ ਕੀਰਤਨ ਦੀ ਧੁਨ ਉਠਦੀ ਸੀ। ਭਗਤੀ ਵਿਚ ਸ੍ਰੇਸ਼ਟ ਬੁੱਧੀ ਬਹੁਤ ਪ੍ਰਕਾਸ਼ਮਾਨ ਹੋਈ॥ ੬॥

ਜੈ ਜੈ ਕਾਰ ਕਰਹਿਂ ਚਹੁਂ ਫੇਰੇ। ਹੋਇ ਸ਼ਬਦ ਅੱਭਯਾਸ ਘਨੇਰੇ।
ਪੁਨ ਸਿੱਖੀ ਪਰਖਨ ਮਨ ਠਾਨੀ। ਸੁਨਹੁ ਕਥਾ ਜਿਉਂ ਕਿਯ ਗੁਨਖਾਨੀ॥੭॥

ਚਾਰ-ਚੁਫੇਰੇ ਜੈ ਜੈ ਕਾਰ ਹੋ ਰਹੀ ਸੀ। ਸ਼ਬਦ ਦਾ ਬਹੁਤ ਅਭਿਆਸ ਹੋ ਰਿਹਾ ਸੀ। ਫਿਰ ਗੁਰੂ ਜੀ ਨੇ ਸਿੱਖੀ ਪਰਖਣ ਦਾ ਮਨ ਬਣਾਇਆ। ਇਹ ਕਥਾ ਸੁਣੋ, ਜਿਵੇਂ ਗੁਰੂ ਜੀ ਨੇ ਕੀਤਾ॥ ੭॥

ਬਰਜਿ ਦੀਨ ਕਹਿ ਕਰਿ ਨਰ ਸੋਈ। ਏਕ ਸਮੇਂ ਨਿਸ ਦਿਨ ਮਹਿਂ ਹੋਈ।
ਸਭਿ ਸਿੱਖਨ ਸੌਂ ਬਚਨ ਉਚਾਰਾ। 'ਅਬ ਲਾਂਗਲ ਬਾਹੋ ਸੁਖਕਾਰਾ ॥ ੮ ॥

ਮਨੁੱਖਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਦਿਨ ਰਾਤ ਵਿਚ ਕੇਵਲ ਇਕ ਸਮੇਂ ਲੰਗਰ ਚਲਿਆ ਕਰੇਗਾ। ਸਭ ਸਿੱਖਾਂ ਨੂੰ ਇਹ ਬਚਨ ਕੀਤਾ, ''ਹੁਣ ਸੁਖਦਾਈ ਹਲ ਵਾਹੋ॥ ੮॥

ਕ੍ਰਿਖੀ ਕਾਰ ਕਰੀਏ ਮਨ ਲਾਈ। ਨਿਤ ਉੱਜਲ ਹ੍ਵੈ ਬੁੱਧਿ ਸਵਾਈ'।
ਅਸ ਕਹਿ ਸਭਿ ਕੋ ਲੀਨ ਸੰਗਾਰੇ। ਸੇਵ ਕਰਾਵਹਿਂ ਬਾਸੁਰ ਸਾਰੇ ॥ ੯ ॥

ਮਨ ਲਾ ਕੇ ਖੇਤੀ ਦੀ ਕਾਰ ਕਰੀਏ, ਨਿਤ ਬੁੱਧੀ ਸਵਾਈ ਉੱਜਲ ਹੋਵੇਗੀ।'' ਇਸ ਤਰ੍ਹਾਂ ਕਹਿ ਕੇ ਸਾਰਿਆਂ ਨੂੰ ਆਪਣੇ ਨਾਲ ਲੈ ਲਿਆ। ਸਾਰਾ ਦਿਨ ਖੇਤੀ ਦੀ ਸੇਵਾ ਕਰਵਾਉਂਦੇ ਸਨ॥ ੯॥

ਜਬਿ ਦੇਖੀ ਸਿੱਖਨ ਅਸ ਚਾਲੇ। ਚਲੇ ਤਬੈ ਨਿਜ ਸਦਨ ਸੰਭਾਲੇ।
ਕੇਤਿਕ ਚਤਰ ਪੰਚ ਦਿਨ ਰਹੇ। ਕਰੀ ਕ੍ਰਿੱਤ ਕਛੁ ਭੂਖਹਿਂ ਦਹੇ ॥੧੦॥

ਜਦ ਸਿੱਖਾਂ ਇਹ ਚਾਲੇ ਵੇਖੇ ਤਾਂ ਉਹ ਆਪਣੇ-ਆਪਣੇ ਘਰਾਂ ਨੂੰ ਜਾਣ ਲੱਗੇ। ਕਈ ਚਤਰ ਪੰਜ ਦਿਨ ਰਹੇ, ਭੁੱਖ ਨਾਲ ਸੜਦਿਆਂ ਕਿਰਤ ਕਰਦੇ ਰਹੇ॥ ੧੦॥

ਲਾਂਗਲ ਤਜਾਗੇ ਲੀਨ ਬਿਦਾਈ। ਗਏ ਧਾਮ ਨਿਜ ਕਾਰ ਕਮਾਈ।
ਅਰਧਕ ਗਏ ਅਰਧ ਜਬਿ ਰਹੇ। ਸਭਿਨਿ ਸੁਨਾਇ ਪ੍ਰਭੁ ਬਚ ਕਹੇ ॥੧੧॥

ਤੰਗ ਆ ਕੇ ਹਲਾਂ ਨੂੰ ਛੱਡ ਦਿੱਤਾ ਤੇ ਵਿਦਾਈ ਲੈ ਕੇ ਚਲੇ ਗਏ। ਆਪਣੇ ਘਰਾਂ ਵਿਚ ਕਾਰ ਕਮਾਈ ਕਰਨ ਲੱਗੇ। ਜਦ ਅੱਧੇ ਚਲੇ ਗਏ ਅਤੇ ਅੱਧੇ ਬਾਕੀ ਰਹਿ ਗਏ ਤਾਂ ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਨੇ ਇਹ ਬਚਨ ਕਹੇ॥ ੧੧॥

'ਦੁਤੀਏ ਦਿਵਸ ਅਸਨ ਕੋ ਕਰੀਏ। ਬਾਹੁ ਖੇਤ ਸੰਕਟ ਪਰਹਰੀਏ'।
ਦਿਵਸ ਦਸਨ ਲੌ ਐਸੇ ਬਿਤਾਏ। ਛੁਧਾ ਕ੍ਰਿੱਤ ਤੇ ਉਰ ਅਕੁਲਾਏ ॥ ੧੨ ॥

ਹੁਣ ਰੋਜ਼ ਇਕ ਵੇਲੇ ਲੰਗਰ ਦੀ ਥਾਂ, ਇਕ ਦਿਨ ਛੱਡ ਕੇ ਦੂਸਰੇ ਦਿਨ ਭੋਜਨ ਖਾਵੇ, ਖੇਤ ਵਾਹ ਕੇ ਸੰਕਟ ਦੂਰ ਕਰੀਏ। ਦਸ ਦਿਨ ਇਸ ਤਰ੍ਹਾਂ ਬਿਤਾਏ ਤਾਂ ਭੁੱਖ ਅਤੇ ਕਿਰਤ ਨਾਲ ਬਹੁਤ ਵਿਆਕੁਲ ਹੋ ਗਏ॥ ੧੨॥

ਦੋਹਰਾ- ਗਏ ਸਦਨ ਕੋ ਸਿੱਖ ਬਹੁ ਰਹੇ ਅਲਪ ਤਿਹ ਥਾਇਂ।
ਚਤਰ ਪਹਿਰ ਲਾਂਗਲ ਲੀਏ ਕ੍ਰਿੱਤ ਸੁ ਵਹਿਰ ਕਮਾਇਂ॥ ੧੩ ॥

ਬਹੁਤ ਸਿੱਖ ਆਪਣੇ ਘਰਾਂ ਨੂੰ ਚਲੇ ਗਏ, ਬਹੁਤ ਥੋੜ੍ਹੇ ਉਥੇ ਰਹਿ ਗਏ। ਚਾਰ ਪਹਿਰ ਹਲ ਲੈ ਕੇ ਬਾਹਰ ਖੇਤਾਂ ਵਿਚ ਜਾ ਕੇ ਕਿਰਤ ਕਰਦੇ ਸਨ॥ ੧੩॥

ਚੌਪਈ- ਮਰਨ ਧਾਰਿ ਉਰ ਬੈਠੇ ਸੋਇ। ਜਾਇਂ ਨ ਕਬਹੂੰ ਕੈਸੇ ਹੋਇ।
ਅਤਿ ਛੁਧਿਤਾ ਪੁਨ ਕ੍ਰਿਤ ਕਮਾਵਹਿਂ। ਦੁਰਬਲ ਭਏ ਨ ਸਦਨ ਸਿਧਾਵਹਿਂ ॥੧੪॥

ਜਿਨ੍ਹਾਂ ਨੇ ਮੌਤ ਨੂੰ ਦਿਲ ਵਿਚ ਧਾਰ ਲਿਆ, ਉਹੀ ਉਥੇ ਬੈਠੇ ਰਹੇ। ਉਹ ਕਹਿੰਦੇ ਸਨ ਕੁਝ ਵੀ ਹੋ ਜਾਵੇ ਉਹ ਕਦੀ ਨਹੀਂ ਜਾਣਗੇ। ਅਤਿ ਭੁੱਖੇ ਰਹਿ ਕੇ ਵੀ ਕਿਰਤ ਕਮਾਈ ਕਰਦੇ ਸਨ। ਬਹੁਤ ਕਮਜ਼ੋਰ ਹੋ ਗਏ ਸਨ, ਪਰ ਆਪਣੇ ਘਰਾਂ ਨੂੰ ਨਹੀਂ ਸੀ ਜਾਂਦੇ॥ ੧੪॥

ਪ੍ਰਭੁ ਤਬਿ ਭਨਜੋ 'ਅਸਨ ਨਿਤ ਕੀਜੈ। ਜਾਂਤੇ ਸਿਖ ਤ੍ਰਿਪਤੈ ਸੁਖ ਦੀਜੈ'।
ਹੋਨਿ ਲਗਜੋ ਨਿਤ ਬਹੁਰ ਅਹਾਰਾ। ਤ੍ਰਿਪਤੈਂ ਖਾਇ ਸੁ ਰੁਚਿ ਅਨੁਸਾਰਾ ॥੧੫॥

ਫਿਰ ਗੁਰੂ ਜੀ ਨੇ ਕਿਹਾ, "ਭੋਜਨ ਨਿਤ ਕਰੋ, ਜਿਸ ਤਰ੍ਹਾਂ ਵੀ ਸਿੱਖ ਤ੍ਰਿਪਤ ਹੋਣ, ਇਨ੍ਹਾਂ ਨੂੰ ਸੁਖ ਦੇਵੋ। ਫਿਰ ਰੋਜ਼ ਲੰਗਰ ਚਲਣ ਲੱਗਾ, ਤ੍ਰਿਪਤ ਹੋ ਕੇ ਆਪਣੀ ਰੁਚੀ ਅਨੁਸਾਰ ਖਾਂਦੇ ਸਨ॥ ੧੫॥

ਸਗਰੇ ਦਿਵਸ ਕਰੈਂ ਕ੍ਰਿਖਕਾਰੀ। ਭਏ ਖੇਤ ਹਰਿਆਵਲ ਭਾਰੀ।
ਕਰਿ ਮਿਹਨਤ ਸਭਿ ਅੰਨ ਪਕਾਏ। ਗੁਰ ਸਮੀਪ ਅਸ ਬਚਨ ਅਲਾਏ॥੧੬॥

ਸਾਰਾ ਦਿਨ ਖੇਤੀ ਕਰਦੇ ਸਨ, ਜਿਸ ਕਾਰਨ ਖੇਤਾਂ ਵਿਚ ਭਾਰੀ ਹਰਿਆਵਲ ਹੋ ਗਈ। ਮਿਹਨਤ ਕਰਕੇ ਸਾਰੇ ਭੋਜਨ ਤਿਆਰ ਕਰਦੇ ਸਨ। ਗੁਰੂ ਜੀ ਪਾਸ ਆ ਕੇ ਇਸ ਤਰ੍ਹਾਂ ਕਹਿੰਦੇ ਸਨ॥ ੧੬॥

'ਕ੍ਰਿਪਾ ਤੁਮਾਰੀ ਤੇ ਕ੍ਰਿਖਿ ਪਾਕੀ। ਅਬਿ ਕੈਸੇ ਹੈ ਆਇਸ ਤਾਕੀ'।
ਸਤਿਗੁਰ ਕਹਜੋ ਬਾਢ ਸਭਿ ਲੀਜੈ। ਨਹਿਂ ਗਾਹੋ ਖਲਵਾਰੇ ਕੀਜੈ' ॥੧੭॥

"ਤੁਹਾਡੀ ਕਿਰਪਾ ਕਰਕੇ ਫਸਲ ਪੱਕ ਗਈ ਹੈ, ਹੁਣ ਤੁਹਾਡੀ ਕੀ ਆਗਿਆ ਹੈ ?" ਸਤਿਗੁਰੂ ਨੇ ਕਿਹਾ, "ਸਾਰੀ ਫਸਲ ਕੱਟ ਲਵੋ। ਹਾਲੇ ਗਾਹੋ ਨਾ, ਖਲਵਾੜੇ ਲਾ ਦੇਵੋ" ॥ ੧੭॥

ਪਾਇ ਰਜਾਇ ਦਾਤਿ ਲੇ ਦਾਸਾ। ਲਾਗੇ ਲੁਨਨਿ ਜਹਾਂ ਕ੍ਰਿਖਰਾਸਾ।
ਬਾਢਿ ਬਾਢਿਕੈ ਖੇਤਨ ਸਾਰੇ। ਲਾਏ ਅਧਿਕ ਊਚ ਖਲਵਾਰੇ॥ ੧੮॥

ਗੁਰੂ ਜੀ ਦਾ ਹੁਕਮ ਪਾ ਕੇ ਸੇਵਕਾਂ ਨੇ ਦਾਤੀਆਂ ਫੜ ਲਈਆਂ, ਤੇ ਫਸਲ ਦੇ ਭੰਡਾਰਾਂ ਨੂੰ ਕੱਟਣ ਲੱਗ ਗਏ। ਸਾਰੇ ਖੇਤ ਵੱਢ ਵੱਢ ਕੇ ਬੜੇ ਉੱਚੇ ਖਲਵਾੜੇ ਲਾ ਦਿੱਤੇ॥ ੧੮॥

ਬਹੁਰ ਗਏ ਸਿਖ ਗੁਰੂ ਅਗਾਰੀ। ਕਹਜੋ 'ਕਰੀ ਇਕਠੀ ਕ੍ਰਿਖਿ ਸਾਰੀ।
ਲਾਗੇ ਅਧਿਕ ਊਚ ਅੰਬਾਰੇ। ਅਬਿ ਰਜਾਇ ਰਾਵਰਿ ਅਨੁਸਾਰੇ' ॥੧੯॥

ਫਿਰ ਸਿੱਖ ਗੁਰੂ ਜੀ ਦੇ ਪਾਸ ਗਏ ਅਤੇ ਕਿਹਾ, "ਸਾਰੀ ਫਸਲ ਇਕੱਠੀ ਕਰ ਲਈ ਹੈ। ਬਹੁਤ ਉੱਚੇ ਅੰਬਾਰ ਲੱਗੇ ਹਨ, ਹੁਣ ਆਪ ਜੀ ਦਾ ਜਿਵੇਂ ਹੁਕਮ ਹੋਵੇਗਾ ਉਸ ਤਰ੍ਹਾਂ ਕਰਾਂਗੇ" ॥ ੧੯॥

ਤਿਹ ਛਿਨ ਸੁਨਿਕੈ ਪ੍ਰਭੁ ਉਤੰਗੇ। ਚਲੇ ਬਿਲੋਕਨ ਕੋ ਤਿਨ ਸੰਗੇ।
ਊਚੇ ਜਹਾਂ ਅੰਬਾਰ ਲਗਾਏ। ਠਾਂਢੇ ਆਨਿ ਭਏ ਤਿਹ ਥਾਏਂ॥ ੨੦॥

ਇਹ ਸੁਣ ਕੇ ਗੁਰੂ ਜੀ ਉਸੇ ਵੇਲੇ ਬੜੇ ਉਤਾਵਲੇ ਹੋ ਗਏ ਅਤੇ ਉਨ੍ਹਾਂ ਸਿੱਖਾਂ ਨਾਲ ਖਲਵਾੜੇ ਵੇਖਣ ਚਲੇ ਗਏ। ਜਿਥੇ ਫਸਲ ਦੇ ਉੱਚੇ-ਉੱਚੇ ਅੰਬਾਰ ਲੱਗੇ ਸਨ, ਉਸ ਥਾਂ ਤੇ ਆ ਕੇ ਖੜੇ ਹੋ ਗਏ॥ ੨੦॥

ਹਰਖੇ ਦੇਖਿ ਤਿਨਹਿਂ ਸੁਖ ਸਦਨੰ। 'ਸਾਧ! ਸਾਧ!!' ਉਚਰਜੋ ਸ੍ਰੀ ਬਦਨੰ।
'ਤੁਮਰੀ ਘਾਲ ਪਈ ਸਭਿ ਥਾਈਂ। ਜੋ ਗੁਰ ਕੇ ਹਿਤ ਕ੍ਰਿਤ ਕਮਾਈ॥੨੧॥

ਸੁਖਾਂ ਦਾ ਘਰ ਭਾਵ ਗੁਰੂ ਜੀ ਖਲਵਾੜੇ ਵੇਖ ਕੇ ਬਹੁਤ ਖੁਸ਼ ਹੋਏ। ਆਪਣੇ ਮੁੱਖ ਨਾਲ ਬੋਲੇ, "ਸ਼ਾਬਾਸ਼ ! ਸ਼ਾਬਾਸ਼ ! ਤੁਹਾਡੀ ਘਾਲ ਕਮਾਈ ਥਾਂ ਪਈ ਹੈ, ਜੋ ਤੁਸੀਂ ਗੁਰੂ ਦੇ ਹਿੱਤ ਕਮਾਈ ਕੀਤੀ ਹੈ॥ ੨੧॥

ਅਬ ਤੁਮ ਬਚਨ ਮਾਨਿਯੇ ਐਸੇ। ਰਿਦੇ ਤੁਮਾਰੇ ਲਾਗਹਿਂ ਜੈਸੇ'।
ਸਿੱਖ ਕਹਜੋ 'ਕਜਾ ਹਮਰੇ ਹਾਥਾ। ਚਲੈਂ ਆਪ ਕੇ ਬਚਨਨ ਸਾਥਾ' ॥੨੨॥

ਹੁਣ ਤੁਸੀਂ ਇਸ ਤਰ੍ਹਾਂ ਮੇਰਾ ਬਚਨ ਮੰਨੋ, ਤੁਹਾਡੇ ਹਿਰਦੇ ਵਿਚ ਜਿਸ ਤਰ੍ਹਾਂ ਚੰਗਾ ਲੱਗਦਾ ਹੈ, ਉਸ ਤਰ੍ਹਾਂ ਕਰੋ।" ਸਿੱਖਾਂ ਨੇ ਕਿਹਾ, "ਸਾਡੇ ਹੱਥ ਵਿਚ ਕੀ ਹੈ, ਅਸੀਂ ਤਾਂ ਤੁਹਾਡੇ ਬਚਨਾਂ ਅਨੁਸਾਰ ਚਲਣਾ ਹੈ"॥ ੨੨॥

ਦੋਹਰਾ-ਸ੍ਰੀ ਨਾਨਕ ਭਾਖੀ ਤਬੈ 'ਸੁਨਹੁ ਬਚਨ ਦੇ ਕਾਨ।

ਇਹ ਲਾਲਚ ਕੇ ਕਰੇ ਤੇ ਨਹਿਂ ਆਵੈ ਕਛੁ ਪਾਨ॥ ੨੩॥

ਗੁਰੂ ਨਾਨਕ ਜੀ ਨੇ ਕਿਹਾ, "ਮੇਰੇ ਬਚਨ ਕੰਨ ਦੇ ਕੇ ਸੁਣੋ, ਲਾਲਚ ਕਰਨ ਨਾਲ ਕੁਝ ਵੀ ਹੱਥ ਨਹੀਂ ਆਉਂਦਾ॥ ੨੩॥

ਚੌਪਈ- ਲੀਜੈ ਪਾਵਕ ਫੂਕਹੁ ਸਾਰੀ। ਉਰ ਲਾਲਚ ਕੋ ਦੇਹੁ ਬਿਦਾਰੀ।
ਸੁਨਿਕੈ ਬਿਸਮਾਦੇ ਮਨ ਮਾਂਹੀ। ਅੰਨ ਰਾਸ ਕਿਉਂ ਸਰਬ ਫੁਕਾਹੀਂ॥੨੪॥

ਅੱਗ ਲਾ ਕੇ ਸਾਰੀ ਫੂਕ ਦੇਵੋ, ਹਿਰਦੇ ਦੇ ਲਾਲਚ ਨੂੰ ਦੂਰ ਕਰ ਦੇਵੋ।" ਇਹ ਸੁਣ ਕੇ ਸਾਰੇ ਸਿੱਖ ਮਨ ਵਿਚ ਬਹੁਤ ਹੈਰਾਨ ਹੋਏ। ਅੰਨ ਦੇ ਭੰਡਾਰ ਕਿਉਂ ਫੂਕਣ ਨੂੰ ਕਹਿ ਰਹੇ ਹਨ?॥ ੨੪॥

ਬਡੇ ਜ਼ੋਰ ਸੋਂ ਕੀਨ ਕਮਾਈ। ਪ੍ਰਤਿਪਾਰੀ ਬਹੁ ਸੰਕਟ ਪਾਈ।
'ਹਮ ਤੇ ਫੂਕੀ ਜਾਇ ਨ ਕੇਹੀ'। ਹਟਕ ਰਹੇ ਕੇਤਿਕ ਕਹਿ ਏਹੀ॥੨੫॥

ਵੱਡੇ ਜ਼ੋਰ ਨਾਲ ਕਮਾਈ ਕੀਤੀ ਸੀ, ਬਹੁਤ ਦੁੱਖ ਪਾ ਕੇ ਇਸ ਦੀ ਪਾਲਣਾ ਕੀਤੀ ਹੈ। ਸਾਡੇ ਪਾਸੋਂ ਇਹ ਕਦੀ ਵੀ ਫੂਕੀ ਨਹੀਂ ਜਾ ਸਕਦੀ।" ਕਈ ਇਸ ਤਰ੍ਹਾਂ ਕਹਿ ਕੇ ਪਿੱਛੇ ਹੱਟ ਗਏ॥ ੨੫॥

ਕਿਤਿਕ ਬਿਚਾਰਜੋ ਰਿਦੇ ਮਝਾਰਾ। ਹਮ ਤੋ ਸ੍ਰੀ ਗੁਰ ਬਚ ਅਨੁਸਾਰਾ।
ਹਾਨ ਲਾਭ ਚਹੀਏ ਨਹਿਂ ਦੇਖਾ। ਆਇਸੁ ਮਾਨਹਿਂ ਇਹੀ ਵਿਸ਼ੇਖਾ॥੨੬॥

ਕਈਆਂ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸਾਡੇ ਪਾਸੋਂ ਗੁਰੂ ਜੀ ਦੇ ਬਚਨਾਂ ਅਨੁਸਾਰ ਹਾਣ ਲਾਭ ਨਹੀਂ ਵੇਖਿਆ ਜਾ ਸਕਦਾ। ਸਾਨੂੰ ਉਨ੍ਹਾਂ ਦੀ ਆਗਿਆ ਮੰਨ ਲੈਣੀ ਚਾਹੀਦੀ ਹੈ॥ ੨੬॥

ਲੈ ਪਾਵਕ ਤਿਨ ਤੁਰਤ ਲਗਾਈ। ਸੂਕੀ ਹੁਤੀ ਭਈ ਜਰ ਛਾਈ।
ਇਸ ਬਿਧਿ ਪਿਖਿ ਕੈ ਸਭਿ ਬਿਸਮਾਨੇ। ਗੁਰ ਕੀ ਗਤਿ ਕਛੁ ਜਾਇਂ ਨ ਜਾਨੇ॥੨੭॥

ਉਨ੍ਹਾਂ ਤੁਰੰਤ ਖਲਵਾੜਿਆਂ ਨੂੰ ਅੱਗ ਲਾ ਦਿੱਤੀ, ਸੁੱਕੀ ਹੋਈ ਫਸਲ ਸੀ, ਝਟ ਸਾਰੀ ਸੜ ਗਈ। ਇਸ ਤਰ੍ਹਾਂ ਵੇਖ ਕੇ ਸਭ ਹੈਰਾਨ ਹੋਏ। ਗੁਰੂ ਜੀ ਦੀ ਗਤੀ ਜਾਣੀ ਨਹੀਂ ਸੀ ਜਾ ਸਕਦੀ॥ ੨੭॥

ਪਦਪੰਕਜ ਕੋ ਬੰਦਨ ਕਰਿਹੀਂ। ਮੁਖ ਤੇ 'ਜੈ ਜੈ' ਸ਼ਬਦ ਉਚਰਿਹੀਂ।
ਚਲਿ ਆਏ ਪੁਨਿ ਪੁਰਿ ਕਰਤਾਰਾ। ਜਹਿਂ ਤਹਿਂ ਹੋਵਹਿ ਸ਼ਬਦ ਬਿਚਾਰਾ॥੨੮॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਮੁੱਖ ਤੋਂ ਜੈ ਜੈ ਸ਼ਬਦ ਉਚਾਰਨ ਲੱਗੇ। ਫਿਰ ਚਲ ਕੇ ਕਰਤਾਰਪੁਰ ਵਿਚ ਆ ਗਏ, ਜਿਥੇ ਕਿਥੇ ਸ਼ਬਦ ਤੇ ਵਿਚਾਰ ਹੁੰਦੀ ਸੀ॥ ੨੮॥

ਕਿਤਿਕ ਕਾਲ ਜਬਿ ਬਿਤਜੋ ਬਹੋਰੀ। ਕੀਨ ਅਰੰਭਨ ਸਾਂਗ ਸੁ ਔਰੀ।
ਇਕ ਦਿਨ ਛੁਰਾ ਬਾਂਧਿ ਕਟਿ ਸੰਗਾ। ਧਾਨਕ ਰੂਪ ਧਰਜੋ ਸਰਬੰਗਾ॥੨੯॥

ਫਿਰ ਜਦ ਕਾਫੀ ਸਮਾਂ ਬੀਤ ਗਿਆ ਅਤੇ ਜਦ ਹੋਰ ਸੰਗੀ ਵੀ ਆਉਣ ਲੱਗੇ। ਇਕ ਦਿਨ ਲੱਕ ਨਾਲ ਛੁਰਾ ਬੰਨ੍ਹ ਕੇ ਸਭ ਤਰ੍ਹਾਂ ਨਾਲ ਸ਼ਿਕਾਰੀ ਦਾ ਰੂਪ ਧਾਰਨ ਕਰ ਲਿਆ॥ ੨੯॥

ਅਨਿਕ ਸੂਕਰੀ ਆਗੇ ਕੀਨੇ। ਕੂਕਰ ਕਿਤਿਕ ਪਿਛਾਰੀ ਲੀਨੇ।
ਪੁਰਿ ਤੇ ਨਿਕਸ ਵਹਿਰ ਭੇ ਠਾਂਢੇ। ਸਿੱਖਨ ਦੇਖਿ ਬਿਸਮਤਾ ਬਾਢੇ॥੩੦॥

ਅਨੇਕਾਂ ਸੂਅਰ ਅੱਗੇ ਲਾ ਲਏ ਅਤੇ ਕਈ ਕੁੱਤੇ ਮਗਰ ਲਾ ਲਏ। ਨਗਰ ਤੋਂ ਨਿਕਲ ਕੇ ਬਾਹਰ ਖੜੇ ਹੋ ਗਏ। ਸਿੱਖ ਵੇਖ ਕੇ ਬਹੁਤ ਹੈਰਾਨ ਹੋਏ॥ ੩੦॥

ਰਹੀ ਨ ਸ਼ਰਧਾ ਅਧਿਕ ਡੁਲਾਏ। ਪੌਨ ਜ਼ੋਰ ਜਿਉਂ ਬਿਟਪ ਹਿਲਾਏ।

ਤਜਜੋ ਸੰਗ ਪੁਰਿ ਬੈਠੇ ਆਈ। ਮਿਲਹਿਂ ਪਰਸਪਰ ਗਿਰਾ ਅਲਾਈ ॥ ੩੧ ॥

ਸਿੱਖਾਂ ਵਿਚ ਸ਼ਰਧਾ ਨਾ ਰਹੀ, ਬਹੁਤ ਡੋਲ ਗਏ, ਜਿਵੇਂ ਵੱਡੀ ਹਨੇਰੀ ਰੁੱਖਾਂ ਨੂੰ ਹਿਲਾ ਦਿੰਦੀ ਹੈ। ਗੁਰੂ ਜੀ ਦਾ ਸਾਥ ਛੱਡ ਦਿੱਤਾ ਤੇ ਕਰਤਾਰਪੁਰ ਵਿਚ ਆ ਬੈਠੇ, ਮਿਲ ਕੇ ਕਹਿਣ ਲੱਗੇ॥ ੩੧ ॥

'ਸ੍ਰੀ ਗੁਰ ਤੇ ਅਬ ਭਏ ਦਿਵਾਨੇ। ਕਰਨ ਕੁਕਰਮ ਜਿ ਅਸ ਮਨ ਠਾਂਨੇ।
ਰਹਿਨ ਸੰਗਿ ਕਿਉਂਹੂੰ ਨਹਿਂ ਬਨਿਹੀ। ਅਟਪਟ ਬਚਨ ਬਦਨ ਤੇ ਭਨਿਹੀਂ ॥੩੨ ॥

"ਗੁਰੂ ਜੀ ਤਾਂ ਹੁਣ ਦਿਵਾਨੇ ਹੋ ਗਏ ਹਨ, ਕੁਕਰਮ ਕਰਨ ਦੀ ਜਿਹੜੀ ਉਨ੍ਹਾਂ ਮਨ ਵਿਚ ਧਾਰੀ ਹੈ। ਹੁਣ ਉਨ੍ਹਾਂ ਨਾਲ ਰਹਿਣਾ ਸਾਡਾ ਬਣਦਾ ਨਹੀਂ। ਕੈਸੇ ਉਲਟ-ਪੁਲਟ ਬਚਨ ਮੂੰਹ ਤੋਂ ਬੋਲ ਰਹੇ ਹਨ॥ ੩੨ ॥

ਕੂਰ ਸਰੂਪ ਨ ਦੇਖਜੋ ਜਾਈ। ਸੂਕਰ ਕੂਕਰ ਨਿਜ ਸੰਗਿ ਲਾਈ'।
ਇਕ ਲਹਿਣੇ ਨਹਿਂ ਤਜਾਗਜੋ ਸਾਥਾ। ਨਿਕਟਿ ਠਾਂਢਿ ਭਾ ਜੋਰੇ ਹਾਥਾ ॥੩੩ ॥

ਉਨ੍ਹਾਂ ਦਾ ਅਜਿਹਾ ਕੂੜ ਸਰੂਪ ਸਾਥੋਂ ਵੇਖਿਆ ਨਹੀਂ ਜਾਂਦਾ, ਸੂਅਰ ਅਤੇ ਕੁੱਤੇ ਨਾਲ ਲਏ ਹਨ।" ਇਕ ਭਾਈ ਲਹਿਣੇ ਨੇ ਸੰਗ ਨਾ ਛੱਡਿਆ, ਪਾਸ ਖਲੋ ਕੇ ਹੱਥ ਜੋੜਨ ਲੱਗਾ॥ ੩੩ ॥

ਤਨ ਮਨ ਧਨ ਨਿਰਮਾਇਲ ਕੀਨਾ। ਕੈਸੇ ਹਟੇ ਸਮਰਪ ਜਿ ਦੀਨਾ।
ਸ੍ਰੀ ਸਤਿਗੁਰ ਮੁਖਿ ਤਿਹ ਛਿਨ ਮਾਂਹੀ। ਸ਼ਬਦ ਉਚਾਰਨ ਕੀਨ ਤਹਾਂਹੀ ॥੩੪ ॥

ਤਨ, ਮਨ, ਧਨ ਜਿਸ ਭੇਟ ਕਰ ਦਿੱਤਾ ਸੀ, ਉਹ ਪਿੱਛੇ ਕਿਵੇਂ ਹਟੇ, ਜਿਸ ਨੇ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਸੀ। ਸ੍ਰੀ ਸਤਿਗੁਰੂ ਜੀ ਨੇ ਉਸ ਸਮੇਂ ਇਕ ਸ਼ਬਦ ਦਾ ਉਚਾਰਨ ਕੀਤਾ॥ ੩੪ ॥

*ਸਿਰੀ ਰਾਗੁ ਮਹਲਾ ੧ ਘਰੁ ੪ ॥*

*ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥*
*ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੧ ॥*
*ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥*
*ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥ ੧ ॥ ਰਹਾਉ ॥*
*ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥*
*ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥ ੨ ॥*
*ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥*
*ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੩ ॥*
*ਮੈ ਕੀਤਾ ਨ ਜਾਤਾ ਹਰਾਮਖੋਰੁ। ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥*
*ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੪ ॥ ੨੯ ॥* (ਪੰਨਾ ੨੪)

ਮੇਰੇ ਨਾਲ ਇਕ ਕੁੱਤਾ ਅਤੇ ਦੋ ਕੁੱਤੀਆਂ ਹਨ, ਸਵੇਰੇ ਸਵੇਰੇ ਉਹ ਹਵਾ ਨੂੰ ਭੌਂਕਦੇ ਹਨ। ਝੂਠ ਮੇਰੀ ਖੰਜਰ ਹੈ ਅਤੇ ਠੱਗ ਕੇ ਖਾਣਾ ਲਾਸ਼ ਹੈ। ਹੇ ਸਿਰਜਣਹਾਰ ! ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ। ਮੈਂ ਆਪਣੇ ਮਾਲਕ ਦੀ ਨਸੀਹਤ ਤੇ ਅਮਲ ਨਹੀਂ ਕਰਦਾ ਅਤੇ ਨਾ ਹੀ ਨੇਕ ਅਮਲ ਕਮਾਉਂਦਾ ਹਾਂ। ਮੈਂ ਕਰੂਪ ਤੇ ਭਿਆਨਕ ਹੋ ਰਿਹਾ ਹਾਂ। ਤੇਰਾ ਇਕ ਨਾਮ ਸੰਸਾਰ ਨੂੰ ਤਾਰਦਾ ਹੈ। ਕੇਵਲ ਇਹ ਹੀ ਮੇਰੀ ਉਮੀਦ ਹੈ ਅਤੇ ਇਹ ਹੀ ਆਸਰਾ ਹੈ॥ ੧ ॥ ਠਹਿਰਾਉ॥

ਆਪਣੇ ਮੂੰਹ ਨਾਲ ਮੈਂ ਦਿਨ ਰਾਤ ਨਿੰਦਿਆ ਕਰਦਾ ਹਾਂ। ਮੈਂ ਕਮੀਨਾ ਅਤੇ ਨੀਚ ਹਾਂ ਅਤੇ ਪਰਾਏ ਘਰ ਤੱਕਦਾ ਹਾਂ।

ਕਾਮ ਕ੍ਰੋਧ ਇਹ ਦੋਵੇਂ ਚੰਡਾਲ ਮੇਰੀ ਦੇਹ ਵਿਚ ਰਹਿੰਦੇ ਹਨ। ਹੇ ਸਿਰਜਣਹਾਰ ! ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ ॥ ੨ ॥

ਦੇਖਣ ਚਾਖਣ ਵਿਚ ਸ਼ਰੀਫ ਹਾਂ, ਪਰ ਮੇਰੀ ਨੀਅਤ ਹੋਰਨਾਂ ਨੂੰ ਫਸਾਉਣ ਦੀ ਹੈ। ਮੈਂ ਠੱਗ ਹਾਂ ਅਤੇ ਦੇਸ਼ ਨੂੰ ਠੱਗਦਾ ਹਾਂ। ਮੈਂ ਬਹੁਤ ਚਲਾਕ ਹਾਂ ਅਤੇ ਮੈਂ ਪਾਪਾਂ ਦਾ ਭਾਰ ਚੁਕਿਆ ਹੈ। ਹੇ ਕਰਤਾਰ ! ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ ॥ ੩ ॥

ਮੈਂ ਪਰਾਇਆ ਮਾਲ ਖਾਣ ਵਾਲੇ ਨੇ ਤੇਰੀ ਕੀਤੀ ਨੇਕੀ ਦੀ ਕਦਰ ਨਹੀਂ ਪਾਈ ਹੈ। ਹੇ ਸੁਆਮੀ ! ਮੈਂ ਦੁਸ਼ਟ ਚੋਰ ਤੈਨੂੰ ਕਿਹੜਾ ਮੂੰਹ ਵਖਾਵਾਂਗਾ। ਨਾਨਕ ਨੀਚ ਇਹ ਵਿਚਾਰ ਕਹਿੰਦਾ ਹੈ, ਹੇ ਕਰਤਾਰ ! ਮੈਂ ਸ਼ਿਕਾਰੀ ਦੇ ਸਰੂਪ ਵਿਚ ਰਹਿੰਦਾ ਹਾਂ॥ ੪ ॥ ੨੯ ॥

ਚੌਪਈ- ਰਾਗ ਅਲਾਪ ਊਚ ਸੁਰ ਸਾਥਾ। ਪਢਤਿ ਸਬਦ ਫਿਰਿਹੀਂ ਜਗਨਾਥਾ।
ਗਮਨੇ ਜਹਾਂ ਉਜਾਰ ਮਹਾਨਾ। ਅੱਪ੍ਰਮਾਨ ਮੁਖ ਤੇਜ ਦਿਪਾਨਾ ॥ ੩੫ ॥

ਉੱਚੀ ਸੁਰ ਵਿਚ ਰਾਗ ਅਲਾਪ ਕੇ, ਗੁਰੂ ਜੀ ਸ਼ਬਦ ਪੜ੍ਹਦੇ ਫਿਰਦੇ ਸਨ। ਜਿਥੇ ਬਹੁਤ ਉਜਾੜ ਸੀ, ਉਥੇ ਉਹ ਚਲੇ ਗਏ। ਮੁੱਖ ਤੇ ਬਹੁਤ ਤੇਜ ਪ੍ਰਕਾਸ਼ਮਾਨ ਹੋ ਰਿਹਾ ਸੀ॥ ੩੫ ॥

ਉੱਗ੍ਰ ਸਰੂਪ ਨ ਜਾਇ ਬਿਲੋਕੇ। ਸਨਮੁਖ ਰਵਿ ਜਿਉਂ ਦ੍ਰਿਸ਼ਟੀ ਰੋਕੇ।
ਇਸ ਬਿਧਿ ਕੇਤਿਕ ਕਾਲ ਬਿਤਾਯੋ। ਬਚ ਲਹਿਣੇ ਕਰ ਜੋਰਿ ਅਲਾਯੋ ॥੩੬ ॥

ਭੈਦਾਇਕ ਸਰੂਪ ਵੇਖਿਆ ਨਹੀਂ ਸੀ ਜਾਂਦਾ, ਸੂਰਜ ਦੇ ਸਾਹਮਣੇ ਹੋਣ ਨਾਲ ਜਿਵੇਂ ਅੱਖਾਂ ਬੰਦ ਹੋ ਜਾਂਦੀਆਂ ਹਨ, ਇਸ ਤਰ੍ਹਾਂ ਕਾਫੀ ਸਮਾਂ ਬਿਤੀਤ ਕੀਤਾ। ਭਾਈ ਲਹਿਣੇ ਨੇ ਹੱਥ ਜੋੜ ਕੇ ਬਚਨ ਕਿਹਾ॥ ੩੬ ॥

'ਸੁਨਹੁ ਪ੍ਰਭੂ ! ਜੋ ਸਾਂਗ ਅਰੰਭਾ। ਸਰਬ ਬਿਲੋਕਤਿ ਭਏ ਅਚੰਭਾ।
ਹੋਇ ਅਧੀਰਜ ਤਜਾਗਜੇ ਸਾਥਾ। ਅਬਿ ਕੋ ਨਹੀ ਸੰਗ, ਹੇ ਨਾਥਾ! ॥ ੩੭ ॥

ਹੇ ਪ੍ਰਭੂ ! ਸੁਣੋ, ਜੋ ਤੁਸੀਂ ਸਾਂਗ ਬਣਾਇਆ ਹੈ, ਸਾਰੇ ਵੇਖ ਕੇ ਹੈਰਾਨ ਹੋ ਰਹੇ ਹਨ। ਧੀਰਜ-ਰਹਿਤ ਹੋ ਕੇ ਸਾਥ ਛੱਡ ਗਏ ਹਨ। ਹੇ ਨਾਥ ! ਹੁਣ ਸਾਡੇ ਨਾਲ ਕੋਈ ਸੰਗੀ ਸਾਥੀ ਵੀ ਨਹੀਂ ਰਿਹਾ ਹੈ॥ ੩੭ ॥

ਇਕ ਮੈਂ ਰਹਜੋ ਸੁ ਜਾਉਂ ਨ ਕਬਿਹੀ। ਦੇਹੁ ਕਸੌਟੀ ਸਹਿ ਹੌਂ ਸਭਿ ਹੀ।
ਤਨ ਮਨ ਬੇਚਿ ਪ੍ਰੇਮ ਲਿਜ ਮੋਲਾ। ਤਜਹੁ ਕਿ ਹਨਹੁ ਮੋਲ ਕੋ ਗੋਲਾ ॥੩੮ ॥

ਇਕ ਮੈਂ ਹੀ ਰਿਹਾ ਹਾਂ, ਤੇ ਕਦੀ ਜਾਵਾਂਗਾ ਵੀ ਨਹੀਂ, ਜਿਸ ਤਰ੍ਹਾਂ ਦੀ ਮਰਜ਼ੀ ਹੈ ਪਰਖ ਕਰ ਲਵੋ, ਸਭ ਸਹਿ ਲਵਾਂਗਾ। ਮੈਂ ਤਨ ਮਨ ਵੇਚ ਕੇ ਪ੍ਰੇਮ ਮੁੱਲ ਲਿਆ ਹੈ। ਭਾਵੇਂ ਮੈਨੂੰ ਛੱਡੋ ਭਾਵੇਂ ਮਾਰੋ, ਮੈਂ ਤੁਹਾਡਾ ਮੁੱਲ ਲਿਆ ਗੋਲਾ ਹਾਂ॥ ੩੮ ॥

ਮਾਰਜੋ ਚਹੁ ਮੁਰਿ ਦੀਜੈ ਮਾਰੀ। ਉਰ ਭਾਵੈ ਤਉ ਰਾਖਿ ਜਿਵਾਰੀ।
ਤੁਮਰੇ ਹਿਤ ਬਿਨਸੈ ਤਨ ਮੋਰੋ। ਬਡੇ ਭਾਗ ਅਪਨੇ ਤਬਿ ਹੇਰੋਂ ॥ ੩੯ ॥

ਮਾਰਨਾ ਚਾਹੁੰਦੇ ਹੋ ਤਾਂ ਮੈਨੂੰ ਮਾਰ ਦੇਵੋ, ਦਿਲ ਵਿਚ ਚੰਗਾ ਲੱਗੇ ਤਾਂ ਜੀਉਂਦਾ ਰੱਖ ਲਵੋ, ਜੇ ਤੁਹਾਡੀ ਖਾਤਰ ਹੀ ਮੇਰਾ ਤਨ ਖਤਮ ਹੋ ਜਾਵੇ, ਤਾਂ ਮੈਂ ਆਪਣੇ ਵੱਡੇ ਭਾਗ ਸਮਝਾਂਗਾ॥ ੩੯ ॥

ਇਹ ਲਾਲਸ ਉਰ ਰਹੈ ਸਦਾਈ। ਹੇਤ ਤੁਮਾਰੇ ਤਨ ਬਿਨਸਾਈ।
ਰਿਦੇ ਨ ਭਰਮੋਂ ਪਿਖ ਕਬਿ ਕੇਹੀ। ਅਬਿ ਕਿਉਂ ਸਾਂਗ ਅਰੰਭਜੋ ਏਹੀ?' ॥੪੦ ॥

ਇਹ ਲਾਲਸਾ ਸਦਾ ਮੇਰੇ ਦਿਲ ਵਿਚ ਰਹਿੰਦੀ ਹੈ, ਤੁਹਾਡੀ ਖਾਤਰ ਤਨ ਨੂੰ ਵਿਨਾਸ਼ ਕਰ ਦੇਣਾ ਚਾਹੁੰਦਾ ਹਾਂ। ਕਦੇ ਵੀ ਵੇਖ ਕੇ ਹਿਰਦੇ ਵਿਚ ਭਰਮ ਨਹੀਂ ਕੀਤਾ। ਹੁਣ ਅਜਿਹਾ ਸਾਂਗ ਕਿਉਂ ਬਣਾਇਆ ਹੈ ?'' ॥ ੪੦ ॥

ਸੁਨਤਿ ਸ੍ਰੋਨ ਇਸ ਦਿਸ਼ਿ ਕਰਿ ਨੈਨਾ। ਨਰਕ ਨਿਵਾਰਨ ਬੋਲੇ ਬੈਨਾ।
'ਇਉਂ ਹੀ ਅਬਿ ਹਮਰੇ ਜਿਯ ਆਈ। ਮਾਨਵ ਪਾਸ ਨ ਮੋਹਿ ਸੁਹਾਈ ॥੪੧ ॥

ਕੰਨਾਂ ਨਾਲ ਇਹ ਗੱਲਾਂ ਸੁਣ ਕੇ ਨਰਕਾਂ ਤੋਂ ਬਚਾਉਣ ਵਾਲੇ ਭਾਵ ਗੁਰੂ ਜੀ ਉਸ ਤਰਫ ਨੈਣ ਕਰਕੇ ਬੋਲੇ, "ਇਸ ਤਰ੍ਹਾਂ ਹੀ ਹੁਣ ਸਾਡੇ ਦਿਲ ਵਿਚ ਆਈ ਸੀ, ਮਾਨਵ ਪਾਸ ਕੋਈ ਵੀ ਮੇਰਾ ਸਹਾਈ ਨਹੀਂ ਹੈ॥ ੪੧ ॥

ਤੈਂ ਕਿਉਂ ਅਬਹਿ ਬਿਲੰਬ ਲਗਾਈ। ਹਟਹੁ ਸੰਗ ਤੇ ਜਾਹੁ ਪਲਾਈ।
ਬਚਨ ਮਾਨਿ ਨਹਿਂ ਨਿਕਟਿ ਰਹੀਜੈ। ਸਾਥ ਛੋਰਿਕੈ ਗਮਨ ਕਰੀਜੈ' ॥੪੨ ॥

ਤੂੰ ਹੁਣ ਤਕ ਦੇਰ ਕਿਉਂ ਲਾਈ ਹੈ? ਮੇਰਾ ਸੰਗ ਛੱਡ ਕੇ ਚਲੇ ਜਾਵੋ। ਮੇਰਾ ਬਚਨ ਮੰਨੋ ਤੇ ਮੇਰੇ ਪਾਸ ਨਾ ਰਹੋ, ਸਾਥ ਛੱਡ ਕੇ ਚਲੇ ਜਾਵੋ" ॥ ੪੨ ॥

ਸੁਨਿ ਲਹਿਣੇ ਬਿਚਾਰ ਕਰ ਜੋਰੇ। 'ਗੁਰੂ ਰਜਾਇ ਅਮੋਰ ਸੁਮੋਰੇ।
ਸਿਰ ਪਰ ਧਰੋਂ ਸਦਾ ਮੈਂ ਆਛੇ'। ਅਸ ਕਹਿ ਗਮਨਜੋ ਲਹਿਣਾ ਪਾਛੇ ॥੪੩ ॥

ਇਹ ਵਿਚਾਰ ਸੁਣ ਕੇ ਭਾਈ ਲਹਿਣੇ ਨੇ ਹੱਥ ਜੋੜ ਕੇ ਕਿਹਾ, "ਗੁਰੂ ਦੀ ਰਜ਼ਾ ਨੂੰ ਜਿਹੜਾ ਮੋੜਦਾ ਹੈ, ਉਹ ਅਮੋੜ ਹੈ। ਮੈਂ ਸਦਾ ਹੀ ਉਨ੍ਹਾਂ ਦੇ ਹੁਕਮ ਨੂੰ ਸਿਰ ਤੇ ਧਰਦਾ ਹਾਂ," ਇਹ ਕਹਿ ਕੇ ਭਾਈ ਲਹਿਣਾ ਪਿਛੇ ਚਲੇ ਗਿਆ॥ ੪੩ ॥

ਪ੍ਰਭੁ ਬਿਲੋਕਿ ਤਾਂਹਿ ਕੀ ਓਰੀ। ਕਹਜੋ ਕਿ 'ਉਚਰੈਂ ਬਚਨ ਬਹੋਰੀ।
ਹਟਿ ਜੇ ਪਿਖੈਂ ਨੈਨ ਇਤ ਲਾਵੈਂ। ਤੋ ਤੂੰ ਅਪਨਾ ਕੀਤਾ ਪਾਵੈਂ ॥੪੪ ॥

ਗੁਰੂ ਜੀ ਨੇ ਉਸ ਵਲ ਵੇਖ ਕੇ ਕਿਹਾ, "ਮੈਂ ਇਕ ਵਾਰ ਫੇਰ ਬਚਨ ਕਰਦਾ ਹਾਂ, ਜੇ ਪਿੱਛੇ ਹੱਟ ਕੇ ਫਿਰ ਮੇਰੇ ਵੱਲ ਵੇਖੇਂਗਾ ਤਾਂ ਤੂੰ ਆਪਣਾ ਕੀਤਾ ਪਾਵੇਂਗਾ॥ ੪੪ ॥

ਠਾਂਢਿ ਨ ਹੁੱਯੈ ਹਮਰੇ ਨੇਰੇ। ਭਾਜੇ ਜਹੁ ਨ ਆਵਹੁ ਫੇਰੇ'।
ਬਚਨ ਸੁਨਤਿ ਲਹਿਣਾ ਤਬਿ ਧਾਯੋ। ਪਾਛੇ ਕੋ ਨਹਿਂ ਨੈਕ ਲਖਾਯੋ ॥੪੫ ॥

ਮੇਰੇ ਲਾਗੇ ਖੜਾ ਨਾ ਹੋਵੇ, ਭੱਜ ਜਾਵੋ ਤੇ ਫਿਰ ਦੁਬਾਰਾ ਇਥੇ ਨਾ ਆਵੋ।" ਇਹ ਬਚਨ ਸੁਣ ਕੇ ਭਾਈ ਲਹਿਣਾ ਭੱਜ ਉਠਿਆ, ਪਿਛਲੇ ਪਾਸੇ ਵਲ ਉਸ ਦੁਬਾਰਾ ਮੁੜ ਕੇ ਨਾ ਵੇਖਿਆ॥ ੪੫ ॥

ਰਾਰ ਮਾਹਿਂ ਜਿਉਂ ਭਾਜੀ ਸੈਨੰ। ਸਭਿ ਕਟਿ ਗਈ ਅਯੋ ਸੁਧ ਦੈਨੰ।
ਤਿਉਂ ਲਹਿਣਾ ਦੌਰੇ ਪੁਰਿ ਆਵਾ। ਮਗ ਮਹਿਂ ਠਾਂਢਿ ਨ ਕਹੂੰ ਰਹਾਵਾ ॥੪੬ ॥

ਜਿਵੇਂ ਜੰਗ ਵਿਚ ਫੌਜ ਭੱਜ ਉਠਦੀ ਹੈ, ਜਿਵੇਂ ਸਾਰੀ ਫੌਜ ਮਾਰੀ ਗਈ ਹੋਵੇ ਤੇ ਖਬਰ ਦੇਣ ਲਈ ਭਾਈ ਲਹਿਣਾ ਭੱਜਿਆ ਹੋਵੇ। ਭਾਈ ਲਹਿਣਾ ਦੌੜ ਕੇ ਕਰਤਾਰਪੁਰ ਆ ਗਿਆ, ਰਾਹ ਵਿਚ ਉਹ ਕਿਤੇ ਵੀ ਰੁਕਿਆ ਨਹੀਂ॥ ੪੬ ॥

ਕਿਤਿਕ ਸਿੱਖ ਬੈਠੇ ਪੁਰਿ ਮਾਂਹੀ। ਜਿਨ ਕੋ ਮੋਹ ਸਦਨ ਧਨ ਨਾਂਹੀ।
ਸੋ ਲਹਿਣੇ ਕੇ ਢਿਗ ਚਲਿ ਆਏ। ਪੂਛਤਿ 'ਕਸ ਤਵ ਹਾਲ ਬਿਹਾਏ ॥੪੭ ॥

ਕਈ ਸਿੱਖ ਨਗਰ ਵਿਚ ਬੈਠੇ ਸਨ, ਜਿਨ੍ਹਾਂ ਦਾ ਘਰ ਅਤੇ ਧਨ ਨਾਲ ਕੋਈ ਮੋਹ ਨਹੀਂ ਸੀ। ਉਹ ਭਾਈ ਲਹਿਣੇ ਦੇ ਪਾਸ ਚਲ ਕੇ ਆਏ। ਪੁੱਛਣ ਲੱਗੇ, "ਤੇਰੇ ਨਾਲ ਕਿਸ ਤਰ੍ਹਾਂ ਬੀਤੀ ਹੈ?" ॥ ੪੭ ॥

ਸ੍ਰਮ ਸ਼ੀਕਰ ਆਨਨ ਪਰ ਆਏ। ਚਢਜੋ ਸ੍ਵਾਸ ਕਿਉਂ ਐਸੇ ਧਾਏ।
ਦੀਜੈ ਸੁਧ ਸ੍ਰੀ ਗੁਰ ਕੀ ਜੈਸੀ। ਤੁਝ ਸੋਂ ਵਰਤੀ ਕਹੀਅਹਿ ਕੈਸੀ?' ॥੪੮ ॥

ਥਕਾਵਟ ਕਰਕੇ ਤੇਰੇ ਚਿਹਰੇ 'ਤੇ ਪਸੀਨੇ ਦੀਆਂ ਬੂੰਦਾਂ ਆਈਆਂ ਹੋਈਆਂ ਹਨ। ਬੜਾ ਸਾਹ ਚੜ੍ਹਿਆ ਹੈ, ਐਡਾ ਤੇਜ਼ ਕਿਉਂ ਦੌੜਿਆ ਹੈਂ। ਸ੍ਰੀ ਗੁਰੂ ਜੀ ਬਾਰੇ ਸਾਰੀ ਖਬਰ ਦੱਸੋ। ਤੁਹਾਡੇ ਨਾਲ ਕਿਵੇਂ ਬੀਤੀ ਹੈ, ਉਹ ਵੀ ਸਾਨੂੰ ਦੱਸੋ" ॥ ੪੮ ॥

ਸੁਨਿ ਲਹਿਣੇ ਸਭਿ ਸਿੱਖ ਬਿਠਾਰੇ। ਹਿਤ ਸੋਂ ਤਿਨਕੇ ਚਰਨ ਪਖਾਰੇ।

ਲਗ੍ਯੋ ਸਮੋਧ ਕਰਨ ਗਤਿਵਾਨੀ। ਮ੍ਰਿਦੁਲ ਮਧੁਰ ਕਹਿ ਸੀਤਲ ਬਾਨੀ ॥੪੯॥

ਇਹ ਸੁਣ ਕੇ ਭਾਈ ਲਹਿਣੇ ਨੇ ਸਾਰੇ ਸਿੱਖ ਬਿਠਾ ਲਏ, ਬੜੇ ਪਿਆਰ ਨਾਲ ਉਨ੍ਹਾਂ ਦੇ ਚਰਨਾਂ ਨੂੰ ਛੂਹਿਆ। ਫਿਰ ਮੁਕਤੀਦਾਤੇ ਦੇ ਬਾਰੇ ਦੱਸਣ ਲੱਗਾ। ਬੜੀ ਕੋਮਲ ਅਤੇ ਮਿੱਠੀ ਸੁਰ ਵਿਚ ਉਨ੍ਹਾਂ ਕਿਹਾ॥ ੪੯॥

ਦੋਹਰਾ- 'ਕਲੀਕਾਲ ਨਰ ਤਾਰਿਬੇ ਰੂਪ ਧਰਾ ਕਰਤਾਰ।
ਨਹਿ ਮਾਨੁਖ ਸਮ ਜਾਨਿਕੈ ਭਰਮਹੁ ਰਿਦੇ ਮਝਾਰ॥ ੫੦॥

"ਕਲਿਜੁਗ ਵਿਚ ਮਨੁੱਖਾਂ ਨੂੰ ਤਾਰਨ ਵਾਸਤੇ ਸ੍ਰੀ ਕਰਤਾਰ ਨੇ ਆਪ ਜਨਮ ਧਾਰਿਆ ਹੈ। ਉਨ੍ਹਾਂ ਨੂੰ ਮਨੁੱਖ ਵਾਂਗ ਜਾਣ ਕੇ ਹਿਰਦੇ ਵਿਚ ਭਰਮ ਨਾ ਕਰੋ॥ ੫੦॥

ਚੌਪਈ- ਸ੍ਰੀ ਪਰਮੇਸੁਰ ਕੋ ਅਵਤਾਰਾ। ਅਪਰ ਨ ਲਖਹੁ ਸੁ ਮੋਖ ਉਦਾਰਾ।
ਸਰਬ ਨਰਨ ਕੇ ਪਰਖਨ ਹੇਤਾ। ਠਟਯੋ ਸਾਂਗ ਬੇਦੀ ਕੁਲਕੇਤਾ ॥੫੧॥

ਉਹ ਸ੍ਰੀ ਪਰਮੇਸ਼ੁਰ ਦੇ ਅਵਤਾਰ ਹਨ, ਉਸ ਮੁਕਤੀਦਾਤੇ ਨੂੰ ਹੋਰ ਨਾ ਸਮਝੋ। ਸਾਰਿਆਂ ਮਨੁੱਖਾਂ ਨੂੰ ਪਰਖਣ ਹਿਤ ਗੁਰੂ ਜੀ ਨੇ ਸਾਂਗ ਰਚਿਆ ਹੈ॥ ੫੧॥

ਹਮ ਤੁਮ ਬੇਚ੍ਯੋ ਜੀਵ ਅਗਾਰੀ। ਚਾਹੈਂ ਰਾਖੈਂ ਭਾਵੈਂ ਮਾਰੀਂ।
ਜਿਨ ਕੋ ਦੇਇ ਚੁਕੇ ਸਰਬੰਸਾ। ਪੁਨ ਤਿਨਕੇ ਕ੍ਰਿਤ ਮੈਂ ਕ੍ਯਾ ਸੰਸਾ ॥੫੨॥

ਅਸੀਂ ਤੁਸੀਂ ਜੀਵ ਉਨ੍ਹਾ ਅੱਗੇ ਵਿਕੇ ਹੋਏ ਹਾਂ, ਚਾਹੇ ਰੱਖਣ ਚਾਹੇ ਮਾਰ ਦੇਣ। ਜਿਨ੍ਹਾਂ ਨੂੰ ਅਸੀਂ ਸਰਬੰਸ ਦੇ ਚੁਕੇ ਹਾਂ, ਫਿਰ ਉਨ੍ਹਾਂ ਦੀ ਕ੍ਰਿਤ ਤੇ ਸ਼ੰਕਾ ਕਿਉਂ ਕਰੀਏ ?॥ ੫੨॥

ਅਬ ਜੇ ਸ੍ਰੀ ਗੁਰ ਇਤ ਦਿਸ਼ ਆਵੈਂ। ਔਰ ਸਾਂਗ ਕਰਿਕੈ ਦਿਖਰਾਵੈਂ।
ਭਰਮਹੁ ਨਹਿਂ ਕੈਸੀ ਬਿਧਿ ਹੋਇ। ਸੀਸ ਜਾਇ ਜਾਵਨ ਦਿਹੁ ਸੋਇ ॥੫੩॥

ਹੁਣ ਜੇ ਗੁਰੂ ਜੀ ਇਸ ਪਾਸੇ ਆਉਣ, ਕੋਈ ਹੋਰ ਸਾਂਗ ਕਰਕੇ ਵਿਖਾਉਣ ਤਾਂ ਕਿਸੇ ਵੀ ਵਿਧੀ ਅਨੁਸਾਰ ਭਰਮ ਨਾ ਕਰਨਾ। ਭਾਵੇਂ ਸਿਰ ਜਾਵੇ, ਉਸ ਨੂੰ ਵੀ ਜਾਣ ਦੇਵੋ, ਕੋਈ ਸ਼ੰਕਾ ਨਾ ਕਰੋ॥ ੫੩॥

ਭਈ ਆਦਿ ਤੇ ਪਰਖਨ ਰੀਤੀ। ਸ੍ਰੀਗੁਰ ਇਹ ਕੁਛ ਨਈ ਨ ਕੀਤੀ।
ਗਾਧਿ ਤਨੈ ਪਰਖ੍ਯੋ ਹਰਿ ਚੰਦਾ। ਸਤਿ ਨ ਡਿਗ੍ਯੋ ਲਹ੍ਯੋ ਪਰਮ ਅਨੰਦਾ ॥੫੪॥

ਰਿਖੀ ਮੁਨੀ ਪਹਿਲਾਂ ਤੋਂ ਵੀ ਪਰਖ ਕਰਦੇ ਆ ਰਹੇ ਹਨ, ਗੁਰੂ ਜੀ ਨੇ ਇਹ ਕੋਈ ਨਵੀਂ ਗੱਲ ਨਹੀਂ ਕੀਤੀ। ਗਾਂਧਿ ਦੇ ਪੁੱਤਰ, ਵਿਸ਼ਵਾਮਿਤਰ ਨੇ ਰਾਜਾ ਹਰੀ ਚੰਦ ਦੀ ਪਰਖ ਕੀਤੀ ਸੀ। ਸੱਤ ਤੇ ਕਾਇਮ ਰਿਹਾ ਸੀ ਅਤੇ ਪਰਮ ਅਨੰਦ ਪ੍ਰਾਪਤ ਕੀਤਾ ਸੀ॥ ੫੪॥

ਹੇਤ ਕਪੋਤ ਮਾਸ ਨਿਜ ਦੀਨਾ। ਧ੍ਰਿਤ ਧਰਿ, ਤਬ ਨ੍ਰਿਪ ਪਦ ਸੁਖ ਲੀਨਾ।
ਮੋਰਧੁਜ ਨ੍ਰਿਪ ਭਗਤਿ ਮਤਿ ਭੀਨੀ। ਸਹੀ ਕਸੋਟੀ ਜੋ ਪ੍ਰਭੁ ਦੀਨੀ ॥੫੫॥

ਸ਼ਿਵਜੀ ਰਾਜੇ ਨੇ ਕਬੂਤਰ ਵਾਸਤੇ ਆਪਣਾ ਨਿੱਜੀ ਮਾਸ ਦਿੱਤਾ ਸੀ। ਧੀਰਜ ਧਾਰ ਕੇ ਰਾਜੇ ਦੀ ਪਦਵੀ ਪਾ ਕੇ ਸੁਖ ਲਿਆ ਸੀ। ਰਾਜਾ ਮੋਰਧੁਜ ਜਿਸ ਦੀ ਭਗਤੀ ਵਿਚ ਮੱਤ ਭਿੱਜੀ ਸੀ, ਪ੍ਰਭੂ ਵਲੋਂ ਦਿੱਤੀ ਸਹੀ ਕਸੋਟੀ ਤੇ ਉਤਰਿਆ ਸੀ"॥ ੫੫॥

ਅਉਰ ਕਥਾ ਕਹਿ ਬਹੁ ਸਮਝਾਏ। ਤੀਨ ਮਹੂਰਤ ਜਬੈ ਬਿਤਾਏ।
ਤਿਹ ਛਿਨ ਚਲਿ ਆਏ ਸ੍ਰੀ ਨਾਨਕ। ਉਠੇ ਸਿੱਖ ਅਵਲੋਕ ਅਚਾਨਕ ॥੫੬॥

ਹੋਰ ਕਈ ਕਥਾਵਾਂ ਕਹਿ ਕੇ ਬਹੁਤ ਸਮਝਾਏ। ਤਿੰਨ ਘੜੀਆਂ ਜਦ ਬੀਤ ਗਈਆਂ, ਉਸ ਵੇਲੇ ਗੁਰੂ ਨਾਨਕ ਜੀ ਚਲ ਕੇ ਆ ਗਏ। ਸਿੱਖ ਅਚਾਨਕ ਵੇਖ ਕੇ ਉੱਠ ਕੇ ਖਲੋ ਗਏ॥ ੫੬॥

ਬੰਦਹਿਂ ਹਾਥ ਬੰਦਨਾ ਕਰਿਹੀਂ। ਭੈ ਅਚਰਜ ਯੁਤ ਬਚ ਨ ਉਚਰਿਹੀਂ।
ਗੁਰ ਕੇ ਕਟ ਮਹਿ ਤਾਂਬ੍ਰ ਕੁਪੀਨੰ। ਕੁਲਹ ਸੀਸ ਪਰ ਕੁਤਕਾ ਲੀਨੰ ॥੫੭॥

ਹੱਥ ਜੋੜ ਕੇ ਬੰਦਨਾ ਕੀਤੀ, ਬਹੁਤ ਹੈਰਾਨ ਹੋਏ ਸਨ, ਇਸ ਲਈ ਕੋਈ ਬਚਨ ਨਾ ਬੋਲ ਸਕੇ। ਗੁਰੂ ਜੀ ਨੇ ਲੱਕ ਨਾਲ ਲਾਲ ਰੰਗ ਦੀ ਲੰਗੋਟੀ ਬੱਧੀ ਹੋਈ ਸੀ, ਸਿਰ ਤੇ ਕੁਲਹਾ ਪਾਇਆ ਹੋਇਆ ਸੀ ਤੇ ਹੱਥ ਵਿਚ ਡੰਡਾ ਫੜਿਆ ਸੀ॥ ੫੭॥

ਔਰ ਦੁਕੂਲ ਨ ਊਪਰ ਕੋਈ। ਜਿਨ ਬਹੁ ਨਰ ਕੀ ਦੁਰਮਤਿ ਖੋਈ।
ਜਬਿ ਸਿਖ ਚਰਨਨ ਪਰ ਸਿਰ ਧਾਰਹਿਂ। ਕੁਤਕਾ ਏਕ ਪੀਠ ਮਹਿਂ ਮਾਰਹਿਂ ॥੫੮॥

ਹੋਰ ਤਨ ਤੇ ਕੋਈ ਕਪੜਾ ਨਹੀਂ ਸੀ, ਜਿਨ੍ਹਾਂ ਬਹੁਤ ਮਨੁੱਖ ਦੀ ਭੈੜੀ ਮੱਤ ਨੂੰ ਦੂਰ ਕੀਤਾ ਸੀ। ਜਦ ਸਿੱਖ ਚਰਨਾਂ 'ਤੇ ਸਿਰ ਧਰਦੇ ਸਨ ਤਾਂ ਪਿੱਠ ਤੇ ਇਕ ਡੰਡਾ ਮਾਰ ਦਿੰਦੇ ਸਨ॥ ੫੮॥

ਅਚਰਜ ਭਏ ਤੂਸ਼ਨੀ ਠਾਨੀ। ਅਲਖ ਗਤੀ ਕੁਛ ਜਾਇ ਨ ਜਾਨੀ।
ਸਭਿ ਕੇ ਇਸੀ ਪ੍ਰਕਾਰ ਪ੍ਰਹਾਰੇ। ਬਹੁਰੋ ਸ੍ਰੀ ਮੁਖ ਬਚਨ ਉਚਾਰੇ॥੫੯॥

ਸਾਰੇ ਹੈਰਾਨ ਰਹੇ ਅਤੇ ਚੁਪ ਕਰ ਰਹੇ, ਇਹ ਅਲੱਖ ਗਤੀ ਜਾਣੀ ਨਹੀਂ ਸੀ ਜਾਂਦੀ। ਸਾਰਿਆਂ ਨੂੰ ਇਸ ਤਰ੍ਹਾਂ ਹੀ ਡੰਡੇ ਮਾਰੇ, ਫਿਰ ਗੁਰੂ ਜੀ ਨੇ ਬਚਨ ਕੀਤੇ॥ ੫੯॥

ਦੋਹਰਾ- 'ਕਿਉਂ ਬੈਠੇ, ਤੁਮ ਕੌਨ ਹੋ? ਗਮਨਹੁ ਨਿਜ ਨਿਜ ਥਾਇਂ।
ਕਾਜ ਤੁਮਾਰੋ ਨਹਿਂ ਕਛੂ ਤੂਰਨ ਨਿਕਸਹੁ ਧਾਇ'॥ ੬੦॥

''ਇਥੇ ਕਿਉਂ ਬੈਠੇ ਹੋ, ਤੁਸੀਂ ਕੌਣ ਹੋ ? ਆਪਣੇ-ਆਪਣੇ ਘਰ ਚਲੇ ਜਾਉ। ਇਥੇ ਤੁਹਾਡਾ ਕੋਈ ਕੰਮ ਨਹੀਂ ਹੈ, ਛੇਤੀ ਦੌੜ ਕੇ ਬਾਹਰ ਨਿਕਲ ਜਾਉ''॥ ੬੦॥

ਚੌਪਈ- ਡਰਤਿ ਜੋਰ ਕਰ ਸਿੱਖਨ ਭਾਖਾ। 'ਹਮ ਤੁਮਰੇ ਸਿੱਖ ਭੇ ਗਤਿ ਕਾਂਖਾ'।
ਜਬਹਿ ਸਿੱਖ ਕੋ ਨਾਮ ਸੁ ਲੇਈਂ। ਕੁਤਕਾ ਏਕ ਪੀਠ ਮਹਿਂ ਦੇਈਂ ॥੬੧॥

ਡਰਦਿਆਂ ਜ਼ੋਰ ਨਾਲ ਸਿੱਖਾਂ ਕਿਹਾ, ''ਅਸੀ ਤੁਹਾਡੇ ਸਿੱਖ ਹਾਂ ਤੇ ਮੁਕਤੀ ਦੇ ਚਾਹਵਾਨ ਹਾਂ।'' ਜਦ ਵੀ ਕੋਈ ਸਿੱਖ ਦਾ ਨਾਮ ਲੈਂਦਾ ਸੀ ਤਾਂ ਉਸ ਦੇ ਲੱਕ ਵਿਚ ਡੰਡਾ ਵੱਜਦਾ ਸੀ॥ ੬੧॥

ਅਸ ਗਤਿ ਸ੍ਰੀ ਗੁਰ ਕੀ ਸਭਿ ਦੇਖਾ। ਭਾਗੇ ਮਨੁ ਭੈ ਭਯੋ ਵਿਸ਼ੇਖਾ।
ਈਖਦ ਹੀ ਬੈਠੇ ਰਹਿ ਗਏ। ਤਿਨ ਸੌਂ ਪੁਨ ਪੂਛਤਿ ਪ੍ਰਭੁ ਭਏ॥੬੨॥

ਗੁਰੂ ਜੀ ਦੀ ਇਸ ਹਾਲਤ ਨੂੰ ਸਾਰਿਆਂ ਨੇ ਵੇਖਿਆ, ਮਨ ਵਿਚ ਬਹੁਤ ਭੈ ਮੰਨ ਕੇ ਸਾਰੇ ਭੱਜ ਉਠੇ। ਥੋੜ੍ਹੇ ਜਿਹੇ ਹੀ ਉਥੇ ਬੈਠੇ ਰਹਿ ਗਏ। ਫਿਰ ਗੁਰੂ ਜੀ ਉਨ੍ਹਾਂ ਨੂੰ ਪੁੱਛਣ ਲੱਗੇ॥ ੬੨॥

'ਕਬਿ ਕੇ ਸਿੱਖ ਬਨੇ ਹੋ ਮੇਰੇ?। ਦੇਹੁ ਬਤਾਇ, ਨ ਲਾਵਹੁ ਦੇਰੇ'।
ਸੁਨਿ ਕੈ ਸਿੱਖਨ ਬੈਨ ਅਲਾਏ। 'ਹੈਂ ਤਬਿ ਕੇ ਜਬਿ ਆਪ ਬਨਾਏ ॥੬੩॥

''ਮੇਰੇ ਕਦ ਦੇ ਸਿੱਖ ਬਣੇ ਹੋ ? ਛੇਤੀ ਦੱਸੋ, ਦੇਰ ਨਾ ਲਾਵੋ।'' ਇਹ ਸੁਣ ਕੇ ਸਿੱਖਾਂ ਨੇ ਕਿਹਾ, ''ਅਸੀਂ ਉਸ ਸਮੇਂ ਤੋਂ ਹੀ ਤੁਹਾਡੇ ਸਿੱਖ ਹਾਂ ਜਦ ਤੋਂ ਤੁਸੀਂ ਸਾਨੂੰ ਆਪਣਾ ਸਿੱਖ ਬਣਾਇਆ ਸੀ॥ ੬੩॥

ਰਾਵਰ ਕੋ ਪਰਵਾਹ ਨ ਕੋਈ। ਸ਼ਰਨ ਪਰੇ ਹਮ ਚਹਿਂ ਦੁਖ ਖੋਈ।

ਕਹਿਤੇ ਕੰਪੈਂ ਬਚਨ ਨ ਆਵੈ। ਤੇਜ ਦਿਪਤਿ ਸੋ ਸਹਜੋ ਨ ਜਾਵੈ ॥੬੪॥

ਆਪ ਜੀ ਨੂੰ ਕੋਈ ਪ੍ਰਵਾਹ ਨਹੀਂ ਹੈ, ਅਸੀਂ ਸ਼ਰਨ ਪੈ ਕੇ ਦੁਖ ਦੂਰ ਕਰਨਾ ਚਾਹੁੰਦੇ ਹਾਂ। ਕਹਿੰਦੇ ਹੋਏ ਕੰਬਦੇ ਹਾਂ, ਗੱਲ ਕਰਨੀ ਨਹੀਂ ਆਉਂਦੀ। ਤੁਹਾਡਾ ਤੇਜ ਸੂਰਜ ਵਰਗਾ ਜਲਾਲ ਬਰਦਾਸ਼ਤ ਨਹੀਂ ਹੋ ਰਿਹਾ" ॥ ੬੪ ॥

ਸੁਨਹਿਂ ਪ੍ਰਭੁ ਪੁਨ ਕੁਤਕਾ ਮਾਰੈਂ। ਭਾਗੇ ਸਿੱਖ ਨ ਧੀਰ ਸੰਭਾਰੈ।
ਕੁਤਕਾ ਲਗੈ ਹੋਇ ਤਨ ਪੀਰ। ਫਿਰ ਤੇ ਭਾਗੈਂ ਹੋਇ ਅਧੀਰ ॥੬੫॥

ਗੁਰੂ ਜੀ ਸੁਣ ਕੇ ਫਿਰ ਡੰਡੇ ਮਾਰਨ ਲੱਗੇ। ਸਿੱਖ ਭੱਜ ਰਹੇ ਸਨ ਤੇ ਧੀਰਜ ਨਹੀਂ ਸੰਭਾਲ ਰਹੇ ਸਨ। ਡੰਡਾ ਵੱਜਣ ਨਾਲ ਪੀੜ ਹੁੰਦੀ ਸੀ, ਅਧੀਰ ਹੋ ਕੇ ਗੁਰੂ ਜੀ ਪਾਸੋਂ ਭੱਜ ਜਾਂਦੇ ਸਨ॥ ੬੫ ॥

ਥੋਰੇ ਹੀ ਬੈਠੇ ਜਬਿ ਰਹੇ। ਤਿਨ ਪ੍ਰਿਤਿ ਸ਼੍ਰੀ ਗੁਰੂ ਅਸ ਬਚ ਕਹੇ।
'ਜੇ ਤੁਮ ਸਿੱਖ ਬਨੇ ਹੋ ਮੇਰੇ। ਆਇਸੁ ਮਾਨਹੁ ਕਰਹੁ ਨ ਦੇਰੇ ॥੬੬॥

ਜਦ ਥੋੜ੍ਹੇ ਜਿਹੇ ਬੈਠੇ ਰਹੇ, ਉਨ੍ਹਾਂ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕਹੇ, "ਜੇ ਤੁਸੀਂ ਮੇਰੇ ਸਿੱਖ ਬਣੇ ਹੋ, ਮੇਰੀ ਆਗਿਆ ਮੰਨੋ ਅਤੇ ਦੇਰ ਨਾ ਲਾਵੋ" ॥ ੬੬ ॥

ਉਠਿ ਆਵਹੁ ਸਭਿ ਮੋਰ ਪਿਛੇਰੇ'। ਕਹਿ ਇਉਂ ਗਮਨੇ ਗੁਰੂ ਅਗੇਰੇ।
ਜੇਤਿਕ ਰਹੇ ਸਿੱਖ ਤਿਹ ਥਾਈਂ। ਚਕਿਤ ਜਕਿਤ ਸੋ ਪੀਛੈ ਜਾਹੀਂ ॥੬੭॥

ਉੱਠ ਕੇ ਸਾਰੇ ਮੇਰੇ ਪਿਛੇ-ਪਿਛੇ ਆ ਜਾਵੋ। ਇਹ ਕਹਿ ਕੇ ਗੁਰੂ ਜੀ ਅੱਗੇ-ਅੱਗੇ ਚਲ ਪਏ, ਜਿੰਨੇ ਸਿੱਖ ਵੀ ਪਿੱਛੇ ਰਹਿ ਗਏ ਸਨ, ਹੈਰਾਨ ਹੋ ਕੇ ਅਤੇ ਝਕ ਝਕ ਕੇ ਪਿੱਛੇ-ਪਿੱਛੇ ਜਾ ਰਹੇ ਸਨ॥ ੬੭॥

ਦੋਹਰਾ-ਪਰਖਨ ਹਿਤ ਸਿੱਖੀ ਤਬੈ ਸਾਂਗ ਅਰੰਭਜੋ ਭੂਰ।
ਸੋਈ ਸਾਬਤ ਰਹਿ ਸਕੈ ਜਿਸ ਪਰ ਕਰੁਨਾ ਤੂਰ॥ ੬੮॥

ਫਿਰ ਸਿੱਖੀ ਨੂੰ ਪਰਖਣ ਵਾਸਤੇ ਗੁਰੂ ਜੀ ਨੇ ਵੱਡਾ ਸਾਂਗ ਬਣਾਇਆ। ਉਹ ਸਿੱਖ ਸਾਬਤ ਰਹਿ ਸਕਦਾ ਸੀ ਜਿਨ੍ਹਾਂ ਉਤੇ ਉਨ੍ਹਾਂ ਦੀ ਕਿਰਪਾ ਸੀ॥ ੬੮॥

ਚੌਪਈ- ਹੁਤੀ ਜੁ ਦੂਰ ਉਜਾੜ ਬਿਸਾਲਾ। ਪਹੁਚੇ ਲੇ ਸਿਖ ਸੰਗ ਕ੍ਰਿਪਾਲਾ।
ਤਹਾਂ ਸਿੜ੍ਹੀ ਪਰ ਸ਼ਵ ਇਕ ਦੇਖਾ। ਊਪਰ ਅੰਬਰ ਸੇਤ ਵਿਸ਼ੇਖਾ ॥੬੯॥

ਦੂਰ ਜਿਹੜੀ ਵੱਡੀ ਉਜਾੜ ਸੀ, ਗੁਰੂ ਜੀ ਆਪਣੇ ਸਿੱਖਾਂ ਨੂੰ ਲੈ ਕੇ ਉਥੇ ਪਹੁੰਚ ਗਏ। ਉਥੇ ਫੱਟੇ ਉਤੇ ਇਕ ਲਾਸ਼ ਨੂੰ ਵੇਖਿਆ ਜਿਹੜੀ ਬਹੁਤ ਜ਼ਿਆਦਾ ਸਫੇਦ ਕਪੜਿਆਂ ਵਿਚ ਲਪੇਟੀ ਹੋਈ ਸੀ, ਭਾਵ ਜਿਹੜੀ ਬਹੁਤ ਸਫੇਦ ਕਪੜਿਆਂ ਨਾਲ ਢੱਕੀ ਹੋਈ ਸੀ॥ ੬੯॥

ਕੇਤਿਕ ਕਾਸ਼ਟ ਪਰੇ ਸਮੀਪਾ। ਭਏ ਠਾਂਢਿ ਬੇਦੀ ਕੁਲਦੀਪਾ।
ਸਰਬ ਸਿੱਖ ਤਬ ਆਨਿ ਪਹੂਚੇ। ਤਿਨਹਿ ਸੁਨਾਇ ਭਨੇ ਬਚ ਊਚੇ ॥੭੦॥

ਉਸ ਦੇ ਲਾਗੇ ਬਹੁਤ ਲੱਕੜਾਂ ਪਈਆਂ ਹੋਈਆਂ ਸਨ। ਗੁਰੂ ਜੀ ਉਸ ਲਾਸ਼ ਦੇ ਲਾਗੇ ਖੜੇ ਹੋ ਗਏ। ਸਾਰੇ ਸਿੱਖ ਤਦ ਉਥੇ ਆ ਪਹੁੰਚੇ, ਉਨ੍ਹਾਂ ਨੂੰ ਸੁਣਾ ਕੇ ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਬਚਨ ਕਹੇ॥ ੭੦॥

'ਜੇ ਤੁਮ ਹਮਰੇ ਸਿੱਖ ਕਹਾਵਹੁ। ਮਾਨਉ ਬਚਨ ਨ ਸਦਨ ਸਿਧਾਵਹੁ।
ਪਰਜੋ ਸਿੜ੍ਹੀ ਪਰ ਸ਼ਵ ਇਹ ਖਾਵਉ। ਜੇ ਨਹਿਂ ਖਾਵਹੁ ਤਉ ਪਛੁਤਾਵਉ ॥੭੧॥

"ਜੇ ਤੁਸੀਂ ਮੇਰੇ ਸਿੱਖ ਕਹਾਉਂਦੇ ਹੋ, ਮੇਰੇ ਬਚਨ ਮੰਨੋ, ਘਰ ਨੂੰ ਨਾ ਜਾਵੋ। ਫੱਟੇ ਉਤੇ ਜਿਹੜੀ ਇਹ ਲਾਸ਼ ਪਈ ਹੈ, ਇਸ ਨੂੰ ਖਾਵੋ, ਜਿਹੜਾ ਨਹੀਂ ਖਾਵੇਗਾ ਉਹ ਪਛਤਾਵੇਗਾ" ॥ ੭੧॥

ਸੁਨਿ ਬਿਸਮਾਦ ਭਏ ਮਨ ਮਾਂਹੀ। ਧੀਰਜ ਰਹ੍ਯੋ ਰਿਦੇ ਕਿਸ ਨਾਂਹੀ।
ਕਿਤਿਕ ਸੰਗ ਤਜਿ ਪੁਰੀ ਸਿਧਾਰੇ। ਕਿਤਿਕ ਦੂਰੇ ਭਜਿ ਝਾਰ ਮਝਾਰੇ ॥੭੨॥

ਇਹ ਸੁਣ ਕੇ ਸਾਰੇ ਮਨ ਵਿਚ ਹੈਰਾਨ ਹੋ ਗਏ, ਕਿਸੇ ਦੇ ਹਿਰਦੇ ਵਿਚ ਵੀ ਧੀਰਜ ਨਾ ਰਿਹਾ। ਕਈ ਸਾਥ ਛੱਡ ਕੇ ਨਗਰ ਨੂੰ ਚਲੇ ਗਏ, ਕਈ ਝਾੜੀਆਂ ਪਿਛੇ ਲੁਕ ਗਏ॥ ੭੨॥

ਕਿਤਿਕ ਧਾਰਿ ਹਠ ਰਹੇ ਸਮੀਪਾ। ਤਿਨ ਪਿਖਿ ਕਹਿ ਬੇਦੀ ਕੁਲ ਦੀਪਾ।
'ਜੇ ਤੁਮ ਠਾਂਢੇ ਰਹੁ ਇਹ ਥਾਨਾ। ਸ਼ਵ ਕੋ ਖਾਹੁ ਬਿਲਮ ਕਰਿ ਹਾਨਾ ॥੭੩॥

ਕਈ ਹੱਠ ਧਾਰ ਕੇ ਨਾਲ ਹੀ ਰਹੇ, ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਜੇ ਤੁਸੀਂ ਇਸ ਥਾਂ ਖੜੇ ਹੋ, ਤਾਂ ਇਸ ਮੁਰਦੇ ਨੂੰ ਕਿਸੇ ਦੇਰ ਦੇ ਬਗੈਰ ਖਾਵੋ॥ ੭੩॥

ਨਾਂਹਿ ਤ ਜਾਹੁ ਸਦਨ ਕੋ ਧਾਈ। ਦੋ ਮੈਂ ਕਰਹੁ ਜਿ ਇਕ ਮਨ ਭਾਈ।
ਡਰਤਿ ਰਿਦੇ ਕੰਪਤਿ ਤਨ ਸਾਰੇ। ਹਾਥ ਬੰਦਿਕੈ ਬਚਨ ਉਚਾਰੇਂ ॥੭੪॥

ਨਹੀਂ ਤਾਂ ਆਪਣੇ ਘਰਾਂ ਨੂੰ ਭੱਜ ਜਾਵੋ, ਦੋਵਾਂ ਵਿਚੋਂ ਇਕ ਗੱਲ ਮਨ-ਭਾਉਂਦੀ ਕਰੋ"। ਦਿਲ ਵਿਚ ਡਰਦੇ ਸਾਰੇ ਕੰਬ ਰਹੇ ਸਨ, ਹੱਥ ਜੋੜ ਕੇ ਉਨ੍ਹਾਂ ਬਚਨ ਕੀਤੇ॥ ੭੪॥

'ਹਮ ਹੈਂ ਸਿੱਖ ਨ ਗਮਨੈਂ ਧਾਮੂ'। ਮਾਰਜੋ ਕੁਤਕਾ ਸੁਨਿ 'ਸਿਖ' ਨਾਮੂ।
'ਕੁੱਟਣ ! ਹਮਰੇ ਸਿੱਖ ਕਹਾਵਉ !। ਬਚਨ ਕਰਜੋ ਗੁਰ,ਸੋ ਨ ਕਮਾਵਉ !' ॥੭੫॥

ਅਸੀਂ ਸਿੱਖ ਹਾਂ ਘਰ ਨਹੀਂ ਜਾਵਾਂਗੇ"। ਸਿੱਖ ਨਾਮ ਸੁਣ ਕੇ ਗੁਰੂ ਜੀ ਨੇ ਉਨ੍ਹਾਂ ਦੇ ਡੰਡੇ ਮਾਰੇ ਅਤੇ ਕਿਹਾ, "ਦੁਬੇਪੀਓ ! ਸਾਡੇ ਸਿੱਖ ਕਹਾਉਂਦੇ ਹੋ। ਗੁਰੂ ਨੇ ਜੋ ਬਚਨ ਕੀਤਾ ਹੈ, ਉਸ ਅਨੁਸਾਰ ਕੰਮ ਨਹੀਂ ਕਰਦੇ ਹੋ" ॥ ੭੫॥

ਦੋਹਰਾ-ਪੁਨ ਮਾਰਨ ਕੁਤਕੇ ਲਗੇ ਭਾਗੇ ਸਭਿ ਕਰਿ ਤ੍ਰਾਸ।
ਰਹਜੋ ਨ ਕੋਊ ਸੰਗ ਤਬ ਇਕ ਲਹਿਨਾ ਰਹਿ ਪਾਸ॥ ੭੬॥

ਫਿਰ ਡੰਡੇ ਮਾਰਨ ਲੱਗੇ, ਸਭ ਡਰ ਕੇ ਭੱਜ ਗਏ। ਲਹਿਣੇ ਤੋਂ ਬਗੈਰ ਹੋਰ ਉਥੇ ਕੋਈ ਵੀ ਪਾਸ ਨਾ ਰਿਹਾ॥ ੭੬॥

ਚੌਪਈ- ਤਿਸਹਿ ਬਿਲੋਕਤਿ ਬਚਨ ਉਚਾਰਾ। 'ਕਿਉਂ ਠਾਂਢੋ ਤੂੰ ਨਹੀਂ ਸਿਧਾਰਾ।
ਅਹੈਂ ਜਿ ਸਿੱਖ ਬਚਨ ਮਾਨਹੁ ਮੁਰ। ਸ਼ਵ ਕੋ ਖਾਹੁ ਬਿਲੰਬ ਨਹੀਂ ਕਰਿ ॥੭੭॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, "ਤੂੰ ਕਿਉਂ ਖੜਾ ਹੈਂ, ਗਿਆ ਨਹੀਂ? ਜੇ ਮੇਰਾ ਸਿੱਖ ਹੈਂ ਤਾਂ ਮੇਰਾ ਬਚਨ ਮੰਨ ਕੇ, ਇਸ ਮੁਰਦੇ ਨੂੰ ਖਾਵੋ, ਦੇਰ ਨਾ ਕਰੋ" ॥ ੭੭॥

ਸੁਨਿ ਕੈ ਲਹਿਣੇ ਦ੍ਵੈ ਕਰ ਜੋਰੇ। 'ਨਹਿਂ ਰਜਾਇ ਮੋਰਹੁਂ ਪ੍ਰਣ ਮੋਰੇ।
ਰਾਵਰ ਕੋ ਪਰਵਾਹੁ ਨ ਕੋਈ। ਹਮ ਹੈਂ ਸਿਖ ਸ਼ਰਨਾਗਤਿ ਹੋਈ ॥੭੮॥

ਇਹ ਸੁਣ ਕੇ ਲਹਿਣੇ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਮੇਰਾ ਪ੍ਰਣ ਹੈ ਕਿ ਆਪ ਜੀ ਦਾ ਹੁਕਮ ਕਦੇ ਨਹੀਂ ਮੋੜਾਂਗਾ। ਆਪ ਜੀ ਨੂੰ ਤਾਂ ਕੋਈ ਪ੍ਰਵਾਹ ਨਹੀਂ, ਅਸੀਂ ਤਾਂ ਤੁਹਾਡੇ ਸਿੱਖ ਸ਼ਰਨਾਈ ਆਏ ਹਾਂ॥ ੭੮॥

ਚਹੈ ਤ ਰਾਖਹ ਭਾਵੇਂ ਮਾਰੀ। ਹੌਂ ਨਹਿਂ ਤਜਿ ਹੌਂ ਸ਼ਰਣਿ ਤੁਮਾਰੀ'।
'ਸ੍ਰੀ ਗੁਰ ਕਹੈਂ ਜਿ ਸੰਗ ਨ ਤਜਾਗਹੁ। ਮ੍ਰਿਤਕ ਪਰੇ ਕੋ ਖਾਵਨ ਲਾਗਹੁ' ॥੭੯॥

ਤੁਸੀਂ ਜਿਵੇਂ ਚਾਹੋ, ਭਾਵੇਂ ਰਖੋ ਭਾਵੇਂ ਮਾਰੋ, ਮੈਂ ਤੁਹਾਡੀ ਸ਼ਰਨ ਛੱਡ ਕੇ ਨਹੀਂ ਜਾਵਾਂਗਾ। ਗੁਰੂ ਜੀ ਨੇ ਕਿਹਾ, "ਜੇ ਸਾਥ ਨਹੀਂ ਛੱਡਣਾ ਤਾਂ ਮੁਰਦੇ ਨੂੰ ਖਾਣ ਲੱਗੋ" ॥ ੭੯॥

ਲਹਿਣਾ ਸੁਨਤਿ ਫਿਰਜੋ ਚਹੁਫੇਰੇ। ਗੁਰੂ ਕਹਜੋ 'ਕਿਉਂ ਲਾਈ ਡੇਰੇ?'।
'ਜਿਤ ਦਿਸ਼ ਹੁਕਮ ਕਰੋ ਤਿਹ ਖਾਵੌਂ। ਇਸ ਰਜਾਇ ਹਿਤ ਬਿਲਮ ਲਗਾਵਉਂ' ॥੮੦॥

ਇਹ ਸੁਣ ਕੇ ਭਾਈ ਲਹਿਣਾ ਲਾਸ਼ ਦੇ ਚਾਰ-ਚੁਫੇਰੇ ਫਿਰਿਆ। ਗੁਰੂ ਜੀ ਨੇ ਕਿਹਾ, "ਦੇਰ ਕਿਉਂ ਲਾਈ ਹੈ?" ਭਾਈ ਲਹਿਣੇ ਨੇ ਕਿਹਾ, "ਜਿਸ ਪਾਸੇ ਹੁਕਮ ਕਰੋ, ਉਸ ਪਾਸੇ ਤੋਂ ਖਾਵਾਂ, ਆਪ ਦੀ ਇਹ ਆਗਿਆ ਪਾਉਣ ਲਈ ਦੇਰ ਲਾਈ ਹੈ" ॥ ੮੦॥

ਗੁਰੂ ਕਹਜੋ 'ਪਗ ਤੇ ਲਗ ਖਾਨੇ। ਸਿਰ ਲੌ ਖਾਹੁ ਬਚਨ ਕੋ ਮਾਨੇ'।
ਤਿਹ ਛਿਨ ਲਹਿਣੇ ਤੂਰਨ ਕੀਨੀ। ਅਇਸੁ ਅਨੁਸਾਰੀ ਮਤਿ ਭੀਨੀ ॥ ੮੧ ॥

ਗੁਰੂ ਜੀ ਨੇ ਕਿਹਾ, "ਪੈਰਾਂ ਵਲੋਂ ਖਾਣ ਲਗੋ ਤੇ ਬਚਨ ਨੂੰ ਮੰਨ ਕੇ ਸਿਰ ਤਕ ਖਾਵੋ"। ਇਹ ਸੁਣ ਕੇ ਭਾਈ ਲਹਿਣੇ ਦੀ ਮੱਤ ਆਗਿਆ ਅਨੁਸਾਰ ਭਿੱਜ ਗਈ ਭਾਵ ਭਾਈ ਲਹਿਣਾ ਆਗਿਆ ਅਨੁਸਾਰ ਮੁਰਦਾ ਖਾਣਾ ਮੰਨ ਗਿਆ॥ ੮੧॥

ਸੇਤ ਸੁ ਬਸਤ੍ਰ ਉਤਾਰਾ ਜਬਿਹੀ। ਦੇਖਜੋ ਸਰਬ ਤਿਹਾਵਲ ਤਬਿ ਹੀ।
ਤਿਹ ਨੇਤਰ ਸਮ ਲੋਥ ਬਨਾਈ। ਲਖਿ ਅਸਚਰਜ ਰਹਜੋ ਬਿਸਮਾਈ ॥ ੮੨ ॥

ਜਦ ਸਫੇਦ ਕਪੜੇ ਨੂੰ ਉਤਾਰਿਆ ਤਾਂ ਵੇਖਿਆ ਉਹ ਸਾਰਾ ਕੜਾਹ ਪ੍ਰਸ਼ਾਦ ਪਿਆ ਸੀ, ਉਸ ਦੀਆਂ ਅੱਖਾਂ ਸਾਹਮਣੇ ਉਹ ਲੋਥ ਬਣਾਈ ਸੀ, ਇਹ ਅਸਚਰਜ ਵੇਖ ਕੇ ਭਾਈ ਲਹਿਣਾ ਹੈਰਾਨ ਰਹਿ ਗਿਆ॥ ੮੨॥

ਪ੍ਰਭੁ ਕੇ ਪਦ ਪੰਕਜ ਪਰ ਪਰਜੋ। ਹਾਥ ਬੰਦਿ ਕੈ ਬਚਨ ਉਚਰਜੋ।
'ਪਾਰਬ੍ਰਹਮ ਕਰਤਾਰ ਅਪਾਰੀ! ਏਕੰਕਾਰ ਸਰਬ ਜਗ ਕਾਰੀ! ॥ ੮੩ ॥

ਭਾਈ ਲਹਿਣਾ ਓਸੇ ਵੇਲੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਡਿੱਗ ਪਿਆ। ਹੱਥ ਜੋੜ ਕੇ ਬਚਨ ਕੀਤਾ, "ਤੁਸੀਂ ਆਪ ਪਾਰਬ੍ਰਹਮ ਅਪਾਰ ਕਰਤਾਪੁਰਖ ਹੋ। ਏਕੰਕਾਰ ਸਾਰੇ ਜੱਗ ਦੀ ਕਾਰ ਚਲਾਉਣ ਵਾਲੇ ਹੋ॥ ੮੩ ॥

ਕਲਿ ਕੇ ਨਰਨ ਉਧਾਰਨ ਕਾਰਨ। ਧਰਜੋ ਦੇਹਿ ਕੀਰਤਿ ਬਿਸਤਾਰਨ।
ਤੁਮਰੀ ਕੁਦਰਤਿ ਤੁਮ ਬਨਿਆਈ। ਨਹਿਂ ਔਰਨ ਤੇ ਜਾਨੀ ਜਾਈ' ॥੮੪॥

ਕਲਿਜੁਗ ਦੇ ਮਨੁੱਖਾਂ ਦਾ ਉਧਾਰ ਕਰਨ ਵਾਸਤੇ ਅਤੇ ਕੀਰਤੀ ਦਾ ਵਿਸਥਾਰ ਕਰਨ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੈ। ਤੁਹਾਡੀ ਕੁਦਰਤ ਤੁਹਾਨੂੰ ਹੀ ਬਣ ਆਈ ਹੈ, ਹੋਰਨਾਂ ਪਾਸੋਂ ਇਹ ਜਾਣੀ ਨਹੀਂ ਜਾ ਸਕਦੀ" ॥ ੮੪॥

ਸੁਨਿ ਕੇ ਪਰਮ ਪ੍ਰਸੀਦੇ ਦਜਾਲਾ। ਦੇਖੀ ਕਰੁਨਾਂਦ੍ਰਿਸ਼ਟਿ ਬਿਸਾਲਾ।
ਕਹਜੋ 'ਜੁ ਮੇਰੋ ਅਹੈ ਸਰੂਪਾ। ਸੋ ਤੁਮ ਹ੍ਵੈ ਹੈ ਪਰਮ ਅਨੂਪਾ ॥ ੮੫ ॥

ਇਹ ਸੁਣ ਕੇ ਦਿਆਲੂ ਪ੍ਰਭੂ ਜੀ ਪਰਮ ਪ੍ਰਸੰਨ ਹੋਏ ਅਤੇ ਵਿਸ਼ਾਲ ਕਰੁਨਾ-ਦ੍ਰਿਸ਼ਟੀ ਨਾਲ ਭਾਈ ਲਹਿਣੇ ਵੱਲ ਵੇਖਿਆ ਅਤੇ ਕਿਹਾ, "ਇਹ ਜੋ ਮੇਰਾ ਸਰੂਪ ਹੈ, ਉਹ ਸਰੂਪ ਹੁਣ ਤੇਰਾ ਪਰਮ ਅਨੂਪ ਹੋ ਜਾਵੇਗਾ॥ ੮੫॥

ਤੇਰੋ ਰੂਪ ਹੋਹਿ ਗੋ ਮੋਹੀ। ਐਸੀ ਅਬ ਅਭੇਦਤਾ ਹੋਹੀ।
ਬਖ਼ਸ਼ਜੋ ਸਭਿ ਜਗ ਤਵ, ਪਸ਼ਚਾਤੀ। ਭਲੀ ਭਾਂਤਿ ਹ੍ਵੈ ਹੈਂ ਬੱਖਜਾਤੀ ॥੮੬॥

ਮੇਰਾ ਸਰੂਪ ਹੁਣ ਤੇਰਾ ਸਰੂਪ ਹੋ ਜਾਵੇਗਾ। ਹੁਣ ਇਸ ਤਰ੍ਹਾਂ ਦੀ ਅਭੇਦਤਾ ਹੋ ਜਾਵੇਗੀ ਕਿ ਆਪਣੇ ਪਿਛੋਂ ਤੈਨੂੰ ਸਾਰਾ ਜਗਤ ਦੇ ਦਿੱਤਾ ਭਾਵ ਤੇਰੇ ਪਿਛੇ ਸਾਰਾ ਜੱਗ ਬਖ਼ਸ਼ ਦਿੱਤਾ ਅਤੇ ਤੂੰ ਚੰਗੀ ਤਰ੍ਹਾਂ ਦੁਨੀਆਂ ਵਿਚ ਪ੍ਰਗਟ ਭਾਵ ਮਸ਼ਹੂਰ ਹੋਵੇਂਗਾ॥ ੮੬॥

ਸਭਿ ਸਿੱਖਨ ਕੀ ਰਾਖੀ ਟੇਕਾ। ਹਿਰਦੇ ਪੂਰਨ ਹੋਇ ਬਿਬੇਕਾ।

ਭਾ ਜਗ ਗੁਰ ਲੈ ਹੈਂ ਗੁਰਿਆਈ। ਸਿੱਖ ਹੋਹਿਂ ਤੁਮਰੇ ਅਧਿਕਾਈ ॥੯੭॥

ਸਾਰੇ ਸਿੱਖ ਹੁਣ ਤੇਰੇ ਉੱਤੇ ਟੇਕ ਰੱਖਣਗੇ ਅਤੇ ਤੇਰੇ ਹਿਰਦੇ ਵਿਚ ਪੂਰਨ ਗਿਆਨ ਪ੍ਰਗਟ ਹੋਵੇਗਾ। ਤੂੰ ਸਾਰੇ ਜਗਤ ਦੀ ਗੁਰਿਆਈ ਲਵੇਂਗਾ। ਸਾਰੇ ਸਿੱਖ ਤੇਰੇ ਅਧੀਨ ਹੋਣਗੇ॥ ੯੭॥

ਭਾ ਅਵਲੰਬ ਭਲੇ ਜਗ ਤਾਰਨ। ਸਭਿ ਸਿਖਨ ਜਮਜਾਲ ਨਿਵਾਰਨ।\
ਤੁਝ ਸਮਾਨ ਭਵ ਅਪਰ ਨ ਲਖਿਓ। ਨੀਕੇ ਸਿੱਖੀ ਬੀਰਜ ਰਖਿਓ' ॥੯੮॥

ਤੂੰ ਹੁਣ ਜਗਤ ਦਾ ਆਸਰਾ ਬਣੇਂਗਾ ਅਤੇ ਸਾਰੇ ਜਗਤ ਨੂੰ ਤਾਰੇਂਗਾ ਅਤੇ ਸਾਰੇ ਸਿੱਖਾਂ ਦੀਆਂ ਜਮਾਂ ਦੀਆਂ ਫਾਹੀਆਂ ਦੂਰ ਕਰੇਂਗਾ। ਤੇਰੇ ਬਰਾਬਰ ਦੁਨੀਆਂ ਵਿਚ ਹੋਰ ਕੋਈ ਨਹੀਂ ਸਮਝਿਆ ਜਾਵੇਗਾ। ਚੰਗੀ ਸਿੱਖੀ ਦਾ ਤੂੰ ਬੀਜ ਬੀਜਣਾ ਹੈ"॥ ੯੮॥

ਇਸ ਪ੍ਰਕਾਰ ਕਹਿ ਸੁਖਦਾ ਬਾਨੀ। ਗਮਨ ਕੀਨ ਪੁਰਿ ਕੋ ਗੁਨ ਖਾਨੀ।\
ਧਰਮਸਾਲ ਮਹਿਂ ਆਇ ਬਿਰਾਜੇ। ਜਿਨ ਕੇ ਦਰਸ਼ਨ ਤੇ ਦੁਖ ਭਾਜੇ ॥੯੯॥

ਇਸ ਪ੍ਰਕਾਰ ਸੁਖਦਾਇਕ ਬਚਨ ਕਹਿ ਕੇ, ਗੁਰੂ ਜੀ ਨਗਰ ਵੱਲ ਚਲੇ ਗਏ। ਧਰਮਸਾਲਾ ਵਿਚ ਆ ਕੇ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁੱਖ ਭੱਜ ਜਾਂਦੇ ਹਨ॥ ੯੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿਖੀ ਪਰਖਨਾ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅਧ੍ਯਾਯ॥ ੫੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪੰਜਾਹਵਾਂ ਅਧਿਆਇ, ਜਿਸ ਦਾ ਨਾਮ "ਤਪ ਕਰਨ ਅਤੇ ਗੁਰਸਿੱਖੀ ਪਰਖਣ ਬਾਰੇ ਪ੍ਰਸੰਗ" ਹੈ, ਸਮਾਪਤ ਹੋਇਆ॥ ੫੦॥

# ਅਧਿਆਇ ਇਕਵੰਜਵਾਂ

*ਸ੍ਰੀ ਲਹਿਣਾ ਜੀ ਨੂੰ ਉਪਦੇਸ਼*

ਦੋਹਰਾ- ਸ੍ਰੀ ਗੁਰ ਗੁਨ ਮਾਨਸ ਸਰਸ ਜੀਹ ਮਰਾਲਨਿ ਜਾਂਹਿ।\
ਕਰਤ ਪ੍ਰੀਤ ਨਹਿਂ ਤਜ ਸਕੈ ਨਮਸਕਾਰ ਮੁਰ ਤਾਂਹਿ॥ ੧॥

ਮੇਰੀ ਉਸ ਰਸਨਾ ਨੂੰ ਨਮਸ਼ਕਾਰ ਹੈ ਜੋ ਕਿ ਗੁਰੂ ਜੀ ਦੇ ਗੁਣਾਂ ਦੇ ਜੱਸ ਰੂਪੀ ਸੁੰਦਰ ਮਾਨਸਰੋਵਰ ਨੂੰ ਹੰਸਣੀ ਵਾਂਗ ਪ੍ਰੀਤ ਕਰਦੀ ਹੋਈ ਕਦੇ ਛੱਡ ਨਹੀਂ ਸਕਦੀ॥ ੧॥

ਚੌਪਈ- ਇਕ ਦਿਨ ਬਹੁਰ ਬਿਤਾਇ ਕ੍ਰਿਪਾਲਾ। ਬੈਠੇ ਹੁਤੇ ਰੁਚਿਰ ਧ੍ਰਮਸਾਲਾ।\
ਆਤਮ ਕੇ ਉਪਦੇਸ਼ਨ ਹੇਤਾ। ਬੈਠਾਰਜੋ ਤ੍ਰੇਹਣ ਕੁਲਕੇਤਾ॥ ੨॥

ਇਕ ਦਿਨ ਹੋਰ ਬਿਤੀਤ ਕਰਕੇ, ਗੁਰੂ ਜੀ ਧਰਮਸ਼ਾਲਾ ਵਿਚ ਬੈਠੇ ਸਨ, ਆਤਮਿਕ ਉਪਦੇਸ਼ ਦੇਣ ਵਾਸਤੇ, ਭਾਈ ਲਹਿਣਾ ਜੀ ਨੂੰ ਆਪਣੇ ਪਾਸ ਬਿਠਾਇਆ॥ ੨॥

'ਲਹਿਣੇ ਸੇਵ ਅਧਿਕ ਤੈਂ ਕੀਨੀ। ਬੂਝਹੁ ਤੱਤ ਚਹਹੁ ਜੋ ਚੀਨੀ।\
ਐਸੀ ਘਾਲ ਜੁ ਘਾਲੀ ਤੋਹੀ। ਕੋ ਨਹਿਂ ਵਸਤੁ ਅਦੇਯ ਸੁ ਮੋਹੀ ॥੩॥

ਗੁਰੂ ਜੀ ਨੇ ਕਿਹਾ, "ਹੇ ਭਾਈ ਲਹਿਣੇ ਤੂੰ ਬਹੁਤ ਸੇਵਾ ਕੀਤੀ ਹੈ। ਬ੍ਰਹਮ (ਕਰਤਾਰ) ਬਾਰੇ ਜੋ ਵੀ ਤੁਸੀਂ ਜਾਣਨਾ ਚਾਹੁੰਦੇ ਹੋ ਸਾਥੋਂ ਪੁੱਛੋ, ਐਸੀ ਘਾਲ ਕਮਾਈ ਜੋ ਤੂੰ ਘਾਲੀ ਹੈ, ਉਸ ਕਰਕੇ ਕੋਈ ਐਸੀ ਵਸਤੂ ਨਹੀਂ, ਜੋ ਮੈਂ ਤੈਨੂੰ ਨਹੀਂ ਦੇਵਾਂਗਾ॥ ੩॥

ਕ੍ਰਿਪਾ ਭਰੀ ਸੁਨਿਕੈ ਸੁਠ ਬਾਨੀ। ਬੈਠਜੋ ਸਨਮੁਖ ਸੀਖ ਸੁਖਾਨੀ।
ਦ੍ਵੈ ਕਰ ਜੋਰ ਨਿਵਾਯੋ ਸੀਸਾ। ਬੰਦੇ ਪਦ ਪੰਕਜ ਜਗਦੀਸ਼ਾ॥੪॥

ਕਿਰਪਾ ਭਰੀ ਸੁੰਦਰ ਬਾਣੀ ਸੁਣ ਕੇ, ਸੁਖਦਾਈ ਸਿਖਿਆ ਲੈਣ ਵਾਸਤੇ ਭਾਈ ਲਹਿਣਾ ਜੀ ਗੁਰੂ ਜੀ ਦੇ ਸਾਹਮਣੇ ਬੈਠ ਗਏ। ਦੋਵੇਂ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥ ੪॥

'ਨਿਜ ਸਰੂਪ ਲਖਿਨੋ ਅਭਿਲਾਖਾ'। ਹ੍ਵੈ ਕੈ ਦੀਨ ਬਚਨ ਅਸਭਾਖਾ।
'ਜੋ ਮੈਂ ਹੌਂ, ਕੁਛ ਜਾਇ ਨ ਜਾਨਾ। ਹਰਖ ਸ਼ੋਕ ਮਹਿਂ ਫਸਜੋ ਮਹਾਨਾ॥੫॥

"ਮੇਰੀ ਨਿਜ ਸਰੂਪ ਜਾਣਨ ਦੀ ਅਭਿਲਾਸ਼ਾ ਹੈ" ਬੜਾ ਦੀਨ ਹੋ ਕੇ ਭਾਈ ਲਹਿਣੇ ਨੇ ਇਸ ਤਰ੍ਹਾਂ ਕਿਹਾ, "ਮੈਂ ਕੀ ਹਾਂ ਮੈਥੋਂ ਜਾਣਿਆ ਨਹੀਂ ਜਾਂਦਾ। ਦੁੱਖਾਂ-ਸੁੱਖਾਂ ਵਿਚ ਮੈਂ ਬੜਾ ਫਸਿਆ ਹਾਂ॥ ੫॥

ਰਾਗ ਦ੍ਵੈਖ ਨਿਸ ਦਿਨ ਬਹੁ ਮੋਹੀ। ਅਤਿਸ਼ਯਤਾ ਦੁਖ ਸੁਖ ਮਹਿਂ ਹੋਹੀ।
ਸਰਬ ਭੇਦ ਮੁਹਿ ਦੇਹੁ ਜਨਾਈ। ਤਿਹ ਕੋ ਸਮਝ ਰਹੌਂ ਸੁਖ ਪਾਈ॥੬॥

ਮੋਹ ਅਤੇ ਦ੍ਵੈਖ ਰਾਤ ਦਿਨ ਮੇਰੇ ਵਿਚ ਪ੍ਰਵਿਰਤ ਰਹਿੰਦੇ ਹਨ। ਦੁੱਖ-ਸੁੱਖ ਵਿਚ ਮੈਂ ਇਕ ਸਮਾਨ ਨਹੀਂ ਰਹਿੰਦਾ, ਬਲਕਿ ਦੁੱਖ ਮਿਲਣ ਤੇ ਬਹੁਤ ਦੁਖੀ ਹੁੰਦਾ ਹਾਂ, ਅਤੇ ਸੁਖ ਮਿਲਣ ਤੇ ਬਹੁਤ ਖੁਸ਼ ਹੋ ਜਾਂਦਾ ਹਾਂ। ਇਹ ਸਾਰਾ ਭੇਦ ਮੈਨੂੰ ਸਮਝਾ ਦੇਵੋ, ਉਸ ਤੱਥ ਨੂੰ ਸਮਝ ਕੇ ਮੈਂ ਸੁਖੀ ਰਹਾਂਗਾ॥ ੬॥

ਮੁਰ ਉਰ ਤਮ ਅੱਗਜਾਨ ਮਹਾਨਾ। ਤੁਮਰੇ ਹੈਂ ਬਚ ਭਾਨੁ ਸਮਾਨਾ।
ਕਬਿ ਪ੍ਰਕਾਸ਼ ਦਿਹੁ ਰੂਪ ਦਿਖਾਈ'। ਸੁਨਿਕੈ ਸ੍ਰੀ ਪ੍ਰਭੁ ਗਿਰਾ ਅਲਾਈ॥੭॥

ਮੇਰੇ ਹਿਰਦੇ ਵਿਚ ਮਹਾਨ ਅਗਿਆਨਤਾ ਹੈ, ਤੁਹਾਡੇ ਬਚਨ ਸੂਰਜ ਸਮਾਨ ਹਨ। ਕਦ ਪ੍ਰਕਾਸ਼ ਦੇ ਕੇ ਮੈਨੂੰ ਆਪਣਾ ਸਰੂਪ ਵਿਖਾਉਗੇ?" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ॥ ੭॥

'ਭੋ ਸੁਨਿ ਮਹਿਤ ਭਾਗ! ਇਹ ਭੇਦਾ। ਜਿਹ ਤੇ ਮਿਟੈ ਝੂਠ ਜਗ ਖੇਦਾ।
ਆਤਮ ਸ੍ਵਯੰ ਸੁ ਜੋਤਿ ਪ੍ਰਕਾਸ਼ਾ। ਰਾਗ ਦ੍ਵੈਖ ਤੇ ਬਿਨ ਅਬਿਨਾਸ਼ਾ॥ ੮॥

"ਹੇ ਵੱਡੇ ਭਾਗਾਂ ਵਾਲੇ! ਇਹ ਭੇਦ ਸੁਣੋ, ਜਿਸ ਕਰਕੇ ਝੂਠੇ ਜੱਗ ਦਾ ਦੁੱਖ ਮਿੱਟ ਜਾਵੇ। ਆਤਮਾ ਸ੍ਵੈ ਜੋਤੀ ਸਰੂਪ ਅਤੇ ਪ੍ਰਕਾਸ਼ ਰੂਪ ਹੈ। ਮੋਹ ਅਤੇ ਦ੍ਵੈਖ ਤੋਂ ਬਗੈਰ ਹੈ ਅਤੇ ਨਾਸ਼-ਰਹਿਤ ਹੈ॥ ੮॥

ਹਰਖ ਸ਼ੋਕ ਜਿਸ ਮਾਂਹਿ ਨ ਲੇਸ਼ਾ। ਜਨਮ ਮਰਨ ਕੌ ਨਹੀਂ ਕਲੇਸ਼ਾ।
ਘਨਾਨੰਦ ਪੂਰਨ ਇਕਸਾਰ। ਇਸ ਪ੍ਰਕਾਰ ਆਤਮ ਨਿਰਧਾਰਿ॥ ੯॥

ਜਿਸ ਵਿਚ ਦੁੱਖ-ਸੁੱਖ ਇਕ ਲੇਸ ਮਾਤਰ ਵੀ ਨਹੀਂ ਹੈ। ਜਨਮ-ਮਰਨ ਹੋਣ ਤੇ ਉਸ ਨੂੰ ਕੋਈ ਦੁੱਖ ਨਹੀਂ ਹੁੰਦਾ। ਵੱਡਾ ਅਨੰਦ ਪੂਰਨ ਇਕਸਾਰ ਰਹਿੰਦਾ ਹੈ, ਇਸ ਪ੍ਰਕਾਰ ਆਤਮ ਨੂੰ ਨਿਰਧਾਰ ਕਰੋ॥ ੯॥

ਜਾਗ੍ਰਤ ਸੁਪਨ ਸਖੋਪਤਿ ਤੀਨੋ। ਇਨਕੋ ਨੀਕੇ ਸਾਖੀ ਚੀਨੋ।
ਸਦਾ ਅਲੇਪਾ ਸਭਿ ਤੇ ਨਜਾਰੋ। ਐਸੋ ਅਪਨੋ ਰੂਪ ਨਿਹਾਰੋ॥ ੧੦॥

ਜਾਗ੍ਰਤ, ਸੁਪਨ ਅਤੇ ਸਖੋਪਤਿ ਤਿੰਨਾਂ ਨੂੰ ਆਤਮਾ ਦੇ ਦੇਖਣਹਾਰੇ ਜਾਂ ਦ੍ਰਿਸ਼ਟਾ ਸਮਝੋ। ਸਦਾ ਅਲੇਪ ਅਤੇ ਸਭ ਤੋਂ ਨਿਆਰੇ ਰਹੋ, ਇਸ ਪ੍ਰਕਾਰ ਆਪਣਾ ਰੂਪ ਵੇਖੋ॥ ੧੦॥

ਦੋਹਰਾ- ਕਲਪਤਿ ਸੰਗ ਉਪਾਧਿ ਸੋ ਭਯੋ ਸੁ ਅਸ ਬਿਧਿ ਜਾਨ।
ਜਪਾ ਪ੍ਰਸੂਨ ਸੁ ਫਟਕ ਕੋ ਅਰੁਣ ਹੋਤਿ ਤਿਉਂ ਮਾਨਿ॥ ੧੧॥

ਉਹ ਉਪਾਧੀ ਜੋ ਕਲਪਨਾ ਮਾਤਰ ਹੈ, ਜਿਸ ਨਾਲ ਕੋਈ ਸ਼ੈ ਹੋਰ ਦੀ ਹੋਰ ਲਗਦੀ ਹੈ, ਉਸ ਨੂੰ ਇਸ ਤਰ੍ਹਾਂ ਜਾਣੋਂ। ਜਿਵੇਂ ਜਪਾ ਨਾਮੀ ਲਾਲ ਫੁੱਲ ਦੇ ਪ੍ਰਤਿਬਿੰਬ ਨਾਲ ਬਲੌਰ ਵੀ ਲਾਲ ਰੰਗ ਦਾ ਹੋ ਜਾਂਦਾ ਹੈ॥ ੧੧॥

ਚੌਪਈ- ਪੰਚੀ ਕਰਣ ਪੰਚ ਤਤ ਜੋਈ। ਅੰਤਹਕਰਣ ਉਪਾਏ ਸੋਈ।
ਚਤੁਰ ਬ੍ਰਿਤਿ ਹ੍ਵੈ ਤਾਂਹਿ ਮਝਾਰਾ। ਤਾਂਤੇ ਹੋਇ ਸੁ ਚਾਰ ਪ੍ਰਕਾਰਾ॥ ੧੨॥

ਪੰਚ ਭੂਤ ਜਿਹੜੇ ਪੰਚ ਤੱਤ ਹਨ, ਉਨ੍ਹਾਂ ਸੂਖਮ ਭੂਤਾਂ ਨੇ ਆਪਣੀ ਸਤੋਗੁਣ ਅੰਸ਼ ਤੋਂ ਅੰਤਹਕਰਣ ਪੈਦਾ ਕੀਤੇ ਹਨ। ਉਸ ਅੰਤਹਕਰਣ ਵਿਚ ਚਾਰ ਬ੍ਰਿਤੀਆਂ ਹਨ, ਇਹ ਬ੍ਰਿਤੀਆਂ ਚਾਰ ਪ੍ਰਕਾਰ ਦੀਆਂ ਹੁੰਦੀਆਂ ਹਨ॥ ੧੨॥

ਮਨ ਬੁਧਿ ਚਿਤ ਹੰਕਾਰ ਤਿਹਿ ਨਾਮਾ। ਤਿਨ ਤੇ ਪਰ ਲਖਿ ਆਤਮਰਾਮਾ।
ਸਤੁ ਗੁਣ ਅੰਤਹਕਰਣ ਜੁ ਮਾਂਹੀ। ਚੇਤਨ ਕੋ ਪ੍ਰਤਿਬਿੰਬ ਤਹਾਂਹੀ॥੧੩॥

ਮਨ, ਬੁਧੀ, ਚਿਤ ਅਤੇ ਅਹੰਕਾਰ ਉਨ੍ਹਾਂ ਦੇ ਨਾਂ ਹਨ। ਆਤਮਰਾਮ ਇਨ੍ਹਾਂ ਤੋਂ ਪਰ੍ਹੇ ਸਮਝੋ। ਅੰਤਹਕਰਣ ਵਿਚ ਜੋ ਸਤੋ-ਗੁਣ ਹੈ ਚੇਤਨਾ ਦਾ ਪ੍ਰਤਿਬਿੰਬ ਵੀ ਉਥੇ ਹੀ ਰਹਿੰਦਾ॥ ੧੩॥

ਜਿਨਕੇ ਸ਼ੁੱਧ ਹੋਤਿ ਸੋ ਦੇਖੈਂ।- ਪਿਖਤਿ ਨ ਸੇ ਜਿਨ ਮਲਿਨ ਵਿਸ਼ੇਖੈਂ।
ਸੋ ਨਿਜ ਰੂਪ ਭੂਲ ਨਰ ਸਾਰੇ। ਜੀਵ ਅਲਪੱਗ ਆਪ ਨਿਰਧਾਰੇ॥੧੪॥

ਜਿਨ੍ਹਾਂ ਨੂੰ ਸੋਝੀ ਹੁੰਦੀ ਹੈ, ਉਹ ਵੇਖਦੇ ਹਨ। ਪਰ ਉਹ ਨਹੀਂ ਵੇਖ ਸਕਦੇ, ਜਿਨ੍ਹਾਂ ਦੀ ਬੁੱਧੀ ਜ਼ਿਆਦਾ ਮਲੀਨ ਹੈ। ਉਹ ਸਾਰੇ ਨਰ ਨਿਜ ਰੂਪ ਭੁੱਲ ਕੇ ਆਪਣੇ ਆਪ ਨੂੰ ਜੀਵ ਤੋਂ ਵੱਖ ਸਮਝ ਬੈਠਦੇ ਹਨ॥ ੧੪॥

ਯਾਂਤੇ ਤੀਨ ਤਨਹਿ ਕੋ ਪਾਏ। ਵਾਰ ਵਾਰ ਜਗ ਆਵਹਿ ਜਾਏ।
ਇਕ ਸਥੂਲ ਜੋ ਵਹਿਰ ਸਰੀਰਾ। ਜਹਿ ਮਹਿੰ ਹੰ ਧਰਿ ਪਾਵਹਿ ਪੀਰਾ॥੧੫॥

ਇਸ ਕਰਕੇ ਤਿੰਨ ਸਰੀਰਾਂ ਨੂੰ ਪਾਉਂਦਾ ਹੈ ਅਤੇ ਜਗਤ ਵਿਚ ਵਾਰ-ਵਾਰ ਆਉਂਦਾ ਹੈ। ਇਕ ਸਥੂਲ ਹੱਡ ਮਾਸ ਦਾ ਜੋ ਬਾਹਰਲਾ ਸਰੀਰ ਹੈ, ਜਿਸ ਵਿਚ ਹੰਗਤਾ ਕਰਕੇ ਪੀੜ ਅਤੇ ਦੁੱਖ ਪਾਉਂਦਾ ਹੈ॥ ੧੫॥

ਲਿੰਗ ਸ਼ਰੀਰ ਦੂਸਰਾ ਜੋਈ। ਤਿਹ ਸਰੂਪ ਬਰਨੌ ਸੁਨਿ ਸੋਈ।
ਦਸ ਇੰਦ੍ਰਯ ਹੈ ਕਰਮ ਜਿ ਗਜਾਨਾ। ਪੰਚ ਭੂਤ ਤਨ ਮਾਤ੍ਰਾ ਜਾਨਾ॥੧੬॥

ਦੂਸਰਾ ਜਿਹੜਾ ਸੂਖਮ ਸਰੀਰ ਹੈ ਜੋ ਇਸ ਸਰੀਰ ਦੇ ਅੰਦਰ ਦੇਹ ਵਰਗਾ ਹੀ ਹੈ, ਪਰ ਜੋ ਇਸ ਬਾਹਰਲੀ ਦੇਹ ਦੇ ਮਰਿਆਂ ਜੀਵਾਤਮਾਂ ਦੇ ਇਰਦ-ਗਿਰਦ ਸੰਸਕਾਰਾਂ ਦੇ ਕਾਰਨ ਰਹਿੰਦਾ ਹੈ, ਇਹ ਸਤਾਰਾਂ ਤੱਤਾਂ ਦਾ ਮੰਨਿਆ ਗਿਆ ਹੈ, ਇਹ ਸਰੂਪ ਮੈਂ ਵਰਣਨ ਕਰਦਾ ਹਾਂ ਸੁਣੋ। ਸਰੀਰ ਦੇ ਜਿਹੜੇ ਦਸ ਇੰਦਰੇ ਹਨ, ਇਨ੍ਹਾਂ ਵਿਚ ਪੰਜ ਕਰਮ ਇੰਦਰੇ ਹਨ ਅਤੇ ਪੰਜ ਗਿਆਨ ਇੰਦਰੇ ਹਨ। ਇਹ ਪੰਜ ਗਿਆਨ ਇੰਦਰੇ ਇਸ ਪ੍ਰਕਾਰ ਹਨ- (੧) ਸ਼ਬਦ (੨) ਸਪਰਸ਼ (੩) ਰੂਪ (੪) ਰਸ ਅਤੇ (੫) ਗੰਧ॥ ੧੬॥

ਮਨ ਬੁਧਿ ਸਤਰਾ ਤੱਤ ਜੁ ਏਹੀ। ਇਨਕੀ ਹੋਤਿ ਭਈ ਲਿੰਗ ਦੇਹੀ।
ਕਰਮ ਸ਼ੁਭਾਸ਼ੁਭ ਫਲ ਕੋ ਪਾਇ। ਲੋਕ ਪ੍ਰਲੋਕਹਿੰ ਆਵਹਿ ਜਾਇ॥੧੭॥

ਮਨ ਬੁੱਧੀ ਜੋ ਸਤਾਰਾਂ ਤੱਤ ਹਨ, ਇਨ੍ਹਾਂ ਤੋਂ ਹੀ ਸੂਖਮ ਸਰੀਰ ਬਣਦਾ ਹੈ। ਜਿਹੜੇ ਚੰਗੇ ਮੰਦੇ ਕਰਮ ਕਰਦੇ ਹਨ, ਜਿਨ੍ਹਾਂ ਦੇ ਫਲਸਰੂਪ ਮਨੁੱਖ ਉਹ ਲੋਕ ਪਰਲੋਕ ਵਿਚ ਆਉਂਦੇ ਜਾਂਦੇ ਰਹਿੰਦੇ ਹਨ॥ ੧੭॥

ਇਨਕੋ ਕਰਤਾ ਔਰ ਪ੍ਰਮਾਨਹੁ। ਕਾਰਣ ਤਨ ਤਿਹ ਨਾਮ ਪਛਾਨਹੁ।
ਅਤਿ ਸੂਖਮ ਤਿਹ ਲਖਹੁ ਸਰੂਪਾ। ਜਿਹ ਧਰਿ ਪਰਜੇ ਅੰਧ ਭਵ ਕੂਪਾ ॥੧੮ ॥

ਇਨ੍ਹਾਂ ਦਾ ਕਰਤਾ ਹੋਰ ਪ੍ਰਮਾਣਿਤ ਕਰੋ। ਕਾਰਣ ਤਨ ਭਾਵ ਕਾਰਣ ਸਰੀਰ, ਇਹ ਲਿੰਗ ਸ਼ਰੀਰ ਤੋਂ ਵੀ ਸੂਖਮ ਸਰੀਰ ਹੈ, ਜਿਸ ਵਿਚ ਇੰਦਰੀਆਂ ਦੇ ਵਿਸ਼ੇ ਤੇ ਵਿਉਪਾਰ ਦਾ ਅਭਾਵ ਹੁੰਦਾ ਹੈ, ਜਿਸ ਵਿਚ ਜੀਵ ਆਤਮਾ ਸੁਖ ਹੀ ਸੁਖ ਅਨੁਭਵ ਕਰਦਾ ਹੈ। ਇਨ੍ਹਾਂ ਦਾ ਸਰੂਪ ਅਤਿ ਸੂਖਮ ਸਮਝੋ, ਜਿਸ ਨੂੰ ਧਾਰਣ ਕਰਕੇ ਜੀਵ ਆਤਮਾ ਅੰਨ੍ਹੇ ਖੂਹ ਵਿਚ ਪਿਆ ਹੈ ॥ ੧੮ ॥

ਆਤਮਰਾਮ ਸਭਿਨਿ ਤੇ ਨਜਾਰੋ। ਹਰਖ ਸੋਗ ਤੇ ਰਹਤਿ ਬਿਚਾਰੋ।
ਨੇਤਿ ਨੇਤਿ ਕਰਿ ਹ੍ਵੈ ਸੱਖਜਾਤਾ। ਨਿਜਾਨੰਦ ਮੈਂ ਜਾਇ ਸਮਾਤਾ ॥੧੯ ॥

ਆਤਮ ਸਰੂਪ ਸਭ ਤੋਂ ਨਿਆਰਾ ਹੈ। ਇਹ ਖੁਸ਼ੀ ਗਮੀ ਤੋਂ ਰਹਿਤ ਸਮਝੋ। ਨੇਤ ਨੇਤ ਕਰਨ ਨਾਲ ਸਾਖਿਆਤ ਪ੍ਰਗਟ ਹੁੰਦਾ ਹੈ, ਫਿਰ ਪਰਮ ਆਤਮਾ ਵਿਚ ਉਹ ਜਾ ਕੇ ਸਮਾ ਜਾਂਦਾ ਹੈ" ॥ ੧੯ ॥

ਦੋਹਰਾ- ਇਉਂ ਸੁਨਿ ਲਹਿਣੇ ਬੰਦਿ ਕਰ ਬਹੁਰੋ ਬੂਝਨ ਕੀਨ।
'ਨੇਤਿ ਨੇਤਿ ਕਰਿ ਪ੍ਰਾਪਤੀ ਕਹਹੁ ਪ੍ਰਭੂ ਪਰਬੀਨ' ॥ ੨੦ ॥

ਇਹ ਸੁਣ ਕੇ ਭਾਈ ਲਹਿਣੇ ਨੇ ਹੱਥ ਜੋੜ ਕੇ ਫਿਰ ਪੁਛਿਆ, "ਕੀ ਨੇਤ ਨੇਤ ਕਰ ਕੇ ਪ੍ਰਬੀਨ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ?" ॥ ੨੦ ॥

ਚੌਪਈ- ਪਰਮ ਕ੍ਰਿਪਾਲ ਗਜਾਨ ਘਨ ਪੂਰੇ। ਬੋਲੇ ਬਚਨ ਮਧੁਰ ਮ੍ਰਿਦੁ ਰੂਰੇ।
'ਮਹਾਂ ਭਾਗ! ਸੁਨੀਏ ਮਨ ਲਾਈ। ਜਿਸ ਬਿਧਿ ਨਿਜਾਨੰਦ ਕੋ ਪਾਈ ॥੨੧ ॥

ਪਰਮ ਕਿਰਪਾਲੂ ਜਿਹੜੇ ਗਿਆਨ ਵਿਚ ਪੂਰੇ ਪਰਬੀਨ ਸਨ, ਇਹ ਸੁਣ ਕੇ ਉਨ੍ਹਾਂ ਕੋਮਲ, ਮਿੱਠੇ ਅਤੇ ਸੁੰਦਰ ਬਚਨ ਕਹੇ, "ਹੇ ਵਡਭਾਗੀ ! ਮਨ ਲਾ ਕੇ ਸੁਣੋ। ਜਿਸ ਵਿਧੀ ਅਨੁਸਾਰ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ॥ ੨੧ ॥

ਪੰਚ ਕੋਸ਼ ਪ੍ਰਥਮੇ ਨਿਰਧਾਰਹੁ। ਤਿਨ ਤੇ ਹੰਤਾ ਬੁੱਧਿ ਉਠਾਰਹੁ।
ਕੋਸ਼ ਅੰਨਮਯ ਵਹਿਰ ਸੁ ਦੇਹਾ। ਜਾਗ੍ਰਤ ਮਹਿਂ ਵਰਤਤਿ ਹੈ ਏਹਾ ॥੨੨ ॥

ਪੰਜ ਕੋਸ਼ਾਂ ਨੂੰ ਪਹਿਲਾਂ ਸਮਝੋ, ਉਸ ਤੋਂ "ਮੈਂ" ਬੁਧੀ ਹਟਾ ਦੇਵੋ। ਅੰਨਮਈ ਕੋਸ਼ (ਜੋ ਅੰਨ ਤੋਂ ਉਪਜਦਾ ਹੈ ਅਤੇ ਅੰਨ ਆਸਰੇ ਰਹਿੰਦਾ ਹੈ) ਦੇ ਬਾਹਰਲੀ ਜੋ ਹੱਡ ਮਾਸ ਦੀ ਦੇਹ ਹੈ, ਜਾਗਦਿਆਂ ਇਹ ਵਰਤੱਤ ਰਹਿੰਦੀ ਹੈ॥ ੨੨ ॥

ਲਖਹੁ ਅਨਾਤਮ ਯਾਂ ਕੇ ਰੂਪਾ। ਨਿਰਾਵਯਵ ਆਤਮ ਆਨੂਪਾ।
ਕੋਸ਼ ਪ੍ਰਾਣਮਯ ਤਿਸ ਤੇ ਅੰਤਰ। ਨਾਂਹਿ ਨ ਆਤਮ, ਜਾਨਿ ਨਿਰੰਤਰ ॥੨੩ ॥

ਇਸ ਨੂੰ ਅਨਾਤਮ (ਆਤਮਾ ਨਹੀਂ ਹੈ) ਰੂਪ ਸਮਝੋ, ਇਸ ਦੀ ਵੰਡ ਨਹੀਂ ਹੋ ਸਕਦੀ, ਉਹ ਆਤਮਾ ਅਨੂਪਮ ਹੈ ਅਤੇ ਸਥੂਲ ਸਰੀਰ ਵਾਂਗ ਅੰਗਾਂ ਵਾਲੀ ਨਹੀਂ। ਪ੍ਰਾਣਮਈ ਕੋਸ਼ ਇਸ ਤੋਂ ਵੱਖਰਾ ਹੈ, ਇਹ ਕੋਸ਼ ਆਤਮਾ ਨਹੀਂ ਹੈ, ਆਤਮਾ ਨੂੰ ਸਦਾ ਇਕ ਰਸ ਜਾਣੋ॥ ੨੩ ॥

ਬਹੁਰ ਮਨੋਮਯ ਕੋਸ਼ ਸੁਨੀਜੈ। ਸੋਪਿ ਅਨਾਤਮ ਰਿਦੇ ਲਖੀਜੈ।
ਕੋਸ਼ ਬਿਗਜਾਨ ਮਈ ਤਿਹ ਪਰੈ। ਤੀਨ ਕੋਸ਼, ਬਿਨ ਤਨ ਜੋ ਰਰੈ ॥੨੪ ॥

ਫਿਰ ਹੁਣ ਮਨੋਮਈ ਕੋਸ਼ ਬਾਰੇ ਸੁਣੋ। ਇਹ ਅਨਾਤਮ ਰੂਪ ਹੈ, ਭਾਵ ਹਿਰਦੇ ਵਿਚ ਇਸ ਨੂੰ ਇਹ ਸਮਝੋ ਕਿ ਇਹ ਵੀ ਆਤਮਾ ਨਹੀਂ ਹੈ। ਜਿਹੜੇ ਸਥੂਲ ਸਰੀਰ ਤੋਂ ਬਗੈਰ ਤਿੰਨ ਕੋਸ਼ ਪਿੱਛੇ ਕਹੇ ਹਨ, ਇਨ੍ਹਾਂ ਦੇ ਨਾਂ ਹਨ, ਪ੍ਰਾਣਮਈ ਕੋਸ਼, ਮਨੋਮਈ ਕੋਸ਼ ਅਤੇ ਵਿਗਿਆਨਮਈ ਕੋਸ਼॥ ੨੪ ॥

ਸੁਪਨ ਅਵਸਥਾ ਇਸ ਕੇ ਮਾਂਹੀ। ਬਿਚਰਤਿ ਆਤਮ ਰਪ ਤਹਾਂਹੀ।
ਲਖਹੁ ਨ ਇਤ ਸਰੂਪ ਨਿਜ ਕੇਰੋ। ਇਨ ਤੇ ਨਜਾਰੋ ਨੀਕੇ ਹੇਰੋ ॥੨੫॥

ਸੁਪਨ ਅਵਸਥਾ ਇਸ ਦੇ ਵਿਚ ਹੈ, ਇਥੇ ਹੀ ਆਤਮ ਰੰਗ ਚੜ੍ਹਦਾ ਹੈ, ਇਸ ਨੂੰ ਆਪਣਾ ਨਿੱਜੀ ਸਰੂਪ ਨਾ ਸਮਝੋ। ਆਪਣੇ ਆਪ ਨੂੰ ਇਸ ਤੋਂ ਚੰਗੇ ਅਤੇ ਨਿਆਰੇ ਸਮਝੋ॥ ੨੫॥

ਚਹੁੰਅਨ ਤੇ ਜੋ ਪਰੇ ਪਛਾਨਹੁ। ਕੋਸ਼ ਅਨੰਦ ਮਯਾਖਯ ਜਾਨੋ।
ਤਿਹ ਕੋ ਵਰਤਤਿ ਸੁਖਪਤਿ ਮਾਂਹੀ। ਰੂਪ ਆਪਨੋ ਲਖਹੁ ਸੁ ਨਾਂਹੀ ॥੨੬॥

ਇਨ੍ਹਾਂ ਚਾਰ ਕੋਸ਼ਾਂ ਦੇ ਬਾਅਦ ਜਿਹੜਾ ਪੰਜਵਾਂ ਕੋਸ਼ ਹੈ, ਉਸ ਦਾ ਨਾਂ ਅਨੰਦਮਈ ਕੋਸ਼ ਜਾਣੋ। ਸਖੋਪਤ ਅਵਸਥਾ ਦਾ ਇਸ ਵਿਚ ਵਰਤਾਰਾ ਹੈ। ਉਸ ਨੂੰ ਆਪਣਾ ਸਰੂਪ ਨਾ ਜਾਣੋ॥ ੨੬॥

ਇਨ ਤੇ ਪਰੇ ਨਿਰੰਜਨ ਰੂਪ। ਨਿਰਾਵਯਵ ਆਤਮਾ ਅਨੂਪ।
ਤਿਹ ਕੋ ਹੋਤਿ ਜਨਮ ਨਹਿਂ ਮਰਨਾ। ਹਰਖ ਸ਼ੋਕ ਰੰਚਕ ਨਹਿਂ ਬਰਨਾ ॥੨੭॥

ਇਸ ਤੋਂ ਪਰ੍ਹੇ ਮਾਇਆ-ਰਹਿਤ ਰੂਪ ਹੈ, ਇਹ ਵਿਭਾਗ ਨਾ ਹੋ ਸਕਣ ਵਾਲਾ, ਇਕ ਰੰਗ, ਇਕ ਰਸ ਅਤੇ ਇਕ ਰੂਪ ਹੈ। ਉਸ ਦਾ ਫਿਰ ਜਨਮ ਮਰਨ ਨਹੀਂ ਹੁੰਦਾ। ਖੁਸ਼ੀ ਗ਼ਮੀ ਦਾ ਰੰਚ ਭਰ ਵੀ ਵਰਤਾਰਾ ਨਹੀਂ ਹੋਇਆ॥ ੨੭॥

ਰਾਗ ਨ ਦ੍ਵੈਖ ਨ ਮੋਹ ਨ ਮਾਯਾ। ਰੋਗ ਬਿਓਗ ਨ ਭੋਗ ਅਜਾਯਾ।
ਸਤਿ ਚੇਤਨ ਆਨੰਦ ਮਹਾਨਾ। ਐਸੋ ਰੂਪ ਆਪਨੋ ਜਾਨਾ॥ ੨੮॥

ਪ੍ਰੇਮ ਨਾ ਦ੍ਵੈਖ, ਨਾ ਮੋਹ ਨਾ ਮਾਇਆ, ਨਾ ਰੋਗ ਹੈ, ਨਾ ਵਿਛੋੜਾ ਹੈ, ਨਾ ਭੋਗ ਹੈ ਅਤੇ ਜਨਮ ਰਹਿਤ ਹੈ। ਸਤ ਚੇਤਨ ਮਹਾਨ ਅਨੰਦ ਸਰੂਪ, ਇਸ ਤਰ੍ਹਾਂ ਦਾ ਤੁਸੀਂ ਆਪਣਾ ਰੂਪ ਜਾਣੋ॥ ੨੮॥

ਤਾਤ੍ਵਕ ਤਾਂਹਿ ਬਿਕਾਰ ਨ ਕੋਈ। ਕਲਪਤਿ ਸਭਿ ਉਪਾਧਿ ਸੋ ਹੋਈ।
ਜਿਉਂ ਰੱਜੂ ਮੈਂ ਹੈ ਅੱਗ੍ਯਾਨਾ। ਕਲਪੇ ਸਰਪ ਹੋਇ ਭ੍ਯਮਾਨਾ ॥੨੯॥

ਯਥਾਰਥ ਵਿਚ ਪੰਜ ਤੱਤ ਕ੍ਰਿਤ ਵਿਕਾਰ ਉਸ ਆਤਮਾ ਵਿਚ ਨਹੀਂ ਹਨ। ਉਸ ਦੀ ਸਾਰੀ ਉਪਾਧੀ ਕਲਪਿਤ ਹੁੰਦੀ ਹੈ, ਜਿਵੇਂ ਰੱਸੀ ਨੂੰ ਵੇਖ ਕੇ ਅਗਿਆਨੀ ਸੱਪ ਸਮਝ ਕੇ ਡਰ ਜਾਂਦਾ ਹੈ॥ ੨੯॥

ਫੂਲ ਮਾਲ ਕੋ ਤਾਂ ਕੋ ਮਾਨੇ। ਭੂਮ ਦਰਾਰ ਕੋਇ ਪਹਿਚਾਨੇ।
ਹੋਇ ਜਿ ਗ੍ਯਾਨ ਜਥਾਰਥ ਤਾਂਹੀ। ਰੱਜੂ ਬਿਨਾ ਔਰ ਕਛੁ ਨਾਂਹੀ ॥੩੦॥

ਕੋਈ ਉਸ ਨੂੰ ਫੁੱਲ ਮਾਲਾ ਸਮਝਦਾ ਹੈ ਅਤੇ ਧਰਤੀ ਵਿਚ ਦਰਾੜ ਪਈ ਪਹਿਚਾਣਦਾ ਹੈ। ਜੇ ਉਸ ਨੂੰ ਅਸਲੀ ਗਿਆਨ ਹੋਇਆ ਹੋਵੇ ਫਿਰ ਉਸ ਨੂੰ ਰੱਸੀ ਤੋਂ ਬਗੈਰ ਹੋਰ ਕੁਝ ਨਹੀਂ ਲੱਗਦਾ॥ ੩੦॥

ਤਿਉਂ ਅੱਗ੍ਯਾਨ ਹੇਤ ਜਗ ਕੇਰੋ। ਨਸ਼ਟ ਭਏ ਚੇਤਨ ਇਕ ਹੇਰੋ।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਦਾਸ ਅਵਿੱਦ੍ਯਾ ਸਗਰੀ ਰੋਕੀ ॥੩੧॥

''ਤਿਵੇਂ ਅਗਿਆਨ ਜਗਤ ਦਾ ਕਾਰਨ ਹੈ। ਅਗਿਆਨ ਨੂੰ ਨਾਸ਼ ਕਰਕੇ ਚੇਤਨ ਅਵਸਥਾ ਵੇਖੋ।'' ਇਹ ਕਹਿ ਕੇ ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ। ਉਹ ਅਵਿਦਿਆ ਜਿਹੜੀ ਭਾਈ ਲਹਿਣਾ ਜੀ ਵਿਚ ਅਸਲੀ ਜੀਵਾਂ ਵਾਂਗ ਅਸਲੀ ਨਹੀਂ ਸੀ, ਆਰਜ਼ੀ ਕਿਸੇ ਪ੍ਰਯੋਜਨ ਲਈ ਸੀ, ਸਾਰੀ ਰੋਕ ਦਿੱਤੀ, ਭਾਵ ਦੂਰ ਕਰ ਦਿੱਤੀ॥ ੩੧॥

ਇਕ ਸਰੂਪ ਕਾ ਦਰਸ ਦਿਖਾਯੋ। ਉਦਧਿ ਅਨੰਦ ਮਝਾਰ ਸਮਾਯੋ।
ਲਹਿਣੇ ਕੀ ਸਮਾਧਿ ਤਿਹਕਾਲਾ। ਲਗੀ ਅਖੰਡ ਨਿਮਗਨ ਬਿਸਾਲਾ ॥੩੨॥

ਇਕ ਸਰੂਪ ਦਾ ਦਰਸ਼ਨ ਕਰਵਾਇਆ, ਮਾਨੋਂ ਸਮੁੰਦਰ ਅਨੰਦ ਵਿਚ ਸਮਾ ਗਿਆ। ਭਾਈ ਲਹਿਣੇ ਦੀ ਉਸੇ ਵੇਲੇ ਸਮਾਧੀ ਲੱਗ ਗਈ। ਅਖੰਡ ਰੂਪ ਵਿਚ ਵਿਸ਼ਾਲ ਸਮਾਧੀ ਵਿਚ ਲਿਵਲੀਨ ਹੋ ਗਏ॥ ੩੨॥

ਜਨੁ ਦਿਨਕਰ ਕੋਟਿਕ ਚਢਿ ਗਏ। ਕ੍ਰਿਪਾ ਸੁ ਅਸ ਪ੍ਰਕਾਸ਼ ਨਿਰਮਏ।
ਸਗਰੋ ਤਿਮਰ ਅਗ੍ਯਾਨ ਨਸਾਯੋ। ਲੇਸ਼ ਅਵਿੱਦ੍ਯਾ ਕੋ ਨ ਰਹਾਯੋ॥੩੩॥

ਮਾਨੋਂ ਕਰੋੜਾਂ ਹੀ ਸੂਰਜ ਚੜ੍ਹ ਗਏ ਹੋਣ, ਗੁਰੂ ਦੀ ਕਿਰਪਾ ਨਾਲ ਐਸਾ ਪ੍ਰਕਾਸ਼ ਪ੍ਰਗਟ ਹੋਇਆ। ਹਨੇਰਾ ਰੂਪ ਅਗਿਆਨਤਾ ਸਾਰੀ ਦੂਰ ਹੋ ਗਈ। ਅਗਿਆਨਤਾ ਦਾ ਲੇਸ-ਮਾਤਰ ਵੀ ਨਾਂ ਨਾ ਰਿਹਾ॥ ੩੩॥

ਕਿਤਿਕ ਕਾਲ ਪੁਨ ਛੁਟੀ ਸਮਾਧਾ। ਪਿਖੇ ਅਗਾਰੀ ਗੁਰੂ ਅਗਾਧਾ।
ਪਰਿਓ ਪਦ ਪੰਕਜ ਤਤਕਾਲਾ। ਲਗ੍ਯੋ ਪ੍ਰਸ਼ੰਸ਼ਨ ਪ੍ਰੇਮ ਬਿਸ਼ਾਲਾ॥੩੪॥

ਕਾਫੀ ਸਮੇਂ ਬਾਅਦ ਭਾਈ ਲਹਿਣੇ ਦੀ ਸਮਾਧੀ ਖੁਲ੍ਹੀ। ਆਪਣੇ ਅੱਗੇ ਅਗਾਧ ਗੁਰੂ ਜੀ ਨੂੰ ਵੇਖਿਆ, ਓਸੇ ਵੇਲੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਢਹਿ ਪਏ। ਬੜੇ ਪ੍ਰੇਮ ਨਾਲ ਪ੍ਰਸੰਸਾ ਕਰਨ ਲੱਗੇ॥ ੩੪॥

*ਭੁਜੰਗ ਪ੍ਰਯਾਤ ਛੰਦ॥* 'ਨਮੋ ਪਾਦਕੰਜੰ ਗੁਰੂ ਗ੍ਯਾਨ ਗ੍ਯਾਤਾ! ਮਹਾਂ ਮੋਹ ਹੰਤਾ, ਘਨਾਨੰਦ ਦਾਤਾ!
ਨਮੋ ਲੋਕ ਲੋਕੇਸ਼੍ਵਰੰ, ਲੋਕ ਕਰਤਾ! ਸਦਾ ਸਰਬ ਥਾਨੰ ਸਦਾ ਸਰਬ ਭਰਤਾ॥ ੩੫॥

ਗਿਆਨ ਦੇ ਗਿਆਤਾ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੇਰੀ ਨਮਸ਼ਕਾਰ ਹੈ। ਜਿਹੜੇ ਮਹਾਂ ਮੋਹ ਨੂੰ ਮਾਰਨ ਵਾਲੇ ਹਨ ਅਤੇ ਗੂੜ੍ਹੇ ਅਨੰਦ ਦੇ ਦਾਤੇ ਹਨ। ਲੋਕਾਂ ਦੇ ਈਸ਼ਵਰ ਹਨ ਅਤੇ ਲੋਕਾਈ ਨੂੰ ਪੈਦਾ ਕਰਨ ਵਾਲੇ ਹਨ। ਸਦਾ ਸਭ ਥਾਂ ਰਹਿੰਦੇ ਹਨ ਅਤੇ ਸਦਾ ਸਭ ਨੂੰ ਪਾਲਦੇ ਹਨ॥ ੩੫॥

ਪ੍ਰਲੈਕਾਲ ਕਾਰੀ ਨਮੋ ਸਰਬ ਥਾਨੰ! ਮੁਕੰਦੰ, ਪਖੰਡੰ ਨਿਕੰਦੰ ਪ੍ਰਮਾਥੰ!
ਧਰ੍ਯੋ ਦੇਹਿ ਹੇਤੰ ਦੁਖੀ ਦੇਖਿ ਜੰਤੰ। ਕ੍ਰਿਪਾਲੰ ਬਿਸਾਲੰ, ਅਕਾਲੰ ਅਨੰਤੰ!॥੩੬॥

ਨਮਸ਼ਕਾਰ ਹੈ ਪ੍ਰਲੈਕਾਲ ਕਰਨ ਵਾਲੇ ਨੂੰ, ਨਮਸ਼ਕਾਰ ਹੈ ਉਸ ਨੂੰ ਜਿਹੜਾ ਸਭ ਥਾਂ ਹੈ। ਮੁਕਤੀਦਾਤੇ ਹਨ, ਪਖੰਡਾਂ ਦਾ ਨਾਸ਼ ਕਰਨ ਵਾਲੇ ਹਨ ਅਤੇ ਮਥ ਸੁੱਟਣ ਵਾਲੇ ਹਨ। ਜਨਤਾ ਨੂੰ ਦੁਖੀ ਵੇਖ ਕੇ ਮਨੁੱਖੀ ਸਰੀਰ ਧਾਰਨ ਕੀਤਾ ਹੈ। ਕਿਰਪਾਲੂ ਹਨ, ਵਿਸ਼ਾਲ ਹਨ, ਕਾਲ-ਰਹਿਤ ਹਨ ਅਤੇ ਅਨੰਤ ਹਨ॥ ੩੬॥

ਕਈ ਕੋਟ ਤਾਰੇ ਅਘੰ ਓਘ ਕਾਰੀ। ਮਹਾਂ ਦੂਖ ਦਾਹੇ, ਦਤਾਰੰ ਉਦਾਰੀ!
ਪ੍ਰਮੰ ਪਰਮਈਸ਼ੰ, ਪ੍ਰਮੰ ਪਰਮ ਬੇਤਾ! ਪ੍ਰਮੰ ਪਰਮ ਆਸ਼੍ਰੰ, ਪ੍ਰਮੰ ਪਰਮ ਜੇਤਾ॥੩੭॥

ਕਈ ਕ੍ਰੋੜ ਪਾਪੀਆਂ ਨੂੰ ਤਾਰਿਆ ਹੈ। ਮਹਾਨ ਦੁੱਖਾਂ ਨੂੰ ਸਾੜਿਆ ਹੈ, ਦਾਤੇ ਹਨ ਅਤੇ ਫਰਾਖ-ਦਿਲ ਹਨ। ਵੱਡਿਆਂ ਤੋਂ ਵੱਡੇ ਈਸ਼ਵਰ ਹਨ ਅਤੇ ਵੱਡਿਆਂ ਤੋਂ ਵੱਡੇ ਗਿਆਨਵਾਨ ਹਨ, ਵੱਡਿਆਂ ਤੋਂ ਵੱਡਿਆਂ ਦੇ ਆਸਰੇ ਹਨ। ਏਡੇ ਵੱਡੇ ਹਨ ਕਿ ਉਨ੍ਹਾਂ ਜਿੱਡਾ ਵੱਡਾ ਕੋਈ ਨਹੀਂ॥ ੩੭॥

ਪ੍ਰਮਾਨੰਦ ਮਾਧੋ, ਪ੍ਰਮੰ ਪ੍ਰੇਮਿ ਪਾਸੰ! ਪ੍ਰਭੂ ਪਰਮਪੂਰੰ, ਪ੍ਰਮੰ ਪਜਾਰ ਦਾਸੰ!
ਅਪ੍ਰੋਖੰ ਸੁ ਪ੍ਰੋਖੰ ਪ੍ਰਮੰ ਰੂਪ ਤੇਰੋ! ਤੁਹੀ ਏਕ ਨਜੰਤਾ ਸਦਾ ਮਾਯ ਕੇਰੋ॥੩੮॥

ਪਰਮ ਅਨੰਦ ਪ੍ਰਭੂ ਹੋ ਅਤੇ ਆਪਣੇ ਪ੍ਰੇਮੀਆਂ ਦੇ ਬਹੁਤ ਨੇੜੇ ਹੋ, ਪਰਮ ਪੂਰੇ ਵਾਹਿਗੁਰੂ ਹੋ ਅਤੇ ਆਪਣੇ ਦਾਸਾਂ ਨੂੰ ਪਰਮ ਪਿਆਰ ਕਰਦੇ ਹੋ। ਛੁਪੇ ਹੋਏ ਰੂਪ ਤੋਂ ਪ੍ਰਗਟ ਹੋਏ ਹੋ, ਇਹ ਗੁਰੂ ਰੂਪ ਆਪ ਦਾ ਮਹਾਨ ਰੂਪ ਹੈ। ਤੁਸੀਂ ਹੀ ਇਕ ਐਸੇ ਹੋ ਜਿਹੜੇ ਸਦਾ ਹੀ ਪ੍ਰੇਰਨਾ-ਸਰੋਤ ਹੋ॥ ੩੮॥

ਸਮਾਨੰ ਨ ਆਨੰ, ਬਖਾਨੰ ਕਿ ਕੀਜੈ। ਨਿਧਾਨੰ ਮਹਾਨੰ ਸੁ ਜਾਨੰ ਭਨੀਜੈ।

ਪੁਰਾਨੰ ਸੁਭਾਨੰ, ਪ੍ਰੇਮੰ, ਪਵਿੱਤ੍ਰੰ ! ਨਿਰਾਲੰਬ ਨਾਥੰ ਨਿਰਾਲੰਬ ਚਿੱਤ੍ਰੰ ॥ ੩੯ ॥

ਆਪ ਦੇ ਬਰਾਬਰ ਕੋਈ ਨਹੀਂ ਹੋ ਸਕਦਾ, ਇਸ ਦਾ ਕੀ ਵਰਨਣ ਕਰੀਏ ? ਤੁਸੀਂ ਆਦਿ ਤੋਂ ਹੀ ਸੁਤੇ ਪ੍ਰਕਾਸ਼ ਵਾਲੇ ਅਤੇ ਅਸਚਰਜ ਰੂਪ ਵਾਲੇ ਹੋ, ਪ੍ਰੇਮ ਰੂਪ ਹੋ ਅਤੇ ਪਵਿੱਤਰ ਸਰੂਪ ਹੋ। ਨਿਆਸਰਿਆਂ ਦਾ ਆਸਰਾ ਹੋ। ਪਰ ਆਪ ਦਾ ਸਰੂਪ ਨਿਰਆਸਰੇ ਹੈ॥ ੩੯ ॥

ਨਿਰਾਕਾਰ ਸਾਕਾਰ ਏਕੋ ਤੁਹੀ ਹੈ! ਅਜਾ ਤੇ ਪਰੇ ਰੂਪ ਤੇਰੋ ਸਹੀ ਹੈ।
ਅਲੱਖੰ, ਅਭੱਖੰ, ਅਕੱਥੰ, ਅਲੇਖੰ ! ਅਮੋਹੰ, ਅਦ੍ਰੋਹੰ, ਅਜੋਹੰ, ਅਭੇਖੰ ॥ ੪੦ ॥

ਨਿਰਾਕਾਰ ਅਤੇ ਸਾਕਾਰ ਇਕੋ ਤੁਸੀਂ ਹੋ। ਮਾਇਆ ਤੋਂ ਪਰ੍ਹੇ ਤੁਹਾਡਾ ਸਹੀ ਰੂਪ ਹੈ। ਤੁਹਾਨੂੰ ਜਾਣਿਆ ਨਹੀਂ ਜਾ ਸਕਦਾ, ਤੁਸੀਂ ਕੁਝ ਵੀ ਨਹੀਂ ਖਾਂਦੇ ਹੋ, ਭਾਵ ਨਿਰਾਹਾਰ ਰਹਿੰਦੇ ਹੋ, ਤੁਸੀਂ ਕਥਨ-ਰਹਿਤ ਹੋ, ਤੁਸੀਂ ਕਿਸੇ ਲੇਖ ਅਧੀਨ ਨਹੀਂ ਹੋ, ਮੋਹ-ਰਹਿਤ ਹੋ, ਕਿਸੇ ਪਾਸੋਂ ਛਲੇ ਨਹੀਂ ਜਾ ਸਕਦੇ, ਤੁਸੀਂ ਅੱਖਾਂ ਨਾਲ ਵੇਖੇ ਨਹੀਂ ਜਾ ਸਕਦੇ, ਅਤੇ ਭੇਸ-ਰਹਿਤ ਹੋ॥ ੪੦॥

ਨ ਮਿੱਤਯੰ ਅਕਿੱਤਯੰ ਸੁ ਨਿੱਤਯੰ ਅਜਿੱਤਯੰ। ਅਮਾਯੰ ਸੁ ਦਾਸੰ ਸਹਾਯੰ ਤ ਚਿੱਤਯੰ।
ਮਨੰ ਕਾਨਨੰ ਕਾਮ ਕ੍ਰੋਧਾਦਿ ਗੈ ਸੇ। ਤੁਮਾਰੇ ਸੁ ਬੈਨੰ ਅਹੈਂ ਸਿੰਘ ਜੈਸੇ ॥ ੪੧ ॥

ਤੁਸੀਂ ਮਿੱਤਰ-ਰਹਿਤ ਹੋ, ਬੇਹੱਦ ਹੋ, ਅਕ੍ਰੈ ਹੋ, ਸਦਾ ਰਹਿੰਦੇ ਹੋ ਅਤੇ ਕਿਸੇ ਪਾਸੋਂ ਜਿੱਤੇ ਨਹੀਂ ਜਾ ਸਕਦੇ, ਤੁਸੀਂ ਚਿੱਤ ਤੋਂ ਸਹਾਇਤਾ ਕਰਕੇ ਆਪਣੇ ਦਾਸਾਂ ਨੂੰ ਮਾਇਆ-ਰਹਿਤ ਕਰਦੇ ਹੋ। ਮਨ ਰੂਪੀ ਬਣ ਵਿਚ ਜਿਹੜੀ ਕਾਮ, ਕ੍ਰੋਧ ਵਰਗੇ ਹਾਥੀਆਂ ਨੂੰ ਦਬਾ ਦਿੰਦੀ ਹੈ, ਤੁਹਾਡੀ ਆਵਾਜ਼ ਸ਼ੇਰਾਂ ਵਰਗੀ ਹੈ ॥ ੪੧ ॥

ਅੰਧੇਰੇ ਮਹਾਂ ਮੋਹ ਕੋ ਮਾਰਤੰਡੰ। ਨਿਰੀਹੰ, ਨ੍ਰਿਬਾਣੰ, ਸਦਾ ਜੈ ਅਖੰਡੰ!
ਦੁਖੰ ਦ੍ਵੰਦ ਸਿੰਧੰ ਅਗਸਤੰ ਅਨੂਪੰ। ਨਮਸਤੰ ਨਮਸਤੰ ਨਮਸਤੰ ਸਰੂਪੰ' ॥ ੪੨ ॥

ਮਹਾਂ ਮੋਹ ਰੂਪੀ ਹਨੇਰੇ ਵਾਸਤੇ ਤੁਸੀਂ ਸੂਰਜ ਹੋ। ਤੁਸੀਂ ਇੱਛਾ-ਰਹਿਤ ਹੋ, ਨਿਰਬਾਣ ਹੋ, ਹੇ ਖੰਡਨ ਰਹਿਤ ! ਤੁਹਾਡੀ ਸਦਾ ਜੈ ਹੋਵੇ। ਦ੍ਵੰਦ ਦੁੱਖਾਂ ਰੂਪੀ ਸਮੁੰਦਰ ਲਈ ਤੁਸੀਂ ਅਗਸਤ ਮੁਨੀ ਹੋ (ਅਗਸਤ ਮੁਨੀ ਸਮੁੰਦਰ ਪੀ ਗਿਆ ਸੀ)। ਹੇ ਅਨੁਪਮ ਸਰੂਪ ! ਤੁਹਾਨੂੰ ਨਮਸ਼ਕਾਰ ਹੈ, ਨਮਸ਼ਕਾਰ ਹੈ, ਨਮਸ਼ਕਾਰ ਹੈ॥ ੪੨ ॥

ਦੋਹਰਾ- ਇਸ ਬਿਧਿ ਉਸਤਤਿ ਕਰਿ ਬਹੁਰ ਰਹਜੇ ਚਰਨ ਲਪਟਾਇ।
ਪਠੈ ਸੁਨੈ ਇਸਕੋ ਜੁ ਨਰ ਸਰਬ ਫਲੰ ਸੁਖ ਪਾਇ॥ ੪੩ ॥

ਭਾਈ ਲਹਿਣਾ ਜੀ ਇਸ ਤਰ੍ਹਾਂ ਉਸਤਤਿ ਕਰਕੇ ਫਿਰ ਗੁਰੂ ਜੀ ਦੇ ਚਰਨਾਂ ਨਾਲ ਜੁੜ ਗਏ। ਜਿਹੜਾ ਵੀ ਮਨੁੱਖ ਇਸ ਨੂੰ ਪੜ੍ਹੇ ਸੁਣੇਗਾ, ਉਹ ਸਰਬ ਪ੍ਰਕਾਰ ਦੇ ਫਲ ਪ੍ਰਾਪਤ ਕਰਕੇ ਸੁਖ ਪਾਏਗਾ॥ ੪੩ ॥

ਚੌਪਈ- 'ਧੰਨ ਗੁਰੂ ਤੁਮਰੀ ਗਤਿ ਨਯਾਰੀ। ਅਚਰਜ ਰੂਪ ਸੁ ਦੀਨ ਦਿਖਾਰੀ।
ਭਰਮ ਕਪਾਟ ਸੁ ਕਾਟਿ ਹਟਾਏ। ਪਰਮਾਨੰਦ ਮਝਾਰ ਮਿਲਾਏ' ॥ ੪੪ ॥

''ਹੇ ਗੁਰੂ ਜੀ ! ਤੁਸੀਂ ਧੰਨ ਹੋ, ਤੁਹਾਡੀ ਗਤ ਨਿਆਰੀ ਹੈ, ਜਿਹੜਾ ਤੁਸੀਂ ਅਸਚਰਜ ਰੂਪ ਵਿਖਾਇਆ ਹੈ ਉਸ ਨੇ ਮੇਰੇ ਭਰਮ ਦੇ ਕਪਾਟ ਕੱਟ ਕੇ ਹਟਾ ਦਿੱਤੇ ਹਨ ਅਤੇ ਪਰਮ ਅਨੰਦ ਦੇ ਨਾਲ ਮਿਲਾ ਦਿੱਤਾ ਹੈ''॥ ੪੪ ॥

ਸੁਨਤਿ ਗਜਾਨਘਨ ਪਰਮ ਕ੍ਰਿਪਾਲਾ। ਪਰਸੀਦੇ ਤਿਹ ਕਾਲ ਬਿਸਾਲਾ।
ਸਰਬ ਸਿੱਧਿ ਸ਼ਕਤੀ ਹੈਂ ਜੇਤੀ। ਖਰੀ ਅਗਾਰੀ ਕਰਿ ਦਿਯ ਤੇਤੀ ॥ ੪੫ ॥

ਇਹ ਸੁਣ ਕੇ ਗਿਆਨ ਦੇ ਘਣ ਪਰਮ ਕ੍ਰਿਪਾਲੂ ਗੁਰੂ ਜੀ ਉਸ ਸਮੇਂ ਬਹੁਤ ਪ੍ਰਸੰਨ ਹੋਏ। ਜਿੰਨੀ ਵੀ ਸਰਬ ਸਿੱਧੀ ਸ਼ਕਤੀ ਹੈ ਉਹ ਸਾਰੀ ਭਾਈ ਲਹਿਣੇ ਜੀ ਦੇ ਅੱਗੇ ਲਿਆ ਕੇ ਖੜ੍ਹੀ ਕਰ ਦਿੱਤੀ॥ ੪੫ ॥

'ਸੁਨਿ ਪੁਰਖਾ ਤੁਝ ਭਾ ਅਬ ਗ੍ਯਾਨਾ। ਦ੍ਵੈਤ ਭਾਉ ਉਰ ਤੇ ਬਿਸਰਾਨਾ।
ਸਰਬ ਜਿ ਸ਼ਕਤੀ ਪ੍ਰਾਪਤਿ ਹੋਈ। ਚਹਹੁ ਸੁ ਕਰਹੁ ਬਿਲੰਬ ਨ ਕੋਈ ॥੪੬॥

ਕਹਿਣ ਲੱਗੇ, "ਪੁਰਖਾ ! ਸੁਣ, ਤੈਨੂੰ ਹੁਣ ਗਿਆਨ ਹੋ ਗਿਆ ਹੈ, ਦ੍ਵੈਤ ਭਾਵਨਾ ਹਿਰਦੇ ਵਿਚੋਂ ਵਿਸਾਰ ਦਿੱਤੀ ਹੈ। ਸਾਰੀ ਸ਼ਕਤੀ ਜੋ ਪ੍ਰਾਪਤ ਹੋਈ ਹੈ ਜੋ ਚਾਹੇ ਸੋ ਕਰੇ, ਕਿਸੇ ਪ੍ਰਕਾਰ ਦੀ ਦੇਰ ਨਾ ਲਾਵੇ॥ ੪੬॥

ਤੱਦਪਿ ਸੁਨਿ ਮੇਰੀ ਮਤਿ ਜੋਊ। ਨੀਕੇ ਦ੍ਰਿੜ ਕੀਜੈ ਉਰ ਸੋਊ।
ਪ੍ਰਬਲ ਬਡੋ ਕਲਿਕਾਲ ਅਗਾਰੀ। ਉਪਜੈਂ ਮੰਦਮਤੀ ਨਰ ਭਾਰੀ ॥੪੭॥

ਫਿਰ ਵੀ ਮੇਰੀ ਜੋ ਰਾਏ ਹੈ, ਉਸ ਨੂੰ ਚੰਗੀ ਤਰ੍ਹਾਂ ਹਿਰਦੇ ਵਿੱਚ ਦ੍ਰਿੜ ਕਰੋ। ਪ੍ਰਬਲ ਵੱਡਾ ਕਲਿਜੁਗ ਅੱਗੇ ਹੈ, ਮੰਦੀ ਮੱਤ ਵਾਲੇ ਮਨੁੱਖ ਬਹੁਤ ਪੈਦਾ ਹੋਣਗੇ॥ ੪੭॥

ਅਹੰ ਬ੍ਰਹਮ ਜੋ ਗ੍ਯਾਨ ਮੁਕੰਦਾ। ਜਿਸ ਤੇ ਪ੍ਰਾਪਤਿ ਨਿੱਤ ਅਨੰਦਾ।
ਸੋ ਤੋ ਨੀਕੇ ਹਿਰਦੇ ਮਾਂਹੀ। ਮੁਖ ਤੇ ਕਹਿਨ ਭਲੋ ਅਬ ਨਾਂਹੀ ॥੪੮॥

ਅਹੰ ਬ੍ਰਹਮ ਗਿਆਨ ਜੋ ਮੁਕਤੀਦਾਤਾ ਹੈ, ਜਿਸ ਤੋਂ ਸਦਾ ਅਨੰਦ ਪ੍ਰਾਪਤ ਹੁੰਦਾ ਹੈ, ਉਹ ਤੇਰੇ ਹਿਰਦੇ ਵਿਚ ਚੰਗੀ ਤਰ੍ਹਾਂ ਵੱਸ ਗਿਆ ਹੈ, ਮੁੱਖ ਤੋਂ ਕਹਿਣਾ ਹੁਣ ਭਲਾ ਨਹੀਂ॥ ੪੮॥

ਬੋਲਨ ਭਾਉ ਭਗਤਿ ਕੀ ਰੀਤੀ। ਸਤਿ ਸੰਗਤਿ ਕਰਨੋਂ ਯੁਤ ਪ੍ਰੀਤੀ।
ਅਪਨ ਆਪ ਕੋ ਕਬਿ ਨ ਜਨਾਵਨ। ਗੁਰ ਸੇਵਨ ਦਿਨ ਰੈਨ ਬਿਤਾਵਨ ॥੪੯॥

ਬੋਲਣ ਵਿਚ ਪ੍ਰੇਮ ਭਗਤੀ ਦੀ ਰੀਤੀ ਚਾਹੀਦੀ ਹੈ, ਸਤਿਸੰਗਤ ਨਾਲ ਪ੍ਰੀਤ ਕਰਨੀ ਹੈ। ਆਪਣੇ ਆਪ ਨੂੰ ਜਣਾਵਨਾ ਨਹੀਂ ਚਾਹੀਦਾ। ਗੁਰੂ ਦੀ ਸੇਵਾ ਕਰਨ ਵਿਚ ਦਿਨ ਰਾਤ ਬਿਤੀਤ ਕਰਨਾ ਹੈ॥ ੪੯॥

ਜਿਸ ਅਚਾਰ ਕੋ ਨਰ ਸਭਿ ਦੇਖਾ। ਲਗਹਿਂ ਕਰਨ, ਹ੍ਵੈ ਭਲਾ ਵਿਸ਼ੇਖਾ।
ਸਭਿ ਤੇ ਨੀਚ ਆਪਕੋ ਮਾਨੈਂ। ਰਿਦੇ ਹੰਕਾਰ ਨ ਕਬਹੂੰ ਠਾਨੈਂ ॥੫੦॥

ਜਿਸ ਆਚਰਨ ਨੂੰ ਸਭ ਮਨੁੱਖਾਂ ਨੇ ਵੇਖਿਆ, ਉਹ ਬਹੁਤ ਭਲੇ ਹੋ ਕੇ ਉਸ ਤਰ੍ਹਾਂ ਹੀ ਕਰਨ ਲੱਗ ਗਏ। ਆਪਣੇ ਆਪ ਨੂੰ ਸਭ ਤੋਂ ਨੀਚ ਮੰਨਦੇ ਹਨ। ਹਿਰਦੇ ਵਿਚ ਕਦੇ ਵੀ ਹੰਕਾਰ ਨਹੀਂ ਧਾਰਣ ਕਰਦੇ॥ ੫੦॥

ਦੋਹਰਾ-ਬ੍ਰਹਮ ਗਿਆਨੀ ਹੋਇ ਜੇ ਅਹੰ ਬ੍ਰਹਮ ਕਹਿ ਜੋਇ।
ਸੋ ਤੋਂ ਸਦ ਹੀ ਮੁਕਤ ਹੈ ਤਾਂਹਿ ਬਿਕਾਰ ਨ ਕੋਇ॥ ੫੧॥

ਜੇ ਸੱਚੀ-ਮੁੱਚੀ ਕੋਈ ਬ੍ਰਹਮ-ਗਿਆਨੀ ਹੋਏ ਅਤੇ ਇਹ ਕਹੇ ਕਿ ਮੈਂ ਬ੍ਰਹਮਾ ਹਾਂ, ਉਸ ਤੋਂ ਸਦਾ ਹੀ ਮੁਕਤੀ ਪ੍ਰਾਪਤ ਹੁੰਦੀ ਹੈ, ਉਸ ਵਿਚ ਕੋਈ ਵਿਕਾਰ ਨਹੀਂ ਹੁੰਦਾ॥ ੫੧॥

ਚੌਪਈ- ਪਰ ਕਲਿ ਕੇ ਨਰ ਹ੍ਵੈਂ ਸਿੱਖ ਤਾਂਹੀ। ਜਿਨ ਕੇ ਰਿਦੇ ਸੁੱਧ ਭਲ ਨਾਂਹੀ।
ਸੁਨਿਕੇ ਕਹਿਨ ਲਗੈਂ ਪੁਨ ਤੈਸੇ। ਗੁਰੂ ਬਦਨ ਤੇ ਭਾਖੈ ਜੈਸੇ॥ ੫੨॥

ਪਰ ਕਲਿਜੁਗ ਦੇ ਮਨੁੱਖ ਤਦ ਹੀ ਉਸ ਬ੍ਰਹਮ ਗਿਆਨੀ ਦੇ ਸਿੱਖ ਹੋਣਗੇ, ਜਿਨ੍ਹਾਂ ਦੇ ਹਿਰਦੇ ਸ਼ੁੱਧ ਅਤੇ ਭਲੇ ਨਹੀਂ ਹਨ। ਗੁਰੂ ਦੇ ਬਚਨ ਸੁਣ ਕੇ ਉਹ ਵੀ ਕਹਿਣ ਲੱਗ ਪੈਣਗੇ, ਗੁਰੂ ਜੀ ਆਪਣੇ ਮੁੱਖ ਤੋਂ ਜਿਸ ਤਰ੍ਹਾਂ ਬੋਲਦੇ ਹਨ॥ ੫੨॥

ਤਿਨ ਕੀ ਜਿਉਂ ਹੈ ਰੀਤਿ ਕੁਢਾਲੀ। ਸੋ ਸੁਨਿ ਲੇਹੁ ਕਹੌਂ ਬਿਧਿ ਨਾਲੀ।
ਗ੍ਯਾਨ ਸਮਾਨ ਘ੍ਰਿਤ ਕੇ ਜਾਨਹੁ। ਉਤਮ, ਗਰਵ ਵਿਸ਼ੇਸ਼ ਪ੍ਰਮਾਨਹੁ ॥੫੩॥

ਤਿਨ੍ਹਾਂ ਦੀ ਜਿਵੇਂ ਰੀਤੀ ਭੈੜੀ ਹੈ, ਸੋ ਸੁਣੋ, ਮੈਂ ਵਿਧੀ ਨਾਲ ਕਹਿੰਦਾ ਹਾਂ, ਗਿਆਨ ਨੂੰ ਘਿਉ ਦੇ ਸਮਾਨ ਜਾਣੋ। ਘਿਉ ਚੰਗਾ ਹੈ ਪਰ ਖਾਣ ਵਿਚ ਭਾਰੀ ਦੁਜ਼ਪਚ (ਨਾ ਪਚਣ ਵਾਲਾ) ਜਾਣੋ॥ ੫੩॥

ਕਫ ਸੁਭਾਵ ਜਿਨ ਕੇਰ ਮਹਾਨਾ। ਤੇ ਨਰ ਘ੍ਰਿਤ ਕਰਿਹੀ ਜੇ ਪਾਨਾ।
ਪਚੇ ਨਹੀਂ ਸੋ ਕਰਤਿ ਬਿਕਾਰਾ। ਛਾਤੀ ਬੋਝ ਹੋਤਿ ਦੁਖ ਭਾਰਾ॥ ੫੪॥

ਜਿਨ੍ਹਾਂ ਦਾ ਮਹਾਨ ਕਫ ਵਾਲਾ ਸੁਭਾਵ ਹੈ, ਉਹ ਮਨੁੱਖ ਜੇ ਘਿਉ ਖਾਂਦੇ ਹਨ, ਉਨ੍ਹਾਂ ਨੂੰ ਘਿਉ ਪਚਦਾ ਨਹੀਂ ਤੇ ਵਿਕਾਰ ਪੈਦਾ ਕਰਦਾ ਹੈ। ਛਾਤੀ ਤੇ ਭਾਰ ਪੈਂਦਾ ਹੈ ਤੇ ਭਾਰੀ ਦੁੱਖ ਹੁੰਦਾ ਹੈ॥ ੫੪॥

ਹੋਤਿ ਰੋਗ ਕੋ ਕਾਰਣ ਸੋਈ। ਤਹਿਂ ਤੇ ਸੁਖੀ ਸ਼ਰੀਰ ਨ ਹੋਈ।
ਅਚਰੋ ਹੇਤ ਸੁਖ, ਹ੍ਵੈ ਬਿੱਪ੍ਰੀਤਾ। ਗੁਨ ਤੇ ਰਹਜੋ ਸੁ ਔਗੁਨ ਕੀਤਾ॥ ੫੫॥

ਸੋਈ ਘਿਉ ਰੋਗ ਦਾ ਕਾਰਨ ਬਣਦਾ ਹੈ, ਉਸ ਨਾਲ ਸਰੀਰ ਸੁਖੀ ਨਹੀਂ ਹੁੰਦਾ। ਉਸ ਨੇ ਤਾਂ ਸੁਖ ਵਾਸਤੇ ਖਾਧਾ ਸੀ, ਪਰ ਹੋ ਗਿਆ ਉਸ ਦੇ ਉਲਟ। ਗੁਣ ਪ੍ਰਾਪਤ ਕਰਨ ਤੋਂ ਰਹਿ ਗਿਆ, ਸਗੋਂ ਔਗੁਣ ਲੈ ਬੈਠਾ॥ ੫੫॥

ਪਿੱਤੀ ਕੋ ਜਿਨ ਕੇਰ ਸੁਭਾਊ। ਤੇ ਘ੍ਰਿਤ ਪੀ ਕਰਿ ਚਹੈਂ ਪਚਾਊ।
ਤਿਨਕੋ ਅਤੀਸਾਰ ਦੁਖ ਹੋਈ। ਮਿਟਤਿ ਨ ਕਰੇ ਉਪਾਇ ਜਿ ਕੋਈ॥ ੫੬॥

ਜਿਨ੍ਹਾਂ ਦਾ ਸੁਫਰਾਣੀ (ਭਾਵ ਪਿੱਤ ਵਾਲਾ) ਸੁਭਾਵ ਹੁੰਦਾ ਹੈ, ਉਹ ਘਿਉ ਪੀ ਕੇ ਵੀ ਪਚਾ ਲੈਂਦੇ ਹਨ। ਜਿਨ੍ਹਾਂ ਨੂੰ ਅਤੀਸਾਰ (ਦਸਤ ਲੱਗਣ) ਦਾ ਦੁੱਖ ਹੁੰਦਾ ਹੈ। ਕੋਈ ਵੀ ਉਪਾਅ ਕਰ ਲੈਣ ਰੋਗ ਮਿਟਦਾ ਨਹੀਂ॥ ੫੬॥

ਅਹੈਂ ਬਿਚੱਛਨ ਮਾਨਵ ਜੋਈ। ਠਟੇ ਅਮੇਜ਼ ਤਾਂਹਿ ਕੋ ਸੋਈ।
ਮਿਸਰੀ ਕੀ ਕਰਿ ਸੰਗ ਮਿਲੌਨੀ। ਖਾਇਂ ਸਾਦ ਸੋਂ ਪੁਨ ਗੁਨ ਲੌਨੀ॥ ੫੭॥

ਜਿਹੜੇ ਵਿਲੱਖਣ ਮਨੁੱਖ ਹੁੰਦੇ ਹਨ, ਉਹ ਕੋਈ ਚੀਜ਼ ਰਲਾ ਕੇ ਵਰਤਦੇ ਹਨ। ਉਹ ਮਿਸ਼ਰੀ ਦੇ ਨਾਲ ਮਿਲਾਉਂਦੇ ਹਨ, ਸਵਾਦ ਨਾਲ ਖਾਂਦੇ ਹਨ ਅਤੇ ਫਿਰ ਗੁਣ ਪ੍ਰਾਪਤ ਕਰਦੇ ਹਨ॥ ੫੭॥

ਤੈਸੇ ਸੁਨਹੁ ਗਜਾਨ ਕੀ ਚਾਲੀ। ਪਾਇ ਰੀਤਿ ਜਿਸ ਹੋਤਿ ਕੁਢਾਲੀ।
ਜਿਨਕੋ ਕਫ ਹੰਕਾਰ ਘਨੇਰਾ। ਸੁਨਤਿ ਗਜਾਨ ਤਿਨ ਵਧੇ ਵਧੇਰਾ॥ ੫੮॥

ਇਸ ਤਰ੍ਹਾਂ ਗਿਆਨ ਦੀ ਚਾਲ ਸੁਣੋ, ਜਿਸ ਰੀਤੀ ਨਾਲ ਪਾ ਕੇ ਨੁਕਸਾਨ ਹੁੰਦਾ ਹੈ। ਜਿਨ੍ਹਾਂ ਨੂੰ ਕੱਫ ਰੂਪੀ ਬਹੁਤ ਹੰਕਾਰ ਹੈ, ਗਿਆਨ ਸੁਣ ਕੇ ਉਨ੍ਹਾਂ ਦਾ ਹੰਕਾਰ ਹੋਰ ਵੀ ਵਧਦਾ ਹੈ॥ ੫੮॥

ਸਭਿ ਤੈ ਊਚ ਆਪ ਕੋ ਜਾਨੈਂ। ਅਨਿਕ ਪਖੰਡਨ ਕੀ ਬਿਧਿ ਠਾਨੈਂ।
ਭਗਤਿ ਭਾਉ ਤਜਿ ਨਿਵੈਂ ਨ ਕਾਹੂ। ਛਾਤੀ ਰੋਗ ਬੋਝ ਹੁਇ ਤਾਂਹੂ॥ ੫੯॥

ਆਪਣੇ ਆਪ ਨੂੰ ਉਹ ਸਾਰਿਆਂ ਨਾਲੋਂ ਉੱਚੇ ਸਮਝਦੇ ਹਨ, ਕਈ ਤਰ੍ਹਾਂ ਨਾਲ ਪਾਖੰਡ ਕਰਦੇ ਹਨ, ਭਗਤੀ ਭਾਵਨਾ ਨੂੰ ਉਨ੍ਹਾਂ ਛੱਡ ਦਿੱਤਾ ਹੈ ਅਤੇ ਕਦੀ ਵੀ ਆਪਣੇ ਆਪ ਨੂੰ ਨੀਵਾਂ ਨਹੀਂ ਸਮਝਦੇ। ਕੱਫ ਦੇ ਰੋਗੀਆਂ ਵਾਂਗ ਉਨ੍ਹਾਂ ਦੀ ਛਾਤੀ 'ਤੇ ਭਾਰ ਪਿਆ ਰਹਿੰਦਾ ਹੈ॥ ੫੯॥

ਜਨਮ ਮਰਨ ਕੀ ਪੀਰਾ ਪਾਈ। ਸੁਖ ਤੇ ਰਹਜੋ, ਭਯੋ ਦੁਖਦਾਈ।
ਪਿੱਤੀ ਬਿਸ਼ੈ ਬਾਸ਼ਨਾ ਜਾਂਹੀ। ਤੇ ਸੁਨਿਕੈ ਨਿਸ਼ੰਕ ਹੁਇ ਜਾਹੀਂ॥ ੬੦॥

ਜਨਮ ਮਰਨ ਦੀ ਪੀੜ ਨੂੰ ਪਾਉਂਦੇ ਹਨ, ਸੁੱਖ ਤੋਂ ਰਹਿ ਜਾਂਦੇ ਹਨ ਅਤੇ ਦੁੱਖ ਪ੍ਰਾਪਤ ਕਰਦੇ ਹਨ। ਪਿੱਤ ਰੂਪੀ ਜਿਥੇ ਵਿਸ਼ੇ ਵਾਸ਼ਨਾ ਹਨ ਉਹ ਗੁਰੂ ਦੇ ਬਚਨ ਸੁਣ ਕੇ ਸ਼ੰਕਾ-ਰਹਿਤ ਹੋ ਜਾਂਦੇ ਹਨ॥ ੬੦॥

ਬੀਚ ਬਿਸ਼ੈ ਕੇ ਫਸਕੇ ਸੋਈ। ਓਰਕ ਨਰਕ ਗਮਨ ਤਿਨ ਹੋਈ।
ਬਿਸ਼ਿਜਨ ਬਿਖੇ ਪ੍ਰਵਿਰਤਨ ਜੋਈ। ਅਤੀਸਾਰ ਇਹ ਖਰੋ ਦੁਖੋਈ ॥੬੧॥

ਵਿਸ਼ੇ ਵਿਚ ਫਸ ਕੇ ਉਹ ਓੜਕ ਨਰਕ ਨੂੰ ਚਲੇ ਜਾਂਦੇ ਹਨ। ਵਿਸ਼ਿਆਂ ਵਿੱਚ ਵਰਤਣਾ ਜੋ ਹੈ, ਦਸਤ ਦੇ ਰੋਗੀ ਵਾਂਗ ਹੋ ਕੇ ਉਹ ਬਹੁਤ ਦੁਖੀ ਹੁੰਦੇ ਹਨ॥ ੬੧॥

ਤਾਂਤੇ ਮਿਸਰੀ ਭਗਤਿ ਸੰਜੂਤੀ। ਲਖਹਿਂ ਗਜਾਨ ਤਿਨ ਕੀ ਮਤਿ ਪੂਤੀ।
ਨਿਸ਼ਚਾ ਰਿਦੇ ਗਜਾਨ ਕੋ ਧਰਿਹੀਂ। ਭਾਉਭਗਤਿ ਬਾਹਰ ਸ਼ੁਭ ਕਰਿਹੀਂ ॥੬੨॥

ਇਸ ਲਈ ਜੇ ਉਹ ਭਗਤੀ ਰੂਪੀ ਮਿਸ਼ਰੀ ਸਮੇਤ ਸਮਝਦੇ ਹਨ ਤਾਂ ਉਨ੍ਹਾਂ ਦੀ ਮੱਤ ਗਿਆਨ ਨਾਲ ਪਵਿੱਤਰ ਹੋ ਜਾਂਦੀ ਹੈ। ਨਿਸ਼ਚੇ ਹੀ ਹਿਰਦੇ ਵਿਚ ਗਿਆਨ ਨੂੰ ਧਾਰਦੇ ਹਨ। ਫਿਰ ਸ਼ੁਭ ਪ੍ਰੇਮ-ਭਗਤੀ ਕਰਦੇ ਹਨ॥ ੬੨॥

ਤਿਨਕੋ ਦੁਖ ਨਹਿਂ ਲਾਗੇ ਕੋਈ। ਸੁਖ ਭਾ, ਪਹੁੰਚ ਪਰਮਪਦ ਹੋਈ।
ਇਹ ਸਿੱਧਾਂਤ ਸਭਨਿ ਤੇ ਨੀਕਾ। ਹੁਇ ਉਧਾਰ ਜਗ ਤੇ ਜਿਉਂ ਜੀ ਕਾ ॥੬੩॥

ਉਨ੍ਹਾਂ ਨੂੰ ਕੋਈ ਦੁੱਖ ਨਹੀਂ ਲੱਗਦਾ, ਸੁਖ ਪ੍ਰਾਪਤ ਕਰਕੇ ਪਰਮ ਪਦ ਹਾਸਲ ਕਰਦੇ ਹਨ। ਇਹ ਸਿਧਾਂਤ ਸਭ ਤੋਂ ਚੰਗਾ ਹੈ, ਜਿਵੇਂ ਜੀਅ ਦਾ ਜੱਗ ਵਿਚ ਉਧਾਰ ਹੁੰਦਾ ਹੈ॥ ੬੩॥

ਕਲਿ ਮੈਂ ਔਰ ਉਪਾਇ ਨ ਕੋਈ। ਭਗਤਿ ਗਜਾਨ ਤੇ ਕੈਵਲ ਹੋਈ।
ਤਿਨ ਕੀ ਪ੍ਰਾਪਤਿ ਜੇ ਨਰ ਚਹਿਈਂ। ਸੋ ਸਤਿਸੰਗ ਖੋਜਿ ਜਗ ਲਹਿਈਂ ॥੬੪॥

ਕਲਿਜੁਗ ਵਿਚ ਹੋਰ ਕੋਈ ਉਪਾਅ ਨਹੀਂ ਹੈ, ਭਗਤੀ ਗਿਆਨ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਇਸ ਦੀ ਪ੍ਰਾਪਤੀ ਜਿਹੜਾ ਮਨੁੱਖ ਵੀ ਚਾਹੁੰਦਾ ਹੈ, ਉਹ ਜੱਗ ਵਿਚ ਸਤਿਸੰਗ ਖੋਜ ਲਵੇ॥ ੬੪॥

ਕਰਹਿਂ ਭਾਉ ਸੇਵਾ ਤਹਿਂ ਠਾਨੈ। ਬਚਨ ਸੁਨੈ ਤਿਨ, ਦੇ ਮਨ ਕਾਨੈ।
ਕਾਮ ਕ੍ਰੋਧ, ਲੋਭਾਦਿਕ, ਬਨ ਕੋ। ਹੈ ਸਤਿਸੰਗ ਕੁਠਾਰ ਕਦਨ ਕੋ ॥੬੫॥

ਬੜੇ ਪ੍ਰੇਮ ਨਾਲ ਸੇਵਾ ਕਰੇ, ਉਨ੍ਹਾਂ ਦੇ ਬਚਨ ਮਨ ਲਾ ਕੇ ਕੰਨਾਂ ਨਾਲ ਸੁਣੇ। ਕਾਮ, ਕ੍ਰੋਧ, ਲੋਭ ਆਦਿ ਛੱਡ ਦੇਵੇ, ਸਤਿਸੰਗ ਸਭ ਵਿਕਾਰਾਂ ਨੂੰ ਕੱਟਣ ਵਾਲਾ ਕੁਹਾੜਾ ਹੈ॥ ੬੫॥

ਤਮ ਅੱਗਜਾਨਹਿਂ ਭਾਨੁ ਸਮਾਨਾ। ਬਿਸ਼ਯ ਤਪਤ ਕੋ ਛਾਇ ਮਹਾਨਾ।
ਪੁਨ ਸਤਿਸੰਗ ਅਹੈ ਸਮ ਸਾਗਰ। ਜਿਸ ਮਹਿ ਅਸ ਸੁਠ ਰਤਨ ਉਜਾਗਰ ॥੬੬॥

ਅਗਿਆਨਤਾ ਦਾ ਹਨੇਰਾ ਸੂਰਜ ਸਮਾਨ ਹੈ, ਜਿਹੜਾ ਵਿਸ਼ੇ ਰੂਪੀ ਤਪਸ਼ ਵਾਸਤੇ ਛਾਂ ਸਮਾਨ ਹੈ। ਪਰ ਸਤਿਸੰਗ ਸਾਗਰ ਸਮਾਨ ਹੈ, ਜਿਸ ਵਿਚ ਐਸੇ ਸੁੰਦਰ ਰਤਨ ਉਜਾਗਰ ਹਨ॥ ੬੬॥

ਮੈਤ੍ਰੀ, ਮੁਦਿਤਾ, ਸਤਿ, ਸੰਤੋਖੰ। ਕਰੁਨਾ, ਛਿਮਾ; ਖਾਰ ਨਹਿਂ ਦੋਖੰ।
ਧੀਰਜ, ਗਜਾਨ, ਵਿਰਾਗ, ਵਿਚਾਰਾ। ਭਾਉ, ਭਗਤਿ, ਭਲ ਮੋਖ ਦਵਾਰਾ ॥੬੭॥

ਮਿੱਤਰਤਾ, ਪ੍ਰਸੰਨਤਾ, ਸੱਚ, ਸੰਤੋਖ, ਕਿਰਪਾ, ਖਿਮਾਂ, ਧੀਰਜ, ਵਿਚਾਰ, ਪ੍ਰੇਮ, ਭਗਤੀ, ਭਲਾ, ਮੋਖ ਦੁਆਰ ਇਹ ਸਭ ਸਤਿਸੰਗ ਰੂਪੀ ਸਮੁੰਦਰ ਵਿਚ ਰਹਿੰਦੇ ਹਨ। ਸਮੁੰਦਰ ਖਾਰਾ ਹੁੰਦਾ ਹੈ, ਪਰ ਸਤਿਸੰਗ ਰੂਪੀ ਸਮੁੰਦਰ ਵਿਚ ਖਾਰੇਪਨ ਦਾ ਦੂਸ਼ਨ ਨਹੀਂ ਹੈ॥ ੬੭॥

ਸਮ ਦਮ ਜੋਗ ਆਦਿ ਜੇ ਸਭਿਹੀ। ਉਪਜੈਂ ਸਦਾ ਨ ਨਿਖੁਟੈਂ ਕਬਿਹੀ।
ਜੋ ਇਸ ਸਾਗਰ ਬੀਚ ਸਮਾਵੈ। ਕਹੋ ਕਿਉਂ ਨ ਆਨੰਦ ਪਦ ਪਾਵੈ ॥੬੮॥

ਸਮ ਦਮ ਜੋਗ ਆਦਿ ਜੋ ਸਭ ਹਨ, ਇਹ ਸਦਾ ਨਹੀ ਉਪਜਦੇ, ਕਿਸੇ ਵੇਲੇ ਵੀ ਖਤਮ ਹੋ ਸਕਦੇ ਹਨ। ਜਿਹੜਾ ਸਤਿਸੰਗ ਰੂਪ ਸਾਗਰ ਵਿਚ ਸਮਾਉਂਦਾ ਹੈ ਦੱਸੋ ਉਹ ਅਨੰਦ ਪਦ ਕਿਉਂ ਨਾ ਪਾਵੇਗਾ॥ ੬੮॥

ਸਭਿ ਸਾਧਨ ਮੁਖ ਸਤਿਸੰਗ ਜੋਈ। ਇਸ ਮਿਲਨੇ ਸਭਿ ਪ੍ਰਾਪਤਿ ਹੋਈ।
ਜਿਨ ਪਾਛੇ ਕੀਨੋ ਸਤਿਸੰਗਾ। ਮੁਕਤਿ ਭਏ ਸੇ, ਤਿਨ ਭ੍ਰਮ ਭੰਗਾ ॥੬੯॥

ਸਾਰੇ ਸਾਧਨਾਂ ਵਿਚ ਮੁੱਖ ਸਾਧਨ ਸਤਿਸੰਗ ਹੀ ਹੈ, ਇਸ ਦੇ ਮਿਲਣ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਜਿਨ੍ਹਾਂ ਵੀ ਪਹਿਲਾਂ ਸਤਿਸੰਗ ਕੀਤਾ ਹੈ, ਸਾਰੇ ਮੁਕਤ ਹੋਏ ਹਨ ਅਤੇ ਉਨ੍ਹਾਂ ਦੇ ਭਰਮ ਭੰਗ ਹੋ ਗਏ ਹਨ॥ ੬੯॥

ਜੇ ਅਬਿ ਪ੍ਰੀਤ ਧਾਰਿ ਉਰ ਕਰਿਹੈਂ। ਨਿਹਸੰਸੈ ਭਵਸਾਗਰ ਤਰਿਹੈਂ।
ਬਹੁਰ ਜਿ ਕਰਿਹੈਂ ਔਰ ਅਗਾਰੀ। ਤਿਨ ਕੀ ਹੋਵਹਿ ਮੋਖ ਸੁਖਾਰੀ ॥੭੦॥

ਜੇ ਹੁਣ ਦਿਲ ਵਿਚ ਪ੍ਰੀਤ ਧਾਰ ਕੇ ਸਤਿਸੰਗ ਕਰੇ ਤਾਂ ਨਿਸ਼ਚੇ ਹੀ ਭਵਸਾਗਰ ਤਰ ਜਾਵੇਗਾ। ਅੱਗੇ ਜਾ ਕੇ ਵੀ ਜਿਹੜਾ ਸਤਿਸੰਗ ਕਰੇਗਾ, ਉਨ੍ਹਾਂ ਦੀ ਮੁਕਤੀ ਸੌਖੀ ਹੋ ਜਾਵੇਗੀ॥ ੭੦॥

ਮਹਾਂ ਭਾਗ ਲਹਿਣੈ! ਸੁਨਿ ਲੀਜੈ। ਤਾਂਤੇ ਸਤਿਸੰਗ ਰੀਤਿ ਕਰੀਜੈ।
ਭਾਉਭਗਤਿ ਕਰਨੀ ਬਿਧਿ ਨੀਕੀ। ਰਿਦੈ ਗਜਾਨ ਗਤਿ ਹ੍ਵੈ ਇਸ ਜੀ ਕੀ ॥੭੧॥

ਵੱਡੇ ਭਾਗਾਂ ਵਾਲੇ ਲਹਿਣੇ ! ਸੁਣ ਲਵੋ, ਇਸ ਕਰਕੇ ਸਤਿਸੰਗ ਦੀ ਰੀਤ ਚਲਾਉਣੀ ਹੈ। ਪ੍ਰੇਮ ਭਗਤੀ ਚੰਗੀ ਵਿਧੀ ਨਾਲ ਕਰਨੀ ਹੈ, ਤਾਂ ਹੀ ਜੀਅ ਦੀ ਹਿਰਦੇ ਵਿਚ ਗਿਆਨ ਗੱਤੀ ਹੋਵੇਗੀ॥ ੭੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਸ੍ਰੀ ਲਹਿਣੇ ਜੀ ਕੋ ਉਪਦੇਸ਼ ਪ੍ਰਸੰਗ ਬਰਨਨੰ ਨਾਮ ਇਕ ਪੰਚਾਸਮੋ ਅਧਯਾਯ॥ ੫੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਇਕਵੰਜਵਾਂ ਅਧਿਆਇ, ਜਿਸ ਦਾ ਨਾਮ 'ਸ੍ਰੀ ਲਹਿਣਾ ਜੀ ਨੂੰ ਉਪਦੇਸ਼' ਹੈ, ਸਮਾਪਤ ਹੋਇਆ॥ ੫੧॥

## ਅਧਿਆਇ ਬਵੰਜਵਾਂ

*ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣਾ*

ਦੋਹਰਾ- ਕਰਿ ਕਾਗਜ ਨਿਜ ਰਿਦੇ ਕੋ ਮਸੁ ਸੁਮੱਤਿ ਬਨਾਇ।
ਸ੍ਰੀ ਸਤਿਗੁਰ ਕੋ ਜਸੁ ਲਿਖਹਿ ਤਬਹਿਂ ਪਰਮਗਤਿ ਪਾਇਂ ॥ ੧॥

ਜਦ ਤੂੰ ਆਪਣੇ ਮਨ ਨੂੰ ਕਾਗਜ਼ ਬਣਾਵੇਂ ਤੇ ਸ੍ਰੇਸ਼ਟ ਬੁੱਧੀ ਨੂੰ ਸਿਆਹੀ ਬਣਾਵੇਂ, ਇਸ ਨਾਲ ਉਸ ਕਾਗਜ਼ ਉਤੇ ਸ੍ਰੀ ਸਤਿਗੁਰੂ ਜੀ ਦਾ ਜੱਸ ਲਿਖੇਂ, ਤਦ ਹੀ ਤੂੰ ਪਰਮਗਤੀ ਨੂੰ ਪਾਵੇਂਗਾ" ॥ ੧॥

ਚੌਪਈ- ਸ੍ਰੀ ਗੁਰ ਨਾਨਕ ਕ੍ਰਿਪਾਨਿਧਾਨਾ। ਇਉਂ ਉਪਦੇਸ਼ਜੋ ਤੱਤ ਗਜਾਨਾ।
ਕੇਤਿਕ ਬਹੁਰ ਬਿਤਾਯੋ ਕਾਲਾ। ਸੇਵਹਿ ਲਹਿਣਾ ਭਾਉ ਬਿਸਾਲਾ ॥੨॥

ਕਿਰਪਾ ਨਿਧਾਨ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ। ਫਿਰ ਕਾਫੀ ਸਮਾਂ ਬਿਤੀਤ ਕੀਤਾ। ਭਾਈ ਲਹਿਣਾ ਬਹੁਤ ਪ੍ਰੇਮ ਨਾਲ ਸੇਵਾ ਕਰਦਾ ਸੀ॥ ੨॥

ਜਿਉਂ ਤਰੁ ਸ਼ਾਖ ਨਿਵੈ ਫਲ ਪਾਈ। ਤੈਸੀ ਗਤਿ ਲਹਿਣੈਂ ਠਹਿਰਾਈ।

ਦੇਖਿ ਨਿੰਮਰਤਾ ਪਰਮ ਘਨੇਰੀ। ਦਿਨ ਪ੍ਰਤਿ ਕ੍ਰਿਪਾ ਸਵਾਇ ਬਧੇਰੀ ॥੩॥

ਜਿਵੇਂ ਜਿਸ ਰੁੱਖ ਦੀ ਟਹਿਣੀ ਨੂੰ ਫਲ ਲਗਦਾ ਹੈ ਉਹ ਨਿਉਂ ਜਾਂਦੀ ਹੈ ਤੈਸੀ ਹਾਲਤ ਭਾਈ ਲਹਿਣੇ ਦੀ ਹੋ ਗਈ। ਪਰਮ ਭਾਰੀ ਨਿਮਰਤਾ ਵੇਖ ਕੇ, ਗੁਰੂ ਜੀ ਦੀ ਦਿਨ ਪ੍ਰਤਿ ਕਿਰਪਾ ਹੋਰ ਵਧੀ॥ ੩॥

ਅਜਰ ਜਰਨ ਲੱਛਨ ਪਹਿਚਾਨਾ। ਅਧਿਕ ਪ੍ਰਸੀਦੇ ਸ੍ਰੀ ਗਤਿਦਾਨਾ।
ਇਸ ਬਿਧਿ ਕੋ ਰੁਖ ਜੋ ਗੁਰ ਕੇਰਾ। ਦਿਨ ਪ੍ਰਤਿ ਬਧੈ ਸਰਬ ਨੈ ਹੇਰਾ ॥੪॥

ਜੋ ਨਾ ਸਹਾਰਿਆ ਜਾ ਸਕੇ ਉਸ ਨੂੰ ਸਹਾਰਨਾ, ਜੋ ਨਾ ਪਚਾਇਆ ਜਾ ਸਕੇ ਉਸ ਨੂੰ ਪਚਾਉਣਾ, ਭਾਈ ਲਹਿਣੇ ਦੇ ਅਜਿਹੇ ਲੱਛਣਾਂ ਨੂੰ ਪਹਿਚਾਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਦੀ ਜੋ ਅਜਿਹੀ ਦਸ਼ਾ ਸੀ, ਉਸ ਨੂੰ ਸਾਰਿਆਂ ਵੇਖਿਆ ਕਿ ਗੁਰੂ ਜੀ ਦਾ ਸਨੇਹ ਭਾਈ ਲਹਿਣੇ ਨਾਲ ਦਿਨ-ਬਦਿਨ ਵਧ ਰਿਹਾ ਸੀ॥ ੪॥

ਮਿਲਹਿਂ ਪਰਸਪਰ ਕਹੈਂ ਬਨਾਈ। 'ਸ੍ਰੀ ਲਹਿਣੇ ਪਰ ਕ੍ਰਿਪਾ ਸਵਾਈ।
ਅਨੁਮਾਨਹਿ ਤੇ ਪਰੈ ਲਖਾਈ। ਅਪਨੋ ਤਖਤ ਦੇਹਿਂ ਤਿਹ ਤਾਈਂ ॥੫॥

ਆਪਸ ਵਿਚ ਮਿਲ ਕੇ ਕਹਿੰਦੇ ਸਨ, "ਭਾਈ ਲਹਿਣਾ ਜੀ 'ਤੇ ਗੁਰੂ ਜੀ ਦੀ ਬਹੁਤ ਕਿਰਪਾ ਵਧੀ ਹੈ, ਅੰਦਾਜ਼ੇ ਤੋਂ ਜਾਣਿਆ ਜਾ ਸਕਦਾ ਹੈ ਕਿ ਆਪਣੇ ਤਖ਼ਤ ਉੱਤੇ ਉਨ੍ਹਾਂ ਨੂੰ ਬਿਠਾਉਣਗੇ॥ ੫॥

ਸਿਰੀਚੰਦ ਸੁਤ ਲਖਮੀ ਦਾਸੰ। ਇਨਹਿ ਦੇਂਯ, ਕਛੁ ਨਹਿਂ ਭਰਵਾਸੰ'।
ਇਸ ਪ੍ਰਕਾਰ ਸ਼ੁਹਰਤ ਭਈ ਸਾਰੇ। ਬੈਠੇਂ ਆਪਹਿ ਬੀਚ ਉਚਾਰੇਂ ॥੬॥

ਜਿਹੜੇ ਪੁਤਰ ਸਿਰੀਚੰਦ ਅਤੇ ਲਖਮੀ ਦਾਸ ਹਨ, ਇਨ੍ਹਾਂ ਨੂੰ ਗੱਦੀ ਦੇਣਗੇ, ਕੋਈ ਭਰੋਸਾ ਨਹੀਂ।" ਇਸ ਤਰ੍ਹਾਂ ਸਾਰੇ ਮਸ਼ਹੂਰੀ ਹੋ ਗਈ, ਆਪਸ ਵਿਚ ਬੈਠ ਕੇ ਗੱਲਾਂ ਕਰਦੇ ਸਨ॥ ੬॥

'ਸਿੱਖੀ ਪਰਖੀ ਜਬਹਿ ਕ੍ਰਿਪਾਲਾ। ਨਿਸਚਲ ਰਹਜੋ ਸਰਬ ਹੀ ਕਾਲਾ।
ਯਾਂਤੇ ਦੇਹਿ ਨਜਾਇ ਹੈ ਤਾਂਹੀ। ਅਚਰਜ ਕਿਛੁ ਨ ਲਖਹੁ ਮਨ ਮਾਂਹੀ' ॥੭॥

ਜਦ ਗੁਰੂ ਜੀ ਨੇ ਸਿੱਖੀ ਪਰਖੀ ਸੀ ਤਾਂ ਉਹ ਸਾਰੇ ਸਮੇਂ ਅਡੋਲ ਰਿਹਾ ਸੀ। ਇਸ ਕਰਕੇ ਉਸ ਨੂੰ ਗੱਦੀ ਦੇਣ ਵਿਚ ਹੀ ਨਿਆਂ ਹੈ, ਇਸ ਨੂੰ ਮਨ ਵਿਚ ਅਸਚਰਜ ਨਾ ਸਮਝੋ॥ ੭॥

ਸੁਣੀ ਸੁਲਖਣੀ ਸੁਧ ਅਸ ਕਾਨਾ। ਹਿਰਦੇ ਉਪਜਯੋ ਖੋਭ ਮਹਾਨਾ।
ਚਿੰਤਾਤੁਰ ਹੁਇ ਤੂਰਨ ਆਈ। ਜਹਿਂ ਧ੍ਰਮਸਾਲ ਹੁਤੇ ਜਗ ਸਾਈਂ ॥੮॥

ਜਦ ਮਾਤਾ ਸੁਲੱਖਣੀ ਨੇ ਆਪਣੇ ਕੰਨਾਂ ਨਾਲ ਇਹ ਖ਼ਬਰ ਸੁਣੀ ਤੇ ਹਿਰਦੇ ਵਿਚ ਬਹੁਤ ਦੁੱਖ ਹੋਇਆ। ਚਿੰਤਿਤ ਹੋ ਕੇ ਫੌਰਨ ਓਥੇ ਆਈ ਜਿਥੇ ਧਰਮਸ਼ਾਲਾ ਵਿਚ ਗੁਰੂ ਜੀ ਬੈਠੇ ਸਨ॥ ੮॥

ਦ੍ਵੈ ਸੁਤ ਬੈਠੇ ਤਹਾਂ ਸਮੀਪਾ। ਸੇਵਹਿ ਪਦ ਤੇਹਣ ਕੁਲ ਦੀਪਾ।
ਔਰ ਸਿੱਖ ਕੇਤਿਕ ਨਿਜਕਾਨੇ। ਤਹਿਂ ਚਲਿ ਆਈ ਮਨ ਮੁਰਝਾਨੇ ॥੯॥

ਉਥੇ ਦੋਵੇਂ ਪੁੱਤਰ ਗੁਰੂ ਜੀ ਪਾਸ ਬੈਠੇ ਸਨ। ਭਾਈ ਲਹਿਣਾ ਗੁਰੂ ਜੀ ਦੇ ਚਰਨਾਂ ਨੂੰ ਘੁੱਟ ਰਿਹਾ ਸੀ। ਹੋਰ ਵੀ ਕੁਝ ਸਿੱਖ ਕੋਲ ਬੈਠੇ ਸਨ। ਮਾਤਾ ਸੁਲੱਖਣੀ ਜੀ ਓਥੇ ਚਲ ਕੇ ਆ ਗਈ॥ ੯॥

ਬੈਠਿ ਸਮੀਪ ਕਹੀ ਅਸ ਬਾਨੀ। 'ਸੁਨਿ ਸ੍ਰੀ ਚੰਦ-ਪਿਤਾ, ਗੁਨ ਖਾਨੀ !।
ਕਿਉਂ ਵਿੱਪ੍ਰੀਤਿ ਆਪ ਮਨ ਠਾਨੀ। ਕਰਹੁ ਰੀਤਿ ਜਗ ਪਰਮ ਸੁਹਾਨੀ ॥੧੦॥

ਗੁਰੂ ਜੀ ਪਾਸ ਬੈਠ ਕੇ ਇਸ ਤਰ੍ਹਾਂ ਕਿਹਾ, 'ਹੇ ਸ੍ਰੀ ਚੰਦ ਦੇ ਪਿਤਾ ਜੀ ! ਸੁਣੋ, ਕਿਉਂ ਮਨ ਵਿਚ ਤੁਸੀਂ ਉਲਟੀ ਗੱਲ ਧਾਰਨ ਕੀਤੀ ਹੈ ? ਉਹ ਰੀਤੀ ਕਰੋ ਜਿਹੜੀ ਜੱਗ ਵਿਚ ਪਰਮ ਸ਼ੋਭਦੀ ਹੈ॥ ੧੦॥

ਸਭਿ ਬਿਧਿ ਲਾਇਕ ਤਾਤ ਤੁਮਾਰੇ। ਪ੍ਰੀਤਿ ਨ ਕਰਹੁ ਤਿਨਹੁ ਸੰਗਾਰੇ।
ਜਗ ਮੈਂ ਜਿਨਤੇ ਬੰਸ ਬਧੇਰਾ। ਸੁਜਸੁ ਹੋਇ ਸਭਿ ਵਿਖੈ ਘਨੇਰਾ॥੧੧॥

ਤੁਹਾਡੇ ਪੁੱਤਰ ਹਰ ਤਰ੍ਹਾਂ ਨਾਲ ਲਾਇਕ ਹਨ। ਉਨ੍ਹਾਂ ਨਾਲ ਤੁਸੀਂ ਪਿਆਰ ਨਹੀਂ ਕਰਦੇ। ਜੱਗ ਵਿਚ ਜਿਨ੍ਹਾਂ ਨਾਲ ਵੰਸ਼ ਵਧਦਾ ਹੈ, ਉਨ੍ਹਾਂ ਕਰਕੇ ਹੀ ਸਭ ਥਾਂ ਸ੍ਰੇਸ਼ਟ ਜੱਸ ਹੁੰਦਾ ਹੈ॥ ੧੧॥

ਰਹੇ ਨਾਮ ਜਿਨ ਤੇ ਬੱਖਜਾਤੀ। ਅਮੁਕੇ ਕੀ ਕੁਲ ਜਗਤ ਸੁਹਾਤੀ।
ਅਸ ਗੁਨਕਾਰਿ ਸੁਤਨ ਕੋ ਤਜਾਗਾ। ਕਰਹੁ ਦਾਸ ਪਰ ਬਹੁ ਅਨੁਰਾਗਾ॥੧੨॥

ਜਿਨ੍ਹਾਂ ਕਰਕੇ ਨਾਂ ਪਰਗਟ ਹੁੰਦਾ ਹੈ ਅਤੇ ਮਨੁੱਖ ਦੀ ਕੁਲ ਜਗਤ ਵਿਚ ਸ਼ੋਭਦੀ ਹੈ, ਐਸੇ ਗੁਣ ਕਰਨ ਵਾਲੇ ਪੁੱਤਰਾਂ ਨੂੰ ਤਿਆਗ ਦਿੱਤਾ ਹੈ ਅਤੇ ਸੇਵਕ ਨਾਲ ਬਹੁਤ ਪਿਆਰ ਕਰਦੇ ਹੋ॥ ੧੨॥

ਦੋਹਰਾ- ਬਹੁਰ ਕਲਾ ਨਿਜ ਵਸਤੁ ਜੋ ਦਈ ਚਹਤਿ ਹੋ ਤਾਂਹਿ।
ਤਾਤਨ ਤੇ ਅਧਿਕਾਇ ਕਰਿ ਬੈਠਾਰਹੁ ਜਗ ਮਾਂਹਿ॥ ੧੩॥

ਤੁਸੀ ਆਪਣੀ ਨਿਜੀ ਵਸਤੂ ਸ਼ਕਤੀ ਉਸ ਨੂੰ ਦੇਣੀ ਚਾਹੁੰਦੇ ਹੋ, ਇਸ ਤਰ੍ਹਾਂ ਇਕ ਸੇਵਕ ਨੂੰ ਤਾਂ ਪੁੱਤਰਾਂ ਤੋਂ ਵੱਡਾ ਕਰਕੇ ਜੱਗ ਵਿਚ ਬੈਠਾਵੋਗੇ॥ ੧੩॥

ਚੌਪਈ- ਅਵਤਾਰਾਦਿਕ ਭਏ ਅਗਾਰੀ। ਕਿਨਹੂੰ ਨ ਕਥਿ ਐਸੀ ਮਤਿ ਧਾਰੀ।
ਹੋਤਿ ਸੁਤਨ ਕੇ ਦਾਸ ਬਧਾਵਾ। ਨਿਜ ਅਸਥਾਨਹਿਂ ਤਾਂਹਿ ਬਿਠਾਵਾ॥੧੪॥

ਪਹਿਲਾਂ ਵੀ ਦੁਨੀਆਂ ਵਿਚ ਬਹੁਤ ਅਵਤਾਰ ਹੋਏ ਹਨ, ਕਿਸੇ ਨੇ ਵੀ ਕਦੀ ਐਸੀ ਮੱਤ ਨਹੀਂ ਧਾਰਨ ਕੀਤੀ ਹੈ। ਪੁੱਤਰਾਂ ਨਾਲੋਂ ਦਾਸ ਵੱਡਾ ਹੋ ਜਾਵੇਗਾ, ਜਦ ਆਪਣੀ ਗੱਦੀ ਤੇ ਉਸ ਨੂੰ ਬੈਠਾ ਦੇਵੋਗੇ॥ ੧੪॥

ਬਾਤ ਨ ਨੀਕੀ ਲੇਹੁ ਬਿਚਾਰੀ। ਜੋ ਹਿਰਦੇ ਇਉਂ ਚਾਹਿ ਤੁਮਾਰੀ।
ਸੰਤਤਿ ਚਿਤ ਮੈਂ ਤਪਿ ਹੈ ਨੀਤੀ। ਸੁਖ ਨਹਿਂ ਪਾਵਹਿ ਪਿਖਹਿ ਅਨੀਤੀ'॥੧੫॥

ਇਹ ਗੱਲ ਚੰਗੀ ਨਹੀਂ ਆਪਣੇ ਮਨ ਵਿਚ ਵਿਚਾਰ ਲਵੋ। ਜੇ ਤੁਹਾਡੇ ਹਿਰਦੇ ਵਿਚ ਇਹ ਚਾਹ ਹੈ ਤਾਂ ਤੁਹਾਡੀ ਔਲਾਦ ਸਦਾ ਹੀ ਚਿੱਤ ਵਿਚ ਤਪੇਗੀ। ਨੀਤੀ ਵਿਰੁੱਧ ਹੋਇਆ ਕਾਰਜ ਵੇਖ ਕੇ ਕਦੀ ਵੀ ਸੁੱਖ ਨਹੀਂ ਪਾਉਣਗੇ'॥ ੧੫॥

ਭਗਤਿ ਵਛਲ ਸੁਨਿਕੈ ਅਸਬਾਨੀ। ਕਿਤਿਕ ਕਾਲ ਲੌ ਤੂਸ਼ਨਿ ਠਾਨੀ।
ਤਿਹ ਛਿਨ ਲੇ ਮੂਖਕ ਮੰਜਾਰੀ। ਅਰਧ ਚਰਬ ਕਰਿ ਗੇਰਿ ਅਗਾਰੀ॥੧੬॥

ਭਗਤ ਵਛਲ ਭਾਵ ਗੁਰੂ ਜੀ ਨੇ ਐਸੀ ਬਾਣੀ ਸੁਣ ਕੇ ਕਾਫ਼ੀ ਸਮੇਂ ਤਕ ਚੁਪ ਧਾਰ ਛੱਡੀ। ਉਸ ਸਮੇਂ ਇਕ ਬਿੱਲੀ ਨੇ ਇਕ ਚੂਹੀ ਨੂੰ ਮੂੰਹ ਵਿਚ ਫੜ ਕੇ ਅਤੇ ਅੱਧੀ ਚੱਬ ਕੇ ਗੁਰੂ ਜੀ ਦੇ ਅੱਗੇ ਡੇਗ ਦਿੱਤੀ॥ ੧੬॥

ਸਿਖਨ ਡਰਾਈ ਭੈ ਕਰਿ ਭਾਗੀ। ਮੂਖਕ ਪਰੀ ਰਹੀ ਤਹਿਂ ਆਗੀ।
ਕ੍ਰਿਪਾ ਨਿਧਾਨ ਜਬਹਿ ਚਖੁ ਦੇਖੀ। ਕਰਨ ਸੁਲਖਣੀ ਨਿਸ਼ਾ ਵਿਸ਼ੇਖੀ॥੧੭॥

ਸਿੱਖਾਂ ਨੇ ਬਿੱਲੀ ਨੂੰ ਡਰਾਇਆ ਤੇ ਉਹ ਡਰ ਕੇ ਭੱਜ ਗਈ ਤੇ ਚੂਹੀ ਉਥੇ ਹੀ ਗੁਰੂ ਜੀ ਦੇ ਅੱਗੇ ਪਈ ਰਹੀ। ਕਿਰਪਾ-ਨਿਧਾਨ ਗੁਰੂ ਜੀ ਨੇ ਜਦ ਅੱਖਾਂ ਨਾਲ ਵੇਖੀ ਤੇ ਮਾਤਾ ਸੁਲੱਖਣੀ ਦੀ ਤਸੱਲੀ ਕਰਾਉਣ ਵਾਸਤੇ ਇਕ ਵਿਉਂਤ ਬਣਾਈ॥ ੧੭॥

ਸਿਰੀ ਚੰਦ ਸੋਂ ਗਿਰਾ ਅਲਾਈ। 'ਮੂਖਕ ਪਰੀ ਨਾ ਭਲਿ ਇਹ ਥਾਈਂ।

ਨਿਜ ਕਰ ਸੰਗ ਉਚਾਇ ਲਿਜਾਵਹੁ। ਬਾਹਿਰ ਦਰ ਗੇਰਹੁ ਪੁਨਿ ਆਵਹੁ' ॥੧੮॥

ਉਨ੍ਹਾਂ ਸ੍ਰੀ ਚੰਦ ਨੂੰ ਕਿਹਾ, "ਇਸ ਥਾਂ ਮਰੀ ਹੋਈ ਚੂਹੀ ਪਈ ਹੈ, ਇਹ ਚੰਗੀ ਗੱਲ ਨਹੀਂ, ਇਸ ਨੂੰ ਆਪਣੇ ਹੱਥਾਂ ਨਾਲ ਚੁਕ ਕੇ ਦਰਵਾਜ਼ੇ ਦੇ ਬਾਹਰ ਸੁੱਟ ਆਵੋ" ॥ ੧੮॥

ਸਿਰੀ ਚੰਦ ਸੁਨਿ ਬੈਨ ਅਲਾਏ। 'ਦੇਖੇ ਮੈਂ ਇਸ਼ਟੀ ਬਹੁ ਥਾਏ।
ਖਾਲਨ ਕੀ ਮੰਜਾਰ ਬਨਾਵਤਿ। ਪੰਖ ਕਬੂਤਰ ਕਰਹਿਂ ਉਡਾਵਤਿ ॥ ੧੯ ॥

ਇਹ ਸੁਣ ਕੇ ਸ੍ਰੀ ਚੰਦ ਨੇ ਕਿਹਾ, "ਮੈਂ ਮਦਾਰੀ ਬਹੁਤ ਥਾਂ ਵੇਖੇ ਹਨ। ਖੱਲ ਦੀ ਬਿੱਲੀ ਬਣਾ ਦਿੰਦੇ ਹਨ। ਖੰਭਾਂ ਦਾ ਕਬੂਤਰ ਬਣਾ ਕੇ ਉਡਾ ਦਿੰਦੇ ਹਨ॥ ੧੯ ॥

ਕਰਹੁ ਰੀਤਿ ਕਛੁ ਤਿਨਹਿਂ ਸਮਾਨਾ। ਠਟਜੋ ਕਪਟ ਤੁਮ ਮੈਂ ਮਨ ਜਾਨਾ।
ਸੂਕਰ ਕੂਕਰ ਨਿਜ ਸੰਗ ਲਾਏ। ਵਹਿਰ ਫਿਰੇ ਸ਼ਵ ਕੋ ਦਿਖਰਾਏ ॥੨੦॥

ਤੁਸੀਂ ਉਨ੍ਹਾਂ ਵਰਗੀ ਰੀਤੀ ਕਰ ਰਹੇ ਹੋ, ਤੁਸੀਂ ਜਿਹੜਾ ਮਨ ਵਿਚ ਕਪਟ ਧਾਰਨ ਕੀਤਾ ਹੈ, ਉਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਸੂਰ ਕੁੱਤੇ ਨਾਲ ਲੈ ਕੇ ਬਾਹਰ ਭੌਂਦੇ ਫਿਰਦੇ ਰਹੇ। ਫਿਰ ਇਕ ਮੁਰਦਾ ਵਿਖਾਇਆ ॥ ੨੦॥

ਕਰਿਕੈ ਦਯੋ ਤਿਹਾਵਲ ਸੋਈ। ਕੋ ਐਸੋ ਛਲ ਬਹੁਰੋ ਹੋਈ।
ਮੁਝ ਬਿਲੋਕਨੇ ਚਾਹਿ ਨ ਕੋਈ। ਹੌਂ ਨ ਉਚਾਵੋਂ ਮਿਰਤਕ ਜੋਈ' ॥ ੨੧ ॥

ਉਸ ਮੁਰਦੇ ਨੂੰ ਫਿਰ ਕੜਾਹ ਪਰਸ਼ਾਦ ਬਣਾ ਦਿੱਤਾ। ਕਈ ਅਜਿਹੇ ਛਲ ਬਾਅਦ ਵਿਚ ਹੋਏ ਹਨ। ਮੈਨੂੰ ਇਨ੍ਹਾਂ ਨੂੰ ਵੇਖਣ ਦੀ ਕੋਈ ਲੋੜ ਨਹੀਂ, ਮੈਂ ਇਸ ਮਰੀ ਹੋਈ ਚੂਹੀ ਨੂੰ ਨਹੀਂ ਚੁਕਾਂਗਾ" ॥ ੨੧॥

ਅਸ ਕਹਿ ਤੂਸ਼ਨਿ ਮੁਖ ਤੇ ਠਾਨੀ। ਦੁਤਿਯ ਤਾਤ ਸੋਂ ਕਹਿਂ ਗੁਰਬਾਨੀ।
'ਲਖਮੀ ਦਾਸ! ਸੁਨਹੁ ਸੁ ਉਠਾਵਹੁ। ਨਿਕਟ ਨ ਨੀਕੇ, ਵਹਿਰ ਬਗਾਵਹੁ' ॥੨੨॥

ਇਹ ਕਹਿ ਕੇ ਮੁੱਖ ਤੋਂ ਚੁੱਪ ਹੋ ਗਿਆ। ਗੁਰੂ ਜੀ ਨੇ ਫਿਰ ਦੂਸਰੇ ਪੁੱਤਰ ਨੂੰ ਕਿਹਾ, "ਪੁੱਤਰ ਲਖਮੀ ਦਾਸ ! ਸੁਣੋ, ਇਸ ਮੁਰਦਾਰ ਚੂਹੀ ਨੂੰ ਚੁਕੋ, ਲਾਗੇ ਪਈ ਚੰਗੀ ਨਹੀਂ ਲਗਦੀ, ਇਸ ਨੂੰ ਬਾਹਰ ਸੁੱਟ ਆਵੋ" ॥ ੨੨॥

ਤਬ ਬੋਲਜੋ ਸੋ 'ਸੁਨੀਏ ਤਾਤਾ!। ਹਮ ਕੋ ਉਚਿਤ ਨ ਐਸੀ ਬਾਤਾ।
ਮ੍ਰਿਤਕ ਮੂਖਕੀ ਹਾਥ ਨ ਲਾਵੋਂ। ਕਹਉ ਤ ਅਉਰ ਪਾਸ ਉਚਵਾਵਉਂ' ॥੨੩॥

ਗੁਰੂ ਜੀ ਦੀ ਗੱਲ ਸੁਣ ਕੇ ਲਖਮੀ ਦਾਸ ਬੋਲਿਆ, "ਮੇਰੇ ਵਾਸਤੇ ਐਸੀ ਗੱਲ ਉਚਿਤ ਨਹੀਂ ਹੈ, ਮੈਂ ਮਰੀ ਹੋਈ ਚੂਹੀ ਨੂੰ ਹੱਥ ਨਹੀਂ ਲਾਵਾਂਗਾ। ਜੇ ਕਹੋ ਤਾਂ ਕਿਸੇ ਹੋਰ ਪਾਸੋਂ ਚੁਕਵਾ ਦੇਵਾਂ" ॥ ੨੩॥

ਅਸ ਕਹਿ ਤੂਸ਼ਨਿ ਮਾਨ ਵਿਸ਼ੇਖਾ। ਤਬਿ ਲਹਿਣੇ ਦਿਸ਼ ਸ੍ਰੀ ਗੁਰ ਦੇਖਾ।
'ਉਠਹੁ ਤੁਹੀ ਕਰਤਾਰ ਪਿਆਰੇ!। ਮੂਖਕ ਚਾਇ ਵਹਿਰ ਦਿਹੁ ਡਾਰੇ' ॥੨੪॥

ਇਹ ਕਹਿ ਕੇ ਬੜੇ ਘੁਮੰਡ ਵਿਚ ਆ ਕੇ ਚੁਪ ਰਿਹਾ। ਫਿਰ ਗੁਰੂ ਜੀ ਨੇ ਭਾਈ ਲਹਿਣੇ ਵੱਲ ਵੇਖਿਆ ਅਤੇ ਕਿਹਾ, "ਹੇ ਪਿਆਰੇ ਕਰਤਾਰ ! ਤੁਸੀਂ ਉਠੋ ਅਤੇ ਚੂਹੀ ਨੂੰ ਚੁੱਕ ਕੇ ਬਾਹਰ ਸੁੱਟ ਆਵੋ" ॥ ੨੪ ॥

ਆਧੋ ਬਚਨ ਸੁਨਤਿ ਤਤਕਾਲਾ। ਉਠਜੋ ਉਠਾਈ ਤੁਰਤ ਬਿਸ਼ਾਲਾ।
ਕੇਤਿਕ ਦੂਰ ਜਾਇ ਸੋ ਡਾਰੀ। ਤਿਹ ਛਿਨ ਸ੍ਰੀ ਗੁਰ ਗਿਰਾ ਉਚਾਰੀ ॥ ੨੫ ॥

ਅੱਧੀ ਗੱਲ ਸੁਣਦਿਆਂ ਹੀ ਭਾਈ ਲਹਿਣਾ ਝੱਟ ਉਠਿਆ, ਅਤੇ ਤੁਰੰਤ ਚੂਹੀ ਨੂੰ ਚੁੱਕ ਕੇ ਬਾਹਰ ਕਾਫੀ ਦੂਰ ਸੁੱਟ ਆਇਆ। ਉਸ ਵੇਲੇ ਗੁਰੂ ਜੀ ਬੋਲੇ॥ ੨੫ ॥

'ਮੂਲੇਸੁਤਾ! ਪਿਖਹੁ ਮਨ ਗੁਨੀਏ। ਏ ਨਿਜ ਸੁਤ ਸੋ ਪਰਸੁਤ ਜਨੀਏ।
ਮਾਨਹਿਂ ਕਹਜੋ ਨ ਬਚਨ ਕਦਾਈ। ਸੋ ਆਇਸੁ ਅਨੁਸਾਰਿ ਸਦਾਈ ॥੨੬॥

"ਹੇ ਮੂਲ ਚੰਦ ਦੀ ਪੁੱਤਰੀ! ਵੇਖੋ ਅਤੇ ਆਪਣੇ ਦਿਲ ਵਿਚ ਵਿਚਾਰ ਕਰੋ, ਆਪਣੇ ਪੁੱਤਰਾਂ ਨੂੰ ਪਰਾਏ ਪੁੱਤਰ ਜਾਣੋ, ਇਹ ਕਦੀ ਵੀ ਆਗਿਆ ਨਹੀਂ ਮੰਨਦੇ ਹਨ। ਪਰ ਭਾਈ ਲਹਿਣਾ ਸਦਾ ਹੀ ਆਗਿਆ ਵਿਚ ਰਹਿੰਦਾ ਹੈ॥ ੨੬॥

ਦੋਹਰਾ- ਨਹਿਂ ਕਿਸਹੂੰ ਕੇ ਕਰ ਬਿਖੇ ਸਭਿ ਕਰਤਾਰ ਅਧੀਨ।
ਜਿਸ ਪਰ ਕਰੁਨਾ ਦ੍ਰਿਸ਼ਟਿ ਹ੍ਵੈ ਤਿਨਹਿ ਬਸਤੁ ਇਹ ਲੀਨਿ॥ ੨੭॥

ਕਿਸੇ ਦੇ ਵੀ ਕੁਝ ਹੱਥ ਵਿਚ ਨਹੀਂ ਹੈ, ਸਭ ਕੁਝ ਕਰਤਾਰ ਅਧੀਨ ਹੈ, ਜਿਸ ਉਤੇ ਉਸ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ, ਉਹੀ ਇਹ ਵਸਤੂ ਪ੍ਰਾਪਤ ਕਰਦਾ ਹੈ॥ ੨੭॥

ਚੌਪਈ- ਜਿਸ ਧਰਨੀ ਮਹਿਂ ਹੋਇ ਨਿਵਾਨਾ। ਤਹਿਂ ਜਲ ਜਾਵਹਿ ਟਿਕਹਿ ਮਹਾਨਾ।
ਟਿੱਬਾ ਜਹਾਂ ਉਚੇਰਾ ਹੋਈ। ਤਹਿਂ ਜਲ ਬੂੰਦ ਟਿਕੈ ਨਹਿਂ ਕੋਈ' ॥੨੮॥

ਧਰਤੀ ਉਤੇ ਜਿਸ ਪਾਸੇ ਨੀਵਾਂ ਥਾਂ ਹੁੰਦਾ ਹੈ, ਪਾਣੀ ਉਸ ਪਾਸੇ ਜਾਂਦਾ ਹੈ ਅਤੇ ਵੱਡੀ ਮਿਣਤੀ ਵਿਚ ਟਿਕ ਜਾਂਦਾ ਹੈ। ਜਿੱਥੇ ਉੱਚਾ ਟਿੱਬਾ ਹੁੰਦਾ ਹੈ, ਓਥੇ ਜਲ ਦੀ ਇਕ ਬੂੰਦ ਵੀ ਨਹੀਂ ਟਿਕਦੀ॥ ੨੮॥

ਸੁਨਿਕੈ ਬਚਨ ਦੇਖਿ ਨਿਜ-ਨੈਨਾ। ਗਈ ਸੁਲਖਨੀ ਉਠਿ ਨਿਜ ਐਨਾ।
ਕਿਤਿਕ ਦਿਵਸ ਜਬਿ ਬਿਤੇ ਬਹੋਰੀ। ਪਰਖਨ ਕੀ ਠਾਨੀ ਬਿਧਿ ਔਰੀ ॥੨੯॥

ਗੁਰੂ ਜੀ ਦੇ ਬਚਨ ਸੁਣ ਕੇ ਅਤੇ ਆਪਣੀਆਂ ਅੱਖਾਂ ਨਾਲ ਵੇਖ ਕੇ, ਮਾਤਾ ਸੁਲੱਖਣੀ ਜੀ ਆਪਣੇ ਘਰ ਨੂੰ ਚਲੇ ਗਏ। ਜਦ ਕੁਝ ਹੋਰ ਦਿਨ ਬੀਤ ਗਏ, ਤਾਂ ਗੁਰੂ ਜੀ ਨੇ ਪਰਖਣ ਦੀ ਹੋਰ ਵਿਧੀ ਬਣਾਈ॥ ੨੯॥

ਭਵ ਅੰਬੁਧਿ ਤਾਰਨ ਗੁਰ ਪੋਤਾ। ਜਾਮਨਿ ਏਕ ਭਾਉ ਨਿਜ ਸੋਤਾ।
ਉਭਜ ਤਾਤ ਤਿਹ ਕਾਲ ਸਮੀਪਾ। ਸ੍ਰੀ ਸਸਿ ਪ੍ਰਤਿ ਤਬ ਨਿਕਟ ਬੁਲੀਪਾ ॥੩੦॥

ਸੰਸਾਰ ਸਾਗਰ ਨੂੰ ਤਾਰਨ ਲਈ ਜਹਾਜ਼ ਰੂਪੀ ਗੁਰੂ ਜੀ, ਆਪਣੇ ਰੰਗ ਵਿਚ ਸੁੱਤੇ ਪਏ ਸਨ। ਦੋਵੇਂ ਪੁੱਤਰ ਉਸ ਵੇਲੇ ਗੁਰੂ ਜੀ ਦੇ ਪਾਸ ਹੀ ਸਨ। ਸ੍ਰੀ ਚੰਦ ਨੂੰ ਫਿਰ ਆਪਣੇ ਪਾਸ ਬੁਲਾਇਆ॥ ੩੦॥

'ਤਾਤ! ਸੰਬਜਾਨ ਧੋਨਿ ਸਰ ਜਈਏ। ਸੋਖਿਤਿ ਕਰਿ ਤੂਰਨ ਢਿਗ ਲਜਈਏ'।
ਤਾਤ ਕਹਤਿ 'ਹਮ ਸ੍ਰਮਤ ਕਰੰਤੇ। ਕੋਮਲ ਕਰ ਹਮ ਨਿਸਾ ਠਰੰਤੇ ॥੩੧॥

ਗੁਰੂ ਜੀ ਨੇ ਕਿਹਾ, "ਪੁੱਤਰ! ਚਾਦਰਾ ਧੋਣ ਵਾਸਤੇ, ਸਰੋਵਰ ਤੇ ਜਾਵੋ, ਇਸ ਨੂੰ ਸੁਕਾ ਕੇ ਤੁਰੰਤ ਲੈ ਆਵੋ।" ਪੁੱਤਰ ਨੇ ਕਿਹਾ, "ਅਸੀਂ ਥੱਕੇ ਹੋਏ ਹਾਂ, ਆਰਾਮ ਕਰਦੇ ਹਾਂ। ਸਾਡੇ ਕੋਮਲ ਹੱਥ ਰਾਤ ਵੇਲੇ ਪਾਣੀ ਵਿਚ ਠਰਦੇ ਹਨ॥ ੩੧॥

ਬਾਸੁਰ ਹ੍ਵੈ, ਭ੍ਰਿਤ ਧੋਕਰਿ ਲਜਾਵੈ। ਹਮ ਤੇ ਯਹਿ ਕ੍ਰਿਤ ਹੋਇ ਨ ਆਵੈ'।
ਲਘੁ ਸੁਤ ਪ੍ਰਤਿ ਜਬਿ ਕਹਿਂ ਗੁਰ ਐਸੇ। ਪ੍ਰਤਿ ਉੱਤਰ ਸੋ ਕਹਤਿਹੁ 'ਕੈਸੇ' ॥੩੨॥

ਦਿਨ ਹੋਵੇਗਾ ਤਾਂ ਨੌਕਰ ਧੋ ਕੇ ਲਿਆਵੇਗਾ, ਸਾਥੋਂ ਇਹ ਕੰਮ ਨਹੀਂ ਹੁੰਦਾ। ਜਦ ਛੋਟੇ ਪੁੱਤਰ ਨੂੰ ਬੜੇ ਪ੍ਰੇਮ ਨਾਲ ਗੁਰੂ ਜੀ ਨੇ ਅਜੇਹਾ ਕਿਹਾ, ਤਾਂ ਉਸ ਨੇ ਵੀ ਮੋੜਵਾਂ ਉੱਤਰ ਦਿੱਤਾ, "ਮੈਂ ਕਿਸ ਤਰ੍ਹਾਂ ਧੋਵਾਂ?"॥ ੩੨॥

ਜਬ ਲਹਿਣੇ ਪ੍ਰਤਿ ਸਤਿਗੁਰ ਭਾਖਾ। 'ਹਮ ਚਾਦਰ ਪੁਰਖਾ ਧੋ ਲਾ ਖਾ'।
ਤਬਹਿ ਉਠਜੋ ਲਹਿਣਾ ਬਡਭਾਗਾ। ਸਰਿ ਮਹਿਂ ਜਾ ਪਟ ਧੋਵਨ ਲਾਗਾ ॥੩੩॥

ਜਦ ਗੁਰੂ ਜੀ ਨੇ ਲਹਿਣੇ ਨੂੰ ਕਿਹਾ, "ਪੁਰਖਾ ! ਸਾਡੀ ਚਾਦਰ ਧੋ ਲਿਆ।" ਤਦ ਵੱਡੇ ਭਾਗਾਂ ਵਾਲੇ ਭਾਈ ਲਹਿਣਾ ਜੀ ਉਠੇ ਤੇ ਸਰੋਵਰ ਤੇ ਜਾ ਕੇ ਚਾਦਰਾ ਧੋਣ ਲੱਗੇ॥ ੩੩॥

ਬਾਸੁਰ ਅਰਧ ਭਾਨੁ ਖਜਨ ਪਰਤੂ। ਲਖਿ ਲਹਿਣੇ ਮਨ ਅਚਰਜ ਸਮਤੂ।
ਧੋਇ ਸੁਕਾਇ ਚੈਲ ਲੈ ਆਵਾ। ਧਰਿ ਸਤਿਗੁਰ ਢਿਗ ਭਾਲ ਨਿਵਾਵਾ ॥੩੪॥

ਜਦ ਭਾਈ ਲਹਿਣਾ ਜੀ ਚਾਦਰ ਧੋਣ ਗਏ ਸਨ ਤਾਂ ਉਸ ਸਮੇਂ ਰਾਤ ਸੀ ਪਰ ਜਦ ਉਹ ਚਾਦਰ ਧੋਣ ਲੱਗੇ ਤਾਂ ਓਸੇ ਵੇਲੇ ਹੀ ਅੱਧਾ ਦਿਨ ਭਾਵ ਦੁਪਹਿਰ ਹੋ ਗਈ ਤੇ ਧੁੱਪ ਪੈਣ ਲੱਗ ਗਈ। ਭਾਈ ਲਹਿਣਾ ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ। ਚਾਦਰ ਨੂੰ ਧੋ ਕੇ ਸੁਕਾ ਕੇ ਲੈ ਕੇ ਆਇਆ ਤੇ ਸਤਿਗੁਰ ਅੱਗੇ ਧਰ ਕੇ ਚਰਨਾਂ ਤੇ ਸਿਰ ਨਿਵਾਇਆ॥ ੩੪॥

ਜਗਤੇਸ੍ਵਰ ਨਿਜ ਪਾਨ ਉਠਾਯੋ। ਕਹਿ 'ਸੁਮਤੇ! ਜਗ ਅਪਰ ਨ ਜਾਯੋ।
ਕਿਤਿਕ ਨਿਸਾਬੀ ਪਟ ਧੋ ਆਨੇ?'। 'ਤੇਰੀ ਗਤਿ ਤੂੰ ਜਾਨਿ ਬਖਾਨੇ॥੩੫॥

ਗੁਰੂ ਜੀ ਨੇ ਉਸ ਨੂੰ ਆਪਣੇ ਚਰਨਾਂ ਤੋਂ ਉਠਾਇਆ ਅਤੇ ਕਿਹਾ, "ਹੇ ਚੰਗੀ ਮੱਤ ਵਾਲੇ ! ਤੇਰੇ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਜੰਮਿਆ। ਕਿੰਨੀ ਰਾਤ ਸੀ ਜਦ ਤੂੰ ਚਾਦਰ ਧੋ ਕੇ ਲਿਆਂਦੀ ?" ਭਾਈ ਲਹਿਣੇ ਨੇ ਕਿਹਾ, "ਤੁਹਾਡੀ ਗਤੀ ਤੁਸੀ ਹੀ ਜਾਣਦੇ ਹੋ"॥ ੩੫॥

ਦੋਹਰਾ-ਸਤਿਗੁਰ ਕਹਿੰ 'ਜੋ ਵਸਤੁ ਹੈ ਭਾਗ ਜਿਸੇ ਸੋ ਪਾਇ।
ਬਿਨ ਭਾਗਾਂ ਨਹਿੰ ਮਿਲਤਿ ਹੈ ਕੋਟਿਕ ਜਤਨ ਕਮਾਇ'॥ ੩੬॥

ਸਤਿਗੁਰੂ ਜੀ ਨੇ ਕਿਹਾ, "ਜੋ ਵਸਤੂ ਕਿਸੇ ਦੇ ਭਾਗਾਂ ਵਿਚ ਹੁੰਦੀ ਹੈ, ਉਹ ਹੀ ਪਾਉਂਦਾ ਹੈ, ਬਿਨਾਂ ਭਾਗਾਂ ਤੋਂ ਕੁਝ ਨਹੀਂ ਮਿਲਦਾ, ਭਾਵੇਂ ਕਰੋੜਾਂ ਜਤਨ ਕਰ ਲਵੇ"॥ ੩੬॥

ਅਪਰ ਪਰੀਖ੍ਯਾ ਲੈਨ ਕੀ ਸਤਿਗੁਰ ਕੇ ਮਨ ਚਾਹਿ।
ਇਕ ਦਿਨ ਸਿੱਖਨ ਕਰਿ ਬਲਿਤਿ, ਉਭਯ ਤਾਤ ਢਿਗ ਆਹਿ॥ ੩੭॥

ਹੋਰ ਪਰੀਖਿਆ ਲੈਣ ਦੀ ਸਤਿਗੁਰ ਦੇ ਮਨ ਵਿਚ ਚਾਹ ਸੀ। ਇਕ ਦਿਨ ਸਿੱਖਾਂ ਵਿਚ ਘਿਰੇ ਹੋਏ ਬੈਠੇ ਸਨ, ਦੋਵੇਂ ਪੁੱਤਰ ਵੀ ਪਾਸ ਬੈਠੇ ਸਨ॥ ੩੭॥

ਚੌਪਈ- ਹੁਤੀ ਸੁਲਖਣੀ ਢਿਗ ਤਿਹਕਾਲਾ। ਕੈਹਾਂ ਬਾਸਨ ਲੀਨ ਕ੍ਰਿਪਾਲਾ।
ਜੂਠ ਨੀਰ ਕਰਦਮ ਗੰਭੀਰਾ। ਤਿਹ ਮਹਿੰ ਡਾਰਯੋ ਗੁਨੀ ਗਹੀਰਾ॥੩੮॥

ਉਸ ਵੇਲੇ ਮਾਤਾ ਸੁਲੱਖਣੀ ਜੀ ਵੀ ਪਾਸ ਹੀ ਮੌਜੂਦ ਸਨ। ਗੁਰੂ ਜੀ ਨੇ ਇਕ ਕਾਂਸੀ ਦਾ ਬਰਤਨ ਲਿਆ। ਨੇੜੇ ਹੀ ਗੰਦੇ ਚਿੱਕੜ ਦਾ ਪਾਣੀ ਖੜਾ ਸੀ। ਗੁਰੂ ਜੀ ਨੇ ਉਸ ਬਰਤਨ ਨੂੰ ਉਸ ਚਿੱਕੜ ਵਿਚ ਸੁੱਟ ਦਿੱਤਾ॥ ੩੮॥

ਸਿਰੀ ਚੰਦ ਸੋਂ ਆਇਸੁ ਪ੍ਰਾਹੀ। 'ਬਾਸਨ ਗਿਰਯੋ ਪੰਕ ਕੇ ਮਾਂਹੀ।
ਸੋ ਨਿਕਾਸਿ ਆਨਹੁ ਮਮ ਪਾਹੀ। ਜਲਹਿ ਪਖਾਰਿ ਸ੍ਵੱਛ ਕਰਿ ਤਾਂਹੀ'॥੩੯॥

ਫਿਰ ਸ੍ਰੀ ਚੰਦ ਨੂੰ ਆਗਿਆ ਕੀਤੀ, "ਪੁੱਤਰ ! ਬਰਤਨ ਚਿੱਕੜ ਵਿਚ ਡਿੱਗ ਪਿਆ ਹੈ, ਉਸ ਨੂੰ ਕੱਢ ਕੇ ਮੇਰੇ ਪਾਸ ਲੈ ਆਵੋ ਅਤੇ ਉਸ ਨੂੰ ਜਲ ਨਾਲ ਧੋ ਕੇ ਸਾਫ ਕਰੋ"॥ ੩੯॥

ਦੋਹਰਾ-ਸੋ ਸੁਨਿ ਕੈ ਬੋਲਯੋ ਬਚਨ 'ਗਰ ਬਹੁ ਮੋਲੇ ਚੀਰ।
ਹਿਤ ਬਾਸਨ ਕੇ ਨਹਿੰ ਬਰੋਂ ਮਲਿਨ, ਜੂਠ ਯਹਿ ਨੀਰ॥ ੪੦॥

ਇਹ ਸੁਣ ਕੇ ਸ੍ਰੀ ਚੰਦ ਬੋਲਿਆ, "ਮੈਂ ਆਪਣੇ ਗੱਲ ਬਹੁਤ ਕੀਮਤੀ ਕਪੜੇ ਪਾਏ ਹੋਏ ਹਨ, ਬਰਤਨ ਦੀ ਖਾਤਰ ਮੈਂ ਇਨ੍ਹਾਂ ਨੂੰ ਮੈਲੇ ਨਹੀਂ ਕਰਾਂਗਾ, ਇਹ ਪਾਣੀ ਬਹੁਤ ਗੰਦਾ ਹੈ॥ ੪੦॥

ਚੌਪਈ- ਦਾਸ ਸਿੱਖ ਆਗੈ ਬਹੁ ਮੇਰੇ। ਮਾਨਹਿਂ ਬਚਨ ਨ ਕਰਿਹੀਂ ਦੇਰੇ।
ਆਇਸੁ ਦੇਹੁ ਨਿਕਾਸੈਂ ਸੋਈ। ਮੈਂ ਕਾਢੌਂ ਮਹਿਮਾ ਘਟ ਹੋਈ ॥ ੪੧ ॥

ਮੇਰੇ ਅੱਗੇ ਬਹੁਤ ਦਾਸ ਸਿੱਖ ਹਨ, ਮੇਰਾ ਹੁਕਮ ਮੰਨਦੇ ਹਨ, ਕੁਝ ਵੀ ਦੇਰੀ ਨਹੀ ਲਾਉਣਗੇ। ਆਗਿਆ ਕਰੋ, ਉਹ ਕੱਢ ਲਿਆਉਣਗੇ, ਮੈਂ ਕੱਢਾਂਗਾ ਤਾਂ ਮੇਰੀ ਮਹਿਮਾ ਘਟ ਜਾਵੇਗੀ" ॥ ੪੧॥

ਇਸ ਪ੍ਰਕਾਰ ਸੁਨਿਕੈ ਜਗਨਾਥਾ। ਬੋਲੇ ਪੁਨ ਦੂਸਰ ਸੁਤ ਸਾਥਾ।
'ਲਖਮੀ ਦਾਸ ਨਿਕਾਸਹੁ ਜਾਈ। ਮਾਂਜਹੁ ਸੁਚਿ ਕਰਿਯੇ ਤਿਹ ਤਾਈਂ' ॥੪੨ ॥

ਇਸ ਪ੍ਰਕਾਰ ਸੁਣ ਕੇ ਗੁਰੂ ਜੀ ਆਪਣੇ ਦੂਸਰੇ ਪੁੱਤਰ ਨੂੰ ਬੋਲੇ, "ਪੁੱਤਰ ਲਖਮੀ ਦਾਸ! ਤੁਸੀਂ ਕੱਢ ਕੇ ਲਿਆਵੋ, ਉਸ ਨੂੰ ਚੰਗੀ ਤਰ੍ਹਾਂ ਮਾਂਜ ਕੇ ਸੁੱਚਾ ਕਰੋ" ॥ ੪੨ ॥

ਸੁਨਤਿ ਸ਼੍ਰੋਨ ਤਿਨ ਬੈਨ ਬਖਾਨੇ। 'ਪਿਤ ਜੀ! ਤੁਮਹੋ ਅਧਿਕ ਸਿਆਨੇ।
ਮੰਦ ਕਾਮ ਹਮ ਪੈ ਕਰਿਵਾਵਉ। ਸਭਿ ਲੋਕਨ ਮਹਿਂ ਮਾਨ ਘਟਾਵਉ ॥੪੩ ॥

ਇਹ ਸੁਣ ਕੇ ਲਖਮੀ ਦਾਸ ਨੇ ਕਿਹਾ, "ਪਿਤਾ ਜੀ! ਤੁਸੀ ਤਾਂ ਬਹੁਤ ਸਿਆਣੇ ਹੋ, ਮੈਲਾ ਕੰਮ ਸਾਥੋਂ ਕਰਵਾਉਂਦੇ ਹੋ, ਸਾਰੇ ਲੋਕਾਂ ਵਿਚ ਸਾਡਾ ਮਾਣ ਘਟਾਉਂਦੇ ਹੋ॥ ੪੩॥

ਇਸੀ ਪ੍ਰਕਾਰ ਤੁਮਾਰ ਸੁਭਾਊ। ਕਹਉ ਆਪ ਹਮ ਕਰੈਂ ਨ ਕਾਊ'।
ਤਬਿ ਲਹਿਣੇ ਦਿਸ਼ ਕ੍ਰਿਪਾ ਨਿਧਾਨਾ। ਅਵਲੋਕਯੋ ਅਸ ਬਚਨ ਬਖਾਨਾ ॥੪੪ ॥

ਇਸ ਪ੍ਰਕਾਰ ਦਾ ਤੁਹਾਡਾ ਸੁਭਾਅ ਹੈ, ਆਪ ਕਹਿੰਦੇ ਹੋ ਪਰ ਅਸੀਂ ਕਦੇ ਕਰਨਾ ਨਹੀਂ ਹੈ।" ਤਦ ਗੁਰੂ ਜੀ ਨੇ ਭਾਈ ਲਹਿਣੇ ਜੀ ਵਲ ਵੇਖਿਆ ਅਤੇ ਬਚਨ ਕੀਤਾ॥ ੪੪ ॥

'ਮਹਾਂ ਭਾਗ! ਕਰਦਮ ਕੈ ਮਾਂਹੀ। ਜਾਇ ਨਿਕਾਸਿ ਸੁੱਛ ਕਰਿ ਤਾਂਹੀ'।
ਗਰ ਬਹੁ ਮੋਲੇ ਚੀਰ ਸੁਹਾਈ। ਸੁਨਿ ਆਇਸੁ ਨਹਿਂ ਦੇਰਿ ਲਗਾਈ ॥ ੪੫ ॥

ਵੱਡੇ ਭਾਗਾਂ ਵਾਲੇ! ਚਿੱਕੜ ਦੇ ਵਿਚ ਜਾ ਕੇ ਬਰਤਨ ਕੱਢ ਕੇ ਸਾਫ ਕਰਕੇ ਲਿਆਵੋ। ਭਾਈ ਲਹਿਣੇ ਨੇ ਬੇਸ਼ਕ ਬਹੁਤ ਕੀਮਤੀ ਕੱਪੜੇ ਪਾਏ ਹੋਏ ਸਨ, ਪਰ ਗੁਰੂ ਜੀ ਦੀ ਆਗਿਆ ਸੁਣ ਕੇ ਉਸ ਦੇਰ ਨਾ ਲਾਈ॥ ੪੫॥

ਕੂਦ ਪਰਯੋ ਕਰਦਮ ਕੇ ਮਾਂਹੀ। ਆਇਸੁ ਅਨੁਸਾਰੀ ਪ੍ਰਨ ਜਾਂਹੀ।
ਬਾਸਨ ਕੋ ਨਿਕਾਸਿ ਲੈ ਆਵਾ। ਮਾਂਝ ਪਖਾਰਯੋ ਭਲੋ ਬਨਾਵਾ ॥ ੪੬ ॥

ਉਸ ਨੇ ਓਸੇ ਵੇਲੇ ਚਿੱਕੜ ਵਿਚ ਛਾਲ ਮਾਰ ਦਿੱਤੀ, ਕਿਉਂਕਿ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਨਾ ਉਸ ਦਾ ਧਰਮ ਸੀ, ਬਰਤਨ ਨੂੰ ਬਾਹਰ ਕੱਢ ਲਿਆਇਆ, ਮਾਂਜ ਧੋ ਕੇ ਉਸ ਨੂੰ ਬੜਾ ਸੁੰਦਰ ਬਣਾ ਦਿੱਤਾ॥ ੪੬ ॥

ਪੰਕ ਸੰਗ ਪਟ ਭਏ ਮਲੀਨਾ। ਅੰਗ ਨ ਲਗਯੋ ਜਾਤ ਨਹਿਂ ਚੀਨਾ।
ਸਰਬ ਬਿਲੋਕਿ ਬਿਸ ਮਤਾ ਠਾਨੀ। 'ਧੰਨ ਧੰਨਾ' ਕਹਿਂ ਕੇਤਿਕ ਬਾਨੀ ॥੪੭ ॥

ਚਿੱਕੜ ਨਾਲ ਕਪੜੇ ਲਿੱਬੜ ਗਏ ਸਨ, ਐਸੇ ਅੰਗ ਚਿੱਕੜ ਨਾਲ ਲਿਬੜ ਗਏ ਕਿ ਭਾਈ ਲਹਿਣਾ ਜੀ ਪਛਾਣੇ ਨਹੀਂ ਸਨ ਜਾਂਦੇ। ਸਾਰੇ ਵੇਖ ਕੇ ਹੈਰਾਨ ਹੋ ਗਏ। ਕਈਆਂ ਨੇ 'ਧੰਨ ਧੰਨ' ਕਿਹਾ॥ ੪੭॥

ਗੁਰ ਸਿੱਖੀ ਤਿੱਖੀ ਅਸਿ ਹੂੰਤੇ। ਧੰਨ ਸਿ ਨਰ ਜੇ ਜਾਇ ਪਹੂੰਚੇ।

ਅਧਿਕ ਪ੍ਰਸੀਦੇ ਕ੍ਰਿਪਾ ਨਿਧਾਨਾ। ਮ੍ਰਿਦੁਲ ਸੁਮਤਿ ਸੋਂ ਬਚਨ ਬਖਾਨਾ॥੪੮॥

ਗੁਰਸਿੱਖੀ ਤਲਵਾਰ ਨਾਲੋਂ ਵੀ ਤਿੱਖੀ ਹੈ, ਉਹ ਮਨੁੱਖ ਧੰਨ ਹਨ ਜਿਹੜੇ ਸਿੱਖੀ ਤਕ ਪਹੁੰਚ ਗਏ ਹਨ। ਗੁਰੂ ਜੀ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਕੋਮਲ ਸ੍ਰੇਸ਼ਟ ਮੱਤ ਵਾਲੇ ਨੂੰ ਭਾਵ ਭਾਈ ਲਹਿਣੇ ਨੂੰ ਬਚਨ ਕੀਤਾ॥ ੪੮॥

ਦੋਹਰਾ-'ਕਰ ਜੋਰੇ ਕਰਤਾਰ ਕੋ ਬੰਦਨ ਕਰਿ ਸਿਰ ਨਯਾਇ।
ਤਵ ਸਮਤਾ ਨਹਿਂ ਅਪਰ ਮਹਿਂ, ਅਤਿ ਉਤੰਗ ਪਦ ਪਾਇਂ॥੪੯॥

"ਹੱਥ ਜੋੜ ਕੇ ਕਰਤਾਰ ਨੂੰ ਸਿਰ ਨਿਵਾ ਕੇ ਬੰਦਨਾ ਕਰੋ, ਤੁਹਾਡੀ ਬਰਾਬਰੀ ਹੋਰ ਕੋਈ ਵੀ ਨਹੀਂ ਕਰ ਸਕਦਾ, ਤੁਸੀਂ ਬਹੁਤ ਵੱਡੀ ਪਦਵੀ ਪ੍ਰਾਪਤ ਕਰੋਗੇ"॥ ੪੯॥

ਚੌਪਈ- ਸੁਨਿ ਲਹਿਣੇ ਗਹਿ ਪਦ ਅਰਬਿੰਦਾ। ਧਰਯੋ ਸੀਸ ਲਹਿ ਰਿਦੇ ਅਨੰਦਾ।
ਬਹੁਰੋ ਕਿਤਿਕ ਬਿਤਾਯੋ ਕਾਲਾ। ਸੇਵਹਿ ਸ੍ਰੀ ਗੁਰ ਚਰਨ ਰਸਾਲਾ॥੫੦॥

ਇਹ ਸੁਣ ਕੇ ਭਾਈ ਲਹਿਣੇ ਨੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ ਅਤੇ ਚਰਨਾਂ ਤੇ ਸੀਸ ਧਰ ਕੇ ਹਿਰਦੇ ਵਿਚ ਬਹੁਤ ਖ਼ੁਸ਼ ਹੋਇਆ। ਫਿਰ ਕਾਫੀ ਸਮਾਂ ਬਿਤਾਇਆ, ਗੁਰੂ ਜੀ ਦੇ ਰਸੀਲੇ ਚਰਨਾਂ ਦੀ ਸੇਵਾ ਕਰਦਾ ਸੀ॥ ੫੦॥

ਇਕ ਦਿਨ ਬੂੜੇ ਕੇ ਮਨ ਆਈ। ਹੌਂਭੀ ਸੇਵ ਕਰਉਂ ਅਧਿਕਾਈ।
ਸਦਾ ਰਹਉਂ ਆਇਸੁ ਅਨੁਸਾਰੀ। ਤਦਪਿ ਕ੍ਰਿਪਾ ਲਹਿਣੇ ਪਰ ਭਾਰੀ॥੫੧॥

ਇਕ ਦਿਨ ਭਾਈ ਬੂੜੇ ਦੇ ਮਨ ਵਿਚ ਆਇਆ ਕਿ ਮੈਂ ਵੀ ਬਹੁਤ ਸੇਵਾ ਕਰਦਾ ਹਾਂ ਅਤੇ ਸਦਾ ਆਗਿਆ ਅਨੁਸਾਰ ਰਹਿੰਦਾ ਹਾਂ, ਫਿਰ ਵੀ ਗੁਰੂ ਜੀ ਦੀ ਕਿਰਪਾ ਭਾਈ ਲਹਿਣੇ ਤੇ ਬਹੁਤ ਜ਼ਿਆਦਾ ਹੈ॥ ੫੧॥

ਅੰਤਰਜਾਮੀ ਸ੍ਰੀ ਗੁਰਜਾਨੀ। ਤਿਸ ਕੇ ਪਰਖਨ ਕੀ ਬਿਧਿ ਠਾਨੀ।
ਹੁਤੇ ਨਿਸਾ ਇਕ ਏ ਦ੍ਵੈ ਪਾਸਾ। ਬੋਲੇ ਬਚਨ ਤਬਹਿ ਸੁਖਰਾਸਾ॥੫੨॥

ਗੁਰੂ ਜੀ ਅੰਤਰਜਾਮੀ ਸਨ, ਉਸ ਨੂੰ ਪਰਖਣ ਵਾਸਤੇ ਉਨ੍ਹਾਂ ਇਕ ਵਿਧੀ ਬਣਾਈ। ਇਕ ਰਾਤ ਭਾਈ ਬੂੜਾ ਤੇ ਭਾਈ ਲਹਿਣਾ ਦੋਵੇਂ ਗੁਰੂ ਜੀ ਪਾਸ ਸਨ। ਤਦ ਗੁਰੂ ਜੀ ਨੇ ਬਚਨ ਕੀਤਾ॥ ੫੨॥

'ਬੂੜੇ ਵਹਿਰ ਨਿਕਸਿਕੈ ਦੇਖਿ। ਕਿਤਿਕ ਜਾਮਨੀ ਹੈ ਅਬਿ ਸ਼ੇਖ਼।
ਜੇਤੀ ਰਹੀ ਬਤਾਵਉ ਸੋਊ। ਕਾਲ ਸ਼ਨਾਨ ਭਯੋ ਕਿ ਨ ਹੋਊ'॥੫੩॥

"ਹੇ ਬੂੜੇ! ਬਾਹਰ ਨਿਕਲ ਕੇ ਵੇਖ, ਕਿੰਨੇ ਪਹਿਰ ਰਾਤ ਹੁਣ ਬਾਕੀ ਹੈ, ਜਿੰਨੀ ਰਹਿੰਦੀ ਹੈ ਉਹੋ ਦੱਸੋ। ਇਸ਼ਨਾਨ ਕਰਨ ਦਾ ਸਮਾਂ ਹੋਇਆ ਹੈ ਕਿ ਨਹੀਂ?"॥ ੫੩॥

ਨਿਕਸਯੋ ਬੂੜਾ ਦੇਖਿ ਬਤਾਈ। 'ਅਰਧ ਨਿਸਾ ਅਬਿ ਹੈ ਗਤਿਦਾਈ!'।
ਗੁਰੂ ਕਹਯੋ 'ਏਤੀ ਅਬ ਨਾਂਹੀ। ਏਕੈ ਜਾਮ ਜਾਮਨੀ ਆਹੀ॥੫੪॥

ਬੂੜਾ ਬਾਹਰ ਨਿਕਲਿਆ ਅਤੇ ਦੱਸਿਆ, "ਹੇ ਗਤੀਦਾਤੇ! ਹੁਣ ਅੱਧੀ ਰਾਤ ਹੈ" ਗੁਰੂ ਜੀ ਨੇ ਕਿਹਾ" ਏਨੀ ਹੁਣ ਨਹੀਂ ਹੈ, ਇਕ ਪਹਿਰ ਹੀ ਰਾਤ ਬਾਕੀ ਹੈ॥ ੫੪॥

ਭਲੀ ਪ੍ਰਕਾਰ ਬਿਲੋਕਿ ਬਹੋਰੀ। ਦੇਹੁ ਬਤਾਇ ਖੋਇ ਮਤਿ ਭੋਰੀ'।
ਤਬ ਬੂੜੇ ਪਿਖਿ ਨੀਕੀ ਭਾਂਤੀ। ਕਹਯੋ 'ਪ੍ਰਭੂ ਜੀ! ਆਧੀ ਰਾਤੀ॥੫੫॥

ਚੰਗੀ ਤਰ੍ਹਾਂ ਦੁਬਾਰਾ ਵੇਖੋ, ਭੋਲੀ ਮੱਤ ਗਵਾ ਕੇ ਭਾਵ ਖ਼ਬਰਦਾਰੀ ਨਾਲ ਵੇਖੋ ਅਤੇ ਦੱਸੋ।" ਫਿਰ ਭਾਈ ਬੂੜੇ ਨੇ ਚੰਗੀ ਤਰ੍ਹਾਂ ਵੇਖਿਆ ਅਤੇ ਕਿਹਾ, "ਪ੍ਰਭੂ ਜੀ! ਅੱਧੀ ਰਾਤ ਹੈ॥ ੫੫॥

ਜਾਮ ਨਹੀਂ, ਮੈਂ ਦੇਖੀ ਨੀਕੇ'। ਸੁਨਿ ਬੋਲੇ ਪ੍ਰਿਯ ਸਿੱਖਨ ਜੀਕੇ।
'ਏਕੈ ਜਾਮ ਜਾਮਨੀ ਹੋਈ। ਤੈਂ ਨਹਿਂ ਪਿਖੀ ਭਲੀ ਬਿਧਿ ਸੋਈ' ॥੫੬॥

ਇਕ ਪਹਿਰ ਨਹੀਂ, ਮੈਂ ਚੰਗੀ ਤਰ੍ਹਾਂ ਵੇਖਿਆ ਹੈ," ਸਿੱਖਾਂ ਦੇ ਪਿਆਰੇ ਇਹ ਸੁਣ ਕੇ ਬੋਲੇ, "ਰਾਤ ਇਕ ਪਹਿਰ ਹੀ ਰਹਿੰਦੀ ਹੈ, ਤੂੰ ਚੰਗੀ ਤਰ੍ਹਾਂ ਨਹੀਂ ਵੇਖਿਆ ਹੈ" ॥੫੬॥

ਬਹੁਰੋ ਬੁੱਢੇ ਦੇਖਿ ਅਕਾਸ਼ਾ। 'ਅਰਧ ਰਾਤ੍ਰਿ ਅਬ ਹੈ ਸੁਖਰਾਸਾ!'।
ਤੀਨ ਬਾਰ ਯੌਂ ਬਚਨ ਹਟਾਏ। ਸ੍ਰੀ ਗੁਰ ਕੋ ਆਸ਼ੈ ਨਹਿ ਪਾਏ ॥੫੭॥

ਫਿਰ ਭਾਈ ਬੁੱਢੇ ਨੇ ਅਕਾਸ਼ ਵੱਲ ਵੇਖਿਆ ਅਤੇ ਕਿਹਾ, "ਗੁਰੂ ਜੀ ! ਹੁਣ ਅੱਧੀ ਰਾਤ ਹੈ।" ਤਿੰਨ ਵਾਰ ਇਸ ਤਰ੍ਹਾਂ ਬਚਨ ਕੀਤੇ ਤੇ ਸ੍ਰੀ ਗੁਰੂ ਜੀ ਦੇ ਆਸ਼ੇ ਅਨੁਸਾਰ ਨਾ ਉੱਤਰ ਦਿੱਤਾ ॥ ੫੭ ॥

ਲਹਿਣੇ ਸੋਂ ਬੋਲੇ ਗਤਿਦਾਈ। 'ਤੂੰ ਅਵਲੋਕ ਵਹਿਰ ਅਬ ਜਾਈ।
ਜੇਤੀ ਨਿਸ ਹੈ ਦੇਹੁ ਬਤਾਈ'। ਨਿਕਸਜੋ ਤੂਰਨ ਦੇਰਿ ਨ ਲਾਈ ॥੫੮॥

ਫਿਰ ਗੁਰੂ ਜੀ ਭਾਈ ਲਹਿਣੇ ਨੂੰ ਬੋਲੇ, "ਤੂੰ ਹੁਣ ਬਾਹਰ ਜਾ ਕੇ ਵੇਖ ਜਿੰਨੀ ਰਾਤ ਹੈ ਉਹ ਆ ਕੇ ਦੱਸ ਦੇਵੇਂ।" ਉਹ ਤੁਰੰਤ ਬਾਹਰ ਨਿਕਲਿਆ, ਇਸ ਵਿਚ ਉਸ ਕੁਝ ਦੇਰ ਨਾ ਲਾਈ ॥ ੫੮ ॥

ਉਡਗਨ ਕੋ ਬਿਲੋਕਿ ਕਹਿ ਬਾਨੀ। 'ਅਰਧ ਨਿਸਾ ਅਬ ਸ੍ਰੀ ਗੁਨ ਖਾਨੀ!'।
ਗੁਰ ਬੋਲੇ 'ਦੇਖਹੁ ਤੁਮ ਨੀਕੇ। ਜਾਮ ਜਾਮਨੀ ਹੈ ਅਬ ਠੀਕੇ' ॥੫੯॥

ਤਾਰਿਆਂ ਨੂੰ ਵੇਖ ਕੇ ਕਹਿਣ ਲੱਗਾ, "ਹੇ ਗੁਰੂ ਜੀ ! ਹੁਣ ਅੱਧੀ ਰਾਤ ਹੈ।" ਗੁਰੂ ਜੀ ਨੇ ਕਿਹਾ, "ਚੰਗੀ ਤਰ੍ਹਾਂ ਵੇਖੋ, ਰਾਤ ਹੁਣ ਇਕ ਪਹਿਰ ਬਾਕੀ ਹੈ" ॥ ੫੯ ॥

ਦੋਹਰਾ-ਲਹਿਣਾ ਰਿਦੈ ਬਿਚਾਰਈ ਹੈ ਆਧੀ ਹੀ ਰਾਤਿ।
ਤੱਦਪਿ ਗੁਰੂ ਸੁਹਾਵ ਜੋ ਸੋ ਨਹਿਂ ਜਾਨਜੋ ਜਾਤਿ ॥ ੬੦॥

ਭਾਈ ਲਹਿਣੇ ਨੇ ਹਿਰਦੇ ਵਿਚ ਵਿਚਾਰਿਆ ਕਿ ਰਾਤ ਤਾਂ ਅੱਧੀ ਹੀ ਹੈ, ਤਦ ਵੀ ਪਤਾ ਨਹੀਂ ਉਨ੍ਹਾਂ ਦੇ ਕਿਹੜੇ ਬਚਨਾਂ ਵਿਚੋਂ ਕਿਹੜੀ ਸੁੰਦਰਤਾ ਨਿਕਲ ਆਉਂਦੀ ਹੈ, ਜੋ ਗੁਰੂ ਜੀ ਨੂੰ ਚੰਗਾ ਲੱਗਦਾ ਹੈ ਅਸੀਂ ਦਾਸ ਸਮਝ ਨਹੀਂ ਸਕਦੇ ॥ ੬੦ ॥

ਚੌਪਈ- ਇਉਂ ਮਨ ਗੁਨਿ ਕੈ ਬੈਨ ਅਲਾਏ। 'ਪ੍ਰਭੁ ਮਮ ਨੈਨ ਹੁਤੇ ਅਲਸਾਏ।
ਭੂਲ ਕਹਜੋ ਮੈਂ ਆਧੀ ਰਾਤੀ। ਜਾਮ ਏਕ ਹੀ ਅਬਿ ਸੁਧ ਜਾਤੀ ॥੬੧॥

ਇਸ ਤਰ੍ਹਾਂ ਮਨ ਵਿਚ ਵਿਚਾਰ ਕੇ ਬੋਲਿਆ, "ਗੁਰੂ ਜੀ ਮੇਰੇ ਨੈਣ ਅਨੀਂਦਰੇ ਭਰੇ ਹਨ, ਮੈਂ ਭੁੱਲ ਕੇ ਅੱਧੀ ਰਾਤ ਕਹੀ ਹੈ, ਇਕ ਪਹਿਰ ਹੀ ਰਹਿੰਦੀ ਹੈ, ਹੁਣ ਪਤਾ ਲੱਗਾ ਹੈ ॥ ੬੧ ॥

ਜਿਤਨੀ ਨਿਸਾ ਬਿਤਾਈ ਰਾਉਰ। ਤਿਤਨੀ ਬਿਤੀ ਨ ਮੈਂ ਲਖਿ ਬਾਉਰ।
ਅਬ ਜਿਤਨੀ ਰਾਖੀ ਸੋ ਰਹੀ। ਸਰਬ ਕਾਲ ਕੋ ਕਰਤਾ ਤੁਹੀ ॥੬੨॥

ਜਿੰਨੀ ਰਾਤ ਆਪ ਨੇ ਬਿਤਾਈ ਹੈ, ਓਨੀ ਹੀ ਬੀਤੀ ਹੈ, ਮੈਂ ਹੋਰ ਨਹੀਂ ਵੇਖੀ। ਹੁਣ ਜਿੰਨੀ ਆਪ ਨੇ ਰੱਖੀ ਓਨੀ ਹੀ ਰਹਿੰਦੀ ਹੈ, ਸਾਰੇ ਸਮੇਂ ਦੇ ਤੁਸੀਂ ਮਾਲਕ ਹੋ ॥ ੬੨ ॥

ਭਈ ਅਵੱਗਜਾ ਛਿਮਾ ਕਰੀਜੈ। ਅਉਗਣਹਾਰ ਸਦਾ ਬਖਸ਼ੀਜੈ।
ਮੰਦ ਮਤੀ ਮੈਂ ਪਿਖਜੋ ਨ ਨੀਕੇ। ਬੋਲਜੋ ਕੂਰ ਤੁਮਾਰ ਨਜੀਕੇ' ॥੬੩॥

ਮੈਥੋਂ ਭੁੱਲ ਹੋ ਗਈ ਹੈ, ਖਿਮਾਂ ਕਰੋ, ਤੁਸੀਂ ਔਗੁਣਹਾਰ ਨੂੰ ਸਦਾ ਬਖਸ਼ਦੇ ਹੋ। ਮਾੜੀ ਮੱਤ ਵਾਲਾ ਮੈਂ ਚੰਗੀ ਤਰ੍ਹਾਂ ਵੇਖ ਨਹੀਂ ਸਕਿਆ। ਮੈਂ ਆਪ ਜੀ ਦੇ ਪਾਸ ਝੂਠ ਬੋਲਿਆ ਹੈ' ॥ ੬੩ ॥

ਸੁਨਿਕੈ ਪਰਮ ਪ੍ਰਸੀਦੇ ਦਯਾਲਾ। ਲਖ੍ਯੋ ਸਰਬ ਤੇ ਦਾਸ ਬਿਸਾਲਾ।
ਤਾਉ ਕਸੌਟੀ ਉਤਰ੍ਯੋ ਪੂਰਾ। ਬਾਰਹਿਬੰਨੀ ਭਯੋ ਸੁ ਰੂਰਾ॥ ੬੪ ॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਭਾਈ ਲਹਿਣੇ ਨੂੰ ਸਭ ਤੋਂ ਮਹਾਨ ਜਾਣਿਆ। ਤੂੰ ਕਸੌਟੀ ਤੇ ਪੂਰਾ ਉਤਰਿਆ ਹੈਂ। ਬਾਰਾਂ ਅੱਗਾਂ ਦਾ ਤਾਪ ਸਹਿ ਚੁਕੇ ਸੋਨੇ ਵਾਂਗ ਸ਼ੁੱਧ ਹੈਂ॥ ੬੪ ॥

ਪਰਖ੍ਯੋ ਸੇਵਕ ਸਭਿਹੀ ਭਾਂਤੀ। ਕਮਤੀ ਰਹੀ ਨ ਜਾਨੀ ਜਾਤੀ।
ਉਚਿਤ ਖ਼ਜ਼ਾਨੇ ਪਾਵਨ ਦੇਖਾ। ਕਰੀ ਕ੍ਰਿਪਾ ਪਰਸੀਦ ਬਿਸ਼ੇਖਾ॥੬੫ ॥

ਸੇਵਕ ਦੀ ਸਭ ਤਰ੍ਹਾਂ ਨਾਲ ਪਰਖ ਕੀਤੀ, ਕੋਈ ਕਮੀ ਰਹੀ ਨਾ ਜਾਣੀ ਗਈ। ਉਸ ਨੂੰ ਖਜ਼ਾਨਾ ਪਾਉਣ ਦੇ ਕਾਬਲ ਵੇਖਿਆ, ਕਿਰਪਾ ਕੀਤੀ ਅਤੇ ਬਹੁਤ ਪ੍ਰਸੰਨ ਹੋਏ॥ ੬੫ ॥

ਤਖਤ ਦੇਨ ਕੀ ਮਨ ਬਿਧਿ ਆਨੀ। ਪਲਟੌਂ ਬੇਖ ਭਲੇ ਉਰ ਠਾਨੀ।
ਸੁਖ ਸਾਗਰ ਪੂਰਨ ਅਬਿਨਾਸ਼ੀ। ਜੋ ਕਾਟਤਿ ਸੇਵਕ ਜਮ ਫਾਸੀ ॥੬੬ ॥

ਤਖਤ ਦੇਣ ਦੀ ਮਨ ਵਿਚ ਵਿਧੀ ਬਣਾਈ, ਹੁਣ ਮੈਂ ਆਪਣਾ ਜਾਮਾ ਬਦਲ ਲਵਾਂ, ਦਿਲ ਵਿਚ ਨਿਸ਼ਚਾ ਕਰ ਲਿਆ। ਗੁਰੂ ਜੀ ਸੁਖਾਂ ਦੇ ਸਾਗਰ ਅਤੇ ਪੂਰਨ ਅਬਿਨਾਸ਼ੀ ਹਨ, ਜਿਹੜੇ ਸੇਵਕਾਂ ਦੀ ਯਮਾਂ ਦੀ ਫਾਹੀ ਕੱਟਦੇ ਹਨ॥ ੬੬ ॥

ਸੈਯਾ- ਰੂਪ ਨ, ਰੇਖ ਨ, ਰੰਗ ਨ, ਰਾਗ ਨ, ਰੋਗ, ਨ ਸੋਗ ਅਕਾਲ ਸਦਾਏ।
ਪੂਰਨ ਸ੍ਰੀ ਪਰਮੇਸ਼ੁਰ ਜੋ ਪੁਰਸ਼ੋਤਮ ਪਾਰ ਨਹੀਂ ਕਿਹ ਪਾਏ।
ਪਾਤ ਨ, ਜਾਤ ਨ, ਮਾਤ ਨ, ਤਾਤ ਨ, ਭ੍ਰਾਤ ਨ, ਬੇਦ ਅਨੰਤ ਅਲਾਏ।
ਸੋ ਕਰਤਾਰ ਧਰਾ ਅਵਤਾਰ ਧਰਾ ਪਹਿ ਨਾਨਕ ਰੂਪ ਸੁਹਾਏ॥ ੬੭ ॥

ਉਸ ਦਾ ਨਾ ਕੋਈ ਰੂਪ ਹੈ, ਨਾ ਸਰੀਰ ਹੈ, ਨਾ ਰੰਗ ਹੈ, ਨਾ ਰਾਗ ਹੈ, ਨਾ ਰੋਗ ਹੈ, ਨਾ ਸੋਗ ਹੈ, ਉਹ ਸਦਾ ਹੀ ਕਾਲ-ਰਹਿਤ ਹੈ। ਉਹ ਪੂਰਨ ਸ੍ਰੀ ਪ੍ਰਮੇਸ਼ਵਰ ਅਤੇ ਪੁਰਸ਼ੋਤਮ ਹੈ, ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਉਸ ਦੀ ਕੋਈ ਜਾਤ ਪਾਤ ਨਹੀਂ, ਉਸ ਦਾ ਕੋਈ ਮਾਤਾ ਪਿਤਾ ਨਹੀਂ, ਉਸ ਦਾ ਕੋਈ ਭਰਾ ਨਹੀਂ, ਵੇਦ ਉਸ ਨੂੰ ਅਨੰਤ ਕਹਿੰਦੇ ਹਨ। ਸੋ ਕਰਤਾਰ ਨੇ ਅਵਤਾਰ ਧਾਰਨ ਕੀਤਾ ਹੈ, ਉਹ ਨਾਨਕ ਰੂਪ ਸੁਹਾ ਰਿਹਾ ਹੈ॥ ੬੭ ॥

ਜੰਗਮ ਔ ਜੜ੍ਹ ਜਾਹਿੰ ਰਚੇ, ਨਰ ਨਾਰਿਨ ਕੇ ਜਿਹ ਚਿੰਨ੍ਹ ਬਨਾਏ।
ਜੋਤਿ ਸਰੂਪ ਅਨੂਪਮ ਰੂਪ ਹੈ, ਭੂਪਨ ਭੂਪ ਜੁ ਰਾਵਨ ਰਾਏ।
ਆਦਿ, ਅਨਾਦਿ, ਅਗਾਧਿ ਅਬਾਧ, ਅਰਾਧਤਿ ਸਾਧ ਸਦਾ ਚਿਤ ਲਾਏ।
ਸੋ ਗੁਰ ਨਾਨਕ ਠਾਨਿ ਲਈ ਮਨ ਅੰਗਦ ਦੇਹਿ ਮੈਂ ਜਾਉਂ ਸਮਾਏ ॥੬੮ ॥

ਜੀਅ ਜੰਤ ਅਤੇ ਪੌਦਿਆਂ ਦੀ ਜਿਸ ਰਚਨਾ ਕੀਤੀ ਹੈ, ਨਰ ਨਾਰੀਆਂ ਦੇ ਜਿਸ ਚਿੰਨ੍ਹ ਬਣਾਏ ਹਨ। ਜਿਹੜਾ ਜੋਤ ਸਰੂਪ ਅਨੂਪਮ ਰੂਪ ਹੈ। ਉਹ ਰਾਜਿਆਂ ਦਾ ਰਾਜਾ ਹੈ, ਆਦਿ ਹੈ, ਜਿਸ ਦਾ ਆਦਿ ਨਹੀਂ, ਅਥਾਹ ਹੈ, ਅਪਾਰ ਹੈ, ਸਾਧੂ ਜਨ ਸਦਾ ਚਿਤ ਲਾ ਕੇ ਉਸ ਦਾ ਸਿਮਰਨ ਕਰਦੇ ਹਨ। ਸੋ ਗੁਰੂ ਨਾਨਕ ਜੀ ਨੇ ਮਨ ਵਿਚ ਇਹ ਗੱਲ ਪੱਕੀ ਕਰ ਲਈ ਕਿ ਗੁਰਗੱਦੀ ਭਾਈ ਲਹਿਣੇ ਨੂੰ ਦੇ ਕੇ ਮੈਂ ਸਮਾ ਜਾਵਾਂ॥ ੬੮ ॥

ਸ੍ਰੀ ਪਰਮਾਤਮ ਬਯਾਪਕ, ਥਾਪਕ, ਖਾਪਕ ਹੈ, ਭਵ ਤਾਪ ਮਿਟਾਏ।
ਪਾਪ ਕਲਾਪ ਨਸੈਂ ਜਿਹ ਜਾਪ ਤੇ, ਆਪ ਹੀ ਆਪ ਅਮਾਪ ਰਹਾਏ।

ਸ੍ਰੀ ਜਗ ਕਾਰਣ, ਦੰਭ ਬਿਦਾਰਣ, ਦਾਸ ਉਧਾਰਨ ਜਾਂ ਬਿਰਦਾਏ।
ਸੋ ਗੁਰ ਨਾਨਕ ਜੀਅ ਠਟੀ ਲਹਿਣੇ ਤਨ ਬੀਚ ਬਿਰਾਜਹੁੰ ਜਾਏ॥੬੯॥

ਸ੍ਰੀ ਪਰਮਾਤਮਾ, ਵਿਆਪਕ, ਥਾਪਣ ਵਾਲਾ ਅਤੇ ਮਾਰਨ ਵਾਲਾ ਹੈ ਅਤੇ ਦੁਨੀਆਂ ਦੇ ਸਾਰੇ ਦੁੱਖ ਮਿਟਾਉਣ ਵਾਲਾ ਹੈ। ਜਿਸ ਦੇ ਜਾਪ ਨਾਲ ਸਮੂਹ ਪਾਪ ਦੂਰ ਹੋ ਜਾਂਦੇ ਹਨ, ਆਪ ਹੀ ਆਪ ਹੈ ਅਤੇ ਮਾਪ-ਰਹਿਤ ਹੈ। ਸ੍ਰੀ ਜਗਤ ਦਾ ਮੂਲ ਅਤੇ ਦੰਭ ਨਾਸ਼ ਕਰਤਾ ਹੈ, ਦਾਸਾਂ ਦਾ ਉਧਾਰ ਕਰਨਾ ਉਸ ਦਾ ਬਿਰਦ ਹੈ। ਗੁਰੂ ਨਾਨਕ ਜੀ ਨੇ ਮਨ ਵਿਚ ਪੱਕੀ ਕਰ ਲਈ ਕਿ ਮੈਂ ਹੁਣ ਭਾਈ ਲਹਿਣੇ ਦੇ ਵਿਚ ਬਿਰਾਜ ਜਾਵਾਂ॥ ੬੯॥

ਦੋਹਰਾ- ਕਰਿ ਸ਼ਨਾਨ ਐਰਾਵਤੀ ਗਮਨੇ ਉਠਿ ਭੁਨਸਾਰ।
ਸੇਵਾ ਹਿਤ ਲਹਿਣਾ ਚਲਜੋ ਜਾਂਕੇ ਚਰਨ ਅਧਾਰ॥ ੭੦॥

ਸਵੇਰੇ ਸਵੱਖਤੇ ਉੱਠ ਕੇ ਰਾਵੀ ਵਿਚ ਇਸ਼ਨਾਨ ਕਰਨ ਚਲ ਪਏ, ਸੇਵਾ ਵਾਸਤੇ ਨਾਲ ਭਾਈ ਲਹਿਣਾ, ਜਿਸ ਦੇ ਗੁਰੂ ਦੇ ਚਰਨ ਆਧਾਰ ਹਨ, ਚਲਿਆ ਗਿਆ॥ ੭੦॥

ਚੌਪਈ- ਜਾਇ ਤੀਰ ਪਰ ਬਸਤ੍ਰ ਉਤਾਰੇ। ਸ੍ਰੀ ਗੁਰ ਪ੍ਰਵਿਸ਼ੇ ਨੀਰ ਮਝਾਰੇ।
ਕਰਿ ਸ਼ਨਾਨ ਮਧ ਠਾਂਢੇ ਰਹੇ। ਜਿਨ ਬਹੁ ਦਾਸਨ ਕੇ ਦੁਖ ਦਹੇ॥੭੧॥

ਦਰਿਆ ਦੇ ਕਿਨਾਰੇ ਤੇ ਜਾ ਕੇ ਕੱਪੜੇ ਉਤਾਰੇ ਅਤੇ ਗੁਰੂ ਜੀ ਜਲ ਅੰਦਰ ਪ੍ਰਵੇਸ਼ ਕਰ ਗਏ। ਇਸ਼ਨਾਨ ਕਰਕੇ ਵਿਚ ਖੜੇ ਰਹੇ, ਜਿਸ ਗੁਰੂ ਜੀ ਨੇ ਬਹੁਤ ਸੇਵਕਾਂ ਦੇ ਦੁੱਖਾਂ ਦਾ ਨਾਸ਼ ਕੀਤਾ ਹੈ॥ ੭੧॥

ਤਿਹ ਛਿਨ ਲਹਿਣੇ ਕੀਨ ਸ਼ਨਾਨਾ। ਬੈਠਜੋ ਤਟ ਪਰ ਲਾਇ ਧਿਆਨਾ।
ਦਸਵੇਂ ਦ੍ਵਾਰੇ ਸ੍ਵਾਸ ਟਿਕਾਯੋ। ਪ੍ਰੇਮ ਨਿਮਗਨ ਧਯਾਨ ਰਸ ਆਯੋ॥੭੨॥

ਉਸ ਵੇਲੇ ਭਾਈ ਲਹਿਣੇ ਨੇ ਵੀ ਇਸ਼ਨਾਨ ਕੀਤਾ ਅਤੇ ਕਿਨਾਰੇ ਤੇ ਧਿਆਨ ਲਾ ਕੇ ਬੈਠ ਗਿਆ। ਦਸਵੇਂ ਦੁਆਰ ਸਵਾਸ ਟਿਕਾਏ, ਪ੍ਰੇਮ ਵਿਚ ਮਗਨ ਅੰਮ੍ਰਿਤ ਰੂਪ ਧਿਆਨ ਰਸ ਆਇਆ॥ ੭੨॥

ਜੋ ਸਰੂਪ ਸ੍ਰੀ ਨਾਨਕ ਸੁੰਦਰ। ਸੋ ਠਹਿਰਇ ਰਿਦੇ ਕੇ ਅੰਦਰ।
ਭਯੋ ਬਿਦੇਹਿ ਦੇਹਿ ਸੁਧ ਨਾਂਹੀ। ਸੁਖ ਅਮੋਲ ਪਾਇਓ ਉਰ ਮਾਂਹੀ॥੭੩॥

ਜਿਹੜਾ ਗੁਰੂ ਨਾਨਕ ਜੀ ਦਾ ਸੁੰਦਰ ਸਰੂਪ ਸੀ, ਉਸ ਨੂੰ ਆਪਣੇ ਹਿਰਦੇ ਅੰਦਰ ਟਿਕਾਇਆ। ਬਿਦੇਹ ਹੋ ਗਏ ਅਤੇ ਦੇਹੀ ਦੀ ਸੋਝੀ ਭੁੱਲ ਗਈ ਅਤੇ ਦਿਲ ਵਿਚ ਅਮੋਲਕ ਸੁਖ ਪ੍ਰਾਪਤ ਕੀਤਾ॥ ੭੩॥

ਨਿਸ਼ਚਲ ਬੈਠਜੋ ਧਯਾਨ ਨਿਮਗਨਾ। ਗੁਰ ਸਰੂਪ ਕੀ ਇਕ ਲਿਵ ਲਗਨਾ।
ਸ੍ਰੀ ਗੁਰ ਬਧੇ ਪ੍ਰੇਮ ਕੀ ਡੋਰੀ। ਨਿਜ ਤਪ ਕਰਨ ਦੀਨ ਤਬ ਛੋਰੀ॥ ੭੪॥

ਧਿਆਨ ਵਿਚ ਮਗਨ ਨਿਸਚਲ ਬੈਠਿਆ ਰਿਹਾ। ਗੁਰੂ ਸਰੂਪ ਦੀ ਇਕ ਲਿਵ ਲੱਗ ਗਈ। ਸ੍ਰੀ ਗੁਰੂ ਜੀ ਜਿਹੜੇ ਪ੍ਰੇਮ ਦੀ ਡੋਰ ਨਾਲ ਬੱਝੇ ਸਨ, ਉਨ੍ਹਾਂ ਆਪ ਤਪ ਕਰਨਾ ਛੱਡ ਦਿੱਤਾ॥ ੭੪॥

ਤਟ ਪਰ ਆਇ ਦਾਸ ਕੋ ਹੇਰਾ। ਜਿਹ ਸੁਧ ਨਹਿਂ ਤਨ ਕੀ ਤਿਸ ਬੇਰਾ।
ਵਹਿਰ ਰੂਪ ਨਹਿਂ ਪਿਖੇ ਅਨੂਪਾ। ਅੰਤਰ ਧਯਾਨ ਰੂਪ ਅਨੁਰੂਪਾ॥ ੭੫॥

ਗੁਰੂ ਜੀ ਓਸੇ ਵੇਲੇ ਕੰਢੇ 'ਤੇ ਆ ਗਏ ਤੇ ਭਾਈ ਲਹਿਣੇ ਨੂੰ ਉਨ੍ਹਾਂ ਵੇਖਿਆ। ਜਿਨ੍ਹਾਂ ਨੂੰ ਉਸ ਵੇਲੇ ਆਪਣੇ ਤਨ ਦੀ ਸੋਝੀ ਨਹੀਂ ਸੀ। ਭਾਈ ਲਹਿਣਾ ਜੀ ਬਾਹਰ ਦਾ ਸੁਹਣਾ ਰੂਪ ਨਹੀਂ ਸੀ ਵੇਖ ਰਹੇ। ਅੰਤਰਮੁਖੀ ਹੋਏ ਧਿਆਨ ਦੇ ਰੂਪ ਦੇ ਅਨੁਕੂਲ ਹੋ ਰਹੇ ਸਨ, ਭਾਵ ਉਸ ਵਿਚ ਮਗਨ ਸਨ॥ ੭੫॥

ਤਿਹਛਿਨ ਰੂਪ ਧ੍ਯਾਨ ਮਹਿਂ ਜੋਊ। ਲਹਿਣੇ ਤੇ ਛਿਪਾਇ ਲਿਯ ਸੋਊ।
ਤਬਿ ਸੰਭ੍ਰਮ ਹੁਇ ਖੁਲੇ ਬਿਲੋਚਨ। ਦੇਖੇ ਆਗੇ ਸੋਚ ਬਿਮੋਚਨ ॥੭੬॥

ਉਸ ਵੇਲੇ ਗੁਰੂ ਨਾਨਕ ਦੇਵ ਜੀ ਦਾ ਜੋ ਸਰੂਪ ਭਾਈ ਲਹਿਣੇ ਜੀ ਦੇ ਧਿਆਨ ਵਿਚ ਸੀ ਉਹ ਸਰੂਪ ਗੁਰੂ ਜੀ ਨੇ ਭਾਈ ਲਹਿਣੇ ਤੋਂ ਛੁਪਾ ਲਿਆ। ਤਦ ਭਾਈ ਲਹਿਣਾ ਅਕੁਲਾ ਕੇ ਸਾਵਧਾਨ ਹੋ ਗਏ ਤੇ ਅੱਖਾਂ ਖੋਲ੍ਹੀਆਂ, ਆਪਣੇ ਸਾਹਮਣੇ ਗੁਰੂ ਜੀ ਨੂੰ ਵੇਖਿਆ॥ ੭੬॥

ਹਾਥ ਬੰਦਿ ਕੈ ਕੀਨ ਪ੍ਰਣਾਮਾ। ਲੇ ਨਿਜ ਸੰਗ ਚਲੇ ਸੁਖਧਾਮਾ।
ਧਰਮਸਾਲ ਮਹਿਂ ਆਨਿ ਬਿਰਾਜੇ। ਜੋ ਸਿੱਖਨ ਕੇ ਸਭਿ ਸੁਖ ਛਾਜੇ ॥੭੭॥

ਹੱਥ ਜੋੜ ਕੇ ਪ੍ਰਣਾਮ ਕੀਤੀ, ਨਾਲ ਲੈ ਕੇ ਘਰ ਨੂੰ ਚਲ ਪਏ। ਧਰਮਸਾਲਾ ਵਿਚ ਆ ਕੇ ਬਿਰਾਜ ਗਏ, ਜਿਹੜੇ ਗੁਰੂ ਜੀ ਸਿੱਖਾਂ ਨੂੰ ਸਾਰੇ ਸੁੱਖਾਂ ਨਾਲ ਸੁਸ਼ੋਭਤ ਕਰਦੇ ਹਨ॥ ੭੭॥

ਲਹਿਣੇ ਕੋ ਬਿਠਾਇ ਤਿਹ ਕਾਲਾ। ਸੰਗਤਿ ਸਰਬ ਬੁਲਾਇ ਬਿਸਾਲਾ।
ਦੋਨੋ ਸੁਤ ਕੋ ਨਿਕਟਿ ਹਕਾਰਾ। ਆਇ ਤਬੈ ਧ੍ਰਮਸਾਲ ਮਝਾਰਾ ॥੭੮॥

ਭਾਈ ਲਹਿਣੇ ਨੂੰ ਉਸ ਸਮੇਂ ਬਿਠਾ ਕੇ, ਵਿਸ਼ਾਲ ਸੰਗਤ ਨੂੰ ਬੁਲਾ ਲਿਆ। ਦੋਵਾਂ ਪੁੱਤਰਾਂ ਨੂੰ ਪਾਸ ਬੁਲਾਇਆ। ਤਦ ਉਹ ਵੀ ਧਰਮਸਾਲਾ ਦੇ ਅੰਦਰ ਆ ਗਏ॥ ੭੮॥

ਲਹਿਣੇ ਕੋ ਕਰੁਣਾ ਯੁਤ ਹੇਰਾ। ਲਿਯ ਪੰਚ ਪੈਸੇ ਇਕ ਨਲਿਯੇਰਾ।
ਕੀਨ ਪ੍ਰਦੱਛਨ ਤੀਨ ਚੁਫੇਰੇ। ਕਰ ਤੇ ਧਰਿਕੈ ਭੇਟ ਅਗੇਰੇ॥ ੭੯॥

ਭਾਈ ਲਹਿਣੇ ਨੂੰ ਬੜੇ ਪ੍ਰੇਮ ਨਾਲ ਵੇਖਿਆ, ਪੰਜ ਪੈਸੇ ਤੇ ਇਕ ਨਾਰੀਅਲ ਲਿਆ, ਉਸ ਦੇ ਚਾਰ-ਚੁਫੇਰੇ ਤਿੰਨ ਪ੍ਰਦੱਖਣਾਂ ਕੀਤੀਆਂ ਤੇ ਹੱਥਾਂ ਨਾਲ ਭੇਟ ਅੱਗੇ ਧਰ ਦਿੱਤੀ॥ ੭੯॥

ਹਾਥ ਜੋਰਿ ਕੈ ਸੀਸ ਨਿਵਾਯੋ। ਲਹਿਣਾ ਪਿਖਿ ਡਰਿਓ ਬਿਸਮਾਯੋ।
ਉਰ ਬਿਚਾਰਿ ਬਿੱਪ੍ਰੀਤ ਮਹਾਨਾ। ਤਿਹ ਛਿਨ ਇਹ ਬਿਧਿ ਬਚਨ ਬਖਾਨਾ ॥੮੦॥

ਹੱਥ ਜੋੜ ਕੇ ਸਿਰ ਨਿਵਾਇਆ, ਭਾਈ ਲਹਿਣਾ ਵੇਖ ਕੇ ਡਰਿਆ ਅਤੇ ਹੈਰਾਨ ਰਹਿ ਗਿਆ। ਮਨ ਵਿਚ ਸੋਚਿਆ ਇਹ ਤਾਂ ਮਹਾਨ ਉਲਟੀ ਰੀਤੀ ਕੀਤੀ ਹੈ। ਉਸ ਵੇਲੇ ਉਸ ਇਸ ਤਰ੍ਹਾਂ ਬਚਨ ਕੀਤਾ॥ ੮੦॥

'ਤੁਮ ਕਰਤਾਰ ਸਰਬ ਸਿਰਤਾਜਾ। ਪਰਮ ਪ੍ਰੇਮਸ਼ੁਰ ਸ੍ਰੀ ਮਹਾਰਾਜਾ।
ਜਿਸ ਤਨ ਕੋ ਤੁਮ ਨੈ ਸਿਰ ਨਜਾਯੋ। ਉਚਿਤ ਬਡੋ ਦੁਖ,ਮੈਂ ਲਖਿ ਪਾਯੋ ॥੮੧॥

"ਤੁਸੀਂ ਤਾਂ ਆਪ ਕਰਤਾਰ ਸਾਰਿਆਂ ਦੇ ਸਿਰਤਾਜ ਹੋ, ਪਰਮ ਪਰਮੇਸ਼ਵਰ ਅਤੇ ਸ੍ਰੀ ਮਹਾਰਾਜਾ ਹੋ। ਜਿਸ ਸਰੀਰ ਅੱਗੇ ਤੁਸੀਂ ਸਿਰ ਨਿਵਾਇਆ ਹੈ, ਇਹ ਉਚਿਤ ਨਹੀਂ, ਮੈਂ ਵੇਖ ਕੇ ਵੱਡਾ ਦੁੱਖ ਪਾਇਆ ਹੈ'॥ ੮੧॥

ਦੋਹਰਾ-ਸੁਨਿ ਕੈ ਸ੍ਰੀ ਗੁਰ ਤਬ ਕਹ੍ਯੋ ਕ੍ਰਿਪਾ ਰਸੀਲੇ ਨੈਨ।
'ਪੁਰਖਾ! ਬਸ ਤੂਸ਼ਨਿ ਕਰਹੁ, ਬਹੁਰ ਨ ਬੋਲਹੁ ਬੈਨ॥ ੮੨॥

ਇਹ ਸੁਣ ਕੇ ਗੁਰੂ ਜੀ ਨੇ ਕਿਰਪਾ ਰਸੀਲੇ ਨੈਣ ਕਰਕੇ ਇਸ ਤਰ੍ਹਾਂ ਕਿਹਾ, "ਪੁਰਖਾ ! ਹੁਣ ਤੁਸੀਂ ਚੁੱਪ ਰਹੋ, ਹੋਰ ਕੋਈ ਬਚਨ ਨਹੀਂ ਕਹਿਣਾ ਹੈ॥ ੮੨॥

ਚੌਪਈ- ਜੋ ਉਚਰਹੁ ਸੋ ਹੋਵੈ ਸਾਚੀ। ਪੁਨ ਅਸ ਕਰਹੁ ਨ ਗਿਰਾ ਉਬਾਚੀ।

ਆਇਸੁ ਮੰਨਹੁ ਅਸ ਮਤ ਮੇਰੋ। ਭਾ ਸਭਿ ਕੋ ਗੁਰ ਹੈ ਜਗ ਚੇਰੋ ॥੮੩॥

ਜਿਹੜੀ ਵੀ ਗੱਲ ਕਹੋਗੇ, ਉਹ ਸੱਚੀ ਹੋਵੇਗੀ, ਦੁਬਾਰਾ ਅਜੇਹਾ ਬਚਨ ਨਹੀਂ ਕਰਨਾ ਹੈ। ਮੇਰੀ ਇਸ ਤਰ੍ਹਾਂ ਆਗਿਆ ਮੰਨੋ, ਤੁਸੀਂ ਹੁਣ ਸਾਰੇ ਜਗਤ ਦੇ ਗੁਰੂ ਹੋ ਗਏ ਹੋ॥ ੮੩॥

ਅੰਗਦ ਨਾਮ ਆਜ ਤੇ ਹੋਹੀ। ਨਿਜ ਅੰਗਨ ਤੇ ਕੀਨੋ ਤੋਹੀ।
ਸਿਮਰਨ ਸੱਤਿਨਾਮ ਪ੍ਰਗਟਾਵੇ। ਜਹਿਂ ਤਹਿਂ ਸਿੱਖੀ ਰੀਤਿ ਚਲਾਵੇ' ॥੮੪॥

ਅੱਜ ਤੋਂ ਤੁਹਾਡਾ ਨਾਂ ਅੰਗਦ ਹੋਇਆ ਹੈ, ਮੈਂ ਤੁਹਾਨੂੰ ਆਪਣੇ ਨਿਜੀ ਅੰਗਾਂ ਤੋਂ ਬਣਾਇਆ ਹੈ। ਸਤਿਨਾਮ ਦੇ ਸਿਮਰਨ ਨੂੰ ਪ੍ਰਗਟ ਕਰੋ, ਜਿਥੇ ਕਿੱਥੇ ਸਿੱਖੀ ਰੀਤੀ ਚਲਾਵੋ''॥ ੮੪॥

ਅਸ ਕਹਿ ਪ੍ਰਭੁ ਦ੍ਵੈ ਰੂਪ ਸੁਹਾਯੋ। ਜਨੁ ਸ੍ਰੀ ਗੰਗ ਤਰੰਗ ਉਠਾਯੋ।
ਨੀਕੇ ਦਿਪਤੋ ਪ੍ਰਕਾਸ਼ ਬਿਸਾਲਾ। ਜਿਉਂ ਮਸਾਲ ਤੇ ਜਗੇ ਮਸਾਲਾ ॥੮੫॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਦਾ ਰੂਪ ਬਹੁਤ ਸੁਹਾਇਆ, ਮਾਨੋਂ ਸ੍ਰੀ ਗੰਗਾ ਦੀਆਂ ਲਹਿਰਾਂ ਉਠੀਆਂ ਹੋਣ। ਵਿਸ਼ਾਲ ਸੁੰਦਰ ਪ੍ਰਕਾਸ਼ ਜਗਮਗ ਕਰਨ ਲੱਗਾ, ਜਿਵੇਂ ਮਸਾਲ ਤੋਂ ਮਸਾਲ ਜਗਦੀ ਹੈ॥ ੮੫॥

ਜਗ ਮਹਿਂ ਉਲਟੀ ਗੰਗ ਵਹਾਈ। ਸਿੱਖ ਕੋ ਕਰਿ ਗੁਰ ਦੀ ਗੁਰਿਆਈ।
ਇਸ ਪ੍ਰਕਾਰ ਤਿਹ ਤਖਤ ਬਿਠਾਯੋ। ਬਹੁਰੋ ਸਭਿ ਸੋਂ ਬਚਨ ਅਲਾਯੋ ॥੮੬॥

ਜਗਤ ਵਿਚ ਉਲਟੀ ਗੰਗਾ ਵਗਾ ਦਿੱਤੀ, ਸਿੱਖ ਨੂੰ ਗੁਰਿਆਈ ਦੇ ਕੇ ਗੁਰੂ ਬਣਾ ਦਿੱਤਾ। ਇਸ ਪ੍ਰਕਾਰ ਤਖਤ ਤੇ ਬਿਠਾਇਆ, ਫਿਰ ਸਾਰਿਆਂ ਨੂੰ ਬਚਨ ਕੀਤਾ॥ ੮੬॥

'ਜੇ ਕੋ ਹੈ ਮੇਰੋ ਅਨੁਸਾਰੀ। ਨਮੋ ਕਰਹਿ ਪਦ ਪਰ ਸਿਰ ਧਾਰੀ।
ਮਮ ਸਰੂਪ ਕੋ ਜੈਸਾ ਜਾਨੈਂ। ਤਿਸੀ ਪ੍ਰਕਾਰ ਇਸੈ ਮਨ ਮਾਨੈ' ॥੮੭॥

''ਜਿਹੜਾ ਵੀ ਮੇਰਾ ਸਿੱਖ ਹੈ, ਉਹ ਇਨ੍ਹਾਂ ਦੇ ਚਰਨ ਕੰਵਲਾਂ ਤੇ ਸਿਰ ਰੱਖ ਕੇ ਨਮਸ਼ਕਾਰ ਕਰੇ, ਮੇਰੇ ਸਰੂਪ ਨੂੰ ਜਿਸ ਤਰ੍ਹਾਂ ਜਾਣਦੇ ਹੋ, ਉਸ ਤਰ੍ਹਾਂ ਹੀ ਇਨ੍ਹਾਂ ਨੂੰ ਆਪਣੇ ਮਨ ਵਿਚ ਮੰਨੋ''॥ ੮੭॥

ਸੁਨਿ ਰਜਾਇ ਸਤਿਗੁਰ ਕੀ ਤਬਿਹੀ। ਬੁੱਢੇ ਤੇ ਆਦਿਕ ਸਿੱਖ ਸਭਿਹੀ।
ਰੁਖ ਬਿਲੋਕਿ ਕੈ ਦੋਖ ਨਿਕੰਦਨ। ਉਠਿ ਤਤਕਾਲ ਕੀਨਿ ਸਭਿ ਬੰਦਨ ॥੮੮॥

ਸਤਿਗੁਰੂ ਦੀ ਆਗਿਆ ਸੁਣ ਕੇ, ਬਾਬਾ ਬੁੱਢਾ ਤੇ ਹੋਰ ਸਾਰੇ ਸਿੱਖ ਗੁਰੂ ਜੀ ਦਾ ਰੁਖ ਵੇਖ ਕੇ ਤੁਰੰਤ ਬੰਦਨਾ ਕਰਨ ਵਾਸਤੇ ਉਠੇ॥ ੮੮॥

ਜੁਗਲ ਆਤਮਜ ਉਠੇ ਨ ਕੋਈ। ਬੈਠੇ ਰਹੇ ਮਾਨ ਭਰਿ ਸੋਈ।
ਸ੍ਰੀ ਗੁਰ ਤਿਨ ਕੋ ਗਿਰਾ ਅਲਾਈ। 'ਤੁਮ ਭੀ ਉਠਿ ਬੰਦੋ ਸਿਰ ਨਜਾਈ' ॥੮੯॥

ਦੋਵਾਂ ਪੁੱਤਰਾਂ ਵਿਚੋਂ ਕੋਈ ਵੀ ਨਾ ਉਠਿਆ, ਘੁਮੰਡ ਵਿਚ ਭਰੇ ਬੈਠੇ ਰਹੇ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, ''ਤੁਸੀਂ ਵੀ ਉਠੋ, ਸਿਰ ਨਿਵਾ ਕੇ ਬੰਦਨਾ ਕਰੋ॥ ੮੯॥

ਕਹਤਿ ਭਏ 'ਇਹ ਦਾਸ ਤਿਹਾਰਾ। ਹਮ ਸੁਤ ਊਰਧ ਪਦ ਅਧਿਕਾਰਾ।
ਕੈਸੇ ਬਨੈ ਬੰਦਨਾ ਕਰਨੀ। ਹਮ ਤੇ ਕਰੀ ਨ ਜਾਇ ਅਕਰਨੀ' ॥ ੯੦॥

ਕਹਿਣ ਲੱਗੇ, ''ਇਹ ਤੁਹਾਡਾ ਸੇਵਕ ਹੈ, ਅਸੀਂ ਪੁੱਤਰ ਉੱਚੇ ਪਦ ਦੇ ਹੱਕਦਾਰ ਹਾਂ। ਸਾਡੀ ਬੰਦਨਾ ਕਰਨੀ ਕਿਵੇਂ ਬਣਦੀ ਹੈ ? ਸਾਥੋਂ ਤਾਂ ਜੋ ਕਰਨਯੋਗ ਨਹੀਂ, ਉਹ ਹੋ ਨਹੀਂ ਸਕਦੀ''॥ ੯੦॥

ਇਹ ਕਹਿ ਅਪਨੇ ਸਦਨ ਸਿਧਾਰੇ। ਪਿਤ ਕਰਤਬ ਕੁਛ ਰਿਦੇ ਨ ਧਾਰੇ।
ਮਹਿਮਾ ਲਖਿ ਕੈ ਕਹਜੋ ਨ ਮਾਨਜੋ। ਤਿਹਛਿਨ ਸ੍ਰੀ ਗੁਰੁ ਕਛੁ ਨ ਬਖਾਨਜੋ॥੯੧॥

ਇਹ ਕਹਿ ਕੇ ਆਪਣੇ ਘਰ ਨੂੰ ਚਲੇ ਗਏ। ਆਪਣੇ ਪਿਤਾ ਦੇ ਕਰਤਵ ਨੂੰ ਹਿਰਦੇ ਵਿਚ ਨਾ ਧਾਰਨ ਕੀਤਾ। ਮਹਿਮਾ ਵੇਖ ਕੇ ਕਿਹਾ ਨਾ ਮੰਨਿਆ। ਉਸ ਵੇਲੇ ਗੁਰੂ ਜੀ ਕੁਝ ਨਾ ਬੋਲੇ॥ ੯੧॥

ਬੈਠਿ ਕਹੇ ਅੰਗਦ ਸੰਗ ਬਚਨਾ। ਪਰਉਪਕਾਰ ਜਿਨਹਿੰ ਮਨ ਰਚਨਾ।
'ਅਬ ਤੁਮ ਜਗਤ ਉਧਾਰਨ ਕਾਰਨ। ਮੂਲਮੰਤ੍ਰ ਸ਼ੁਭ ਕਰਹੁ ਸੁਧਾਰਨ॥ ੯੨॥

ਬੈਠ ਕੇ ਗੁਰੂ ਅੰਗਦ ਦੇਵ ਜੀ ਨਾਲ ਬਚਨ ਕਰਨ ਲੱਗੇ, ਜਿਨ੍ਹਾਂ ਦੇ ਮਨ ਵਿਚ ਹਰ ਵੇਲੇ ਪਰਉਪਕਾਰ ਹੀ ਵੱਸਦਾ ਸੀ। ਕਹਿਣ ਲੱਗੇ, "ਹੁਣ ਤੁਸੀਂ ਜਗਤ ਦਾ ਉਧਾਰ ਕਰਨ ਹਿਤ ਸ਼ੁਭ ਮੂਲ ਮੰਤਰ ਨੂੰ ਸ੍ਰੇਸ਼ਟ ਰੂਪ ਵਿਚ ਧਾਰਨ ਕਰੋ॥ ੯੨॥

ਮਮ ਬਾਨੀ ਗੁਨਖਾਨੀ ਦੇਖਾ!। ਲੀਜੈ ਬੀਨੈ ਬੀਨ ਵਿਸ਼ੇਖਾ।
ਹਮਹਿੰ ਸੁਨਾਵਤਿ ਜਾਉ ਉਚਾਰਾ। ਬੰਧ ਮ੍ਰਿਜਾਦ ਕਰਹੁ ਉਪਕਾਰਾ॥ ੯੩॥

ਹੇ ਗੁਣਾਂ ਦੀ ਖਾਣ! ਮੇਰੀ ਬਾਣੀ ਤੁਸੀਂ ਵੇਖੀ ਹੀ ਹੈ, ਉਸ ਵਿਚੋਂ ਬਹੁਤ ਚੁਣ-ਚੁਣ ਕੇ ਸਾਨੂੰ ਉਚਾਰਨ ਕਰਕੇ ਸੁਣਾਉਂਦੇ ਜਾਓ ਅਤੇ ਮਰਯਾਦਾ ਬੰਨ੍ਹ ਕੇ ਉਪਕਾਰ ਕਰੋ॥ ੯੩॥

ਹਮ ਤੇ ਜੋ ਜਨਮੈਂ ਪਸ਼ਚਾਤਾ। ਤਿਨ ਸਭਿ ਕੋ ਹੋਵੇ, ਗਤਿ ਦਾਤਾ।
ਜਿਉਂ ਜਹਾਜ ਚੜ ਸਾਗਰ ਤਰਿਹੀਂ। ਤਿਉਂ ਤਿਹ ਪਢਿ ਸੰਸਾਰ ਉਧਰਿਹੀਂ'॥੯੪॥

ਸਾਡੇ ਬਾਅਦ ਵਿਚ ਜੋ ਜਨਮ ਲੈਣ, ਉਨ੍ਹਾਂ ਸਭ ਦੀ ਇਹ ਗੁਰਬਾਣੀ ਮੁਕਤੀ ਦਾਤਾ ਹੋਵੇਗੀ। ਜਿਵੇਂ ਜਹਾਜ਼ ਤੇ ਚੜ੍ਹ ਕੇ ਸਾਗਰ ਤਰ ਜਾਈਦਾ ਹੈ ਉਸ ਤਰ੍ਹਾਂ ਹੀ ਇਸ ਬਾਣੀ ਨੂੰ ਪੜ੍ਹ ਕੇ ਸੰਸਾਰ ਦਾ ਉਧਾਰ ਹੋਵੇਗਾ"॥ ੯੪॥

ਸੁਨਿ ਸ੍ਰੀ ਅੰਗਦ ਬੰਦਨ ਠਾਨੀ। ਬੀਨ ਬੀਨ ਨੀਕੇ ਗੁਰਬਾਨੀ।
ਆਨਿ ਸੁਨਾਵਨ ਕੀਨਿ ਸੁਹਾਨੀ। ਤਬਿ 'ਜਪੁ' ਨਾਮ ਧਰਜੋ ਗੁਨਖਾਨੀ॥੯੫॥

ਇਹ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਨੇ ਬੰਦਨਾ ਕੀਤੀ ਅਤੇ ਚੰਗੀ ਗੁਰਬਾਣੀ ਚੁਣ-ਚੁਣ ਕੇ ਆ ਕੇ ਸੁਣਾਉਣ ਲੱਗੇ। ਤਦ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਬਾਣੀ ਦਾ ਨਾਂ 'ਜਪੁ' ਰੱਖਿਆ॥ ੯੫॥

ਸ੍ਰੀ ਮੁਖ ਤੇ ਮਹਿਮਾ ਪੁਨ ਭਾਖੀ। 'ਜੋ ਨਰ ਹ੍ਵੈ ਸਿੱਖੀ ਅਭਿਲਾਖੀ।
ਨਿਸ ਮਹਿੰ ਉਠੇ ਸਿ ਕਰਹਿ ਸ਼ਨਾਨਾ। ਜਪੁ ਪੜ੍ਹਿਹੈ ਇਕ ਚਿਤ ਸਵਧਾਨਾ॥੯੬॥

ਫਿਰ ਆਪਣੇ ਮੁੱਖ ਤੋਂ ਬਹੁਤ ਮਹਿਮਾ ਕੀਤੀ, "ਜਿਹੜਾ ਵੀ ਮਨੁੱਖ ਸਿੱਖੀ ਦਾ ਅਭਿਲਾਸ਼ੀ ਹੋਵੇਗਾ, ਪਹਿਰ ਰਾਤ ਰਹਿੰਦਿਆਂ ਉੱਠ ਕੇ ਇਸ਼ਨਾਨ ਕਰੇ। 'ਜਪੁ ਜੀ' ਨੂੰ ਚਿੱਤ ਇਕਾਗਰ ਕਰਕੇ ਪੜ੍ਹੇ॥ ੯੬॥

ਅਰਥ ਬਿਚਾਰਿ ਕਰਹਿ ਉਰ ਮਾਂਹੀ। ਮੁਕਤਿ ਹੋਇ ਸੋ ਸੰਸੇ ਨਾਂਹੀ।
ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ। ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥ ੯੭॥

ਆਪਣੇ ਮਨ ਵਿਚ ਗੁਰਬਾਣੀ ਦੇ ਅਰਥਾਂ ਤੇ ਵਿਚਾਰ ਕਰੇ, ਕਿਸੇ ਸ਼ੰਕਾ ਤੋਂ ਬਗੈਰ ਉਹ ਮੁਕਤੀ ਪ੍ਰਾਪਤ ਕਰੇਗਾ। 'ਜਪੁ ਜੀ' ਸੇਵਨ ਦੀ ਜਿਨ੍ਹਾਂ ਦੇ ਮਨ ਵਿਚ ਪ੍ਰੀਤ ਹੋਵੇਗੀ, ਉਨ੍ਹਾਂ ਨੂੰ ਮੇਰੀ ਨਿਕਟਤਾ ਪ੍ਰਾਪਤ ਹੋਵੇਗੀ॥ ੯੭॥

ਧਰਹਿ ਕਾਮਨਾ ਪਢਿ ਹੈ ਇਕ ਮਨ। ਹੋਹਿ ਸਪੂਰਨ ਤਿਹ ਕੀ ਤਤਛਿਨ।
ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ। ਭੂਤ ਜਿ ਪ੍ਰੇਤ ਦੈਤ ਬਲਵਾਨਾ॥ ੯੮॥

ਜਿਹੜੇ ਇਕ ਮਨ ਪੜ੍ਹ ਕੇ ਕਾਮਨਾ ਧਾਰਨ ਕਰਨਗੇ, ਉਨ੍ਹਾਂ ਦੀ ਕਾਮਨਾ ਤੁਰੰਤ ਪੂਰੀ ਹੋਵੇਗੀ। ਫਿਰ ਜੰਤਰ ਮੰਤਰ ਅਤੇ ਮਹਾਨ ਤੰਤਰ, ਭੂਤ ਪ੍ਰੇਤ ਅਤੇ ਬਲਵਾਨ ਦੈਂਤ ਮੇਰੇ ਸਿੱਖ ਦਾ ਕੁਝ ਨਹੀਂ ਵਿਗਾੜ ਸਕਣਗੇ॥ ੯੮॥

ਤਿਹ ਸਮੀਪ ਨਹਿੰ ਆਵੈ ਕੋਈ। ਪਠਨ ਪ੍ਰੀਤਿ ਨਿਤ ਨਰ ਜਿਹ ਹੋਈ।
ਮਾਨੁਖ ਦੇਹਿ ਜੀਵ ਜਿਨ ਪਾਈ। ਜਪੁ ਬਿਹੀਨ ਹ੍ਵੈ ਬਾਦ ਗਵਾਈ ॥੯੯॥

ਇਨ੍ਹਾਂ ਵਿਚੋਂ ਕੋਈ ਵੀ ਉਸ ਦੇ ਨੇੜੇ ਨਹੀਂ ਆਵੇਗਾ, ਜਿਹੜੇ ਮਨੁੱਖ ਨਿਤ ਪ੍ਰੀਤ ਲਾ ਕੇ 'ਜਪੁ ਜੀ' ਪੜ੍ਹਨਗੇ। ਜਿਨ੍ਹਾਂ ਜੀਵਾਂ ਨੇ ਮਨੁੱਖਾ ਦੇਹ ਪਾਈ ਹੈ, ਉਹ ਜਪੁ ਜੀ ਤੋਂ ਬਗੈਰ ਵਿਅਰਥ ਜ਼ਿੰਦਗੀ ਗਵਾਉਣਗੇ'॥੯੯॥

ਸਿੱਖਨ ਯੋਗ ਮੰਤ੍ਰ ਗੁਰ ਕੇਰਾ। ਇਤ ਉਤ ਨਿਤ ਸੁਖ ਦੇਤਿ ਘਨੇਰਾ।
ਹੋਇ ਸਿੱਖ ਜਪੁ ਕੰਠ ਨ ਕੀਨੋ। ਨਾਉਂ ਧਰੀਕ ਬੇਖ ਧਰਿ ਲੀਨੋ॥੧੦੦॥

ਸਿੱਖਾਂ ਵਾਸਤੇ ਗੁਰੂ ਦਾ ਮੰਤਰ ਯੋਗ ਹੈ, ਇਸ ਦੁਨੀਆਂ ਤੇ ਅਗਲੀ ਦੁਨੀਆਂ ਵਿਚ ਇਹ ਬਹੁਤ ਸੁੱਖ ਦਿੰਦਾ ਹੈ। ਜਿਹੜਾ ਸਿੱਖ ਹੋ ਕੇ 'ਜਪੁ ਜੀ' ਨੂੰ ਕੰਠ (ਜ਼ਬਾਨੀ ਯਾਦ) ਨਹੀਂ ਕਰਦਾ, ਉਹ ਨਾਮ ਧਰੀਕ ਭੇਸ ਧਾਰਨ ਕਰਦਾ ਹੈ, ਭਾਵ ਉਹ ਅਸਲ ਵਿਚ ਗੁਰੂ ਦਾ ਸਿੱਖ ਨਹੀਂ ਕਹਾ ਸਕਦਾ॥ ੧੦੦॥

ਇਸਤੇ ਔਰ ਨ ਕੋ ਬਿਧਿ ਊਚੀ। ਜਪੁ ਸੇਵਨ ਇਕ ਮਨ ਹੁਇ ਸੂਚੀ।
ਕਾਮਧੇਨੁ, ਚਿੰਤਾਮਨਿ, ਸੁਰਤਰੁ। ਕਰਿ ਨਹਿੰ ਸਕੇ ਆਧਤਿਲ ਸਮਸਰ॥੧੦੧॥

ਇਸ ਨਾਲੋਂ ਹੋਰ ਕੋਈ ਵਿਧੀ ਵੀ ਉੱਚੀ ਨਹੀਂ ਹੈ। 'ਜਪੁ ਜੀ' ਦਾ ਸੇਵਨ ਇਕ ਮਨ ਹੋ ਕੇ ਅਤੇ ਸੁੱਚੀ ਦੇਹ ਕਰਕੇ ਕਰਨਾ ਚਾਹੀਦਾ ਹੈ। ਕਾਮਧੇਨੁ ਗਾਂ, ਚਿੰਤਾਮਨਿ (ਪੁਰਾਣਾਂ ਅਨੁਸਾਰ ਇਕ ਮਣੀ ਭਾਵ ਰਤਨ ਜੋ ਮਨ-ਚਿਤਵੇ ਪਦਾਰਥ ਦਿੰਦੀ ਹੈ) ਕਲਪ ਬ੍ਰਿਛ ਆਦਿ 'ਜਪੁ ਜੀ' ਦੀ ਇਕ ਤਿਲ ਮਾਤਰ ਦੀ ਬਰਾਬਰੀ ਨਹੀਂ ਕਰ ਸਕਦੇ॥ ੧੦੧॥

ਦੋਹਰਾ-ਮਹਿਮਾ ਬਰਨੀ ਅਲਪ ਮੈਂ ਕਹਿ ਨ ਜਾਇ ਮਤਿ ਮੰਦ।
ਊਚ ਅਗਾਧ ਅਕੱਥ ਹੈ ਜੋ ਜਪੁਜੀ ਸੁਖਕੰਦ॥ ੧੦੨॥

ਮੈਂ ਬਹੁਤ ਥੋੜ੍ਹੀ ਮਹਿਮਾ ਬਿਆਨ ਕੀਤੀ ਹੈ, ਥੋੜ੍ਹੀ ਮੱਤ ਵਾਲੇ ਪਾਸੋਂ ਕਹੀ ਨਹੀਂ ਜਾ ਸਕਦੀ। ਉਹ ਬਹੁਤ ਉੱਚੀ, ਅਥਾਹ ਅਤੇ ਅਕੱਥ ਹੈ, 'ਜਪੁ ਜੀ' ਸੁੱਖਾਂ ਦੇ ਦਾਤੇ ਹਨ॥੧੦੨॥

ਚੌਪਈ- ਮਨ ਮੂਰਖ ਨਿਤਪ੍ਰਤਿ ਜਪੁ ਸੇਵ। ਜਿਹ ਕੋ ਚਾਹੈਂ ਮੁਨਿ ਜਨ ਦੇਵ।
ਕਿਤ ਬਿਧਿ ਹੋਵਹਿ ਮਾਨੁਖ ਦੇਹੀ। ਸ੍ਰੀ ਨਾਨਕ ਸਿੱਖੀ ਮਗ ਲੇਹੀਂ॥੧੦੩॥

ਹੇ ਮੇਰੇ ਮੂਰਖ ਮਨ! ਸਦਾ 'ਜਪੁ ਜੀ' ਦਾ ਸੇਵਨ ਕਰ, ਮੁਨੀ ਜਨ ਦੇਵਤੇ ਮਨੁੱਖ ਦੇਹ ਪ੍ਰਾਪਤ ਕਰਨਾ ਚਾਹੁੰਦੇ ਹਨ। ਉਹ ਸੋਚਦੇ ਹਨ ਕਿਸੇ ਤਰ੍ਹਾਂ ਮਨੁੱਖੀ ਦੇਹੀ ਪ੍ਰਾਪਤ ਹੋਵੇ ਤਾਂਕਿ ਸ੍ਰੀ ਨਾਨਕ ਦਾ ਸਿੱਖੀ ਪੰਥ ਧਾਰਨ ਕਰੀਏ॥ ੧੦੩॥

ਜਪੁਜੀ ਸੇਵ ਕਟਹਿ ਜਮਫਾਸੀ। ਬਹੁਰ ਮਿਲਹਿ ਪਦਵੀ ਅਬਿਨਾਸ਼ੀ।
ਅਸ ਸੰਜੋਗ ਚਹਿਤ ਹੈ ਸੋਈ। ਤੁਮ ਕਉ ਤਉ ਸਭਿ ਪ੍ਰਾਪਤਿ ਹੋਈ॥੧੦੪॥

'ਜਪੁਜੀ' ਦਾ ਸੇਵਨ ਕਰਨ ਨਾਲ ਯਮਾਂ ਦੀ ਫਾਹੀ ਕੱਟੀ ਜਾਂਦੀ ਹੈ, ਫਿਰ ਮਨੁੱਖ ਨੂੰ ਅਬਿਨਾਸ਼ੀ ਦੀ ਪਦਵੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਜੋ ਕੁਝ ਦੇਵਤੇ ਚਾਹੁੰਦੇ ਹਨ, ਹੇ ਕਵੀ! ਤੈਨੂੰ ਸਭ ਕੁਝ ਪਹਿਲਾਂ ਹੀ ਪ੍ਰਾਪਤ ਹੈ, ਭਾਵ ਮਨੁੱਖਾ ਦੇਹੀ ਤੈਨੂੰ ਪਹਿਲਾਂ ਹੀ ਮਿਲੀ ਹੋਈ ਹੈ॥ ੧੦੪॥

ਬਾਰਬਾਰ ਕਜਾ ਕਹੌਂ ਬਨਾਈ। ਹ੍ਵੈ ਅਬ ਅੰਤ ਸਮਾਂ ਦੁਖਦਾਈ।
ਤਿਹਛਿਨ ਪਛੁਤਾਵਹਿਂ ਮਲਿ ਹਾਥਾ। ਹਮ ਕਿਉਂ ਖੋਯੋ ਜਨਮ ਅਕਾਥਾ ॥੧੦੫॥

ਵਾਰ-ਵਾਰ ਕੀ ਬਣਾ ਕੇ ਕਹਾਂ, ਅੰਤ ਸਮਾਂ ਬਹੁਤ ਦੁਖਦਾਈ ਹੋਵੇਗਾ, ਉਸ ਵੇਲੇ ਪਛਤਾਵੇਂਗਾ ਤੇ ਹੱਥ ਮਲੇਂਗਾ ਅਤੇ ਕਹੇਂਗਾ, ਮੈਂ ਜਨਮ ਅਕਾਰਥ ਕਿਉਂ ਗਵਾ ਦਿੱਤਾ॥੧੦੫॥

ਨਰ ਤਨ ਦੁਰਲਭ ਇਕ ਇਹ ਪਾਯੋ। ਪੁਨ ਸਤਿਗੁਰ ਸਿਖ ਬੇਖ ਬਨਾਯੋ।
ਤੀਜੋ ਕਲਜੁਗ ਕੋ ਹੈ ਕਾਲਾ। ਥੋਰੀ ਸੇਵਾ ਮਹਿਂ ਹੁਇ ਦਜਾਲਾ॥੧੦੬॥

ਦੁਰਲੱਭ ਮਨੁੱਖਾ ਸਰੀਰ ਇਕ ਵਾਰ ਹੀ ਪਾਇਆ ਹੈ, ਫਿਰ ਸਤਿਗੁਰੂ ਦੇ ਸਿੱਖ ਹੋਣ ਦਾ ਭੇਖ ਬਣਾਇਆ ਹੈ। ਤੀਸਰਾ ਕਲਜੁਗ ਦਾ ਸਮਾਂ ਹੈ। ਜਿਸ ਕਾਰਨ ਪ੍ਰਭੂ ਥੋੜ੍ਹੀ ਸੇਵਾ ਨਾਲ ਹੀ ਦਿਆਲ ਹੋ ਜਾਂਦਾ ਹੈ॥ ੧੦੬॥

ਐਸ ਸਮੈ ਤੇ ਜੋ ਚੁਕ ਜਾਈ। ਚੜ੍ਹਿ ਕਰਿ ਮੇਰੁ ਰਸਾਤਲ ਪਾਈ।
ਜਪੁਜੀ ਕੰਠ ਨਿਤਾਪ੍ਰਤਿ ਰਟੈ। ਜਨਮ ਜਨਮ ਕੇ ਕਲਮਲ ਕਟੈ॥੧੦੭॥

ਇਸ ਸਮੇਂ ਵੀ ਜੇ ਭੁੱਲ ਜਾਵੇਗਾ ਤਾਂ ਸੁਮੇਰ ਪਰਬਤ ਤੇ ਚੜ੍ਹ ਕੇ ਪਾਤਾਲ ਵਿਚ ਡਿੱਗ ਪਵੇਗਾ। 'ਜਪੁ ਜੀ' ਕੰਠ ਕਰਕੇ ਰੋਜ਼ ਇਸ ਦਾ ਪਾਠ ਕਰੇ ਤਾਂ ਜਨਮਾਂ-ਜਨਮਾਂ ਦੇ ਪਾਪ ਕੱਟੇ ਜਾਂਦੇ ਹਨ॥ ੧੦੭॥

ਸਨੈ ਸਨੈ ਮਨ ਨਿਰਮਲ ਹੋਇ। ਗਤਿ ਪਾਵਹਿ ਭਵ ਬੰਧਨ ਖੋਇ।
ਸ਼ਬਦ ਅੱਭਜਾਸ ਕਿਯੋ ਨਰ ਜਾਂਹੀ। ਰਹਯੋ ਨ ਕਰਨੋ ਕ੍ਰਿਤ ਕਛੁ ਤਾਂਹੀ॥੧੦੮॥

ਹੌਲੀ ਹੌਲੀ ਮਨ ਨਿਰਮਲ ਹੋ ਜਾਂਦਾ ਹੈ, ਮੋਖ ਪ੍ਰਾਪਤ ਹੁੰਦਾ ਹੈ ਅਤੇ ਦੁਨਿਆਵੀ ਬੰਧਨ ਦੂਰ ਹੋ ਜਾਂਦੇ ਹਨ। ਜਿਸ ਮਨੁੱਖ ਨੇ ਵੀ ਸ਼ਬਦ ਦਾ ਅਭਿਆਸ ਕੀਤਾ ਹੈ, ਫਿਰ ਉਸ ਵਾਸਤੇ ਕੋਈ ਕਿਰਤ ਕਰਨੀ ਵੀ ਬਾਕੀ ਨਹੀਂ ਰਹਿੰਦੀ ਹੈ॥ ੧੦੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸ੍ਰੀ ਅੰਗਦ ਜੀ ਕੋ ਤਖਤ ਦੇਨ ਪ੍ਰਸੰਗ' ਬਰਨਨੰ ਨਾਮ ਬਵੰਜਵੋਂ ਅਧਯਾਯ॥ ੫੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਬਵੰਜਵਾਂ ਅਧਿਆਇ, ਜਿਸ ਦਾ ਨਾਮ 'ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣਾ' ਹੈ, ਸਮਾਪਤ ਹੋਇਆ॥ ੫੨॥

## ਅਧਿਆਇ ਤਰਵੰਜਵਾਂ

### *ਸਿੱਖਾਂ ਨੂੰ ਉਪਦੇਸ਼*

ਦੋਹਰਾ-ਸ੍ਰੀ ਸਰਸ੍ਵਤੀ ਸਿਮਰਨੋ ਤੀਛਨ ਮਹਾਂ ਕੁਠਾਰ।
ਬਿਘਨ ਬ੍ਰਿਛ ਕੇ ਬਿਪਨ ਕੋ ਕਰਤਿ ਸੰਘਾਰ ਸੁਧਾਰਿ॥ ੧॥

ਕਵੀਆਂ ਦਾ ਕਵਿਤਾ ਲਿਖਣ ਸਮੇਂ ਸ੍ਰੀ ਸਰਸਵਤੀ ਨੂੰ ਯਾਦ ਕਰਨਾ ਮਾਨੋਂ ਇਕ ਤਿੱਖਾ ਕੁਹਾੜਾ ਹੈ, ਜੋ ਵਿਘਨਾਂ ਰੂਪੀ ਬ੍ਰਿਛਾਂ ਦੇ ਜੰਗਲਾਂ ਨੂੰ ਚੰਗੀ ਤਰ੍ਹਾਂ ਕੱਟਦਾ ਹੈ॥੧॥

ਚੌਪਈ- ਬਹੁਰੋ ਕਿਤਿਕ ਬਿਤਾਯੋ ਕਾਲਾ। ਸ੍ਰੀ ਨਾਨਕ ਜੀ ਪਰਮ ਕ੍ਰਿਪਾਲਾ।
ਇਕ ਦਿਨ ਅੰਗਦ ਸੰਗ ਬਖਾਨਾ। 'ਤੁਮ ਅਬ ਗਮਨਹੁ ਅਪਨ ਸਥਾਨਾ॥੨॥

ਫਿਰ ਗੁਰੂ ਅੰਗਦ ਦੇਵ ਜੀ ਨੇ ਕਾਫੀ ਸਮਾਂ ਓਥੇ ਹੀ ਬਿਤਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਪਰਮ ਕਿਰਪਾਲੂ, ਇਕ ਦਿਨ ਗੁਰੂ ਅੰਗਦ ਦੇਵ ਜੀ ਨੂੰ ਕਹਿਣ ਲੱਗੇ, 'ਤੁਸੀਂ ਹੁਣ ਆਪਣੇ ਸਥਾਨ ਤੇ ਚਲੇ ਜਾਵੋ॥ ੨॥

ਇਹਾਂ ਨ ਰਹੀਏ ਆਇਸੁ ਏਹੀ। ਸਮਾਂ ਸਮੀਪ ਤਜੋਂ ਨਿਜ ਦੇਹੀ।
ਦਿਨ ਥੋਰੇ ਹੀ ਰਿਦੇ ਲਖੀਜੈ। ਗ੍ਰਾਮ ਖਡੂਰ ਪਯਾਨੋ ਕੀਜੈ'॥ ੩॥

ਏਥੇ ਨਾ ਰਹੋ, ਮੇਰੀ ਆਗਿਆ ਹੈ, ਸਮਾਂ ਨੇੜੇ ਆ ਗਿਆ ਹੈ, ਮੈਂ ਆਪਣਾ ਸਰੀਰ ਛੱਡ ਜਾਵਾਂਗਾ। ਥੋੜ੍ਹੇ ਦਿਨ ਹੀ ਰਹਿ ਗਏ ਹਨ ਆਪਣੇ ਹਿਰਦੇ ਵਿਚ ਇਹ ਸਮਝੋ, ਤੁਸੀਂ ਖਡੂਰ ਪਿੰਡ ਵਿਚ ਚਲੇ ਜਾਵੋ"॥ ੩॥

ਸੁਨਿ ਅੰਗਦ ਬੰਦੇ ਦ੍ਵੈ ਹਾਥਾ। ਬੋਲਜੋ ਬਚਨ ਲਾਇ ਪਦ ਮਾਥਾ।
'ਰਾਵਰ ਕੀ ਰਜਾਇ ਮਮ ਸੀਸਾ। ਏਕ ਅਵਰ ਬੂਝੋਂ ਜਗਦੀਸ਼ਾ॥ ੪॥

ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਦੋਵੇਂ ਹੱਥ ਜੋੜ ਕੇ ਚਰਨਾਂ ਤੇ ਮੱਥਾ ਟੇਕਿਆ ਤੇ ਬਚਨ ਬੋਲੇ, "ਆਪ ਜੀ ਦਾ ਹੁਕਮ ਮੇਰੇ ਸਿਰ ਮੱਥੇ, ਪਰ ਇਕ ਗੱਲ ਹੋਰ ਪੁੱਛਣਾ ਚਾਹੁੰਦਾ ਹਾਂ॥ ੪॥

ਤਜਾਗਨ ਤਨ ਕੋ ਸਮਾ ਜਿ ਆਹੀ। ਤਬਿ ਦਰਸੋਂ ਮੈਂ ਆਇ ਕਿ ਨਾਂਹੀ?।
ਆਇਸੁ ਦਿਹੁ ਤਊਂ ਆਊਂ ਸਮੀਪਾ'। ਸੁਨਿ ਬੋਲੇ ਬੇਦੀ ਕੁਲ ਦੀਪਾ॥ ੫॥

ਜਦ ਤਨ ਤਿਆਗਣ ਦਾ ਸਮਾਂ ਆਵੇਗਾ, ਫਿਰ ਕੀ ਮੈਂ ਆਪ ਜੀ ਦੇ ਦਰਸ਼ਨ ਕਰ ਸਕਾਂਗਾ ਕਿ ਨਹੀਂ ? ਆਗਿਆ ਦੇਵੋ ਤਾਂ ਮੈਂ ਪਾਸ ਆ ਜਾਵਾਂ।" ਇਹ ਸੁਣ ਕੇ ਗੁਰੂ ਜੀ ਬੋਲੇ॥ ੫॥

'ਤੁਮ ਨਹਿਂ ਆਵੋ ਤਬ ਇਤ ਆਸਾ। ਹਮ ਆਵਹਿੰਗੇ ਤੁਮਰੇ ਪਾਸਾ।
ਜਿਸ ਬਿਧ ਕੋ ਨਹਿਂ ਸਕਹਿ ਲਖਾਈ। ਤਿਊਂ ਤਬਿ ਆਇ ਮਿਲੈਂ ਤੁਝ ਤਾਈਂ॥ ੬॥

ਤੁਸੀਂ ਮਿਲਣ ਦੀ ਇਹ ਆਸ ਲੈ ਕੇ ਏਧਰ ਨਾ ਆਵੋ, ਉਸ ਵੇਲੇ ਮੈਂ ਆਪ ਹੀ ਤੁਹਾਡੇ ਪਾਸ ਆ ਕੇ ਤੁਹਾਨੂੰ ਮਿਲ ਪਵਾਂਗਾ। ਜਿਹੜੀ ਵਿਧੀ ਜਾਣੀ ਨਹੀਂ ਜਾ ਸਕਦੀ, ਉਸ ਤਰ੍ਹਾਂ ਤਦ ਆਪ ਨੂੰ ਆ ਕੇ ਮਿਲ ਪਵਾਂਗਾ"॥ ੬॥

ਸੁਨਿਕੈ ਸ਼੍ਰੋਨ ਬਚਨ ਜਗ ਗੁਰ ਕੇ। ਚਲਜੋ ਨ ਚਹਿਤ ਨਿਕੇਤ ਬਿਛੁਰਿ ਕੇ।
ਤਦਪਿ ਰਜਾਇ ਅਮੋਰ ਸੁ ਪ੍ਰਨ ਜਿਹ। ਭਯੋ ਤਯਾਰ ਚਲਨ ਕੋ ਛਿਨ ਤਿਹ॥ ੭॥

ਗੁਰੂ ਜੀ ਦੇ ਬਚਨ ਕੰਨਾਂ ਨਾਲ ਸੁਣ ਕੇ, ਗੁਰੂ ਨਾਲੋਂ ਵਿਛੜ ਕੇ ਚਲਣਾ ਨਹੀਂ ਸੀ ਚਾਹੁੰਦੇ, ਤਦ ਵੀ ਹੁਕਮ ਮੋੜ ਨਹੀਂ ਸੀ ਸਕਦੇ, ਕਿਉਂਕਿ ਇਹ ਉਨ੍ਹਾਂ ਦਾ ਪ੍ਰਣ ਸੀ, ਓਸੇ ਵੇਲੇ ਚਲਣ ਨੂੰ ਤਿਆਰ ਹੋ ਗਏ॥ ੭॥

ਹ੍ਵੈ ਅਧੀਨ ਕਰਿ ਹੀ ਅਸ਼ਟਾਂਗੀ। ਬੰਦਹਿ ਚਰਨ ਕਵਲ ਅਨੁਰਾਗੀ।
ਮਨ ਸੌਂਪਜੋ ਗੁਨਖਾਨੀ ਪਾਸੂ। ਤਨ ਗਮਨਜੋ ਜਿਤ ਦਿਸ਼ਾ ਅਵਾਸੂ॥ ੮॥

ਅਧੀਨ ਹੋ ਕੇ ਡੰਡੌਤ ਬੰਦਨਾ ਕੀਤੀ ਅਤੇ ਬੜੇ ਪ੍ਰੇਮ ਨਾਲ ਚਰਨ ਕੰਵਲਾਂ ਤੇ ਬੰਦਨਾ ਕੀਤੀ। ਮਨ ਉਨ੍ਹਾਂ ਗੁਰੂ ਜੀ ਦੇ ਪਾਸ ਸੌਂਪ ਦਿੱਤਾ, ਤੇ ਸਰੀਰ ਓਧਰ ਚਲ ਪਿਆ ਜਿਸ ਤਰਫ ਘਰ ਸੀ॥ ੮॥

ਦੋਹਰਾ- ਬਿਦਾ ਹੋਇ ਜਗ ਗੁਰੂ ਤੇ ਸ੍ਰੀ ਅੰਗਦ ਸੁਖਰਾਸ।
ਸਨੇ ਸਨੇ ਆਵਤਿ ਭਏ ਗ੍ਰਾਮ ਖਡੂਰ ਅਵਾਸ॥ ੯॥

ਜਗਤ ਗੁਰੂ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਵਿਦਾ ਹੋਏ, ਖਡੂਰ ਪਿੰਡ ਵਿਚ ਆਪਣੇ ਘਰ ਆਉਣ ਵਾਸਤੇ ਹੌਲੀ ਹੌਲੀ ਚਲ ਪਏ॥ ੯॥

ਚੌਪਈ- ਮਿਲਹਿਂ ਤਬਹਿ ਸਗਰੇ ਨਰ ਆਈ। ਬੰਦਹਿਂ, ਕੁਸ਼ਲ ਬੂਝ ਹਰਖਾਈ।
ਜਥਾ ਜੋਗ ਆਦਰ ਸਭਿਹੀ ਕਾ। ਕਰਤਿ ਭਏ ਤੇਹਣ ਕੁਲਟੀਕਾ॥ ੧੦॥

ਜਦ ਘਰ ਪਹੁੰਚ ਗਏ ਤਾਂ ਪਿੰਡ ਦੇ ਸਾਰੇ ਮਨੁੱਖ ਆ ਕੇ ਮਿਲੇ, ਨਮਸ਼ਕਾਰ ਕਰਦੇ ਸਨ, ਕੁਸ਼ਲਤਾ ਪੁਛਦੇ ਸਨ ਅਤੇ ਸਭ ਕੁਝ ਪੁੱਛ ਕੇ ਬੜੇ ਖੁਸ਼ ਹੁੰਦੇ ਸਨ। ਗੁਰੂ ਅੰਗਦ ਦੇਵ ਜੀ ਸਭ ਦਾ ਯਥਾਯੋਗ ਆਦਰ ਕਰ ਰਹੇ ਸਨ॥ ੧੦॥

ਸਗਲੀ ਕਲਾ ਬਿਸਾਲ ਦੁਰਾਈ। ਨਹਿ ਕਿਸ ਕੇ ਸੰਗ ਕਬਹਿ ਜਨਾਈ।
ਜੋ ਹਿਰਦੇ ਕਰਿ ਬਹੁ ਜੱਗਜਾਸਾ। ਆਇ ਕਰਿਹਂ ਸੇਵਾ ਤਿਨ ਪਾਸਾ॥੧੧॥

ਸਾਰੀ ਕਲਾ ਲੁਕਾ ਕੇ ਰੱਖੀ, ਕਦੇ ਵੀ ਕਿਸੇ ਨੂੰ ਉਸ ਬਾਰੇ ਨਾ ਜਣਾਇਆ। ਜੋ ਹਿਰਦੇ ਵਿਚ ਬਹੁਤ ਜਗਿਆਸਾ ਰੱਖਦੇ ਸਨ, ਉਹ ਉਨ੍ਹਾਂ ਦੇ ਪਾਸ ਆ ਕੇ ਸੇਵਾ ਕਰਦੇ ਸਨ॥ ੧੧॥

ਤਬਿ ਉਪਦੇਸ਼ਹਿਂ ਹਿਤ ਕੱਲਜਾਨਾ। ਪਰੇ ਕੁਬੰਧਨ ਕਰਿਹੈਂ ਹਾਨਾ।
ਨਿਜ ਪ੍ਰਤਾਪ ਜੋ ਸਰਬ ਛਿਪਾਵਾ। ਸੂਰਜ ਮਨਹੁ ਬੀਚ ਘਟ ਪਾਵਾ॥੧੨॥

ਤਦ ਉਨ੍ਹਾਂ ਨੂੰ ਕਲਿਆਣ ਹਿਤ ਉਪਦੇਸ਼ ਕਰਦੇ ਸਨ, ਅਤੇ ਪਏ ਹੋਏ ਭੈੜੇ ਬੰਧਨ ਦੂਰ ਕਰਦੇ ਸਨ। ਨਿਜ ਪਰਤਾਪ ਜਿਹੜਾ ਸਾਰਾ ਲੁਕਾਇਆ ਹੋਇਆ ਸੀ, ਮਾਨੋਂ ਸੂਰਜ ਬੱਦਲਾਂ ਹੇਠ ਆਇਆ ਹੋਇਆ ਸੀ॥ ੧੨॥

ਕਿਨਹੁ ਨ ਅਜਰ ਜਰਯੋ ਇਨ ਜੈਸੇ। ਤੀਨ ਕਾਲ ਮਹਿ ਭਯੋ ਨ ਐਸੇ।
ਉਤਪਤਿ,ਪਾਲਨ ਸ਼ਕਤਿ ਤਿਲੋਕੰ। ਸਿੰਧ ਸੁਕਤ ਮਹਿਂ ਸਭਿ ਜਨੁ ਰੋਕੇ॥੧੩॥

ਇਨ੍ਹਾਂ ਵਾਂਗ ਕਿਸੇ ਨੇ ਵੀ ਨਾ ਜਰੇ ਜਾਣ ਵਾਲੇ ਨੂੰ ਜਰਿਆ ਸੀ। ਤਿੰਨਾਂ ਕਾਲਾਂ ਵਿਚ ਇਸ ਤਰ੍ਹਾਂ ਨਹੀਂ ਹੋਇਆ ਸੀ, ਕਿ ਕਿਸੇ ਨੇ ਉਤਪਤੀ, ਪਾਲਣ ਅਤੇ ਤਿੰਨਾਂ ਲੋਕਾਂ ਦੀ ਸ਼ਕਤੀ ਨੂੰ ਇਸ ਤਰ੍ਹਾਂ ਫੜ ਲਿਆ ਸੀ ਮਾਨੋਂ ਸਾਰੇ ਸਮੁੰਦਰ ਨੂੰ ਸਿੱਪੀ ਵਿਚ ਬੰਦ ਕੀਤਾ ਹੋਵੇ॥ ੧੩॥

ਮੁਸ਼ਟ ਬਿਖੈ ਨਭ ਸਭਿ ਲਿਯ ਜੈਸੇ। ਇਸ ਬਿਧਿ ਰਹੇ ਸਦਨ ਨਿਜ ਬੈਸੇ।
ਤਿਨ ਕੇ ਸ੍ਰੀ ਪਦ ਪੰਕਜ ਤਾਈਂ। ਕਵਿ ਸੰਤੋਖ ਸਿੰਘ ਬੰਦਨ ਗਾਈ॥੧੪॥

ਮੁੱਠੀ ਵਿਚ ਜਿਵੇਂ ਸਾਰਾ ਆਕਾਸ਼ ਫੜ ਲਿਆ ਹੋਵੇ, ਇਸ ਤਰ੍ਹਾਂ ਆਪਣੇ ਘਰ ਵਿਚ ਬੈਠੇ ਸਨ। ਉਨ੍ਹਾਂ ਦੇ ਚਰਨ ਕੰਵਲਾਂ ਤੇ ਕਵੀ ਸੰਤੋਖ ਸਿੰਘ ਬੰਦਨਾ ਗਾਉਂਦਾ ਹੈ॥ ੧੪॥

ਤਿਹ ਪਸ਼ਚਾਤ ਜੁ ਭਯੋ ਪ੍ਰਸੰਗਾ। ਸੁਨਹੁ ਸੁ ਸ਼੍ਰੋਤਾ ਸੰਗ ਉਮੰਗਾ।
ਸ੍ਰੀ ਨਾਨਕ ਜਸ ਤੇ ਨ ਉਚਾਟਉ। ਸੁਨਿ ਸੁਨਿ ਸਦਾ ਬੰਧ ਨਿਜ ਕਾਟਉ॥੧੫॥

ਇਸ ਤੋਂ ਬਾਅਦ ਜਿਹੜਾ ਪ੍ਰਸੰਗ ਹੋਇਆ, ਹੇ ਸ੍ਰੋਤਾ ਗਣ! ਉਤਸ਼ਾਹ ਨਾਲ ਸੁਣੋ। ਸ੍ਰੀ ਗੁਰੂ ਨਾਨਕ ਦੇਵ ਦਾ ਜੱਸ ਸੁਣਨ ਤੋਂ ਉਚਾਟ ਨਾ ਹੋ ਜਾਇਓ। ਸੁਣ-ਸੁਣ ਕੇ ਸਦਾ ਆਪਣੇ ਦੁਨਿਆਵੀ ਬੰਧਨਾ ਦਾ ਨਾਸ਼ ਕਰੋ॥ ੧੫॥

ਸ੍ਰੀ ਜਗ ਗੁਰ ਕੇ ਜਹਿਂ ਦਰਬਾਰਾ। ਹੁਤੇ ਅਗਾਰੀ ਚਲਦਲ ਭਾਰਾ।
ਸਘਨ ਛਾਉਂ ਸ਼ੋਭਤਿ ਰਮਣੀਕਾ। ਤਹਿਂ ਬੈਠਹਿਂ ਬੇਦੀ ਕੁਲਟੀਕਾ॥੧੬॥

ਜਗਤ ਦੇ ਗੁਰੂ ਜੀ ਦਾ ਜਿਥੇ ਦਰਬਾਰ ਸੀ, ਉਸ ਦੇ ਅੱਗੇ ਇਕ ਭਾਰੀ ਪਿੱਪਲ ਦਾ ਦਰੱਖਤ ਸੀ। ਉਸ ਦੀ ਸੰਘਣੀ ਛਾਂ ਸੀ ਜਿਹੜੀ ਬੜੀ ਰਮਣੀਕ ਸ਼ੋਭਦੀ ਸੀ। ਓਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ॥ ੧੬॥

ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਕਲੁਖ ਨਿਕੰਦਨ ਦੇਖਿ ਛਬੀਲੇ।
ਤੱਤ ਗਯਾਨ ਮੈ ਕੋਮਲ ਬੋਲਾ। ਸ਼੍ਰੋਨ ਸੁਨਾਵਹਿਂ ਮਧੁਰ ਅਮੋਲਾ॥੧੭॥

ਦੋ ਰਸੀਲੇ ਨੈਣ ਕਿਰਪਾ ਨਾਲ ਭਰੇ ਸਨ, ਉਹ ਪਾਪਾਂ ਦਾ ਨਾਸ਼ ਕਰਨ ਵਾਲੇ ਸਨ ਅਤੇ ਵੇਖਣ ਵਿਚ ਛਬੀਲੇ ਸਨ। ਤੱਤ੍ਹ ਗਿਆਨ ਵਿਚ ਉਨ੍ਹਾਂ ਦੇ ਕੋਮਲ ਬੋਲ ਸਨ ਅਤੇ ਮਿੱਠੇ ਅਮੋਲਕ ਸ਼ਬਦ ਸੁਣਾਉਂਦੇ ਸਨ॥ ੧੭॥

ਸਾਂਗ ਅਰੰਭੇ ਸਿੱਖ ਜਿ ਪਲਾਏ। ਸੋ ਸੁਨਿ ਪਰਖਨ ਬਿਧਿ ਪਛੁਤਾਏ।
ਬਹੁਰੋ ਆਇ ਹਜ਼ੂਰ ਅਗਾਰੀ। ਨਿਜ ਔਗਨ ਸੰਗ ਬਿਨੈ ਉਚਾਰੀ ॥੧੮॥

ਜਦ ਗੁਰੂ ਜੀ ਨੇ ਆਪਣਾ ਇਕ ਨਵਾਂ ਸਾਂਗ ਬਣਾਇਆ ਸੀ ਤਾਂ ਕਈ ਸਿੱਖ ਡਰਦੇ ਦੌੜ ਗਏ ਸਨ, ਉਹ ਫਿਰ ਹਜ਼ੂਰ ਦੇ ਸਾਹਮਣੇ ਆ ਗਏ, ਆਪਣੇ ਔਗੁਣਾਂ ਸਮੇਤ ਬੇਨਤੀ ਕੀਤੀ॥ ੧੮॥

ਬਖਸ਼ਾਵਹਿਂ ਅਰ ਪਾਸ ਰਹੇਹੀਂ। ਸੇਵਹਿਂ ਚਰਨ ਕਮਲ ਸੁਖ ਲੇਹੀਂ।
ਸ਼ਬਦ ਅਭਜਾਸ ਹੋਤਿ ਨਿਤ ਭਾਰੀ। ਗਾਇਂ ਸਪ੍ਰੇਮਹਿਂ ਅਰਥ ਬਿਚਾਰੀ ॥੧੯॥

ਔਗੁਣ ਬਖਸ਼ਾ ਕੇ ਪਾਸ ਰਹਿ ਰਹੇ ਸਨ ਅਤੇ ਚਰਨ ਕੰਵਲਾਂ ਦੀ ਸੇਵਾ ਕਰਕੇ ਸੁੱਖ ਪ੍ਰਾਪਤ ਕਰ ਰਹੇ ਸਨ। ਰੋਜ਼ ਸ਼ਬਦ ਦਾ ਭਾਰੀ ਅਭਿਆਸ ਹੁੰਦਾ ਸੀ। ਸਾਰੇ ਗਾਉਂਦੇ ਸਨ ਅਤੇ ਪ੍ਰੇਮ ਨਾਲ ਅਰਥਾਂ ਤੇ ਵਿਚਾਰ ਕਰਦੇ ਸਨ॥ ੧੯॥

ਤੁਰਕਨ ਮਹਿਂ ਮਹਿਮਾ ਬਹੁ ਜਾਗੀ। ਆਵਹਿਂ ਦਰਸ ਕਰਹਿਂ ਬਡਭਾਗੀ।
ਸੁਨਹਿਂ ਸ਼ਬਦ ਕਰਿ ਪ੍ਰੇਮ ਬਿਸ਼ਾਲਾ। ਤਿਨ ਕੀ ਕਰਹਿਂ ਕਲਜਾਨ ਕ੍ਰਿਪਾਲਾ ॥੨੦॥

ਤੁਰਕਾਂ ਵਿਚ ਵੀ ਗੁਰੂ ਜੀ ਦੀ ਮਹਿਮਾ ਬਹੁਤ ਵੱਧ ਗਈ ਸੀ, ਉਹ ਆਉਂਦੇ ਸਨ ਅਤੇ ਵੱਡੇ ਭਾਗਾਂ ਵਾਲੇ ਦਰਸ਼ਨ ਕਰਦੇ ਸਨ। ਕਿਰਪਾਲੂ ਗੁਰੂ ਜੀ ਵਿਸ਼ਾਲ ਪ੍ਰੇਮ ਕਰਕੇ ਸ਼ਬਦ ਸੁਣਦੇ ਸਨ। ਕ੍ਰਿਪਾਲੂ ਗੁਰੂ ਜੀ ਉਨ੍ਹਾਂ ਦਾ ਕਲਿਆਣ ਕਰਦੇ ਸਨ॥ ੨੦॥

ਦੇਸ਼ ਬਿਦੇਸ਼ਨ ਤੇ ਚਲਿ ਆਵਹਿਂ। ਪਦ ਪੰਕਜ ਪਰ ਸੀਸ ਝੁਕਾਵਹਿਂ।
ਦਰਸ਼ਨ ਕਰਹਿਂ ਥਪਹਿਂ ਨਿਜ ਪੀਰ। 'ਇਹ ਖੁਦਾਇ ਕੋ' ਕਹੈਂ 'ਸਰੀਰ' ॥੨੧॥

ਦੇਸ਼ਾਂ ਵਿਦੇਸ਼ਾਂ ਤੋਂ ਚਲ ਕੇ ਆਉਂਦੇ ਸਨ ਅਤੇ ਚਰਨ ਕੰਵਲਾਂ ਤੇ ਸੀਸ ਝੁਕਾਉਂਦੇ ਸਨ। ਦਰਸ਼ਨ ਕਰਕੇ ਆਪਣਾ ਪੀਰ ਸਥਾਪਿਤ ਕਰਦੇ ਸਨ ਅਤੇ ਕਹਿੰਦੇ ਸਨ, "ਇਹ ਖੁਦਾ ਦਾ 'ਸਰੀਰ' ਹੈ"॥ ੨੧॥

ਆਇਂ ਮੁਰੀਦ ਹੋਇਂ ਬਹੁ ਤੁਰਕਾ। ਸੁਨਿ ਸੁਨਿ ਬਚਨ ਹਨੈਂ ਭ੍ਰਮ ਉਰਕਾ।
ਦਿਜ, ਬਾਹਿਜ, ਅਰ ਬੈਸ਼ ਘਨੇਰੇ। ਆਵਹਿਂ ਸ਼ੂਦ੍ਰ ਲਗਹਿਂ ਗੁਰ ਪੈਰੇ ॥੨੨॥

ਬਹੁਤ ਤੁਰਕ ਆ ਕੇ ਮੁਰੀਦ ਬਣ ਰਹੇ ਸਨ, ਗੁਰੂ ਜੀ ਦੇ ਬਚਨ ਸੁਣ-ਸੁਣ ਕੇ ਹਿਰਦੇ ਦਾ ਭਰਮ ਦੂਰ ਕਰਦੇ ਸਨ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਆਉਂਦੇ ਸਨ ਅਤੇ ਗੁਰੂ ਜੀ ਦੇ ਚਰਨਾਂ ਨਾਲ ਜੁੜ ਜਾਂਦੇ ਸਨ॥ ੨੨॥

ਪਰਮ ਗਜਾਨ ਘਨ ਲਖਿ ਮਨ ਮਾਂਹੀ। ਸੇਵਹਿਂ ਚਰਨ ਸ਼ਬਦ ਅਵਗਾਹੀਂ।
ਸੁਨਹਿਂ ਬਚਨ ਬੈਠਹਿਂ ਚਹੁਂ ਓਰੀ। 'ਧੰਨ ਧੰਨਾ' ਭਨਿਹੀਂ ਕਰ ਜੋਰੀ ॥੨੩॥

ਮਨ ਵਿਚ ਪਰਮ ਗਿਆਨ ਸਮਝ ਕੇ ਚਰਨਾਂ ਨੂੰ ਸੇਂਵਦੇ ਸਨ ਅਤੇ ਸ਼ਬਦ 'ਤੇ ਵਿਚਾਰ ਕਰਦੇ ਸਨ। ਚਾਰੇ ਪਾਸੇ ਬੈਠ ਕੇ ਬਚਨ ਸੁਣਦੇ ਸਨ ਅਤੇ ਉੱਚੀ ਆਵਾਜ਼ ਨਾਲ 'ਧੰਨ ਧੰਨਾ' ਕਹਿੰਦੇ ਸਨ॥ ੨੩॥

ਸਤਿਗੁਰ ਬੀਚ ਬਿਰਾਜਹਿਂ ਐਸੇ। ਉਡਗਨ ਬਿਖੈ ਚੰਦ੍ਰਮਾ ਜੈਸੇ।
ਸਭਿਹਿਨਿ ਕੋ ਉਪਦੇਸ਼ ਬਤਾਵਾ। 'ਸੁਨਹੁ ਸਿੱਖ ਮਾਨੁਖ ਤਨੁ ਪਾਵਾ ॥੨੪॥

ਸਤਿਗੁਰ ਵਿਚ ਇਸ ਤਰ੍ਹਾਂ ਬਿਰਾਜਦੇ ਸਨ, ਜਿਵੇਂ ਤਾਰਿਆਂ ਵਿਚ ਚੰਦਰਮਾ ਬਿਰਾਜ ਰਹੇ ਹੋਣ। ਸਾਰਿਆਂ ਨੂੰ ਉਪਦੇਸ਼ ਦੱਸਦੇ ਸਨ, "ਹੇ ਸਿੱਖੋ ! ਸੁਣੋ, ਤੁਸੀਂ ਦੁਰਲੱਭ ਮਨੁੱਖੀ ਸਰੀਰ ਪਾਇਆ ਹੈ॥ ੨੪॥

ਦੁਰਲਭ ਅਹੈ ਅਮੋਲ ਪਦਾਰਥ। ਨਿਜ ਸਰੂਪ ਲਖਿ ਕਰਹੁ ਸਕਾਰਥ।
ਬਿਸ਼ਿਯਨ ਸੁਖ ਸਭਿ ਜੋਨਿਨਿ ਮਾਂਹੀ। ਇਕ ਬਿਚਾਰ ਨਰ ਤਨ ਬਿਨ ਨਾਂਹੀ ॥੨੫॥

ਇਹ ਸਰੀਰ ਦੁਰਲੱਭ ਅਤੇ ਅਮੋਲਕ ਪਦਾਰਥ ਹੈ, ਨਿਜੀ ਸਰੂਪ ਵੇਖ ਕੇ ਸਕਾਰਥ ਕਰੋ। ਵਿਸ਼ਿਆਂ ਦਾ ਸੁਖ ਸਭ ਜੂਨਾਂ ਵਿਚ ਹੈ, ਪਰ ਸੋਚ ਵਿਚਾਰ ਅਤੇ ਗਿਆਨ ਮਨੁੱਖਾ ਸਰੀਰ ਤੋਂ ਬਗੈਰ ਪ੍ਰਾਪਤ ਨਹੀਂ ਹੁੰਦਾ॥ ੨੫॥

ਉਰ ਮਹਿਂ ਇਸ ਬਿਧਿ ਕਰਹੁ ਬਿਚਾਰਨ। ਕੋ ਮੈਂ ਹੌਂ? ਕੋ ਜਗ ਕੋ ਕਾਰਨ?।
ਨਿਰਨੈ ਸੱਤਜ ਅਸੱਤਜ ਕਰੀਜੈ। ਤਜਹੁ ਅਸੱਤਜ, ਸੱਤਜ ਗਹਿ ਲੀਜੈ ॥੨੬॥

ਦਿਲ ਵਿਚ ਇਸ ਪ੍ਰਕਾਰ ਵਿਚਾਰ ਕਰੋ 'ਮੈਂ ਕੌਣ ਹਾਂ?' ਜਗਤ ਨੂੰ ਬਣਾਉਣ ਵਾਲਾ ਕੌਣ ਹੈ? ਸੱਚ ਝੂਠ ਦਾ ਨਿਰਣਾ ਕਰੋ। ਝੂਠ ਨੂੰ ਛੱਡੋ ਅਤੇ ਸੱਚ ਨੂੰ ਫੜ ਲਵੇ॥ ੨੬॥

ਦੇਹਾਦਿਕ ਪਰਪੰਚ ਪਸਾਰਾ। ਲਖਹੁ ਅਸੱਤਜ, ਸੌਤਿ ਆਧਾਰਾ।
ਸਾਚੀ ਹੋਤਿ ਜੇਵਰੀ ਜੈਸੇ। ਅਹਿ ਅਧੇਜ ਝੂਠੋ ਲਖਿ ਤੈਸੇ॥ ੨੭॥

ਸਰੀਰ ਆਦਿਕ ਪਰਪੰਚ ਪਸਾਰਾ ਹੈ, ਇਸ ਨੂੰ ਝੂਠ ਸਮਝੋ, ਅਤੇ ਜਿਸ ਨੇ ਇਹ ਦੇਹ ਬਣਾਈ ਹੈ, ਜਿਹੜਾ ਇਸ ਦੇਹ ਦੀ ਪਾਲਣਾ ਕਰ ਰਿਹਾ ਹੈ ਅਤੇ ਜਿਸ ਨੇ ਇਸ ਦੇਹ ਦਾ ਨਾਸ਼ ਕਰਨਾ ਹੈ, ਉਸ ਆਸਰੇ ਨੂੰ ਸੱਚ ਜਾਣੋ। ਜਿਵੇਂ ਆਤਮਾ ਸੱਚੀ ਹੁੰਦੀ ਹੈ, ਇਹ ਸਰੀਰ ਨੂੰ ਜਿਹੜਾ ਕਿਸੇ ਆਧਾਰ ਦੇ ਆਸਰੇ ਹੈ, ਉਹ ਝੂਠਾ ਹੈ॥ ੨੭॥

ਹੰਤਾ ਮਮਤਾ ਇਉਂ ਲਖਿ ਤਜਾਗਹੁ। ਨਿਜ ਸਰੂਪ ਸਨਮੁਖ ਅਨੁਰਾਗਹੁ।
ਭ੍ਰਮਾਵਰਤ ਤੇ ਨਿਕਸਿ ਉਤੰਗਾ। ਜਨਮੁ ਸਫਲ ਕਰਿ ਮਿਲਿ ਸਤਿਸੰਗਾ ॥੨੮॥

ਹਉਮੈ ਮਮਤਾ ਨੂੰ ਇਸ ਤਰ੍ਹਾਂ ਸਮਝ ਕੇ ਤਿਆਗ ਦੇਵੇ, ਆਪਣੇ ਸਰੂਪ ਦੇ ਸਨਮੁਖ ਹੋ ਕੇ ਪ੍ਰੇਮ ਕਰੋ। ਘੁੰਮਣ-ਘੇਰੀ ਵਿਚੋਂ ਨਿਕਲ ਕੇ ਉਚੇ ਉਠੋ। ਸਤਿਸੰਗ ਵਿਚ ਮਿਲ ਕੇ ਜਨਮ ਸਫਲ ਕਰੋ॥ ੨੮॥

ਬਿਨ ਬਿਚਾਰ ਨਰ ਦੇਹਿ ਅਕਾਰਥ। ਨਾਮ ਸਿਮਰ ਜੋ ਲਹਿ ਨ ਪ੍ਰਮਾਰਥ।
ਨਿਫਲ ਹੋਤਿ, ਦੁਖ ਕੋ ਅਧਿਕਾਰੀ। ਤੀਨ ਅਵਸਥਾ ਰਹਿ ਅਬਿਚਾਰੀ ॥੨੯॥

ਗਿਆਨ ਤੋਂ ਬਿਨਾਂ ਮਨੁੱਖ ਦੀ ਦੇਹ ਅਕਾਰਥ ਹੈ। ਨਾਮ ਦਾ ਸਿਮਰਨ ਕਰੋ, ਜੋ ਮਨੁੱਖਾ ਜਨਮ ਦਾ ਅਸਲ ਪ੍ਰਯੋਜਨ ਹੈ। ਜਿਹੜੇ ਨਾਮ ਦਾ ਸਿਮਰਨ ਨਹੀਂ ਕਰਦੇ, ਉਹ ਦੁੱਖ ਦੇ ਅਧਿਕਾਰੀ ਬਣਦੇ ਹਨ। ਗਿਆਨ-ਰਹਿਤ, ਬਾਲ, ਜੁਆਨੀ ਅਤੇ ਬਿਰਧ ਤਿੰਨਾ ਅਵੱਸਥਾਂ ਵਿਚ ਰਹਿੰਦੇ ਹਨ॥ ੨੯॥

ਨਿਕਸਤਿ ਜੋਨਿ ਅਧਿਕ ਦੁਖ ਪਾਵਾ। ਵਹਿਰ ਤਨਕ ਤਨ ਧਰਿ ਪੁਨ ਆਵਾ।
ਬਲ ਬਿਹੀਨ ਮੂਰਖਤਾ ਭਾਰੀ। ਗ੍ਰਿਹ ਕ੍ਰਿਤ ਕਰਤਿ ਗੇਰ ਮਹਿਤਾਰੀ॥ ੩੦॥

ਜੰਮਣ ਸਮੇਂ ਅਧਿਕ ਦੁੱਖ ਪਾਇਆ। ਮਾਤਾ ਦੇ ਗਰਭ ਤੋਂ ਬਾਹਰ ਨਿੱਕਾ ਜੇਹਾ ਸਰੀਰ ਧਾਰ ਕੇ ਆਇਆ। ਬਚਪਨ ਵਿਚ ਬਲ-ਹੀਣ ਹੁੰਦਾ ਹੈ ਅਤੇ ਭਾਰੀ ਮੂਰਖ ਹੁੰਦਾ ਹੈ। ਮਾਂ ਬੱਚੇ ਨੂੰ ਲਿਟਾ ਕੇ ਘਰ ਦੇ ਕੰਮ ਕਰਦੀ ਹੈ॥ ੩੦॥

ਦੋਹਰਾ- ਬਾਲ ਅਵਸਥਾ ਕੇ ਬਿਖੇ ਏਤੇ ਹੋਤਿ ਬਿਕਾਰ।
ਭ੍ਰਾਂਤਿ, ਜਲਨਤਾ, ਚਪਲਤਾ, ਇੱਛ, ਦੀਨਤਾ ਧਾਰ॥ ੩੧॥

ਬਾਲ ਅਵਸਥਾ ਵਿਚ ਕਈ ਪ੍ਰਕਾਰ ਦੇ ਦੁੱਖ ਸਹਿਣੇ ਪੈਂਦੇ ਹਨ, ਬਾਲਕ ਕਈ ਕਿਸਮ ਦੇ ਭਰਮਾਂ ਭੁਲੇਖਿਆਂ ਵਿਚ ਫਸਿਆ ਰਹਿੰਦਾ ਹੈ, ਅੰਜਾਣ ਹੋਣ ਕਰਕੇ ਕਈ ਪ੍ਰਕਾਰ ਦੀਆਂ ਮੂਰਖਤਾਵਾਂ ਕਰਦਾ ਹੈ, ਨਿੱਕੀ-ਨਿੱਕੀ ਗੱਲ ਤੇ ਸਾੜਾ ਕਰਦਾ ਹੈ, ਚੰਚਲ ਹੋਣ ਕਰਕੇ ਸ਼ੈਤਾਨੀਆਂ ਕਰਕੇ ਸੱਟਾਂ ਲਵਾਉਂਦਾ ਹੈ, ਹਰ ਚੀਜ਼ ਨੂੰ ਲੈਣ ਦੀ ਇੱਛਾ ਕਰਦਾ ਹੈ, ਪਰ ਪਰਾਏ ਵੱਸ ਹੋਣ ਕਰਕੇ ਆਪਣੀ ਮਨ-ਪਸੰਦ ਵਸਤੂ ਨਾ ਮਿਲਣ ਕਰਕੇ ਦੁੱਖੀ ਹੁੰਦਾ ਹੈ॥ ੩੧॥

ਚੌਪਈ- ਪ੍ਰਥਮ ਅਸ਼ਕਤਿ ਜਾਨਿਯੇ ਐਸੇ। ਕਛੂ ਨ ਕ੍ਰਿੱਤ ਹੋਤਿ ਹੈ ਜੈਸੇ।

ਪੁਨਿ ਮੂਰਖ ਕਛੁ ਸਮਝ ਨ ਸੱਕਈ। ਭਰਮ ਭਰਜੋ ਅਨ ਅਨ ਕੋ ਤੱਕਈ ॥੩੨॥

ਪਹਿਲੀ ਉਮਰ ਵਿਚ ਇਸ ਤਰ੍ਹਾਂ ਸ਼ਕਤੀ-ਰਹਿਤ ਸਮਝੋ, ਕੋਈ ਵੀ ਕਿਰਤ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦੀ। ਫਿਰ ਮੂਰਖ ਕੁਝ ਸਮਝ ਨਹੀਂ ਸਕਦਾ, ਭਰਮਾਂ ਦਾ ਭਰਿਆ ਹਰ ਇਕ ਵੱਲ ਤੱਕਦਾ ਰਹਿੰਦਾ ਹੈ॥ ੩੨॥

ਬਹੁਰ ਜਲਨਤਾ, ਜੋ ਕੁਛ ਚਾਹੀ। ਜਲਤਿ ਰਹਿਤਿ ਸੋ ਪਾਵਤਿ ਨਾਂਹੀ।
ਕਪਿ ਇਕ ਥਲ ਥਿਰ ਰਹਿ ਨ ਸਕਤਿ ਜਸ। ਤਿਉਂ ਨਹਿਂ ਠਹਿਰੈ ਚੰਚਲਤਾ ਅਸ ॥੩੩॥

ਫਿਰ ਜਲਨਤਾ (ਸੜਨਾ) ਜੋ ਕੁਝ ਚਾਹੁੰਦਾ ਹੈ, ਪਾਉਂਦਾ ਨਹੀਂ, ਇਸ ਲਈ ਸੜਦਾ ਰਹਿੰਦਾ ਹੈ। ਜਿਵੇਂ ਬਾਂਦਰ ਇਕ ਥਾਂ ਸਥਿਰ ਰਹਿ ਕੇ ਨਹੀਂ ਬੈਠ ਸਕਦਾ, ਉਹ ਵੀ ਉਸ ਵਾਂਗ ਠਹਿਰਦਾ ਨਹੀਂ ਤੇ ਉਸ ਤਰ੍ਹਾਂ ਚੰਚਲ ਰਹਿੰਦਾ ਹੈ॥ ੩੩॥

ਇੱਛਾ ਸਦਾ ਪਦਾਰਥ ਕੇਰੀ। ਹੋਤਿ ਦੀਨਤਾ ਸਭਿਨਿ ਅਗੇਰੀ।
ਮੂੜ, ਗੁੰਗ, ਅਪਵਿੱਤ੍ਰ ਰਹਾਈ। ਬਾਂਛਤ ਵਸਤੁ ਨ ਉਚਰ ਸਕਾਈ ॥੩੪॥

ਸਦਾ ਪਦਾਰਥ ਦੀ ਇੱਛਾ ਕਰਦਾ ਹੈ। ਸਾਰਿਆਂ ਅੱਗੇ ਦੀਨ ਹੋ ਜਾਂਦਾ ਹੈ। ਮੂਰਖ, ਗੂੰਗਾ ਅਪਵਿੱਤਰ ਰਹਿੰਦਾ ਹੈ। ਮੂੰਹ ਮੰਗੀ ਚੀਜ਼ ਬੋਲ ਕੇ ਨਹੀਂ ਮੰਗ ਸਕਦਾ॥ ੩੪॥

ਮਾਤ ਪਿਤਾ ਕੋ ਭੈ ਨਿਤ ਰਹਿਈ। ਖਿਨ ਖਿਨ ਬਿਖੈ ਅਨਾਦਰ ਲਹਿਈ।
ਜਿਉਂ ਕੂਕਰ ਦ੍ਵਾਰਨ ਕੋ ਜਾਈ। ਬਾਰ ਬਾਰ ਅਪਮਾਨਹਿ ਪਾਈ ॥੩੫॥

ਮਾਤਾ ਪਿਤਾ ਨੂੰ ਸਦਾ ਡਰ ਰਹਿੰਦਾ ਹੈ, ਪਲ-ਪਲ ਤੇ ਉਸਦਾ ਅਨਾਦਰ ਹੁੰਦਾ ਹੈ, ਜਿਵੇਂ ਕੁੱਤਾ ਜਦ ਕਿਸੇ ਦੇ ਦਵਾਰੇ ਤੇ ਜਾਂਦਾ ਹੈ, ਤਾਂ ਵਾਰ-ਵਾਰ ਅਪਮਾਨ ਪਾਉਂਦਾ ਹੈ॥ ੩੫॥

ਬਾਲ ਅਵਸਥਾ ਅਸ ਦੁਖ ਖਾਨੀ। ਜਿਸ ਮਹਿਂ ਸੁਖ ਕੀ ਰੰਚ ਨ ਜਾਨੀ।
ਤਾਂਤੇ ਸਿਮਰਨ ਸ਼੍ਰੀ ਕਰਤਾਰਾ। ਨਰ ਤਨ ਧਰਿਕੈ ਕਰਹੁ ਉਧਾਰਾ ॥੩੬॥

ਬਾਲ ਅਵਸਥਾ ਇਸ ਤਰ੍ਹਾਂ ਦੁੱਖਾਂ ਦੀ ਖਾਨ ਹੈ, ਜਿਸ ਵਿਚ ਸੁੱਖ ਰੰਚ ਮਾਤਰ ਵੀ ਨਾ ਜਾਣੋ। ਇਸ ਲਈ ਕਰਤਾਰ ਦਾ ਸਿਮਰਨ ਕਰੋ, ਮਨੁੱਖਾ ਸਰੀਰ ਧਾਰਨ ਕਰਕੇ ਹੁਣ ਆਪਣਾ ਉਧਾਰ ਕਰੋ॥ ੩੬॥

ਬਹੁਰੋ ਜੁਬਾ ਅਵਸਥਾ ਪਾਈ। ਕਾਮ ਪਿਸ਼ਾਚ ਲਗਹਿ ਤਬਿ ਧਾਈ।
ਖਿਰਜੋ ਸਰੋਜ ਚਿੱਤ ਬਹੁ ਭਾਂਤੀ। ਇੱਛ ਪੰਖਰੀ ਜਿਹ ਬਿਗਸਾਤੀ ॥੩੭॥

ਫਿਰ ਜਵਾਨ ਅਵਸਥਾ ਪਾਉਂਦਾ ਹੈ ਤਾਂ ਕਾਮ ਦਾ ਭੂਤ ਧਾ ਕੇ ਆਉਂਦਾ ਹੈ। ਚਿੱਤ ਦਾ ਕੰਵਲ ਬਹੁਤ ਪ੍ਰਕਾਰ ਖਿੜਦਾ ਹੈ, ਜਿਵੇਂ ਇੱਛਾ ਦੀ ਪੰਖੜੀ ਲਹਿਲਹਾਉਂਦੀ ਹੈ॥ ੩੭॥

ਜਿਉਂ ਨਿਰਧਨੀ ਧਨੀ ਕੇ ਪਾਸਾ। ਕਰਹਿ ਸਥਿਤੀ ਧਾਰਿ ਉਰ ਆਸਾ।
ਤਿਉਂ ਪਿਖ ਜੁਵਾ ਜੁ ਸਰਬ ਵਿਕਾਰਾ। ਆਇ ਸਥਿਤ ਹ੍ਵੈ ਨਰਨ ਮਝਾਰਾ ॥੩੮॥

ਜਿਵੇਂ ਨਿਰਧਨ, ਧਨ ਦੇ ਪਾਸ ਜਾ ਕੇ ਪ੍ਰਾਪਤੀ ਦੀ ਆਸ ਟਿਕਾਉਂਦਾ ਹੈ, ਤਿਵੇਂ ਜਵਾਨ ਸਾਰੇ ਵਿਕਾਰਾਂ ਨੂੰ ਵੇਖ ਕੇ ਮਨੁੱਖਾਂ ਵਿਚ ਆ ਕੇ ਖੜਾ ਹੋ ਜਾਂਦਾ ਹੈ॥ ੩੮॥

ਕਾਮ ਪਿਸ਼ਾਚ ਲਗਜੋ ਇਸ ਤਾਈਂ। ਨਾਰਿ ਗਰਤਿ ਮਹਿਂ ਦੇਯ ਡਿਗਾਈ।
ਤਿਸ ਮਹਿਂ ਪਰਜੋ ਮਹਾਂ ਦੁਖ ਪਾਵੈ। ਨਿਕਸਜੋ ਜਾਇ ਨ, ਜਨਮ ਗੁਵਾਵੈ ॥੩੯॥

ਕਾਮ ਦੀ ਭੁੱਖ ਏਨੀ ਵੱਧ ਜਾਂਦੀ ਹੈ ਕਿ ਇਸਤਰੀ ਰੂਪੀ ਟੋਏ ਵਿਚ ਡਿੱਗ ਪੈਂਦਾ ਹੈ। ਉਸ ਵਿਚ ਪਿਆ ਬੜਾ ਦੁੱਖ ਪਾਉਂਦਾ ਹੈ, ਫਿਰ ਨਿਕਲਿਆ ਜਾਂਦਾ ਨਹੀਂ ਤੇ ਜਨਮ ਗਵਾ ਲੈਂਦਾ ਹੈ॥ ੩੯॥

ਜਿਨ ਭੋਗਉਂ ਕਉ ਸੁਖ ਲਖਿ ਭੋਗੇ। ਸੋ ਸਭਿ ਦੁਖ ਕੋ ਕਾਰਣ ਸੋਗੇ।
ਜਿਉਂ ਕੰਚਨ ਘਟ ਬਿਖ ਕੋ ਪੂਰਾ। ਕਰੈ ਪਾਨ ਪਿਖਿ ਕੈ ਤਿਹ ਰੂਰਾ॥ ੪੦॥

ਜਿਨ੍ਹਾਂ ਭੋਗਿਆ ਹੈ, ਉਹ ਇਸ ਨੂੰ ਸੁਖ ਸਮਝ ਕੇ ਭੋਗਦੇ ਹਨ, ਪਰ ਇਹ ਸਾਰੇ ਸੋਗਾਂ ਅਤੇ ਦੁੱਖਾਂ ਦੇ ਕਾਰਨ ਹਨ। ਜਿਵੇਂ ਜ਼ਹਿਰ ਨਾਲ ਭਰਿਆ ਸੋਨੇ ਦਾ ਘੜਾ ਕੋਈ ਸੁੰਦਰ ਸਮਝ ਕੇ ਪੀ ਲਵੇ॥ ੪੦॥

ਤਿਉਂ ਬਿਚਾਰਿ ਬਿਨ ਸੁੰਦਰ ਨਾਰੀ। ਭੋਗੇ, ਹੈ ਅਧੀਨ ਦੁਖਕਾਰੀ।
ਜੁਵਾ ਆਵਦੀ ਨਿਸਾ ਪ੍ਰਘੋਰਾ। ਪੰਚ ਚੋਰ ਕਰਿਹੀ ਬਡ ਜੋਰਾ॥ ੪੧॥

ਤਿਵੇਂ ਵਿਚਾਰਹੀਣ ਹੋ ਕੇ ਸੁੰਦਰ ਨਾਰੀ ਨੂੰ ਦੁਖਦਾਤੀ ਦੇ ਵੱਸ ਹੋ ਕੇ ਭੋਗਦਾ ਹੈ। ਜਵਾਨੀ ਭਿਆਨਕ ਰਾਤ ਵਾਂਗ ਆਉਂਦੀ ਹੈ, ਪੰਜ ਚੋਰ ਵੱਡਾ ਜ਼ੋਰ ਪਾਉਂਦੇ ਹਨ॥ ੪੧॥

ਸਤ ਸੰਤੋਖ, ਵਿਰਾਗ, ਵਿਚਾਰਾ। ਸ਼ਾਂਤਿ ਆਤਮਾ, ਧਨ ਇਹ ਭਾਰਾ।
ਸਰਬ ਸੁ ਚੋਰ ਖਸੋਟਿ ਲਿਜਾਈਂ। ਜਨਮ ਮਰਨ ਦਾਰਿਦ ਦੁਖ ਪਾਈ॥ ੪੨॥

ਸਤ, ਸੰਤੋਖ, ਵੈਰਾਗ ਅਤੇ ਆਤਮਾ ਦੀ ਸ਼ਾਂਤੀ, ਇਹ ਵਿਚਾਰ ਕੇ ਵੇਖੋ ਇਕ ਵੱਡਾ ਧਨ ਹਨ। ਬਾਕੀ ਸਭ ਕੁਝ ਚੋਰ ਖੋਹ ਕੇ ਲੈ ਜਾਣਗੇ, ਮਨੁੱਖ ਜਨਮ ਮਰਨ ਦਾ ਭਿਆਨਕ ਦੁੱਖ ਪਾਵੇਗਾ॥ ੪੨॥

ਇਨ ਤਸਕਰ ਤੇ ਹੈ ਜਿ ਸੁਚੇਤੂ। ਦਰਬ ਆਤਮਾ ਰਖਹਿ ਨਿਕੇਤੂ।
ਧੰਨ ਸਿ ਨਰ ਪਾਵਹਿ ਪਦ ਭੂਰੀ। ਅਨੰਦ ਬਿਖੈ ਥਿਤਿ ਤਿਹ ਬਿਧਿ ਰੂਰੀ॥ ੪੩॥

ਇਨ੍ਹਾਂ ਚੋਰਾਂ ਤੋਂ ਜਿਹੜਾ ਸੁਚੇਤ ਰਹਿੰਦਾ ਹੈ ਅਤੇ ਆਤਮਾ ਰੂਪੀ ਧਨ ਆਪਣੇ ਘਰ ਵਿਖੇ ਰੱਖਦਾ ਹੈ। ਉਹ ਨਰ ਧੰਨ ਹਨ ਜੋ ਸੁੰਦਰ ਪਦਵੀ ਪਾਉਂਦੇ ਹਨ ਅਤੇ ਸੁੰਦਰ ਵਿਧੀ ਅਨੁਸਾਰ ਅਨੰਦ ਵਿਚ ਸਥਿਤ ਰਹਿੰਦੇ ਹਨ॥ ੪੩॥

ਪਰਮ ਸ਼ੱਤ੍ਰ ਇਹ ਜੋਬਨ ਜਾਨਹੁ। ਕਾਮ, ਕ੍ਰੋਧ ਇਹ ਸ਼ੱਤ੍ਰ ਪਛਾਨਹੁ।
ਬਾਰ ਬਾਰ ਇਹ ਕਰਹਿੰ ਪ੍ਰਹਾਰਾ। ਖੰਡ ਖੰਡ ਮਨ ਕੋ ਕਰਿ ਡਾਰਾ॥ ੪੪॥

ਇਸ ਜੋਬਨ ਨੂੰ ਆਪਣਾ ਪਰਮ ਦੁਸ਼ਮਣ ਜਾਣੋ, ਕਾਮ ਅਤੇ ਕ੍ਰੋਧ ਨੂੰ ਆਪਣਾ ਵੈਰੀ ਪਛਾਣੋ। ਇਹ ਬਾਰ-ਬਾਰ ਮਾਰਦੇ ਹਨ ਅਤੇ ਮਨ ਨੂੰ ਚੂਰ-ਚੂਰ ਕਰ ਦਿੰਦੇ ਹਨ॥ ੪੪॥

ਜਿਉਂ ਸਾਵਨ ਹੈ ਬਰਖਾ ਭਾਰੀ। ਸਰਿਤਾ ਕੋ ਪ੍ਰਵਾਹਿ ਬਲਕਾਰੀ।
ਤਿਉਂ ਜੋਬਨ ਕੇ ਆਵਨ ਕਰਿਕੈ। ਤ੍ਰਿਸ਼ਨਾ ਹੋਤਿ ਅਧਿਕ ਬਲ ਧਰਿਕੈ॥ ੪੫॥

ਜਿਵੇਂ ਸਾਵਣ ਦੇ ਮਹੀਨੇ ਵਿਚ ਭਾਰੀ ਮੀਂਹ ਪੈਂਦਾ ਹੈ ਅਤੇ ਨਦੀਆਂ ਦੇ ਪ੍ਰਵਾਹ ਬਹੁਤ ਵੱਡਾ ਬਲ ਧਾਰ ਲੈਂਦੇ ਹਨ, ਤਿਵੇਂ ਜੋਬਨ ਦੇ ਆਉਣ ਨਾਲ ਤ੍ਰਿਸ਼ਨਾ ਅਧਿਕ ਬਲ ਧਾਰ ਲੈਂਦੀ ਹੈ॥ ੪੫॥

ਜਿਉਂ ਸਾਗਰ ਗੰਭੀਰ ਅਪਾਰੇ। ਮੱਛ ਕੱਛ ਹੈਂ ਨੱਕ੍ਰ ਮਝਾਰੇ।
ਤਰਨੋ ਕਠਨ ਤਾਂਹਿ ਕੋ ਹੋਈ। ਚਢੈ ਜਹਾਜ ਪਾਇ ਤਟ ਸੋਈ॥ ੪੬॥

ਜਿਵੇਂ ਸਮੁੰਦਰ ਅਪਾਰ ਗੰਭੀਰ ਹੁੰਦਾ ਹੈ ਅਤੇ ਉਸ ਵਿਚ ਮੱਛੀਆਂ, ਕੱਛੂ ਅਤੇ ਮਗਰਮੱਛ ਰਹਿੰਦੇ ਹਨ। ਸਮੁੰਦਰ ਨੂੰ ਤਰਨਾ ਬਹੁਤ ਕਠਨ ਹੈ, ਪਰ ਜਹਾਜ਼ ਤੇ ਚੜ੍ਹ ਕੇ ਕਿਨਾਰਾ ਪਾ ਲਈਦਾ ਹੈ॥ ੪੬॥

ਤਿਉਂ ਜੋਬਨ ਹੈ ਸਹਿਤ ਬਿਕਾਰਾ। ਤਰਨੋ ਕਠਨ ਨ ਪਾਵਹਿ ਪਾਰਾ।

ਲਖਿ ਸਤਿਸੰਗਤ ਪੋਤ ਮਹਾਨਾ। ਸਿਮਰਨ ਨਾਮ ਜਹਾਂ ਬਰਦ੍ਵਾਨਾ ॥੪੭ ॥

ਤਿਵੇਂ ਜੋਬਨ ਵਿਕਾਰਾਂ ਦਾ ਸਮੁੰਦਰ ਹੈ, ਉਸ ਨੂੰ ਤਰਨਾ ਕਠਨ ਹੈ ਤੇ ਮਨੁੱਖ ਕਿਨਾਰਾ ਨਹੀਂ ਪਾ ਸਕਦਾ। ਪਰ ਸਤਿਸੰਗਤ ਨੂੰ ਤੁਸੀਂ ਵੱਡਾ ਜਹਾਜ਼ ਸਮਝੋ, ਨਾਮ ਦਾ ਸਿਮਰਨ ਓਥੇ ਬਾਦਬਾਨ ਹਨ (ਹਵਾ ਨਾਲ ਤੁਰਨ ਵਾਲੇ ਜਹਾਜ਼ ਦੇ ਕਪੜਿਆਂ ਦੇ ਪਰਦਿਆਂ ਨੂੰ 'ਬਾਦਬਾਨ' ਕਹਿੰਦੇ ਹਨ) ॥ ੪੭ ॥

ਤਿਹ ਕੋ ਪਾਵਹੁ ਤਰਹੁ ਸੁਖਾਰੇ। ਆਨੰਦ ਪ੍ਰਾਪਤਿ ਪਾਰ ਕਰਾਰੇ।
ਇਸ ਜਹਾਜ ਬਿਨ ਪਾਰ ਨ ਪਾਵਹੁ। ਨਿੰਮ੍ਰਿ ਭਾਵ ਹ੍ਵੈ ਸੇਵ ਕਮਾਵਹੁ ॥੪੮ ॥

ਸਤਿਸੰਗਤ ਨੂੰ ਪਾਵੇ ਤੇ ਸੌਖੇ ਹੀ ਤਰ ਕੇ ਪਾਰ ਹੋ ਜਾਵੇ। ਕਿਨਾਰੇ ਪ੍ਰਾਪਤ ਕਰਕੇ ਅਨੰਦ ਪ੍ਰਾਪਤ ਕਰੇ। ਇਸ ਜਹਾਜ਼ ਬਿਨਾਂ ਕੋਈ ਪਾਰ ਨਹੀਂ ਪਾ ਸਕਦਾ, ਨਿੰਮਰ ਭਾਵ ਹੋ ਕੇ ਸੇਵਾ ਕਮਾਵੇ ॥ ੪੮ ॥

ਦੋਹਰਾ- ਬਾਲ ਬੈਸ ਕੋ ਜੁਵਾ ਜਿਉਂ ਗ੍ਰਾਸ ਲੇਤਿ ਤਤਕਾਲ।
ਤੈਸੇ ਹੀ ਇਸ ਜੁਵਾ ਕੋ ਗ੍ਰਸ ਹੀ ਜਰਾ ਬਿਸਾਲ ॥ ੪੯ ॥

ਬਾਲ ਅਵਸਥਾ ਨੂੰ ਜਿਵੇਂ ਜਵਾਨੀ ਝੱਟ ਗ੍ਰੱਸ ਲੈਂਦੀ ਹੈ, ਉਸ ਤਰ੍ਹਾਂ ਹੀ ਇਸ ਜਵਾਨੀ ਅਵਸਥਾ ਨੂੰ ਝੱਟ ਬੁਢਾਪਾ ਗ੍ਰੱਸ ਲੈਂਦਾ ਹੈ ॥ ੪੯ ॥

ਚੌਪਈ- ਜਰਜਰਿ ਭੂਤ ਦੇਹਿ ਹ੍ਵੈ ਜਾਹੀ। ਬੁੱਧਿ ਖੀਣ, ਨਹਿੰ ਨੈਨ ਦਿਸਾਹੀਂ।
ਕਰਨ ਨ ਸੁਨਿਹੀ, ਸਿਰ ਤਬਿ ਕਾਂਪਾ। ਤ੍ਰਿਸ਼ਨਾ ਅਧਿਕ ਹੋਤਿ ਪਰਤਾਪਾ ॥੫੦ ॥

ਸਰੀਰ ਬਹੁਤ ਕਮਜ਼ੋਰ ਹੋ ਜਾਂਦਾ ਹੈ, ਬੁੱਧੀ ਦਾ ਨਾਸ਼ ਹੋ ਜਾਂਦਾ ਹੈ, ਅੱਖਾਂ ਨਾਲ ਦਿੱਸਣੋਂ ਹੱਟ ਜਾਂਦਾ ਹੈ। ਕੰਨ ਸੁਣਦੇ ਨਹੀਂ, ਸਿਰ ਕੰਬਦਾ ਹੈ। ਤ੍ਰਿਸ਼ਨਾ ਦਾ ਅਧਿਕ ਪ੍ਰਤਾਪ ਹੋ ਜਾਂਦਾ ਹੈ ॥ ੫੦ ॥

ਢੀਲੋ ਮਾਸ ਸੁੰਦਰਤਾ ਹਰਿਹੀ। ਜਿਉਂ ਤਰੁ ਕੋ ਘੁਣ ਸੂਕਹਿ ਕਰਿਹੀ।
ਇਸਤ੍ਰੀ ਤਾਤ, ਅਪਰ ਪਰਵਾਰਾ। ਸਭਿ ਤਜਿ ਦੇਹਿਂ, ਨ ਲਾਗਹਿ ਪਜਾਰਾ ॥੫੧ ॥

ਮਾਸ ਢਿੱਲਾ ਹੋ ਜਾਂਦਾ ਹੈ ਅਤੇ ਸੁੰਦਰਤਾ ਖਤਮ ਹੋ ਜਾਂਦੀ ਹੈ, ਜਿਵੇਂ ਬ੍ਰਿਛ ਨੂੰ ਘੁਣ ਸੁਕਾ ਦਿੰਦਾ ਹੈ। ਇਸਤਰੀ ਪੁੱਤਰ ਤੇ ਹੋਰ ਜਿਹੜਾ ਪਰਿਵਾਰ ਹੈ, ਸਾਰੇ ਛੱਡ ਦਿੰਦੇ ਹਨ ਅਤੇ ਕਿਸੇ ਨੂੰ ਵੀ ਪਿਆਰਾ ਨਹੀਂ ਲਗਦਾ ॥ ੫੧ ॥

ਜਰਾ ਨਿਸ਼ਾ ਮਹਿਂ ਖਾਂਸੀ ਸਜਾਰੀ। ਆਇ ਸ਼ਬਦ ਕਰਿਹੀ ਦੁਖਕਾਰੀ।
ਹ੍ਵੈ ਅਸ਼ਕਤਿ, ਇਕ ਰੋਸ ਨ ਜਾਈ। ਜਿਉਂ ਤਰੁ ਬਡੈ ਉਲੂਕ ਰਹਾਈ ॥੫੨ ॥

ਬੁਢੇਪੇ ਰੂਪ ਰਾਤ ਸਮੇਂ ਖੰਘ ਬਹੁਤ ਆਉਂਦੀ ਹੈ। ਬੜੀ ਉੱਚੀ ਆਵਾਜ਼ ਹੁੰਦੀ ਹੈ ਤੇ ਬਹੁਤ ਦੁਖੀ ਕਰਦੀ ਹੈ। ਮਨੁੱਖ ਬਹੁਤ ਕਮਜ਼ੋਰ ਹੋ ਜਾਂਦਾ ਹੈ, ਪਰ ਗੁੱਸਾ ਨਹੀਂ ਜਾਂਦਾ ਜਿਵੇਂ ਵੱਡੇ ਰੁੱਖ ਤੇ ਉਲੂ ਰਹਿੰਦੇ ਹਨ ॥ ੫੨ ॥

ਆਇ ਜਰਾ ਜੈਸੇ ਬਧਿਯਾਰੀ। ਮ੍ਰਿਗ ਬਲ ਕੇ ਮ੍ਰਿਤੁ ਕਰਨੇ ਹਾਰੀ।
ਸਭਿ ਬਿਧਿ ਦੀਨ ਕਰਤਿ ਹੈ ਸੋਈ। ਦੇਖਿ ਹਸੀ ਠਾਂਨੈ ਸਭਿ ਕੋਈ ॥੫੩ ॥

ਬੁਢਾਪਾ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਬਧਿਆੜੀ ਹੋਵੇ, ਬਲ ਰੂਪੀ ਹਿਰਨ ਨੂੰ ਇਹ ਮਾਰਨ ਹਾਰੀ ਹੈ। ਸਭ ਤਰ੍ਹਾਂ ਨਾਲ ਮਨੁੱਖ ਨੂੰ ਦੀਨ ਕਰ ਲੈਂਦੀ ਹੈ, ਬੁੱਢੇ ਨੂੰ ਵੇਖ ਕੇ ਸਾਰੇ ਹੱਸਦੇ ਹਨ ॥ ੫੩ ॥

ਰੋਗਨ ਕੀ ਜਰ ਜਰਾ ਪਛਾਨਹੁ। ਸਰਬ ਦੁਖਨ ਕਾ ਸਦਨ ਪ੍ਰਮਾਨਹੁ।
ਸੇਤ ਕੇਸ ਹੋਵਹਿਂ ਸਭਿ ਠੋਰਾ। ਮਨਹੁ ਜਰਾ ਪਰ ਝੂਲਤਿ ਚੋਰਾ ॥ ੫੪ ॥

ਬੁਢਾਪੇ ਨੂੰ ਸਭ ਰੋਗਾਂ ਦੀ ਜੜ੍ਹ ਪਛਾਣੋ। ਸਾਰੇ ਦੁੱਖਾਂ ਦਾ ਘਰ ਮੰਨੋ। ਕੇਸ ਸਭ ਤਰ੍ਹਾਂ ਨਾਲ ਸਫੇਦ ਹੋ ਜਾਂਦੇ ਹਨ, ਮਾਨੋਂ ਬੁਢਾਪੇ ਤੇ ਸਫੇਦ ਚੌਰ ਝੁਲ ਰਿਹਾ ਹੈ॥ ੫੪॥

ਕਿਧੌਂ ਜਰਾ ਕੇ ਦੂਤ ਅਗਾਰੀ। ਨਿਜ ਬਸ ਦੇਹਿ ਕਰਜੋ ਚਹਿਂ ਸਾਰੀ।
ਮਨਹੁ ਕਾਲ ਕੋ ਆਇ ਸੰਦੇਸ਼ਾ। ਰੂਪ ਬਿਦਾਰਨ ਭੇ ਸਿਤ ਕੇਸ਼ਾ॥੫੫॥

ਜਾਂ ਬੁਢਾਪੇ ਦੇ ਦੂਤ ਸਾਰੀ ਦੇਹੀ ਨੂੰ ਆਪਣੇ ਵੱਸ ਵਿਚ ਕਰਨਾ ਚਾਹੁੰਦੇ ਹਨ। ਮਾਨੋ ਸਫੇਦ ਵਾਲ ਕਾਲ ਦਾ ਸੰਦੇਸ਼ਾ ਲੈ ਕੇ ਆ ਗਏ ਹਨ, ਮਾਨੋਂ ਰੂਪ ਨਾਸ਼ ਕਰਨ ਵਾਸਤੇ ਵਾਲ ਸਫੇਦ ਹੋਏ ਹਨ॥ ੫੫॥

ਪੁਨ ਤਤਕਾਲ ਗ੍ਰਸੈ ਮ੍ਰਿਤੁ ਆਈ। ਮਹਾਂ ਕਸ਼ਟ ਤਿਹ ਛਿਨ ਨਰ ਪਾਈ।
ਤਿਸਤੇ ਉਬਰਿ ਸਕੈ ਨਹਿਂ ਕੋਈ। ਖਾਏ, ਮਹਾਂ ਬਲੀ ਥੇ ਜੋਈ॥ ੫੬॥

ਫਿਰ ਤੁਰੰਤ ਮੌਤ ਆ ਕੇ ਗ੍ਰੱਸ ਲੈਂਦੀ ਹੈ, ਉਸ ਵੇਲੇ ਮਨੁੱਖ ਮਹਾਨ ਕਸ਼ਟ ਪਾਉਂਦਾ ਹੈ, ਇਸ ਤੋਂ ਕੋਈ ਵੀ ਬਚ ਨਹੀਂ ਸਕਦਾ, ਵੱਡੇ-ਵੱਡੇ ਮਹਾਂਬਲੀਆਂ ਨੂੰ ਇਹ ਖਾ ਗਈ ਹੈ॥ ੫੬॥

ਅੰਜੁਲ ਕੇ ਜਲ ਸਮ ਬਯ ਏਹੀ। ਠਹਿਰਤ ਨਹਿਂ ਛਿਨਭੰਗਰ ਦੇਹੀ।
ਯੁਕਤਿ ਬਿਕਾਰ ਅਵਸਥਾ ਤੀਨੋਂ। ਬਿਤਹਿਂ ਜਿ ਹਰਿ ਕੇ ਸਿਮਰਨ ਹੀਨੋ॥੫੭॥

ਪਾਣੀ ਦੇ ਬੁੱਕ ਵਾਂਗੂੰ ਇਹ ਉਮਰ ਹੈ, ਥੋੜ੍ਹੀ ਦੇਰ ਵਿਚ ਨਾਸ਼ ਹੋ ਜਾਣ ਵਾਲੀ ਹੈ। ਜਿਨ੍ਹਾਂ ਨੇ ਹਰੀ ਦੇ ਨਾਮ ਦਾ ਸਿਮਰਨ ਨਹੀਂ ਕੀਤਾ, ਉਨ੍ਹਾਂ ਦੀਆਂ ਇਹ ਤਿੰਨ ਅਵਸਥਾਵਾਂ ਵਿਕਾਰ ਵਿਚ ਬੀਤ ਜਾਂਦੀਆਂ ਹਨ॥ ੫੭॥

ਨਿਜ ਕੱਲਜਾਨ ਚਹਿਤਿ ਹੈਂ ਜੋਈ। ਸਤਿਸੰਗਤਿ ਮਹਿਂ ਮਿਲਿ ਹੈਂ ਤੋਈ।
ਤਿਨ ਕੇ ਬਚਨ ਸੁਨਹਿਂ ਉਰ ਮਾਨਹਿਂ। ਕਰ ਨਿੱਧਜਾਸਨ ਅਨੰਦ ਸੁ ਠਾਨਹਿਂ॥੫੮॥

ਜਿਹੜੇ ਮਨੁੱਖ ਆਪਣਾ ਨਿਜੀ ਕਲਿਆਣ ਚਾਹੁੰਦੇ ਹਨ, ਉਨ੍ਹਾਂ ਨੂੰ ਸਤਿਸੰਗਤ ਵਿਚ ਮਿਲਣਾ ਚਾਹੀਦਾ ਹੈ। ਉਨ੍ਹਾਂ ਦੇ ਬਚਨ ਸੁਣ ਕੇ ਹਿਰਦੇ ਵਿਚ ਮੰਨੇ, ਨਿਧਿਆਸਣ ਕਰਕੇ ਅਨੰਦ ਪ੍ਰਾਪਤ ਕਰੇ॥ ੫੮॥

ਦ੍ਰਿਢ ਅੱਭਜਾਸ ਹੋਇ ਹੈ ਜਬਿਹੀ। ਨਿਜ ਸਰੂਪ ਸੱਖਜਾਤ ਸੁ ਤਬਿਹੀ।
ਏਕ ਰੂਪ ਸਭਿ ਸ੍ਰੀ ਨਿਰੰਕਾਰਾ। ਮਨ ਕਲਪਨ ਤੇ ਜਗਤ ਅਪਾਰਾ॥੫੯॥

ਜਦ ਦ੍ਰਿੜ੍ਹ ਅਭਿਆਸ ਹੋ ਜਾਵੇ, ਤਦ ਨਿਜ ਸਰੂਪ ਪ੍ਰਗਟ ਹੋ ਜਾਂਦਾ ਹੈ। ਸਭ ਸ੍ਰੀ ਨਿਰੰਕਾਰ ਦਾ ਇਕ ਰੂਪ ਹੈ। ਮਨ ਦੀ ਕਲਪਨਾ ਤੋਂ ਜਗਤ ਅਪਾਰ ਹੈ॥ ੫੯॥

ਜਿਤ ਤਿਤ ਦੇਖਜੇ ਏਕ ਗੁਸਾਈਂ। ਰਾਗ ਦ੍ਵੈਖ ਸਹਿਜੇ ਮਿਟ ਜਾਈ।
ਤੇ ਨਰ ਪਾਰ ਪਰੇ ਦੁਖ ਸਾਗਰ। ਸਭਿ ਸਿਰਤਾਜ ਸਿ ਹੋਹਿਂ ਉਜਾਗਰ॥੬੦॥

ਜਿਥੇ-ਕਿਥੇ ਇਕ ਪ੍ਰਭੂ ਨੂੰ ਹੀ ਵੇਖੋ, ਪ੍ਰੇਮ ਦ੍ਵੈਖ ਸਹਿਜੇ ਹੀ ਮਿਟ ਜਾਣਗੇ ਤੇ ਮਨੁੱਖ ਦੁੱਖਾਂ ਦੇ ਸਾਗਰ ਨੂੰ ਪਾਰ ਕਰ ਜਾਵੇਗਾ। ਸਭ ਦਾ ਸਿਰਤਾਜ ਹੋ ਕੇ ਉਹ ਮਨੁੱਖ ਉਜਾਗਰ ਹੋ ਜਾਵੇਗਾ॥ ੬੦॥

ਜੇ ਤਨ ਧਨ ਹੰਕਾਰ ਫਸੰਤੇ। ਸੇ ਕਬਿ ਰੰਚਕ ਸੁਖ ਨ ਲਹੰਤੇ।
ਦੇਹਿ ਦਸ਼ਾ ਵਿਕਾਰ ਯੁਤਿ ਜੈਸੀ। ਪਾਛੇ ਬਰਨਨ ਕੀਨੀ ਤੈਸੀ॥ ੬੧॥

ਜਿਹੜੇ ਸਰੀਰ ਧਨ ਅਤੇ ਹੰਕਾਰ ਵਿਚ ਫਸੇ ਹੋਏ ਹਨ, ਉਹ ਕਦੀ ਰਾਈ ਭਰ ਵੀ ਸੁੱਖ ਨਹੀਂ ਲੈਂਦੇ, ਉਨ੍ਹਾਂ ਦੇ ਸਰੀਰ ਦੀ ਹਾਲਤ ਵਿਕਾਰ ਵਿਚ ਇਸ ਤਰ੍ਹਾਂ ਗੁੱਸੀ ਜਾਂਦੀ ਹੈ, ਜਿਵੇਂ ਪਿੱਛੇ ਵਰਨਣ ਕੀਤਾ ਹੈ॥ ੬੧॥

ਧਨ ਮਹਿਂ ਸੁਖ ਨਹਿਂ ਸੋ ਸੁਨਿ ਲੀਜੈ। ਅਧਿਕ ਹੋਇ ਤਿਉਂ ਅਧਿਕ ਤਪੀਜੈ।

ਜਾਤਿ ਤਪ੍ਰਾਨਨ ਕਸ਼ਟ ਮਹਾਨਾ। ਰੱਖਜਾ ਬਿਖੈ ਨੀਤ ਦੁਖ ਨਾਨਾ॥ ੬੨ ॥

ਧਨ ਵਿਚ ਕਿਉਂ ਸੁੱਖ ਨਹੀਂ, ਇਸ ਬਾਰੇ ਸੁਣ ਲਵੋ। ਜਿੰਨਾ ਵੀ ਧਨ ਜ਼ਿਆਦਾ ਹੋਵੇਗਾ, ਉਤਨਾ ਹੀ ਜ਼ਿਆਦਾ ਦੁਖੀ ਕਰੇਗਾ। ਤ੍ਰਿਪਤ ਨਾ ਹੋਣ ਕਰਕੇ ਮਹਾਨ ਕਸ਼ਟ ਹੁੰਦਾ ਹੈ, ਧਨ ਦੀ ਰਖਿਆ ਕਰਨ ਵਾਸਤੇ ਨਿੱਤ ਦੁੱਖ ਪਾਉਂਦਾ ਹੈ॥ ੬੨ ॥

ਭੂਪਤਿ, ਤਸਕਰ ਕੋ ਭੈ ਕਰਿਕੈ। ਰਾਖਤਿ ਹੈ ਦੁਰਾਇ ਬਿਚ ਘਰ ਕੈ।
ਮ੍ਰਿਤੁ ਭਏ ਕਾਜ ਨ ਕਿਸ ਆਈ। ਸਰਪ ਦੇਹਿ ਤਿਹ ਹਿਤ ਤੇ ਪਾਈ॥ ੬੩ ॥

ਰਾਜੇ ਅਤੇ ਚੋਰ ਦੇ ਭੈ ਕਰਕੇ, ਧਨ ਨੂੰ ਘਰ ਵਿਚ ਲੁਕਾ ਕੇ ਰੱਖਦੇ ਹਨ, ਜਦ ਮੌਤ ਹੋ ਜਾਂਦੀ ਹੈ ਤਾਂ ਉਹ ਧਨ ਕਿਸੇ ਕੰਮ ਨਹੀਂ ਆਉਂਦਾ, ਧਨ ਕਰਕੇ ਫਿਰ ਉਸ ਨੂੰ ਅਗਲੇ ਜਨਮ ਵਿਚ ਸੱਪ ਦੀ ਦੇਹ ਪ੍ਰਾਪਤ ਹੁੰਦੀ ਹੈ॥ ੬੩ ॥

ਤਾਂਤੇ ਸਰਬ ਅਸਾਰੁ ਲਖੀਜੈ। ਸਿਮਰਨ ਸਾਰ ਏਕ ਪ੍ਰਭੁ ਕੀਜੈ।
ਜੀਵਤਿ ਮ੍ਰਿਤਕ ਮਰੈਂ ਨਹਿ ਸੋਈ। ਆਨੰਦ ਮਗਨ ਹੋਤਿ ਹੈਂ ਤੇਈ॥ ੬੪ ॥

ਇਸ ਕਰਕੇ ਹੁਣ ਸਾਰੇ ਲੱਛਣ ਸਮਝ ਲਵੋ। ਜਿਹੜੇ ਪ੍ਰਭੂ ਦਾ ਸਿਮਰਨ ਕਰਦੇ ਹਨ, ਉਹ ਕਦੀ ਜੀਉਂਦੇ ਮਰਦੇ ਨਹੀਂ, ਸਮਝ ਲਵੋ। ਸਿਮਰਨ ਕੇਵਲ ਪ੍ਰਭੂ ਦਾ ਕਰੋ। ਉਹ ਹਰ ਵੇਲੇ ਅਨੰਦ ਵਿਚ ਮਗਨ ਰਹਿੰਦੇ ਹਨ॥ ੬੪ ॥

ਜਿਉਂ ਜਲ ਬਿਖੈ ਡੂਬਕੇ ਤਰਿਹੀ। ਬਹੁਰ ਨ ਡੂਬਨ ਸੰਸਾ ਕਰਿਹੀ।
ਸਾਗਰ ਆਦਿਕ ਜਲ ਜਹਿੰ ਥਾਈਂ। ਰਹੈਂ ਤਰਤਿ ਤਿਉਂ ਜਾਨਹੁ ਭਾਈ॥ ੬੫ ॥

ਜਿਵੇਂ ਜਿਹੜੇ ਇਕ ਵਾਰ ਜਲ ਵਿਚ ਡੁੱਬ ਕੇ ਫਿਰ ਤਰ ਪੈਂਦੇ ਹਨ ਉਨ੍ਹਾਂ ਦਾ ਫਿਰ ਦੁਬਾਰਾ ਡੁੱਬਣ ਦਾ ਫਿਕਰ ਹੀ ਖਤਮ ਹੋ ਜਾਂਦਾ ਹੈ। ਸਾਗਰ ਆਦਿ ਜਿਥੇ ਜਿਥੇ ਜਲ ਹੈ, ਉਹ ਤਰਦੇ ਰਹਿੰਦੇ ਹਨ, ਹੇ ਭਾਈ ਜੀ ! ਇਸ ਤਰ੍ਹਾਂ ਜਾਣੋ॥ ੬੫ ॥

ਹਉਮੈਂ ਖੋਇ ਨਾਮ ਲਿਵਲਾਵਹੁ। ਮਨ ਤੇ ਤ੍ਰਿਸ਼ਨਾ ਦ੍ਵੈਤ ਮਿਟਾਵਹੁ।
ਆਤਮ ਰਾਮ ਲਖਹੁ ਭਲਿ ਭਾਂਤਾ। ਪਾਵਹੁ ਅਨੰਦ ਹੋਇ ਸੁੱਖਜਾਤਾ॥ ੬੬ ॥

ਹਉਮੈ ਗਵਾ ਕੇ ਨਾਮ ਨਾਲ ਲਿਵ ਲਾਵੋ। ਮਨ ਵਿਚੋਂ ਤ੍ਰਿਸ਼ਨਾ ਅਤੇ ਦ੍ਵੈਤ ਨੂੰ ਮਿਟਾ ਦੇਵੋ। ਆਤਮ ਰਾਮ ਨੂੰ ਭਲੀ ਭਾਂਤੀ ਸਮਝ ਲਵੋ ਅਤੇ ਅਨੰਦ ਪਾ ਕੇ ਸੁੱਖੀ ਹੋਵੋ॥ ੬੬ ॥

ਜੇ ਪ੍ਰਵਾਰ ਕੇ ਮੋਹ ਬੰਧਾਨੇ। ਤਿਨ ਕਉ ਲਖਹੁ ਮਹਾਂ ਅੱਗਜਾਨੇ।
ਅਪਨੇ ਸੁਤ ਬਨਿਤਾ,ਪਿਤ,ਮਾਤਾ। ਜਾਨਤਿ ਹਿਤਕਾਰੀ ਬਿਨ ਗਜਾਤਾ॥ ੬੭ ॥

ਜਿਹੜੇ ਪਰਿਵਾਰ ਨਾਲ ਜ਼ਿਆਦਾ ਮੋਹ ਵਧਾਉਂਦੇ ਹਨ, ਉਨ੍ਹਾਂ ਨੂੰ ਮਹਾਂ ਅਗਿਆਨੀ ਸਮਝੋ। ਆਪਣੇ ਪੁੱਤਰ, ਪਤਨੀ, ਪਿਤਾ, ਮਾਤਾ ਨੂੰ ਗਿਆਨ ਰਹਿਤ ਵਿਅਕਤੀ ਆਪਣੇ ਹਿਤਕਾਰੀ ਸਮਝਦੇ ਹਨ॥ ੬੭॥

ਬਾਰ ਬਾਰ ਜਨਮਹਿ ਜਗ ਮਾਂਹੀ। ਸਭਿਹੀ ਜਨਮ ਕੁਟੰਬ ਅਸ ਆਹੀ।
ਕਰੇ ਅਨਿਕ ਬਨਿਤਾ,ਸੁਤ,ਤਾਤਾ। ਨਾਨਕ,ਦਾਦਿਕ ਅਨਿਕ ਸੁ ਮਾਤਾ॥ ੬੮ ॥

ਉਹ ਬਾਰ-ਬਾਰ ਜੱਗ ਵਿਚ ਜੰਮਦੇ ਹਨ। ਸਾਰੇ ਜਨਮਾਂ ਵਿਚ ਇਸ ਤਰ੍ਹਾਂ ਪਰਿਵਾਰ ਹੁੰਦੇ ਹਨ। ਅਨੇਕਾਂ ਇਸਤਰੀਆਂ, ਪੁੱਤਰ ਅਤੇ ਪਿਤਾ ਹੁੰਦੇ ਹਨ, ਨਾਨਕੇ, ਦਾਦਕੇ ਅਤੇ ਅਨੇਕ ਮਾਤਾਵਾਂ ਹੁੰਦੀਆਂ ਹਨ॥ ੬੮॥

ਸਭਿ ਕੋ ਛੋਰਿ ਛੋਰਿ ਚਲਿ ਜਾਹੀ। ਕਿਤਹੂੰ ਮਰੈ ਨ ਕਿਤਹੂੰ ਜਾਈ।
ਬਹੁਰ ਨ ਕਬਹੂੰ ਆਨਿ ਸਮ੍ਹਾਰੇ। ਚਹਿਤਿ ਨ ਬਿਛਰਜੋ ਹੁਤੇ ਜਿ ਪਜਾਰੇ॥ ੬੯ ॥

ਸਾਰਿਆਂ ਨੂੰ ਛੱਡ ਛੱਡ ਕੇ ਚਲਾ ਜਾਂਦਾ ਹੈ, ਕਿਤੇ ਮਰਦਾ ਹੈ ਅਤੇ ਕਿਤੇ ਚਲਾ ਜਾਂਦਾ ਹੈ। ਉਨ੍ਹਾਂ ਨੂੰ ਫਿਰ ਆ ਕੇ ਕਦੇ ਨਹੀਂ ਸੰਭਾਲਦਾ, ਜਿਨ੍ਹਾਂ ਪਿਆਰਿਆਂ ਤੋਂ ਉਹ ਕਦੀ ਵੀ ਵਿਛੜਨਾ ਨਹੀਂ ਸੀ ਚਾਹੁੰਦਾ॥ ੬੯॥

ਸਨਬੰਧਨ ਨੌਕਾ ਸਮ ਮੇਲਾ। ਕਰੈ ਮੋਹ ਬਹੁ ਹੋਇ ਦੁਹੇਲਾ।
ਹ੍ਵੈ ਨਿਰਮੋਹ ਰਹਹੁ ਸਭਿ ਮਾਂਹੀ। ਅੰਤ ਨ ਕੋਇ ਸੰਗ ਨਿਰਬਾਹੀ ॥੭੦॥

ਇਹ ਸੰਬੰਧ ਤਾਂ ਬੇੜੀ ਦੇ ਪੂਰ ਵਾਂਗ ਹੈ, ਮੋਹ ਕਰਨ ਵਾਲਾ ਬਹੁਤ ਦੁਖੀ ਹੁੰਦਾ ਹੈ। ਸਭ ਵਿਚ ਨਿਰਮੋਹ ਹੋ ਕੇ ਰਹੋ, ਅੰਤ ਸਮੇਂ ਕੋਈ ਵੀ ਨਾਲ ਨਹੀਂ ਨਿਭੇਗਾ॥ ੭੦॥

ਜੇ ਸਤਿਸੰਗਤਿ ਕਰਹੁ ਸਪ੍ਰੀਤੀ। ਇਤ ਉਤ ਸੋ ਨਿਰਬਹਿ ਹੈ ਨੀਤੀ।
ਤਨ ਹੰਤਾ ਕੋ ਸਰਬ ਮਿਟਾਏ। ਨਿਜ ਸਰੂਪ ਲਖਿ ਸੁਭ ਗਤਿ ਪਾਏ' ॥੭੧॥

ਜੇ ਪ੍ਰੀਤ ਲਾ ਕੇ ਸਤਿਸੰਗਤ ਕਰਦੇ ਹੋ, ਤਾਂ ਇਸ ਦੁਨੀਆਂ ਵਿਚ ਤੇ ਅਗਲੀ ਦੁਨੀਆਂ ਵਿਚ ਤੁਹਾਡਾ ਯੋਗ ਨਿਰਬਾਹ ਹੋਵੇਗਾ। ਸਰੀਰ ਦੇ ਸਾਰੇ ਦੁੱਖਾਂ ਨੂੰ ਮਿਟਾ ਦੇਵੇ, ਨਿਜ ਸਰੂਪ ਵੇਖ ਕੇ ਸੁਭ ਗਤੀ ਪ੍ਰਾਪਤ ਕਰੇ' ॥ ੭੧॥

ਨਿਤ ਪ੍ਰਤਿ ਇਸ ਪ੍ਰਕਾਰ ਗੁਨ ਖਾਨੀ। ਉਪਦੇਸ਼ਹਿਂ ਸਿੱਖਨ ਸੁਖ ਸਾਨੀ।
ਆਤਮ ਮਿਲਯੋ ਅਨਾਤਮ ਮਾਂਹੀ। ਤਿਨ ਕੋ ਭਿੰਨ ਭਿੰਨ ਦਿਖਲਾਹੀਂ ॥੭੨॥

ਇਸ ਤਰ੍ਹਾਂ ਗੁਰੂ ਜੀ ਹਰ ਰੋਜ਼ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ। ਕਿਵੇਂ ਆਤਮ ਅਨਾਤਮ ਵਿਚ ਮਿਲ ਜਾਂਦਾ ਹੈ, ਉਨ੍ਹਾਂ ਨੂੰ ਭਿੰਨ-ਭਿੰਨ ਢੰਗਾਂ ਨਾਲ ਵਿਖਾਉਂਦੇ ਸਨ॥ ੭੨॥

ਨਿਰਨੈ ਸਤਿ ਅਸਤਿ ਕੋ ਕਰਿਹੀ। ਹੰਤਾ ਮਮਤਾ ਸਭਿ ਪਰਹਰਿਹੀਂ।
ਸੁਨਿ ਉਪਦੇਸ਼ ਰਿਦੇ ਜਿਨ ਧਾਰਾ। ਮੁਕਤਿ ਉਚਿਤ ਨਰ ਭਏ ਹਜ਼ਾਰਾਂ ॥੭੩॥

ਸੱਚ ਝੂਠ ਦਾ ਨਿਰਣਾ ਕਰਦੇ ਸਨ, ਹਉਮੈ ਮਮਤਾ ਸਭ ਦੂਰ ਕਰਦੇ ਸਨ। ਜਿਨ੍ਹਾਂ ਮਨੁੱਖਾਂ ਨੇ ਉਪਦੇਸ਼ ਸੁਣ ਕੇ ਹਿਰਦੇ ਵਿਚ ਧਾਰਨ ਕਰ ਲਿਆ, ਉਹ ਸਭ ਉਚਿਤ ਢੰਗ ਨਾਲ ਮੁਕਤ ਹੋ ਗਏ॥ ੭੩॥

ਕ੍ਰਿਪਾ ਦ੍ਰਿਸ਼ਟਿ ਦੇਖੈਂ ਜਗ ਸਾਈਂ। ਕਹੈਂ ਸ਼ਬਦ ਜਯੋਂ ਦ੍ਵੈਤ ਮਿਟਾਈ।
ਦ੍ਰਿੜ੍ਹ ਅੱਭਯਾਸ ਸਿੱਖ ਮਨ ਹੋਵਾ। ਜਨਮ ਮਰਨ ਬੰਧਨ ਕੋ ਖੋਵਾ॥੭੪॥

ਜਦ ਜਗਤ ਦੇ ਮਾਲਕ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਸਨ ਅਤੇ ਸ਼ਬਦ ਕਹਿੰਦੇ ਸਨ ਤਾਂ ਦ੍ਵੈਤ ਖਤਮ ਹੋ ਜਾਂਦੀ ਸੀ। ਸਿੱਖਾਂ ਦੇ ਮਨਾਂ ਵਿਚ ਦ੍ਰਿੜ੍ਹ ਵਿਸ਼ਵਾਸ ਹੋ ਜਾਂਦਾ ਸੀ ਅਤੇ ਉਨ੍ਹਾਂ ਦੇ ਜਨਮ ਮਰਨ ਦੇ ਬੰਧਨ ਦੂਰ ਹੋ ਜਾਂਦੇ ਸਨ॥ ੭੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਤ੍ਰਿਵੰਜਮੋ ਅਧਯਾਯ॥ ੫੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਤਰਵੰਜਵਾਂ ਅਧਿਆਇ, ਜਿਸ ਦਾ ਨਾਮ 'ਸਿੱਖਾਂ ਨੂੰ ਉਪਦੇਸ਼' ਹੈ, ਸਮਾਪਤ ਹੋਇਆ॥ ੫੩॥

# ਅਧਿਆਇ ਚੁਰੰਜਵਾਂ

### ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ

ਦੋਹਰਾ-ਮੋਹ ਭੂਤਨਾ ਮਨ ਲਗ੍ਯੋ ਕਿਤੇ ਉਪਾਇ ਨ ਜਾਇ।
ਮੰਤਰ ਸਤਿਗੁਰ ਸ਼ਬਦ ਤੇ ਕਰਿ ਅੱਭ੍ਯਾਸ ਨਸਾਇ॥ ੧॥

ਮੋਹ ਰੂਪੀ ਭੂਤਨਾ ਮਨ ਨੂੰ ਚੰਬੜਿਆ ਹੈ, ਕਿਸੇ ਉਪਾਅ ਨਾਲ ਵੀ ਲੱਥਦਾ ਨਹੀਂ, ਪਰ ਇਹ ਭੂਤਨਾ ਸਤਿਗੁਰ ਦੇ ਮੰਤਰ ਤੋਂ ਭੱਜਦਾ ਹੈ। ਸੋ ਤੂੰ ਸਤਿਗੁਰ ਦੇ ਬਖਸ਼ੇ ਮੰਤਰ ਦਾ ਅਭਿਆਸ ਕਰਕੇ ਇਸ ਨੂੰ ਭਜਾ ਦੇਵੇਂ॥ ੧॥

ਚੌਪਈ- ਸ੍ਰੀ ਗੁਰ ਕਥਾ ਥੋਰ ਹੀ ਗਾਈ। ਨਹਿਂ ਮੋਤੇ ਸਭਿ ਜਾਇ ਬਨਾਈ।
ਪ੍ਰਭੁ ਕੀ ਮਹਿਮਾ ਊਚਹੁਂ ਊਚੀ। ਮੇਰੀ ਮਤ ਹੈ ਨੀਚਹੁਂ ਨੀਚੀ॥ ੨॥

ਮੈਂ ਸਤਿਗੁਰੂ ਜੀ ਦੀ ਕਥਾ ਬਹੁਤ ਹੀ ਥੋੜ੍ਹੀ ਗਾਈ ਹੈ, ਮੈਥੋਂ ਸਾਰੀ ਬਣਾਈ ਨਹੀਂ ਜਾਂਦੀ। ਪ੍ਰਭੂ ਜੀ ਦੀ ਮਹਿਮਾ ਉੱਚੀ ਤੋਂ ਉੱਚੀ ਹੈ ਅਤੇ ਮੇਰੀ ਮੱਤ ਨੀਵੀਂ ਤੋਂ ਨੀਵੀਂ ਹੈ॥ ੨॥

ਕੈਸੇ ਸਮਤਾ ਤਿਸਕੀ ਹੋਇ। ਰੰਚਕ ਮੇਰੁ ਸਮਝਿਯੇ ਸੋਇ।
ਕੀਟੀ ਚਹੈ ਜਿ ਸਾਗਰ ਤਰਨੋ।-ਕਿਸ ਪ੍ਰਕਾਰ ਹ੍ਵੈ ਪਾਰਨ ਪਰਨੋ॥ ੩॥

ਉਨ੍ਹਾਂ ਦੀ ਬਰਾਬਰੀ ਕਿਸ ਤਰ੍ਹਾਂ ਹੋਏ। ਮੈਨੂੰ ਸੁਮੇਰ ਪਰਬਤ ਦੇ ਸਾਹਮਣੇ ਇਕ ਕਿਣਕਾ ਭਰ ਸਮਝੋ। ਜੇ ਕੀੜੀ ਸਾਗਰ ਤਰਨਾ ਚਾਹੁੰਦੀ ਹੋਵੇ, ਉਹ ਕਿਸ ਤਰ੍ਹਾਂ ਪਾਰ ਕਰ ਸਕਦੀ ਹੈ॥ ੩॥

ਅਬ ਜਿਹ ਬਿਧਿ ਬੈਕੁੰਠ ਸਿਧਾਰੇ। ਤਿਉਂ ਮੈਂ ਕਹੌਂ ਸੁਨਹੁ ਹਿਤਧਾਰੇ।
ਏਕ ਦਿਵਸ ਚਲਦਲ ਕੀ ਛਾਈ। ਬੈਠੇ ਹੁਤੇ ਭੋਰ ਜਗ ਸਾਈਂ॥ ੪॥

ਹੁਣ ਉਹ ਕਿਸ ਤਰ੍ਹਾਂ ਸਵਰਗਾਂ ਵਿਚ ਗਏ, ਉਸ ਤਰ੍ਹਾਂ ਮੈਂ ਕਹਿੰਦਾ ਹਾਂ, ਪ੍ਰੇਮ ਨਾਲ ਸੁਣੋ। ਇਕ ਦਿਨ ਸਵੇਰੇ ਗੁਰੂ ਜੀ ਪਿੱਪਲ ਦੇ ਰੁੱਖ ਦੀ ਛਾਂ ਹੇਠਾਂ ਬੈਠੇ ਸਨ॥ ੪॥

ਮਹਿਖੀ ਬੜਵਾ ਛੁਧਾ ਵਿਸ਼ੇਖੀ। ਤ੍ਰਿਣ ਬਿਹੀਨ ਜਬਿ ਸਗਰੀ ਦੇਖੀ।
ਕਮਲਾ ਨਾਮ ਦਾਸ ਇਕ ਅਹਾ। ਤਿਹ ਬੁਲਾਇ ਕੈ ਸ੍ਰੀ ਪ੍ਰਭੁ ਕਹਾ॥੫॥

ਮੱਝਾਂ, ਘੋੜੀਆਂ ਬਹੁਤ ਭੁੱਖੀਆਂ ਸਨ। ਜਦ ਸਾਰੀਆਂ ਚਾਰੇ ਤੋਂ ਬਗੈਰ ਵੇਖੀਆਂ ਤਾਂ ਕਮਲਾ ਨਾਂ ਦਾ ਜਿਹੜਾ ਉਨ੍ਹਾਂ ਦਾ ਸੇਵਕ ਸੀ, ਉਸ ਨੂੰ ਬੁਲਾ ਕੇ ਗੁਰੂ ਜੀ ਨੇ ਕਿਹਾ॥ ੫॥

'ਭਏ ਛੁਧਾਤੁਰ ਪਸੂ ਸਮੂਹਾ। ਆਨਹੁ ਤ੍ਰਿਣੰ ਜਾਇ ਨਿਜ ਜੂਹਾ'।
ਸੁਨਿ ਤਿਨ ਬਚਨ ਪਿਆਨਾ ਕੀਨਾ। ਜਹਾਂ ਬਿਸਾਲ ਘਾਸ ਕੋ ਚੀਨਾ॥੬॥

''ਸਾਰੇ ਪਸ਼ੂ ਭੁਖੇ ਹਨ, ਖੇਤ ਵਿਚ ਜਾ ਕੇ ਪੱਠੇ ਲਿਆ।'' ਗੁਰੂ ਜੀ ਦੇ ਬਚਨ ਸੁਣ ਕੇ ਉਹ ਖੇਤਾਂ ਵਲ ਚਲ ਪਿਆ ਜਿਥੇ ਉਸਨੇ ਪਹਿਲਾਂ ਬਹੁਤ ਘਾਹ ਵੇਖਿਆ ਸੀ॥ ੬॥

ਤਿਹ ਛਿਨ ਆਇਸੁ ਕੋ ਧਰਿ ਬੇਸਾ। ਆਏ ਤ੍ਰੈ ਬਿਧਿ, ਸ਼ੰਭੁ, ਸੁਰੇਸ਼ਾ।
ਕਮਲਾ ਜਾਤਿ ਵਹਿਰ ਕੋ ਹੇਰਾ। ਨਾਮ ਲੇਯ ਤਬ ਊਚੇ ਟੇਰਾ॥ ੭॥

ਉਸ ਵੇਲੇ ਜੋਗੀ ਦਾ ਭੇਸ ਧਾਰ ਕੇ ਬ੍ਰਹਮਾ, ਸ਼ਿਵਜੀ ਅਤੇ ਇੰਦਰ ਤਿੰਨੇ ਇਕੱਠੇ ਹੋ ਕੇ ਆਏ। ਉਨ੍ਹਾਂ ਕਮਲੇ ਨੂੰ ਬਾਹਰ ਜਾਂਦੇ ਨੂੰ ਵੇਖਿਆ, ਉੱਚੀ ਦਿੱਤੀ ਨਾਂ ਲੈ ਕੇ ਉਸ ਨੂੰ ਬੁਲਾਇਆ॥ ੭॥

ਨਿਕਟਿ ਬੁਲਾਯੋ ਬਚਨ ਉਚਾਰਾ। 'ਇਕ ਕਾਰਜ ਤੁਮ ਕਰਹੁ ਹਮਾਰਾ।
ਇਹ ਬਿਭੂਤਿ ਲੈਕੈ ਕਰ ਮਾਂਹੀ। ਜਾਵਹੁ ਸ੍ਰੀ ਨਾਨਕ ਕੇ ਪਾਹੀ॥ ੮ ॥

ਨੇੜੇ ਬੁਲਾ ਕੇ ਬਚਨ ਕੀਤਾ, "ਤੂੰ ਸਾਡਾ ਇਕ ਕੰਮ ਕਰ, ਇਹ ਬਿਭੂਤੀ ਆਪਣੇ ਹੱਥ ਵਿਚ ਫੜ ਕੇ ਸ੍ਰੀ ਨਾਨਕ ਜੀ ਦੇ ਪਾਸ ਲੈ ਜਾਵੇ॥ ੮॥

ਜਾਇ ਦਿਖਾਵਹਿਂਗੋ ਤੂੰ ਜਬਿ ਹੀ। ਉੱਤਰ ਕਛੂ ਦਹਿਂ ਪ੍ਰਭੁ ਤਬਿਹੀ।
ਸੋ ਸੁਨਿਕੈ ਹਮ ਪਾਸ ਕਹੀਜੈ। ਜਾਹੁ ਅਬੈ ਨਹਿਂ ਬਿਲਮ ਕਰੀਜੈ' ॥ ੯ ॥

ਤੂੰ ਜਾ ਕੇ ਜਦ ਇਹ ਬਿਭੂਤੀ ਉਨ੍ਹਾਂ ਨੂੰ ਵਿਖਾਵੇਂਗਾ ਤਦ ਪ੍ਰਭੂ ਉਸ ਸਮੇਂ ਕੁਝ ਉੱਤਰ ਦੇਣਗੇ, ਸੋ ਸੁਣ ਕੇ ਸਾਨੂੰ ਆ ਕੇ ਦੱਸੀਂ। ਹੁਣ ਜਾਵੇ, ਦੇਰ ਨਾ ਕਰੇਂ"॥ ੯॥

ਕਮਲੇ ਪਿਖਿ ਸਰੂਪ ਤਿਨ ਕੇਰਾ। ਕ੍ਰਾਂਤਿਮਾਨ ਅਤਿ ਸ਼ੁਭਤਿ ਘਨੇਰਾ।
ਅਚਰਜ ਭਯੋ ਤਬੈ ਮਨ ਮਾਂਹੀ। ਲਖੇ ਨ ਜਾਹਿਂ ਕਿ ਸੁਰ ਨਰ ਆਹੀਂ ॥੧੦ ॥

ਕਮਲੇ ਨੇ ਜਦ ਉਨ੍ਹਾਂ ਦਾ ਸਰੂਪ ਵੇਖਿਆ ਤਾਂ ਉਹ ਬਹੁਤ ਸੋਭ ਰਿਹਾ ਸੀ। ਉਹ ਮਨ ਵਿਚ ਬੜਾ ਹੈਰਾਨ ਹੋਇਆ, ਪਹਿਚਾਣੇ ਨਹੀਂ ਸੀ ਜਾਂਦੇ ਕਿ ਉਹ ਦੇਵਤੇ ਸਨ ਕਿ ਮਨੁੱਖ॥ ੧੦॥

ਹਟਨ ਲਗਯੋ ਉਰ ਭਈ ਬਿਚਾਰਾ। ਗੁਨਿਕੈ ਤਿਨ ਸੋਂ ਬਚਨ ਉਚਾਰਾ।
'ਸਤਿਗੁਰ ਕੀ ਆਇਸੁ ਅਸ ਮੋਹੀ। ਪੁਨ ਜਾਵੋਂ ਤ੍ਰਿਣ ਭਾਰ ਜਿ ਹੋਹੀ ॥੧੧ ॥

ਜਦ ਵਾਪਸ ਮੁੜਨ ਲੱਗਾ ਤੇ ਦਿਲ ਵਿਚ ਵਿਚਾਰ ਆਈ ਤੇ ਸਮਝ ਕੇ ਉਨ੍ਹਾਂ ਨੂੰ ਕਹਿਣ ਲੱਗਾ, "ਸਤਿਗੁਰ ਜੀ ਦੀ ਮੈਨੂੰ ਇਹ ਆਗਿਆ ਹੈ ਕਿ ਮੈਂ ਘਾਹ ਦੀ ਪੰਡ ਲੈ ਕੇ ਆਵਾਂ, ਇਸ ਲਈ ਵਾਪਸ ਮੈਂ ਤਦ ਹੀ ਜਾਵਾਂਗਾ ਜੇ ਮੇਰੇ ਪਾਸ ਘਾਹ ਦੀ ਪੰਡ ਹੋਵੇਗੀ॥ ੧੧॥

ਦੋਇ ਮਹੂਰਤ ਮਹਿਂ ਕਰਿ ਲੈਹੋ। ਪੁਨ ਤੁਮ ਜਾਇ ਸੰਦੇਸਾ ਦੈਹੋਂ।
ਤਬਿ ਸੁਰੇਸ਼ ਉਠ ਐਸੋ ਕੀਨਾ। ਭਾਰ ਤ੍ਰਿਣਨ ਮੁਸ਼ਕ ਕਰਿ ਦੀਨਾ ॥੧੨ ॥

ਮੈਨੂੰ ਕੇਵਲ ਦੋ ਘੜੀਆਂ ਦਾ ਸਮਾਂ ਲੱਗਣਾ ਹੈ, ਫਿਰ ਮੈਂ ਤੁਹਾਡਾ ਸੁਨੇਹਾ ਜਾ ਦੇਵਾਂਗਾ"। ਤਦ ਇੰਦਰ ਨੇ ਉੱਠ ਕੇ ਇਸ ਤਰ੍ਹਾਂ ਕੀਤਾ ਕਿ ਮੁੱਠੀ ਭਰ ਘਾਹ ਤੋਂ ਘਾਹ ਦੀ ਪੰਡ ਬਣਾ ਦਿੱਤੀ॥ ੧੨॥

ਸਿਰ ਉਚਵਾਇ ਸੁ ਪੁਰੀ ਪਠਾਵਾ। ਕਮਲੇ ਹਿਰਦੈ ਅਚਰਜ ਪਾਵਾ।
ਅਜ਼ਮਤਿ ਯੁਕਤ ਤੇਜ ਦਿਪਤਾਈ। ਭੇਵ ਨ ਇਨ ਕੋ ਜਾਨਯੋ ਜਾਈ ॥੧੩ ॥

ਕਮਲੇ ਦੇ ਸਿਰ ਤੇ ਚੁਕਾ ਕੇ ਅੰਦਰ ਭੇਜ ਦਿੱਤਾ। ਕਮਲਾ ਹਿਰਦੇ ਵਿਚ ਬਹੁਤ ਹੈਰਾਨ ਹੋਇਆ। ਏਡੀ ਵੱਡੀ ਕਰਾਮਾਤ ਅਤੇ ਚਿਹਰਿਆਂ ਦਾ ਤੇਜ ਜਲਾਲ, ਉਨ੍ਹਾਂ ਦਾ ਭੇਦ ਨਹੀਂ ਸੀ ਜਾਣਿਆ ਜਾ ਸਕਦਾ॥ ੧੩॥

ਪੁਰਿ ਮਹਿਂ ਤੂਰਨ ਜਬਿਹੀ ਆਵਾ। ਪਿਖਤਿ ਹੁਤੇ ਪ੍ਰਭ ਬਚਨ ਅਲਾਵਾ।
'ਕਮਲੇ ਜਸਪਦ ਤ੍ਰਿਣ ਲੈ ਆਯੋ। ਕਿਧੋਂ ਕਿਸੁ ਕੋ ਜਾਇ ਚੁਰਾਯੋ ॥੧੪ ॥

ਘਰ ਵਿਚ ਜਦ ਛੇਤੀ ਆ ਗਿਆ ਤਾਂ ਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਕਮਲੇ ਏਨੀ ਛੇਤੀ ਘਾਹ ਲੈ ਆਇਆ ਹੈਂ, ਜਾਂ ਕਿਸੇ ਦੀ ਚੋਰੀ ਕਰ ਕੇ ਲੈ ਆਇਆ ਹੈਂ॥ ੧੪॥

ਬਲਛਲ ਕਰਿ ਜੇ ਲੀਨੇ ਪਰਕੋ। ਤੋ ਨਹਿਂ ਜਾਹੁ ਅਗਾਰੀ ਘਰ ਕੋ।
ਹਮਰੀ ਮਹਿਖਨ ਨਾਂਹਿ ਖੁਆਇ। ਬਹੁਰ ਧਰਹੁ ਜਹਿਂ ਤੇ ਤੂੰ ਲਜਾਇ ॥੧੫ ॥

ਜੇ ਵਲ ਛਲ ਕਰਕੇ ਪਰਾਏ ਦਾ ਘਾਹ ਲਿਆਂਦਾ ਹੈਂ ਤਾਂ ਘਰ ਵਿਚ ਅੱਗੇ ਨਾ ਜਾਹੋ। ਸਾਡੀਆਂ ਮੱਝਾਂ ਨੂੰ ਨਾ ਖਵਾ, ਓਥੇ ਧਰ ਆ ਜਿਥੋਂ ਤੂੰ ਲਿਆਂਦਾ ਹੈ"॥ ੧੫॥

ਦੋਹਰਾ- ਕਮਲਾ ਬੋਲਜੋ ਬੰਦਿ ਕਰ 'ਨਹੀਂ ਚੁਰਾਯੋ ਜਾਇ।
ਜਿਉਂ ਆਨੇ ਤੂਰਨ ਤ੍ਰਿਣਨ ਤਿਉਂ ਸੁਣੀਏ ਸੁਖਦਾਇ! ॥ ੧੬॥

ਕਮਲਾ ਹੱਥ ਜੋੜ ਕੇ ਬੋਲਿਆ, "ਮੈਂ ਚੁਰਾ ਕੇ ਨਹੀਂ ਲਿਆਂਦਾ ਹੈ। ਜਿਵੇਂ ਮੈਂ ਫੌਰਨ ਘਾਹ ਲੈ ਕੇ ਆ ਗਿਆ ਹਾਂ, ਉਸ ਬਾਰੇ ਸੁਣੋ ਜੀ॥ ੧੬॥

ਚੌਪਈ- ਤ੍ਰੈ ਜੋਗੀ ਬਾਹਰ ਹੈਂ ਬੈਸੇ। ਦੇਖੇ ਮੈਂ ਸੁ ਅਜ਼ਮਤੀ ਜੈਸੇ।
ਏਕ ਮੁਸ਼ਟ ਮਹਿੰ ਤ੍ਰਿਣ ਤਿਨ ਲੇ ਕਰਿ। ਭਾਰ ਬਧਾਇ ਉਚਾਇ ਦਯੋ ਸਿਰ॥੧੭॥

ਤਿੰਨ ਜੋਗੀ ਬਾਹਰ ਬੈਠੇ ਹਨ, ਮੈਂ ਦੇਖੇ ਹਨ ਕਿ ਉਹ ਬੜੇ ਕਰਾਮਾਤੀ ਹਨ, ਉਨ੍ਹਾਂ ਇਕ ਮੁੱਠੀ ਵਿਚ ਘਾਹ ਲੈ ਕੇ, ਇਕ ਪੰਡ ਘਾਹ ਦੀ ਬਣਾ ਕੇ ਮੇਰੇ ਸਿਰ ਤੇ ਚੁਕਾ ਦਿੱਤੀ॥ ੧੭॥

ਤੁਮਕੋ ਏਕ ਸੰਦੇਸ਼ਾ ਦੀਨੋ। ਕਹਿ, ਪਟ ਗਾਂਠੀ ਖੋਲਨ ਕੀਨੋ।
ਦਈ ਬਿਭੂਤ ਗੁਰੂ ਕਰ ਮਹਿਂ ਜਬਿ। ਸ਼ੰਕਰ ਕਰ ਕੀ ਜਾਨਿ ਲਈ ਤਬਿ॥੧੮॥

ਤੁਹਾਨੂੰ ਉਨ੍ਹਾਂ ਇਕ ਸੰਦੇਸ਼ਾ ਦਿਤਾ ਹੈ" ਇਹ ਕਹਿ ਕੇ ਕਪੜੇ ਵਿਚ ਬੱਧੀ ਗੰਢ ਖੋਲ੍ਹ ਲਈ। ਜਦ ਬਿਭੂਤੀ ਗੁਰੂ ਜੀ ਦੇ ਹੱਥ ਵਿਚ ਦਿੱਤੀ ਤਾਂ ਗੁਰੂ ਜੀ ਨੇ ਸ਼ੰਕਰ ਦੇ ਹੱਥਾਂ ਦੀ ਬਿਭੂਤੀ ਪਹਿਚਾਣ ਲਈ॥ ੧੮॥

'ਕਮਲਾ! ਹਮਰੋ ਲਜਾਇਂ ਸੰਦੇਸ਼ਾ'। ਤੀਨ ਬੇਰ ਇਉਂ ਕਹਿ ਜਗਤੇਸ਼ਾ।
ਬਹੁਰ ਬਚਨ ਉਚਰੇ ਸ੍ਰੀ ਬਦਨਾ। 'ਕਮਲੇ! ਜਾਹੁ ਸਧਾਰਣ ਸਦਨਾ॥੧੯॥

"ਕਮਲਾ! ਸਾਡਾ ਸੰਦੇਸ਼ਾ ਲੈ ਕੇ ਆਇਆ ਹੈ" ਗੁਰੂ ਜੀ ਨੇ ਤਿੰਨ ਵਾਰ ਇਸ ਤਰ੍ਹਾਂ ਕਿਹਾ। ਫਿਰ ਮੁੱਖ ਤੋਂ ਬਚਨ ਕੀਤਾ, "ਕਮਲੇ! ਸਧਾਰਣ ਨਾਮੀਂ ਸਿੱਖ ਦੇ ਘਰ ਜਾਹ॥ ੧੯॥

ਆਨਹੁ ਹਮਰੇ ਨਿਕਟਿ ਬੁਲਾਈ। ਗਮਨਜੋ ਕਮਲਾ ਆਇਸੁ ਪਾਈ।
ਸ੍ਰੀ ਅੰਗਦ ਤੇ ਸੋ ਪਸ਼ਚਾਤੀ। ਕਰਤਿ ਰਹਤਿ ਸੇਵਾ ਦਿਨ ਰਾਤੀ॥੨੦॥

ਉਸ ਨੂੰ ਸਾਡੇ ਪਾਸ ਬੁਲਾ ਕੇ ਲੈ ਆ"। ਆਗਿਆ ਪਾ ਕੇ ਕਮਲਾ ਚਲੇ ਗਿਆ। ਸ੍ਰੀ ਗੁਰੂ ਅੰਗਦ ਜੀ ਤੋਂ ਬਾਅਦ ਸਧਾਰਣ ਹੀ ਗੁਰੂ ਜੀ ਦੀ ਦਿਨ ਰਾਤ ਸੇਵਾ ਕਰਦਾ ਸੀ॥ ੨੦॥

ਸਗਰੇ ਬਸਤਰ ਸੁੱਛ ਸੁਕਰਿਹੀ। ਚਰਨ ਪਖਾਰਿ ਹਰਖ ਉਰਭਰਿ ਹੀ।
ਇੱਤਜਾਦਿਕ ਜੋ ਸੇਵਾ ਸਾਰੀ। ਕਰਤਿ ਸਦਾ ਪ੍ਰੀਤੀ ਉਰਧਾਰੀ॥੨੧॥

ਸਾਰੇ ਵਸਤਰ ਉਹ ਹੀ ਸਾਫ ਕਰਦਾ ਸੀ, ਚਰਨ ਧੋ ਕੇ ਦਿਲ ਵਿਚ ਬਹੁਤ ਖੁਸ਼ ਹੁੰਦਾ ਸੀ। ਜਿਹੜੀ ਏਧਰ ਓਧਰ ਦੀ ਸੇਵਾ ਸੀ, ਉਹ ਸਦਾ ਪ੍ਰੀਤ ਲਾ ਕੇ ਕਰਦਾ ਸੀ॥ ੨੧॥

ਸੋ ਬੁਲਵਾਇ ਲੀਨ ਨਿਜ ਸੰਗਾ। ਗਮਨੇ ਬਾਹਿਰ ਗੁਰੂ ਉਤੰਗਾ।
ਔਰ ਦਾਸ ਸਭਿ ਦੀਨ ਹਟਾਈ। ਪਹੁੰਚਤਿ ਭਏ ਜਾਇ ਤਿਹ ਥਾਈਂ॥੨੨॥

ਸਧਾਰਣ ਨੂੰ ਘਰ ਤੋਂ ਬੁਲਾ ਕੇ ਆਪਣੇ ਨਾਲ ਲੈ ਲਿਆ। ਗੁਰੂ ਜੀ ਬੜੇ ਉਤਸ਼ਾਹ ਨਾਲ ਬਾਹਰ ਗਏ। ਹੋਰ ਦਾਸ ਸਭ ਪਿੱਛੇ ਮੋੜ ਦਿੱਤੇ, ਆਪ ਗੁਰੂ ਜੀ ਉਸ ਥਾਂ ਪਹੁੰਚ ਗਏ॥ ੨੨॥

ਕਿਤਿਕ ਦੂਰ ਬੈਠਾਇ ਸਧਾਰਣ। ਮਿਲੇ ਜਾਇ ਤਿਨ ਨਰਕ ਨਿਵਾਰਣ।

'ਜਯਤ ਸੱਚਦਾਨੰਦ ਸੰਦੋਹੰ'। ਕਹਿ ਅਸ ਉਠੇ ਪਰਮ ਸੁਖ ਹੋਹੰ ॥੨੩॥

ਸਧਾਰਣ ਨੂੰ ਕਾਫੀ ਦੂਰ ਬਿਠਾ ਦਿਤਾ। ਆਪ ਗੁਰੂ ਜੀ ਉਨ੍ਹਾਂ ਤਿੰਨਾਂ ਨੂੰ ਜਾ ਮਿਲੇ। "ਜੈ ਸਤਚਿਤ ਅਨੰਦ ਹੋਵੇ' ਇਹ ਕਹਿ ਕੇ ਤਿੰਨੇ ਜੋਗੀ ਪਰਮ ਸੁੱਖ ਪਾ ਕੇ ਉਠੇ॥ ੨੩॥

ਦੇਖਿ ਸਰੂਪ ਰਿਦੇ ਹਰਖਾਏ। ਲੋਚਨ ਕਮਲ ਪ੍ਰਫੁੱਲ ਸੁਹਾਏ।
ਬਹੁਰ ਪ੍ਰੇਮ ਜੁਤਿ ਉਸਤਤਿ ਠਾਨੀ। ਪਰਮ ਮਨੋਹਰ ਕ੍ਰਮ ਮਨਬਾਨੀ ॥੨੪॥

ਗੁਰੂ ਜੀ ਦਾ ਸਰੂਪ ਵੇਖ ਕੇ ਬਹੁਤ ਖੁਸ਼ ਹੋਏ। ਕਮਲ ਨੈਣ ਪ੍ਰਫੁੱਲਤ ਹੋਏ ਬਹੁਤ ਸ਼ੋਭਾ ਪਾ ਰਹੇ ਸਨ। ਫਿਰ ਬੜੇ ਪ੍ਰੇਮ ਨਾਲ ਉਸਤਤ ਕੀਤੀ। ਮਨ, ਬਚਨ, ਕਰਮ ਕਰਕੇ ਉਨ੍ਹਾਂ ਉਸਤਤ ਕੀਤੀ॥ ੨੪॥

ਤੋਟਕ ਛੰਦ- 'ਅਭਿਰਾਮ ਸਦਾ ਸੁਖਧਾਮ ਪ੍ਰਭੋ। ਗਤਿਦਾਯਕ ਨਾਯਕ ਲੋਕ ਸਭੋ!।
ਦੁਖ ਘਾਯਕ ਸਾਯਕ ਬੈਨ ਤੁਯੰ। ਭਵ ਪਾਲਿਕ, ਕਾਲਿਕ, ਨਿੱਤ ਜਯੰ ॥੨੫॥

"ਹੇ ਪ੍ਰਭੂ! ਤੁਸੀਂ ਸਦਾ ਸੁੰਦਰ ਸੁਖਾਂ ਦਾ ਘਰ ਹੋ, ਮੁਕਤੀਦਾਤੇ ਅਤੇ ਸਭ ਲੋਕਾਂ ਦੇ ਸਵਾਮੀ ਹੋ, ਦੁਖ ਨਾਸ਼ਕ, ਤਲਵਾਰ ਵਰਗੇ ਤਿੱਖੇ ਤੁਹਾਡੇ ਬਚਨ ਹਨ। ਸੰਸਾਰ ਨੂੰ ਜਨਮ ਦੇਣ ਵਾਲੇ, ਪਾਲਣ ਵਾਲੇ ਅਤੇ ਨਾਸ਼ ਕਰਤਾ ਹੋ। ਤੁਹਾਡੀ ਸਦਾ ਜੈ ਹੋਵੇ॥ ੨੫॥

ਤੁਮ ਬਾਵਨ ਪੂਰਬ ਰੂਪ ਧਰਜੋ। ਹੁਇ ਰਾਘਵ ਰਾਵਨ ਦੈਤ ਹਰਜੋ।
ਪੁਨ ਜਾਦਵ ਬੰਸ਼ਹਿ ਕੰਸ ਮਰਜੋ। ਕਲਿਕਾਲ ਸੁ ਨਾਨਕ ਨਾਮ ਪਰਜੋ ॥੨੬॥

ਤੁਸੀਂ ਹੀ ਪਹਿਲਾਂ ਬਾਵਨ ਰੂਪ ਸਰੀਰ ਧਾਰਨ ਕੀਤਾ ਸੀ, ਰਾਮ ਬਣ ਕੇ ਤੁਸੀਂ ਰਾਵਣ ਦੈਂਤ ਨੂੰ ਮਾਰਿਆ ਸੀ। ਫਿਰ ਕ੍ਰਿਸ਼ਨ ਬਣ ਕੇ ਕੰਸ ਨੂੰ ਮਾਰਿਆ। ਕਲਿਜੁਗ ਵਿਚ ਤੁਹਾਡਾ ਨਾਂ ਨਾਨਕ ਪਿਆ ਹੈ॥ ੨੬॥

ਤਵ ਸੀਸ ਸਹੰਸ੍ਰ, ਨ ਏਕ ਸਿਰੰ। ਕਰ ਪਾਦ ਅਨੇਕ, ਨ ਏਕ ਕਰੰ।
ਬਿਨ ਅੰਤ ਬਿਲੋਚਨ ਕੋਇ ਨ ਹੈ। ਬਹੁ ਮੂਰਤਿ ਹੋ, ਅਨਮੂਰਤਿ ਹੈ ॥੨੭॥

ਤੁਹਾਡੇ ਹਜ਼ਾਰਾਂ ਸਿਰ ਹਨ, ਪਰ ਤੁਹਾਡਾ ਇਕ ਸਿਰ ਵੀ ਨਹੀ, ਤੁਹਾਡੇ ਅਨੇਕਾਂ ਹੱਥ ਪੈਰ ਹਨ, ਪਰ ਤੁਹਾਡਾ ਇਕ ਵੀ ਹੱਥ ਪੈਰ ਨਹੀਂ। ਤੁਹਾਡੀਆਂ ਬੇਅੰਤ ਅੱਖਾਂ ਹਨ, ਪਰ ਕੋਈ ਵੀ ਤੁਹਾਡੀ ਅੱਖ ਨਹੀਂ ਹੈ। ਤੁਹਾਡੇ ਬਹੁਤ ਸਰੂਪ ਹਨ, ਪਰ ਤੁਹਾਡਾ ਇਕ ਸਰੂਪ ਵੀ ਨਹੀਂ ਹੈ॥ ੨੭॥

ਜਗ ਨਾਮ ਸਹੰਸ੍ਰ, ਅਨਾਮ ਅਹੋ। ਬਹੁ ਸ੍ਰੋਨਨ ਤੇ, ਬਿਨ ਸ੍ਰੋਨ ਰਹੋ।
ਬ੍ਰਹਮੰਡ ਬਰਾਠ ਸਰੂਪ ਤੁਯੰ। ਹਹਿੰ ਲੋਚਨ ਭਾਨੁ ਮਯੰਕ ਦੁਯੰ ॥੨੮॥

ਤੁਹਾਡੇ ਜਗਤ ਵਿਚ ਹਜ਼ਾਰਾਂ ਨਾਂ ਹਨ, ਪਰ ਤੁਸੀਂ ਅਨਾਮ ਹੋ, ਤੁਹਾਡੇ ਬਹੁਤ ਕੰਨ ਹਨ ਪਰ ਤੁਸੀਂ ਬਿਨਾਂ ਕੰਨਾਂ ਤੋਂ ਹੋ। ਇਹ ਸਾਰਾ ਬ੍ਰਹਿਮੰਡ ਹੀ ਤੁਹਾਡਾ ਸਰੂਪ ਹੈ, ਚੰਦ ਸੂਰਜ ਤੁਹਾਡੇ ਦੋ ਨੈਣ ਹਨ॥ ੨੮॥

ਅਸ਼ਟਾਦਸ ਭਾਰ ਰੁਮਾਵਲਿਯੰ। ਉਦਰੋਦਿਧ ਹੈ, ਸਰਿਤਾ ਨਸਿਯੰ।
ਮੁਖ ਪਾਵਕ ਦਾੜ ਜਮੰ ਜਨਿਯੇ। ਭੁਜ ਲੋਕ ਪਤੀ ਤੁਮਰੀ ਗਨਿਯੇ ॥੨੯॥

ਅਠਾਰਾਂ ਭਾਰ ਬਨਸਪਤੀ ਜੋ ਹੈ ਆਪ ਜੀ ਦੀ ਰੋਮਾਵਲੀ ਹੈ, ਸਮੁੰਦਰ ਤੁਹਾਡਾ ਪੇਟ ਹੈ ਅਤੇ ਨਦੀਆਂ ਨਾੜਾਂ ਹਨ। ਅਗਨੀ ਮੂੰਹ ਹੈ ਅਤੇ ਜਮ ਦਾੜ੍ਹਾਂ ਹਨ। ਲੋਕਪਤੀ ਤੁਹਾਡੀਆਂ ਭੁਜਾਂ ਸਮਝੀਏ॥ ੨੯॥

ਸਤਿਲੋਕ ਸਿਰੰ, ਸੁ ਪਤਾਲ ਪਦੰ। ਮਧਿ ਦੇਸ਼ ਛਿਤੰ, ਬਚ ਬੇਦ ਬਦੰ।
ਧ੍ਰਮ ਪੂਰਬ ਭਾਗ, ਅਧਰਮ ਪਿਠੰ। ਭ੍ਰੂਵ ਕਾਲ, ਪ੍ਰਭੰਜਨ ਸਾਸ ਨਿਠੰ ॥੩੦॥

ਸਤ ਲੋਕ ਤੁਹਾਡਾ ਸਿਰ ਹੈ ਅਤੇ ਪਾਤਾਲ ਪੈਰ ਹਨ, ਵਿਚਲਾ ਅੰਗ ਭਾਵ ਲੱਕ ਸੋ ਧਰਤੀ ਹੈ, ਗਿਆਨ ਦਾ ਕਥਨ ਬਚਨ ਹੈ, ਧਰਮ ਸਾਹਮਣਾ ਭਾਗ ਹੈ ਅਤੇ ਅਧਰਮ ਪਿਛਲਾ ਭਾਗ ਹੈ। ਭਰਵੱਟੇ ਕਾਲ ਹੈ, ਵਾਯੂ ਸਵਾਸ ਹੈ॥ ੩੦॥

ਤਵ ਰੂਪ ਚਰਾਚਰ ਸਰਬ ਹਰੇ। ਉਰ ਮਾਂਹਿ ਗੁਰੰ ਅਸ ਧਯਾਨ ਧਰੇ।
ਨਰ ਤੇ ਭਵ ਸਿੰਧੁ ਨ ਬੀਚ ਪਰੇ। ਹੁਇ ਮੋਖ, ਕੁਬੰਧਨਿ ਨਾਸ਼ ਕਰੇ ॥੩੧॥

ਹੇ ਪ੍ਰਭੂ ! ਤੁਹਾਡਾ ਰੂਪ ਚਰ ਅਤੇ ਅਚਰ ਸਾਰੇ ਹਨ, ਜਿਹੜਾ ਵੀ ਵਿਅਕਤੀ ਮਨੁੱਖ ਆਪ ਬਾਰੇ ਧਿਆਨ ਧਰਦਾ ਹੈ, ਉਹ ਮਨੁੱਖ ਭਵਸਾਗਰ ਵਿਚ ਨਹੀਂ ਪੈਂਦਾ। ਉਸ ਦੀ ਮੁਕਤੀ ਹੁੰਦੀ ਹੈ ਤੇ ਸਾਰੇ ਬੰਧਨਾਂ ਦਾ ਨਾਸ਼ ਹੁੰਦਾ ਹੈ॥ ੩੧॥

ਸਭਿ ਠੌਰ ਤੁਹੀ, ਨਿਰਲੇਪ ਰਹੋ। ਨਿਜ ਦਾਸਨ ਕੋ ਅੱਗਯਾਨ ਦਹੋ।
ਹਮਰੀ ਤੁਮਕੋ ਪਦ ਬੰਦਨ ਹੋ। ਘਨ ਗਯਾਨ, ਪਖੰਡ ਨਿਕੰਦਨ ਹੋ ॥੩੨॥

ਸਭ ਤਰ੍ਹਾਂ ਨਾਲ ਤੁਸੀਂ ਨਿਰਲੇਪ ਰਹਿੰਦੇ ਹੋ, ਆਪਣੇ ਸੇਵਕਾਂ ਦੀ ਅਗਿਆਨਤਾ ਦਾ ਨਾਸ਼ ਕਰਦੇ ਹੋ। ਸਾਡੀ ਤੁਹਾਡੇ ਚਰਨਾਂ ਤੇ ਬੰਦਨਾ ਹੈ। ਤੁਸੀਂ ਇਕ ਰਸ ਗਿਆਨ ਦੇ ਭੰਡਾਰ ਹੋ ਅਤੇ ਪਖੰਡਾਂ ਦਾ ਨਾਸ਼ ਕਰਨ ਵਾਲੇ ਹੋ॥ ੩੨॥

ਚੌਪਈ- ਇਸ ਪ੍ਰਕਾਰ ਕਰਿ ਰੁਚਿਰ ਬਡਾਈ। ਪੁਨ ਬਿਰੰਚ ਅਸ ਗਿਰਾ ਅਲਾਈ'।
'ਨਿਜ ਤਨ ਅੰਗਦ ਕਰਿ ਪਲਟਾਯੋ। ਕੀਨ ਸਥਾਪ ਨੀਕ ਮਨ ਭਾਯੋ ॥੩੩॥

ਇਸ ਪ੍ਰਕਾਰ ਸੁੰਦਰ ਵਡਿਆਈ ਕੀਤੀ। ਫਿਰ ਬ੍ਰਹਮਾ ਨੇ ਇਸ ਤਰ੍ਹਾਂ ਕਿਹਾ, "ਆਪਣਾ ਸਰੀਰ ਗੁਰੂ ਅੰਗਦ ਦੇਵ ਵਿਚ ਪਲਟਾ ਦਿੱਤਾ ਹੈ। ਜੋ ਮਨ ਨੂੰ ਚੰਗਾ ਲੱਗਾ ਹੈ, ਉਸ ਨੂੰ ਸਥਾਪਿਤ ਕਰ ਦਿੱਤਾ ਹੈ॥ ੩੩॥

ਸੱਤਿਨਾਮ ਪ੍ਰਗਟਜੋ ਜਗ ਜਾਪੂ। ਸੱਚਖੰਡ ਗਮਨਹੁ ਅਬਿ ਆਪੂ'।
ਸੁਨਿ ਕੈ ਬਚ ਸ੍ਰੀ ਨਾਨਕ ਮਾਨੇ। ਨਿਜ ਸਥਾਨ ਸੋ ਤੀਨ ਸਿਧਾਨੇ ॥੩੪॥

ਜਗਤ ਦੇ ਜਾਪ ਵਾਸਤੇ ਸੱਚਾ ਨਾਮ ਪ੍ਰਗਟ ਕੀਤਾ ਹੈ, ਹੁਣ ਆਪ ਸੱਚਖੰਡ ਚਲੋ।" ਇਹ ਬਚਨ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਹਾਮੀ ਭਰੀ ਤੇ ਉਨ੍ਹਾਂ ਦੇ ਬਚਨਾਂ ਨੂੰ ਮੰਨ ਲਿਆ। ਤਿੰਨੇ ਹੀ ਆਪਣੇ ਸਥਾਨ ਤੋਂ ਚਲੇ ਗਏ॥ ੩੪॥

ਹਟਿ ਤਬਿ ਆਇ ਸਧਾਰਾਣ ਮਿਲੇ। ਤਿਹ ਕੌ ਠੌਰ ਦਿਖਾਵਨ ਚਲੇ।
ਅਸ਼ਟ ਵਿਘੇ ਕੋ ਏਕ ਕਿਦਾਰਾ। ਤਹਾਂ ਠਾਂਢਿ ਹ੍ਵੈ ਬਚਨ ਉਚਾਰਾ ॥੩੫॥

ਗੁਰੂ ਨਾਨਕ ਦੇਵ ਜੀ ਪਿਛੇ ਵਾਪਸ ਆ ਕੇ ਸਧਾਰਣ ਨੂੰ ਮਿਲੇ ਅਤੇ ਉਸ ਨੂੰ ਥਾਂ ਵਿਖਾਉਣ ਚਲੇ ਗਏ। ਅੱਠਾਂ ਵਿਘਿਆਂ ਦਾ ਇਕ ਖੇਤ ਸੀ, ਓਥੇ ਖੜੇ ਹੋ ਕੇ ਗੁਰੂ ਜੀ ਨੇ ਬਚਨ ਕੀਤਾ॥ ੩੫॥

'ਸੁਨਹੁ ਸਧਾਰਣ ! ਇਹ ਅਸਥਾਨਾ। ਕਾਸ਼ਟ ਹਮਰੇ ਡਾਰਹੁ ਆਨਾ।
ਜੇ ਕੋ ਬਰਜਹਿ ਕਹਿ ਥਲ ਔਰੀ। ਨਹਿੰ ਮਾਨਹੁੰ ਆਨਹੁੰ ਇਸ ਠੌਰੀ ॥੩੬॥

"ਹੇ ਸਧਾਰਣ ! ਸੁਣੋ, ਏਥੇ ਮੇਰੇ ਉਪਰ ਲਕੜੀਆਂ ਪਾ ਦੇਣੀਆਂ। ਜੇ ਕੋਈ ਰੋਕੇ ਕਿ ਕਿਸੇ ਹੋਰ ਥਾਂ ਲੈ ਜਾਣਾ ਹੈ ਤਾਂ ਉਸ ਦੀ ਗੱਲ ਨਹੀਂ ਮੰਨਣੀ, ਇਸ ਥਾਂ ਹੀ ਲਿਆਉਣਾ ਹੈ॥ ੩੬॥

ਨੀਕੀ ਵਿਧਿ ਸਮਝਾਯੋ ਤਾਂਹੀ। ਆਇ ਪ੍ਰਵੇਸ਼ੇ ਪੁਨ ਪੁਰਿ ਮਾਂਹੀ।
ਚਲਦਲ ਤਰੇ ਬਿਰਾਜੇ ਆਈ। ਸਰਬ ਸਿੱਖ ਤਹਿੰ ਦਰਸ ਕਰਾਈਂ ॥੩੭॥

ਉਸ ਨੂੰ ਚੰਗੀ ਤਰ੍ਹਾਂ ਸਮਝਾ ਕੇ, ਫਿਰ ਨਗਰ ਦੇ ਵਿਚ ਆ ਪ੍ਰਵੇਸ਼ ਕੀਤਾ। ਪਿੱਪਲ ਦੇ ਬ੍ਰਿੱਛ ਹੇਠ ਆ ਕੇ ਬੈਠ ਗਏ, ਸਾਰੇ ਸਿੱਖਾਂ ਨੂੰ ਦਰਸ਼ਨ ਦਿੱਤੇ॥ ੩੭॥

ਦੋਹਰਾ-ਚਤੁਰ ਚਾਦਰੇ ਰੁਚਿਰ ਗੁਰ ਰਾਖਤਿ ਅਪਨੇ ਪਾਸ।

ਬਿਮਲ ਜੁਗਲ ਕੋ ਕਰਿ ਭਲੇ ਧਰੈਂ, ਸੁ ਰਹੈਂ ਅਵਾਸ॥ ੩੮॥

ਚਾਰ ਸੁੰਦਰ ਚਾਦਰਾਂ ਗੁਰੂ ਜੀ ਆਪਣੇ ਪਾਸ ਰੱਖਦੇ ਸਨ, ਦੋ ਚਾਦਰਾਂ ਧੋ ਕੇ ਸਾਫ ਕਰਕੇ ਘਰ ਵਿਚ ਰੱਖਦੇ ਸਨ॥ ੩੮॥

ਚੌਪਈ- ਦ੍ਵੈ ਸਰੀਰ ਪਰ ਪਹਿਰੈਂ ਦੁਜਾਲਾ। ਜਿਨ ਕੇ ਨਾਮ ਤੁਟੈ ਜਮਜਾਲਾ।
ਤਿਹ ਛਿਨ ਭਨਯੋ ਸਧਾਰਣ ਤਾਈਂ। 'ਬਸਤ੍ਰ ਪਖਾਰਹੁ ਜਲ ਮਹਿਂ ਜਾਈ ॥੩੯॥

ਦੋ ਚਾਦਰਾਂ ਉਹ ਸਰੀਰ ਉਤੇ ਪਹਿਨਦੇ ਸਨ, ਜਿਨ੍ਹਾਂ ਦੇ ਨਾਮ ਨਾਲ ਹੀ ਜਮਾਂ ਦਾ ਜਾਲ ਟੁੱਟ ਜਾਂਦਾ ਹੈ। ਉਸ ਵੇਲੇ ਗੁਰੂ ਜੀ ਨੇ ਭਾਈ ਸਧਾਰਣ ਨੂੰ ਕਿਹਾ, "ਜਲ ਵਿਚ ਜਾ ਕੇ ਕਪੜੇ ਧੋ ਕੇ ਲਿਆਵੋ" ॥ ੩੯॥

ਸੁਨਿ ਰਜਾਇ ਲੈ ਪਟ ਸੰਗ ਹਾਥਾ। ਵਹਿਰ ਪਖਾਰੇ ਜਲ ਕੇ ਸਾਥਾ।
ਨੀਕੇ ਬਿਮਲ ਪ੍ਰੇਮ ਉਰਧਾਰੇ। ਆਤਪ ਸੰਗ ਸੁਕਾਇ ਸਵਾਰੇ॥ ੪੦॥

ਗੁਰੂ ਜੀ ਦੀ ਆਗਿਆ ਮੰਨ ਕੇ ਕਪੜਿਆਂ ਨੂੰ ਉਸ ਆਪਣੇ ਹੱਥ ਵਿਚ ਲਿਆ ਤੇ ਜਲ ਨਾਲ ਧੋਣ ਵਾਸਤੇ ਬਾਹਰ ਚਲਾ ਗਿਆ। ਦਿਲ ਵਿਚ ਬੜਾ ਪ੍ਰੇਮ ਧਾਰ ਕੇ ਉਸ ਚੰਗੀ ਤਰ੍ਹਾਂ ਸਾਫ ਕੀਤੇ ਅਤੇ ਫਿਰ ਧੁੱਪ ਵਿਚ ਚੰਗੀ ਤਰ੍ਹਾਂ ਸੁਕਾਏ॥ ੪੦॥

ਲੇ ਕਰਿ ਆਯੋ ਜਬੈ ਸਮੀਪਾ। ਪਿਖਿ ਬੋਲੇ ਬੇਦੀ ਕੁਲਦੀਪਾ।
'ਇਨਕੋ ਰਾਖੋ ਅੰਤਰ ਠੌਰੀ। ਸਰਬ ਸਦਨ ਕੋ ਲਿੰਬ ਬਹੋਰੀ॥ ੪੧॥

ਕਪੜੇ ਲੈ ਕੇ ਜਦ ਸਧਾਰਣ ਪਾਸ ਆਇਆ, ਵੇਖ ਕੇ ਗੁਰੂ ਜੀ ਬੋਲੇ, "ਇਨ੍ਹਾਂ ਨੂੰ ਅੰਦਰ ਰਖੋ ਅਤੇ ਸਾਰੇ ਘਰ ਵਿਚ ਪੋਚਾ ਫੇਰੋ॥ ੪੧॥

ਊਪਰ ਤਰੇ ਸੁੱਛ ਕੋ ਕਰੀਏ। ਦਿਨ ਰਹਿ ਥੋਰ, ਬਿਲਮ ਪਰਹਰੀਏ'।
ਸੁਨਿ ਆਦਿਸੁ ਗਮਨਯੋ ਤਿਹ ਥਾਈਂ। ਨਿਸ ਮਹਿਂ ਟਿਕਹੀਂ ਜਹਾਂ ਗੁਸਾਈਂ ॥੪੨॥

ਹੇਠਾਂ ਉਪਰ ਸਾਰੇ ਸਫਾਈ ਕਰੋ, ਦਿਨ ਥੋੜ੍ਹਾ ਰਹਿ ਗਿਆ ਹੈ, ਇਸ ਲਈ ਹੋਰ ਦੇਰ ਨਾ ਕਰੋ।" ਇਹ ਸੁਣ ਕੇ ਉਹ ਓਥੇ ਗਿਆ ਜਿਥੇ ਗੁਰੂ ਜੀ ਰਾਤ ਨੂੰ ਠਹਿਰਦੇ ਸਨ॥ ੪੨॥

ਅਧਿਕ ਪ੍ਰੀਤ ਉਰ ਬਹੁਕਰ ਦੀਨਾ। ਸਰਬ ਸਦਨ ਪੁਨ ਲੀਪਨ ਕੀਨਾ।
ਊਰਧ ਤਰੇ ਸੁੱਛ ਕਰਿ ਸਾਰੇ। ਗਯੋ ਬਹੁਰ ਜਹਿਂ ਮੋਖ ਉਦਾਰੇ॥ ੪੩॥

ਬਹੁਤ ਪ੍ਰੀਤ ਨਾਲ ਉਸ ਝਾੜੂ ਫੇਰਿਆ, ਫਿਰ ਸਾਰੇ ਘਰ ਵਿਚ ਪੋਚਾ ਫੇਰਿਆ। ਹੇਠਾਂ ਉਪਰ ਸਾਰੇ ਸਫਾਈ ਕੀਤੀ, ਫਿਰ ਓਥੇ ਚਲੇ ਗਿਆ ਜਿਥੇ ਗੁਰੂ ਜੀ ਬੈਠੇ ਸਨ॥ ੪੩॥

ਹਾਥ ਜੋਰਿ ਕੈ ਬਚਨ ਬਖਾਨਾ। 'ਘਰ ਬਿਲੋਕਿ ਲਿਹੁ ਕ੍ਰਿਪਾਨਿਧਾਨਾ!।
ਹ੍ਵੈ ਜਿ ਨੂਨਤਾ ਤਿਹ ਮਹਿਂ ਕਹਿੰਵਾ। ਦੇਹੁ ਬਤਾਇ, ਸੁਧਾਰੋਂ ਤਹਿੰਵਾ ॥੪੪॥

ਹੱਥ ਜੋੜ ਕੇ ਕਿਹਾ, "ਹੇ ਕ੍ਰਿਪਾ ਨਿਧਾਨ! ਘਰ ਨੂੰ ਵੇਖ ਲਵੋ। ਜੇ ਕਿਤੇ ਕਸਰ ਰਹਿ ਗਈ ਹੋਵੇ ਤਾਂ ਮੈਨੂੰ ਕਹੋ, ਮੈਨੂੰ ਸਮਝਾ ਦੇਵੋ, ਮੈਂ ਉਸ ਤਰ੍ਹਾਂ ਹੀ ਉਸ ਦਾ ਸੁਧਾਰ ਕਰ ਲਵਾਂ" ॥ ੪੪॥

ਸੁਨਿ ਕਰਿ ਉਠੇ ਕ੍ਰਿਪਾਲ ਬਿਸਾਲਾ। ਰੁਚਿਰ ਬਨਾਈ ਪਿਖਿ ਧ੍ਰਮਸਾਲਾ।
ਖੁਸ਼ੀ ਸਧਾਰਣ ਪਰ ਬਹੁ ਕਰਿਕੈ। ਆਤਮ ਗਜਾਨ ਦੀਨ ਭ੍ਰਮ ਹਰਿਕੈ ॥੪੫॥

ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਉੱਠੇ। ਸੁੰਦਰ ਬਣਾਈ ਧਰਮਸਾਲਾ ਨੂੰ ਵੇਖਣ ਚਲੇ ਗਏ। ਭਾਈ ਸਧਾਰਣ ਉਤੇ ਬਹੁਤ ਖੁਸ਼ੀ ਕਰਕੇ, ਉਸ ਦੇ ਭਰਮ ਦੂਰ ਕਰਕੇ ਆਤਮ ਗਿਆਨ ਦਿੱਤਾ॥ ੪੫॥

ਆਏ ਪੁਨ ਚਲਦਲ ਕੀ ਛਾਈਂ। ਬੈਠੇ ਸਿੱਖਨ ਸਭਾ ਸੁਹਾਈ।

ਹੋਤਿ ਕੀਰਤਨ ਨਾਮ ਪ੍ਰਤਾਪਾ। ਜਿਹ ਸੁਨਿ ਮਿਟਹੀ ਤੀਨੋ ਤਾਪਾ ॥੪੬॥

ਫਿਰ ਪਿੱਪਲ ਦੀ ਛਾਂ ਹੇਠ ਆ ਗਏ। ਜਦ ਬੈਠ ਗਏ ਤਾਂ ਸਿੱਖਾਂ ਦੀ ਸਭਾ ਸੁਹਾਵਣੀ ਹੋ ਗਈ। ਪ੍ਰਭੂ ਦੇ ਨਾਮ ਦੇ ਪ੍ਰਤਾਪ ਦਾ ਕੀਰਤਨ ਹੋ ਰਿਹਾ ਸੀ, ਜਿਸ ਨੂੰ ਸੁਣ ਕੇ ਤਿੰਨ ਤਾਪ ਮਿਟ ਰਹੇ ਸਨ॥ ੪੬॥

ਦੋਹਰਾ-ਨਿਤ ਪ੍ਰਤਿ ਜਿਵ ਵਿਵਹਾਰ ਹੈ ਤੈਸੇ ਚਲਜੋ ਸੁ ਜਾਇ।
ਸਵਾ ਜਾਮ ਨਿਸ਼ ਰਹੇ ਤੇ ਬੈਠਹਿਂ ਸ੍ਰੀ ਗੁਰ ਨ੍ਹਾਇ॥ ੪੭॥

ਨਿਤ ਪ੍ਰਤਿ ਜਿਵੇਂ ਵਿਵਹਾਰ ਸੀ, ਉਸ ਤਰ੍ਹਾਂ ਹੀ ਉਹ ਚਲਿਆ ਜਾ ਰਿਹਾ ਸੀ। ਸਵਾ ਪਹਿਰ ਰਾਤ ਰਹਿੰਦਿਆਂ ਗੁਰੂ ਜੀ ਇਸ਼ਨਾਨ ਕਰਕੇ ਬੈਠ ਜਾਂਦੇ ਸਨ॥ ੪੭॥

ਚੌਪਈ- ਤਬਿ ਤੇ ਹੋਤਿ ਕੀਰਤਨ ਭਾਰੀ। ਮ੍ਰਿਦੁਲ ਮਧੁਰ ਧੁਨਿ ਰਾਗ ਮਝਾਰੀ।
ਪੁਨਿ ਜਪੁ ਤਪੁ ਹ੍ਵੈ ਗਜਾਨ ਸੁ ਧਜਾਨਾ। ਬੈਠਹਿਂ ਸਿੱਖ ਕਰਹਿਂ ਭਲ ਗਾਨਾ ॥੪੮॥

ਕੋਮਲ ਮਿੱਠੀਆਂ ਧੁਨਾਂ ਅਤੇ ਰਾਗਾਂ ਵਿਚ ਫਿਰ ਬਹੁਤ ਭਾਰੀ ਕੀਰਤਨ ਹੁੰਦਾ ਸੀ। ਫਿਰ ਬਾਣੀ ਨਾਮ ਦਾ ਜਾਪ ਤੇ ਸੇਵਾ ਕਰਕੇ ਗਿਆਨ ਵਿਚ ਧਿਆਨ ਲਾਉਂਦੇ ਸਨ। ਸਿੱਖ ਬੈਠ ਕੇ ਚੰਗੀ ਤਰ੍ਹਾਂ ਗਾਇਣ ਕਰਦੇ ਸਨ॥ ੪੮॥

ਬਾਦਿਤ ਤਾਰ ਬਜਾਵਹਿਂ ਪਾਨਾ। ਹ੍ਵੈ ਅਨੰਦ ਉਤਸਵ ਬਿਧਿ ਨਾਨਾ।
ਏਕੰਕਾਰ ਪ੍ਰੀਤਿ ਰਸ ਪਾਗੇ। ਨਿਸ ਬਾਸੁਰ ਹਿਰਦੇ ਅਨੁਰਾਗੇ॥ ੪੯॥

ਹੱਥਾਂ ਨਾਲ ਤਾਰਾਂ ਵਾਲਾ ਸਾਜ ਵਜਾਉਂਦੇ ਸਨ। ਅਨੰਦਿਤ ਹੋ ਕੇ ਕਈ ਪ੍ਰਕਾਰ ਦੇ ਉਤਸਵ ਮੰਨਾਉਂਦੇ ਸਨ। ਏਕੰਕਾਰ ਦੀ ਪ੍ਰੀਤ ਵਿਚ ਸ਼ਰਸ਼ਾਰ ਹੋ ਰਹੇ ਸਨ। ਦਿਨ ਰਾਤ ਹਿਰਦਾ ਪ੍ਰੇਮ ਨਾਲ ਭਰਿਆ ਰਹਿੰਦਾ ਸੀ॥ ੪੯॥

ਦਰਸ਼ਨ ਕਰਹਿਂ ਮਲਿਨਤਾ ਭਾਗੀ। ਨਉਧਾ ਭਗਤਿ ਰਿਦੇ ਅਤਿ ਜਾਗੀ।
ਏਕ ਰੰਗ ਮਹਿਂ ਰੰਗੇ ਸਭਿ ਹੀ। ਦ੍ਵੈਤ ਭਾਵ ਉਰ ਆਇ ਨ ਕਬਿਹੀ ॥੫੦॥

ਦਰਸ਼ਨ ਕਰਨ ਨਾਲ ਮਲੀਨਤਾ ਦੂਰ ਹੁੰਦੀ ਸੀ। ਨੌਂ ਪ੍ਰਕਾਰ ਦੀ ਭਗਤੀ ਹਿਰਦੇ ਵਿਚ ਜਾਗਦੀ ਸੀ। ਸਾਰੇ ਇਕ ਰੰਗ ਵਿਚ ਰੰਗੇ ਹੋਏ ਸਨ। ਦ੍ਵੈਤ ਭਾਵਨਾ ਕਦੇ ਹਿਰਦੇ ਵਿਚ ਆਉਂਦੀ ਹੀ ਨਹੀਂ ਸੀ॥ ੫੦॥

ਭਏ ਬ੍ਰਿੱਖ ਜਿਉਂ ਸਿੱਖ ਉਪਕਾਰੀ। ਮੀਨ ਨੀਰ ਜਿਉਂ ਪ੍ਰੀਤ ਅਧਾਰੀ।
ਨਾਮ ਜਪਤਿ ਚਾਤ੍ਰਿਕ ਕੀ ਭਾਂਤੀ। ਲੇਖਾ ਬਨਕ ਗਜਾਨ ਦਿਨ ਰਾਤੀ ॥੫੧॥

ਸਿੱਖ ਏਨੇ ਪਰਉਪਕਾਰੀ ਹੋ ਗਏ ਸਨ ਜਿਵੇਂ ਧਰਮ ਦੇ ਬ੍ਰਿਛ ਬਣ ਗਏ ਹੋਣ, ਜਿਵੇਂ ਮੱਛੀ ਦਾ ਪਾਣੀ ਹੀ ਪ੍ਰੀਤ ਆਧਾਰ ਹੈ। ਚਾਤ੍ਰਿਕ ਵਾਂਗ ਨਾਮ ਜਪਦੇ ਹਨ। ਬਾਣੀਆ ਜਿਵੇਂ ਲੇਖੇ ਵਿਚ ਦਿਨ ਰਾਤ ਬਿਤੀਤ ਕਰਦਾ ਹੈ, ਉਸ ਤਰ੍ਹਾਂ ਸਿੱਖ ਦਿਨ ਰਾਤ ਗਿਆਨ ਵਿਚ ਬਿਤੀਤ ਕਰਦੇ ਹਨ॥ ੫੧॥

ਉਰਮਹਿਂ ਧਜਾਨ ਚਕੋਰਹਿ ਚੰਦੂ। ਲੋਚਨ ਅਲ ਗੁਰ ਪਦ ਅਰਬਿੰਦੂ।
ਸ੍ਵੱਛ ਰਿਦੇ ਜਿਉਂ ਗੰਗਾ ਨੀਰੂ। ਹਰਤਿ ਸਹੋਦਰ ਜਿਉਂ ਪਰ ਪੀਰੂ ॥੫੨॥

ਹਿਰਦੇ ਵਿਚ ਇਸ ਤਰ੍ਹਾਂ ਧਿਆਨ ਜੋੜਿਆ ਹੈ ਜਿਵੇਂ ਚਕੋਰ ਚੰਦ ਨਾਲ ਜੋੜਦੀ ਹੈ। ਅੱਖਾਂ ਭੋਰ ਅਤੇ ਗੁਰੂ ਦੇ ਚਰਨ ਕੰਵਲ ਫੁੱਲ ਹਨ। ਹਿਰਦਾ ਇਤਨਾ ਸਾਫ਼ ਹੈ ਜਿਵੇਂ ਗੰਗਾ ਦਾ ਪਾਣੀ ਹੈ। ਪਰਾਈ ਪੀੜਾ ਭਰਾਵਾਂ ਵਾਂਗ ਦੂਰ ਕਰਦੇ ਹਨ॥ ੫੨॥

ਰਾਗ ਕਰਤਿ ਪੁਲਕਤਿ ਤਨ ਐਸੇ। ਪ੍ਰਮਾਨੰਦ ਮਹਿਂ ਜੋਗੀ ਜੈਸੇ।
ਸੇਵਾ ਕਰਹਿਂ ਧਰਹਿਂ ਉਰ ਭਾਊ। ਪਾਇ ਪਰਮਪਦ ਪ੍ਰਭੁ ਪਸਾਊ ॥੫੩॥

ਕੀਰਤਨ ਕਰਦੇ ਸਮੇਂ ਤਨ ਪੁਲਕਾਵਲੀ ਵਿਚ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਪਰਮ ਅਨੰਦ ਵਿਚ ਬਿਰਾਜੇ ਹੋਣ। ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਸੇਵਾ ਕਰਦੇ ਹਨ। ਪ੍ਰਭੂ ਦੀ ਕ੍ਰਿਪਾ ਨਾਲ ਪਰਮ ਪਦਵੀ ਪਾਉਂਦੇ ਹਨ॥ ੫੩॥

ਦੋਹਰਾ- ਤਿਨ ਕੀ ਮਹਿਮਾ ਕਹਾ ਕਰਉਂ ਜੋ ਸਿੱਖ ਗੁਰੂ ਹਦੂਰ।
ਮਮ ਮਤਿ ਮਸ਼ਕ ਸਮਾਨ ਹੈ ਕਸ ਦਾਵਹਿ ਗਿਰ ਭੂਰ॥ ੫੪॥

ਉਨਾਂ ਸਿੱਖਾਂ ਦੀ ਮਹਿਮਾਂ ਮੈਂ ਕੀ ਕਰਾਂ ਜਿਹੜੇ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਹਨ ? ਮੇਰੀ ਮੱਤ ਤਾਂ ਮੱਛਰ ਬਰਾਬਰ ਹੈ, ਏਡਾ ਵੱਡਾ ਪਹਾੜ ਕਿਵੇਂ ਚੁੱਕ ਸਕਦੀ ਹੈ ?॥ ੫੪॥

ਚੌਪਈ- ਤ੍ਰਿਸ਼ਨਾ ਆਸਾ ਨਾਸ਼ੀ ਐਸੇ। ਬੈਨਤੇਯ ਹਨਿ ਉਰਗਨ ਜੈਸੇ।
ਕਾਮ ਕਰੋਧ ਲੋਭ ਹੰਕਾਰੂ। ਸਹਿਤ ਅਵਿੱਦਯਾ ਮੋਹ ਨ੍ਰਿਪਾਰੂ॥ ੫੫॥

ਤ੍ਰਿਸ਼ਨਾ ਅਤੇ ਆਸਾ ਨੂੰ ਇਸ ਤਰ੍ਹਾਂ ਮਾਰਿਆ ਹੈ ਜਿਵੇਂ ਗਰੁੜ ਸੱਪਾਂ ਨੂੰ ਮਾਰਦਾ ਹੈ। ਕਾਮ, ਕ੍ਰੋਧ, ਲੋਭ, ਹੰਕਾਰ ਅਤੇ ਅਵਿਦਿਆ ਮੋਹ ਰੂਪ ਰਾਜੇ ਸਮੇਤ ਦੂਰ ਹੋ ਗਏ ਹਨ॥ ੫੫॥

ਹਿੰਸਾ ਕੂਰ, ਪਿਸ਼ਨਤਾ ਨਿੰਦਾ। ਸਿੱਖੀ ਮਗ ਪਿਖਿ ਇਨਕੋ ਚਿੰਦਾ।
ਕੇ ਹਰਿ ਗਰਜਨ ਤੇ ਜਿਉਂ ਕਰੀ। ਹੋਇ ਪੁੰਜ ਤਦਾਜਪ ਖਰਭਰੀ॥੫੬॥

ਹਿੰਸਾ, ਝੂਠ, ਚੁਗਲੀ, ਨਿੰਦਿਆ ਸਿੱਖੀ ਮਾਰਗ ਨੂੰ ਵੇਖ ਕੇ ਚਿੰਤਤ ਹੋ ਗਏ ਹਨ, ਸ਼ੇਰ ਗੱਜਣ 'ਤੇ ਜਿਵੇਂ ਹਾਥੀਆਂ ਦੀ ਡਾਰ ਵੀ ਘਬਰਾ ਜਾਂਦੀ ਹੈ॥ ੫੬॥

ਗੁਰ ਪ੍ਰਤਾਪ ਪਿਖਿ ਕਰਿ ਕਲਿਕਾਲਾ। ਦੁਰਬਲ ਹੁਇ ਨਿਰਬਲਹਿ ਬਿਹਾਲਾ।
ਗਜਾਨ ਬਿਰੋਧੀ ਜੇ ਜਗ ਮਾਂਹੀ। ਸਭਹਿਨਿ ਕੋ ਚਿੰਤਾ ਅਵਗਾਹੀ॥ ੫੭॥

ਗੁਰੂ ਜੀ ਦਾ ਪ੍ਰਤਾਪ ਵੇਖ ਕੇ ਕਲਯੁਗ ਵੀ ਨਿਰਬਲ ਪੁਰਖ ਵਾਂਗ ਦੁਰਬਲ ਹੋ ਕੇ ਬੁਰੇ ਹਾਲ ਹੋ ਗਿਆ ਹੈ। ਜੱਗ ਵਿਚ ਜਿੰਨੇ ਵੀ ਗਿਆਨ-ਵਿਰੋਧੀ ਹਨ, ਸਭ ਨੂੰ ਚਿੰਤਾ ਪੈ ਗਈ ਹੈ॥ ੫੭॥

ਦੋਹਰਾ- ਸ੍ਰੀ ਨਾਨਕ ਦਰਸ਼ਨ ਉਦਧਿ ਭਗਤਿ ਤਰੰਗ ਗੰਭੀਰ।
ਗਜਾਨ ਇੰਦੁ ਪ੍ਰਦ ਰਿਦ ਬਿਖੈ, ਘਾਮ ਮੋਹ ਗਤਿ ਪੀਰ॥ ੫੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਸਮੁੰਦਰ ਵਾਂਗ ਹਨ, ਜਿਸ ਵਿਚ ਭਗਤੀ ਰੂਪ ਲਹਿਰਾਂ ਉਠਦੀਆਂ ਹਨ। ਇਹ ਸਮੁੰਦਰ ਹਿਰਦੇ ਵਿਚ ਗਿਆਨ ਰੂਪੀ ਚੰਦਰਮਾਂ ਸਮਾਨ ਹੈ, ਜਿਸ ਤੋਂ ਮੋਹ ਰੂਪੀ ਧੁੱਪ ਦੀ ਪੀੜ ਦੂਰ ਹੁੰਦੀ ਹੈ॥ ੫੮॥

ਚੌਪਈ- ਚਿਤ ਚਕੋਰ ਚਿਤਵਤਿ ਚਖੁ ਸਾਰੇ। ਬਿਖੈ ਮਨੋਰਥ ਕੋਕ ਦੁਖਾਰੇ।
ਦੁਖ ਸੁਖ ਸਮਤਾ ਜੋਨ੍ਹ,ਸੁਹਾਈ। ਦ੍ਵੈਤ ਦੁਹਾਗਣਿ ਕੋ ਦੁਖਦਾਈ॥੫੯॥

ਸਾਰੇ ਸਿੱਖਾਂ ਦੇ ਚਿੱਤ ਚਕੋਰ ਵਾਂਗੂੰ ਵੇਖਦੇ ਹਨ। ਉਸ ਚੰਦਰਮਾਂ ਕਰਕੇ ਵਿਸ਼ਿਆਂ ਦੇ ਮਨੋਰਥ ਚਕਵੇ ਵਾਂਗ ਦੁਖੀ ਹਨ। ਦੁਖ ਸੁਖ ਉਨ੍ਹਾਂ ਵਾਸਤੇ ਚਾਂਦਨੀ ਵਾਂਗ ਬਰਾਬਰ ਹਨ। ਦ੍ਵੈਤ ਰੂਪ ਦੁਹਾਗਣ ਨੂੰ ਇਹ ਦੁਖਦਾਇਕ ਹੈ॥ ੫੯॥

ਸੁਮਤਿ ਸੁਹਾਗਣਿ ਕੋ ਸੁਖਕਾਰੀ। ਸ਼ੁਭ ਗੁਣ ਖਿਰੀ ਕੁਮੁਦਨੀ ਬਾਰੀ।
ਇਸ ਬਿਧਿ ਸਤਿਜੁਗ ਪੁਰਿ ਕਰਤਾਰਾ। ਬਰਤਾਜੋ ਤਿਹ ਕਾਲ ਉਦਾਰਾ॥੬੦॥

ਚੰਗੀ ਬੁੱਧੀ ਰੂਪੀ ਸੁਹਾਗਣ ਵਾਸਤੇ ਇਹ ਸੁਖਦਾਇਕ ਹੈ। ਸ਼ੁਭ ਗੁਣਾਂ ਦੀ ਕੰਵਲ ਫੁੱਲਾਂ ਦੀ ਵਾੜੀ ਖਿੜੀ ਸੀ। ਇਸ ਤਰ੍ਹਾਂ ਉਸ ਸਮੇਂ ਸਤਿਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਚ ਸੁਸ਼ੀਲਤਾ ਵਰਤਾਈ ਸੀ॥ ੬੦॥

ਤਿਸ ਨਿਸ ਗੁਰ ਜਾਗੇ ਕਿਜ ਮੱਜਨ। ਮਿਲੇ ਆਨ ਸਭਿਹੀ ਤਬਿ ਸੱਜਨ।
ਹੋਤਿ ਕੀਰਤਨ ਕੀ ਧੁਨਿ ਭੂਰੀ। ਭਾਉ ਸੁ ਭਗਤਿ ਗਜਾਨ ਕੀ ਪੂਰੀ ॥ ੬੧ ॥

ਉਸ ਰਾਤ ਗੁਰੂ ਜੀ ਪਹਿਲਾਂ ਵਾਂਗ ਹੀ ਜਾਗੇ ਅਤੇ ਇਸ਼ਨਾਨ ਕੀਤਾ। ਫਿਰ ਸਾਰੇ ਸੱਜਣ ਆ ਕੇ ਮਿਲ ਪਏ। ਕੀਰਤਨ ਦੀ ਸੁੰਦਰ ਧੁਨ ਵੱਜ ਰਹੀ ਸੀ, ਜਿਹੜੀ ਪ੍ਰੇਮ ਭਗਤੀ ਅਤੇ ਗਿਆਨ ਵਿਚ ਪੂਰੀ ਸੀ॥ ੬੧ ॥

ਭਰੇ ਪ੍ਰੇਮ ਉਰ ਮੋਦ ਬਢਾਈ। ਕੇਤਿਕ ਸੁਨਹਿਂ ਕਿਤਿਕ ਮੁਖ ਗਾਈ।
ਤਿਹ ਛਿਨ ਬੈਠੇ ਸੋਚ ਬਿਮੋਚਨ। ਸੁਨਿਤਜੋ ਮੁੰਦੇ ਕਮਲ ਦਲ ਲੋਚਨ ॥੬੨ ॥

ਹਿਰਦੇ ਵਿਚ ਅਨੰਦ ਵਧਾ ਕੇ ਪ੍ਰੇਮ ਨਾਲ ਭਰੇ ਸਨ। ਕਈ ਸੁਣ ਰਹੇ ਸਨ ਅਤੇ ਕਈ ਮੁਖ ਨਾਲ ਗਾ ਰਹੇ ਸਨ। ਗੁਰੂ ਜੀ ਉਸ ਵੇਲੇ ਬੈਠੇ ਹੋਏ ਸਨ, ਉਹ ਆਪਣੇ ਦੋਵੇਂ ਨੈਣ ਬੰਦ ਕਰਕੇ ਸੁਣ ਰਹੇ ਸਨ॥ ੬੨ ॥

ਲਗੀ ਸਮਾਧਿ ਅਖੰਡ ਸਰੂਪਾ। ਜਿਹ ਤੇ ਜਾਨੇ ਅਨੰਦ ਅਨੂਪਾ।
ਸਗਰੇ ਅੰਗ ਅਡੋਲ ਰਹਾਏ। ਚਤੁਰ ਮਹੂਰਤ ਜਬੈ ਬਿਤਾਏ ॥ ੬੩ ॥

ਅਖੰਡ ਸਰੂਪ ਗੁਰੂ ਜੀ ਦੀ ਸਮਾਧੀ ਲੱਗ ਗਈ, ਜਿਸ ਤੋਂ ਪਤਾ ਲਗਦਾ ਸੀ ਕਿ ਅਨੂਪਮ ਅਨੰਦ ਲੈ ਰਹੇ ਸਨ। ਸਾਰੇ ਅੰਗ ਅਹਿਲ ਅਤੇ ਅਡੋਲ ਸਨ। ਜਦ ਇਸ ਤਰ੍ਹਾਂ ਹੀ ਅੱਠ ਘੜੀਆਂ ਬੀਤ ਗਈਆਂ॥ ੬੩ ॥

ਬਿਕਸੇ ਤਬੈ ਰੁਚਿਰ ਜੁਗ ਲੋਚਨ। ਬੋਲੇ ਬਾਨੀ ਬੰਧ ਬਿਮੋਚਨ।
'ਆਜ ਸਮਾਵਨ ਭਯਾ ਸੁਭਾਏ। ਆਨਹੁ ਸੌਜ, ਬਿਲੰਬ ਗਵਾਏ ॥ ੬੪ ॥

ਫਿਰ ਦੋਵੇਂ ਸੁੰਦਰ ਨੈਣ ਖੋਲ੍ਹ ਕੇ ਬੰਧਨਾ ਦੇ ਨਾਸ਼ ਕਰਤਾ ਭਾਵ ਗੁਰੂ ਜੀ ਖ਼ੁਸ਼ ਹੋ ਕੇ ਬੋਲੇ, "ਅੱਜ ਸਾਡੇ ਸਮਾਉਣ ਦਾ ਸੋਹਣਾ ਦਿਨ ਆਇਆ ਹੈ, ਕਿਸੇ ਦੇਰ ਬਗੈਰ ਸਾਰੀ ਸਮੱਗਰੀ ਲਿਆਵੋ॥ ੬੪ ॥

ਪੁਸ਼ਪ, ਕਪੂਰ, ਪਟੀਰ ਘਨੇਰਾ। ਕੁਸ਼ਾ, ਗੁਲਾਬ ਸੁਗੰਧਿ ਬਧੇਰਾ।
ਇੱਤਜਾਦਿਕ ਪਾਵਨ ਸਭਿ ਆਨਹੁ। ਕਰਹੁ ਹਰਖ ਕਛ ਸ਼ੋਕ ਨ ਠਾਨਹ ॥੬੫ ॥

ਫੁੱਲ, ਕਪੂਰ, ਚੰਦਨ, ਦੱਭ, ਚੰਗਾ ਖ਼ੁਸ਼ਬੂਦਾਰ ਗੁਲਾਬ ਆਦਿ ਸਭ ਵਸਤਾਂ ਲਿਆਵੋ। ਪ੍ਰਸੰਨ ਹੋਵੋ ਅਤੇ ਕਿਸੇ ਪ੍ਰਕਾਰ ਦਾ ਸੋਗ ਨਾ ਮਨਾਵੋ" ॥੬੫ ॥

ਸੁਨਿ ਅਸਬਚਨ ਮ੍ਰਿਦੁਲ ਜਗ ਗੁਰ ਕੇ। ਸਿੱਖਨ ਕੇ ਲੋਚਨ ਜਲ ਢਰਕੇ।
ਸਗਰੇ ਪੁਰਿ ਮਹਿਂ ਪਰਜੋ ਸੁ ਰੋਰਾ। ਰੁਦਨ ਕਰਤਿ ਭੇ ਜਿਤ ਕਿਤ ਠੋਰਾ ॥੬੬ ॥

ਗੁਰੂ ਜੀ ਦੇ ਅਜੇਹੇ ਕੋਮਲ ਬਚਨ ਸੁਣ ਕੇ, ਸਭ ਸਿੱਖਾਂ ਦੀਆਂ ਅੱਖਾਂ ਵਿਚ ਜਲ ਭਰ ਆਇਆ। ਸਾਰੇ ਨਗਰ ਵਿਚ ਰੋਲਾ ਪੈ ਗਿਆ, ਲੋਕ ਜਿਥੇ ਕਿਤੇ ਵੀ ਸਨ, ਰੋਣ ਲੱਗ ਪਏ॥ ੬੬ ॥

ਅੱਸੁ ਬਦੀ ਸਪਤਮੀ ਬਾਸੁਰ। ਤਾਂਹੀ ਸਮੇਂ ਪ੍ਰਭੁ ਜੀ ਜਗ ਗਰ।
ਤਜਨ ਸਰੀਰਹਿ ਕੀ ਬਿਧਿ ਠਾਨੀ। ਪ੍ਰਗਟੀ ਬਾਤ ਗ੍ਰਾਮ ਬਹੁ ਜਾਨੀ ॥੬੭ ॥

ਅੱਸੂ ਵਦੀ ਸਤਮੀ ਦੀ ਰਾਤ ਨੂੰ ਗੁਰੂ ਜੀ ਇਸ ਜੱਗ ਤੋਂ ਸਰੀਰ ਛੱਡਣ ਦੀ ਵਿਧੀ ਬਣਾਈ। ਸਾਰੇ ਨਗਰ ਵਿਚ ਇਹ ਗੱਲ ਪ੍ਰਗਟ ਹੋ ਗਈ ਅਤੇ ਬਹੁਤ ਲੋਕ ਜਾਣ ਗਏ॥ ੬੭ ॥

ਸੁਨਿ ਸੁਨਿ ਮਾਨਵ ਆਵਹਿਂ ਧਾਈ। ਦਰਸ਼ਨ ਕਰਹਿਂ ਜਨਮੁ ਫਲ ਪਾਈ।
ਕੇਤਿਕ ਅਸੁ ਪਰ ਹੈ ਅਸਵਾਰਾ। ਆਇਂ ਧਵਾਇ ਬਿਹੀਨ ਅਵਾਰਾ ॥ ੬੮ ॥

ਸੁਣ ਸੁਣ ਕੇ ਮਨੁੱਖ ਭੱਜੇ ਆ ਰਹੇ ਸਨ, ਦਰਸ਼ਨ ਕਰਕੇ ਜਨਮਾਂ ਦੇ ਫਲ ਪਾ ਰਹੇ ਸਨ। ਕਈ ਘੋੜਿਆਂ ਉਤੇ ਅਸਵਾਰ ਸਨ ਅਤੇ ਉਹ ਘੋੜੇ ਦੌੜਾ ਕੇ ਲਿਆਏ ਸਨ॥ ੬੮॥

ਚਾਰ ਬਰਨ ਹਿੰਦੂ ਅਰ ਤੁਰਕਾ। ਆਵਹਿਂ ਚਲੇ ਕਰਤਿ ਜਸ ਗੁਰ ਕਾ।
ਧਾਇ ਧਾਇ ਪਹੁਚੈਂ ਨਰ ਨਾਰੀ। ਕਹੈਂ 'ਦਰਸ ਤੇ ਰਹਿਂ ਨ ਪਿਛਾਰੀ॥੬੯॥

ਚਾਰੇ ਵਰਣ ਹਿੰਦੂ ਅਤੇ ਮੁਸਲਮਾਨ, ਗੁਰੂ ਜੀ ਦਾ ਜੱਸ ਕਰਦੇ ਆ ਰਹੇ ਸਨ। ਭੱਜ-ਭੱਜ ਕੇ ਨਰ ਨਾਰੀਆਂ ਪਹੁੰਚ ਰਹੇ ਸਨ, ਕਹਿੰਦੇ ਸਨ, "ਦਰਸ਼ਨ ਕਰਨ ਤੋਂ ਪਿੱਛੇ ਨਾ ਰਹਿ ਜਾਈਏ"॥ ੬੯॥

ਦੁਰਲਭ ਦਰਸ਼ਨ ਹ੍ਵੈ ਇਕ ਬਾਰਾ। ਜਿਹ ਦਰਸੇ ਅਘ ਮਿਟੈਂ ਅਪਾਰਾ'।
ਜਹਾਂ ਜਹਾਂ ਲਗ ਸੁਧ ਤਬ ਹੋਈ। ਕਾਜ ਬਿਸਾਰਿ ਚਲੇ ਸਭਿ ਕੋਈ॥੭੦॥

ਇਕ ਵਾਰ ਦੁਰਲੱਭ ਦਰਸ਼ਨ ਹੋ ਜਾਣ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਅਪਾਰ ਪਾਪ ਮਿਟ ਜਾਂਦੇ ਹਨ'। ਜਿਥੋਂ-ਜਿਥੋਂ ਤਕ ਇਹ ਖਬਰ ਪਹੁੰਚੀ, ਆਪਣੇ ਕੰਮ ਵਿੱਚੇ ਛੱਡ ਕੇ ਸਭ ਚਲ ਕੇ ਆ ਗਏ॥ ੭੦॥

ਦੋਹਰਾ- ਬ੍ਰਹਮਚਾਰੀ, ਜੋਗੀ, ਜਤੀ, ਤਪੀ, ਬਖਾਨਿਸ ਕੋਇ।
ਜਿਹ ਜਿਹ ਸੁਧ ਪਾਈ ਜਬਹਿ ਧਾਵਤਿ ਆਵਤਿ ਸੋਇ॥ ੭੧॥

ਬ੍ਰਹਮਚਾਰੀ, ਜੋਗੀ, ਜਤੀ, ਤਪੀ, ਬਾਨਪ੍ਰੱਸਤੀ ਆਦਿ ਜੋ ਵੀ ਕੋਈ ਸੀ, ਜਦ-ਜਦ ਖਬਰ ਮਿਲਦੀ ਸੀ, ਭੱਜੇ ਆ ਰਹੇ ਸਨ॥ ੭੧॥

ਚੌਪਈ- ਧਰਮਸਾਲ ਬੈਠੇ ਗੁਰ ਪੂਰਨ। ਭਵ ਜੁ ਆਮ ਕੋ ਨਾਮ ਸੁ ਚੂਰਨ।
ਭਈ ਆਨਿ ਕਰਿ ਭੀਰ ਅਪਾਰਹਿ। ਧੰਨ ਧੰਨ ਸਭਿ ਬੈਨ ਉਚਾਰਹਿਂ॥੭੨॥

ਪੂਰਨ ਸਤਿਗੁਰੂ ਜੀ ਜਿਨ੍ਹਾਂ ਦਾ ਨਾਮ ਸੰਸਾਰਕ ਰੋਗਾਂ ਵਾਸਤੇ ਚੂਰਨ ਵਾਂਗ ਹੈ, ਧਰਮਸਾਲਾ ਵਿਚ ਬੈਠੇ ਸਨ। ਬਹੁਤ ਵੱਡੀ ਭੀੜ ਲੱਗ ਗਈ ਸੀ। ਸਭ ਲੋਕ 'ਧੰਨ ਧੰਨ' ਕਹਿ ਰਹੇ ਸਨ॥ ੭੨॥

ਗੁਰ ਆਨਨ ਆਰੁਨਤਾ ਆਈ। ਜਿਉ ਅਰਣੋਦਯ ਰੁਚਿਰ ਸੁਹਾਈ।
ਸਿਖ ਸੇਵਕ ਚਹੁਂ ਦਿਸ਼ਿ ਪਰਵਾਰਾ। ਬਦਨ ਕਮਲ ਜਿਨ ਕੇਰ ਅਧਾਰਾ॥੭੩॥

ਗੁਰੂ ਜੀ ਦੇ ਚਿਹਰੇ ਤੇ ਲਾਲੀ ਆਈ ਸੀ, ਜਿਵੇਂ ਸੂਰਜ ਦੇ ਚੜ੍ਹਨ ਸਮੇਂ ਲਾਲੀ ਬੜੀ ਮਨੋਹਰ ਸ਼ੋਭਦੀ ਹੈ। ਸਿੱਖ ਸੇਵਕ ਚਾਰੇ ਪਾਸੇ ਖੜੇ ਸਨ। ਗੁਰੂ ਜੀ ਦਾ ਕਮਲ ਰੂਪੀ ਮੁਖੜਾ ਹੀ ਜਿਨ੍ਹਾਂ ਦਾ ਆਧਾਰ ਸੀ॥ ੭੩॥

ਬੇਮੁਖਤਾ ਰਜਨੀ ਜਹਿਂ ਨਾਸ਼ੀ। ਛਪਿਗੇ ਉਡਗਨ ਕਲਮਲ ਰਾਸੀ।
ਇਸ ਬਿਧਿ ਵਹਿਰ ਨਰਨ ਕੀ ਕਥਾ। ਅਬਿ ਸੁਨੀਏ ਘਰ ਕੀ ਭੀ ਜਥਾ॥੭੪॥

ਬੇਮੁਖਤਾ ਰੂਪੀ ਰਾਤ ਜਿਵੇਂ ਖਤਮ ਹੋ ਗਈ ਸੀ ਅਤੇ ਤਾਰਿਆਂ ਰੂਪੀ ਪਾਪ ਅਲੋਪ ਹੋ ਗਏ ਸਨ। ਇਸ ਤਰ੍ਹਾਂ ਬਾਹਰ ਖੜੇ ਲੋਕ ਕਹਿ ਰਹੇ ਸਨ। ਹੁਣ ਸੁਣੋ ਘਰ ਵਿਚ ਜਿਵੇਂ ਬੀਤੀ॥ ੭੪॥

ਦੋਹਰਾ-ਬੈਠੇ ਪ੍ਰਭੂ ਬਿਰਾਜਹੀਂ ਜਿਉਂ ਰਸ ਸ਼ਾਂਤਿ ਸਧੀਰ।
ਸਿਖ ਸੇਵਕ ਕਰੁਨਾ ਮਨੋ ਧਾਰੇ ਪੁੰਜ ਸ਼ਰੀਰ॥ ੭੫॥

ਗੁਰੂ ਜੀ ਧੀਰਜ ਨਾਲ ਇਕ ਰਸ ਸ਼ਾਂਤ ਬੈਠੇ ਸਨ। ਸਿੱਖ ਸੇਵਕ ਮਾਨੋਂ ਬਹੁਤ ਵੈਰਾਗਮਈ ਸਰੀਰ ਧਾਰਨ ਕਰਕੇ ਖੜੇ ਸਨ॥ ੭੫॥

ਚੌਪਈ- ਕ੍ਰਿਪਾਨਿਧਾਨ ਕਹਜੋ ਤਿਹ ਕਾਲੇ। 'ਉਠਹੁ ਸਧਾਰਣ ਜਾਇ ਉਤਾਲੇ।

ਸਿਰੀ ਚੰਦ ਅਰ ਲਖਮੀ ਦਾਸ। ਤਾਂਹਿ ਹਕਾਰਿ ਆਨਿਯੇ ਪਾਸ' ॥੭੬॥

ਉਸ ਸਮੇਂ ਕਿਰਪਾ ਨਿਧਾਨ ਗੁਰੂ ਜੀ ਨੇ ਕਿਹਾ, "ਹੇ ਸਧਾਰਣ ਉਠੋ ਅਤੇ ਛੇਤੀ ਜਾਵੋ, ਸਿਰੀ ਚੰਦ ਅਤੇ ਲਖਮੀ ਦਾਸ ਨੂੰ ਬੁਲਾ ਕੇ ਮੇਰੇ ਪਾਸ ਲਿਆਵੋ" ॥ ੭੬ ॥

ਸੁਨਤਿ ਰਜਾਇ ਸਧਾਰਣ ਗਇਓ। ਗੁਰੂ ਸੁਤਨ ਆਗੇ ਤਿਸ਼ਟਇਓ।
ਹਾਥ ਬੰਦਿ ਕੈ ਗਿਰਾ ਉਚਾਰੀ। 'ਸ੍ਰੀ ਪ੍ਰਭੁ ਕੀ ਭੀ ਆਜ ਤਿਆਰੀ॥੭੭॥

ਆਗਿਆ ਸੁਣ ਕੇ ਭਾਈ ਸਧਾਰਣ ਗਿਆ, ਗੁਰੂ ਜੀ ਦੇ ਪੁੱਤਰਾਂ ਅੱਗੇ ਖੜਾ ਹੋ ਗਿਆ। ਹੱਥ ਜੋੜ ਕੇ ਬੋਲਿਆ, "ਗੁਰੂ ਜੀ ਦੀ ਅੱਜ ਸਮਾਉਣ ਦੀ ਤਿਆਰੀ ਹੈ॥ ੭੭॥

ਤੁਮ ਕੋ ਅਪਨੇ ਨਿਕਟ ਹਕਾਰਾ। ਚਲਹੁ ਹਦੂਰ ਨ ਕਰਹੁ ਅਵਾਰਾ'।
ਗਿਰਾ ਸਧਾਰਨ ਜਲ ਕੀ ਨਜਾਈ। ਮੈਨ ਸਮਾਨ ਨ ਤਿਨਹਿਂ ਛੁਆਈ॥੭੮॥

ਤੁਹਾਨੂੰ ਆਪਣੇ ਪਾਸ ਬੁਲਾਇਆ ਹੈ, ਉਨ੍ਹਾਂ ਦੀ ਹਜ਼ੂਰੀ ਵਿਚ ਚਲੋ, ਦੇਰ ਨਾ ਲਾਵੋ" ਭਾਈ ਸਧਾਰਣ ਦੇ ਬੋਲ ਪਾਣੀ ਵਾਂਗ ਸਨ, ਜਿਨ੍ਹਾਂ ਦਾ ਉਨ੍ਹਾਂ ਦੇ ਮੋਮ ਵਰਗੇ ਦਿਲਾਂ ਤੇ ਕੋਈ ਅਸਰ ਨਾ ਹੋਇਆ॥ ੭੮॥

ਰਿਦੇ ਅਸ਼ਰਧਾ ਜਿਨ ਕੇ ਭਾਰੀ। ਇਸ ਪ੍ਰਕਾਰ ਮੁਖ ਗਿਰਾ ਉਚਾਰੀ।
'ਕੈਸੇ ਹੋਤਿ ਅਚਾਨਕ ਐਸੇ। ਸੁਖ ਅਨੰਦ ਮੈਂ ਬੈਸੇ ਜੈਸੇ॥ ੭੯॥

ਜਿਨ੍ਹਾਂ ਦੇ ਹਿਰਦਿਆਂ ਵਿਚ ਭਾਰੀ ਅਸ਼ਰਧਾ ਸੀ, ਉਹ ਇਸ ਪ੍ਰਕਾਰ ਬੋਲੇ, "ਅਚਾਨਕ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ, ਉਹ ਤਾਂ ਸੁਖ ਅਨੰਦ ਵਿਚ ਬੈਠੇ ਹਨ॥ ੭੯॥

ਹਮ ਕੋ ਆਵਤਿ ਨਹਿਂ ਪਰਤੀਤੰ। ਗੈਨ ਪ੍ਰਸੂਨ ਗੰਧਿ ਇਹ ਰੀਤੰ'।
ਸੁਨਤਿਓਂ ਤਬੈ ਸਧਾਰਨ ਆਯੋ। ਜਿਉਂ ਤਿਨ ਕਹਯੋ ਸੁ ਗੁਰੂ ਸੁਨਾਯੋ॥੮੦॥

ਸਾਨੂੰ ਯਕੀਨ ਨਹੀਂ ਆਉਂਦਾ। ਅਕਾਸ਼ ਦੇ ਫੁੱਲਾਂ ਦੀ ਸੁਗੰਧੀ ਵਾਂਗ ਇਹ ਗੱਲ ਨਾ ਮੰਨਣਯੋਗ ਹੈ।" ਇਹ ਸੁਣ ਕੇ ਭਾਈ ਸਧਾਰਣ ਵਾਪਸ ਆ ਗਿਆ, ਜੋ ਕੁਝ ਉਨ੍ਹਾਂ ਕਿਹਾ ਸੀ, ਗੁਰੂ ਜੀ ਨੂੰ ਦੱਸ ਦਿੱਤਾ ॥ ੮੦॥

ਸੇਵਕ ਸਿੱਖ ਬਿਲੋਚਨ ਬਾਰੀ। ਬਹਯੋ ਜਾਤਿ ਪ੍ਰਭੁ ਦਰਸ ਨਿਹਾਰੀ।
ਧੁਨਿ ਸੁ ਕੀਰਤਨ ਕੀ ਤਿਹ ਕਾਲਾ। ਸੁਨਿ ਪਵਿ ਦ੍ਰਵਤ ਕਠੋਰ ਬਿਸਾਲਾ॥੮੧॥

ਸਿੱਖ ਸੇਵਕਾਂ ਦੀਆਂ ਅੱਖਾਂ ਵਿਚ ਜਲ ਭਰ ਆਇਆ ਸੀ, ਗੁਰੂ ਜੀ ਦੇ ਦਰਸ਼ਨ ਕਰਕੇ ਜਲ ਵਹੀ ਜਾ ਰਿਹਾ ਸੀ। ਉਸ ਸਮੇਂ ਕੀਰਤਨ ਦੀ ਧੁਨੀ ਗੂੰਜ ਰਹੀ ਹੈ, ਜਿਸ ਨੂੰ ਸੁਣ ਕੇ ਕਰੜੇ ਪੱਥਰ ਵੀ ਪਿਘਲਦੇ ਜਾ ਰਹੇ ਸਨ॥ ੮੧॥

ਦੋਹਰਾ- ਤਬੈ ਸਥਲ ਲਿਪਵਾਇਕੈ ਬਹੁਰੋ ਕੁਸ਼ਾ ਡਸਾਇ।
ਜੈ ਜੈ ਕਾਰ ਚੁਫੇਰ ਹ੍ਵੈ ਕਹੈਂ 'ਧੰਨ ਧੰਨ' ਬਿਸਮਾਇ॥ ੮੨॥

ਫਿਰ ਉਨ੍ਹਾਂ ਧਰਤੀ ਤੇ ਪੋਚਾ ਫਰਵਾ ਕੇ ਉਤੇ ਦੱਭ ਵਿਛਾ ਦਿੱਤੀ। ਚਾਰ ਚੁਫੇਰੇ ਜੈ ਜੈ ਕਾਰ ਦੀ ਆਵਾਜ਼ ਉਠੀ, ਹੈਰਾਨ ਹੋ ਕੇ 'ਧੰਨ ਧੰਨ' ਕਹਿ ਰਹੇ ਸਨ॥ ੮੨॥

ਚੌਪਈ- ਗਈ ਸੁਲਖਣੀ ਢਿਗ ਸੁਧ ਸੋਊ। 'ਬਚਨ ਨ ਮਾਨਯੋ ਪੁੱਤ੍ਰਨ ਦੋਊ।
ਨਿਸ ਕੇ ਲਗੇ ਸਮਾਵਨ ਸਾਈਂ। ਥਾਇਂ ਲਿਪਾਇ ਕੁਸ਼ਾ ਬਿਛਵਾਈ' ॥੮੩॥

ਮਾਤਾ ਸੁਲੱਖਣੀ ਜੀ ਪਾਸ ਵੀ ਇਹ ਖਬਰ ਪੁੱਜੀ। "ਦੋਹਾਂ ਪੁੱਤਰਾਂ ਨੇ ਬਚਨ ਨਹੀਂ ਮੰਨੇ। ਉਸ ਦੇ ਸਿਰ ਦੇ ਸਾਈਂ ਸਮਾਉਣ ਲੱਗੇ ਹਨ, ਧਰਤੀ ਤੇ ਪੋਚਾ ਫਿਰਵਾ ਕੇ ਉਤੇ ਦੱਭ ਵਿਛਾ ਦਿੱਤੀ ਹੈ"॥ ੮੩॥

ਉਠੀ ਗਮਨ ਕੀਨੋ ਤਿਨ ਤੂਰਨ। ਆਈ ਜਹਿਂ ਬੈਠੇ ਪ੍ਰਭੁ ਪੂਰਨ।
ਭੀਰ ਬਿਲੋਕਤਿ ਬਿਸਮੈਂ ਹੋਈ। ਬਾਰਿ ਬਿਲੋਚਨ ਭਰਿ ਕਰਿ ਰੋਈ॥ ੮੪ ॥

ਉਹ ਉਸੇ ਵੇਲੇ ਉੱਠੀ ਅਤੇ ਝੱਟ ਚਲ ਪਈ, ਫਿਰ ਓਥੇ ਆ ਗਈ ਜਿਥੇ ਪੂਰਨ ਪ੍ਰਭੂ ਜੀ ਬੈਠੇ ਸਨ। ਬਹੁਤ ਭੀੜ ਵੇਖਕੇ ਹੈਰਾਨ ਹੋਈ। ਅੱਖਾਂ ਵਿਚ ਜਲ ਭਰ ਕੇ ਰੋਈ॥ ੮੪॥

ਸ਼ਰਧਾ ਉਪਜੀ ਰਿਦੇ ਬਿਸ਼ਾਲਾ। ਮਸਤਕ ਟੇਕਨ ਕਿਯ ਤਿਹ ਕਾਲਾ।
ਸ੍ਰੀ ਗੁਰ ਅਵਲੋਕਤਿ ਜਬਿ ਆਈ। ਬੋਲੇ ਗਿਰਾ ਸਰਲ ਸੁਖਦਾਈ॥ ੮੫ ॥

ਹਿਰਦੇ ਵਿਚ ਵਿਸ਼ਾਲ ਸ਼ਰਧਾ ਉਪਜੀ, ਉਸ ਸਮੇਂ ਜਦ ਗੁਰੂ ਜੀ ਨੂੰ ਮੱਥਾ ਟੇਕਣ ਆਈ ਤੇ ਜਦ ਗੁਰੂ ਜੀ ਨੇ ਆਉਂਦੀ ਨੂੰ ਵੇਖਿਆ ਤਾਂ ਬੜੇ ਸੁਖ ਦੇਣ ਵਾਲੇ ਬਚਨ ਕਹੇ॥ ੮੫॥

ਦੋਹਰਾ-'ਜੋ ਤੁਝ ਉਰ ਅਭਿਲਾਖ ਹੈ ਕਰਿ ਲੀਜੈ ਸੋ ਬਾਤ।
ਮਿਲਿ ਕਰਿ ਹੈਂ ਬੋਲੀ ਨਹੀਂ ਬਹੁਰ ਨ ਕਹਿਂ ਪਸ਼ਚਾਤ'॥ ੮੬॥

"ਜੋ ਵੀ ਤੇਰੇ ਦਿਲ ਵਿਚ ਕੋਈ ਅਭਿਲਾਸ਼ਾ ਹੈ ਤਾਂ ਗੱਲ ਕਰ ਲਵੋ। ਅੰਤ ਸਮੇਂ ਮਿਲ ਕੇ ਕੁਝ ਕਿਹਾ ਨਹੀਂ ਸੀ, ਪਿਛੋਂ ਇਹ ਗੱਲ ਨਾ ਕਹਿਣੀ"॥ ੮੬॥

ਚੌਪਈ- ਸੁਨਿ ਕਰਿ ਦੀਨ ਭਈ ਇਹ ਬਾਨੀ। ਲਤਾ ਵਾਤ ਤੇ ਜਿਉਂ ਕੁਮਲਾਨੀ।
ਹਾਥ ਬੰਦਿ ਹੁਇ ਨਿੰਮ੍ਰਿ ਬਿਸ਼ਾਲਾ। ਬੋਲੀ ਬਚਨ 'ਸੁਨਹੁ ਪ੍ਰਭੁ ਦਯਾਲਾ'॥੮੭॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਉਹ ਸਨਿਮਰ ਹੋ ਗਈ। ਜਿਵੇਂ ਲਤਾ ਦੀ ਵੇਲ ਹਨੇਰੀ ਚੱਲਣ ਨਾਲ ਕੁਮਲਾ ਜਾਵੇ। ਹੱਥ ਜੋੜ ਕੇ ਅਤੇ ਬਹੁਤ ਨਿੰਮ੍ਰਤਾ ਵਾਲੀ ਹੋ ਕੇ ਬੋਲੀ, "ਹੇ ਪ੍ਰਭੂ ਜੀ ਮੇਰੀ ਗੱਲ ਸੁਣੋ॥ ੮੭॥

ਭਲਕੇ ਹੈ ਸ਼ਰਾਧ ਤੁਹਿ ਤਾਤਾ। ਜਿਉਂ ਭਾਵਹਿ ਤਿਉਂ ਕਰਿ ਸੁਖਦਾਤਾ।
ਭਲੀ ਬਾਤ ਜੇ ਕਰਹੁ ਸ਼ਰਾਧੂ। ਬਹੁਰ ਸਮਾਵਹੁ ਬਾਧਾ ਬਾਧੂ!॥ ੮੮॥

ਕਲ੍ਹ ਨੂੰ ਤੁਹਾਡੇ ਪਿਤਾ ਜੀ ਦਾ ਸਰਾਧ ਹੈ, ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ ਉਸ ਤਰ੍ਹਾਂ ਕਰੋ, ਚੰਗੀ ਗੱਲ ਹੈ ਜੇ ਸ਼ਰਾਧ ਕਰੋ, ਫਿਰ ਹੇ ਪੀੜ ਨਾਸ਼ਕ ! ਸਮਾ ਜਾਵੋ॥ ੮੮॥

ਕਰੁਨਾਨਿਧਿ! ਤੁਮਰੇ ਕਰ ਮਾਂਹੀ। ਮੇਟਨ ਰਚਨ ਤ੍ਰਿਲੋਕ ਜਿ ਆਹੀ।
ਦੇਹਿ ਤਜਨ ਅਰ ਜੀਵਨ ਸੋਈ। ਰਾਵਰਿ ਕੇ ਅਨੁਸਾਰੀ ਹੋਈ'॥ ੮੯॥

ਹੇ ਕ੍ਰਿਪਾ ਨਿਧਾਨ ! ਇਹ ਸਭ ਕੁਝ ਤੁਹਾਡੇ ਹੱਥ ਵੱਸ ਹੈ। ਤੁਸੀਂ ਤਿੰਨਾਂ ਲੋਕਾਂ ਨੂੰ ਮਾਰਨ ਅਤੇ ਰਚਣ ਵਾਲੇ ਹੋ, ਸਰੀਰ ਛੱਡਣਾ ਅਤੇ ਜਿਹੜਾ ਜੀਵਨ ਹੈ, ਇਹ ਸਭ ਕੁਝ ਆਪ ਦੀ ਆਗਿਆ ਅਨੁਸਾਰ ਹੈ"॥ ੮੯॥

ਦੋਹਰਾ-ਦੇਖਿ ਦੀਨਤਾ ਤਾਂਹਿ ਕੀ ਬੈਨ ਸੁਨੇ ਸੁਭ ਰੀਤਿ।
ਬੋਲੇ ਗਿਰਾ ਸੁਹਾਵਨੀ ਸਿਖ ਸੇਵਕ ਕੇ ਮੀਤ॥ ੯੦॥

ਮਾਤਾ ਸੁਲੱਖਣੀ ਦੀ ਦੀਨਤਾ ਵੇਖ ਕੇ, ਗੁਰੂ ਜੀ ਨੇ ਬੜੇ ਧਿਆਨ ਨਾਲ ਉਸ ਦੇ ਬਚਨ ਸੁਣੇ। ਫਿਰ ਸਿੱਖ ਸੇਵਕਾਂ ਦੇ ਮਿੱਤਰ ਗੁਰੂ ਜੀ ਨੇ ਬਚਨ ਕੀਤੇ॥ ੯੦॥

ਚੌਪਈ- 'ਚੋਣੀ! ਬਚਨ ਰੁਚਿਰ ਤੈਂ ਕਹੇ। ਸੇਜ ਤਿਆਰ ਕਰਹੁ ਹਮ ਰਹੇ।
ਕਰਹਿਂ ਸ਼ਰਾਧ ਅਸ਼ਟਮੀ ਬਾਸੁਰ। ਪੁਨ ਨੌਮੀ ਦਿਨ ਸਗਰੋ ਰਹਿ ਕਰਿ॥੯੧॥

''ਚੋਣੀ ! ਤੂੰ ਸੁੰਦਰ ਬਚਨ ਕਹੇ ਹਨ, ਤੁਸੀਂ ਸਮੱਗਰੀ ਤਿਆਰ ਕਰੋ, ਅਸੀਂ ਰਹਿੰਦੇ ਹਾਂ। ਅਸ਼ਟਮੀ ਵਾਲੇ ਦਿਨ ਸਰਾਧ ਕਰਾਂਗੇ, ਫਿਰ ਨੌਮੀ ਵਾਲਾ ਸਾਰਾ ਦਿਨ ਰਹਿ ਕੇ॥ ੯੧॥

ਦਸਮੀ ਕੇ ਦਿਨ ਹੋਇ ਤਯਾਰੀ। ਰਾਖਹੁ ਸੌਜ ਉਠਾਵਹੁ ਸਾਰੀ'।
ਕੁਸ਼ਾ ਗੁਲਾਬ ਪਟੀਰ ਉਚਾਏ। ਰਖਵਾਏ ਸਭਿਹੀ ਇਕ ਥਾਏਂ॥ ੯੨॥

ਦਸਮੀਂ ਵਾਲੇ ਦਿਨ ਤਿਆਰੀ ਕਰਾਂਗੇ, ਇਹ ਸਾਰੀ ਸਮੱਗਰੀ ਚੁੱਕ ਕੇ ਰੱਖ ਲਵੋ''। ਦੱਭ, ਗੁਲਾਬ, ਚੰਦਨ ਆਦਿ ਚੁੱਕ ਲਏ। ਸਾਰੀਆਂ ਵਸਤਾਂ ਨੂੰ ਇਕ ਥਾਂ ਰਖਵਾ ਦਿੱਤਾ॥ ੯੨॥

ਇਸ ਬਿਧਿ ਸੁਨਿ ਕੈ ਸਭਿ ਨਰ ਨਾਰੀ। ਹਰਖੇ ਰਿਦੇ ਭਯੋ ਸੁਖ ਭਾਰੀ।
ਧੰਨ ਧੰਨ ਅਰ ਜੈ ਜੈ ਕਾਰਾ। ਹੋਤਿ ਭਯੋ ਤਿਹਕਾਲ ਅਪਾਰਾ॥ ੯੩॥

ਇਸ ਤਰ੍ਹਾਂ ਸੁਣ ਕੇ ਸਭ ਨਰ ਨਾਰੀ, ਬਹੁਤ ਪ੍ਰਸੰਨ ਹੋਏ, ਅਤੇ ਦਿਲ ਵਿਚ ਬਹੁਤ ਸੁੱਖ ਪਾਇਆ। ਸਾਰੇ ਪਾਸੇ ਧੰਨ ਧੰਨ ਅਤੇ ਜੈ ਜੈ ਕਾਰ ਅਪਾਰ ਹੋਣ ਲੱਗੀ॥ ੯੩॥

ਦੋਹਰਾ-ਸੋਖ ਬਾਰਿ ਬਾਰਜ ਦੁਖੀ, ਬਰਖਯੋ ਮਾਨਹੁ ਬਾਰਿ।
ਕਹਹਿਂ ਪਰਸਪਰ ਮਿਲਿ ਤਬਹਿ 'ਦਰਸ ਕਰਹਿਂ ਦਿਨ ਚਾਰ'॥ ੯੪॥

ਜਲ ਸੁੱਕ ਜਾਣ ਤੇ ਜਿਵੇਂ ਦੁਖੀ ਕੰਵਲ ਫੁੱਲ 'ਤੇ ਮੀਂਹ ਪੈ ਗਿਆ ਹੋਵੇ, ਤਦ ਸਾਰੇ ਮਿਲ ਕੇ ਕਹਿਣ ਲੱਗੇ, ''ਚਾਰ ਦਿਨ ਦਰਸ਼ਨ ਕਰਾਂਗੇ''॥ ੯੪॥

ਚੌਪਈ- ਰਹਤਿ ਭਏ ਸਭਿ ਪੁਰਿ ਕਰਤਾਰਾ। ਸ਼ਬਦ ਪਢਹਿਂ ਪੁਨ ਕਰਤਿ ਬਿਚਾਰਾ।
ਦੇਖਤਿ ਸਫਲ ਕਰਹਿਂ ਨਿਜ ਲੋਚਨ, ਪਾਵਹਿਂ ਸੁਖ ਭੇ ਸੰਕਟ ਮੋਚਨ॥ ੯੫॥

ਸਾਰੇ ਸੇਵਕ ਕਰਤਾਰਪੁਰ ਵਿਚ ਹੀ ਰਹਿ ਗਏ, ਸ਼ਬਦ ਪੜ੍ਹ ਕੇ ਫਿਰ ਵਿਚਾਰ ਕਰਦੇ ਸਨ, ਦਰਸ਼ਨ ਕਰਕੇ ਆਪਣੇ ਨੈਣਾਂ ਨੂੰ ਸਫਲ ਕਰਦੇ ਸਨ, ਸੁੱਖ ਪਾਉਂਦੇ ਸਨ ਤੇ ਉਨ੍ਹਾਂ ਦੇ ਦੁੱਖਾਂ ਦਾ ਨਾਸ਼ ਹੋ ਗਿਆ॥ ੯੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ ਸਮਾਵਨ ਕੋ ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਮੋ ਅਧਯਾਯ॥ ੫੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਚੁਰੰਜਵਾਂ ਅਧਿਆਇ, ਜਿਸ ਦਾ ਨਾਮ ''ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ'' ਹੈ, ਸਮਾਪਤ ਹੋਇਆ॥ ੫੪॥

## ਅਧਿਆਇ ਪਚਵੰਞਵਾਂ

*ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ*

ਦੋਹਰਾ-ਅਹੰਬੀਜ ਮਮਤਾ ਸ਼ਿਫਾ ਰਾਗ ਦ੍ਵੈਖ ਬਡ ਟਾਸ।
ਜਗ ਦਲ ਦੁਖ ਸੁਖ ਫਲ ਲਗੇ ਗੁਰ ਭਜਿ ਹੋਇ ਬਿਨਾਸ਼॥ ੧॥

ਅਹੰ (ਮੈਂ) ਰੂਪ ਬੀਜ ਹੈ, ਮਮਤਾ ਰੂਪੀ ਜੜ੍ਹ ਹੈ, ਰਾਗ ਦ੍ਵੈਖ ਵੱਡੀਆਂ ਟਹਿਣੀਆਂ ਹਨ, ਜਗਤ ਵਿਚ ਦਿੱਸ ਰਹੇ ਜੀਵ ਪੱਤੇ ਹਨ, ਦੁੱਖ ਸੁੱਖ ਇਨ੍ਹਾਂ ਪੱਤਿਆਂ ਨਾਲ ਫਲ ਲੱਗੇ ਹਨ। ਹੇ ਮਨ ! ਇਹ ਅਗਿਆਨਤਾ ਰੂਪੀ ਬ੍ਰਿਛ ਹੈ। ਗੁਰੂ ਦਾ ਸਿਮਰਨ ਕਰੋ, ਤਾਂਕਿ ਇਸ ਅਗਿਆਨਤਾ ਦੇ ਬ੍ਰਿਛ ਦਾ ਨਾਸ਼ ਹੋਵੇ॥੧॥

ਚੌਪਈ- ਸਪਤਮਿ ਬਾਸੁਰ ਸਗਰੋ ਐਸੇ। ਬੀਤ ਗਯੋ ਬਰਨਨ ਕਿਯ ਜੈਸੇ।
ਗ੍ਰਾਮਨ ਕੇ ਨਰ ਜੋ ਤਹਿਂ ਗਏ। ਪੁਰਿ ਕਰਤਾਰ ਰਹਤਿ ਸੋ ਭਏ॥ ੨ ॥

ਸਤਮੀ ਦਾ ਸਾਰਾ ਦਿਨ ਇਸ ਤਰ੍ਹਾਂ ਬੀਤ ਗਿਆ, ਜਿਸ ਤਰ੍ਹਾਂ ਪਿਛੇ ਵਰਣਨ ਕੀਤਾ ਹੈ। ਪਿੰਡਾਂ ਦੇ ਲੋਕ ਜੋ ਕਰਤਾਰਪੁਰ ਗਏ ਸਨ, ਉਹ ਕਰਤਾਰਪੁਰ ਹੀ ਠਹਿਰ ਗਏ॥ ੨ ॥

ਰੈਨ ਬਿਖੇ ਡੇਰਾ ਕਰਿ ਸੋਏ। ਜਿਨ ਮਨ ਦਰਸ਼ਨ ਪ੍ਰੇਮ ਭਿਗੋਏ।
ਸਵਾ ਜਾਮ ਜਾਮਨਿ ਰਹਿ ਜਬਿਹੀ। ਸਭਿਨਿ ਸ਼ਨਾਨ ਕਿਯੋ ਉਠਿ ਤਬਿਹੀ ॥੩ ॥

ਉਨ੍ਹਾਂ ਸਭ ਨੇ ਰਾਤ ਨੂੰ ਓਥੇ ਹੀ ਡੇਰਾ ਕੀਤਾ, ਜਿਨ੍ਹਾਂ ਦੇ ਮਨ ਦਰਸ਼ਨ ਪ੍ਰੇਮ ਵਿਚ ਭਿੱਜੇ ਹੋਏ ਸਨ। ਸਵਾ ਪਹਿਰ ਜਦ ਰਾਤ ਰਹਿ ਗਈ ਸਾਰਿਆਂ ਨੇ ਉਸ ਸਮੇਂ ਉੱਠ ਕੇ ਇਸ਼ਨਾਨ ਕੀਤਾ॥ ੩ ॥

ਬਹੁਰ ਬਿਲੋਕਹਿਂ ਸਤਿਗੁਰ ਤਾਈਂ। ਪਦ ਪੰਕਜ ਪਰ ਸੀਸ ਝੁਕਾਈ।
ਕਿਰਤਨ ਸੁਣਹਿਂ ਏਕ ਮਨ ਹੋਈ। ਰਿਦੇ ਬਿਕਾਰ ਨ ਬਜਾਪੇ ਕੋਈ॥ ੪ ॥

ਫਿਰ ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਚਰਨ ਕੰਵਲਾਂ ਤੇ ਸੀਸ ਨਿਵਾਏ। ਇਕ ਮਨ ਹੋ ਕੇ ਕੀਰਤਨ ਸੁਣਿਆ, ਜਿਸ ਦੇ ਸੁਣਨ ਨਾਲ ਹਿਰਦੇ ਵਿਚ ਕੋਈ ਵਿਕਾਰ ਨਹੀਂ ਵਾਪਰਦਾ॥ ੪ ॥

ਅਸ਼ਟਮਿ ਦਿਵਸ ਪ੍ਰਕਾਸ਼ਜੋ ਭਾਨਾ। ਭੋਜਨ ਭੇ ਤਯਾਰ ਬਿਧਿ ਨਾਨਾ।
ਧਰਮਸਾਲ ਤੇ ਉਠਿ ਸੁਖਰਾਸਾ। ਗਏ ਸੁਲਖਣੀ ਕੇਰ ਅਵਾਸਾ॥ ੫ ॥

ਅਸ਼ਟਮੀ ਦਾ ਜਦ ਸੂਰਜ ਚੜ੍ਹਿਆ, ਕਈ ਪ੍ਰਕਾਰ ਦੇ ਭੋਜਨ ਤਿਆਰ ਕੀਤੇ। ਗੁਰੂ ਜੀ ਧਰਮਸਾਲਾ ਤੋਂ ਉੱਠ ਕੇ, ਆਪਣੀ ਪਤਨੀ ਸੁਲੱਖਣੀ ਦੇ ਘਰ ਗਏ॥ ੫ ॥

ਬਿਧਿ ਸੋਂ ਲਗੇ ਕਰਾਵਨ ਸ੍ਰਾਧੂ। ਭਜਹਿਂ ਸਾਧੁ ਜਿਹ ਪਰਮ ਅਗਾਧੂ।
ਪ੍ਰਾਪਤਿ ਮੁਕਤਿ ਲੇਇ ਜਿਨ ਨਾਮੂ। ਤਾਂਹਿ ਸ੍ਰਾਧ ਕਜਾ ਕਰਿਬੇ ਕਾਮੂ ॥੬ ॥

ਵਿਧੀ ਅਨੁਸਾਰ ਗੁਰੂ ਜੀ ਸ਼ਰਾਧ ਕਰਵਾਉਣ ਲੱਗੇ, ਜਿਸ ਪਰਮ ਅਗਾਧ ਗੁਰੂ ਜੀ ਦਾ ਸੰਤ ਸਿਮਰਨ ਕਰਦੇ ਸਨ। ਜਿਹੜੇ ਉਸ ਦਾ ਨਾਮ ਲੈਂਦੇ ਸਨ, ਉਹ ਮੁਕਤ ਹੋ ਜਾਂਦੇ ਸਨ, ਅਜਿਹੇ ਗੁਰੂ ਜੀ ਵਾਸਤੇ ਸ਼ਰਾਧ ਕਰਵਾਉਣਾ ਕਿਹੜੇ ਕੰਮ ਸੀ॥ ੬ ॥

ਤੱਦਜਪਿ ਨਰ ਮਿਰਯਾਦਾ ਪਾਰਨ। ਲੀਲ੍ਹਾ ਕਰਿਹੀਂ ਨਰਕ ਨਿਵਾਰਨ।
ਹੁਤੀ ਸ੍ਰਾਧ ਕੀ ਬਿਧਿ ਜੋ ਸਾਰੀ। ਭਲੀ ਪ੍ਰਕਾਰ ਕੀਨਿ ਅਘਹਾਰੀ॥ ੭ ॥

ਫਿਰ ਵੀ ਮਨੁੱਖੀ ਮਰਯਾਦਾ ਦੀ ਪਾਲਣਾ ਕਰਨ ਹਿਤ ਗੁਰੂ ਜੀ ਇਹ ਲੀਲ੍ਹਾ ਕਰ ਰਹੇ ਸਨ। ਸ਼ਰਾਧ ਦੀ ਜੋ ਵਿਧੀ ਸੀ ਉਹ ਪਾਪਾਂ ਦਾ ਨਾਸ ਕਰਨ ਵਾਲੇ ਨੇ ਭਲੀ ਪ੍ਰਕਾਰ ਕੀਤੀ॥ ੭ ॥

ਉਠਿ ਪੁਨ ਗਮਨੇ ਦੇਗ ਸਥਾਨਾ। ਸਰਬ ਬਿਲੋਕੇ ਭੋਜਨ ਨਾਨਾ।
ਠੌਰ ਠੌਰ ਨਰ ਭੇਜਿ ਬੁਲਾਏ। ਸੁਨਿ ਆਇਸੁ ਸਭਿ ਹੀ ਚਲਿ ਆਏ॥ ੮ ॥

ਉੱਠ ਕੇ ਫਿਰ ਲੰਗਰ ਵਿਚ ਗਏ। ਸਰਬ ਪ੍ਰਕਾਰ ਦੇ ਭੋਜਨ ਵੇਖੇ। ਥਾਂ ਥਾਂ ਤੋਂ ਮਨੁੱਖ ਭੇਜ ਕੇ ਬੁਲਾਏ, ਆਗਿਆ ਸੁਣ ਕੇ ਸਾਰੇ ਚੱਲ ਕੇ ਆ ਗਏ॥ ੮ ॥

ਪੰਡਿਤ ਸੰਨਯਾਸੀ ਬੈਰਾਗੀ। ਜੋਗੀ ਪੁਨ ਆਏ ਬਡਭਾਗੀ।
ਅਵਰ ਭੇਖ ਕੇਤਿਕ ਤਹਿਂ ਆਏ। ਸਭਿ ਗੁਰ ਪਾਂਤਹਿਪਾਂਤਿ ਬਸਾਏ॥ ੯ ॥

ਪੰਡਿਤ, ਸੰਨਿਆਸੀ, ਬੈਰਾਗੀ, ਜੋਗੀ, ਵੱਡੇ ਭਾਗਾਂ ਵਾਲੇ ਸਾਰੇ ਆਏ। ਹੋਰ ਕਈ ਭੇਖਾਂ ਵਾਲੇ ਵੀ ਆਏ। ਗੁਰੂ ਜੀ ਨੇ ਸਾਰਿਆਂ ਨੂੰ ਪੰਗਤ ਵਿਚ ਬਿਠਾ ਦਿੱਤਾ॥ ੯॥

ਚਾਰ ਬਰਨ ਹਿੰਦੂ ਤਿਹ ਥਾਈਂ। ਭਿੰਨ ਭਿੰਨ ਸਭਿ ਦੀਨ ਬਿਠਾਈ।
ਮਿਲੇ ਬਹੁਤ ਸਿੱਖ ਸੇਵਕ ਬ੍ਰਿੰਦਾ। ਪਾਂਤਿ ਬਸਾਈ ਸ੍ਰੀ ਸੁਖਕੰਦਾ॥ ੧੦॥

ਚਾਰ ਵਰਸ਼ ਹਿੰਦੂ ਓਥੇ ਆਏ ਸਨ, ਸਾਰਿਆਂ ਨੂੰ ਵੱਖ-ਵੱਖ ਥਾਂ ਬਿਠਾ ਦਿੱਤਾ। ਸਿੱਖਾਂ ਦੇ ਬਹੁਤ ਸਮੂਹ ਆ ਕੇ ਉਨ੍ਹਾਂ ਨੂੰ ਮਿਲੇ। ਸਾਰਿਆਂ ਨੂੰ ਗੁਰੂ ਜੀ ਨੇ ਪੰਗਤ ਵਿਚ ਬਿਠਾ ਦਿੱਤਾ॥ ੧੦॥

ਆਇਸੁ ਦੀਨ ਅਰਾਲਕ ਤਾਈਂ। 'ਪ੍ਰਥਮੇ ਸੱਤਿਨਾਮ ਮੁਖ ਗਾਈ।
ਸਭਿ ਕੋ ਦਿਹੁ ਅਹਾਰ ਬਰਤਾਈ। ਜੇ ਕੋ ਚਹੈ ਸੁ ਦਿਹੁ ਪਹੁੰਚਾਈ' ॥ ੧੧॥

ਲਾਂਗਰੀਆਂ ਨੂੰ ਫਿਰ ਆਗਿਆ ਕੀਤੀ ਕਿ ਪਹਿਲਾਂ ਸਤਿਨਾਮ ਦਾ ਮੁੱਖ ਤੋਂ ਉਚਾਰਣ ਕਰੋ, ਫਿਰ ਇਹ ਭੋਜਨ ਸਭ ਨੂੰ ਵਰਤਾ ਦੇਵੋ, ਜੋ ਵੀ ਕੋਈ ਚਾਹੁੰਦਾ ਹੈ, ਓਹੋ ਪਹੁੰਚਾ ਦੇਵੋ॥ ੧੧॥

ਊਚੇ ਥਲ ਪਰ ਬੈਠੇ ਸੁਾਮੀ। ਸਭਿਨਿ ਬਿਲੋਕਤਿ ਅੰਤਰਜਾਮੀ!।
ਪ੍ਰੋਸਨ ਲਗੇ ਅਹਾਰ ਘਨੇਰਾ। ਬਹੁਤ ਰਸੋਈਏ ਹ੍ਵੈ ਬਿਨ ਦੇਰਾ॥ ੧੨॥

ਆਪ ਗੁਰੂ ਜੀ ਉੱਚੇ ਥਾਂ ਬੈਠੇ ਸਨ, ਸਾਰੇ ਅੰਤਰਜਾਮੀ ਨੂੰ ਵੇਖ ਰਹੇ ਸਨ। ਬਹੁਤ ਲੋਕ ਭੋਜਨ ਪਰੋਸਣ ਲੱਗੇ, ਲਾਂਗਰੀਆਂ ਨੇ ਕਿਸੇ ਦੇਰ ਤੋਂ ਬਗੈਰ ਲੰਗਰ ਵਰਤਾ ਦਿੱਤਾ॥ ੧੨॥

ਏਕ ਬਾਰ ਦੇ ਆਵਹਿਂ ਜਾਂਹੀ। ਬਹੁਰ ਨ ਜਾਚਨ ਕੀ ਰਹਿ ਚਾਹੀ।
ਜਹਿਂ ਮਾਨਵ ਕੀ ਗਿਨਤੀ ਨਾਂਹੀ। ਸਭਿਨਿ ਦੀਨ ਕੋ ਛੂਛ ਨ ਆਹੀ ॥੧੩॥

ਇਕ ਵਾਰ ਜਿਸ ਨੂੰ ਦੇ ਆਉਂਦੇ ਸਨ, ਫਿਰ ਮੰਗਣ ਦੀ ਚਾਹ ਨਹੀਂ ਸੀ ਰਹਿੰਦੀ। ਜਿਨ੍ਹਾਂ ਮਨੁੱਖਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ, ਸਾਰਿਆਂ ਨੂੰ ਭੋਜਨ ਛਕਾਇਆ, ਕੋਈ ਵੀ ਖਾਲੀ ਨਾ ਗਿਆ॥ ੧੩॥

ਪੰਚਾਂਮ੍ਰਿਤ ਕਚੋਰੀ ਪੂਰੀ। ਪਾਇਸ ਪੂਪ ਸਾਦ ਜਿਨ ਭੂਰੀ।
ਸਿਤਾ ਘ੍ਰਿਤ ਬਹੁ ਊਪਰ ਪਾਏ। ਦਧਿ ਸਲਵਨ ਨੀਕੇ ਮਨ ਭਾਏ॥ ੧੪॥

ਕੜਾਹ, ਕਚੌਰੀਆਂ, ਪੂਰੀਆਂ, ਖੀਰ ਅਤੇ ਪੂੜੇ ਬਹੁਤ ਸੁਆਦ ਸਨ। ਬਹੁਤ ਖੰਡ ਘਿਉ ਉਪਰ ਪਾਇਆ। ਦਹੀਂ ਅਤੇ ਸਬਜ਼ੀਆਂ ਵੀ ਬਹੁਤ ਪਸੰਦ ਆਈਆਂ॥ ੧੪॥

ਸੂਖਮ ਚਾਵਰ ਪਹਿਤ ਜੁ ਚਾਹੀ। ਤੁਰਤ ਪੁਚਾਵਹਿਂ ਸਭਿ ਕੇ ਪਾਹੀ।
ਭਯੋ ਅਹਾਰ ਅਖੁਟ ਸਭਿ ਭਾਂਤੀ। ਬਿਸਮ ਭਏ ਗਤਿ ਕਿਨੈ ਨ ਜਾਤੀ ॥੧੫॥

ਨਰਮ ਚਾਵਲ ਦਾਲ ਵੀ ਜਿਹੜੇ ਚਾਹੁੰਦੇ ਸਨ, ਤੁਰੰਤ ਪਹੁੰਚਾਉਂਦੇ ਸਨ ਅਤੇ ਸਭ ਨੂੰ ਦਿੰਦੇ ਸਨ। ਸਭ ਭਾਂਤ ਦਾ ਅਤੁੱਟ ਭੰਡਾਰਾ ਵਰਤਿਆ। ਸਭ ਹੈਰਾਨ ਹੋਏ, ਇਸ ਗਤੀ ਨੂੰ ਕੋਈ ਨਾ ਜਾਣ ਸਕਿਆ॥ ੧੫॥

ਸਰਬ ਅਘਾਇ ਉਠੇ ਜਿਹ ਕਾਲਾ। ਕਹਜੋ ਅਰਾਲਕ ਸੰਗ ਕ੍ਰਿਪਾਲਾ।
'ਲੇਹੁ ਅਚਵ ਅਬਿ ਆਪ ਅਹਾਰਾ। ਬਹੁਰ ਦੇਗ ਕੀ ਕੀਜੈ ਕਾਰਾ॥ ੧੬॥

ਸਾਰੇ ਖਾ ਕੇ ਜਿਸ ਸਮੇਂ ਉੱਠੇ ਤਾਂ ਗੁਰੂ ਜੀ ਲਾਂਗਰੀਆਂ ਨੂੰ ਕਹਿਣ ਲੱਗੇ, "ਹੁਣ ਤੁਸੀਂ ਵੀ ਭੋਜਨ ਕਰ ਲਵੋ, ਬਾਅਦ ਫਿਰ ਲੰਗਰ ਦਾ ਕੰਮ ਜਾਰੀ ਰੱਖੋ॥ ੧੬॥

ਜਾਮ ਜਾਮਨੀ ਲੌ ਜੋ ਕੋਈ। ਆਵਹਿ ਜੇ, ਅਚਵਾਉ ਰਸੋਈ'।

ਅਸ ਕਹਿ ਧਰਮਸਾਲ ਪ੍ਰਭੁ ਆਏ। ਬੈਠੇ ਨਰ ਦਰਸਹਿਂ ਸੁਖ ਪਾਏ॥ ੧੭॥

ਪਹਿਰ ਰਾਤ ਬੀਤੀ ਤਕ ਜੇ ਕੋਈ ਆਵੇ ਤਾਂ ਉਸ ਨੂੰ ਭੋਜਨ ਕਰਵਾਵੇ।" ਇਹ ਕਹਿ ਕੇ ਗੁਰੂ ਜੀ ਧਰਮਸਾਲਾ ਵਿਚ ਆ ਗਏ। ਮਨੁੱਖ ਦਰਸ਼ਨ ਕਰਕੇ ਸੁਖ ਪਾ ਰਹੇ ਸਨ॥ ੧੭॥

ਦੂਰ ਦੂਰ ਲੌ ਸੁਧ ਅਸ ਹੋਈ। 'ਲਗੇ ਸਮਾਵਨ ਜਗ ਗੁਰ ਜੋਈ'।
ਸੁਨਿ ਸੁਨਿ ਧਨੀ ਸ਼ਾਹ ਜੇ ਰਾਜਾ। ਤੂਰਨ ਆਵਹਿਂ ਤਜਿ ਤਜਿ ਕਾਜਾ॥੧੮॥

ਦੂਰ-ਦੂਰ ਤਕ ਇਹ ਖ਼ਬਰ ਪਹੁੰਚ ਗਈ, "ਜਗਤ ਗੁਰੂ ਸਮਾਉਣ ਲੱਗੇ ਹਨ।" ਸੁਣ-ਸੁਣ ਕੇ ਧਨੀ, ਸ਼ਾਹ ਤੇ ਰਾਜੇ, ਆਪਣੇ ਕੰਮ ਛੱਡ ਕੇ ਫੌਰਨ ਆ ਰਹੇ ਸਨ॥ ੧੮॥

ਹਿੰਦੂ ਤੁਰਕ ਸੁਨਹਿ ਜੇ ਕੋਈ। ਆਵਹਿ ਧਾਇ ਦੇਖਿ ਹੈ ਸੋਈ।
ਪਾਰਸ ਲੇਨਿ ਰੰਕ ਜਿਮ ਦੌਰੇ। ਆਵਹਿਂ ਮਗ ਗੁਰ ਕੇ ਚੌਫੇਰੇ॥ ੧੯॥

ਹਿੰਦੂ ਮੁਸਲਮਾਨ ਜੋ ਕੋਈ ਸੁਣਦਾ ਸੀ, ਦਰਸ਼ਨ ਕਰਨ ਵਾਸਤੇ ਭੱਜਾ ਆਉਂਦਾ ਸੀ। ਪਾਰਸ ਪ੍ਰਾਪਤ ਕਰਨ ਵਾਸਤੇ ਜਿਵੇਂ ਗਰੀਬ ਦੌੜਦਾ ਹੈ, ਇਸ ਤਰ੍ਹਾਂ ਸਭ ਗੁਰੂ ਜੀ ਵੱਲ ਆ ਰਹੇ ਸਨ॥ ੧੯॥

ਨਰ ਨਾਰੀ ਉਰ ਧਾਰਿ ਹੁਲਾਸੂ। ਭੇ ਬਿਰਕਤ ਸਮ ਤਜੇ ਅਵਾਸੂ।
ਗ੍ਰਾਮ ਨਗਰ ਜਹਿਂ ਤਹਿਂ ਸੁਧ ਹੋਈ।। ਟੋਨਾ ਕਰਿ ਮੋਹੇ ਜਨੁ ਸੋਈ॥੨੦॥

ਨਰ ਨਾਰੀ ਦਿਲ ਵਿਚ ਖ਼ੁਸ਼ੀ ਧਾਰ ਕੇ, ਉਪਰਾਮੀਆਂ ਵਾਂਗ ਘਰਾਂ ਨੂੰ ਛੱਡ ਕੇ ਆ ਰਹੇ ਸਨ। ਪਿੰਡ ਨਗਰ ਜਿੱਥੇ ਵੀ ਖ਼ਬਰ ਪੁਜਦੀ ਸੀ, ਉਹ ਦਰਸ਼ਨਾਂ ਵਾਸਤੇ ਏਨੇ ਮੋਹੇ ਜਾਂਦੇ ਸਨ, ਮਾਨੋ ਕਿਸੇ ਨੇ ਟੂਣਾ ਕੀਤਾ ਹੋਵੇ॥ ੨੦॥

ਬਰਜੇ ਰਹੈਂ ਨ ਕਿਸੂ ਪ੍ਰਕਾਰਾ। ਆਵਹਿਂ ਗਮਨੇ ਪੁਰਿ ਕਰਤਾਰਾ।
ਜਿਨਕੋ ਸ਼ਕਤਿ ਚਲਨ ਮਗ ਨਾਂਹੀ। ਦੁਰਬਲ ਅੰਗਹੀਨ ਜੇ ਆਹੀਂ॥੨੧॥

ਕਿਸੇ ਪ੍ਰਕਾਰ ਵੀ ਰੁਕਦੇ ਨਹੀਂ ਸਨ, ਉਹ ਕਰਤਾਰਪੁਰ ਵਲ ਚਲੇ ਆ ਰਹੇ ਸਨ। ਜਿਨ੍ਹਾਂ ਵਿਚ ਚਲਣ ਦੀ ਸ਼ਕਤੀ ਨਹੀਂ ਸੀ, ਜਿਹੜੇ ਦੁਰਬਲ ਅਤੇ ਅੰਗਹੀਣ ਸਨ॥ ੨੧॥

ਦੋਹਰਾ-ਬਾਤ ਸੁਨਹਿਂ ਜਿਸ ਨਿਕਟ ਤੇ ਸ੍ਰਵਨ ਦੁਆਰਾ ਸੋਇ।
ਪਾਵਤਿ ਬਲ ਜਨੁ ਤਨ ਬਿਖੈ ਚਲਨ ਹਰਖ ਮਨ ਹੋਇ॥ ੨੨॥

ਜਦ ਉਹ ਕਿਸੇ ਪਾਸੋਂ ਇਹ ਗੱਲ ਕੰਨਾਂ ਨਾਲ ਸੁਣਦੇ ਸਨ, ਉਹ ਵੀ ਚੱਲਣ ਦਾ ਬਲ ਪ੍ਰਾਪਤ ਕਰ ਲੈਂਦੇ ਸਨ ਤੇ ਮਨ ਵਿਚ ਪ੍ਰਸੰਨ ਹੋ ਕੇ ਚੱਲ ਪੈਂਦੇ ਸਨ॥ ੨੨॥

ਚੌਪਈ- ਬਿਦਤ ਭਈ ਸੁਧ ਜਹਿਂ ਤਹਿਂ ਸਾਰੇ। ਲਗੇ ਤਜਿਨਿ ਤਨ ਪ੍ਰਥਮ ਉਚਾਰੇ।
ਜਿਹ ਜਿਹ ਸੁਨੀ,ਸ਼ਕਤਿ ਜਿਹ ਆਵਨ। ਧਾਏ ਨਰ ਨਿਜ ਦੋਖ ਨਸਾਵਨ॥੨੩॥

ਜਦ ਸਾਰੇ ਇਹ ਖਬਰ ਫੈਲ ਗਈ ਕਿ ਗੁਰੂ ਜੀ ਪਹਿਲਾਂ ਕਹਿ ਕੇ ਸਰੀਰ ਛੱਡਣ ਲੱਗੇ ਹਨ, ਜਿਸ-ਜਿਸ ਸੁਣਿਆ ਅਤੇ ਜਿਸ ਵਿਚ ਆਉਣ ਦੀ ਸ਼ਕਤੀ ਸੀ, ਆਪਣੇ ਪਾਪ ਦੂਰ ਕਰਵਾਉਣ ਵਾਸਤੇ ਭੱਜੇ ਆਉਂਦੇ ਸਨ॥ ੨੩॥

ਸ੍ਰੀ ਮੁਖਿ ਸੌਂ ਅਸ ਆਇਸੁ ਹੋਈ। 'ਦੇਗ ਅਹਾਰ ਅਚੈ ਸਭਿ ਕੋਈ।
ਨੀਚ ਕਿ ਊਚ ਰਾਇ ਕੈ ਰਾਨਾ। ਭੋਜਨ ਖਾਇਂ ਦੇਗ ਤੇ ਨਾਨਾ॥ ੨੪॥

ਗੁਰੂ ਜੀ ਨੇ ਆਪਣੇ ਮੁੱਖ ਤੋਂ ਇਹ ਆਗਿਆ ਕੀਤੀ, "ਸਭ ਲੋਕ ਲੰਗਰ ਛੱਕਣ, ਗਰੀਬ ਅਮੀਰ, ਰਾਜਾ ਜਾਂ ਰਾਣਾ, ਲੰਗਰ ਤੋਂ ਭੋਜਨ ਖਾਵੇ॥ ੨੪॥

ਅਪਨਾ ਕੋ ਨ ਕਰਹਿ ਪੁਰਿ ਆਏ'। ਸੁਨਿ ਸਿੱਖਨ ਸਭਿਹੂੰਨ ਸੁਨਾਏ।
ਅਸ਼ਟਮਿ ਦਿਵਸ ਬਿਤੀਤਜੋ ਸੋਈ। ਸ੍ਰੀ ਗੁਰ ਨਿਕਟਿ ਭੀਰ ਬਹੁ ਹੋਈ ॥੨੫॥

ਕਰਤਾਰਪੁਰ ਆ ਕੇ ਆਪਣਾ ਭੋਜਨ ਕੋਈ ਨਾ ਤਿਆਰ ਕਰੇ' ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਸੁਣਾ ਦਿੱਤਾ। ਅਸ਼ਟਮੀ ਦਿਨ ਇਸ ਤਰ੍ਹਾਂ ਬਿਤੀਤ ਹੋ ਗਿਆ। ਗੁਰੂ ਜੀ ਪਾਸ ਬਹੁਤ ਭੀੜ ਹੋ ਗਈ॥ ੨੫॥

ਏਕ ਸਹਸ ਦੋ ਸਹਸ ਕੇ ਟੋਲਾ। ਆਇ ਹਟਹਿਂ ਕਰਿ ਦਰਸ ਅਮੋਲਾ।
ਮਿਲਹਿਂ ਪਰਸਪਰ ਸੁਜਸ ਸੁਨਾਵਹਿਂ। 'ਸ੍ਰੀ ਨਾਨਕ! ਸ੍ਰੀ ਨਾਨਕ!!' ਗਾਵਹਿਂ ॥੨੬॥

ਇਕ ਹਜ਼ਾਰ ਦੋ ਹਜ਼ਾਰ ਦੇ ਟੋਲੇ, ਅਮੋਲਕ ਦਰਸ਼ਨ ਕਰਕੇ ਪਿੱਛੇ ਹੱਟ ਜਾਂਦੇ ਸਨ। ਲਗਾਤਾਰ ਮਿਲਦੇ ਸਨ ਅਤੇ ਜੱਸ ਸੁਣਾਉਂਦੇ ਸਨ, "ਸ੍ਰੀ ਨਾਨਕ ਸ੍ਰੀ ਨਾਨਕ!" ਗਾਉਂਦੇ ਸਨ॥ ੨੬॥

ਜੈ ਜੈਕਾਰ ਜਹਾਂ ਤਹਿਂ ਹੋਵਤਿ। ਮਨਹੁ ਕੁਕਰਮਨਿ ਕੀ ਮਲ ਧੋਵਤਿ।
ਦੇਖਹਿਂ ਕਰੁਨਾ ਦ੍ਰਿਸ਼ਟਿ ਕ੍ਰਿਪਾਲਾ। ਜਸ ਇੱਛਾ ਤਸ ਪੁਰਹਿਂ ਦਯਾਲਾ ॥੨੭॥

ਹਰ ਥਾਂ ਜੈ-ਜੈ ਕਾਰ ਹੋ ਰਹੀ ਸੀ, ਮਾਨੋਂ ਕੁਕਰਮਾਂ ਦੀ ਮੈਲ ਧੋਂਦੇ ਸਨ। ਗੁਰੂ ਜੀ ਉਸ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਦੇ ਸਨ ਜਿਸ ਤੇ ਵੀ ਦਿਆਲੂ ਦੀ ਇੱਛਾ ਹੁੰਦੀ ਸੀ॥ ੨੭॥

ਬਿੱਪ੍ਰ ਬੈਸ ਖੱਤ੍ਰੀ ਬਹੁ ਆਏ। ਸ਼ੂਦ੍ਰ ਤੁਰਕ ਭੀਰ ਧਰਿ ਭਾਏ।
ਜੇ ਮੁਲਤਾਨ ਮਦੀਨੇ ਮਾਂਹੀ। ਮੱਕੇ ਪੀਰ ਸ਼ਕਤਿ ਧਰਿ ਆਹੀਂ ॥੨੮॥

ਬ੍ਰਾਹਮਣ, ਵੈਸ਼ ਅਤੇ ਖੱਤਰੀ ਬਹੁਤ ਆਏ। ਸ਼ੂਦਰ, ਤੁਰਕ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਆਏ। ਜਿਹੜੇ ਮੁਲਤਾਨ, ਮਦੀਨੇ ਅਤੇ ਮੱਕੇ ਵਿਚ ਸ਼ਕਤੀਸ਼ਾਲੀ ਪੀਰ ਫਕੀਰ ਰਹਿੰਦੇ ਸਨ॥ ੨੮॥

ਗੁਰ ਸੁਧ ਸੁਨਤਿ ਬੇਗ ਸੋ ਆਏ। ਦਰਸ਼ਨ ਕਰਹਿਂ ਜਨਮ ਫਲ ਪਾਏ।
ਅੰਬੀਏ ਬਹੁਰ ਔਲੀਏ ਜੇਈ। ਹੁਤੇ ਪਿਕੰਬਰ, ਆਏ ਤੇਈ॥ ੨੯॥

ਗੁਰੂ ਜੀ ਬਾਰੇ ਸੁਣ ਕੇ ਝੱਟ ਆ ਗਏ। ਦਰਸ਼ਨ ਕਰਕੇ ਜਨਮ ਦਾ ਫਲ ਪਾਇਆ। ਨਬੀ ਅਤੇ ਵਲੀ ਜੋ ਸਨ, ਜਿਹੜੇ ਪੈਗੰਬਰ ਸਨ, ਉਹ ਵੀ ਆਏ॥ ੨੯॥

ਸਭਿਕੋ ਆਇਸੁ ਖਾਨ ਅਹਾਰਾ। ਬਰਤੈ ਦੇਗ਼ ਸੁ ਪ੍ਰਥਮ ਪ੍ਰਕਾਰਾ।
ਜੱਦਪਿ ਅਨਗਨ ਮਾਨਵ ਭੀਰੰ। ਤੋਟ ਨ ਆਵਤਿ ਭਈ ਗਹੀਰੰ ॥੩੦॥

ਸਭ ਨੂੰ ਲੰਗਰ ਖਾਣ ਦੀ ਆਗਿਆ ਸੀ। ਪਹਿਲਾਂ ਵਾਂਗ ਹੀ ਲੰਗਰ ਵਰਤਦਾ ਸੀ। ਬੇਸ਼ਕ ਮਨੁੱਖਾਂ ਦੀ ਭੀੜ ਅਣਗਿਣਤ ਵਧ ਗਈ ਪਰ ਭੰਡਾਰੇ ਭਰੇ ਪਏ ਸਨ, ਕੋਈ ਤੋਟ ਨਹੀਂ ਸੀ ਆ ਰਹੀ॥ ੩੦॥

ਦੇਖਤਿ ਬਿਸਮੈਂ ਹ੍ਵੈ ਨਰ ਜਾਂਹੀ। ਇਤੋ ਅਹਾਰ ਆਇ ਕਿਸ ਥਾਹੀ।
ਲਖਿ ਨ ਸਕੈਂ ਸਭਿ ਕੀ ਮਤਿ ਹਾਰੀ। 'ਧੰਨ ਧੰਨ ਸ੍ਰੀ ਗੁਰ' ਉਚਾਰੀ ॥੩੧॥

ਵੇਖ ਕੇ ਮਨੁੱਖ ਬਹੁਤ ਹੈਰਾਨ ਹੁੰਦੇ ਸਨ ਕਿ ਏਨਾ ਭੋਜਨ ਕਿਥੋਂ ਆਉਂਦਾ ਸੀ। ਸਮਝ ਨਹੀਂ ਸੀ ਸਕਦੇ, ਸਾਰੇ ਸੋਚ-ਸੋਚ ਥੱਕ ਗਏ ਸਨ। ਸਾਰੇ 'ਧੰਨ ਧੰਨ ਗੁਰੂ ਜੀ' ਉਚਾਰਦੇ ਸਨ॥ ੩੧॥

ਭੀਰ ਪ੍ਰਭੂ ਕੇ ਭਈ ਚੁਫੇਰੇ। ਬੰਦਹਿਂ, ਜਾਨਹਿ ਭਾਗ ਬਡੇਰੇ।
'ਜਨਮ ਹਮਾਰੇ ਸਫਲੋ ਹੋਵਾ। ਜਗ ਗੁਰੁ ਕੋ ਇਸ ਛਿਨ ਮੁਖ ਜੋਵਾ ॥੩੨॥

ਗੁਰੂ ਜੀ ਦੇ ਚਾਰ-ਚੁਫੇਰੇ ਭੀੜ ਲੱਗ ਗਈ। ਚਰਨ ਬੰਦਨਾ ਕਰਕੇ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਸਮਝਦੇ ਸਨ। ਕਹਿ ਰਹੇ ਸਨ, "ਸਾਡਾ ਜਨਮ ਸਫਲ ਹੋਇਆ ਹੈ। ਜਗਤ ਗੁਰੂ ਜੀ ਦੇ ਇਸ ਵੇਲੇ ਦਰਸ਼ਨ ਕੀਤੇ ਹਨ" ॥ ੩੨ ॥

ਛਪੈ ਛੰਦ- ਚਉਰਾਸੀ ਜੇ ਸਿੱਧ ਨਾਥ ਨਉਂ ਜਤੀ ਮਿਲੇ ਤਬਿ।
ਸੁਧ ਸੁਨਿ ਸ੍ਰੋਨਨ ਬਿਖੇ ਸੰਗ ਗੋਰਖ ਲੈਕੇ ਸਭਿ।
ਗਮਨ ਕੀਨ ਤਤਕਾਲ ਆਇਗੇ ਪੁਰਿ ਕਰਤਾਰਾ।
ਦਰਸ਼ਨ ਕਰਿ ਹਰਖਾਇ ਬਦਨ 'ਆਦੇਸ਼' ਉਚਾਰਾ।
ਪ੍ਰਭੁ ਜਥਾ ਜੋਗ ਸਨਮਾਨ ਕਰਿ ਮ੍ਰਿਦੁਲ ਬਚਨ ਕਰਿ ਪਰਸਪਰ।
ਪੁਨ ਤਟ ਡੇਰਾ ਐਰਾਵਤੀ ਕਰਜੋ ਰਿਦੇ ਆਨੰਦ ਭਰਿ॥ ੩੩ ॥

ਚੌਰਾਸੀ ਜੋ ਸਿੱਧ ਨਾਥ ਹਨ ਅਤੇ ਨੌਂ ਜਤੀ ਆ ਕੇ ਮਿਲੇ। ਆਪਣੇ ਕੰਨਾਂ ਨਾਲ ਖਬਰ ਸੁਣ ਕੇ ਗੋਰਖ ਨੂੰ ਆਪਣੇ ਨਾਲ ਲਿਆ। ਝੱਟ ਚਲ ਪਏ ਅਤੇ ਕਰਤਾਰਪੁਰ ਪਹੁੰਚ ਗਏ। ਦਰਸ਼ਨ ਕਰਕੇ ਬਹੁਤ ਖੁਸ਼ ਹੋਏ ਅਤੇ ਆਦੇਸ਼ ਦਾ ਉਚਾਰਨ ਕੀਤਾ। ਗੁਰੂ ਜੀ ਨੇ ਯਥਾਯੋਗ ਸਨਮਾਨ ਕੀਤਾ ਅਤੇ ਕੋਮਲ ਬਚਨ ਕਹੇ। ਫਿਰ ਉਨ੍ਹਾਂ ਹਿਰਦੇ ਵਿਚ ਅਨੰਦ ਧਾਰਨ ਕਰਕੇ ਦਰਿਆ ਰਾਵੀ ਦੇ ਕੰਢੇ ਆਪਣਾ ਡੇਰਾ ਲਾ ਲਿਆ॥ ੩੩ ॥

ਤਿਹ ਅਨਿਮਿਖ ਮੁਖ ਭੁਈ ਅਰੁਨਤਾ ਜੋਤਿ ਪ੍ਰਕਾਸ਼ੀ।
ਸਵਿਤਾ ਦਿਪਤ ਪ੍ਰਭਾਤਿ, ਸਿੱਖ ਮੁਖ ਅਪਜ ਬਿਗਾਸੀ।
ਚਖ ਚਕੋਰ ਚਿਤਵੰਤਿ ਚੰਦ੍ਰਮਾ ਚਾਰੁ ਬਦਨ ਛਬਿ।
ਦਰਸ਼ਨ ਕਰਿ ਸੁਖ ਪਾਇ ਰਹੇ ਬਿਸਮਾਇ ਰਿਦੇ ਸਭਿ।
ਇਸ ਬਿਧਿ ਪ੍ਰਤਾਪ ਅਦਭੁਤ ਭਯੋ ਕਹਿ ਨ ਜਾਇ ਕਵਿ ਅਲਪ ਮਤਿ।
ਸਭਿ ਅਹਿਪਤ, ਗੁਣਪਤਿ, ਸਾਰਦਾ, ਲਖਿ ਨ ਸਕਹਿਂ ਜਿਹ ਅਲਖ ਗਤਿ ॥੩੪ ॥

ਗੁਰੂ ਜੀ ਦੇ ਮੁਖੜੇ ਤੇ ਲਾਲੀ ਵਾਲੀ ਜੋਤ ਪ੍ਰਕਾਸ਼ੀ ਸੀ, ਜਿਵੇਂ ਪ੍ਰਭਾਤ ਦਾ ਸੂਰਜ ਲਾਲੀ ਨਾਲ ਪ੍ਰਕਾਸ਼ਦਾ ਹੈ ਅਤੇ ਸਿੱਖ ਗੁਰੂ ਜੀ ਦੇ ਮੁੱਖ ਨੂੰ ਇਕ ਟਕ ਬੰਨ੍ਹ ਕੇ ਵੇਖਦੇ ਸਨ। ਸਿੱਖਾਂ ਦੇ ਮੁੱਖ ਕੰਵਲ ਵਾਂਗ ਖਿੜੇ ਹੋਏ ਸਨ। ਗੁਰੂ ਜੀ ਦੇ ਸੁੰਦਰ ਮੁੱਖ ਦੀ ਚੰਦਰਮਾ ਵਰਗੀ ਛੱਵੀ ਨੂੰ, ਸਿੱਖਾਂ ਦੇ ਨੇਤਰ ਚਕੋਰ ਵਾਂਗ ਵੇਖ ਰਹੇ ਸਨ। ਗੁਰੂ ਜੀ ਦਾ ਇਸ ਤਰ੍ਹਾਂ ਦਾ ਅਦਭੁਤ ਪਰਤਾਪ ਸੀ ਕਿ ਕਵੀ ਦੀ ਥੋੜ੍ਹੀ ਮੱਤ ਬਿਆਨ ਨਹੀਂ ਕਰ ਸਕਦੀ। ਸ਼ੇਸ਼ਨਾਗ, ਗਣੇਸ਼ ਅਤੇ ਸਰਸਵਤੀ ਸਭ ਉਸ ਨਾ ਜਾਣੀ ਜਾਣ ਵਾਲੀ ਗਤੀ ਨੂੰ ਜਾਣ ਨਹੀਂ ਸੀ ਸਕਦੇ॥ ੩੪ ॥

ਨੌਮੀ ਕੇ ਦਿਨ ਅਮਰ ਧਰੇ ਮਾਨੁਖ ਤਨ ਆਏ।
ਇੰਦ੍ਰ, ਚੰਦ੍ਰ, ਦਿਨਿੰਦ, ਪੌਨ ਅਲਕਿੰਦ੍ਰ ਸੁਹਾਏ।
ਬ੍ਰਿਹਸਪਤਿ, ਜਲਪਤਿ, ਜਜੰਤ ਅਪਰ ਇਤਿਆਦਿਕ ਸਭਿ ਹੀ।
ਤੇਤਿਸ ਕੋਟ ਸਮੂਹ ਆਨ ਪਹੁੰਚਤਿ ਭੇ ਤਬਿਹੀ।
ਪੁਨਿ ਚਤੁਰ ਬੇਦ ਨਿਜ ਰੂਪ ਧਰਿ ਪ੍ਰਗਟਿ ਭਏ ਕਰਤਾਰਪੁਰਿ।
ਮਿਲਿ ਅਨਿਕ ਭਾਂਤਿ ਉਸਤਤਿ ਭਨਹਿਂ ਅਤਿ ਉਤਸਵ ਕਰ ਹਰਖ ਉਰ ॥੩੫ ॥

ਨੌਮੀ ਵਾਲੇ ਦਿਨ ਸਾਰੇ ਦੇਵਤੇ, ਮਨੁੱਖ ਤਨ ਧਾਰ ਕੇ ਆਏ। ਇੰਦਰ, ਚੰਦਰ, ਸੂਰਜ, ਪੌਣ ਦੇਵਤਾ, ਅਲਕਾਪੁਰੀ ਦਾ ਮਾਲਕ ਕੁਬੇਰ ਸਾਰੇ ਸ਼ੋਭ ਰਹੇ ਸਨ। ਬ੍ਰਹਿਸਪਤ, ਵਰੁਣ, ਇੰਦਰ ਦਾ ਪੁੱਤਰ ਉਪਿੰਦਰ, ਹੋਰ ਸਭ ਹੀ ਆਏ ਸਨ। ਤੇਤੀ

ਕਰੋੜ ਦੇਵਤਿਆਂ ਦੇ ਸਾਰੇ ਸਮੂਹ ਪਹੁੰਚ ਗਏ ਸਨ। ਫਿਰ ਚਾਰੇ ਵੇਦ ਮਨੁੱਖ ਦਾ ਰੂਪ ਧਾਰ ਕੇ ਕਰਤਾਰਪੁਰ ਵਿਚ ਪ੍ਰਗਟ ਹੋਏ। ਸਾਰੇ ਮਿਲ ਕੇ ਦਿਲ ਵਿਚ ਪ੍ਰਸੰਨ ਹੋ ਕੇ ਇਕ ਵੱਡਾ ਉਤਸਵ ਕਰਕੇ ਗੁਰੂ ਜੀ ਦੀ ਉਸਤਤੀ ਗਾ ਰਹੇ ਸਨ॥ ੩੫॥

ਨਰਾਜ ਛੰਦ- 'ਨਮਸਤ ਆਦਿ ਰੂਪਣੰ ਸਮਸਤ ਮੈਂ ਬਿਰਾਜਿ ਹੀ।
ਮਯੰਕ ਮਾਂਹਿ ਕ੍ਰਾਂਤਿ, ਮਾਰਤੰਡ ਦੀਪ ਛਾਜਿਹੀ।
ਸਪੰਦ ਮੈਂ ਪ੍ਰਭੰਜਨੰ ਜਲੰ ਦ੍ਰਵੰਤਿ ਰੂਪ ਹੋ।
ਅਕਾਸ਼ ਮੈਂ ਵਿਕਾਸ਼ ਤੂੰ, ਧਰਾ ਧ੍ਰਿਤੀ ਅਨੂਪ ਹੋ॥ ੩੬॥

''ਆਦਿ ਰੂਪ ਨੂੰ ਨਮਸ਼ਕਾਰ ਹੈ ਜੋ ਸਭ ਵਿਚ ਬਿਰਾਜ ਰਿਹਾ ਹੈ। ਚੰਦ ਵਿਚ ਜੋ ਸੁੰਦਰਤਾ ਹੈ, ਉਹ ਤੁਸੀਂ ਹੋ, ਸੂਰਜ ਵਿਚ ਪ੍ਰਕਾਸ਼ ਹੋ ਕੇ ਤੁਸੀਂ ਚੱਖ ਰਹੇ ਹੋ, ਹਵਾ ਵਿਚ ਆਪ ਹੀ ਵੇਗ ਰੂਪ ਹੋ, ਜਲ ਵਿਚ ਆਪ ਹੀ ਵਹਿਣ ਰੂਪ ਹੋ। ਅਕਾਸ਼ ਵਿਚ ਤੁਸੀਂ ਫੈਲਾਵ ਰੂਪ ਹੋ, ਧਰਤੀ ਵਿਚ ਅਸਚਰਜ ਧੀਰਜ ਰੂਪ ਹੋ॥ ੩੬॥

ਸੁ ਤੇਜ ਮੈਂ ਹੁਤਾਸਨੰ, ਸਮੁੰਦ੍ਰ ਮੈਂ ਗੰਭੀਰਤਾ। ਸੰਤੋਖ ਬਿੱਪ੍ਰ ਬ੍ਰਿੰਦ ਜੇ ਛੱਤ੍ਰੀਨ ਬੀਚ ਬੀਰਤਾ।
ਮਝਾਰ ਬੈਸ਼ ਬਾਨਜੰ, ਸੁ ਸੇਵ ਸ਼ੂਦ੍ਰ ਵਾਨਯੰ। ਭਿਖਾਰਿ ਮਾਹਿ ਜਾਚਨਾ ਦਤਾਰ ਮਾਂਹਿ ਦਾਨਯੰ॥੩੭॥

ਅਗਨੀ ਵਿਚ ਤੁਹਾਡਾ ਹੀ ਤੇਜ ਰੂਪ ਹੈ, ਸਮੁੰਦਰ ਵਿਚ ਤੁਹਾਡਾ ਹੀ ਗੰਭੀਰ ਰੂਪ ਹੈ। ਸਾਰੇ ਬ੍ਰਾਹਮਣਾਂ ਵਿਚ ਤੁਸੀਂ ਸੰਤੋਖ ਰੂਪ ਹੋ ਅਤੇ ਸਾਰੇ ਖੱਤਰੀਆਂ ਵਿਚ ਬੀਰਤਾ ਰੂਪ ਹੋ। ਵੈਸ਼ਾਂ ਵਿਚ ਤੁਸੀਂ ਵਣਜ ਰੂਪ ਹੋ ਅਤੇ ਸ਼ੂਦਰਾਂ ਵਿਚ ਸੇਵਾ ਰੂਪ ਹੋ। ਭਿਖਾਰੀਆਂ ਵਿਚ ਮੰਗ ਰੂਪ ਹੋ ਅਤੇ ਦਾਤਿਆਂ ਵਿਚ ਦਾਨੀ ਰੂਪ ਹੋ॥ ੩੭॥

ਨਰੇਸ਼ ਮੈਂ ਨਰੇਸ਼ਤਾ ਸੁ ਰੰਕ ਮਾਂਹਿ ਰੰਕਤਾ। ਸਥਾਵਰੋ ਸਥਿਰਤਤਾ, ਚਰੀ ਬਿਖੈ ਚਰੰਤਤਾ।
ਕ੍ਰਿਪਾਲ ਮੈਂ ਦਯਾ ਸਰੂਪ, ਕ੍ਰੂਰ ਮੈ ਸੁ ਕ੍ਰੂਰਤਾ। ਕਿ ਊਨ ਮਾਹਿ ਊਨਤਾ, ਸੰਪੂਰਨੰ ਸਪੂਰਤਾ॥੩੮॥

ਰਾਜਿਆਂ ਵਿਚ ਰਾਜ ਰੂਪ ਹੋ ਅਤੇ ਕੰਗਾਲਾਂ ਵਿਚ ਗਰੀਬੀ ਰੂਪ ਹੋ। ਸਥਿਰ (ਨਾ ਚੱਲਣ ਵਾਲੀਆਂ) ਵਸਤਾਂ ਵਿਚ ਟਿਕਾਓ ਰੂਪ ਹੋ ਅਤੇ ਚੱਲਣ ਵਾਲਿਆਂ ਵਿਚ ਚਾਲ ਰੂਪ ਹੋ। ਊਣਿਆਂ ਵਿਚ ਊਣਤਾ ਰੂਪ ਹੋ ਅਤੇ ਸੰਪੂਰਨ ਵਿਚ ਪੂਰਨ ਰੂਪ ਹੋ॥ ੩੮॥

ਸਮੂਹ ਮੈ ਸਮੂਹ ਰੂਪ, ਬੀਜ ਬੀਚ ਬੀਜਤਾ। ਸਰੋਸ ਮਾਂਹਿ ਰੋਸਤਾ, ਪ੍ਰਸੀਜ ਮੈਂ ਪ੍ਰਸੀਜਤਾ।
ਤਪੀ ਬਿਖੈ ਤਪੰਤਤਾ, ਪ੍ਰਕਾਸ਼ ਮੈਂ ਪ੍ਰਕਾਸ਼ਤਾ। ਜਿ ਤੱਤ ਗਜਾਤ ਮਾਨਵੰ ਸੁ ਤਾਂਹਿ ਐਸ ਭਾਸਤਾ॥੩੯॥

ਸਮੂਹ ਵਿਚ ਤੁਸੀਂ ਸਮੂਹ ਰੂਪ ਹੋ ਅਤੇ ਬੀਜ ਵਿਚ ਪੁੰਗਰਣ ਰੂਪ ਹੋ। ਕ੍ਰੋਧੀਆਂ ਵਿਚ ਰੋਸ ਰੂਪ ਹੋ ਅਤੇ ਪ੍ਰਸੰਨਾਂ ਵਿਚ ਪ੍ਰਸੰਨਤਾ ਰੂਪ ਹੋ। ਤਪੀਆਂ ਵਿਚ ਤਪੱਸਿਆ ਰੂਪ ਹੋ ਅਤੇ ਪ੍ਰਕਾਸ਼ ਵਾਲਿਆਂ ਵਿਚ ਪ੍ਰਕਾਸ਼ ਰੂਪ ਹੋ। ਜੋ ਤੱਤ ਗਿਆਨ ਵਾਲੇ ਲੋਕ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਲਗਦਾ ਹੈ॥ ੩੯॥

ਪ੍ਰਭੂ ਸਮਸਤ ਲੋਕ ਕੇ ਸਮਸਤ ਕੇਰ ਕਾਰਣੰ। ਸਮਸਤ ਕੋ ਸਮ੍ਹਾਰਿ ਕੈ ਕਰੰਤਿ ਪ੍ਰੀਤਿਪਾਰਣੰ।
ਸਮਸਤ ਕੇ ਸੰਘਾਰਕੰ ਸਮਾਨ ਕੋਇ ਔਰ ਨਾ। ਜਹਾਂ ਤਹਾਂ ਬਿਰਾਜਤੇ ਕਹੂੰਕ ਊਣ ਠੌਰ ਨਾ॥੪੦॥

ਕਿ ਤੁਸੀਂ ਸਾਰੀ ਲੋਕਾਈ ਦੇ ਮਾਲਕ ਹੋ ਤੇ ਸਾਰਿਆਂ ਦਾ ਕਾਰਨ ਹੋ, ਸਾਰਿਆਂ ਨੂੰ ਸੰਭਾਲ ਕੇ ਪਾਲਣਾ ਕਰਦੇ ਹੋ। ਸਾਰਿਆਂ ਦੇ ਨਾਸ਼ ਕਰਤਾ ਹੋ, ਆਪ ਦੇ ਤੁਲ ਹੋਰ ਕੋਈ ਬਲੀ ਨਹੀਂ, ਜਿਥੇ-ਕਿਥੇ ਤੁਸੀਂ ਬਿਰਾਜ ਰਹੇ ਹੋ, ਕੋਈ ਵੀ ਤੁਹਾਡੇ ਬਗੈਰ ਊਣੀ ਥਾਂ ਨਹੀਂ ਹੈ॥ ੪੦॥

ਸਮਸਤ ਬੀਚ ਤੂੰ ਬਸੈਂ, ਸਮਸਤ ਮਾਂਹਿ ਤੋਹਿ ਹੈਂ। ਮਿਲੋ ਨਿਰਾਲਮਾ ਰਹੈਂ, ਅਲੇਪ ਹੈਂ ਅਮੋਹ ਹੈ।
ਅਨਾਦਿ ਤੂੰ, ਅਜਾਦਿ ਤੂੰ, ਸਕੈਵਲੰ, ਅਕਾਰਣੰ। ਅਸੰਗ ਹੋ, ਅਭੰਗ ਹੋ, ਅਨੰਗ ਦੋਖ ਹਾਰਣੰ॥੪੧॥

ਸਾਰਿਆਂ ਵਿਚ ਤੁਸੀਂ ਵੱਸਦੇ ਹੋ ਅਤੇ ਸਾਰੇ ਤੁਹਾਡੇ ਵਿਚ ਵੱਸਦੇ ਹਨ। ਤੁਸੀਂ ਮਿਲੇ ਹੋਏ ਹੋ, ਫਿਰ ਵੀ ਵੱਖਰੇ ਹੋ, ਅਲੇਪ ਹੋ ਅਤੇ ਮੋਹ-ਰਹਿਤ ਹੋ। ਤੁਸੀਂ ਅਨਾਦਿ ਹੋ ਅਤੇ ਬ੍ਰਹਮਾ ਦਾ ਆਦਿ ਵੀ ਤੁਸੀਂ ਹੋ। ਤੁਸੀਂ ਸਕੇਵਲ ਹੋ ਭਾਵ ਤੁਸੀਂ ਕਦੇ ਕਲੇਸ਼ ਕਰਮ ਜਨਮ ਵਿਚ ਨਹੀਂ ਆਉਂਦੇ। ਤੁਸੀਂ ਕਾਰਨ-ਰਹਿਤ ਹੋ, ਤੁਸੀਂ ਸੰਗ-ਰਹਿਤ ਹੋ, ਕਦੀ ਭੰਗ ਨਹੀਂ ਹੁੰਦੇ ਅਤੇ ਕਾਮ ਦਾ ਦੁੱਖ ਦੂਰ ਕਰਨ ਵਾਲੇ ਹੋ॥ ੪੧॥

**ਅਨੰਤ, ਸ੍ਰੀ ਮਹੰਤ, ਸਰਬ ਕੰਤ, ਮੋਹ ਭੰਜਨੰ। ਅਧਾਰ ਲੋਕ ਚਉਦਹੂੰ, ਅਪਾਰਰੂਪ, ਰੰਜਨੰ।**
**ਨਿਰੰਜਨੰ ਅਗੰਜਨੰ, ਅਮ੍ਰਿਜਨੰ ਸੁਜਾਨਿਯੰ। ਸਦੀਵ ਨੇਤਿ ਨੇਤਿ ਭੂਤ ਭਬਿਯੰ ਬਖਾਨਿਯੰ॥੪੨॥**

ਤੁਸੀਂ ਬੇਅੰਤ ਹੋ, ਸਰੀਰ ਦੇ ਵੱਡੇ ਹੋ, ਸਾਰੀ ਸ੍ਰਿਸ਼ਟੀ ਦੇ ਮਾਲਕ ਹੋ, ਮੋਹ ਦਾ ਨਾਸ਼ ਕਰਨ ਵਾਲੇ ਹੋ, ਚੌਦਾਂ ਲੋਕਾਂ ਦਾ ਅਧਾਰ ਹੋ, ਤੁਹਾਡਾ ਅਪਾਰ ਰੂਪ ਹੈ ਅਤੇ ਹਰ ਇਕ ਨੂੰ ਪ੍ਰਸੰਨ ਕਰਨ ਵਾਲੇ ਹੋ। ਮਾਇਆ-ਰਹਿਤ ਹੋ, ਨਾ ਭੱਜਣ ਟੁੱਟਣ ਵਾਲੇ ਹੋ, ਉਤਪਤੀ ਰਹਿਤ ਹੋ, ਸਰਬ ਜਾਨਣ ਵਾਲੇ ਹੋ, ਪਿਛਲੇ, ਅੱਜ ਦੇ ਤੇ ਆਉਣ ਵਾਲੇ ਸਮੇਂ ਦੇ ਲੋਕਾਂ ਨੇ ਆਪ ਜੀ ਨੂੰ ਨੇਤ ਨੇਤ ਭਾਵ ਬੇਅੰਤ ਹੈ ਬੇਅੰਤ ਹੈ, ਕਿਹਾ ਹੈ॥ ੪੨॥

**ਗੁਰੂ ਸਰੂਪ ਧਾਰਿ ਸੱਤਿਨਾਮ ਕੋ ਪਦੇਸਿਯੰ। ਪਖੰਡ ਕੋ ਨਿਕੰਦਿ ਕੈ ਨ ਮਾਨ ਛੋਰਿ ਲੇਸਯੰ।**
**ਅਨੰਦ, ਹੀਨ ਦੁੰਦ ਕੈ, ਮੁਕੰਦ, ਸਰਬ ਬੰਦ ਜੂ। ਨਮਸਤਯੰ, ਨਮਸਤਯੰ, ਨਮਸਤਯੰ, ਗੁਬਿੰਦ ਜੂ॥੪੩॥**

ਗੁਰੂ ਸਰੂਪ ਧਾਰ ਕੇ ਆਪ ਨੇ ਸਤਿਨਾਮ ਦਾ ਉਪਦੇਸ਼ ਦਿੱਤਾ ਹੈ। ਪਖੰਡਾਂ ਦਾ ਨਾਸ਼ ਕਰਕੇ ਥੋੜ੍ਹਾ ਵੀ ਮਾਣ ਨਹੀਂ ਰਹਿਣ ਦਿੱਤਾ ਹੈ। ਅਨੰਦ ਰੂਪ ਹੋ, ਦੂੰਦਾਂ ਤੋਂ ਰਹਿਤ ਹੋ, ਮੁਕਤੀਦਾਤੇ ਹੋ, ਸਭ ਦੇ ਬੰਦਨਾਯੋਗ ਹੋ। ਹੇ ਗੋਬਿੰਦ ਜੀ! ਤੁਹਾਨੂੰ ਨਮਸ਼ਕਾਰ ਹੋਵੇ, ਨਮਸ਼ਕਾਰ ਹੋਵੇ, ਨਮਸ਼ਕਾਰ ਹੋਵੇ॥ ੪੩॥

**ਛਪਯ ਛੰਦ- ਭਾਉ ਭਗਤਿ ਬਿਸਤਾਰ ਗੁਰੂ ਸਿੱਖੀ ਜਗ ਕੀਨੀ।**
**ਪੂਰਬ ਸਾਧਨ ਮੁਕਤਿ ਕਰਤਿ ਔਰੇ ਬਿਧਿ ਚੀਨੀ।**
**ਤਿਨ ਤੇ ਤੁਮਹਿ ਸੁਖੇਨ ਕੀਨ ਇਹੁ ਰੀਤਿ ਨਵੀਨੀ।**
**ਗਾਡੀਰਾਹੁ ਚਲਾਇ ਨਰਨ ਕੋ ਸ਼ੁਭ ਮਤਿ ਦੀਨੀ।**
**ਪ੍ਰਭੂ! ਨਮਹਿ ਨਮਹਿ ਪੁਨ ਪੁਨ ਨਮਹਿਂ, ਚਰਨ ਸ਼ਰਨ ਤਾਰਨ ਤਰਨ।**
**ਦੁਖ ਦਰਨ, ਕਰਨ ਸੁਖ, ਹਰਨ ਅਘ, ਸ੍ਰੀ ਨਾਨਕ ਕਾਰਨ ਕਰਨ॥੪੪॥**

ਪ੍ਰੇਮ ਭਗਤੀ ਦਾ ਵਿਸਥਾਰ ਕਰਕੇ ਗੁਰੂ ਜੀ ਨੇ ਸਿੱਖੀ ਨੂੰ ਜਗਤ ਵਿਚ ਪੈਦਾ ਕੀਤਾ ਹੈ। ਮੁਕਤੀ ਦੇ ਜਿਹੜੇ ਪਹਿਲੇ ਸਾਧਨ ਸਨ, ਉਨ੍ਹਾਂ ਨੂੰ ਹੋਰ ਵਿਧੀ ਅਨੁਸਾਰ ਪਹਿਚਾਣਿਆ ਹੈ। ਉਨ੍ਹਾਂ ਮੁਸ਼ਕਲ ਸਾਧਨਾਂ ਨੂੰ ਆਸਾਨ ਬਣਾ ਕੇ ਨਵੀਂ ਰੀਤ ਚਲਾਈ ਹੈ। ਗਾਡੀ ਰਾਹ ਚਲਾ ਕੇ ਮਨੁੱਖ ਨੂੰ ਸ਼ੁਭ ਮੱਤ ਦਿੱਤੀ ਹੈ।

ਹੇ ਪ੍ਰਭੂ ਜੀ! ਨਮਸ਼ਕਾਰ, ਨਮਸ਼ਕਾਰ, ਫਿਰ ਫਿਰ ਨਮਸ਼ਕਾਰ। ਤੁਹਾਡੇ ਚਰਨਾਂ ਦੀ ਜੋ ਸ਼ਰਨ ਲੈਂਦੇ ਹਨ ਤਰ ਜਾਂਦੇ ਹਨ। ਦੁੱਖਾਂ ਨੂੰ ਦੂਰ ਕਰਦੇ ਹੋ, ਸੁੱਖ ਦਿੰਦੇ ਹੋ, ਪਾਪਾਂ ਦਾ ਨਾਸ਼ ਕਰਦੇ ਹੋ। ਹੇ ਸ੍ਰੀ ਨਾਨਕ! ਤੁਸੀਂ ਆਪ ਹੀ ਕਰਨ ਕਾਰਨ ਹੋ'॥ ੪੪॥

**ਦੋਹਰਾ- ਕਰਿ ਉਸਤਤਿ ਇਸ ਭਾਂਤਿ ਕੀ ਰਹੇ ਨਗਰ ਕਰਤਾਰ।**
**ਅਨਿਕ ਲੋਕ ਜਹਿਂ ਆਵਈਂ, ਹੋਵਤਿ ਜੈਜੈਕਾਰ॥ ੪੫॥**

ਇਸ ਤਰ੍ਹਾਂ ਉਸਤਤੀ ਕਰਕੇ ਉਹ ਕਰਤਾਰਪੁਰ ਨਗਰ ਵਿਚ ਹੀ ਰਹੇ। ਜਿਥੇ ਅਨੇਕ ਲੋਕ ਆ ਰਹੇ ਸਨ ਉਥੇ ਜੈ ਜੈਕਾਰ ਹੋ ਰਹੀ ਸੀ॥ ੪੫॥

**ਚੌਪਈ- ਦਸੋ ਦਿਸ਼ਾ ਤੇ ਪੰਥਿ ਬਧੇਰੇ। ਦਰਸ ਕਰਨ ਚਿਤ ਚੌਂਪ ਘਨੇਰੇ।**

ਆਵਹਿਂ ਚਲੇ, ਭੀਰ ਬਡ ਹੋਈ। ਜਿਨ ਕੀ ਸੰਖ੍ਯਾ ਆਇ ਨ ਕੋਈ ॥੪੬ ॥

ਦਸਾਂ ਪਾਸਿਆਂ ਤੋਂ ਰਾਹੀ ਆ ਰਹੇ ਸਨ। ਦਰਸ਼ਨ ਕਰਨ ਦੀ ਵੱਡੀ ਚਾਹਤ ਸੀ। ਚਲ ਕੇ ਆਈ ਜਾ ਰਹੇ ਸਨ ਅਤੇ ਵੱਡੀ ਭੀੜ ਹੋ ਗਈ ਸੀ, ਜਿਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ॥ ੪੬ ॥

ਪੁਰਿ ਕਰਤਾਰ ਕੋਸ ਚਉਫੇਰੇ। ਆਇ ਨਰਨ ਕੀਨੇ ਬਹੁ ਡੇਰੇ।
ਸਰਬ ਰਹੇ ਨਿਸ ਮਹਿਂ ਤਿਹ ਥਾਈਂ। ਜਾਗ੍ਰਣ ਕੀਨੋ ਮਹਿਮਾ ਗਾਈ ॥੪੭ ॥

ਕਰਤਾਰਪੁਰ ਨਗਰ ਦੇ ਚਾਰ ਚੁਫੇਰੇ ਕੋਹਾਂ ਤਕ ਮਨੁੱਖਾਂ ਨੇ ਡੇਰੇ ਲਾਏ ਹੋਏ ਸਨ। ਸਾਰੀ ਰਾਤ ਉਹ ਓਥੇ ਰਹੇ। ਸਾਰੀ ਰਾਤ ਜਾਗਦੇ ਰਹੇ ਅਤੇ ਗੁਰੂ ਜੀ ਦੀ ਮਹਿਮਾ ਗਾਉਂਦੇ ਰਹੇ॥ ੪੭॥

ਅਰਧ ਬਿਭਾਵਰਿ ਹੋਈ ਜਬਿਹੀ। ਸ੍ਰੀ ਮੁਖ ਸੋਂ ਆਇਸੁ ਦੀ ਤਬਿਹੀ।
'ਚੰਦਨਯੁਤ ਘਨਸਾਰ ਗੁਲਾਬਾ। ਮ੍ਰਿਗਮਦ ਪੀਸਿ ਕਰਿ ਸਰਬ ਸ਼ਿਤਾਬਾ ॥੪੮ ॥

ਜਦ ਅੱਧੀ ਰਾਤ ਹੋਈ ਤਾਂ ਗੁਰੂ ਜੀ ਨੇ ਆਪਣੇ ਮੁੱਖ ਤੋਂ ਆਗਿਆ ਕੀਤੀ, "ਚੰਦਨ, ਕਪੂਰ ਅਤੇ ਗੁਲਾਬ ਕਸਤੂਰੀ ਨਾਲ ਘਸਾ ਕੇ ਛੇਤੀ ਲਿਆਵੋ॥ ੪੮ ॥

ਅਪਰ ਸੁਗੰਧਿ ਸਰਬ ਮਹਿਕਾਵਹੁ। ਸਗਰੇ ਸਦਨ ਬਿਖੈ ਛਿਰਕਾਵਹੁ।
ਨੀਕੀ ਆਨਹੁ ਕੁਸ਼ਾ ਬਿਛਾਵਹੁ। ਸੱਤਿਨਾਮ ਕੋ ਕੀਰਤਨ ਗਾਵਹੁ ॥ ੪੯ ॥

ਹੋਰ ਸਾਰੀਆਂ ਸੁਗੰਧੀਆਂ ਨੂੰ ਮਹਿਕਾਵੋ ਅਤੇ ਸਾਰੇ ਘਰ ਵਿਚ ਛਿੜਕਾ ਕਰੋ। ਚੰਗੀ ਦੱਭ ਲਿਆ ਕੇ ਵਿਛਾਵੋ ਅਤੇ ਪ੍ਰਭੂ ਦੇ ਸੱਚੇ ਨਾਂ ਦਾ ਕੀਰਤਨ ਗਾਵੋ॥ ੪੯ ॥

ਜਿਤੇ ਬੇਦ ਪਾਠੀ ਦਿਜ ਅਹਿਹੀਂ। ਕਰਹਿਂ ਬੇਦ ਧੁਨਿ ਬਿਲਮ ਨ ਗਹਿਹੀ।
ਸਰਬ ਜਿ ਨਰ ਸਤਿਨਾਮ ਉਚਾਰਹੁ। ਜਨਮ ਜਨਮ ਕੇ ਕਿਲਬਿਖ ਟਾਰਹੁ ॥੫੦ ॥

ਜਿੰਨੇ ਵੇਦ ਪਾਠੀ ਬ੍ਰਾਹਮਣ ਆਏ ਹਨ, ਉਹ ਵੇਦਾਂ ਦੀਆਂ ਧੁਨਾਂ ਆਰੰਭ ਕਰੋ ਅਤੇ ਦੇਰ ਨਾ ਲਾਉ। ਬਾਕੀ ਸਾਰੇ ਮਨੁੱਖ ਸਤਿਨਾਮ ਦਾ ਉਚਾਰਨ ਕਰੋ, ਜਨਮਾਂ-ਜਨਮਾਂ ਦੇ ਪਾਪ ਦੂਰ ਕਰੋ" ॥ ੫੦ ॥

ਛਪੈ ਛੰਦ-ਸੁਨਿ ਰਜਾਇ ਤਿਹ ਸਮੈਂ ਭਯੋ ਜੈਕਾਰ ਮੁਖਰਬਰ।
ਗਾਵਤਿ ਗੁਨ ਕਰਤਾਰ ਪ੍ਰੇਮ ਸੋਂ ਰਿਦੇ ਰਹੇ ਭਰਿ।
ਦਰਸ਼ਨ ਪਰਸਤਿ ਸਕਲ ਅਧਿਕ ਕਰੁਨਾ ਰਸ ਹੋਵਹਿਂ।
ਚਿੱਤ੍ਰ ਲਿਖੇ ਜੇ ਭੀਤ ਭਾਉ ਧਰਿ ਠਾਂਢੇ ਜੋਵਹਿਂ।
ਤਬ ਭੀਰ ਭਈ ਧ੍ਰਮਸਾਲ ਮਹਿਂ ਸ਼ਬਦ ਰਾਗ ਧੁਨਿ ਪੂਰਿਆ।
ਤਹਿਂ ਗਏ ਜੁ ਨਰ ਤਿਹ ਸਮੈਂ ਪਿਖਿ ਦੋਖ ਕਰੇ ਸਭਿ ਦੂਰਿਆ ॥ ੫੧ ॥

ਗੁਰੂ ਜੀ ਦੀ ਆਗਿਆ ਸੁਣ ਕੇ ਸੰਖ ਦੀ ਧੁਨੀ ਦੇ ਨਾਲ ਸ੍ਰੇਸ਼ਟ ਮੁੱਖਾਂ ਤੋਂ ਜੈ ਜੈ ਕਾਰ ਹੋ ਗਈ। ਕਰਤਾਰ ਦੇ ਗੁਣ ਗਾ ਰਹੇ ਸਨ ਅਤੇ ਹਿਰਦੇ ਪ੍ਰੇਮ ਨਾਲ ਭਰੇ ਸਨ। ਦਰਸ਼ਨ ਕਰਨ ਨਾਲ ਹੋਰ ਪ੍ਰੇਮ ਰਸ ਪੈਦਾ ਹੁੰਦਾ ਸੀ। ਕੰਧਾਂ ਤੇ ਲਿਖੀਆਂ ਮੂਰਤਾਂ ਵਾਂਗ ਬੁੱਤ ਬਣੇ ਖੜੇ ਹੋ ਕੇ ਵੇਖ ਰਹੇ ਸਨ। ਜਦ ਸ਼ਬਦ ਰਾਗ ਦੀ ਧੁਨੀ ਨੂੰ ਅਲਾਪਿਆ ਗਿਆ ਤਾਂ ਧਰਮਸਾਲਾ ਵਿਚ ਬਹੁਤ ਭੀੜ ਹੋ ਗਈ। ਉਸ ਸਮੇਂ ਜਿਹੜੇ ਮਨੁੱਖ ਓਥੇ ਗਏ, ਉਨ੍ਹਾਂ ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਸਾਰੇ ਪਾਪ ਦੂਰ ਕਰ ਲਏ॥ ੫੧ ॥

ਬਹੁਰ ਸੁਲਖਣੀ ਆਇ ਬੰਦਿ ਕਰ ਬੰਦਨ ਕੀਨੀ।
ਮਨ ਅਧੀਨ ਹ੍ਵੈ ਦੀਨ ਤੀਨ ਪਰਦੱਛਨ ਦੀਨੀ।
ਲੋਚਨ ਤੇ ਜਲ ਜਾਤਿ ਬੈਠਿਗੀ ਤਬੀ ਸਮੀਪਾ।
ਮੁਰਝਾਨੀ ਕੋ ਦੇਖਿ ਭਨਜੋ ਬੇਦੀ ਕੁਲਦੀਪਾ।
'ਇਕ ਸਿੱਖ ਜਾਹੁ ਸ੍ਰੀ ਚੰਦ ਢਿਗ ਲਖਮੀ ਦਾਸ ਸੰਜੁਕਤ ਜਹਿਂ।
ਜਸਪਦ ਲਜਾਉ ਬੁਲਾਇ ਤਿਨ, ਬਹੁਰ ਦਰਸ ਪਾਵਹਿਂ ਸੁ ਨਹਿਂ ॥੫੨॥

ਫਿਰ ਗੁਰੂ ਜੀ ਦੀ ਪਤਨੀ ਮਾਤਾ ਸੁਲੱਖਣੀ ਆਈ ਤੇ ਹੱਥ ਜੋੜ ਕੇ ਉਸ ਬੰਦਨਾ ਕੀਤੀ, ਮਨ ਅਧੀਨ ਕਰਕੇ ਅਤੇ ਦੀਨ ਹੋ ਕੇ ਉਸ ਤਿੰਨ ਪਰਦੱਖਣਾਂ ਕੀਤੀਆਂ। ਅੱਖਾਂ ਵਿਚ ਜਲ ਵਹਿ ਰਿਹਾ ਸੀ ਤੇ ਫਿਰ ਗੁਰੂ ਜੀ ਦੇ ਨੇੜੇ ਬੈਠ ਗਈ। ਚਿਹਰਾ ਮੁਰਝਾਇਆ ਵੇਖ ਕੇ ਗੁਰੂ ਜੀ ਨੇ ਬਚਨ ਕੀਤੇ, "ਇਕ ਸਿੱਖ ਜਾਵੇ, ਜਿਥੇ ਸ੍ਰੀ ਚੰਦ ਅਤੇ ਲਖਮੀ ਦਾਸ ਦੋਵੇਂ ਹਨ, ਉਨ੍ਹਾਂ ਨੂੰ ਛੇਤੀ ਬੁਲਾ ਕੇ ਲਿਆਵੇ, ਫਿਰ ਬਾਅਦ ਵਿਚ ਦਰਸ਼ਨ ਕਰ ਸਕਣ ਕਿ ਨਹੀਂ" ॥ ੫੨॥

ਦੋਹਰਾ-ਸੁਨਿ ਸੇਵਕ ਗਮਨਜੋ ਤੁਰਤ ਜਾਇ ਕੀਨ ਅਰਦਾਸ।
'ਤੁਮਹਿ ਬੁਲਾਵਤਿ ਸਤਿਗੁਰੂ ਉਠਿ ਚਲੀਏ ਤਿਨ ਪਾਸ॥ ੫੩॥

ਇਕ ਸਿੱਖ ਤੁਰੰਤ ਚਲੇ ਗਿਆ ਅਤੇ ਜਾ ਕੇ ਅਰਦਾਸ ਕੀਤੀ, "ਤੁਹਾਨੂੰ ਸਤਿਗੁਰੂ ਜੀ ਬੁਲਾਉਂਦੇ ਹਨ, ਉੱਠ ਕੇ ਉਨ੍ਹਾਂ ਦੇ ਪਾਸ ਜਾਵੋ॥ ੫੩॥

ਸਮਾਂ ਸਮਾਵਨ ਕੋ ਅਬੈ ਮਿਲਿ ਲੀਜੈ ਤਿਨ ਸਾਥ।
ਚਹਉ ਜੁ ਕੁਛ ਬੋਲਹੁ ਸੁਨਹੁ ਧਰਹੁ ਚਰਨ ਪਰ ਮਾਥ' ॥ ੫੪॥

ਹੁਣ ਉਨ੍ਹਾਂ ਦੇ ਸਮਾਉਣ ਦਾ ਸਮਾਂ ਆ ਗਿਆ ਹੈ, ਉਨ੍ਹਾਂ ਨੂੰ ਜਾ ਕੇ ਮਿਲ ਲਵੋ। ਜੋ ਚਾਹੋ ਸੋ ਬੋਲੋ, ਸੁਣੋ ਅਤੇ ਚਰਨਾਂ ਤੇ ਮੱਥਾ ਟੇਕੋ" ॥ ੫੪॥

ਬਦਨ ਬਿਹਸ ਕੈ ਬਚ ਕਹੇ 'ਦਿਵਸ ਸਪਤਮੀ ਜੈਸ।
ਹਮਹਿ ਬੁਲਾਵਤਿ ਹੈਂ ਅਬੈ ਆਜ ਸਮਾਵਹਿਂ ਤੈਸ' ॥ ੫੫॥

ਉਨ੍ਹਾਂ ਅੱਗੋਂ ਹੱਸ ਕੇ ਕਿਹਾ, "ਜਿਵੇਂ ਸਤਮੀਂ ਵਾਲੇ ਦਿਨ ਸਾਨੂੰ ਬੁਲਾਇਆ ਸੀ, ਤੇ ਸਮਾਏ ਨਹੀਂ ਸਨ, ਕੀ ਅੱਜ ਵੀ ਸਾਨੂੰ ਉਸ ਤਰ੍ਹਾਂ ਹੀ ਬੁਲਾਇਆ ਹੈ?" ॥ ੫੫॥

ਸੋਰਠਾ- ਨਹਿਂ ਆਏ ਤਿਹ ਕਾਲ ਜਾਨਹਿਂ ਮਾਨਵ ਆਨ ਜਿਉਂ।
ਏਕੰਕਾਰ ਕ੍ਰਿਪਾਲ ਰੂਪ ਧਰਜੋ ਨਹਿਂ ਜਾਨਈਂ॥ ੫੬॥

ਉਸ ਸਮੇਂ ਨਾ ਆਏ, ਗੁਰੂ ਜੀ ਨੂੰ ਹੋਰਨਾਂ ਪੁਰਸ਼ਾਂ ਵਾਂਗ ਜਾਣਿਆ। ਪ੍ਰਭੂ ਨੇ ਆਪ ਕ੍ਰਿਪਾਲੂ ਰੂਪ ਧਾਰਨ ਕੀਤਾ ਸੀ, ਇਸ ਤੱਥ ਨੂੰ ਉਹ ਨਹੀਂ ਜਾਣਦੇ ਸਨ॥ ੫੬॥

ਦੋਹਰਾ-ਸੁਨਿ ਕੈ ਤਿਨ ਕੇ ਬਚਨ ਕੋ ਸਿੱਖ ਅਯੋ ਗੁਰ ਪਾਸ।
ਜਿਹ ਬਿਧਿ ਤਿਨ ਉੱਤਰ ਦਯੋ ਕਰਤਿ ਭਯੋ ਅਰਦਾਸ॥ ੫੭॥

ਉਨ੍ਹਾਂ ਦੇ ਇਹ ਬਚਨ ਸੁਣ ਕੇ ਸਿੱਖ ਗੁਰੂ ਜੀ ਦੇ ਪਾਸ ਆ ਗਿਆ। ਜਿਸ ਤਰ੍ਹਾਂ ਉਨ੍ਹਾਂ ਨੇ ਉੱਤਰ ਦਿੱਤਾ ਸੀ, ਉਸ ਬਾਰੇ ਉਸ ਗੁਰੂ ਜੀ ਪਾਸ ਬੇਨਤੀ ਕਰ ਦਿੱਤੀ॥ ੫੭॥

ਸ੍ਰੀ ਗੁਰ ਸੁਨਿ ਤੂਸ਼ਨਿ ਰਹੇ ਬੈਠੇ ਸਭਾ ਮਝਾਰ।
ਬੇਦ ਸ਼ਬਦ ਧੁਨਿ ਹ੍ਵੈ ਰਹੀ ਦਰਸਹਿਂ ਲੋਕ ਹਜ਼ਾਰ॥ ੫੮॥

ਸਭਾ ਵਿਚ ਬੈਠੇ ਗੁਰੂ ਜੀ ਚੁੱਪ ਰਹੇ। ਵੇਦ ਸ਼ਬਦ ਧੁਨ ਹੋ ਰਹੀ ਸੀ ਤੇ ਹਜ਼ਾਰਾਂ ਲੋਕ ਦਰਸ਼ਨ ਕਰ ਰਹੇ ਸਨ॥ ੫੮॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ ਸਮਾਵਨ ਕੇ ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਮੋਂ ਅਧ੍ਯਾਯ॥ ੫੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਪਚਵੰਝਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ' ਹੈ, ਸਮਾਪਤ ਹੋਇਆ॥ ੫੫॥

## ਅਧਿਆਇ ਛਪੰਜਵਾਂ

### *ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ*

ਸ੍ਵੈਯਾ- ਕਰੁਨਾ ਗੁਰ ਜਾਚਿ ਸਦਾ ਸੁਖਦਾ ਮਨ ਕੇਰ ਬਿਕਾਰ ਕਰੋ ਹਰਨਾ।
ਹਰਿ ਨਾ ਭਜਨੋ ਭਵ ਕੋ ਕਰਤਾ ਮਹਿਮਾ ਗੁਨਿਕੈ ਪਰਿਹੋ ਸ਼ਰਨਾ।
ਸ਼ਰਨਾ ਮਨ ਆਨਿ ਹੰਕਾਰ ਤਜੋ, ਥਿਰ ਹੋਤਿ ਨਹੀਂ ਤਨ ਮੈਂ ਤਰੁਨਾ।
ਤਰਨਾ ਜਗਸਿੰਧੁ ਸੁਖੈਨ ਚਹੋ, ਕਹਿਨਾ ਲਖਿਬਾਦ, ਗਹੋ ਕਰਨਾ॥ ੧॥

ਮਨ ਦੇ ਵਿਕਾਰਾਂ ਨੂੰ ਦੂਰ ਕਰੋ ਅਤੇ ਗੁਰੂ ਜੀ ਦੀ ਮਿਹਰ ਸਦਾ ਮੰਗੋ, ਕਿਉਂਕਿ ਇਹੋ ਸਦਾ ਸੁਖਦਾਤੀ ਹੈ, ਹਰੀ ਦੇ ਨਾਮ ਦਾ ਸਿਮਰਨ ਨਾ ਕਰਨਾ ਜੋ ਇਸ ਸੰਸਾਰ ਦਾ ਰਚਨਹਾਰ ਹੈ, ਠੀਕ ਨਹੀਂ, ਇਸ ਲਈ ਹਿਰਦੇ ਵਿਚ ਵਿਚਾਰ ਕੇ ਗੁਰੂ ਜੀ ਦਾ ਜੱਸ ਕਰਕੇ ਸ਼ਰਨ ਜਾ ਪਵੋ। ਇਸ ਤਰ੍ਹਾਂ ਮਨ ਨੂੰ ਸ਼ਰਨ ਵਿਚ ਲਿਆ ਕੇ ਹੰਕਾਰ ਨੂੰ ਦੂਰ ਕਰੋ। ਇਸ ਬਗੈਰ ਚੰਚਲ ਤਨ ਸਥਿਰ ਨਹੀਂ ਹੁੰਦਾ। ਜੇ ਤੁਸੀਂ ਜਗਤ ਰੂਪ ਸਮੁੰਦਰ ਨੂੰ ਸੌਖੇ ਤਰਨਾ ਚਾਹੁੰਦੇ ਹੋ ਤਾਂ 'ਕਹਿਣੇ' ਨੂੰ ਵਿਰਥਾ ਸਮਝੋ ਅਤੇ 'ਕਰਨੇ' ਨੂੰ ਫੜ ਲਵੋ॥ ੧॥

ਦੋਹਰਾ-ਸ੍ਰੀ ਗੁਰ ਦਰਸ਼ਨ ਦੇਵਹੀਂ ਸ਼ਾਂਤਿ ਰੂਪ ਘਨ ਗਜਾਨ।
ਤਿਹ ਛਿਨ ਆਇ ਸਧਾਰਨਾ ਬੋਲਜੋ ਬੰਦੇ ਪਾਨ॥ ੨॥

ਸ਼ਾਂਤ ਰੂਪ ਅਤੇ ਗਿਆਨ ਭੰਡਾਰ ਗੁਰੂ ਜੀ ਦਰਸ਼ਨ ਦੇ ਰਹੇ ਸਨ। ਉਸ ਸਮੇਂ ਸਧਾਰਣ ਆਇਆ ਅਤੇ ਹੱਥ ਜੋੜ ਕੇ ਬੋਲਿਆ॥ ੨॥

ਚੌਪਈ- 'ਚੰਦਨ, ਮ੍ਰਿਗਮਦ ਸਕਲ ਘਸਾਏ। ਭਲੀ ਭਾਂਤਿ ਘਰ ਕੋ ਛਿਰਕਾਏ।
ਸਗਰੋ ਅਜਰ ਸੁ ਲੀਪ ਬਨਾਯੋ। ਸਭਿ ਸੁਗੰਧਿ ਨੀਕੇ ਮਹਿਕਾਯੋ॥ ੩॥

"ਚੰਦਨ, ਕਸਤੂਰੀ ਸਾਰੇ ਘਸਾਏ ਹਨ ਅਤੇ ਚੰਗੀ ਤਰ੍ਹਾਂ ਘਰ ਵਿਚ ਛਿੜਕਾਅ ਕਰ ਦਿੱਤਾ ਹੈ। ਸਾਰੇ ਵਿਹੜੇ ਵਿਚ ਪੋਚਾ ਫੇਰ ਦਿੱਤਾ ਹੈ ਅਤੇ ਸਾਰੀਆਂ ਸੁਗੰਧੀਆਂ ਚੰਗੀ ਤਰ੍ਹਾਂ ਮਹਿਕਾ ਦਿੱਤੀਆਂ ਹਨ॥ ੩॥

ਰਾਵਰ ਕੀ ਰਜਾਇ ਜਿਹ ਥਾਈਂ। ਤਹਾਂ ਮ੍ਰਿਦੁਲ ਬਹੁ ਕੁਸ਼ਾ ਡਸਾਈ'।
ਅਸ ਕਹਿਤਜੋ ਗਦਗਦ ਭੀ ਬਾਨੀ। ਲੋਚਨ ਤੇ ਜਲਧਾਰਿ ਚਲਾਨੀ॥ ੪॥

ਆਪ ਜੀ ਨੇ ਜਿੱਥੇ ਹੁਕਮ ਕੀਤਾ, ਓਥੇ ਬਹੁਤ ਕੋਮਲ ਦੱਭ ਵਿਛਾ ਦਿੱਤੀ ਹੈ।" ਇਸ ਤਰ੍ਹਾਂ ਕਹਿ ਕੇ ਗਲਾ ਭਰ ਆਇਆ ਅਤੇ ਅੱਖਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ॥ ੪ ॥

ਕਿਤਿਕ ਸਿੱਖ ਤਬਿ ਠਾਂਢੇ ਦਰਸੈਂ। ਬੈਠੇ ਕੇਤਿਕ ਦਰਸ਼ਨ ਪਰਸੈਂ।
ਸੁਨਿਕੈ ਸਭਿਹਿਨ ਕਰੁਨਾ ਠਾਨੀ। ਛੂਟਤਿ ਭਯੋ ਦ੍ਰਿਗ ਤੇ ਬਹੁ ਪਾਨੀ॥੫॥

ਕਈ ਸਿੱਖ ਉਸ ਵੇਲੇ ਖੜੇ ਹੋ ਕੇ ਦਰਸ਼ਨ ਕਰ ਰਹੇ ਸਨ, ਕਈ ਬੈਠ ਕੇ ਹੀ ਦਰਸ਼ਨ ਕਰ ਰਹੇ ਸਨ। ਇਹ ਸੁਣ ਕੇ ਸਾਰੇ ਵੈਰਾਗ-ਮਈ ਹੋ ਗਏ। ਸਾਰਿਆਂ ਦੀਆਂ ਅੱਖਾਂ ਵਿਚ ਬਹੁਤ ਜਲ ਵਹਿਣ ਲੱਗਾ॥ ੫ ॥

ਜਨੁ ਕਰਨਾ ਰਸ ਬਹੁਤ ਸਰੀਰਾ। ਧਰੇ ਬਿਸੂਰਤ ਹੋਇ ਅਧੀਰਾ।
ਗੁਰੂ ਗਜਾਨਘਨ ਪਿਖਿ ਸਭਿ ਤਾਈਂ। ਸ੍ਰੀ ਮੁਖ ਤੇ ਮ੍ਰਿਦੁ ਗਿਰਾ ਅਲਾਈ॥੬॥

ਹਰ ਇਕ ਦਾ ਸਰੀਰ ਵੈਰਾਗ-ਮਈ ਹੋ ਗਿਆ ਸੀ। ਧੀਰਜ-ਰਹਿਤ ਹੋ ਕੇ ਸਾਰੇ ਝੂਰ ਰਹੇ ਸਨ। ਗੁਰੂ ਜੀ ਨੇ ਮੁੱਖ ਤੋਂ ਬਚਨ ਕੀਤੇ॥ ੬ ॥

'ਤਨ ਸਨੇਹ ਸਭਿ ਝੂਠੋ ਜਾਨਹੁ। ਕਿਉਂ ਬਿਖਾਦ ਏਤੋ ਮਨ ਠਾਨਹੁ।
ਦੇਹਿ ਮਿਲਨਿ ਬਿਛਰਨਿ ਇਸ ਭਾਂਤੀ। ਹੋਤਿ ਦਿਵਸ ਪੁਨ ਆਵਹਿ ਰਾਤੀ॥੭॥

"ਸਰੀਰ ਨਾਲ ਪਿਆਰ ਸਭ ਝੂਠਾ ਜਾਣੋ। ਮਨ ਵਿਚ ਏਨਾ ਵਿਵਾਦ ਕਿਉਂ ਧਾਰਨ ਕੀਤਾ ਹੈ ? ਦੇਹ ਦਾ ਮਿਲਣਾ ਅਤੇ ਵਿਛੜਣਾ ਇਸ ਤਰ੍ਹਾਂ ਹੁੰਦਾ ਰਹਿੰਦਾ ਹੈ। ਦਿਨ ਚੜ੍ਹਦਾ ਹੈ ਫਿਰ ਰਾਤ ਹੋ ਜਾਂਦੀ ਹੈ॥ ੭॥

ਜੇ ਨਰ ਮਿਲੇ ਸ਼ਬਦ ਕੇ ਸੰਗਾ। ਰਹੇ ਸਦੀਵ ਰਾਚਿ ਤਿਹ ਰੰਗਾ।
ਤੇ ਨਹਿਂ ਬਿਛੁਰਹਿਂ ਬਹੁਰ ਕਦਾਈਂ। ਜਿਉਂ ਨੀਰਹਿ ਮੈਂ ਨੀਰ ਸਮਾਈ॥੮॥

ਜੇ ਮਨੁੱਖ ਸ਼ਬਦ ਦੇ ਨਾਲ ਜੁੜੇ, ਉਹ ਸਦਾ ਹੀ ਉਸ ਦੇ ਰੰਗ ਵਿਚ ਰਚਿਆ ਰਹਿੰਦਾ ਹੈ। ਉਹ ਫਿਰ ਕਦੀ ਵੀ ਵਿਛੜਦਾ ਨਹੀ। ਜਿਵੇਂ ਪਾਣੀ ਵਿਚ ਪਾਣੀ ਸਮਾ ਜਾਂਦਾ ਹੈ॥ ੮॥

ਮੁਝਸੋਂ ਮਿਲਨੇ ਕੀ ਜਿਹ ਚਾਹੀ। ਸਦਾ ਬਿਛੁਰਨੋ ਭਾਵਹਿ ਨਾਂਹੀ।
ਸੋ ਨਰ ਸ਼ਬਦਿ ਕਰਹਿਂ ਅੱਭਜਾਸੇ। ਸ੍ਰਵਨ ਮਨਨਿ, ਨਿਤ ਪ੍ਰਤਿ ਨਿੱਧਜਾਸੇ॥੯॥

ਜਿਸ ਨੂੰ ਮੈਨੂੰ ਮਿਲਣ ਦੀ ਚਾਹਿਤ ਹੈ, ਅਤੇ ਵਿਛੜਨਾ ਭਾਉਂਦਾ ਨਹੀਂ ਹੈ, ਉਹ ਮਨੁੱਖ ਸ਼ਬਦ ਦਾ ਅਭਿਆਸ ਕਰਨ ਅਤੇ ਨਿਤਾ-ਪ੍ਰਤੀ ਨਾਮ ਦਾ ਸੁਣਨਾ, ਮੰਨਣਾ ਅਤੇ ਸਿਮਰਨ ਕਰਕੇ ਉਸ ਵਿਚ ਟਿਕਣ ਦਾ ਯਤਨ ਕਰਨ॥ ੯॥

ਨਿਰਸੰਦੇਹ ਮਿਲੈਂ ਮੁਝ ਸੰਗਾ। ਬਹੁਰ ਨ ਬਿਛੁਰੈਂ ਹ੍ਵੈ ਇਕ ਰੰਗਾ।
ਤਾਂਤੇ ਤੁਮ ਅਬਿ ਤਜਹੁ ਬਿਖਾਦਾ। ਗਾਵਹੁ ਸ਼ਬਦ ਕਰਹੁ ਅਹਿਲਾਦਾ॥੧੦॥

ਇਸ ਵਿਚ ਕੋਈ ਸ਼ੱਕ ਨਹੀਂ, ਉਹ ਮੈਨੂੰ ਮਿਲਣਗੇ, ਫਿਰ ਕਦੀ ਨਹੀਂ ਵਿਛੜਣਗੇ ਤੇ ਇਕ ਰੰਗ ਹੋ ਜਾਣਗੇ। ਇਸ ਕਰਕੇ ਹੁਣ ਤੁਸੀਂ ਇਸ ਵਿਵਾਦ ਨੂੰ ਛੱਡ ਦੇਵੋ। ਸ਼ਬਦ ਦਾ ਗਾਇਣ ਕਰੋ ਅਤੇ ਅਨੰਦ ਲਵੋ॥ ੧੦॥

ਦ੍ਰਿਸ਼ਟਮਾਨ ਜੋ ਸਰਬ ਪਸਾਰਾ। ਨਾਸ਼ਵੰਤ ਸੋ ਲੇਹੁ ਬਿਚਾਰਾ।
ਹੋਤਿ ਵਿਪਰਜੈ ਥਿਰ ਨ ਰਹਾਈ। ਜਿਹ ਧ੍ਰੁਵ ਕਹਤਿ ਅਧ੍ਰੁਵ ਹ੍ਵੈ ਜਾਈਂ॥੧੧॥

ਇਹ ਸਾਰਾ ਪਸਾਰਾ ਜਿਹੜਾ ਸਾਨੂੰ ਦਿੱਸਦਾ ਹੈ, ਇਸ ਨੂੰ ਨਾਸ਼ਵੰਤ ਵਿਚਾਰ ਲਵੋ। ਇਸ ਨੇ ਇਕ ਦਿਨ ਖਤਮ ਹੋਣਾ ਹੈ, ਸਦਾ ਸਥਿਰ ਨਹੀਂ ਰਹਿਣਾ। ਜਿਸ ਨੂੰ ਅਟੱਲ ਕਹਿੰਦੇ ਹਨ, ਉਹ ਨਾਸ਼ ਹੋ ਜਾਂਦੇ ਹਨ॥ ੧੧॥

ਸਸਿ ਸੂਰਜ ਪਰਕਾਸ਼ ਕਰਾਊ। ਕਾਲ ਪਾਇ ਤਿਨ ਹੋਇ ਅਭਾਊ।
ਜੋ ਸੁਮੇਰੁ ਸਭਿ ਸੁਰਨ ਅਧਾਰਾ। ਛੈ ਹੋਵਤਿ ਤਿਨ ਲਗੈ ਨ ਬਾਰਾ ॥੧੨॥

ਚੰਦ ਸੂਰਜ ਜਿਹੜੇ ਪ੍ਰਕਾਸ਼ ਕਰਦੇ ਹਨ, ਕਾਲ ਪਾ ਕੇ ਉਨ੍ਹਾਂ ਵੀ ਨਾਸ਼ ਹੋ ਜਾਣਾ ਹੈ। ਜੋ ਸੁਮੇਰ ਪਰਬਤ ਸਭ ਦੇਵਤਿਆਂ ਦਾ ਆਸਰਾ ਹੈ: ਉਸ ਦੇ ਨਾਸ਼ ਹੋਣ ਵਿਚ ਵੀ ਕੋਈ ਦੇਰ ਨਹੀਂ ਲੱਗਦੀ॥ ੧੨॥

ਧਰਨੀ, ਜਲ, ਸਾਗਰ ਗੰਭੀਰਾ। ਅੱਗ੍ਰ ਕਾਲ ਸੋ ਧਰੈਂ ਨ ਧੀਰਾ।
ਪਾਵਕ, ਪੌਨ, ਪਰਾਕ੍ਰਮ ਯੁਕਤਾ। ਕਾਲ ਪਾਇ ਸੋ ਹੋਇਂ ਅਸ਼ਕਤਾ ॥੧੩॥

ਧਰਤੀ, ਜਲ ਅਤੇ ਗੰਭੀਰ ਸਮੁੰਦਰ ਮੌਤ ਦੇ ਸਾਹਮਣੇ ਧੀਰਜ ਨਹੀਂ ਧਾਰਨਗੇ। ਅਗਨੀ, ਪੌਣ ਆਪਣੇ ਬਲ ਸਹਿਤ ਕਾਲ ਪਾ ਕੇ ਨਿਰਬਲ ਹੋ ਜਾਣਗੇ॥ ੧੩॥

ਮਹਾਂਬਲੀ ਰਾਕਸ਼ ਜੇ ਰਾਜਾ। ਕਾਲ ਡੰਕ ਸਭਿ ਕੇ ਸਿਰ ਗਾਜਾ।
ਭੇ ਅਵਤਾਰ ਜਿਤੇ ਰਣ ਧੀਰਾ। ਕਾਲ ਪਾਇ ਕਿਯ ਤਜਨ ਸਰੀਰਾ ॥੧੪॥

ਮਹਾਂਬਲੀ ਜਿਹੜੇ ਰਾਖਸ਼ ਰਾਜੇ ਹੋਏ ਹਨ, ਸਭ ਦੇ ਸਿਰ ਤੇ ਕਾਲ ਦਾ ਡੰਗਾ ਵੱਜਾ ਹੈ। ਜਿੰਨੇ ਵੀ ਰਣਧੀਰ ਅਵਤਾਰ ਹੋਏ ਹਨ, ਕਾਲ ਪਾ ਕੇ ਸਰੀਰ ਛੱਡ ਗਏ ਹਨ॥ ੧੪॥

ਮਹਾਂ ਸਿੱਧ ਸੁਰ ਗੰਧ੍ਰਬ ਕਿੰਨਰ। ਯੱਖਜ ਆਦਿ ਸਭਿ ਹੈਂ ਛਿਨਭੰਗਰ।
ਜਮ, ਉਡਗਨ, ਪੁਰਹੂਤ, ਕੁਮੇਰਾ। ਹੋਇਂ ਵਿਪਰਜੈ ਲਗੈ ਨ ਦੇਰਾ॥ ੧੫॥

ਮਹਾਨ ਸਿੱਧ, ਦੇਵਤੇ, ਗੰਧ੍ਰਬ, ਕਿੰਨਰ, ਯੱਖਸ਼ ਆਦਿ ਇਸ ਦੁਨੀਆਂ ਵਿਚ ਆਏ ਹਨ। ਸਭ ਛਿਨ ਵਿਚ ਖਤਮ ਹੋ ਗਏ ਹਨ। ਜਮ, ਤਾਰਿਆਂ, ਇੰਦਰ, ਕੁਬੇਰ ਆਦਿ ਦੇ ਨਾਸ਼ ਹੋਣ ਵਿਚ ਵੀ ਕੋਈ ਦੇਰ ਨਹੀ ਲੱਗੀ ਹੈ॥ ੧੫॥

ਜੋ ਬ੍ਰਹਮਾ ਜਗ ਕਾਰਣ ਕੇਰੋ। ਤਿਹ ਅਭਾਵ ਕਰਿ ਕਾਲ ਕਰੇਰੋ।
ਹਰੀ ਬਿਸ਼ਨੁ ਜਿਹ ਜਗਤ ਅਲਾਇਂ। ਹਰੀ ਹਰਿਤ੍ਵਤਾ ਤਿਹ ਕੀ ਜਾਇ ॥੧੬॥

ਜਿਸ ਬ੍ਰਹਮਾ ਨੂੰ ਜਗਤ ਦੀ ਉਤਪਤੀ ਦਾ ਕਾਰਨ ਮੰਨਿਆ ਜਾਂਦਾ ਹੈ: ਉਸ ਨੂੰ ਵੀ ਕਰੜੇ ਕਾਲ ਨੇ ਖਤਮ ਕਰ ਦਿੱਤਾ। ਜਿਨ੍ਹਾਂ ਨੂੰ ਜਗ ਵਿਚ ਹਰੀ, ਵਿਸ਼ਨੂੰ ਕਿਹਾ ਜਾਂਦਾ ਹੈ, ਉਨ੍ਹਾਂ ਦਾ ਹਰੀਪੁਣਾ ਵੀ ਨਾਸ਼ ਹੋ ਜਾਵੇਗਾ॥ ੧੬॥

ਰੁਦ੍ਰਹਿ ਬੇਖ ਭਯਾਨਕ ਜਾਂਹੀ। ਕਾਲ ਪਾਇ ਸੇ ਹੋਵਹਿ ਨਾਂਹੀ।
ਸਭਿ ਕੋ ਜੋ ਅਧਾਰ ਆਕਾਸ਼ਾ। ਕਾਲ ਅਗਾਰੀ ਹੋਇ ਸੁ ਨਾਸ਼ਾ ॥੧੭॥

ਸ਼ਿਵਜੀ ਜਿਸ ਨੇ ਭਿਆਨਕ ਭੇਸ ਬਣਾਇਆ ਸੀ, ਕਾਲ ਪਾ ਕੇ ਫਿਰ ਨਹੀਂ ਰਿਹਾ। ਉਹ ਸਾਰੇ ਜਿਨ੍ਹਾਂ ਦਾ ਆਕਾਸ਼ ਅਧਾਰ ਹੈ, ਕਾਲ ਅੱਗੇ ਨਾਸ਼ ਹੋ ਜਾਣਗੇ॥ ੧੭॥

ਇਨ ਜੀਵਨ ਕਸਾ ਗਿਨਤੀ ਹੋਈ। ਗ੍ਰਸਜੇ ਕਾਲ ਕੇ ਹੈ ਸਭਿ ਕੋਈ।
ਰਹਿਨੋ ਇਸਥਿਰ ਕਿਨਹੂੰ ਨਾਂਹੀ। ਪਾਇ ਸਮਾਂ ਸਭਿਹੀ ਖਿਨਸਾਹੀਂ ॥੧੮॥

ਇਨ੍ਹਾਂ ਦੇ ਜੀਵਨ ਦੀ ਕੀ ਗਿਣਤੀ ਹੋ ਸਕਦੀ ਹੈ ? ਕਾਲ ਨੇ ਸਭ ਨੂੰ ਗ੍ਰੱਸਿਆ ਹੈ। ਕਿਸੇ ਨੇ ਵੀ ਸਦਾ ਸਥਿਰ ਨਹੀਂ ਰਹਿਣਾ, ਸਮਾਂ ਪਾ ਕੇ ਸਭ ਨੇ ਚਲੇ ਜਾਣਾ ਹੈ॥ ੧੮॥

ਅਤਿ ਸੂਖਮ ਤੇ ਸੂਖਮ ਕਾਲੂ। ਅਤਿ ਬਿਸ਼ਾਲਤੇ ਮਹਾਂ ਬਿਸ਼ਾਲੂ।
ਕਰਹਿ ਊਚ ਤੇ ਜੋ ਅਤਿ ਨੀਚੂ। ਨੀਚਹਿ ਥਪਹਿ ਊਚ ਖਿਨ ਬੀਚੂ ॥੧੯॥

ਛੋਟੇ ਤੋਂ ਛੋਟੇ ਜੀਵ ਵੀ ਕਾਲ ਵੱਸ ਹਨ ਅਤੇ ਵਿਸ਼ਾਲ ਤੋਂ ਮਹਾਂ ਵਿਸ਼ਾਲ ਵੀ ਕਾਲ ਪਾਸੋਂ ਵਿਨਾਸ਼ ਹੋਣਗੇ। ਵਾਹਿਗੁਰੂ ਉੱਚਿਆਂ ਤੋਂ ਅਤਿ ਨੀਵਾਂ ਕਰ ਦਿੰਦਾ ਹੈ, ਅਤੇ ਨੀਵਿਆਂ ਨੂੰ ਖਿਨ ਵਿਚ ਉੱਚਾ ਕਰ ਦਿੰਦਾ ਹੈ॥ ੧੯॥

ਰਾਈ ਮੇਰੁ, ਮੇਰੁ ਤੇ ਰਾਈ। ਬਸੇ ਉਜਾਰਹਿ, ਉਜਰਿ ਬਸਾਈ।
ਮਹਾਂਬਲੀ ਚਾਹੈ ਸੋ ਕਰਿਹੀ। ਇਸ ਆਗੈ ਕੋ ਧੀਰ ਨ ਧਰਿਹੀ॥੨੦॥

ਰਾਈ ਤੋਂ ਸੁਮੇਰ ਪਰਬਤ, ਅਤੇ ਸੁਮੇਰ ਪਰਬਤ ਤੋਂ ਰਾਈ ਬਣਾ ਦਿੰਦਾ ਹੈ। ਵੱਸਦਿਆਂ ਨੂੰ ਉਜਾੜ ਦਿੰਦਾ ਹੈ ਅਤੇ ਉਜੜਿਆਂ ਨੂੰ ਵਸਾ ਦਿੰਦਾ ਹੈ। ਉਹ ਮਹਾਂਬਲੀ ਹੈ ਜੋ ਚਾਹੇ ਕਰਦਾ ਹੈ, ਇਸ ਅੱਗੇ ਕੋਈ ਵੀ ਧੀਰਜ ਨਹੀਂ ਧਾਰਨ ਕਰਦਾ॥ ੨੦॥

ਧਨੁਖ ਅਭਾਵ ਹਾਥ ਹੈ ਜਾਂਕੇ। ਰਾਗ ਰੁ ਦ੍ਵੈਖ ਬਾਣ ਬਡ ਤਾਂਕੇ।
ਛੈ ਕਰਿ ਜਗ ਉਪਜਾਵਹਿ ਸੋਊ। ਸਿਸਿ ਲੀਲ੍ਹਾ ਜਿਉਂ ਦੇਖਿ ਨ ਕੋਊ॥੨੧॥

ਜਿਸ ਦੇ ਹੱਥ ਵਿਚ 'ਅਣਹੋਇਆ ਕਰਨ' ਰੂਪੀ ਧਨੁੱਖ ਹੈ, ਪ੍ਰੇਮ ਤੇ ਦ੍ਵੈਖ ਰੂਪੀ ਉਸ ਪਾਸ ਜੋ ਵੱਡੇ ਤੀਰ ਹਨ। ਜਗਤ ਖਤਮ ਕਰਕੇ, ਉਹੀ ਫਿਰ ਪੈਦਾ ਕਰਦਾ ਹੈ। ਜਿਵੇਂ ਬਾਲ ਲੀਲ੍ਹਾ ਕੋਈ ਦੇਖਦਾ ਨਹੀਂ॥ ੨੧॥

ਸੂਰਜ ਚੰਦ ਗੋਇ ਕਰਿ ਹਾਥੇ। ਖੇਲਹਿ ਨਿਤ ਉਛਾਰਿ ਤਿਨ ਸਾਥੇ।
ਬ੍ਰਹਮ ਉਦੰਬਰ ਬਿਰਖ ਸਮਾਨਾ। ਫਲ ਅਨੇਕ ਬ੍ਰਹਮੰਡ ਪ੍ਰਮਾਨਾ॥ ੨੨॥

ਸੂਰਜ ਚੰਦ ਨੂੰ ਗੇਂਦ ਵਾਂਗ ਹੱਥ ਵਿਚ ਫੜ ਕੇ ਨਿੱਤ ਖੇਡਦਾ ਹੈ ਅਤੇ ਹੱਥਾਂ ਨਾਲ ਉਪਰ ਉਛਾਲਦਾ ਹੈ। ਬ੍ਰਹਮ, ਗੂਲਰ ਦੇ ਬ੍ਰਿਛ ਵਾਂਗ ਹੈ, ਇਸ ਨੂੰ ਅਨੇਕਾਂ ਲੱਗੇ ਫਲ, ਬ੍ਰਹਿਮੰਡ ਸਮਝੋ॥ ੨੨॥

ਭੱਖਜਤ ਕਾਲ ਨ ਤ੍ਰਿਪਤੈ ਕੈਸੇ। ਘ੍ਰਿੱਤ ਅਹੂਤੀ ਪਾਵਕ ਜੈਸੇ।
ਮੂਰਤ ਬਿਦਤਿ ਨ ਪਰਹਿ ਪਛਾਨੀ। ਘਟੀ, ਮਾਸ, ਬਰਖਹਿਂ ਤੇ ਜਾਨੀ॥੨੩॥

ਬ੍ਰਹਿਮੰਡਾਂ ਨੂੰ ਖਾਂਦਿਆਂ ਕਾਲ ਕਿਸੇ ਤਰ੍ਹਾਂ ਵੀ ਤ੍ਰਿਪਤ ਨਹੀਂ ਹੁੰਦਾ। ਜਿਵੇਂ ਅੱਗ ਉੱਤੇ ਘਿਉ ਪਾਉਣ ਨਾਲ ਅੱਗ ਹੋਰ ਮੱਚਦੀ ਹੈ। ਇਸ ਤਰ੍ਹਾਂ ਬ੍ਰਹਿਮੰਡਾਂ ਨੂੰ ਖਾ ਖਾ ਕੇ ਕਾਲ ਦੀ ਭੁੱਖ ਹੋਰ ਵਧਦੀ ਹੈ। ਕਾਲ (ਸਮੇਂ) ਦੀ ਮੂਰਤ ਪ੍ਰਗਟ ਨਹੀਂ ਪਹਿਚਾਣੀ ਜਾਂਦੀ। ਘੜੀਆਂ ਮਹੀਨਿਆਂ ਅਤੇ ਸਾਲਾਂ ਨਾਲ ਜਾਣੀ ਜਾਂਦੀ ਹੈ॥ ੨੩॥

ਝੀਵਰ ਕਾਲ ਕ੍ਰਿਆ ਜਿਹ ਜਾਲਾ। ਫਸੇ ਜੀਵ ਤਿਸ ਮਾਂਹਿ ਬਿਸਾਲਾ।
ਛੂਟਨ ਹੋਇ ਨ ਸੋ ਕਿਹ ਭਾਂਤੀ। ਦੁਖ ਮਹਿਂ ਪਚਹਿਂ ਨ ਪਾਵਹਿਂ ਸ਼ਾਂਤੀ॥੨੪॥

ਝੀਵਰ ਰੂਪ ਕਾਲ ਜਿਵੇਂ ਪਾਣੀ ਵਿਚ ਮੱਛੀਆਂ ਫੜਨ ਲਈ ਜਾਲ ਸੁੱਟਦਾ ਹੈ। ਉਸ ਵਿਚ ਬਹੁਤ ਜੀਵ ਫਸ ਜਾਂਦੇ ਹਨ। ਕਿਸੇ ਪ੍ਰਕਾਰ ਵੀ ਛੁਟਕਾਰਾ ਨਹੀਂ ਹੁੰਦਾ, ਦੁੱਖ ਵਿਚ ਪੈ ਜਾਂਦੇ ਹਨ ਅਤੇ ਸ਼ਾਂਤੀ ਨਹੀਂ ਪਾਉਂਦੇ॥ ੨੪॥

ਜੇਤਿਕ ਹੈ ਪਰਪੰਚ ਪਸਾਰਾ। ਕਈ ਬਾਰ ਕਿਯ ਕਾਲ ਅਹਾਰਾ।
ਬਹੁਰੋ ਰਚੈ ਸੁਖੇਨ ਸੰਵਰਿਕੈ। ਦ੍ਰੁਹਨ, ਬਿਸ਼ਨੁ, ਸ਼ਿਵ ਨਿਜ ਤਨ ਧਰਿਕੈ॥੨੫॥

ਇਹ ਜਿੰਨਾ ਵੀ ਪਰਪੰਚ ਪਸਾਰਾ ਹੈ, ਕਈ ਵਾਰ ਕਾਲ ਦਾ ਭੋਜਨ ਬਣਿਆ ਹੈ। ਫਿਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਦਾ ਤਨ ਧਾਰਨ ਕਰਕੇ ਦੁਬਾਰਾ ਸਵਾਰ ਬਣਾ ਕੇ ਰਚਨਾ ਕਰ ਦਿੰਦਾ ਹੈ॥ ੨੫॥

ਅੰਤਰ ਧਯਾਨ ਕਰੈ ਪੁਨ ਤਾਂਹੀ। ਗ੍ਰਸੈ ਸਕਲ ਕੋ ਤਜੈ ਨ ਕਾਹੀਂ।
ਬਿਨ ਕਰੁਨਾ ਤੇ ਕ੍ਰੂਰ ਬਿਸਾਲਾ। ਮ੍ਰਿਗ ਬ੍ਰਹਮੰਡ ਕੇਹਰੀ ਕਾਲਾ॥ ੨੬॥

ਫਿਰ ਤਿਨ੍ਹਾਂ ਨੂੰ ਅੰਤਰ-ਧਿਆਨ ਕਰ ਦਿੰਦਾ ਹੈ, ਸਾਰਿਆਂ ਨੂੰ ਗ੍ਰੱਸਦਾ ਹੈ, ਕਿਸੇ ਨੂੰ ਵੀ ਛੱਡਦਾ ਨਹੀਂ। ਦਿਆਲਤਾ ਰਹਿਤ ਅਤੇ ਵਿਸ਼ਾਲ ਸਖਤ ਹੈ। ਹਿਰਨ ਵਾਂਗ ਬ੍ਰਹਿਮੰਡ ਹੈ ਅਤੇ ਸ਼ੇਰ ਵਾਂਗ ਕਾਲ ਹੈ॥ ੨੬॥

ਦੋਹਰਾ- ਕਮਲ ਫੂਲ ਅਦਭੁਤ ਅਹੈ, ਬਚਜੋ ਤਾਂਹਿ ਤੇ ਸੋਇ।
ਨਹਿ ਸਮੀਪ ਤਹਿਂ ਜਾਵਈ ਰਹਜੋ ਬਿਨਾ ਬਲ ਹੋਇ॥ ੨੭॥

ਇਹ ਅਦਭੁਤ ਕੰਵਲ ਫੁੱਲ ਹੈ, ਉਸ ਕਾਲ ਤੋਂ ਕੇਵਲ ਬ੍ਰਹਮ ਹੀ ਬਚਿਆ ਹੈ। ਬ੍ਰਹਮ ਦੇ ਨੇੜੇ ਕਾਲ ਨਹੀਂ ਜਾਂਦਾ, ਉਸ ਦੇ ਸਾਹਮਣੇ ਬਲਹੀਣ ਦੇ ਹੋ ਜਾਂਦਾ ਹੈ॥ ੨੭॥

ਚੌਪਈ- ਸ਼ਾਂਤਿ ਮੈਤਰੀ ਅੰਕੁਰ ਤਾਸੂ। ਚੈਤੰਨਤਾ ਮਾਤ੍ਰ ਪਰਕਾਸੂ।
ਇਸ ਮਹਿਂ ਕਾਲ ਲੀਨ ਹੁਇ ਜਾਵਹਿ। ਤਿਹ ਤਜਿ ਅਪਰ ਸਰਬ ਕੋ ਖਾਵਹਿ ॥੨੮ ॥

ਸ਼ਾਂਤੀ, ਮੈਤਰੀ ਉਸ ਦਾ ਅੰਕੁਰ ਹੈ ਅਤੇ ਚੇਤਨਾ ਪ੍ਰਕਾਸ਼ ਮਾਤਰ ਹੈ। ਇਸ ਵਿਚ ਕਾਲ ਲੀਨ ਹੋ ਜਾਂਦਾ ਹੈ, ਬ੍ਰਹਮ ਨੂੰ ਛੱਡ ਕੇ ਸਭ ਨੂੰ ਖਾ ਜਾਂਦਾ ਹੈ॥ ੨੮॥

ਤਾਂਤੇ ਸ਼ਬਦ ਕਰਹੁ ਅੱਭਜਾਸਾ। ਸਗਰੇ ਭੇਦ ਹੋਇ ਪਰਕਾਸ਼ਾ।
ਸੁਨਿ ਸਿੱਖਹੁ! ਸਭਿ ਤਜਹੁ ਬਿਖਾਦਾ। ਖ੍ਵੈ ਤਨ ਅਹੰ ਸਮਾਰਹੁ ਆਦਾ ॥੨੯ ॥

ਇਸ ਲਈ ਸ਼ਬਦ ਦਾ ਅਭਿਆਸ ਕਰੋ, ਤਾਂਕਿ ਸਾਰਾ ਭੇਦ ਪ੍ਰਕਾਸ਼ਮਈ ਹੋ ਜਾਵੇ। ਹੇ ਸਿਖੋ ! ਸੁਣੋ, ਸਾਰੇ ਵਿਵਾਦਾਂ ਨੂੰ ਛੱਡੋ। ਤਨ ਦੀ ਹਉਮੈ ਗੁਆ ਕੇ ਆਦਿ ਰੂਪ ਵਾਹਿਗੁਰੂ ਨੂੰ ਸੰਭਾਲੋ॥ ੨੯॥

ਜਗਤ ਅਸਾਰ ਜਾਨਿ ਕਰਿ ਸਾਰੇ। ਸਾਰ ਬਿਚਾਰਿ ਭਲੇ ਉਰ ਧਾਰੋ।
ਮੋਖ ਸਦਨ ਕੀ ਇਹ ਤਨ ਸ਼੍ਰੇਨੀ। ਸਿਮਰਹੁ ਸੱਤਿਨਾਮ ਦਿਨ ਰੈਨੀ' ॥੩੦॥

ਜਗਤ ਦੇ ਸਾਰੇ ਲੱਛਣ ਜਾਣ ਕੇ, ਅਸਲ ਤੱਤ ਵਿਚਾਰ ਕੇ ਹਿਰਦੇ ਵਿਚ ਚੰਗੀ ਤਰ੍ਹਾਂ ਧਾਰਨ ਕਰੋ। ਇਹ ਮੁਕਤੀ ਰੂਪ ਘਰ ਦੀ ਪੌੜੀ ਹੈ, ਸੱਚੇ ਨਾਮ ਦਾ ਦਿਨ ਰਾਤ ਸਿਮਰਨ ਕਰੋ'॥ ੩੦॥

ਇਸ ਪ੍ਰਕਾਰ ਉਪਦੇਸ਼ ਘਨੇਰਾ। ਦੇਕਰਿ ਗੁਰ ਅੱਗਜਾਨ ਕਟੇਰਾ।
ਹੋਤਿ ਭਯੋ ਅਰਣੋਦਯ ਕਾਲਾ। ਨਿਕਸੇ ਤਿਹ ਛਿਨ ਵਹਿਰ ਕ੍ਰਿਪਾਲਾ ॥੩੧॥

ਇਸ ਪ੍ਰਕਾਰ ਘਣਾ ਉਪਦੇਸ਼ ਦੇ ਕੇ ਗੁਰੂ ਜੀ ਨੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕੀਤਾ। ਫਿਰ ਸੂਰਜ ਚੜ੍ਹਨ ਦਾ ਸਮਾਂ ਹੋ ਗਿਆ। ਉਸ ਵੇਲੇ ਗੁਰੂ ਜੀ ਧਰਮਸਾਲਾ ਤੋਂ ਬਾਹਰ ਨਿਕਲ ਆਏ॥ ੩੧॥

ਜੈ ਜੈ ਕਾਰ ਹੋਇ ਚੌਫੇਰੇ। ਪਢਹਿ ਬੇਦ ਧੁਨਿ ਸ਼ਬਦ ਘਨੇਰੇ।
ਕੁਸ਼ਾ ਮ੍ਰਿਦੁਲ ਜਹਿਂ ਰੁਚਿਰ ਬਿਛੌਨਾਂ। ਤਹਾਂ ਜਾਇ ਪੌਢੇ ਗੁਨ ਭੌਨਾ ॥੩੨॥

ਚਾਰ-ਚੁਫੇਰੇ ਜੈ ਜੈ ਕਾਰ ਹੋ ਗਈ, ਬੜੀ ਉੱਚੀ ਧੁਨ ਵਿਚ ਵੇਦ ਦਾ ਪਾਠ ਹੋ ਰਿਹਾ ਸੀ। ਜਿਥੇ ਸੁੰਦਰ ਕੋਮਲ ਦੱਭ ਵਿਛੀ ਹੋਈ ਸੀ, ਓਥੇ ਜਾ ਕੇ ਗੁਣਾਂ ਦੇ ਘਰ ਲੇਟ ਗਏ॥ ੩੨॥

ਗੁਨਤਿ ਸੁਲਖਣੀ ਉਰ ਇਸ ਭਾਂਤੀ। ਮਮ ਸੁਤ ਝੂਰਹਿੰਗੇ ਪਸ਼ਚਾਤੀ।
ਮਿਲੇ ਨ ਆਨਿ ਜਨਕ ਕੇ ਤਾਈਂ। ਤਨਕ ਪ੍ਰਤੀਤ ਨ ਤਿਨ ਕੋ ਆਈ ॥੩੩॥

ਮਾਤਾ ਸੁਲੱਖਣੀ ਨੇ ਆਪਣੇ ਹਿਰਦੇ ਵਿਚ ਇਹ ਸਮਝਿਆ ਕਿ ਮੇਰੇ ਪੁੱਤਰ ਪਿਛੋਂ ਝੂਰਨਗੇ। ਆਪਣੇ ਪਿਤਾ ਜੀ ਨੂੰ ਆ ਕੇ ਮਿਲੇ ਨਹੀਂ, ਉਨ੍ਹਾਂ ਨੂੰ ਗੁਰੂ ਜੀ ਤੇ ਥੋੜ੍ਹਾ ਵੀ ਯਕੀਨ ਨਹੀਂ ਆਇਆ ਹੈ॥ ੩੩॥

ਤਬਿ ਠਾਂਢੀ ਹ੍ਵੈ ਪ੍ਰਭੁ ਅਗਾਰੀ। ਹਾਥ ਬੰਦਿ ਅਸ ਗਿਰਾ ਉਚਾਰੀ।
'ਅਬਿ ਕੇ ਪੁਨ ਨਿਜ ਤਾਤਨਿ ਤਾਈਂ। ਪਠਹੁ ਬੁਲਾਇ ਪਾਸ, ਗੋਸਾਈਂ! ॥੩੪॥

ਫਿਰ ਪ੍ਰਭੂ ਜੀ ਅੱਗੇ ਖੜੀ ਹੋ ਗਈ, ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਹੇ ਮਾਲਕ ! ਹੁਣ ਆਪਣੇ ਪੁੱਤਰਾਂ ਨੂੰ ਆਪਣੇ ਪਾਸ ਬੁਲਾ ਲਵੋ॥ ੩੪॥

ਆਵਹਿੰਗੇ ਅਬਿ ਮਾਨਹਿਂ ਬੈਨਾ। ਛਿਮਾਛੇਤ੍ਰ ਤੁਮ ਸ੍ਰੀ ਗੁਨ ਐਨਾ!
ਨੀਕੀ ਬਾਤ ਮਿਲਹਿਂ ਇਸ ਕਾਲਾ। ਬਿਨੈ ਮਾਨੀਏ ਮੇਰੀ ਦਯਾਲਾ!" ॥੩੫॥

ਹੁਣ ਤੁਹਾਡੇ ਬਚਨ ਮੰਨ ਕੇ ਆਉਣਗੇ, ਤੁਸੀ ਗੁਣਾਂ ਦੀ ਖਾਣ ਖਿਮਾਂ ਦੇ ਪੁੰਜ ਹੋ, ਚੰਗੀ ਗੱਲ ਹੈ ਜੇ ਇਸ ਸਮੇਂ ਮਿਲ ਲੈਣ, ਹੇ ਦਿਆਲੂ ਪ੍ਰਭੂ ਜੀ ! ਮੇਰੀ ਬੇਨਤੀ ਮੰਨੋ" ॥ ੩੫॥

ਦੇਖਿ ਦੀਨ ਬੇਦੀ ਕੁਲਮੌਰੰ। ਆਇਸੁ ਦੇ ਸਿੱਖ ਪਠਜੋ ਬਹੋਰੰ।
ਕਹਜੋ ਜਾਇ ਕੇ ਤਿਨ ਦੁਇ ਆਗੇ। 'ਨਿਸ਼ਚੇ ਗੁਰੂ ਸਮਾਵਨ ਲਾਗੇ॥੩੬॥

ਮਾਤਾ ਸੁਲੱਖਣੀ ਨੂੰ ਦੀਨ ਹੋਈ ਵੇਖ ਕੇ ਗੁਰੂ ਜੀ ਨੇ ਆਗਿਆ ਕਰਕੇ ਇਕ ਸਿੱਖ ਨੂੰ ਭੇਜਿਆ। ਉਸ ਨੂੰ ਕਿਹਾ, ਉਨ੍ਹਾਂ ਦੋਹਾਂ ਨੂੰ ਜਾ ਕੇ ਕਹੋ, ਕਿ "ਨਿਸ਼ਚੇ ਹੀ ਗੁਰੂ ਜੀ ਸਮਾਉਣ ਲੱਗੇ ਹਨ॥ ੩੬॥

ਮਾਤਾ ਬਿਨਤੀ ਕੀਨਿ ਘਨੇਰੀ। ਮੁਝ ਤੁਮ ਪਾਸ ਪਠਾਯੋ ਫੇਰੀ।
ਰੰਚਕ ਔਰ ਬਿਲੰਬ ਨ ਕੋਈ। ਚਹਉ ਤ ਮਿਲਉ ਭਲੇ ਬਿਧਿ ਹੋਈ' ॥੩੭॥

ਮਾਤਾ ਜੀ ਨੇ ਬਹੁਤ ਬੇਨਤੀ ਕੀਤੀ ਹੈ, ਫਿਰ ਹੀ ਮੈਨੂੰ ਤੁਹਾਡੇ ਪਾਸ ਭੇਜਿਆ ਹੈ। ਥੋੜ੍ਹੀ ਜੇਹੀ ਵੀ ਹੋਰ ਦੇਰੀ ਨਹੀਂ ਹੈ, ਜੇ ਚਾਹੋ ਤੇ ਚੰਗੀ ਤਰ੍ਹਾਂ ਮਿਲ ਲਵੋ" ॥ ੩੭॥

ਸਿਰੀ ਚੰਦ ਪੁਨ ਲਖਮੀਦਾਸਾ। ਮਾਤ ਬਾਤ ਸੁਨਿ ਭਏ ਉਦਾਸਾ।
ਤਤਛਿਨ ਉਠੇ ਤਜੇ ਅਨਮਤਾ। ਕਹਜੋ 'ਸਮਾਇਂ ਨ ਸਾਚੇ ਪਿਤਾ' ॥੩੮॥

ਸ੍ਰੀ ਚੰਦ ਅਤੇ ਲਖਮੀਦਾਸ ਮਾਤਾ ਜੀ ਦੀ ਗੱਲ ਸੁਣ ਕੇ ਉਦਾਸ ਹੋ ਗਏ, ਉਸ ਵੇਲੇ ਉਠ ਪਏ ਅਤੇ ਦੂਜੀ ਸਲਾਹ ਛੱਡ ਦਿੱਤੀ। ਫਿਰ ਕਿਹਾ, "ਹੇ ਸਾਡੇ ਸੱਚੇ ਪਿਤਾ ਜੀ ! ਹਾਲੇ ਨਾ ਸਮਾਓ" ॥ ੩੮॥

ਗਮਨੇ ਮਿਲਿਨ ਭਈ ਇਤ ਐਸੇ। ਉਤ ਕੀ ਸੁਨਹੁ ਕੀਨਿ ਗੁਰ ਜੈਸੇ।
ਅੰਬਰ ਪਾਇ ਬਦਨ ਪਰ ਤਬਿਹੀ। ਪੌਢਿ ਗਏ ਦੇਖਹਿਂ ਨਰ ਸਭਿਹੀ॥੩੯॥

ਏਧਰ ਪੁੱਤਰ ਇਸ ਤਰ੍ਹਾਂ ਮਿਲਣ ਵਾਸਤੇ ਚਲ ਪਏ। ਓਧਰ ਸੁਣੋ ਗੁਰੂ ਜੀ ਨੇ ਜਿਵੇਂ ਕੀਤਾ। ਉਨ੍ਹਾਂ ਆਪਣੇ ਸਰੀਰ ਤੇ ਕਪੜਾ ਤਾਣ ਲਿਆ, ਸਾਰੇ ਲੋਕਾਂ ਦੇ ਵੇਖਦਿਆਂ ਲੇਟ ਗਏ॥ ੩੯॥

ਗੇ ਸਮਾਇ ਤਨ ਰਹੇ ਨ ਪ੍ਰਾਨਾ। ਭਾ ਕਹਾਇ ਕੋ ਸ਼ਬਦਿ ਮਹਾਨਾ।
ਕਰਿਹੀਂ ਲੋਕ ਬਿਲਾਪ ਕਲਾਪਾ। ਭਜੋ ਪ੍ਰਭੂ ਕੋ ਬਿਰਹੁ ਪ੍ਰਤਾਪਾ॥ ੪੦॥

ਗੁਰੂ ਜੀ ਸਮਾ ਗਏ ਅਤੇ ਤਨ ਵਿਚ ਪ੍ਰਾਣ ਨਾ ਰਹੇ। ਕੋਲ ਖੜੇ ਲੋਕਾਂ ਪਾਸੋਂ ਬੜੀ ਉੱਚੀ ਹਾਹਾਕਾਰ ਦਾ ਸ਼ਬਦ ਉੱਠਿਆ। ਫਿਰ ਸਾਰੇ ਮਨੁੱਖ ਵਿਰਲਾਪ ਕਰਨ ਲੱਗ ਗਏ। ਪ੍ਰਭੂ ਜੀ ਦੇ ਵਿਛੋੜੇ ਦਾ ਬਹੁਤ ਦੁੱਖ ਮੰਨਾਇਆ॥ ੪੦॥

ਨਰਨ ਬਿਖੈ ਭਾ ਰੁਦਨ ਘਨੇਰਾ। ਸੁਰਨ ਮਝਾਰ ਅਨੰਦ ਬਧੇਰਾ।
ਅਤਿ ਉਤਸਵ ਕੇ ਗੀਤਨਿ ਗਾਵਹਿਂ। ਬਾਦਿਤ ਤਾਲ ਮਿਲਾਇ ਬਜਾਵਹਿਂ॥੪੧॥

ਸਾਰੇ ਮਨੁੱਖ ਬਹੁਤ ਉੱਚੀ-ਉੱਚੀ ਰੋ ਰਹੇ ਸਨ, ਪਰ ਦੇਵਤਿਆਂ ਵਿਚ ਬੜਾ ਅਨੰਦ ਵਧਿਆ ਸੀ। ਉਨ੍ਹਾਂ ਵੱਡਾ ਉਤਸਵ ਮੰਨਾਇਆ ਅਤੇ ਖੁਸ਼ੀ-ਭਰੇ ਗੀਤ ਗਾ ਰਹੇ ਸਨ। ਵਾਜੇ ਤਾਲ ਮਿਲਾ ਕੇ ਵਜਾ ਰਹੇ ਸਨ॥ ੪੧॥

ਸ੍ਵੈਯਾ- ਨੰਦੀ ਸੁ ਬ੍ਰਿਖਭ ਚਢੇ ਸ਼ਿਵ ਜੂ ਤਨ ਉੱਜਲ ਇੰਦੂ ਸ਼ਸ਼ਾਂਕ ਸੁਹਾਏ।

ਬਜਾਲ ਕਰਾਲ ਅਲੰਕ੍ਰਿਤ ਹੈ, ਹਰਿਖਾਲ ਬਿਸਾਲ ਸਿਕੰਧਨ ਪਾਏ।
ਗੰਗ ਤਰੰਗ ਅਮੰਕਨ ਭੰਗ ਜਟਾ ਮਹਿਂ, ਪਾਰਬਤੀ ਅੰਗ ਲਾਏ।
ਸੂਲ ਧਰੇ ਕਰ, ਮੁੰਡ ਪਰੇ ਗਰ, ਪ੍ਰੇਮ ਕਰੇ ਉਰ ਸੋਂ ਚਲਿ ਆਏ॥ ੪੨ ॥

ਨੰਦੀ ਨਾਮੀ ਬੈਲਦ ਤੇ ਸ਼ਿਵ ਜੀ ਚੜ੍ਹੇ ਸਨ, ਜਿਨ੍ਹਾਂ ਦਾ ਤਨ ਚੰਦਰਮਾਂ ਵਰਗਾ ਉੱਜਲ ਸ਼ੋਭ ਰਿਹਾ ਸੀ। ਭਿਆਨਕ ਸੱਪਾਂ ਨਾਲ ਭੂਸ਼ਿਤ ਸਨ, ਵੱਡੀ ਸ਼ੇਰ ਦੀ ਖੱਲ ਮੋਢਿਆਂ ਤੇ ਪਾਈ ਸੀ, ਗੰਗ ਦੀਆਂ ਲਹਿਰਾਂ ਪਾਪਾਂ ਨੂੰ ਭੰਨਣ ਵਾਲੇ ਸ਼ਿਵਜੀ ਨੇ ਜਟਾਵਾਂ ਵਿਚ ਧਾਰਨ ਕੀਤੀਆਂ ਸਨ ਅਤੇ ਪਾਰਬਤੀ ਖੱਬੇ ਅੰਗ ਨਾਲ ਲਾਈ ਸੀ। ਹੱਥ ਵਿਚ ਤ੍ਰਿਸ਼ੂਲ ਫੜਿਆ ਸੀ, ਗਲ ਵਿਚ ਖੋਪਰੀਆਂ ਦਾ ਹਾਰ ਪਾਇਆ ਸੀ ਅਤੇ ਗੁਰੂ ਜੀ ਨਾਲ ਦਿਲੋਂ ਪ੍ਰੇਮ ਕਰਕੇ ਚੱਲ ਕੇ ਆਏ ਸਨ॥ ੪੨ ॥

ਸੰਗ ਪੰਚਾਨਨ ਤਾਤ ਖੜਾਨਨ ਹੈ, ਦੁਰਦਾਨਨ ਸ਼ੋਭ ਬਢਾਏ।
ਬ੍ਰਿੰਦ ਬਡੇ ਗਣ ਸਾਥ ਬਿਰਾਜਤਿ ਦੇਖਿ ਸਰੂਪ ਸਭੈ ਹਰਖਾਏ।
'ਜੈ ਸੁਖਦਾਇਕ ਜੈ ਸੁਰ ਨਾਇਕ ਜੈ ਇਠਪਾਯਕ' ਵਾਕ ਅਲਾਏ।
ਬੰਦ ਉਭੈ ਕਰ ਬੰਦਤਿ ਹੈਂ ਬਹੁ ਫੂਲਨ ਕੀ ਬਰਖਾ ਬਰਖਾਏ॥ ੪੩ ॥

ਸ਼ਿਵ ਜੀ ਦੇ ਨਾਲ ਉਸ ਦਾ ਛੇ ਮੂੰਹਾਂ ਵਾਲਾ ਪੁੱਤਰ ਕਾਰਤਕ ਸਵਾਮੀ ਅਤੇ ਹਾਥੀ ਦੇ ਮੂੰਹ ਵਾਲਾ ਗਣੇਸ਼ ਵੀ ਸ਼ੋਭਾ ਨੂੰ ਵਧਾ ਰਹੇ ਸਨ। ਦੇਵਤਿਆਂ ਦੇ ਸਮੂਹ ਉਨ੍ਹਾਂ ਦੇ ਨਾਲ ਬਿਰਾਜਿਤ ਸਨ, ਗੁਰੂ ਜੀ ਦਾ ਮੁੱਖ ਵੇਖ ਕੇ ਸਭ ਬਹੁਤ ਪ੍ਰਸੰਨ ਹੋਏ। ਸਾਰੇ ਉੱਚੀ-ਉੱਚੀ ਜੈਕਾਰੇ ਛੱਡ ਰਹੇ ਸਨ, "ਸੁੱਖਾਂ ਦੇ ਦਾਤੇ ਦੀ ਜੈ ਹੋਵੇ, ਦੇਵਤਿਆਂ ਦੇ ਸਵਾਮੀ ਦੀ ਜੈ ਹੋਵੇ, ਸੇਵਕਾਂ ਦੇ ਪਿਆਰੇ ਦੀ ਜੈ ਹੋਵੇ।" ਸਾਰੇ ਦੇਵਤੇ ਹੱਥ ਜੋੜ ਕੇ ਬੰਦਨਾ ਕਰ ਰਹੇ ਸਨ ਅਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ॥ ੪੩ ॥

ਹੰਸ ਚਢੇ ਚਤੁਰਾਨਨ, ਨਾਰਦ, ਸਾਰਦ, ਬੁੱਧਿ ਬਿਸ਼ਾਰਦ ਆਏ।
ਪ੍ਰੇਮ ਭਰੇ ਉਰ, ਬੇਨ ਬਜਾਵਤਿ, ਸਨਕ ਸਨੰਦ ਰਿਦੈ ਹਰਖਾਏ।
ਕੌਸਕ, ਭ੍ਰਿੰਗ, ਬਸ਼ਿਸ਼ਟ ਮੁਨੀ, ਅੰਗਰਾ ਸੁ ਪੁਲਸਤ ਮਹਾਂ ਸੁਖ ਪਾਏ।
ਅੱਤ੍ਰ, ਅਗਸਤ, ਪਰਾਸੁਰ, ਬਜਾਸ ਸਭੈ ਦਰਸ਼ੰਨ ਗੁਰੂ ਸੁਖ ਪਾਏ॥ ੪੪ ॥

ਚਾਰ ਮੂੰਹਾਂ ਵਾਲਾ ਬ੍ਰਹਮਾ ਹੰਸ ਉਤੇ ਸਵਾਰ ਹੋ ਕੇ, ਨਾਰਦ, ਸਰਸਵਤੀ ਜਿਹੜੇ ਤਿੰਨੇ ਚਤੁਰ ਬੁੱਧੀ ਵਾਲੇ ਸਨ, ਓਥੇ ਆਏ। ਹਿਰਦੇ ਵਿਚ ਪ੍ਰੇਮ ਭਰ ਕੇ ਸਾਜ ਵਜਾਉਂਦੇ ਸਨ ਅਤੇ ਬ੍ਰਹਮਾ ਦੇ ਪੁੱਤਰ ਸਨਕ ਸਨੰਦਨ ਦਿਲ ਵਿਚ ਬਹੁਤ ਪ੍ਰਸੰਨ ਹੋਏ। ਵਿਸ਼ਵਾਮਿੱਤਰ, ਭ੍ਰਿਗ ਰਿਸ਼ੀ, ਵਸ਼ਿਸ਼ਟ ਮੁਨੀ, ਅੰਗਰਾ ਰਿਸ਼ੀ, ਸ੍ਰੇਸ਼ਟ ਪੁਲਸਤ ਰਿਸ਼ੀ; ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਸੁਖੀ ਹੋਏ। ਅੱਤ੍ਰ, ਅਗਸਤ, ਪਰਾਸ਼ਰ ਅਤੇ ਵੇਦ ਬਿਆਸ ਵੀ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋਏ॥ ੪੪ ॥

ਦੋਹਰਾ- ਬਾਲਮੀਕ ਅਰ ਰੋਮ ਰਿਖਿ, ਕਾਕ ਭਸੁੰਡ ਸੁਜਾਨ।
ਬਕਦਾਲਭ ਤੇ ਆਦਿ ਸਭਿ ਆਏ ਰਿਖੀ ਮਹਾਨ॥ ੪੫ ॥

ਰਿਸ਼ੀ ਬਾਲਮੀਕ ਅਤੇ ਰੋਮ ਰਿਸ਼ੀ, ਕਾਕ ਭਸੁੰਡ, ਬਕਦਾਲਭ ਆਦਿ ਸਾਰੇ ਮਹਾਨ ਰਿਸ਼ੀ ਓਥੇ ਆਏ॥ ੪੫ ॥

ਨਾਮਦੇਵ, ਜੈ ਦੇਵ, ਜਨ ਧੰਨਾ, ਸੈਨ, ਕਬੀਰ।
ਹਿਤ ਦਰਸ਼ਨ ਕੇ ਭਗਤ ਸਭਿ ਆਏ ਗੁਰ ਕੇ ਤੀਰ॥ ੪੬ ॥

ਨਾਮਦੇਵ, ਜੈਦੇਵ, ਧੰਨਾ, ਸੈਨ, ਕਬੀਰ ਆਦਿ ਸਾਰੇ ਭਗਤ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਪਾਸ ਆਏ॥ ੪੬ ॥

ਸ੍ਵੈਯਾ- ਸ਼ੇਸ਼, ਸੁਰੇਸ਼, ਜਲੇਸ਼, ਦਿਨੇਸ਼, ਨਿਸੇਸ਼, ਧਨੇਸ਼ ਪਿਖੈਂ ਸੁਖ ਪਾਵੈਂ।

ਕਿੰਨਰ ਗੰਧਰਬ, ਪਾਵਕ ਪੌਨ ਅਨੰਦ ਭਰੇ ਉਰ ਮੰਗਲ ਗਾਵੈਂ।
ਦੇਵਤਰੋਵਰ ਕੀ ਪੁਸ਼ਪਾਂਜਲ 'ਜੈ' ਮੁਖ ਤੇ ਕਹਿ ਕੈ ਬਰਖਾਵੈਂ।
ਸ੍ਰੀ ਸੁਖਕੰਦ ਗੁਬਿੰਦ ਮੁਕੰਦ ਪਦੰ ਅਰਬਿੰਦ ਪੂਜੈਂ ਮਨ ਭਾਵੈਂ॥ ੪੭॥

ਸ਼ੇਸ਼ਨਾਗ, ਇੰਦਰ, ਵਰੁਣ, ਸੂਰਜ, ਚੰਦ, ਕੁਬੇਰ ਆਦਿ ਗੁਰੂ ਜੀ ਦੇ ਦਰਸ਼ਨ ਕਰਕੇ ਸੁਖ ਪਾ ਰਹੇ ਸਨ। ਕਿੰਨਰ, ਗੰਧਰਬ, ਅਗਨੀ, ਪੌਣ ਦੇਵਤਾ ਅਨੰਦ ਵਿਚ ਭਰ ਕੇ ਮੰਗਲ ਗਾ ਰਹੇ ਸਨ। ਕਲਪ ਬ੍ਰਿਛ ਦੇ ਫੁੱਲਾਂ ਦੇ ਬੁੱਕ ਭਰ ਭਰ ਕੇ ਅਤੇ ਮੁੱਖ ਤੋਂ 'ਜੈ ਜੈ' ਕਹਿ ਕੇ ਵਰਸ਼ਾ ਕਰ ਰਹੇ ਸਨ। ਮਨ ਦੇ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪੂਜਦੇ ਸਨ॥ ੪੭॥

ਦੋਹਰਾ-ਇਕ ਬਿਵਾਨ ਮਨੁਹਰ ਮਹਾਂ, ਪੁੰਜ ਮਣੀ ਜਿਸ ਮਾਂਹਿ।
ਅਤਿ ਪ੍ਰਕਾਸ਼ ਸੰਯੁਕਤਿ ਸੋ ਕੌਨ ਕਹੈ ਛਬਿ ਤਾਂਹਿ॥ ੪੮॥

ਇਕ ਮਹਾਨ ਸੁੰਦਰ ਬਿਬਾਣ, ਜਿਹੜਾ ਸੁੰਦਰ ਮਣੀਆਂ ਨਾਲ ਜੜਿਆ ਹੋਇਆ ਸੀ, ਉਹ ਅਤਿ ਪ੍ਰਕਾਸ਼ਮਈ ਹੋ ਰਿਹਾ ਸੀ। ਉਸ ਦੀ ਸੁੰਦਰਤਾ ਦੀ ਛਵੀ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ॥ ੪੮॥

ਚੌਪਈ- ਪਾਰਖਦੀ ਜਿਸ ਆਇ ਅਗਾਰੀ। ਚਵਰ ਢੁਰਤਿ ਹੈ ਵਾਰੰਵਾਰੀ।
ਜਹਾਂ ਹੁਤੇ ਬੇਦੀ ਕੁਲਦੀਪਾ। ਇਸਥਿਰ ਭਯੋ ਸੁ ਤਾਂਹਿ ਸਮੀਪਾ॥੪੯॥

ਵਿਸ਼ਨੂੰ ਦੇ ਦਰਬਾਰੀ ਉਸ ਦੇ ਅੱਗੇ ਅੱਗੇ ਆ ਰਹੇ ਸਨ, ਜਿਸ ਤੇ ਵਾਰੋਵਾਰੀ ਚੌਰ ਝੁਲ ਰਿਹਾ ਸੀ, ਜਿਥੇ ਗੁਰੂ ਜੀ ਖੜੇ ਸਨ, ਓਥੇ ਆ ਕੇ ਉਹ ਉਨ੍ਹਾਂ ਦੇ ਨੇੜੇ ਰੁਕ ਗਿਆ॥ ੪੯॥

ਨਿਜ ਸਰੂਪ ਤਬਿ ਸ੍ਰੀ ਪ੍ਰਭੁ ਧਾਰਾ। ਚਰਨ ਕੋਕਨਦ ਸ਼ੁਭਤਿ ਅਪਾਰਾ।
ਨੂਪਰਿ ਮਨਿਮਯ ਰੁਚਿਰ ਸੁਹਾਏ। ਦ੍ਵੈ ਜੰਘਾਂ ਕਦਲੀ ਛਬਿ ਪਾਏ॥੫੦॥

ਗੁਰੂ ਜੀ ਨੇ ਫਿਰ ਆਪਣਾ ਸਰੂਪ ਧਾਰਨ ਕੀਤਾ, ਲਾਲ ਕੰਵਲਾਂ ਵਰਗੇ ਚਰਨ ਬਹੁਤ ਸ਼ੋਭ ਰਹੇ ਸਨ। ਮਣੀਆਂ ਖਚਤ ਸੁੰਦਰ ਝਾਂਜਰਾਂ ਸੁੰਦਰ ਸ਼ੋਭ ਰਹੀਆਂ ਹਨ। ਦੋਵੇਂ ਲੱਤਾਂ ਨੇ ਸੁੰਦਰ ਛਵੀ ਪਾਈ ਸੀ॥ ੫੦॥

ਛੁਦ੍ਰ ਘੰਟਕਾ ਬੰਧੀ ਸੁਹਾਵਤਿ। ਉਦਰ ਸ ਤ੍ਰਿਵਲੀ ਸ਼ੋਭ ਬਢਾਵਤਿ।
ਕਾਲਿੰਦ੍ਰੀ ਆਵਰਤਿ ਸੁ ਨਾਭਾ। ਭੁਜਾ ਚਾਰਯੁਤਿ ਭੂਖਨ ਆਭਾ॥੫੧॥

ਲੱਕ ਨਾਲ ਬੱਧੀ ਹੋਈ ਤੜਾਗੀ ਬੜੀ ਸੁੰਦਰ ਲੱਗ ਰਹੀ ਸੀ। ਪੇਟ ਤੇ ਪੈ ਰਹੇ ਤਿੰਨ ਵਲ ਸ਼ੋਭਾ ਵਧਾਉਂਦੇ ਸਨ। ਜਮਨਾ ਦੀ ਘੁੰਮਣ-ਘੇਰੀ ਵਾਂਗ ਨਾਭੀ (ਧੁੰਨੀ) ਸੀ। ਬਾਹਾਂ ਉਤੇ ਪਹਿਣੇ ਗਹਿਣਿਆਂ ਦੀ ਸ਼ੋਭਾ ਬਹੁਤ ਸੁੰਦਰ ਸੀ॥ ੫੧॥

ਸੰਖ ਚੱਕ੍ਰ ਕਰ ਕਮਲਨ ਮਾਂਹੀ। ਗਦਾ ਪਦਮ ਅਤਿ ਸੁੰਦਰ ਆਹੀ।
ਕੰਕਨ ਅੰਗਦ ਮਣਿ ਗਚਿਕਾਰੀ। ਬ੍ਰਿਖਭ ਸਮਾਨ ਕੰਧ ਦ੍ਵੈ ਭਾਰੀ॥੫੨॥

ਹੱਥਾਂ ਵਿਚ ਸੰਖ ਚੱਕਰ ਫੜਿਆ ਹੋਇਆ ਸੀ। ਸ੍ਰੇਸ਼ਟ ਗਦਾ ਅਤਿ ਸੁੰਦਰ ਸੀ। ਸਰੀਰ ਦੇ ਅੰਗ ਮਣੀਆਂ ਨਾਲ ਜੜੇ ਹੋਏ ਸਨ। ਬੈਲ ਸਮਾਨ ਦੋ ਭਾਰੀ ਮੋਢੇ ਸਨ॥ ੫੨॥

ਉਰ ਆਯੁਤ ਬਨ ਮਾਲ ਸੁਹਾਵਾ। ਅਧਿਕ ਕੌਸਤਭ ਮਣਿ ਛਬਿ ਪਾਵਾ।
ਕੰਬੁ ਗ੍ਰੀਵ ਤ੍ਰੈ ਰੇਖ ਬਿਰਾਜਤਿ। ਬਦਨ ਬਿਲੋਕਿ ਚੰਦ੍ਰਮਾ ਲਾਜਤਿ॥੫੩॥

ਚੌੜੀ ਛਾਤੀ ਉਪਰ ਬਾਜੰਤਮਾਲਾ ਸੁਹਾ ਰਹੀ ਸੀ। ਕੌਸਤਭ ਮਣੀ (ਇਕ ਮਣੀ ਜੋ ਸਮੁੰਦਰ ਮਥਨ ਸਮੇਂ ਮਿਲੀ ਸੀ ਤੇ

ਜਿਸ ਨੂੰ ਵਿਸ਼ਨੂੰ ਆਪਣੀ ਛਾਤੀ ਤੇ ਪਹਿਨਦੇ ਹਨ) ਨੇ ਬੜੀ ਸੁੰਦਰ ਛਵੀ ਪਾਈ ਸੀ। ਗਰਦਨ ਤੇ ਤਿੰਨ ਸੰਖ ਰੇਖਾਵਾਂ ਬਿਰਾਜਤ ਸਨ। ਮੁੱਖੜੇ ਨੂੰ ਵੇਖ ਕੇ ਚੰਦਰਮਾਂ ਵੀ ਲੱਜਿਤ ਹੁੰਦਾ ਸੀ॥ ੫੩॥

ਚਿਬੁਕ ਚਾਰੁ, ਮੁਸਕਜਾਨ ਕਪੋਲਾ। ਹਾਸ ਮ੍ਰਿਦੁਲ ਛਬਿ ਹੋਤਿ ਅਮੋਲਾ।
ਚਮਕ ਦਸਨ ਕੀ ਰੁਚਿਰ ਬਿਰਾਜੀ। ਸੰਪਟ ਬਿੱਦ੍ਰਮ ਹੀਰਨ ਰਾਜੀ॥ ੫੪॥

ਸੁੰਦਰ ਠੋਡੀ, ਲਾਲ ਗਲ੍ਹਾਂ, ਕੋਮਲ ਹਾਸਾ ਛਵੀ ਨੂੰ ਅਮੋਲਕ ਬਣਾ ਰਿਹਾ ਸੀ। ਦੰਦਾਂ ਦੀ ਚਮਕ ਬਹੁਤ ਸੁੰਦਰ ਬਿਰਾਜੀ ਸੀ, ਮਾਨੋ ਚੁਲੀਆਂ ਦੇ ਡੱਬੇ ਵਿਚ ਹੀਰੇ ਚਮਕਦੇ ਸਨ॥ ੫੪॥

ਉਨਤ ਨਾਸਕਾ, ਕਾਨਨ ਕੁੰਡਲ। ਸ਼ੋਭਾ ਸੁਖਦਾ ਅਤਿ ਸੁਖ ਮੰਡਲ।
ਮਨਹੁੰ ਕਮਲ ਦਲ ਸੁੰਦਰ ਲੋਚਨ। ਕ੍ਰਿਪਾ ਭਰੀ ਚਿਤਵਨ ਦੁਖ ਮੋਚਨ॥੫੫॥

ਉੱਚੀਆਂ ਨਾਸਾਂ ਸਨ, ਕੰਨਾਂ ਵਿਚ ਕੁੰਡਲ ਸਨ। ਸੁਖਾਂ ਦੇ ਦਾਤੇ ਦੀ ਸ਼ੋਭਾ ਅਤਿ ਸੁਖ ਦੇਣ ਵਾਲੀ ਸੀ। ਸੁੰਦਰ ਨੈਣ ਮਾਨੋ ਕੰਵਲ ਦੀਆਂ ਪੱਤੀਆਂ ਸਨ। ਉਨ੍ਹਾਂ ਵਿਚ ਕਿਰਪਾ ਧਾਰਨ ਕੀਤੀ ਹੋਈ ਸੀ, ਚਿਤਵਣ ਕਰਨ ਨਾਲ ਸਾਰੇ ਦੁੱਖ ਦੂਰ ਹੁੰਦੇ ਸਨ॥ ੫੫॥

ਧਨੁਖ ਭ੍ਰਿਕੁਟੀ ਮਸਤਕ ਚਾਰੂ। ਸਿਰ ਕਰੀਟ ਜਿਹ ਪ੍ਰਭਾ ਅਪਾਰੂ।
ਸ਼ਜਾਮ ਬਰਨ, ਜਲਧਰ ਕੀ ਨਜਾਈ। ਬਸਨ ਪੀਤ ਜਨ ਛਟਾ ਸੁਹਾਈ॥੫੬॥

ਭਰਵੱਟੇ ਧਨੁੱਖ ਸਮਾਨ ਅਤੇ ਮੱਥਾ ਸੁੰਦਰ ਸੀ। ਸਿਰ ਜਿਹੜਾ ਮੁਕਟ ਪਾਇਆ ਹੋਇਆ ਸੀ, ਉਸ ਕਾਰਨ ਅਪਾਰ ਸ਼ੋਭਾ ਵਧੀ ਹੋਈ ਸੀ। ਬੱਦਲਾਂ ਵਰਗਾ ਸਾਂਵਲਾ ਰੰਗ ਸੀ। ਬਸਤਰ ਪੀਲੇ ਸਨ, ਮਾਨੋਂ ਬਿਜਲੀ ਸ਼ੋਭਾ ਪਾ ਰਹੀ ਹੋਵੇ॥ ੫੬॥

ਅਪਨੋ ਪਲਟ ਸਰੂਪ ਕ੍ਰਿਪਾਲਾ। ਚਢੇ ਬਿਵਾਨ ਊਪਰ ਤਤਕਾਲਾ।
ਤਿਹ ਛਿਨ ਦੋਨੋ ਸੁਤ ਚਲਿ ਆਏ। ਸੁਨਤਿ ਰੋਰ ਹਿਰਦੇ ਬਿਸਮਾਏ॥੫੭॥

ਕਿਰਪਾਲੂ ਗੁਰੂ ਜੀ ਆਪਣਾ ਸਰੂਪ ਬਦਲ ਕੇ ਤੁਰੰਤ ਬਿਬਾਨ ਉੱਤੇ ਚੜ੍ਹ ਗਏ। ਉਸ ਸਮੇਂ ਦੋਵੇਂ ਪੁੱਤਰ ਚਲ ਕੇ ਆ ਗਏ। ਬਾਹਰ ਲੋਕਾਂ ਦਾ ਰੌਲਾ ਸੁਣ ਕੇ ਬਹੁਤ ਹੈਰਾਨ ਹੋਏ॥ ੫੭॥

ਭੀਰ ਅਧਿਕ ਜਾਵਨ ਮਗ ਨਾਂਹੀ। ਦੁਸ਼ਤਰ ਹ੍ਵੈ ਪਹੁੰਚੇ ਪ੍ਰਭੁ ਪਾਂਹੀ।
ਦੇਖਿ ਸੁਲਖਣੀ ਸੁਤ ਸੋਂ ਭਾਖੀ। 'ਪੂਰਬ ਕਿਉਂ ਨ ਅਏ ਅਸਕਾਂਖੀ? ॥੫੮॥

ਬਹੁਤ ਭੀੜ ਸੀ, ਗੁਰੂ ਜੀ ਪਾਸ ਜਾਣ ਵਾਸਤੇ ਕੋਈ ਰਾਹ ਨਹੀਂ ਸੀ। ਬੜੀ ਮੁਸ਼ਕਿਲ ਨਾਲ ਗੁਰੂ ਜੀ ਪਾਸ ਪਹੁੰਚੇ। ਮਾਤਾ ਸੁਲੱਖਣੀ ਆਪਣੇ ਪੁੱਤਰਾਂ ਨੂੰ ਵੇਖ ਕੇ ਬੋਲੀ, "ਪਹਿਲਾਂ ਏਥੇ ਕਿਉਂ ਨਹੀਂ ਆਏ? ॥ ੫੮॥

ਰਹੇ ਬੁਲਾਇ ਪਠੇ ਦ੍ਵੈ ਬਾਰੀ। ਆਏ ਨਹੀਂ ਨ ਨੀਕ ਬਿਚਾਰੀ।
ਪੀਛੇ ਆਇ, ਰਹੋ ਪਛੁਤਾਈ। ਅਬਿ ਤੌ ਗਏ ਸਮਾਇ ਗੁਸਾਈਂ' ॥ ੫੯॥

ਦੋ ਵਾਰ ਸੇਵਕ ਭੇਜ ਕੇ ਤੁਹਾਨੂੰ ਬੁਲਾਇਆ ਹੈ, ਆਏ ਨਹੀਂ ਅਤੇ ਚੰਗੀ ਗੱਲ ਵਿਚਾਰੀ ਨਹੀਂ ਹੈ। ਹੁਣ ਪਿਛੋਂ ਆ ਕੇ ਪਛਤਾਵੋ, ਹੁਣ ਤਾਂ ਮਾਲਕ ਸਮਾ ਗਏ ਹਨ' ॥ ੫੯॥

ਸਿਰੀਚੰਦ ਸੁਨਿ ਲਖਮੀਦਾਸ। ਬਿਸਮੈਂ ਹ੍ਵੈ ਭਏ ਦਰਸ ਨਿਰਾਸ।
ਅਪਨੋ ਦੋਸ਼ ਜਾਨਿ ਪਛੁਤਾਏ। ਕਵਿ ਸੰਤੋਖ ਸਿੰਘ ਸ਼ਰਧਾ ਪਾਏ॥ ੬੦॥

ਸਿਰੀ ਚੰਦ ਅਤੇ ਲਖਮੀਦਾਸ ਇਹ ਸੁਣ ਕੇ ਬਹੁਤ ਹੈਰਾਨ ਹੋਏ ਅਤੇ ਦਰਸ਼ਨ ਨਾ ਹੋਣ ਕਰਕੇ ਬਹੁਤ ਨਿਰਾਸ਼ ਹੋਏ। ਆਪਣਾ ਕਸੂਰ ਜਾਣ ਕੇ ਬਹੁਤ ਪਛਤਾਏ। ਕਵੀ ਸੰਤੋਖ ਸਿੰਘ ਨੇ ਸ਼ਰਧਾ ਪ੍ਰਾਪਤ ਕੀਤੀ ਹੈ॥ ੬੦॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ ਸਮਾਵਨ ਕੋ ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਮੋ ਅਧਯਾਯ॥ ੫੬॥

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਆਖਰੀ ਭਾਗ ਦਾ ਛਪੰਜਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ" ਹੈ, ਸਮਾਪਤ ਹੋਇਆ॥ ੫੬॥

## ਅਧਿਆਇ ਸਤਵੰਝਵਾਂ

### ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਖੰਡ ਗਮਨ

ਦੋਹਰਾ- ਦੀਪਕ ਸਤਿਗੁਰ ਸ਼ਬਦ ਕਰਿ ਸਦਨ ਰਿਦੇ ਮਹਿਂ ਬਾਰ।
ਤਮ ਅਗਜਾਨ ਨਿਵਾਰਿ ਕੈ ਸਾਰ ਅਸਾਰ ਬਿਚਾਰਿ॥ ੧॥

ਸਤਿਗੁਰੂ ਦੇ ਸ਼ਬਦ ਨੂੰ ਦੀਵਾ ਬਣਾ ਕੇ ਹਿਰਦੇ ਰੂਪੀ ਘਰ ਵਿਚ ਬਾਲੋ। ਅਗਿਆਨ ਰੂਪੀ ਹਨੇਰੇ ਨੂੰ ਇਸ ਦੇ ਚਾਨਣ ਨਾਲ ਦੂਰ ਕਰਕੇ ਸੱਚ ਅਤੇ ਝੂਠ ਬਾਰੇ ਵਿਚਾਰ ਕਰੋ॥ ੧॥

ਚੌਪਈ- ਸਿਰੀਚੰਦ ਤਬਿ ਲਖਮੀ ਦਾਸ। ਪਿਤ ਆਗੈ ਕੀਨੀ ਅਰਦਾਸਿ।
ਹਾਥ ਬੰਦਿ ਦੋਨੋ ਹ੍ਵੈ ਠਾਂਢੇ। ਹਿਰਦੇ ਮਹਿਂ ਸ਼ਰਧਾ ਅਤਿ ਬਾਢੇ॥ ੨॥

ਸਿਰੀ ਚੰਦ ਤੇ ਲਖਮੀ ਦਾਸ ਨੇ ਤਦ ਪਿਤਾ ਜੀ ਅੱਗੇ ਅਰਦਾਸ ਕੀਤੀ। ਹੱਥ ਜੋੜ ਕੇ ਦੋਵੇਂ ਖੜੇ ਹੋ ਗਏ, ਹਿਰਦੇ ਵਿਚ ਸ਼ਰਧਾ ਬਹੁਤ ਵਧੀ ਸੀ॥ ੨॥

'ਹੇ ਜਗਤੇਸ਼ ਸਰਬ ਸੁਖਦਾਨੀ!। ਹੇ ਸਰਬੱਗਜ ਸਰਬ ਗੁਨਖਾਨੀ!।
ਸਭਿ ਬਿਧਿ ਪੂਰਨ ਹੋ ਸਮਰੱਥਾ। ਰਾਉਰ ਕੇ ਗੁਨ ਅਹੈਂ ਅਕੱਥਾ॥ ੩॥

ਉਨ੍ਹਾਂ ਬੇਨਤੀ ਕੀਤੀ, "ਹੇ ਜਗਤ ਦੇ ਈਸ਼ਵਰ, ਸਾਰਿਆਂ ਨੂੰ ਸੁਖ ਦੇਣ ਵਾਲੇ, ਹੇ ਪੂਰਣ ਸਭ ਗੁਣਾਂ ਦੀ ਖਾਣ! ਤੁਸੀਂ ਸਭ ਤਰ੍ਹਾਂ ਨਾਲ ਸਮਰੱਥ ਹੋ। ਤੁਹਾਡੇ ਗੁਣ ਕਥੇ ਨਹੀਂ ਜਾ ਸਕਦੇ॥ ੩॥

ਅਪਰ ਨਰਨ ਸੇ ਤੁਮਕੋ ਮਾਨਤਿ। ਜਗ ਕਰਤਾ ਇਹ ਭੇਦ ਨ ਜਾਨਤਿ।
ਅਬੈ ਪ੍ਰਤੀਤ ਤੁਮਾਰੀ ਆਈ। ਤ੍ਰੈਲੋਕੀ ਪਤਿ ਸ਼ੰਕ ਨ ਰਾਈ॥ ੪॥

ਅਸੀਂ ਤੁਹਾਨੂੰ ਹੋਰਨਾਂ ਮਨੁੱਖਾਂ ਵਰਗਾ ਮੰਨਦੇ ਸੀ, ਤੁਸੀਂ ਜਗਤ ਦੇ ਕਰਤਾਰ ਹੋ, ਇਹ ਭੇਦ ਅਸੀਂ ਜਾਣ ਨਾ ਸਕੇ। ਹੁਣ ਸਾਨੂੰ ਤੁਹਾਡੇ ਬਾਰੇ ਯਕੀਨ ਹੋ ਗਿਆ ਹੈ, ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਹੋ, ਇਸ ਵਿਚ ਰਾਈ ਭਰ ਵੀ ਸ਼ੰਕਾ ਨਹੀਂ ਹੈ॥ ੪॥

ਬਿਨਾ ਮਿਲੇ ਅਬਿ ਆਪ ਸਮਾਏ। ਹਮ ਰਹਿਗੇ ਹਿਰਦੇ ਪਛੁਤਾਏ।
ਅਬੈ ਬਧੀ ਅਭਿਲਾਖ ਬਿਸਾਲਾ। ਦਰਸ ਆਪਕਾ ਕਰਨ ਕ੍ਰਿਪਾਲਾ॥੫॥

ਸਾਨੂੰ ਮਿਲਣ ਤੋਂ ਬਗੈਰ ਹੀ ਹੁਣ ਆਪ ਸਮਾ ਗਏ ਹੋ, ਅਸੀਂ ਦਿਲ ਵਿਚ ਪਛਤਾਉਂਦੇ ਰਹਿ ਗਏ ਹਾਂ। ਹੁਣ ਸਾਡੀ ਅਭਿਲਾਸ਼ਾ ਬਹੁਤ ਵਧੀ ਹੈ ਕਿ ਕਿਰਪਾਲੂ ਕਿਸੇ ਤਰ੍ਹਾਂ ਆਪ ਜੀ ਦੇ ਦਰਸ਼ਨ ਹੋ ਜਾਣ॥ ੫॥

ਸੁਨਿਕੈ ਬਿਨੈ ਪ੍ਰਸੀਦਹੁ ਤਾਤਾ!। ਛਿਮਾ ਕਰਹੁ ਭੂਲੇ ਪਸ਼ਚਾਤਾ।
ਤੁਮਕੋ ਸ਼੍ਰੀ ਕਰਤਾਰ ਦੁਹਾਈ। ਬੋਲੇ ਮਿਲੇ ਬਿਨਾ ਜੇ ਜਾਈ॥੬॥

ਪੁੱਤਰਾਂ ਦੀ ਬੇਨਤੀ ਸੁਣ ਕੇ ਪਿਤਾ ਜੀ (ਗੁਰੂ ਨਾਨਕ) ਖ਼ੁਸ਼ ਹੋਵੋ। ਸਾਨੂੰ ਮੁਆਫ ਕਰੋ, ਅਸੀਂ ਭੁੱਲ ਕੇ ਪਛਤਾਉਂਦੇ ਹਾਂ। ਹੇ ਸ੍ਰੀ ਕਰਤਾਰ ਤੁਹਾਨੂੰ ਦੁਹਾਈ ਹੈ, ਬੋਲੇ, ਮਿਲੇ ਬਿਨਾਂ ਜੇ ਚਲੇ ਜਾਵੋਗੇ॥ ੬॥

ਪੂਰਬ ਜਿਉਂ, ਦ੍ਵੈ ਘਟਿਕਾ ਔਰੀ। ਹਮ ਸੌਂ ਬੋਲਹੁ ਮਿਲਹੁ ਬਹੋਰੀ'।
ਅਸ ਅਰਦਾਸ ਕੀਨਿ ਜਬਿ ਦੋਈ। ਚਹੁਂ ਦਿਸ਼ ਭੀਰ ਅਧਿਕ ਤਬਿ ਹੋਈ॥੭॥

ਦੋ ਘੜੀਆਂ ਪਹਿਲਾਂ ਤੁਸੀਂ ਸਾਨੂੰ ਬੁਲਾਇਆ ਸੀ ਕਿ ਸਾਨੂੰ ਤੁਰੰਤ ਆ ਕੇ ਮਿਲੋ।" ਇਸ ਤਰ੍ਹਾਂ ਜਦ ਦੋਹਾਂ ਨੇ ਅਰਦਾਸ ਕੀਤੀ ਤਾਂ ਫਿਰ ਚਾਰੇ ਪਾਸੇ ਬਹੁਤ ਭੀੜ ਹੋ ਗਈ॥ ੭॥

ਅਹੈ ਸੁਲਖਣੀ ਚਰਨਨ ਪਾਸੂ। ਲੋਚਨ ਤੇ ਗੇਰਤਿ ਬਹੁ ਆਂਸੂ।
ਭੂਪਤਿ, ਸ਼ਾਹਿ, ਬਿਪ੍ਰ, ਸਿਖ ਬ੍ਰਿੰਦਾ। 'ਸਤਿਨਾਮ' ਸਿਮਰੈ ਸੁਖਕੰਦਾ॥੮॥

ਮਾਤਾ ਸੁਲੱਖਣੀ ਉਨ੍ਹਾਂ ਦੇ ਚਰਨਾਂ ਪਾਸ ਬੈਠੀ ਸੀ ਤੇ ਅੱਖਾਂ ਵਿਚੋਂ ਬਹੁਤ ਹੰਝੂ ਵਹਾ ਰਹੀ ਸੀ। ਰਾਜੇ, ਸ਼ਾਹ, ਬ੍ਰਾਹਮਣ ਅਤੇ ਸਿੱਖ ਸੰਗਤ ਸੁਖਦਾਤੇ 'ਸਤਿਨਾਮ' ਦਾ ਸਿਮਰਨ ਕਰ ਰਹੇ ਸਨ॥ ੮॥

ਠਾਂਢੇ ਬੰਦੇ ਹਾਥ ਸਮੀਪਾ। ਸੁਨੀ ਬਿਨੈ ਬੇਦੀ ਕੁਲਦੀਪਾ।
ਤਾਤਨ ਸੌਂ ਬੋਲਨ ਕੇ ਕਾਰਨ। ਉਠਿ ਬੈਠੇ ਤਬਿ ਨਰਕ ਨਿਵਾਰਨ॥੯॥

ਹੱਥ ਜੋੜ ਕੇ ਕੋਲ ਖੜੇ ਸਨ, ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਲਈ, ਆਪਣੇ ਪੁੱਤਰਾਂ ਨਾਲ ਬੋਲਣ ਕਾਰਨ, ਤਦ ਨਰਕਾਂ ਨੂੰ ਦੂਰ ਕਰਨ ਵਾਲੇ ਉੱਠ ਕੇ ਬੈਠ ਗਏ॥ ੯॥

ਅਰੁਨ ਪ੍ਰਫੁੱਲਜਤ ਕਮਲ ਬਿਸਾਲਾ। ਬਦਨ ਸੁਹਾਵਤਿ ਅਸ ਤਿਹ ਕਾਲਾ।
ਦੇਖਿ ਅਚੰਭ ਭਏ ਨਰ ਨਾਰੀ। ਚਹੁਂ ਦਿਸ਼ 'ਜੈ ਜੈ ਕਾਰ' ਉਚਾਰੀ॥੧੦॥

ਲਾਲ ਕੰਵਲ ਵਿਸ਼ਾਲ ਪ੍ਰਫੁੱਲਤ ਹੋਇਆ। ਉਸ ਸਮੇਂ ਮੁਖੜਾ ਬਹੁਤ ਸ਼ੋਭਾ ਪਾ ਰਿਹਾ ਸੀ। ਨਰ ਨਾਰੀ ਵੇਖ ਕੇ ਹੈਰਾਨ ਰਹਿ ਗਏ, ਚਾਰੇ ਪਾਸੇ 'ਜੈ ਜੈ ਕਾਰ' ਦਾ ਉਚਾਰਨ ਹੋਇਆ॥ ੧੦॥

ਠਾਂਢੇ ਦ੍ਵੈ ਤਾਤਨ ਕੋ ਦੇਖਾ। ਬੋਲੇ ਗੁਰ ਕਰਿ ਕ੍ਰਿਪਾ ਬਿਸ਼ੇਖਾ।
'ਜਾਚਤਿ ਜੇ ਜੀਵਨ ਬਹੁ ਮੇਰਾ। ਸੋ ਪਾਵਤਿ ਅਬਿ ਹੁਤੀ ਨ ਦੇਰਾ॥੧੧॥

ਆਪਣੇ ਦੋਹਾਂ ਪੁੱਤਰਾਂ ਨੂੰ ਖੜੇ ਵੇਖਿਆ। ਗੁਰੂ ਜੀ ਬਹੁਤ ਕਿਰਪਾ ਕਰਕੇ ਬੋਲੇ, 'ਜੇ ਮੇਰਾ ਬਹੁਤ ਜੀਵਨ ਮੰਗਦੇ ਹੋ, ਸੋ ਹੁਣ ਪਾ ਲਵੋ, ਇਸ ਵਿਚ ਕੋਈ ਦੇਰ ਨਹੀਂ॥ ੧੧॥

ਦ੍ਵੈ ਘਟਿਕਾ ਜਾਚੀ ਤੁਮ ਜੋਈ। ਨਹਿਂ ਅਧੀਨ ਤੁਮਰੇ ਕਛੁ ਸੋਈ।
ਨਿਰੰਕਾਰ ਭਾਵੀ ਜੋ ਆਹੀ। ਸੋਈ ਹੋਤਿ ਮਿਟੈ ਕਬਿ ਨਾਂਹੀ॥੧੨॥

ਜੋ ਦੋ ਘੜੀਆਂ ਮੇਰੀ ਉਮਰ ਮੰਗੀ ਹੈ, ਉਹ ਤੁਹਾਡੇ ਅਧੀਨ ਕੁਝ ਨਹੀਂ ਹੈ। ਜੋ ਨਿਰੰਕਾਰ ਨੂੰ ਭਾਵੇ ਉਹੀ ਕੁਝ ਹੁੰਦਾ ਹੈ, ਸੋਈ ਹੁੰਦਾ ਹੈ, ਉਹ ਕਦੇ ਮਿਟਦਾ ਨਹੀਂ॥ ੧੨॥

ਅਬਿ ਜੋ ਹੈ ਤੁਮਰੇ ਮਨ ਮਾਂਹੀ। ਕਰਉ ਪ੍ਰਤੱਖ ਹਮਾਰੇ ਪਾਹੀ।
ਪੂਰਬ ਰਹੇ ਬੁਲਾਇ ਨ ਆਏ। ਕਰੀ ਬਾਤ ਆਪਨ ਮਨ ਭਾਏ'॥੧੩॥

ਹੁਣ ਜੋ ਕੁਝ ਤੁਹਾਡੇ ਮਨ ਵਿਚ ਹੈ, ਮੇਰੇ ਪਾਸ ਪ੍ਰਤੱਖ ਬਿਆਨ ਕਰੋ। ਪਹਿਲਾਂ ਅਸੀਂ ਬੁਲਾਉਂਦੇ ਰਹੇ ਹਾਂ ਤੁਸੀਂ ਆਏ ਨਹੀਂ, ਆਪਣੇ ਮਨ ਨੂੰ ਭਾਉਂਦੀ ਗੱਲ ਕੀਤੀ ਹੈ'॥ ੧੩॥

ਤਿਹ ਛਿਨ ਸਿਰੀਚੰਦ ਕਰ ਬੰਦੇ। ਬੋਲਜੋ ਬਚਨ 'ਸੁਨਹੁ ਸੁਖਕੰਦੇ!
ਤੁਮ ਅੰਤਰਜਾਮੀ ਸਭਿ ਜਾਨਹੁ। ਬਿਨਾ ਕਹੇ ਤੇ ਭੇਵ ਪਛਾਨਹੁ॥੧੪॥

ਉਸ ਸਮੇਂ ਸਿਰੀਚੰਦ ਹੱਥ ਜੋੜ ਕੇ ਬੋਲਿਆ, "ਹੇ ਸੁੱਖਾਂ ਦੇ ਦਾਤੇ ਮੇਰੀ ਗੱਲ ਸੁਣੋ, ਤੁਸੀਂ ਅੰਤਰਜਾਮੀ ਹੋ, ਸਭ ਕੁਝ ਜਾਣਦੇ ਹੋ। ਬਿਨਾਂ ਕਹੇ ਦੇ ਹੀ ਭੇਦ ਪਛਾਣ ਲੈਂਦੇ ਹੋ॥ ੧੪॥

ਪੂਛਹੁ ਤੱਦਜਪਿ ਕਰਹੁਂ ਉਚਾਰੀ। ਪਿਤਾ ਵਸਤੁ ਕੇ ਸੁਤ ਅਧਿਕਾਰੀ।
ਹਮ ਕੋ ਛੂਛਾ ਛੋਰਿ ਪਯਾਨੇ। ਥਾਪਜੋ ਲਹਿਣਾ ਅਪਨ ਸਥਾਨੇ॥੧੫॥

ਪੁੱਛਦੇ ਹੋ ਤਾਂ ਮੈਂ ਕਹਿੰਦਾ ਹਾਂ, ਪਿਤਾ ਦੀ ਵਸਤੂ ਦੇ ਪੁੱਤਰ ਹੱਕਦਾਰ ਹੁੰਦੇ ਹਨ। ਸਾਨੂੰ ਖਾਲੀ ਛੱਡ ਕੇ ਚਲੇ ਗਏ, ਲਹਿਣੇ ਨੂੰ ਆਪਣੇ ਸਥਾਨ ਤੇ ਥਾਪ ਦਿੱਤਾ ਹੈ॥ ੧੫॥

ਕਲਾ ਬਿਸਾਲਹਿ ਤੇ ਤਜਿ ਖਾਲੀ। ਕਰੀ ਆਪ ਅਸਮੰਜਸ ਚਾਲੀ।
ਦਈ ਅਪਰ ਕੋ ਸਰਬ ਬਡਾਈ। ਤੁਮਰੇ ਸੁਤ ਕਜਾ ਜਗ ਮਹਿਂ ਪਾਈ?' ॥੧੬॥

ਵਿਸ਼ਾਲ ਕਰਾਮਾਤ ਤੋਂ ਸਾਨੂੰ ਖਾਲੀ ਛੱਡ ਕੇ, ਆਪ ਨੇ ਅਯੋਗ ਰੀਤੀ ਅਪਨਾਈ ਹੈ। ਕਿਸੇ ਹੋਰ ਨੂੰ ਸਾਰੀ ਵਡਿਆਈ ਦੇ ਦਿੱਤੀ ਹੈ, ਤੁਹਾਡੇ ਪੁੱਤਰ ਜੱਗ ਵਿਚ ਕੀ ਪਾਉਣਗੇ?"॥ ੧੬॥

ਦੋਹਰਾ- ਬਚਨ ਸੁਨੇ ਨਿਜ ਸੁਤਨ ਕੇ ਸ੍ਰੀ ਨਾਨਕ ਗਤਿ ਦਾਇ।
ਸਭਿ ਕੇ ਸੁਨਤਿ ਸ਼ਲੋਕ ਇਕ ਉਚਰਜੋ ਬਦਨ ਬਨਾਇ॥ ੧੭॥

ਜਦ ਆਪਣੇ ਪੁੱਤਰਾਂ ਦੇ ਬਚਨ ਸੁਣੇ ਤਾਂ ਮੁਕਤੀਦਾਤੇ ਗੁਰੂ ਜੀ ਨੇ ਤਾਂ ਉਨ੍ਹਾਂ ਸਾਰਿਆਂ ਨੂੰ ਸੁਣਾਉਣ ਵਾਸਤੇ ਮੁੱਖ ਤੋਂ ਇਕ ਸਲੋਕ ਦਾ ਉਚਾਰਨ ਕੀਤਾ॥ ੧੭॥

*ਮ: ੧॥*

*ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥*
*ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥*
*ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥*
*ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥*
*ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥*
*ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥ ੨॥* (ਪੰਨਾ ੪੬੭)

ਲੱਖਾਂ ਹੀ ਨੇਕੀਆਂ ਚੰਗਿਆਈਆਂ ਹਨ ਅਤੇ ਲੱਖਾਂ ਪ੍ਰਮਾਣੀਕ ਪੁੰਨ ਦਾਨ ਹਨ। ਤੀਰਥ ਅਸਥਾਨਾਂ ਤੇ ਲੱਖਾਂ ਤਪ ਸਥਾਨ ਹਨ ਅਤੇ ਲੱਖਾਂ ਹੀ ਬੀਆਬਾਨਾਂ ਵਿਚ ਸੁਆਮੀ ਦੇ ਮਿਲਾਪ ਦੇ ਰਸਤੇ ਦੇ ਅਭਿਆਸ ਹਨ। ਲੱਖਾਂ ਹੀ ਸੂਰਮਿਆਂ ਨੇ ਲੜਾਈ ਦੇ ਮੈਦਾਨ ਵਿਚ ਪ੍ਰਾਣ ਤਿਆਗੇ ਹਨ। ਲੱਖਾਂ ਹੀ ਸੁਰਤਾਂ ਅਤੇ ਗਿਆਨ ਧਿਆਨ ਹਨ। ਲੱਖਾਂ ਹੀ ਵੇਦਾਂ ਨੂੰ ਪੜ੍ਹਨ ਵਾਲੇ ਅਤੇ ਪੁਰਾਣਾਂ ਦਾ ਪਾਠ ਕਰਨ ਵਾਲੇ ਹਨ। ਹੇ ਨਾਨਕ ! ਕਰਤਾਰ ਓਹੋ ਜਿਸ ਨੇ ਸੰਸਾਰ ਸਾਜਿਆ ਹੈ ਅਤੇ ਆਉਣਾ ਜਾਣਾ ਲਿਖਿਆ ਹੈ, ਅਕਲਮੰਦੀ ਦੇ ਇਹ ਕਰਮ ਝੂਠੇ ਹਨ ਅਤੇ ਮਿਹਰ ਦਾ ਨਿਸ਼ਾਨ ਹੀ ਸੱਚਾ ਹੈ॥ ੨॥

ਚੌਪਈ- 'ਮਨ ਕੀ ਮੌਤਿ ਕਰਹਿ ਜੇ ਕੋਈ। ਏਕ ਸਿਧਿ ਨਹਿਂ ਕੈਸੇ ਹੋਈ।

ਬਿਨਾ ਆਪਨੇ ਕਰਮ ਬਡਾਈ। ਕਿਨਹੂੰ ਪਾਈ ਖਬਰ ਨ ਰਾਈ ॥੧੮॥

"ਜੇ ਕੋਈ ਆਪਣੇ ਮਨ ਦੀ ਮੱਤ ਕਰਦਾ ਹੈ, ਫਿਰ ਇਕ ਕਰਾਮਾਤ ਵੀ ਕਿਸੇ ਤਰ੍ਹਾਂ ਨਹੀਂ ਹੋ ਸਕਦੀ। ਬਿਨਾਂ ਆਪਣੇ ਕਰਮਾਂ ਦੇ ਵਡਿਆਈ ਨਹੀਂ ਮਿਲ ਸਕਦੀ, ਕਿਸੇ ਨੇ ਆਪਣੇ ਆਪ ਰਾਈ ਭਰ ਜਾਣਕਾਰੀ ਵੀ ਨਹੀਂ ਪਾਈ ਹੈ॥ ੧੮॥

ਸ੍ਰੀ ਕਰਤਾਰ ਭਾਵਈ ਜੋਈ। ਹੋਤਿ ਪ੍ਰਤੱਖ ਬਾਤ ਹੈ ਸੋਈ।
ਲੇਨਿ ਦੇਨਿ ਸਭਿ ਤਾਂਹਿ ਅਧੀਨਾ। ਔਰ ਨ ਕਿਸਹੂੰ ਕੇ ਕਰ ਕੀਨਾ ॥੧੯॥

ਸ੍ਰੀ ਕਰਤਾਰ ਨੂੰ ਜੋ ਕੁਝ ਭਾਉਂਦਾ ਹੈ, ਉਹੀ ਗੱਲ ਪ੍ਰਤੱਖ ਹੁੰਦੀ ਹੈ। ਲੈਣਾ ਦੇਣਾ ਸਭ ਉਸ ਦੇ ਅਧੀਨ ਹੈ, ਹੋਰ ਕਿਸੇ ਦੇ ਹੱਥ ਵਿਚ ਨਹੀਂ ਦਿੱਤਾ ਹੈ" ॥ ੧੯॥

ਸੁਨਿ ਕੈ ਸੁਤ ਦੋਨੋ ਮੁਰਝਾਨੇ। ਹ੍ਵੈ ਅਧੀਨ ਪੁਨ ਬਚਨ ਬਖਾਨੇ।
'ਨਹੀਂ ਹਮਾਰੋ ਚਾਰੋ ਕੋਊ। ਜਿਉਂ ਭਾਵੈ ਤਿਉਂ ਕਰੀਏ ਸੋਊ॥ ੨੦॥

ਇਹ ਸੁਣ ਕੇ ਦੋਵੇਂ ਪੁੱਤਰ ਉਦਾਸ ਹੋ ਗਏ। ਦੀਨ ਹੋ ਕੇ ਫਿਰ ਬਚਨ ਕੀਤੇ, "ਸਾਡਾ ਕੋਈ ਚਾਰਾ ਨਹੀਂ ਹੈ, ਜਿਵੇਂ ਤਿਵੇਂ ਚੰਗਾ ਲਗਦਾ ਹੈ, ਉਸ ਤਰ੍ਹਾਂ ਹੀ ਕਰੋ॥ ੨੦॥

ਜਗ ਮਹਿਂ ਮਨਤਾ ਹ੍ਵੈ ਨ ਹਮਾਰੀ। ਕੋਇ ਨ ਦੇਵਹਿ ਭੇਟ ਅਗਾਰੀ।
ਨਾਮ ਲਾਜ ਤੁਮਹੀ ਕੋ ਸਾਰੀ'। ਇਉਂ ਕਹਿ ਮੁਖ ਤੇ ਤੂਸ਼ਨ ਧਾਰੀ ॥੨੧॥

ਜੱਗ ਵਿਚ ਸਾਡੀ ਮਨਤਾ ਨਹੀਂ ਹੋਵੇਗੀ, ਕੋਈ ਵੀ ਸਾਡੇ ਅੱਗੇ ਭੇਟਾ ਨਹੀਂ ਧਰੇਗਾ। ਸਾਰੀ ਤੁਹਾਡੇ ਹੀ ਨਾਮ ਨੂੰ ਲਾਜ ਹੈ।" ਇਸ ਤਰ੍ਹਾਂ ਕਹਿ ਕੇ ਮੂੰਹ ਤੋਂ ਚੁੱਪ ਹੋ ਗਏ॥ ੨੧॥

ਗੁਨਖਾਨੀ ਸੁਨਿ ਕਰੁਨਾ ਠਾਨੀ। ਬੋਲੇ ਸੁਤਨ ਸੰਗ ਪੁਨ ਬਾਨੀ।
'ਰਿਧਿ ਸਿੱਧਿ ਸਭਿ ਹ੍ਵੈ ਕੁਲ ਮਾਂਹੀ। ਪਟ, ਧਨ, ਧਾਮ, ਤੋਟ ਕਬਿ ਨਾਂਹੀ ॥੨੨॥

ਗੁਰੂ ਜੀ ਨੇ ਸੁਣ ਕੇ ਕਿਰਪਾ ਧਾਰਨ ਕੀਤੀ, ਫਿਰ ਆਪਣੇ ਪੁੱਤਰਾਂ ਨੂੰ ਕਹਿਣ ਲੱਗੇ, "ਤੁਹਾਡੇ ਵਿਚ ਕੁਲ ਰਿੱਧੀਆਂ ਸਿੱਧੀਆਂ ਆ ਜਾਣਗੀਆਂ। ਕਪੜੇ, ਧਨ, ਘਰ, ਕਿਸੇ ਵਸਤੂ ਦੀ ਕਦੀ ਵੀ ਤੋਟ ਨਹੀਂ ਆਵੇਗੀ॥ ੨੨॥

ਗੁਰੂ ਪੀਰ ਕੇ ਜੋ ਹੈਂ ਸ੍ਵਾਨਾ। ਤਿਨ ਕੋ ਮਾਨਹਿ ਜਗਤ ਮਹਾਨਾ।
ਤੁਮ ਤੋ ਤਾਤ ਭਏ ਮੁਝ ਤਨ ਤੇ। ਭੇਟਾ ਕਿਉਂ ਨ ਦੇਹਿਂ ਹਿਤ ਮਨ ਤੇ ॥੨੩॥

ਗੁਰੂ ਪੀਰ ਦੇ ਜਿਹੜੇ ਕੁੱਤੇ ਵੀ ਹੁੰਦੇ ਹਨ, ਉਨ੍ਹਾਂ ਨੂੰ ਵੀ ਜਗਤ ਮਹਾਨ ਮੰਨਦਾ ਹੈ। ਤੁਸੀਂ ਤਾਂ ਮੇਰੇ ਤਨ ਤੋਂ ਪੈਦਾ ਹੋਏ ਮੇਰੇ ਪੁੱਤਰ ਹੋ, ਤੁਹਾਨੂੰ ਮਨ ਨਾਲ ਭੇਟਾ ਕਿਉਂ ਨਹੀਂ ਦੇਣਗੇ ?॥ ੨੩॥

ਕਰਾਮਾਤ ਹ੍ਵੈ ਹੈ ਤੁਮ ਮਾਂਹੀ। ਸਿੱਖ ਹਮਾਰੇ ਸਰਬ ਪੁਜਾਹੀਂ।
ਜਗਤ ਬਿਰਾਜਹੁ ਸਭਿ ਤੇ ਊਚੇ। ਤੁਮਰੀ ਸਮਤਾ ਕੋ ਨ ਪਹੂਚੇ॥ ੨੪॥

ਤੁਹਾਡੇ ਵਿਚ ਬਹੁਤ ਕਰਾਮਾਤਾਂ ਹੋਣਗੀਆਂ। ਸਾਡੇ ਸਾਰੇ ਸਿੱਖ ਤੁਹਾਨੂੰ ਪੂਜਣਗੇ। ਜਗਤ ਵਿਚ ਸਭ ਤੋਂ ਉਪਰ ਬਰਾਜੋਗੇ। ਤੁਹਾਡੀ ਕੋਈ ਬਰਾਬਰੀ ਨਹੀਂ ਕਰ ਸਕੇਗਾ॥ ੨੪॥

ਸੁਨਹੁ, ਪਰੰਤੁ ਜੁ ਸ਼ਬਦ ਬਡਾਈ। ਸੋ ਅੰਗਦ ਨੈ ਨੀਕੇ ਪਾਈ।
ਰਿਦੇ ਬਿਚਾਰਿ ਲੇਹੁ ਤੁਮ ਦੇਖੀ। ਜਿਉਂ ਲੀਨੀ ਕਿਯ ਘਾਲ ਵਿਸ਼ੇਖੀ ॥੨੫॥

ਸੁਣੋ, ਪਰ ਜੋ ਸ਼ਬਦ ਦੀ ਵਡਿਆਈ ਹੈ ਸੋ ਗੁਰੂ ਅੰਗਦ ਦੇਵ ਨੇ ਚੰਗੀ ਤਰ੍ਹਾਂ ਪਾਈ ਹੈ। ਹਿਰਦੇ ਵਿਚ ਵਿਚਾਰ ਕੇ ਤੁਸੀਂ ਦੇਖ ਲਵੋ ਕਿ ਉਸ ਕਿਸ ਤਰ੍ਹਾਂ ਘਾਲ ਕਮਾਈ ਕਰ ਕੇ ਗੁਰ-ਗੱਦੀ ਲਈ ਹੈ॥ ੨੫॥

ਨਿਰਹੰਕਾਰ ਰਹਜੋ ਅਨੁਸਾਰੀ। ਰਿਦੇ ਸਦੀਵ ਸੇਵ ਜਿਸ ਪਜਾਰੀ।
ਆਇਸੁ ਬਿਖੇ ਬਿਲਮ ਨਹਿਂ ਕੀਤੀ। ਸੂਧੀ ਹੁਇ ਅਥਵਾ ਬਿਪਰੀਤੀ' ॥੨੬॥

ਹੰਕਾਰ-ਰਹਿਤ ਹੋ ਕੇ ਉਹ ਮੇਰੀ ਆਗਿਆ ਅਨੁਸਾਰ ਰਿਹਾ ਹੈ। ਉਸ ਦੇ ਹਿਰਦੇ ਵਿਚ ਸਦਾ ਸੇਵਾ ਪਿਆਰੀ ਰਹੀ ਹੈ। ਆਗਿਆ ਦੀ ਪਾਲਣਾ ਕਰਨ ਵਿਚ ਉਸ ਕਦੇ ਵੀ ਦੇਰ ਨਹੀਂ ਸੀ ਕੀਤੀ, ਭਾਵੇ ਮੇਰੀ ਆਗਿਆ ਸਿੱਧੀ ਹੋਵੇ ਜਾਂ ਉਲਟੀ ਹੋਵੇ' ॥ ੨੬॥

ਅਵਰ ਕਹੇ ਗੁਨ ਅੰਗਦ ਕੇਰੇ। ਪੁਨ ਤੂਸ਼ਨ ਕਿਯ ਪ੍ਰਭੁ ਬਡੇਰੇ।
ਦੋਇ ਘਟੀ ਦਿਯ ਦਰਸ਼ਨ ਔਰੀ। ਨਰ ਹਜ਼ਾਰ ਬੰਦਹਿਂ ਕਰ ਜੋਰੀ ॥੨੭॥

ਗੁਰੂ ਅੰਗਦ ਦੇਵ ਦੇ ਹੋਰ ਗੁਣ ਵੀ ਕਹੇ, ਫਿਰ ਪ੍ਰਭੂ ਜੀ ਚੁੱਪ ਹੋ ਗਏ। ਦੋ ਘੜੀਆਂ ਹੋਰ ਦਰਸ਼ਨ ਦਿੱਤੇ, ਹਜ਼ਾਰਾਂ ਮਨੁੱਖ ਹੱਥ ਜੋੜ ਕੇ ਖੜੇ ਸਨ॥ ੨੭॥

ਦੋਹਰਾ-ਸ੍ਰੀ ਸਤਿਗੁਰ ਸਮਚਿਤ ਪ੍ਰਭੂ ਬੈਠੇ ਬੀਚ ਸੁਹਾਇ।
ਮੁਖ ਪ੍ਰਸੰਨ ਸਮ ਚੰਦੂ ਕੇ ਉਡਗਨ ਸਿਖ ਸਮੁਦਾਇ॥ ੨੮॥

ਸ੍ਰੀ ਸਤਿਗੁਰੂ ਜੀ, ਸਮਤਾ ਭਰੇ ਚਿੱਤ ਵਾਲੇ ਵਿਚ ਬੈਠੇ ਸੋਭ ਰਹੇ ਸਨ। ਮੁੱਖ ਤੋਂ ਪ੍ਰਸੰਨ ਹੋ ਕੇ ਚੰਦ ਸਮਾਨ ਬੈਠੇ ਸਨ ਤੇ ਚਾਰ-ਚੁਫੇਰੇ ਸਿੱਖ ਸੰਗਤ ਤਾਰਿਆਂ ਵਾਂਗ ਖੜੀ ਸੀ॥ ੨੮॥

ਚੌਪਈ- ਦਿਪਤ ਤੇਜ ਮੁਖ ਕਾਂਤਿ ਬਿਸਾਲੀ। ਬਾਲ ਅੰਸ਼ਮਾਲੀ ਯੁਤ ਲਾਲੀ।
ਗਜਾਨ ਕਿਰਨ ਤੇ ਰਹਜੋ ਪ੍ਰਕਾਸ਼ੇ। ਸੇਵਕ ਰਿਦ ਅਰਬਿੰਦ ਬਿਕਾਸੇ ॥੨੯॥

ਮੁੱਖ ਤੇ ਵਿਸ਼ਾਲ ਸੁੰਦਰਤਾ ਪ੍ਰਕਾਸ਼ਮਾਨ ਹੋ ਰਹੀ ਸੀ। ਬਾਲ ਅਵਸਥਾ ਭਾਵ ਚੜ੍ਹਦੇ ਸੂਰਜ ਦੀ ਲਾਲੀ ਵਰਗਾ ਚਿਹਰਾ ਹੋ ਰਿਹਾ ਸੀ। ਗਿਆਨ ਦੀਆਂ ਕਿਰਨਾਂ ਨਾਲ ਮੁੱਖ ਚਮਕ ਰਿਹਾ ਸੀ। ਸੇਵਕਾਂ ਦੇ ਹਿਰਦੇ ਵੀ ਕੰਵਲ ਫੁੱਲ ਵਾਂਗ ਖਿੜੇ ਸਨ॥ ੨੯॥

ਭਰੇ ਕ੍ਰਿਪਾ ਰਸ ਨਯਨ ਰਸੀਲੇ। ਹਿਤ ਉਪਕਾਰ ਸੁਸ਼ੀਲ ਛਬੀਲੇ।
ਸਭਿ ਦਿਸ਼ ਦੇਖਤਿ ਕਰਤਿ ਕ੍ਰਿਤਾਰਥ। ਦਰਸਹਿਂ ਬ੍ਰਿੰਦ ਪਾਇ ਪਰਮਾਰਥ ॥੩੦॥

ਰਸੀਲੇ ਨੈਣ ਕਿਰਪਾ ਰਸ ਨਾਲ ਭਰੇ ਪਏ ਸਨ, ਉਪਕਾਰ ਹਿਤ ਉਹ ਸੁਸ਼ੀਲ ਛਬੀਲੇ ਸਨ। ਸਭ ਪਾਸੇ ਵੇਖ ਕੇ ਉਹ ਕ੍ਰਿਤਾਰਥ ਕਰ ਰਹੇ ਸਨ। ਸੰਗਤ ਨੂੰ ਦਰਸ਼ਨ ਦੇ ਕੇ ਪਰਮਾਰਥ ਦਾ ਕੰਮ ਕਰ ਰਹੇ ਸਨ॥ ੩੦॥

ਤਿਸ ਖਿਨ ਬੁੱਢੇ ਦ੍ਵੈ ਕਰ ਜੋਰੇ। ਦ੍ਰਿਸ਼ਟਿ ਲਾਇ ਪਦ ਪੰਕਜ ਓਰੇ।
'ਗੁਰ ਜੀ! ਬਚ ਸੁਨਿਬੇ ਕਹਿ ਅਰਜੀ। ਸ੍ਰੀ ਗੁਰ ਜੀ! ਸਭਿ ਸਿੱਖਨ ਮਰਜੀ ॥੩੧॥

ਉਸ ਵੇਲੇ ਬਾਬਾ ਬੁਢਾ ਜੀ ਨੇ ਦੋਵੇਂ ਹੱਥ ਜੋੜੇ ਅਤੇ ਚਰਨ ਕੰਵਲਾਂ 'ਤੇ ਦ੍ਰਿਸ਼ਟੀ ਲਾਈ ਅਤੇ ਕਿਹਾ, "ਹੇ ਗੁਰੂ ਜੀ! ਆਪ ਜੀ ਦੇ ਬਚਨ ਸੁਣਨ ਲਈ ਮੈਂ ਬੇਨਤੀ ਕਰਦਾ ਹਾਂ। ਹੇ ਗੁਰੂ ਜੀ! ਸਭ ਸਿੱਖਾਂ ਦੀ ਇਹੋ ਮਰਜ਼ੀ ਹੈ॥ ੩੧॥

ਉੱਤਮ ਵਾਹਿਗੁਰੂ ਸਤਿਨਾਮ। ਉਪਦੇਸ਼ਜੋ ਸੰਗਤਿ ਨਰ ਬਾਮ।
ਸਿਮਰਨ ਨਾਮ ਕਰਹਿਂ ਅਠਜਾਮ। ਪਦ ਅਭਿਰਾਮ ਦੇਤਿ ਸੁਖ ਧਾਮ ॥੩੨॥

ਵਾਹਿਗੁਰੂ ਸਤਿਨਾਮ ਉੱਤਮ ਹੈ, ਸੰਗਤ ਵਿਚ ਬੈਠੇ ਸਭ ਨਰ ਨਾਰੀਆਂ ਨੂੰ ਉਪਦੇਸ਼ ਦੇਵੋ, ਤਾਂਕਿ ਅੱਠ ਪਹਿਰ ਅਸੀਂ ਨਾਮ ਦਾ ਸਿਮਰਨ ਕਰੀਏ। ਆਪ ਜੀ ਦੇ ਸੁੰਦਰ ਚਰਨ ਸੁਖਾਂ ਦਾ ਘਰ ਹਨ॥ ੩੨॥

ਸ੍ਰੀ ਮੁਖ ਤੇ ਇਸ ਅਰਥ ਜਥਾਰਥ। ਸੇਵਕ ਸੁਨਹਿਂ ਸੁ ਹੋਹਿਂ ਕ੍ਰਿਤਾਰਥ।
ਅੰਤ ਸਮੇਂ ਕੋ ਦਰਸ ਤੁਮਾਰਾ। ਤਥਾ ਬਚਨ ਕੋ ਅਬਹਿ ਬਿਚਾਰਾ ॥੩੩॥

ਆਪ ਜੀ ਦੇ ਮੁੱਖ ਤੋਂ ਇਸ ਦੇ ਯਥਾਰਥ ਅਰਥ ਸੁਣ ਕੇ ਸੇਵਕ ਕ੍ਰਿਤਾਰਥ ਹੋਣਗੇ। ਤੁਹਾਡੇ ਅੰਤ ਸਮੇਂ ਦੇ ਦਰਸ਼ਨ ਹਨ, ਇਸ ਬਚਨ ਨੂੰ ਮੈਂ ਹੁਣੇ ਹੀ ਵਿਚਾਰਿਆ ਹੈ॥ ੩੩॥

ਯਾਂਤੇ ਸਭਿਹਿਨਿ ਕੇ ਮਨ ਚਾਹੂ। ਸੁਨਿਬੇ ਕਹੁ ਬਿਸਾਲ ਉਤਸ਼ਾਹੂ।
ਕ੍ਰਿਪਾ ਕਰੋ ਸਭਿ ਪਰ ਸ੍ਰੀ ਗੁਰ ਜੀ!। ਪੂਰਹੁ ਸਰਬ ਲਾਲਸਾ ਉਰ ਜੀ ॥੩੪॥

ਇਸ ਤਰ੍ਹਾਂ ਸਾਰੇ ਆਪਣੇ ਮਨ ਵਿਚ ਚਾਹੁੰਦੇ ਹਨ, ਸੁਣਨ ਵਾਸਤੇ ਵਿਸ਼ਾਲ ਉਤਸ਼ਾਹ ਹੈ। ਹੇ ਗੁਰੂ ਜੀ ! ਸਾਰਿਆਂ ਤੇ ਕਿਰਪਾ ਕਰੋ, ਸਾਡੇ ਹਿਰਦੇ ਦੀ ਲਾਲਸਾ ਨੂੰ ਪੂਰਨ ਕਰੋ'॥ ੩੪॥

ਇਸ ਪ੍ਰਕਾਰ ਸੁਨਿਕੈ ਸ਼ੁਭ ਬਾਨੀ। ਅਰ ਸਿੱਖਨ ਮਨ ਕੀ ਗਤਿ ਜਾਨੀ।
ਸਮ ਅੰਮ੍ਰਿਤੁ ਕੇ ਗਿਰਾ ਰਸਾਲਾ। ਕਹਿ ਸ੍ਰੀ ਨਾਨਕ ਪਰਮ ਕ੍ਰਿਪਾਲਾ ॥੩੫॥

ਇਸ ਪ੍ਰਕਾਰ ਦੀ ਸ਼ੁਭ ਬਾਣੀ ਸੁਣ ਕੇ ਅਤੇ ਸਿੱਖਾਂ ਦੇ ਮਨ ਦੀ ਹਾਲਤ ਜਾਣ ਕੇ, ਅੰਮ੍ਰਿਤ ਵਰਗੇ ਰਸੀਲੇ ਬਚਨ ਪਰਮ ਕ੍ਰਿਪਾਲੂ ਗੁਰੂ ਨਾਨਕ ਦੇਵ ਜੀ ਨੇ ਕਹੇ॥ ੩੫॥

ਦੋਹਰਾ- 'ਸੱਤਿਨਾਮ ਸ੍ਰੀ ਵਾਹਿਗੁਰੂ ਸੁਨਹੁ ਅਰਥ ਇਸ ਕੇਰ।
ਜਿਸਕੇ ਸਿਮਰਨ ਅਧਿਕ ਫਲ ਮਿਟਹਿ ਚਰਾਸੀ ਫੇਰ॥ ੩੬॥

'ਸੱਤਿਨਾਮ ਸ੍ਰੀ ਵਾਹਿਗੁਰੂ ਦੇ ਅਰਥ ਇਸ ਤਰ੍ਹਾਂ ਸੁਣੋ, ਜਿਸ ਦੇ ਸਿਮਰਨ ਨਾਲ ਅਧਿਕ ਫਲ ਪ੍ਰਾਪਤ ਹੁੰਦਾ ਹੈ ਅਤੇ ਚੌਰਾਸੀ ਦਾ ਚੱਕਰ ਕੱਟਿਆ ਜਾਂਦਾ ਹੈ॥ ੩੬॥

ਸ੍ਵੈਯਾ- ਗੌਤਮ ਨਾਮ ਅੱਗਜਾਨ ਮਹਾਨ ਕੋ ਪਾਇ ਬੰਧਾਨ ਸਦੀਵ ਝੁਰੂ।
ਦੇਹਿ ਅਨੇਕ ਧਰੇ, ਜਨਮੇ, ਮ੍ਰਿਤੁ ਸੰਕਟ ਹੋਤਿ ਬਿਸ਼ਾਲ ਸ਼ੁਰੂ।
ਸੋ ਤਤਕਾਲ ਬਿਲੀਨ ਕਰੈ ਹੁਇ ਜਾਤਿ ਪ੍ਰਕਾਸ਼ ਕਹੈਂ ਇਸ ਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੩੭॥

ਗੌ ਨਾਮ ਹੈ ਹਨੇਰੇ ਦਾ, ਤਿਸ ਤੇ ਮਹਾਨ ਅਗਿਆਨ ਦੇ ਬੰਧਨ ਪਾ ਕੇ ਜੀਵ ਝੁਰਦਾ ਹੈ, ਕਿਉਂਕਿ ਇਸ ਅਗਿਆਨਤਾ ਕਰਕੇ ਅਨੇਕ ਸਰੀਰ ਧਾਰਨ ਕਰਦਾ ਹੈ ਅਤੇ ਜੰਮਣ ਮਰਨ ਦਾ ਸੰਕਟ ਸ਼ੁਰੂ ਹੋ ਜਾਂਦਾ ਹੈ। ਇਸ ਰੂ ਪਦ ਨੂੰ ਪ੍ਰਕਾਸ਼ ਕਹਿੰਦੇ ਹਨ ਭਾਵ ਰੂ ਦਾ ਅਰਥ ਹੈ ਪ੍ਰਕਾਸ਼, ਇਹ ਪ੍ਰਕਾਸ਼ ਉਸ ਅਗਿਆਨ ਨੂੰ ਝੱਟ ਨਾਸ਼ ਕਰ ਦਿੰਦਾ ਹੈ। ਜੋ ਵਾਹਿ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਨ ਹੈਰਾਨੀ-ਭਰਿਆ ਰੂਪ ਹੈ। ਇਸ ਲਈ ਉਹ ਮਹਾਨ ਅਸਚਰਜ ਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਨਾਲ ਕਹੋ ਵਾਹਿਗੁਰੂ॥ ੩੭॥

ਜੋ ਜੜ ਜਾਤ ਬਿਥਾਰ ਮਹਾਂ ਦ੍ਰਿਸ਼ਮਾਨ ਬਚਿੱਤ੍ਰ ਅਨੇਕ ਫੁਰੂ।
ਤਾਰ ਤਮੈ ਜਨਮੈ ਬਿਨਸੈ ਜਿਸ ਆਸ਼੍ਰਿਤ ਭਾ ਸਤਿ ਬੀਚ ਪੁਰੂ!।
ਜੋ ਤਿਨਕੇ ਬਿਵਹਾਰ ਕਰਾਵਤਿ ਨਾਮ ਕਹੈਂ ਇਸ ਚੇਤਨ ਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੩੮॥

ਗੋ ਨਾਮ ਹੈ ਜੜ੍ਹ ਦਾ, ਉਹ ਜੜ੍ਹ ਜਨਮ ਦਿੰਦਾ ਹੈ ਦ੍ਰਿਸ਼ਟਮਾਨ ਰੂਪੀ ਬੜੇ ਵਿਸਥਾਰ ਨੂੰ ਜੋ ਵਚਿੱਤਰ ਹੈ ਤੇ ਅਨੇਕ

ਜਿਸ ਦੀਆਂ ਸ਼ਾਖਾਂ ਹਨ ਭਾਵ ਨਾਨਤਵ ਦਾ ਜਨਕ ਜੜ੍ਹ ਹੈ। ਉਹ ਦ੍ਰਿਸ਼ਟਮਾਨ ਨਿਊਨ ਅਧਿਕ ਹੁੰਦਾ ਹੈ, ਜਨਮਦਾ ਹੈ, ਬਿਨਸਦਾ ਹੈ, ਜਿਸ ਦੇ ਆਸਰੇ ਸਾਰਾ ਜਗਤ ਹੈ। ਸਤਸਰੂਪ ਪਰਮਾਤਮਾ ਜੋ ਪੂਰਾ ਹੈ ਉਹ ਸਤ ਸਰੂਪ ਚੇਤਨ ਹੈ, ਜੋ ਉਨ੍ਹਾਂ ਜਗਤ ਦੇ ਜੀਵਾਂ ਦਾ ਵਿਵਹਾਰ ਕਰਾਉਂਦਾ ਹੈ, ਉਸ ਨੂੰ ਰੂ ਕਹਿੰਦੇ ਹਨ। ਜੋ ਵਾਹ ਪਦ ਹੈ ਉਸ ਦਾ ਅਰਥ ਹੈ ਅਸਚਰਜ ਤੇ ਮਹਾਨ ਬਿਸਮੇ ਰੂਪ ਹੈ। ਸੋ ਉਸ ਮਹਾਨ ਅਸਚਰਜ ਤੇ ਬਿਸਮੇ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਤੋਂ ਕਹੋ ਵਾਹਿਗੁਰੂ ॥ ੩੮॥

ਜੋ ਸਭਿ ਦੇਹਿਨ ਅੰਨ ਪਚਾਵਤਿ, ਪਾਵਤ ਪ੍ਰਾਨ ਅਧਾਰ ਧ੍ਰੁਰੂ।
ਬ੍ਰਿੰਦ ਰਿਖੀਕ ਅਚੇਤਨ ਜੇ ਤਿਨਕੇ ਬਿਵਹਾਰ ਕਰੇ ਜਿ ਸ਼ੁਰੂ।
ਅੰਤਰ ਜੇ ਮਤਿ ਆਦਿਕ ਹੈਂ ਜੜ੍ਹ, ਤੇ ਚਿਤ ਕੈ ਫੁਰਨਾ ਸੁ ਫੁਰੂ
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੩੯॥

ਜੋ ਸਭ ਸਰੀਰਾਂ ਵਿਚ ਅੰਨ ਪਹੁੰਚਾਉਂਦਾ ਹੈ, ਜੋ ਅਗਨੀ ਭਾਵ ਪਾਚਨ ਸ਼ਕਤੀ ਅਤੇ ਅਪਾਨ ਆਦਿ ਪ੍ਰਾਣਾਂ ਦਾ ਧੁਰ ਆਧਾਰ ਹੈ। ਜੋ ਸਾਰੀਆਂ ਇੰਦਰੀਆਂ ਜੋ ਅਚੇਤਨ ਜੜ੍ਹ ਹਨ, ਉਨ੍ਹਾਂ ਦੇ ਵਿਵਹਾਰ ਆਰੰਭ ਕਰਵਾਉਂਦਾ ਹੈ, ਭਾਵ ਜੜ੍ਹ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੂੰ ਸੱਤਾ ਅਤੇ ਫੁਰਤੀ ਦਿੰਦਾ ਹੈ। ਅੰਦਰ ਜੋ ਬੁੱਧੀ ਆਦਿਕ ਹਨ, ਜੜ੍ਹ ਹਨ, ਇਹ ਚੇਤਨ ਦੀ ਸੱਤਾ ਸਫੁਰਤੀ ਨਾਲ ਸਫੁਰਨ ਹੁੰਦੇ ਹਨ। ਜੋ ਵਾਹ ਪਦ ਹੈ ਉਸ ਦਾ ਅਰਥ ਹੈ ਅਸਚਰਜ, ਤੇ ਮਹਾਨ ਬਿਸਮੇ ਰੂਪ ਹੈ। ਸੋ ਉਸ ਮਹਾਨ ਅਸਚਰਜ ਤੇ ਬਿਸਮੇ ਰੂਪ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਤੋਂ ਕਹੋ ਵਾਹਿਗੁਰੂ॥ ੩੯॥

ਸੀਸ ਸਹੰਸ, ਅਸੀਸ; ਅਨੈਨ ਸਨੈਨ, ਸਹੰਸ੍ਰੂਹੀ ਰੂਪ ਧੁਰੂ।
ਘ੍ਰਾਣ ਸਹੰਸ੍ਰ ਅਘ੍ਰਾਣ; ਅਸ਼੍ਰੋਣ, ਸਸ਼੍ਰੋਣ ਸਹੰਸ੍ਰ ਤੇ ਸ਼੍ਰੋਣ ਕੁਰੂ।
ਪਾਣਿ ਸਹੰਸ੍ਰ, ਅਪਾਣਿ; ਅਪਾਦ, ਸਪਾਦ ਸਹੰਸ੍ਰ; ਅਨੁਰੂ, ਉਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੪੦॥

ਵਾਹਿਗੁਰੂ ਉਸ ਦਾ ਨਾਮ ਹੈ ਜੋ ਹਜ਼ਾਰਾਂ ਸਿਰਾਂ ਵਾਲਾ ਹੈ, ਫਿਰ ਵੀ ਉਹ ਬਿਨਾਂ ਸਿਰ ਦੇ ਹੈ। ਵਾਹਿਗੁਰੂ ਉਸ ਦਾ ਨਾਮ ਹੈ ਜੋ ਹਜ਼ਾਰਾਂ ਨੇਤਰਾਂ ਵਾਲਾ ਹੈ, ਫਿਰ ਵੀ ਬਿਨਾਂ ਨੇਤਰ ਹੈ। ਵਾਹਿਗੁਰੂ ਉਸ ਦਾ ਨਾਮ ਹੈ ਜੋ ਹਜ਼ਾਰਾਂ ਰੂਪਾਂ ਵਾਲਾ ਹੈ, ਪਰ ਉਸ ਦਾ ਕੋਈ ਰੂਪ ਨਹੀਂ। ਵਾਹਿਗੁਰੂ ਉਸ ਦਾ ਨਾਮ ਹੈ ਜਿਸ ਦੇ ਹਜ਼ਾਰਾਂ ਨੱਕ ਹਨ, ਪਰ ਉਸ ਦਾ ਕੋਈ ਨੱਕ ਨਹੀ। ਵਾਹਿਗੁਰੂ ਉਸ ਦਾ ਨਾਮ ਹੈ ਜਿਸ ਦੇ ਹਜ਼ਾਰਾਂ ਕੰਨ ਹਨ, ਪਰ ਉਸ ਦਾ ਕੋਈ ਕੰਨ ਨਹੀਂ, ਉਸ ਦੇ ਹਜ਼ਾਰਾਂ ਹੱਥ ਹਨ, ਪਰ ਕੋਈ ਹੱਥ ਨਹੀਂ, ਹਜ਼ਾਰਾਂ ਪੈਰ ਹਨ, ਪਰ ਕੋਈ ਪੈਰ ਨਹੀਂ, ਹਜ਼ਾਰਾਂ ਲੱਤਾਂ ਹਨ, ਪਰ ਕੋਈ ਵੀ ਲੱਤ ਨਹੀ। ਜੋ ਮਹਾਨ ਅਸਚਰਜ ਅਤੇ ਬਿਸਮੇ ਰੂਪ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਤੋਂ ਵਾਹਿਗੁਰੂ ਕਹੋ॥ ੪੦॥

ਤ੍ਰਾਸਤਿ ਹੈ ਜਿਸ ਤੇ ਮ੍ਰਿਤੁ ਦੌਰਤਿ ਲੋਰਤਿ ਜੀਵਨ ਅੰਤ ਕੁਰੂ।
ਤ੍ਰਾਸ ਧਰਾਧਰ ਕੋ ਧ੍ਰਿਤ ਧਾਰਤਿ, ਤ੍ਰਾਸਤਿ ਪੌਨ ਤ੍ਰਿਲੋਕ ਤੁਰੂ।
ਤ੍ਰਾਸ ਧਰੇ ਨਭ ਸੂਰਜ ਗੌਨ ਪ੍ਰਕਾਸ਼ਤਿ ਪਾਵਕ ਤ੍ਰਾਸ ਪੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥ ੪੧॥

ਵਾਹਿਗੁਰੂ ਉਸ ਦਾ ਨਾਮ ਹੈ, ਜਿਸ ਤੋਂ ਡਰਦੀ ਹੋਈ ਮੌਤ ਦੌੜਦੀ ਫਿਰਦੀ ਹੈ, ਜਿਹੜੀ ਜੀਵਾਂ ਦਾ ਅੰਤ ਕਰਨਾ ਲੋੜਦੀ ਹੈ। ਜਿਸ ਦੇ ਭੈ ਕਰਕੇ ਧਰਤੀ ਪਰਬਤਾਂ ਨੂੰ ਧਾਰਦੀ ਹੈ, ਜਿਸ ਤੋਂ ਡਰਦੀ ਪੌਣ ਤਿੰਨਾਂ ਲੋਕਾਂ ਵਿਚ ਚਲਦੀ ਹੈ। ਜਿਸ

ਦੇ ਭੈ ਕਰਕੇ ਅਕਾਸ਼ ਵਿਚ ਸੂਰਜ ਚਲਦਾ ਹੈ ਤੇ ਪ੍ਰਕਾਸ਼ ਦਿੰਦਾ ਹੈ, ਜਿਸ ਦੇ ਭੈ ਕਰਕੇ ਅਗਨੀ ਭਰੀ ਹੋਈ ਹੈ। ਜੋ ਵਾਹ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਨ ਹੈਰਾਨੀ ਭਰਿਆ ਰੂਪ ਹੈ। ਉਸ ਮਹਾਨ ਅਸਚਰਜ ਅਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਨਾਲ ਕਹੋ ਵਾਹਿਗੁਰੂ॥ ੪੧॥

ਜੋ ਸਗਰੇ ਜਗ ਕੋ ਡਰਦਾਇਕ ਕ੍ਰੂਰ ਮਹਾਂ ਅਤਿ ਓਜ ਧੁਰੂ।
ਜੋ ਸਭਿ ਕੋ ਉਪਜਾਵਤਿ ਹੈ ਪਰਿਪਾਰਤਿ ਫੇਰ ਬਿਨਾਸ਼ ਕੁਰੂ।
ਜੋ ਅਸ ਕਾਲ ਮਹਾਂ ਬਿਦਤੈ ਤਿਸ ਕਾਲ ਕੋ ਕਾਲ ਕਰੈ ਜੁ ਤੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥੪੨॥

ਜੋ ਵਾਹਿਗੁਰੂ ਸਾਰੇ ਜਗਤ ਦਾ ਭੈ ਦਾਤਾ ਹੈ, ਬਹੁਤ ਕਠੋਰ ਅਤੇ ਬੇਅੰਤ ਬਲ ਰੱਖਣ ਵਾਲਾ ਹੈ। ਜੋ ਸਾਰਿਆਂ ਨੂੰ ਉਪਜਾਉਂਦਾ ਹੈ, ਪਾਲਦਾ ਹੈ ਤੇ ਫਿਰ ਨਾਸ਼ ਕਰਨ ਵਾਲਾ ਹੈ। ਜੋ ਮਹਾਂ ਕਾਲ ਪ੍ਰਗਟ ਹੈ, ਜੋ ਇਸ ਕਾਲ ਨੂੰ ਵੀ ਤੁਰੰਤ ਨਾਸ਼ ਕਰ ਦਿੰਦਾ ਹੈ, ਇਹ ਮਹਾਂ ਕਾਲ ਵਾਹਿਗੁਰੂ ਹੈ। ਜੋ ਵਾਹ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਂ ਹੈਰਾਨੀ ਭਰਿਆ ਰੂਪ ਹੈ, ਉਸ ਮਹਾਨ, ਅਸਚਰਜ ਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੁੱਖ ਨਾਲ ਕਹੋ ਵਾਹਿਗੁਰੂ॥ ੪੨॥

ਬੇਦ ਅਬੇਦ, ਨਿਰੰਤਰ, ਅੰਤਰ, ਅੰਤਰੇ ਸੋ, ਅਚਰਾਨ ਚਰੂ।
ਬਿੰਬ ਸੋਂ ਏਕ ਅਨੇਕ, ਅਬਿੰਬ, ਅਲੰਬ ਬਿਨਾ ਸੁ ਅਲੰਬ ਕੁਰੂ।
ਸੰਖ ਬਿਖੈ ਜੁ ਅਸੰਖ, ਬਿਸ਼ੇਸ਼, ਅਸ਼ੇਸ਼ ਹ੍ਵੈ, ਸ਼ੇਸ਼ ਨਿਦੇਸ਼ ਧੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ॥੪੩॥

ਵਾਹਿਗੁਰੂ ਸਭ ਨੂੰ ਜਾਣਦਾ, ਪਰ ਉਸ ਨੂੰ ਕੋਈ ਨਹੀਂ ਜਾਣਦਾ, ਉਹ ਵੇਦਾਂ ਤੋਂ ਵੀ ਜਾਣਿਆ ਨਹੀਂ ਜਾ ਸਕਿਆ। ਉਹ ਅੰਤਰ ਤੋਂ ਬਿਨਾਂ ਨਿਰੰਤਰ ਇਕ ਰਸ ਅਖੰਡਾਕਾਰ ਹੈ। ਉਹ ਸਭ ਦੇ ਅੰਦਰ ਹੋ ਕੇ ਨਾ ਚੱਲਣ ਵਾਲਿਆਂ ਨੂੰ ਵੀ ਚਲਾ ਰਿਹਾ ਹੈ। ਉਹ ਪ੍ਰਤਿਬਿੰਬ ਦੁਆਰਾ ਇਕ ਤੋਂ ਅਨੇਕ ਹੋ ਰਿਹਾ ਹੈ, ਪਰ ਆਪ ਬਿੰਬ ਤੋਂ ਬਗੈਰ ਹੈ, ਆਸਰੇ ਤੋਂ ਬਗੈਰ ਹੋ ਕੇ ਵੀ ਸਭ ਨੂੰ ਆਸਰਾ ਦੇ ਰਿਹਾ ਹੈ। ਗਿਣਤੀ ਵਿਚ ਉਹ ਅਣਗਿਣਤ ਹੈ, ਉਹ ਸਭ ਤੋਂ ਅਧਿਕ ਹੈ ਅਤੇ ਅਨੰਤ ਹੈ। ਸ਼ੇਸ਼ਨਾਗ ਉਸ ਦੀ ਆਗਿਆ ਧਾਰਨ ਕਰਦਾ ਹੈ। ਵਾਹ ਪਦ ਦਾ ਅਰਥ ਹੈ ਅਸਚਰਜ ਤੇ ਉਹ ਮਹਾਂ ਹੈਰਾਨੀ-ਭਰਿਆ ਰੂਪ ਹੈ। ਉਸ ਮਹਾਨ ਅਸਚਰਜ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੁੱਖ ਨਾਲ ਕਹੋ ਵਾਹਿਗੁਰੂ॥ ੪੩॥

ਏਕਮ ਏਕ ਕਲਾ ਸਸਿ ਕੀ, ਗੁਲ ਮੈਂ ਜਿਸ ਗੰਧ ਭਨੈ ਸਗਰੂ।
ਪੈ ਮਧ ਜਜੋਂ ਸਨ ਹੋਤਿ ਸਦੀਵ ਹੈ, ਅੰਬ ਮੈਂ ਮਾਧੁਰਤਾ ਜੁ ਭਰੂ।
ਹੈ ਅਤਿ ਤੇਜ ਹਲਾਹਲ ਮੈਂ, ਇਮ ਬੀਚ ਬਿਰਾਜਤਿ ਹੈ ਸਫੁਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ'॥੪੪॥

ਏਕਮ ਦੇ ਚੰਦ੍ਰਮਾਂ ਦੀ ਇਕ ਕਲਾ ਵਿਚ ਜਿਵੇਂ ਬਾਕੀ ਪੰਦਰਾਂ ਕਲਾ ਸਮਾਈਆਂ ਹੁੰਦੀਆਂ ਹਨ, ਫੁੱਲ ਵਿਚ ਜਿਵੇਂ ਸੁਗੰਧੀ ਸਮਾਈ ਹੋਈ ਸਾਰੇ ਕਹਿੰਦੇ ਹਨ, ਦੁੱਧ ਵਿਚ ਜਿਵੇਂ ਮੱਖਣ ਸਮਾਇਆ ਹੁੰਦਾ ਹੈ, ਅੰਬ ਵਿਚ ਜਿਵੇਂ ਮਿਠਾਸ ਭਰੀ ਹੁੰਦੀ ਹੈ। ਜ਼ਹਿਰ ਵਿਚ ਜਿਵੇਂ ਤੇਜ਼ ਸਮਾਇਆ ਹੁੰਦਾ ਹੈ, ਇਸ ਤਰ੍ਹਾਂ ਸਭ ਵਿਚ ਚੇਤਨ ਸਰੂਪ ਬਿਰਾਜ ਰਿਹਾ ਹੈ। ਜੋ ਵਾਹ ਪਦ ਹੈ ਉਸ ਦਾ ਅਰਥ ਅਸਚਰਜ ਹੈ ਤੇ ਉਹ ਮਹਾਨ ਹੈਰਾਨੀ ਭਰਿਆ ਰੂਪ ਹੈ। ਇਸ ਲਈ ਉਹ ਮਹਾਨ ਅਸਚਰਜ ਤੇ ਬਿਸਮਾਵਤ ਰੂਪ ਹਸਤੀ ਨੂੰ ਪ੍ਰਕਾਸ਼ਤ ਕਰ ਦੇਣ ਵਾਲਾ ਪਦ ਹੈ ਵਾਹਿਗੁਰੂ, ਇਸ ਲਈ ਸਦਾ ਮੂੰਹ ਨਾਲ ਕਹੋ ਵਾਹਿਗੁਰੂ' ॥ ੪੪॥

ਦੋਹਰਾ- ਸਭਿ ਸੰਗਤਿ ਕੋ ਸਤਿਗੁਰੂ ਅਰਥ ਦਿਯੋ ਸਮਝਾਇ।
'ਨਿਸਬਾਸੁਰ ਸਿਮਰਹੁ ਇਸੇ ਉੱਤਮ ਪਦ ਲਿਹੁ ਪਾਇ' ॥ ੪੫ ॥

ਸਾਰੀ ਸੰਗਤ ਨੂੰ ਸਤਿਗੁਰੂ ਨੇ ਵਾਹਿਗੁਰੂ ਸ਼ਬਦ ਦੇ ਅਰਥ ਸਮਝਾ ਦਿਤੇ ਅਤੇ ਕਿਹਾ, "ਦਿਨ ਰਾਤ ਇਸ ਦਾ ਸਿਮਰਨ ਕਰੋ ਅਤੇ ਉੱਤਮ ਪਦਵੀ ਪਾ ਲਵੋ" ॥੪੫॥

ਬਨਾਯੋ ਅਸ਼ਟਕ ਅਰਥ ਕੋ ਵਾਹਿਗੁਰੂ ਸਤਿਨਾਮ।
ਨਿਤ ਪ੍ਰਤਿ ਪਢਹਿ ਜੁ ਪ੍ਰੇਮ ਕਰਿ ਠਾਨਹਿ ਗੁਰੂ ਪ੍ਰਨਾਮ ॥ ੪੬ ॥

ਵਾਹਿਗੁਰੂ ਸਤਿਨਾਮ ਅੱਠਾਂ ਅੱਖਰਾਂ ਦਾ ਬਣਿਆ ਹੋਇਆ ਹੈ। ਨਿਤਾਪ੍ਰਤਿ ਪ੍ਰੇਮ ਕਰਕੇ ਜਿਹੜਾ ਪੜ੍ਹੇ, ਉਹ ਗੁਰੂ ਪ੍ਰਨਾਮ ਧਾਰਨ ਕਰਦਾ ਹੈ ॥ ੪੬ ॥

ਸੁਤ ਬਿਤ ਅਦਿਕ ਕਾਮਨਾ ਸਤਿਗੁਰ ਤੇ ਸਭਿ ਪਾਇ।
ਪ੍ਰਤਿ ਦਿਨ ਦੋਨੋ ਲੋਕ ਮੈਂ ਹੋਵੈਂ ਗੁਰੂ ਸਹਾਇ ॥ ੪੭ ॥

ਜਿਸ ਮਨੁੱਖ ਨੂੰ ਪੁੱਤਰ ਅਤੇ ਧਨ ਦੀ ਕਾਮਨਾ ਹੋਵੇ, ਉਹ ਸਭ ਕੁਝ ਸਤਿਗੁਰੂ ਤੋਂ ਪਾਉਂਦਾ ਹੈ। ਹਰ ਸਮੇਂ ਦੋਵਾਂ ਲੋਕਾਂ ਵਿਚ ਗੁਰੂ ਹੀ ਸਹਾਇਕ ਹੁੰਦਾ ਹੈ ॥ ੪੭ ॥

ਚੌਪਈ- ਅਧਿਕ ਪ੍ਰਸੰਨ ਭਈ ਤਬਿ ਸੰਗਤਿ। ਮੁਖ ਬਿਕਸੇ ਜਨੁ ਪੰਕਜ ਪੰਗਤਿ।
ਤਬ ਹ੍ਵੈ ਖਰੋ ਬ੍ਰਿੱਧ ਤਤਕਾਲਾ। ਸੁਜਸ ਗੁਰੂ ਕੋ ਕਹਤਿ ਰਸਾਲਾ ॥੪੮॥

ਤਦ ਸੰਗਤ ਬਹੁਤ ਪ੍ਰਸੰਨ ਹੋਈ। ਸਾਰਿਆਂ ਦੇ ਚਿਹਰੇ ਇਸ ਤਰ੍ਹਾਂ ਖਿੜ ਗਏ ਜਿਵੇਂ ਕੰਵਲ ਫੁੱਲਾਂ ਦੀ ਡਾਰ ਖਿੜ ਗਈ ਹੋਵੇ। ਫਿਰ ਬਾਬਾ ਬੁੱਢਾ ਜੀ ਖੜ੍ਹੇ ਹੋ ਗਏ ਤੇ ਉਨ੍ਹਾਂ ਨੇ ਗੁਰੂ ਜੀ ਦਾ ਰਸੀਲਾ ਸ੍ਰੇਸ਼ਟ ਜੱਸ ਕੀਤਾ ॥ ੪੮ ॥

*ਭੁਯੰਗ ਪ੍ਰਯਾਦ ਛੰਦ-* 'ਨਮੋ ਸੱਚਿਦਾਨੰਦ, ਗੋਬਿੰਦ, ਜੋਗੀ। ਤ੍ਰਿਲੋਕੀ ਪਤੀ, ਆਪ ਭੋਗੀ ਅਭੋਗੀ।
ਨਿਰਾਕਾਰ ਕੋ ਰੂਪ ਸਾਕਾਰ ਹੋਯੋ। ਜਪੈ ਸੱਤਿਨਾਮ ਸਿਖੀ ਬੀਜ ਬੋਯੋ ॥ ੪੯ ॥

"ਨਮਸ਼ਕਾਰ ਹੈ ਤੁਹਾਨੂੰ ਜੋ ਸਤਚਿਤ ਆਨੰਦ ਹੋ, ਤੁਸੀਂ ਹੀ ਗੋਬਿੰਦ ਹੋ, ਤੁਸੀਂ ਹੀ ਜੋਗੀ ਹੋ। ਤਿੰਨਾਂ ਲੋਕਾਂ ਦੇ ਸਵਾਮੀ ਹੋ ਅਤੇ ਆਪ ਹੀ ਭੋਗੀ ਅਭੋਗੀ ਹੋ। ਤੁਹਾਡਾ ਨਿਰਾਕਾਰ ਰੂਪ ਸਾਕਾਰ ਹੋਇਆ ਹੈ। ਸਤਿਨਾਮ ਜਪਾ ਕੇ ਸਿੱਖੀ ਦਾ ਬੀਜ ਬੀਜਿਆ ਹੈ ॥ ੪੯ ॥

ਚਹੂੰ ਚੱਕ ਮੈਂ ਦੇਸ਼ ਦੇਸ਼ੰ ਬਿਥਾਰੀ। ਗੁਰੂ ਆਪ ਹ੍ਵੈ ਸਿੱਖ ਕੀਨੰ ਅਪਾਰੀ।
ਦਯੋ ਗ੍ਯਾਨ ਕੋ ਦਾਨ ਦਾਸੰ ਬਿਸਾਲਾ। ਕਲੀ ਮੈਂ ਦੁਖੀ ਦੇਖਿ ਜੀਵੰ ਕ੍ਰਿਪਾਲਾ! ॥੫੦॥

ਚਾਰ ਚੱਕ ਦੇਸ਼ਾਂ-ਦੇਸ਼ਾਂ ਵਿਚ ਇਸ ਦਾ ਵਿਸਥਾਰ ਕੀਤਾ ਹੈ। ਆਪ ਗੁਰੂ ਹੋ ਕੇ ਅਪਾਰ ਸਿੱਖ ਬਣਾਏ ਹਨ। ਆਪਣੇ ਸੇਵਕਾਂ ਨੂੰ ਗਿਆਨ ਦਾ ਦਾਨ ਦਿੱਤਾ ਹੈ। ਕਲਿਜੁਗ ਵਿਚ ਜੀਵਾਂ ਨੂੰ ਦੁਖੀ ਵੇਖ ਕੇ ਉਨ੍ਹਾਂ ਤੇ ਕਿਰਪਾ ਕੀਤੀ ਹੈ ॥ ੫੦ ॥

ਮਹਾਂ ਮੰਦ ਕੋ ਬ੍ਰਿੰਦ ਕੀਨੰ ਉਧਾਰੰ। ਸਮਾਨੰ ਨ ਆਨੰ, ਮਹਾਨੋਪਕਾਰੰ।
ਅਹੋ ਰੂਪ ਸਾਖੀ ਬਸੋ ਦੇਹਿ ਸਾਰੇ। ਅਕਰਤਾ, ਅਭੁਗਤਾ, ਸੰਜੁਕਤਾ ਬਿਚਾਰੇ ॥੫੧॥

ਮਾੜੀ ਮੱਤ ਵਾਲਿਆਂ ਦਾ ਵੀ ਉਧਾਰ ਕੀਤਾ ਹੈ, ਤੁਹਾਡੇ ਬਰਾਬਰ ਕੋਈ ਵੀ ਨਹੀਂ, ਤੁਸੀਂ ਮਹਾਂ ਉਪਕਾਰੀ ਹੋ। ਤੁਸੀਂ ਹੀ ਸਾਰੇ ਸਰੀਰਾਂ ਵਿਚ ਵੱਸੇ ਹੋਏ ਹੋ, ਤੁਸੀਂ ਕਰਤਾ ਰਹਿਤ, ਭੁਗਤਾ ਰਹਿਤ ਅਤੇ ਸੰਜੁਕਤ ਹੋ, ਇਹ ਅਸੀਂ ਵਿਚਾਰਿਆ ਹੈ ॥ ੫੧ ॥

ਸਦਾ ਦੀਨਬੰਧੂ ਸ਼ਰੰਨਜੀ ਮਹਾਨੇ!। ਜਪੈ ਨਾਮ ਜੋ ਆਪ ਕੋ ਪ੍ਰੇਮ ਠਾਨੇ।
ਤਿਸੇ ਹਾਥ ਦੇ ਅੰਤ ਲੇਵੋ ਬਚਾਈ। ਨਿਜੰ ਦਾਸ ਕੇ ਆਪ ਹੋਵੋ ਸਹਾਈ ॥੫੨ ॥

ਤੁਸੀਂ ਸਦਾ ਦੀਨਾਂ ਦੁਖੀਆਂ ਦੀ ਰੱਖਿਆ ਕਰਦੇ ਹੋ, ਹੇ ਸਾਡੇ ਮਹਾਨ ਗੁਰੂ ਜੀ ! ਅਸੀਂ ਆਪ ਦੀ ਸ਼ਰਨ ਹਾਂ। ਜਿਹੜਾ ਮਨੁੱਖ ਨਾਮ ਦਾ ਜਾਪ ਕਰਕੇ ਆਪ ਨੂੰ ਪ੍ਰੇਮ ਧਾਰਨ ਕਰਵਾਏ, ਹੇ ਗੁਰੂ ਜੀ ! ਉਸ ਨੂੰ ਹੱਥ ਦੇ ਕੇ ਬਚਾ ਲਵੋ। ਆਪਣੇ ਸੇਵਕਾਂ ਦੀ ਸਦਾ ਸਹਾਇਤਾ ਕਰੋ॥ ੫੨ ॥

ਧਰਯੋ ਬੰਸ ਬੇਦੀਨ ਮੈਂ ਰੂਪ ਜੋਈ। ਭਜੇ, ਧ੍ਯਾਨ ਠਾਨੇ ਪਰੇ ਸ਼ਰਨ ਕੋਈ।
ਨਿਸੰਸੇ ਗਤੀਪਰਮ ਪਾਵੈ ਅਨੰਦੰ। ਨਮੋ ਪਾਦਕੰਜੰ ਬਿਲੰਦੇ ਮੁਕੰਦੰ॥ ੫੩ ॥

ਬੇਦੀਆਂ ਦੀ ਕੁਲ ਵਿਚ ਜਿਹੜਾ ਤੁਸੀਂ ਰੂਪ ਧਾਰਨ ਕੀਤਾ ਹੈ ਜੇ ਕੋਈ ਆਪ ਜੀ ਦਾ ਧਿਆਨ ਧਾਰ ਕੇ ਨਾਮ ਜਪਦਾ ਹੈ, ਨਿਸ਼ਚੇ ਹੀ ਉਹ ਪਰਮਗਤੀ ਪ੍ਰਾਉਂਦਾ ਹੈ ਅਤੇ ਪ੍ਰਸੰਨ ਹੋ ਜਾਂਦਾ ਹੈ। ਹੇ ਉਚਿਆਂ ਤੋਂ ਵੀ ਉੱਚੇ ! ਹੇ ਮੁਕਤੀਦਾਤਾ ! ਮੈਂ ਤੇਰੇ ਚਰਨਾਂ ਤੇ ਨਮਸ਼ਕਾਰ ਕਰਦਾ ਹਾਂ॥ ੫੩ ॥

ਮਹਾਂ ਮਾਨ ਮੋਹਾਦਿ ਮਾਤੇ ਮਤੰਗੰ। ਰਿਦੇ ਕਾਨਨੰ ਦਾਸ ਕੇ ਸਿੰਘ ਅੰਗੰ।
ਰਹੋ ਸਿੱਖ ਕੇ ਅੰਗ ਸੰਗੰ ਸਦਾਈ। ਨਹੀਂ ਰੋਮ ਬਾਂਕੋ ਕਰੈ ਕੋਇ ਜਾਈ॥ ੫੪ ॥

ਮਹਾਨ ਹੰਕਾਰ, ਮੋਹ ਆਦਿ ਮਸਤ ਹਾਥੀ ਵਾਂਗ ਹੈ, ਤੁਸੀਂ ਸਿੱਖਾਂ ਦੇ ਹਿਰਦੇ ਰੂਪੀ ਵਣ ਵਿਚ ਸ਼ੇਰ ਰੂਪ ਹੋ। ਤੁਸੀਂ ਸਦਾ ਹੀ ਸਿੱਖਾਂ ਦੇ ਅੰਗ-ਸੰਗ ਰਹੋ, ਉਨ੍ਹਾਂ ਦਾ ਫਿਰ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ॥ ੫੪ ॥

ਗਿਨੈ ਕੋ ਗੁਨੰ ਪਾਰ ਪਾਵੈ ਨ ਕੋਈ। ਮਹਾਨੰ ਮਹੀਯਾਨ ਰੂਪੰ ਜਿ ਹੋਈ।
ਨਿਜੰ ਸ਼੍ਰੇਯ ਹੇਤੰ ਭਜੇ ਜੌਨ ਕੌਨੰ। ਦਯਾ ਧਾਰਿ ਦੇਵੋ ਮਹਾਂ ਮੋਦ ਤੌਨੰ॥ ੫੫ ॥

ਤੁਹਾਡੇ ਗੁਣ ਕੌਣ ਗਿਣ ਸਕਦਾ ਹੈ, ਤੁਹਾਡਾ ਪਾਰ ਨਹੀਂ ਪਾਇਆ ਜਾ ਸਕਦਾ। ਤੁਹਾਡਾ ਵੱਡਿਆਂ ਤੋਂ ਵੱਡਾ ਮਹਾਨ ਰੂਪ ਹੋਇਆ ਹੈ। ਆਪਣੀ ਮੁਕਤੀ ਵਾਸਤੇ ਜਿਹੜਾ ਵੀ ਨਾਮ ਜਪਦਾ ਹੈ, ਆਪਣੀ ਦਇਆ ਧਾਰਨ ਕਰਕੇ ਤੁਸੀਂ ਉਸ ਨੂੰ ਮਹਾਂ ਅਨੰਦ ਦਿੰਦੇ ਹੋ॥ ੫੫ ॥

ਮਹਾਂ ਦੁੱਖ ਸਿੰਧੰ ਪ੍ਰਭੂ! ਹੋ ਅਗਸਤੰ। ਸਮਸਤੰ ਨਿਵਾਸੇ, ਬਿਲਾਸੇ ਸਮਸਤੰ।
ਦਈ ਮੋਖ ਕੋਟਾਨ ਜੇ ਮੋਹ ਗ੍ਰਸਤੰ। ਸਦਾ ਜੈ, ਸਦਾ ਜੈ, ਨਮਸਤੰ ਨਮਸਤੰ ॥੫੬ ॥

ਹੇ ਪ੍ਰਭੂ ! ਜਿਹੜਾ ਦੁੱਖ ਰੂਪੀ ਸਮੁੰਦਰ ਹੈ, ਉਸ ਵਾਸਤੇ ਤੁਸੀਂ ਅਗਸਤ ਮੁਨੀ ਹੋ। ਅਗਸਤ ਮੁਨੀ ਜਿਵੇਂ ਸਮੁੰਦਰ ਪੀ ਗਿਆ ਸੀ, ਉਸ ਤਰ੍ਹਾਂ ਤੁਸੀਂ ਸਾਰੇ ਦੁੱਖਾਂ ਦੇ ਸਮੁੰਦਰ ਦੇ ਨਾਸ਼ ਕਰਤਾ ਹੋ। ਸਭ ਵਿਚ ਵੱਸਦੇ ਹੋ ਅਤੇ ਸਭ ਵਿਚ ਖੇਡਦੇ ਹੋ। ਜਿਹੜੇ ਕਰੋੜਾਂ ਲੋਕ ਮੋਹ ਵਿਚ ਗ੍ਰੱਸੇ ਸਨ, ਉਨ੍ਹਾਂ ਨੂੰ ਤੁਸੀਂ ਮੁਕਤ ਕੀਤਾ ਹੈ। ਤੁਹਾਡੀ ਸਦਾ ਸਦਾ ਜੈ ਹੋਵੇ, ਨਮਸ਼ਕਾਰ ਨਮਸ਼ਕਾਰ' ॥ ੫੬ ॥

ਦੋਹਰਾ- ਸ੍ਰੀ ਬੁੱਢੇ ਅਸ਼ਟਕ ਕਰਯੋ ਸੁਨਿ ਸਤਿਗੁਰ ਸੁਖਦਾਇ।
ਭਾਈ ਪਦ ਬਖਸ਼ਨ ਕਰਯੋ ਸੁਨਤਿ ਸਿੱਖ ਸਮੁਦਾਇ॥ ੫੭ ॥

ਬਾਬਾ ਬੁੱਢਾ ਜੀ ਨੇ ਫਿਰ ਡੰਡੌਤ ਬੰਦਨਾ ਕੀਤੀ, ਇਹ ਸੁਣ ਕੇ ਸੁਖਾਂ ਦੇ ਦਾਤੇ ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ 'ਭਾਈ' ਦੀ ਪਦਵੀ ਬਖਸ਼ੀ, ਜਿਸ ਨੂੰ ਸਾਰੀ ਸੰਗਤ ਨੇ ਸੁਣਿਆ॥ ੫੭ ॥

ਚੌਪਈ- ਪਢਹਿਂ ਸੁਨਹਿਂ ਅਸ਼ਟਕ ਮਨ ਲਾਵਹਿਂ। ਸੋ ਜਨ ਸਕਲ ਪਦਾਰਥ ਪਾਵਹਿਂ।
ਤਿਨਕੇ ਨਾਨਾ ਰੋਗ ਨਿਵਾਰੈ। ਮਨ ਤੇ ਕਾਮ ਰੁ ਕ੍ਰੋਧ ਬਿਦਾਰੈ॥ ੫੮ ॥

ਜਿਹੜੇ ਪੜ੍ਹ-ਸੁਣ ਕੇ ਅੱਠਾਂ ਅੱਖਰਾਂ (ਸਤਿਨਾਮ ਵਾਹਿਗੁਰੂ) ਵਿਚ ਮਨ ਲਾਉਣਗੇ, ਉਹ ਲੋਕ ਸਭ ਪਦਾਰਥ ਪ੍ਰਾਪਤ ਕਰਨਗੇ। ਉਨ੍ਹਾਂ ਦੇ ਕਈ ਪ੍ਰਕਾਰ ਦੇ ਰੋਗ ਦੂਰ ਹੋਣਗੇ, ਮਨ ਵਿਚੋਂ ਕਾਮ ਕ੍ਰੋਧ ਦੂਰ ਹੋਵੇਗਾ॥ ੫੮॥

ਸੁਨਿ ਕਰਿ ਸਗਰੀ ਸੰਗਤਿ ਮੋਦਾ। ਜੈ ਜੈ ਸ਼ਬਦ ਬਦਤਿ ਚਹੁੰ ਕੋਦਾ।
ਮਹਾਂ ਮਹਾਤਮ ਸਤਿਗੁਰ ਕੇਰਾ। ਦਰਸ਼ਨ ਕੋ ਦਰਸਤਿ ਚਹੁੰਫੇਰਾ॥੫੯॥

ਇਹ ਸੁਣ ਕੇ ਸਾਰੀ ਸੰਗਤ ਬਹੁਤ ਪ੍ਰਸੰਨ ਹੋਈ ਅਤੇ ਜੈ ਜੈ ਸ਼ਬਦ ਚਾਰੇ ਪਾਸਿਆਂ ਤੋਂ ਗੂੰਜਿਆ। ਸਤਿਗੁਰੂ ਜੀ ਨੇ ਮਹਾਨ ਮਹਾਤਮ ਕੀਤਾ ਹੈ। ਚਾਰੇ ਪਾਸਿਆਂ ਤੋਂ ਸੰਗਤ ਦਰਸ਼ਨ ਕਰ ਰਹੀ ਸੀ॥ ੫੯॥

ਬਹੁਰੋ ਕਹਜੋ 'ਕਨਾਤ ਤਨੀਜੈ। ਚਹੁੰ ਦਿਸ਼ ਮਹਿ ਘੇਰਾ ਕਰਿ ਲੀਜੈ।
ਸਰਬ ਨਿਕਸਿ ਕੈ ਬਾਹਰ ਜਾਵਹੁ। ਸੱਤਿਨਾਮ ਸਿਮਰਹੁ ਗੁਨ ਗਾਵਹੁ॥੬੦॥

ਫਿਰ ਗੁਰੂ ਜੀ ਨੇ ਕਿਹਾ, "ਕਨਾਤ ਤਾਣ ਦੇਵੋ ਅਤੇ ਚਾਰਾਂ ਪਾਸਿਆਂ ਤੋਂ ਘੇਰਾ ਬਣਾ ਲਵੋ। ਸਾਰੇ ਨਿਕਲ ਕੇ ਬਾਹਰ ਚਲੇ ਜਾਵੋ, ਸਤਿਗੁਰੂ ਦਾ ਸਿਮਰਨ ਕਰੋ ਅਤੇ ਗੁਣ ਗਾਵੋ"॥ ੬੦॥

ਸੁਨਿ ਤਿਹ ਛਿਨ ਦਾਸਨਿ ਤਤਕਾਲਾ। ਘੇਰੀ ਤਹਾਂ ਕਨਾਤ ਬਿਸਾਲਾ।
ਅੰਬਰ ਪਾਇ ਬਦਨ ਪਰ ਸ੍ਵੇਤਾ। ਪੌਢੇ ਪੁਨ ਬੇਦੀ ਕੁਲਕੇਤਾ॥ ੬੧॥

ਇਹ ਸੁਣ ਕੇ ਸੇਵਕਾਂ ਨੇ ਤੁਰੰਤ ਗੁਰੂ ਜੀ ਦੇ ਚਾਰ-ਚੁਫੇਰੇ ਕਨਾਤ ਤਾਣ ਦਿੱਤੀ। ਆਪਣੇ ਸਰੀਰ ਉੱਤੇ ਸਫੇਦ ਚਾਦਰ ਤਾਣ ਲਈ ਤੇ ਗੁਰੂ ਜੀ ਫਿਰ ਲੰਮੇ ਪੈ ਗਏ॥ ੬੧॥

ਰੌਰ ਪਰਾ ਸਗਰੇ ਨਰ ਮਾਂਹੀ। ਲੋਚਨ ਤੇ ਜਲ ਧਾਰ ਚੁਆਹੀਂ।
ਹੋਨਿ ਲਗੀ ਸਭਿ ਸੌਜ ਤਯਾਰੇ। ਸੰਦਲ ਧਰਜੋ ਆਨਿ ਬਹੁ ਭਾਰੇ॥੬੨॥

ਸਾਰੇ ਮਨੁੱਖਾਂ ਵਿਚ ਰੌਲਾ ਪੈ ਗਿਆ। ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ। ਸਾਰੀ ਸਮੱਗਰੀ ਤਿਆਰ ਹੋਣ ਲੱਗੀ। ਬਹੁਤ ਭਾਰੀ ਸੰਦਲ ਦੀ ਲੱਕੜੀ ਲਿਆ ਕੇ ਧਰ ਦਿੱਤੀ॥ ੬੨॥

ਪੁਸ਼ਪ ਸੁਗੰਧਿ ਘ੍ਰਿਤ ਬਹੁ ਆਨਾ। ਤਿਲ ਆਦਿਕ ਸਭਿ ਕੀਨ ਮਹਾਨਾ।
ਰੁਦਨ ਕਰਹਿ ਸਭਿਹੀ ਨਰ ਨਾਰੀ। ਸ੍ਰੀ ਨਾਨਕ ਗੁਨ ਨਾਮ ਉਚਾਰੀ॥੬੩॥

ਖੁਸ਼ਬੂਦਾਰ ਫੁੱਲ ਅਤੇ ਬਹੁਤ ਘਿਉ ਲਿਆਂਦਾ, ਤਿਲ ਆਦਿ ਵੀ ਬਹੁਤ ਲਿਆਂਦੇ ਗਏ। ਸਾਰੇ ਨਰ ਨਾਰੀ ਰੋ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਗੁਣਾਂ ਦਾ ਉਚਾਰਨ ਕਰ ਰਹੇ ਸਨ॥ ੬੩॥

ਇਤਨੇ ਮਹਿ ਪਠਾਨ ਤਹਿ ਆਏ। ਦਰਸ ਕਰਨ ਹਿਰਦੇ ਲਲਚਾਏ।
ਸ਼ਸਤ੍ਰਨ ਯੁਕਤ ਸੁ ਮਨੁਜ ਘਨੇਰੇ। ਹੁਤੇ ਮੁਰੀਦ ਗੁਰੂ ਪਗ ਕੇਰੇ॥੬੪॥

ਏਨੇ ਵਿਚ ਓਥੇ ਕੁਝ ਪਠਾਣ ਆਏ। ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਦਿਲ ਲਲਚਾਏ ਹੋਏ ਸਨ। ਉਨ੍ਹਾਂ ਵਿਚ ਜ਼ਿਆਦਾ ਮਨੁੱਖ ਸ਼ਸਤਰਾਂ ਨਾਲ ਲੈਸ ਸਨ। ਉਹ ਗੁਰੂ ਜੀ ਦੇ ਚਰਨਾਂ ਦੇ ਮੁਰੀਦ ਸਨ॥ ੬੪॥

ਚਹੁੰਦਿਸ਼ ਤਨੀ ਕਨਾਤ ਬਿਸ਼ਾਲਾ। ਕਿਸਹੁੰ ਨ ਦਰਸ ਹੋਤਿ ਤਿਹ ਕਾਲਾ।
ਦੇਖਿ ਪਠਾਨ ਰਿਦੈ ਬਿਸਮਾਏ। ਦਰਸ ਨਿਰਾਸ ਰਿਦੇ ਅਕੁਲਾਏ॥ ੬੫॥

ਚਾਰੇ ਪਾਸੇ ਵੱਡੀ ਕਨਾਤ ਤਣੀ ਹੋਈ ਸੀ, ਉਸ ਸਮੇਂ ਕਿਸੇ ਨੂੰ ਵੀ ਦਰਸ਼ਨ ਨਹੀਂ ਸਨ ਹੋ ਰਹੇ। ਇਹ ਵੇਖ ਕੇ ਪਠਾਣ ਆਪਣੇ ਦਿਲ ਵਿਚ ਬਹੁਤ ਹੈਰਾਨ ਹੋਏ। ਦਰਸ਼ਨ ਨਾ ਹੋਣ ਕਰਕੇ ਉਨ੍ਹਾਂ ਦੇ ਹਿਰਦੇ ਵਿਆਕੁਲ ਹੋ ਗਏ॥ ੬੫॥

ਖਰੇ ਲੋਕ ਚਹੁੰਦਿਸ਼ ਰਖਵਾਰੀ। ਤਿਨ ਸੋਂ ਖਾਨਨ ਗਿਰਾ ਉਚਾਰੀ।
'ਤੁਮ ਹੋ ਸਿੱਖ ਗੁਰੂ ਗੁਨ ਖਾਨੀ। ਹਮ ਮੁਰੀਦ ਹੈਂ ਸਭਿ ਜਗ ਜਾਨੀ॥੬੬॥

ਕਨਾਤ ਦੇ ਚਾਰੇ ਪਾਸੇ ਲੋਕ ਖੜੇ ਸਨ। ਪਠਾਣ ਉਨ੍ਹਾਂ ਨੂੰ ਕਹਿਣ ਲੱਗੇ, "ਤੁਸੀਂ ਗੁਰੂ ਜੀ ਦੇ ਸਿੱਖ ਹੋ ਅਤੇ ਅਸੀਂ ਉਨ੍ਹਾਂ ਦੇ ਮੁਰੀਦ ਹਾਂ, ਇਹ ਤੱਥ ਸਾਰਾ ਜੱਗ ਜਾਣਦਾ ਹੈ॥ ੬੬॥

ਆਖਰ ਕੋ ਦਰਸ਼ਨ ਇਹ ਕਾਲਾ। ਹਮਕੋ ਕਰਨੇ ਦੇਹੁ ਕ੍ਰਿਪਾਲਾ।
ਹੁਤੇ ਦੂਰ ਸੁਧਿ ਸੁਨਿ ਕਰਿ ਆਏ। ਅਬ ਨਿਰਾਸ ਹਮ ਕਿਉਂ ਕਰਿ ਜਾਏਂ ॥੬੭॥

ਇਸ ਸਮੇਂ ਆਖਰੀ ਦਰਸ਼ਨ ਹਨ, ਇਸ ਲਈ ਸਾਨੂੰ ਕਿਰਪਾਲੂ ਗੁਰੂ ਜੀ ਦੇ ਦਰਸ਼ਨ ਕਰਨ ਦੇਵੋ। ਅਸੀਂ ਬਹੁਤ ਦੂਰ ਸੀ, ਖਬਰ ਸੁਣ ਕੇ ਆਏ ਹਾਂ, ਅਸੀਂ ਹੁਣ ਨਿਰਾਸ਼ ਹੋ ਕੇ ਕਿਉਂ ਜਾਈਏ ?"॥ ੬੭॥

ਭਨਯੋ ਸਿੱਖ 'ਅਸ ਹਠ ਨਹਿ ਕਰੀਏ। ਦਰਸ਼ਨ ਕਰਨ ਸਮਾਂ ਨ ਬਿਚਰੀਏ।
ਤੁਮ ਜਿ ਅਗੇਰੇ ਆਵਤਿ ਤੂਰਨ। ਕਰਿ ਲੇਤੇ ਦਰਸ਼ਨ ਗੁਰ ਪੂਰਨ॥ ੬੮॥

ਸਿੱਖਾਂ ਨੇ ਕਿਹਾ, "ਇਸ ਤਰ੍ਹਾਂ ਜ਼ਿੱਦ ਨਾ ਕਰੋ, ਇਹ ਦਰਸ਼ਨ ਕਰਨ ਦਾ ਸਮਾਂ ਨਾ ਸਮਝੋ। ਜੇ ਤੁਸੀਂ ਪਹਿਲਾਂ ਆ ਗਏ ਹੁੰਦੇ ਤਾਂ ਪੂਰਨ ਗੁਰੂ ਜੀ ਦੇ ਦਰਸ਼ਨ ਕਰ ਲੈਂਦੇ॥ ੬੮॥

ਅਬਿ ਬੰਦਨ ਕਰ ਲਿਹੁ ਇਸ ਥਾਈਂ। ਦੋਖ ਨਿਕੰਦਨ ਹੈਂ ਸਭਿ ਜਾਈਂ।
ਹਮਰੋ ਬਚਨ ਮਾਨਿ ਤੁਮ ਲੀਜੈ। ਨੀਕੇ ਰਿਦੇ ਬਿਚਾਰ ਕਰੀਜੈ' ॥ ੬੯॥

ਹੁਣ ਇਸ ਥਾਂ ਬੰਦਨਾ ਕਰ ਲਵੋ, ਤੁਹਾਡੇ ਸਾਰੇ ਪਾਪ ਦੂਰ ਹੋ ਜਾਣਗੇ। ਸਾਡਾ ਬਚਨ ਤੁਸੀਂ ਮੰਨ ਲਵੋ। ਚੰਗੇ ਹਿਰਦੇ ਨਾਲ ਵਿਚਾਰ ਕਰੋ"॥ ੬੯॥

ਖਾਨ ਕਹੈਂ 'ਹਮ ਮਾਨਹਿਂ ਨਾਂਹੀ। ਏਤੀ ਬਾਤ ਬਨਾਵਹੁ ਕਾਹੀਂ।
ਹੋ ਢਿਗ ਦਰਸਹੁ ਜਿਉ ਤੁਮ ਨੀਕੇ। ਤਿਉਂ ਹਮ ਜਾਵਹਿਂ ਪੀਰ ਨਜੀਕੇ ॥੭੦॥

ਪਠਾਣਾਂ ਨੇ ਕਿਹਾ, "ਅਸੀਂ ਨਹੀਂ ਮੰਨਦੇ, ਅਜੇਹੀ ਗੱਲ ਕਿਉਂ ਬਣਾਉਂਦੇ ਹੋ ? ਜਿਵੇਂ ਤੁਸੀਂ ਗੁਰੂ ਜੀ ਦੇ ਨੇੜੇ ਹੋ ਕੇ ਦਰਸ਼ਨ ਕੀਤੇ ਹਨ, ਉਸ ਤਰ੍ਹਾਂ ਅਸੀਂ ਵੀ ਆਪਣੇ ਪੀਰ ਦੇ ਨੇੜੇ ਜਾਵਾਂਗੇ॥ ੭੦॥

ਸਾਂਝੇ ਹਿੰਦੂ ਤੁਰਕਨ ਕੇਰੇ। ਸਿੱਖ ਸਮਾਨ ਮੁਰੀਦ ਘਨੇਰੇ।
ਅਹੈਂ ਪੱਖਜ ਜੇ ਹਿੰਦੁਨ ਤੁਰਕਾ। ਦੋਨੋਂ ਕੋ ਖੋਵਨ ਮਤ ਗੁਰਕਾ' ॥੭੧॥

ਉਹ ਹਿੰਦੂਆਂ ਮੁਸਲਮਾਨਾਂ ਦੇ ਸਾਂਝੇ ਪੀਰ ਹਨ, ਅਸੀਂ ਵੀ ਸਿੱਖਾਂ ਵਾਂਗ ਉਨ੍ਹਾਂ ਦੇ ਪਿਆਰੇ ਮੁਰੀਦ ਹਾਂ। ਜੇ ਹਿੰਦੂਆਂ ਮੁਸਲਮਾਨਾਂ ਦਾਂ ਇਹੋ ਪਹਿਲੂ ਰਿਹਾ ਤਾਂ ਦੋਵੇਂ ਗੁਰੂ ਜੀ ਦੇ ਮਤ ਦੇ ਵਿਪ੍ਰੀਤ ਕਾਰਜ ਕਰ ਰਹੇ ਹਨ"॥ ੭੧॥

ਇਕ ਤੋ ਖਾਨਨ ਕੋ ਬਲ ਭਾਰੀ। ਦੂਜੇ ਸਾਚੀ ਗਿਰਾ ਉਚਾਰੀ।
ਹਟਤਿ ਨਹੀਂ ਬਹੁ ਰਹੇ ਹਟਾਈ। ਸ਼ਸਤ੍ਰ ਗਹੇ ਤਬ ਹਿੰਦੁਨ ਜਾਈ॥ ੭੨॥

ਇਕ ਤਾਂ ਪਠਾਣਾਂ ਪਾਸ ਭਾਰੀ ਤਾਕਤ ਸੀ, ਦੂਜੀ ਉਨ੍ਹਾਂ ਨੇ ਸੱਚੀ ਗੱਲ ਕੀਤੀ ਸੀ। ਉਹ ਪਿਛੇ ਨਹੀਂ ਸੀ ਮੁੜ ਰਹੇ, ਬਹੁਤ ਹਟਾ ਰਹੇ। ਤਦ ਹਿੰਦੂਆਂ ਨੇ ਆਪਣੇ ਹੱਥਾਂ ਵਿਚ ਸ਼ਸਤਰ ਫੜ ਲਏ॥ ੭੨॥

ਪਰਯੋ ਸਭਿਨਿ ਮਹਿਂ ਰੌਰਾ ਭਾਰੀ। ਕੋਇ ਨ ਕਿਸਕੀ ਸੁਨੈ ਪੁਕਾਰੀ।
ਸ੍ਰੀ ਗੁਰ ਤਨ ਕੇ ਪਾਸ ਜਿ ਦਾਸਾ। ਸ੍ਰੋਣ ਕੁਲਾਹਲ ਸੁਨਿ ਚਹੁ ਆਸਾ ॥੭੩॥

ਸਾਰਿਆਂ ਵਿਚ ਬਹੁਤ ਰੌਲਾ ਪੈ ਗਿਆ। ਕੋਈ ਵੀ ਕਿਸੇ ਦੀ ਪੁਕਾਰ ਨਹੀਂ ਸੀ ਸੁਣ ਰਿਹਾ। ਗੁਰੂ ਜੀ ਦੇ ਸਰੀਰ ਪਾਸ ਜਿਹੜੇ ਸੇਵਕ ਬੈਠੇ ਸਨ, ਜਦ ਉਨ੍ਹਾਂ ਚਾਰੇ ਪਾਸਿਆਂ ਤੋਂ ਰੌਲਾ ਸੁਣਿਆ॥ ੭੩॥

ਨਿਕਸੇ ਤੁਰਤ ਬਿਲੋਕਨ ਤਾਈਂ। ਰਹੀ ਇਕਾਂਕੀ ਦੇਹ ਗੁਸਾਈ।

ਅੰਤਰਧਜਾਨ ਭਈ ਤਿਹ ਕਾਲਾ। ਸਰਬ ਚੁਕਾਵਨ ਝਗਰ ਬਿਸਾਲਾ॥ ੭੪॥

ਉਹ ਤੁਰੰਤ ਵੇਖਣ ਵਾਸਤੇ ਬਾਹਰ ਨਿਕਲੇ। ਗੁਰੂ ਜੀ ਦੀ ਦੇਹ ਇਕੱਲੀ ਰਹਿ ਗਈ। ਸਾਰਾ ਝਗੜਾ ਮੁਕਾਉਣ ਲਈ ਗੁਰੂ ਜੀ ਦੀ ਦੇਹੀ ਉਸ ਸਮੇਂ ਅੰਤਰ-ਧਿਆਨ ਹੋ ਗਈ॥ ੭੪॥

ਵਹਿਰ ਦੁਹੂੰ ਮਹਿਂ ਬਾਦ ਮਹਾਨਾ। ਚਢਿ ਬਿਵਾਨ ਪਰ ਕ੍ਰਿਪਾ ਨਿਧਾਨਾ।
ਗਮਨ ਕੀਨ ਊਰਧ ਕੀ ਓਰਾ। ਜੈ ਜੈ ਸ਼ਬਦ ਸੁਰਨ ਮਹਿਂ ਸ਼ੋਰਾ॥ ੭੫॥

ਬਾਹਰ ਹਿੰਦੂ ਮੁਸਲਮਾਨਾਂ ਵਿਚ ਵੱਡਾ ਝਗੜਾ ਚਲ ਰਿਹਾ ਸੀ। ਗੁਰੂ ਜੀ ਓਸੇ ਵੇਲੇ ਬਿਬਾਣ ਵਿਚ ਚੜ੍ਹ ਕੇ, ਆਕਾਸ਼ ਵੱਲ ਚਲੇ ਗਏ। ਓਸੇ ਸਮੇਂ ਦੇਵਤਿਆਂ ਨੇ ਜੈ ਜੈ ਸ਼ਬਦ ਦਾ ਸ਼ੋਰ ਮਚਾ ਦਿੱਤਾ॥ ੭੫॥

ਸੁਰਤਰੁ ਪੁਸ਼ਪਾਂਜੁਲ ਬਰਖਾਵਹਿਂ। ਚਾਰੁ ਚਮਰੁ ਚਹੁਦਿਸ਼ਨ ਢੁਰਾਵਹਿਂ।
ਬ੍ਰਹਮਾਦਿਕ ਚੰਦਨ ਚਰਚਾਹੀਂ। ਕਰਹਿਂ ਆਰਤੀ, ਸੰਖ ਬਜਾਹੀਂ॥ ੭੬॥

ਦੇਵਤੇ ਕਲਪ ਬ੍ਰਿਛ ਦੇ ਫੁੱਲਾਂ ਦੇ ਬੁੱਕਾਂ ਦੇ ਬੁੱਕ ਭਰ ਕੇ ਵਰਸ਼ਾ ਕਰ ਰਹੇ ਸਨ। ਸੁੰਦਰ ਚੌਰ ਚਾਰੇ ਪਾਸੇ ਝੁਲਾ ਰਹੇ ਸਨ। ਬ੍ਰਹਮਾ ਆਦਿ ਚੰਦਨ ਦਾ ਛਿੜਕਾਅ ਕਰ ਰਹੇ ਸਨ। ਆਰਤੀਆਂ ਕਰਦੇ ਸਨ ਅਤੇ ਸੰਖ ਵਜਾਉਂਦੇ ਸਨ॥ ੭੬॥

ਅਪਸਰ ਕਰਿਹੀਂ ਨਿਰਤ ਅਗਾਰੀ। ਗੰਧ੍ਰਬ ਗਾਵਹਿਂ ਧੁਨਿ ਸੁਖਕਾਰੀ।
ਚਲੇ ਅਕਾਸ਼ ਪੰਥ ਅਸ ਜਾਵਹਿਂ। ਅਤਿ ਉਤਸਵ ਕਰਿ ਅਨੰਦ ਬਢਾਵਹਿਂ॥੭੭॥

ਅੱਗੇ ਅੱਗੇ ਅਪੱਛਰਾਵਾਂ ਨਾਚ ਕਰ ਰਹੀਆਂ ਸਨ ਅਤੇ ਗੰਧ੍ਰਬ ਸੁਰੀਲੀਆਂ ਧੁਨਾਂ ਵਿਚ ਗਾ ਰਹੇ ਸਨ। ਅਕਾਸ਼ ਦੇ ਰਾਹ ਇਸ ਤਰ੍ਹਾਂ ਜਾ ਰਹੇ ਸਨ, ਵੱਡਾ ਉਤਸਵ ਕਰਕੇ ਬੜਾ ਅਨੰਦ ਵਧਾ ਰਹੇ ਸਨ॥ ੭੭॥

ਦੋਹਰਾ- ਹੁਤੀ ਸ਼ਕਤਿ ਜਿਹ ਲਗ ਜਿਸਹਿ ਸ੍ਰੀ ਨਾਨਕ ਪਹੁੰਚਾਇ।
ਹਟੇ ਸੰਗ ਤੇ ਦੇਵ ਸਭਿ ਚਰਨਨ ਸੀਸ ਨਿਵਾਇ॥ ੭੮॥

ਜਿਥੋਂ ਤਕ ਕਿਸੇ ਦੇਵਤੇ ਦੀ ਪਹੁੰਚਣ ਦੀ ਸ਼ਕਤੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਗਏ। ਫਿਰ ਸਾਰੇ ਦੇਵਤੇ ਗੁਰੂ ਜੀ ਦੇ ਚਰਨਾਂ ਤੇ ਸੀਸ ਨਿਵਾ ਕੇ ਪਿੱਛੇ ਹਟ ਗਏ॥ ੭੮॥

ਸੱਚ ਖੰਡ ਸ੍ਰੀ ਗੁਰ ਗਏ ਕੀਨਿ ਤਹਾਂ ਬਿਸਰਾਮ।
ਭੂਤਲ ਮਹਿਂ ਜੈਸੇ ਭਈ ਸੁਨਹੁ ਕਥਾ ਸੁਖ ਧਾਮ॥ ੭੯॥

ਗੁਰੂ ਜੀ ਸੱਚਖੰਡ ਵਿਚ ਪਹੁੰਚ ਗਏ ਤੇ ਓਥੇ ਜਾ ਕੇ ਆਰਾਮ ਕੀਤਾ। ਧਰਤੀ ਤੇ ਜਿਸ ਤਰ੍ਹਾਂ ਹੋਇਆ, ਉਸ ਸੁੱਖਾਂ ਦੇ ਘਰ ਦੀ ਵੀ ਕਥਾ ਸੁਣੋ॥੭੯॥

ਚੌਪਈ- ਕਰੇ ਜੋਰ ਅਸ ਖਾਨ ਅਲਾਵੈਂ। 'ਹੈਂ ਹਮ ਪੀਰ ਸੁ ਮਜਲ ਪੁਚਾਵੈਂ।
ਦੇਤਿ ਮੁਰਾਦ ਮੁਰੀਦਨ ਕੇਰੀ। ਬਰਜੇ ਰਹੈਂ ਨ, ਜਾਵਹਿਂ ਨੇਰੀ' ॥ ੮੦॥

ਪਠਾਣ ਜ਼ੋਰ ਲਾ ਰਹੇ ਸਨ ਤੇ ਉੱਚੀ-ਉੱਚੀ ਬੋਲ ਰਹੇ ਸਨ, ਉਹ ਸਾਡੇ ਪੀਰ ਹਨ, ਇਸ ਲਈ ਅਸੀਂ ਉਨ੍ਹਾਂ ਦੇ ਪਾਸ ਜਾਵਾਂਗੇ। ਉਹ ਆਪਣੇ ਮੁਰੀਦਾਂ ਨੂੰ ਮੁਰਾਦਾਂ ਦਿੰਦੇ ਸਨ। ਅਸੀਂ ਰੋਕਿਆਂ ਨਹੀਂ ਰੁਕਾਂਗੇ, ਉਨ੍ਹਾਂ ਦੇ ਪਾਸ ਜਾਵਾਂਗੇ' ॥ ੮੦॥

ਇਮ ਹਠ ਕਰਿਕੇ ਭੇ ਤਹਿਂ ਠਾਂਢੇ। ਡਰੇ ਨ ਰਾਰ ਕਰਨ ਤੇ ਗਾਢੇ।
ਸਨਧਬੱਧ ਹਿੰਦੂ ਹੁਇ ਆਏ। ਬਲ ਕਰਿ ਤਿਨ ਕੋ ਚਹਤਿ ਹਟਾਏ॥੮੧॥

ਇਸ ਤਰ੍ਹਾਂ ਜ਼ਿੱਦ ਕਰਕੇ ਉਹ ਉਸ ਥਾਂ ਖੜੇ ਹੋ ਗਏ, ਡਰੇ ਨਹੀਂ ਤੇ ਝਗੜਾ ਕਰਨ ਲਈ ਤਿਆਰ ਹੋ ਗਏ। ਹਥਿਆਰਬੰਧ ਹੋ ਕੇ ਹਿੰਦੂ ਵੀ ਆ ਗਏ। ਆਪਣੇ ਜ਼ੋਰ ਨਾਲ ਉਨ੍ਹਾਂ ਨੂੰ ਪਿਛੇ ਹਟਾਉਣਾ ਚਾਹੁੰਦੇ ਸਨ॥ ੯੧॥

ਸਜਾਨੇ ਸਿੱਖ ਹੁਤੇ ਤਹਿਂ ਜੇਈ। ਕਰਜੋ ਬਿਚਾਰ ਮਿਲਤਿ ਭੇ ਤੇਈ।
ਤੁਰਕਨ ਕੋ ਅਬਿ ਹੈ ਬਲ ਭਾਰੇ। ਬਹੁਰ ਰੀਤਿ ਸੋਂ ਬਚਨ ਉਚਾਰੇ ॥੯੨॥

ਓਥੇ ਜਿਹੜੇ ਸਿਆਣੇ ਸਿੱਖ ਮੌਜੂਦ ਸਨ, ਉਨ੍ਹਾਂ ਓਥੇ ਮਿਲ ਕੇ ਵਿਚਾਰ ਕੀਤੀ। ਤੁਰਕਾਂ ਪਾਸ ਹੁਣ ਭਾਰੀ ਤਾਕਤ ਹੈ, ਇਸ ਲਈ ਉਨ੍ਹਾਂ ਰੀਤੀ ਅਨੁਸਾਰ ਬਚਨ ਕਹੇ॥ ੯੨॥

'ਤਾਂਤੇ ਔਰ ਨ ਕਰੀਏ ਕਾਜਾ। ਸ੍ਰੀ ਸਤਿਗੁਰ ਕੋ ਲੇਹੁ ਅਵਾਜਾ।
ਤਿਨ ਮਰਜੀ ਕੇ ਹ੍ਵੈ ਅਨੁਸਾਰੀ। ਕਰਿਯੈ ਕ੍ਰਿੱਤ ਮਿਟਾਵਹੁ ਰਾਰੀ' ॥੯੩॥

ਹੁਣ ਕੋਈ ਹੋਰ ਕੰਮ ਨਾ ਕਰੀਏ, ਸ੍ਰੀ ਸਤਿਗੁਰੂ ਨੂੰ ਆਵਾਜ਼ ਮਾਰ ਲਈਏ। ਉਨ੍ਹਾਂ ਦੀ ਮਰਜ਼ੀ ਅਨੁਸਾਰ ਹੀ ਹੋਵੇਗਾ, ਇਸ ਤਰ੍ਹਾਂ ਕਰੀਏ ਅਤੇ ਲੜਾਈ ਝਗੜਾ ਮਿਟਾਵੇ॥ ੯੩॥

ਖਾਨਨ ਸੰਗ ਭਨੀ ਅਸ ਬਾਨੀ। ਭਲੀ ਭਾਂਤਿ ਨੀਕੇ ਤਿਨ ਮਾਨੀ।
ਦ੍ਵੈ ਸਿੱਖ ਹੁਤੇ ਸਮੀਪੀ ਜੇਈ। ਅੰਤਰ ਗੇ ਕਨਾਤ ਕੇ ਤੇਈ॥ ੯੪॥

ਪਠਾਣਾਂ ਨਾਲ ਜਦ ਇਸ ਤਰ੍ਹਾਂ ਗੱਲ ਕੀਤੀ ਤਾਂ ਉਨ੍ਹਾਂ ਭਲੀ ਭਾਂਤ ਚੰਗੀ ਸਮਝ ਕੇ ਮੰਨ ਲਈ। ਦੋ ਸਿੱਖ ਜਿਹੜੇ ਗੁਰੂ ਜੀ ਦੇ ਸਰੀਰ ਪਾਸ ਬੈਠੇ ਸਨ, ਉਹ ਕਨਾਤ ਦੇ ਅੰਦਰ ਗਏ ਸਨ॥ ੯੪॥

ਬਸਤ੍ਰ ਸੰਯੁਕਤ ਸੇਜ ਤਹਿਂ ਦੇਖੀ। ਦੇਹ ਨ, ਭਏ ਅਚਰਜ ਬਿਸ਼ੇਖੀ।
ਅੰਬਰ ਕੋ ਉਘਾਰਿ ਭਲ ਜੋਵਾ। ਨਿਕਸੇ ਕਹਤਿ 'ਅਚੰਭਾ ਹੋਵਾ ॥੯੫॥

ਉਨ੍ਹਾਂ ਕੇਵਲ ਚਾਦਰ ਸਹਿਤ ਹੀ ਸੇਜ ਵੇਖੀ। ਓਥੇ ਦੇਹ ਨਾ ਪਾ ਕੇ ਬਹੁਤ ਹੈਰਾਨ ਹੋਏ। ਚਾਦਰ ਨੂੰ ਚੁੱਕ ਕੇ ਜਦ ਵੇਖਿਆ, ਗੁਰੂ ਜੀ ਦੀ ਦੇਹ ਨਾ ਵੇਖ ਕੇ ਕਹਿਣ ਲੱਗੇ, "ਬਹੁਤ ਹੈਰਾਨੀ ਹੋਈ ਹੈ॥ ੯੫॥

ਕਿਉਂ ਤੁਮ ਕੀਨੋ ਇਤਨਾ ਝਗਰਾ। ਸਤਿਗੁਰ ਆਪ ਨਿਬੇਰਯੋ ਸਗਰਾ।
ਅੰਤ੍ਰ ਧਜਾਨ ਭੀ, ਰਹੀ ਨ ਦੇਹੀ। ਕੁਸ਼ਾ ਸੇਜ ਪਰ ਬਸਤ੍ਰ ਪਰੇਹੀ॥ ੯੬॥

ਤੁਸੀਂ ਏਨਾ ਝਗੜਾ ਕਿਉਂ ਕੀਤਾ ਹੈ, ਸਤਿਗੁਰੂ ਨੇ ਸਾਰਾ ਝਗੜਾ ਆਪ ਹੀ ਨਿਬੇੜ ਦਿੱਤਾ ਹੈ। ਦੇਹੀ ਹੁਣ ਅੰਤਰ-ਧਿਆਨ ਵੀ ਨਹੀਂ ਰਹੀ ਹੈ, ਦੱਭ ਦੀ ਸੇਜ ਉੱਤੇ ਕੇਵਲ ਇਹ ਚਾਦਰ ਰਹਿ ਗਈ ਹੈ॥ ੯੬॥

ਦੋਹਰਾ- ਰਾਰ ਨ ਕਰਿਯੇ ਪਰਸਪਰ ਦਿਹੁ ਕਨਾਤ ਖੁਲਵਾਇ।
ਦੇਖਹਿਂ ਨਰ ਨਾਰੀ ਸਰਬ ਕੌਤਕ ਮਤਿ ਬਿਸਮਾਇ' ॥ ੯੭॥

ਹੁਣ ਰੌਲਾ ਨਾ ਪਾਉ ਤੇ ਕਨਾਤ ਨੂੰ ਖੁਲ੍ਹਵਾ ਦੇਵੋ। ਸਾਰੇ ਨਰ ਨਾਰੀ ਇਹ ਕੌਤਕ ਵੇਖ ਕੇ ਮਨ ਵਿਚ ਹੈਰਾਨ ਹੋਏ"॥ ੯੭॥

ਸ੍ਵੈਯਾ- ਲੀਨ ਉਤਾਰ ਕਨਾਤ ਸ਼ਿਤਾਬ ਗਏ ਢਿਗ ਹ੍ਵੈ ਦਰਸੈਂ ਨਰ ਨਾਂਰੀ।
ਹੈ ਸਿਹਜਾ ਪਰ ਚੀਰ ਪਰਜੋ ਪਿਖਿ 'ਜੈ ਗੁਰ, ਜੈ ਗੁਰ' ਊਚ ਉਚਾਰੀ।
'ਸ੍ਰੀ ਸੁਖਕੰਦ, ਗੁਬਿੰਦ, ਮੁਕੰਦ', ਸੁ ਨਾਮ ਕੋ ਲੇ ਕਰਿ ਬੰਦਨ ਕਾਰੀ।
ਹੋਇ ਅਚੰਭ ਰਹੇ ਹਿਰਦੇ ਤਿਹ ਠਾਂ ਨਰ ਜੇ ਸਭਿ ਕੀ ਮਤਿ ਹਾਰੀ ॥੯੮॥

ਝੱਟ ਕਨਾਤ ਨੂੰ ਉਤਾਰ ਦਿੱਤਾ ਤੇ ਸਾਰੇ ਨਰ ਨਾਰੀ ਪਾਸ ਜਾ ਕੇ ਵੇਖਦੇ ਹਨ। ਸੇਜ ਦੇ ਉਤੇ ਇਕ ਕਪੜਾ ਪਿਆ ਹੈ, ਇਹ ਵੇਖ ਕੇ "ਜੈ ਗੁਰੂ ਜੈ ਗੁਰੂ" ਉੱਚੀ ਦਿੱਤੀ ਉਚਾਰਨ ਕੀਤਾ। "ਸ੍ਰੀ ਸੁਖਦਾਤੇ, ਗੋਬਿੰਦ, ਮੁਕਤੀਦਾਤੇ" ਇਹ ਨਾਮ ਲੈ ਲੈ ਕੇ ਬੰਦਨਾ ਕਰ ਰਹੇ ਹਨ। ਸਾਰੇ ਨਰ ਹਿਰਦੇ ਵਿਚ ਬਹੁਤ ਹੈਰਾਨ ਹੋ ਰਹੇ ਹਨ, ਜਿਵੇਂ ਸਾਰਿਆਂ ਦੀ ਮੱਤ ਮਾਰੀ ਗਈ ਹੋਵੇ ॥ ੮੮ ॥

ਛਪਯ ਛੰਦ- ਤੁਰਕਨ ਅੰਬਰ ਅਰਧ, ਅਰਧ ਹਿੰਦੁਨ ਤਬਿ ਲੀਯਾ।
ਸਗਰ ਝਗਰ ਗਜਾ ਨਿਬਰ, ਹਰਖ ਉਰ ਦੁਹ ਦਿਸ਼ ਥੀਆ।
ਸਿੱਖਨ ਲੇ ਕਰਿ ਚੀਰ ਚਿਤਾ ਚੰਦਨ ਕੀ ਰਚਿ ਕਰਿ।
ਨਿਜ ਮੁਖ ਜਹਿਂ ਗੁਰ ਕਹਜੋ ਤਹਾਂ ਦਿਯ ਦਾਹ ਭਲੇ ਧਰਿ।
ਪੁਨ ਹੁਤੇ ਮੁਰੀਦ ਸੁ ਅਰਧ ਲੇ ਨੀਕੇ ਤਹਿਂ ਦਫਨਾਇ ਦਿਯ।
ਇਉਂ ਬਾਦ ਬਿਖਾਦ ਮਿਟਾਇ ਸਭਿ ਦੁਹੂੰ ਦਿਸ਼ਨ ਅਹਿਲਾਦ ਕਿਯ ॥ ੮੯ ॥

ਅੱਧੀ ਚਾਦਰ ਤੁਰਕਾਂ ਨੇ ਲੈ ਲਈ, ਅੱਧੀ ਚਾਦਰ ਹਿੰਦੂਆਂ ਦੇ ਹਿੱਸੇ ਆ ਗਈ। ਸਾਰਾ ਝਗੜਾ ਨਿੱਬੜ ਗਿਆ, ਦੋਵੇਂ ਕੌਮਾਂ ਦਿਲ ਵਿਚ ਖੁਸ਼ ਹੋ ਗਈਆਂ। ਸਿੱਖਾਂ ਨੇ ਅੱਧਾ ਕੱਪੜਾ ਲੈ ਕੇ ਚੰਦਨ ਦੀ ਚਿਖਾ ਬਣਾ ਕੇ, ਜਿਥੇ ਗੁਰੂ ਜੀ ਆਪਣੇ ਮੁੱਖ ਨਾਲ ਕਹਿ ਗਏ ਸਨ, ਓਥੇ ਜਾ ਕੇ ਉਸ ਕੱਪੜੇ ਨੂੰ ਸਾੜ ਦਿੱਤਾ। ਫਿਰ ਜਿਹੜੇ ਮੁਸਲਮਾਨ ਮੁਰੀਦ ਸਨ, ਉਨ੍ਹਾਂ ਅੱਧੀ ਚਾਦਰ ਲੈ ਕੇ ਉਸ ਥਾਂ ਦੇ ਲਾਗੇ ਹੀ ਦਬਾ ਦਿੱਤੀ। ਇਸ ਤਰ੍ਹਾਂ ਦੋਵਾਂ ਪਾਸਿਆਂ ਦਾ ਝਗੜਾ ਮੁੱਕ ਗਿਆ ਅਤੇ ਦੋਵੇਂ ਧਿਰਾਂ ਪ੍ਰਸੰਨ ਹੋ ਗਈਆਂ ॥ ੮੯ ॥

ਸੋਰਠਾ- ਸੰਮਤ ਸੱਤ੍ਰ ਪਛਾਨ ਪੰਚ ਮਾਸ ਬੀਤੇ ਬਹੁਰ।
ਸਪਤ ਦਿਨਨ ਪਰਵਾਨ ਪਤਿਸ਼ਾਹੀ ਸ੍ਰੀ ਪ੍ਰਭੁ ਕਰੀ ॥ ੯੦ ॥

ਸੱਤਰ ਵਰ੍ਹੇ, ਪੰਜ ਮਹੀਨੇ ਅਤੇ ਸੱਤ ਦਿਨ ਗੁਰੂ ਜੀ ਨੇ ਪਾਤਸ਼ਾਹੀ ਕੀਤੀ ॥ ੯੦ ॥

ਦੋਹਰਾ- ਸੰਮਤ ਪੰਦਰਾਂ ਸੈ ਲਖੋ ਅਧਿਕ ਛਜਾਨਵਾ ਜਾਨਿ।
ਅਸਜੁ ਵਦੀ ਦਸਮੀ ਵਿਖੈ ਸੱਚਖੰਡ ਪ੍ਰਸਥਾਨ ॥ ੯੧ ॥

ਸੰਮਤ ਪੰਦਰਾਂ ਸੌ ਸਮਝੋ ਤੇ ਅਧਿਕ ਛਿਆਨਵੇਂ ਜਾਣੋ, ਅੱਸੂ ਵਦੀ ਦਸਮੀ ਵਿਖੇ ਸੱਚਖੰਡ ਚਲੇ ਗਏ ॥ ੯੧ ॥

ਚੌਪਈ- ਸ੍ਰੀ ਗੁਰ ਕਥਾ ਕਹੀ ਕਛੁ ਥੋਰੀ। ਸਰਬ ਕਹਿਨ ਕੀ ਸ਼ਕਤਿ ਨ ਮੋਰੀ।
ਅਹੈ ਜਥਾਮਤਿ ਤਥਾ ਸੁ ਬਰਨੀ। ਸ਼੍ਰੋਤਨ ਕੇ ਬਿਕਾਰ ਕੋ ਹਰਨੀ ॥ ੯੨ ॥

ਮੈਂ ਗੁਰੂ ਜੀ ਦੀ ਥੋੜ੍ਹੀ ਕਥਾ ਕਹੀ ਹੈ, ਸਾਰੀ ਕਹਿਣ ਦੀ ਮੇਰੇ ਵਿਚ ਸ਼ਕਤੀ ਨਹੀਂ ਹੈ। ਜਿਸ ਤਰ੍ਹਾਂ ਦੀ ਮੇਰੀ ਬੁੱਧੀ ਹੈ, ਉਸ ਤਰ੍ਹਾਂ ਮੈਂ ਲਿਖਿਆ ਹੈ, ਇਹ ਸਰੋਤਿਆਂ ਦੇ ਵਿਕਾਰਾਂ ਨੂੰ ਦੂਰ ਕਰਨ ਵਾਲੀ ਹੈ ॥ ੯੨ ॥

ਜੋਗ, ਵਿਰਾਗ, ਭਗਤਿ ਪੁਨ ਗਜਾਨਾ। ਏ ਚਾਰੋਂ ਵਰਨੇ ਬਿਧਿ ਨਾਨਾ।
ਦੈਵ ਸੰਪਦਾ ਗੁਨ ਜੇ ਬ੍ਰਿੰਦਾ। ਜਾ ਮੈਂ ਭਨੇ, ਹਨੈਂ ਦੁਖ ਦੁੰਦਾ ॥ ੯੩ ॥

ਜੋਗ, ਵੈਰਾਗ, ਭਗਤੀ ਅਤੇ ਗਿਆਨ, ਇਹ ਚਾਰੇ ਕਈ ਪ੍ਰਕਾਰ ਵਰਣਨ ਕੀਤੇ ਹਨ। ਦੈਵੀ ਸੰਪਦਾ ਦੇ ਜੋ ਬਹੁਤ ਗੁਣ ਹਨ, ਉਨ੍ਹਾਂ ਬਾਰੇ ਵੀ ਮੈਂ ਕਿਹਾ ਹੈ, ਇਸ ਨੂੰ ਪੜ੍ਹ ਕੇ ਦੁੱਖ ਅਤੇ ਦ੍ਵੰਦ ਦਾ ਨਾਸ਼ ਹੋਵੇਗਾ ॥ ੯੩ ॥

ਪਢਹਿਂ ਸੁਨੈਂ ਗੁਣ ਹਿਰਦੇ ਧਾਰਹਿਂ। ਪੁਨ ਪੁਨ ਕਰਿ ਅੱਭਜਾਸ ਬਿਚਾਰਹਿਂ।
ਲਖਹਿਂ ਅਸੰਤਿ ਸੰਤਿ ਸੋ ਨਿਰਨੋ। ਹਰਖ ਨ ਸ਼ੋਕ ਨ ਜਨਮ ਨ ਮਰਨੋ ॥ ੯੪ ॥

ਜਿਹੜੇ ਇਸ ਨੂੰ ਪੜ੍ਹਨ ਸੁਣਨਗੇ ਅਤੇ ਹਿਰਦੇ ਵਿਚ ਗੁਣ ਧਾਰਨਗੇ ਅਤੇ ਬਾਰ-ਬਾਰ ਅਭਿਆਸ ਕਰਕੇ ਵਿਚਾਰਨਗੇ, ਉਹ ਸੱਚ ਝੂਠ ਦਾ ਨਿਰਣਾ ਸਮਝ ਜਾਣਗੇ ਅਤੇ ਉਨ੍ਹਾਂ ਦੀ ਖ਼ੁਸ਼ੀ ਗ਼ਮੀ ਅਤੇ ਜਨਮ ਮਰਨ ਮਿੱਟ ਜਾਵੇਗਾ॥ ੯੪॥

ਸਤਿਗੁਰ ਸਿਫਤ ਮਹਾਤਮ ਜੋਈ। ਜਗ ਮਹਿਂ ਪ੍ਰਗਟ, ਦੁਰਜੋ ਨਹਿਂ ਸੋਈ।
ਸੁਮਤਿਵਾਨ ਜਾਨਹਿਂ ਬਿਧਿ ਨੀਕੇ। ਰਾਖਤਿ ਹੈਂ ਪਰੋਇ ਬਿਚ ਹੀ ਕੇ॥ ੯੫॥

ਸਤਿਗੁਰੂ ਦੀ ਸਿਫਤ ਦਾ ਜੋ ਮਹਾਤਮ ਹੈ, ਉਹ ਜੱਗ ਵਿਚ ਪ੍ਰਗਟ ਹੈ, ਕਿਤੇ ਵੀ ਛੁਪਿਆ ਹੋਇਆ ਨਹੀਂ ਹੈ। ਬੁਧੀਵਾਨ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਹ ਇਸ ਨੂੰ ਹਿਰਦੇ ਵਿਚ ਪਰੋ ਕੇ ਰੱਖਦੇ ਹਨ॥ ੯੫॥

ਬਿਛਰਜੋ ਚਹਤਿ ਨਹੀਂ ਕਿਹ ਕਾਲਾ। ਦ੍ਵੈ ਲੋਚਨ ਸੁਖ ਦੇ ਜੁ ਬਿਸਾਲਾ।
ਹੁਤੀ ਨ ਸ਼ਕਤਿ ਮੋਹਿ ਮਹਿਂ ਐਸੇ। ਗ੍ਰੰਥ ਸੰਪੂਰਨ ਭਾ ਅਬਿ ਜੈਸੇ॥ ੯੬॥

ਕਿਸੇ ਸਮੇਂ ਵਿਛੜਨਾ ਨਹੀਂ ਚਾਹੁੰਦਾ। ਦੋ ਅੱਖਾਂ ਜੋ ਵਿਸ਼ਾਲ ਸੁਖ ਦਿੰਦੀਆਂ ਹਨ। ਮੇਰੇ ਵਿਚ ਅਜੇਹੀ ਸ਼ਕਤੀ ਨਹੀਂ ਸੀ, ਜਿਸ ਤਰ੍ਹਾਂ ਹੁਣ ਗ੍ਰੰਥ ਸੰਪੂਰਣ ਹੋਇਆ ਹੈ॥ ੯੬॥

ਕ੍ਰਿਪਾ ਧਾਰਿ ਸਤਿਗੁਰ ਮੁਝ ਤਾਈਂ। ਜਿਉਂ ਜਿਉਂ ਮੁਹਿ ਮਤਿ ਦੇ ਬਨਿਵਾਈ।
ਤਿਉਂ ਮੈਂ ਕਹੀ ਕਥਾ ਅਤਿ ਰੂਰੀ। ਜੋ ਸਾਧਨ ਅਪਵਰਗਹਿ ਪੂਰੀ॥ ੯੭॥

ਸਤਿਗੁਰੂ ਜੀ ਨੇ ਮੇਰੇ ਤੇ ਅਪਾਰ ਕਿਰਪਾ ਕੀਤੀ ਹੈ, ਜਿਵੇਂ ਜਿਵੇਂ ਮੈਨੂੰ ਬੁੱਧੀ ਦੇ ਕੇ ਬਣਵਾਈ ਹੈ, ਉਸ ਤਰ੍ਹਾਂ ਹੀ ਮੈਂ ਸੁੰਦਰ ਕਥਾ ਕਹੀ ਹੈ। ਜੋ ਮੁਕਤੀ ਦੇ ਸਾਧਨਾਂ ਦੀ ਵਿਆਖਿਆ ਲਈ ਪੂਰੀ ਹੈ॥ ੯੭॥

ਸ੍ਰੀ ਨਾਨਕ ਪਦ ਪੰਕਜ ਬੰਦਨ। ਸਿਮਰੌਂ ਅੰਗਦ ਦੋਖ ਨਿਕੰਦਨ।
ਅਮਰਦਾਸ ਗੁਰ ਹਿਰਦੇ ਧਜਾਵੌਂ। ਸ੍ਰੀ ਗੁਰ ਰਾਮਦਾਸ ਗੁਨ ਗਾਵੌਂ॥ ੯੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਤੇ ਮੈਂ ਬੰਦਨਾ ਕਰਦਾ ਹਾਂ ਅਤੇ ਦੁੱਖਾਂ ਦੇ ਨਾਸ਼ ਕਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵੀ ਸਿਮਰਨ ਕਰਦਾ ਹਾਂ। ਗੁਰੂ ਅਮਰਦਾਸ ਜੀ ਨੂੰ ਮੈਂ ਹਿਰਦੇ ਵਿਚ ਧਿਆਉਂਦਾ ਹਾਂ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਗਾਉਂਦਾ ਹਾਂ॥ ੯੮॥

ਸ੍ਰੀ ਅਰਜਨ ਬਿਘਨਨਿ ਕੇ ਨਾਸ਼ਕ। ਹਰਿਗੁਬਿੰਦ ਸ਼ੁਭ ਸੁਮਤਿ ਪ੍ਰਕਾਸ਼ਕ।
ਸ੍ਰੀ ਹਰਿਰਾਇ ਨਮੋ ਕਰ ਜੋਰੀ। ਗੁਰੁ ਹਰਿਕ੍ਰਿਸ਼ਨ ਮਨਾਇ ਬਹੋਰੀ॥ ੯੯॥

ਸ੍ਰੀ ਗੁਰੂ ਅਰਜਨ ਦੇਵ ਜੀ ਵਿਘਨਾਂ ਦਾ ਨਾਸ਼ ਕਰਨ ਵਾਲੇ ਹਨ ਅਤੇ ਸ੍ਰੀ ਗੁਰੂ ਹਰਿਗੋਬਿੰਦ ਚੰਗੀ ਮੱਤ ਦਾ ਪ੍ਰਕਾਸ਼ ਕਰਦੇ ਹਨ। ਸ੍ਰੀ ਹਰਿਰਾਇ ਨੂੰ ਮੈਂ ਹੱਥ ਜੋੜ ਕੇ ਨਮਸ਼ਕਾਰ ਕਰਦਾ ਹਾਂ। ਫਿਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਂਦਾ ਹਾਂ॥ ੯੯॥

ਤੇਗ ਬਹਾਦਰ ਪਰਮ ਕ੍ਰਿਪਾਲਾ। ਸ੍ਰੀ ਗੁਰੁ ਗੋਬਿੰਦ ਸਿੰਘ ਬਿਸਾਲਾ।
ਧਰੌਂ ਧਰਾ ਪਰ ਪੁਨ ਪੁਨ ਸੀਸਾ। ਬੰਦੌਂ ਬਾਰ ਬਾਰ ਜਗਦੀਸ਼ਾ॥ ੧੦੦॥

ਸ੍ਰੀ ਗੁਰੂ ਤੇਗ ਬਹਾਦਰ ਜੀ ਪਰਮ ਕ੍ਰਿਪਾਲੂ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਬਹੁਤ ਵਿਸ਼ਾਲ ਹਨ। ਧਰਤੀ ਉਤੇ ਬਾਰ-ਬਾਰ ਸੀਸ ਧਰਦਾ ਹਾਂ, ਬਾਰ-ਬਾਰ ਜਗਤ ਦੇ ਈਸ਼ਵਰ ਨੂੰ ਬੰਦਨਾ ਕਰਦਾ ਹਾਂ॥ ੧੦੦॥

ਦੋਹਰਾ-ਸ੍ਰੀ ਮਤਿ, ਸਿਮਰਨ ਰਤਿ ਗੁਰੂ ਸੰਤ ਸਿੰਘ ਸ਼ੁਭ ਨਾਮ।
ਬਿੱਦਯਾ ਜਿਨ ਤੇ ਮੈਂ ਪਠੀ ਤਿਨ ਪਦ ਕਰੌਂ ਪ੍ਰਣਾਮ॥ ੧੦੧॥

ਮੇਰੇ ਵਿਦਿਆ ਗੁਰੂ, ਜਿਹੜੇ ਬੜੇ ਬੁਧੀਮਾਨ ਸਨ ਅਤੇ ਸਦਾ ਹੀ ਸਿਮਰਨ ਵਿਚ ਰੰਗੇ ਰਹਿੰਦੇ ਸਨ, ਉਨ੍ਹਾਂ ਦਾ ਸ਼ੁਭ ਨਾਮ ਸੰਤ ਸਿੰਘ ਹੈ, ਉਨ੍ਹਾਂ ਪਾਸੋਂ ਮੈਂ ਵਿਦਿਆ ਪੜ੍ਹੀ ਹੈ, ਉਨ੍ਹਾਂ ਦੇ ਚਰਨਾਂ ਤੇ ਮੇਰਾ ਪ੍ਰਣਾਮ ਹੈ॥ ੧੦੧॥

ਕਬਿੱਤ- ਸੁਤਾ ਸਵਿਤਾਸ ਕੀ, ਨਸੱਜਾ ਪਾਪ ਰਾਸ ਕੀ, ਦਿਵੱਯਾ ਮੋਖ ਦਾਸ ਕੀ, ਲਖੈ ਜੁ ਨੇਮ ਜਮੁਨਾ।
ਏਕ ਬਾਰ ਬਾਰਿ ਛੁਏ, ਪਾਵਨਤਾ ਪਾਵਨਕੈ, ਪਾਨ ਤੈ ਸ਼ਨਾਨ ਤੈ ਦੁਖਦ ਤਿਨ ਜਮ ਨਾ।
ਸ਼ਜਾਮਜਲ, ਜਲਜ ਬਿਲੋਚਨੀ ਕੋ, ਸ਼ਜਾਮ ਪਤਿ, ਚੰਚਲ, ਅਛਲ, ਜਿਨ ਛਲਜੋ ਕਾਲ ਜਮੁਨਾ।
ਜਾਂਕੇ ਅਨ ਸਮ ਨਾ ਬਿਘਨ ਗੁਨ ਸਮਨਾ, ਸਦੀਵ ਸਿੰਧੁ ਗਮਨਾ ਸੁਹਾਇ ਸ਼ੁਭ ਜਮਨਾ ॥੧੦੨ ॥

ਸੂਰਜ ਦੀ ਪੁੱਤਰੀ ਪਾਪਾਂ ਨੂੰ ਦੂਰ ਕਰਦੀ ਹੈ, ਆਪਣੇ ਸੇਵਕਾਂ ਨੂੰ ਮੁਕਤੀ ਦਿੰਦੀ ਹੈ, ਜੋ ਨਿਯਮ ਅਨੁਸਾਰ ਚਲਦੀ ਹੈ ਉਸ ਦਾ ਨਾਮ ਜਮਨਾ ਨਦੀ ਹੈ। ਜਿਹੜਾ ਇਕ ਵਾਰ ਉਸ ਦੇ ਪਾਣੀ ਨੂੰ ਛੂੰਹਦਾ ਹੈ, ਉਸ ਨੂੰ ਪਵਿੱਤਰ ਕਰਦੀ ਹੈ। ਜਿਹੜੇ ਉਸ ਦਾ ਜਲ ਪੀਂਦੇ ਅਤੇ ਜਲ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਨੂੰ ਜਮ ਦੁਖੀ ਨਹੀਂ ਕਰਦੇ ਹਨ। ਜਿਸ ਦਾ ਕਾਲਾ ਪਾਣੀ ਅਤੇ ਨੈਣ ਕਮਲ ਵਰਗੇ ਹਨ, ਜਿਸ ਦਾ ਪਤੀ ਵੀ ਕਾਲਾ (ਕ੍ਰਿਸ਼ਨ) ਹੈ, ਉਸ ਦੀਆਂ ਲਹਿਰਾਂ ਚੰਚਲ ਹਨ। ਜਿਸ ਜਮਨਾ ਨੇ ਕਾਲ ਨੂੰ ਵੀ ਛਲ ਲਿਆ ਹੈ। ਡੋਬ ਦੇਣ ਦਾ ਵਿਘਨ ਅਤੇ ਤਾਰ ਦੇਣ ਦਾ ਗੁਣ ਜਮਨਾ ਵਿਚ ਬਰਾਬਰ ਹਨ। ਸਦਾ ਹੀ ਸਮੁੰਦਰ ਵੱਲ ਜਾਣ ਵਾਲੀ ਹੈ, ਇਹ ਸ਼ੁਭ ਜਮਨਾ ਸ਼ੋਭ ਰਹੀ ਹੈ॥ ੧੦੨॥

ਛਪੈ- ਸ੍ਰੀ ਜਮਨਾ ਸੁਖ ਕਰਨ, ਹਰਨ ਦੁਖ, ਦਰਨੀ ਕਲਮਲ।
ਸੁਮਤਿ ਸਦਨ, ਬਿਧੁ ਬਦਨ, ਕੁਮਤਿ ਕਦਨੀ, ਸ਼ਜਾਮਲ ਜਲ।
ਅਨਮੋਹਨ ਕੀ ਪ੍ਰਿਯ, ਪ੍ਰਵਾਹਿ ਪਾਵਨ ਬਹਿ ਧਰਨੀ।
ਸਵਿਤਾ ਸੁਤਾ, ਸੁਜਾਨ, ਤ੍ਰਾਸ ਜਮਦੂਤ ਨਿਵਰਿਨੀ।
ਤਿਹ ਤੀਰ ਬੂਰੀਆ ਨਗਰ ਇਕ, ਕਵਿ ਨਿਕੇਤ ਲਖੀਏ ਤਹਾਂ।
ਕਰਿ ਗ੍ਰੰਥ ਸਮਾਪਤਿ ਕੋ ਭਲੇ ਗੁਰ ਜਸ ਜਿਸ ਮਹਿੰ ਸੁਠ ਮਹਾਂ ॥੧੦੩ ॥

ਸ੍ਰੀ ਜਮਨਾ ਸੁਖ ਦੇਣ ਵਾਲੀ, ਦੁੱਖਾਂ ਨੂੰ ਦੂਰ ਕਰਨ ਵਾਲੀ ਅਤੇ ਪਾਪਾਂ ਦਾ ਨਾਸ਼ ਕਰਨ ਵਾਲੀ ਹੈ। ਚੰਗੀ ਬੁੱਧੀ ਦਾ ਘਰ ਹੈ, ਚੰਦ ਮੁੱਖ ਵਾਲੀ ਹੈ, ਭੈੜੀ ਮੱਤ ਨੂੰ ਦੂਰ ਕਰਨ ਵਾਲੀ ਹੈ, ਉਸ ਦਾ ਜਲ ਕਾਲਾ ਹੈ। ਕ੍ਰਿਸ਼ਨ ਦੀ ਪਿਆਰੀ ਹੈ, ਜਲ ਦਾ ਪ੍ਰਵਾਹ ਪਵਿੱਤਰ ਹੈ, ਧਰਤੀ ਤੇ ਬਹਿੰਦੀ ਹੈ। ਸੂਰਜ ਦੀ ਪੁੱਤਰੀ ਹੈ, ਚਤੁਰ ਹੈ, ਜਮਾਂ ਦਾ ਡਰ ਦੂਰ ਕਰਨ ਵਾਲੀ ਹੈ। ਉਸ ਦੇ ਕਿਨਾਰੇ ਇਕ 'ਬੂਰੀਆ ਨਾਮੀ ਨਗਰ ਹੈ, ਕਵੀ ਦਾ ਘਰ ਉਥੇ ਸਮਝੋ। ਜਿਸ ਘਰ ਵਿਚ ਬੈਠ ਕੇ ਸੁੰਦਰ ਗੁਰ ਜੱਸ ਵਰਨਣ ਕੀਤਾ ਹੈ, ਉਹ ਗ੍ਰੰਥ ਹੁਣ ਸਮਾਪਤ ਹੋਇਆ ਹੈ॥ ੧੦੩॥

ਚੌਪਈ- ਆਦਿ ਸੁਧਾਸਰ ਜੇ ਇਸਥਾਨਾ। ਖੋਜਿ ਖੋਜਿ ਨੀਕੇ ਬਿਧਿ ਨਾਨਾ।
ਲਿਖੀ ਦੇਖਿ ਕੇਤੀ ਬਹੁ ਥਾਈਂ। ਕੇਤੀ ਸੁਣੀ ਜੁ ਮਨ ਮਹਿੰ ਭਾਈ ॥੧੦੪ ॥

ਜਿਹੜੇ ਆਦਿ ਅੰਮ੍ਰਿਤ ਸਰੋਵਰ ਦੇ ਅਸਥਾਨ ਹਨ, ਕਈ ਪ੍ਰਕਾਰ ਦੀ ਖੋਜ ਕਰਕੇ ਅਤੇ ਬਹੁਤ ਥਾਂ ਵੇਖ ਅਤੇ ਸੁਣ ਕੇ ਜੋ ਮਨ ਨੂੰ ਚੰਗਾ ਲੱਗਾ ਹੈ, ਉਸ ਅਨੁਸਾਰ ਇਹ ਗ੍ਰੰਥ ਲਿਖਿਆ ਹੈ॥ ੧੦੪॥

ਬੀਨ ਬੀਨ ਗੁਰ ਮਹਿਮਾ ਆਛੀ। ਮਾਖਨ ਜਿਉਂ ਲੀਨੀ, ਤਜਿ ਛਾਛੀ।
ਕਵਿਤਾ ਤਾਂਕੀ ਰੁਚਿਰ ਬਨਾਈ। ਸਤਿਗੁਰ ਸਿੱਖਨ ਕੇ ਮਨ ਭਾਈ ॥੧੦੫ ॥

ਗੁਰੂ ਜੀ ਦੀ ਚੰਗੀ ਮਹਿਮਾ ਚੁਣ ਚੁਣ ਕੇ ਇਸ ਤਰ੍ਹਾਂ ਕੱਢੀ ਹੈ, ਜਿਵੇਂ ਲੱਸੀ ਵਿਚੋਂ ਮੱਖਣ ਕੱਢ ਲਈਦਾ ਹੈ। ਇਸ ਦੀ ਕਵਿਤਾ ਸੁੰਦਰ ਬਣਾਈ ਹੈ, ਇਹ ਸਤਿਗੁਰੂ ਦੇ ਸਿੱਖਾਂ ਦੇ ਮਨ ਭਾਉਂਦੀ ਹੈ॥ ੧੦੫॥

ਜਹਾਂ ਭੂਲ ਮੁਝ 'ਤੇ ਕੁਛ ਹੋਈ। ਸੁਨਿ ਪਠਿ ਕਰੈ ਰੋਸ ਨਹਿਂ ਕੋਈ।
ਕ੍ਰਿਪਾ ਧਾਰਿ ਸੋ ਲੇਹੁ ਬਨਾਏ। ਜਿਉਂ ਸਤਿਗੁਰ ਸਿੱਖਨ ਮਨ ਭਾਏ ॥੧੦੬॥

ਜਿਥੇ ਕਿਤੇ ਮੈਥੋਂ ਭੁੱਲ ਹੋ ਗਈ ਹੈ, ਸੁਣ ਪੜ੍ਹ ਕੇ ਕੋਈ ਗੁੱਸਾ ਨਾ ਕਰੇ। ਕਿਰਪਾ ਧਾਰ ਕੇ ਉਸ ਤਰ੍ਹਾਂ ਬਣਾ ਲਵੇ ਜਿਵੇਂ ਸਤਿਗੁਰੂ ਦੇ ਸਿੱਖਾਂ ਦੇ ਮਨ ਨੂੰ ਭਾਉਂਦਾ ਹੈ॥ ੧੦੬॥

ਬਡੇ ਬਿਲੋਕਹਿਂ ਬਾਲਕ ਲੀਲ੍ਹਾ। ਅਸਤ ਬਿਅਸਤ ਸੁ ਹੁਇ ਅਨਮੀਲਾ।
ਬਚਨ ਸਪਸ਼ਟ ਨ ਆਵਹਿ ਤਾਂਹੀ। ਹਰਖੈਂ ਸੁਨਤਿ ਬ੍ਰਿੱਧ, ਰਿਸ ਨਾਂਹੀ ॥੧੦੭॥

ਵੱਡੇ ਜਦ ਬਾਲਕ ਲੀਲ੍ਹਾ ਵੇਖਦੇ ਹਨ ਤਾਂ ਬੱਚੇ ਉਲਟ ਪੁਲਟ ਅਤੇ ਅਣਮਿਲਵੇਂ ਸ਼ਬਦ ਬੋਲਦੇ ਹਨ। ਉਨ੍ਹਾਂ ਨੂੰ ਸਪੱਸ਼ਟ ਬੋਲਣਾ ਨਹੀਂ ਆਉਂਦਾ, ਪਰ ਵੱਡੇ ਪੁਰਸ਼ ਸੁਣ ਕੇ ਪ੍ਰਸੰਨ ਹੁੰਦੇ ਹਨ॥ ੧੦੭॥

ਛੋਟੋ ਲਖੈਂ ਕ੍ਰਿਪਾ ਕੋ ਕਰਿਹੀਂ। ਬਡੇ ਜੁ ਹੈਂ ਲੱਛਨ ਅਸ ਧਰਿਹੀਂ।
ਮੰਦਮਤੀ ਚਹਿਂ ਬਾਦ ਘਨੇਰਾ। ਤਿਹ ਸੋਂ ਕੈਸੇ ਹ੍ਵੈ ਨ ਨਿਬੇਰਾ ॥੧੦੮॥

ਛੋਟੇ ਸਮਝ ਕੇ ਸਦਾ ਕਿਰਪਾ ਕਰਦੇ ਹਨ, ਵੱਡੇ ਐਸੇ ਲੱਛਣ ਧਾਰਦੇ ਹਨ। ਮਾੜੀ ਮੱਤ ਵਾਲੇ ਬਹੁਤ ਵਿਵਾਦ ਕਰਦੇ ਹਨ, ਉਨ੍ਹਾਂ ਨਾਲ ਕਿਸੇ ਤਰ੍ਹਾਂ ਵੀ ਨਿਬੇੜਾ ਨਹੀਂ ਹੋ ਸਕਦਾ॥ ੧੦੮॥

ਗੁਰ ਸਿੱਖੀ ਜਾਚਉਂ ਹਉ ਦਾਨਾ। ਜਿਸਤੇ ਹੋਇ, ਪਰਮ ਕੱਲਜਾਨਾ।
ਮਨਸਾ ਸਗਰੀ ਮਨਹਿਂ ਸਮਾਵਹਿਂ। ਸ਼ਾਂਤਿ ਹੋਇ, ਨੀਕੋ ਪਦ ਪਾਵਹਿ ॥੧੦੯॥

ਮੈਂ ਗੁਰੂ ਸਿੱਖੀ ਦਾ ਦਾਨ ਮੰਗਦਾ ਹਾਂ, ਜਿਸ ਨਾਲ ਪਰਮ ਕਲਿਆਣ ਹੁੰਦਾ ਹੈ। ਸਾਰੀਆਂ ਵਾਸ਼ਨਾਵਾਂ ਮਨ ਵਿਚ ਹੀ ਸਮਾ ਜਾਂਦੀਆਂ ਹਨ ਅਤੇ ਸ਼ਾਂਤੀ ਪ੍ਰਾਪਤ ਕਰਕੇ ਚੰਗੀ ਪਦਵੀ ਪ੍ਰਾਪਤ ਹੁੰਦੀ ਹੈ॥ ੧੦੯॥

ਚੌਪਈ- ਏਕ ਆਂਕ ਅਰ ਅਸ਼ਟ ਕਰਿ ਬਹੁਰ ਅਸ਼ਟ ਪਰ ਸੂਨ।
ਕਾਤਿਕ ਪੂਰਨਮਾ ਬਿਖੇ ਭਯੋ ਗ੍ਰੰਥ ਬਿਨਊਨ॥ ੧੧੦॥

ਸੰਮਤ ਅਠਾਰਾਂ ਸੌ ਐਸੀ ਵਿਚ ਕੱਤਕ ਪੂਰਨਮਾਸ਼ੀ ਦੇ ਸਮੇਂ ਇਹ ਗ੍ਰੰਥ ਸੰਪੂਰਣ ਹੋਇਆ॥ ੧੧੦॥

ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮ।
ਬਰ ਮਾਂਗੋਂ ਸਤਿਸੰਗ ਕੋ ਕਰਿ ਸਤਿਗੁਰੂ ਪ੍ਰਣਾਮ॥ ੧੧੧॥

ਪਿਤਾ ਦੇਵ ਸਿੰਘ ਦੇ ਘਰ ਕਵੀ ਸੰਤਖ ਸਿਘੇ ਦਾ ਜਨਮ ਹੋਇਆ। ਸਤਿਗੁਰੂ ਨੂੰ ਪ੍ਰਣਾਮ ਕਰਕੇ ਮੈਂ ਸਤਿਸੰਗ ਦਾ ਵਰ ਮੰਗਦਾ ਹਾਂ॥ ੧੧੧॥

ਕਬਿੱਤ- ਸਭੈ ਗੁਣ ਊਰ, ਭਰਪੂਰ ਹੋਯੋ ਔਗੁਨਿਨ, ਕਾਮ ਕ੍ਰੋਧ ਕੂਰ ਹੂੰ ਕੀ ਬ੍ਰਿੱਧਤਾ ਫਰਦ ਕੀ।
ਹੋਯੋ ਮਨ ਚੂਰ ਚੂਰ, ਰਹੀ ਮਤਿ ਝੂਰ ਝੂਰ, ਦੇਖਿ ਰਹ੍ਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰ ਪੂਰਨ ਸੰਤੋਖ ਸਿੰਘ ਤੂਰਨ, ਸੋ ਲਖਿ ਦੁਖ ਭੂਰ ਗਤਿ ਏਕਲੀ ਨਰਦ ਕੀ।
ਨਾਮ ਹੈ ਸ਼ਰਨ ਸੂਰ, ਪਾਵਨ ਪਤਿਤ ਕੂਰ, ਰਾਖਿ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ ॥੧੧੨॥

ਮੈਂ ਸਾਰੇ ਸ਼ੁਭ ਗੁਣਾਂ ਤੋਂ ਖਾਲੀ ਹਾਂ, ਔਗੁਣਾਂ ਨਾਲ ਭਰਪੂਰ ਹੋਇਆ ਹਾਂ ਤੇ ਕਾਮ ਕ੍ਰੋਧ ਅਤੇ ਝੂਠ ਦੀ ਸੂਚੀ ਵਧੀ ਹੋਈ ਹੈ। ਮੇਰਾ ਮਨ ਇਸੇ ਦੁੱਖ ਕਰਕੇ ਚੂਰ-ਚੂਰ ਹੋਇਆ ਹੈ। ਬੁੱਧੀ ਮੇਰੀ ਬਹੁਤ ਝੂਰ ਰਹੀ ਹੈ। ਮੈਂ ਦੂਰ-ਦੂਰ ਦੇਖ ਚੁਕਾ ਹਾਂ, ਪਰ ਇਸ ਦਰਦ ਦੀ ਦਵਾ ਨਹੀਂ ਮਿਲੀ। ਪੂਰਨ ਗੁਰੂ ਛੇਤੀ ਤੋਂ ਛੇਤੀ ਕਵੀ ਸੰਤੋਖ ਸਿੰਘ ਨੂੰ ਆ ਮਿਲੇ ਅਤੇ ਮੇਰੀ ਅਤਿ ਦੁੱਖਾਂ ਭਰੀ

ਹਾਲਤ ਨੂੰ ਵੇਖੇ ਜਿਹੜੀ ਵਿਛੇ ਹੋਏ ਚੋਪੜ ਤੇ ਇਕੱਲੀ ਰਹਿ ਗਈ ਨਰਦ ਵਾਂਗ ਹੋ ਗਈ ਹੈ। ਗੁਰੂ ਜੀ ਜਿਨ੍ਹਾਂ ਦਾ ਨਾਮ ਸ਼ਰਨਾਗਤਾਂ ਦਾ ਰਾਖਾ ਹੈ ਤੇ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ਸੁੰਦਰ ਹੈ, ਉਹ ਜ਼ਰੂਰ ਆਪਣੇ ਬਿਰਦ ਦੀ ਲਾਜ ਰੱਖਣਗੇ॥ ੧੧੨ ॥

**ਬੰਦਨਾ ਕੋ ਲੇਤਿ ਹੀ ਅਬੰਦਤਾ ਕੋ ਦੇਤਿ ਜਨ, ਪ੍ਰੀਤ ਲੇਤਿ ਦੇਤਿ ਹੈਂ ਪ੍ਰਤੀਤ, ਸੁਖ ਸੇਤੁ ਹੈਂ।**
**ਭਾਉ ਉਰ ਲੇਤਿ ਹੀ, ਪ੍ਰਭਾਉ ਬਡੋ ਦੇਤਿ ਆਪ, ਨਿਰਗੁਣ ਪਦ ਦੇਤਿ ਗੁਨ ਦੇਖ ਲੇਤਿ ਹੈਂ।**
**ਥੋਰੀ ਜੈਸੀ ਭੇਟ ਲੇਤਿ, ਜਮ ਕੀ ਅਭੇਟ ਦੇਤਿ, ਸਤਿਗੁਰੂ ਨਾਨਕ ਜੀ ਕਰੁਨਾਨਿਕੇਤ ਹੈਂ।**
**ਹੰਤਾ ਲੇਤਿ ਦਾਸਨ ਕੀ, ਅਹੰ ਬ੍ਰਹਮ ਦੇਤਿ ਉਰ, ਮਨ ਲੇਤਿ ਚਰਨ ਮੈਂ, ਮੁਕਤਿ ਕੋ ਦੇਤਿ ਹੈਂ ॥੧੧੩ ॥**

ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਨਮਸ਼ਕਾਰ ਨੂੰ ਲੈ ਕੇ ਆਪਣੇ ਦਾਸਾਂ ਨੂੰ ਮੁਕਤੀ ਦਿੰਦੇ ਹਨ, ਫਿਰ ਪ੍ਰੀਤ ਲੈ ਕੇ ਆਪਣਾ ਸਿਦਕ ਬਖਸ਼ਦੇ ਹਨ। ਐਸੇ ਸੁਖਾਂ ਦਾ ਪੁਲ ਗੁਰੂ ਜੀ ਹਨ। ਫਿਰ ਆਪਣੇ ਸੇਵਕਾਂ ਦੇ ਦਿਲ ਦਾ ਪ੍ਰੇਮ ਲੈ ਕੇ ਆਪ ਗੁਰੂ ਜੀ ਸੇਵਕਾਂ ਨੂੰ ਆਤਮ ਬਲ ਬਖਸ਼ਦੇ ਹਨ ਤੇ ਗੁਣ ਵੇਖ ਕੇ ਗੁਣਾਂ ਤੋਂ ਅਤੀਤ ਅਵੱਸਥਾ ਦਾਨ ਕਰਦੇ ਹਨ। ਫਿਰ ਥੋੜੀ ਜੇਹੀ ਭੇਟਾ ਲੈਂਦੇ ਹਨ ਤੇ ਜਮਾਂ ਤੋਂ ਬਚਾਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਐਸੇ ਕਿਰਪਾ ਦਾ ਘਰ ਹਨ। ਸੇਵਕਾਂ ਦੀ ਹੰਗਤਾ ਲੈ ਕੇ ਭਾਵ ਨਾਸ਼ ਕਰਕੇ ਬ੍ਰਹਮ ਗਿਆਨ ਹਿਰਦੇ ਵਿਚ ਦਿੰਦੇ ਹਨ ਤੇ ਦਾਸਾਂ ਦਾ ਮਨ ਲੈ ਕੇ ਚਰਨਾਂ ਵਿਚ ਮੁਕਤੀ ਦਾ ਦਾਨ ਦਿੰਦੇ ਹਨ॥ ੧੧੩ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸ੍ਰੀ ਗੁਰੂ ਨਾਨਕ ਜੀ ਸੱਚ ਖੰਡ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋ ਅਧਯਾਯ॥ ੫੭ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਆਖਰੀ ਭਾਗ ਦਾ ਸਤਵੰਞਵਾਂ ਅਧਿਆਇ, ਜਿਸ ਦਾ ਨਾਮ ''ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਖੰਡ ਗਮਨ' ਹੈ, ਸਮਾਪਤ ਹੋਇਆ॥ ੫੭ ॥

*ਸਮਾਪਤ ਮਸਤ ਸੁਭ ਮਸਤੁ ॥*

*ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਸਾਰਾ ਸਮਾਪਤ ਹੋਇਆ।*